ੴ ਸਤਿਗੁਰ ਪ੍ਰਸਾਦਿ॥
ਵਾਹਿਗੁਰੂ ਜੀ ਕਾ ਖ਼ਾਲਸਾ !ਵਾਹਿਗੁਰੂ ਜੀ ਕੀ ਫ਼ਤੇਹ॥
ਪਰਮਪੂਜਨੀਕ ਵਾਹਿਗੁਰੂ

ਸਲੋਕ ਭਗਤ ਕਬੀਰ ਜੀਉ ਕੇ, ਸਲੋਕ ਸੇਖ ਫਰੀਦ ਕੇ, ਅਰਥ ਪੋਥੀ

(ਆਦਿ ਅੰਗ ੧੩੬੪ ਤੋਂ ੧੩੮੪)

ਸ੍ਰੀ ਦਮਦਮੀ ਟਕਸਾਲ।

ਧਰਨਿ ਗਗਨ ਨਵ ਖੰਡ ਮਹਿ; ਜੋਤਿ ਸ੍ਵਰੂਪੀ ਰਹਿਓ ਭਰਿ॥
ਭਨਿ ਮਥੁਰਾ.ਕਛੁ ਭੇਦੁ ਨਹੀ; ਗੁਰੁ ਅਰਜੁਨੁ ਪਰਤਖ੍ਹ ਹਰਿ॥



ਤੱਤਕਰੇ ਲਈ ਫ਼ੋਟੋ ਤੇ ਕਲਿੱਕ ਕਰੋ ਜੀ।

ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ!
ਹੁਣ ਉੱਬਲਦੀ ਦੇਗ਼'ਚ ਚੌਂਕੜਾ ਲਾ ਰਹੇ ਹਨ। ਹੁਣ ਮੱਚਦੇ ੨ ਰੇਤੇ 'ਤੇ ਬੈਠ ਰਹੇ ਹਨ,
ਹੁਣ ਮੱਚਦਾ ੨ ਰੇਤਾ ਆਪਣੇ ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ
ਮਹਾਨ ਪਰਉਪਕਾਰੀ ਸੀਸ'ਤੇ ਹੁਣ ਪੁਆ ਰਹੇ ਹਨ,
ਹੁਣ ਮੱਚਦੀ ੨ ਲੋਹ'ਤੇ ਖੜ੍ ਰਹੇ ਹਨ।

ਲੇਖਕ ਪ੍ਰਕਾਸ਼ਕ:-
ਬ੍ਰਹਮਵਿੱਦਿਆ ਦੇ ਦਾਤੇ,ਪੰਥਰਤਨ,
ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥
ਪੂਰਨ ਪਰਉਪਕਾਰੀ ਪੂਰਨ ਬ੍ਰਹਮਗਿਆਨੀ ਸੱਚਖੰਡ ਵਾਸੀ ਪਰਮਪੂਜਨੀਕ
ਸ੍ਰੀ ਮਾਨ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ,
ਸੰਤ ਕਰਤਾਰ ਸਿੰਘ ਸਾਹਿਬ ਖ਼ਾਲਸਾ ਜੀ ਦੇ ਸੱਚੇ ਪਰ ਉਪਕਾਰੀ ਚਰਨ- ਕਮਲਾਂ ਦੇ,
ਹਰਿ ਹਰਿ ਮੇਲਿ ਮੇਲਿ ਜਨ ਸਾਧੂ; ਹਮ ਸਾਧ ਜਨਾ ਕਾ ਕੀੜਾ॥
ਅਨੁਸਾਰ ਨਿੱਕੇ ਕੀੜੇ ਕ੍ਰਿਮ,ਸਭ ਦੀ ਚਰਨ- ਧੂੜ, ਦਾਸਨਦਾਸ ਚਰਨ ਸਿੰਘ ਉਰਫ਼ ਜਸਵੰਤ ਸਿੰਘ ਪਿੰਡ ਦਾਉਧਰ, (ਮੋਗਾ)
ਜਵਾਹਰਸਿੰਘ ਪਿੰਡ ਚਮਿੰਡੇ (ਲੁਧਿਆਣਾ)ਪੰਜਾਬ ਇੰਡੀਆ।

Sri Satguru Jagjit Singh Ji eLibrary NamdhariElibrary@gmail.com

ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਤੂ ਚਉ ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥) ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਮਰਣੁ ਮੁਣਸਾ ਸੂਰਿਆ.ਹਕੁ ਹੈ; ਜੋ ਹੋਇ ਮਰਨਿ ਪਰਵਾਣੋ॥) ਸਭੁ ਦਿਨਸੁ ਰੈਣਿ.ਦੇਖਉ ਗੁਰੁ ਅਪੁਨਾ; ਵਿਚਿ ਅਖੀ.ਗੁਰ ਪੈਰ ਧਰਾਈ॥) ਸਾਗਰ ਮੇਰ ਉਦਿਆਨ ਬਨ; ਨਵ ਖੰਡ ਬਸੁਧਾ ਭਰਮ॥ ਮੂਸਨ ਪ੍ਰੇਮ ਪਿਰੰਮ ਕੈ; ਗਨਉ ਏਕ ਕਰਿ ਕਰਮ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥) ਜੋ ਗੁਰ ਦੀਸੈ ਸਿਖੜਾ; ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥) ਗੁਰਸਿਖਾਂ ਕੀ ਹਰਿ.ਧੂੜਿ ਦੇਹਿ; ਹਮ ਪਾਪੀ ਭੀ ਗਤਿ ਪਾਂਹਿ॥) ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ.ਅਵਰਹ ਨਾਮੁ ਜਪਾਵੈ॥) ਸਚਹੁ ਓਰੈ ਸਭੁ ਕੋ; ਉਪਰਿ ਸਚੁ ਆਚਾਰੁ॥) ਸਚੁ ਸੁਹਾਵਾ ਕਾਢੀਐ; ਕੂੜੈ ਕੂੜੀ ਸੋਇ॥ ਨਾਨਕ.ਵਿਰਲੇ ਜਾਣੀਅਹਿ; ਜਿਨ ਸਚੁ ਪਲੈ ਹੋਇ॥) ਹੀਣਉ ਨੀਚੁ ਕਰਉ ਬੇਨੰਤੀ; ਸਾਚੁ ਨ ਛੋਡਉ ਭਾਈ॥ ਨਾਨਕ.ਜਿਨਿ ਕਰਿ ਦੇਖਿਆ; ਦੇਵੈ ਮਤਿ ਸਾਈ॥) ਕੂੜ ਨਿਖੁਟੇ. ਨਾਨਕਾ; ਓੜਕਿ ਸਚਿ ਰਹੀ॥ {ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ.ਕਬਹੂੰ ਨ ਟਰੋ॥) ਕਰਿ ਮਨ ਮੇਰੇ; ਸਤਿ ਬਿਉਹਾਰ॥ ਅਨੁਸਾਰ ਇਹ ਪਰਮਪਵਿੱਤ੍ਰ ਪੋਥੀਆਂ ਪੂਰਨ ਸਤਿਕਾਰ ਸਹਿਤ ਬਹੁ ਗਿਣਤੀ 'ਚ ਸੰਭਾਲੋ.ਪੂਰਨ ਪ੍ਰੇਮ ਸਹਿਤ ਪੜ੍ਹੋ, ਦਸਖ਼ਤ ਕਰਾ ਕੇ.ਅਰਦਾਸਿ ਕਰਕੇ, ਪੜ੍ਹਨ ਨੂੰ ਦਿੰਦੇ ਲੈਂਦੇ ਰਹੋ। ਯਥਾ:– ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥) ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ ਬਾਹ ਲੁਡਾਈਐ॥}

ਪੋਥੀ ਸਾਹਿਬਾਨ, ਸ਼ੁੱਧ ਉਚਾਰਨ ਗੁਰੂ ਗ੍ਰੰਥ ਸਾਹਿਬ ਜੀ ਪਾਠ ਦੇ **Audio Player** ਪ੍ਰਾਪਤੀ ਲਈ:

ਦਾਸਨ ਦਾਸਾਂ (ਇੰਡੀਆ) **+91-896-895-6093,** (ਕੈਨੇਡਾ) **306-580-7730**
ਭਾਈ ਰਜਿੰਦਰ ਸਿੰਘ ਜੀ ਕੈਨੇਡਾ, ਫੋਨ: **905-458-7776**
ਭਾਈ ਗੁਰਚਰਨ ਸਿੰਘ ਜੀ ਕੈਨੇਡਾ, ਫੋਨ: **905-910-0460**
ਭਾਈ ਅਮਰਇੰਦਰ ਸਿੰਘ ਜੀ ਕੈਨੇਡਾ, ਫੋਨ: **647-625-2596**
ਭਾਈ ਅੰਤਰਜੋਤ ਸਿੰਘ ਜੀ ਕੈਨੇਡਾ, ਫੋਨ: **306-262-7730**
ਭਾਈ ਗੁਰਸ਼ਰਨ ਸਿੰਘ ਜੀ ਕੈਨੇਡਾ, ਫੋਨ: **403-671-7283**

ਗੁਰੂ ਸੇਵਾ ਲਈ ਭੇਟਾ ਕਰਣ ਤੇ ਤੁਹਾਨੂੰ '**CANADIAN TAX RECEIPT**' ਦਿੱਤੀ ਜਾਵੇਗੀ।
ਭੇਟਾ ਲਈ ਉੱਤੇ ਕੈਨੇਡੀਅਨ ਫੋਨ ਨੰਬਰਾਂ ਤੇ ਸੰਪਰਕ ਕਰੋ ਜੀ ਜਾਂ
www.Gursevak.com/content/donate ਤੇ ਜਾ ਕੇ ਭੇਟਾ ਦਵੋ!
ਦਾਸਾਂ ਦੀ ਸੇਵਾ ਸੰਸਥਾ **DEAR FATHER BRAVE GURU GOD'S SLAVE SOCIETY**
ਹੁਣ **CANADA REVENUE AGENCY** ਨਾਲ **#84017-9444-RR0001** ਹੇਠਾਂ
REGISTERED CHARITY ਹੈ।

ਹੁਣ ਤੱਕ ਇਹ ਪੋਥੀਆਂ ਸੰਗਤ ਜੀ ਦੀ ਸੇਵਾ ਵਿੱਚ ਪ੍ਰਕਾਸ਼ਿਤ ਹੋ ਚੁਕੀਆਂ ਹਨ:

੧. ਪੋਥੀ ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮ ਵਿੱਦਿਆ, ਅਨੰਦ ਕਾਰਜ, ਅੰਤਮ ਸੰਸਕਾਰ।

੨. ਪੋਥੀ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ.ਸ੍ਰੀ ਦਮਦਮੀ ਟਕਸਾਲ।

੩. ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸਨਾਂ ਦੇ ਉੱਤ੍ਰ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ਸ਼ ਰਹੇ ਹਨ। ਪੜ੍ਹਨ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਡਰਾਈਵਿੰਗ ਬਾਰੇ ਸ਼ੁਭ ਸਿੱਖਿਆ।

੪. ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮ ਪੂਜਨੀਕ ਸ਼ੁਭ ਸੱਚੀ ਬੰਸਾਵਲੀ।

੫. ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।

੬. ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਅਤੇ ਵਿਸ਼ਰਾਮ ਪੋਥੀ ਸ਼੍ਰੀ ਦਮਦਮੀ ਟਕਸਾਲ

੭. ਆਦਿ ਬਾਣੀ,ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ ’ਚੋਂ ਗ੍ਰੀਬੀ ਵਾਲੇ,ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ ਹੈ॥

੮. ਸਲੋਕ ਭਗਤ ਕਬੀਰ ਸਾਹਿਬ ਜੀ, ਭਗਤ ਫਰੀਦ ਸਾਹਿਬ ਜੀ ਦੇ ਮਹਾਂ ਵਿਸਮਾਦ ਅਰਥ।

੯. ਗੁਰਬਾਣੀ ਜੀ ਦੇ ਚਾਨਣ ਅੰਦਰ ਦੇਹ ਅਰੋਗਤਾ ਬਾਰੇ ਮਹਾਂ ਵਿਸਮਾਦ ਸਿੱਖਿਆ।

੧੦. ਗੁਰਮੁਖਿ ਗੁਰਮੁਖੀ ਬਾਲਉਪਦੇਸ਼! ਰਿਕਾਰਡ ਕੀਤਾ ਬਾਲਉਪਦੇਸ਼, ਸੁਣ! ਗੁਰਮੁਖੀ ਸਿਖਾਉ ਹੇ ਦਰਵੇਸ਼!

ਗੁਰੂ ਪਿਆਰੀ ਸਾਧ ਸੰਗਤ ਜੀ ਨੂੰ ਇਹ ਜਾਣਕੇ ਬੇਅੰਤ ਖੁਸ਼ੀ ਹੋਵੇਗੀ ਕਿ ਗੁਰਬਾਣੀ ਉਚਾਰਣ ਸ਼ੁੱਧੀ ਲਈ ਇਹਨ੍ਹਾਂ ਪੋਥੀ ਸਾਹਿਬਾਨਾਂ ਜੀ ਦੀ ਰਿਕਾਰਡਿੰਗ ਵੀ ਦਾਸਨ ਦਾਸ ਤੋਂ ਗੁਰੂ ਸਾਹਿਬ ਜੀ ਨੇ ਕਰਵਾਈ ਹੈ। ਸੰਗਤ ਜੀ ਰਿਕਾਰਡਿੰਗ ਲਾ ਕੇ ਪੋਥੀ ਸਾਹਿਬ ਪ੍ਰਕਾਸ਼ ਕਰਨ ਜੀ ਅਤੇ ਗੁਰੂ ਸਾਹਿਬ ਜੀ ਦੀ ਖੁਸ਼ੀ ਲੈਣ ਲਈ ਰਿਕਾਰਡਿੰਗ ਅਨੁਸਾਰ ਪੂਰੀਆਂ ਲਗਾਂ ਲਾ ਕੇ ਰਿਕਾਰਡਿੰਗ ਦੇ ਮਗਰ ੨ ਬੋਲੋ ਜੀ।

Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਬੇਨਤੀ:- ਪ੍ਰਕਰਣ ਜਾਂ ਅੰਗ 'ਤੇ ਜਾਣ ਲਈ, ਤੱਤਕਰੇ ਚੋਂ ਉਸੇ ਨੂੰ ਕਲਿਕ ਕਰੋ। ਤੱਤਕਰੇ 'ਤੇ ਵਾਪਿਸ ਜਾਣ ਲਈ ਪੇਜ ਦੇ ਥੱਲੇ ਤੱਤਕਰਾ ਲਫ਼ਜ਼ 'ਤੇ ਕਲਿਕ ਕਰੋ ਜੀ।

ਤੱਤਕਰਾ

ਨੰ.	ਵਿਸ਼ਾ	ਅੰਗ
ਅ	ਸ੍ਰੀ ਪੋਥੀ ਸਾਹਿਬ ਜੀ 'ਚ ਵਰਤੇ ਚਿੰਨ੍ ਨਿਸ਼ਾਨ।	
ੲ	ਦਾਸਨ ਦਾਸਾਂ ਵੱਲੋਂ ਛਪੀਆਂ ਪੋਥੀਆਂ ਦੀ ਜਾਣਕਾਰੀ।	
ਸ	ਨਿਹਚਲੁ ਸਚੁ ਖੁਦਾਇ ਏਕੁ;ਖੁਦਾਇ ਬੰਦਾ ਅਬਿਨਾਸੀ॥ ਪਰਮਪੂਜਨੀਕ ਅਬਿਨਾਸੀ ਭਗਤਾਂ ਮਹਾਂਪੁਰਸ਼ਾਂ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਅਟੱਲ ਨਾਮ।	
ਹ	ਪਰਮਪੂਜਨੀਕ ਵਾਹਿਗੁਰੂ ਪੂਰਨ ਬ੍ਰਹਮ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀਉ ਦਾ ਜਸ, ਪੂਰਨ ਵਾਹਿਗੁਰੂ ਜੀ ਹਰ ਸਮੇਂ ਕਰ ਰਹੇ ਹਨ ਜੀ।	
੧	ਗੁਰਪ੍ਰਸਾਦਿ ਅਰਥ ਅਰੰਭ(੧੩੬੪- ੧੩੭੭):- ਸਲੋਕ ਭਗਤ ਕਬੀਰ ਜੀਉ ਕੇ; ੧ਓ ਸਤਿਗੁਰ ਪ੍ਰਸਾਦਿ॥ ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥	
੨	ਹੱਸਨੇਹਾਰੁ- ਕਬੀਰ.ਮੇਰੀ ਜਾਤਿ ਕਉ;ਸਭੁ ਕੋ ਹਸਨੇਹਾਰੁ॥ ਬਲਿਹਾਰੀ.ਇਸ ਜਾਤਿ ਕਉ;ਜਿਹ.ਜਪਿਓ ਸਿਰਜਨਹਾਰੁ॥੨॥	
੩	ਡਗਮਗ ਪੋਲਾ- ਕਬੀਰ.ਡਗਮਗ ਕਿਆ ਕਰਹਿ;ਕਹਾ ਡੁਲਾਵਹਿ ਜੀਉ॥ ਸਰਬ ਸੂਖ ਕੋ ਨਾਇਕੋ;ਰਾਮ ਨਾਮ ਰਸੁ ਪੀਉ॥੩॥	
੪	ਕਬੀਰ. ਕੰਚਨ ਕੇ ਕੁੰਡਲ ਬਨੇ; ਊਪਰਿ ਲਾਲ ਜੜਾਉ॥ ਦੀਸਹਿ. ਦਾਧੇ ਕਾਨ ਜਿਉ; ਜਿਨ ਮਨਿ. ਨਾਹੀ ਨਾਉ॥੪॥	
੫	ਕਬੀਰ.ਐਸਾ ਏਕੁ ਆਧੁ; ਜੋ. ਜੀਵਤ ਮ੍ਰਿਤਕੁ ਹੋਇ॥ ਜਤ ਪੋਲਾ- ਨਿਰਭੈ ਹੋਇ ਕੈ. ਗੁਨ ਰਵੈ; ਜਤ ਪੇਖਉ.ਤਤ ਸੋਇ॥੫॥	
੬	ਕਬੀਰ.ਜਾ ਦਿਨ ਹਉ ਮੂਆ;ਪਾਛੈ ਭਇਆ ਅਨੰਦੁ॥ ਮੋਹਿ ਮਿਲਿਓ.ਪ੍ਰਭੁ ਆਪਨਾ; ਸੰਗੀ ਭਜਹਿ ਗੋਬਿੰਦੁ॥੬॥	
੭	ਕਬੀਰ.ਸਭ ਤੇ,ਹਮ ਬੁਰੇ;ਹਮ ਤਜਿ.ਭਲੋ ਸਭੁ ਕੋਇ॥ ਜਿਨਿ. ਐਸਾ ਕਰਿ ਬੂਝਿਆ;ਮੀਤੁ ਹਮਾਰਾ ਸੋਇ॥੭॥	
੮	ਕਬੀਰ. ਆਈ ਮੁਝਹਿ ਪਹਿ; ਅਨਿਕ ਕਰੇ ਕਰਿ ਭੇਸ॥ ਹਮ ਰਾਖੇ. ਗੁਰ ਆਪਨੇ; ਉਨਿ ਕੀਨੋ ਆਦੇਸੁ॥੮॥	
੯	ਕਬੀਰ. ਸੋਈ ਮਾਰੀਐ; ਜਿਹ ਮੂਐ. ਸੁਖੁ ਹੋਇ॥ ਭਲੋ ਭਲੋ. ਸਭੁ ਕੋ ਕਹੈ; ਬੁਰੋ. ਨ ਮਾਨੈ ਕੋਇ॥੯॥	
੧੦	ਰਾਤੀਂ ਕਾਰੀਆਂ- ਕਬੀਰ.ਰਾਤੀ ਹੋਵਹਿ ਕਾਰੀਆ;ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ;ਸਿ ਜਾਨਿ ਮਾਰੇ ਭਗਵੰਤ॥੧੦॥	
੧੧	ਕਬੀਰ. ਚੰਦਨ ਕਾ ਬਿਰਵਾ ਭਲਾ; ਬੇੜ੍ਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ;	

	ਬਸੇ ਜੁ ਚੰਦਨ ਪਾਸਿ॥੧੧॥
੧੨	ਕਬੀਰ. ਬਾਂਸੁ ਬਡਾਈ ਬੂਡਿਆ; ਇਉ. ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ; ਬਾਂਸੁ. ਸੁਗੰਧੁ ਨ ਹੋਇ॥੧੨॥
੧੩	ਕਬੀਰ. ਦੀਨੁ ਗਵਾਇਆ ਦੁਨੀ ਸਿਉ; ਦੁਨੀ. ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ; ਗਾਫਲਿ ਅਪੁਨੈ ਹਾਥਿ॥੧੩॥
੧੪	ਕਬੀਰ. ਜਹ ਜਹ ਹਉ ਫਿਰਿਓ; ਕਉਤਕ ਠਾਓ ਠਾਇ॥ ਇਕ ਰਾਮ ਸਨੇਹੀ ਬਾਹਰਾ; ਊਜਰੁ ਮੇਰੈ ਭਾਂਇ॥੧੪॥
੧੫	ਭੱਠਿ ਕੁਸੱਤੀ– ਕਬੀਰ.ਸੰਤਨ ਕੀ ਝੁੰਗੀਆ ਭਲੀ;ਭਠਿ ਕੁਸਤੀ ਗਾਉ॥ ਆਗਿ ਲਗਉ.ਤਿਹ ਧਉਲਹਰ;ਜਿਹ.ਨਾਹੀ ਹਰਿ ਕੋ ਨਾਉ॥੧੫॥
੧੬	ਕਬੀਰ. ਸੰਤ ਮੂਏ ਕਿਆ ਰੋਈਐ; ਜੋ ਅਪੁਨੇ ਗ੍ਰਿਹਿ ਜਾਇ॥ ਰੋਵਹੁ. ਸਾਕਤ ਬਾਪੁਰੇ; ਜੁ. ਹਾਟੈ ਹਾਟ ਬਿਕਾਇ॥੧੬॥
੧੭	ਕਬੀਰ. ਸਾਕਤੁ ਐਸਾ ਹੈ; ਜੈਸੀ. ਲਸਨ ਕੀ ਖਾਨਿ॥ ਕੋਨੇ ਬੈਠੇ ਖਾਈਐ; ਪਰਗਟ ਹੋਇ ਨਿਦਾਨ॥੧੭॥
੧੮	ਕਬੀਰ. ਮਾਇਆ ਡੋਲਨੀ; ਪਵਨੁ ਝਕੋਲਨਹਾਰੁ॥ ਸੰਤਹੁ. ਮਾਖਨੁ ਖਾਇਆ; ਛਾਛਿ ਪੀਐ ਸੰਸਾਰੁ॥੧੮॥
੧੯	ਕਬੀਰ. ਮਾਇਆ ਡੋਲਨੀ; ਪਵਨੁ ਵਹੈ. ਹਿਵ ਧਾਰ॥ ਜਿਨਿ ਬਿਲੋਇਆ. ਤਿਨਿ ਖਾਇਆ; ਅਵਰ ਬਿਲੋਵਨਹਾਰ॥੧੯॥
੨੦	ਮੁੱਸਿ ਮੁੱਸਿ– ਕਬੀਰ.ਮਾਇਆ ਚੋਰਟੀ;ਮੁਸਿ ਮੁਸਿ ਲਾਵੈ ਹਾਟਿ॥ ਏਕੁ ਕਬੀਰਾ.ਨਾ ਮੁਸੈ;ਜਿਨਿ ਕੀਨੀ ਬਾਰਹ ਬਾਟ॥੨੦॥
੨੧	ਕਬੀਰ. ਸੂਖੁ ਨ ਏਂਹ ਜੁਗਿ; ਕਰਹਿ ਜੁ ਬਹੁਤੈ ਮੀਤ॥ ਜੋ ਚਿਤੁ ਰਾਖਹਿ. ਏਕ ਸਿਉ; ਤੇ. ਸੁਖੁ ਪਾਵਹਿ ਨੀਤ॥੨੧॥
੨੨	ਕਬੀਰ. ਜਿਸੁ ਮਰਨੇ ਤੇ. ਜਗੁ ਡਰੈ; ਮੇਰੇ ਮਨ ਆਨੰਦੁ॥ ਮਰਨੇ ਹੀ ਤੇ. ਪਾਈਐ; ਪੂਰਨੁ ਪਰਮਾਨੰਦੁ॥੨੨॥
੨੩	ਰਾਮ ਪਦਾਰਥੁ. ਪਾਇ ਕੈ; ਕਬੀਰਾ. ਗਾਂਠਿ ਨ ਖੋਲ੍ਹ॥ ਨਹੀ ਪਟਣੂ. ਨਹੀ ਪਾਰਖੂ; ਨਹੀ ਗਾਹਕੁ. ਨਹੀ ਮੋਲੁ॥੨੩॥
੨੪	ਕਬੀਰ. ਤਾ ਸਿਉ ਪ੍ਰੀਤਿ ਕਰਿ; ਜਾ ਕੋ ਠਾਕੁਰੁ ਰਾਮੁ॥ ਪੰਡਿਤ ਰਾਜੇ ਭੂਪਤੀ; ਆਵਹਿ ਕਉਨੇ ਕਾਮ॥੨੪॥
੨੫	ਕਬੀਰ.ਪ੍ਰੀਤਿ ਇਕ ਸਿਉ ਕੀਏ;ਆਨ.ਦੁਬਿਧਾ ਜਾਇ॥ ਭਾਵੈ ਲਾਂਬੇ ਕੇਸ ਕਰੁ; ਭਾਵੈ ਘਰਰਿ ਮੁਡਾਇ॥੨੫॥
੨੬	ਕਬੀਰ.ਜਗੁ ਕਾਜਲ ਕੀ ਕੋਠਰੀ;ਅੰਧ ਪਰੇ.ਤਿਸ ਮਾਹਿ॥ ਹਉ ਬਲਿਹਾਰੀ.ਤਿਨ੍ ਕਉ;ਪੈਸਿ.ਜੁ ਨੀਕਸਿ ਜਾਹਿ॥੨੬॥
੨੭	ਕਬੀਰ.ਇਹੁ ਤਨੁ ਜਾਇਗਾ;ਸਕਹੁ. ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ; ਜਿਨ੍ ਕੇ ਲਾਖ

Sri Satguru Jagjit Singh Ji eLibrary NamdhariElibrary@gmail.com

	ਕਰੋਰਿ॥੨੭॥
੨੮	ਕਬੀਰ. ਇਹੁ ਤਨੁ ਜਾਇਗਾ; ਕਵਨੈ ਮਾਰਗਿ ਲਾਇ॥ ਕੈ. ਸੰਗਤਿ ਕਰਿ ਸਾਧ ਕੀ; ਕੈ. ਹਰਿ ਕੇ ਗੁਨ ਗਾਇ॥੨੮॥
੨੯	ਕਬੀਰ.ਮਰਤਾ ਮਰਤਾ ਜਗੁ ਮੂਆ; ਮਰਿ ਭੀ ਨ ਜਾਨਿਆ ਕੋਇ॥ ਐਸੇ ਮਰਨੇ ਜੋ ਮਰੈ; ਬਹੁਰਿ. ਨ ਮਰਨਾ ਹੋਇ॥੨੯॥
੩੦	ਕਬੀਰ.ਮਾਨਸ ਜਨਮੁ ਦੁਲੰਭੁ ਹੈ;ਹੋਇ ਨ ਬਾਰੈ ਬਾਰ॥ ਜਿਉ.ਬਨ ਫਲ ਪਾਕੇ,ਭੁਇ ਗਿਰਹਿ; ਬਹੁਰਿ.ਨ ਲਾਗਹਿ ਡਾਰ॥੩੦॥
੩੧	ਕਬੀਰਾ ਤੁਹੀ. ਕਬੀਰੁ ਤੂ; ਤੇਰੋ ਨਾਉ ਕਬੀਰੁ॥ ਰਾਮ ਰਤਨੁ. ਤਬ ਪਾਈਐ; ਜਉ. ਪਹਿਲੇ ਤਜਹਿ ਸਰੀਰੁ॥੩੧॥
੩੨	ਕਬੀਰ. ਝੰਖੁ ਨ ਝੰਖੀਐ; ਤੁਮਰੋ. ਕਹਿਓ ਨ ਹੋਇ॥ ਕਰਮ ਕਰੀਮ. ਜੁ ਕਰਿ ਰਹੇ; ਮੇਟਿ. ਨ ਸਾਕੈ ਕੋਇ॥੩੨॥
੩੩	ਕ-ਸਉਟੀ- ਕਬੀਰ. ਕਸਉਟੀ ਰਾਮ ਕੀ; ਝੂਠਾ. ਟਿਕੈ ਨ ਕੋਇ॥ ਰਾਮ ਕਸਉਟੀ. ਸੋ ਸਹੈ; ਜੋ. ਮਰਿ ਜੀਵਾ ਹੋਇ॥੩੩॥
੩੪	ਕਬੀਰ. ਊਜਲ ਪਹਿਰਹਿ ਕਾਪਰੇ; ਪਾਨ ਸੁਪਾਰੀ ਖਾਹਿ॥ ਏਕਸ. ਹਰਿ ਕੇ ਨਾਮ ਬਿਨੁ; ਬਾਧੇ. ਜਮਪੁਰਿ ਜਾਂਹਿ॥੩੪॥
੩੫	ਕਬੀਰ. ਬੇੜਾ ਜਰਜਰਾ; ਫੂਟੇ ਛੇਂਕ ਹਜਾਰ॥ ਹਰੂਏ ਹਰੂਏ. ਤਿਰਿ ਗਏ; ਡੂਬੇ. ਜਿਨ ਸਿਰ ਭਾਰ॥੩੫॥
੩੬	ਕਬੀਰ. ਹਾਡ ਜਰੇ ਜਿਉ ਲਾਕਰੀ; ਕੇਸ ਜਰੇ. ਜਿਉ ਘਾਸੁ॥ ਇਹੁ ਜਗੁ ਜਰਤਾ ਦੇਖਿ ਕੈ; ਭਇਓ ਕਬੀਰੁ ਉਦਾਸੁ॥੩੬॥
੩੭	ਕਬੀਰ. ਗਰਬੁ ਨ ਕੀਜੀਐ; ਚਾਮ ਲਪੇਟੇ ਹਾਡ॥ ਹੈਵਰ ਊਪਰਿ, ਛਤ੍ਰ ਤਰ; ਤੇ ਫੁਨਿ ਧਰਨੀ ਗਾਡ॥੩੭॥
੩੮	ਕਬੀਰ. ਗਰਬੁ ਨ ਕੀਜੀਐ; ਊਚਾ ਦੇਖਿ ਅਵਾਸੁ॥ ਆਜੁ ਕਾਲਿ. ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥
੩੯	ਕਬੀਰ. ਗਰਬੁ ਨ ਕੀਜੀਐ; ਰੰਕੁ. ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ; ਕਿਆ ਜਾਨਉ ਕਿਆ ਹੋਇ॥੩੯॥)
੪੦	ਕਬੀਰ. ਗਰਬੁ ਨ ਕੀਜੀਐ; ਦੇਹੀ ਦੇਖਿ ਸੁਰੰਗ॥ ਭੁ- ਯੰਗ- ਆਜੁ ਕਾਲਿ. ਤਜਿ ਜਾਹੁਗੇ; ਜਿਉ ਕਾਂਚੁਰੀ ਭੁਯੰਗ॥੪੦॥
੪੧	ਕਬੀਰ. ਲੂਟਨਾ ਹੈ ਤ ਲੂਟਿ ਲੈ; ਰਾਮ ਨਾਮ ਹੈ ਲੂਟਿ॥ ਫਿਰਿ ਪਾਛੈ ਪਛੁਤਾਹੁਗੇ; ਪ੍ਰਾਨ ਜਾਹਿਗੇ ਛੂਟਿ॥੪੧॥
੪੨	ਕਬੀਰ.ਐਸਾ,ਕੋਈ ਨ ਜਨਮਿਓ;ਅਪਨੈ ਘਰਿ ਲਾਵੈ ਆਗਿ॥ ਪਾਂਚਉ ਲਰਿਕਾ.ਜਾਰਿ ਕੈ;ਰਹੈ ਰਾਮ ਲਿਵ ਲਾਗਿ॥੪੨॥
੪੩	ਕੋ ਹੈ ਲਰਿਕਾ ਬੇਚਈ; ਲਰਿਕੀ ਬੇਚੈ ਕੋਇ॥ ਸਾਝਾ ਕਰੈ ਕਬੀਰ ਸਿਉ; ਹਰਿ ਸੰਗਿ ਬਨਜੁ

Sri Satguru Jagjit Singh Ji eLibrary NamdhariElibrary@gmail.com

	ਕਰੇਇ॥੪੩॥
੪੪	ਕਬੀਰ. ਇਹ ਚੇਤਾਵਨੀ; ਮਤ. ਸਹਸਾ ਰਹਿ ਜਾਇ॥ ਪਾਛੈ ਭੋਗ ਜੁ ਭੋਗਵੇ; ਤਿਨ ਕੋ ਗੁਰੁ ਲੈ ਖਾਹਿ॥੪੪॥
੪੫	ਪੜ੍ਹਿਬੇ- ਕਬੀਰ.ਮੈ ਜਾਨਿਓ ਪੜਿਬੋ ਭਲੋ;ਪੜਿਬੇ ਸਿਉ ਭਲ ਜੋਗੁ॥ ਭਗਤਿ.ਨ ਛਾਡਉ ਰਾਮ ਕੀ;ਭਾਵੈ ਨਿੰਦਉ ਲੋਗੁ॥੪੫॥
੪੬	ਕਬੀਰ. ਲੋਗੁ ਕਿ ਨਿੰਦੈ ਬਪੁੜਾ; ਜਿਹ ਮਨਿ. ਨਾਹੀ ਗਿਆਨੁ॥ ਰਾਮ ਕਬੀਰਾ ਰਵਿ ਰਹੇ; ਅਵਰ ਤਜੇ ਸਭ ਕਾਮ॥੪੬॥
੪੭	ਕਬੀਰ. ਪਰਦੇਸੀ ਕੈ ਘਾਘਰੈ;ਚਹੁ ਦਿਸਿ ਲਾਗੀ ਆਗਿ॥ ਖਿੰਥਾ. ਜਲਿ ਕੋਇਲਾ ਭਈ; ਤਾਗੇ. ਆਂਚ ਨ ਲਾਗ॥੪੭॥)
੪੮	ਕਬੀਰ.ਖਿੰਥਾ ਜਲਿ ਕੋਇਲਾ ਭਈ; ਖਾਪਰੁ ਫੂਟ ਮਫੂਟ॥ ਜੋਗੀ ਬਪੁੜਾ. ਖੇਲਿਓ; ਆਸਨਿ ਰਹੀ ਬਿਭੂਤਿ॥੪੮॥
੪੯	ਕਬੀਰ. ਥੋਰੈ ਜਲਿ ਮਾਛੁਲੀ;ਝੀਵਰਿ ਮੇਲਿਓ ਜਾਲੁ॥ ਇਹ ਟੋਘਨੈ.ਨ ਛੂਟਸਹਿ;ਫਿਰਿ.ਕਰਿ ਸਮੁੰਦੁ[੨] ਸਮ੍ਹਾਲਿ[੩]॥੪੯॥
੫੦	ਕਬੀਰ. ਸਮੁੰਦੁ ਨ ਛੋਡੀਐ; ਜਉ ਅਤਿ ਖਾਰੋ ਹੋਇ॥ ਪੋਖਰਿ ਪੋਖਰਿ ਢੂਢਤੇ; ਭਲੋ ਨ ਕਹਿਹੈ ਕੋਇ॥੫੦॥
੫੧	ਨਿ- ਗੁਸਾਏਂ- ਕਬੀਰ.ਨਿਗੁਸਾਏ[੪] ਬਹਿ ਗਏ[੪];ਥਾਂਘੀ.ਨਾਹੀ ਕੋਇ॥ ਦੀਨ ਗਰੀਬੀ ਆਪੁਨੀ;ਕਰਤੇ ਹੋਇ ਸੁ ਹੋਇ॥੫੧॥
੫੨	ਕਬੀਰ. ਬੈਸਨਉ ਕੀ ਕੂਕਰਿ ਭਲੀ; ਸਾਕਤ ਕੀ ਬੁਰੀ ਮਾਇ॥ ਓਹ ਨਿਤ ਸੁਨੈ. ਹਰਿ ਨਾਮ ਜਸੁ; ਉਹ. ਪਾਪ ਬਿਸਾਹਨ ਜਾਇ॥੫੨॥
੫੩	ਕਬੀਰ. ਹਰਨਾ ਦੂਬਲਾ[੬];ਇਹੁ ਹਰੀਆਰਾ[੭] ਤਾਲੁ[੮]॥ ਲਾਖ ਅਹੇਰੀ. ਏਕੁ ਜੀਉ; ਕੇਤਾ ਬੰਚਉ ਕਾਲੁ॥੫੩॥
੫੪	ਕਬੀਰ.ਗੰਗਾ ਤੀਰ,ਜੁ ਘਰੁ ਕਰਹਿ;ਪੀਵਹਿ ਨਿਰਮਲ ਨੀਰੁ॥ ਬਿਨੁ ਹਰਿ ਭਗਤਿ.ਨ ਮੁਕਤਿ ਹੋਇ;ਇਉ ਕਹਿ ਰਮੇ ਕਬੀਰ॥੫੪॥
੫੫	ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ. ਹਰਿ ਫਿਰੈ; ਕਹਤ ਕਬੀਰ ਕਬੀਰ॥੫੫॥
੫੬	ਕਬੀਰ. ਹਰਦੀ ਪੀਅਰੀ; ਚੂੰਨਾਂ ਊਜਲ ਭਾਇ॥ ਰਾਮ ਸਨੇਹੀ ਤਉ ਮਿਲੈ; ਦੋਨਉ ਬਰਨ ਗਵਾਇ॥੫੬॥
੫੭	ਪੀਰੱਤਨੁ- ਕਬੀਰ.ਹਰਦੀ ਪੀਰਤਨੁ ਹਰੈ;ਚੂਨ.ਚਿਹਨੁ ਨ ਰਹਾਇ॥ ਬਲਿਹਾਰੀ ਇਹ ਪ੍ਰੀਤਿ ਕਉ;ਜਿਹ ਜਾਤਿ ਬਰਨੁ ਕੁਲੁ ਜਾਇ॥੫੭॥
੫੮	ਦਸ- ਏਂ ਦਸ ਪੋਲਾ- ਕਬੀਰ. ਮੁਕਤਿ ਦੁਆਰਾ ਸੰਕੁਰਾ; ਰਾਈ ਦਸਏਂ ਭਾਇ॥ ਮਨੁ ਤਉ ਮੈਗਲੁ ਹੋਇ ਰਹਿਓ; ਨਿਕਸੋ ਕਿਉ ਕੈ ਜਾਇ॥੫੮॥
੫੯	ਕਬੀਰ. ਐਸਾ ਸਤਿਗੁਰੁ ਜੇ ਮਿਲੈ; ਤੁਠਾ ਕਰੇ ਪਸਾਉ॥ ਮੁਕਤਿ ਦੁਆਰਾ ਮੋਕਲਾ; ਸਹਜੇ

Sri Satguru Jagjit Singh Ji eLibrary NamdhariElibrary@gmail.com

	ਆਵਉ ਜਾਉ॥੫੯॥
੬੦	ਕਬੀਰ.ਨਾ ਮੋਹਿ ਛਾਨਿ,ਨ ਛਾਪਰੀ;ਨਾ ਮੋਹਿ ਘਰੁ.ਨਹੀ ਗਾਉ॥ ਮਤ.ਹਰਿ ਪੂਛੈ ਕਉਨੁ ਹੈ;ਮੇਰੇ ਜਾਤਿ ਨ ਨਾਉ॥੬੦॥
੬੧	ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥੬੧॥
੬੨	ਕਬੀਰ.ਨਾ ਹਮ ਕੀਆ ਨ ਕਰਹਿਗੇ;ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ.ਕਿਛੁ ਹਰਿ ਕੀਆ;ਭਇਓ ਕਬੀਰੁ ਕਬੀਰੁ॥੬੨॥
੬੩	ਕਬੀਰ.ਸੁਪਨੈ ਹੂ ਬਰੜਾਇ ਕੈ;ਜਿਹ ਮੁਖਿ.ਨਿਕਸੈ ਰਾਮੁ॥ ਪਗ ਪੋਲਾ- ਤਾ ਕੇ ਪਗ ਕੀ ਪਾਨਹੀ;ਮੇਰੇ ਤਨ ਕੋ ਚਾਮੁ॥੬੩॥
੬੪	ਕਬੀਰ.ਮਾਟੀ ਕੇ ਹਮ ਪੂਤਰੇ;ਮਾਨਸੁ ਰਾਖਿਓ ਨਾਉ॥ ਚਾਰਿ ਦਿਵਸ ਕੇ ਪਾਹੁਨੇ; ਬਡ ਬਡ ਰੁੰਧਹਿ ਠਾਉ॥੬੪॥
੬੫	ਕਬੀਰ.ਮਹਿਦੀ ਕਰਿ ਘਾਲਿਆ;ਆਪੁ ਪੀਸਾਇ ਪੀਸਾਇ॥ ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥੬੫॥
੬੬	ਕਬੀਰ.ਜਿਹ ਦਰਿ,ਆਵਤ ਜਾਤਿਅਹੁ;ਹਟਕੈ ਨਾਹੀ ਕੋਇ॥ ਸੋ ਦਰੁ. ਕੈਸੇ ਛੋਡੀਐ; ਜੋ ਦਰੁ. ਐਸਾ ਹੋਇ॥੬੬॥
੬੭	ਝਬਕਿ ਪੋਲਾ- ਕਬੀਰ.ਡੂਬਾ ਥਾ ਪੈ ਉਬਰਿਓ;ਗੁਨ ਕੀ ਲਹਰਿ ਝਬਕਿ॥ ਜਬ ਦੇਖਿਓ.ਬੇੜਾ ਜਰਜਰਾ;ਤਬ.ਉਤਰਿ ਪਰਿਓ ਹਉ ਫਰਕਿ॥੬੭॥
੬੮	ਕਬੀਰ. ਪਾਪੀ, ਭਗਤਿ ਨ ਭਾਵਈ; ਹਰਿ ਪੂਜਾ. ਨ ਸੁਹਾਇ॥ ਮਾਖੀ ਚੰਦਨੁ ਪਰਹਰੈ; ਜਹ ਬਿਗੰਧ. ਤਹ ਜਾਇ॥੬੮॥
੬੯	ਕਬੀਰ. ਬੈਦੁ ਮੂਆ, ਰੋਗੀ ਮੂਆ; ਮੂਆ ਸਭੁ ਸੰਸਾਰੁ॥ ਏਕੁ ਕਬੀਰਾ. ਨਾ ਮੂਆ; ਜਿਹ ਨਾਹੀ ਰੋਵਨਹਾਰੁ॥੬੯॥
੭੦	ਕਬੀਰ. ਰਾਮੁ ਨ ਧਿਆਇਓ; ਮੋਟੀ ਲਾਗੀ ਖੋਰਿ॥ ਕਾਇਆ ਹਾਂਡੀ ਕਾਠ ਕੀ; ਨਾ ਓਹੁ ਚਰ੍ਹੈ ਬਹੋਰਿ॥੭੦॥
੭੧	ਕਬੀਰ. ਐਸੀ ਹੋਇ ਪਰੀ; ਮਨ ਕੋ ਭਾਵਤੁ ਕੀਨੁ॥ ਮਰਨੇ ਤੇ. ਕਿਆ ਡਰਪਨਾ; ਜਬ. ਹਾਥਿ ਸਿਧਉਰਾ[1] ਲੀਨ॥੭੧॥
੭੨	ਕਬੀਰ.ਰਸ ਕੋ ਗਾਂਡੋ ਚੂਸੀਐ; ਗੁਨ ਕਉ. ਮਰੀਐ ਰੋਇ॥ ਅਵਗੁਨੀਆਰੇ ਮਾਨਸੈ; ਭਲੋ. ਨ ਕਹਿਹੈ ਕੋਇ॥੭੨॥
੭੩	ਕਬੀਰ.ਗਾਗਰਿ ਜਲ ਭਰੀ;ਆਜੁ ਕਾਲ੍ਹਿ.ਜੈਹੈ ਫੂਟਿ॥ ਅੱਧ ਲੀਜਹਿ ਗੇ- ਗੁਰੁ.ਜੁ ਨ ਚੇਤਹਿ ਆਪਨੋ;ਅਧ ਮਾਝਿ. ਲੀਜਹਿਗੇ ਲੂਟਿ॥੭੩॥
੭੪	ਕਬੀਰ. ਕੂਕਰੁ ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ ਜਾਉ॥੭੪॥
੭੫	ਕਬੀਰ.ਜਪਨੀ ਕਾਠ ਕੀ;ਕਿਆ ਦਿਖਲਾਵਹਿ ਲੋਇ॥ ਹਿਰਦੈ.ਰਾਮੁ ਨ ਚੇਤਹੀ;ਇਹ

Sri Satguru Jagjit Singh Ji eLibrary NamdhariElibrary@gmail.com

	ਜਪਨੀ ਕਿਆ ਹੋਇ॥੭੫॥
੭੬	ਕਬੀਰ. ਬਿਰਹੁ ਭੁਯੰਗਮੁ, ਮਨਿ ਬਸੈ; ਮੰਤ੍ਰ. ਨ ਮਾਨੈ ਕੋਇ॥ ਰਾਮ ਬਿਓਗੀ. ਨਾ ਜੀਐ; ਜੀਐ ਤ ਬਉਰਾ ਹੋਇ॥੭੬॥
੭੭	ਕਬੀਰ. ਪਾਰਸ ਚੰਦਨੈ; ਤਿਨ ਹੈ ਏਕ ਸੁਗੰਧ॥ ਤਿਹ ਮਿਲਿ. ਤੇਊ ਊਤਮ ਭਏ; ਲੋਹ ਕਾਠ ਨਿਰਗੰਧ॥੭੭॥
੭੮	ਕਬੀਰ.ਜਮ ਕਾ ਠੇਂਗਾ ਬੁਰਾ ਹੈ;ਓਹੁ ਨਹੀ ਸਹਿਆ ਜਾਇ॥ ਏਕੁ ਜੁ ਸਾਧੂ.ਮੁੋਹਿ ਮਿਲਿਓ;ਤਿਨ੍ਹਿ.ਲੀਆ ਅੰਚਲਿ ਲਾਇ॥੭੮॥
੭੯	ਕਬੀਰ. ਬੈਦੁ ਕਹੈ ਹਉ ਹੀ ਭਲਾ; ਦਾਰੂ ਮੇਰੈ ਵਸਿ॥ ਖੱਸਿ- ਇਹ ਤਉ ਬਸਤੁ ਗੁਪਾਲ ਕੀ; ਜਬ ਭਾਵੈ. ਲੇਇ ਖਸਿ॥੭੯॥
੮੦	ਕਬੀਰ.ਨਉਬਤਿ ਆਪਨੀ;ਦਿਨ ਦਸ ਲੇਹੁ ਬਜਾਇ॥ ਨਦੀ ਨਾਵ ਸੰਜੋਗ ਜਿਉ; ਬਹੁਰਿ. ਨ ਮਿਲਹੈ ਆਇ॥੮੦॥
੮੧	ਕਬੀਰ.ਸਾਤ ਸਮੁੰਦਹਿ ਮਸੁ ਕਰਉ;ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ;ਹਰਿ ਜਸੁ.ਲਿਖਨੁ ਨ ਜਾਇ॥੮੧॥
੮੨	ਕਬੀਰ.ਜਾਤਿ ਜੁਲਾਹਾ ਕਿਆ ਕਰੈ;ਹਿਰਦੈ ਬਸੇ ਗੁਪਾਲ॥ ਕਬੀਰ.ਰਮਈਆ ਕੰਠਿ ਮਿਲੁ;ਚੂਕਹਿ ਸਰਬ ਜੰਜਾਲ॥੮੨॥
੮੩	ਕਬੀਰ.ਐਸਾ ਕੋ ਨਹੀ;ਮੰਦਰ ਦੇਇ ਜਰਾਇ॥ ਪਾਂਚਉ ਲਰਿਕੇ.ਮਾਰਿ ਕੈ;ਰਹੈ ਰਾਮ ਲਿਉ ਲਾਇ॥੮੩॥
੮੪	ਕਬੀਰ.ਐਸਾ ਕੋ ਨਹੀ;ਇਹ ਤਨ ਦੇਵੈ ਫੂਕਿ॥ ਅੰਧਾ ਲੋਗੁ.ਨ ਜਾਨਈ;ਰਹਿਓ ਕਬੀਰਾ.ਕੂਕਿ॥੮੪॥
੮੫	ਕਬੀਰ.ਸਤੀ ਪੁਕਾਰੈ,ਚਿਹ ਚੜੀ;ਸੁਨੁਹੋ ਬੀਰ ਮਸਾਨ॥ ਲੋਗੁ ਸਬਾਇਆ.ਚਲਿ ਗਇਓ;ਹਮ ਤੁਮ ਕਾਮੁ ਨਿਦਾਨ॥੮੫॥
੮੬	ਕਬੀਰ. ਮਨੁ ਪੰਖੀ ਭਇਓ; ਉਡਿ ਉਡਿ ਦਹ ਦਿਸ ਜਾਇ॥ ਜੋ ਜੈਸੀ ਸੰਗਤਿ ਮਿਲੈ; ਸੋ ਤੈਸੋ ਫਲੁ ਖਾਇ॥੮੬॥
੮੭	ਕਬੀਰ. ਜਾ ਕਉ ਖੋਜਤੇ; ਪਾਇਓ ਸੋਈ ਠਉਰੁ॥ ਸੋਈ ਫਿਰਿ ਕੈ. ਤੂ ਭਇਆ; ਜਾ ਕਉ ਕਹਤਾ ਅਉਰੁ॥੮੭॥
੮੮	ਕਬੀਰ. ਮਾਰੀ ਮਰਉ ਕੁਸੰਗ ਕੀ; ਕੇਲੇ ਨਿਕਟਿ ਜੁ ਬੇਰਿ॥ ਉਹ ਝੂਲੈ. ਉਹ ਚੀਰੀਐ; ਸਾਕਤ ਸੰਗੁ ਨ ਹੇਰਿ॥੮੮॥
੮੯	ਕਬੀਰ. ਭਾਰ ਪਰਾਈ ਸਿਰਿ ਚਰੈ; ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ; ਆਗੈ ਅਉਘਟ ਘਾਟ॥੮੯॥
੯੦	ਕਬੀਰ. ਬਨ ਕੀ ਦਾਧੀ ਲਾਕਰੀ; ਠਾਢੀ ਕਰੈ ਪੁਕਾਰ॥ ਮਤਿ. ਬਸਿ ਪਰਉ ਲੁਹਾਰ ਕੇ; ਜਾਰੈ ਦੂਜੀ ਬਾਰ॥੯੦॥
੯੧	ਕਬੀਰ. ਏਕ ਮਰੰਤੇ, ਦੁਇ ਮੂਏ; ਦੋਇ ਮਰੰਤਹ. ਚਾਰਿ॥ ਚਾਰਿ ਮਰੰਤਹ. ਛਹ ਮੂਏ;

Sri Satguru Jagjit Singh Ji eLibrary NamdhariElibrary@gmail.com

	ਚਾਰਿ ਪੁਰਖ ਦੁਇ ਨਾਰਿ॥੯੧॥
੯੨	ਕਬੀਰ.ਦੇਖਿ ਦੇਖਿ.ਜਗੁ ਢੂੰਢਿਆ;ਕਹੂੰ.ਨ ਪਾਇਆ ਠੌਰੁ॥ ਜਿਨਿ.ਹਰਿ ਕਾ ਨਾਮੁ,ਨ ਚੇਤਿਓ;ਕਹਾ ਭੁਲਾਨੇ ਅਉਰ॥੯੨॥
੯੩	ਕਬੀਰ.ਸੰਗਤਿ ਕਰੀਐ ਸਾਧ ਕੀ;ਅੰਤਿ ਕਰੈ ਨਿਰਬਾਹੁ॥ ਸਾਕਤ ਸੰਗੁ. ਨ ਕੀਜੀਐ; ਜਾ ਤੇ ਹੋਇ ਬਿਨਾਹੁ॥੯੩॥
੯੪	ਕਬੀਰ.ਜਗ ਮਹਿ ਚੇਤਿਓ ਜਾਨਿ ਕੈ;ਜਗ ਮਹਿ ਰਹਿਓ ਸਮਾਇ॥ ਜਿਨ.ਹਰਿ ਕਾ ਨਾਮੁ,ਨ ਚੇਤਿਓ;ਬਾਦਹਿ ਜਨਮੇਂ ਆਇ॥੯੪॥
੯੫	ਕਬੀਰ.ਆਸਾ ਕਰੀਐ ਰਾਮ ਕੀ;ਅਵਰੈ ਆਸ ਨਿਰਾਸ॥ ਮਨੁੱਖ[1]। ਮਾ- ਨਈ- ਨਰਕਿ ਪਰਹਿ.ਤੇ ਮਾਨਈ[1];ਜੋ. ਹਰਿ ਨਾਮ ਉਦਾਸ॥੯੫॥
੯੬	ਸਿੱਖ। ਸਾਖਾ ਪੋਲਾ- ਕਬੀਰ.ਸਿਖ ਸਾਖਾ ਬਹੁਤੇ ਕੀਏ;ਕੇਸੋ. ਕੀਓ ਨ ਮੀਤੁ॥ ਚਾਲੇ ਥੇ.ਹਰਿ ਮਿਲਨ ਕਉ;ਬੀਚੈ ਅਟਕਿਓ ਚੀਤੁ॥੯੬॥
੯੭	ਕਬੀਰ.ਕਾਰਨੁ ਬਪੁਰਾ ਕਿਆ ਕਰੈ;ਜਉ.ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ.ਪਗੁ ਧਰਉ;ਸੋਈ ਮੁਰਿ ਮੁਰਿ ਜਾਇ॥੯੭॥
੯੮	ਕਬੀਰ. ਅਵਰਹ ਕਉ ਉਪਦੇਸਤੇ; ਮੁਖ ਮੈ. ਪਰਿ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ; ਖਾਯਾ ਘਰ ਕਾ ਖੇਤੁ॥੯੮॥
੯੯	ਕਬੀਰ. ਸਾਧੂ ਕੀ ਸੰਗਤਿ ਰਹਉ; ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ ਨ ਜਾਉ॥੯੯॥
੧੦੦	ਕਬੀਰ. ਸੰਗਤਿ ਸਾਧ ਕੀ; ਦਿਨ ਦਿਨ ਦੂਨਾ ਹੇਤੁ॥ ਸਾਕਤ. ਕਾਰੀ ਕਾਂਬਰੀ; ਧੋਏ ਹੋਇ ਨ ਸੇਤੁ॥੧੦੦॥
੧੦੧	ਕਬੀਰ. ਮਨੁ ਮੂੰਡਿਆ ਨਹੀ; ਕੇਸ ਮੁੰਡਾਏ ਕਾਂਇੰ॥ ਜੋ ਕਿਛੁ ਕੀਆ, ਸੋ ਮਨ ਕੀਆ; ਮੂੰਡਾ ਮੂੰਡੁ ਅਜਾਂਇ॥੧੦੧॥
੧੦੨	ਕਬੀਰ. ਰਾਮੁ ਨ ਛੋਡੀਐ; ਤਨੁ ਧਨੁ ਜਾਇ ਤ ਜਾਉ॥ ਚਰਨ ਕਮਲ ਚਿਤੁ ਬੇਧਿਆ; ਰਾਮਹਿ ਨਾਮਿ ਸਮਾਉ॥੧੦੨॥
੧੦੩	ਕਬੀਰ. ਜੋ ਹਮ ਜੰਤੁ ਬਜਾਵਤੇ; ਟੂਟਿ ਗਈ ਸਭ ਤਾਰ॥ ਜੰਤੁ ਬਿਚਾਰਾ ਕਿਆ ਕਰੈ; ਚਲੇ ਬਜਾਵਨਹਾਰ॥੧੦੩॥
੧੦੪	ਕਬੀਰ.ਮਾਇ ਮੂੰਡਉ,ਤਿਹ ਗੁਰੂ ਕੀ;ਜਾ ਤੇ.ਭਰਮੁ ਨ ਜਾਇ॥ ਆਪ ਡੁਬੇ.ਚਹੁ ਬੇਦ ਮਹਿ;ਚੇਲੇ ਦੀਏ ਬਹਾਇ॥੧੦੪॥
੧੦੫	ਕਬੀਰ. ਜੇਤੇ ਪਾਪ ਕੀਏ; ਰਾਖੇ ਤਲੈ ਦੁਰਾਇ॥ ਪਰਗਟ ਭਏ ਨਿਦਾਨ ਸਭ; ਜਬ. ਪੂਛੇ ਧਰਮਰਾਇ॥੧੦੫॥
੧੦੬	ਕਬੀਰ.ਹਰਿ ਕਾ ਸਿਮਰਨੁ ਛਾਡਿ ਕੈ;ਪਾਲਿਓ ਬਹੁਤੁ ਕੁਟੰਬੁ॥ ਧੰਧਾ ਕਰਤਾ.ਰਹਿ ਗਇਆ;ਭਾਈ ਰਹਿਆ ਨ ਬੰਧੁ॥੧੦੬॥
੧੦੭	ਕਬੀਰ.ਹਰਿ ਕਾ ਸਿਮਰਨੁ ਛਾਡਿ ਕੈ;ਰਾਤਿ ਜਗਾਵਨ ਜਾਇ॥ ਅਉਤਰੈ ਪੋਲਾ- ਸਰਪਨਿ

Sri Satguru Jagjit Singh Ji eLibrary NamdhariElibrary@gmail.com

	ਹੋਇ ਕੈ ਅਉਤਰੈ;ਜਾਏ ਅਪੁਨੇ ਖਾਇ॥੧੦੭॥)
੧੦੮	ਕਬੀਰ.ਹਰਿ ਕਾ ਸਿਮਰਨੁ.ਛਾਡਿ ਕੈ;ਅਹੋਈ ਰਾਖੈ ਨਾਰਿ॥ ਗਦਹੀ ਹੋਇ ਕੈ ਅਉਤਰੈ;ਭਾਰੁ ਸਹੈ.ਮਨ ਚਾਰਿ॥੧੦੮॥
੧੦੯	ਕਬੀਰ. ਚਤੁਰਾਈ ਅਤਿ ਘਨੀ; ਹਰਿ ਜਪਿ. ਹਿਰਦੈ ਮਾਹਿ॥ ਸੂਰੀ ਊਪਰਿ ਖੇਲਨਾ; ਗਿਰੈ. ਤ ਠਾਹਰ ਨਾਹਿ॥੧੦੯॥
੧੧੦	ਕਬੀਰ. ਸੋਈ ਮੁਖੁ ਧੰਨਿ ਹੈ; ਜਾ ਮੁਖਿ ਕਹੀਐ ਰਾਮੁ॥ ਦੇਹੀ ਕਿਸ ਕੀ ਬਾਪੁਰੀ; ਪਵਿਤ੍ਰੁ ਹੋਇਗੋ ਗ੍ਰਾਮੁ॥੧੧੦॥
੧੧੧	ਕਬੀਰ. ਸੋਈ ਕੁਲ ਭਲੀ; ਜਾ ਕੁਲ. ਹਰਿ ਕੋ ਦਾਸੁ॥ ਜਿਹ ਕੁਲ. ਦਾਸੁ ਨ ਊਪਜੈ; ਸੋ ਕੁਲ. ਢਾਕੁ ਪਲਾਸੁ॥੧੧੧॥
੧੧੨	ਕਬੀਰ.ਹੈ ਗਇ ਬਾਹਨ,ਸਘਨ ਘਨ;ਲਾਖ ਧਜਾ ਫਹਰਾਹਿ॥ ਇਆ ਸੁਖ ਤੇ.ਭਿਖ੍ਯਾ ਭਲੀ;ਜਉ.ਹਰਿ ਸਿਮਰਤ ਦਿਨ ਜਾਹਿ॥੧੧੨॥
੧੧੩	ਕਬੀਰ. ਸਭੁ ਜਗੁ, ਹਉ ਫਿਰਿਓ; ਮਾਂਦਲੁ. ਕੰਧ ਚਢਾਇ॥ ਕੋਈ ਕਾਹੂ ਕੋ ਨਹੀ; ਸਭ ਦੇਖੀ ਠੋਕਿ ਬਜਾਇ॥੧੧੩॥
੧੧੪	ਮਾਰਗਿ. ਮੋਤੀ ਬੀਥਰੇ; ਅੰਧਾ. ਨਿਕਸਿਓ ਆਇ॥ ਜੱਗਦੀਸ- ਜੋਤਿ ਬਿਨਾ ਜਗਦੀਸ ਕੀ; ਜਗਤੁ ਉਲੰਘੇ ਜਾਇ॥੧੧੪॥
੧੧੫	ਬੂਡਾ ਬੰਸੁ. ਕਬੀਰ ਕਾ; ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ. ਛਾਡਿ ਕੈ; ਘਰਿ. ਲੇ ਆਯਾ ਮਾਲੁ॥੧੧੫॥
੧੧੬	ਕਬੀਰ. ਸਾਧੂ ਕਉ ਮਿਲਨੇ ਜਾਈਐ; ਸਾਥਿ. ਨ ਲੀਜੈ ਕੋਇ॥ ਪਾਛੈ. ਪਾਉ ਨ ਦੀਜੀਐ; ਆਗੈ. ਹੋਇ ਸੁ ਹੋਇ॥੧੧੬॥
੧੧੭	ਕਬੀਰ.ਜਗੁ ਬਾਧਿਓ.ਜਿਹ ਜੇਵਰੀ;ਤਿਹ.ਮਤ ਬੰਧਹੁ ਕਬੀਰ॥ ਆ- ਟਾ- ਲੋਨ ਪੋਲਾ- ਜੈਹਹਿ ਆਟਾਲੋਨ ਜਿਉ;ਸੋਨ ਸਮਾਨਿ ਸਰੀਰੁ॥੧੧੭॥
੧੧੮	ਸੈਨਾਹ ਜ਼ੋਰ ਦੀ ਬੋਲੋ- ਕਬੀਰ.ਹੰਸੁ ਉਡਿਓ,ਤਨੁ ਗਾਡਿਓ;ਸੋਝਾਈ ਸੈਨਾਹ॥ ਅਜਹੂ.ਜੀਉ ਨ ਛੋਡਈ;ਰੰਕਾਈ ਨੈਨਾਹ॥੧੧੮॥
੧੧੯	ਕਬੀਰ.ਨੈਨ ਨਿਹਾਰਉ.ਤੁਝ ਕਉ;ਸ੍ਰਵਨ ਸੁਨਉ. ਤੁਅ ਨਾਉ॥ ਬੈਨ ਉਚਰਉ.ਤੁਅ ਨਾਮ ਜੀ;ਚਰਨ ਕਮਲ.ਰਿਦ ਠਾਉ॥੧੧੯॥
੧੨੦	ਕਬੀਰ.ਸੁਰਗ ਨਰਕ ਤੇ,ਮੈ ਰਹਿਓ;ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ;ਰਹਉ ਅੰਤਿ ਅਰੁ ਆਦਿ॥੧੨੦॥
੧੨੧	ਕਬੀਰ.ਚਰਨ ਕਮਲ ਕੀ ਮਉਜ ਕੋ;ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ;ਦੇਖਾ ਹੀ ਪਰਵਾਨੁ॥੧੨੧॥
੧੨੨	ਪਤੀ- ਆਇ- ਕਬੀਰ.ਦੇਖਿ ਕੈ ਕਿਹ ਕਹਉ;ਕਹੇ.ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ;ਰਹਉ ਹਰਖਿ ਗੁਨ ਗਾਇ॥੧੨੨॥
੧੨੩	ਚੁਗੈ ਚੁਗੈ ਚੁਗਿ ਚੁਗਿ ਪੋਲੇ- ਕਬੀਰ. ਚੁਗੈ ਚਿਤਾਰੈ ਭੀ ਚੁਗੈ; ਚੁਗਿ ਚੁਗਿ ਚਿਤਾਰੇ॥

Sri Satguru Jagjit Singh Ji eLibrary NamdhariElibrary@gmail.com

	ਜੈਸੇ ਬਚਰਹਿ. ਕੂੰਜ ਮਨ; ਮਾਇਆ ਮਮਤਾ. ਰੇ॥੧੨੩॥
੧੨੪	ਕਬੀਰ.ਅੰਬਰ.ਘਨਹਰੁ ਛਾਇਆ;ਬਰਖਿ.ਭਰੇ ਸਰ ਤਾਲ॥ ਚਾਤ੍ਰਿਕ ਜਿਉ ਤਰਸਤ ਰਹੈ;ਤਿਨ ਕੋ ਕਉਨੁ ਹਵਾਲੁ॥੧੨੪॥
੧੨੫	ਕਬੀਰ.ਚਕਈ ਜਉ ਨਿਸਿ ਬੀਛੁਰੈ;ਆਇ ਮਿਲੈ ਪਰਭਾਤਿ॥ ਜੋ ਨਰ.ਬਿਛੁਰੇ ਰਾਮ ਸਿਉ;ਨਾ ਦਿਨ ਮਿਲੇ.ਨ ਰਾਤਿ॥੧੨੫॥
੧੨੬	ਕਬੀਰ.ਰੈਨਾਇਰ ਬਿਛੋਰਿਆ; ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ; ਦੇਸਹਿ. ਉਗਵਤ ਸੂਰ॥੧੨੬॥
੧੨੭	ਕਬੀਰ.ਸੂਤਾ ਕਿਆ ਕਰਹਿ; ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ. ਗੋਰ ਮਹਿ; ਸੋ ਕਿਉ ਸੋਵੈ ਸੁਖ॥੧੨੭॥
੧੨੮	ਕਬੀਰ.ਸੂਤਾ ਕਿਆ ਕਰਹਿ; ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ; ਲਾਂਬੇ ਗੋਡ ਪਸਾਰਿ॥੧੨੮॥
੧੨੯	ਕਬੀਰ.ਸੂਤਾ ਕਿਆ ਕਰਹਿ; ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ; ਤਾ ਹੀ ਕੇ ਸੰਗ ਲਾਗੁ॥੧੨੯॥
੧੩੦	ਕਬੀਰ.ਸੰਤ ਕੀ ਗੈਲ, ਨ ਛੋਡੀਐ; ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ; ਭੇਟਤ ਜਪੀਐ ਨਾਉ॥੧੩੦॥
੧੩੧	ਕਬੀਰ.ਸਾਕਤ ਸੰਗੁ, ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥੧੩੧॥
੧੩੨	ਕਬੀਰਾ.ਰਾਮੁ ਨ ਚੇਤਿਓ; ਜਰਾ. ਪਹੂੰਚਿਓ ਆਇ॥ ਲਾਗੀ ਮੰਦਿਰ ਦੁਆਰ ਤੇ; ਅਬ ਕਿਆ ਕਾਢਿਆ ਜਾਇ॥੧੩੨॥
੧੩੩	ਕਬੀਰ.ਕਾਰਨੁ ਸੋ ਭਇਓ; ਜੋ ਕੀਨੋ ਕਰਤਾਰ॥ ਤਿਸੁ ਬਿਨੁ ਦੂਸਰ ਕੋ ਨਹੀ; ਏਕੈ ਸਿਰਜਨਹਾਰੁ॥੧੩੩॥
੧੩੪	ਕਬੀਰ.ਫਲ ਲਾਗੇ ਫਲਨਿ; ਪਾਕਨ ਲਾਗੇ ਆਂਬ॥ ਜਾਇ ਪਹੂਚਹਿ. ਖਸਮ ਕਉ; ਜਉ. ਬੀਚਿ ਨ ਖਾਹੀ ਕਾਂਬ॥੧੩੪॥
੧੩੫	ਕਬੀਰ.ਠਾਕੁਰੁ ਪੂਜਹਿ ਮੋਲਿ ਲੇ; ਮਨ ਹਠ ਤੀਰਥ ਜਾਹਿ॥ ਸੁਆਂਗੁ- ਦੇਖਾ ਦੇਖੀ. ਸ੍ਵਾਂਗੁ ਧਰਿ; ਭੂਲੇ ਭਟਕਾ ਖਾਹਿ॥੧੩੫॥
੧੩੬	ਕਬੀਰ.ਪਾਹਨ ਪਰਮੇਸੁਰੁ ਕੀਆ;ਪੂਜੈ ਸਭੁ ਸੰਸਾਰੁ॥ ਇਸ ਭਰਵਾਸੇ ਜੋ ਰਹੇ; ਬੂਡੇ ਕਾਲੀ ਧਾਰ॥੧੩੬॥
੧੩੭	ਮੱਸੁ- ਕਬੀਰ.ਕਾਗਦ ਕੀ ਓਬਰੀ; ਮਸੁ ਕੇ ਕਰਮ ਕਪਾਟ॥ ਪਾਹਨ. ਬੋਰੀ ਪਿਰਥਮੀ; ਪੰਡਿਤ ਪਾੜੀ ਬਾਟ॥੧੩੭॥
੧੩੮	ਕਬੀਰ.ਕਾਲਿ ਕਰੰਤਾ.ਅਬਹਿ ਕਰੁ;ਅਬ ਕਰਤਾ.ਸੁਇਤਾਲ॥ ਪਾਛੈ ਕਛੂ ਨ ਹੋਇਗਾ;ਜਉ ਸਿਰ ਪਰ ਆਵੈ ਕਾਲੁ॥੧੩੮॥
੧੩੯	ਕਬੀਰ. ਐਸਾ ਜੰਤੁ ਇਕੁ ਦੇਖਿਆ; ਜੈਸੀ ਧੋਈ ਲਾਖ॥ ਦੀਸੈ ਚੰਚਲੁ ਬਹੁ ਗੁਨਾ; ਮਤਿ

Sri Satguru Jagjit Singh Ji eLibrary NamdhariElibrary@gmail.com

	ਹੀਨਾ ਨਾਪਾਕ॥੧੩੯॥
੧੪੦	ਕਬੀਰ. ਮੇਰੀ ਬੁਧਿ ਕਉ; ਜਮੁ. ਨ ਕਰੈ ਤਿਸਕਾਰ॥ ਜਿਨਿ ਇਹੁ ਜਮੂਆ ਸਿਰਜਿਆ; ਸੁ ਜਪਿਆ ਪਰਵਿਦਗਾਰ॥੧੪੦॥
੧੪੧	ਕਬੀਰੁ.ਕਸਤੂਰੀ ਭਇਆ;ਭਵਰ ਭਏ ਸਭ ਦਾਸ॥ ਜਿਉ ਜਿਉ ਭਗਤਿ ਕਬੀਰ ਕੀ;ਤਿਉ ਤਿਉ ਰਾਮ ਨਿਵਾਸ॥੧੪੧॥
੧੪੨	ਕਬੀਰ. ਗਹਗਚਿ ਪਰਿਓ ਕੁਟੰਬ ਕੈ; ਕਾਂਠੈ ਰਹਿ ਗਇਓ,ਰਾਮੁ॥ ਆਇ ਪਰੇ ਧਰਮਰਾਇ ਕੇ;ਬੀਚਹਿ ਧੂਮਾ ਧਾਮ॥੧੪੨॥
੧੪੩	ਕਬੀਰ.ਸਾਕਤ ਤੇ ਸੂਕਰ ਭਲਾ;ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ.ਮਰਿ ਗਇਆ;ਕੋਇ.ਨ ਲੈਹੈ ਨਾਉ॥੧੪੩॥
੧੪੪	ਕਬੀਰ.ਕਉਡੀ ਕਉਡੀ ਜੋਰਿ ਕੈ;ਜੋਰੇ ਲਾਖ ਕਰੋਰਿ॥ ਚਲਤੀ ਬਾਰ.ਨ ਕਛੁ ਮਿਲਿਓ;ਲਈ ਲੰਗੋਟੀ ਤੋਰਿ॥੧੪੪॥
੧੪੫	ਕਬੀਰ.ਬੈਸਨੋ ਹੂਆ,ਤ ਕਿਆ ਭਇਆ;ਮਾਲਾ ਮੇਲੀਂ ਚਾਰਿ॥ ਬਾਹਰਿ ਕੰਚਨੁ ਬਾਰਹਾ;ਭੀਤਰਿ ਭਰੀ ਭੰਗਾਰ॥੧੪੫॥
੧੪੬	ਕਬੀਰ. ਰੋੜਾ ਹੋਇ ਰਹੁ ਬਾਟ ਕਾ; ਤਜਿ ਮਨ ਕਾ ਅਭਿਮਾਨੁ॥ ਐਸਾ ਕੋਈ ਦਾਸੁ ਹੋਇ; ਤਾਹਿ ਮਿਲੈ ਭਗਵਾਨੁ॥੧੪੬॥
੧੪੭	ਕਬੀਰ.ਰੋੜਾ ਹੂਆ ਤ ਕਿਆ ਭਇਆ; ਪੰਥੀ ਕਉ ਦੁਖੁ ਦੇਇ॥ ਐਸਾ ਤੇਰਾ ਦਾਸੁ ਹੈ; ਜਿਉ ਧਰਨੀ ਮਹਿ ਖੇਹ॥੧੪੭॥
੧੪੮	ਕਬੀਰ.ਖੇਹ ਹੂਈ ਤਉ ਕਿਆ ਭਇਆ;ਜੌ ਉਡਿ ਲਾਗੈ ਅੰਗ॥ ਹਰਿ ਜਨੁ.ਐਸਾ ਚਾਹੀਐ; ਜਿਉ ਪਾਨੀ ਸਰਬੰਗ॥੧੪੮॥
੧੪੯	ਤੱਾਤਾ- ਕਬੀਰ.ਪਾਨੀ ਹੂਆ,ਤ ਕਿਆ ਭਇਆ;ਸੀਰਾ ਤਾਤਾ ਹੋਇ॥ ਹਰਿ ਜਨੁ.ਐਸਾ ਚਾਹੀਐ;ਜੈਸਾ.ਹਰਿ ਹੀ ਹੋਇ॥੧੪੯॥
੧੫੦	ਊਚ ਭਵਨ ਕਨ ਕਾਮਨੀ;ਸਿਖਰਿ ਧਜਾ, ਫਹਰਾਇ॥ ਤਾ ਤੇ ਭਲੀ ਮਧੂਕਰੀ; ਸੰਤ ਸੰਗਿ ਗੁਨ ਗਾਇ॥੧੫੦॥
੧੫੧	ਕਬੀਰ.ਪਾਟਨ ਤੇ ਊਜਰੁ ਭਲਾ; ਰਾਮ ਭਗਤ. ਜਿਹ ਠਾਇ॥ ਰਾਮ ਸਨੇਹੀ ਬਾਹਰਾ; ਜਮਪੁਰੁ ਮੇਰੇ ਭਾਂਇ॥੧੫੧॥
੧੫੨	ਕਬੀਰ.ਗੰਗ ਜਮੁਨ ਕੇ ਅੰਤਰੇ;ਸਹਜ ਸੁੰਨ ਕੇ ਘਾਟ॥)ਮਟੁ ਪੋਲਾ- ਤਹਾ ਕਬੀਰੈ.ਮਟੁ ਕੀਆ;ਖੋਜਤ.ਮੁਨਿ ਜਨ ਬਾਟ॥੧੫੨॥
੧੫੩	ਕਬੀਰ.ਜੈਸੀ ਉਪਜੀ ਪੇਡ ਤੇ;ਜਉ.ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ;ਪੁਜਹਿ.ਨ ਰਤਨ ਕਰੋੜਿ॥੧੫੩॥
੧੫੪	ਕਬੀਰਾ.ਏਕੁ ਅਚੰਭਉ ਦੇਖਿਓ;ਹੀਰਾ ਹਾਟ ਬਿਕਾਇ॥ ਬਨਜਨਹਾਰੇ ਬਾਹਰਾ;ਕਉਡੀ ਬਦਲੈ ਜਾਇ॥੧੫੪॥
੧੫੫	ਕਬੀਰਾ.ਜਹਾ ਗਿਆਨੁ,ਤਹ ਧਰਮੁ ਹੈ;ਜਹਾ ਝੂਠੁ.ਤਹ ਪਾਪੁ॥ ਜਹਾ ਲੋਭੁ ਤਹ ਕਾਲੁ

Sri Satguru Jagjit Singh Ji eLibrary NamdhariElibrary@gmail.com

	ਹੈ;ਜਹਾ ਖਿਮਾ ਤਹ ਆਪਿ॥੧੫੫॥
੧੫੬	ਕਬੀਰ.ਮਾਇਆ ਤਜੀ.ਤ ਕਿਆ ਭਇਆ;ਜਉ.ਮਾਨੁ ਤਜਿਆ ਨਹੀ ਜਾਇ॥ ਸੱਭੈ- ਮਾਨ.ਮੁਨੀ ਮੁਨਿਵਰ ਗਲੇ; ਮਾਨੁ. ਸਭੈ ਕਉ ਖਾਇ॥੧੫੬॥
੧੫੭	ਕਬੀਰ.ਸਾਚਾ ਸਤਿਗੁਰੁ.ਮੈ ਮਿਲਿਆ;ਸਬਦੁ ਜੁ ਬਾਹਿਆ ਏਕੁ॥ ਲਾਗਤ ਹੀ ਭੁਇ ਮਿਲਿ ਗਇਆ;ਪਰਿਆ ਕਲੇਜੇ ਛੇਕੁ॥੧੫੭॥
੧੫੮	ਸਿੱਖਾਂ- ਕਬੀਰ.ਸਾਚਾ ਸਤਿਗੁਰੁ.ਕਿਆ ਕਰੈ;ਜਉ.ਸਿਖਾ ਮਹਿ ਚੂਕ॥ ਅੰਧੇ.ਏਕ ਨ ਲਾਗਈ;ਜਿਉ.ਬਾਂਸੁ ਬਜਾਈਐ ਫੂਕ॥੧੫੮॥
੧੫੯	ਕਬੀਰ.ਹੈ ਗੈ ਬਾਹਨ ਸਘਨ ਘਨ;ਛਤ੍ਰਪਤੀ ਕੀ ਨਾਰਿ॥)ਪੁੱਜੈ- ਤਾਸੁ ਪਟੰਤਰ.ਨ ਪੁਜੈ;ਹਰਿ ਜਨ ਕੀ.ਪਨਿਹਾਰਿ॥੧੫੯॥
੧੬੦	ਕਬੀਰ.ਨ੍ਰਿਪ ਨਾਰੀ,ਕਿਉ ਨਿੰਦੀਐ;ਕਿਉ.ਹਰਿ ਚੇਰੀ ਕੌ ਮਾਨੁ॥ ਓਹੁ ਮਾਂਗ ਸਵਾਰੈ ਬਿਖੈ ਕਉ;ਓਹੁ ਸਿਮਰੈ ਹਰਿ ਨਾਮੁ॥੧੬੦॥
੧੬੧	ਕਬੀਰ.ਥੂਨੀ ਪਾਈ ਥਿਤਿ ਭਈ;ਸਤਿਗੁਰ ਬੰਧੀ ਧੀਰ॥ ਕਬੀਰ.ਹੀਰਾ ਬਨਜਿਆ;ਮਾਨਸਰੋਵਰ ਤੀਰ॥੧੬੧॥
੧੬੨	ਕਬੀਰ.ਹਰਿ ਹੀਰਾ,ਜਨ ਜਉਹਰੀ;ਲੇ ਕੈ ਮਾਂਡੈ ਹਾਟ॥ ਜਬ ਹੀ ਪਾਈਅਹਿ ਪਾਰਖੂ; ਤਬ ਹੀਰਨ ਕੀ. ਸਾਟ॥੧੬੨॥
੧੬੩	ਕਬੀਰ. ਕਾਮ ਪਰੇ, ਹਰਿ ਸਿਮਰੀਐ; ਐਸਾ ਸਿਮਰਹੁ ਨਿਤ॥ ਗ¯ ਇਆ. ਬਿਤ ਪੋਲਾ- ਅਮਰਾ ਪੁਰ ਬਾਸਾ ਕਰਹੁ; ਹਰਿ. ਗਇਆ ਬਹੋਰੈ ਬਿਤ॥੧੬੩॥
੧੬੪	ਕਬੀਰ. ਸੇਵਾ ਕਉ, ਦੁਇ ਭਲੇ; ਏਕੁ ਸੰਤੁ, ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ; ਸੰਤੁ ਜਪਾਵੈ ਨਾਮੁ॥੧੬੪॥
੧੬੫	ਕਬੀਰ.ਜਿਹ ਮਾਰਗਿ ਪੰਡਿਤ ਗਏ;ਪਾਛੈ ਪਰੀ ਬਹੀਰ॥ ਇਕ ਅਵਘਟ ਘਾਟੀ ਰਾਮ ਕੀ;ਤਿਹ ਚੜਿ ਰਹਿਓ ਕਬੀਰ॥੧੬੫॥
੧੬੬	ਕੁਲੁ ਪੋਲਾ- ਕਬੀਰ.ਦੁਨੀਆ ਕੇ ਦੋਖੇ ਮੂਆ;ਚਾਲਤ ਕੁਲ ਕੀ ਕਾਨਿ॥ ਤਬ ਕੁਲੁ.ਕਿਸ ਕਾ ਲਾਜਸੀ;ਜਬ.ਲੇ ਧਰਹਿ ਮਸਾਨਿ॥੧੬੬॥
੧੬੭	ਕਬੀਰ. ਡੂਬਹਿਗੋ ਰੇ ਬਾਪੁਰੇ; ਬਹੁ ਲੋਗਨ ਕੀ ਕਾਨਿ॥ ਪਾਰੋਸੀ ਕੇ ਜੋ ਹੂਆ; ਤੂ ਅਪਨੇ ਭੀ ਜਾਨੁ॥੧੬੭॥
੧੬੮	ਨ੍ਹਾ- ਕਬੀਰ.ਭਲੀ ਮਧੂਕਰੀ;ਨਾਨਾ ਬਿਧਿ ਕੋ ਨਾਜੁ॥ ਦਾਵਾ. ਕਾਹੂ ਕੋ ਨਹੀ; ਬਡਾ ਦੇਸੁ ਬਡ ਰਾਜੁ॥੧੬੮॥
੧੬੯	ਕਬੀਰ. ਦਾਵੈ ਦਾਝਨੁ ਹੋਤੁ ਹੈ; ਨਿਰਦਾਵੈ ਰਹੈ ਨਿਸੰਕ॥ ਜੋ ਜਨੁ. ਨਿਰਦਾਵੈ ਰਹੈ; ਸੋ ਗਨੈ ਇੰਦ੍ਰ ਸੋ ਰੰਕ॥੧੬੯॥
੧੭੦	ਕਬੀਰ.ਪਾਲਿ ਸਮੁਹਾ ਸਰਵਰੁ ਭਰਾ;ਪੀ ਨ ਸਕੈ ਕੋਈ ਨੀਰੁ॥ ਭਾਗ ਬਡੇ.ਤੈ ਪਾਇਓ;ਤੂੰ ਭਰਿ ਭਰਿ ਪੀਉ ਕਬੀਰ॥੧੭੦॥
੧੭੧	ਕਬੀਰ.ਪਰਭਾਤੇ ਤਾਰੇ ਖਿਸਹਿ;ਤਿਉ ਇਹੁ ਖਿਸੈ ਸਰੀਰੁ॥ ਏ ਦੁਇ ਅਖਰ.ਨਾ

Sri Satguru Jagjit Singh Ji eLibrary NamdhariElibrary@gmail.com

	ਖਿਸਹਿ;ਸੋ.ਗਹਿ ਰਹਿਓ ਕਬੀਰੁ॥੧੭੧॥	
੧੭੨	ਕਬੀਰ.ਕੋਠੀ ਕਾਠ ਕੀ;ਦਹ ਦਿਸਿ ਲਾਗੀ ਆਗਿ॥ ਪੰਡਿਤ ਪੰਡਿਤ ਜਲਿ ਮੂਏ; ਮੂਰਖ ਉਬਰੇ ਭਾਗਿ॥੧੭੨॥	
੧੭੩	ਕਬੀਰ.ਸੰਸਾ ਦੂਰਿ ਕਰੁ;ਕਾਗਦ ਦੇਹ ਬਿਹਾਇ॥ ਬਾਵਨ ਅਖਰ. ਸੋਧਿ ਕੈ; ਹਰਿ ਚਰਨੀ. ਚਿਤੁ ਲਾਇ॥੧੭੩॥	
੧੭੪	ਕਬੀਰ.ਸੰਤੁ,ਨ ਛਾਡੈ ਸੰਤਈ;ਜਉ.ਕੋਟਿਕ ਮਿਲਹਿ ਅਸੰਤ॥ ਮਲਿਆਗਰੁ.ਭੁਯੰਗਮ ਬੇਢਿਓ;ਤ ਸੀਤਲਤਾ.ਨ ਤਜੰਤ॥੧੭੪॥	
੧੭੫	ਕਬੀਰ.ਮਨੁ ਸੀਤਲੁ ਭਇਆ;ਪਾਇਆ ਬ੍ਰਹਮਗਿਆਨੁ॥ ਜਿਨਿ ਜੁਆਲਾ ਜਗੁ ਜਾਰਿਆ;ਸੁ ਜਨ ਕੇ ਉਦਕ ਸਮਾਨਿ॥੧੭੫॥	
੧੭੬	ਕਬੀਰ.ਸਾਰੀ ਸਿਰਜਨਹਾਰ ਕੀ;ਜਾਨੈ ਨਾਹੀ ਕੋਇ॥ ਕੈ ਜਾਨੈ ਆਪਨ ਧਨੀ;ਕੈ ਦਾਸੁ ਦੀਵਾਨੀ ਹੋਇ॥੧੭੬॥	
੧੭੭	ਦਿਸਾਂ– ਕਬੀਰ.ਭਲੀ ਭਈ ਜੋ ਭਉ ਪਰਿਆ;ਦਿਸਾ ਗਈਂ ਸਭ ਭੂਲਿ॥ ਓਰਾ ਗਰਿ.ਪਾਨੀ ਭਇਆ;ਜਾਇ ਮਿਲਿਓ,ਢਲਿ ਕੂਲਿ॥੧੭੭॥	
੧੭੮	ਪੁਰੀਆ ਬਿੰਦੀ ਨਹੀਂ ਲਾਉਣੀ– ਕਬੀਰਾ.ਧੂਰਿ ਸਕੇਲਿ ਕੈ;ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ;ਅੰਤਿ.ਖੇਹ ਕੀ ਖੇਹ॥੧੭੮॥	
੧੭੯	ਕਬੀਰ. ਸੂਰਜ ਚਾਂਦ ਕੈ; ਉਦੈ ਭਈ ਸਭ ਦੇਹ॥ ਗੁਰ ਗੋਬਿੰਦ ਕੇ ਬਿਨੁ ਮਿਲੇ; ਪਲਟਿ ਭਈ ਸਭ ਖੇਹ॥੧੭੯॥	
੧੮੦	ਜਹ ਅਨਭਉ.ਤਹ ਭੈ ਨਹੀ;ਜਹ ਭਉ.ਤਹ ਹਰਿ ਨਾਹਿ॥ ਕਹਿਓ ਕਬੀਰ.ਬਿਚਾਰਿ ਕੈ;ਸੰਤ ਸੁਨਹੁ.ਮਨ ਮਾਹਿ॥੧੮੦॥	
੧੮੧	ਕਬੀਰ.ਜਿਨਹੁ ਕਿਛੂ ਜਾਨਿਆ ਨਹੀ;ਤਿਨ.ਸੁਖ ਨੀਦ ਬਿਹਾਇ॥ ਬੂੱਝਾ ਬੂੱਝਨਾ– ਹਮਹੁ ਜੁ ਬੂਝਾ ਬੂਝਨਾ; ਪੂਰੀ ਪਰੀ ਬਲਾਇ॥੧੮੧॥	
੧੮੨	ਕਬੀਰ. ਮਾਰੇ ਬਹੁਤੁ ਪੁਕਾਰਿਆ; ਪੀਰ ਪੁਕਾਰੈ ਅਉਰ॥ ਲਾਗੀ ਚੋਟ ਮਰੰਮ ਕੀ; ਰਹਿਓ ਕਬੀਰਾ ਠਉਰ॥੧੮੨॥	
੧੮੩	ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ. ਲੇਇ ਉਸਾਸ॥ ਚੋਟ ਸਹਾਰੈ. ਸਬਦ ਕੀ; ਤਾਸੁ ਗੁਰੂ ਮੈ ਦਾਸ॥੧੮੩॥	
੧੮੪	ਕਬੀਰ.ਮੁਲਾਂ ਮੁਨਾਰੇ ਕਿਆ ਚਢਹਿ;ਸਾਂਈ.ਨ ਬਹਰਾ ਹੋਇ॥ ਜਾ ਕਾਰਨਿ.ਤੂੰ ਬਾਂਗ ਦੇਹਿ;ਦਿਲ ਹੀ ਭੀਤਰਿ ਜੋਇ॥੧੮੪॥	
੧੮੫	ਸੇਖ ਸਬੂਰੀ ਬਾਹਰਾ;ਕਿਆ.ਹਜ ਕਾਬੇ ਜਾਇ॥ ਕਬੀਰ.ਜਾ ਕੀ ਦਿਲ ਸਾਬਤਿ ਨਹੀ;ਤਾ ਕਉ.ਕਹਾਂ ਖੁਦਾਇ॥੧੮੫॥	
੧੮੬	ਅੱਲਹ– ਕਬੀਰ. ਅਲਹ ਕੀ ਕਰਿ ਬੰਦਗੀ;ਜਿਹ ਸਿਮਰਤ.ਦੁਖੁ ਜਾਇ॥ ਬੁਝੈ ਪੋਲਾ– ਦਿਲ ਮਹਿ ਸਾਂਈ ਪਰਗਟੈ; ਬੁਝੈ ਬਲੰਤੀ ਨਾਂਇ॥੧੮੬॥	
੧੮੭	ਕਬੀਰ. ਜੋਰੀ ਕੀਏ ਜੁਲਮੁ ਹੈ; ਕਹਤਾ ਨਾਉ ਹਲਾਲੁ॥ ਦਫਤਰਿ. ਲੇਖਾ ਮਾਂਗੀਐ; ਤਬ	

Sri Satguru Jagjit Singh Ji eLibrary NamdhariElibrary@gmail.com

	ਹੋਇਗੋ ਕਉਨੁ ਹਵਾਲੁ॥੧੮੭॥	
੧੮੮	ਕਬੀਰ.ਖੂਬੁ ਖਾਨਾ ਖੀਚਰੀ;ਜਾ ਮਹਿ ਅੰਮ੍ਰਿਤੁ ਲੋਨੁ॥ ਸ਼ਿਕਾਰ[੧] ਲਈ[੩]– ਹੇਰਾ[੧] ਰੋਟੀ ਕਾਰਨੇ[੩];ਗਲਾ ਕਟਾਵੈ ਕਉਨੁ॥੧੮੮॥	
੧੮੯	ਕਬੀਰ. ਗੁਰੁ ਲਾਗਾ ਤਬ ਜਾਨੀਐ; ਮਿਟੈ ਮੋਹੁ ਤਨ ਤਾਪ॥ ਹਰਖ ਸੋਗ. ਦਾਝੈ ਨਹੀ; ਤਬ ਹਰਿ. ਆਪਹਿ ਆਪ॥੧੮੯॥	
੧੯੦	ਕਬੀਰ. ਰਾਮ ਕਹਨ ਮਹਿ ਭੇਦੁ ਹੈ; ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ. ਸਭੈ ਕਹਹਿ; ਸੋਈ ਕਉਤਕਹਾਰ॥੧੯੦॥	
੧੯੧	ਕਬੀਰ. ਰਾਮੈ ਰਾਮ ਕਹੁ; ਕਹਿਬੇ ਮਾਹਿ ਬਿਬੇਕ॥ ਅਨੇਕ¯ ਹਿ– ਏਕੁ. ਅਨੇਕਹਿ ਮਿਲਿ ਗਇਆ; ਏਕ ਸਮਾਨਾ ਏਕ॥੧੯੧॥	
੧੯੨	ਕਬੀਰ. ਜਾ ਘਰ. ਸਾਧ ਨ ਸੇਵੀਅਹਿ; ਹਰਿ ਕੀ ਸੇਵਾ. ਨਾਹਿ॥ ਤੇ ਘਰ. ਮਰਹਟ ਸਾਰਖੇ; ਭੂਤ ਬਸਹਿ. ਤਿਨ ਮਾਹਿ॥੧੯੨॥	
੧੯੩	ਕਬੀਰ. ਗੂੰਗਾ ਹੂਆ ਬਾਵਰਾ;ਬਹਰਾ ਹੂਆ ਕਾਨ॥ ਪਾਵਹੁ ਤੇ. ਪਿੰਗੁਲ ਭਇਆ; ਮਾਰਿਆ ਸਤਿਗੁਰ ਬਾਨ॥੧੯੩॥	
੧੯੪	ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ. ਕਰੇਜੇ ਛੇਕੁ॥੧੯੪॥	
੧੯੫	ਕਬੀਰ.ਨਿਰਮਲ ਬੂੰਦ ਅਕਾਸ ਕੀ;ਪਰਿ ਗਈ ਭੂਮਿ ਬਿਕਾਰ॥ ਬਿਨੁ ਸੰਗਤਿ.ਇਉ ਮਾਂਨਈ;ਹੋਇ ਗਈ ਭਠ ਛਾਰ॥੧੯੫॥	
੧੯੬	ਕਬੀਰ.ਨਿਰਮਲ ਬੂੰਦ ਅਕਾਸ ਕੀ;ਲੀਨੀ ਭੂਮਿ ਮਿਲਾਇ॥ ਪਚਿ ਪੋਲਾ– ਅਨਿਕ ਸਿਆਨੇ.ਪਚਿ ਗਏ;ਨਾ ਨਿਰਵਾਰੀ ਜਾਇ॥੧੯੬॥	
੧੯੭	ਹੱਜ– ਕਬੀਰ.ਹਜ ਕਾਬੇ ਹਉ ਜਾਇ ਥਾ;ਆਗੈ ਮਿਲਿਆ ਖੁਦਾਇ॥ ਗੱਲ[੧]– ਸਾਂਈ ਮੁਝ ਸਿਉ. ਲਰਿ ਪਰਿਆ; ਤੁਝੈ ਕਿਨਿ ਫੁਰਮਾਈ ਗਾਇ[੧]॥੧੯੭॥	
੧੯੮	ਹੱਜ– ਕਬੀਰ.ਹਜ ਕਾਬੈ ਹੋਇ ਹੋਇ ਗਇਆ;ਕੇਤੀ ਬਾਰ ਕਬੀਰ॥ ਖਤਾ ਪੋਲਾ– ਸਾਂਈ.ਮੁਝ ਮਹਿ ਕਿਆ ਖਤਾ;ਮੁਖਹੁ. ਨ ਬੋਲੈ ਪੀਰ॥੧੯੮॥	
੧੯੯	ਕਬੀਰ.ਜੀਅ ਜੁ ਮਾਰਹਿ ਜੋਰੁ ਕਰਿ; ਕਹਤੇ ਹਹਿ ਜੁ ਹਲਾਲੁ॥ ਕੱਢਣਗੇ[੧]– ਦਫਤਰੁ ਦਈ ਜਬ ਕਾਢਿਹੈ[੧]; ਹੋਇਗਾ ਕਉਨੁ ਹਵਾਲੁ॥੧੯੯॥	
੨੦੦	ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ; ਮਾਰ ਮੁਹੈ ਮੁਹਿ ਖਾਇ॥੨੦੦॥	
੨੦੧	ਕਬੀਰ. ਲੇਖਾ ਦੇਨਾ ਸੁਹੇਲਾ; ਜਉ ਦਿਲ ਸੂਚੀ ਹੋਇ॥ ਪੱਲਾ– ਉਸੁ ਸਾਚੇ ਦੀਬਾਨ ਮਹਿ; ਪਲਾ. ਨ ਪਕਰੈ ਕੋਇ॥੨੦੧॥	
੨੦੨	ਕੱਟਣ[੨] ਰਹਿਤ। ਅ¯ ਬੱਧ– ਕਬੀਰ. ਧਰਤੀ ਅਰੁ ਆਕਾਸ ਮਹਿ; ਦੁਇ. ਤੂੰ ਬਰੀ ਅਬਧ[੨]॥ ਖਟ ਦਰਸਨ ਸੰਸੇ ਪਰੇ; ਅਰੁ ਚਉਰਾਸੀਹ ਸਿਧ॥੨੦੨॥	
੨੦੩	ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ. ਸੋ ਤੇਰਾ॥ ਤੇਰਾ ਤੁਝ ਕਉ	

Sri Satguru Jagjit Singh Ji eLibrary NamdhariElibrary@gmail.com

	ਸਉਪਤੇ;ਕਿਆ ਲਾਗੈ ਮੇਰਾ॥੨੦੩॥
੨੦੪	ਕਬੀਰ.ਤੂੰ ਤੂੰ ਕਰਤਾ,ਤੂ ਹੁਆ;ਮੁਝ ਮਹਿ.ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ;ਜਤ ਦੇਖਉ ਤਤ ਤੂ॥੨੦੪॥
੨੦੫	ਕਬੀਰ.ਬਿਕਾਰਹ ਚਿਤਵਤੇ; ਝੂਠੇ ਕਰਤੇ ਆਸ॥ ਮਨੋਰਥੁ. ਕੋਇ ਨ ਪੂਰਿਓ; ਚਾਲੇ ਊਠਿ ਨਿਰਾਸ॥੨੦੫॥
੨੦੬	ਕਬੀਰ.ਹਰਿ ਕਾ ਸਿਮਰਨੁ ਜੋ ਕਰੈ;ਸੋ ਸੁਖੀਆ. ਸੰਸਾਰਿ॥ ਇਤ ਉਤ.ਕਤਹਿ ਨ ਡੋਲਈ;ਜਿਸ ਰਾਖੈ ਸਿਰਜਨਹਾਰ॥੨੦੬॥
੨੦੭	ਕਬੀਰ.ਘਾਣੀ ਪੀੜਤੇ;ਸਤਿਗੁਰ.ਲੀਏ ਛਡਾਇ॥ ਪਰਾ ਪੂਰਬਲੀ ਭਾਵਨੀ;ਪਰਗਟੁ ਹੋਈ ਆਇ॥੨੦੭॥
੨੦੮	ਟਾਲੈ ਟੋਲੈ ਪੋਲੇ- ਕਬੀਰ. ਟਾਲੈ ਟੋਲੈ, ਦਿਨੁ ਗਇਆ; ਬਿਆਜੁ ਬਢੰਤਉ ਜਾਇ॥ ਨਾ ਹਰਿ ਭਜਿਓ. ਨ ਖਤੁ ਫਟਿਓ; ਕਾਲੁ ਪਹੂੰਚੋ ਆਇ॥੨੦੮॥
੨੦੯	ਮਹਲਾ ੫॥ ਕਬੀਰ.ਕੂਕਰੁ ਭਉਕਨਾ;ਕਰੰਗ ਪਿਛੈ ਉਠਿ ਧਾਇ॥ ਕਰਮੀ ਸਤਿਗੁਰੁ ਪਾਇਆ;ਜਿਨਿ.ਹਉ ਲੀਆ ਛਡਾਇ॥੨੦੯॥
੨੧੦	ਮਹਲਾ ੫॥ ਕਬੀਰ.ਧਰਤੀ ਸਾਧ ਕੀ;ਤਸਕਰ ਬੈਸਹਿ ਗਾਹਿ॥ ਧਰਤੀ.ਭਾਰਿ ਨ ਬਿਆਪਈ;ਉਨ ਕਉ ਲਾਹੂ ਲਾਹਿ॥੨੧੦॥
੨੧੧	ਤੁਖ ਪੋਲਾ- ਮਹਲਾ ੫॥ ਕਬੀਰ.ਚਾਵਲ ਕਾਰਨੇ;ਤੁਖ ਕਉ ਮੁਹਲੀ ਲਾਇ॥ ਸੰਗਿ ਕੁਸੰਗੀ ਬੈਸਤੇ;ਤਬ ਪੂਛੈ ਧਰਮਰਾਇ॥੨੧੧॥
੨੧੨	ਨਾਮਾ ਮਾਇਆ ਮੋਹਿਆ;ਕਹੈ ਤਿਲੋਚਨੁ ਮੀਤ॥ ਕਾਹੇ. ਛੀਪਹੁ ਛਾਇਲੈ; ਰਾਮ. ਨ ਲਾਵਹੁ ਚੀਤੁ॥੨੧੨॥
੨੧੩	ਨਾਮਾ ਕਹੈ. ਤਿਲੋਚਨਾ; ਮੁਖ ਤੇ. ਰਾਮੁ ਸੰਮ੍ਹਾਲਿ॥ ਹਾਥ ਪਾਉ ਕਰਿ.ਕਾਮੁ ਸਭੁ;ਚੀਤੁ ਨਿਰੰਜਨ ਨਾਲਿ॥੨੧੩॥
੨੧੪	ਮਹਲਾ ੫॥ ਕਬੀਰਾ.ਹਮਰਾ ਕੋ ਨਹੀ;ਹਮ.ਕਿਸ ਹੂ ਕੇ ਨਾਹਿ॥ ਜਿਨਿ.ਇਹੁ ਰਚਨੁ ਰਚਾਇਆ;ਤਿਸ ਹੀ ਮਾਹਿ ਸਮਾਹਿ॥੨੧੪॥
੨੧੫	ਕਬੀਰ.ਕੀਚੜਿ ਆਟਾ ਗਿਰਿ ਪਰਿਆ;ਕਿਛੂ.ਨ ਆਇਓ ਹਾਥ॥ ਪੀਸਤ ਪੀਸਤ ਚਾਬਿਆ;ਸੋਈ ਨਿਬਹਿਆ ਸਾਥ॥੨੧੫॥
੨੧੬	ਕਬੀਰ.ਮਨੁ ਜਾਨੈ ਸਭ ਬਾਤ;ਜਾਨਤ ਹੀ ਅਉਗਨੁ ਕਰੈ॥ ਸੁਖ[੧]- ਕਾਹੇ ਕੀ ਕੁਸਲਾਤ[੧];ਹਾਥਿ ਦੀਪੁ.ਕੂਏ ਪਰੈ॥੨੧੬॥
੨੧੭	ਕਬੀਰ. ਲਾਗੀ ਪ੍ਰੀਤਿ ਸੁਜਾਨ ਸਿਉ; ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ.ਕਿਉ ਬਨੈ; ਜਾ ਕੇ ਜੀਅ ਪਰਾਨ॥੨੧੭॥
੨੧੮	ਕਬੀਰ. ਕੋਠੇ ਮੰਡਪ ਹੇਤੁ ਕਰਿ; ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ; ਘਨੀ ਤ ਪਉਨੇ ਚਾਰਿ॥੨੧੮॥
੨੧੯	ਕਬੀਰ.ਜੋ ਮੈ ਚਿਤਵਉ,ਨਾ ਕਰੈ;ਕਿਆ ਮੇਰੇ ਚਿਤਵੇ ਹੋਇ॥ ਅਪਨਾ ਚਿਤਵਿਆ.ਹਰਿ

Sri Satguru Jagjit Singh Ji eLibrary NamdhariElibrary@gmail.com

	ਕਰੈ;ਜੋ.ਮੇਰੇ ਚਿਤਿ ਨ ਹੋਇ॥੨੧੯॥
੨੨੦	ਮਃ੩॥ ਚਿੰਤਾ ਭਿ ਆਪਿ ਕਰਾਇਸੀ;ਅਚਿੰਤੁ ਭਿ ਆਪੇ ਦੇਇ॥ ਨਾਨਕ.ਸੋ ਸਾਲਾਹੀਐ;ਜਿ.ਸਭਨਾ ਸਾਰ ਕਰੇਇ॥੨੨੦॥
੨੨੧	ਮਃ੫॥ ਕਬੀਰ.ਰਾਮੁ ਨ ਚੇਤਿਓ;ਫਿਰਿਆ ਲਾਲਚ ਮਾਹਿ॥ ਪਾਪ ਕਰੰਤਾ.ਮਰਿ ਗਇਆ;ਅਉਧ ਪੁੰਨੀ.ਖਿਨ ਮਾਹਿ॥੨੨੧॥
੨੨੨	ਤੌੜੀ[੨]– ਕਬੀਰ.ਕਾਇਆ ਕਾਚੀ ਕਾਰਵੀ[੨];ਕੇਵਲ ਕਾਚੀ ਧਾਤੁ॥ ਸਾਬਤੁ ਰਖਹਿ.ਤ ਰਾਮ ਭਜੁ;ਨਾਹਿ ਤ.ਬਿਨਠੀ ਬਾਤ॥੨੨੨॥
੨੨੩	ਕਬੀਰ. ਕੇਸੋ ਕੇਸੋ ਕੂਕੀਐ; ਨ ਸੋਈਐ ਅਸਾਰ॥ ਰਾਤਿ ਦਿਵਸ ਕੇ ਕੂਕਨੇ;ਕਬਹੂ ਕੇ ਸੁਨੈ ਪੁਕਾਰ॥੨੨੩॥
੨੨੪	ਕੇਲਿਆਂ[੩] ਦਾ ਬਨ। ਸ਼ਰਾਬ[੪] ਮਸਤ[੫]। ਮੈ ਬਿੰਦੀ ਨ ਲਾਉ– ਕਬੀਰ. ਕਾਇਆ ਕਜਲੀ[੩] ਬਨੁ ਭਇਆ; ਮਨੁ ਕੁੰਚਰੁ.ਮਯ[੪] ਮੰਤੁ[੫]॥ ਗਿਆਨੁ– ਅੰਕਸੁ ਗ੍ਯਾਨੁ.ਰਤਨੁ ਹੈ;ਖੇਵਟੁ.ਬਿਰਲਾ ਸੰਤੁ॥੨੨੪॥
੨੨੫	ਕਬੀਰ. ਰਾਮ ਰਤਨੁ ਮੁਖੁ ਕੋਥਰੀ; ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ; ਲੇਗੋ ਮਹਗੇ ਮੋਲਿ॥੨੨੫॥
੨੨੬	ਕਬੀਰ. ਰਾਮ ਨਾਮੁ ਜਾਨਿਓ ਨਹੀ; ਪਾਲਿਓ ਕਟਕੁ ਕੁਟੰਬੁ॥ ਧੰਧੇ ਹੀ ਮਹਿ. ਮਰਿ ਗਇਓ; ਬਾਹਰਿ ਭਈ ਨ ਬੰਬ॥੨੨੬॥
੨੨੭	ਆਖੀਂ– ਕਬੀਰ. ਆਖੀ ਕੇਰੇ ਮਾਟੁਕੇ;ਪਲੁ ਪਲੁ ਗਈ ਬਿਹਾਇ॥ ਮਨੁ.ਜੰਜਾਲੁ ਨ ਛੋਡਈ;ਵਜਮ ਦੀਆ ਦਮਾਮਾ ਆਇ॥੨੨੭॥
੨੨੮	ਕਬੀਰ.ਤਰਵਰ ਰੂਪੀ ਰਾਮੁ ਹੈ;ਫਲ ਰੂਪੀ ਬੈਰਾਗੁ॥ ਛਾਇਆ ਰੂਪੀ ਸਾਧੁ ਹੈ;ਜਿਨਿ ਤਜਿਆ ਬਾਦੁ ਬਿਬਾਦੁ॥੨੨੮॥
੨੨੯	ਕਬੀਰ. ਐਸਾ ਬੀਜੁ ਬੋਇ; ਬਾਰਹ ਮਾਸ ਫਲੰਤ॥ ਸੀਤਲ ਛਾਇਆ. ਗਹਿਰ ਫਲ; ਪੰਖੀ ਕੇਲ ਕਰੰਤ॥੨੨੯॥
੨੩੦	ਕਬੀਰ. ਦਾਤਾ ਤਰਵਰੁ, ਦਯਾ ਫਲੁ; ਉਪਕਾਰੀ ਜੀਵੰਤ॥ ਚੱਲੇ– ਪੰਖੀ ਚਲੇ ਦਿਸਾਵਰੀ; ਬਿਰਖਾ ਸੁਫਲ ਫਲੰਤ॥੨੩੦॥
੨੩੧	ਕਬੀਰ. ਸਾਧੂ ਸੰਗੁ ਪਰਾਪਤੀ; ਲਿਖਿਆ ਹੋਇ ਲਿਲਾਟ॥ ਮੁਕਤਿ ਪਦਾਰਥੁ ਪਾਈਐ; ਠਾਕ ਨ. ਅਵਘਟ ਘਾਟ॥੨੩੧॥
੨੩੨	ਕਬੀਰ. ਏਕ ਘੜੀ ਆਧੀ ਘਰੀ; ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ; ਜੋ ਕੀਨੇ ਸੋ ਲਾਭ॥੨੩੨॥
੨੩੩	ਤਮਾਕੂ[੧] ਸ਼ਰਾਬ[੨]– ਕਬੀਰ.ਭਾਂਗ[੧] ਮਾਛੁਲੀ,ਸੁਰਾ[੨] ਪਾਨਿ;ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ;ਤੇ ਸਭੈ ਰਸਾਤਲਿ ਜਾਂਹਿ॥੨੩੩॥
੨੩੪	ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥

Sri Satguru Jagjit Singh Ji eLibrary NamdhariElibrary@gmail.com

੨੩੫	ਆਠ ਜਾਮ, ਚਉਸਠਿ ਘਰੀ; ਤੁਅ ਨਿਰਖਤ ਰਹੈ ਜੀਉ॥ ਨੀਚੇ ਲੋਇਨ ਕਿਉ ਕਰਉ; ਸਭ ਘਟ ਦੇਖਉ ਪੀਉ॥੨੩੫॥
੨੩੬	ਸੁਨੁ ਸਖੀ.ਪੀਅ ਮਹਿ ਜੀਉ ਬਸੈ; ਜੀਅ ਮਹਿ ਬਸੈ ਕਿ ਪੀਉ॥ ਜੀਉ ਪੀਉ ਬੂਝਉ ਨਹੀ;ਘਟ ਮਹਿ ਜੀਉ ਕਿ ਪੀਉ॥੨੩੬॥
੨੩੭	ਕਬੀਰ. ਬਾਮਨੁ ਗੁਰੂ ਹੈ ਜਗਤ ਕਾ; ਭਗਤਨ ਕਾ. ਗੁਰੁ ਨਾਹਿ॥ ਅਰਝਿ ਉਰਝਿ ਕੈ.ਪਚਿ ਮੂਆ;ਚਾਰਉ ਬੇਦਹੁ ਮਾਹਿ॥੨੩੭॥
੨੩੮	ਹਾਥੀ ਬਿੰਦੀ ਨਹੀਂ ਲਾਉਣੀ, ਹੱਥੀ- ਹਰਿ ਹੈ ਖਾਂਡੁ. ਰੇਤੁ ਮਹਿ ਬਿਖਰੀ; ਹਾਥੀ. ਚੁਨੀ ਨ ਜਾਇ॥ ਬੁੱਝਾਈ- ਕਹਿ ਕਬੀਰ. ਗੁਰਿ ਭਲੀ ਬੁਝਾਈ; ਕੀਟੀ ਹੋਇ ਕੈ ਖਾਇ॥੨੩੮॥
੨੩੯	ਕਬੀਰ.ਜਉ ਤੁਹਿ ਸਾਧ ਪਿਰੰਮ ਕੀ;ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ;ਜੋ ਕਿਛੁ ਹੋਇ ਤ ਹੋਇ॥੨੩੯॥
੨੪੦	ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਪਾਕੇ ਸੇਤੀ ਖੇਲੁ॥ ਕਾਚੀ ਸਰਸਉਂ. ਪੇਲਿ ਕੈ; ਨਾ ਖਲਿ ਭਈ, ਨ ਤੇਲੁ॥੨੪੦॥
੨੪੧	ਢੂੰਢਤ ਡੋਲਹਿ. ਅੰਧ ਗਤਿ; ਅਰੁ ਚੀਨਤ ਨਾਹੀ, ਸੰਤ॥ ਕਹਿ ਨਾਮਾ. ਕਿਉ ਪਾਈਐ; ਬਿਨੁ ਭਗਤਹੁ. ਭਗਵੰਤੁ॥੨੪੧॥
੨੪੨	ਹਰਿ ਸੋ. ਹੀਰਾ ਛਾਡਿ ਕੈ; ਕਰਹਿ. ਆਨ ਕੀ ਆਸ॥ ਤੇ ਨਰ. ਦੋਜਕ ਜਾਹਿਗੇ; ਸਤਿ ਭਾਖੈ ਰਵਿਦਾਸ॥੨੪੨॥
੨੪੩	ਕਬੀਰ.ਜਉ ਗ੍ਰਿਹੁ ਕਰਹਿ,ਤ ਧਰਮੁ ਕਰੁ;ਨਾਹੀ ਤ ਕਰੁ ਬੈਰਾਗੁ॥ ਬੈਰਾਗੀ.ਬੰਧਨੁ ਕਰੈ;ਤਾ ਕੋ ਬਡੋ ਅਭਾਗੁ॥੨੪੩॥
	ਗੁਰਪ੍ਰਸਾਦਿ ਸੰਪੂਰਨੰ॥ (੧੩੯੪- ੧੩੭੭)
੨੪੪	ਸਲੋਕ ਸੇਖ ਫਰੀਦ ਕੇ; ੧ੴ ਸਤਿਗੁਰ ਪ੍ਰਸਾਦਿ॥ (੧੩੭੭ ਤੋਂ ੧੩੮੪)
੨੪੫	ਜਿਤੁ ਦਿਹਾੜੈ.ਧਨ ਵਰੀ;ਸਾਹੇ ਲਏ ਲਿਖਾਇ॥ ਮਲਕੁ ਜਿ.ਕੰਨੀ ਸੁਣੀਦਾ;ਮੁਹੁ ਦੇਖਾਲੇ ਆਇ॥ ਹੱਡਾਂ- ਜਿੰਦੁ ਨਿਮਾਣੀ ਕਢੀਐ;ਹਡਾ ਕੂ ਕੜਕਾਇ॥ ਚੱਲਨੀ- ਸਾਹੇ ਲਿਖੇ. ਨ ਚਲਨੀ; ਜਿੰਦੂ ਕੂੰ ਸਮਝਾਇ॥ ਜਿੰਦੁ ਵਹੁਟੀ. ਮਰਣੁ ਵਰੁ; ਲੈ ਜਾਸੀ ਪਰਣਾਇ॥ ਪੈਰਾਂ ਨਾਲ ਚੱਲ[੫] ਕੇ। ਹੱਥੀਂ। ਗਲਿ- ਆਪਣ ਹਥੀ. ਜੋਲਿ[੫] ਕੈ; ਕੈ ਗਲਿ ਲਗੈ ਧਾਇ॥ ਜਮ ਮਾਰਗ ਦੀ ਵਾਟ[੭]। ਨਿੱਕੀ, ਸੁਣੀ- ਆਇ- ਵਾਲਹੁ ਨਿਕੀ ਪੁਰਸਲਾਤ[੭]; ਕੰਨੀ. ਨ ਸੁਣੀਆਇ॥) ਪਵੰਦੀ- ਈ, ਖੜ੍ਹਾ- ਫਰੀਦਾ. ਕਿੜੀ ਪਵੰਦੀਈ; ਖੜਾ. ਨ ਆਪੁ ਮੁਹਾਇ॥੧॥
੨੪੬	ਤਰ੍ਹਾਂ[੧]। ਗੱਖੜੀ ਚੱਲਾਂ। ਭਤਿ ਪੋਲਾ- ਫਰੀਦਾ.ਦਰ ਦਰਵੇਸੀ ਗਾਖੜੀ;ਚਲਾਂ ਦੁਨੀਆਂ ਭਤਿ[੧]॥ ਬੰਨ੍ਹਿ ਉਠਾਈ ਪੋਟਲੀ; ਕਿਥੈ ਵੰਞਾ ਘਤਿ॥੨॥
੨੪੭	ਕਿੱਝੁ ਬੁੱਝੈ ਸੁੱਝੈ ਗੁੱਝੀ- ਕਿਝੁ ਨ ਬੁਝੈ. ਕਿਝੁ ਨ ਸੁਝੈ; ਦੁਨੀਆ ਗੁਝੀ ਭਾਹਿ॥ ਦੱਝਾਂ- ਸਾਂਈਂ ਮੇਰੈ ਚੰਗਾ ਕੀਤਾ; ਨਾਹੀ ਤ. ਹੰ ਭੀ ਦਝਾਂ ਆਹਿ॥੩॥

Sri Satguru Jagjit Singh Ji eLibrary NamdhariElibrary@gmail.com

੨੪੮	ਬੁੱਕੁ ਭਰੀਂ– ਫਰੀਦਾ. ਜੇ ਜਾਣਾ. ਤਿਲ ਥੋੜੜੇ; ਸੰਮਲਿ ਬੁਕੁ ਭਰੀ॥ ਕਰੀਂ– ਜੇ ਜਾਣਾ ਸਹੁ ਨੰਢੜਾ; ਤਾਂ ਥੋੜਾ ਮਾਣੁ ਕਰੀ॥੪॥
੨੪੯	ਛਿੱਜਣਾ– ਜੇ ਜਾਣਾ. ਲੜੁ ਛਿਜਣਾ; ਪੀਡੀ ਪਾਈਂ ਗੰਢਿ॥ ਸੱਭੁ ਜੱਗੁ ਡਿੱਠਾ- ਤੈ ਜੇਵਡੁ. ਮੈ ਨਾਹਿ ਕੋ; ਸਭੁ ਜਗੁ ਡਿਠਾ ਹੰਢਿ॥੫॥
੨੫੦	ਪਵਿੱੜ੍ਹ[੧] ਨੇਕ ਕ੍ਰਿਪਾਲ ਚਤਰ[੧] ਹੈਂ- ਫਰੀਦਾ. ਜੇ ਤੂ ਅਕਲਿ ਲਤੀਫੁ[੧]; ਕਾਲੇ. ਲਿਖੁ ਨ ਲੇਖ॥) ਆਪਨੜੇ ਗਿਰੀਵਾਨ ਮਹਿ; ਸਿਰੁ ਨੀਂਵਾਂ ਕਰਿ ਦੇਖੁ॥੬॥
੨੫੧	ਮੁੱਕੀਆਂ– ਫਰੀਦਾ. ਜੋ ਤੈ ਮਾਰਨਿ ਮੁਕੀਆਂ; ਤਿਨ੍ਹਾ. ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ; ਪੈਰ ਤਿਨ੍ਹਾ ਦੇ ਚੁੰਮਿ॥੭॥
੨੫੨	ਖੱਟਣ ਰੱਤਾ- ਫਰੀਦਾ. ਜਾਂ ਤਉ ਖਟਣ ਵੇਲ; ਤਾਂ ਤੂ ਰਤਾ ਦੁਨੀ ਸਿਉ॥) ਮੋਂਤ[੪] ਸਾਰੀ[੫] ਸ੍ਰਿਸ਼ਟੀ। ਲੱਦਿਆ- ਮਰਗ[੪] ਸਵਾਈ[੫] ਨੀਹਿ; ਜਾਂ ਭਰਿਆ ਤਾਂ ਲਦਿਆ॥੮॥
੨੫੩	ਦਾੜ੍ਹੀ– ਦੇਖੁ ਫਰੀਦਾ. ਜੁ ਥੀਆ; ਦਾੜੀ ਹੋਈ ਭੂਰ॥) ਅੱਗਹੁ- ਅਗਹੁ ਨੇੜਾ ਆਇਆ; ਪਿਛਾ ਰਹਿਆ ਦੂਰਿ॥੯॥
੨੫੪	ਵਿਸ਼ੇ ਸੁਆਦ ਔਗੁਣ ਪਾਪ ਨਸ਼ੇ ਜੋ ਸ਼ੱਕਰ ਮੰਨੇ ਸਨ, ਸੋ ਵਿਹੁ[੬] ਹੋ ਗਏ। ਸੱਕਰ। ਵਿਸੁ ਪੋਲਾ- ਦੇਖੁ ਫਰੀਦਾ. ਜਿ ਥੀਆ; ਸਕਰ ਹੋਈ ਵਿਸੁ[੬]॥ ਸਾਂਈ ਬਾਝਹੁ ਆਪਣੇ; ਵੇਦਣ ਕਹੀਐ ਕਿਸੁ॥੧੦॥
੨੫੫	ਅੱਖੀਂ– ਫਰੀਦਾ.ਅਖੀ ਦੇਖਿ ਪਤੀਣੀਆਂ;ਸੁਣਿ ਸੁਣਿ ਰੀਣੇ ਕੰਨ॥ ਖੇਤੀ[੭]– ਸਾਖ[੭] ਪਕੰਦੀ ਆਈਆ;ਹੋਰ ਕਰੇਂਦੀ ਵੰਨ॥੧੧॥
੨੫੬	ਫਰੀਦਾ.ਕਾਲੀਂ ਜਿਨ੍ਹੀ ਨ ਰਾਵਿਆ;ਧਉਲੀ ਰਾਵੈ ਕੋਇ॥ ਪ੍ਰੀਤੀ[੧] ਨਵੀਨ[੮]– ਕਰਿ ਸਾਂਈ ਸਿਉ ਪਿਰਹੜੀ[੧];ਰੰਗੁ ਨਵੇਲਾ[੮] ਹੋਇ॥੧੨॥
੨੫੭	ਮਃ ੩॥ ਫਰੀਦਾ. ਕਾਲੀ ਧਉਲੀ ਸਾਹਿਬੁ ਸਦਾ ਹੈ; ਜੇ ਕੋ ਚਿਤਿ ਕਰੇ॥ ਆਪਣਾ ਲਾਇਆ ਪਿਰਮੁ. ਨ ਲਗਈ; ਜੇ ਲੋਚੈ ਸਭੁ ਕੋਇ॥ ਏਹੁ ਪਿਰਮੁ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੧੩॥
੨੫੮	ਫਰੀਦਾ. ਜਿਨ੍ ਲੋਇਣ, ਜਗੁ ਮੋਹਿਆ; ਸੇ ਲੋਇਣ. ਮੈ ਡਿਠੁ॥ ਪੰਛੀ ਬੱਚੇ ਜੰਮੇ[੮] ਬੈਠੇ[੯] ਹਨ। ਕੱਜਲ। ਬਹਿ- ਠੁ ਪੋਲਾ– ਕਜਲ ਰੇਖ. ਨ ਸਹਦਿਆ; ਸੇ ਪੰਖੀ ਸੂਇ[੮] ਬਹਿਠੁ[੯]॥੧੪॥
੨੫੯	ਫਰੀਦਾ. ਕੂਕੇਦਿਆਂ ਚਾਂਗੇਦਿਆ; ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ; ਸੇ. ਕਿਤ ਫੇਰਹਿ ਚਿਤ॥੧੫॥
੨੬੦	ਦੱਭੁ– ਫਰੀਦਾ. ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥) ਛਿਜ- ਹਿ, ਲਤਾੜੀ- ਅਹਿ– ਇਕੁ ਛਿਜਹਿ. ਬਿਆ ਲਤਾੜੀਅਹਿ॥ ਸਾਂਈ– ਤਾਂ ਸਾਈ ਦੈ ਦਰਿ ਵਾੜੀਅਹਿ॥੧੬॥
੨੬੧	ਫਰੀਦਾ.ਖਾਕੁ. ਨ ਨਿੰਦੀਐ;ਖਾਕੂ ਜੇਡੁ. ਨ ਕੋਇ॥ ਜੀਵਦਿਆ. ਪੈਰਾ ਤਲੈ; ਮੁਇਆ. ਉਪਰਿ ਹੋਇ॥੧੭॥)

Sri Satguru Jagjit Singh Ji eLibrary NamdhariElibrary@gmail.com

੨੬੨	ਲੱਬੁ– ਫਰੀਦਾ. ਜਾ ਲਬੁ, ਤਾ ਨੇਹੁ ਕਿਆ; ਲਬੁ ਤ ਕੂੜਾ ਨੇਹੁ॥ ਕਿੱਚਰੁ ਝੱਤਿ ਛੱਪਰਿ– ਕਿਚਰੁ ਝਤਿ ਲਘਾਈਐ; ਛਪਰਿ ਤੁਟੈ ਮੇਹੁ॥੧੮॥
੨੬੩	ਫਰੀਦਾ. ਜੰਗਲੁ ਜੰਗਲੁ ਕਿਆ ਭਵਹਿ; ਵਣਿ ਕੰਡਾ ਮੋੜੇਹਿ॥ ਹਿਰਦੇ[੧੦] ਅੰਦਰ– ਵਸੀ ਰਬੁ ਹਿਆਲੀਐ[੧੦]; ਜੰਗਲੁ ਕਿਆ ਢੂਢੇਹਿ॥੧੯॥
੨੬੪	ਫਰੀਦਾ. ਇਨੀ ਨਿਕੀ ਜੰਘੀਐ; ਥਲ ਡੂੰਗਰ ਭਵਿਓਮ੍ਹਿ॥ ਲੋਟਾ[੧੧]। ਹੋ ਗਿਆ[੧੨]। ਕੂੱਜੜਾ– ਅਜੁ ਫਰੀਦੈ. ਕੂਜੜਾ[੧੧]; ਸੈ ਕੋਹਾਂ,ਥੀਓਮਿ[੧੨]॥੨੦॥
੨੬੫	ਰਾਤੀਂ– ਫਰੀਦਾ. ਰਾਤੀ ਵਡੀਆਂ; ਧੁਖਿ ਧੁਖਿ ਉਠਨਿ ਪਾਸ॥ ਧਿਗੁ ਤਿਨ੍ਹਾ ਦਾ ਜੀਵਿਆ; ਜਿਨ੍ਹਾ ਵਿਡਾਣੀ ਆਸ॥੨੧॥
੨੬੬	ਵਰਜਿਆ[੧]– ਫਰੀਦਾ.ਜੇ ਮੈ ਹੋਦਾ ਵਾਰਿਆ[੧]; ਮਿਤਾ ਆਇੜਿਆਂ॥ ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥
੨੬੭	ਬਜ਼ੁਰ[੨] ਦੇਸ ਦੀਆਂ। ਬਿਜਉ– ਰੀਆਂ ਕਿੱਕਰਿ– ਫਰੀਦਾ.ਲੋੜੈ ਦਾਖ ਬਿਜਉਰੀਆਂ[੨]; ਕਿਕਰਿ ਬੀਜੈ ਜਟੁ॥ ਹੰਢੈ ਉਂਨ ਕਤਾਇਦਾ;ਪੈਧਾ ਲੋੜੈ ਪਟੁ॥੨੩॥
੨੬੮	ਫਰੀਦਾ. ਗਲੀਏ ਚਿਕੜੁ, ਦੂਰਿ ਘਰੁ; ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ; ਰਹਾਂ ਤ ਤੁਟੈ ਨੇਹੁ॥੨੪॥
੨੬੯	ਭਿੱਜਉ ਸਿੱਜਉ ਅੱਲਹੁ– ਭਿਜਉ ਸਿਜਉ ਕੰਬਲੀ; ਅਲਹ ਵਰਸਉ ਮੇਹੁ॥ ਜਾਇ ਮਿਲਾ ਤਿਨਾ ਸਜਣਾ; ਤੁਟਉ ਨਾਹੀ ਨੇਹੁ॥੨੫॥
੨੭੦	ਪਗ ਅਰਥ ਚਰਨ,ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ 'ਚ,ਪਗ ਪੋਲਾ ਬੋਲੋ) ਕੇਵਲ ਇੱਥੇ ਅਧਿਕ ਹੈ ਪੱਗ– ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਗਹਿਲਾ ਰੂਹੁ. ਨ ਜਾਣਈ; ਸਿਰੁ ਭੀ ਮਿਟੀ ਖਾਇ॥੨੬॥
੨੭੧	ਸੱਕਰ– ਫਰੀਦਾ. ਸਕਰ ਖੰਡੁ ਨਿਵਾਤ ਗੁੜੁ; ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ; ਰਬ ਨ ਪੁਜਨਿ ਤੁਧੁ॥੨੭॥
੨੭੨	ਬ੍ਰਿਛ[੧] ਨਾਲ ਲੱਗੇ ਫ਼ਲ ਪੱਤ੍ਰ ਆਦਿ। ਲਾਵਣੁ ਪੋਲਾ– ਫਰੀਦਾ. ਰੋਟੀ ਮੇਰੀ ਕਾਠ[੧] ਕੀ; ਲਾਵਣੁ ਮੇਰੀ ਭੁਖ॥ ਜਿਨ੍ਹਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥
੨੭੩	ਰੁੱਖੀ ਸੁੱਖੀ– ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥
੨੭੪	ਅਜੁ.ਨ ਸੁਤੀ ਕੰਤ ਸਿਉ;ਅੰਗੁ ਮੁੜੇ ਮੁੜਿ ਜਾਇ॥ ਜਾਇ ਪੁਛਹੁ ਡੋਹਾਗਣੀ;ਤੁਮ. ਕਿਉ ਰੈਣਿ ਵਿਹਾਇ॥੩੦॥
੨੭੫	ਸਾਹੁਰੈ. ਢੋਈ ਨਾ ਲਹੈ; ਪੇਈਐ. ਨਾਹੀ ਥਾਉ॥ ਪਿਰੁ. ਵਾਤੜੀ ਨ ਪੁਛਈ; ਧਨ ਸੋਹਾਗਣਿ ਨਾਉ॥੩੧॥
੨੭੬	ਸਾਹੁਰੈ ਪੇਈਐ. ਕੰਤ ਕੀ; ਕੰਤੁ ਅਗੰਮੁ ਅਥਾਹੁ॥ ਨਾਨਕ. ਸੋ ਸੋਹਾਗਣੀ; ਜੁ ਭਾਵੈ ਬੇਪਰਵਾਹ॥੩੨॥
੨੭੭	ਸਜ ਧਜ ਕੇ ਫੱਬੀ[੪]। ਨ੍ਹਾਤੀ– ਨਾਤੀ ਧੋਤੀ ਸੰਬਹੀ[੪]; ਸੁਤੀ ਆਇ ਨਚਿੰਦੁ॥ ਵਲ੍ਹੀ[੧]।

Sri Satguru Jagjit Singh Ji eLibrary NamdhariElibrary@gmail.com

	ਬੇੜ੍ਹੀ– ਫਰੀਦਾ. ਰਹੀ ਸੁ ਬੇੜੀ ਹਿੰਙੁ ਦੀ ਗਈ ਕਥੂਰੀ ਗੰਧੁ॥੩੩॥
੨੭੮	ਜੋਬਨ ਜਾਂਦੇ ਨਾ ਡਰਾਂ; ਜੇ ਸਹ ਪ੍ਰੀਤਿ ਨ ਜਾਇ॥ ਫਰੀਦਾ. ਕਿਤੀ ਜੋਬਨ ਪ੍ਰੀਤਿ ਬਿਨੁ; ਸੁਕਿ ਗਏ ਕੁਮਲਾਇ॥੩੪॥
੨੭੯	ਫਰੀਦਾ. ਚਿੰਤ ਖਟੋਲਾ, ਵਾਣੁ ਦੁਖੁ; ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ; ਤੂ ਸਾਹਿਬ ਸਚੇ ਵੇਖੁ॥੩੫॥
੨੮੦	ਬਿਰਹਾ ਬਿਰਹਾ ਆਖੀਐ;ਬਿਰਹਾ ਤੂ ਸੁਲਤਾਨੁ॥ ਫਰੀਦਾ.ਜਿਤੁ ਤਨਿ,ਬਿਰਹੁ ਨ ਊਪਜੈ; ਸੋ ਤਨੁ ਜਾਣੁ ਮਸਾਨੁ॥੩੬॥
੨੮੧	ਫਰੀਦਾ. ਏ ਵਿਸੁ ਗੰਦਲਾ; ਧਰੀਆਂ ਖੰਡੁ ਲਿਵਾੜਿ॥ ਬੀਜਦੇ[੫]। ਬੀਜੀ[੬] ਹੋਈ– ਇਕਿ ਰਾਹੇਦੇ[੫] ਰਹਿ ਗਏ; ਇਕਿ. ਰਾਧੀ[੬] ਗਏ ਉਜਾੜਿ॥੩੭॥
੨੮੨	ਫਰੀਦਾ. ਚਾਰਿ ਗਵਾਇਆ ਹੰਢਿ ਕੈ; ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ; ਤੂ ਆਂਹੋ ਕੇਰ੍ਹੇ ਕੰਮਿ॥੩੮॥
੨੮੩	ਫਰੀਦਾ.ਦਰਿ ਦਰਵਾਜੈ ਜਾਇ ਕੈ;ਕਿਉ ਡਿਠੋ ਘੜੀਆਲੁ॥ ਏਹੁ ਨਿਦੋਸਾਂ ਮਾਰੀਐ;ਹਮ ਦੋਸਾਂ ਦਾ ਕਿਆ ਹਾਲੁ॥੩੯॥
੨੮੪	ਘੜੀਏ ਘੜੀਏ ਮਾਰੀਐ;ਪਹਰੀ ਲਹੈ ਸਜਾਇ॥ ਡੁੱਖੀ,ਘੜੀ– ਆਲ– ਸੋ ਹੇੜਾ,ਘੜੀਆਲ ਜਿਉ;ਡੁਖੀ ਰੈਣਿ ਵਿਹਾਇ॥੪੦॥
੨੮੫	ਬੁਢਾ ਹੋਆ. ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥੪੧॥
੨੮੬	ਫਰੀਦਾ. ਬਾਰਿ ਪਰਾਇਐ ਬੈਸਣਾ; ਸਾਂਈ. ਮੁਝੈ ਨ ਦੇਹਿ॥ ਜੇ ਤੂ. ਏਵੈ ਰਖਸੀ; ਜੀਉ ਸਰੀਰਹੁ ਲੇਹਿ॥੪੨॥
੨੮੭	ਕੰਧਿ ਕੁਹਾੜਾ.ਸਿਰਿ ਘੜਾ;ਵਣਿ ਕੈ ਸਰੁ.ਲੋਹਾਰੁ॥ ਫਰੀਦਾ.ਹਉ ਲੋੜੀ ਸਹੁ ਆਪਣਾ;ਤੂ ਲੋੜਹਿ ਅੰਗਿਆਰ॥੪੩॥
੨੮੮	ਫਰੀਦਾ. ਇਕਨਾ ਆਟਾ ਅਗਲਾ; ਇਕਨਾ. ਨਾਹੀ ਲੋਣੁ॥) ਅਗੈ ਗਏ. ਸਿੰਞਾਪਸਨ੍ਹਿ ; ਚੋਟਾਂ ਖਾਸੀ ਕਉਣੁ॥੪੪॥
੨੮੯	ਛੱਤੁ ਸੱਡੋ ਰੱਡ– ਪਾਸਿ ਦਮਾਮੇ. ਛਤੁ ਸਿਰਿ; ਭੇਰੀ ਸਡੋ ਰਡ॥) ਉਜਾੜ[੧] ਯਤੀਮ[੨] ਗ਼ੀਬ ਗੱਡ– ਜਾਇ ਸੁਤੇ ਜੀਰਾਣ[੧] ਮਹਿ; ਥੀਏ ਅਤੀਮਾ[੨] ਗਡ॥੪੫॥
੨੯੦	ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥੪੬॥
੨੯੧	ਫਰੀਦਾ. ਖਿੰਥੜਿ ਮੇਖਾ ਅਗਲੀਆ; ਜਿੰਦੁ. ਨ ਕਾਈ ਮੇਖ॥ ਵਾਰੀ ਆਪੋ ਆਪਣੀ; ਚਲੇ ਮਸਾਇਕ ਸੇਖ॥੪੭॥
੨੯੨	ਦੀਵੀਂ। ਬਹਿ– ਠਾ ਪੋਲਾ– ਫਰੀਦਾ. ਦੁਹੁ[੩] ਦੀਵੀ[੧] ਬਲੰਦਿਆ; ਮਲਕੁ ਬਹਿਠਾ ਆਇ॥ ਸ੍ਰੀਰ[੧] ਗੜੁ। ਘਟੁ ਬੁਝਾਇ ਪੋਲੇ– ਗੜੁ ਲੀਤਾ. ਘਟੁ[੧] ਲੁਟਿਆ; ਦੀਵੜੇ ਗਇਆ ਬੁਝਾਇ॥੪੮॥

Sri Satguru Jagjit Singh Ji eLibrary NamdhariElibrary@gmail.com

੨੯੩	ਤਿਲਾਂ[੬]– ਫਰੀਦਾ. ਵੇਖੁ ਕਪਾਹੈ ਜਿ ਥੀਆ; ਜਿ ਸਿਰਿ ਥੀਆ, ਤਿਲਾਹਂ[੬]॥ ਕੋਇਲਿ- ਆਹ– ਕਮਾਦੈ ਅਰੁ ਕਾਗਦੈ; ਕੁੰਨੇ ਕੋਇਲਿਆਹ॥ ਮੰਦੇ ਅਮਲ ਕਰੇਦਿਆ; ਏਹ ਸਜਾਇ ਤਿਨਾਹ॥੪੯॥
੨੯੪	ਮੋਢੇ[੭] ਨਮਾਜ਼ ਪੜ੍ਹਨ ਵਾਲਾ ਆਸਣ[੮] ਗਲ਼ਾਂ[੯] 'ਚ ਕਾਲ਼ੇ ਬਸਤ੍ਰ[੧] ਦੀ ਖ਼ਫ਼ਣੀ। ਦਿਲ[੧੦] 'ਚ ਜੀਵ ਹੱਤਿਆ,ਈਰਖਾ ਰੂਪ ਛੁਰੀ[੧੧] ਹੈ। ਮੂੰਹ[੧੨] 'ਚ ਗੁੜ ਵਾਂਗ ਮਿੱਠੀਆਂ ਗੱਲਾਂ ਹਨ। ਮੁਸੱਲਾ– ਫਰੀਦਾ. ਕੰਨਿ[੭] ਮੁਸਲਾ[੮]. ਸੂਫ਼ੁ[੧] ਗਲਿ[੯]; ਦਿਲਿ[੧੦] ਕਾਤੀ[੧੧]. ਗੁੜੁ ਵਾਤਿ[੧੨]॥ ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ॥੫੦॥
੨੯੫	ਥੋੜੇ[੧] ਮਾਤ੍ਰ। ਪ੍ਰੀਤ[੨] ਰੱਤੀ। ਰਤੁ ਪੋਲਾ– ਫਰੀਦਾ. ਰਤੀ[੧] ਰਤੁ[੨] ਨ ਨਿਕਲੈ; ਜੇ ਤਨੁ ਚੀਰੈ ਕੋਇ॥ ਅਪਣੇ ਸ਼ੀਰ ਨਾਲ ਪ੍ਰੀਤ[੧] ਨਹੀਂ ਹੁੰਦੀ। ਰੱਤੇ, ਰੱਬ, ਰਤੁ, ਪੋਲਾ– ਜੋ ਤਨ ਰਤੇ. ਰਬ ਸਿਉ; ਤਿਨ ਤਨਿ. ਰਤੁ[੧] ਨ ਹੋਇ॥੫੧॥
੨੯੬	ਪ੍ਰੀਤ[੨], ਰਤੁ ਰਤੁ ਪੋਲੇ ਦੋਵੇਂ– ਮਃ ੩॥ ਇਹੁ ਤਨੁ ਸਭੋ ਰਤੁ[੨] ਹੈ; ਰਤੁ[੨] ਬਿਨੁ ਤੰਨੁ ਨ ਹੋਇ॥ ਰੱਤੇ, ਰਤੁ ਪੋਲਾ– ਜੋ ਸਹ ਰਤੇ ਆਪਣੇ; ਤਿਤੁ ਤਨਿ ਲੋਭੁ ਰਤੁ ਨ ਹੋਇ॥ ਰਤੁ ਪੋਲਾ– ਭੈ ਪਇਐ. ਤਨੁ ਖੀਣੁ ਹੋਇ; ਲੋਭੁ ਰਤੁ. ਵਿਚਹੁ ਜਾਇ॥ ਜਿਉ ਬੈਸੰਤਰਿ ਧਾਤੁ. ਸੁਧੁ ਹੋਇ; ਤਿਉ ਹਰਿ ਕਾ ਭਉ. ਦੁਰਮਤਿ ਮੈਲੁ ਗਵਾਇ॥ ਰੱਤੇ– ਨਾਨਕ. ਤੇ ਜਨ ਸੋਹਣੇ; ਜਿ ਰਤੇ ਹਰਿ ਰੰਗੁ ਲਾਇ॥੫੨॥
੨੯੭	ਵੱਥੁ– ਫਰੀਦਾ. ਸੋਈ ਸਰਵਰੁ ਢੂਢਿ ਲਹੁ;ਜਿਥਹੁ ਲਭੀ ਵਥੁ॥ ਛੱਪੜਿ ਚਿੱਕੜਿ ਡੁੱਬੈ ਹੱਥੁ– ਛਪੜਿ ਢੂਢੈ. ਕਿਆ ਹੋਵੈ; ਚਿਕੜਿ ਡੁਬੈ ਹਥੁ॥੫੩॥
੨੯੮	ਮੁਈ[੧] ਹੈ[੨]– ਫਰੀਦਾ. ਨੰਢੀ ਕੰਤੁ ਨ ਰਾਵਿਓ; ਵਡੀ ਥੀ ਮੁਈ[੧] ਆਸੁ[੨]॥ ਮਿਲੀ- ਆਸੁ– ਧਨ ਕੂਕੇਂਦੀ, ਗੋਰ ਮੇਂ; ਤੈ ਸਹ. ਨਾ ਮਿਲੀਆਸੁ॥੫੪॥
੨੯੯	ਪਲਿਆ ਪਲੀ ਪਲੀਆਂ ਪੋਲੇ। ਦਾੜ੍ਹੀ– ਫਰੀਦਾ. ਸਿਰੁ ਪਲਿਆ; ਦਾੜੀ ਪਲੀ. ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥੫੫॥
੩੦੦	ਫਰੀਦਾ. ਕੋਠੇ ਧੁਕਣੁ ਕੇਤੜਾ; ਪਿਰ ਨੀਦੜੀ ਨਿਵਾਰਿ॥ ਜੋ ਦਿਹ ਲਧੇ ਗਾਣਵੇ; ਗਏ ਵਿਲਾੜਿ ਵਿਲਾੜਿ॥੫੬॥
੩੦੧	ਫਰੀਦਾ. ਕੋਠੇ ਮੰਡਪ ਮਾੜੀਆ; ਏਤੁ. ਨ ਲਾਏ ਚਿਤੁ॥ ਮਿਟੀ ਪਈ ਅਤੋਲਵੀ; ਕੋਇ ਨ ਹੋਸੀ ਮਿਤੁ॥੫੭॥
੩੦੨	ਮੌਤ[੧] ਬਲ[੨]– ਵਾਲੀ– ਫਰੀਦਾ. ਮੰਡਪ ਮਾਲੁ ਨ ਲਾਇ; ਮਰਗ[੧] ਸਤਾਣੀ[੨], ਚਿਤਿ ਧਰਿ॥ ਸਾਂਈਂ– ਸਾਈ ਜਾਇ ਸਮ੍ਹਾਲਿ;ਜਿਥੈ ਹੀ ਤਉ ਵੰਞਣਾ॥੫੮॥
੩੦੩	ਫਰੀਦਾ. ਜਿਨ੍ਹੀ ਕੰਮੀ ਨਾਹਿ ਗੁਣ; ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ; ਸਾਂਈ ਦੈ ਦਰਬਾਰਿ॥੫੯॥
੩੦੪	ਕ੍ਰਾਂਤੀ[੧],ਕ੍ਰਮਣ,ਝੂਠੀ[੧] ਸਮਝ,ਭੁਲੇਖਾ,ਗੰਦੀ[੧] ਮੈਲ਼– ਫਰੀਦਾ.ਸਾਹਿਬ ਦੀ ਕਰਿ ਚਾਕਰੀ; ਦਿਲ ਦੀ ਲਾਹਿ ਭਰਾਂਦਿ[੧]॥ ਦਰਵੇਸਾਂ ਨੋ ਲੋੜੀਐ; ਰੁਖਾਂ ਦੀ ਜੀਰਾਂਦਿ॥੬੦॥
੩੦੫	ਫਰੀਦਾ.ਕਾਲੇ ਮੈਡੇ ਕਪੜੇ;ਕਾਲਾ ਮੈਡਾ ਵੇਸੁ॥ ਗੁਨਹੀ ਪੋਲਾ– ਗੁਨਹੀ ਭਰਿਆ.ਮੈ ਫਿਰਾ;

Sri Satguru Jagjit Singh Ji eLibrary NamdhariElibrary@gmail.com

	ਲੋਕੁ ਕਹੈ ਦਰਵੇਸੁ॥੬੧॥	
੩੦੬	ਤੱਤੀ,ਟੁੱਬੀ– ਤਤੀ ਤੋਇ.ਨ ਪਲਵੈ;ਜੇ ਜਲਿ ਟੁਬੀ ਦੇਇ॥ ਫਰੀਦਾ.ਜੋ ਡੋਹਾਗਣਿ ਰਬ ਦੀ;ਝੂਰੇਦੀ ਝੂਰੇਇ॥੬੨॥	
੩੦੭	ਜਾਂ ਕੁਆਰੀ ਤਾ ਚਾਉ; ਵੀਵਾਹੀ ਤਾਂ ਮਾਮਲੇ॥ ਫਰੀਦਾ. ਏਹੋ ਪਛੋਤਾਉ; ਵਤਿ ਕੁਆਰੀ ਨ ਥੀਐ॥੬੩॥	
੩੦੮	ਹੰਸ[1],ਕੱਲਰ,ਉ- ਲੱਥੇ– ਕਲਰ ਕੇਰੀ ਛਪੜੀ;ਆਇ ਉਲਥੇ ਹੰਝ[1]॥ ਚਿੰਜੂ ਬੋੜਨ੍ਹਿ ਨਾ ਪੀਵਹਿ;ਉਡਣ ਸੰਦੀ ਡੰਝ॥੬੪॥	
੩੦੯	ਹੰਸੁ ਉਡਰਿ. ਕੋਧ੍ਰੈ ਪਇਆ; ਲੋਕੁ ਵਿਡਾਰਣਿ ਜਾਇ॥ ਗਹਿਲਾ ਲੋਕੁ. ਨ ਜਾਣਦਾ; ਹੰਸੁ. ਨ ਕੋਧ੍ਰਾ ਖਾਇ॥੬੫॥	
੩੧੦	ਚੱਕ੍ਰਵਰਤੀ ਪਾਤਿਸ਼ਾਹਾਂ ਰੂਪੀ ਪੰਛੀਆਂ[1] ਦੀਆਂ ਡਾਰਾਂ। ਦੇਸ਼[2] ਜੰਗਲ਼[2]। ਚੱਲਿ ਚੱਲਿ,ਤਲ ਪੋਲਾ– ਚਲਿ ਚਲਿ ਗਈਆਂ ਪੰਖੀਆ[1];ਜਿਨੀ ਵਸਾਏ ਤਲ[2]॥ ਚੱਲਸੀ ਥੱਕੇ ਇ- ਕੱਲ– ਫਰੀਦਾ.ਸਰੁ ਭਰਿਆ ਭੀ ਚਲਸੀ; ਥਕੇ ਕਵਲ ਇਕਲ॥੬੬॥	
੩੧੧	ਫਰੀਦਾ. ਇਟ ਸਿਰਾਣੇ. ਭੁਇ ਸਵਣੁ; ਕੀੜਾ ਲੜਿਓ ਮਾਸਿ॥ ਲੰਘ[1] ਗਏ। ਜੁੱਗ– ਕੇਤੜਿਆ ਜੁਗ ਵਾਪਰੇ[1]; ਇਕਤੁ ਪਇਆ ਪਾਸਿ॥੬੭॥	
੩੧੨	ਟੁੱਟੀ,ਨੱਗਰ– ਫਰੀਦਾ. ਭੰਨੀ ਘੜੀ ਸਵੰਨਵੀ; ਟੁਟੀ ਨਾਗਰ ਲਜੁ॥ ਪ੍ਰਾਹੁਣਾ[1]। ਨੱਠੀ ਅੱਜੁ– ਅਜਰਾਈਲੁ ਫਰੇਸਤਾ; ਕੈ ਘਰਿ ਨਾਠੀ[1] ਅਜੁ॥੬੮॥	
੩੧੩	ਸੋਨੇ[2]– ਰੰਗੀ ਦੇਹ[1]। ਚਤਰ[3]। ਉਮਰ[4] ਰੂਪੀ ਲਜੁ। ਨੱਗਰ ਲੱਜੁ– ਫਰੀਦਾ. ਭੰਨੀ ਘੜੀ[1] ਸਵੰਨਵੀ[2]; ਟੁਟੀ ਨਾਗਰ[3] ਲਜੁ[4]॥ ਸੱਜਣ ਅੱਜੁ– ਜੋ ਸਜਣ. ਭੁਇ ਭਾਰੁ ਥੇ; ਸੇ ਕਿਉ ਆਵਹਿ ਅਜੁ॥੬੯॥	
੩੧੪	ਕੁੱਤਿਆ– ਫਰੀਦਾ.ਬੇ ਨਿਵਾਜਾ ਕੁਤਿਆ;ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ;ਪੰਜੇ ਵਖਤ ਮਸੀਤਿ॥੭੦॥	
੩੧੫	ਪੰਜ[1] ਇਸ਼ਨਾਨਾ ਕਰਕੇ। ਉੱਠੁ। ਉਜੂ ਪੋਲਾ– ਉਠੁ ਫਰੀਦਾ. ਉਜੂ[1] ਸਾਜਿ; ਸੁਬਹ ਨਿਵਾਜ ਗੁਜਾਰਿ॥ ਕੱਪਿ– ਜੋ ਸਿਰੁ. ਸਾਂਈ ਨਾ ਨਿਵੈ; ਸੋ ਸਿਰੁ. ਕਪਿ ਉਤਾਰਿ॥੭੧॥	
੩੧੬	ਸਾਂਈਂ– ਜੋ ਸਿਰੁ. ਸਾਈ ਨਾ ਨਿਵੈ; ਸੋ ਸਿਰੁ. ਕੀਜੈ ਕਾਂਇ॥ ਕੁੰਨੇ ਹੇਠਿ ਜਲਾਈਐ; ਬਾਲਣ ਸੰਦੈ ਥਾਇ॥੭੨॥	
੩੧੭	ਲੱਦਿ, ਪਤੀਣੋਹਿ– ਫਰੀਦਾ. ਕਿਥੈ, ਤੈਡੇ ਮਾਪਿਆ; ਜਿਨ੍ਹੀ. ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ ਅਜੈ ਨ ਪਤੀਣੋਹਿ॥੭੩॥	
੩੧੮	ਫਰੀਦਾ.ਮਨੁ ਮੈਦਾਨੁ ਕਰਿ;ਟੋਏ ਟਿਬੇ ਲਾਹਿ॥ ਅਗੈ. ਮੂਲਿ ਨ ਆਵਸੀ;ਦੋਜਕ ਸੰਦੀ ਭਾਹਿ॥੭੪॥	
੩੧੯	ਮਹਲਾ ੫॥ ਫਰੀਦਾ.ਖਾਲਕੁ ਖਲਕ ਮਹਿ;ਖਲਕ ਵਸੈ ਰਬ ਮਾਹਿ॥ ਮੰਦਾ.ਕਿਸਨੋ ਆਖੀਐ;ਜਾਂ.ਤਿਸੁ ਬਿਨੁ,ਕੋਈ ਨਾਹਿ॥੭੫॥	
੩੨੦	ਕੱਟਿਆ[1],ਰਤੀ[2] ਕੁ। ਨਾਲਾ ਪੋਲਾ। ਕੱਪਿਆ– ਫਰੀਦਾ. ਜਿ ਦਿਹਿ, ਨਾਲਾ ਕਪਿਆ[1];	

Sri Satguru Jagjit Singh Ji eLibrary NamdhariElibrary@gmail.com

	ਜੇ. ਗਲੁ ਕਪਹਿ ਚੁਖ[੨]॥ ਇਤੀ ਪੋਲਾ- ਪਵਨਿ. ਨ ਇਤੀ ਮਾਮਲੇ; ਸਹਾਂ ਨ. ਇਤੀ ਦੁਖ॥੭੬॥	
੩੨੧	ਚੱਬਣ ਚੱਲਣ- ਚਬਣ ਚਲਣ ਰਤੰਨ;ਸੇ ਸੁਣੀਅਰ ਬਹਿ ਗਏ॥ ਸ੍ਰੀਰ[੧] 'ਚੋਂ ਉੱਚੀ ਰੋਣ ਦੀ(ਧਾਹ)ਅਵਾਜ਼ ਆਪ ਮੁਹਾਰੀ ਛੁੱਟੀ[੨]- ਪਿਆਰੇ[੩],ਮੱਤੀ। ਜਾਂਨੀ- ਹੇੜੇ[੧] ਮੁਤੀ[੨] ਧਾਹ;ਸੇ ਜਾਨੀ[੩] ਚਲਿ ਗਏ॥੭੭॥	
੩੨੨	ਫਰੀਦਾ.ਬੁਰੇ ਦਾ ਭਲਾ ਕਰਿ;ਗੁਸਾ.ਮਨਿ ਨ ਹਢਾਇ॥ ਪੱਲੈ- ਦੇਹੀ ਰੋਗੁ ਨ ਲਗਈ;ਪਲੈ ਸਭੁ ਕਿਛੁ ਪਾਇ॥੭੮॥	
੩੨੩	ਫਰੀਦਾ.ਪੰਖ ਪਰਾਹੁਣੀ;ਦੁਨੀ ਸੁਹਾਵਾ ਬਾਗੁ॥)ਵੱਜੀ,ਚੱਲਣ- ਨਉਬਤਿ ਵਜੀ.ਸੁਬਹ ਸਿਉ;ਚਲਣ ਕਾ ਕਰਿ ਸਾਜੁ॥੭੯॥	
੩੨੪	ਫਰੀਦਾ. ਰਾਤਿ ਕਥੂਰੀ ਵੰਡੀਐ; ਸੁਤਿਆ. ਮਿਲੈ ਨ ਭਾਉ॥ ਜਿੰਨ੍ਹਾ ਨੈਣ ਨੀਦ੍ਰਾਵਲੇ ਤਿੰਨ੍ਹਾ ਮਿਲਣੁ ਕੁਆਉ॥੮੦॥	
੩੨੫	ਫਰੀਦਾ. ਮੈ ਜਾਨਿਆ. ਦੁਖੁ ਮੁਝ ਕੂ; ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ; ਤਾਂ ਘਰਿ ਘਰਿ ਏਹਾ ਅਗਿ॥੮੧॥	
੩੨੬	ਮਹਲਾ ੫॥ ਫਰੀਦਾ. ਭੂਮਿ ਰੰਗਾਵਲੀ; ਮੰਝਿ ਵਿਸੂਲਾ ਬਾਗ॥ ਔਗੁਣਾਂ ਪਾਪਾਂ ਦੁੱਖਾਂ ਦਾ ਸੇਕ[੧]- ਜੋ ਜਨ. ਪੀਰਿ ਨਿਵਾਜਿਆ; ਤਿੰਨ੍ਹਾ. ਅੰਚ[੧] ਨ ਲਾਗ॥੮੨॥	
੩੨੭	ਮਹਲਾ ੫॥ ਫਰੀਦਾ. ਉਮਰ ਸੁਹਾਵੜੀ; ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ; ਜਿੰਨ੍ਹਾ ਪਿਆਰੇ ਨੇਹ॥੮੩॥	
੩੨੮	ਕੰਧੀ. ਵਹਣ ਨ ਢਾਹਿ; ਤਉ ਭੀ ਲੇਖਾ ਦੇਵਣਾ॥ ਜਿਧਰਿ ਰਬ ਰਜਾਇ; ਵਹਣੁ ਤਿਦਾਊ ਗੰਉ ਕਰੇ॥੮੪॥	
੩੨੯	ਡੁੱਖਾਂ- ਫਰੀਦਾ. ਡੁਖਾ ਸੇਤੀ ਦਿਹੁ ਗਇਆ; ਸੂਲਾਂ ਸੇਤੀ ਰਾਤਿ॥) ਖੜ੍ਹਾ। ਪੱਤਣੀ ਕੱਪਰ- ਖੜਾ ਪੁਕਾਰੇ ਪਾਤਣੀ; ਬੇੜਾ ਕਪਰ ਵਾਤਿ॥੮੫॥	
੩੩੦	ਲੰਮੀ ਲੰਮੀ ਨਦੀ ਵਹੈ; ਕੰਧੀ ਕੇਰੈ ਹੇਤਿ॥) ਕੱਪਰੁ,ਪੱਤਣ- ਬੇੜੇ ਨੋ. ਕਪਰੁ ਕਿਆ ਕਰੇ; ਜੇ ਪਾਤਣ ਰਹੈ ਸੁਚੇਤਿ॥੮੬॥	
੩੩੧	ਗੱਲੀਂ- ਫਰੀਦਾ. ਗਲੀਂ ਸੁ ਸਜਣ ਵੀਹ; ਇਕੁ ਢੂੰਢੇਦੀ ਨ ਲਹਾਂ॥ ਮਾ ਬਿੰਦੀ ਨਹੀਂ ਲਾਉਣੀ। ਧੁਖਾਂ ਪੋਲਾ- ਧੁਖਾਂ ਜਿਉ ਮਾਂਲੀਹ; ਕਾਰਣਿ ਤਿੰਨ੍ਹਾ ਮਾ ਪਿਰੀ॥੮੭॥	
੩੩੨	ਫਰੀਦਾ. ਇਹੁ ਤਨੁ ਭਉਕਣਾ; ਨਿਤ ਨਿਤ ਦੁਖੀਐ ਕਉਣੁ॥ ਬੁੱਜੇ। ਕਿਤੀ ਵਗੈ ਪੋਲੇ- ਕੰਨੀ ਬੁਜੇ ਦੇ ਰਹਾਂ; ਕਿਤੀ ਵਗੈ ਪਉਣੁ॥੮੮॥	
੩੩੩	ਫਰੀਦਾ. ਰਬ ਖਜੂਰੀ ਪਕੀਆਂ; ਮਾਖਿਅ ਨਈ ਵਹੰਨ੍ਹਿ॥ ਜੋ ਜੋ ਵੰਞੈ ਡੀਹੜਾ; ਸੋ ਉਮਰ ਹਥ ਪਵੰਨਿ॥੮੯॥	
੩੩੪	ਫਰੀਦਾ. ਤਨੁ ਸੁਕਾ ਪਿੰਜਰੁ ਥੀਆ; ਤਲੀਆਂ ਖੁੰਡਹਿ ਕਾਗ॥ ਅਜੈ ਸੁ ਰਬੁ ਨ ਬਾਹੁੜਿਓ; ਦੇਖੁ ਬੰਦੇ ਕੇ ਭਾਗ॥੯੦॥	
੩੩੫	ਕਾਗਾ. ਕਰੰਗ ਢਢੋਲਿਆ; ਸਗਲਾ ਖਾਇਆ ਮਾਸੁ॥ ਏ ਦੁਇ ਨੈਨਾ ਮਤਿ ਛੁਹਉ; ਪਿਰ	

Sri Satguru Jagjit Singh Ji eLibrary NamdhariElibrary@gmail.com

	ਦੇਖਨ ਕੀ ਆਸ॥੯੧॥
੩੩੬	ਕਾਗਾ. ਚੁੰਡਿ ਨ ਪਿੰਜਰਾ; ਬਸੈ ਤ ਉਡਰਿ ਜਾਹਿ॥ ਜਿਤੁ ਪਿੰਜਰੈ ਮੇਰਾ ਸਹੁ ਵਸੈ; ਮਾਸੁ ਨ ਤਿਦੂ ਖਾਹਿ॥੯੨॥
੩੩੭	ਸੱਡ, ਨਿ- ਘਰਿਆ- ਫਰੀਦਾ. ਗੋਰ ਨਿਮਾਣੀ ਸਡੁ ਕਰੇ; ਨਿਘਰਿਆ. ਘਰਿ ਆਉ॥ ਸਰਪਰ ਮੈ ਥੈ ਆਵਣਾ; ਮਰਣਹੁ. ਨ ਡਰਿਆਹੁ॥੯੩॥
੩੩੮	ਏਨੀ ਲੋਇਣੀ ਦੇਖਦਿਆ; ਕੇਤੀ ਚਲਿ ਗਈ॥ ਫਰੀਦਾ. ਲੋਕਾਂ ਆਪੋ ਆਪਣੀ; ਮੈ ਆਪਣੀ ਪਈ॥੯੪॥
੩੩੯	ਆਪੁ ਸਵਾਰਹਿ.ਮੈ ਮਿਲਹਿ;ਮੈ ਮਿਲਿਆ ਸੁਖੁ ਹੋਇ॥ ਫਰੀਦਾ.ਜੇ ਤੂ ਮੇਰਾ ਹੋਇ ਰਹਹਿ;ਸਭੁ ਜਗੁ ਤੇਰਾ ਹੋਇ॥੯੫॥
੩੪੦	ਰੁੱਖੜਾ ਬੰਨ੍ਹੈ ਕਿਚਰ- ਕੁ। ਤਾਂਈਂ- ਕੰਧੀ ਉਤੈ ਰੁਖੜਾ;ਕਿਚਰਕੁ ਬੰਨੈ ਧੀਰੁ॥ ਫਰੀਦਾ.ਕਚੈ ਭਾਂਡੈ ਰਖੀਐ;ਕਿਚਰੁ ਤਾਈ ਨੀਰੁ॥੯੬॥
੩੪੧	ਫਰੀਦਾ. ਮਹਲ ਨਿਸਖਣ ਰਹਿ ਗਏ; ਵਾਸਾ ਆਇਆ ਤਲਿ॥ ਗੋਰਾਂ ਸੇ ਨਿਮਾਣੀਆ; ਬਹਸਨਿ ਰੂਹਾਂ ਮਲਿ॥ ਚੱਲਣੁ। ਸੇਖਾ ਬਿੰਦੀ ਨਹੀਂ ਲਾਉਣੀ- ਆਖੀਂ ਸੇਖਾ ਬੰਦਗੀ; ਚਲਣੁ ਅਜੁ ਕਿ ਕਲਿ॥੯੭॥
੩੪੨	ਦਰੀ- ਆਵੈ- ਫਰੀਦਾ.ਮਉਤੈ ਦਾ ਬੰਨਾ.ਏਵੈ ਦਿਸੈ;ਜਿਉ ਦਰੀਆਵੈ ਢਾਹਾ॥ ਅਗੈ ਦੋਜਕੁ ਤਪਿਆ ਸੁਣੀਐ;ਹੂਲ ਪਵੈ ਕਾਹਾਹਾ॥ ਇਕਨਾ ਨੋ ਸਭ ਸੋਝੀ ਆਈ; ਇਕਿ ਫਿਰਦੇ ਵੇਪਰਵਾਹਾ॥ ਅਮਲ ਜਿ ਕੀਤਿਆ ਦੁਨੀ ਵਿਚਿ; ਸੇ ਦਰਗਹ ਓਗਾਹਾ॥੯੮॥
੩੪੩	ਫਰੀਦਾ.ਦਰੀਆਵੈ ਕੰਨੈ ਬਗੁਲਾ;ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ;ਅਚਿੰਤੇ ਬਾਜ ਪਏ॥ ਬਾਜ ਪਏ ਤਿਸੁ ਰਬ ਦੇ; ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ; ਸੋ ਗਾਲੀ ਰਬ ਕੀਆਂ॥੯੯॥
੩੪੪	ਸਾਢੇ ਤ੍ਰੈ ਮਣ ਦੇਹੁਰੀ; ਚਲੈ ਪਾਣੀ ਅੰਨਿ॥ ਆਇਓ ਬੰਦਾ.ਦੁਨੀ ਵਿਚਿ; ਵਤਿ.ਆਸੂਣੀ ਬੰਨ੍ਹਿ॥ ਮਲਕਲ ਮਉਤ ਜਾਂ ਆਵਸੀ; ਸਭ ਦਰਵਾਜੇ ਭੰਨਿ॥ ਤਿਨਾ ਪਿਆਰਿਆ ਭਾਈਆਂ; ਅਗੈ ਦਿਤਾ ਬੰਨ੍ਹਿ॥ ਵੇਖਹੁ ਬੰਦਾ ਚਲਿਆ; ਚਹੁ ਜਣਿਆ ਦੈ ਕੰਨ੍ਹਿ॥ ਫਰੀਦਾ. ਅਮਲ ਜਿ ਕੀਤੇ ਦੁਨੀ ਵਿਚਿ; ਦਰਗਹ ਆਏ ਕੰਮਿ॥੧੦੦॥
੩੪੫	ਫਰੀਦਾ. ਹਉ ਬਲਿਹਾਰੀ ਤਿਨ੍ ਪੰਖੀਆ; ਜੰਗਲਿ ਜਿੰਨ੍ਹਾ ਵਾਸੁ॥ ਕਕਰੁ ਚੁਗਨਿ ਥਲਿ ਵਸਨਿ; ਰਬ ਨ ਛੋਡਨਿ ਪਾਸੁ॥੧੦੧॥
੩੪੬	ਫਰੀਦਾ. ਰੁਤਿ ਫਿਰੀ, ਵਣੁ ਕੰਬਿਆ; ਪਤ ਝੜੇ ਝੜਿ ਪਾਹਿ॥ ਚਾਰੇ ਕੁੰਡਾ ਢੂੰਢੀਆਂ; ਰਹਣੁ ਕਿਥਾਊ ਨਾਹਿ॥੧੦੨॥
੩੪੭	ਫਰੀਦਾ. ਪਾੜਿ ਪਟੋਲਾ ਧਜ ਕਰੀ; ਕੰਬਲੜੀ ਪਹਿਰੇਉ॥) ਵੇਸੀਂ- ਜਿਨ੍ਹੀ ਵੇਸੀ ਸਹੁ ਮਿਲੈ; ਸੇਈ ਵੇਸ ਕਰੇਉ॥੧੦੩॥
੩੪੮	ਮਃ੩॥ ਕਾਇ ਪਟੋਲਾ ਪਾੜਤੀ;ਕੰਬਲੜੀ ਪਹਿਰੇਇ॥ ਨਾਨਕ.ਘਰ ਹੀ ਬੈਠਿਆ ਸਹੁ ਮਿਲੈ;ਜੇ.ਨੀਅਤਿ ਰਾਸਿ ਕਰੇਇ॥੧੦੪॥

Sri Satguru Jagjit Singh Ji eLibrary NamdhariElibrary@gmail.com

੩੪੯	ਮਃ੫॥ ਫਰੀਦਾ.ਗਰਬੁ ਜਿਨ੍ਹਾ ਵਡਿਆਈਆ;ਧਨਿ ਜੋਬਨਿ ਆਗਾਹ॥ ਖਾਲੀ ਚਲੇ ਧਣੀ ਸਿਉ;ਟਿਬੇ ਜਿਉ ਮੀਹਾਹੁ॥੧੦੫॥
੩੫੦	ਫਰੀਦਾ. ਤਿਨਾ ਮੁਖ ਡਰਾਵਣੇ; ਜਿਨਾ ਵਿਸਾਰਿਓਨੁ ਨਾਉ॥ ਐਥੈ ਦੁਖ ਘਣੇਰਿਆ; ਅਗੈ. ਠਉਰ ਨ ਠਾਉ ੧੦੬॥
੩੫੧	ਫਰੀਦਾ.ਪਿਛਲ ਰਾਤਿ ਨ ਜਾਗਿਓਹਿ;ਜੀਵਦੜੋ ਮੁਇਓਹਿ॥ ਜੇ ਤੈ.ਰਬੁ ਵਸਾਰਿਆ; ਤ. ਰਬਿ ਨ ਵਿਸਰਿਓਹਿ॥੧੦੭॥
੩੫੨	ਮਃ੫॥ ਫਰੀਦਾ.ਕੰਤੁ ਰੰਗਾਵਲਾ;ਵਡਾ ਵੇਮੁਹਤਾਜੁ॥)ਅੱਲਹ- ਅਲਹ ਸੇਤੀ ਰਤਿਆ;ਏਹੁ ਸਚਾਵਾਂ ਸਾਜੁ॥੧੦੮॥
੩੫੩	ਮਃ੫॥ ਫਰੀਦਾ.ਦੁਖੁ ਸੁਖੁ ਇਕੁ ਕਰਿ;ਦਿਲ ਤੇ ਲਾਹਿ ਵਿਕਾਰੁ॥ ਅਲਹ ਭਾਵੈ ਸੋ ਭਲਾ;ਤਾਂ ਲਭੀ ਦਰਬਾਰੁ॥੧੦੯॥
੩੫੪	ਵੱਜਦੀ- ਮਃ੫॥ ਫਰੀਦਾ.ਦੁਨੀ ਵਜਾਈ ਵਜਦੀ;ਤੂੰ ਭੀ ਵਜਹਿ ਨਾਲਿ॥ ਸੋਈ ਜੀਉ ਨ ਵਜਦਾ;ਜਿਸੁ.ਅਲਹੁ ਕਰਦਾ ਸਾਰ॥੧੧੦॥
੩੫੫	ਮਃ੫॥ ਫਰੀਦਾ.ਦਿਲੁ ਰਤਾ ਇਸੁ ਦੁਨੀ ਸਿਉ;ਦੁਨੀ.ਨ ਕਿਤੈ ਕੰਮਿ॥ ਮਿਸਲ ਫਕੀਰਾਂ ਗਾਖੜੀ;ਸੁ ਪਾਈਐ ਪੂਰ ਕਰੰਮਿ॥੧੧੧॥
੩੫੬	ਪਹਿਲੈ ਪਹਰੈ ਫੁਲੜਾ; ਫਲੁ ਭੀ ਪਛਾ ਰਾਤਿ॥) ਸਾਈਂ- ਜੋ ਜਾਗੰਨ੍ਹਿ ਲਹੰਨਿ ਸੇ; ਸਾਈ ਕੰਨੋ ਦਾਤਿ॥੧੧੨॥
੩੫੭	ਦਾਤੀ ਸਾਹਿਬ ਸੰਦੀਆ; ਕਿਆ ਚਲੈ ਤਿਸੁ ਨਾਲਿ॥) ਨਾਮੁ[੧] ਪ੍ਰਾਪਤ[੨] ਕਰਦੇ ਹਨ,ਅੱਗੇ ਸੁੱਤਿਆਂ ਨੂੰ ਨਾਮ ਬਖ਼ਸ਼ ਕੇ ਉਠਾਲ ਦਿੰਦੇ ਹਨ- ਇਕਿ ਜਾਗੰਦੇ. ਨਾ[੧] ਲਹਨ੍ਹਿ[੨]; ਇਕਨ੍ਹਾ ਸੁਤਿਆ. ਦੇਇ ਉਠਾਲਿ॥੧੧੩॥
੩੫੮	ਕਾਣ[੧]- ਢੂਢੇਦੀਏ ਸੁਹਾਗ ਕੂ; ਤਉ ਤਨਿ ਕਾਈ ਕੋਰ[੧]॥ ਜਿਨ੍ਹਾ ਨਾਉ ਸੁਹਾਗਣੀ; ਤਿਨਾ ਝਾਕ ਨ ਹੋਰ॥੧੧੪॥
੩੫੯	ਸਬਰ ਮੰਝ ਕਮਾਣ; ਏ ਸਬਰੁ ਕਾ ਨੀਹਣੋ॥ ਖਤਾ ਪੋਲਾ- ਸਬਰ ਸੰਦਾ ਬਾਣੁ; ਖਾਲਕੁ.ਖਤਾ ਨ ਕਰੀ॥੧੧੫॥
੩੬੦	ਸਬਰ ਅੰਦਰਿ ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ. ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥੧੧੬॥
੩੬੧	ਸਬਰੁ ਏਹੁ ਸੁਆਉ; ਜੇ ਤੂੰ ਬੰਦਾ ਦਿੜੁ ਕਰਹਿ॥ ਵਧਿ ਥੀਵਹਿ ਦਰੀਆਉ; ਟੁਟਿ. ਨ ਥੀਵਹਿ ਵਾਹੜਾ॥੧੧੭॥
੩੬੨	ਗੱਖੜੀ- ਫਰੀਦਾ.ਦਰਵੇਸੀ ਗਾਖੜੀ;ਚੋਪੜੀ ਪਰੀਤਿ॥ ਚੱਾਲੀਐ- ਇਕਨਿ ਕਿਨੈ ਚਾਲੀਐ; ਦਰਵੇਸਾਵੀ ਰੀਤਿ॥੧੧੮॥
੩੬੩	ਤਨੁ ਤਪੈ ਤਨੂਰ ਜਿਉ;ਬਾਲਣੁ ਹਡ ਬਲੰਨ੍ਹਿ॥ ਪੈਰੀਂ ਥੱਕਾਂ ਜੁਲਾਂ ਪੋਲਾ- ਪੈਰੀ ਥਕਾਂ.ਸਿਰਿ ਜੁਲਾਂ;ਜੇ ਮੂੰ ਪਿਰੀ ਮਿਲੰਨ੍ਹਿ॥੧੧੯॥
੩੬੪	ਤਨੁ.ਨ ਤਪਾਇ ਤਨੂਰ ਜਿਉ;ਬਾਲਣੁ ਹਡ.ਨ ਬਾਲਿ॥ ਪੈਰੀਂ- ਸਿਰਿ ਪੈਰੀ.ਕਿਆ

Sri Satguru Jagjit Singh Ji eLibrary NamdhariElibrary@gmail.com

	ਫੇੜਿਆ;ਅੰਦਰਿ.ਪਿਰੀ ਨਿਹਾਲਿ॥੧੨੦॥
੩੬੫	ਹਉ ਢੂਢੇਦੀ ਸਜਣਾ; ਸਜਣੁ ਮੈਡੇ ਨਾਲਿ॥ ਨਾਨਕ ਅਲਖੁ. ਨ ਲਖੀਐ; ਗੁਰਮੁਖਿ ਦੇਇ ਦਿਖਾਲਿ॥੧੨੧॥
੩੬੬	ਹੰਸਾਂ। ਬੱਗਾਂ– ਹੰਸਾ ਦੇਖਿ ਤਰੰਦਿਆ; ਬਗਾ ਆਇਆ ਚਾਉ॥ ਡੁਬਿ ਮੁਏ ਬਗ ਬਪੁੜੇ; ਸਿਰੁ ਤਲਿ ਉਪਰਿ ਪਾਉ॥੧੨੨॥
੩੬੭	ਮੈ ਜਾਣਿਆ ਵਡ ਹੰਸੁ ਹੈ; ਤਾਂ ਮੈ ਕੀਤਾ ਸੰਗੁ॥ ਬੱਗੁ– ਜੇ ਜਾਣਾ ਬਗੁ ਬਪੁੜਾ; ਜਨਮਿ ਨ ਭੇੜੀ ਅੰਗੁ॥੧੨੩॥
੩੬੮	ਕਿਆ ਹੰਸੁ. ਕਿਆ ਬਗੁਲਾ; ਜਾ ਕਉ ਨਦਰਿ ਧਰੇ॥ ਜੇ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇ॥੧੨੪॥
੩੬੯	ਸਰਵਰ ਪੰਖੀ ਹੇਕੜੋ; ਫਾਹੀਵਾਲ ਪਚਾਸ॥ ਇਹੁ ਤਨੁ ਲਹਰੀ. ਗਡੁ ਥਿਆ; ਸਚੇ ਤੇਰੀ ਆਸ॥੧੨੫॥
੩੭੦	ਸ਼੍ਰੋਮਣੀ[੧] ਮਣੀਆਂ[੧] ਰੂਪ। ਮਣੀਆ ਬਿੰਦੀ ਨਹੀਂ ਲਾਉਣੀ– ਕਵਣੁ ਸੁ ਅਖਰੁ. ਕਵਣੁ ਗੁਣੁ; ਕਵਣੁ ਸੁ ਮਣੀਆ[੧] ਮੰਤੁ॥ ਕਵਣੁ ਸੁ ਵੇਸੋ. ਹਉ ਕਰੀ; ਜਿਤੁ ਵਸਿ ਆਵੈ ਕੰਤੁ॥੧੨੬॥
੩੭੧	ਨਿਵਣੁ ਸੁ ਅਖਰੁ. ਖਵਣੁ ਗੁਣੁ; ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ; ਤਾ ਵਸਿ ਆਵੀ ਕੰਤੁ॥੧੨੭॥
੩੭੨	ਮਤਿ ਹੋਦੀ; ਹੋਇ ਇਆਣਾ॥ ਤਾਣ ਹੋਦੇ; ਹੋਇ ਨਿਤਾਣਾ॥)ਨਿੱਜ[੧] ਹੋਏ, ਭੈੜੇ[੧] ਹੰਕਾਰ[੨] ਨੂੰ ਸਤਿਗੁਰਾਂ ਤੋਂ ਨਾਸ[੩] ਕਰਾਵੇ– ਅਣਹੋਦੇ[੧]; ਆਪੁ[੨] ਵੰਡਾਏ[੩]॥ ਕੋ ਐਸਾ; ਭਗਤੁ ਸਦਾਏ॥੧੨੮॥
੩੭੩	ਫਿੱਕਾ[੧੪] ਬਚਨ। ਕਹੇ[੧੫]– ਇਕੁ ਫਿਕਾ[੧੪]. ਨ ਗਾਲਾਇ[੧੫]; ਸਭਨਾ ਮੈ. ਸਚਾ ਧਣੀ॥) ਰਿਦਾ[੧੬] ਕਿਸੇ[੧੭] ਦਾ। ਢਾਹੇ[੧੮]– ਹਿਆਉ[੧੬]. ਨ ਕੈਹੀ[੧੭] ਠਾਹਿ[੧੮]; ਮਾਣਕ ਸਭ ਅਮੋਲਵੇ॥੧੨੯॥
੩੭੪	ਢਾਹੁਣਾ[੧੯] ਉੱਕਾ[੨੦] ਹੀ। ਚੰਗਾ[੨੧] ਨਹੀਂ– ਸਭਨਾ ਮਨ ਮਾਣਿਕ; ਠਾਹਣੁ[੧੯] ਮੂਲਿ[੨੦] ਮਚਾਂਗਵਾ[੨੧]॥) ਇੱਛਾ[੨੨],ਚਾਹ ਮਿਲਣ ਦੀ। ਕਿਸੇ[੨੩] ਦਾ। ਸਿੱਕ– ਜੇ ਤਉ ਪਿਰੀਆ ਦੀ ਸਿਕ[੨੨]; ਹਿਆਉ. ਨ ਠਾਹੇ ਕਹੀ[੨੩] ਦਾ॥੧੩੦॥
	(੧੩੭੭– ੧੩੮੪) ਪਰਮਪੂਜਨੀਕ ਭਗਤ ਬਾਬੇ ਸੇਖ਼ ਫ਼ਰੀਦ ਸਾਹਿਬ ਜੀ ਸਲੋਕ ਸੰਪੂਰਨੰ

Sri Satguru Jagjit Singh Ji eLibrary NamdhariElibrary@gmail.com

ਅ. ਸ੍ਰੀ ਪੋਥੀ ਸਾਹਿਬ ਜੀ ’ਚ ਵਰਤੇ ਚਿੰਨ੍ ਨਿਸ਼ਾਨ:- ਵਿੱਚ ਦਾ ਸੰਖੇਪ ਅੱਖਰ ’ਚ ਹੈ, ਉੱਤੇ ਨੂੰ ’ਤੇ ਲਿਖਿਆ ਹੈ। ਤੁਕ ਅਰੰਭ ’ਚ ਪਾਠ ਪੋਲਾ ਦਰਮਿਆਨਾ ਕਸਕੇ ਬੋਲਣ ਬਾਰੇ ਦੱਸਿਆ ਹੈ, ਖ਼ਾਸ ੨ ਪਦਾਂ ਦੇ ਅਰਥ ਭੀ ਦਿਤੇ ਹਨ, ਲਿਖੇ ਅਰਥਾਂ ਪਾਠਾਂ ਦੇ ਸੱਜੇ ਪਾਸੇ, ਹਰ ਤੁਕ ਤੋਂ ਪਹਿਲਾਂ ਇਹ – ਡੈਸ਼ ਹੈ, ਡੈਸ਼ ਦੇ ਸੱਜੇ ਪਾਸੇ ਤੁਕ ਹੈ। ਸਮੂਹ ਪ੍ਰੇਮੀ ਸਾਰੀ ਪੋਥੀ ੧੦੧ ਵਾਰੀਂ ਪੜ੍ਹਨ, ਜਿਸ ਕਰਕੇ ਘੱਟ ਪੜ੍ਹੇ ਭੀ, ਛੇਤੀ ਤੋਂ ਛੇਤੀ ਸ਼ੁੱਧ ਅਖੰਡ ਪਾਠੀ ਬਣ ਕੇ, ਪੂਰਨ ਗੁਰੂ ਜੀ ਦੀ ਖ਼ੁਸ਼ੀ ਦੀਆਂ ਲੱਖਾਂ ਪਾਤਿਸਾਹੀਆਂ ਪ੍ਰਾਪਤਿ ਕਰ ਸਕਣ ਜੀ} {ਅੱਧੇ ਰਾਰੇ ਹੇਠਾਂ ਔਂਕੜ ਪੂਰੇ ਖ਼ਿਆਲ ਨਾਲ ਪੜ੍ਹੋ। ਬਿੰਦੀ ਜਾਂ ਅਧਕ ਲਾ ਕੇ ਬੋਲੋ ਦੱਸਿਆ ਹੈ, ਇਹ ਬੋਲਣ ਲਈ ਹੈ, ਗੁਰਬਾਣੀ ਜੀ’ਤੇ ਬਿੰਦੀ ਅਧਕ ਨਹੀਂ ਲਿਖਣੇ।} (ਸੰਤੋਖੀ- ਈਂ, ਦੋ ਲਕੀਰਾਂ ਡੈਸ਼ ਪਾ ਕੇ ਉਚਾਰਣ ਢੰਗ ਦੱਸਿਆ ਹੈ, ਪਾਠ ਇਕੱਠਾ ਸਮਝਣਾ ਜੀ, ਡੈਸ਼ ਤੋਂ ਖੱਬੇ, ਪਹਿਲਾ ਪਦ ਬੋਲ ਕੇ ਅਗਲਾ ਪਦ ਬੋਲਣਾ, ਉਚਾਰਨ ਦੱਸਣ ਲਈ ਹਨ, ਸੰਤੋਖੀ- ਈਂ ਇਕੱਠਾ ਹੈ।) ਤੁਕ ਸਮਾਪਤੀ ਤੋਂ। ਹੱਦ ,ਕੌਮੇ ਦੀ ਵਰਤੋਂ ਭੀ ਹੈ। ਤੁਕ ਸੰਪੂਰਨਤਾ’ਤੇ ਬੰਦ ਬਰੈਕਟ) ਦਾ ਭਾਵ ਅਗਲੀ ਤੁਕ ਹੋਰ ਹੈ। ਅਰਥ ਗਿਣਤੀ ਲਈ ੧. ੨. ਹੈ। ਤੁਕ ਸ਼ੁਰੂ’ਚ ਪਾਠ ਦੱਸੇ ਹਨ। ਤੁਕ ਸੰਪੂਰਨਤਾ’ਤੇ॥ ਦੋ ਹੱਦਾਂ ਹਨ। ਤੁਕ ਵਿਚਾਲੇ ਇਹ ;ਅਰਧ ਵਿਸ਼ਰਾਮ ਹੈ। ਅਰਧ ਵਿਸ਼ਰਾਮ’ਤੇ ਠਹਿਰਨਾ ਹੈ। ਕੇਵਲ ਅਰਥ ਸਮਝਾਉਣ ਲਈ ,ਕੌਮੇ ਦੀ ਵਰਤੋਂ ਕੀਤੀ ਹੈ, ਕੌਮੇ ਨੂੰ ਜਮਕੀ ਕਹਿੰਦੇ ਹਨ। ਕੌਮੇ’ਤੇ ਠਹਿਰਨਾ ਨਹੀਂ, ਅਰਥ ਸਮਝਣ ਲਈ ਹੈ। ਕੌਮੇ ਤੋਂ ਪਹਿਲੇ ਤੇ ਮਗਰਲੇ ਪਦ ਅੱਡ ੨ ਪੜ੍ਹਨੇ। ਬਿੰਦੀ.ਨਿਸ਼ਾਨੀ ਠਮਕੀ ਹੈ, ਉੱਥੇ ਠਹਿਰਨਾ ਨਹੀਂ, ਅਰਥ ਜਨਾਉਣ ਲਈ ਹੈ। ਗੁਰਬਾਨੀ ਪਦ ’ਤੇ ੧, ੨ ਨੰਬਰ ਪਾ ਕੇ, ਤੁਕ ਦੇ ਅਰੰਭ ’ਚ ੧, ੨ ਅਰਥ ਹਨ। ਜਿੱਥੇ ਇੱਕ ਅਰਥ ਪਿੱਛੋਂ ਦੂਜਾ ਅਰਥ ਹੋਵੇ, ਉੱਥੇ ਅਥਵਾ ਜਾਂ ਵਾ ਹੈ। ਪਿਛਲੇ ਸਮੇਂ ’ਚ ਬਚਨ ਕਰਦਿਆਂ,‘ਹੈ’ ‘ਹਨ’ ਹਨ,“ ”ਪੁੱਠੇ ਸਿੱਧੇ ਕੌਮੇ ਹਨ। ਖ਼ੁਸ਼ੀ ਗ਼ਮੀ ਸੰਬੋਧਨ ਸਮੇਂ !ਵਿਸਮਕ ਹੈ। ਪ੍ਰਸ਼ਨ ਨਿਸ਼ਾਨੀ ?।} ਆਂਸਾ ਐਡੇ ’ਤੇ ਅਧਿਕ ਦਾ ਭਾਵ ਹੈ ਆਸਾ ਕਸਕੇ ਬੋਲੋ, ਸੋ ਜਿੱਥੇ ਅਧਿਕ ਲਾ ਕੇ ਪਾਠ ਦੱਸਿਆ ਹੋਵੇ ਸੋ ਕਸਕੇ ਬੋਲਣਾ। ਪੜ੍ ਦੇ ਪੈਰ ’ਚ ਹਲੰਤ ਦੀ ਇਹ ੍ ਨਿਸ਼ਾਨੀ ਹੈ, ਇਸ ਨਾਲ ਅੱਖਰ ਭਾਰਾ ਬੋਲਦਾ ਹੈ, ਅਰਥ ਹੈ ਬ੍ਰਹਮਵਿੱਦਿਆ ਪੜ੍। ਪੜ ਅਰਥ ਹੈ ਪੈ, ਡਿੱਗ, ਪੜ ਝਾੜੇ ਪੈਰ ਹਲੰਤ ਨਹੀਂ ਲਾਉਣਾ, ਭਾਵ ਝਾੜਾ ਭਾਰਾ ਨਹੀਂ ਕਰਨਾ। ਗੁਰਬਾਣੀ ਜੀ’ਚ ਅਸਟਪਦੀ ਅਤੇ ਸਬਦ ਦੇ ਸੱਸੇ ਪੈਰ ਬਿੰਦੀ ਕਿਤੇ ਭੀ ਨਹੀਂ। ਤੁਕ ਸੰਪੂਰਨਤਾ ’ਤੇ ੨ ਪਾ ਕੇ ਦੋ ਨੰਬਰ ਪਾਠ ਦੱਸਿਆ ਹੈ, ਮੁਖ ਪਾਠ ਤੁਕ ਵਾਲਾ ਹੀ ਸਮਝਣਾ। ਦੱਦਾ ਮੁਕਤਾ ਬੋਲ ਕੇ, ਯਈਆ ਚੰਗੀ ਤਰ੍ਾਂ ਸਵਾਰ ਕੇ, ਔਂਕੜ ਸਹਿਤ ਦ- ਯੁ ਬੋਲੋ। ਹਰ ਤੁਕ ਦੇ ਅਰੰਭ ’ਚ, ਪਦਾਂ ’ਤੇ ਅੰਕ ਪਾ ਕੇ ਅਰਥ ਲਿਖੇ ਹਨ, ਅਰਥ ਦੇ ਅਧਾਰ ’ਤੇ ਪਦ ਦਰਮਿਆਨਾ ਪੋਲਾ, ਅਧਿਕ ੱ ਲਾ ਕੇ ਕਸਕੇ ਬੋਲਣ ਲਈ ਕਿਹਾ ਹੈ, ਜਿਸ ਕਰਕੇ ਸ਼ੁੱਧ ਉਚਾਰਣ ਹੋ ਸਕੇ। ਬਿੰਦੀ ਜਾਂ ਅਧਕ ਲਾ ਕੇ ਬੋਲੋ ਦੱਸਿਆ ਹੈ, ਇਹ ਬੋਲਣ ਲਈ ਹੈ, ਗੁਰਬਾਣੀ ਜੀ’ਤੇ ਬਿੰਦੀ ਅਧਕ ਨਹੀਂ ਲਿਖਣੇ। ਤੁਕ ਸੰਪੂਰਨਤਾ ’ਤੇ,) ਇਸ ਅੱਧੇ ਬ੍ਰੈਕਟ ਦੀ ਵਰਤੋਂ ਦਾ ਭਾਵ ਬ੍ਰੈਕਟ ਤੋਂ ਪਹਿਲਾਂ ਉੱਪਰ ਸਿੱਖਿਆ ਪੂਰੀ ਹੋ ਗਈ। ਬ੍ਰੈਕਟ ਮਗਰੋਂ ਅਗਲੀ ਤੁਕ ਬਾਰੇ ਸ਼ੁਭ ਸਿੱਖਿਆ ਹੈ। ਮਃ ਗੋਲ ਬਿੰਦੀਆਂ ਨੂੰ ਵਸਰਗਾਂ ਕਹਿੰਦੇ ਹਨ, ਮਃ ਨੂੰ ਮਹੱਲਾ ਪੜ੍ਹਨਾ।) ਜਿਵੇਂ ਦਰ ਦੀ ਦੇਲ਼ੀ ’ਤੇ ਦੀਵਾ ਰੱਖਿਆ ਅੰਦਰ ਬਾਹਰ ਚਾਨਣ ਕਰਦਾ ਹੈ, ਜਿਹੜਾ ਅੱਖਰ ਤੁਕ ਦੇ ਸਾਰੇ ਪਦਾਂ ਨਾਲ਼ ਸਬੰਧ ਰੱਖਦਾ ਹੋਵੇ, ਉਹ ਦੇਲ਼ੀ ਦੀਪਕ ਹੈ, ਓੱਥੇ ਵਿਸਰਾਮ ਦੀ ਲੋੜ ਨਹੀਂ, ਜਿਵੇਂ ਨ ਦੇਲ਼ੀ ਦੀਪਕ ਹੈ– ਸੇਵਾ ਸਾਧ ਨ ਜਾਨਿਆ ਹਰਿ ਰਾਇਆ॥) ਸਭਿ ਅਧ੍ਰੁਵ ਡਿਠੇ ਜੀਉ; ਤਾ ਚਰਨ ਕਮਲ ਚਿਤੁ ਲਾਇਆ॥ ਅੱਧੇ ਰਾਰੇ ਹੇਠਾਂ ਔਂਕੜ ਦੁਲੈਂਕੜ. ਪੂਰੇ ਖ਼ਿਆਲ ਨਾਲ ਪੜ੍ਹੋ। (ਪਰਮ+ਗਤਿ) +ਜਮ੍ਾਂ ਨਿਸ਼ਾਨੀ. ਅਰਥ ਦੱਸਣ ਲਈ ਹੈ।) { }ਇਸ ਬ੍ਰੈਕਟ’ਚ ਪ੍ਰੇਮ ਪ੍ਰਚਾਰ ਹੈ। ਅਰਥ ਗਿਣਤੀ ਲਈ ੧.

Sri Satguru Jagjit Singh Ji eLibrary NamdhariElibrary@gmail.com

੨.ਹੈ। ਵਾਰਤਿਕ 'ਚ ਅੱਖਰ ਸਾਹਮਣੇ ੨,੩ ਆਉਣ, ਦੋ ਜਾਂ ਤਿੰਨ ਵਾਰ ਪੜ੍ਹਨਾ। ਜਿਵੇਂ ਵਾਹਿਗੁਰੂ ੨, ਨੂੰ ਵਾਹਿਗੁਰੂ ਵਾਹਿਗੁਰੂ ਪੜ੍ਹਨਾ। ਚਿੰਨ੍ ਨਿਸ਼ਾਨ ਸੰਪੂਰਨੰ।

ੲ:- ਦਾਸਨ ਦਾਸਾਂ ਵੱਲੋਂ ਛਪੀਆਂ ਪੋਥੀਆਂ ਦੀ ਜਾਣਕਾਰੀ:- ਸ੍ਰੀ ਦਮਦਮੀ ਟਕਸਾਲ ਦੇ ਬਾਰਵੇਂ ਮੁਖੀ, ਪਰਮਪੂਜਨੀਕ ਪੂਰਨ ਬ੍ਰਹਮਗਿਆਨੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ ਨੇ **1967** 'ਚ ਗੰਗਾਨੱਗਰ (ਰਾਜਸਥਾਨ) ਵਿਖੇ, ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪ੍ਰਦਾਈ ਸਟੀਕ ਲਿਖਣ ਦੀ ਅਰਦਾਸ ਕੀਤੀ ਸੀ। ਦਾਸਨ ਦਾਸ ਨੀਚ ਕੀਟ ਕੂਕਰ ਜਸਵੰਤ ਸਿੰਘ, ਜਵਾਹਰ ਸਿੰਘ ਤੋਂ ਪਰਮ ਪਾਕ ਅੱਠ ਪੋਥੀਆਂ ਛਪਵਾਈਆਂ ਹਨ, ਪੜ੍ ਕੇ ਨਿਹਾਲ ੩ ਹੋਵੋ ਜੀ। ਪਰਮਪੂਜਨੀਕ ਧੰਨ ਵਾਹਿਗੁਰੂ ਪਹਿਲੀ ਪੋਥੀ, ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਸੁਖਮਨੀ ਸਾਹਿਬ ਜੀ ਸਟੀਕ. ਸ੍ਰੀ ਦਮਦਮੀ ਟਕਸਾਲ। ਦੂਜੀ ਪੋਥੀ:- ਜਨਮ ਸੰਸਕਾਰ, ਅੰਮ੍ਰਿਤ ਸੰਸਕਾਰ, ਬ੍ਰਹਮਵਿੱਦਿਆ ਸੰਸਕਾਰ, ਅਨੰਦ ਕਾਰਜ ਸੰਸਕਾਰ, ਅੰਤਮ ਸੰਸਕਾਰ।) ਤੀਜੀ ਪੋਥੀ:- ਸਤਿਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂ ਵਿਸਮਾਦ ਇਤਹਾਸ, ਅਖੰਡ ਪਾਠ, ਸਹਜ ਪਾਠ ਮਰਯਾਦਾ, ਗੁਰਬਾਣੀ ਜੀ ਸਤਿਕਾਰ ਪੂਜਨ ਮਹਾਂ ਵਿਸਮਾਦ ਸ਼ੁਭ ਸਿੱਖਿਆ, ੧੦੧ ਅਰਦਾਸ, ਗੁਰਪੁਰਬਾਂ ਦੀਆਂ ਅਰਦਾਸਾਂ।) ਚੌਥੀ ਪੋਥੀ:- ਸਤਿਗੁਰੂ ਸਾਹਿਬ ਜੀ ਅਤੇ ਸੰਤਾਂ ਮਹਾਂਪੁਰਸ਼ਾਂ ਦੇ ਅਮੋਲਕ ਬੋਲੇ ਅਤੇ ਗੁਰਮਤਿ ਅਨੁਸਾਰ ਅਨੇਕ ਪ੍ਰਸਨਾਂ ਦੇ ਉੱਤ੍ ਸਤਿਗੁਰੂ ਗ੍ਰੰਥ ਸਾਹਿਬ ਜੀ ਬਖ਼ਸ਼ ਰਹੇ ਹਨ। ਪੜ੍ਹਨ ਵਾਲੇ ਧਾਰਮਿਕ ਗ੍ਰੰਥਾਂ ਦੇ ਨਾਮ। ਦੇਹ ਅਰੋਗਤਾ, ਗੱਡੀ ਦੀ ਦੇਖ ਰੇਖ ਬਾਰੇ ਸ਼ੁਭ ਸਿੱਖਿਆ।) ਪੰਜਵੀਂ ਪੋਥੀ:- ਪਰਮਪੂਜਨੀਕ ਵਾਹਿਗੁਰੂ ਦਸ ਸਤਿਗੁਰੂ ਸਾਹਿਬਾਨ ਜੀ ਦੀ ਪਰਮਪੂਜਨੀਕ ਸ਼ੁਭ ਸੱਚੀ ਬੰਸਾਵਲੀ। ਛੇਵੀਂ ਪੋਥੀ:- ਆਦਿ ਬਾਣੀ, ਸ੍ਰੀ ਦਸਮ ਬਾਣੀ, ਭਾਈ ਗੁਰਦਾਸ ਜੀ ਦੀਆਂ ਵਾਰਾਂ 'ਚੋਂ ਗ੍ਰੀਬੀ ਵਾਲੇ, ਸਬਦ ਪਦਾਂ ਦੇ ਮਹਾਂ ਵਿਸਮਾਦ ਅਰਥ। ਦੂਜਾ ਪ੍ਰਕਰਣ ਪੂਜਾ ਦਾ ਧਾਨ ਜ਼ਹਿਰ ਹੈ। ਸੱਤਵੀਂ ਪੋਥੀ:- ਪਰਮਪੂਜਨੀਕ ਧੰਨ ਵਾਹਿਗੁਰੂ ਜੁੱਗੋ ਜੁੱਗ ਅਟਲ ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼ੁੱਧ ਉਚਾਰਣ, ਅਰਥ ਪਾਠ ਵਿਸਰਾਮ ਪੋਥੀ, ਸ੍ਰੀ ਦਮਦਮੀ ਟਕਸਾਲ।

ਸ:- ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਪਰਮਪੂਜਨੀਕ ਅਬਿਨਾਸੀ ਭਗਤਾਂ ਮਹਾਂਪੁਰਸ਼ਾਂ ਜੀ ਦੇ ਪਰਮਪਵਿੱਤ੍ ਸ਼ੁਭ ਸੱਚੇ ਨਾਮ:-

ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੨. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਤ੍ਰਿਲੋਚਨ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੩. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਬੇਣੀ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੪. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਰਵਿਦਾਸ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੫. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਨਾਮਦੇਵ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੬. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਧੰਨਾ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੭. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸੇਖ਼ ਫ਼ਰੀਦ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ

Sri Satguru Jagjit Singh Ji eLibrary NamdhariElibrary@gmail.com

ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੮. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਜੈਦੇਵ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੯. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਰਬਾਬੀ ਮਰਦਾਨਾ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੦. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਭੀਖਨ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੧. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸੈਨ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੨. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਪੀਪਾ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੩. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸਧਨਾ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੪. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਰਾਮਾਨੰਦ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੫. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਪਰਮਾਨੰਦ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੬. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸ੍ਰੀ ਸੂਰਦਾਸ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੭. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਸੁੰਦਰ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ੧੮. ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਰਾਗੀ ਸੱਤਾ ਤੇ ਬਲਵੰਡ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ, ਭਗਤ ਭੱਟ ਕਲ, ਕਲਸਹਾਰ, ਟਲਜ, ਜਾਲਪ, ਜਲਜ, ਕੀਰਤ, ਸਲਜ, ਭਲਜ, ਨਲਜ, ਭਿਖਾ, ਜਲਨ, ਦਾਸ, ਗਯੰਦ, ਸੇਵਕ, ਮਥੁਰਾ, ਬਲਜ, ਹਰਿਬੰਸ, ਗੁਰੂ ਜਸ ਗਾਉਣ ਵਾਲੇ ਸਤਾਰਾਂ ਭੱਟ ਸਾਹਿਬ ਜੀਓ! ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ।

ਹ:- ਪਰਮਪੂਜਨੀਕ ਵਾਹਿਗੁਰੂ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਦਾ ਜਸ, ਪੂਰਨ ਵਾਹਿਗੁਰੂ ਜੀ ਹਰ ਸਮੇਂ ਕਰ ਰਹੇ ਹਨ:- ਹਨ੍ਹੇਰੇ'ਚ, ਅਕਾਸ਼'ਚ, ਸੰਘਣੇ ਅਣਗਿਣਤ ਤਾਰੇ ਦਿਸਦੇ ਹਨ। ਯਥਾ:- ਓਇ ਜੁ ਦੀਸਹਿ; ਅੰਬਰਿ ਤਾਰੇ॥ ਪਰਮਪੂਜਨੀਕ ਸੱਚੇ ਨਿਰਮਲ ਨਿਰਵੈਰ ਭਗਤ ਜੀ ਨੇ, ਅਪਣੇ ਨਿਰਗੁਨ ਸਰੂਪ'ਚੋਂ, ਅਨੰਤ ਸੁੰਦਰ ਸੋਹਣੇ ਅੰਬਰ, ਤਾਰੇ ਮੰਡਲ ਅਕਸ- ਮਾਤ੍ਰ ਹੀ ਪ੍ਰਗਟ ਕੀਤੇ ਹਨ, ਇਨ੍ਹਾਂ ਅਨੇਕਾਂ ਹੀ ਤਾਰੇ ਮੰਡਲਾਂ ਦੇ ਅਕਸ, ਅਨੰਤ ਸਮੁੰਦ੍ਰਾਂ ਦਰਿਆਵਾਂ ਚਸ਼ਮਿਆਂ ਸੱਤਰੰਗੀਆਂ ਪੀਂਘਾਂ ਹੀਰੇ ਜਵਾਹਰਾਤਾਂ, ਸ਼ੀਸ਼ੇ ਤ੍ਰੇਲ ਵਰਖਾ ਦੀਆਂ ਬੂੰਦਾਂ'ਤੇ ਪੈ ਰਹੇ ਹਨ, ਆਪਣੇ ਪਾਕ ਨਿਰਗੁਨ ਸਰੂਪ ਜੀ'ਚੋਂ ਇਨ੍ਹਾਂ ਨੂੰ ਹਰ ਸਮੇਂ ਪ੍ਰਕਾਸ਼ਣ ਵਾਲੇ ਭੀ ਪੂਰਨ ਭਗਤ ਜੀ ਆਪ ਹੀ ਹਨ। ਸਮੂਹ ਸੁੰਦਰ ਸੋਹਣੇ ਤਾਰੇ ਮੰਡਲਾਂ ਅੰਬਰਾਂ ਅਤੇ ਜਿਨ੍ਹਾਂ'ਤੇ ਤਾਰੇ ਮੰਡਲਾਂ ਦੇ ਅਕਸ ਪੈ ਰਹੇ ਹਨ, ਉਨ੍ਹਾਂ ਅਤੇ ਪੈ ਰਹੇ ਅਕਸ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਜਿਮੀ ਜਮਾਨ ਕੇ ਬਿਖੈ; ਸਮੱਸਤ ਏਕ ਜੋਤ ਹੈ॥ ਨ ਘਾਟ ਹੈ. ਨ ਬਾਢ ਹੈ; ਨ ਘਾਟ ਬਾਢ ਹੋਤ ਹੈ॥ ਨਿਰਗੁਨ ਬ੍ਰਹਮ ਜੀ, ਅਪੁਨੇ ਜਨ ਕਉ; ਸਾਸਿ

Sri Satguru Jagjit Singh Ji eLibrary NamdhariElibrary@gmail.com

ਸਾਸਿ ਸਮਾਰੇ॥ ਨਾਨਕ ਓਇ; ਪਰਮੇਸੁਰ ਕੇ ਪਿਆਰੇ॥ ਅਨੁਸਾਰ ਪੂਰਨ ਭਗਤ ਜੀ ਨੂੰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ। ਆਪ ਜੀ ਨੂੰ ਜਪਣੇ ਕਰਕੇ ਜਮ ਨਹੀਂ ਮਾਰਦੇ। ਯਥਾ:- ਜਿਨੀ. ਤੁਧਨੋ ਧੰਨੁ ਕਹਿਆ; ਤਿਨ.ਜਮੁ ਨੇੜਿ ਨ ਆਇਆ॥) ਜੇ ਕੋ ਜੀਉ ਕਹੈ ਓਨ੍ਹਾ ਕਉ; ਜਮ ਕੀ ਤਲਬ ਨ ਹੋਈ॥ ਥੋੜ੍ਹੇ ਜਿਹੇ ਪਾਣੀ'ਚ, ਕਿਤਨੇ ਤੁਪਕੇ ਹੁੰਦੇ ਹਨ, ਕੋਟਾਨ ਕੋਟਿ ਬ੍ਰਹਮੰਡਾਂ ਦੇ ਕੋਟਾਨਿ ਕੋਟਿ ਸਮੁੰਦ੍ਰਾਂ ਨਦੀਆਂ ਦਰਿਆਵਾਂ ਨੱਦਾਂ'ਚ, ਕ੍ਰੋੜਾਂ ਤਰ੍ਹਾਂ ਦਾ ਪਾਣੀ ਹੈ। ਯਥਾ:- ਕਈ ਕੋਟਿ; ਪਵਣ ਪਾਣੀ ਬੈਸੰਤਰ॥) ਅਨਿਕ ਪਵਨ ਪਾਵਕ ਅਰੁ ਨੀਰ॥ ਕੋਟਾਨਿ ਕੋਟਿ ਤਰ੍ਹਾਂ ਦੇ ਪਾਣੀ ਦੇ ਤੁਪਕਿਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾ ਕੇ, ਇਸ ਆਪਣੇ ਸਰਗੁਨ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ ਪੂਰਨ ਭਗਤ ਜੀ ਨੂੰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ। ਕਰਤਾ ਪੁਰਖ ਪਰਮਪੂਜਨੀਕ ਸ੍ਰੀ ਕਬੀਰ ਸਾਹਿਬ ਜੀ ਨੇ, ਆਪਨੇ ਪਰਮ ਪਾਕ ਨਿਰਗੁਨ ਸਰੂਪ ਜੀ'ਚੋਂ, ਹੁਕਮੀ; ਸਹਜੇ ਸ੍ਰਿਸਟਿ ਉਪਾਈ॥ ਅਨੁਸਾਰ ਸਹਿਜੇ ਹੀ, ਅਨਿਕ ਪਵਨ ਪਾਵਕ ਅਰੁ ਨੀਰ॥) ਕਈ ਕੋਟਿ; ਪਵਣ ਪਾਣੀ ਬੈਸੰਤਰ॥ ਅਨੁਸਾਰ ਕੋਟਾਨ ਕੋਟਿ ਤਰ੍ਹਾਂ ਦੀ ਅਗਨੀ ਰਚੀ ਹੈ, ਆਪ ਜੀ ਦੇ ਨਿਰਗੁਨ ਸਰੂਪ ਜੀ ਅਗਨੀ ਦੇ ਪ੍ਰਕਾਸ਼ਕ ਆਸਰਾ, ਇਸ 'ਚ ਵਸ ਰਹੇ ਹਨ। ਜਦੋਂ ਚਾਹੁਣ ਇਸ ਨੂੰ ਸਮਾਪਤ ਕਰ ਲੈਂਦੇ ਹਨ। ਯਥਾ:- ਭਣਤਿ ਨਾਨਕੁ. ਜਬ ਖੇਲ ਉਝਾਰੈ; ਤਬ ਏਕੈ ਏਕੰਕਾਰਾ॥ ਕੋਟਾਨਿ ਕੋਟਿ ਅਗਨੀਆਂ ਸਹਿਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਆਪਣੇ ਇਸ ਸਰਗੁਨ ਸਰੂਪ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਪਰਮਪੂਜਨੀਕ ਵਾਹਿਗੁਰੂ, ਰੂਪੁ ਨ ਰੇਖ. ਨ ਰੰਗੁ ਕਿਛੁ; ਤ੍ਰਿਹੁ ਗੁਣ ਤੇ. ਪ੍ਰਭ ਭਿੰਨ॥ ਨਿਰਗੁਨ ਬ੍ਰਹਮ ਜੀ, ਪੂਰਨ ਭਗਤ ਜੀ ਨੂੰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ। ਸਾਹਿਬੁ ਮੇਰਾ ਨੀਤ ਨਵਾ; ਸਦਾ ਸਦਾ ਦਾਤਾਰੁ॥ ਪਰਮਪੂਜਨੀਕ ਧੰਨ ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਦੇ ਇਲਾਹੀ ਸੱਚੇ ਹੁਕਮ ਨਾਲ, ਅਸੰਖ ਸੁੰਦਰ ਅੰਬਰਾਂ 'ਚ, ਅਸੰਖ ਹੀ ਸੁੰਦਰ ਸੋਹਣੇ ਚੰਦ੍ਰਮੇਂ ਹੁਣ ਚੜ੍ਹੇ ਹੋਏ ਹਨ। ਯਥਾ:- ਕਈ ਕੋਟਿ; ਸਸੀਅਰ ਸੂਰ ਨਖ੍ਯਤ੍ਰ॥ ਆਪ ਜੀ ਅਪਨੇ ਨਿਰਗੁਨ ਪ੍ਰਕਾਸ਼ ਦੁਆਰਾ, ਅਨੰਤ ਚੰਦ੍ਰਮਿਆਂ ਨੂੰ ਹਰ ਸਮੇਂ ਪ੍ਰਕਾਸ਼ ਰਹੇ ਹਨ। ਯਥਾ:- ਕੋਟਿ ਚੰਦ੍ਰਮੇ; ਕਰਹਿ ਚਰਾਕ॥ ਉਨ੍ਹਾਂ ਦਾ ਅਕਸ ਹੀਰੇ ਜਵਾਹਰਾਤਾਂ, ਲਾਲਾਂ'ਤੇ ਪੈ ਰਿਹਾ ਹੈ। ਉਨ੍ਹਾਂ ਸੁੰਦਰ ਅੰਬਰਾਂ ਚੰਦ੍ਰਮਿਆਂ, ਚੰਦ੍ਰਮਿਆਂ ਦੇ ਪੈ ਰਹੇ ਹੀਰੇ ਜਵਾਹਰਾਤਾਂ'ਤੇ ਅਕਸ ਅਤੇ ਉਨ੍ਹਾਂ ਜਵਾਹਰਾਤਾਂ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਝਿਲਮਿਲਿ ਝਿਲਕੈ; ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅਕਥੀ ਕਥਉ. ਚਿਹਨੁ ਨਹੀ ਕੋਈ; ਪੂਰਿ ਰਹਿਆ ਮਨਿ ਭਾਇਦਾ॥ ਵਾਹਿਗੁਰੂ ਵਿਸਮਾਦ ਨਿਰਗੁਨ ਬ੍ਰਹਮ ਜੀ, ਆਪਣੇ ਨਿਰਮਲ ਸਰਗੁਨ ਸਰੂਪ ਪੂਰਨ ਭਗਤ ਜੀ ਨੂੰ, ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ। ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਨੇ, ਆਪਣੇ ਅਨਤਕਲਾਵਾਨ ਨਿਰਗੁਨ ਸਰੂਪ ਜੀ ਦੁਆਰਾ, ਅਸੰਖ ਅੰਬਰ.ਅਸੰਖ ਧਰਤੀਆਂ ਬਿਨਾ ਥੰਮ੍ਹਾਂ ਤੋਂ, ਟਿਕਾਏ ਹੋਏ ਹਨ। ਸਿੰਧ ਪਰਬਤ ਮੇਦਨੀ; ਬਿਨੁ ਥੰਮ੍ਹਾ ਗਗਨਿ ਰਹਾਇਆ॥ ਇਨ੍ਹਾਂ ਅੰਬਰਾਂ,

Sri Satguru Jagjit Singh Ji eLibrary NamdhariElibrary@gmail.com

ਧਰਤੀਆਂ ਦੇ ਕਿਨਕੇ ੨ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਅੰਤਰਜਾਮੀ; ਸੋ ਪ੍ਰਭੁ ਪੂਰਾ॥) ਤੁਮ ਪੂਰਨ. ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥ ਵਾਹਿਗੁਰੂ ਵਿਸਮਾਦ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ, ਆਪਣੇ ਸਰਗੁਨ ਸਰੂਪ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਦਾ ਪਰਮਪਵਿੱਤ੍ਰ ਸੁੰਦਰ ਉੱਜਲ ਜਾਪ ਹਰ ਸਮੇਂ ਕਰ ਰਹੇ ਹਨ। ਯਥਾ:- ਨਖਿਅਤ੍ਰ ਸਸੀਅਰ ਸੂਰ ਧਿਆਵਹਿ; ਬਸੁਧ ਗਗਨਾ ਗਾਵਏ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਨੇ, ਆਪਣੇ ਨਿਰਗੁਨ ਸਰੂਪ'ਚੋਂ, ਕੋਟਾਨ ਕੋਟਿ ਬ੍ਰਹਮੰਡ ਧਰਤੀਆਂ ਸਾਜ ਕੇ, ਆਪਣੇ ਨਿਰਗੁਨ ਸਰੂਪ'ਚ ਟਿਕਾਅ ਕੇ ਰੱਖੇ ਹਨ। ਕੋਟਾਨ ਕੋਟਿ ਧਰਤੀਆਂ'ਤੇ ਹਰੀ ਭਰੀ ਬਨਾਸਪਤੀ ਪੈਦਾ ਕੀਤੀ ਹੈ। ਸੂਰਬੀਰ. ਬਚਨ ਕੇ ਬਲੀ॥ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ, ਆਪਣੇ ਨਿਰਗੁਨ ਸਰੂਪ ਜੀ ਦੁਆਰਾ, ਫੁੱਲਾਂ'ਚ ਸੁਗੰਧੀ, ਫ਼ਲਾਂ'ਚ ਰਸ, ਹੁਣ ਭਰ ਰਹੇ ਹਨ। ਸਮੂਹ ਬਨਾਸਪਤੀਆਂ ਦੇ ਹਰੇ ਭਰੇ ਬ੍ਰਿੱਛਾਂ ਫੁੱਲਾਂ ਸੁਗੰਧੀਆਂ ਪੱਤਿਆਂ ਟਹਿਣੀਆਂ ਮੁੱਢਾਂ ਸਮੇਤ, ਕੋਟਿ ਬ੍ਰਹਮੰਡ ਦੇ ਪਸਾਰੇ, ਆਪਣੇ ਸਰਗੁਨ ਸਰੂਪ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਆਦਿ ਜੁਗਾਦੀ; ਅਪਰ ਅਪਾਰੇ॥ ਆਦਿ ਨਿਰੰਜਨ; ਖਸਮ ਹਮਾਰੇ॥ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ, ਹਰ ਸਮੇਂ ਜਪ ਰਹੇ ਹਨ, ਆਪਣੇ ਸੱਚ ਸਰਗੁਨ ਸਰੂਪ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ, ਵਾਹਿਗੁਰੂ॥ ਜਿਤਨੀ ਵਾਹਿਗੁਰੂ ਜੀ ਨੇ ਜਣਾਈ ਹੈ, ਤਿਤਨੀ ਕਹੀ ਹੈ, ਜੋ ਅਣਜਾਣੀ ਰਚਨਾ ਧੰਨ ਧੰਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ ਜਪ ਰਹੀ ਹੈ, ਉਹ ਗਿਣੀ ਨਹੀਂ ਜਾਂਦੀ। ਯਥਾ:- ਜੇਤੀ ਪ੍ਰਭੂ ਜਨਾਈ; ਰਸਨਾ ਤੇਤ ਭਨੀ॥ ਅਨਜਾਨਤ ਜੋ ਸੇਵੈ; ਤੇਤੀ. ਨਹ ਜਾਇ ਗਨੀ॥) ਦੇਖਿਆ; ਤਿਹੂੰ ਲੋਕ ਕਾ ਪੀਉ॥ ਅਚਰਜੁ ਭਇਆ; ਜੀਵ ਤੇ ਸੀਉ॥ ਪੂਰਨ ਅਗਮ ਅਗਾਧ ਜਸ ਜਾਪ ਅਸਤੋਤ੍ਰ ਸੰਪੂਰਨੰ।

ਭਾਰਤ ਦੇ ਮਹਾਂ ਪ੍ਰਸਿੱਧ ਭਗਤ, ਅੱਲਾ ਪਾਕ ਜੀ ਦੇ ਸਰਗੁਣ ਸਰੂਪ ਸ੍ਰੀ ਕਬੀਰ ਸਾਹਿਬ ਜੀ, ਜੇਠ ਸੁਦੀ ੧੫. ਸੰਮਤ ੧੪੫੫ ਨੂੰ ਪ੍ਰਗਟੇ। ਪ੍ਰਮਪੂਜਨੀਕ ਪਿਤਾ ਅਲੀ (ਨੀਰੂ) ਜੀ, ਨੇਕ ਸਾਉ ਮਾਤਾ ਨੀਮਾ ਜੀ ਨੇ, ਖੁਦਾ ਜੀ ਵੱਲੋਂ ਪ੍ਰਾਪਤ ਹੋਏ, ਅਵਤਾਰੀ ਸਪੁਤ੍ਰ ਮੰਨਕੇ ਪਾਲ਼ੇ। ਸ੍ਰੀ ਕਬੀਰ ਸਾਹਿਬ ਜੀ ਨਾਉਂ ਰੱਖਿਆ, ਇਸਲਾਮੀ ਸਿਖਜਾ ਦਿੱਤੀ। ਪਰ ਕਬੀਰ ਜੀ ਦਾ ਝੁਕਾਉ ਹਿੰਦੂਮਤ ਵੱਲ ਸੀ। ਯੁਵਾ ਅਵਸਥਾ ਹੋਣ ਪੁਰ ਆਪ ਜੀ ਦੀ ਸ਼ੁਭ ਸ਼ਾਦੀ ਲੋਈ ਜੀ ਨਾਲ ਹੋਈ, ਜਿਨਾ ਤੋਂ ਸ੍ਰੀ ਕਮਾਲਾ, ਕਮਾਲੀ ਜੀ ਉਪਜੇ। ਆਪ ਜੀ ਨੇ ਰਾਮਾਨੰਦ ਜੀ ਤੋਂ ਰਾਮ ਨਾਮ ਦਾ ਉਪਦੇਸ਼ ਲੈ ਕੇ ਵੈਸ਼ਨਵ ਮਤ ਧਾਰਣ ਕੀਤਾ। ਕਾਸ਼ੀ ਵਿਦ੍ਵਾਨਾਂ ਦਾ ਅਸਥਾਨ ਹੋਣ ਕਰਕੇ ਕਬੀਰ ਜੀ ਨੂੰ ਮਤ ਮਤਾਂਤਰਾਂ ਦੇ ਨਿਯਮ ਜਾਣਨ ਅਤੇ ਚਰਚਾ ਕਰਨ ਦਾ ਚੰਗਾ ਮੌਕਾ ਮਿਲਿਆ ਅਤੇ ਤੀਖਣ ਬੁੱਧਿ ਹੋਣ ਕਰਕੇ ਏਹ ਖੰਡਨ ਮੰਡਨ ਚ ਵਡੇ ਨਿਪੁੰਨ ਹੋ ਗਏ। ਬਹੁਤ ਚਿਰ ਪੂਰਨ ਗਜਾਨੀਆਂ ਦੀ ਸਤਸੰਗਤਿ ਕਰਕੇ ਆਪ ਜੀ, ਬ੍ਰਹਮ ਗਿਆਨੀ ਸਗਲ ਕੀ ਰੀਨਾ॥ ਪੂਰਨ ਬ੍ਰਹਮ ਗਿਆਨੀ ਮੰਨੇ ਪੂਜੇ ਗਏ। ਆਪ ਜੀ ਦੀ ਸੁਭ ਸੁਸੰਗਤਿ ਤੋਂ ਨੌਂ ਕ੍ਰੋੜ ਪ੍ਰੇਮੀ ਤਰੇ।

Sri Satguru Jagjit Singh Ji eLibrary NamdhariElibrary@gmail.com

ਜ਼ਾਲਮ ਸਿਕੰਦਰ ਲੋਦੀ ਸੰਮਤ ੧੫੪੭ ਚ ਜਦ ਬਨਾਰਸ ਆਇਆ, ਤਦ ਕਬੀਰ ਜੀ ਨੂੰ ਮਤਾਂਧ ਮੁਸਲਮਾਨਾਂ ਦੀ ਕ੍ਰਿਪਾ ਕਰਕੇ ਬਹੁਤ ਕਲੇਸ਼ ਕਸ਼ਟ ਪਹੁਚਿਆ, ਜਿਸ ਦਾ ਜਿਕਰ ਕਬੀਰ ਜੀ ਨੇ ਆਪਣੇ ਸ਼ਬਦ ਚ ਕੀਤਾ ਹੈ– “ਭੁਜਾ ਬਾਂਧਿ ਭਿਲਾ ਕਰਿ ਡਾਰਿਓ.” (ਗੌਂਡ) ਪਰ ਅੰਤ ਨੂੰ ਇਨ੍ਹਾਂ ਦੀ ਬਜ਼ੁਰਗੀ ਦਾ ਅਸਰ ਬਾਦਸ਼ਾਹ ਦੇ ਚਿੱਤ ਉੱਪਰ ਹੋਇਆ।
ਆਪ ਜੀ ਏਹ ਬਚਨ ਸਿੱਧ ਕਰਨ ਲਈ ਕਿ ਕਾਸ਼ੀ ਮਰਨ ਤੋਂ ਮੁਕਤਿ ਅਤੇ ਮਗਹਰ ਮਰਨ ਤੋਂ ਅਪਗਤਿ ਨਹੀਂ ਹੁੰਦੀ, ਦੇਹਾਂਤ ਤੋਂ ਕੁਛ ਕਾਲ ਪਹਿਲਾਂ ਮਗਹਰ (ਜੋ ਗੋਰਖਪੁਰ ਤੋਂ ਪੱਛਮ ਵਲ ੧੫. ਮੀਲ ਪੁਰ ਹੈ) ਜਾ ਰਹੇ, ਅਤੇ ਸੰਮਤ ੧੫੭੫ ਵਿੱਚ ਨਾਸ਼ਵਾਨ ਸੰਸਾਰ ਤੋਂ ਅੰਤਰਧਿਆਨ ਹੋਏ। ਕਾਸ਼ੀ ਚ ਕਬੀਰ ਜੀ ਦਾ ਅਸਥਾਨ “ਕਬੀਰ ਚੌਰਾ” ਪ੍ਰਸਿੱਧ ਹੈ, ਅਤੇ ਲਹਿਰ ਤਲਾਉ ਤੇ ਭੀ ਆਪ ਦਾ ਮੰਦਿਰ ਹੈ। ਆਪ ਜੀ ਦੀ ਬਾਣੀ ਦਾ ਸੰਗ੍ਰਹ ਜੋ ਧਰਮ ਦਾਸ ਅਤੇ ਸੂਰਤ ਗੋਪਾਲ ਆਦਿ ਚੇਲਿਆਂ ਨੇ ਕੀਤਾ ਹੈ, ਉਸ ਦਾ ਨਾਉਂ “ਕਬੀਰਬੀਜਕ” ਹੈ। ਰਿਆਸਤ ਰੀਵਾ ਵਿੱਚ ਕਬੀਰਬੀਜਕ ਧਰਮ ਦਾਸ ਜੀ ਦਾ ਲਿਖਿਆ ਹੋਇਆ ਸੰਮਤ ੧੫੨੧ ਦਾ ਦੱਸਿਆ ਜਾਂਦਾ ਹੈ। (ਕਬੀਰ)ਵਡੇ ਬਜ਼ੁਰਗ ਕਰਤਾਰ, ਵਾਹਿਗੁਰੂ, “ਹਕਾ ਕਬੀਰ ਕਰੀਮ ਤੂੰ.”

{ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ ਨਾਈ॥) ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ. ਪਰਤਖ੍ਹ ਹਰਿ॥ ਪਰਮਪੂਜਨੀਕ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨਦੇਵ ਸਤਿਗੁਰੂ ਗ੍ਰੰਥ ਸਾਹਿਬ ਜੀ, ਆਪਣੇ ਸ੍ਰਬ ਵਿਆਪੀ ਵਿਸਮਾਦ ਅਜਪਾ ਜਾਪ ਸ਼ੁੱਧ ਨਿਰਗੁਨ ਸਰੂਪ ਜੀ ਦੁਆਰਾ, ਅਨੰਤ ਚੰਦ੍ਰਮਿਆਂ ਤਾਰਿਆਂ ਅਗਨੀਆਂ ਟਿਟਿਆਣਿਆਂ ਸੂਰਜਾਂ ਬਿਜਲੀਆਂ ਬ੍ਰਹਮੰਡਾਂ ਅਵਤਾਰਾਂ ਸੰਤਾਂ ਭਗਤਾਂ ਖਾਣੀਆਂ ਬਾਣੀਆਂ ਨੂੰ, ਹੁਣ ਪ੍ਰਕਾਸ਼ ਰਹੇ ਹਨ। ਸਤਿ ਸੰਤੋਖ ਦਇਆ ਧਰਮ ਨਿਮ੍ਰਤਾ. ਸਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਵਿਸਮਾਦ, ਅਨੰਤ ਸ਼ੁਭ ਗੁਣਾਂ ਦੀਆਂ,ਅਨੰਤ ਕਲਾਂ ਸਹਿਤ, ਇੱਕ ਰਸ ਬੱਝਵੇਂ ਅਸੰਖ ਪ੍ਰਕਾਸ਼ ਹੀ ਪ੍ਰਕਾਸ਼, ਵਿਸਮਾਦ ਨੂਰ ਹੀ ਨੂਰ ਨੂਰੋ ਨੂਰ, ਅਜਪਾ ਜਾਪ ਗੁਰਸਬਦ ਰੂਪ ਗੁਰੂ ਜੀ, ਸਾਡੇ ਅੰਦਰ ਬਾਹਰ, ਹਰ ਸਮੇਂ ਵਿਆਪਕ ਭਰਪੂਰ ਵਿਸਮਾਦ ਅਜਪਾ ਜਾਪ ਕਰ ਰਹੇ, ਵਾਹਿਗੁਰੂ ਗੁਰੂ ਜੀ ਹਨ, ਐਸੇ ਵਾਹਿਗੁਰੂ ਜੀ ਪੂਰਨ ਭਗਤਿ ਸ੍ਰੀ ਕਬੀਰ ਸਾਹਿਬ ਜੀ ਦੇ ਰੋਮ ੨ ’ਚ, ਆਪ ਵਸ ਰਹੇ ਹਨ, ਅਜਪਾ ਜਾਪ ਬਖ਼ਸ਼ ਰਹੇ ਹਨ, ਅੰਦਰ ਬਾਹਰ ਆਪਣੇ ਨਿਰਗੁਨ ਸਰੂਪ ਦੀ ਸਾਖਿਆਤਤਾ ਦੇ ਰਹੇ ਹਨ। ਅੰਦਰ ਬਾਹਰ ਅਸੰਖ ਸਰੂਪ ਧਾਰ ਕੇ, ਅਨਿਕ ਰੂਪ ਖਿਨ ਮਾਹਿ; ਕੁਦਰਤਿ ਧਾਰਦਾ॥ ਦਰਸ਼ਨ ਬਖ਼ਸ਼ ਰਹੇ ਹਨ, ਐਸੀ ਵਿਸਮਾਦਤਾਈ ’ਚ, ਬਿਸਮ ਬਿਸਮੈ ਬਿਸਮ ਭਈ॥ ਗੁਰਬਾਣੀ ਜੀ ਉਚਾਰ ਰਹੇ ਹਨ:–

੧:– ਸਲੋਕ ਭਗਤ ਕਬੀਰ ਜੀਉ ਕੇ; ੧ੴ ਸਤਿਗੁਰ ਪ੍ਰਸਾਦਿ॥ ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਸ੍ਰੀ ਰਾਮਸਰ ਸਾਹਿਬ ਜੀ ਵਿਖੇ, ਪਰਮਪੂਜਨੀਕ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ, ਪੂਰਨ ਪਿਆਰ ਅਦਬ ਸਤਿਕਾਰ ਸਹਿਤ, ਸ੍ਰਬ ਵਿਆਪੀ ਮਹਾਂ ਵਿਸਮਾਦ ਮਹਾਨ ਕ੍ਰਿਪਾ ਕਰਕੇ, ਵਾਹਿਗੁਰੂ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਪ੍ਰਗਟ ਕਰਕੇ, ਪਿਆਰੇ ਭਗਤ ਜੀ ਦੀ ਅਮੋਲਕ ਰਸਨਾ, ਰੋਮ

Sri Satguru Jagjit Singh Ji eLibrary NamdhariElibrary@gmail.com

੨ 'ਚ ਵਸ ਕੇ, ਗੁਰਬਾਣੀ ਜੀ ਉਚਰਵਾਏ, ਗੁਰਮੁਖਿ ਭਾਈ ਗੁਰਦਾਸ ਸਾਹਿਬ ਜੀ ਨੇ, ਆਦਿ ਅੰਗ ੧੩੬੪ ਤੋਂ ੧੩੭੭ ਤੱਕ ੨੪੩ ਸਲੋਕ ਲਿਖੇ। ਅਪਣੇ ਦਿਲ ਜਾਨ ਪਿਆਰੇ ਜੀ ਨੂੰ, ਇਹ ਸੱਚੀ ਪਾਤਿਸਾਹੀ ਬਖ਼ਸ਼ੀ। ਯਥਾ:- ਪਾਤਿਸਾਹੀ. ਭਗਤ ਜਨਾ ਕਉ ਦਿਤੀਅਨੁ; ਸਿਰਿ ਛਤੁ ਸਚਾ ਹਰਿ ਬਣਾਇ॥

(ਸਲੋਕ)ਦੋਹਰੇ ਨੇੜੇ ਕਵਿਤਾ ਪਦ ਛੰਦ ਹਨ, ਜਿਨ੍ਹਾਂ 'ਚ, (ਸ+ਲੋਕ) (ਸ)ਸੁਐ ਆਪਣੇ ਆਪ (ਲੋਕ)ਪ੍ਰਕਾਸ਼ ਸਰੂਪ ਪੂਰਨ ਬ੍ਰਹਮ ਜੀ ਦੀ ਅਗਮ ਅਪਾਰ ਬਿਅੰਤ ਬੇਸੁਮਾਰ, ਅੰਤ ਨ ਪਾਰਾਵਾਰ, ਸੱਚੀ ਰਸ ਭਿੰਨੀ (ਸਲੋਕ)ਪ੍ਰਸੰਸਾ ਹੀ ਪ੍ਰਸੰਸਾ ਹੈ, ਸਲੋਕ ਗਾ ਕੇ, ਪੂਰਨ ਬ੍ਰਹਮਾਨੰਦ ਰਸ ਦੀ ਵਿਸਮਾਦਤਾਈ ਸਹਿਤ, ਸੁੰਦਰ ਵਾਹਿਗੁਰੂਜੀ ਦੇ ਪਰਮਪਵਿੱਤ੍ਰ ਦਰਸ਼ਨਾਂ ਦਾ ਰੰਗ ਮਾਣੀਦਾ ਹੈ। ਯਥਾ:- ਜੋ ਸੁਖੁ ਦਰਸਨੁ ਪੇਖਤੇ ਪਿਆਰੇ;ਮੁਖ ਤੇ.ਕਹਣੁ ਨ ਜਾਇ॥ ਸਾਚੀ ਪ੍ਰੀਤਿ.ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥) ਦਰਸਨੁ ਪੇਖਤ; ਭਏ ਪੁਨੀਤਾ॥ ਸਗਲ ਉਧਾਰੇ; ਭਾਈ ਮੀਤਾ॥

ੴ ਸਤਿਗੁਰ ਪ੍ਰਸਾਦਿ॥ ਪਰਮਪੂਜਨੀਕ (ੴ)ਇੱਕ ਪ੍ਰਕਾਸ਼ ਸਰੂਪ, ਸਰਬ ਕਲਾ ਭਰਪੂਰ ਪ੍ਰਭ; ਨਿਰਗੁਨ ਵਾਹਿਗੁਰੂ ਨਿਰੰਕਾਰ ਜੀ ਦੇ ਸਰਗੁਨ ਸਰੂਪ,ਸਤਿਗੁਰੂ ਮਹੱਲਾ ਪੰਜਵਾਂ ਪੂਰਨ ਬ੍ਰਹਮਜੀ,ਆਪ ਉੱਬਲਦੀ ਦੇਗ'ਚ ਬੈਠ ਰਹੇ ਹਨ। ਆਪ ਜੀ ਨੂੰ (ਪ੍ਰਸਾਦਿ)ਕ੍ਰਿਪਾ ਹੀ ਕ੍ਰਿਪਾ ਭਾਵ ਸ੍ਰਬ ਵਿਆਪੀ ਮਹਾਂ ਵਿਸਮਾਦ ਅਗਮ ਅਪਾਰ ਕ੍ਰਿਪਾ ਸਰੂਪ, ੴ ਵਾਹਿਗੁਰੂ ਜੀ,ਅਜਪਾ ਜਾਪ ਕਰਦਿਆਂ ਅੰਦਰ ਬਾਹਰ ਸਾਖਿਆਤ ਹੋ ਰਹੇ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਗੁਰੂਪ੍ਰਮੇਸਰਜੀ ਆਪਣੇ ਪਰਮਪੂਜਨੀਕ ਗੁਰਦੇਵਜੀ ਦਾ ਆਦਿ'ਚ, ਮਹਾਂ ਵਿਸਮਾਦ ਰੰਗਲਾ ਅਨੰਦੀ ਮੰਗਲ ਜਸ ਕਰਦੇ ਹਨ। ਪਰਮਪੂਜਨੀਕ (ੴ) ਇੱਕ ਅਦ੍ਵੈਤ ਰੂਪ ਓਅੰਕਾਰ ਸ੍ਰਬ ਪ੍ਰਕਾਸ਼ਕ,ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸਾਂ ਹੀ ਪਾਤਿਸ਼ਾਹਾਂ ਦੀ ਜਾਗਦੀ ਇੱਕ ਜੋਤਿ, ਗੁਰਤਾ ਬਿਰਾਜਮਾਨ (ਸਤਿਗੁਰ)ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬਜੀ, ਇੰਦ੍ਰਿਆਂ ਦੇ (ਪ੍ਰ+ਸਾਦਿ) (ਸਾਦਿ)ਸੁਆਦ ਤੋਂ (ਪ੍ਰ)ਪਰੇ ਭਾਵ ਰਹਿਤ, ਨਿਰੇ (ਪ੍ਰਸਾਦਿ)ਅਨੰਦ ਹੀ ਅਨੰਦ ਸਰੂਪ, ਅਗਮ ਅਪਾਰ ਨਿਰੇ (ਪ੍ਰਸਾਦਿ)ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। ਜੋ ਹਰ ਵੇਲੇ ਅੱਗ ਦੇ ਸਮੁੰਦ੍ਰ ਸੰਸਾਰ 'ਤੇ,ਕ੍ਰਿਪਾ ਹੀ ਕ੍ਰਿਪਾ ਕਰਦੇ ਹਨ,ਹਰ ਸਮੇਂ ਸੰਸਾਰ'ਚ ਲੱਗੀ ਅੱਗ ਨੂੰ, ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਕਰਕੇ,ਬੁਝਾਉਂਦੇ ਰਹਿੰਦੇ ਹਨ। ਹੰਕਾਰੀ ਵਿਕਾਰੀ ਮੰਦ ਕਰਮੀ ਗਲ਼ੇ ਸੜੇ ਦਾਸਨ ਦਾਸ ਜੈਸੇ, ਕੋੜ੍ਹੀ ਜੀਵ'ਤੇ ਭੀ ਕ੍ਰਿਪਾ ਕਰਕੇ,ਉਸ ਨੂੰ ਗੁਰਬਾਣੀ ਜੀ ਬਖ਼ਸ਼ ਕੇ,ਨਿਹਾਲ ਕਰਦੇ ਰਹਿੰਦੇ ਹਨ। ਗੁਰੂ ਪ੍ਰਮੇਸਰ ਜੀ, ਸਦਾ ਸਦਾ;ਇਹੁ ਭੂਲਨਹਾਰੁ॥ ਜੀਵ ਨੂੰ ਬਖ਼ਸ਼ਣ ਲੱਗਿਆਂ,ਇਸ ਦੇ ਔਗੁਣ ਦੀ ਵੀਚਾਰ ਨਹੀਂ ਕਰਦੇ,ਝੱਟ ਹੀ ਬਖ਼ਸ਼ ਲੈਂਦੇ ਹਨ। ਯਥਾ:- ਗੁਣੁ ਅਵਗੁਣੁ ਮੇਰਾ.ਕਿਛੁ ਨ ਬੀਚਾਰਿਆ; ਬਖਸਿ ਲੀਆ. ਖਿਨ ਮਾਹੀ॥ ਆਪਣੀ ਅਗਮ ਅਪਾਰ ਕ੍ਰਿਪਾ ਦੁਆਰਾ,ਹਰ ਰਿਦੇ ਹਰ ਘਰ,ਅਨੰਤ ਬ੍ਰਹਮੰਡ ਦੇ ਸਾਰੇ ਪਸਾਰੇ ਨੂੰ ਸੱਚਖੰਡ ਬਣਾਉਂਦੇ ਹਨ। (ਸਤਿਗੁਰ)ਸਭ ਤੇ ਵਡਾ ਸਤਿਗੁਰੁ ਨਾਨਕੁ; ਅਨੁਸਾਰ (ਗੁਰ)ਵੱਡੇ (ਗੁਰ)ਪੂਜਨੀਕ (ਸਤਿ)ਸੱਚੇ (ਗੁਰ)ਨਿਰੇ ਪ੍ਰਕਾਸ਼ ਹੀ ਪ੍ਰਕਾਸ਼ (ੴ)ਦ੍ਵੈਤ ਰਹਿਤ,ਇੱਕ ਵਾਹਿਗੁਰੂਜੀ,ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੀ ਮਹਾਂ ਵਿਸਮਾਦ ਅਗਮ ਅਪਾਰ ਸੱਚੀ (ਪ੍ਰਸਾਦਿ)ਕ੍ਰਿਪਾ ਨਾਲ ਪ੍ਰਾਪਤ ਹੁੰਦੇ ਹਨ। ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ 'ਚ ੴ ਸਤਿਗੁਰ ਪ੍ਰਸਾਦਿ॥੫੨੫ ਵਾਰ ਆਉਂਦੇ ਹਨ। {ਸ੍ਰੀ ਦਮਦਮੀ ਟਕਸਾਲ ਅਨੁਸਾਰ, ੴ ਜੀ ਦਾ ਸ਼ੁੱਧ ਉਚਾਰਨ ਇੱਕ ਓਅੰਕਾਰ, ਬਾਰ ੨ ਪੜ੍ ਕੇ ਸ਼ੁਧ ਪਕਾਉ। ਹੋਰਨਾਂ ਨੂੰ ਆਪਣੇ ਮਗਰ ਬਾਰ ੨ ਕਹਾ ਕੇ,ਸ਼ੁੱਧ ਉਚਾਰਨ ਪਕਵਾਉ ਜੀ।}

Sri Satguru Jagjit Singh Ji eLibrary NamdhariElibrary@gmail.com

ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥) {੧੦੮ ਮਣਕੇ ਦੀ ਮਾਲ਼ਾ ਦੇ ਹਰ ਮਣਕੇ 'ਤੇ ਇੱਕ ਵਾਰ ਮੂਲ ਮੰਤ੍ਰ ਦਾ ਪਾਠ ਕਰਨਾ,ਇਹ ਇੱਕ ਕੱਚੀ ਮਾਲ਼ਾ ਹੈ। ੧੦੮ ਕੱਚੀ ਮਾਲ਼ਾ ਦੀ ਇੱਕ ਪੱਕੀ ਮਾਲ਼ਾ ਹੈ,ਭਾਵ ਹਰ ਮਣਕੇ 'ਤੇ ੧੦੮ ਵਾਰ ਮੂਲ ਮੰਤ੍ਰ ਦਾ ਪਾਠ ਕਰਨਾ, ੧੧੬੬੪ ਵਾਰ ਹੋ ਗਿਆ ਜੀ} ਮਾਲ਼ਾ ਨਾਲ਼ ਜੇ ਭਜਨ ਕਰਨਾ ਹੋਵੇ ਤਾਂ ਬਹੁਤ ਹੀ ਵੱਡੀ ਸਹਾਇਤਾ ਹੈ। ਮਾਲ਼ਾ ਦਾ ਆਸਰਾ ਹੋ ਜਾਂਦਾ ਹੈ,ਜਿਵੇਂ ਹੁਣ ਮੂਲ ਮੰਤ੍ਰ ਸਾਹਿਬ ਜੀ ਦੀਆਂ ਪੰਜ ਪੱਕੀਆਂ ਮਾਲ਼ਾ ਫੇਰਨੀਆਂ ਹਨ। ਗੁਰੂ ਸਾਹਿਬ ਜੀ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ ਨਾਲ ਬੇਅੰਤ ਪ੍ਰੇਮੀ ਹਰ ਸਮੇਂ ਮਾਲ਼ਾ ਫੇਰਦੇ ਰਹਿੰਦੇ ਹਨ। ਜੇ ਕੋਈ ਭਲਾ ਨਿਸ਼ਕਪਟ ਮਹਾਂਪੁਰਸ਼ ਆਪ ਗੁਰੂ ਬਣਨ ਦੀ ਜਾਂ ਮਾਇਆ ਦੀ ਇੱਛਾ ਨ ਰੱਖਦਾ ਹੋਵੇ। ਪ੍ਰੇਮੀ ਸ਼ਰਧਾਲੂਆਂ ਨੂੰ ਮਾਲ਼ਾਂ ਦੇ ਕੇ ਸਮਾਂ ਲਾ ਦੇਵੇ, ਭਾਈ! ਢਾਈ ਘੰਟੇ ਨਿੱਤ ਜਾਪ ਕਰਨਾ ਬਹੁਤ ਜ਼ਰੂਰੀ ਹੈ। ਮਾਲ਼ਾ ਨਾਲ, ਘੜੀ ਦੇਖ ਕੇ ਜਾਪ ਕਰ ਲਿਆ ਕਰੋ, ਤਾਂ ਬਹੁਤ ਹੀ ਚੰਗੀ ਗੱਲ ਹੈ, ਬਹੁਤ ਸਾਰੇ ਜੀਵ ਇਉਂ ਭਜਨ 'ਚ ਲੱਗ ਸਕਦੇ ਹਨ। ਭਜਨ ਟਾਈਮ ਵੰਡ ਕੇ ਭੀ ਦਿਤਾ ਜਾ ਸਕਦਾ ਹੈ।}

{ਮਾਲਾ ਬਾਨਾਂ ਪੋਲੇ- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥੧॥) ਕਬੀਰ. ਜਪਨੀ ਕਾਠ ਕੀ; ਕਿਆ ਦਿਖਲਾਵਹਿ ਲੋਇ॥ ਅਨੁਸਾਰ,ਬਹੁਤ ਸਾਰੇ ਦੰਭੀ ਭੇਖੀ ਉੱਤੋਂ ਪਖੰਡੀ ਭਗਤ ਬਣ ਕੇ,ਆਪਣੀ ਪ੍ਰਭਤਾ ਪੂਜਾ ਮਾਣ ਵਡਿਆਈ, ਧਨ ਪਦਾਰਥ ਪ੍ਰਾਪਤੀ ਲਈ,ਭੋਲ਼ੇ ਲੋਕਾਂ ਨਾਲ ਬੜਾ ਹੀ ਛਲ਼ ਕਰਦੇ, ਉਨ੍ਹਾਂ ਨੂੰ ਆਪਣਾ ਇਹ ਕੁਮੰਤ੍ਰ ਦਿੰਦੇ:- ਕੰਨਾਂਵਾਟੀ ਕੁਰਰੂ,ਤੂੰ ਮੇਰਾ ਚੇਲਾ ਤੇ ਮੈ ਤੇਰਾ ਗੁਰਰੂ। ਆਪਣੇ ਵੱਲੋਂ ਮਾਲ਼ਾ ਦੇ ਕੇ,ਉਸ ਨੂੰ ਆਪਣਾ ਚੇਲਾ ਬਣਾਉਂਦੇ ਹਨ,"ਜੇ ਅਸੀਂ ਸੌ ਚੇਲਾ ਬਣਾ ਲਿਆ,ਤਾਂ ਸਾਨੂੰ ਧਨ ਪਦਾਰਥ ਦੇਵੇਗਾ"। ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਵਿਸਮਾਦ ਰੰਗ, ਅਜਪਾ ਜਾਪ ਪੂਰਨ ਪ੍ਰਮਾਤਮਾ ਜੀ 'ਚ ਲੀਣ, ਅਫ਼ੁਰ ਸਮਾਧੀ 'ਚ ਬੈਠੇ ਹਨ। ਆਪ ਜੀ ਦੇ ਪਰਮਪਵਿੱਤ੍ਰ ਸੱਚੇ ਚਰਨ- ਕਮਲਾਂ 'ਚ ਆ ਕੇ,ਕਿਸੇ ਪਖੰਡੀ ਨੇ ਬੜੇ ਛਲ਼ ਨਾਲ ਕਿਹਾ, "ਤੁਸੀਂ ਕਿਸੇ ਤੋਂ ਮਾਲ਼ਾ ਭੀ ਲਈ ਹੈ?" ਕਿਹਾ "ਨਹੀਂ ਜੀ"। "ਤੁਸੀਂ ਮੇਰੇ ਕੋਲੋਂ ਮਾਲ਼ਾ ਲੈ ਲਵੋ,ਤੁਹਾਡੇ ਕੋਲੋਂ ਭਜਨ ਭੀ ਬਹੁਤੋ ਬਹੁਤਾ ਹੋਵੇਗਾ,ਤੁਸੀਂ ਮੇਰੇ ਚੇਲੇ ਬਣ ਜਾਉ। " ਪਖੰਡੀ ਤੋਂ ਸੁਣ ਕੇ, ਸ੍ਰੀ ਕਬੀਰ ਸਾਹਿਬ ਜੀ ਦੇ ਅੰਦਰ ਗੋਵਿੰਦ ਜੀ ਗੱਜ ਕੇ ਇਹ ਅੰਮ੍ਰਿਤ ਗੁਰਬਾਣੀ ਜੀ ਬੋਲੇ:-

(ਰਸਨਾਂ) ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥੧:- ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! (ਮੇਰੀ)ਦਾਸਨ ਦਾਸ ਦੀ, ਸ੍ਰਬ ਵਿਆਪੀ ਮਹਾਂ ਵਿਸਮਾਦ (ਸਿਮਰਨੀ)ਮਾਲ਼ਾ ਇਹੋ ਹੀ ਹੈ,ਜੋ ਰੋਮ ੨ ਦੀਆਂ (ਰਸਨਾ)ਜ਼ਬਾਨਾਂ ਊਪਰਿ, (ਰਾਮੁ)ਕੋਟਿ ਬ੍ਰਹਮੰਡ 'ਚ ਵਿਆਪਕ,ਸਭ ਦੇ ਮਾਤਾ ਪਿਤਾ ਰਾਮੁ ਜੀ ਅਤੇ (ਆਦਿ)ਜਗਤ ਦੇ ਅਰੰਭ ਤੋਂ (ਜੁਗਾਦੀ)ਜੁੱਗਾਂ ਆਦਿਕਾਂ ਦੇ (ਸਗਲ)ਸਾਰੇ ਭਗਤ, ਧ੍ਰੂ ਪ੍ਰਹਿਲਾਦ ਆਦਿ ਵਸ ਰਹੇ ਹਨ। (ਤਾ)ਤਿਨ੍ਹਾਂ ਪਿਆਰੇ ਰਾਮ ਜੀ, ਪਿਆਰੇ ਭਗਤਾਂ (ਕੋ)ਨੂੰ ਚੇਤੇ ਕਰਨ ਨਾਲ, ਦਾਸਨ ਦਾਸ ਦਾ ਮਹਾਂ ਵਿਸਮਾਦ ਸੁਖੁ 'ਚ, (ਬਿਸ੍ਰਾਮੁ)ਟਿਕਾਅ ਹੁੰਦਾ ਹੈ। ਯਥਾ:- ਸੋਰਠਿ ਮਹਲਾ ੫॥ ਹਮ ਸੰਤਨ ਕੀ ਰੇਨੁ ਪਿਆਰੇ; ਹਮ ਸੰਤਨ ਕੀ ਸਰਣਾ॥ ਸੰਤ ਹਮਾਰੀ ਓਟ ਸਤਾਣੀ; ਸੰਤ ਹਮਾਰਾ ਗਹਣਾ॥੧॥ ਹਮ; ਸੰਤਨ ਸਿਉ ਬਣਿ ਆਈ॥ ਪੂਰਬਿ ਲਿਖਿਆ ਪਾਈ॥ ਇਹੁ ਮਨੁ ਤੇਰਾ ਭਾਈ॥ ਰਹਾਉ॥ ਸੰਤਨ ਸਿਉ.ਮੇਰੀ ਲੇਵਾ ਦੇਵੀ; ਸੰਤਨ ਸਿਉ ਬਿਉਹਾਰਾ॥ ਸੰਤਨ ਸਿਉ.ਹਮ ਲਾਹਾ ਖਾਟਿਆ; ਹਰਿ ਭਗਤਿ ਭਰੇ ਭੰਡਾਰਾ॥੨॥ ਸੰਤਨ ਮੋਕਉ ਪੂੰਜੀ ਸਉਪੀ; ਤਉ ਉਤਰਿਆ ਮਨ ਕਾ ਧੋਖਾ॥ ਧਰਮਰਾਇ ਅਬ ਕਹਾ

Sri Satguru Jagjit Singh Ji eLibrary NamdhariElibrary@gmail.com

ਕਰੈਗੋ; ਜਉ ਫਾਟਿਓ.ਸਗਲੋ ਲੇਖਾ॥੩॥ ਮਹਾ ਅਨੰਦ ਭਏ ਸੁਖੁ ਪਾਇਆ; ਸੰਤਨ ਕੈ ਪਰਸਾਦੇ॥ ਕਹੁ ਨਾਨਕ.ਹਰਿ ਸਿਉ ਮਨੁ ਮਾਨਿਆ; ਰੰਗਿ ਰਤੇ ਬਿਸਮਾਦੇ॥੪॥੮॥੧੯॥

ਸ੍ਰਬ ਵਿਆਪੀ ਮਹਾਂ ਵਿਸਮਾਦ ਗੁਰਮੁਖਿ ਸਨਮੁਖਿ ਅਵਸਥਾ 'ਚ, ਸਿਮਰਨ ਕਰ ਰਹੇ ਹਨ:- ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥) ਜਿਹਵਾ ਏਕ. ਹੋਇ ਲਖ ਕੋਟੀ; ਲਖ ਕੋਟੀ ਕੋਟਿ ਧਿਆਵੈਗੋ॥) ਇਕ ਦੂ ਜੀਭੌ ਲਖ ਹੋਹਿ; ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ॥ ਏਤੁ ਰਾਹਿ ਪਤਿ ਪਵੜੀਆ; ਚੜੀਐ ਹੋਇ ਇਕੀਸ॥ ਅਨੁਸਾਰ ਇੱਕ ਜ਼ਬਾਨ ਤੋਂ ਲੱਖਾਂ ਜ਼ਬਾਨਾਂ, ਲੱਖਾਂ ਤੋਂ ਅਗਾਂਹ ਲੱਖਾਂ, ਇਉਂ ਬੇਅੰਤ ਅਸੰਖ ਅਰਬਾਂ ਖ਼ਰਬਾਂ ਹੋ ਜਾਂਦੀਆਂ ਹਨ। ਸ੍ਰੀ ਕਬੀਰ ਸਾਹਿਬ ਜੀ ਜਦੋਂ ਅਸੰਖ ਰਸਨਾ ਨਾਲ, ਸ੍ਰਬ ਵਿਆਪੀ ਰਾਮ ਸਿਮਰਨ 'ਚ ਲੀਣ ਵਿਸਮਾਦ ਹੋ ਜਾਂਦੇ, ਰੋਮ ੨ ਵਾਹਿਗੁਰੂ ੩ ਜਪਦੇ, ਤਾਂ ਦਰਸ਼ਕ ਪ੍ਰੇਮੀਂ ਮਹਾਂ ਮਹਾਂ ਵਿਸਮਾਦ ਨਿਹਾਲ ਹੁੰਦੇ। ਯਥਾ:- ਸਾਧ ਕੈ ਸੰਗਿ; ਨਹੀ ਕਛੁ ਘਾਲ॥ ਦਰਸਨੁ ਭੇਟਤ; ਹੋਤ ਨਿਹਾਲ॥ ਸਭ ਦੀਆਂ ਲਿਵਾਂ ਲੱਗ ਜਾਂਦੀਆਂ, ਰੋਮ ੨ ਤੋਂ ਜਾਪ ਹੋਣ ਲੱਗ ਜਾਂਦਾ। ਸ੍ਰੀ ਕਬੀਰ ਸਾਹਿਬ ਜੀ ਕਹਿੰਦੇ, ਭਾਈ ਦਾਸਨ ਦਾਸ 'ਤੇ ਗੁਰੂ ਸਾਹਿਬ ਦੀ ਮਹਾਂ ਮਹਾਂ ਵਿਸਮਾਦ ਕ੍ਰਿਪਾ ਹੋਈ ਹੈ। ਵਾਹਿਗੁਰੂ ਜੀ ਦੀ ਕ੍ਰਿਪਾ ਨਾਲ, ਦਾਸਨ ਦਾਸ ਦੀਆਂ ਰੋਮਿ ੨ ਦੀਆਂ ਜ਼ਬਾਨਾਂ ਉੱਪਰ, ਵਾਹਿਗੁਰੂ ਜੀ ਅਤੇ ਗੁਰਮੁਖਿ ਭਗਤ ਜੀ ਵਸਦੇ ਹਨ, ਬੜੇ ਉਮਾਹ ਉਤਸਾਹ ਨਾਲ ਵਾਹਿਗੁਰੂ ਜੀ ਆਪਨਾ ਜਾਪ ਆਪ ਕਰਦੇ ਹਨ। ਯਥਾ:- ਅਜਪਾ ਜਪ ਹੈਂ॥) ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥) ਆਪੈ ਜਪਹੁ; ਆਪਨਾ ਜਾਪੁ॥) ਦਾਸਨ ਦਾਸ ਦੀ ਇਹੀ ਸ੍ਰਬ ਵਿਆਪੀ ਮਹਾਂ ਵਿਸਮਾਦ ਬਹੁਤ ਵੱਡੀ ਸਿਮਰਨੀ ਹੈ,ਜਿਵੇਂ ਮਹੱਲਾ ਪੰਜਵਾਂ ਜੀ, ਸਹੀ ਸੱਚੀ ਮਾਲ਼ਾ ਫ਼ੁਰਮਾ ਰਹੇ ਹਨ:- ਆਸਾ ਮਹਲਾ ੫॥ ਹਰਿ ਹਰਿ ਅਖਰ ਦੁਇ; ਇਹ ਮਾਲਾ॥ ਜਪਤ ਜਪਤ; ਭਏ ਦੀਨ ਦਇਆਲਾ॥੧॥ ਕਰਉ ਬੇਨਤੀ; ਸਤਿਗੁਰ ਅਪੁਨੀ॥ ਕਰਿ ਕਿਰਪਾ ਰਾਖਹੁ ਸਰਣਾਈ; ਮੋਕਉ ਦੇਹੁ ਹਰੇ ਹਰਿ ਜਪਨੀ॥੧॥ ਰਹਾਉ॥ ਹਰਿ ਮਾਲਾ; ਉਰ ਅੰਤਰਿ ਧਾਰੈ॥ ਜਨਮ ਮਰਣ ਕਾ; ਦੂਖੁ ਨਿਵਾਰੈ॥੨॥ ਹਿਰਦੈ ਸਮਾਲੈ; ਮੁਖਿ ਹਰਿ ਹਰਿ ਬੋਲੈ॥ ਸੋ ਜਨੁ ਇਤ ਉਤ; ਕਤਹਿ ਨ ਡੋਲੈ॥੩॥ ਕਹੁ ਨਾਨਕ; ਜੋ ਰਾਚੈ ਨਾਇ॥ ਹਰਿ ਮਾਲਾ; ਤਾ ਕੈ ਸੰਗਿ ਜਾਇ॥

ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਆਦਿ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥੨:- ਪ੍ਰੇਮੀਆਂ ਕਿਹਾ,"ਜੀ ਕੋਈ ਹੋਰ ਭੀ ਇਉਂ ਜਪਦਾ ਹੈ? ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਅਨੁਸਾਰ ਅਕਾਲ ਪੁਰਖ ਜੀ,ਸ੍ਰੀ ਕਬੀਰ ਸਾਹਿਬ ਜੀ ਨਾਲ, ਪਿਆਰੀ ਚਰਚਾ ਕਰਦੇ ਹਨ। ਰਾਮੁ ਜੀ ਸਰਗੁਨ ਅਵਤਾਰ ਧਾਰ ਕੇ,ਆਪ ਜੀ ਨੂੰ ਸੁੰਦਰ ਦਰਸ਼ਨ ਬਖ਼ਸ਼ ਕੇ ਫ਼ੁਰਮਾਉਂਦੇ ਹਨ:- ਹੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ! (ਆਦਿ)ਜਗਤ ਦੇ ਅਰੰਭ ਤੋਂ (ਜੁਗਾਦੀ)ਜੁੱਗਾਂ ਆਦਿਕਾਂ ਦੇ, (ਸਗਲ)ਸਾਰੇ ਭਗਤ, (ਮੇਰੀ)ਦਾਸਨ ਦਾਸ ਦੀ ਰਸਨਾ ਊਪਰਿ ਵਸਦੇ ਹਨ ਇਹੋ ਹੀ ਦਾਸਨ ਦਾਸ ਦੀ ਸਿਮਰਨੀ ਹੈ, (ਤਾ)ਤਿਨ੍ਹਾਂ (ਕੋ)ਨੂੰ ਚੇਤੇ ਕਰਨ ਨਾਲ, ਦਾਸਨ ਦਾਸ ਦਾ,ਮਹਾਂ ਵਿਸਮਾਦ ਅਨੰਦ ਸੁਖੁ 'ਚ, (ਬਿਸ੍ਰਾਮੁ)ਟਿਕਾਅ ਹੁੰਦਾ ਹੈ। ਕਿਉਂਕਿ ਵਾਹਿਗੁਰੂ ਜੀ ਭਗਤਾਂ ਦੇ ਮਾਤਾ ਪਿਤਾ ਸਰੂਪ ਹਨ:- ਭਗਤ ਜਨਾਂ; ਹਰਿ ਮਾਂ ਪਿਉ ਬੇਟਾ।) ਹਰਿ ਜੀ ਮਾਤਾ. ਹਰਿ ਜੀ ਪਿਤਾ; ਹਰਿ ਜੀਉ ਪ੍ਰਤਿਪਾਲਕ॥ ਹਨ। ਜਿਵੇਂ ਮਾਤਾ ਪਿਤਾ ਬੱਚੇ ਨੂੰ ਚੇਤੇ ਕਰਦੇ ਹਨ,ਇਉਂ ਵਾਹਿਗੁਰੂ ਜੀ. ਆਪਣੇ ਪਿਆਰੇ ਭਗਤਾਂ ਨੂੰ ਰੋਮ ੨ ਦੇ ਪਿਆਰ ਨਾਲ,ਹਰ ਸਮੇਂ ਚੇਤੇ ਕਰਦੇ ਹਨ। ਯਥਾ:- ਮੇਰੇ ਰਾਮ.ਹਰਿ ਜਨ ਕੈ; ਹਉ ਬਲਿ ਜਾਈ॥ ਕੇਸਾ ਕਾ ਕਰਿ ਚਵਰੁ ਢੁਲਾਵਾ; ਚਰਣ ਧੂੜਿ ਮੁਖਿ ਲਾਈ॥)ਸਿਮਰਨ ਤੇ ਲਾਗੇ; ਜਿਨ ਆਪਿ ਦਇਆਲਾ॥ ਨਾਨਕ ਜਨ ਕੀ; ਮੰਗੈ ਰਵਾਲਾ॥) ਟਹਲ ਕਰਉ ਤੇਰੇ ਦਾਸ ਕੀ; ਪਗ ਝਾਰਉ ਬਾਲ॥ ਮਸਤਕੁ

Sri Satguru Jagjit Singh Ji eLibrary NamdhariElibrary@gmail.com

ਅਪਨਾ ਭੇਟ ਦੇਉ; ਗੁਨ ਸੁਨਉ ਰਸਾਲ॥) ਕੇਸਾ ਕਾ ਕਰਿ ਬੀਜਨਾ; ਸੰਤ ਚੰਉਰੁ ਢੁਲਾਵਉ॥ ਸੀਸੁ ਨਿਹਾਰਉ; ਚਰਣ ਤਲਿ ਧੂਰਿ ਮੁਖਿ ਲਾਵਉ॥) ਐਸੀ ਕਿਰਪਾ; ਮੋਹਿ ਕਰਹੁ॥ ਸੰਤਹ ਚਰਣ ਹਮਾਰੋ ਮਾਥਾ; ਨੈਨ ਦਰਸੁ.ਤਨਿ ਧੂਰਿ ਪਰਹੁ॥੧॥) ਜਨੁ ਰਾਤਾ; ਹਰਿ ਨਾਮ ਕੀ ਸੇਵਾ॥ ਨਾਨਕ ਪੂਜੈ; ਹਰਿ ਹਰਿ ਦੇਵਾ॥੬॥) ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ; ਤੂੰ ਭਗਤਨ ਕਾ ਪਿਆਰਾ॥) ਸਫਲੁ ਜਨਮੁ. ਹਰਿ ਜਨ ਕਾ ਉਪਜਿਆ; ਜਿਨਿ. ਕੀਨੋ ਸਉਤੁ ਬਿਧਾਤਾ॥) ਅਪੁਨੇ ਜਨ ਕਉ; ਸਾਸਿ ਸਾਸਿ ਸਮਾਰੇ॥ ਨਾਨਕ ਓਇ; ਪਰਮੇਸੁਰ ਕੇ ਪਿਆਰੇ॥) ਸੋ ਸੇਵਕੁ; ਜਿਸੁ ਕਿਰਪਾ ਕਰੀ॥ ਨਿਮਖ ਨਿਮਖ ਜਪਿ; ਨਾਨਕ ਹਰੀ॥ ਹਰੀ ਜੀ ਆਪਣੇ ਸੇਵਕ ਨੂੰ ਨਿਮਖ ੨ ਜਪਦੇ ਹਨ,ਬੜਾ ਹੀ ਗੰਭੀਰ ਭਾਵ ਇਹ ਹੈ ਕਿ ਅਸੀਂ ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਪੂਰਨ ਪਿਆਰ ਅਦਬ ਸਤਿਕਾਰ ਨਾਲ ਚੇਤੇ ਕਰੀਏ,ਕਿਉਂ ਜੋ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਸਾਨੂੰ ਹਰ ਵੇਲੇ ਚੇਤੇ ਕਰਦੇ ਹਨ। ਯਥਾ:- ਪ੍ਰਭ ਕਉ ਜਨੁ ਅੰਤਰਿ ਰਿਦ ਲੋਚੈ; ਪ੍ਰਭ ਜਨ ਕੇ ਸਾਸ ਨਿਹਾਰੇ॥ ਮਹਾਰਾਜ ਸਾਹਿਬ ਜੀ ਦੇਖਦੇ ਹਨ ਕਿ ਮੇਰੇ ਜਨ ਨੂੰ ਕੋਈ ਸਾਹ ਔਖਾ ਤਾਂ ਨਹੀਂ ਆਉਂਦਾ,ਇਸ ਲਈ ਹੀ, ਸੰਤਨ ਦੁਖ ਪਾਏ ਤੇ; ਦੁਖੀ॥ ਸੁਖ ਪਾਏ ਸਾਧਨ ਕੇ; ਸੁਖੀ॥

ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥ ੩:- ਪ੍ਰੇਮੀਆਂ ਨੇ ਪ੍ਰੇਮ ਬੇਨਤੀ ਕੀਤੀ, ਹੇ ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀਓ! ਆਪ ਜੀ ਬਹੁਤ ਨਿਰਮਲ, ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ ਪਰਮ ਉੱਚੀ ਸੁੱਚੀ ਗੁਰਬਾਣੀ ਉਚਾਰ ਰਹੇ ਹੋਂ। ਕਬੀਰ. ਮੇਰੀ ਸਿਮਰਨੀ; ਰਸਨਾ ਊਪਰਿ ਰਾਮੁ॥ ਇਹ ਤਾਂ ਬਹੁਤ ਉੱਚੀ ਅਵਸਥਾ ਬਾਰੇ, ਆਪ ਜੀ ਨੇ ਫ਼ੁਰਮਾਇਆ ਹੈ ਕਿ ਦਾਸਨ ਦਾਸ ਦੀਆਂ ਰੋਮ ੨ ਦੀਆਂ ਰਸਨਾਂ ਉੱਪਰ ਰਾਮ ਜੀ ਵਸਦੇ ਹਨ। ਰੋਮ ੨ ਕਰਕੇ ਵਾਹਿਗੁਰੂ ਦਾ ਜਾਪ ਕਰਨਾ, ਆਪ ਜੀ ਦੀ ਸ੍ਰਬ ਵਿਆਪੀ ਸਿਮਰਨੀ ਹੈ, ਜਿਸ 'ਚ ਨਿਰਯਤਨ ਹੀ ਅਜਪਾ ਜਾਪ ਹੁੰਦਾ ਹੈ। ਅਨਹਦ ਧੁਨ ਖੁੱਲ੍ ਜਾਂਦੀ ਹੈ। ਇਸ ਉਚ ਪਦ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- "ਹੇ ਰਾਮ ਪਿਆਰੇ ਜੀਓ! ਆਪਣੇ ਆਪ ਨੂੰ ਹਰ ਵੇਲੇ ਚਿਖਾ 'ਤੇ ਪਿਆ ਸਮਝੇ,ਸਦਾ ਲਈ ਜਿਉਂਦਾ ਹੀ ਮਰੇ,ਸੁਆਸ ੨ ਸਿਮਰਨ ਕਰੇ, ਤਾਂ ਮਹਾਰਾਜ ਅਵਸਥਾ ਬਖ਼ਸ਼ਦੇ ਹਨ"। "ਹਾਂ ਜੀ! ਇਸ ਤਰ੍ਹਾਂ ਦੇ ਗੁਰਮੁਖਿ ਜੀਵਤ ਮ੍ਰਿਤਕ ਕਿੰਨੇ ਕੁ ਹਨ? ਤਾਂ ਆਪ ਜੀ ਫ਼ੁਰਮਾਉਂਦੇ ਹਨ:- ਪੂਰਨ ਮਹਾਂਪੁਰਸ਼ ਜੀ ਦੀ ਇਹੋ ਹੀ ਮਹਾਂ ੨ ਵਿਸਮਾਦ ਵੱਡੀ ਵਡਿਆਈ ਹੈ, ਜਦੋਂ ਕੋਈ ਬਚਨ ਕਰਦਾ ਹੈ। ਕਬੀਰ ਸਾਹਿਬ ਜੀ ਨੂੰ ਅਸੰਖ ਗੁਣਾਂ ਦੇ ਪ੍ਰਕਾਸ਼ ਸਰੂਪ ਅੰਦਰ ਬਾਹਰ ਭਰਪੂਰ ਨਿਰਗੁਨ ਬ੍ਰਹਮ ਜੀ ਦਾ ਐਸਾ ਪ੍ਰਭਾਵ ਹਰ ਵੇਲੇ ਪੈਂਦਾ ਹੈ ਕਿ ਉਸ ਵੇਲੇ ਗੁਰਬਾਣੀ ਜੀ ਸਫ਼ੁਰਨ ਹੋ ਜਾਂਦੇ:-

ਆਦਿ ਜੁਗਾਦੀ ਸਗਲ ਭਗਤ; ਤਾ ਕੋ ਸੁਖੁ ਬਿਸ੍ਰਾਮੁ॥੧॥੩:- (ਆਦਿ)ਮੁੱਢ ਤੋਂ ਹੀ (ਜੁਗਾਦੀ)ਜੁੱਗਾਂ ਆਦਿਕਾਂ ਸਤਜੁੱਗ ਤ੍ਰੇਤਾ ਦੁਆਪਰ ਕਲਜੁੱਗ ਦੇ,ਜੋ (ਸਗਲ)ਸਾਰੇ, ਨਿਰੋਲ ਨਿਸ਼ਕਪਟ ਭਗਤ ਜੀ ਹੋਏ ਹਨ, (ਤਾ)ਤਿਨ੍ਹਾਂ ਪਿਆਰਿਆਂ (ਕੋ)ਨੂੰ ਸੁਖੁ ਸਰੂਪ ਬ੍ਰਹਮ 'ਚ (ਬਿਸ੍ਰਾਮੁ)ਟਿਕਾਅ ਹੋਇਆ ਹੈ॥੧॥ ਉਨ੍ਹਾਂ ਨੇ ਇਸ ਗੁਰਮੁਖਿ ਅਵਸਥਾ 'ਚ ਅਜਪਾ ਜਾਪ ਕੀਤਾ ਹੈ, ਜਿਵੇਂ ਸਤਿਜੁੱਗ 'ਚ ਧ੍ਰੂ ਭਗਤ ਪ੍ਰਹਲਾਦ ਭਗਤ ਹੋਏ ਹਨ, ਆਦਿ 'ਚ ਬ੍ਰਹਮਾ ਜੀ ਹੋਏ ਹਨ। ਇਸੇ ਤਰ੍ਹਾਂ ਕਲਜੁੱਗ 'ਚ ਸੁਅਮੀ ਰਾਮਾਨੰਦ ਜੀ, ਭਗਤ ਸਧਨਾ ਜੀ, ਭਗਤ ਪੀਪਾ ਜੀ, ਬੇਣੀ ਜੀ, ਭਗਤ ਰਵਿਦਾਸ ਸਾਹਿਬ ਜੀ ਬੇਅੰਤ ਮਹਾਂਪੁਰਸ਼ ਹੋਏ ਹਨ। ਭੋਲ਼ੇ ਲੋਕਾਂ ਨੂੰ ਚੇਲੇ ਬਣਾਉਣ ਦੀ ਬਜਾਏ, ਨਿਰੋਲ ਨਿਸ਼ਕਪਟ ਹੋ ਕੇ,ਸਤਿਗੁਰੂ ਪ੍ਰਮਾਤਮਾ ਜੀ ਦੀ ਬੰਦਗੀ ਕਰੋ, ਜਿਸ ਕਰਕੇ ਨਿਸਤਾਰਾ ਹੋਵੇ। ਯਥਾ:- ਸਤਿਗੁਰੁ ਬੋਹਿਥੁ. ਆਦਿ ਜੁਗਾਦੀ; ਰਾਮ ਨਾਮਿ ਨਿਸਤਾਰਾ ਹੇ॥) ਹਰਿ ਹਰਿ ਅਖਰ ਦੁਇ; ਇਹ

Sri Satguru Jagjit Singh Ji eLibrary NamdhariElibrary@gmail.com

ਮਾਲਾ॥ ਜਪਤ ਜਪਤ; ਭਏ ਦੀਨ ਦਇਆਲਾ॥ ਅਨੁਸਾਰ ਅਸੰਖ ਜੀਭਾਂ ਰੋਮਿ ਰੋਮਿ ਨਾਲ ਵਾਹਿਗੁਰੂ ੩ ਜਪ ਰਹੇ ਹਨ, ਇਹੋ ਹੀ ਆਪ ਜੀ ਦੀ ਮਾਲ਼ਾ ਹੈ। ਵਾਹਿਗੁਰੂ ਜੀ ਅਸੰਖ ਰਸਨਾ 'ਤੇ ਵਸ ਕੇ, ਆਪਣਾ ਜਾਪ ਆਪ ਹੀ ਕਰਦੇ ਹਨ। ਬ੍ਰਹਮ ਸਰੂਪ ਸ਼੍ਰੀ ਕਬੀਰ ਸਾਹਿਬ ਜੀ ਨੇ ਰੋਮਿ ੨ ਕਰਕੇ ਸਿਮਰਨ ਦੀ ਅਧਿਕ ਮਹਾਨਤਾ ਕਹੀ, ਸਚੁ ਕਹੈ. ਤਾ ਛੋਹੋ ਆਵੈ; ਅੰਤਰਿ ਬਹੁਤਾ ਰੋਹਾ॥) ਨਾਮੁ ਸੁਨਤ; ਜਨੁ ਬਿਛੂਅ ਡਸਾਨਾ॥ ਅਨੁਸਾਰ ਦੰਭੀ ਪਖੰਡੀ ਸੜ ਬਲ਼ ਗਿਆ, ਤਰਕ ਨਾਲ ਕਿਹਾ, "ਤੂੰ ਜੁਲਾਹਾ ਹੀ ਰਿਹਾ", ਕਬੀਰ ਸਾਹਿਬ ਜੀ ਹਰ ਵੇਲੇ ਵਾਹਿਗੁਰੂ ਬ੍ਰਹਮ 'ਚ ਲੀਣ ਹਨ, ਨਿਰਗੁਨ ਦੀ ਸਾਖਿਆਤਤਾ ਹੈ। ਵਾਹਿਗੁਰੂ ਜੀ ਸਰਗੁਨ ਸਰੂਪ ਧਾਰ ਕੇ ਅੰਦਰ ਬਾਹਰ ਹਰ ਵੇਲੇ ਦਰਸ਼ਨ ਦਿੰਦੇ ਹਨ। ਯਥਾ:- ਪਾਛੈ ਲਾਗੋ. ਹਰਿ ਫਿਰੈ; ਕਹਤ ਕਬੀਰ ਕਬੀਰ॥ ਇਸ ਲਈ ਕਬੀਰ ਸਾਹਿਬ ਜੀ ਨੂੰ ਗੁੱਸਾ ਨਹੀਂ ਸੀ ਆਉਂਦਾ, ਜੇ ਕੋਈ ਤਰਕ ਦਾ ਬਚਨ ਕਹਿੰਦਾ, ਆਪ ਜੀ ਗੁਰਬਾਣੀ ਉਚਾਰ ਦਿੰਦੇ, ਬਹੁਤ ਵੱਡੀ ਗੁਰਮੁਖਿ ਸਨਮੁਖ ਅਵਸਥਾ ਹੈ, ਜਦੋਂ ਉਸ ਦੰਭੀ ਨੇ ਜਾਤਿ 'ਤੇ ਤਰਕ ਕੀਤੀ, ਤਦੋਂ ਇਹ ਗੁਰਬਾਣੀ ਜੀ ਉਚਾਰੇ:-

ਹੱਸਨੇਹਾਰੁ ਬੋਲੋ- ਕਬੀਰ. ਮੇਰੀ ਜਾਤਿ ਕਉ; ਸਭੁ ਕੋ ਹਸਨੇਹਾਰੁ॥ {ਸਾਖੀ:- ਮੀਂਹ ਦੇ ਦਿਨਾਂ 'ਚ, ਖੱਡੀਆਂ ਪਾਣੀ ਨਾਲ ਭਰਨ ਤੋਂ, ਵੀਹ ਜੁਲਾਹੇ ਕੰਮ ਦੀ ਭਾਲ 'ਚ, ਬਾਹਰ ਗਏ, ਸੁੱਕੀ ਨਦੀ 'ਚ ਰੇਤਾ ਪਾਣੀ ਵਾਂਗ ਚਮਕਦਾ ਦੇਖ ਕੇ, ਬਸਤ੍ਰ ਉਤਾਰ ਲਏ, ਹੱਥ ਫੜਕੇ ਪਾਰ ਹੋਣ ਲੱਗੇ। ਦੂਜੇ ਪਾਸੇ ਜਾ ਕੇ,ਵਾਰੀ ੨ ਗਿਣਨ ਲੱਗੇ, ਪਰ ਆਪਣੇ ਆਪ ਨੂੰ ਕੋਈ ਭੀ ਨ ਗਿਣੇ, ਗਿਣਤੀ 'ਚ ੧੯ ਹੀ ਨਿੱਕਲਣ। ਇੱਕ ਡੁੱਬਿਆ ਜਾਣ ਕੇ,ਰੋਣ ਲੱਗੇ। ਇੱਕ ਜਿਮੀਂਦਾਰ ਨੇ, ਰੋਣ ਦਾ ਕਾਰਨ ਪੁੱਛਿਆ, ਇਨ੍ਹਾਂ ਆਪਣੇ ਇੱਕ ਸਾਥੀ ਡੁੱਬਣ ਦਾ ਕਾਰਨ ਦੱਸਿਆ। ਜੱਟ ਕਿਹਾ, "ਜੇ ਮੈਂ ਵੀਹ ਬੰਦੇ ਪੂਰੇ ਕਰ ਦੇਵਾਂ, ਤਾਂ ਕੀ ਦੇਵੋਂਗੇ? ਕਿਹਾ,"ਜੀ ਅਸੀਂ ਇੱਕ ਮਹੀਨਾ ਮੁਫ਼ਤ ਕੰਮ ਕਰਾਂਗੇ"। ਜਿਮੀਂਦਾਰ ਨੇ, ਲਾਈਨ 'ਚ ਖੜ੍ਹੇ ਕਰਕੇ, ਇੱਕ ਸੋਟੀ ਪਹਿਲੇ ਦੀ ਪਿੱਠ 'ਚ ਮਾਰਕੇ ਕਿਹਾ ਇੱਕ, ਵੀਹਵੇਂ ਦੇ ਮਾਰਕੇ ਕਿਹਾ ਵੀਹ। ਉਹ ਬੜੇ ਹੀ ਖੁਸ਼ ਹੋਏ ਕਿ ਸਾਡੇ ਬੰਦੇ ਪੂਰੇ ਹੋ ਗਏ ਹਨ। ਉਹ ਆਪਣੇ ਕੀਤੇ ਇਕਰਾਰ ਅਨੁਸਾਰ ਜਿਮੀਂਦਾਰ ਨਾਲ ਚੱਲ ਪਏ। ਜਿਮੀਂਦਾਰ ਨੇ ਘਰ ਲਿਜਾ ਕੇ, ਉਨ੍ਹਾਂ ਨੂੰ ਖੁਰਪੇ ਦੇ ਕੇ ਕਪਾਹ ਦੀ ਗੋਡੀ ਕਰਨ ਲਈ ਭੇਜ ਦਿਤਾ। ਕਪਾਹ ਦੇ ਪੱਤੇ ਦੇਖ ਕੇ ਬੜੇ ਹੈਰਾਨ ਹੋਏ। ਉਸ ਜਗ੍ਹਾ ਡੀਲਾ ਖੱਬਲ ਤੇ ਕਾਹੀ ਆਦਿਕ ਘਾਹ ਵੀ ਖੜ੍ਹਾ ਸੀ। ਜੁਲਾਹਿਆਂ ਕਿਹਾ, "ਡੀਲਾ ਸਾਡਾ ਕਬੀਲਾ, ਕਾਹੀ ਸਾਡੀ ਜੁਲਾਹੀ, ਖੱਬਲ ਸਾਡਾ ਟੱਬਰ, ਪਰ ਪੱਤਿਆਂ ਵਾਲੀ ਕਿਉਂ ਆਈ? ਇਹ ਆਖ ਕੇ ਘਾਹ ਦੀ ਬਜਾਏ, ਸਾਰੀ ਕਪਾਹ ਪੁੱਟ ਸੁੱਟੀ। ਜਦੋਂ ਜਿਮੀਂਦਾਰ ਉਨ੍ਹਾਂ ਪਾਸ ਪੁੱਜਾ ਤਾਂ ਇਹ ਕੌਤਕ ਦੇਖ ਕੇ, ਬੜਾ ਹੈਰਾਨ ਹੋ ਕੇ ਗੁੱਸੇ ਨਾਲ ਪੁੱਛਣ ਲੱਗਾ, "ਓਇ ਪਾਗ਼ਲੋ, ਇਹ ਕੀ ਕੀਤਾ? ਤਾਂ ਉਨ੍ਹਾਂ ਇਹੋ ਹੀ ਉੱਤ੍ਰ ਦਿਤਾ, "ਕਾਹੀ ਸਾਡੀ ਜੁਲਾਹੀ, ਖੱਬਲ ਸਾਡਾ ਟੱਬਰ, ਡੀਲਾ ਸਾਡਾ ਕਬੀਲਾ, ਪਰ ਇਹ ਪੱਤਿਆਂ ਵਾਲੀ ਕਿਉਂ ਆਈ? ਜਿਮੀਂਦਾਰ ਸਬਰ ਤੇ ਗੁੱਸੇ ਦਾ ਘੁੱਟ ਭਰ ਕੇ ਚੁੱਪ ਕਰ ਰਿਹਾ। ਦੂਜੇ ਦਿਨ ਉਸ ਨੇ ਬਾਲ਼ਣ ਲਿਆਉਣ ਲਈ, ਇੱਕ ਗੱਡਾ ਦਿਤਾ। ਸਾਰੇ ਗੱਡੇ 'ਚ ਬੈਠ ਗਏ। ਰਸਤੇ 'ਚ ਗੱਡਾ ਚੀਂ ਚੀਂ ਕਰਨ ਲੱਗਾ, ਧੁੱਪ ਨਾਲ ਕਿੱਲ ਪੱਤੀਆਂ ਤੱਤੇ ਹੋ ਗਏ। ਉਨ੍ਹਾਂ ਵਿਚਾਰ ਕੀਤੀ ਕਿ ਗੱਡੇ ਨੂੰ ਬੁਖ਼ਾਰ ਹੋ ਗਿਆ ਹੈ। ਇਸ ਕਰਕੇ ਵਿਚਾਰਾ ਰੋਂਦਾ ਹੈ। ਥੋੜ੍ਹੀ ਦੂਰ ਜਾ ਕੇ ਚੀਂ ਚੀਂ ਦੀ ਅਵਾਜ਼ ਬੰਦ ਹੋ ਗਈ ਤਾਂ ਉਨ੍ਹਾਂ ਸਮਝਿਆ ਹੁਣ ਗੱਡਾ ਮਰ ਗਿਆ ਹੈ। ਇਹ ਵਿਚਾਰ ਕੇ ਉਨ੍ਹਾਂ ਬਾਲਣ ਇਕੱਠਾ ਕਰਕੇ, ਉਸ ਗੱਡੇ ਉੱਪਰ ਪਾ ਕੇ, ਅੱਗ ਲਾ ਦਿਤੀ। ਜਦ ਉਹ ਸੜ ਕੇ ਸੁਆਹ ਹੋ ਗਿਆ ਤਾਂ ਕੁੱਝ ਚਿਰ ਪਿੱਛੋਂ ਉਸ ਦੀਆਂ ਕਿੱਲ ਪੱਤੀਆਂ ਕੱਪੜੇ 'ਚ ਬੰਨ੍ਹ ਕੇ ਜੱਟ ਦੇ ਘਰ ਨੂੰ ਰੋਂਦੇ ੨ ਤੁਰ ਪਏ। ਜਿਮੀਂਦਾਰ ਬੂਹੇ 'ਚ ਖੜ੍ਹਾ ਬਾਲਣ ਦੀ ਉਡੀਕ ਕਰ ਰਿਹਾ ਸੀ। ਰੋਂਦੇ ਆਉਂਦਿਆਂ ਨੂੰ ਪੁੱਛਿਆ,"ਗੱਡਾ ਕਿੱਥੇ ਹੈ? ਇਨ੍ਹਾਂ 'ਚੋਂ

Sri Satguru Jagjit Singh Ji eLibrary NamdhariElibrary@gmail.com

ਇੱਕ ਬੋਲਿਆ,"ਚੌਧਰੀ ਜੀ! ਕੀ ਦੱਸੀਏ, ਰਸਤੇ 'ਚ ਜਾਂਦਿਆਂ ਗੱਡੇ ਨੂੰ ਬੁਖ਼ਾਰ ਹੋ ਗਿਆ, ਵਿਚਾਰਾ ਥੋੜਾ ਚਿਰ ਰੋਂਦਾ ਰਿਹਾ, ਫੇਰ ਮਰ ਗਿਆ, ਤੁਸੀਂ ਕੋਈ ਫ਼ਿਕਰ ਨ ਕਰਨਾ, ਅਸੀਂ ਉਸ ਦਾ ਸਸਕਾਰ ਵੀ ਕਰ ਦਿਤਾ ਹੈ। ਫੁੱਲ ਵੀ ਚੁਣ ਲਿਆਂਦੇ ਹਨ। ਆਪ ਜੀ ਨੇ ਉਨ੍ਹਾਂ ਨੂੰ ਗੰਗਾ ਜੀ ਵਿਖੇ ਪਹੁੰਚਾਣ ਦੀ ਖੇਚਲ ਕਰਨੀ। ਤਕਦੀਰ ਅੱਗੇ ਤਦਬੀਰ ਦਾ ਕੋਈ ਜ਼ੋਰ ਨਹੀਂ ਚੱਲਦਾ। ਪੰਜਾਂ ਦਸਾਂ ਰੁਪਈਆਂ ਦਾ ਕੋਈ ਖ਼ਿਆਲ ਨ ਕਰਨਾ"। ਇਹ ਸੁਣ ਕੇ ਜੱਟ ਨੂੰ ਬੜਾ ਹੀ ਗੁੱਸਾ ਆਇਆ, ਕਹਿਣ ਲੱਗਾ, "ਮੰਦ ਭਾਗੀਓ! ਇਸ ਵੇਲੇ ਹੀ ਮੇਰੇ ਘਰੋਂ ਨਿੱਕਲ ਜਾਉ। ਮੈਨੂੰ ਇਹੋ ਜਿਹੇ ਗਵਾਰ ਨੌਕਰਾਂ ਦੀ ਉੱਕਾ ਹੀ ਲੋੜ ਨਹੀਂ"। ਗ਼ਰੀਬ ਜੁਲਾਹਿਆਂ ਨੂੰ ਇਸ ਤਰ੍ਹਾਂ ਦੀਆਂ ਬਨਾਉਟੀ ਮਸਕਰੀਆਂ ਕਰਕੇ ਸਭ ਕੋਈ ਹੱਸਦਾ ਹੈ।

ਦੂਜੀ ਸਾਖੀ:- ਪਠਾਣ ਨਾਲ ਨੌਕਰ ਜੁਲਾਹਾ. ਉਸ ਦੇ ਸਹੁਰੇ ਘਰ ਗਿਆ। ਰਾਤ ਨੂੰ ਮਕਾਨ ਦੀ ਛੱਤ ਉੱਤੇ ਪਾਣੀ ਛਿੜਕ ਕੇ, ਪਲੰਘ ਡਾਹ ਦਿਤਾ। ਮੱਛਰਦਾਨੀ ਲਾ ਕੇ ਮਲਮਲ ਦੀ ਚਾਦਰ ਪਾਸ ਰੱਖ ਦਿਤੀ। ਜੁਲਾਹੇ ਲਈ ਟੁੱਟੀ ਜਿਹੀ ਮੁੰਞ ਦੀ ਮੰਜੀ ਪਠਾਨ ਤੋਂ ਦੂਰੇਡੇ ਡਾਹ ਦਿਤੀ। ਗਰਮੀ ਹੋਣ ਕਾਰਨ, ਪਠਾਨ ਨੇ ਇਸ ਨੂੰ ਪੱਖਾ ਕਰਨ ਲਈ ਪਾਸ ਬੁਲਾਇਆ। ਗਰਮੀ ਨੀਂਦ ਦਾ ਸਤਾਇਆ, ਮਜ਼ਬੂਰਨ ਪਠਾਨ ਨੂੰ ਪੱਖਾ ਝੱਲਣ ਲੱਗਾ। ਪਠਾਨ ਨੂੰ ਗਾੜ੍ਹੀ ਨੀਂਦ ਆ ਗਈ। ਪੱਖਾ ਕਰੀ ਜਾਂਦਾ ਸੋਚੇ- ਦੇਖੋ ਅੱਲਾ ਤਾਲਾ ਵੀ ਬੜਾ ਡਾਢਾ ਹੈ, ਇਸ ਨੂੰ ਕਿਤਨੇ ਸੁਖ ਬਖ਼ਸ਼ੇ ਹਨ, ਮੈਂ ਕਿਤਨਾ ਗ਼ਰੀਬ ਮੁਥਾਜ ਹਾਂ। ਯਥਾ:- ਇਕਿ ਨਿਹਾਲੀ ਪੈ ਸਵਨ੍ਹਿ; ਇਕਿ ਉਪਰਿ ਰਹਨਿ ਖੜੇ॥ ਕਦੇ ਇਹੋ ਜਿਹਾ ਦਿਨ ਮੇਰੇ 'ਤੇ ਵੀ ਖ਼ੁਦਾ ਜੀ ਲਿਆਉਣਗੇ, ਮੈਂ ਵੀ ਆਪਣੇ ਸਹੁਰੇ ਘਰ ਮਕਾਨ 'ਤੇ ਮੰਜਾ ਡਾਹ ਕੇ ਸੌਂਵਾਂਗਾ। ਅਗਲੇ ਚੜ੍ਹਦੇ ਸਿਆਲ ਮੰਗਣੀ ਨਿਕਾਹ ਮਗਰੋਂ, ਦੂਜੀ ਵਾਰ ਚੜ੍ਹਦੇ ਪੋਹ, ਵਹੁਟੀ ਲੈਣ ਲਈ ਸਹੁਰੇ ਘਰ ਗਿਆ, ਨਿੱਘੇ ਸੁਆਗਤ ਨੇ, ਉਸ ਪਠਾਨ ਦੀ ਯਾਦ ਅੱਗੇ ਲੈ ਆਂਦੀ। ਬੈਠਕ 'ਚ ਇਸ ਦਾ ਮੰਜਾ ਡਾਹ ਕੇ, ਉੱਪਰ ਰਜਾਈ ਰੱਖ ਦਿਤੀ। ਕਹਿਣ ਲੱਗਾ, "ਮੈਂ ਬਾਹਰ ਛੱਤ ਉਤੇ ਸੌਣਾ ਹੈ"। ਕਿਹਾ, "ਇੱਥੇ ਬੜੀ ਹੀ ਸਰਦੀ ਹੈ, ਬਾਹਰ ਨ ਸੌਂਵੋ। ਜੁਲਾਹੇ ਨੇ ਹਠ ਕੀਤਾ, ਕਿਹਾ, "ਮੈਂ ਬਾਹਰ ਹੀ ਸੌਣਾ ਹੈ"। ਇਸ ਦੇ ਬਹੁਤ ਕਹਿਣ 'ਤੇ, ਉਨ੍ਹਾਂ ਨੇ ਪਾਣੀ ਛਿੜਕ ਕੇ, ਉੱਪਰ ਮੰਜਾ ਡਾਹ ਦਿਤਾ ਕਿ ਜਦੋਂ ਠੰਢ ਲੱਗੂ ਆਪੇ ਹੇਠਾਂ ਭੱਜਾ ਆਊ। ਪਰ ਇਹ ਸਰਦੀ ਹੋਣ ਦੇ ਬਾਵਜੂਦ ਵੀ ਚਾਦਰ ਤਾਣ ਕੇ ਪੈ ਗਿਆ। ਇਸ ਦੇ ਸਾਲ਼ੇ ਨੂੰ ਰਜਾਈ ਕਾਰਣ ਪੈਂਦਿਆਂ ਹੀ ਨੀਂਦ ਆ ਗਈ। ਠੰਢ ਨਾਲ ਸ਼ੀਰ ਸੁੰਨ ਹੋ ਗਿਆ। ਠੰਢ ਨਾਲ ਮਰ ਹੋ ਕੇ ਚਾਕੂ ਵਾਂਗ ਇਕੱਠਾ ਹੋ ਗਿਆ। ਇਸ ਦੀ ਵਹੁਟੀ ਜਗੌਣ ਆਈ, ਕਸੀ ਢੋਲਕੀ ਵਾਂਗ ਆਕੜਿਆ ਤੱਕਿਆ, ਦੰਦੀਆਂ ਬਾਹਰ ਨਿਕਲੀਆਂ ਦੇਖ ਕੇ ਕਿਹਾ, "ਅੱਲਾ ਤਾਰਿਆ ਹੱਸਦਾ ਹੈ। ਪਾਸ ਜਾ ਕੇ ਦੇਖਿਆ, ਅੱਲਾ ਕੋਲ਼ ਪੁੱਜ ਚੁੱਕਾ ਹੈ। ਮਸਖ਼ਰਿਆਂ ਨੇ ਬਣਾਉਟੀ ਗੱਲ ਘੜੀ ਹੈ}

ਹੱਸਨੇਹਾਰੁ- ਕਬੀਰ. ਮੇਰੀ ਜਾਤਿ ਕਉ; ਸਭੁ ਕੋ ਹਸਨੇਹਾਰੁ॥ ਬਲਿਹਾਰੀ. ਇਸ ਜਾਤਿ ਕਉ; ਜਿਹ. ਜਪਿਓ ਸਿਰਜਨਹਾਰੁ॥੨॥੧. ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- "ਭਾਵੇਂ ਬਸਤ੍ਰ ਬੁਨਣੇ, ਨੰਗੇਜ਼ ਢਕਣਾ, ਸਮਾਜ ਦੀ ਬਹੁਤੀ ਹੀ ਚੰਗੀ ਤੋਂ ਚੰਗੀ ਸੇਵਾ ਹੈ, ਪਰ ਘਟੀਆ ਖ਼ਿਆਲ ਦੇ ਲੋਕ, ਨੀਵੀਂ ਸੇਵਾ ਕਰਨ ਵਾਲਿਆਂ ਤੋਂ ਨਫ਼ਰਤ ਕਰਦੇ ਹਨ" (ਮੇਰੀ)ਦਾਸਨ ਦਾਸ ਦੀ ਜੁਲਾਹੇ ਜਾਤਿ (ਕਉ)ਨੂੰ, ਸਭੁ (ਕੋ)ਕੋਈ ਮਸਖ਼ਰੀ ਘਿਰਣਾ ਕਰਕੇ (ਹਸਨੇਹਾਰੁ)ਹੱਸਣ ਵਾਲਾ ਹੈ। ਇਸ ਨੀਵੀਂ ਜਾਤਿ (ਕਉ)ਤੋਂ ਦਾਸਨ ਦਾਸ (ਬਲਿਹਾਰੀ)ਕੁਰਬਾਨ ਜਾਂਦਾ ਹੈ। (ਜਿਹ)ਜਿਸ ਨੀਵੀਂ

Sri Satguru Jagjit Singh Ji eLibrary NamdhariElibrary@gmail.com

ਜਾਤਿ ’ਚ ਪ੍ਰਗਟ ਹੋ ਕੇ, ਦਾਸਨ ਦਾਸ ਨੇ, ਕੋਟਿ ਬ੍ਰਹਮੰਡ ਦੇ (ਸਿਰਜਨਹਾਰੁ)ਰਚਨਹਾਰ ਪਿਆਰੇ ਵਾਹਿਗੁਰੂ ਜੀ, ਰੋਮ ੨ ਦੀ ਰਸਨਾ ਨਾਲ ਲਗਾਤਾਰ ਇੱਕ ਰਸ (ਜਪਿਓ)ਜਪੇ ਹਨ॥੨॥

{ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ਅਨਤਕਲਾਵਾਨ ਵਿਆਪਕ ਬ੍ਰਹਮ ਜੀ ’ਚੋਂ ਪ੍ਰਗਟੇ,ਪੂਰਨ ਬ੍ਰਹਮ ਸਰੂਪ ਭਗਤ ਸਾਹਿਬਾਨ ਜੀ ਦੀ ਭਗਤ ਜਾਤੀ ਹੈ। ਮਹਾ ਪੁਰਖਾ ਕਾ ਬੋਲਣਾ; ਹੋਵੈ ਕਿਤੈ ਪਰਥਾਇ॥ ਅਨੁਸਾਰ, ਜ਼ਾਤੀ ਨਫ਼ਰਤ ਮੇਟਣ ਲਈ ,ਬੜਾ ਹੀ ਉੱਚਾ ਸ੍ਰਬ ਵਿਆਪੀ ਮਹਾਂ ਵਿਸਮਾਦ ਰਹਸ ਸਿਧਾਂਤ. ਗੂੜ੍ਹੀਆਂ ਰਮਜ਼ਾਂ ਹਨ। ਸ੍ਰੀ ਕਬੀਰ ਸਾਹਿਬ ਜੀ ਦੇ ਨਵੇਂ ਪੁਰਾਣੇ ਸਰਧਾਲੂਆਂ ’ਤੇ, ਗ਼ਲਤ ਅਸਰ ਨ ਹੋਵੇ, ਕਿ ਆਪ ਜੀ ਜੁਲਾਹੇ ਹਨ। ਉਹ ਸ੍ਰੀ ਕਬੀਰ ਸਾਹਿਬ ਜੀ ਨੂੰ ਰੱਬ ਸਰੂਪ ਕਰਕੇ ਮੰਨਣ, ਉਨ੍ਹਾਂ ਨੂੰ ਇਕਾਗ੍ਰਤਾ ਮਹਾਰਾਜ ਸਾਹਿਬ ਜੀ ਦੀ ਪ੍ਰਾਪਤੀ ਹੋਵੇ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਨੇ ਸਜੇ ਦੀਵਾਨ, ਗੁਰੂ ਜੀ ਕੇ ਲੰਗਰ ’ਚ, ਰੰਕ ਨੂੰ ਸਤਿਸੰਗਤ ਉਚ ਪਦਵੀ ਬਖ਼ਸ਼ ਕੇ ਸਮਾਨ ਬੈਠਾਇਆ ਹੈ। ਯਥਾ:- ਰਾਣਾ ਰੰਕ ਬਰਾਬਰੀ; ਪੈਰੀ ਪਵਣਾ ਜਗਿ ਵਰਤਾਇਆ॥ ਪਰਮਪੂਜਨੀਕ ਦਸਵੇਂ ਪਾਤਿਸਾਹ ਜੀ ਨੇ, ਛੱਤ੍ਰੀ ਜੱਟ ਝਿਉਰ ਨਾਈ ਛੀਂਬੇ ਤਰਖਾਣ ਮਜ਼ਹਬੀ ਸਿੱਖ ਚਮਿਆਰ ਸਾਰੀਆਂ ਜ਼ਾਤਾਂ ਨੂੰ ਅੰਮ੍ਰਿਤ ਛਕਾ ਕੇ, ਰੰਗਰੇਟੇ ਗੁਰੂ ਕੇ ਬੇਟੇ। ਬਣਾਏ ਹਨ, ਸਿੱਖੀ, ਜ਼ਾਤਿ ਪਾਤਿ ਤੋਂ ਮੁਕਤ ਕੀਤੀ ਹੈ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਜੁਲਾਹੇ ਨਾਈ ਛੀਂਬੇ ਚਮਿਆਰ ਜੱਟ ਮੁਸਲਮਾਨ ਪੰਡਿਤ ਜ਼ਾਤਾਂ ਦੇ, ਪਰਮਪੂਜਨੀਕ ਭਗਤ ਸਾਹਿਬਾਨ ਜੀ ਦੀ ਬਾਣੀ ਨੂੰ ਆਪਣੀ ਪਰਮਪਵਿੱਤ੍ਰ ਸੱਚੀ ਗੁਰਬਾਣੀ ਜੀ ਦੀ ਬਰਾਬਰੀ ਬਖ਼ਸ਼ੀ ਹੈ। ੧੪੩੦ ਅੰਗ ਗੁਰਬਾਣੀ ਬਖ਼ਸ਼ ਕੇ, ਜ਼ਾਤੀ ਨਫ਼ਰਤ ਮੇਟੀ ਹੈ। ਯਥਾ:- ਸੂਹੀ ਮਹਲਾ ੪ ਘਰੁ ੬॥ ੴ ਸਤਿਗੁਰ ਪ੍ਰਸਾਦਿ॥ ਨੀਚ ਜਾਤਿ. ਹਰਿ ਜਪਤਿਆ; ਉਤਮ ਪਦਵੀ ਪਾਇ॥ ਪੂਛਹੁ. ਬਿਦਰ ਦਾਸੀ ਸੁਤੈ; ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥ ਹਰਿ ਕੀ ਅਕਥ ਕਥਾ, ਸੁਨਹੁ ਜਨ ਭਾਈ; ਜਿਤੁ ਸਹਸਾ ਦੂਖ ਭੂਖ ਸਭ ਲਹਿ ਜਾਇ॥੧॥ ਰਹਾਉ॥ ਰਵਿਦਾਸੁ ਚਮਾਰੁ ਉਸਤਤਿ ਕਰੇ; ਹਰਿ ਕੀਰਤਿ. ਨਿਮਖ ਇਕ ਗਾਇ॥ ਪਤਿਤ ਜਾਤਿ. ਉਤਮੁ ਭਇਆ; ਚਾਰਿ ਵਰਨ. ਪਏ ਪਗਿ ਆਇ॥੨॥ ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ; ਲੋਕੁ ਛੀਪਾ ਕਹੈ ਬੁਲਾਇ॥ ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ; ਹਰਿ. ਨਾਮਦੇਉ ਲੀਆ ਮੁਖਿ ਲਾਇ॥੩॥ ਜਿਤਨੇ ਭਗਤ. ਹਰਿ ਸੇਵਕਾ; ਮੁਖਿ ਅਠਸਠਿ ਤੀਰਥ. ਤਿਨ ਤਿਲਕੁ ਕਢਾਇ॥ ਜਨੁ ਨਾਨਕੁ. ਤਿਨ ਕਉ ਅਨਦਿਨੁ ਪਰਸੇ; ਜੇ. ਕ੍ਰਿਪਾ ਕਰੇ ਹਰਿ ਰਾਇ॥੪॥੧॥੮॥) ਅਗੈ. ਜਾਤਿ ਨ ਜੋਰੁ ਹੈ; ਅਗੈ ਜੀਉ ਨਵੇ॥ ਜਿਨ ਕੀ. ਲੇਖੈ ਪਤਿ ਪਵੈ; ਚੰਗੇ ਸੇਈ ਕੇਇ॥) ਜਾਤਿ ਕਾ ਗਰਬੁ; ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ; ਸੋ ਬ੍ਰਾਹਮਣੁ ਹੋਈ॥੧॥ ਜਾਤਿ ਕਾ ਗਰਬੁ ਨ ਕਰਿ; ਮੂਰਖ ਗਵਾਰਾ॥ ਇਸੁ ਗਰਬ ਤੇ; ਚਲਹਿ ਬਹੁਤੁ ਵਿਕਾਰਾ॥੧॥ ਰਹਾਉ॥ ਚਾਰੇ ਵਰਨ; ਆਖੈ ਸਭੁ ਕੋਈ॥ ਬ੍ਰਹਮੁ ਬਿੰਦ ਤੇ; ਸਭ ਓਪਤਿ ਹੋਈ॥੨॥) ਜਾਤਿ ਅਜਾਤਿ; ਜਪੈ ਜਨੁ ਕੋਇ॥ ਜੋ ਜਾਪੈ; ਤਿਸ ਕੀ ਗਤਿ ਹੋਇ॥੩॥) ਪਗੀਂ ਪੋਲਾ- ਜਾਤ ਨਜਾਤਿ ਦੇਖਿ ਮਤ ਭਰਮਹੁ; ਸੁਕ. ਜਨਕ ਪਗੀਂ ਲਗਿ ਧਿਆਵੈਗੋ॥) ਚਕ੍ਰ ਚਿਹਨ ਅਰੁ ਬਰਨ ਜਾਤਿ; ਅਰੁ ਪਾਤਿ ਨਹਿਨ ਜਿਹ॥) ਤੁਮ ਕਤ ਬ੍ਰਾਹਮਣ; ਹਮ ਕਤ ਸੂਦ॥ ਹਮ ਕਤ ਲੋਹੂ; ਤੁਮ ਕਤ ਦੂਧ॥੩॥) ਜਾਤਿ ਅਜਾਤਿ ਅਜੋਨੀ ਸੰਭਉ; ਨਾ ਤਿਸੁ ਭਾਉ. ਨ ਭਰਮਾ॥) ਨਾਰਿ ਪੁਰਖੁ ਨਹੀ. ਜਾਤਿ ਨ ਜਨਮਾ; ਨਾ ਕੋ ਦੁਖੁ ਸੁਖੁ ਪਾਇਦਾ॥) ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥ ਅਨੁਸਾਰ ਵਾਹਿਗੁਰੂ ਬ੍ਰਹਮ ਜੀ ਦੀ ਜ਼ਾਤਿ ਪਾਤਿ ਕੁਲ ਗੋਤ ਨਹੀਂ ਹੈ। ਜ਼ਾਤੀ ਨਫ਼ਰਤ ਵਾਲੇ, ਸੰਤ ਦੋਖੀਆਂ ਨੇ, ਜੀਆਂ ਨੂੰ ਵੱਢ ਕੇ, ਲਹੂ ਦੀਆਂ ਨਦੀਆਂ ਵਗਾ ਦਿਤੀਆਂ। ਬੜੀ ਵੱਡੀ ਗੱਲ ਹੈ, ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਿਸਾਹ ਜੀ ਸਨਮੁਖ ਫ਼ੁਰਮਾਉਂਦੇ ਹਨ:- ਵਿਚਿ ਸਨਾਤੀ; ਸੇਵਕੁ ਹੋਇ॥

Sri Satguru Jagjit Singh Ji eLibrary NamdhariElibrary@gmail.com

ਨਾਨਕ; ਪਨ੍ਹੀਆ ਪਹਿਰੈ ਸੋਇ॥ ਹੇ ਵਾਹਿਗੁਰੂ ਜੀ! (ਸਨਾਤੰਂ)ਨੀਚ ਤੋਂ ਨੀਚ ਸਨਾਤ ਜ਼ਾਤਿ ਵਿਚਿ ਆਪ ਜੀ ਦਾ ਸੇਵਕੁ ਹੋਵੇ, ਦਾਸਨ ਦਾਸ ਦੇ ਚਮੜੇ ਦੇ (ਪਨ੍ਹੀਆ)ਜੋੜੇ ਪਹਿਨੇ। ਸਨਾਤ ਜ਼ਾਤਿ ਨਾਲ ਚੰਡਾਲ ਭੀ ਨਹੀਂ ਵਰਤਦੇ। ਸੇਵਕੁ ਦੀ ਐਡੀ ਵੱਡੀ ਮਹਾਨਤਾ ਕਹੀ ਹੈ। ਬਾਲਮੀਕੁ ਸੁਪਚਾਰੋ ਤਰਿਓ; ਬਧਿਕ ਤਰੇ ਬਿਚਾਰੇ॥) ਸੈਨੁ ਨਾਈ ਬੁਤਕਾਰੀਆ; ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ; ਭਗਤਾ ਮਹਿ ਗਨਿਆ॥੩॥) ਭਗਤੁ ਭਗਤੁ ਜਗਿ ਵਜਿਆ; ਚਹੁੰ ਚਕਾਂ ਦੇ ਵਿਚਿ ਚਮਿਰੇਟਾ। ਜਿਨ੍ਹਾਂ ਤੋਂ ਦੁਨੀਆਂ ਨਫ਼ਰਤ ਕਰਦੀ ਸੀ, ਨੀਵੀਂ ਜਾਤ ਵਾਲਿਆਂ ਨੂੰ ਭੀ ਭਗਤ ਕਬੀਰ ਸਾਹਿਬ ਜੀ ਵਡਿਆਉਂਦੇ ਹਨ। ਭਲਾ ਉੱਚੀ ਜ਼ਾਤੀ ਵਾਲਿਆਂ ਦਾ ਤਾਂ ਕਹਿਣਾ ਕੀ ਹੈ? ਇੱਕ ਤਾਂ ਸੋਨੇ ਦਾ ਭਾਂਡਾ ਹੋਵੇ, ਦੂਜਾ ਉਸ 'ਚ ਅੰਮ੍ਰਿਤ ਪੈ ਜਾਵੇ, ਇਹ ਤਾਂ ਚੰਗੀ ਗੱਲ ਹੈ। ਨੀਵੀਂ ਜ਼ਾਤਿ ਵਾਲੇ ਜਿਨ੍ਹਾਂ ਨੇ ਨਾਮ ਜਪਿਆ ਹੈ, ਉਨ੍ਹਾਂ ਦੀ ਨੀਵੀਂ ਜ਼ਾਤਿ ਤੋਂ ਬਲਿਹਾਰ ਜਾਈਏ, ਕਿਉਂਕਿ ਉਹ ਨਾਮ ਜਪ ਕੇ ਪ੍ਰਮਾਤਮਾ ਜੀ ਦੀ ਜ਼ਾਤਿ ਭਗਤਾਂ 'ਚ ਗਿਣੇ ਗਏ। ਯਥਾ:- ਜਾਤਿ ਵਰਨ ਤੇ, ਭਏ ਅਤੀਤਾ; ਮਮਤਾ ਲੋਭੁ ਚੁਕਾਇਆ॥੭॥ ਨਾਮਿ ਰਤੇ. ਤੀਰਥ ਸੇ ਨਿਰਮਲ; ਦੁਖੁ ਹਉਮੈ ਮੈਲੁ ਚੁਕਾਇਆ॥ ਨਾਨਕੁ. ਤਿਨ ਕੇ ਚਰਨ ਪਖਾਲੈ; ਜਿਨਾ. ਗੁਰਮੁਖਿ ਸਾਚਾ ਭਾਇਆ॥ ਸੋ ਜਿਹੜੀ ਉਨ੍ਹਾਂ ਦੀ ਨੀਵੀਂ ਜਾਤ ਸੀ, ਉਸ ਤੋਂ ਅਤੀਤ ਹੋ ਗਏ ਹਨ। ਜਿਵੇਂ ਬ੍ਰਹਮ ਜੀ ਦੀ ਕੋਈ ਜਾਤ ਨਹੀਂ, ਉਨ੍ਹਾਂ ਪਿਆਰਿਆਂ ਦੀ ਭੀ ਕੋਈ ਜਾਤ ਨਹੀਂ। ਸੋ ਸ੍ਰੀ ਕਬੀਰ ਸਾਹਿਬ ਜੀ ਨੇ ਕਮਾਲ ਕਰ ਦਿਤੀ ਹੈ, ਕਿ ਨੀਵੀਂ ਜਾਤ ਦੇ ਪੂਰਨ ਭਗਤ ਸਲਾਹੁਣ ਯੋਗ ਹਨ,ਕਿਉਂ ਜੋ ਮਹਾਰਾਜ ਜੀ ਦੀ ਪ੍ਰੇਮਾ- ਭਗਤੀ ਕਰਦੇ ਹਨ। ਨੀਵੀਂ ਤੋਂ ਨੀਵੀਂ ਜਾਤਿ 'ਚ ਪੈਦਾ ਹੋ ਕੇ ਪ੍ਰੇਮੀ ਜਾਪ ਕਰਕੇ ਨਿਹਾਲ ਹੋਵੇ, ਜਿਵੇਂ ਭਗਤ ਸ੍ਰੀ ਰਵਿਦਾਸ ਸਾਹਿਬ ਜੀ, ਸ੍ਰੀ ਸੈਣ ਭਗਤ ਜੀ, ਸ੍ਰੀ ਧੰਨਾ ਭਗਤ ਜੀ, ਬਾਬਾ ਫ਼ਰੀਦ ਸਾਹਿਬ ਜੀ, ਸ੍ਰੀ ਬਾਲਮੀਕ ਜੀ। ਯਥਾ:- ਨੀਚ ਜਾਤਿ. ਹਰਿ ਜਪਤਿਆ; ਉਤਮ ਪਦਵੀ ਪਾਇ॥ ਇਹ ਤਾਂ ਬਹੁਤ ਵੱਡੀ ਬਹਾਦਰੀ ਹੈ, ਨੀਵੀਂ ਜਾਤ 'ਚ ਪੈਦਾ ਹੋ ਕੇ, ਮਹਾਰਾਜ ਸਾਹਿਬ ਜੀ ਦਾ ਸਿਮਰਨ, ਜਾਪ ਕਰਨਾ। ਨੀਵੀਂ ਤੋਂ ਨੀਵੀਂ ਜਾਤ ਵਾਲਾ ਸਿਮਰਨ ਵਾਲਾ ਮਹਾਂਪੁਰਸ਼ ਹੋਵੇ, ਜ਼ਾਤੀ ਨਫ਼ਰਤ ਕਰਨ ਦੀ ਬਜਾਏ, ਉਨ੍ਹਾਂ ਦੀ ਸ਼ੁਭ ਸੱਚੀ ਸੇਵਾ ਸ਼ਰਧਾ ਕਰਕੇ, ਉਨ੍ਹਾਂ ਤੋਂ ਸਿਮਰਨ ਵਾਹਿਗੁਰੂ ਜੀ ਦੀ ਪ੍ਰਾਪਤੀ ਕਰੋ ਜੀ। ਯਥਾ:- ਜਾਤਿ ਜਨਮੁ. ਨਹ ਪੂਛੀਐ; ਸਚ ਘਰੁ. ਲੇਹੁ ਬਤਾਇ॥

ਕਬੀਰ. ਮੇਰੀ ਜਾਤਿ ਕਉ; ਸਭੁ ਕੋ ਹਸਨੇਹਾਰੁ॥ ਬਲਿਹਾਰੀ ਇਸ ਜਾਤਿ ਕਉ; ਜਿਹ ਜਪਿਓ ਸਿਰਜਨਹਾਰੁ॥੨॥੨:- ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- "ਦਾਸਨ ਦਾਸ ਦੀ ਬੁੱਧੀ, ਤਿਆਗ ਵੈਰਾਗ ਸਾਧੂਆਂ ਸੰਤਾਂ ਦੀ ਸੇਵਾ ਅਤੇ ਗੁਰਬਾਣੀ ਉਚਾਰਨ ਵਾਲੀ ਹੈ। ਬ੍ਰਹਮਾਕਾਰ ਬੁੱਧੀ 'ਚ ਕੇਵਲ ਗੁਰਬਾਣੀ ਹੀ ਗੁਰਬਾਣੀ ਜੀ ਹਨ, ਧਨ ਪਦਾਰਥ ਵਿਕਾਰ ਔਗੁਣਾਂ ਦੀ ਪਕੜ ਨਹੀਂ। ਧਨ ਪਦਾਰਥ ਸ਼ੀਰ ਕਰਕੇ ਸਤਿਸੰਗਤ ਜੀ ਦੀ ਸੇਵਾ ਕਰਦਾ ਹਾਂ। ਸਾਧੂਆਂ ਨੂੰ ਮੰਜੇ 'ਤੇ ਪਾਉਂਦਾ ਹਾਂ, ਪਰਵਾਰ ਨੂੰ ਭੁੰਜੇ ਪਾਉਂਦਾ ਹਾਂ। ਆਪ ਪਰਵਾਰ ਸਮੇਤ ਦਾਣੇ ਚੱਬ ਲੈਂਦਾ ਹਾਂ, ਸਾਧੂਆਂ ਨੂੰ ਪ੍ਰਛਾਦੇ ਛਕਾ ਦਿੰਦਾ ਹਾਂ, ਗੁਰਬਾਣੀ ਉਚਾਰਨ ਵਾਲੀ (ਮੇਰੀ)ਦਾਸਨ ਦਾਸ ਦੀ (ਜਾਤਿ)ਬੁੱਧੀ (ਕਉ)ਨੂੰ, ਸਭੁ (ਕੋ) ਕੋਈ(ਹਸਨੇਹਾਰੁ) ਹੱਸਣ ਵਾਲਾ ਹੈ। ਦਾਸਨ ਦਾਸ ਇਸ (ਜਾਤਿ)ਬੁੱਧੀ (ਕਉ)ਤੋਂ (ਬਲਿਹਾਰੀ)ਕੁਰਬਾਨ ਜਾਂਦਾ ਹੈ, (ਜਿਹ)ਜਿਸ ਨੇ (ਸਿਰਜਨਹਾਰੁ)ਅਕਾਲ ਪੁਰਖ ਵਾਹਿਗੁਰੂ ਜੀ (ਜਪਿਓ)ਜਪੇ ਹਨ॥੨॥ ਯਥਾ:- ਕਬੀਰ. ਮੇਰੀ ਬੁਧਿ ਕਉ; ਜਮੁ. ਨ ਕਰੈ ਤਿਸਕਾਰ॥ ਜਿਨਿ ਇਹੁ ਜਮੂਆ ਸਿਰਜਿਆ; ਸੁ ਜਪਿਆ ਪਰਵਿਦਗਾਰ॥ ਯਥਾ:- ਜੇ ਕੋ ਨਾਉ ਲਏ. ਬਦਨਾਵੀ; ਕਲਿ ਕੇ ਲਖਣ ਏਈ॥ ਸੰਸਾਰੀ ਧੰਦੇ ਛੱਡ ਕੇ ਇੱਕ ਅਕਾਲ ਪੁਰਖ ਜੀ

Sri Satguru Jagjit Singh Ji eLibrary NamdhariElibrary@gmail.com

ਦੇ ਸਿਮਰਨ 'ਚ ਦਾਸਨ ਦਾਸ ਲੀਨ ਹੈ। ਯਥਾ:- ਤਨਨਾ ਬੁਨਨਾ ਸਭੁ; ਤਜਿਓ ਹੈ ਕਬੀਰ॥ ਹਰਿ ਕਾ ਨਾਮੁ; ਲਿਖਿ ਲੀਓ ਸਰੀਰ॥੧॥ ਰਹਾਉ॥ ਜਬ ਲਗੁ; ਤਾਗਾ ਬਾਹਉ ਬੇਹੀ॥ ਤਬ ਲਗੁ; ਬਿਸਰੈ ਰਾਮੁ ਸਨੇਹੀ॥੨॥ {ਧਰਮ- ਕ੍ਰਿਤ ਕਰਨੀ ਅਤੀ ਹੀ ਜ਼ਰੂਰੀ ਹੈ, ਪਰ ਜਿਹੜੇ ਮਹਾਂਪੁਰਸ਼ ਤੱਤ ਬੇਤੇ ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥ ਬਹੁਤ ਉੱਚੇ ਹੋਏ ਹਨ। ਸੰਸਾਰ ਵੱਲ ਦੇਖਦੇ ਹੀ ਨਹੀਂ, ਨ ਕੋਈ ਗੱਲ ਸੁਣਦੇ ਹਨ, ਉਨ੍ਹਾਂ ਦਾ ਰਿਦਾ ਰੋਮ ੨ ਹਰ ਵੇਲੇ ਜਾਪ ਕਰਦਾ ਹੈ। ਵਾਹਿਗੁਰੂ 'ਚ ਲੀਣ ਰਹਿੰਦੇ ਹਨ, ਉਨ੍ਹਾਂ ਦੇ ਪਾਕ ਦਰਸ਼ਨ ਕਰਨ ਵਾਲੇ, ਉਪਦੇਸ਼ ਸੁਣਨ ਕਮਾਉਣ ਵਾਲੇ, ਅਨੇਕਾਂ ਜੀਵ ਤਰਦੇ ਹਨ। ਸੰਸਾਰ 'ਤੇ ਸਦਾ ਲਈ ਤਰ ਰਹੇ ਹਨ, ਇਸ ਲਈ ਇਹ ਤਾਂ ਬਹੁਤ ਉੱਚੀ ਸਟੇਜ਼ ਹੈ। ਧਰਮ- ਕ੍ਰਿਤ ਕਰਕੇ ਦਸਵੰਧ ਦੇਣ ਦਾ, ਗੁਰੂ ਸਾਹਿਬ ਜੀ ਦਾ ਹੁਕਮ ਹੈ, ਹਾਥ ਪਾਉ ਕਰਿ ਕਾਮੁ ਸਭੁ; ਚੀਤੁ ਨਿਰੰਜਨ ਨਾਲਿ॥ ਗੁਰਮਤਿ 'ਚ ਸਾਰੀਆਂ ਗੱਲਾਂ ਅੱਵਲ ਹਨ, ਗੁਰਬਾਣੀ ਪੜ੍ਹਨ ਸੁਣਨ ਸਿਮਰਨ ਵਾਲਾ ਪ੍ਰੇਮੀ ਵੱਧ ਧਰਮ- ਕ੍ਰਿਤ ਪਰਉਪਕਾਰ ਕਰੇ ਕਰਾਵੇਗਾ। ਨਸ਼ਿਆਂ ਵਿਸ਼ਿਆਂ ਦੋਸ਼ਾਂ ਔਗੁਣਾਂ ਰੋਗਾਂ ਤੋਂ ਬਚਿਆ ਰਹੇਗਾ, ਹੋਰਨਾਂ ਨੂੰ ਬਚਾਵੇਗਾ।

ਕਬੀਰ.ਡਗਮਗ ਕਿਆ ਕਰਹਿ; ਕਹਾ ਡੁਲਾਵਹਿ ਜੀਉ॥ ਸਰਬ ਸੂਖ ਕੋ ਨਾਇਕੋ; ਰਾਮ ਨਾਮ ਰਸੁ ਪੀਉ॥੩॥{ਆਪ ਜੀ ਨੂੰ ਅੰਦਰ ਬਾਹਰ ਨਿਰਗੁਨ ਬ੍ਰਹਮ ਜੀ ਸਾਖਿਆਤ ਹੋ ਰਹੇ ਹਨ। ਆਪ ਜੀ ਨੂੰ ਤ੍ਰਿਪਤ ਬੈਠਿਆਂ ਦੇਖ ਕੇ, ਸਤਿਸੰਗੀ ਪ੍ਰੇਮੀਆਂ, ਪ੍ਰੇਮ ਬੇਨਤੀ ਕੀਤੀ, ਹੇ ਸਾਹਿਬ ਜੀਓ! ਦਾਸਨ ਦਾਸਾਂ ਦਾ ਮਨ ਪਦਾਰਥਾਂ ਵਿਕਾਰਾਂ ਮਾਇਆ ਵਾਸਨਾ 'ਚ, ਬਹੁਤ ਹੀ ਡੋਲਦਾ ਹੈ। ਯਥਾ:- ਮਨੁ; ਟਿਕਣੁ ਨ ਪਾਵੈ ਰਾਈ॥) ਕਬਹੂ ਜੀਅੜਾ.ਊਭਿ ਚੜਤੁ ਹੈ; ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ. ਥਿਰੁ ਨ ਰਹਤੁ ਹੈ; ਚਾਰੇ ਕੁੰਡਾ ਭਾਲੇ॥੨॥) ਅੰਦਰਿ ਮੈਲੁ.ਨ ਉਤਰੈ ਹਉਮੈ; ਫਿਰਿ ਫਿਰਿ ਆਵੈ ਜਾਵੈ॥) ਮਨਮੁਖ ਤੇ.ਅਭ ਭਗਤਿ ਨ ਹੋਵਸਿ; ਹਉਮੈ ਪਚਹਿ ਦਿਵਾਨੇ॥ ਇਹੁ ਮਨੂਆ.ਖਿਨੁ ਊਭਿ ਪਇਆਲੀ; ਜਬ ਲਗਿ.ਸਬਦ ਨ ਜਾਨੇ॥੩॥ ਆਪ ਜੀ ਕ੍ਰਿਪਾ ਕਰੋ ਜੀ, ਔਗੁਣਾਂ ਪਾਪਾਂ 'ਚ ਮਨ ਨ ਡੋਲੇ,ਇਹ ਸੁਣ ਕੇ ਉਮਾਹ ਉਤਸ਼ਾਹ ਨਾਲ ਇਸ ਸਲੋਕ ਦਾ ਅੰਮ੍ਰਿਤ ਰਸਭਿੰਨਾ ਕੀਰਤਨ ਕਰਨ ਲੱਗੇ।} ਵਾਹਿਗੁਰੂ ਬ੍ਰਹਮ ਜੀ ਦੇ ਸਰਗੁਨ ਅਵਤਾਰ ਭਗਤ ਕਬੀਰ ਸਾਹਿਬ ਜੀ, ਸਿਮਰਨ ਵੱਲੋਂ ਡਾਵਾਂਡੋਲ ਮਨ ਨੂੰ ਉਤਸ਼ਾਹਤ ਕਰਦਿਆਂ ਫ਼ੁਰਮਾ ਰਹੇ ਹਨ:- ਹੇ ਕਬੀਰ! ਵਿਸ਼ੇ ਵਾਸਨਾ,ਪਦਾਰਥਾਂ ਵੱਡੇ ਬਨਣ, ਬੇਅੰਤ ਜੀਆਂ ਨੂੰ ਮਾਰਨ ਫ਼ੂਕਣ ਔਗੁਣਾਂ ਕੁਕਰਮਾਂ ਵਿਸ਼ਿਆਂ ਨਸ਼ਿਆਂ'ਚ, (ਡਗਮਗ)ਡਾਵਾਂਡੋਲ ਪੁਣਾ (ਕਿਆ)ਕਿਸ ਲਈ (ਕਰਹਿ)ਕਰਦਾ ਹੈਂ? ਇਨ੍ਹਾਂ 'ਚ (ਜੀਉ)ਚਿੱਤ (ਕਹਾ)ਕਿਉਂ (ਡੁਲਾਵਹਿ)ਡੁਲਾ ਰਿਹਾ ਹੈਂ? ਜੋ ਰੋਗ ਬੰਧਨ ਕਲੇਸ ਕਸ਼ਟ ਰੂਪ ਹਨ। ਵਾ ਮਨ ਨੂੰ ਪ੍ਰਮਾਰਥ ਦੇ (ਮਗ)ਰਸਤੇ ਵਲੋਂ (ਡਗ)ਵਿੰਗਾ (ਕਿਆ)ਕਿਸ ਲਈ (ਕਰਹਿ)ਕਰਦਾ ਹੈਂ? ਯਥਾ:- ਮਨ ਰੇ. ਛਾਡਹੁ ਭਰਮੁ, ਪ੍ਰਗਟ ਹੋਇ ਨਾਚਹੁ; ਇਆ ਮਾਇਆ ਕੇ ਡਾਂਡੇ॥ ਸੂਰੁ ਕਿ ਸਨਮੁਖ ਰਨ ਤੇ ਡਰਪੈ; ਸਤੀ ਕਿ ਸਾਂਚੈ ਭਾਂਡੇ॥੧॥ ਡਗਮਗ ਛਾਡਿ; ਰੇ ਮਨ ਬਉਰਾ॥ ਅਬ ਤਉ ਜਰੇ ਮਰੇ. ਸਿਧਿ ਪਾਈਐ; ਲੀਨੋ ਹਾਥਿ ਸੰਧਉਰਾ॥੧॥

ਸਰਬ ਸੂਖ ਕੋ ਨਾਇਕੋ; ਰਾਮ ਨਾਮ ਰਸੁ ਪੀਉ॥੩॥) ਕਵਲਾ; ਚਰਨ ਸਰਨ ਹੈ ਜਾ ਕੇ॥ ਕਹੁ ਜਨ; ਕਾ ਨਾਹੀ ਘਰ ਤਾ ਕੇ॥੩॥ ਸਭੁ ਕੋਊ ਕਹੈ; ਜਾਸੁ ਕੀ ਬਾਤਾ॥ ਸੋ ਸੰਮ੍ਰਥੁ; ਨਿਜ ਪਤਿ ਹੈ ਦਾਤਾ॥ ਉਨ੍ਹਾਂ ਦੇ ਘਰ 'ਚ ਕਿਹੜੀ ਵਸਤੂ ਨਹੀਂ ਹੈ? ਸਾਰੀ ਦੁਨੀਆਂ ਜਿਨ੍ਹਾਂ ਦੇ ਜਸ ਦੀ ਗੱਲ ਕਰ ਰਹੀ ਹੈ। ਤੁਮ ਦਾਤੇ ਠਾਕੁਰ ਪ੍ਰਤਿਪਾਲਕ; ਨਾਇਕ ਖਸਮ ਹਮਾਰੇ॥ ਅਨੁਸਾਰ (ਸਰਬ)ਸਾਰੇ ਸੂਖ (ਕੋ)ਦੇ ਦਾਤੇ (ਨਾਇਕੋ)ਖਸਮ ਮਾਲਕ, ਸਰਬ ਕਲਾ ਭਰਪੂਰ ਪ੍ਰਭ; (ਰਾਮ)ਪਿਆਰੇ ਵਾਹਿਗੁਰੂ ਜੀ ਦੇ ਮਹਾਂ ਵਿਸਮਾਦ ਨਾਮ ਰਸੁ ਅੰਮ੍ਰਿਤ ਨੂੰ, ਸਤਿਗੁਰਾਂ ਦੀ ਕ੍ਰਿਪਾ ਨਾਲ (ਪੀਉ)ਪੀਣਾ ਕਰ, ਹੇ ਮਨ!॥੩॥ ਯਥਾ:- ਪੀ ਅੰਮ੍ਰਿਤ; ਸੰਤਨ ਪ੍ਰਸਾਦਿ॥ ਮਹਾਂ ਵਿਸਮਾਦ

Sri Satguru Jagjit Singh Ji eLibrary NamdhariElibrary@gmail.com

ਅਮੋਲਕ ਪ੍ਰੇਮ ਬੇਨਤੀ:- ਪੰਜਾਂ ਪਿਆਰਿਆਂ ਦੁਆਰਾ,ਸੰਪੂਰਨ ਪੰਜ ਬਾਣੀਆਂ ਪੜ੍ਹ ਕੇ ਤਿਆਰ ਕੀਤਾ,ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਸਤਿਸੰਗਤ ਜੀ ਦੀ ਚਰਨ- ਧੂੜ ਬਣ ਕੇ, ਗੁਰਸੰਗਤ ਜੀ 'ਚ ਸਦਾ ਰਹਿੰਦਿਆਂ, ਚਾਅ ਨਾਲ ਸੇਵਾ ਕਰਦਿਆਂ, ਗੁਰਸਬਦ ਕਥਾ ਕੀਰਤਨ ਸਿਮਰਨ ਕਰਨ ਤੋਂ, ਪਰਮਪੂਜਨੀਕ ਸਤਿਗੁਰੂ ਗ੍ਰੰਥ ਸਾਹਿਬ ਜੀ ਆਪਣੇ ਪ੍ਰੇਮੀ ਸੇਵਕ ਜੀ ਦੇ ਦਿਲ ਦਿਮਾਗ਼'ਚ ਹਰ ਸਮੇਂ ਗੁਰਬਾਣੀ ਭੇਜਦੇ ਰਹਿੰਦੇ ਹਨ। ਦਿਲ ਚੋਂ ਮੂੰਹ 'ਚ ਅੰਮ੍ਰਿਤ ਹਰ ਸਮੇਂ ਭੇਜਦੇ ਰਹਿੰਦੇ ਹਨ। ਐਸਾ ਮਹਾਂ ਵਿਸਮਾਦ ਅੰਮ੍ਰਿਤ ਰਸ ਪੀਣਾ ਕਰ। ਯਥਾ:- ਅੰਤਰਿ ਖੂਹਟਾ.ਅੰਮ੍ਰਿਤਿ ਭਰਿਆ; ਸਬਦੇ.ਕਾਢਿ ਪੀਐ ਪਨਿਹਾਰੀ॥) ਬਿਖੈ ਬਨੁ ਫੀਕਾ, ਤਿਆਗਿ ਰੀ ਸਖੀਏ; ਨਾਮੁ ਮਹਾ ਰਸੁ ਪੀਓ॥ ਬਿਨੁ ਰਸ ਚਾਖੇ.ਬੁਡਿ ਗਈ ਸਗਲੀ; ਸੁਖੀ.ਨ ਹੋਵਤ ਜੀਓ॥) ਬਾਰੰਬਾਰ ਬਾਰ; ਪ੍ਰਭੁ ਜਪੀਐ॥ ਪੀ ਅੰਮ੍ਰਿਤੁ; ਇਹੁ ਮਨੁ ਤਨੁ ਧ੍ਰਪੀਐ॥) ਮੇਰੇ ਮਨ; ਨਾਮੁ ਅੰਮ੍ਰਿਤੁ ਪੀਉ॥ ਆਨ ਸਾਦ ਬਿਸਾਰਿ ਹੋਛੇ; ਅਮਰੁ ਜੁਗੁ ਜੁਗੁ ਜੀਉ॥੧॥) ਸਾਹਿ ਸਾਹਿ ਤੁਝੁ ਸੰਮਲਾ; ਕਦੇ ਨ ਵਿਸਾਰੇਉ॥ ਜਿਉ ਜਿਉ ਸਾਹਬੁ ਮਨਿ ਵਸੈ; ਗੁਰਮੁਖਿ ਅੰਮ੍ਰਿਤੁ ਪੇਉ॥) ਮਨ ਮੇਰੇ; ਸਤਿਗੁਰ ਕੈ ਭਾਣੈ ਚਲੁ॥ ਨਿਜ ਘਰਿ ਵਸਹਿ. ਅੰਮ੍ਰਿਤੁ ਪੀਵਹਿ; ਤਾ ਸੁਖ ਲਹਹਿ ਮਹਲੁ॥੧॥) ਹਰਿ ਹਰਿ ਅੰਮ੍ਰਿਤੁ, ਹਰਿ ਮਨਿ ਭਾਵੈ; ਮਿਲਿ ਸਤਿਗੁਰ. ਅੰਮ੍ਰਿਤੁ ਪੀਜੈ ਜੀਉ॥੨॥

ਕਬੀਰ. ਕੰਚਨ ਕੇ ਕੁੰਡਲ ਬਨੇ; ਊਪਰਿ ਲਾਲ ਜੜਾਉ॥ ਦੀਸਹਿ. ਦਾਧੇ ਕਾਨ ਜਿਉ; ਜਿਨ ਮਨਿ. ਨਾਹੀ ਨਾਉ॥੪॥ ਸੋਨੇ ਦੇ ਕੁੰਡਲ ਪਾ ਕੇ, ਕੋਈ ਹੰਕਾਰੀ ਨੂੰ, ਹੰਕਾਰ 'ਚ ਆਫ਼ਰਿਆ ਫ਼ੂੰ ੨ ਕਰਦਾ ਵੇਖ ਕੇ, ਪੂਰਨ ਭਗਤ ਜੀ, ਹੰਗਤਾ ਸੋਨੇ ਦੇ ਤਿਆਗ ਦੀ ਸਿੱਖਿਆ ਦਿੰਦੇ ਹਨ। ਜਿਵੇਂ ਮਨਮੁਖ ਬੀਬੀਆਂ ਟੂਮਾਂ ਪਾ ਕੇ, ਸੋਨੇ ਦੀਆਂ ਬਦਲੀਆਂ ਬਣ ਕੇ, ਘਰਾਂ 'ਚੋਂ ਨਿਕਲਦੀਆਂ ਹਨ, ਜੋ ਮਨਮਤ ਹੈ। ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਵਾਹਿਗੁਰੂ ਬ੍ਰਹਮ ਜੀ ਦੇ ਸਰਗੁਨ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਸਤਿਸੰਗੀ ਪ੍ਰੇਮੀਓਂ! (ਕੰਚਨ)ਸੋਨੇ (ਕੇ)ਦੇ, ਕੰਨਾਂ'ਚ ਪਹਿਨਣ ਵਾਲੇ (ਕੁੰਡਲ)ਕੁੰਡਲਾਂ ਊਪਰਿ ਬੜੇ ਹੀ ਅਮੋਲਕ ਹੀਰੇ ਲਾਲ ਜੜਾਉ ਬਨੇ ਹੋਣ ਭਾਵ ਪਹਿਨੇ ਹੋਣ, (ਜਿਨ੍) ਜਿਨ੍ਹਾਂ ਦੇ ਮਨਿ 'ਚ, ਵਾਹਿਗੁਰੂ ਜੀ ਦਾ ਨਾਉ ਨਾਹੀ, ਦਾਸਨ ਦਾਸ ਨੂੰ (ਦਾਧੇ)ਸੜੇ (ਕਾਨ)ਜੰਗਲ (ਜਿਉ)ਵਾਂਗ (ਦੀਸਹਿ)ਦਿਸਦੇ ਹਨ। ਸੜੇ ਜੰਗਲ 'ਚ ਸੁਆਹ ਹੀ ਉੱਡਦੀ ਹੈ। ਸਾਬਤ ਸੂਰਤ ਨੂੰ ਭੰਨ ਕੇ ਵਗਾੜਦੇ ਹਨ। ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ। ਦਰਗਹ ਢੋਈ ਨ ਲਹੈ, ਕਾਫ਼ਰ ਕੁੱਤਾ ਸੈਤਾਨ॥੪॥ ਨਾਮੁ ਦੇ ਦਾਤੇ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;ਵਾਹਿਗੁਰੂ ਬ੍ਰਹਮ ਸਰੂਪ ਮਹੱਲਾ ਪ ਜੀ ਨਾਮੁ ਹੀਣ ਦੀ ਮੰਦੀ ਹੂ ਮੰਦੀ ਹਾਲਤ ਇਉਂ ਫ਼ੁਰਮਾਉਂਦੇ ਹਨ:- ਗਉੜੀ ਮਹਲਾ ਪ॥ ਮਿਲੁ ਮੇਰੇ ਗੋਬਿੰਦ; ਅਪਨਾ ਨਾਮੁ ਦੇਹੁ॥ ਨਾਮ ਬਿਨਾ; ਧ੍ਰਿਗੁ ਧ੍ਰਿਗੁ ਅਸਨੇਹੁ॥੧॥ ਰਹਾਉ॥ ਨਾਮ ਬਿਨਾ; ਜੋ ਪਹਿਰੈ ਖਾਇ॥ ਜਿਉ ਕੂਕਰੁ; ਜੂਠਨ ਮਹਿ ਪਾਇ॥੧॥ ਨਾਮ ਬਿਨਾ; ਜੇਤਾ ਬਿਉਹਾਰੁ॥ ਜਿਉ ਮਿਰਤਕ; ਮਿਥਿਆ ਸੀਗਾਰੁ॥੨॥ ਨਾਮੁ ਬਿਸਾਰਿ; ਕਰੇ ਰਸ ਭੋਗ॥ ਸੁਖੁ ਸੁਪਨੈ ਨਹੀ; ਤਨ ਮਹਿ ਰੋਗ॥੩॥ ਨਾਮੁ ਤਿਆਗਿ; ਕਰੇ ਅਨ ਕਾਜ॥ ਬਿਨਸਿ ਜਾਇ; ਝੂਠੇ ਸਭਿ ਪਾਜ॥੪॥ ਨਾਮ ਸੰਗਿ; ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ; ਨਰਕਿ ਜਾਵੈ॥੫॥ ਹਰਿ ਕਾ ਨਾਮੁ; ਜਿਨਿ. ਮਨਿ ਨ ਆਰਾਧਾ॥ ਚੋਰ ਕੀ ਨਿਆਈ; ਜਮ ਪੁਰਿ ਬਾਧਾ॥੬॥ ਲਾਖ ਅਡੰਬਰ; ਬਹੁਤੁ ਬਿਸਥਾਰਾ॥ ਨਾਮ ਬਿਨਾ; ਝੂਠੇ ਪਾਸਾਰਾ॥੭॥ ਹਰਿ ਕਾ ਨਾਮੁ; ਸੋਈ ਜਨੁ ਲੇਇ॥ ਕਰਿ ਕਿਰਪਾ; ਨਾਨਕ. ਜਿਸੁ ਦੇਇ॥੮॥੧੦॥) ਫਰੀਦਾ. ਤਿਨਾ ਮੁਖ ਡਰਾਵਣੇ; ਜਿਨਾ ਵਿਸਾਰਿਓਨੁ ਨਾਉ॥ ਐਥੈ. ਦੁਖ ਘਣੇਰਿਆ; ਅਗੈ. ਠਉਰ ਨ ਠਾਉ॥) ਲਖ ਟਕਿਆ ਕੇ ਮੁੰਦੜੇ; ਲਖ ਟਕਿਆ ਕੇ ਹਾਰ॥ ਜਿਤੁ ਤਨਿ ਪਾਈਅਹਿ ਨਾਨਕਾ; ਸੇ ਤਨ ਹੋਵਹਿ ਛਾਰ॥

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਰੋਮ ਰੋਮ ਨੂੰ ਨਾਮ ਰੰਗ ਚੜ੍ ਜਾਣਾ ਹੀ ਸਹੀ ਸੱਚਾ ਮਹਾਂ ਵਿਸਮਾਦ ਕੁਦਰਤੀ ਰੱਬੀ ਸੀਗਾਰ ਹੈ। ਅਸਲ ਸੁੰਦਰਤਾ ਤਾਂ ਕੁਦਰਤੀ ਹੈ, ਕੁਦਰਤੀ ਸੁੰਦਰਤਾ ਵਰਗਾ ਲੱਖ ਸ਼ਿੰਗਾਰ ਭੀ ਸੁੰਦਰ ਨਹੀਂ ਬਣ ਸਕਦਾ। ਇਸ ਲਈ ਜਿਹੜੇ ਬਾਹਰੋਂ ਸ਼ਿੰਗਾਰ ਲਾਉਂਦੇ ਹਨ,ਉਨ੍ਹਾਂ ਦੇ ਜੀਵਨ ਇਖ਼ਲਾਕ ਡਿੱਗ ਪੈਂਦੇ ਹਨ, ਹਰ ਵੇਲੇ ਵਿਕਾਰ'ਚ ਸੜਦੇ ਰਹਿੰਦੇ ਹਨ, ਤ੍ਰਿਪਤੀ ਨਹੀਂ ਹੁੰਦੀ। ਲ੍ਾਣਤਾਂ ਦੀ ਸੁਆਹ ਹੀ ਉੱਡਦੀ ਹੈ। ਯਥਾ:- ਭਾਦੁਇ. ਭਰਮਿ ਭੁਲਾਣੀਆ; ਦੂਜੈ ਲਗਾ ਹੇਤੁ॥ ਲਖ ਸੀਗਾਰ ਬਣਾਇਆ; ਕਾਰਜਿ ਨਾਹੀ ਕੇਤੁ॥ ਜਿਤੁ ਦਿਨਿ ਦੇਹ ਬਿਨਸਸੀ; ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ ਦੂਤ ਜਮ; ਕਿਸੈ. ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ; ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ; ਸਿਆਹਹੁ ਹੋਆ ਸੇਤੁ॥ ਜੇਹਾ ਬੀਜੈ ਸੋ ਲੁਣੈ; ਕਰਮਾ ਸੰਦੜਾ ਖੇਤੁ॥ ਨਾਨਕ. ਪ੍ਰਭ ਸਰਣਾਗਤੀ; ਚਰਣ ਬੋਹਿਥ ਪ੍ਰਭ ਦੇਤੁ॥ ਸੇ ਭਾਦੁਇ. ਨਰਕਿ ਨ ਪਾਈਅਹਿ; ਗੁਰੁ ਰਖਣ ਵਾਲਾ ਹੇਤੁ॥੭॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਸਾਥਿ ਨ ਚਾਲੈ. ਬਿਨੁ ਭਜਨ; ਬਿਖਿਆ ਸਗਲੀ ਛਾਰੁ॥ ਇਸ ਲਈ ਸ੍ਰੀ ਕਬੀਰ ਸਾਹਿਬ ਜੀ ਨੇ ਸੋਨਾ ਪਹਿਨਣ ਤੋਂ ਸਖ਼ਤ ਮਨਾਹੀ ਕੀਤੀ ਹੈ,ਨਾਮ ਜਪਣ ਦਾ ਵਿਸ਼ੇਸ਼ ਹੀ ਸ਼ੁਭ ਸੱਚਾ ਉਪਦੇਸ਼ ਹੈ। ਅਸਲ'ਚ ਨਾਮ ਹੀ ਮਹਾਂ ਵਿਸਮਾਦ ਸੁੰਦਰ ਗਹਿਣਾ ਹੈ। ਯਥਾ:- ਜਨ ਨਾਨਕ; ਅੰਤਿ ਵਾਰ ਨਾਮੁ ਗਹਣਾ॥ ਆਪਜੀ ਦੇਖ ਰਹੇ ਹਨ, ਕਿ ਫੈਸ਼ਨ ਦੀ ਅੱਗ'ਚ ਪੈ ਕੇ, ਜੀਵ ਬਹੁਤ ਸੜ ਬਲ਼ ਮੱਚ ਰਹੇ ਹਨ। ਯਥਾ:- ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਪਵਹਿ ਦਝਹਿ ਨਾਨਕਾ; ਤਰੀਐ ਕਰਮੀ ਲਗਿ॥)ਸੋਨਾ ਪਹਿਨ ਕੇ ਜੀਵ ਗੁਮਾਨ ਕਰਦਾ ਹੈ। ਯਥਾ:- ਬਾਬਾ; ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ. ਤਨੁ ਪੀੜੀਐ; ਮਨ ਮਹਿ. ਚਲਹਿ ਵਿਕਾਰ॥੧॥) ਰਸੁ ਸੁਇਨਾ. ਰਸੁ ਰੁਪਾ ਕਾਮਣਿ; ਰਸੁ ਪਰਮਲ ਕੀ ਵਾਸੁ॥ ਰਸੁ ਘੋੜੇ. ਰਸੁ ਸੇਜਾ ਮੰਦਰ; ਰਸੁ ਮੀਠਾ. ਰਸੁ ਮਾਸੁ॥ ਏਤੇ ਰਸ ਸਰੀਰ ਕੇ; ਕੈ ਘਟਿ. ਨਾਮ ਨਿਵਾਸੁ॥੨॥ ਵਾਹਿਗੁਰੂ ਜੀ ਦੇ ਨਾਮ ਦੀ ਪ੍ਰਾਪਤੀ ਨਹੀਂ ਹੁੰਦੀ, ਫੈਸ਼ਨ'ਚ ਜੀਵ, ਧਨ ਦੌਲਤ ਦਾ ਭੀ ਬਹੁਤ ਨੁਕਸਾਨ ਕਰਦੇ ਸੜ ਰਹੇ ਹਨ। ਸੰਸਾਰ ਨੂੰ ਠੰਢ ਤ੍ਰਿਪਤੀ ਬਖ਼ਸ਼ ਰਹੇ ਹਨ। ਸੋਨਾ ਪੈਨ੍ਣ ਕਰਕੇ ਬੇਅੰਤ ਹੀ ਚੋਰੀਆਂ ਡਾਕੇ ਮਾਸੂਮਾਂ ਦੇ ਕਤਲ ਹੋਏ ਹਨ, ਹੁਣ ਭੀ ਕੋਟਿ ਬ੍ਰਹਮੰਡ ਦੀ ਰਚਨਾ'ਚ, ਬੇਅੰਤ ਹੀ ਜੀਵ ਸੋਨੇ ਕਰਕੇ ਵੱਢੇ ਟੁੱਕੇ ਜਾ ਰਹੇ ਹਨ, ਤਾਂ ਹੀ ਭਗਤ ਜੀ ਨਾਮ ਦੀ ਮਹਾਨਤਾ ਜਣਾ ਰਹੇ ਹਨ, ਜਿਹੜਾ ਸੋਨੇ'ਚ ਮੋਹਿਤ ਹੋ ਜਾਂਦਾ ਹੈ, ਉਹ ਨਾਮ ਨਹੀਂ ਜਪਦਾ, ਪਹਿਨ ਕੇ ਹੰਕਾਰ'ਚ ਫੂੰ ੨ ਕਰਦਾ ਹੈ, ਬਿਸਟਾ ਦਾ ਕੀੜਾ ਬਣਦਾ ਹੈ। ਯਥਾ:- ਜੋ ਜਾਨੈ; ਮੈ ਜੋਬਨਵੰਤੁ॥ ਸੋ ਹੋਵਤ; ਬਿਸਟਾ ਕਾ ਜੰਤੁ॥ ਸੁਹੱਪਣ ਹੈ ਦਿਲ ਦੀ ਸਫ਼ਾਈ। ਪ੍ਰਮਾਤਮਾ ਜੀ ਨੇ ਜੀਵ ਨੂੰ ਬਹੁਤ ਸੁੰਦਰ ਬਣਾਇਆ ਹੈ, ਪਰ ਇਸ ਨੇ ਆਪਣੀ ਸਾਬਤ ਸੂਰਤ ਨੂੰ ਵਿਗਾੜ ਕੇ, ਕੁਰੂਪ ਬਣਾ ਲਿਆ ਹੈ, ਜਿਤਨਾ ਚਿਰ ਦਿਲ ਦੀ ਸਫ਼ਾਈ ਨਹੀਂ, ਉਤਨਾ ਚਿਰ ਸੁੰਦਰ ਨਹੀਂ ਹੋ ਸਕਦਾ, ਜੇ ਨੇਤ੍ ਵਿਕਾਰ ਦ੍ਰਿਸਟੀ ਨਾਲ ਦੇਖਦੇ ਹਨ, ਨੇਤ੍ ਮੈਲ਼ੇ ਹਨ, ਕੰਨ ਵਿਕਾਰੀ ਗੱਲਾਂ ਸੁਣਦੇ ਹਨ, ਕੰਨ ਮੈਲ਼ੇ ਹਨ। ਸ੍ਰੀਰ ਸ਼ਿੰਗਾਰ ਵਿਕਾਰ'ਚ ਲੱਗ ਕੇ ਖ਼ੁਆਰ ਹੋ ਰਹੇ ਹਨ। ਪ੍ਰੇਮਾ- ਭਗਤੀ ਨਾਮ ਜਪ ਜਪਾ ਕੇ ਨਿਰਗੁਨ ਬ੍ਰਹਮਜੀ'ਚ ਸਦਾ ਲੀਣਤਾ ਹੁੰਦੀ ਹੈ॥੪॥

ਕਬੀਰ. ਐਸਾ ਏਕੁ ਆਧੁ; ਜੋ ਜੀਵਤ ਮ੍ਰਿਤਕੁ ਹੋਇ॥ ਨਿਰਭੈ ਹੋਇ ਕੈ. ਗੁਨ ਰਵੈ; ਜਤ ਪੇਖਉ. ਤਤ ਸੋਇ॥੫॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਤੇਰਾ ਜਨੁ; ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ; ਹਰਿ ਪਦੁ ਚੀਨ੍ਹੈ ਸੋਈ॥੧॥) ਨਿਸਿ ਦਿਨੁ. ਮਾਇਆ ਕਾਰਨੇ; ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ; ਨਾਰਾਇਨ ਜਿਹ ਚੀਤਿ॥) ਕੋਟਿ ਮਧੇ. ਕੋਊ ਬਿਰਲਾ ਸੇਵਕੁ; ਪੂਰਨ ਭਗਤੁ ਚਿਰਾਨੋ॥੧॥ ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਹੇ ਪਿਆਰਿਓ! ਐਸਾ ਕੋਈ ਏਕੁ ਆਧੁ, ਭਾਵ ਕ੍ਰੋੜਾਂ 'ਚੋਂ ਕੋਈ ਵਿਰਲੇ ਹੀ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਪੂਰਨ ਪਰਉਪਕਾਰੀ ਪ੍ਰੇਮੀ ਗੁਰਸੇਵਕ ਭਗਤ ਪੁਰਖ ਜੀ ਹਨ, ਜੋ (ਜੀਵਤ)ਜਿਉਂਦੇ ਹੀ (ਮ੍ਰਿਤਕੁ)ਮਰੇ ਹੋਇ ਹੋਣ। ਔਗੁਣਾਂ ਪਾਪਾਂ, ਜ਼ਾਲਮਾਂ ਦੇ (ਨਿਰਭੈ)ਭੈ ਤੋਂ ਰਹਿਤ ਹੋਇ ਕੈ, ਹਰ ਸਮੇਂ ਹਰ ਗੱਲ'ਚ, ਅੰਮ੍ਰਿਤ ਕਥਾ ਕੀਰਤਨ ਦੁਆਰਾ ਵਾਹਿਗੁਰੂ ਜੀ ਦੇ ਗੁਣ ਪਰਉਪਕਾਰ (ਰਵੈ)ਉਚਾਰਦੇ ਹੋਣ, ਅਥਵਾ ਪਰਮਪੂਜਨੀਕ ਵਾਹਿਗੁਰੂ ਗੁਰੂਜੀ ਦੇ, ਸਤਿ ਸੰਤੋਖ ਦਇਆ ਧਰਮ ਵੀਚਾਰ, ਅਜਪਾ ਜਾਪ ਨਿਮ੍ਰਤਾ ਸ਼ਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ ਦਾ ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਸਹਜਿ ਬੰਦਗੀ ਨਾਮੁ ਸਿਮਰਨ ਗੁਰਬਾਣੀ ਗੁਰੂ ਸੇਵਾ ਆਦਿ ਅਨੰਤ ਸ਼ੁਭ ਗੁਨ ਪਰਉਪਕਾਰ, ਨਿਰਭੈ ਹੋ ਕੇ ਉਚਾਰਨ। ਯਥਾ:- ਭੈ ਕਾਹੂ ਕਉ ਦੇਤ ਨਹਿ; ਨਹਿ ਭੈ ਮਾਨਤ ਆਨਿ॥) ਆਪਿ ਨ ਡਰਉ ਨ ਅਵਰ ਡਰਾਵਉ॥੩॥) ਗੁਰਮੁਖਿ ਦ੍ਰਿਸ਼ਟੀ ਦੁਆਰਾ (ਜਤ)ਜਿੱਧਰ ਦੇਖਣ (ਤਤ)ਤਿੱਥੇ ਵਾਹਿਗੁਰੂ ਜੀ ਦੀ (ਸੋਇ)ਸੋਭਾ (ਪੇਖਉ)ਦੇਖਣਾ ਕਰਨ, ਭਾਵ ਨਿਰਗੁਨ ਸਰਗੁਨ ਜੀ ਆਪਣੀ ਸੋਭਾ ਅਜਾਪ ਜਾਪ ਆਪ ਕਰ ਰਹੇ ਦੇਖਣ॥੫॥ ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥) ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥ ਸਿਮਰਹਿ; ਖੰਡ ਦੀਪ ਸਭਿ ਲੋਆ॥ ਸਿਮਰਹਿ; ਪਾਤਾਲ ਪੁਰੀਆ ਸਚੁ ਸੋਆ॥ ਸਿਮਰਹਿ ਖਾਣੀ.ਸਿਮਰਹਿ ਬਾਣੀ; ਸਿਮਰਹਿ ਸਗਲੇ ਹਰਿ ਜਨਾ॥੨॥)ਚਾੜ੍ਹਿਕ ਮੋਰ ਬੋਲਤ ਦਿਨੁ ਰਾਤੀ; ਸੁਨਿ ਘਨਿਹਰ ਕੀ ਘੋਰ॥੨॥ ਜੋ ਬੋਲਤ ਹੈ.ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ.ਜਾਪਤ ਹੈ ਨਹੀ ਹੋਰ॥) ਤੁਧੁ ਬਿਨੁ ਦੂਜਾ; ਨਾਹੀ ਕੋਇ॥ ਤੂ ਕਰਤਾਰੁ; ਕਰਹਿ ਸੋ ਹੋਇ॥ ਜਿਵੇਂ ਪਰਮ ਪੂਜਨੀਕ ਪੂਰਨ ਸੰਤ ਬਾਬਾ ਅਤਰ ਸਿੰਘ ਸਾਹਿਬ ਜੀ ਨੂੰ ਕਿਸੇ ਪ੍ਰੇਮੀਂ ਪੁੱਛਿਆ,"ਹੇ ਮਹਾਂਪੁਰਸ਼ ਜੀਉ !ਵਾਹਿਗੁਰੂ ਜੀ ਦੇ ਦਰਸ਼ਨ ਕਰਾ ਦਿਉ ਜੀ! ਸਾਹਮਣੇ ਕੀੜੀ ਤੁਰੀ ਆਉਂਦੀ ਦੇਖ ਕੇ, ਬਾਬਾ ਜੀ ਕਿਹਾ,"ਭਾਈ ਔਹ ਦੇਖ!ਕੀੜੀ ਦਾ ਸਰੂਪ ਧਾਰ ਕੇ ਆ ਰਹੇ ਹਨ"।

ਜਿਉਂਦੇ ਮਰਨ ਬਾਰੇ, ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- {ਪੂਰਨ ਸੰਤਾਂ ਮਹਾਂਪੁਰਖਾਂ ਜੀ ਦੀ ਸੁਸੰਗਤ ਸ੍ਰੇਸ਼ਟ ਸੰਗਤ ਕਰਕੇ, ਸ਼ਰਾਬ ਤਿਆਗਣ ਤੋਂ ਉਸ ਦੇ ਸਾਥੀ ਕਹਿਣ,"ਸਾਡੇ ਨਾਲ ਪੀ। " ਅੱਗੋਂ ਕਹੇ,"ਨਹੀਂ"। ਓਹ ਕਹਿਣ,"ਸਾਡੇ ਵੱਲੋਂ ਮਰ ਗਿਆ ਅਸੀਂ ਤੇਰੇ ਵੱਲੋਂ ਮਰ ਗਏ,ਤੇਰੇ ਡੱਕੇ ਤੋੜ ਦੇਈਏ?" "ਹਾਂ ਭਾਈ। "ਮਰ ਗਿਆ ਦਾ ਭਾਵ ਇਹ ਨਹੀਂ ਕਿ ਸ਼ੀਰ ਕਰਕੇ ਮਰ ਗਿਆ। ਇੰਦ੍ਰਿਆਂ ਦੇ ਵਿਸ਼ਿਆਂ ਕੁਸੰਗਤ ਕੁਕਰਮਾਂ ਵੱਲੋਂ ਮਰ ਜਾਵੇ,ਅੱਖਾਂ ਪਰਾਇਆ ਰੂਪ ਨ ਦੇਖਣ, ਕੰਨ ਨਿੰਦਿਆ ਚੁਗਲੀ,ਵਿਕਾਰ ਦੀ ਗੱਲ ਨ ਸੁਣਨ,ਜ਼ਬਾਨ ਝੂਠ ਫਿੱਕਾ ਕਉੜਾ ਨ ਬੋਲੇ,ਰਸਨਾ ਰਸਾਂ ਕਸਾਂ ਦੇ ਭੋਗਾਂ 'ਚ ਨ ਲੱਗੇ,ਚਮੜੀ ਸਪਰਸ ਦਾ ਸੁਆਦ ਛੱਡੇ। ਪੈਰ ਕੁਸੰਗਤ ਵੱਲ ਨਾ ਜਾਣ। ਹੱਥ ਚੋਰੀ ਨਾ ਕਰਨ। ਮੁਰਦੇ ਵਾਂਗ, ਮਨ ਕੋਈ ਭੀ ਮੰਦਾ ਸੰਕਲਪ ਵਿਕਲਪ ਨ ਉਠਾਵੇ, ਔਗੁਣ ਕੁਸੰਗ ਸਬੰਧੀਆਂ ਦੇ ਮੋਹ,ਵਡਿਆਈ ਦੀ ਇੱਛਾ ਕਲੇਸ਼,ਇੰਦ੍ਰਿਆਂ ਦੇ ਸੁਆਦਾਂ,ਮੰਦੇ ਸੰਕਲਪਾਂ, ਸੰਸਾਰ ਵੱਲੋਂ ਸਦਾ ਲਈ ਜਿਉਂਦਾ ਮਰ ਕੇ,ਭਗਤ ਜੈਦੇਵ ਜੀ ਭਗਤ ਨਾਮਦੇਵ ਜੀ ਭਗਤ ਸ੍ਰੀ ਸੈਣ ਜੀ ਭਗਤ ਪੀਪਾ ਜੀ ਵਾਂਗ, ਪੂਰਨ ਪ੍ਰੇਮ ਸ਼ਰਧਾ ਸਹਿਤ ਸੁਆਸ ੨ ਵਾਹਿਗੁਰੂ ੩ ਜੀ ਰੋਮ ੨ ਕਰਕੇ ਜਪ ਜਪਾ ਕੇ,ਪੂਰਨ ਬ੍ਰਹਮ ਜੀ 'ਚ ਲੀਣ ਹੋ ਜਾਵੇ, ਜਿਉਂਦੇ ਮਰਨਾ ਹੈ। ਯਥਾ:- ਸਲੋਕੁ ਮਃ੨॥ ਅਖੀ ਬਾਝਹੁ. ਵੇਖਣਾ; ਵਿਣੁ ਕੰਨਾ. ਸੁਨਣਾ॥ ਪੈਰਾ ਬਾਝਹੁ. ਚਲਣਾ; ਵਿਣੁ ਹਥਾ. ਕਰਣਾ॥ ਜੀਭੈ ਬਾਝਹੁ. ਬੋਲਣਾ; ਇਉ ਜੀਵਤ ਮਰਣਾ॥ ਨਾਨਕ. ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ॥੧॥) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ।

Sri Satguru Jagjit Singh Ji eLibrary NamdhariElibrary@gmail.com

ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥੧੮॥) ਜੀਵਤ ਮਰੈ; ਬੁਝੈ ਪ੍ਰਭੁ ਸੋਇ॥ ਤਿਸੁ ਜਨ; ਕਰਮਿ ਪਰਾਪਤਿ ਹੋਇ॥੧॥) ਮੁਖਹੁ ਅਲਾਏ ਹਭ ਮਰਣੁ; ਪਛਾਣੰਦੋ ਕੋਇ॥ ਨਾਨਕ. ਤਿਨਾ ਖਾਕੁ; ਜਿਨਾ ਯਕੀਨਾ ਹਿਕ ਸਿਉ॥੧॥) ਮੁਆ ਕਬੀਰੁ; ਰਮਤ ਸ੍ਰੀ ਰਾਮੈ॥੫॥੧੫॥) ਮਰਨੋ ਮਰਨੁ; ਕਹੈ ਸਭੁ ਕੋਈ॥ ਸਹਜੇ ਮਰੈ; ਅਮਰੁ ਹੋਇ ਸੋਈ॥੨॥)

ਕਬੀਰ.ਜਾ ਦਿਨ ਹਉ ਮੂਆ; ਪਾਛੈ ਭਇਆ ਅਨੰਦੁ॥ ਮੋਹਿ ਮਿਲਿਓ. ਪ੍ਰਭੁ ਆਪਨਾ; ਸੰਗੀ ਭਜਹਿ ਗੋਬਿੰਦੁ॥੬॥ ਪ੍ਰੇਮੀਆਂ ਪੁੱਛਿਆ,"ਆਪ ਜੀ ਦਾ ਬਹੁਤ ਵੱਡਾ ਪ੍ਰਤਾਪ ਹੈ, ਚਾਰ ਚੁਫ਼ੇਰੇ ਧੰਨ ਕਬੀਰ, ਧੰਨ ਕਬੀਰ ਸਾਹਿਬ ਜੀ ਹੋ ਰਹੀ ਹੈ। ਆਪ ਜੀ ਹਰ ਵੇਲੇ ਵਿਗਾਸ ਚਾਅ ਉਤਸ਼ਾਹ ਨਾਲ ਅੰਮ੍ਰਿਤ ਕਥਾ ਕੀਰਤਨ ਸੁਣਾ ਕੇ, ਸਤਿ- ਧਰਮ ਦਾ ਸ਼ੁਭ ਸੱਚਾ ਉਪਦੇਸ਼ ਦੇ ਕੇ, ਗੁਰਬਾਣੀ ਉਚਾਰ ਕੇ, ਅਨੇਕਾਂ ਜੀਆਂ ਨੂੰ ਤਾਰ ਰਹੇ ਹੋਂ ਜੀ। ਹਰ ਸਮੇਂ ਬ੍ਰਹਮਾਨੰਦ- ਰਸ ਅਜਪਾ ਜਾਪ ਨੂੰ ਪ੍ਰਾਪਤ ਹੋ ਰਹੇ ਹੋਂ, ਹਰ ਵੇਲੇ ਭਜਨ ਸਿਮਰਨ ਦਾ ਪ੍ਰਵਾਹ ਚੱਲਦਾ ਹੈ, ਅਨੇਕਾਂ ਪ੍ਰੇਮੀ ਆਪ ਜੀ ਦੇ ਮੁਰੀਦ ਬਣਦੇ ਹਨ, ਆਪ ਜੀ ਨੂੰ, ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਐਡੀ ਵੱਡੀ ਅਵਸਥਾ ਕਿਸ ਤਰ੍ਹਾਂ ਪ੍ਰਾਪਤ ਹੋਈ?"

ਕਬੀਰ. ਜਾ ਦਿਨ ਹਉ ਮੂਆ; ਪਾਛੈ ਭਇਆ ਅਨੰਦੁ॥ ਸ੍ਰਬ ਵਿਆਪੀ ਪੂਰਨ ਬ੍ਰਹਮ ਜੀ ਦੇ ਅਵਤਾਰ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ, ਆਪਿ ਕਮਾਉ; ਅਵਰਾ ਉਪਦੇਸ॥ ਅਨੁਸਾਰ, ਆਪ ਕਮਾ ਕੇ ਫ਼ੁਰਮਾਉਂਦੇ ਹਨ:- ਸਭ ਤੇ ਵਡਾ ਸਤਿਗੁਰੁ ਨਾਨਕੁ; ਜੀ ਦੀ ਅਗਮ ਅਪਾਰ ਮਹਾਂ ਵਿਸਮਾਦ ਕ੍ਰਿਪਾ ਦਾ ਸਦਕਾ, ਹੇ ਪ੍ਰੇਮੀਓ! (ਹਉ)ਦਾਸਨ ਦਾਸ (ਜਾ)ਜਿਸ ਦਿਨ ਤੋਂ, ਜੀਵਤ ਭਾਵ ਤੋਂ (ਮੂਆ)ਮਰਿਆ, ਅਥਵਾ ਦਾਸਨ ਦਾਸ ਦਾ (ਹਉ)ਹੰਕਾਰ ਮਰਿਆ, ਉਸ ਦਿਨ ਤੋਂ (ਪਾਛੈ)ਬਾਅਦ, ਦਾਸਨ ਦਾਸ ਨੂੰ (ਅਨੰਦੁ)ਬ੍ਰਹਮਾਨੰਦ ਰਸ ਪ੍ਰਾਪਤ (ਭਇਆ)ਹੋਇਆ ਹੈ। ਯਥਾ:- ਕਹੁ ਨਾਨਕ; ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥੨॥) ਆਪੁ ਗਇਆ; ਤਾ ਆਪਹਿ ਭਏ॥ ਕ੍ਰਿਪਾ ਨਿਧਾਨ ਕੀ; ਸਰਨੀ ਪਏ॥) ਜਿਸੁ ਗੁਰ ਪ੍ਰਸਾਦਿ; ਤੂਟੈ ਹਉ ਰੋਗੁ॥ ਨਾਨਕ ਸੋ ਜਨੁ; ਸਦਾ ਅਰੋਗੁ॥) ਗੁਰ ਪ੍ਰਸਾਦਿ; ਜਾ ਕਾ ਮਿਟੈ ਅਭਿਮਾਨੁ॥ ਸੋ ਜਨੁ ਨਾਨਕ; ਦਰਗਹ ਪਰਵਾਨੁ॥੨॥

ਮੋਹਿ ਮਿਲਿਓ. ਪ੍ਰਭੁ ਆਪਨਾ; ਸੰਗੀ ਭਜਹਿ ਗੋਬਿੰਦੁ॥੬॥ (ਮੋਹਿ)ਦਾਸਨ ਦਾਸ ਨੂੰ (ਪ੍ਰਭੁ)ਸ੍ਰਬ ਵਿਆਪੀ ਅਪਨੇ ਆਪ ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਜੀ (ਮਿਲਿਓ)ਮਿਲੇ, ਮਿਲਣ ਤੋਂ ਐਸਾ ਅਨੰਦ ਬੱਝਿਆ ਦਾਸਨ ਦਾਸ ਦੇ (ਸੰਗੀ)ਸਾਥੀ ਸਤਸੰਗੀ ਮਿੱਤ੍ਰ ਸਖੇ ਅਥਵਾ ਸੰਗੀ ਇੰਦ੍ਰੇ (ਗੋਬਿੰਦੁ)ਪਰਮਪੂਜਨੀਕ ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥ ਅਸੰਖ ਨੂਰ ਹੀ ਨੂਰ ਪੂਰਨ ਅਨੰਦ ਸਰੂਪ ਹਰ ਸਮੇਂ ਆਪਣਾ ਜਾਪ ਆਪ ਕਰ ਰਹੇ, ਸ੍ਰਬ ਵਿਆਪੀ ਵਿਸਮਾਦ ਅਜਪਾ ਜਾਪ ਵਾਹਿਗੁਰੂਜੀ ਨੂੰ (ਭਜਹਿ)ਜਪਦੇ ਹਨ, ਇੰਦ੍ਰੇ ਜਪਦੇ ਦਾ ਭਾਵ ਇਹ ਹੈ, ਦਾਸਨ ਦਾਸ ਨੂੰ, ਪੇਖੈ ਬੋਲੈ ਸੁਣੈ; ਸਭੁ ਆਪਿ॥) ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥ ਦੀ ਅਵਸਥਾ ਬਖ਼ਸ਼ ਕੇ, ਆਪਣੇ ਨਿਰਗੁਨ ਪ੍ਰਕਾਸ਼ ਸਰੂਪ'ਚ ਲੀਨ ਕਰਕੇ, ਨੇਤ੍ਰਾਂ'ਚ ਵਸ ਕੇ, ਆਪ ਹੀ ਸਭ ਬ੍ਰਹਮ ਹੀ ਬ੍ਰਹਮ ਦੇਖਦੇ ਹਨ। ਕੰਨਾਂ'ਚ ਵਸ ਕੇ, ਬ੍ਰਹਮ ਹੀ ਬ੍ਰਹਮ ਜਾਪ ਹੀ ਜਾਪ, ਆਪ ਹੀ ਸੁਣਦੇ ਹਨ। ਯਥਾ:- ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥ ਰਸਨਾ'ਤੇ ਵਸ ਕੇ, ਵਾਹਿਗੁਰੂ ਜਸ ਗੁਰਬਾਣੀ ਜੀ

Sri Satguru Jagjit Singh Ji eLibrary NamdhariElibrary@gmail.com

ਖ਼ੂਬ ਮਿੱਠਾ ੨ ਬੋਲਦੇ ਹਨ॥੬॥ ਯਥਾ:- ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਨਾਨਕ ਜਨ ਕਾ; ਦਾਸਨਿ ਦਸਨਾ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਬੁਨਨਾ ਤਨਨਾ ਤਿਆਗਿ ਕੈ; ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ; ਭਇਓ ਗੁਨੀਯ ਗਹੀਰਾ॥੧॥) ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥੧॥ ਇਤਨੀ ਵੱਡੀ ਉੱਚੀ ਬ੍ਰਹਮ ਅਵਸਥਾ 'ਚ ਲੀਣ,ਬ੍ਰਹਮ ਸਰੂਪ ਕਬੀਰ ਸਾਹਿਬ ਜੀ ਦੇ ਮਹਾਂ ਵਿਸਮਾਦ ਦਰਸ਼ਨ ਕਰਕੇ, ਪ੍ਰੇਮੀਆਂ ਦੀਆਂ ਲਿਵਾਂ ਅਕਾਲ ਪੁਰਖ ਜੀ 'ਚ ਲੱਗਣ ਤੋਂ, ਅਜਪਾ ਜਾਪ ਗੋਬਿੰਦ ਭਜਨ ਕਰਦੇ। ਜਿਤਨਾ ਚਿਰ ਸੰਸਾਰ ਵੱਲ ਜਿਉਂਦਾ ਹੈ, ਉਤਨਾ ਚਿਰ ਇਹ ਅਵਸਥਾ ਪ੍ਰਾਪਤ ਨਹੀਂ ਹੁੰਦੀ। ਜਿਵੇਂ ਪਰਮ ਪੂਜਨੀਕ ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸਾਹ ਜੀ ੭੨ ਵਰ੍ਹੇ ਦੀ ਬਜ਼ੁਰਗ ਉਮਰ'ਚ, ਮਹਾਰਾਜ ਸਾਹਿਬ ਦੂਜੇ ਪਾਤਿਸਾਹ ਜੀ ਦੇ ਸੱਚੇ ਚਰਨ- ਕਮਲਾਂ'ਚ ਆਏ, ਰਾਤ ਦਿਨੇ ਸ਼ੁਭ ਸੱਚੀ ਸੇਵਾ ਹੀ ਸੇਵਾ ਕੀਤੀ, ਬਹੁਤ ਹੀ ਘੱਟ ਛਕਦੇ, ਬਹੁਤ ਹੀ ਘੱਟ ਸੌਂਦੇ, ਰਾਤ ਦਿਨੇ ਸੇਵਾ ਕਰਦੇ, ਕੋਈ ਬੱਚਾ ਗੁਰੂ ਸੇਵਾ ਨੂੰ ਕਹਿੰਦਾ ਤਾਂ ਭੀ ਹੱਥ ਜੋੜ ਕੇ ਕਰਦੇ। ਗੋਤੀ ਹਾਣੀ ਆ ਕੇ ਕਹਿੰਦੇ,"ਇੱਥੇ ਕੀ ਕਰਦੇ ਹੋਂ? ਲੋਕ ਤਰਕ ਮਾਰਕੇ ਕਹਿੰਦੇ ਹਨ, ਘਰੇ ਕੰਮ ਕਰਦਿਆਂ ਦਾੜ੍ਹੀ ਕੇਸ ਚਿੱਟੇ ਹੋ ਗਏ, ਘਰ ਵਾਲੇ ਟੁੱਕਰ ਨਹੀਂ ਦਿੰਦੇ। ਬੁੱਢੀ ਉਮਰ'ਚ, ਲੱਜਾ ਤਿਆਗ ਕੇ, ਕੁੜਮਾਂ ਦੇ ਘਰ ਰੁਲ਼ ਰਹੇ ਹਨ। ਆਪਣੇ ਗੋਤ ਕੁਲ ਨੂੰ ਲਾਜ ਲਾ ਰਹੇ ਹੋਂ। ਸਾਥੋਂ ਇਹ ਤਰਕਾਂ ਸੁਣੀਆਂ ਨਹੀਂ ਜਾਂਦੀਆਂ, ਇਸ ਲਈ. ਜੀ ਘਰ ਨੂੰ ਚੱਲੋ। " ਮਹਾਰਾਜ ਸਾਹਿਬ ਜੀ ਦਿਲ'ਚ ਸੋਚਦੇ- ਇਨ੍ਹਾਂ ਵਿਚਾਰਿਆਂ ਨੂੰ ਪਤਾ ਨਹੀਂ, ਦਾਸਨ ਦਾਸ ਦੇ ਮਾਤਾ ਪਿਤਾ ਸਭ ਕੁੱਝ ਗੁਰੂ ਅੰਗਦਦੇਵ ਸਾਹਿਬ ਜੀ ਹਨ। ਗੁਰੂ ਅੰਗਦਦੇਵ ਮਹਾਰਾਜ ਸਾਹਿਬਜੀ ਦੇ ਦੁਆਰੇ'ਤੇ ਗੁਰੂ ਅਮਰਦਾਸ ਸਾਹਿਬਜੀ ਜੀਵਤਭਾਵ ਤੋਂ ਮਰੇ, ਅਨੇਕਾਂ ਜੀਅ ਆਪਜੀ ਦੇ ਸੱਚੇ ਚਰਨ- ਕਮਲਾਂ ਨਾਲ ਲੱਗ ਕੇ ਤਰੇ, ਹੁਣ ਭੀ ਤਰ ਰਹੇ ਹਨ। ਯਥਾ:- ਜੀਵਤ ਮਰਣਾ; ਤਾਰੇ ਤਰਣਾ॥)ਜੀਵਤ ਮਰੈ; ਬੁਝੈ ਪ੍ਰਭ ਸੋਇ॥) ਕਬੀਰ. ਜਿਸੁ ਮਰਨੇ ਤੇ ਜਗੁ ਡਰੈ; ਮੇਰੇ ਮਨ ਆਨੰਦੁ॥ ਮਰਨੇ ਹੀ ਤੇ ਪਾਈਐ; ਪੂਰਨੁ ਪਰਮਾਨੰਦੁ॥ ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ. ਹਰਿ ਕੈ ਦੁਆਰ॥ ਮਤ. ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥) ਗਉੜੀ ਕਬੀਰ ਜੀ॥ ਜਿਹ ਮਰਨੈ; ਸਭੁ ਜਗਤੁ ਤਰਾਸਿਆ॥ ਸੋ ਮਰਨਾ; ਗੁਰ ਸਬਦਿ ਪ੍ਰਗਾਸਿਆ॥੧॥ ਅਬ ਕੈਸੇ ਮਰਉ; ਮਰਨਿ ਮਨੁ ਮਾਨਿਆ॥ ਮਰਿ ਮਰਿ ਜਾਤੇ; ਜਿਨ ਰਾਮੁ ਨ ਜਾਨਿਆ॥੧॥ ਰਹਾਉ॥ ਮਰਨੋ ਮਰਨੁ ਕਹੈ; ਸਭੁ ਕੋਈ॥ ਸਹਜੇ ਮਰੈ; ਅਮਰੁ ਹੋਇ ਸੋਈ॥੨॥ ਕਹੁ ਕਬੀਰ; ਮਨਿ ਭਇਆ ਅਨੰਦਾ॥ ਗਇਆ ਭਰਮੁ; ਰਹਿਆ ਪਰਮਾਨੰਦਾ॥੩॥੨੦॥

ਕਬੀਰ.ਸਭ ਤੇ, ਹਮ ਬੁਰੇ; ਹਮ ਤਜਿ.ਭਲੋ ਸਭੁ ਕੋਇ॥ ਜਿਨਿ. ਐਸਾ ਕਰਿ ਬੂਝਿਆ; ਮੀਤੁ ਹਮਾਰਾ ਸੋਇ॥੭॥ ਪ੍ਰੇਮੀਂ ਸਤਿਸੰਗੀਆਂ ਬੜੇ ਹੀ ਚਾਅ ਨਾਲ, ਨਮਸਕਾਰ ਕਰਕੇ ਦੋਵੇਂ ਹੱਥ ਜੋੜ ਕੇ ਪੁੱਛਿਆ,"ਹੇ ਪਰਮਪੂਜਨੀਕ ਭਗਤ ਜੀਓ! ਆਪ ਜੀ ਦਾ ਘਰ ੨ ਜਾਪ ਹੋ ਰਿਹਾ ਹੈ"। ਹਰਿ ਕੇ ਨਾਮ; ਕਬੀਰ ਉਜਾਗਰ॥ ਜਨਮ ਜਨਮ ਕੇ; ਕਾਟੇ ਕਾਗਰ॥ "ਆਪ ਜੀ ਦੀ ਬਹੁਤ ਉੱਚੀ ਅਵਸਥਾ ਹੈ, ਦੁਨੀਆਂ ਨੂੰ ਤਾਰ ਰਹੇ ਹੋਂ, ਸਾਰੇ ਆਪ ਜੀ ਨੂੰ ਰੱਬ ਕਰਕੇ ਮੰਨਦੇ ਪੂਜਦੇ ਹਨ। ਆਪ ਅਪਣੇ ਆਪ ਨੂੰ ਕੀ ਸਮਝਦੇ ਹੋਂ"? ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰਿਓ! (ਹਮ)ਦਾਸਨ ਦਾਸ ਸਭ (ਤੇ)ਤੋਂ (ਬੁਰੇ)ਭੈੜੇ ਕੰਮ ਕਰਨ ਵਾਲਾ ਬੁਰਾ ਹੈ। (ਹਮ)ਦਾਸਨ ਦਾਸ ਨੂੰ (ਤਜਿ)ਛੱਡ ਕੇ, ਸਭੁ ਕੋਇ (ਭਲੋ)ਚੰਗਾ ਹੈ। (ਜਿਨਿ)ਜਿਨ੍ਹਾਂ ਗੁਰਸੇਵਕਾਂ ਨੇ ਐਸਾ (ਕਰਿ)ਕਰਕੇ ਬੂਝਿਆ ਹੈ, (ਸੋਇ)ਉਹ

Sri Satguru Jagjit Singh Ji eLibrary NamdhariElibrary@gmail.com

(ਹਮਾਰਾ)ਦਾਸਨ ਦਾਸ ਦਾ ਪਰਮ ਪਿਆਰਾ ਸੱਚਾ (ਮੀਤੁ)ਮਿੱਤ੍ਰ ਹੈ॥੭॥ ਧੰਨ ਕਬੀਰ ਸਾਹਿਬਜੀ ਆਪਣੇ ਆਪ ਨੂੰ ਸਭ ਤੋਂ ਬੁਰਾ ਕਹਿ ਰਹੇ ਹਨ। ਜੈਸਾ ਮਹਾਰਾਜ ਜੀ ਨੇ ਕਿਹਾ ਹੈ, ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ. ਆਪ ਕਉ; ਅਵਰੁ ਭਲਾ ਸੰਸਾਰੁ॥) ਕਰਨ. ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥) ਹਮ ਨਹੀ ਚੰਗੇ; ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ; ਤਾਰੇ ਸੋਇ॥ ਹਰ ਵੇਲੇ ਜੀਵ ਨੂੰ ਅਭਿਆਸ ਹੋਈ ਜਾਂਦਾ, ਕਿ ਮੈਂ ਚੰਗਾ ਹਾਂ, ਮੈਂ ਚੰਗਾ ਹਾਂ, ਹੰਗਤਾ'ਚ ਸੜੀ ਜਾਂਦਾ ਹੈ। ਆਪਸ ਕਉ ਜੋ ਭਲਾ ਕਹਾਵੈ॥ ਤਿਸਹਿ ਭਲਾਈ; ਨਿਕਟਿ ਨ ਆਵੈ॥ ਵਾਲੀ ਗੱਲ ਹੈ। ਆਪਣੇ ਆਪ ਨੂੰ ਵੱਡਾ ਮੰਨ ਕੇ ਖ਼ੁਦੀ 'ਚ ਜੀਵ ਬਹੁਤ ਹੀ ਔਖਾ ਦੁਖੀ ਹੈ, ਇਸ ਨੂੰ ਅਨੇਕਾਂ ਕਸ਼ਟ ਹੀ ਕਸ਼ਟ ਹਨ। ਹੰਗਤਾ ਖ਼ੁਦੀ'ਚ ਹਰ ਵੇਲੇ ਲੜਾਈ ਕਲੇਸ਼ ਪਿਆ ਹੀ ਰਹਿੰਦਾ ਹੈ। ਇਸ ਲਈ ਜਦੋਂ ਦਿਲ'ਚ, ਇਹ ਸੰਤਾਪ ਫ਼ੁਰੇ ਕਿ ਮੈਂ ਚੰਗਾ ਹਾਂ, ਤਦੋਂ ਉਪ੍ਰੋਕਤ ਪਦਾਂ ਦਾ ਪੰਜ ਹਜ਼ਾਰ ਵਾਰੀ ਅਭਿਆਸ ਕਰਨਾ ਜੀ। ਇਸ ਅਭਿਆਸ ਨਾਲ ਇਕਾਗ੍ਰਤਾ ਸ਼ਾਂਤੀ ਪੂਰਨ ਵਾਹਿਗੁਰੂ ਜੀ ਦੇ ਦਰਸ਼ਨਾਂ ਦੀ ਪ੍ਰਾਪਤੀ ਹੋਵੇਗੀ।

ਕਬੀਰ. ਆਈ ਮੁਝਹਿ ਪਹਿ; ਅਨਿਕ ਕਰੇ ਕਰਿ ਭੇਸ॥ ਹਮ ਰਾਖੇ. ਗੁਰ ਆਪਨੇ; ਉਨਿ ਕੀਨੋ ਆਦੇਸੁ॥੮॥ ਪ੍ਰੇਮੀਆਂ ਨੇ ਪੂਰਨ ਪ੍ਰੇਮ ਗ਼ੀਬੀ ਨਾਲ ਪੁੱਛਿਆ, ਹੇ ਗ਼ੀਬ ਨਿਵਾਜ ਜੀ! ਮਾਇਆ ਸਭ ਨੂੰ ਡੰਗ ਰਹੀ ਹੈ, ਆਪ ਜੀ ਕਿਵੇਂ ਬਚੇ ਹੋਂ ਜੀ? ਪਰਮਪੂਜਨੀਕ ਸ਼ੁਭ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਉੱਤ੍ਰ ਫ਼ੁਰਮਾਉਂਦੇ ਹਨ:- "ਹੇ ਪ੍ਰੇਮੀਓਂ! ਮਾਇਆ (ਮੁਝਹਿ)ਦਾਸਨ ਦਾਸ (ਪਹਿ)ਕੋਲ, ਰਸਨਾ ਵਿਸ਼ੇ ਸੁਆਦ, ਨੀਂਦ ਦਾ ਸੁਆਦ, ਆਪਣੀ ਵਡਿਆਈ ਆਪ ਕਰਨੀ, ਧਨ ਇਸਤ੍ਰੀ ਵਡਿਆਈ ਲਈ ਪਾਪ ਕਰਨੇ, ਵੱਢੀ ਲੈਣੀ ਝੂਠੀ ਗਵਾਹੀ ਦੇਣੀ, ਚੋਰੀ ਯਾਰੀ ਕਰਨੀ, ਫੈਸ਼ਨ ਲਾਉਣਾ ਵਿਸ਼ੇ ਵਿਕਾਰ, ਨਿਰਦੋਸ਼ ਜੀਆਂ ਨੂੰ ਬੰਬਾਂ ਨਾਲ ਸਾੜਨ ਫ਼ੂਕਣ, ਖ਼ੂਬ ਹਾਰ ਸ਼ਿੰਗਾਰ ਫ਼ੈਸ਼ਨ ਲਾ ਕੇ ਮਹਾਂਰਾਣੀ ਆਦਿ ਰੰਗਾਂ ੨ ਦੇ (ਅਨਿਕ)ਅਨੇਕਾਂ ਭੇਸ (ਕਰੇ)ਕਰ (ਕਰਿ)ਕਰਕੇ, ਆਈ। (ਹਮ) ਦਾਸਨ ਦਾਸ ਨੂੰ ਆਪਨੇ (ਗੁਰ)ਗੁਰੂ ਨਾਨਕ ਦੇਵ ਜੀ, ਭਗਤ ਰਾਮਾਨੰਦ ਜੀ ਨੇ (ਰਾਖੇ)ਰੱਖ ਲਿਆ। ਦਾਸਨ ਦਾਸ ਅੰਦਰ ਬਾਹਰ ਅਸੰਖ ਨੂਰ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ ਜੀ ਨੇ ਆਪਣਾ ਐਸਾ ਚਮਤਕਾਰ ਪ੍ਰਕਾਸ਼ ਦਿਖਾਇਆ, ਜਿਸ ਅੱਗੇ ਮਾਇਆ ਦਾ ਚਮਤਕਾਰ ਫਿੱਕਾ ਪੈ ਗਿਆ। (ਉਨਿ)ਉਸ ਮਾਇਆ ਨੇ ਉਲਟ ਕੇ ਦਾਸਨ ਦਾਸ ਨੂੰ (ਆਦੇਸੁ)ਨਮਸਕਾਰ (ਕੀਨੋ)ਕੀਤੀ।

ਪ੍ਰੇਮ ਭਾਵ ਅਰਥ:- ਮਾਇਆ ਹੋਈ ਨਾਗਨੀ; ਜਗਤਿ ਰਹੀ ਲਪਟਾਇ॥) ਮਾਇਆ ਮਮਤਾ; ਹੈ ਬਹੁ ਰੰਗੀ॥ ਬਿਨੁ ਨਾਵੈ; ਕੋ ਸਾਥਿ ਨ ਸੰਗੀ॥੨॥)) ਮਾਇਆ ਐਸੀ ਮੋਹਨੀ ਭਾਈ॥ ਜੇਤੇ ਜੀਅ; ਤੇਤੇ ਡਹਕਾਈ॥੧॥ ਸੋ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ ਕਿ ਮਾਇਆ ਅਨੇਕਾਂ ਭੇਸ ਕਰ ੨ ਕੇ ਰੰਗਾਂ ੨ ਦੇ ਢੰਗ ਨਾਲ ਦਾਸਨ ਦਾਸ ਨੂੰ ਛਲਣ ਆਈ, ਪਰ ਦਾਸਨ ਦਾਸ ਨੂੰ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਰੱਖ ਲਿਆ ਹੈ। ਇਹ ਸਤਿਗੁਰਾਂ ਦਾ ਪਰਉਪਕਾਰ ਦੱਸਦੇ ਹਨ। ਮਾਇਆ ਠੱਗਣੀ ਤੋਂ ਬਚਣ ਲਈ ਹਰ ਵੇਲੇ ਗੁਰੂ ਜੀ ਦੀ ਸ਼ਰਨ ਪੈ ਕੇ ਵਾਹਿਗੁਰੂ ਵਾਹਿਗੁਰੂ ਜਪੋ, ਗੁਰੂ ਮਹਾਰਾਜ ਸਾਹਿਬ ਜੀ ਇਸ ਤੋਂ ਰੱਖਦੇ ਹਨ। ਯਥਾ:- ਸਤਿਗੁਰ; ਕੀਨੋ ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥) ਊਪਰਿ ਭੁਜਾ ਕਰਿ. ਮੈ ਗੁਰ ਪਹਿ ਪੁਕਾਰਿਆ; ਤਿਨਿ. ਹਉ ਲੀਆ ਉਬਾਰੀ॥੧॥) ੜ੍ਾਹਿ ੜ੍ਾਹਿ. ਸਰਨਿ ਜਨ ਆਏ; ਗੁਰੁ. ਹਾਥੀ ਦੇ ਨਿਕਲਾਵੈਗੋ॥) ਚਿੱਤ ਚਰਨਕਮਲ ਕਾ ਆਸਰਾ; ਚਿੱਤ ਚਰਨਕਮਲ ਸੰਗ ਜੋੜੀਏ। ਮਨ ਲੋਚੇ ਬੁਰਿਆਈਆਂ; ਗੁਰਸ਼ਬਦੀਂ ਇਹੁ ਮਨ ਹੋੜੀਏ। ਗੁਰ ਤੇਗਬਹਾਦਰ

Sri Satguru Jagjit Singh Ji eLibrary NamdhariElibrary@gmail.com

ਬੋਲਿਆ; ਧਰ ਪਈਏ. ਧਰਮ ਨ ਛੋੜੀਏ। ਬਾਂਹ ਜਿਨ੍ਹਾਂ ਦੀ ਪਕੜੀਏ; ਸਿਰ ਦੀਜੀਏ. ਬਾਂਹ ਨ ਛੋੜੀਏ। ਸ੍ਰਬ ਵਿਆਪੀ ਮਹਾਂ ਵਿਸਮਾਦ ਪ੍ਰੇਮ ਬਿਨੈ:- ਸਭ ਪ੍ਰੇਮੀਆਂ ਦੇ ਪਿਆਰੇ ਚਰਨ ਚੱਟ ਕੇ, ਪ੍ਰੇਮ ਬੇਨਤੀ ਹੈ ਕਿ ਆਪਾਂ ਸਾਰੇ ਹੀ, ਗੁਰੂਜੀ ਨੂੰ ਆਪਣੀ ਬਾਂਹ ਫੜਾਈਏ, ਨਿਹਾਲ ਹੋ ਜਾਈਏ, ਗੁਰ ਚਰਨਨ ਸਮਾਈਏ, ਸਭ ਫਲ ਪਾਈਏ, ਜਮਾਂ ਜੂਨਾਂ ਤੋਂ ਬਚ ਜਾਈਏ॥੮॥}

ਪੂਰਨ ਗੁਰੂ ਜੀ ਮਾਇਆ ਬਾਰੇ ਫ਼ੁਰਮਾਉਂਦੇ ਹਨ:- ਗਉੜੀ ਗੁਆਰੇਰੀ ਮਹਲਾ ੫॥ ਬਿਆਪਤ; ਹਰਖ ਸੋਗ ਬਿਸਥਾਰ॥ ਬਿਆਪਤ; ਸੁਰਗ ਨਰਕ ਅਵਤਾਰ॥ ਬਿਆਪਤ; ਧਨ ਨਿਰਧਨ ਪੇਖਿ ਸੋਭਾ॥ ਮੂਲੁ ਬਿਆਧੀ ਬਿਆਪਸਿ ਲੋਭਾ॥੧॥ ਮਾਇਆ ਬਿਆਪਤ; ਬਹੁ ਪਰਕਾਰੀ॥ ਸੰਤ ਜੀਵਹਿ; ਪ੍ਰਭ ਓਟ ਤੁਮਾਰੀ॥੧॥ ਰਹਾਉ॥ ਬਿਆਪਤ; ਅਹੰਬੁਧਿ ਕਾ ਮਾਤਾ॥ ਬਿਆਪਤ; ਪੁਤ੍ਰ ਕਲਤ੍ਰ ਸੰਗਿ ਰਾਤਾ॥ ਬਿਆਪਤ; ਹਸਤਿ ਘੋੜੇ ਅਰੁ ਬਸਤਾ॥ ਬਿਆਪਤ; ਰੂਪ ਜੋਬਨ ਮਦ ਮਸਤਾ॥੨॥ ਬਿਆਪਤ; ਭੂਮਿ ਰੰਕ ਅਰੁ ਰੰਗਾ॥ ਬਿਆਪਤ; ਗੀਤ ਨਾਦ ਸੁਣਿ ਸੰਗਾ॥ ਬਿਆਪਤ; ਸੇਜ ਮਹਲ ਸੀਗਾਰ॥ ਪੰਚ ਦੂਤ ਬਿਆਪਤ; ਅੰਧਿਆਰ॥੩॥ ਬਿਆਪਤ; ਕਰਮ ਕਰੈ ਹਉ ਫਾਸਾ॥ ਬਿਆਪਤਿ ਗਿਰਸਤ; ਬਿਆਪਤ ਉਦਾਸਾ॥ ਆਚਾਰ ਬਿਉਹਾਰ; ਬਿਆਪਤ ਇਹ ਜਾਤਿ॥ ਸਭ ਕਿਛੁ ਬਿਆਪਤ; ਬਿਨੁ ਹਰਿ ਰੰਗ ਰਾਤ॥੪॥ ਸੰਤਨ ਕੇ ਬੰਧਨ; ਕਾਟੇ ਹਰਿ ਰਾਇ॥ ਤਾ ਕਉ; ਕਹਾ ਬਿਆਪੈ ਮਾਇ॥ ਕਹੁ ਨਾਨਕ; ਜਿਨਿ ਧੂਰਿ ਸੰਤ ਪਾਈ॥ ਤਾ ਕੈ ਨਿਕਟਿ; ਨ ਆਵੈ ਮਾਈ॥੫॥੧੯॥੮੮॥) ਗੌਂਡ॥ ਗ੍ਰਿਹਿ ਸੋਭਾ ਜਾ ਕੈ ਰੇ ਨਾਹਿ॥ ਆਵਤ ਪਹੀਆ; ਖੂਧੇ ਜਾਹਿ॥ ਵਾ ਕੈ ਅੰਤਰਿ; ਨਹੀ ਸੰਤੋਖੁ॥ ਬਿਨੁ ਸੋਹਾਗਨਿ; ਲਾਗੈ ਦੋਖੁ॥੧॥ ਧਨੁ ਸੋਹਾਗਨਿ; ਮਹਾ ਪਵੀਤ॥ ਤਪੇ ਤਪੀਸਰ; ਡੋਲੈ ਚੀਤ॥੧॥ ਰਹਾਉ॥ ਸੋਹਾਗਨਿ; ਕਿਰਪਨ ਕੀ ਪੂਤੀ॥ ਸੇਵਕ ਤਜਿ; ਜਗਤ ਸਿਉ ਸੂਤੀ॥ ਸਾਧੂ ਕੈ ਠਾਢੀ ਦਰਬਾਰਿ॥ ਸਰਨਿ ਤੇਰੀ; ਮੋਕਉ ਨਿਸਤਾਰਿ॥੨॥ ਸੋਹਾਗਨਿ ਹੈ ਅਤਿ ਸੁੰਦਰੀ॥ ਪਗ ਨੇਵਰ, ਛਨਕ ਛਨਹਰੀ॥ ਜਉ ਲਗੁ ਪ੍ਰਾਨ; ਤਉ ਲਗੁ ਸੰਗੇ॥ ਨਾਹਿ ਤ ਚਲੀ; ਬੇਗਿ ਉਠਿ ਨੰਗੇ॥੩॥ ਸੋਹਾਗਨਿ; ਭਵਨ ਤ੍ਰੈ ਲੀਆ॥ ਦਸ ਅਠ ਪੁਰਾਣ; ਤੀਰਥ ਰਸ ਕੀਆ॥ ਬ੍ਰਹਮਾ ਬਿਸਨੁ; ਮਹੇਸਰ ਬੇਧੇ॥ ਬਡੇ ਭੂਪਤਿ; ਰਾਜੇ ਹੈ ਛੇਧੇ॥੪॥ ਸੋਹਾਗਨਿ ਉਰਵਾਰਿ ਨ ਪਾਰਿ॥ ਪਾਂਚ ਨਾਰਦ ਕੈ ਸੰਗਿ ਬਿਧਵਾਰਿ॥ ਪਾਂਚ ਨਾਰਦ ਕੇ ਮਿਟਵੇ ਫੂਟੇ॥ ਕਹੁ ਕਬੀਰ; ਗੁਰ ਕਿਰਪਾ ਛੂਟੇ॥੫॥੫॥੮॥) ਰਾਗੁ ਆਸਾ ਘਰੁ ੨ ਮਹਲਾ ੫॥ ੧ੴ ਸਤਿਗੁਰ ਪ੍ਰਸਾਦਿ॥ ਜਿਨਿ ਲਾਈ ਪ੍ਰੀਤਿ; ਸੋਈ ਫਿਰਿ ਖਾਇਆ॥ ਜਿਨਿ ਸੁਖਿ ਬੈਠਾਲੀ; ਤਿਸੁ ਭਉ ਬਹੁਤੁ ਦਿਖਾਇਆ॥ ਭਾਈ ਮੀਤ ਕੁਟੰਬ ਦੇਖਿ ਬਿਬਾਦੇ॥ ਹਮ ਆਈ ਵਸਗਤਿ; ਗੁਰ ਪਰਸਾਦੇ॥੧॥ ਐਸਾ ਦੇਖਿ; ਬਿਮੋਹਿਤ ਹੋਏ॥ ਸਾਧਿਕ ਸਿਧ ਸੁਰਦੇਵ ਮਨੁਖਾ; ਬਿਨੁ ਸਾਧੂ. ਸਭਿ ਧ੍ਰੋਹਨਿ ਧ੍ਰੋਹੇ॥੧॥ ਰਹਾਉ॥ ਇਕਿ ਫਿਰਹਿ ਉਦਾਸੀ; ਤਿਨ੍ ਕਾਮਿ ਵਿਆਪੈ॥ ਇਕਿ ਸੰਚਹਿ ਗਿਰਹੀ; ਤਿਨ੍ ਹੋਇ ਨ ਆਪੈ॥ ਇਕਿ ਸਤੀ ਕਹਾਵਹਿ; ਤਿਨ੍ ਬਹੁਤੁ ਕਲਪਾਵੈ॥ ਹਮ ਹਰਿ ਰਾਖੇ; ਲਗਿ ਸਤਿਗੁਰ ਪਾਵੈ॥੨॥ ਤਪੁ ਕਰਤੇ; ਤਪਸੀ ਭੁਲਾਏ॥ ਪੰਡਿਤ ਮੋਹੇ; ਲੋਭਿ ਸਬਾਏ॥ ਤ੍ਰੈ ਗੁਣ ਮੋਹੇ; ਮੋਹਿਆ ਆਕਾਸੁ॥ ਹਮ ਸਤਿਗੁਰ ਰਾਖੇ; ਦੇ ਕਰਿ ਹਾਥੁ॥੩॥ ਗਿਆਨੀ ਕੀ ਹੋਇ ਵਰਤੀ ਦਾਸਿ॥ ਕਰ ਜੋੜੇ; ਸੇਵਾ ਕਰੇ ਅਰਦਾਸਿ॥ ਜੋ ਤੂੰ ਕਹਹਿ; ਸੁ ਕਾਰ ਕਮਾਵਾ॥ ਜਨ ਨਾਨਕ; ਗੁਰਮੁਖ ਨੇੜਿ ਨ ਆਵਾ॥੪॥੧॥) ਮਾਇਆ ਦਾਸੀ; ਭਗਤਾ ਕੀ ਕਾਰ ਕਮਾਵੈ॥) ਹਉ ਬਲਿਹਾਰੀ. ਸਤਿਗੁਰ ਅਪੁਨੇ; ਜਿਨਿ. ਇਹੁ ਚਲਤੁ ਦਿਖਾਇਆ॥ ਗੂਝੀ ਭਾਹਿ. ਜਲੈ ਸੰਸਾਰਾ; ਭਗਤ. ਨ ਬਿਆਪੈ ਮਾਇਆ॥੪॥) ਕਾਰਤਕ ਜੈਸੇ ਦੀਪਮਾਲਕਾ ਰਜਨੀ ਸਮੈ; ਦੀਪ ਜੋਤਿ ਕੋ ਉਦੋਤ ਹੋਤ ਹੀ ਬਿਲਾਤ ਹੈ। ਬਰਖਾ ਸਮੈ. ਜੈਸੇ ਬੁਦਬੁਦਾ ਕੌ ਪ੍ਰਗਾਸ; ਤਾਸ ਨਾਮ ਪਲਕ ਮੈ ਨ ਤਉ ਠਹਿਰਾਤ ਹੈ। ਗ੍ਰੀਖਮ ਸਮੈ ਜੈਸੇ ਤਉ ਮ੍ਰਿਗ ਤ੍ਰਿਸਨਾ ਚਰਿਤ੍ਰ; ਝਾਈ ਸੀ ਦਿਖਾਈ ਦੇਤ ਉਪਜਿ ਸਮਾਤ ਹੈ। ਤੈਸੇ ਮੋਹ ਮਾਇਆ ਛਾਇਆ ਬਿਰਖ

Sri Satguru Jagjit Singh Ji eLibrary NamdhariElibrary@gmail.com

ਚਪਲ ਛਲ; ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ॥ (ਕਬਿਤ ੩੧੧) ਜਿਸ ਤ੍ਰ੍ਹਾਂ (ਕਾਰਤਕ)ਕੱਤਕ ਦੇ ਮਹੀਨੇ, ਦੀਪ ਮਾਲਾ ਦੀ ਰਾਤ ਸਮੇਂ, ਦੀਵਿਆਂ ਦੀ ਜੋਤਿ ਦਾ ਪ੍ਰਕਾਸ਼ ਹੁੰਦੇ ਹੀ ਹਨ੍ਹੇਰਾ (ਬਿਲਾਤ)ਨਾਸ ਹੋ ਜਾਂਦਾ ਹੈ॥੧॥ ਜਿਵੇਂ ਮੀਂਹ ਪੈਣ ਵੇਲੇ ਪਾਣੀ ਦੇ ਬੁਲਬੁਲੇ ਬਣਦੇ ਹੀ ਅੱਖ ਦੇ ਫੋਰ 'ਚ, ਉਨ੍ਹਾਂ ਦਾ ਨਾਮ ਨਿਸ਼ਾਨ ਨਹੀਂ ਰਹਿੰਦਾ॥੨॥ ਜਿਸ ਤ੍ਰ੍ਹਾਂ ਗਰਮੀ ਦੀ ਰੁੱਤ ਵਿਖੇ, ਮ੍ਰਿਗ ਤ੍ਰਿਸ਼ਨਾ ਦੇ ਜਲ ਦਾ ਚਰਿੱਤ੍ਰ (ਝਾਈ)ਪ੍ਰਤੀਤ ਹੁੰਦਾ ਹੈ। ਪਰ ਮ੍ਰਿੱਗ ਦੇ ਅੱਗੇ ਜਾਣ 'ਤੇ, ਉਹ ਉਪਜ ਕੇ ਨਾਸ਼ ਹੋਈ ਜਾਂਦਾ ਹੈ॥੩॥ ਤੈਸੇ ਹੀ ਜੋ ਗੁਰਸਿੱਖ ਗੁਰਾਂ ਦੇ ਚਰਨ-ਕਮਲਾਂ 'ਚ ਲਿਪਟੇ ਰਹਿੰਦੇ ਹਨ। ਉਹ ਗੁਰਸਿੱਖ ਮਾਇਆ ਨੂੰ ਛਲ ਲੈਂਦੇ ਹਨ, ਮਾਇਆ ਬ੍ਰਿਛ ਦੀ ਛਾਇਆ ਵਾਂਗ ਚਲਾਇਮਾਨ ਹੈ, ਤੇ ਮਾਇਆ ਦਾ ਮੋਹ ਭੀ ਛਲ ਰੂਪ ਹੈ॥੪॥

ਸਾਖੀ:- ਵਿਸ਼ਨੂੰ ਭਗਵਾਨਜੀ ਨੂੰ ਸ੍ਰੀ ਲੱਛਮੀਜੀ ਨੇ ਕਿਹਾ,"ਜੀ ਮੇਰੇ ਭਗਤ ਮੇਰੀ ਪੂਜਾ ਕਰਦੇ ਹਨ,ਮੇਰੇ ਆਖੇ ਲੱਗਦੇ ਹਨ। ਇਸ ਲਈ ਮੇਰੇ ਭਗਤ ਵੱਡੇ ਹਨ। " ਭਗਵਾਨਜੀ ਕਿਹਾ," ਅਕਾਲ ਪੁਰਖਜੀ ਦੇ ਪਿਆਰੇ ਭਗਤ ਵੱਡੇ ਹਨ। ਉਨ੍ਹਾਂ 'ਤੇ ਆਪਜੀ ਦਾ ਕੋਈ ਜ਼ੋਰ ਨਹੀਂ ਚੱਲਦਾ। " ਅੱਗੋਂ ਕਿਹਾ,"ਮੈਂ ਤਾਂ ਵੱਡਿਆਂ ੨ ਨੂੰ ਭਰਮਾ ਦਿੰਦੀ ਹਾਂ, ਪਰਖ ਲਵੋ। " ਕਿਹਾ, "ਚੰਗਾ ਠੀਕ ਹੈ" ਪਰਖਣ ਲਈ, ਭਗਵਾਨਜੀ ਸਾਧ ਰੂਪ ਧਾਰ ਕੇ, ਸ਼ਾਹੂਕਾਰ ਦੇ ਘਰੇ ਗਏ, ਰੋਮਿ ੨ ਕਰਕੇ ਬੰਦਗੀ ਰੱਤਾ ਸਰੂਪ ਜਗ- ਮਗਾ ਰਿਹਾ ਦੇਖ ਕੇ, ਸ਼ਾਹੂਕਾਰ ਬੜਾ ਹੀ ਪ੍ਰਸੰਨ ਹੋਇਆ,- ਧੰਦਿਆਂ'ਚ ਬੜਾ ਦੁਖੀ ਪ੍ਰੇਸ਼ਾਨ ਹਾਂ, ਮਹਾਤਮਾ ਘਰ'ਚ ਰਹਿ ਕੇ ਬੰਦਗੀ ਕਰਨਗੇ, ਦਰਸ਼ਨ ਸੇਵਾ ਕਰਿਆ ਕਰਾਂਗਾ- । ਅਰਜ਼ ਕੀਤੀ,"ਮਹਾਂਪੁਰਸ਼ੋ! ਵੱਡਿਆ ਭਾਗਾਂ ਕਰਕੇ ਦਰਸ਼ਨ ਬਖ਼ਸ਼ੇ ਹਨ, ਘਰ ਮਹਾਂ- ਪਵਿੱਤ੍ਰ ਕੀਤਾ ਹੈ। ਇਹ ਘਰ ਬਾਰ ਪ੍ਰਵਾਰ ਸਭ ਸਦਾ ਆਪਜੀ ਦਾ ਹੀ ਹੈ, ਕ੍ਰਿਪਾ ਕਰਕੇ ਸਦਾ ਲਈ ਇਥੇ ਰਹਿ ਕੇ ਨਿਵਾਜੋ ਜੀ। " ਬੜੇ ਹੀ ਪਿਆਰ ਨਾਲ ਚਰਨ ਧੋਤੇ। ਅੱਗੋਂ ਕਿਹਾ, "ਭਗਤਜੀ ਗੱਲ ਇਹ ਹੈ, ਮੈਂ ਕਮਰਾ ਪਸੰਦ ਕਰ ਲੈਂਦਾ ਹਾਂ, ਫਿਰ ਮੈਂ ਉਸ ਕਮਰੇ'ਚੋਂ ਜਾਣਾ ਨਹੀਂ। ਆਪਣੀ ਮੌਜ ਨਾਲ ਹੀ ਰਹਾਂਗਾ, ਬਚਨ ਦੇ ਦਿਉ" ਕਿਹਾ,"ਜੀ ਮੈਂ ਪੱਕਾ ਇਕਰਾਰ ਕਰਦਾ ਹਾਂ, ਜਿਹੜੇ ਕਮਰੇ'ਚ ਮਰਜ਼ੀ ਰਹੋ, ਉਹ ਆਪਜੀ ਦਾ ਸਦਾ ਲਈ ਹੋਵੇਗਾ। ਸਾਡੀ ਬੜੀ ਖੁਸ਼ਕਿਸਮਤੀ ਹੈ" ਭਗਵਾਨ ਜੀ ਕਮਰੇ'ਚ ਰਹਿ ਕੇ ਬੰਦਗੀ ਕਰਨ ਲੱਗੇ। ਲੱਛਮੀਜੀ ਮਹਾਂਰਾਣੀ ਰੂਪ ਧਾਰ ਕੇ, ਸੋਨੇ ਦੇ ਰਥ'ਤੇ ਅਸਵਾਰ ਹੋ ਕੇ, ਘਰ'ਚ ਚਲੇ ਗਏ। ਕਿਹਾ,"ਹੇ ਮੇਰੇ ਭਗਤੋ!ਇਹ ਸੋਨੇ ਦੇ ਭਾਂਡੇ ਹਨ, ਇਨ੍ਹਾਂ'ਚ ਭੋਜਨ ਤਿਆਰ ਕਰੋ। ਤਿਆਰ ਕਰਕੇ, ਪਰੋਸ ਦਿਤਾ, ਛਕ ਕੇ, ਭਾਂਡੇ ਸੁੱਟ ਦਿਤੇ। ਕਿਹਾ,"ਮੇਰੇ ਕੋਲ਼ ਸੋਨੇ ਦੇ ਬਹੁਤ ਭਾਂਡੇ ਹਨ, ਜਿਹੜੇ ਭਾਂਡੇ'ਚ ਇੱਕ ਵਾਰੀ ਛਕ ਲਵਾਂ ਦੁਬਾਰਾ ਨਹੀਂ ਛਕਦੀ, ਹੁਣ ਮੈਂ ਹੋਰ ਸੇਵਕ ਦੇ ਘਰ ਜਾਣਾ ਹੈ"। ਚਰਨ ਫੜ ਕੇ ਕਿਹਾ,"ਹੇ ਪਰਮਪੂਜਨੀਕ ਦੇਵੀ ਮਾਤਾਜੀ!ਜ਼ਰੂਰ ਬਰ ਜ਼ਰੂਰ ਇੱਥੇ ਸਦਾ ਹੀ ਰਹੋ, ਇਹ ਆਪਜੀ ਦਾ ਹੀ ਘਰ ਹੈ। ਸਾਨੂੰ ਨਿਹਾਲ ਮਾਲਾਮਾਲ ਕਰੋ, ਅਸੀਂ ਤਾਂ ਦਰਸ਼ਨ ਕਰਕੇ ਬੜੇ ਹੀ ਖੁਸ਼ ਹਾਂ। " ਇਹ ਕਹਿ ਕੇ, ਮੂਹਰੇ ਲੰਮੇ ਪੈ ਗਏ। "ਜੇ ਮੈਨੂੰ ਰੱਖਣਾ ਚਾਹੁੰਦੇ ਹੋਂ, ਤਾਂ ਸਾਰੇ ਕਮਰੇ ਦਿਖਾਉ। " "ਜੀ ਸਤਿ ਬਚਨ" ਦੇਖਦਿਆਂ ੨ ਭਗਵਾਨਜੀ ਦੇ ਕਮਰੇ'ਚ ਗਏ, ਕਿਹਾ,"ਆਹ ਕਮਰਾ ਖ਼ੂਬ ਪਸੰਦ ਹੈ। ਜੇ ਛੇਤੀ ਤੋਂ ਛੇਤੀ ਵਿਹਲਾ ਕਰੋਂਗੇ ਤਾਂ ਰਹਾਂਗੀ, ਨਹੀਂ ਮੈਂ ਚਲੀ ਜਾਂਦੀ ਹਾਂ। " ਸ਼ਾਹੂਕਾਰ ਕਿਹਾ, "ਓਇ ਸਾਧਾ!ਇਹ ਕਮਰਾ ਛੇਤੀ ੨ ਵਿਹਲਾ ਕਰ। " ਤੁਸੀਂ ਕਿਹਾ ਸੀ,"ਜੀ ਮੈਂ ਪੱਕਾ ਇਕਰਾਰ ਕਰਦਾ ਹਾਂ,ਜਿਹੜੇ ਕਮਰੇ'ਚ ਮਰਜ਼ੀ ਰਹੋ,ਉਹ ਸਦਾ ਲਈ ਆਪਜੀ ਦਾ ਹੋਵੇਗਾ। ਸਾਡੀ ਬੜੀ ਖੁਸ਼ਕਿਸਮਤੀ ਹੈ। " ਤੁਹਾਨੂੰ ਇਕਰਾਰ ਭੁੱਲ ਗਏ। ਤੁਸੀਂ ਇਕਰਾਰ ਕਰਕੇ ਮੁੱਕਰਦੇ ਹੋਂ। ਬੱਚਿਆਂ ਗਰਮ ਹੋ ਕੇ ਕਿਹਾ,"ਖ਼ਬਰਦਾਰ ਹੋ!ਸਾਧ ਹੋ ਕੇ, ਮੇਰ ਕਰਦਾ ਹੈਂ"। ਧੱਕੇ ਮਾਰ ਕੇ ਘਰੋਂ ਕੱਢ ਦਿਤੇ, ਚਲੇ ਗਏ। ਲੱਛਮੀ ਜੀ ਨੇ ਆ ਕਿਹਾ, "ਦੇਖਿਆ ਮੇਰੇ ਭਗਤਾਂ ਦਾ ਚਮਤਕਾਰ, ਬੜੀ ਹੀ ਹੱਸੀ। ਕਿਹਾ, " ਹੁਣ ਤੂੰ ਸ਼੍ਰੋਮਣੀ

Sri Satguru Jagjit Singh Ji eLibrary NamdhariElibrary@gmail.com

ਪਿਆਰੇ ਭਗਤ ਰੱਬ ਸ੍ਰੀ ਕਬੀਰ ਸਾਹਿਬ ਜੀ ਕੋਲ ਜਾ ਕੇ ਚਮਤਕਾਰ ਦੇਖ"। , ਮਹਾਂਰਾਣੀ ਦੇ ਰੂਪ 'ਚ ਸ੍ਰੀ ਲੱਛਮੀ ਜੀ, ਭਗਤ ਜੀ ਕੋਲ ਗਏ, ਬੜੇ ਸੁੰਦਰ ਗਹਿਣੇ ਪਾਏ ਹਨ, ਕਿਹਾ, "ਭਗਤ ਜੀ! ਮੇਰੀ ਤਾਣੀ ਬੁਣ ਦਿਉ" ਅੱਗੋਂ ਕਿਹਾ, "ਵਾਰੀ ਅਨੁਸਾਰ ਬੁਣਾਂਗਾ"। ਕਿਹਾ, "ਭਾਵੇਂ ਸੌ ਰੁਪਈਆ ਲੈ ਲਾ, ਹੋਰ ਵੱਧ ਲੈ, ਜੋ ਮਰਜ਼ੀ ਕਰ, ਮੇਰੀ ਤਾਣੀ ਬੁਣ"। ਅੱਗੋਂ ਕਿਹਾ, "ਵਾਰੀ ਅਨੁਸਾਰ ਬੁਣਾਂਗਾ"। ਰਾਣੀ ਨੇ ਤਾਣੀ ਦੀਆਂ ਨੜੀਆਂ ਸੋਨੇ ਦੀਆਂ ਬਣਾ ਦਿਤੀਆਂ, ਇਹ ਦੇਖ ਕੇ ਭਗਤ ਜੀ ਸਮਝ ਗਏ ਕਿ ਇਹ ਤਾਂ ਮਾਇਆ ਦਾ ਚਮਤਕਾਰ ਹੈ। ਮਾਇਆ ਛਲਣ ਆਈ ਹੈ, ਸਾਹਿਬ ਜੀ ਨੇ ਕਮਾਲੇ ਨੂੰ ਕਿਹਾ, "ਛੁਰਾ ਲਿਆ" ਛੁਰਾ ਮਾਰ ਕੇ, ਨਾਕਹੁ ਕਾਟੀ ਕਾਨਹੁ ਕਾਟੀ; ਕਾਟਿ ਕੂਟਿ ਕੈ ਡਾਰੀ॥ ਅਨੁਸਾਰ ਨੱਕ ਕੰਨ ਵੱਢ ਕੇ ਕੱਟ ਕੁੱਟ ਕੇ ਸੁੱਟ ਦਿਤੀ। ਰਾਮ ਪਿਆਰੇ. ਮਾਇਆ ਵੱਲ ਨਹੀਂ ਦੇਖਦੇ, ਮਾਇਆ ਦਾ ਭਾਵੇਂ ਸਾਰੇ ਆਦਰ ਕਰਦੇ ਹਨ। ਤਾਂ ਭੀ ਭੱਜ ਜਾਂਦੀ ਹੈ, ਕਿਸੇ ਨੇ ਮਾਇਆ ਨੂੰ ਪੁੱਛਿਆ ਕਿ ਦੇਵੀ ਜੀ ਤੇਰੇ ਮੱਥੇ ਦੇ ਵਾਲ਼ ਘਸੇ ਹਨ, ਗਿੱਚੀ ਦੇ ਵਾਲ਼ ਭੀ ਨਹੀਂ ਹਨ,? ਕਿਹਾ, "ਜਿਹੜੇ ਮੇਰੇ ਉਪਾਸ਼ਕ ਹਨ, ਉਹ ਤਾਂ ਮੈਨੂੰ ਗਿੱਚੀ ਦੇ ਵਾਲਾਂ ਤੋਂ ਫੜਦੇ ਹਨ, ਮੈਂ ਛੁੱਟ ਕੇ ਭੱਜ ਜਾਂਦੀ ਹਾਂ, ਵਾਲ ਪੁੱਟੇ ਜਾਂਦੇ ਹਨ। ਜਿਹੜੇ ਮਹਾਂਪੁਰਸ਼ ਹਨ, ਉਨ੍ਹਾਂ ਦੀਆਂ ਦੇਲ੍ਹੀਆਂ 'ਤੇ ਮੈਂ ਮੱਥਾ ਰਗੜਦੀ ਹਾਂ, ਮੇਰੇ ਮੱਥੇ ਦੇ ਵਾਲ਼ ਤਾਂ ਘਸੇ ਹੋਏ ਹਨ। ਇਉਂ ਮਾਇਆ ਮਮਤਾ ਦੇ ਤਿਆਗੀ ਮਹਾਂਪੁਰਸ਼ ਹਨ, ਮੈਨੂੰ ਅੰਗੀਕਾਰ ਨਹੀਂ ਕਰਦੇ}

ਕਬੀਰ. ਸੋਈ ਮਾਰੀਐ; ਜਿਹ ਮੂਐ ਸੁਖੁ ਹੋਇ॥ ਭਲੋ ਭਲੋ. ਸਭੁ ਕੋ ਕਹੈ; ਬੁਰੋ. ਨ ਮਾਨੈ ਕੋਇ॥੯॥) ਹਰਿ ਕੇ ਨਾਮ; ਕਬੀਰ ਉਜਾਗਰ॥ ਅਨੁਸਾਰ ਕਬੀਰ ਸਾਹਿਬ ਜੀ ਦੀ ਬੇਅੰਤ ਹੀ ਖੰਡਾਂ ਬ੍ਰਹਮੰਡਾਂ 'ਚ ਸੋਭਾ ਹੋ ਰਹੀ ਹੈ। ਸ੍ਰੀ ਕਬੀਰ ਸਾਹਿਬ ਜੀ ਵਿਸਮਾਦ ਰੰਗ 'ਚ ਅਕਾਲ ਪੁਰਖ ਨੂੰ ਅੰਦਰ ਬਾਹਰ ਸਾਖਿਆਤ ਕਰਕੇ, ਲੀਣ ਹੋ ਕੇ ਅੰਮ੍ਰਿਤ ਕੀਰਤਨ ਕਰ ਰਹੇ ਹਨ। ਦੂਰੋਂ ਨੇੜਿਓ ਮਹਿਮਾ ਸੁਣ ਕੇ ਪ੍ਰੇਮੀ ਬਹੁਤ ੨ ਵਿਸਮਾਦ ਹੁੰਦੇ। ਬਹੁਤ ਵੱਡੇ ਸੁੰਦਰ ਸਜੇ ਦੀਵਾਨ 'ਚ, ਚੋਰ ਕਸਾਈ, ਬਹੁਤ ਸਾਰੇ ਸਤਿਸੰਗੀ ਦੀਵਾਨ 'ਚ ਬੈਠੇ ਹਨ। ਕੀਰਤਨ ਕਰਦਿਆਂ, ਮਿਠ ਬੋਲੜੇ ਸ੍ਰੀ ਭਗਤ ਸਾਹਿਬ ਜੀ ਨੇ, ਕਸਾਈ ਜੀਵਾਂ ਨੂੰ ਸਮਝਾਉਣ ਲਈ ਇਹ ਸਲੋਕ ਸੁਰਤਾਲ 'ਚ ਗਾਏ। ਉੱਤਮ ਬਕਤੇ ਭਗਤ ਸ੍ਰੀ ਕਬੀਰ ਸਾਹਿਬ ਜੀ ਆਪਣੇ ਮਨ ਨੂੰ ਉਪਦੇਸ਼ ਦਿੰਦੇ ਹਨ:- ਹੇ ਮਨ! (ਸੋਈ)ਉਸ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰ ਮਾਇਆ ਦ੍ਵੈਤ ਅਗਿਆਨ ਦੋਸ਼ ਅਤੇ ਪਾਪੀ ਮਨ ਨੂੰ (ਮਾਰੀਐ)ਮਾਰਨਾ ਕਰੀਏ, (ਜਿਹ)ਜਿਸ ਦੇ (ਮੂਐ)ਮਰਨ ਨਾਲ, ਆਤਮ ਸੁਖੁ ਹੋਇ ਜਾਵੇ। ਯਥਾ:- ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਸੁਖਾ ਕੀ ਮਿਤਿ.ਕਿਆ ਗਣੀ; ਜਾ ਸਿਮਰੀ ਗੋਵਿੰਦੁ॥) ਮਾਈ; ਮੇਰੇ ਮਨ ਕੋ ਸੁਖੁ॥ ਕੋਟਿ ਅਨੰਦ ਰਾਜ ਸੁਖੁ ਭੁਗਵੈ; ਹਰਿ ਸਿਮਰਤ.ਬਿਨਸੈ ਸਭ ਦੁਖੁ॥)

ਭਲੋ ਭਲੋ. ਸਭੁ ਕੋ ਕਹੈ; ਬੁਰੋ. ਨ ਮਾਨੈ ਕੋਇ॥੯॥ ਜ਼ਾਲਮ ਪਾਪੀ ਮੰਦੇ ਮਨ ਨੂੰ ਮਾਰਨੇ ਕਰਕੇ, ਸਭੁ (ਕੋ)ਕੋਈ (ਭਲੋ)ਭਲਾ (ਭਲੋ)ਭਲਾ (ਕਹੈ)ਕਹੇਗਾ, (ਕੋਇ)ਕੋਈ ਭੀ, (ਬੁਰੋ)ਬੁਰਾ (ਨ)ਨਹੀਂ (ਮਾਨੈ)ਮੰਨੇਗਾ॥੯॥ ਯਥਾ:- ਸਚੈ ਮਾਰਗਿ ਚਲਦਿਆ; ਉਸਤਤਿ ਕਰੇ ਜਹਾਨੁ॥) ਖੋਜਤ ਖੋਜਤ; ਅੰਮ੍ਰਿਤੁ ਪੀਆ॥ ਖਿਮਾ ਗਹੀ; ਮਨੁ ਸਤਗੁਰਿ ਦੀਆ॥ ਖਰਾ ਖਰਾ; ਆਖੈ ਸਭੁ ਕੋਇ॥ ਖਰਾ ਰਤਨੁ; ਜੁਗ ਚਾਰੇ ਹੋਇ॥)

ਕਬੀਰ. ਰਾਤੀ ਹੋਵਹਿ ਕਾਰੀਆ; ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ; ਸਿ ਜਾਨਿ ਮਾਰੇ ਭਗਵੰਤ॥੧੦॥ ੧. ਪ੍ਰੇਮੀ ਸਤਿਸੰਗੀ ਸੁੰਦਰ ਦੀਵਾਨ 'ਚ ਸਜੇ ਬੈਠੇ ਹਨ। ਪ੍ਰਮਾਤਮਾ 'ਚ ਲੀਣ, ਸ਼੍ਰੀ ਭਗਤ ਸਾਹਿਬ ਜੀ ਅੰਮ੍ਰਿਤ ਰਸਭਿੰਨਾ ਕੀਰਤਨ ਕਰ ਰਹੇ ਹਨ। ਚੋਰ ਡਾਕੂ ਕਾਤਲ ਬੈਠੇ ਹਨ, ਉਨ੍ਹਾਂ ਨੂੰ ਚੋਰੀ ਯਾਰੀ ਤੋਂ

Sri Satguru Jagjit Singh Ji eLibrary NamdhariElibrary@gmail.com

ਬਚਾਉਣ ਲਈ,ਪਰਮ ਪਿਆਰੇ ਵਾਹਿਗੁਰੂ ਜੀ ਦੇ ਵਿਸਮਾਦ ਰੰਗ 'ਚ ਕੀਰਤਨ ਕਰ ਰਹੇ ਹਨ। ਵਾਹਿਗੁਰੂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਹਨ੍ਹੇਰ ਪੱਖ ਨੂੰ (ਕਾਰੀਆ)ਕਾਲੀਆਂ (ਰਾਤੀ)ਰਾਤਾਂ (ਹੋਵਹਿ) ਹੋਣ ਤੋਂ, ਲੋਕ ਦੀਵੇ ਬੱਤੀਆਂ ਬੁਝਾ ਕੇ ਪੈ ਜਾਣ ਮਗਰੋਂ, ਲੋਕਾਂ ਨੂੰ ਲੁੱਟਣ ਕਤਲ ਕਰਨ ਵਾਲੇ, ਅੰਦਰੋਂ ਬਾਹਰੋਂ ਪਾਪਾਂ ਕਰਕੇ (ਕਾਰੇ)ਕਾਲੇ (ਜੰਤ)ਜੀਵ ਡਾਕੂ, ਕਮਰਕਸੇ ਲਾ ਕੇ ਸਾਵਧਾਨ ਹੋ ਕੇ (ਊਭੇ)ਖੜ੍ਹੇ ਹੋ ਜਾਂਦੇ ਹਨ। ਨਿਰਦੋਸ਼ਾਂ ਨੂੰ ਫਾਹੇ ਟੰਗਣ ਲਈ, ਫਾਹੇ ਲੈ ਕੇ, ਆਪਣੇ ਘਰਾਂ 'ਚੋਂ ਉਠਿ ਕੇ , ਡਾਕੇ ਕਤਲ ਕਰਨ ਲਈ (ਧਾਵਤੇ)ਦੌੜਦੇ ਹਨ, (ਜਾਨਿ)ਜਾਨਣਾ ਕਰੋ (ਸਿ)ਉਹ ਭਗਵੰਤ ਜੀ ਦੇ ਮਾਰੇ ਹਨ, ਭਾਵ ਵਾਹਿਗੁਰੂ ਮਾਰਨਗੇ, ਸੁੱਕੇ ਨਹੀਂ ਬਚਣਗੇ॥੧੦॥ ਪਰਮ ਪਿਆਰੇ ਪਰਮ ਪੂਜਨੀਕ ਪੂਰਨ ਪਿਤਾ ਪ੍ਰਮਾਤਮਾ ਜੀ ਵੱਲੋਂ ਮਰ ਕੇ, ਦੇਵਨਹਾਰ ਦਾਤਾਰ ਨੂੰ ਭੁਲਾ ਕੇ, ਸ਼ੁਭ ਕੰਮ ਕਰਨ ਦੀ ਬਜਾਏ ਮਾੜੇ ਕੰਮ ਕਰਦੇ ਹਨ। ਯਥਾ:- ਖੁਸਿ ਖੁਸਿ ਲੈਦਾ; ਵਸਤੁ ਪਰਾਈ॥ ਵੇਖੈ ਸੁਣੇ; ਤੇਰੈ ਨਾਲਿ ਖੁਦਾਈ॥ ਦੁਨੀਆ ਲਬਿ ਪਇਆ ਖਾਤ ਅੰਦਰਿ; ਅਗਲੀ. ਗਲ ਨ ਜਾਣੀਆ॥੪॥) ਹਟ ਪਟਣ. ਬਿਜ ਮੰਦਰ ਭੰਨੈ; ਕਰਿ ਚੋਰੀ. ਘਰਿ ਆਵੈ॥ ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ. ਕਹਾ ਛਪਾਵੈ॥

ਦੂਜਾ ਭਾਵ ਅਰਥ:- ਜਿਨ੍ਹਾਂ ਪਾਪੀਆਂ ਦੀਆਂ ਜੀਆਂ ਨੂੰ ਕਤਲ ਕਰਨ ਰੂਪ (ਕਾਰੀਆ)ਕਾਲੀਆਂ (ਰਾਤੀ)ਰਾਤਾਂ (ਹੋਵਹਿ)ਹੁੰਦੀਆਂ ਹਨ। ਉਨ੍ਹਾਂ ਅੰਦਰ (ਕਾਰੇ)ਕਾਲੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣ ਰੂਪ (ਜੰਤ)ਜੀਵ (ਊਭੇ)ਖੜ੍ਹੇ ਹਨ। ਜੀਵ ਜੈਸਾ ਕਰਮ ਕਰਦਾ ਹੈ, ਉਸ ਤ੍ਰਹ੍ਹਾਂ ਦੇ ਜੀਵ ਉਸ ਅੰਦਰ ਪੈਦਾ ਹੋ ਜਾਂਦੇ ਹਨ। ਪਾਪ ਕਰਮ ਕਰਕੇ, ਜੀਆਂ ਨੂੰ ਕਤਲ ਕਰਨੇ ਕਰਕੇ, ਉਨ੍ਹਾਂ ਅੰਦਰ ਅਨੇਕ ਪ੍ਰਕਾਰ ਦੇ ਕਾਲ਼ੇ ਭੈੜੇ ਕੀੜੇ ਖੜ੍ਹੇ ਹਨ, ਉਨ੍ਹਾਂ ਨੂੰ ਮਾਰਨ ਲਈ, ਫਾਹੇ ਲੈ ਕੇ ਉਠਿ ਕੇ (ਧਾਵਤੇ)ਧਾਉਂਦੇ ਹਨ, ਅੰਦਰੋਂ ਹੀ ਭੈੜੇ ਜੀਵ ਪੈਦਾ ਹੋ ਜਾਂਦੇ ਹਨ, ਜਿਵੇਂ ਏਡਜ਼ ਦੀ ਬਿਮਾਰੀ ਪੈਦਾ ਹੋ ਜਾਂਦੀ ਹੈ। ਜਿਹੜੇ ਰੱਬ ਤੋਂ ਨਿੱਡਰ ਬੇਖੌਫ਼ ਹਨ, ਕਹਿੰਦੇ ਅਸੀਂ ਰੱਬ ਹਾਂ। ਜਿਵੇਂ ਜਲੇ ਹਰਨਾਕਸ ਥਲੇ ਹਰਨਾਕਸ, ਕੰਸ ਰਾਵਣ ਹੋਏ ਹਨ। ਜਿਹੜੇ ਭਗਵੰਤ ਬਣੇ ਸਨ (ਸਿ)ਉਹ ਜਾਨੋ ਹੀ ਮਾਰੇ (ਜਾਨਿ)ਜਾਣ ਲਵੋ, ਉਹ ਬਹੁਤਾ ਚਿਰ ਜੱਗ ਤੇ ਜਿਉਂਦੇ ਨਹੀਂ, ਕਿਉਂਕਿ ਪਾਪੀ ਦੇ ਮਾਰਨ ਨੂੰ ਪਾਪ ਹੀ ਬਲੀ ਹੈ। ਡਾਕਾ ਮਾਰਨ ਗਏ ਹੀ ਮਾਰੇ ਜਾਂਦੇ ਹਨ। ਪ੍ਰਮਾਤਮਾ ਜੀ ਦੀ ਐਸੀ ਅਸਚਰਜ ਖੇਲ ਹੈ, ਅੰਦਰੋਂ ਹੀ ਉਨ੍ਹਾਂ ਦੇ ਰੋਗਾਂ ਦੇ ਕਾਲ਼ੇ ਜੀਅ ਜੰਤ ਪੈਦਾ ਹੋ ਕੇ ਮਾਰ ਦਿੰਦੇ ਹਨ। ਯਥਾ:- (ਪ ਨੂੰ ਪੰਜਵਾਂ ਪੜ੍ਹੋ, ਮਹੱਲੇ ਪੰਜਵੇਂ ਜੀ ਦੀ ਪਉੜੀ ਹੈ) ਪਉੜੀ ਪ॥ ਲੈ ਫਾਹੇ. ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ. ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥) ਪਾਪੀ. ਕਰਮ ਕਮਾਵਦੇ; ਕਰਦੇ ਹਾਏ ਹਾਇ॥ ਨਾਨਕ. ਜਿਉ ਮਥਨਿ ਮਾਧਾਣੀਆ; ਤਿਉ ਮਥੇ ਧ੍ਰਮਰਾਇ॥

ਕਬੀਰ. ਚੰਦਨ ਕਾ ਬਿਰਵਾ ਭਲਾ; ਬੇੜ੍ਹਿਓ ਢਾਕ ਪਲਾਸ॥ ਓਇ ਭੀ ਚੰਦਨੁ ਹੋਇ ਰਹੇ; ਬਸੇ ਜੁ ਚੰਦਨ ਪਾਸਿ॥੧੧॥ {ਪ੍ਰੇਮੀਂ ਸਤਿਸੰਗੀਆਂ ਪੁੱਛਿਆ, "ਹੇ ਪ੍ਰਮਾਤਮਾ ਸਰੂਪ ਸ੍ਰੀ ਕਬੀਰ ਸਾਹਿਬ ਜੀਓ! ਆਪ ਜੀ ਨੇ ਉਪ੍ਰੋਕਤ ਸਲੋਕ 'ਚ, ਜੀਆਂ ਨੂੰ ਫ਼ਾਹੇ ਦੇ ਕੇ ਮਾਰਨ, ਮਸੂਮਾਂ ਨੂੰ ਕੋਹ ਕੇ, ਦਰਬ ਮਾਲ ਲੁੱਟਣ ਵਾਲੇ ਮਹਾਂ ਪਾਪਾਂ ਕਰਕੇ ਕਾਲੇ ਜੰਤਾਂ ਬਾਰੇ ਕਿਹਾ ਹੈ। ਯਥਾ:- ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਐਸੇ ਨੀਚਾਂ ਦਾ ਭੀ ਭਲਾ ਹੋ ਸਕਦਾ ਹੈ?} ਵਾਹਿਗੁਰੂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦ੍ਰਿਸਟਾਂਤ:- "ਪਲਾਹ ਦੇ ਖੁਸ਼ਕ ਪੱਤ੍ਰੇ ਹੁੰਦੇ ਹਨ, ਬਹੁਤੀ ਕਮਜ਼ੋਰ ਨਿਕੰਮੀ ਲੱਕੜ ਹੁੰਦੀ ਹੈ। ਚੰਦਨ ਦਾ ਬੂਟਾ ਬਵਿੰਜਾ ਉਂਗਲ ਉੱਚਾ ਹੁੰਦਾ ਹੈ, ਪਲਾਹ ਦੇ ਬੂਟੇ ਉਸ ਨੂੰ ਢਕ ਲੈਂਦੇ

Sri Satguru Jagjit Singh Ji eLibrary NamdhariElibrary@gmail.com

ਹਨ। ਹੇ ਭਾਈ! ਜਿਵੇਂ ਬਵਿੰਜਾ ਉਂਗਲੀ ਚੰਦਨ (ਕਾ)ਦਾ (ਬਿਰਵਾ)ਬੂਟਾ, ਬਹੁਤ ਹੀ (ਭਲਾ)ਚੰਗਾ ਹੈ, ਬਹੁਤ ਸਾਰੇ (ਪਲਾਸ)ਪਲਾਹਾਂ ਦੀ (ਢਾਕ)ਢੱਕੀ ਦਾ (ਬੇੜ੍ਹਿਓ)ਵਲ਼ਿਆ ਹੁੰਦਾ ਹੈ। ਇਹ ਸਾਰੇ ਉੱਤੇ ਛਾਏ ਹੁੰਦੇ ਹਨ, (ਜੁ)ਜਿਹੜੇ ਪਲਾਹ ਢੱਕ ਚੰਦਨ ਪਾਸਿ (ਬਸੇ)ਵਸਦੇ ਹਨ, (ਓਇ)ਉਹ ਭੀ, ਚੰਦਨੁ (ਹੋਇ)ਹੋ (ਰਹੇ)ਰਹਿੰਦੇ ਹਨ, ਉਨ੍ਹਾਂ 'ਚ ਭੀ ਖ਼ੁਸ਼ਬੋ ਭਰ ਜਾਂਦੀ ਹੈ॥੧੧॥

ਪੂਰਨ ਮਹਾਤਮਾ ਦੀ ਸਿਫ਼ਤ ਕਰਦੇ ਹਨ। ਖਿਮਾ ਧੀਰਜ ਸੰਤੋਖ ਸ਼ੁਭ ਗੁਣਾਂ ਪ੍ਰੇਮਾ- ਭਗਤੀ ਦੀ ਮਹਿਕ ਵਾਲੇ ਮਹਾਂਪੁਰਸ਼ ਜੋ ਹਨ ਇਹ ਚੰਦਨ (ਕਾ)ਦੇ (ਬਿਰਵਾ)ਬੂਟੇ ਵਾਂਗ (ਭਲਾ)ਭਲੇ ਚੰਗੇ ਹੀ ਚੰਗੇ ਮਹਾਤਮਾ, (ਢਾਕ)ਢੱਕ (ਪਲਾਸ)ਪਲ਼ਾਹਾਂ ਵਾਂਗ, ਭਾਰੇ ਭੂਈ ਅਕਿਰਤਘਣ; ਮੰਦੀ ਹੂ ਮੰਦੇ॥ ਚੋਰ ਡਾਕੂ ਧਾੜਵੀਆਂ ਨਾਲ (ਬੇੜ੍ਹਿਓ)ਵਲ਼ੇ ਹੁੰਦੇ ਹਨ। (ਓਇ)ਉਹ ਡਾਕੂ ਭੀ ਪ੍ਰੇਮਾ- ਭਗਤੀ ਦੀ ਮਹਿਕ ਵਾਲੇ, ਸੁਗੰਧਤ ਚੰਦਨੁ ਹੋਇ (ਰਹੇ)ਜਾਂਦੇ ਹਨ, ਜੋ ਮਹਾਤਮਾ (ਪਾਸਿ)ਕੋਲ਼ (ਬਸੇ)ਵਸਦੇ ਹਨ, ਭਾਵ ਹਰ ਵੇਲੇ ਉਨ੍ਹਾਂ ਦੀ ਸੁਸੰਗਤ ਕਰਦੇ ਹਨ, ਆਗਿਆ ਮੰਨਦੇ ਹਨ। ਚੰਦਨ ਰੂਪ ਮਹਾਨ ਪਰਉਕਾਰੀ ਮਹਾਤਮਾ ਜੀ ਦਾ ਇਹ ਮਹਾਨ ਪਰਉਪਕਾਰ ਹੈ॥੧੧॥ ਯਥਾ:- ਚੰਦਨ ਨਿਕਟਿ; ਸਭ ਚੰਦਨੁ ਹੁਈਆ॥) ਬ੍ਰਾਹਮਣੁ ਖਤ੍ਰੀ ਸੂਦ ਵੈਸ, ਚਾਰਿ ਵਰਨ ਚਾਰਿ ਆਸ੍ਰਮ ਹਹਿ; ਜੋ ਹਰਿ ਧਿਆਵੈ. ਸੋ ਪਰਧਾਨੁ॥ ਜਿਉ ਚੰਦਨ ਨਿਕਟਿ. ਵਸੈ ਹਿਰਡੁ ਬਪੁੜਾ; ਤਿਉ ਸਤਸੰਗਤਿ ਮਿਲਿ, ਪਤਿਤ ਪਰਵਾਣੁ॥੩॥ ਓਹੁ ਸਭ ਤੇ ਊਚਾ, ਸਭ ਤੇ ਸੂਚਾ; ਜਾ ਕੈ ਹਿਰਦੈ ਵਸਿਆ ਭਗਵਾਨੁ॥ ਜਨ ਨਾਨਕੁ. ਤਿਸ ਕੇ ਚਰਨ ਪਖਾਲੈ; ਜੋ ਹਰਿ ਜਨੁ. ਨੀਚੁ ਜਾਤਿ ਸੇਵਕਾਣੁ॥੪॥੪॥) ਜਨਮ ਮਰਣ. ਦੁਹਹੂ ਮਹਿ ਨਾਹੀ; ਜਨ ਪਰਉਪਕਾਰੀ ਆਏ॥ ਜੀਅ ਦਾਨੁ ਦੇ. ਭਗਤੀ ਲਾਇਨਿ; ਹਰਿ ਸਿਉ ਲੈਨਿ ਮਿਲਾਏ॥) ਬਾਵਨ ਬੀਖੂ. ਬਾਨੈ ਬੀਖੇ; ਬਾਸੁ ਤੇ. ਸੁਖ ਲਾਗਿਲਾ॥ ਸਰਬੇ ਆਦਿ ਪਰਮਲਾਦਿ; ਕਾਸਟ ਚੰਦਨੁ ਭੈਇਲਾ॥੨॥) ਚੰਦਨ ਕੈ ਸੰਗਿ; ਤਰਵਰੁ ਬਿਗਰਿਓ॥ ਸੋ ਤਰਵਰੁ; ਚੰਦਨੁ ਹੋਇ ਨਿਬਰਿਓ॥੨॥ ਪਾਰਸ ਕੈ ਸੰਗਿ; ਤਾਂਬਾ ਬਿਗਰਿਓ॥ ਸੋ ਤਾਂਬਾ; ਕੰਚਨੁ ਹੋਇ ਨਿਬਰਿਓ॥੩॥ ਸੰਤਨ ਸੰਗਿ; ਕਬੀਰਾ ਬਿਗਰਿਓ॥ ਸੋ ਕਬੀਰੁ; ਰਾਮੈ ਹੋਇ ਨਿਬਰਿਓ॥੪॥੫॥

ਕਬੀਰ. ਬਾਂਸੁ ਬਡਾਈ ਬੂਡਿਆ; ਇਉ. ਮਤ ਡੂਬਹੁ ਕੋਇ॥ ਚੰਦਨ ਕੈ ਨਿਕਟੇ ਬਸੈ; ਬਾਂਸੁ. ਸੁਗੰਧੁ ਨ ਹੋਇ॥੧੨॥ ਜਿਹੜੇ ਸਾਕਤ, ਮਹਾਤਮਾ ਜੀ ਕੋਲ਼ੇ ਰਹਿ ਕੇ, ਔਗੁਣ ਨਹੀਂ ਤਿਆਗਦੇ, ਕੀ ਉਹ ਭੀ ਚੰਦਨ ਹੋ ਜਾਂਦੇ ਹਨ? ਵਾਹਿਗੁਰੂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਬਾਂਸੁ ਆਪਣੇ ਵੱਡੇ ਪੁਣੇ ਦੀ (ਬਡਾਈ)ਵਡਿਆਈ, ਵੱਡੇ ਪੁਣੇ ਦੇ ਹੰਕਾਰ ਈਰਖਾ ਨਫ਼ਰਤ ਕੁਲ ਘਾਤੀ ਔਗੁਣ ਰੂਪੀ ਜਲ 'ਚ (ਬੂਡਿਆ)ਡੁੱਬ ਗਿਆ, ਇਉ ਬਾਂਸ ਵਾਂਗ (ਕੋਇ)ਕੋਈ ਭੀ (ਮਤ)ਨ (ਡੂਬਹੁ)ਡੁੱਬੋ।

ਚੰਦਨ ਕੈ ਨਿਕਟੇ ਬਸੈ; ਬਾਂਸੁ. ਸੁਗੰਧੁ ਨ ਹੋਇ॥੧੨॥ ਭਾਵੇਂ ਬਾਂਸੁ, ਚੰਦਨ (ਕੈ) ਦੇ (ਨਿਕਟੇ)ਨੇੜੇ (ਬਸੈ)ਵਸਦਾ ਹੈ, ਬਾਂਸੁ ਅੰਦਰ ਸੁਗੰਧੁ (ਨ) ਨਹੀਂ (ਹੋਇ)ਹੁੰਦੀ। ਇਉਂ ਚੰਦਨ ਰੂਪ ਮਹਾਂਪੁਰਸ਼ਾਂ ਜੀ ਦੇ ਪਾਸ ਰਹਿਣ ਵਾਲੇ ਹੰਕਾਰੀ 'ਚ, ਨਾਮ ਪ੍ਰੇਮਾ- ਭਗਤੀ ਦੀ ਸੁਗੰਧੀ ਨਹੀਂ ਹੁੰਦੀ॥੧੨॥ ਯਥਾ:- ਸੁਗੰਧੀ[੧੪] ਵਾਲਾ ਨਹੀਂ ਹੁੰਦਾ। ਓਹ[੧੫]- ਮੈਲਾਗਰ ਸੰਗੇਣ; ਨਿੰਮੁ ਬਿਰਖ. ਸਿ ਚੰਦਨਹ॥ ਨਿਕਟਿ ਬਸੰਤੋ ਬਾਂਸੋ; ਨਾਨਕ. ਅਹੰਬੁਧਿ. ਨ ਬੋਹ[੧੪] ਤੇ[੧੫]॥ ਬਾਂਸ. ਚੰਦਨ ਤੋਂ ਸੁਗੰਧੀ ਨਹੀਂ ਗ੍ਰਹਿਣ ਕਰ ਸਕਦਾ, ਹਨ੍ਹੇਰੀ ਆਉਣ ਤੋਂ, ਬਾਂਸ ਬਾਂਸਾਂ ਨਾਲ ਖਹਿੰਦੇ ਹਨ, ਬਾਂਸ ਆਪ ਸੜਦਾ ਹੈ, ਜੰਗਲ ਨੂੰ ਸਾੜਨ ਦਾ ਕਾਰਨ ਬਣਦਾ ਹੈ। ਇਸੇ ਤਰ੍ਹਾਂ ਹੰਕਾਰੀ, ਹੰਕਾਰੀ ਆਪੋ ਵਿੱਚੀਂ ਖਹਿੰਦੇ ਹਨ, ਸਾਰੇ ਜਗਤ ਨੂੰ ਸਾੜਨ ਦਾ ਕਾਰਨ ਬਣਦੇ ਹਨ। ਜਿਵੇਂ ਬਾਂਸ ਕਹਿੰਦਾ ਚੰਦਨ ਕੀ ਚੀਜ਼ ਹੈ? ਮੇਰੀ ਤਾਂ ਇਕ ਟੋਰੀ ਜਿਤਨਾ ਹੈ, ਹਮ ਬਡ ਕਬਿ ਕੁਲੀਨ, ਹਮ ਪੰਡਿਤ; ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ ਸੂਰ ਹਮ ਦਾਤੇ; ਇਹ ਬੁਧਿ. ਕਬਹਿ ਨ ਨਾਸੀ॥ ਅਨੁਸਾਰ ਜੋ ਵੱਡੇ ਪੁਣੇ ਦਾ ਹੰਕਾਰ ਕਰਦੇ ਹਨ,

Sri Satguru Jagjit Singh Ji eLibrary NamdhariElibrary@gmail.com

ਉਹ ਭੀ ਸੁਗੰਧੀ ਗ੍ਰਹਿਣ ਨਹੀਂ ਕਰ ਸਕਦੇ, ਜਿਵੇਂ ਬਾਂਸ 'ਚ ਗੰਢਾਂ ਹਨ, ਇਉਂ ਜੀਵ 'ਚ ਮੇਰ ਤੇਰ ਪਿੰਡ ਤਹਿਸੀਲ ਸੂਬਾ ਦੇਸ਼, ਜ਼ਾਤਾਂ ਦੀਆਂ ਗੰਢਾਂ ਹਨ। ਜ਼ਾਤਾਂ ਔਗੁਣਾਂ ਦੀਆਂ ਗੰਢਾਂ ਕਰਕੇ, ਜੀਵਾਂ ਨੇ ਜੀਆਂ ਦੇ ਲਹੂ ਘਾਣ ਕਰ ਦਿਤੇ। ਬਾਂਸ ਵਾਂਗ ਹੰਕਾਰੀ ਸਾਕਤ ਈਰਖਾ ਨਫ਼ਰਤ ਕਰਦਾ ਹੈ। ਜਿਵੇਂ ਬਾਂਸ ਪੋਲਾ ਹੁੰਦਾ ਹੈ, ਇਸੇ ਤਰ੍ਹਾਂ ਜੋ ਮਹਾਤਮਾ ਜਨ ਬਚਨ ਫ਼ੁਰਮਾਉਂਦੇ ਹਨ, ਇੱਧਰਲੇ ਕੰਨ ਪਾਈ ਇੱਧਰ ਕੱਢ ਦਿਤੀ ਯਥਾ:- ਕਬੀਰ. ਸਾਚਾ ਸਤਿਗੁਰੁ ਕਿਆ ਕਰੈ; ਜਉ. ਸਿਖਾ ਮਹਿ ਚੂਕ॥ ਅੰਧੇ. ਏਕ ਨ ਲਾਗਈ; ਜਿਉ ਬਾਂਸੁ ਬਜਾਈਐ ਫੂਕ॥੧੫੮॥ ਜਦੋਂ ਤੇਜ਼ ਹਵਾ ਚੱਲਦੀ ਹੈ, ਬਾਂਸ, ਬਾਂਸ ਨਾਲ ਖਹਿੰਦਾ, ਅੱਗ ਪੈਦਾ ਹੋ ਜਾਂਦੀ ਹੈ, ਸਭ ਕੁੱਝ ਸੜ ਜਾਂਦਾ ਹੈ। ਕੁਲ ਘਾਤੀ ਬਾਂਸ ਵਾਂਗ ਸਾਕਤ, ਹੰਉਮੈ ਅੰਦਰਿ ਖੜਕੁ ਹੈ; ਖੜਕੇ ਖੜਕਿ ਵਿਹਾਇ॥ ਅਨੁਸਾਰ ਆਪੋ ਵਿੱਚ ਖੜਕਦਿਆਂ, ਵੈਰ ਈਰਖਾ ਦੀ ਅੱਗ 'ਚ ਆਪਣੇ ਸ਼ੁਭ ਗੁਣ ਸਭ ਕੁੱਝ ਸਾੜ ਲੈਂਦੇ ਹਨ। ਆਪਣੀ ਸੰਤਾਨ ਬੱਚਿਆਂ ਨੂੰ ਗੋਲ਼ੀ ਮਾਰ ਦੇਣੀ, ਆਪ ਜ਼ਹਿਰ ਖਾ ਕੇ ਮਰ ਜਾਣਾ। ਹੰਕਾਰੀ ਸਾਕਤ 'ਚ ਕੁਲ- ਘਾਤੀ ਹੋਣ ਦਾ ਦੋਸ਼ ਹੈ। ਯਥਾ:- ਜੇ ਕੋਈ ਉਸ ਕਾ ਸੰਗੀ ਹੋਵੈ; ਨਾਲੇ ਲਏ ਸਿਧਾਵੈ॥ ਜਿਸ ਤਰ੍ਹਾਂ ਬਾਂਸ 'ਚ ਸਿਲਤਾਂ ਹੁੰਦੀਆ ਹਨ, ਸਾਕਤ 'ਚ ਔਗੁਣਾਂ ਰੂਪੀ ਸਿਲਤਾਂ ਹਨ। ਜਿਵੇਂ ਸਿਲਤਾਂ ਚੁੱਭਦੀਆਂ ਹਨ, ਇਉਂ ਦੂਜਿਆਂ ਨੂੰ ਚੁੱਭਦਾ ਰਹਿੰਦਾ ਹੈ, ਮਹਾਤਮਾ ਜੀ ਕੋਲ਼ ਰਹਿਣੇ ਕਰਕੇ ਇਸ ਅੰਦਰ ਪ੍ਰੇਮਾ- ਭਗਤੀ ਰੂਪੀ ਸੁਗੰਧੀ ਨਹੀਂ ਆ ਸਕਦੀ। ਬਿਰਖ ਬਲੀ ਮਿਲਾਪ ਸਫਲ ਸਘਨ ਛਾਇਆ; ਬਾਸੁ ਤਉ ਬਰਨ ਦੇਖੀ ਮਿਲੇ ਜਰੈ ਜਾਰਿ ਹੈ। ਸਫਲ ਹੁਇ ਤਰਹਰ ਝੁਕਤਿ ਸਕਲ ਤਰ; ਬਾਂਸੁ ਤਉ ਬਡਾਈ ਬੂਡਿਓ ਆਪਾ ਨ ਸੰਮਾਰ ਹੈ। ਸਕਲ ਬਨਾਸਪਤੀ ਸੁਧਿ ਰਿਦੈ ਮੋਨਿ ਗਹੇ; ਬਾਂਸੁ ਤਉ ਰੀਤੋ ਗ਼ਠੀਲੋ ਬਾਜੇ ਧਾਰ ਮਾਰਿ ਹੈ। ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ; ਗੁਰਸਿਖ ਦੋਖੀ ਬਜ੍ਰ ਪ੍ਰਾਨੀ ਨ ਉਧਾਰਿ ਹੈ॥੩੦੯॥ (ਕਬਿਤ ੩੦੯)

ਕਬੀਰ. ਦੀਨੁ ਗਵਾਇਆ ਦੁਨੀ ਸਿਉ; ਦੁਨੀ. ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ; ਗਾਫਲਿ ਅਪੁਨੈ ਹਾਥਿ॥੧੩॥ ਧਰਮ ਦ੍ਰਿੜ- ਪ੍ਰਪੱਕ ਕਰ ਕਰਵਾ ਰਹੇ ਹਨ। { [1](ਦੀਨੁ) ਧਰਮ[1]:- ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥ (ਹਰਿ)ਵਾਹਿਗੁਰੂ ਜੁੱਗੋ ਜੁੱਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ (ਕੋ)ਦੇ ਸੱਚੇ (ਨਾਮੁ)ਵਾਹਿਗੁਰੂ ਗੁਰਬਾਣੀ ਜੀ ਹਰ ਸਮੇਂ ਜਪਿ ਜਪ ਕੇ, ਗੁਰਬਾਣੀ ਗੁਰੂ ਜੀ ਦੇ ਫ਼ੁਰਮਾਏ (ਨਿਰਮਲ)ਉੱਜਲ ਨਿਸ਼ਕਾਮ ਸ਼ੁਭ ਪਰਉਪਕਾਰੀ (ਕਰਮੁ)ਕੰਮ ਕਰਨੇ ਹੀ (ਸਰਬ)ਸਾਰਿਆਂ (ਧਰਮ)ਧਰਮਾਂ (ਮਹਿ)'ਚੋਂ, ਸ੍ਰੇਸਟ ਧਰਮੁ ਹੈ। ਯਥਾ:- ਤਜਿ ਸਭਿ ਭਰਮ; ਭਜਿਓ ਪਾਰਬ੍ਰਹਮੁ॥ ਕਹੁ ਨਾਨਕ; ਅਟਲ ਇਹੁ ਧਰਮੁ॥} ਰਾਮ ਕਬੀਰੈ; ਭੇਦੁ ਨ ਭਾਈ॥੧੫॥ ਅਨੁਸਾਰ ਵਿਸਮਾਦ ਵਾਹਿਗੁਰੂ ਬ੍ਰਹਮ ਸਰੂਪ ਭਗਤ ਕਬੀਰ ਸਾਹਿਬ ਜੀ ਦੇ ਨਿਰਗੁਨ ਸਰੂਪ ਨਾਲ, ਅਸੀਂ ਨਿਰਗੁਣ ਜੀਵ ਗੁਰਬਾਣੀ ਜੀ ਨੂੰ ਵੇਖਦੇ ਬੋਲਦੇ ਸੁਣਦੇ ਰੰਗ ਮਾਣਦੇ ਹਾਂ। ਐਸੇ ਵਿਸਮਾਦ ਸਰੂਪ ਸ੍ਰੀ ਕਬੀਰ ਸਾਹਿਬ ਜੀ, ਸ੍ਰਬੱਤ ਦੇ ਭਲੇ ਹਿਤ, ਆਪਣੇ ਮਨ ਨੂੰ ਉਪਦੇਸ਼ ਦਿੰਦੇ ਹਨ। ਹੇ ਦਾਸਨ ਦਾਸ ਗ਼ਰੀਬ ਕੂਕਰ! ਤੂੰ (ਦੁਨੀ)ਮਾਇਆ, ਦੁਨੀਆਂ (ਸਿਉ)ਨਾਲ ਲੱਗ ਕੇ, ਸੱਚਾ ਨਾਮੁ ਜਪਣ ਜਪਾਉਣ, ਉੱਜਲ ਨਿਸ਼ਕਾਮ ਸ਼ੁਭ ਪਰਉਪਕਾਰ ਕਰਨ ਕਰਾਉਣ ਰੂਪ(ਦੀਨੁ) ਧਰਮ ਆਪਣਾ (ਗਵਾਇਆ)ਗੁਆ ਲਿਆ। ਇਹ ਝੂਠੀ ਨਾਗਣੀ (ਦੁਨੀ)ਮਾਇਆ ਤੇਰੇ (ਸਾਥਿ)ਨਾਲ (ਨ)ਨਹੀਂ (ਚਾਲੀ)ਚੱਲੇਗੀ। ਯਥਾ:- ਦੀਨੁ ਬਿਸਾਰਿਓ. ਰੇ ਦਿਵਾਨੇ; ਦੀਨੁ ਬਿਸਾਰਿਓ. ਰੇ॥ ਪੇਟੁ ਭਰਿਓ. ਪਸੂਆ ਜਿਉ ਸੋਇਓ; ਮਨੁਖੁ ਜਨਮੁ. ਹੈ ਹਾਰਿਓ॥) ਨਾਨਕ; ਦੁਨੀਆ ਕੈਸੀ ਹੋਈ॥ ਸਾਲਕੁ ਮਿਤੁ; ਨ ਰਹਿਓ ਕੋਈ॥ ਭਾਈ ਬੰਧੀ; ਹੇਤੁ ਚੁਕਾਇਆ॥ ਦੁਨੀਆ ਕਾਰਣਿ; ਦੀਨੁ ਗਵਾਇਆ॥) ਸੁਤੜੇ ਅਸੰਖ; ਮਾਇਆ ਝੂਠੀ ਕਾਰਣੇ॥ ਨਾਨਕ. ਸੇ ਜਾਗੰਨ੍ਹਿ; ਜਿ ਰਸਨਾ ਨਾਮੁ ਉਚਾਰਣੇ॥) ਪ੍ਰਾਨ ਗਏ; ਕਹੁ ਕਾਂ ਕੀ ਮਾਇਆ॥) ਕਬੀਰ. ਕਉਡੀ

Sri Satguru Jagjit Singh Ji eLibrary NamdhariElibrary@gmail.com

ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ. ਨ ਕਛੁ ਮਿਲਿਓ; ਲਈ ਲੰਗੋਟੀ ਤੋਰਿ॥) ਕਬੀਰ. ਇਹੁ ਤਨੁ ਜਾਇਗਾ; ਸਕਹੁ ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ; ਜਿਨ੍ ਕੇ ਲਾਖ ਕਰੋਰਿ॥) ਨਾਂਗੇ ਆਵਨੁ; ਨਾਂਗੇ ਜਾਨਾ॥ ਕੋਇ. ਨ ਰਹਿ ਹੈ; ਰਾਜਾ ਰਾਨਾ॥

ਪਾਇ ਕੁਹਾੜਾ ਮਾਰਿਆ; ਗਾਫਲਿ ਅਪੁਨੈ ਹਾਥਿ॥੧੩॥ ਹੇ (ਗਾਫਲਿ)ਬੇਸਮਝ ਕਬੀਰ! ਤੂੰ ਅਪੁਨੈ (ਪਾਇ)ਪੈਰ 'ਤੇ, ਆਪਣੇ ਹਾਥ ਨਾਲ, ਆਪ ਕੁਹਾੜਾ ਮਾਰਿਆ ਹੈ, ਕਿਉਂ ਜੋ ਨਾਗਣੀ ਮਾਇਆ ਲਈ ਜ਼ੋਰ ਜ਼ੁਲਮ ਕਰਦਿਆਂ ਬੇਗੁਨਾਹਾਂ ਮਾਸੂਮਾਂ ਨੂੰ ਬੰਬਾਂ ਨਾਲ ਫੂਕ, ਕੱਟ ਵੱਢ ਰਿਹਾ ਹੈਂ॥੧੩॥ ਯਥਾ:- ਨਾਨਕ. ਆਪਨ ਕਟਾਰੀ, ਆਪਸ ਕਉ ਲਾਈ; ਮਨੁ ਅਪਨਾ ਕੀਨੋ ਫਾਟ॥

ਕਬੀਰ. ਜਹ ਜਹ ਹਉ ਫਿਰਿਓ; ਕਉਤਕ ਠਾਓ ਠਾਇ॥ ਇਕ ਰਾਮ ਸਨੇਹੀ ਬਾਹਰਾ; ਊਜਰੁ ਮੇਰੈ ਭਾਂਇ॥੧੪॥ ਪੂਰਨ ਰਸਮਈ ਉਥਾਨਕਾ:- ਕਾਂਸ਼ੀ ਤੋਂ ਬਾਹਰ ਬ੍ਰਹਮਠਾਂ ਅਸਥਾਨ ਵਿਖੇ ਭਾਰੀ ਮੇਲਾ ਲੱਗਣ ਤੋਂ, ਸੁਆਮੀ ਰਾਮਾਨੰਦ ਜੀ ਨੇ ਆਪਣੇ ਸੇਵਕ ਪਰਖਣ ਲਈ, ਮੇਲਾ ਦੇਖਣ ਭੇਜੇ, ਵਾਪਿਸ ਆਉਣ ਤੋਂ ਪੁੱਛਿਆ, ਖੁਸ਼ ਹੋ ਕੇ ਦੱਸਿਆ,ਜੀ ਬਹੁਤ ਹੀ ਰੌਣਕ ਮੇਲਾ ਸੀ। ਆਪ ਜੀ ਚੁੱਪ ਹੀ ਰਹੇ, ਪੁੱਛਣ ਤੋਂ ਭਗਤ ਜੀ ਨੇ ਪੂਰਨ ਵੈਰਾਗਮਈ ਇਹ ਸਲੋਕ ਸਾਹਿਬ ਜੀ ਫ਼ੁਰਮਾਏ:- ਭਗਤ ਤੇਰੇ ਸਭਿ. ਪ੍ਰਾਣਪਤਿ ਪ੍ਰੀਤਮ; ਤੂੰ ਭਗਤਨ ਕਾ ਪਿਆਰਾ॥ ਅਨੁਸਾਰ ਭਗਤਨ ਜੀ ਦੇ ਅਤਿਅੰਤ ਪਿਆਰੇ, ਪੂਰਨ ਭਗਵਾਨ ਮੇਹਰਵਾਨ ਵਾਹਿਗੁਰੂ ਮਹੱਲਾ ਪੰਜਵਾਂ ਜੀ, ਆਪ ਉੱਬਲਦੀ ਦੇਗ ਅੰਦਰ ਬੈਠ ਕੇ, ਕਬੀਰਿ ਧਿਆਇਓ; ਏਕ ਰੰਗ॥ ਅਨੁਸਾਰ ਆਪਣੇ ਪਿਆਰੇ ਭਗਤ ਸ੍ਰੀ ਕਬੀਰ ਸਾਹਿਬ ਜੀ ਦੀ ਅਗਮ ਅਪਾਰ ਮਹਿਮਾ ਕਰ ਰਹੇ ਹਨ। ਐਸੇ ਬ੍ਰਹਮ ਸਰੂਪ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ, ਆਪਣੇ ਅਕਾਲ ਕ੍ਰਿਪਾਲ ਦਿਆਲ ਨਿਰਗੁਨ ਸਰੂਪ ਜੀ ਦੁਆਰਾ, ਸਭ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਹੋ ਕੇ, ਸਭ ਨੂੰ ਅਸੰਖ ਸ਼ੁਭ ਗੁਣ ਸੁਆਸ ਜੀਵਨ ਬਖ਼ਸ਼ ਰਹੇ ਹਨ। ਵਾਹਿਗੁਰੂ ਜੀ ਦੇ ਸਰਗੁਨ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਰਮਪੂਜਨੀਕ ਬ੍ਰਹਮ- ਵਿੱਦਿਆ ਦੇ ਦਾਤੇ ਪੂਰਨ ਬ੍ਰਹਮ ਸਰੂਪ ਸੁਆਮੀ ਰਾਮਾਨੰਦ ਜੀ! (ਹਉ)ਦਾਸਨ ਦਾਸ (ਜਹ)ਜਿੱਥੇ (ਜਹ)ਜਿੱਥੇ ਭੀ ਮੇਲੇ 'ਚ (ਫਿਰਿਓ)ਗਿਆ ਹੈ, (ਠਾਓ)ਥਾਉ (ਠਾਇ)ਥਾਈਂ (ਕਉਤਕ)ਤਮਾਸ਼ੇ, ਰਾਗ ਰੰਗ ਵਿਕਾਰੀ ਨਾਚ ਗਾਣੇ ਹੋ ਰਹੇ ਸਨ।

ਇਕ ਰਾਮ ਸਨੇਹੀ ਬਾਹਰਾ; ਊਜਰੁ ਮੇਰੈ ਭਾਂਇ॥੧੪॥ ਮੇਲੇ 'ਚ (ਸਨੇਹੀ)ਪਿਆਰੇ (ਰਾਮ)ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਵਾਹਿ ਜੀਉ॥ ਇਕ ਰਾਮ ਜੀ ਦੇ (ਸਨੇਹੀ)ਪਿਆਰੇ ਭਗਤ ਜੀ, (ਬਾਹਰਾ)ਬਿਨਾ, (ਮੇਰੈ)ਦਾਸਨ ਦਾਸ ਦੇ (ਭਾਂਇ)ਭਾਣੇ (ਊਜਰੁ)ਉਜਾੜ ਹੀ ਸੀ॥੧੪॥ ਚਾਹੇ ਕਿਤਨਾ ਭੀ ਭਾਰੀ ਮੇਲਾ ਹੋਵੇ, ਜਿਸ 'ਚ ਨਾਟਕ ਤਮਾਸ਼ੇ ਸਿਨਮੇਂ ਨਾਚ ਗਾਣੇ ਹੋ ਰਹੇ ਹੋਣ,ਆਪ ਜੀ ਦੀ ਨਿਗ੍ਹਾ 'ਚ, ਮਹਾਰਾਜ ਸਾਹਿਬ ਜੀ ਦੇ ਪਿਆਰੇ, ਬੰਦਗੀ ਬਿਨਾ ਉਜਾੜ ਹੈ। ਯਥਾ:- ਜਿਥੈ. ਨਾਮੁ ਜਪੀਐ; ਪ੍ਰਭ ਪਿਆਰੇ॥ ਸੇ ਅਸਥਲ; ਸੋਇਨ ਚਉਬਾਰੇ॥ ਜਿਥੈ. ਨਾਮੁ ਨ ਜਪੀਐ ਮੇਰੇ ਗੋਇਦਾ; ਸੇਈ ਨਗਰ. ਉਜਾੜੀ ਜੀਉ॥) ਕਉਤਕ ਕੋਡ ਤਮਾਸਿਆ; ਚਿਤਿ. ਨ ਆਵਸੁ ਨਾਉ॥ ਨਾਨਕ. ਕੋੜੀ ਨਰਕ ਬਰਾਬਰੇ; ਉਜੜੁ ਸੋਈ ਥਾਉ॥) ਅਸੰਖ ਅਨੰਤ ਅਗਮ ਅਪਾਰ ਵਿਸਮਾਦ ਪ੍ਰੇਮਮਈ ਸ਼ੁਭ ਸਿੱਖਿਆ:- ਪ੍ਰਭ ਮੇਰੇ ਓਇ; ਬੈਰਾਗੀ ਤਿਆਗੀ॥ ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਨੂੰ, ਵਿਸ਼ਈ ਨਾਚ ਗਾਣੇ ਤਮਾਸ਼ੇ ਦੇਖਣੇ ਸੁਨਣੇ ਨਹੀਂ ਭਾਉਂਦੇ। ਪੂਰਨ ਭਗਤ ਜੀ ਦੀ ਅਗਮ ਅਪਾਰ ਮਹਿਮਾ ਵੈਰਾਗਮਈ ਇਹ ਅਵਸਥਾ ਹੈ:- ਮੇਰੇ ਮੋਹਨ; ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ. ਨਾਦ ਧੁਨਿ ਗਾਵਤ; ਬੋਲਤ ਬੋਲ ਅਜਾਏ॥) ਹਰਿ ਰਸਿਕ ਬੈਰਾਗੀ. ਨਾਮਿ ਲਿਵ ਲਾਗੀ; ਕਤਹੁ. ਨ ਜਾਇ ਨਿਖੇਧਿਆ॥) ਜਿਨ ਸਚੁ ਜਾਤਾ; ਸੇ ਸਚਿ ਸਮਾਣੇ॥ ਹਰਿ ਗੁਣ ਗਾਵਹਿ; ਸਚੁ ਵਖਾਣੇ॥ ਨਾਨਕ. ਨਾਮਿ ਰਤੇ ਬੈਰਾਗੀ; ਨਿਜ

Sri Satguru Jagjit Singh Ji eLibrary NamdhariElibrary@gmail.com

ਘਰਿ. ਤਾੜੀ ਲਾਵਣਿਆ॥) ਜਿਹਿ. ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ. ਮਾਥੈ ਭਾਗ॥

ਕੁਸੱਤੀ– ਕਬੀਰ. ਸੰਤਨ ਕੀ ਝੁੰਗੀਆ ਭਲੀ; ਭਠਿ ਕੁਸਤੀ ਗਾਉ॥ ਆਗਿ ਲਗਉ. ਤਿਹ ਧਉਲਹਰ; ਜਿਹ. ਨਾਹੀ ਹਰਿ ਕੋ ਨਾਉ॥੧੫॥) ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ. ਹਰਿ ਫਿਰੈ; ਕਹਤ ਕਬੀਰ ਕਬੀਰ॥ ਅਨੁਸਾਰ ਰੱਬ ਜੀ ਨੂੰ ਪ੍ਰੇਮ ਦੀ ਡੋਰੀ ਪਾ ਕੇ ਵੱਸ ਕਰਕੇ, ਗੁਰਬਾਣੀ ਜੀ ਦੇ ਭੰਡਾਰ ਹੁੰਦਿਆਂ, ਤੇਰੇ ਸੰਤਨ ਕੀ; ਹਉ ਚੇਰੀ॥੧॥ ਅਨੁਸਾਰ ਸੰਤਾਂ ਮਹਾਂਪੁਰਸ਼ਾਂ ਦੀ ਚੇਰੀ ਦਾਸਨ ਦਾਸੀ ਬਣ ਕੇ, ਸੇਵਾ ਕਰਨ ਕਰਾਉਣ ਵਾਲੇ ਨਾਮ ਜਪਣ ਜਪਾਉਣ ਵਾਲੇ, ਪੂਰਨ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:– ਹੇ ਪ੍ਰੇਮੀਓ! (ਸੰਤਨ)ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠ ਕੇ, ਸੁਆਸ ੨ ਨਾਮ ਜਪਣ ਜਪਾਉਣ, ਗੁਰਬਾਣੀ ਗੁਰੂ ਮਰਯਾਦਾ ਬਖ਼ਸ਼ਣ ਵਾਲੇ ਸ਼ਾਂਤ ਸਰੂਪ ਸਤਿਗੁਰੂ ਸਾਹਿਬ ਮਹੱਲਾ ੯ ਜੀ ਦੇ ਰਹਿਣ (ਕੀ)ਦੀ (ਝੁੰਗੀਆ)ਕੱਖਾਂ ਦੀ ਕੁੱਲੀ (ਭਲੀ)ਚੰਗੀ ਤੋਂ ਚੰਗੀ ਹੈ, ਜਿਸ 'ਚ ਬੈਠ ਕੇ, ਭਜਨ ਸਿਮਰਨ ਕਥਾ ਕੀਰਤਨ ਬ੍ਰਹਮ ਚਰਚਾ ਗੁਰੂ ਜਸ ਕਰਦੇ ਸੁਣਦੇ ਹਨ। ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਸ਼ਰਾਬ ਤੰਬਾਕੂ ਡਰੱਗ ਭੈੜੇ ਨਸ਼ੇ ਵਰਤਣੇ ਡਾਕੇ ਮਾਰਨ ਵਾਲੇ ਹਤਿਆਰੇ (ਕੁਸਤੀ)ਕੁਧਰਮੀਆਂ ਖੋਟਿਆਂ ਸਾਕਤਾਂ ਦੇ ਵਸਣ ਦਾ (ਗਾਉ)ਨੱਗਰ ਤਪਦਾ ਭਠਿ ਹੈ। ਜਿਸ 'ਚ ਵਿਕਾਰੀ ਨਾਚ ਗਾਣੇ ਭੈੜੇ ਨਸ਼ੇ ਜੂਆ ਚੋਰੀ ਯਾਰੀ ਔਗੁਣਾਂ ਸਹਿਤ, ਆਪੋ ਵਿੱਚੀਂ ਲੜਾਈ ਦੀ ਅੱਗ ਬਲ਼ ਰਹੀ ਹੈ।

ਆਗਿ ਲਗਉ. ਤਿਹ ਧਉਲਹਰ; ਜਿਹ. ਨਾਹੀ ਹਰਿ ਕੋ ਨਾਉ॥੧੫॥ (ਤਿਹ)ਤਿਸ (ਧਉਲਹਰ)ਪੱਕੇ ਮਕਾਨ ਨੂੰ ਆਗਿ (ਲਗਉ)ਲੱਗ ਜਾਵੇ, (ਜਿਹ)ਜਿਸ 'ਚ, ਹਰਿ ਜੀ (ਕੋ)ਦੇ (ਨਾਉ)ਨਾਮ ਜੀ ਨਾਹੀ ਹਨ। ਜਿਵੇਂ ਭਾਈ ਹੇਮੇ ਜੀ ਦੀ ਛੱਪਰੀ,ਜਿੱਥੇ ਹੁਣ ਗੁਰਦੁਆਰਾ ਖਾਨਛਾਪਰੀ ਸਾਹਿਬ ਜੀ ਹਨ,ਇੱਥੇ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ, ਪਰਮਪੂਜਨੀਕ ਚਰਨ– ਕਮਲ ਪਾਏ, ਹੁਣ ਸੁਨੈਹਰੀ ਕਲਸ ਝੂੱਲ ਰਹੇ ਹਨ,ਨਾਲ ਹੀ ਹੰਕਾਰੀ ਖਾਨਾ ਦਾ ਖਾਨਪੁਰ ਪਿੰਡ ਥੇਹ ਬਣਿਆਂ ਪਿਆ ਹੈ। ਯਥਾ:– ਜਿਥੈ. ਨਾਮੁ ਜਪੀਐ; ਪ੍ਰਭ ਪਿਆਰੇ॥ ਸੇ ਅਸਥਲ; ਸੋਇਨ ਚਉਬਾਰੇ॥ ਜਿਥੈ. ਨਾਮੁ ਨ ਜਪੀਐ, ਮੇਰੇ ਗੋਇਦਾ; ਸੇਈ ਨਗਰ ਉਜਾੜੀ ਜੀਉ॥੧॥) ਭਲੀ ਸੁਹਾਵੀ ਛਾਪਰੀ; ਜਾ ਮਹਿ ਗੁਨ ਗਾਏ॥ ਕਿਤ ਹੀ ਕਾਮਿ. ਨ ਧਉਲਹਰ; ਜਿਤੁ ਹਰਿ ਬਿਸਰਾਏ॥੧॥

ਕਬੀਰ. ਸੰਤ ਮੂਏ ਕਿਆ ਰੋਈਐ; ਜੋ. ਅਪੁਨੇ ਗ੍ਰਿਹਿ ਜਾਇ॥ ਰੋਵਹੁ. ਸਾਕਤ ਬਾਪੁਰੇ; ਜੁ. ਹਾਟੈ ਹਾਟ ਬਿਕਾਇ॥੧੬॥ ਪਰਮ ਪੂਜਨੀਕ ਸੁਆਮੀ ਰਾਮਾਨੰਦ ਜੀ ਦੇ ਸੱਚਖੰਡ ਜਾਣ ਤੋਂ ਪ੍ਰੇਮੀ ਰੋਣ ਲੱਗੇ.ਉਨ੍ਹਾਂ ਨੂੰ ਧੀਰਜ ਦੇਣ ਲਈ,ਪੂਰਨ ਭਗਤਿ ਜੀ ਨੇ ਇਹ ਸਲੋਕ ਉਚਾਰਿਆ। ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:– ਜੋ ਸੰਤ ਅਪੁਨੇ ਸੱਚਖੰਡ (ਗ੍ਰਿਹਿ)ਘਰ ਵਾਹਿਗੁਰੂ ਜੀ 'ਚ (ਜਾਇ)ਜਾਂਦੇ ਹਨ,ਜਿਸ ਘਰ ਦੀ ਪ੍ਰਾਪਤੀ ਲਈ,ਗੁਰੂ ਸੇਵਾ ਭਜਨ ਸਿਮਰਨ ਕਰਦੇ ਸਨ। ਤਿਨ੍ਹਾਂ ਦੇ (ਮੂਏ)ਮਰਨ ਅਥਵਾ ਔਗੁਣ ਪਾਪ ਹੰਕਾਰ ਵੱਲੋਂ ਮਰਨ ਤੋਂ (ਕਿਆ)ਕਿਸ ਲਈ (ਰੋਈਐ)ਰੋਣਾ ਕਰੀਏ? ਭਾਵ ਰੋਣਾ ਨਹੀਂ ਚਾਹੀਦਾ, ਕਿਉਂ ਜੋ ਸੰਤ ਅਵਿਨਾਸੀ ਬ੍ਰਹਮ 'ਚ ਲੀਣ ਹੋ ਜਾਂਦੇ ਹਨ। ਸ੍ਰੀਰ ਮਰਨ ਤੋਂ ਸੰਤ ਮਰਦੇ ਨਹੀਂ। ਅਬਿਨਾਸੀ ਸੁਖ; ਆਪਨ ਆਸਨ॥ ਤਹ ਜਨਮ ਮਰਨ; ਕਹੁ ਕਹਾ ਬਿਨਾਸਨ॥ ਅਵਸਥਾ ਨੂੰ ਪ੍ਰਾਪਤ ਹੋ ਜਾਂਦੇ ਹਨ, ਜਿਵੇਂ ਦਾਤਾ ਤੇ ਭਗਤ ਸੂਰਮਾ; ਤਿੰਨੇ ਜੱਗ ਜਿਉਂਦੇ ਆ।

ਯਥਾ:– ਜਿਉ ਜਲ ਮਹਿ; ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥) ਹਰਿ ਕੇ ਸੇਵਕ. ਜੋ ਹਰਿ ਭਾਏ; ਤਿਨ੍ ਕੀ ਕਥਾ ਨਿਰਾਰੀ ਰੇ॥ ਆਵਹਿ ਨ ਜਾਹਿ. ਨ ਕਬਹੂ ਮਰਤੇ; ਪਾਰਬ੍ਰਹਮ ਸੰਗਾਰੀ ਰੇ॥) ਜਰਾ ਮਰਾ.

Sri Satguru Jagjit Singh Ji eLibrary NamdhariElibrary@gmail.com

ਨਹ ਵਿਆਪਈ; ਫਿਰਿ. ਦੂਖੁ ਨ ਪਾਇਆ॥ ਪੀ ਅੰਮ੍ਰਿਤੁ ਆਘਾਨਿਆ; ਗੁਰਿ. ਅਮਰ ਕਰਾਇਆ॥) ਸੰਤ ਤੁਮਾਰੇ. ਤੁਮਰੇ ਪ੍ਰੀਤਮ; ਤਿਨ ਕਉ. ਕਾਲ ਨ ਖਾਤੇ॥ ਰੰਗਿ ਤੁਮਾਰੈ ਲਾਲ ਭਏ ਹੈ; ਰਾਮ ਨਾਮ ਰਸਿ ਮਾਤੇ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥) ਥਿਰੁ ਪਾਰਬ੍ਰਹਮੁ ਪਰਮੇਸਰੋ; ਸੇਵਕੁ ਥਿਰੁ ਹੋਸੀ॥) ਗੁਰਮੁਖਿ ਮਰੈ ਨ, ਕਾਲੁ ਨ ਖਾਏ; ਗੁਰਮੁਖਿ ਸਚਿ ਸਮਾਵਣਿਆ॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥)

ਰੋਵਹੁ. ਸਾਕਤ ਬਾਪੁਰੇ; ਜੁ. ਹਾਟੈ ਹਾਟ ਬਿਕਾਇ॥੧੬॥ (ਬਾਪੁਰੇ)ਤੁੱਛ ਨੀਚ (ਸਾਕਤ)ਨਾਮ ਹੀਨ ਨਾਸਤਕ ਦੇ ਮਰਨ ਤੋਂ, (ਰੋਵਹੁ)ਰੋਣਾ ਕਰੋ, ਕਿਉਂ ਜੁ, ਸੱਪ ਕੁੱਤਾ ਬਿਸਟਾ ਕ੍ਰਿਮ ਬੱਕਰਾ ਛੱਤਰਾ ਬਣ ਕੇ, ਚੌਰਾਸੀ ਲੱਖ ਜੂਨ ਭੋਗਣ ਰੂਪੀ (ਹਾਟੈ)ਹੱਟਾਂ ਹੀ (ਹਾਟ)ਹੱਟਾਂ 'ਤੇ (ਬਿਕਾਇ)ਵਿਕਦਾ ਹੈ॥੧੬॥) ਯਥਾ:- ਆਪਨੇ ਸਦਨ; ਬੈਕੁੰਠਿ ਸਿਧਾਰੇ॥ ਸੋਚਨ ਜੋਗ ਨ; ਸੁ ਸੁਖ ਭਾਰੇ॥ ਮਨਮਤ ਉਰਝੇ; ਭਗਤ ਬਿਹੀਨੇ॥ ਕਬਹੂੰ; ਨ ਪ੍ਰਭੁ ਕੋ ਸਿਮਰਨ ਕੀਨੇ॥ ਸੋ ਸੋਚਨ ਕੇ ਜੋਗ ਮਹਾਨਾ॥ ਧਰਮ ਤਿਆਗ; ਜਿਨ ਕੀਯ ਅਘ ਨ੍ਹਾਨਾ॥ ਨਹ ਸਤਿਗੁਰ ਕੀ ਸੇਵ ਕਮਾਈ॥ ਸਤਿਗੁਰ ਗਿਰਾ; ਨ ਰਿਦੈ ਬਸਾਈ॥੩੦॥ ਨਿਸ ਦਿਨ ਪਚੀ; ਕੁਟੰਬ ਮਝਾਰੇ॥ ਕੂੜ ਬੋਲਿ; ਸੰਚਹਿ ਧਨ ਭਾਰੇ॥ ਤਪ ਤੀਰਥ; ਜਿਨ ਕੀਨ ਨ ਕੋਊ॥ ਸੋਚਨਿ ਜੋਗ; ਜਾਨੀਅਹਿ ਸੋਊ॥੩੧॥ ਸੁਪਨਹਿ ਕਬ ਸਤਿਸੰਗ ਨ ਸੇਵਾ॥ ਗੁਰ ਬਿਹੀਨ; ਅਫਰੇ ਅਹੰਮੇਵਾ॥ ਰਿਦੇ ਦਯਾ ਨਹਿ ਦੀਨਹੁ ਦਾਨਾ॥ ਸੋ ਸੋਚਨ ਕੇ ਜੋਗ ਮਹਾਨਾ॥੩੨। (ਗੁ:ਪ੍ਰ:ਸੂ:)

ਕਬੀਰ. ਸਾਕਤੁ ਐਸਾ ਹੈ; ਜੈਸੀ. ਲਸਨ ਕੀ ਖਾਨਿ॥ ਕੋਨੇ ਬੈਠੇ ਖਾਈਐ; ਪਰਗਟ ਹੋਇ ਨਿਦਾਨ॥੧੭॥ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਾਕਤੁ)ਨਾਮ ਹੀਨ ਨਾਸਤਕ, (ਐਸਾ)ਇਸ ਤਰ੍ਹਾਂ ਦਾ ਹੈ (ਜੈਸੀ)ਜਿਸ ਤਰ੍ਹਾਂ, ਲਸਨ (ਕੀ)ਦੀ (ਖਾਨਿ)ਚਟਣੀ, ਹੁੰਦੀ ਹੈ। ਜੇ ਕਰ ਘਰ ਦੇ (ਕੋਨੇ)ਖੂੰਜੇ ਬੈਠੇ ਭਾਵ ਲੁਕ ਕੇ (ਖਾਈਐ)ਖਾਈਏ ਤਾਂ (ਨਿਦਾਨ)ਅੰਤ ਨੂੰ ਪਰਗਟ ਹੋਇ ਜਾਂਦਾ ਹੈ, ਭਾਵ ਲਸਣ ਦੀ ਬਦਬੋ ਆਉਣ ਤੋਂ ਲੁਕਦਾ ਨਹੀਂ, ਇਉਂ ਸਾਕਤ ਦੇ ਲੁੱਕਵੇਂ ਕੀਤੇ ਕੁਕਰਮ ਪ੍ਰਗਟ ਹੋ ਜਾਂਦੇ ਹਨ, ਜਿਵੇਂ ਲੁਕ ਕੇ ਬੇਸਵਾ ਕੁਸੰਗ ਤੋਂ, ਏਡਜ਼ ਬਿਮਾਰੀ ਹੋਣ ਤੋਂ, ਕੁਕਰਮ ਦਾ ਪਤਾ ਲੱਗ ਜਾਂਦਾ ਹੈ, ਤਿਵੇਂ ਹੀ ਸਾਕਤ ਦੁਨੀਆਂ ਨੂੰ ਭਾਵੇਂ ਗੁਪਤ ਸਾੜਦਾ ਫ਼ੂਕਦਾ ਹੈ, ਪਰ ਫੇਰ ਭੀ ਪ੍ਰਗਟ ਹੋ ਹੀ ਜਾਂਦਾ ਹੈ॥੧੭॥ ਯਥਾ:- ਅਨਿਕ ਪੜਦੇ ਮਹਿ; ਕਮਾਵੈ ਵਿਕਾਰ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ॥) ਅੰਤਰਿ ਬਹਿ ਕੈ. ਕਰਮ ਕਮਾਵੈ; ਸੋ. ਚਹੁ ਕੁੰਡੀ ਜਾਣੀਐ॥ ਜੋ ਧਰਮੁ ਕਮਾਵੈ. ਤਿਸੁ ਧਰਮ ਨਾਉ ਹੋਵੈ; ਪਾਪਿ ਕਮਾਣੈ. ਪਾਪੀ ਜਾਣੀਐ॥) ਦੇਇ ਕਿਵਾੜ. ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਨੁ. ਪੜਦਾ ਤੇਰਾ ਢਾਕੈ॥੩॥) ਅੰਦਰਿ ਕਮਾਣਾ. ਸਰਪਰ ਉਘੜੈ; ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥) ਜੈਸੇ ਤਉ ਲਸਨ ਖਾਇ ਮੋਨਿ ਕੈ, ਸਭਾ ਮੈਂ ਬੈਠੇ; ਪ੍ਰਗਟੈ ਦੁਰਗੰਧ. ਨਾਹਿ ਦੁਰਤਿ ਦੁਰਾਈਐ।

ਕਬੀਰ. ਮਾਇਆ ਡੋਲਨੀ; ਪਵਨੁ ਝਕੋਲਨਹਾਰੁ॥ ਸੰਤਹੁ ਮਾਖਨੁ ਖਾਇਆ; ਛਾਛਿ ਪੀਐ ਸੰਸਾਰੁ॥੧੮॥ ਪੂਰਨ ਬ੍ਰਹਮ ਸਰੂਪ ਪ੍ਰੇਮਾ- ਭਗਤੀ ਦੇ ਦਾਤੇ, ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪੂਰਨ ਸੰਤ ਮਹਾਂਪੁਰਸ਼, ਮਾਇਆ ਦੀ (ਡੋਲਨੀ)ਚਾਟੀ ਦੇਹ 'ਚ, (ਪਵਨੁ)ਸੁਆਸ ੨ ਨਾਮ ਜਪਣ ਰੂਪ (ਝਕੋਲਨਹਾਰੁ)ਮਧਾਣੀ, ਨਿਸ਼ਕਾਮ- ਕਰਮ ਰੂਪ ਦਹੀਂ 'ਚ ਪਾ ਕੇ, ਬਾਰ ਬਾਰ ਨਾਮ ਜਪਣ ਰੂਪ ਰਿੜਕ ਕੇ, (ਸੰਤਹੁ)ਸੰਤ ਮਹਾਂਪੁਰਸ਼ਾਂ ਨੇ ਬ੍ਰਹਮਾਨੰਦ ਅੰਮ੍ਰਿਤ- ਰੂਪ ਮਾਖਨੁ (ਖਾਇਆ)ਖਾਧਾ ਹੈ, ਸਤਿਗੁਰੂ ਸ੍ਰੀ ਗ੍ਰੰਥ ਸਾਹਿਬ ਮਹਾਰਾਜ ਸੱਚੇ ਪਾਤਿਸ਼ਾਹ ਜੀ, ਸੁਆਸ ੨ ਨਾਮ ਜਪਣ ਜਪਾਉਣ ਵਾਲੇ ਮਹਾਂਪੁਰਸ਼ਾਂ ਦੇ ਦਿਲ ਦਿਮਾਗ਼ 'ਚ

Sri Satguru Jagjit Singh Ji eLibrary NamdhariElibrary@gmail.com

ਹਰ ਵੇਲੇ ਗੁਰਬਾਣੀ ਭੇਜਦੇ ਹਨ, ਰੋਮ ੨ 'ਚ ਵਸਦੇ ਹਨ, ਉਨ੍ਹਾਂ ਦੇ ਹਿਰਦੇ 'ਚੋਂ ਅੰਮ੍ਰਿਤ ਬ੍ਰਹਮਾਨੰਦ ਰਸ, ਮੁਖ 'ਚ ਹਰ ਸਮੇਂ ਭੇਜਦੇ ਰਹਿੰਦੇ ਹਨ। ਇਹ ਬ੍ਰਹਮਾਨੰਦ ਅੰਮ੍ਰਿਤ ਮੱਖਣ ਖਾਧਾ ਹੈ। ਬ੍ਰਹਮਾਨੰਦ ਰੂਪੀ ਮਾਖਨੁ ਖਾਣ ਵਾਲੇ ਸੰਤਾਂ ਦੀ ਸ਼ੁਭ ਸੱਚੀ ਸੇਵਾ ਕਰਕੇ ਸੰਸਾਰੁ (ਛਾਛਿ)ਲੱਸੀ (ਪੀਐ)ਪੀਂਦਾ ਹੈ॥੧੮॥ ਯਥਾ:- ਜਾ ਕੇ ਨਿਗਮ; ਦੂਧ ਕੇ ਠਾਟਾ॥ ਸਮੁੰਦੁ ਬਿਲੋਵਨ ਕਉ ਮਾਟਾ॥ ਤਾ ਕੀ; ਹੋਹੁ ਬਿਲੋਵਨਹਾਰੀ॥ ਕਿਉ ਮੇਟੈਗੋ; ਛਾਛਿ ਤੁਹਾਰੀ॥੧॥ ਜੇ ਬ੍ਰਹਮਾਨੰਦ ਅੰਮ੍ਰਿਤ ਨਹੀਂ ਮਿਲਦਾ ਤਾਂ ਪੱਕੇ ਪੂਰਨ ਸੰਤਾਂ ਦੀ ਸ਼ੁਭ ਸੇਵਾ ਕਰਕੇ, ਲੱਸੀ ਜ਼ਰੂਰ ਹੀ ਮਿਲ ਜਾਵੇਗੀ। ਪੂਰਨ ਪ੍ਰੇਮ ਭਾਵਨੀ ਨਾਲ ਸੇਵਾ ਕਰਨ ਨੂੰ ਫ਼ੁਰਮਾ ਰਹੇ ਹਨ:- ਸੰਤ ਸੇਵਾ ਕਰਿ. ਭਾਵਨੀ ਲਾਈਐ; ਤਿਆਗਿ ਮਾਨੁ ਹਾਠੀਲਾ॥੧॥

ਕਬੀਰ. ਮਾਇਆ ਡੋਲਨੀ; ਪਵਨੁ ਵਹੈ ਹਿਵ ਧਾਰ॥ ਜਿਨਿ ਬਿਲੋਇਆ. ਤਿਨਿ ਖਾਇਆ; ਅਵਰ ਬਿਲੋਵਨਹਾਰ॥੧੯॥ ਵਾਹਿਗੁਰੂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਾਇਆ ਦੀ (ਡੋਲਨੀ)ਚਾਟੀ ਦੇਹ 'ਚ, ਜਿਨ੍ਹਾਂ ਗੁਰਮੁਖਾਂ ਦੇ, ਸੁਆਸ ੨ ਨਾਮ ਜਪਣ ਰੂਪ (ਹਿਵ)ਬਰਫ਼ ਦੀ ਧਾਰ ਵਰਗੇ ਠੰਢੇ (ਪਵਨੁ)ਸੁਆਸ (ਵਹੈ)ਵਹਿੰਦੇ ਹਨ, ਭਾਵ ਸੁਆਸ ੨ ਨਾਮ ਜਪਣ ਰੂਪ ਮਧਾਣੀ ਹੈ। (ਜਿਨਿ)ਜਿਨਾਂ ਗੁਰਮੁਖਾਂ ਨੇ ਅਪਣੀ ਦੇਹ ਰੂਪੀ ਚਾਟੀ 'ਚ, ਸੁਆਸ ੨ ਨਾਮ ਜਪਣ ਰੂਪ ਮਧਾਣੀ ਨਾਲ, ਨਿਸ਼ਕਾਮ- ਕਰਮ ਰੂਪੀ ਦਹੀਂ, ਲਗਾਤਾਰ ਨਾਮ ਜਪਣ ਰੂਪ (ਬਿਲੋਇਆ)ਰਿੜਕਿਆ ਹੈ, (ਤਿਨਿ)ਤਿਨ੍ਹਾਂ ਨੇ ਬ੍ਰਹਮਾਨੰਦ ਮੱਖਣ ਨੂੰ (ਖਾਇਆ)ਖਾਧਾ ਹੈ। ਐਸੇ ਪੱਕੇ ਸੰਤਾਂ ਦੁਆਰਾ (ਅਵਰ)ਹੋਰ ਭੀ ਪ੍ਰੇਮੀ ਜਨ, ਨਿਸ਼ਕਾਮ- ਕਰਮ ਰੂਪੀ ਦਹੀਂ (ਬਿਲੋਵਨਹਾਰ)ਰਿੜਕਣੇ ਵਾਲੇ ਹੋ ਕੇ ਬ੍ਰਹਮਾਨੰਦ ਰਸ ਨੂੰ ਖਾਂਦੇ ਹਨ॥੧੯॥ ਯਥਾ:- ਤਨੁ ਕਰਿ ਮਟੁਕੀ; ਮਨ ਮਾਹਿ ਬਿਲੋਈ॥ ਇਸੁ ਮਟੁਕੀ ਮਹਿ; ਸਬਦੁ ਸੰਜੋਈ॥)

ਕਬੀਰ. ਮਾਇਆ ਚੋਰਟੀ; ਮੁਸਿ ਮੁਸਿ ਲਾਵੈ ਹਾਟਿ॥ ਏਕੁ ਕਬੀਰਾ. ਨਾ ਮੁਸੈ; ਜਿਨਿ ਕੀਨੀ ਬਾਰਹ ਬਾਟ॥੨੦॥ {ਮਾਇਆ ਦਾ ਅਰਥ:- ਰਜ ਗੁਣ ਤਮ ਗੁਣ. ਸਤ ਗੁਣ ਕਹੀਐ; ਏਹ ਤੇਰੀ ਸਭ ਮਾਇਆ॥ ਅਨੁਸਾਰ ਰਜੋ ਤਮੋ ਸਤੋ ਗੁਣ,ਇਹ ਸਭ ਮਾਇਆ ਹੈ। ਜੜ, ਚੇਤਨ ਦੋ ਪ੍ਰਕਾਰ ਦੀ ਮਾਇਆ ਹੈ। (ਜੜ)ਧਨ, (ਚੇਤਨ)ਸ੍ਰੀਰ ਭਾਵ ਚੌਰਾਸੀ ਲੱਖ ਜੂਨ ਦੇ ਜੀਵ ਇੱਕ ਦੂਜੇ ਨਾਲ ਮੋਹ ਵੈਰ ਵਿਕਾਰ'ਚ ਪਲਚ ੨ ਕੇ ਮਰਦੇ ਹਨ, ਇਹ ਚੇਤਨ ਮਾਇਆ ਹੈ। ਯਥਾ:- ਜਲ ਮਹਿ ਮੀਨ; ਮਾਇਆ ਕੇ ਬੇਧੇ॥ ਦੀਪਕ ਪਤੰਗ, ਮਾਇਆ ਕੇ ਛੇਦੇ॥ ਕਾਮ ਮਾਇਆ; ਕੁੰਚਰ ਕਉ ਬਿਆਪੈ॥ ਭੁਇਅੰਗਮ ਭ੍ਰਿੰਗ; ਮਾਇਆ ਮਹਿ ਖਾਪੈ॥੧॥ ਮਾਇਆ; ਐਸੀ ਮੋਹਨੀ ਭਾਈ॥ ਜੇਤੇ ਜੀਅ; ਤੇਤੇ ਡਹਕਾਈ॥੧॥ ਰਹਾਉ॥ ਪੰਖੀ ਮ੍ਰਿਗ; ਮਾਇਆ ਮਹਿ ਰਾਤੇ॥ ਸਾਕਰ ਮਾਖੀ; ਅਧਿਕ ਸੰਤਾਪੇ॥ ਤੁਰੇ ਉਸਟ; ਮਾਇਆ ਮਹਿ ਭੇਲਾ॥ ਸਿਧ ਚਉਰਾਸੀਹ; ਮਾਇਆ ਮਹਿ ਖੇਲਾ॥੨॥ ਛਿਅ ਜਤੀ; ਮਾਇਆ ਕੇ ਬੰਦਾ॥ ਨਵੈ ਨਾਥ; ਸੂਰਜ ਅਰੁ ਚੰਦਾ॥ ਤਪੇ ਰਖੀਸਰ; ਮਾਇਆ ਮਹਿ ਸੂਤਾ॥ ਮਾਇਆ ਮਹਿ ਕਾਲੁ; ਅਰੁ ਪੰਚ ਦੂਤਾ॥੩॥ ਸੁਆਨ ਸਿਆਲ; ਮਾਇਆ ਮਹਿ ਰਾਤਾ॥ ਬੰਤਰ ਚੀਤੇ; ਅਰੁ ਸਿੰਘਾਤਾ॥ ਮਾਂਜਾਰ ਗਾਡਰ; ਅਰੁ ਲੂਬਰਾ॥ ਬਿਰਖ ਮੂਲ; ਮਾਇਆ ਮਹਿ ਪਰਾ॥੪॥ ਮਾਇਆ ਅੰਤਰਿ; ਭੀਨੇ ਦੇਵ॥ ਸਾਗਰ ਇੰਦ੍ਰਾ ਅਰੁ ਧਰਤੇਵ॥ ਕਹਿ ਕਬੀਰ. ਜਿਸੁ ਉਦਰੁ; ਤਿਸੁ ਮਾਇਆ॥ ਤਬ ਛੂਟੇ; ਜਬ ਸਾਧੂ ਪਾਇਆ॥} ਵਾਹਿਗੁਰੂ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਰਸਨਾ ਵਿਸ਼ੇ ਸੁਆਦ, ਨੀਂਦ ਦਾ ਸੁਆਦ, ਆਪਣੀ ਵਡਿਆਈ ਆਪ ਕਰਨੀ, ਧਨ ਲਈ ਪਾਪ ਕਰਨੇ, ਵੱਢੀ ਲੈਣੀ ਝੂਠੀ ਗਵਾਹੀ ਦੇਣੀ, ਚੋਰੀ ਯਾਰੀ ਕਰਨੀ ਵਿਸ਼ੇ ਵਿਕਾਰ, ਨਿਰਦੋਸ਼ ਜੀਆਂ ਨੂੰ ਬੰਬਾਂ ਨਾਲ ਸਾੜਨ ਫ਼ੂਕਣ, ਖ਼ੂਬ ਹਾਰ ਸ਼ਿੰਗਾਰ ਫ਼ੈਸ਼ਨ ਲਾਉਣੇ ਆਦਿ ਮਾਇਆ ਹੈ। (ਚੋਰਟੀ)ਚੋਰੀ ਕਰਨ ਵਾਲੀ ਠੱਗਣੀ, ਮਾਇਆ, ਕਲਿਯੁੱਗੀ ਨਿਗੁਰੇ ਜੀਆਂ

Sri Satguru Jagjit Singh Ji eLibrary NamdhariElibrary@gmail.com

ਨੂੰ (ਮੁਸਿ)ਠੱਗ (ਮੁਸਿ)ਠੱਗ, (ਹਾਟਿ)ਹਟ ਹਟ ਭਾਵ ਮੁੜ ਮੁੜ ਕੇ ਠੱਗੀ (ਲਾਵੈ)ਲਾਉਂਦੀ ਹੈ, ਜਿਵੇਂ ਮਾਇਆ ਦੇ ਠੱਗੇ ਨੇਤ੍ਰ ਮੁੜ ਮੁੜ ਕੇ, ਪਰਾਇਆ ਰੂਪ ਦੇਖਦੇ ਹਨ। ਯਥਾ:- ਬਹੁਤੁ ਦਰਬੁ ਕਰਿ; ਮਨੁ ਨ ਅਘਾਨਾ॥ ਅਨਿਕ ਰੂਪ ਦੇਖਿ; ਨਹ ਪਤੀਆਨਾ॥ ਕੰਨ ਮਾਇਆ ਦੇ ਠੱਗੇ ਵਿਸ਼ੇ ਵਿਕਾਰਾਂ ਦੇ ਗਾਣੇ ਨਿੰਦਾ ਮੁੜ ਮੁੜ ਕੇ ਸੁਣਦੇ ਹਨ, ਜ਼ਬਾਨ ਵਿਸ਼ੇ ਵਿਕਾਰਾਂ ਦੇ ਗਾਣੇ ਮੁੜ ਮੁੜ ਕੇ ਗਾਉਂਦੀ ਹੈ, ਰਸਨਾ ਰਸਾਂ ਕਸਾਂ ਦਾ ਰਸ ਮੁੜ ਮੁੜ ਕੇ ਲੈਂਦੀ ਹੈ। ਚਮੜੀ ਸਪਰਸ 'ਚ ਮੁੜ ਮੁੜ ਕੇ ਲੱਗਦੀ ਹੈ। ਪੈਰ ਕੁਸੰਗਤ ਵੱਲ ਮੁੜ ਮੁੜ ਕੇ ਜਾਂਦੇ ਹਨ। ਹੱਥ ਮੁੜ ਮੁੜ ਕੇ ਚੋਰੀ ਕਰਦੇ ਹਨ। ਦੇਹ ਮੁੜ ੨ ਵਿਕਾਰ 'ਚ ਲੱਗ ਕੇ, ਖਪ ਟੁੱਟ ਭੱਜ ਕੇ, ਰੋਗੀ ਹੋ ਕੇ ਮਰ ਜਾਂਦੀ ਹੈ।

ਏਕੁ ਕਬੀਰਾ. ਨਾ ਮੁਸੈ; ਜਿਨਿ ਕੀਨੀ ਬਾਰਹ ਬਾਟ॥੨੦॥ (ਏਕੁ)ਇੱਕ ਦਾਸਨ ਦਾਸ(ਕਬੀਰਾ) ਅਥਵਾ (ਕਬੀਰਾ)ਵਾਹਿਗੁਰੂ ਜੀ (ਨਾ)ਨਹੀਂ (ਮੁਸੈ)ਲੁੱਟੀਦੇ, (ਜਿਨਿ)ਜਿਨ੍ਹਾਂ ਨੇ ਮਾਇਆ (ਬਾਰਹ ਬਾਟ)ਛਿੰਨ ਭਿੰਨ ਤਿੱਤ੍ਰ ਬਿੱਤ੍ਰ ਨਾਸ (ਕੀਨੀ)ਕੀਤੀ ਹੈ॥੨੦॥ ਯਥਾ:- ਕਬੀਰ. ਆਈ ਮੁਝਹਿ ਪਹਿ; ਅਨਿਕ ਕਰੇ ਕਰਿ ਭੇਸ॥ ਹਮ ਰਾਖੇ ਗੁਰ ਆਪਨੇ; ਉਨਿ ਕੀਨੋ ਆਦੇਸੁ॥੮॥) ਐਸੀ ਇਸਤ੍ਰੀ; ਇਕ ਰਾਮਿ ਉਪਾਈ॥ ਉਨਿ ਸਭੁ ਜਗੁ ਖਾਇਆ; ਹਮ. ਗੁਰਿ ਰਾਖੇ ਮੇਰੇ ਭਾਈ॥

ਸਾਖੀ:- ਸ੍ਰੀ ਦਸਮ ਗ੍ਰੰਥ ਚਰਿਤ੍ਰ:- ਚੋਰਾਂ ਦੀ ਚੋਰਟੀ ਮਾਂ, ਨਵੀਂ ਵਿਆਹੀ ਨੂੰ ਕਹਿੰਦੀ,"ਹੇ ਮੇਰੀ ਪਿਆਰੀ ਬੱਚੀ!ਤੈਨੂੰ ਤਾਂ ਤੇਰੇ ਮਾਪਿਆਂ ਨੇ ਬਹੁਤ ਕੁੱਝ ਦਿਤਾ ਹੈ, "ਦਿਖਾ ਤਾਂ ਭਲਾ", ਉਹ ਵਿਚਾਰੀ ਭੋਲ਼ੇ ਸੁਭਾਅ 'ਚ, ਸਭ ਕੁੱਝ ਹੀ ਦਿਖਾ ਦਿੰਦੀ। ਗਹਿਣੇ ਉਸ ਦੇ ਸਾਹਮਣੇ ਰੱਖ ਦਿੰਦੀ, ਉੱਥੇ ਹਿੰਗ ਲਾ ਦਿੰਦੀ, ਪੁੱਤਾਂ ਨੂੰ ਜਾ ਕੇ ਦੱਸ ਦਿੰਦੀ,"ਮੈਂ ਹਿੰਗ ਲਾ ਕੇ ਆਈ ਹਾਂ, ਜਾ ਕੇ ਲੁੱਟ ਲਉ"। ਰਾਤ ਨੂੰ ਜਾ ਕੇ ਲੁੱਟ ਲੈਂਦੇ। ਹੋਰ ਚਰਿੱਤ੍ਰ:- ਚੋਰਾਂ ਦੀ ਮਾਂ ਬੁੱਢੀ ਹੋ ਗਈ, ਕੋਈ ਭੀ ਉਸ ਦੀ ਸੇਵਾ ਨ ਕਰੇ, ਉਸ ਨੇ ਇੱਕ ਚਰਿੱਤ੍ਰ ਖੇਡਿਆ, ਜਿੰਦੇ ਲਾ ਕੇ, ਦੋ ਬਕਸੇ ਰੱਖ ਲਏ। ਕਹਿੰਦੀ,"ਜਿਹੜਾ ਮੇਰੀ ਸੇਵਾ ਕਰੇਗਾ, ਇਹ ਬਕਸੇ ਮੈਂ ਉਸ ਨੂੰ ਦੇਵਾਂਗੀ",ਕਾਜ਼ੀ ਤੋਂ ਪਟਾ ਭੀ ਲਿਖਾ ਲਿਆ,ਇਹ ਬਕਸੇ ਸੇਵਾ ਕਰਨ ਵਾਲਾ ਲਵੇਗਾ। ਬੱਚੇ ਸਾਵਧਾਨ ਹੋ ਕੇ, ਵਾਰੀ ੨ ਸੇਵਾ ਕਰਨ ਲੱਗੇ। ਚੜ੍ਹਾਈ ਮਗਰੋਂ,ਸਸਕਾਰ ਕਰਕੇ, ਬਕਸੇ ਖੋਲ੍ਹੇ, ਉਨ੍ਹਾਂ 'ਚੋਂ ਲੀਰਾਂ ਹੀ ਨਿਕਲੀਆਂ। ਸੋ ਮਾਇਆ ਇਕੱਲੀ ਇਸਤ੍ਰੀ ਹੀ ਨਹੀਂ। ਸਾਰਿਆਂ ਜੀਆਂ ਨੂੰ, ਮਾਇਆ ਬਿਆਪਤ; ਬਹੁ ਪਰਕਾਰੀ॥) ਮਾਇਆ ਮਮਤਾ ਹੈ ਬਹੁ ਰੰਗੀ॥ ਗੁਰੂ ਸਾਹਿਬ ਜੀ ਦੇ ਵਿਛੋੜੇ 'ਚ ਜੋ ਭੀ ਜੀਵ ਕਰ ਰਿਹਾ ਹੈ, ਸਭ ਮਾਇਆ ਹੀ ਹੈ। ਯਥਾ:- ਮਾਈ; ਮਾਇਆ ਛਲੁ॥ ਤ੍ਰਿਣ ਕੀ ਅਗਨਿ. ਮੇਘ ਕੀ ਛਾਇਆ; ਗੋਬਿਦ ਭਜਨ ਬਿਨੁ. ਹੜ ਕਾ ਜਲੁ॥

ਕਬੀਰ. ਸੂਖੁ ਨ ਏਂਹ ਜੁਗਿ; ਕਰਹਿ ਜੁ. ਬਹੁਤੈ ਮੀਤ॥ ਜੋ ਚਿਤੁ ਰਾਖਹਿ. ਏਕ ਸਿਉ; ਤੇ. ਸੁਖੁ ਪਾਵਹਿ ਨੀਤ॥੨੧॥ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜੁ)ਜਿਹੜਾ ਸਾਕਤ, ਇੱਕ ਵਾਹਿਗੁਰੂ ਜੀ ਨੂੰ ਛੱਡ ਕੇ, ਪਖੰਡੀ ਗੁਰੂ ਭੂਤ ਪ੍ਰੇਤ ਸੰਸਾਰੀ ਬਹੁਤੈ (ਮੀਤ)ਮਿੱਤ੍ਰ (ਕਰਹਿ)ਬਣਾਉਂਦਾ ਹੈ, ਉਸ ਨੂੰ (ਏਂਹ)ਇਸ ਤਰ੍ਹਾਂ ਬਹੁਤੇ ਮਿੱਤ੍ਰਾਂ 'ਚ, (ਜੁਗਿ)ਜੁੜਨੇ ਕਰਕੇ, ਸੂਖੁ (ਨ)ਨਹੀਂ ਹੈ, ਕਿਉਂ ਜੋ ਪਖੰਡੀ ਗੁਰੂ ਇਸ ਨੂੰ ਗੁਮਰਾਹ ਕਰਕੇ ਸਤਿਗੁਰੂ ਸਾਹਿਬ ਜੀ ਨਾਲੋਂ ਤੋੜ ਕੇ, ਲੁੱਟ ਕੇ ਖਾ ਜਾਂਦੇ ਹਨ, ਵਿਕਾਰ ਔਗੁਣ ਨਹੀਂ ਮੇਟ ਸਕਦੇ, ਮੁਕਤੀ ਨਾਮ ਦਾਨ ਨਹੀਂ ਦੇ ਸਕਦੇ। ਯਥਾ:- ਕਾਚੇ ਗੁਰ ਤੇ; ਮੁਕਤਿ. ਨ ਹੂਆ॥ ਨਸ਼ੇ ਧਨ ਸਬੰਧੀ ਸੰਸਾਰੀ ਮਿੱਤ੍ਰ ਅਪਣਾ ਮਤਲਬ ਨ ਮਿਲਣ ਤੋਂ ਛੱਡ ਜਾਂਦੇ ਹਨ। ਯਥਾ:- ਸੋਰਠਿ ਮਹਲਾ ੯॥ ਇਹ ਜਗਿ; ਮੀਤੁ. ਨ ਦੇਖਿਓ ਕੋਈ॥ ਸਗਲ ਜਗਤੁ. ਅਪਨੈ ਸੁਖਿ ਲਾਗਿਓ; ਦੁਖ ਮੈ. ਸੰਗਿ ਨ ਹੋਈ॥੧॥ ਰਹਾਉ॥ ਦਾਰਾ ਮੀਤ ਪੂਤ ਸਨਬੰਧੀ; ਸਗਰੇ ਧਨ ਸਿਉ ਲਾਗੇ॥ ਜਬ ਹੀ ਨਿਰਧਨ ਦੇਖਿਓ ਨਰ ਕਉ; ਸੰਗੁ ਛਾਡਿ. ਸਭ ਭਾਗੇ॥੧॥ ਕਹੰਉ ਕਹਾ. ਯਿਆ ਮਨ ਬਉਰੇ ਕਉ; ਇਨ ਸਿਉ ਨੇਹੁ

Sri Satguru Jagjit Singh Ji eLibrary NamdhariElibrary@gmail.com

ਲਗਾਇਓ॥ ਦੀਨਾ ਨਾਥ. ਸਕਲ ਭੈ ਭੰਜਨ; ਜਸੁ ਤਾ ਕੋ ਬਿਸਰਾਇਓ॥੨॥ ਸੁਆਨ ਪੂਛ. ਜਿਉ ਭਇਓ ਨ ਸੂਧਉ; ਬਹੁਤੁ ਜਤਨੁ. ਮੈ ਕੀਨਉ॥ ਨਾਨਕ. ਲਾਜ ਬਿਰਦ ਕੀ ਰਾਖਹੁ; ਨਾਮੁ ਤੁਹਾਰਉ ਲੀਨਉ॥੩॥੯॥) ਜੋ ਸੰਸਾਰੈ ਕੇ ਕੁਟੰਬ. ਮਿਤ੍ਰ ਭਾਈ. ਦੀਸਹਿ ਮਨ ਮੇਰੇ; ਤੇ ਸਭਿ. ਅਪਨੈ ਸੁਆਇ ਮਿਲਾਸਾ॥ ਜਿਤੁ ਦਿਨਿ. ਉਨ੍ ਕਾ ਸੁਆਉ, ਹੋਇ ਨ ਆਵੈ; ਤਿਤੁ ਦਿਨਿ. ਨੇੜੈ ਕੋ ਨ ਢੁਕਾਸਾ॥) ਜਾ ਕਉ ਮੁਸਕਲੁ ਅਤਿ ਬਣੈ; ਢੋਈ. ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ; ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ; ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ; ਲਗੈ ਨ ਤਤੀ ਵਾਉ॥ ਸਾਖੀ:- ਇੱਕ ਬੈਰਾਗੀ ਦੀ ਕੁੱਲੀ ਨੂੰ ਅੱਗ ਲੱਗ ਗਈ, ਪਹਿਲਾਂ ਉਸ ਕਿਹਾ,"ਹੇ ਭਗਵਾਨ ਸ੍ਰੀ ਰਾਮਚੰਦ੍ਰ ਜੀ! ਮੇਰੀ ਰੱਖਿਆ ਕਰੋ", ਦਿਲ ਨ ਟਿਕਿਆ, ਫੇਰ ਵਿਸ਼ਨੂੰ ਜੀ ਨੂੰ ਚੇਤੇ ਕਰਕੇ ਕਿਹਾ, "ਰੱਖਿਆ ਕਰੋ", ਫੇਰ ਹਨੂੰਮਾਨ ਜੀ ਨੂੰ ਚੇਤੇ ਕਰਕੇ ਕਿਹਾ, "ਰੱਖਿਆ ਕਰੋ", ਇਤਨੇ ਨੂੰ ਝੌਂਪੜੀ ਸੜ ਗਈ। ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਕੋਈ ਹੰਨੇ ਦੀ. ਕੋਈ ਬੰਨੇ ਦੀ; ਕੋਈ ਪਹਾੜਾਂ ਵਾਲੇ ਰੰਨੇ ਦੀ; ਢੋਲ ਢਮੱਕਾ ਸਰਵਰ ਦਾ, ਬਹੁਤਿਆਂ ਨੂੰ ਮਿੱਤ੍ਰ ਬਣਾਈ ਰੱਖਦੇ ਹਨ, ਕਦੇ ਹਨੂੰਮਾਨ ਨੂੰ ਮੱਥਾ ਟੇਕ ਆਏ। ਕਦੇ ਸੁਲਤਾਨ ਦਾ ਰੋਟ ਚੜ੍ਹਾ ਦਿਤਾ, ਕਦੇ ਗੁੱਗੇ ਦੀਆਂ ਸੇਵੀਆਂ ਦੇ ਦਿਤੀਆਂ, ਕਦੇ ਸਿਵਲਿੰਗ 'ਤੇ ਪਾਣੀ ਪਾ ਦਿਤਾ ਆਦਿ ਬਹੁਤੇ ਮਿੱਤ੍ਰ ਹਨ। ਰਸਨਾ ਦਾ ਸੁਆਦ, ਵਿਕਾਰ ਦੀਆਂ ਗੱਲਾਂ ਕਰਨੀਆਂ ਸੁਨਣੀਆਂ, ਵਿਕਾਰ ਦ੍ਰਿਸ਼ਟੀ ਨਾਲ ਦੇਖਣਾ, ਮਿੱਤ੍ਰਾਂ ਨਾਲ ਕਲੱਬਾਂ 'ਚ ਨਸ਼ੇ ਨਾਚ ਕਰਨੇ, ਡਾਕੇ ਕਤਲ ਕਰਨੇ। ਆਦਿ ਜੋ ਮਨ ਪ੍ਰਚਾਵੇ ਹਨ, ਇਹ ਬਹੁਤੇ ਮਿੱਤ੍ਰ ਬਣਾਉਂਦਾ ਹੈ, ਸੁਖ ਨਹੀਂ। ਯਥਾ:- ਭੋਗਹੁ ਰੋਗ; ਸੁ ਅੰਤਿ ਵਿਗੋਵੈ॥ ਹਰਖਹੁ. ਸੋਗੁ ਨ ਮਿਟਈ ਕਬਹੂ; ਵਿਣੁ ਭਾਣੇ. ਭਰਮਾਇਦਾ॥) ਜੇਤਾ; ਮੋਹੁ ਪਰੀਤਿ ਸੁਆਦ॥ ਸਭਾ; ਕਾਲਖ ਦਾਗਾ ਦਾਗ॥ ਦਾਗ ਦੋਸ; ਮੁਹਿ ਚਲਿਆ ਲਾਇ॥ ਦਰਗਹ; ਬੈਸਣ ਨਾਹੀ ਜਾਇ॥੩॥

ਜੋ ਚਿਤੁ ਰਾਖਹਿ. ਏਕ ਸਿਉ; ਤੇ. ਸੁਖੁ ਪਾਵਹਿ ਨੀਤ॥੨੧॥ ਬਹੁਤੇ ਮਿੱਤ੍ਰਾਂ ਕੁਸੰਗੀਆਂ ਵਿਕਾਰਾਂ ਔਗੁਣਾਂ ਦਾ ਮੋਹ ਤਿਆਗ ਕੇ, (ਜੋ)ਜਿਹੜੇ ਗੁਰਮੁਖਿ ਸਨਮੁਖ, ਅਨੰਤ ਗੁਣਾਂ ਦੇ ਅਨਤ ਕਲਾਵਾਨ ਪ੍ਰਕਾਸ਼ ਸਰੂਪ, ਸਭ ਦੇ ਅੰਦਰ ਬਾਹਰ ਭਰਪੂਰ ਵਿਸਮਾਦ ਅਜਪਾ ਜਾਪ ਏਕ ਵਾਹਿਗੁਰੂ ਨਿਰਗੁਨ ਬ੍ਰਹਮ ਜੀ (ਸਿਉ)ਨਾਲ, ਚਿਤੁ ਜੋੜ ਕੇ (ਰਾਖਹਿ)ਰੱਖਦੇ ਹਨ, ਜਿਵੇਂ ਆਰੇ ਨਾਲ ਚੀਰੇ ਜਾਣ ਤੋਂ, ਪਰਮ ਸ਼ਹੀਦ ਪਰਮਵੀਰ ਭਾਈ ਮਤੀਦਾਸ ਸਾਹਿਬ ਜੀ ਨੇ ਚਿਤੁ ਜੋੜ ਕੇ ਰੱਖਿਆ। (ਤੇ)ਉਹ ਗੁਰਮੁਖਿ (ਨੀਤ)ਨਿੱਤ ੨ ਸਦਾ ਰਹਿਣ ਵਾਲਾ ਬ੍ਰਹਮਾਨੰਦ ਮਹਾਂ ਮਹਾਂ ਵਿਸਮਾਦ ਸੁਖੁ (ਪਾਵਹਿ)ਪਾਉਂਦੇ ਹਨ। ਜਿਵੇਂ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਤੱਤੀ ਤਵੀ 'ਤੇ ਖੜ੍ਨ ਸਮੇਂ ਸ੍ਰਬ ਵਿਆਪੀ ਮਹਾਂ ਵਿਸਮਾਦ ਸੁਖੁ ਪਾਇਆ॥੨੧॥ ਯਥਾ:- ਗੁਰਮੁਖਿ ਸੁਖ ਫਲੁ ਪਿਰਮ ਰਸੁ; ਸਹਜ ਸਮਾਧਿ ਸਾਧਸੰਗਿ ਜਾਣੀ।) ਹਲਤਿ ਸੁਖੁ. ਪਲਤਿ ਸੁਖੁ. ਨਿਤਿ ਸੁਖੁ ਸਿਮਰਨੋ; ਨਾਮੁ ਗੋਬਿੰਦ ਕਾ ਸਦਾ ਲੀਜੈ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਸੁਖਾ ਕੀ ਮਿਤਿ. ਕਿਆ ਗਣੀ; ਜਾ ਸਿਮਰੀ ਗੋਵਿੰਦੁ॥ ਜਿਨ ਚਾਖਿਆ. ਸੇ ਤ੍ਰਿਪਤਾਸਿਆ; ਉਹ ਰਸੁ ਜਾਣੈ ਜਿੰਦੁ॥ ਸੰਤਾ ਸੰਗਤਿ ਮਨਿ ਵਸੈ; ਪ੍ਰਭੁ ਪ੍ਰੀਤਮੁ ਬਖਸਿੰਦੁ॥ ਜਿਨਿ ਸੇਵਿਆ ਪ੍ਰਭੁ ਆਪਣਾ; ਸੋਈ ਰਾਜ ਨਰਿੰਦੁ॥੨॥) ਸੋ ਸੁਖੀਆ. ਸੋ ਸਦਾ ਸੁਹੇਲਾ; ਜੋ ਗੁਰ ਮਿਲਿ. ਗਾਇ ਗੁਨੀ॥

ਕਬੀਰ. ਜਿਸੁ ਮਰਨੇ ਤੇ. ਜਗੁ ਡਰੈ; ਮੇਰੇ ਮਨ ਆਨੰਦੁ॥ ਮਰਨੇ ਹੀ ਤੇ. ਪਾਈਐ; ਪੂਰਨੁ ਪਰਮਾਨੰਦੁ॥੨੨॥ ਵਿਆਪਕ ਬ੍ਰਹਮ ਜੀ ਦੇ ਸਰਗੁਨ ਅਵਤਾਰ, ਧੰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਜੀਵਤ- ਭਾਵ ਤੋਂ ਮਰਨੇ ਅਥਵਾ ਗੁਰੂ ਜੀ ਤੋਂ ਕੁਰਬਾਨ ਹੋਣ ਰੂਪ ਜਿਸੁ ਮਰਨੇ (ਤੇ)ਤੋਂ, ਜਗੁ (ਡਰੈ)ਡਰਦਾ ਹੈ। (ਮੇਰੇ)ਦਾਸਨ ਦਾਸ ਦੇ ਮਨ 'ਚ, ਸਤਿਗੁਰਾਂ ਤੋਂ ਕੁਰਬਾਨ ਹੋਣ ਰੂਪ ਮਰਨ ਅਥਵਾ ਜੀਵਤ-

Sri Satguru Jagjit Singh Ji eLibrary NamdhariElibrary@gmail.com

ਭਾਵ ਤੋਂ ਮਰਨ ਦਾ ਬੜਾ ਭਾਰੀ ਆਨੰਦੁ ਹੈ। ਗੁਰੂ ਜੀ ਲਈ (ਮਰਨੇ)ਸ਼ਹੀਦ ਹੋਣੇ (ਤੇ)ਤੋਂ ਹੀ, (ਪਰਮਾਨੰਦੁ)ਵੱਡੇ ਅਨੰਦ ਬ੍ਰਹਮਾਨੰਦ ਸਰੂਪ ਪੂਰਨੁ ਬ੍ਰਹਮ ਜੀ (ਪਾਈਐ)ਪਾਈਦੇ ਹਨ। ਪਰਮ- ਪੂਜਨੀਕ ਭਗਤ ਜੀ ਦੀ ਇਹ ਆਪਣੀ ਅਵਸਥਾ ਹੈ। ਯਥਾ:- ਗਉੜੀ ਕਬੀਰ ਜੀ॥ ਜਿਹ ਮਰਨੈ; ਸਭੁ ਜਗਤੁ ਤਰਾਸਿਆ॥ ਸੋ ਮਰਨਾ; ਗੁਰ ਸਬਦਿ ਪ੍ਰਗਾਸਿਆ॥੧॥ ਅਬ ਕੈਸੇ ਮਰਉ; ਮਰਨਿ ਮਨੁ ਮਾਨਿਆ॥ ਮਰਿ ਮਰਿ ਜਾਤੇ; ਜਿਨ ਰਾਮੁ ਨ ਜਾਨਿਆ॥੧॥ ਰਹਾਉ॥ ਮਰਨੋ ਮਰਨੁ; ਕਹੈ ਸਭੁ ਕੋਈ॥ ਸਹਜੇ ਮਰੈ; ਅਮਰੁ ਹੋਇ ਸੋਈ॥੨॥ ਕਹੁ ਕਬੀਰ; ਮਨਿ ਭਇਆ ਅਨੰਦਾ॥ ਗਇਆ ਭਰਮੁ; ਰਹਿਆ ਪਰਮਾਨੰਦਾ॥ ਜ਼ਾਲਮ ਸਿਕੰਦਰ ਲੋਧੀ ਨੇ, ਜਦੋਂ ਆਪ ਜੀ ਹਾਥੀ ਅੱਗੇ ਸੁੱਟੇ, ਤਾਂ ਹਾਥੀ ਚੀਕਾਂ ਮਾਰ ਕੇ ਡਰਦਾ ਭੱਜ ਗਿਆ। ਸੇਵਕਾਂ ਪੁੱਛਿਆ, "ਸੁਆਮੀ ਜੀ! ਆਪ ਜੀ ਨੂੰ ਮਰਨ ਦਾ ਡਰ ਨਹੀਂ ਲੱਗਿਆ। " ਉੱਤ੍ਰ ਦਿਤਾ,"ਕਹਿ ਕਬੀਰ;ਹਮਰਾ ਗੋਬਿੰਦੁ॥ ਚਉਥੇ ਪਦ ਮਹਿ; ਜਨ ਕੀ ਜਿੰਦੁ॥ ਜਿਵੇਂ ਸੂਰਜ 'ਚੋਂ ਤਿੱਖਾ ਪ੍ਰਕਾਸ਼ ਨਿਰਯਤਨ ਹੀ ਨਿਕਲਦਾ ਹੈ, ਤਿਵੇਂ ਪੂਰਨ ਭਗਤ ਜੀ ਦੇ ਸਰੂਪ'ਚੋਂ, ਪੂਰਨ ਨਿਰਭੈਤਾ ਪ੍ਰੇਮ ਬ੍ਰਹਮਗਿਆਨ, ਨਾਮ ਪ੍ਰਕਾਸ਼ ਰਿਹਾ ਸੀ। ਸ੍ਰੀ ਭਗਤ ਜੀ ਦੀ ਕੋਟਿ ਸੂਰ ਜਾ ਕੈ ਪਰਗਾਸ॥ ਵਾਲੀ ਮਹਾਂ ਮਹਾਂ ਵਿਸਮਾਦ ਅਵਸਥਾ ਹੈ। ਅਬਿਨਾਸੀ ਸੁਖ; ਆਪਨ ਆਸਨ॥ ਬ੍ਰਹਮ ਜੀ ਭਗਤ ਜੀ ਦੇ ਰੋਮ ੨ 'ਚ ਵਸ ਚੁੱਕੇ ਹਨ, ਅਬਿਨਾਸੀ ਬ੍ਰਹਮ ਜੀ ਦੀ ਸਾਖਿਆਤਤਾ ਹੋ ਗਈ ਹੈ। ਯਥਾ:- ਨਹ ਕਿਛੁ ਜਨਮੈ; ਨਹ ਕਿਛੁ ਮਰੈ॥ ਆਪਨ ਚਲਿਤੁ; ਆਪ ਹੀ ਕਰੈ॥) ਕਹੁ ਨਾਨਕ; ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ; ਨਦਰਿ ਨ ਆਇਆ॥) ਬ੍ਰਹਮ ਮਹਿ ਜਨੁ; ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ; ਨਹੀ ਕਛੁ ਭਰਮੁ॥ ਭਗਤ ਰਵਿਦਾਸ ਸਾਹਿਬ ਜੀ, ਭਗਤ ਨਾਮਦੇਵ ਜੀ, ਭਗਤ ਜੈਦੇਵ ਜੀ, ਬਾਬਾ ਘਨਈਆ ਸਾਹਿਬ ਜੀ ਆਦਿ ਬੇਅੰਤ ਮਹਾਂਪੁਰਸ਼, ਨਿਰਗੁਨ ਸਰਗੁਨ ਦੀ ਏਕਤਾ ਕਰਕੇ, ਅਬਿਨਾਸੀ ਬ੍ਰਹਮ'ਚ ਅੰਦਰੋਂ ਬਾਹਰੋਂ, ਸਮੁੰਦ੍ਰ ਦੇ ਮੱਛ ਵਾਂਗ, ਬ੍ਰਹਮ ਜੀ 'ਚ, ਲੀਣ ਹੋ ਕੇ, ਮਰਨ ਦੀ ਚਿੰਤਾ, ਜਿਉਣ ਦੀ ਆਸ ਤੋਂ ਉੱਚੇ ਹੋ ਗਏ। ਯਥਾ:- ਮਰਣੈ ਕੀ ਚਿੰਤਾ ਨਹੀ; ਜੀਵਣ ਕੀ ਨਹੀ ਆਸ॥ ਜਿਉਂਦੇ ਵੀ ਬ੍ਰਹਮ 'ਚ ਮਿਲੇ ਹਨ, ਮਰ ਕੇ ਵੀ ਬ੍ਰਹਮ 'ਚ ਲੀਣ ਹਨ। ਜਿਵੇਂ ਪਾਣੀ ਨਾਲ ਭਰੇ ਘੜੇ ਨੂੰ ਖੁੱਲ੍ਹੇ ਪਾਣੀ 'ਚ ਰੱਖੀਏ ਤਾਂ ਪਾਣੀ, ਪਾਣੀ 'ਚ ਰਲ਼ ਜਾਂਦਾ ਹੈ, ਪਰ ਘੜਾ ਦੇਖਣ ਮਾਤ੍ਰ ਵੱਖਰਾ ਜਾਪਦਾ ਹੈ। ਇਉਂ ਘੜੇ ਵਾਂਗ ਉਨ੍ਹਾਂ ਦੇ ਸ੍ਰੀਰ ਦੇਖਣ ਮਾਤ੍ਰ ਭਾਵੇਂ ਵੱਖਰੇ ਹਨ, ਪਰ ਅੰਦਰੋਂ ਪਾਣੀ ਵਾਂਗ ਬ੍ਰਹਮ ਜੀ 'ਚ ਰਲ਼ੇ ਹੋਏ ਹਨ। ਘੜੇ ਦੇ ਹੁੰਦਿਆਂ ਪਾਣੀ, ਪਾਣੀ 'ਚ ਪਹਿਲਾਂ ਹੀ ਮਿਲ਼ਿਆ ਹੁੰਦਾ ਹੈ, ਭੰਨਣ ਤੋਂ ਵੀ ਮਿਲ਼ ਜਾਂਦਾ ਹੈ। ਇਸੇ ਤਰ੍ਹਾਂ ਘੜੇ ਦੇ ਭੰਨਣ ਵਾਂਗ, ਭਾਵੇਂ ਉਨ੍ਹਾਂ ਦੇ ਸ੍ਰੀਰ ਪੁਰਜਾ ੨ ਹੋ ਜਾਣ, ਤਾਂ ਵੀ ਭਾਈ ਮਤੀਦਾਸ ਜੀ, ਭਾਈ ਤਾਰੂ ਸਿੰਘ ਜੀ ਆਦਿ ਸ਼ਹੀਦਾਂ ਵਾਂਗ, ਬ੍ਰਹਮ ਜੀ 'ਚ ਲੀਣ ਹੋ ਕੇ, ਅਮਰ ਹੋ ਜਾਂਦੇ ਹਨ। ਯਥਾ:- ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ ਹਰਿ ਧਿਆਇਆ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥ ਜ਼ਾਲਮ ਜ਼ੁਲਮ ਕਰਦੇ ਆਏ, ਗੁਰੂ ਪਿਆਰੇ ਸ਼ਹੀਦੀ ਦੇਣ ਸਮੇਂ, ਹਿੱਕ ਥਾਪੜ ਕੇ, ਜੈਕਾਰੇ ਗੱਜਾਉਂਦੇ ਇਹ ਪੜ੍ਹਦੇ ੨ ਸ਼ਹੀਦ ਹੋਏ:- ਕਬੀਰ. ਜਿਸੁ ਮਰਨੇ ਤੇ. ਜਗੁ ਡਰੈ;ਮੇਰੇ ਮਨ ਆਨੰਦੁ॥ ਮਰਨੇ ਹੀ ਤੇ. ਪਾਈਐ; ਪੂਰਨੁ ਪਰਮਾਨੰਦੁ॥੨੨॥

ਰਾਮ ਪਦਾਰਥੁ. ਪਾਇ ਕੈ; ਕਬੀਰਾ. ਗਾਂਠਿ ਨ ਖੋਲ੍॥ ਨਹੀ ਪਟਣੂ. ਨਹੀ ਪਾਰਖੂ; ਨਹੀ ਗਾਹਕੁ. ਨਹੀ ਮੋਲੁ॥੨੩॥ ਹੇ ਦਾਸਨ ਦਾਸ ਕਬੀਰਾ! ਅਮੋਲਕ ਰਤਨ ਲਾਲ ਜਵੇਹਰ ਰਾਮ ਪਦਾਰਥੁ ਪਾਇ ਕੈ, ਆਪਣੀ ਰਸਨਾ ਰੂਪੀ (ਗਾਂਠਿ)ਗੰਢ ਨ ਖੋਲ੍, ਭਾਵ ਨਾਸਤਿਕ ਨੂੰ ਨਾਮੁ ਉਪਦੇਸ਼ ਨ ਕਰ, ਨਾਸਤਿਕ ਨਾਮ ਸੁਣ ਕੇ, ਤਮਕ

Sri Satguru Jagjit Singh Ji eLibrary NamdhariElibrary@gmail.com

ਹੋ ਜਾਂਦੇ ਹਨ, ਉਲਟਾ ਉਨ੍ਹਾਂ ਨਾਲ ਲੜਾਈ ਝਗੜਾ ਹੋ ਜਾਂਦਾ ਹੈ। ਯਥਾ:- ਨਾਮੁ ਸੁਨਤ; ਜਨੁ ਬਿਛੂਅ ਡਸਾਨਾ॥ ਜਿੱਥੇ ਪਾਰਖੂ ਗਾਹਕ ਹੋਣ, ਉੱਥੇ ਹੀ ਹੀਰੇ ਦਾ ਮੁੱਲ ਵੱਟੀਦਾ ਹੈ।

ਨਹੀ ਪਟਣੁ. ਨਹੀ ਪਾਰਖੂ; ਨਹੀ ਗਾਹਕੁ. ਨਹੀ ਮੋਲੁ॥੨੩॥ ਜਿੱਥੇ ਸਾਧਸੰਗਤ ਰੂਪ (ਪਟਣੁ)ਸ਼ਹਿਰ ਨਹੀ, (ਨਹੀ)ਨਾ ਹੀ (ਪਾਰਖੂ)ਗੁਰਸੇਵਕ ਜੀ ਹਨ, ਤਨ ਮਨ ਧਨ ਦੇ ਕੇ ਖ਼ਰੀਦਣ ਵਾਲਾ ਉੱਤਮ ਅਧਿਕਾਰੀ ਗਾਹਕੁ ਭੀ ਨਹੀ ਹੈ। ਸਾਚੁ ਕਹੌ. ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ. ਤਿਨ ਹੀ, ਪ੍ਰਭੁ ਪਾਇਓ॥ ਅਨੁਸਾਰ ਜਿੱਥੇ ਪ੍ਰੇਮ ਰੂਪੀ (ਮੋਲੁ)ਮੁੱਲ ਭੀ ਨਹੀ ਹੈ, ਉੱਥੇ ਐਵੇਂ ਹੀ ਨਾ ਖੋਲ੍ ਕੇ ਪ੍ਰਗਟ ਕਰੀ ਜਾਈਂ, ਜਿੱਥੇ ਸਤਿਸੰਗਤ ਰੂਪੀ ਸ਼ਹਿਰ ਹੋਵੇ, ਪਾਰਖੂ ਤੱਤ ਬੇਤੇ ਹੋਣ, ਤਨ ਮਨ ਧਨ ਸਿਰ ਦੇ ਕੇ, ਜਿਵੇਂ ਪੰਜਾਂ ਪਿਆਰਿਆਂ ਨੇ ਸੀਸ ਕੁਰਬਾਨ ਕੀਤੇ ਹਨ, ਪ੍ਰੇਮ ਰੂਪੀ ਮੁੱਲ ਦੇ ਕੇ, ਪ੍ਰਾਪਤ ਕਰਨ ਵਾਲੇ ਹੋਣ,ਓੱਥੇ ਰਾਮ ਪਦਾਰਥ ਖੋਲ੍ਣਾ ਹੈ॥੨੩॥ ਯਥਾ:- ਵਿਣੁ ਗਾਹਕ.ਗੁਣੁ ਵੇਚੀਐ; ਤਉ ਗੁਣੁ. ਸਹਘੋ ਜਾਇ॥ ਗੁਣ ਕਾ ਗਾਹਕੁ.ਜੇ ਮਿਲੈ; ਤਉ ਗੁਣੁ. ਲਾਖ ਵਿਕਾਇ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਇੱਕ ਵਿੱਦਵਾਨ ਨੇ, ਰਾਮਾਇਣ ਕਥਾ ਕਰਕੇ ਭੋਗ ਪਾਇਆ, ਕਿਸੇ ਨੇ ਇੱਕ ਭੀ ਪੈਸਾ ਨ ਦਿਤਾ, ਉਹ ਬੜਾ ਹੀ ਔਖਾ ਹੋਇਆ, ਇੱਕ ਸ੍ਰੋਤੇ ਕਿਹਾ,"ਜੀ ਪ੍ਰਸ਼ਨ ਹੈ",ਉਸ ਸੋਚਿਆ- ਇਹ ਇੱਕ ਦਮੜਾ ਤਾਂ ਦੇਵੇਗਾ- ਕਿਹਾ, "ਭਾਈ ਦੱਸ ਕੀ ਪ੍ਰਸ਼ਨ ਹੈ?" ਉਸ ਕਿਹਾ,"ਰਾਖਸ਼, ਸ੍ਰੀ ਰਾਮਚੰਦਰ ਜੀ ਸਨ ਕਿ ਰਾਵਣ ਸੀ?, ਉਸ ਸਿਰ 'ਤੇ ਹੱਥ ਮਾਰਿਆ, ਕਿਹਾ,"ਬਈ ਮੈਂ ਹੀ ਰਾਖ਼ਸ਼ ਹਾਂ, ਜਿਹੜਾ ਤੁਹਾਡੇ ਨਾਲ ਮੱਥਾ ਮਾਰਿਆ ਹੈ", ਅਣਅਧਿਕਾਰੀ ਸਨ। ਜਿਵੇਂ ਵਰਖਾ ਕਾਲਰੀ ਧਰਤੀ 'ਤੇ ਹੋਵੇ, ਉਸ ਦਾ ਕੋਈ ਫ਼ਾਇਦਾ ਨਹੀਂ। ਅਣ ਅਧਿਕਾਰੀ ਨੂੰ ਉਪਦੇਸ਼ ਦੇਣ ਦੀ ਇਉਂ ਗੱਲ ਹੋਵੇਗੀ ਜਿਵੇਂ ਬਾਂਦਰ ਠੰਢ 'ਚ ਠਰ ਰਿਹਾ ਸੀ, ਚਿੜੇ ਨੇ ਕਿਹਾ,"ਤੂੰ ਭੀ ਆਪਣਾ ਘਰ ਬਣਾ ਲੈ"। ਉਸ ਨੇ ਛਾਲ਼ ਮਾਰ ਕੇ ਉਸ ਦਾ ਆਲ੍ਣਾ ਤੋੜ ਦਿਤਾ। ਇਉਂ ਉਸ ਨੇ ਚੰਗਾ ਉਪਦੇਸ਼ ਦਿਤਾ ਸੀ, ਪਰ ਉਸ ਨੇ ਉਸ 'ਤੇ ਵਾਰ ਕਰਕੇ ਉਸ ਦਾ ਆਲ੍ਣਾ ਹੀ ਗੁਆ ਦਿਤਾ। ਯਥਾ:- ਜੈਸੇ ਕੈਸੇ ਪੁਰਖ ਕੋ. ਦੈ ਉਪਦੇਸ਼ ਨਾ ਸੰਤ। ਮੂਰਖ ਕਪਿ, ਬਿਨ ਗ੍ਰਹਿ ਕਰੀ, ਚਟਿਕਾ ਜੋ ਗ੍ਰਹਿਵੰਤ।) ਰਾਮ ਰਾਮ; ਰਮੇ ਰਮਿ ਰਹੀਐ॥ ਸਾਕਤ ਸਿਉ; ਭੂਲਿ ਨਹੀ ਕਹੀਐ॥੧॥) ਅੰਨੇ ਵਸਿ ਮਾਣਕੁ ਪਇਆ; ਘਰਿ ਘਰਿ ਵੇਚਣ ਜਾਇ॥ ਓਨਾ. ਪਰਖ ਨ ਆਵਈ; ਅਢੁ. ਨ ਪਲੈ ਪਾਇ॥ ਅੰਨੇ ਨੂੰ ਮਾਣਕ ਮਿਲ ਗਿਆ ਤੇ ਘਰ ੨ ਵੇਚਣ ਜਾਂਦਾ ਹੈ, ਉਸ ਦਾ ਦਮੜੀ ਭੀ ਮੁੱਲ ਨਹੀਂ ਮਿਲਦਾ। ਰਾਮ ਪਦਾਰਥ ਨੂੰ ਪਾ ਕੇ, ਉਪਦੇਸ਼ ਦੇਣ ਵਾਲੇ ਨੂੰ ਉਪਦੇਸ਼ ਹੈ, ਕਿ ਆਪਣੀ ਅਮੋਲਕ ਜ਼ਿੰਦਗੀ ਦਾ ਸਮਾਂ ਓੱਥੇ ਗੁਜ਼ਾਰਨਾ, ਜਿੱਥੇ ਹਮੇਸ਼ਾਂ ਸਤਿਸੰਗਤ, ਗੁਰਮੁਖਾਂ ਦਾ ਸੰਗ ਹੋਵੇ, ਨਹੀਂ ਫੇਰ ਰਾਮ ਪਦਾਰਥ ਦਾ ਮੁੱਲ ਨਹੀਂ ਮਿਲੇਗਾ। ਜਿਵੇਂ ਸਤਿਸੰਗਤ 'ਚ ਨਿਤਾਪ੍ਰਤੀ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਖ਼ਾਲਸਾ ਜੀ. ਰਾਮ ਪਦਾਰਥ ਨੂੰ ਪ੍ਰਾਪਤ ਕਰਕੇ, ਦੋ ਵੇਲੇ ਅੰਮ੍ਰਿਤ ਕਥਾ ਕਰਦੇ, ਓੱਥੇ ਮਹਿੰਗੇ ਮੁੱਲ ਵਿਕਦਾ। ਰਾਮ ਪਦਾਰਥ ਨੂੰ ਪ੍ਰਾਪਤ ਕਰਨ ਵਾਲੇ ਨੂੰ ਭੀ ਉਪਦੇਸ਼ ਹੈ, ਜਿਵੇਂ ਪੰਜਾਂ ਪਿਆਰਿਆਂ ਨੇ ਸੀਸ ਦੇ ਕੇ, ਵਾਹਿਗੁਰੂ ਮੰਤ੍ ਜੀ ਪ੍ਰਾਪਤ ਕੀਤੇ। ਬਾਬੇ ਮਤੀਦਾਸ ਜੀ ਨੇ ਗੁਰੂ ਪਿਆਰ 'ਚ, ਆਪਣੇ ਸ੍ਰੀਰ ਨੂੰ ਆਰੇ ਨਾਲ ਭੀ ਚਿਰਾ ਦਿਤਾ, ਰਾਮ ਪਦਾਰਥ ਪਾ ਲਏ। ਯਥਾ:- ਰਾਮ ਰਤਨੁ. ਤਬ ਪਾਈਐ; ਜਉ. ਪਹਿਲੇ ਤਜਹਿ ਸਰੀਰੁ॥੩੧॥) ਕੰਚਨ ਸਿਉ; ਪਾਈਐ ਨਹੀ ਤੋਲਿ॥ ਮਨੁ ਦੇ; ਰਾਮੁ ਲੀਆ ਹੈ ਮੋਲਿ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ ਪ੍ਰੀਤਿ ਨ ਤੋਰਉ॥੨॥) ਮੇਰੀ ਪ੍ਰੀਤਿ; ਗੋਬਿੰਦ ਸਿਉ. ਜਿਨਿ ਘਟੈ॥ ਮੈ ਤਉ. ਮੋਲਿ ਮਹਗੀ ਲਈ; ਜੀਅ ਸਟੈ॥੧॥ ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ, ਤਿਵੇਂ, ਗੁਰਸਿਖਹੁ ਗੁਰਸਿਖ ਹੈ; ਪੀਰ ਪੀਰਹੁੰ ਕੋਈ॥ ਗੁਰਸਿੱਖ ਤੋਂ ਗੁਰਸਿੱਖ ਵਰੋਸਾਉਂਦੇ ਹਨ। ਇਸ ਕਰਕੇ ਹੀ ਮਹਾਂਪੁਰਸ਼ਾਂ ਦੀਆਂ ਸੰਪ੍ਰਦਾਵਾਂ ਚੱਲ ਰਹੀਆਂ ਹਨ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਤਾ ਸਿਉ ਪ੍ਰੀਤਿ ਕਰਿ; ਜਾ ਕੋ ਠਾਕੁਰੁ ਰਾਮੁ॥ ਪੰਡਿਤ ਰਾਜੇ ਭੂਪਤੀ; ਆਵਹਿ ਕਉਨੇ ਕਾਮ॥੨੪॥ ਇੱਕ ਬੰਦਾ. ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਦੇ ਦਰਸ਼ਨ ਨਿੱਤ ਕਰਦਾ ਸੀ, ਕਾਫ਼ੀ ਸਮੇਂ ਮਗਰੋਂ ਦਰਸ਼ਨ ਕਰਨ ਆਇਆ, ਆਪ ਜੀ ਨੇ ਨ ਆਉਣ ਦਾ ਕਾਰਨ ਪੁੱਛਿਆ, ਤਾਂ ਓਸ ਕਿਹਾ,"ਮਹਾਰਾਜ ਜੀ! ਰਾਜਿਆਂ ਅਮੀਰਾਂ ਪੰਡਿਤਾਂ ਨਾਲ ਮਿਲਵਰਤਣ ਹੋਣੇ ਕਰਕੇ ਟਾਈਮ ਹੀ ਨਹੀਂ ਲੱਗ ਸਕਿਆ, ਇਹ ਸੁਣ ਕੇ, ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਤਾ)ਤਿਨ੍ਹਾਂ ਗੁਰਮੁਖਿ ਗੁਰਸਿੱਖਾਂ (ਸਿਉ)ਨਾਲ, ਰੋਮਿ ੨ ਕਰਕੇ ਸੱਚੀ ਪ੍ਰੀਤਿ ਕਰਿ, (ਜਾ)ਜਿਨ੍ਹਾਂ (ਕੋ)ਦੀ (ਠਾਕੁਰੁ)ਮਾਲਕ (ਰਾਮੁ)ਵਾਹਿਗੁਰੂ ਜੀ ਨਾਲ ਏਕਤਾ ਅਭੇਦਤਾ ਹੈ। ਯਥਾ:- ਗੁਰਮੁਖ ਸਉ. ਕਰਿ ਦੋਸਤੀ; ਸਤਿਗੁਰ ਸਉ. ਲਾਇ ਚਿਤੁ॥) ਜਿਨ੍ਹਾ ਦਿਸੰਦੜਿਆ. ਦੁਰਮਤਿ ਵੰਞੈ; ਮਿਤ੍ਰ ਅਸਾਡੜੇ ਸੇਈ॥ ਹਉ ਢੂਢੇਦੀ. ਜਗੁ ਸਬਾਇਆ; ਜਨ ਨਾਨਕ. ਵਿਰਲੇ ਕੇਈ॥੨॥) ਪੰਡਿਤ ਪੂਛਉ. ਤ ਮਾਇਆ ਰਾਤੇ॥੧॥ ਅਨੁਸਾਰ ਮਾਇਆ ਰਾਤੇ, ਨਾਮ ਹੀਨ, ਧਨ ਹੀਨ, ਗੁਨ ਹੀਨ, ਪੰਡਿਤ (ਭੂਪਤੀ) (ਭੂ) ਧਰਤੀ ਦੇ (ਪਤੀ)ਮਾਲਕ, ਹੰਕਾਰੀ ਰਾਜੇ, ਅੰਤ ਸਮੇਂ (ਕਉਨੇ)ਕਿਸ (ਕਾਮ)ਕੰਮ (ਆਵਹਿ)ਆਉਣਗੇ? ਭਾਵ ਨਹੀਂ ਆਉਣਗੇ॥੨੪॥ ਯਥਾ:- ਕਬੀਰ. ਸੰਗਤਿ ਕਰੀਐ ਸਾਧ ਕੀ; ਅੰਤਿ ਕਰੈ ਨਿਰਬਾਹੁ॥ ਸਾਕਤ ਸੰਗੁ. ਨ ਕੀਜੀਐ; ਜਾ ਤੇ ਹੋਇ ਬਿਨਾਹੁ॥) ਸਾਧ ਕੀ ਟਹਲ; ਸੰਤ ਸੰਗਿ ਹੇਤ॥) ਨਾਨਕ. ਕਚੜਿਆ ਸਿਉ ਤੋੜਿ; ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ; ਓਇ ਮੁਇਆ. ਨ ਜਾਹੀ ਛੋੜਿ॥) ਕਰੋ ਸੱਚੀ ਪ੍ਰੀਤੀ ਪੂਰਨ ਸੰਤਨ ਸੰਗ; ਜੋ ਨਿਬਾਹੁਣ ਤੋੜ। ਸਾਕਤ ਸੰਗ ਪ੍ਰੀਤ ਨਾ ਕੀਜੀਏ; ਪਾਪਾਂ 'ਚ ਲਾ ਕੇ,ਜਾਵਣ ਛੋੜ।

ਪ੍ਰੇਮਮਈ ਸ਼ੁਭ ਸਿੱਖਿਆ:- ਪ੍ਰਮਾਰਥ ਰਾਹ 'ਤੇ ਚੱਲਣ ਵਾਲਾ ਜਿਹੜਾ ਪ੍ਰੇਮੀ, ਧੋਤੀ ਖੋਲਿ; ਵਿਛਾਏ ਹੇਠਿ॥ ਗਰਧਪ ਵਾਂਗੂ; ਲਾਹੇ ਪੇਟਿ॥੧॥ ਅਨੁਸਾਰ ਲਾਲਚੀ ਪੰਡਤਾਂ, ਰਾਜਿਆਂ ਜਾਂ ਜਗੀਰਦਾਰਾਂ ਨਾਲ ਮੇਲ ਮਿਲਾਪ ਕਰਦਾ ਹੈ, ਉਸ ਦੀ ਬੰਦਗੀ 'ਚ ਅਟਕ ਪੈਂਦੀ ਹੈ। ਚਉਰਾਸੀ ਲੱਖ ਭੋਗ ਕੇ, ਮਨੁਖਾ ਜਨਮ ਪ੍ਰਾਪਤ ਹੋਇਆ ਹੈ। ਇਨ੍ਹਾਂ ਤੋਂ ਦੂਰ ਰਹਿ ਕੇ, ਰਾਮ ਪਿਆਰੇ ਜੀ ਦੀ ਪ੍ਰਾਪਤੀ ਵਾਲੇ ਨਾਲ, ਰੋਮਿ ਰੋਮਿ ਕਰਕੇ ਪ੍ਰੀਤੀ ਕਰਕੇ, ਪੂਰਨ ਪ੍ਰੇਮ ਸਹਿਤ ਸੇਵਾ ਕਰਕੇ, ਧ੍ਰੂ ਪ੍ਰਹਿਲਾਦ ਜੀ ਵਾਂਗ ਵਾਹਿਗੁਰੂ ਜੀ ਨੂੰ ਪ੍ਰਾਪਤ ਹੋ ਕੇ, ਨਿਹਾਲ ਹੋਵੋ ਜੀ। ਯਥਾ:- ਰਾਮ ਜਪਉ ਜੀਅ; ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ; ਹਰਿ ਜੈਸੇ॥)

ਕਬੀਰ. ਪ੍ਰੀਤਿ ਇਕ ਸਿਉ ਕੀਏ; ਆਨ ਦੁਬਿਧਾ ਜਾਇ॥ ਭਾਵੈ ਲਾਂਬੇ ਕੇਸ ਕਰੁ; ਭਾਵੈ ਘਰਿ ਮੁਡਾਇ॥੨੫॥ ਪਰਮਪੂਜਨੀਕ ਸੱਚੇ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਕ ਵਾਹਿਗੁਰੂ ਜੀ (ਸਿਉ)ਨਾਲ, ਪ੍ਰੀਤਿ (ਕੀਏ)ਕਰਨੇ ਕਰਕੇ, ਬਾਰ ੨ ਕੇਸ ਮਨਾਉਣ, ਬਨਾਉਟੀ ਜਟਾਂ ਵਧਾਉਣ ਦੀ (ਆਨ)ਹੋਰ ਸਭ ਤਰ੍ਹਾਂ ਦੀ (ਦੁਬਿਧਾ)ਦ੍ਵੈਤ (ਜਾਇ)ਚਲੀ ਜਾਂਦੀ ਹੈ। ਕੇਸ ਮੁਨਾ ਕੇ ਸੋਹਣੇ ਬਣਨ ਦੀ ਵਾਸ਼ਨਾ ਹੀ ਨਹੀਂ ਰਹਿੰਦੀ। ਪੂਰਨ ਸੱਚੇ ਵਾਹਿਗੁਰੂ ਜੀ ਨੂੰ (ਭਾਵੈ)ਭਾਉਂਦਾ ਹੈ, ਇਸ ਜੀਵ ਦੇ ਕੇਸ, ਬਾਰ ਬਾਰ (ਲਾਂਬੇ)ਲੰਬੇ ਕਰੁ ਰਹੇ ਹਨ, ਜੀਵ ਨੂੰ (ਭਾਵੈ)ਭਾਉਂਦਾ ਹੈ, ਕੈਂਚੀ ਉਸਤ੍ਰੇ ਨਾਲ (ਘਰਿ)ਘਸਾ ਕੇ, (ਮੁਡਾਇ)ਮੁਨਾ ਦਿੰਦਾ ਹੈ। ਇੱਕ ਵਾਹਿਗੁਰੂ ਜੀ ਨਾਲ ਪ੍ਰੀਤ ਕਰਨ, ਕੇਸ ਰੱਖਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਜਟਾਂ ਵਧਾਉਣ, ਮੁਨਾਉਣ ਤੋਂ ਸਖ਼ਤ ਮਨਾਹੀ ਕਰਦੇ ਹਨ। ਕੇਸ ਮੁਨਾਉਣੇ ਬੱਜਰ ਕੁਰਹਿਤ ਹੈ। ਵਾਹਿਗੁਰੂ॥ ਨਾਨਕ. ਜੇ ਸਿਰ ਖੁਥੇ ਨਾਵਨਿ ਨਾਹੀ; ਤਾ ਸਤ ਚਟੇ ਸਿਰਿ ਛਾਈ॥੧॥ ਵਾਹਿਗੁਰੂ ਸਰਬ ਕਲਾ ਭਰਪੂਰ ਪ੍ਰਭ; ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:- ਜੇ ਸਿਰ ਦੇ ਕੇਸ ਪਟੌਣ ਵਾਲੇ ਸਿਰ ਖੁੱਥੇ ਨਹੀਂ ਨਹਾਉਂਦੇ ਤਾਂ ਉਨ੍ਹਾਂ ਦੇ ਸਿਰ 'ਚ ਸੱਤ ਜਾਂ ਸੌ ਬੁੱਕ ਸੁਆਹ ਦੇ ਪਾਉ। ਸਿਰ ਦੀ ਚੋਟੀ ਤੋਂ ਲੈ ਕੇ, ਪੈਰ ਦੇ ਅੰਗੂਠੇ ਤੱਕ ਕਿਤੋਂ ਭੀ ਕੇਸ ਘਸਾਉਣੇ ਪੁੱਟਣੇ

Sri Satguru Jagjit Singh Ji eLibrary NamdhariElibrary@gmail.com

ਮੁਨਾਉਣੇ ਨਹੀਂ। ਯਥਾ:- ਕਬੀਰ. ਜੈਸੀ ਉਪਜੀ ਪੇਡ ਤੇ; ਜਉ ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ; ਪੁਜਹਿ ਨ ਰਤਨ ਕਰੋੜਿ॥ ਵਾਹਿਗੁਰੂ ਸਰੂਪ ਸੱਚੇ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਾਤਾ ਜੀ ਦੇ ਗਰਭ ਰੂਪੀ (ਪੇਡ)ਮੁੱਢ ਤੋਂ ਜੈਸੀ ਦੇਹ (ਉਪਜੀ)ਪੈਦਾ ਹੋਈ ਹੈ, (ਜਉ)ਜੇ (ਤੈਸੀ)ਉਸੇ ਤਰ੍ਹਾਂ ਸਾਬਤ ਸੂਰਤ ਔਗੁਣਾਂ ਰਹਿਤ, (ਓੜਿ)ਅੰਤ ਤੱਕ (ਨਿਬਹੈ)ਨਿਭ ਜਾਵੇ, ਤਾਂ ਫਿਰ ਇੱਕ ਹੀਰਾ ਤਾਂ ਕਿਸ (ਕਾ)ਦਾ (ਬਾਪੁਰਾ)ਵਿਚਾਰਾ ਹੈ? (ਕਰੋੜਿ)ਕ੍ਰੋੜਾਂ ਅਮੋਲਕ ਰਤਨ ਭੀ ਇਸ ਦੇ ਬਰਾਬਰ ਨਹੀਂ (ਪੁਜਹਿ)ਪੁੱਜ ਸਕਦੇ। ਵਾ (ਹੀਰਾ)ਮਨੁੱਖਾ ਜਨਮ ਤਾਂ ਕੀ ਵਿਚਾਰਾ ਹੈ, ਕ੍ਰੋੜਾਂ (ਰਤਨ)ਦੇਵਤਿਆਂ ਦੀਆਂ ਦੇਹਾਂ ਭੀ ਇਸ ਦੇ ਬਰਾਬਰ ਨਹੀਂ ਪੁੱਜ ਸਕਦੀਆਂ। ਮੂਡ ਮੁੰਡਾਏ; ਜੌ ਸਿਧਿ ਪਾਈ॥ ਮੁਕਤੀ ਭੇਡ ਨ ਗਈਆ ਕਾਈ॥੨॥) ਨਾ ਸਤਿ ਮੂੰਡ ਮੁਡਾਈ ਕੇਸੀ; (ਮੂੰਡ)ਸਿਰ ਮੂੰਹ ਤੇ ਕੇਸਾਂ ਦੇ ਮੁੰਨਣੇ ਕਰਕੇ ਪਰਮਪਵਿੱਤ੍ਰ ਸਤਿ ਸਰੂਪ ਪ੍ਰਮੇਸ਼ਰ ਦੀ ਪ੍ਰਾਪਤੀ ਨਹੀਂ ਹੁੰਦੀ। ਭੱਦਨ ਤਿਆਗ ਕਰੋ! ਰੇ ਭਾਈ। ਸਭ ਸਿੱਖਨ; ਯਹ ਬਾਤ ਸੁਨਾਈ। ਮਾਤ ਪਿਤਾ; ਮਰੇ ਜੇ ਕੋਈ। ਤਉ ਭੀ; ਕਰਤ ਨ ਭੱਦਣ ਹੋਈ। ਮਾਤ ਪਿਤਾ; ਗੋਬਿੰਦ ਹਮਾਰਾ। ਏ ਸੰਸਾਰ; ਝੂਠ ਪਸਾਰਾ॥੨੨॥ ਤਾ ਪਰ ਭੱਦਣ; ਭੂਲ ਨਾ ਕੀਜੈ। ਯਹ ਉਪਦੇਸ; ਸਤਿ ਕਰ ਲੀਜੈ। ਭੱਦਨ ਭਰਮ. ਧਰਮ ਕਿਛ ਨਾਹੀ। ਨਿਹਚੈ ਜਾਨੋ; ਸੰਤ ਮਨ ਮਾਹੀ।

ਕੱਾਜਲ- ਕਬੀਰ. ਜਗੁ ਕਾਜਲ ਕੀ ਕੋਠਰੀ; ਅੰਧ ਪਰੇ. ਤਿਸ ਮਾਹਿ॥ ਹਉ ਬਲਿਹਾਰੀ. ਤਿਨ੍ ਕਉ; ਪੈਸਿ. ਜੁ ਨੀਕਸਿ ਜਾਹਿ॥੨੬॥ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਸਤਿਸੰਗੀਓ ਪਿਆਰਿਓ ਜਾਗੋ! ਇਹ ਜਗੁ, ਚੋਰੀ ਯਾਰੀ ਨਿੰਦਾ ਕਤਲ ਠੱਗੀ ਵੱਢੀ ਲੈਣੀ ਪਰਾਇਆ ਹੱਕ ਖਾਣ ਤੰਬਾਕੂ ਸ਼ਰਾਬ ਮਾਸ ਨਸ਼ੇ ਵਰਤਣ ਜੂਆ ਖੇਡਣਾ, ਨਿਰਦੋਸ਼ ਜੀਆਂ ਨੂੰ ਬੰਬਾਂ ਨਾਲ ਸਾੜਨ ਆਦਿ ਅਨੇਕ ਪਾਪ ਰੂਪ (ਕਾਜਲ)ਕਾਲਖ (ਕੀ)ਦੀ ਕੋਠਰੀ ਹੈ, ਵੈਰਾਗ ਬਿਬੇਕ, ਪ੍ਰੋਖ ਅਪ੍ਰੋਖ. ਬ੍ਰਹਮ ਵੀਚਾਰ, ਗੁਰਬਾਣੀ ਸਬਦ ਅਰਥ ਵੀਚਾਰਨ, ਕੀਰਤਨ ਰੂਪੀ ਨੇਤ੍ਰਾਂ ਬਿਨਾ, (ਅੰਧ)ਅੰਨੇ ਅਗਿਆਨੀ ਜੀਵ, ਤਿਸ (ਮਾਹਿ)ਵਿੱਚ (ਪਰੇ)ਪਏ ਹੋਏ ਹਨ। (ਹਉ)ਦਾਸਨ ਦਾਸ (ਤਿਨ)ਤਿਨ੍ਹਾਂ ਗੁਰਮੁਖਿ ਨਾਮ ਜਪਣ ਜਪਾਉਣ ਵਾਲੇ ਨਿਸ਼ਕਾਮੀ ਪ੍ਰੇਮੀ ਗੁਰਸੇਵਕਾਂ (ਕਉ)ਤੋਂ (ਬਲਿਹਾਰੀ)ਬਲਿਹਾਰ ਕੁਰਬਾਨ ਜਾਂਦਾ ਹੈ, ਭਾਵ ਉਨ੍ਹਾਂ ਤੋਂ ਸਭ ਕੁੱਝ ਕੁਰਬਾਨ ਕਰਦਾ ਹੈ, ਸਭ ਕੁੱਝ ਅਰਪਦਾ ਹੈ, ਜੁ, ਸਤਿਗੁਰੂ ਮਹਾਰਾਜ ਸਾਹਿਬ ਜੀ, ਗੁਰਸਿੱਖਾਂ ਦੀ ਸ਼ਰਨ (ਪੈਸਿ)ਪੈ ਕੇ, ਇਨ੍ਹਾਂ ਔਗੁਣਾਂ ਦੋਸ਼ਾਂ ਵਿਕਾਰਾਂ ਪਾਪਾਂ ਰੂਪ ਕਾਲਖ ਦੀ ਕੋਠੜੀ 'ਚੋਂ, (ਨੀਕਸਿ)ਨਿੱਕਲ (ਜਾਹਿ)ਜਾਂਦੇ ਹਨ, ਅੱਠੇ ਪਹਿਰ ਗੁਰ ਚਰਨੀਂ ਲੱਗ ਕੇ, ਸਭ ਦੀ ਚਰਨ- ਧੂੜਿ ਬਣ ਕੇ ਨਿਰਲੇਪ ਰਹਿੰਦੇ ਹਨ। ਯਥਾ:- ਵਿਚੇ ਗ੍ਰਿਹ ਸਦਾ ਰਹੈ ਉਦਾਸੀ; ਜਿਉ ਕਮਲੁ ਰਹੈ ਵਿਚਿ ਪਾਣੀ ਹੇ॥੧੦॥) ਸਹਜੇ ਗ੍ਰਿਹ ਮਹਿ; ਸਹਜਿ ਉਦਾਸੀ॥) ਨੱਾਸੀ- ਸਹਜੇ; ਦੁਬਿਧਾ ਤਨ ਕੀ ਨਾਸੀ॥) ਜਿਉ ਕਾਜਰ. ਭਰਿ ਮੰਦਰੁ ਰਾਖਿਓ; ਜੋ ਪੈਸੈ. ਕਾਲੂਖੀ ਰੇ॥) ਤ੍ਰਿਕੁਟੀ ਪੋਲਾ- ਦੂਰਹੁ ਹੀ ਤੇ. ਭਾਗਿ ਗਇਓ ਹੈ; ਜਿਸੁ ਗੁਰ ਮਿਲਿ. ਛੁਟਕੀ ਤ੍ਰਿਕੁਟੀ ਰੇ॥੧॥) ਕਾਜਰ ਕੋਠ ਮਹਿ. ਭਈ ਨ ਕਾਰੀ; ਨਿਰਮਲ ਬਰਨੁ. ਬਨਿਓ ਰੀ॥ ਮਹਾ ਮੰਤ੍ਰ. ਗੁਰ ਹਿਰਦੈ ਬਸਿਓ; ਅਚਰਜ ਨਾਮੁ. ਸੁਨਿਓ ਰੀ॥੩॥

ਕਬੀਰ. ਇਹੁ ਤਨੁ ਜਾਇਗਾ; ਸਕਹੁ. ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ; ਜਿਨ੍ ਕੇ ਲਾਖ ਕਰੋਰਿ॥੨੭॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਦਾਸਨ ਦਾਸ ਕਬੀਰ! ਤੇਰਾ ਇਹੁ ਤਨੁ ਔਗੁਣਾਂ ਦੋਸ਼ਾਂ ਵਿਕਾਰਾਂ ਪਾਪਾਂ 'ਚ

Sri Satguru Jagjit Singh Ji eLibrary NamdhariElibrary@gmail.com

(ਜਾਇਗਾ)ਚਲਿਆ ਜਾਵੇਗਾ, ਅਥਵਾ ਤਨ ਮਰ ਜਾਇਗਾ। ਚੋਰੀ ਯਾਰੀ ਕਤਲ ਨਸ਼ੇ, ਜੰਗ ਕਰਕੇ ਮਾਰੂ ਹਥਿਆਰਾਂ ਨਾਲ ਜੀਆਂ ਨੂੰ ਸਾੜਨ ਆਦਿ ਔਗੁਣਾਂ ਜਮਾ ਰੋਗ ਸੋਗ ਤੋਂ, ਜੇ (ਬਹੋਰਿ)ਮੋੜ ਭਾਵ ਬਚਾ (ਸਕਹੁ)ਸਕਦਾ ਹੈਂ, ਤਾਂ ਪੂਰਨ ਗੁਰੂ ਜੀ ਦੀ, ਸ੍ਰਬ ਵਿਆਪੀ ਮਹਾਂ ਵਿਸਮਾਦ ਸੱਚੀ ਸਰਨ ਪੈ ਕੇ, ਸੇਵਾ ਭਜਨ ਸਿਮਰਨ ਪਰਉਪਕਾਰ ਕਰਕੇ, ਸ਼ੁਭ ਗੁਣ ਕਮਾ ਕੇ, ਬਚਾਅ (ਲੇਹੁ)ਲੈਣਾ ਕਰ। (ਜਿਨ੍)ਜਿਨ੍ਹਾਂ ਚੱਕ੍ਰਵਰਤੀ ਬਾਦਸ਼ਾਹਾਂ (ਕੇ)ਦੇ ਪਾਸ (ਲਾਖ)ਲੱਖਾਂ (ਕਰੋਰਿ)ਕ੍ਰੋੜਾਂ ਲਾਲ ਹੀਰੇ ਸਨ, (ਪਾਵਹੁ)ਪੈਰਾਂ (ਤੇ)ਤੋਂ, ਨਾਂਗੇ ਹੀ ਚਲੇ ਗਏ॥੨੭॥ ਯਥਾ:- ਨਾ ਕੋਊ ਲੈ ਆਇਓ ਇਹੁ ਧਨੁ; ਨਾ ਕੋਊ ਲੈ ਜਾਤੁ॥ ਰਾਵਨ ਹੂੰ ਤੇ ਅਧਿਕ ਛਤ੍ਰਪਤਿ; ਖਿਨ ਮਹਿ ਗਏ ਬਿਲਾਤ॥੨॥) ਨਾਂਗੇ ਆਵਨੁ; ਨਾਂਗੇ ਜਾਨਾ॥ ਕੋਇ. ਨ ਰਹਿ ਹੈ; ਰਾਜਾ ਰਾਨਾ॥) ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥੩॥) ਮਾਤੇ ਮਤੰਗ. ਜਰੇ ਜਰ ਸੰਗ; ਅਨੂਪ ਉਤੰਗ ਸੁਰੰਗ ਸਵਾਰੇ॥ ਕੋਟ ਤੁਰੰਗ ਕੁਰੰਗ ਸੇ ਕੂਦਤ; ਪਉਨ ਕੇ ਗਉਨ ਕਉ ਜਾਤ ਨਿਵਾਰੇ॥ ਭਾਰੀ ਭੁਜਾਨ ਕੇ ਭੂਪ ਭਲੀ ਬਿਧਿ; ਨਿਆਵਤ ਸੀਸ ਨ ਜਾਤ ਬਿਚਾਰੇ॥ ਏਤੇ ਭਏ ਤੋ ਕਹਾ ਭਏ ਭੂਪਤ; ਅੰਤ ਕੌ ਨਾਂਗੇ ਹੀ ਪਾਇ ਪਧਾਰੇ॥) ਨੰਗਾ ਦੋਜਕਿ ਚਾਲਿਆ; ਤਾ ਦਿਸੈ ਖਰਾ ਡਰਾਵਣਾ॥) ਕਬੀਰ. ਕਉਡੀ ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ. ਨ ਕਛੁ ਮਿਲਿਓ; ਲਈ ਲੰਗੋਟੀ ਤੋਰਿ॥) ਮੇਰੀ ਮੇਰੀ ਕਿਆ ਕਰਹਿ; ਜਿਨਿ ਦੀਆ. ਸੋ ਪ੍ਰਭੁ ਲੋੜਿ॥ ਸਰਪਰ ਉਠੀ ਚਲਣਾ; ਛਡਿ ਜਾਸੀ. ਲਖ ਕਰੋੜਿ॥੩॥

ਕਬੀਰ. ਇਹੁ ਤਨੁ ਜਾਇਗਾ; ਕਵਨੈ ਮਾਰਗਿ ਲਾਇ॥ ਕੈ ਸੰਗਤਿ ਕਰਿ. ਸਾਧ ਕੀ; ਕੈ. ਹਰਿ ਕੇ ਗੁਨ ਗਾਇ॥੨੮॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਮਨ! ਇਹੁ ਤਨੁ ਮਰ (ਜਾਇਗਾ)ਜਾਵੇਗਾ। (ਕਵਨੈ)ਕਿਸੇ ਚੰਗੇ ਨਾਮੁ ਜਪਣ ਜਪਾਉਣ, ਪਰਉਪਕਾਰ ਕਰਨ ਕਰਾਉਣ ਸੀਸ ਕੁਰਬਾਨ ਕਰਨ ਕਰਾਉਣ ਰੂਪ (ਮਾਰਗਿ)ਰਸਤੇ (ਲਾਇ)ਲਾਉਣਾ ਕਰ। (ਕੈ)ਜਾਂ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਤੋਂ ਵਰੋਸਾਏ (ਸਾਧ)ਮਹਾਂਪੁਰਸ਼ ਜੀ ਦੀ ਸੰਗਤਿ ਕਰਿ, (ਕੈ)ਅਥਵਾ (ਹਰਿ)ਸ੍ਰਬ ਵਿਆਪੀ ਵਾਹਿਗੁਰੂ ਜੀ (ਕੇ)ਦੇ ਗੁਨ, ਅਮ੍ਰਿਤ ਕੀਰਤਨ ਕਥਾ ਸਿਮਰਨ ਦੁਆਰਾ (ਗਾਇ)ਗਾਉਣਾ ਕਰ, ਜਦੋਂ ਬੋਲੇਂ ਹਰ ਵੇਲੇ ਬਾਣੀ ਜੀ ਹੀ ਗਾਇਆ ਕਰ। ॥੨੮॥ ਯਥਾ:- ਬਾਬਾ ਬੋਲਨਾ; ਕਿਆ ਕਹੀਐ॥ ਜੈਸੇ ਰਾਮ ਨਾਮ; ਰਵਿ ਰਹੀਐ॥੧॥) ਹਰਿ ਗੁਣ ਗਾਉ ਮਨਾ; ਸਤਿਗੁਰੁ ਸੇਵਿ ਪਿਆਰਿ॥) ਮਨਿ ਚਾਉ ਭਇਆ; ਪ੍ਰਭ ਆਗਮੁ ਸੁਣਿਆ॥ ਹਰਿ ਮੰਗਲੁ ਗਾਉ ਸਖੀ; ਗ੍ਰਿਹੁ ਮੰਦਰੁ ਬਣਿਆ॥ ਹਰਿ ਗਾਉ ਮੰਗਲੁ, ਨਿਤ ਸਖੀਏ; ਸੋਗੁ ਦੂਖੁ ਨ ਵਿਆਪਏ॥ ਗੁਰ ਚਰਨ ਲਾਗੇ. ਦਿਨ ਸਭਾਗੇ; ਆਪਣਾ ਪਿਰੁ ਜਾਪਏ॥ ਅਨਹਤ ਬਾਣੀ. ਗੁਰ ਸਬਦਿ ਜਾਣੀ; ਹਰਿ ਨਾਮੁ ਹਰਿ ਰਸੁ ਭੋਗੋ॥ ਕਹੈ ਨਾਨਕੁ. ਪ੍ਰਭੁ ਆਪਿ ਮਿਲਿਆ; ਕਰਣ ਕਾਰਣ ਜੋਗੋ॥੩੪॥

ਕਬੀਰ. ਮਰਤਾ ਮਰਤਾ ਜਗੁ ਮੂਆ; ਮਰਿ ਭੀ ਨ ਜਾਨਿਆ ਕੋਇ॥ ਐਸੇ ਮਰਨੇ ਜੋ ਮਰੈ; ਬਹੁਰਿ. ਨ ਮਰਨਾ ਹੋਇ॥੨੯॥ ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਰ ਕੇ ਹਲ਼ ਵਾਹਿਆ, ਮਰ ਕੇ ਸਉਣੀ ਬੀਜੀ, ਮਰ ਕੇ ਹਾੜੀ ਬੀਜੀ, ਅਨੁਸਾਰ ਜਿੰਨੇ ਜੀਵ ਜਿਉਂ ਰਹੇ ਹਨ, ਹਰ ਵੇਲੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ ਨਿੰਦਾ ਦ੍ਵੈਸ ਵੈਰ ਆਦਿ ਦਾ ਹਮਲਾ ਹੁੰਦਾ ਰਹਿੰਦਾ ਹੈ, ਇਨ੍ਹਾਂ ਵਿਕਾਰਾਂ ਔਗੁਣਾਂ ਦਾ ਮਾਰਿਆ ਅਥਵਾ ਮੌਤ ਦਾ ਮਾਰਿਆ (ਮਰਤਾ)ਮਰਦਾ (ਮਰਤਾ)ਮਰਦਾ,

Sri Satguru Jagjit Singh Ji eLibrary NamdhariElibrary@gmail.com

ਜਗੁ (ਮੂਆ)ਮਰ ਗਿਆ, (ਕੋਇ)ਕਿਸੇ ਨੇ ਭੀ, ਪੂਰਨ ਗੁਰੂ ਜੀ ਲਈ (ਮਰਿ)ਮਰਨਾ (ਨ)ਨਹੀਂ ਜਾਨਿਆ, ਜੈਸੇ ਮਰ ਕੇ ਅਮਰ ਹੋਈਦਾ ਹੈ। ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ. ਹਰਿ ਕੈ ਦੁਆਰ॥ ਅਨੁਸਾਰ ਹਰੀ ਜੀ ਦੇ ਦੁਆਰੇ 'ਤੇ ਅਥਵਾ ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ ਨਿੰਦਾ ਔਗੁਣਾਂ ਵਿਕਾਰਾਂ ਕੁਸੰਗਤ ਨਸ਼ਿਆਂ ਵੱਲੋਂ ਅਥਵਾ ਜੀਵਤ ਭਾਵ ਤੋਂ ਜੋ (ਮਰਨੇ)ਮਰਨਾ ਹੈ, ਐਸੇ ਜੋ (ਮਰੈ)ਮਰਦਾ ਹੈ, ਉਸ ਦਾ (ਬਹੁਰਿ)ਫੇਰ, ਚੌਰਾਸੀ ਲੱਖ ਜੂਨ 'ਚ ਜੰਮਣਾ ਮਰਨਾ (ਨ)ਨਹੀਂ (ਹੋਇ)ਹੁੰਦਾ॥੨੯॥ ਯਥਾ:- ਮਰਨੋ ਮਰਨੁ ਕਹੈ; ਸਭੁ ਕੋਈ॥ ਸਹਜੇ ਮਰੈ; ਅਮਰੁ ਹੋਇ ਸੋਈ॥੨॥) ਅੰਤਿ ਕਾਲਿ. ਨਾਰਾਇਣੁ ਸਿਮਰੈ; ਐਸੀ ਚਿੰਤਾ ਮਹਿ. ਜੇ ਮਰੈ॥ ਬਦਤਿ ਤਿਲੋਚਨੁ. ਤੇ ਨਰ ਮੁਕਤਾ; ਪੀਤੰਬਰੁ. ਵਾ ਕੇ ਰਿਦੈ ਬਸੈ॥) ਮਃ ੩॥ ਕਿਆ ਜਾਣਾ. ਕਿਵ ਮਰਹਗੇ; ਕੈਸਾ ਮਰਣਾ ਹੋਇ॥ ਜੇ ਕਰਿ. ਸਾਹਿਬੁ. ਮਨਹੁ ਨ ਵੀਸਰੈ; ਤਾ. ਸਹਲਾ ਮਰਣਾ ਹੋਇ॥ ਮਰਣੈ ਤੇ ਜਗਤੁ ਡਰੈ; ਜੀਵਿਆ ਲੋੜੈ ਸਭੁ ਕੋਇ॥ ਗੁਰਪਰਸਾਦੀ ਜੀਵਤੁ ਮਰੈ; ਹੁਕਮੈ ਬੂਝੈ ਸੋਇ॥ ਨਾਨਕ. ਐਸੀ ਮਰਨੀ ਜੋ ਮਰੈ; ਤਾ ਸਦ ਜੀਵਣੁ ਹੋਇ॥੨॥

ਕਬੀਰ. ਮਾਨਸ ਜਨਮੁ ਦੁਲੰਭੁ ਹੈ; ਹੋਇ ਨ ਬਾਰੈ ਬਾਰ॥ ਜਿਉ. ਬਨ ਫਲ ਪਾਕੇ, ਭੁਇ ਗਿਰਹਿ; ਬਹੁਰਿ. ਨ ਲਾਗਹਿ ਡਾਰ॥੩੦॥) ਹਰਿ. ਹਰਿ ਜਨ ਦੁਈ. ਏਕ ਹੈ; ਭਗਤ ਕਬੀਰ ਸਾਹਿਬ ਜੀ, ਅਮੋਲਕ ਦੁਰਲੱਭ ਮਨੁੱਖਾ ਜਨਮ ਨੂੰ ਪ੍ਰਾਪਤ ਹੋ ਕੇ, ਗੁਰੂ ਸੇਵਾ ਬੰਦਗੀ ਕਰਨ ਦਾ ਸ਼ੁਭ ਸੱਚਾ ਉਪਦੇਸ਼ ਫ਼ੁਰਮਾ ਰਹੇ ਹਨ:- ਚੌਰਾਸੀ ਲੱਖ ਜੂਨ ਭੋਗ ਕੇ, ਮਨੁੱਖਾ ਜਨਮ ਮਿਲਦਾ ਹੈ, ਇਸ ਲਈ ਮਾਨਸ ਜਨਮੁ ਦਾ ਪ੍ਰਾਪਤ ਹੋਣਾ ਬੜਾ ਹੀ (ਦੁਲੰਭੁ)ਕਠਨ ਹੈ, ਕਿਉਂ ਜੋ, (ਬਾਰੈ ਬਾਰ)ਮੁੜ ਮੁੜ ਕੇ, ਮਨੁੱਖਾ ਜਨਮ ਪ੍ਰਾਪਤ (ਨ)ਨਹੀਂ (ਹੋਇ)ਹੁੰਦਾ। ਯਥਾ:- ਪਉੜੀ ਛੁੜਕੀ, ਫਿਰਿ. ਹਾਥਿ ਨ ਆਵੈ; ਅਹਿਲਾ ਜਨਮੁ ਗਵਾਇਆ॥) ਮਾਨਸ ਦੇਹ. ਬਹੁਰਿ ਨਹ ਪਾਵੈ; ਕਛੂ ਉਪਾਉ. ਮੁਕਤਿ ਕਾ ਕਰੁ ਰੇ॥ ਨਾਨਕ ਕਹਤ. ਗਾਇ ਕਰੁਨਾਮੈ; ਭਵ ਸਾਗਰ ਕੈ ਪਾਰਿ ਉਤਰੁ ਰੇ॥) ਲਖ ਚਉਰਾਸੀਹ ਭ੍ਰਮਤਿਆ; ਦੁਲਭ ਜਨਮੁ ਪਾਇਓਇ॥ ਨਾਨਕ. ਨਾਮੁ ਸਮਾਲਿ ਤੂੰ; ਸੋ ਦਿਨੁ. ਨੇੜਾ ਆਇਓਇ॥) ਇਹੀ ਤੇਰਾ ਅਉਸਰੁ; ਇਹ ਤੇਰੀ ਬਾਰ॥ ਘਟ ਭੀਤਰਿ; ਤੂ ਦੇਖੁ ਬਿਚਾਰਿ॥ ਕਹਤ ਕਬੀਰੁ; ਜੀਤਿ ਕੈ ਹਾਰਿ॥ ਬਹੁ ਬਿਧਿ; ਕਹਿਓ ਪੁਕਾਰਿ ਪੁਕਾਰਿ॥੫॥) ਚਉਰਾਸੀਹ ਲੱਖ ਜੋਨਿ ਵਿਚਿ ਉਤਮ ਜਨਮ ਸੁ ਮਾਣਸਿ ਦੇਹੀ॥) ਚਰਣ ਕਮਲ; ਠਾਕੁਰ ਉਰਿ ਧਾਰਿ॥ ਦੁਲਭ ਦੇਹ; ਨਾਨਕ ਨਿਸਤਾਰਿ॥) ਦੁਲਭ ਜਨਮੁ. ਪੁੰਨ ਫਲ ਪਾਇਓ; ਬਿਰਥਾ ਜਾਤ. ਅਬਿਬੇਕੈ॥ ਰਾਜੇ ਇੰਦ੍ਰ ਸਮਸਰਿ. ਗ੍ਰਿਹ ਆਸਨ; ਬਿਨੁ ਹਰਿ ਭਗਤਿ. ਕਹਹੁ ਕਿਹ ਲੇਖੈ॥੧॥) ਫਫਾ; ਫਿਰਤ ਫਿਰਤ ਤੂ ਆਇਆ॥ ਦੁਲਭ ਦੇਹ; ਕਲਿਜੁਗ ਮਹਿ ਪਾਇਆ॥ ਫਿਰਿ ਇਆ ਅਉਸਰੁ; ਚਰੈ ਨ ਹਾਥਾ॥ ਨਾਮੁ ਜਪਹੁ; ਤਉ ਕਟੀਅਹਿ ਫਾਸਾ॥) ਲਖ ਚਉਰਾਸੀਹ ਭ੍ਰਮਤੇ ਭ੍ਰਮਤੇ; ਦੁਲਭ ਜਨਮੁ ਅਬ ਪਾਇਓ॥੧॥ ਰੇ ਮੂੜੇ; ਤੂ ਹੋਛੈ ਰਸਿ ਲਪਟਾਇਓ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ; ਬਿਖਿਆ ਸਿਉ ਉਰਝਾਇਓ॥) ਫਕੀਰਾ ਫਕੀਰੀ ਦੂਰ ਹੈ, ਜਿਤਨੀ ਕੁ ਲੰਮੀ ਖੰਜੂਰ ਹੈ। ਚੜ੍ ਜਾਏਂ ਤਾਂ ਅਮਰ ਫ਼ਲ ਖਾਏਂ, ਗਿਰ ਜਾਏਂ ਤਾਂ ਚਕਨਾ ਚੂਰ ਹੈ।)

ਜਿਉ. ਬਨ ਫਲ ਪਾਕੇ, ਭੁਇ ਗਿਰਹਿ ; ਬਹੁਰਿ. ਨ ਲਾਗਹਿ ਡਾਰ॥੩੦॥) (ਜਿਉ)ਜਿਵੇਂ (ਬਨ)ਜੰਗਲ਼ 'ਚ, ਬ੍ਰਿਛ ਦੀ ਟਾਹਣੀ ਨਾਲ ਲੱਗੇ ਫਲ (ਪਾਕੇ)ਪੱਕ ਕੇ, (ਭੁਇ)ਧਰਤੀ 'ਤੇ (ਗਿਰਹਿ)ਡਿੱਗ ਪੈਂਦੇ ਹਨ, (ਬਹੁਰਿ)ਮੁੜ ਕੇ (ਡਾਰ)ਟਾਹਣੀ ਨਾਲ (ਨ)ਨਹੀਂ (ਲਾਗਹਿ)ਲੱਗਦੇ, ਤਿਵੇਂ ਮਨੁਖਾ ਜਨਮ ਮੁੜ ੨ ਕੇ ਨਹੀਂ ਮਿਲਦਾ। ਜਿਵੇਂ ਉੱਡਿਆ ਕਪੂਰ ਹੱਥ ਨਹੀਂ ਆਉਂਦਾ, ਸਮੁੰਦ੍ 'ਚ ਸੁੱਟੀ ਮਿਸਰੀ ਹੱਥ ਨਹੀਂ ਆਉਂਦੀ, ਕੇਲੇ ਨੂੰ ਕੇਵਲ ਇੱਕ ਵਾਰੀ ਫ਼ੁੱਲ ਫ਼ਲ ਲੱਗਦਾ ਹੈ, ਕਾਠ ਦੀ ਤਉੜੀ ਕੇਵਲ ਇੱਕ ਵਾਰੀ ਹੀ ਅੱਗ 'ਤੇ ਚੜ੍ਦੀ ਹੈ,

Sri Satguru Jagjit Singh Ji eLibrary NamdhariElibrary@gmail.com

ਗਿਆ ਸਮਾਂ ਅਤੇ ਸਾਹ ਮੁੜ ਕੇ ਹੱਥ ਨਹੀਂ ਆਉਂਦਾ। ਯਥਾ:- ਕਬੀਰ. ਰਾਮੁ, ਨ ਧਿਆਇਓ; ਮੋਟੀ ਲਾਗੀ ਖੋਰਿ॥ ਕਾਇਆ ਹਾਂਡੀ ਕਾਠ ਕੀ; ਨਾ ਓਹੁ ਚੜ੍ਹੈ ਬਹੋਰਿ॥) ਜਿਸ ਪਰਿਵਾਰ ਨੂੰ ਛੱਡ ਜਾਂਦਾ ਹੈ, ਉਸ 'ਚ ਮੁੜ ਕੇ ਨਹੀਂ ਆਉਂਦਾ। ਵੈ ਸੁਤ. ਵੈ ਬਿਤ; ਵੈ ਪੁਰ ਪਾਟਨ; ਬਹੁਰਿ. ਨ ਦੇਖੈ ਆਇ॥ ਮਨੁੱਖਾ ਜਨਮ ਨੂੰ ਪ੍ਰਾਪਤ ਹੋ ਕੇ, ਸੁਆਸ ੨ ਨਾਮ ਜਪ ਜਪਾ ਕੇ, ਨਿਸ਼ਕਾਮ ਸੇਵਾ ਗੁਰੂ ਭਗਤੀ ਕਰ ਕਰਾ ਕੇ ਇਸ ਨੂੰ ਸਫ਼ਲਾ ਕਰਨਾ ਚਾਹੀਦਾ ਹੈ।

ਕਬੀਰਾ ਤੁਹੀ. ਕਬੀਰੁ ਤੂ; ਤੇਰੋ ਨਾਉ ਕਬੀਰੁ॥ ਰਾਮ ਰਤਨੁ. ਤਬ ਪਾਈਐ; ਜਉ. ਪਹਿਲੇ ਤਜਹਿ ਸਰੀਰੁ॥੩੧॥ ਪੂਰਨ ਭਗਤ ਜੀ, ਵਾਹਿਗੁਰੂ ਜੀ ਦੇ ਸਨਮੁਖ ਕਹਿ ਰਹੇ ਹਨ। ਹੇ ਅਕਾਲ ਪੁਰਖ ਜੀ! ਪਿੱਛੇ ਭੀ (ਤੁਹੀ) ਆਪ ਜੀ, ਸਾਰਿਆਂ ਨਾਲੋਂ (ਕਬੀਰਾ)ਵੱਡੇ ਸੀ , ਹੁਣ ਭੀ (ਕਬੀਰੁ)ਵੱਡੇ ਹੋਂ ਜੀ, ਅੱਗੇ ਨੂੰ ਭੀ (ਤੂ)ਆਪ ਜੀ ਸਭ ਤੋਂ (ਕਬੀਰੁ)ਵੱਡੇ ਹੋਵੋਂਗੇ ਜੀ, (ਤੇਰੋ)ਆਪ ਜੀ ਦੇ (ਨਾਉ)ਨਾਮ ਜੀ ਭੀ (ਕਬੀਰੁ)ਵੱਡੇ ਤੋਂ ਵੱਡੇ ਅਤਿਅੰਤ ਵੱਡੇ ਅਮੋਲਕ ਉੱਚੇ ਤੋਂ ਉੱਚੇ ਸੱਚੇ ਸੁੱਚੇ ਹਨ। ਸਚੈ ਮਾਰਗਿ ਚਲਦਿਆ; ਉਸਤਤਿ ਕਰੇ ਜਹਾਨੁ॥) ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥) ਹਰਿ ਮਨਿ ਤਨਿ; ਵਸਿਆ ਸੋਈ॥ ਜੈ ਜੈਕਾਰੁ; ਕਰੇ ਸਭੁ ਕੋਈ॥ ਅਨੁਸਾਰ ਸ੍ਰੀ ਕਬੀਰ ਸਾਹਿਬ ਜੀ ਦਾ ਜਾਪ ਚੌਹਾਂ ਚੱਕਾਂ, ਖੰਡ ਬ੍ਰਹਮੰਡ ਘਰ ੨ ਅੰਦਰ ਹੋਣ ਲੱਗਿਆ, ਇਹੋ ਹੀ ਪ੍ਰਾਪਤੀ ਦੀ ਨਿਸ਼ਾਨੀ ਹੈ, ਕਿ ਭਾਵੇਂ ਆਪ ਜੀ ਦੀ ਐਨੀ ਜ਼ਿਆਦਾ ਵਡਿਆਈ ਹੋ ਰਹੀ ਹੈ, ਫੇਰ ਭੀ ਦੁਨਿਆਵੀ ਵਡਿਆਈ ਨੂੰ ਝੂਠਾ ਸਮਝਦੇ ਹਨ। ਯਥਾ:- ਕਬੀਰ. ਨਾ ਹਮ ਕੀਆ. ਨ ਕਰਹਿਗੇ; ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ. ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥੬੨॥) ਤੁਧੁ ਆਗੈ. ਅਰਦਾਸਿ ਹਮਾਰੀ; ਜੀਉ ਪਿੰਡੁ ਸਭੁ ਤੇਰਾ॥ ਕਹੁ ਨਾਨਕ. ਸਭ ਤੇਰੀ ਵਡਿਆਈ; ਕੋਈ. ਨਾਉ ਨ ਜਾਣੈ ਮੇਰਾ॥) ਨਾਨਕ. ਦੁਨੀਆ ਕੀਆਂ ਵਡਿਆਈਆਂ; ਅਗੀ ਸੇਤੀ ਜਾਲਿ॥ ਏਨੀ ਜਲੀਈਂ. ਨਾਮੁ ਵਿਸਾਰਿਆ; ਇਕ. ਨ ਚਲੀਆ ਨਾਲਿ॥) ਦੁਨੀਆ ਕੀਆ ਵਡਿਆਈਆ; ਕਵਨੈ ਆਵਹਿ ਕਾਮਿ॥ ਮਾਇਆ ਕਾ ਰੰਗੁ ਸਭੁ ਫਿਕਾ; ਜਾਤੋ ਬਿਨਸਿ ਨਿਦਾਨਿ॥ ਜਾ ਕੈ ਹਿਰਦੈ ਹਰਿ ਵਸੈ; ਸੋ ਪੂਰਾ ਪਰਧਾਨੁ॥) ਲੋਕਨ ਕੀਆ ਵਡਿਆਈਆ; ਬੈਸੰਤਰਿ ਪਾਗਉ॥ ਜਿਉ ਮਿਲੈ ਪਿਆਰਾ ਆਪਨਾ; ਤੇ ਬੋਲ ਕਰਾਗਉ॥) ਨਾਮੁ ਜਪ ਕੇ,ਪੂਰਨ ਭਗਤ ਜੀ ਨੂੰ ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਨਿਰਗੁਨ ਬ੍ਰਹਮ ਜੀ ਸਾਖਿਆਤ ਹੋ ਰਹੇ ਹਨ। ਯਥਾ:- ਨਾਮੁ ਜਪਤ. ਕੋਟਿ ਸੂਰ ਉਜਾਰਾ; ਬਿਨਸੈ ਭਰਮੁ ਅੰਧੇਰਾ॥) ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥ ਵਾਲੀ ਮਹਾਂ ਵਿਸਮਾਦ ਅਵਸਥਾ ਹੈ। ਵਿਸਮਾਦ ਰੰਗ 'ਚ ਆਪਣੀ ਮਹਿਮਾ ਜਸ ਸੁਣ ਕੇ ਫੁਲਦੇ ਨਹੀਂ, ਮਾਣ ਵਡਿਆਈ ਨਹੀਂ ਕਰਦੇ। ਜਿਵੇਂ ਰਾਜੇ ਹਰੀਚੰਦ ਜੀ ਨੇ ਕਿਹਾ ਸੀ,"ਓਇ ਹਰੀ ਚੰਦਾ! ਤੇਰੀ ਨੱਗਰੀ, ਗਧੇ ਭੀ ਹੀਂਕਦੇ ਸੁਰਗ ਨੂੰ ਚੱਲੇ ਹਨ"। ਥੋੜੇ ਮਾਤ੍ਰ ਚੰਗਾ ਕੰਮ ਕਰਕੇ ਜੀਵ ਗਿੱਬਦਾ ਹੈ। ਯਥਾ:- ਜੇ ਕੋ. ਏਕ ਕਰੈ ਚੰਗਿਆਈ; ਮਨਿ ਚਿਤਿ. ਬਹੁਤੁ ਬਫਾਵੈ॥ ਏਤੇ ਗੁਣ. ਏਤੀਆ ਚੰਗਿਆਈਆ; ਦੇਇ. ਨ ਪਛੋਤਾਵੈ॥੩॥ ਵਾਹੁ ਵਾਹੁ ਜੀ ਪਿਆਰੇ, ਇਹ ਹੈ ਪ੍ਰਾਪਤੀ, ਇਸ 'ਚ ਸ਼ੁਭ ਸਿੱਖਿਆ ਹੈ, ਕਿ ਸ੍ਰੀਰ ਦਾ ਹੰਕਾਰ ਤਿਆਗ ਕੇ, ਅਮੋਲਕ ਨਾਮ ਰਤਨ ਪ੍ਰਾਪਤ ਕਰੋ।

ਰਾਮ ਰਤਨੁ. ਤਬ ਪਾਈਐ; ਜਉ. ਪਹਿਲੇ ਤਜਹਿ ਸਰੀਰੁ॥੩੧॥ ਰਤਨੁ ਵਾਂਗ ਬੇਕੀਮਤੇ ਪ੍ਰਕਾਸ਼ ਸਰੂਪ ਅਸੰਖ ਗੁਣਾਂ ਦੇ ਦਾਤੇ, ਵਿਆਪਕ ਵਾਹਿਗੁਰੂ ਰਾਮ ਜੀ! (ਤਬ)ਤਾਂ (ਪਾਈਐ)ਪਾਈਦੇ ਹਨ, (ਜਉ)ਜੇਕਰ (ਪਹਿਲੇ)ਪਹਿਲਾਂ ਆਪਣੇ ਸਰੀਰੁ ਦੀ ਹੰਗਤਾ ਮੇਰ (ਤਜਹਿ)ਤਿਆਗੇ, ਪੂਰਨ ਗੁਰੂ ਜੀ ਨੂੰ ਅਰਪ ਦੇਵੇ, ਇੰਦ੍ਰਿਆਂ ਦੇ ਵਿਸ਼ੇ, ਮੰਦੇ ਸੁਭਾਅ ਕੁਸੰਗਤ ਔਗੁਣ ਵੱਲੋਂ ਜਿਉਂਦਾ ਮਰ ਕੇ, ਗੁਰੂ ਚਰਨ ਕਮਲਾਂ 'ਚ ਰਹਿ ਕੇ, ਸ਼ੁਭ ਸੱਚੀ ਸੇਵਾ, ਮਾਣ ਤਿਆਗ ਕੇ ਕਰੇ। ਅਥਵਾ ਸਤਿਗੁਰ ਆਗੈ. ਸੀਸੁ ਭੇਟ ਦੇਉ; ਜੇ ਸਤਿਗੁਰ ਸਾਚੇ ਭਾਵੈ॥ ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਦੇ ਸਨਮੁਖ ਸਰੀਰੁ ਤਿਆਗੇ ਭਾਵ ਗੁਰੂ ਜੀ ਲਈ ਧਰਮ- ਯੁੱਧ 'ਚ, ਕੁਰਬਾਨ ਹੋ ਜਾਵੇ। ਜਿਵੇਂ ਪੰਜ ਪਿਆਰੇ ਤੇ ਅਨੇਕਾਂ ਹੀ ਸਿੱਖ ਸਿੱਖਣੀਆਂ ਕੁਰਬਾਨ ਹੋਏ। ਯਥਾ:- ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥ ਐਡੀ ਵੱਡੀ ਮਹਾਰਾਜ ਸਾਹਿਬ ਜੀ ਪ੍ਰੇਮ ਦੀ ਖੇਲ, ਖੇਲ ਰਹੇ ਹਨ। ਜੇਕਰ ਸਭ ਕੁੱਝ ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਸਮਰਪਣ ਕਰ ਦੇਵੇ, ਫੇਰ ਉਸ ਦੀ ਹੰਗਤਾ ਰੱਤੀ ਮਾਤ੍ਰ ਭੀ ਨ ਕਰੇ,"ਮੈਂ ਸ੍ਰੀਰ ਦਿੱਤਾ ਹੈ", ਪਰਮ ਪਿਆਰੇ ਗੁਰਸਬਦ ਜੀ ਦੀ ਚੋਟ ਸਹਾਰੇ। ਯਥਾ:- ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ ਲੇਇ ਉਸਾਸ॥ ਚੋਟ ਸਹਾਰੈ ਸਬਦ ਕੀ; ਤਾਸੁ ਗੁਰੂ. ਮੈ ਦਾਸ॥ ਸੋ ਕਬੀਰ ਸਾਹਿਬ ਜੀ ਦੇ ਰੋਮ ੨ 'ਚ, ਆਪ ਵਸ ਰਹੇ ਹਨ, ਅਜਪਾ ਜਾਪ ਬਖ਼ਸ਼ ਰਹੇ ਹਨ, ਅੰਦਰ ਬਾਹਰ ਆਪਣੇ ਨਿਰਗੁਨ ਸਰੂਪ ਦੀ ਸਾਖਿਆਤਤਾ ਦੇ ਰਹੇ ਹਨ। ਅੰਦਰ ਬਾਹਰ ਅਨੇਕਾਂ ਸਰਗੁਨ ਸਰੂਪ ਧਾਰ ਕੇ, ਦਰਸ਼ਨ ਬਖ਼ਸ਼ ਰਹੇ ਹਨ। ਯਥਾ:- ਅਨਿਕ ਰੂਪ. ਖਿਨ ਮਾਹਿ; ਕੁਦਰਤਿ ਧਾਰਦਾ॥) ਬਿਸਮ ਬਿਸਮੈ; ਬਿਸਮ ਭਈ॥ ਐਸੀ ਸ੍ਰਬ ਵਿਆਪੀ ਮਹਾਂ ਮਹਾਂ ਵਿਸਮਾਦਤਾਈ 'ਚ, ਗੁਰਬਾਣੀ ਜੀ ਉਚਾਰ ਰਹੇ ਹਨ।

ਕਬੀਰ. ਝੰਖੁ ਨ ਝੰਖੀਐ; ਤੁਮਰੋ. ਕਹਿਓ ਨ ਹੋਇ॥ ਕਰਮ ਕਰੀਮ. ਜੁ ਕਰਿ ਰਹੇ; ਮੇਟਿ. ਨ ਸਾਕੈ ਕੋਇ॥੩੨॥ {ਕੋਈ ਵਿਕਾਰੀ ਪਖੰਡੀ ਆਪਣੇ ਆਪ ਨੂੰ ਗੁਰੂ ਕਹਾਉਣ ਦਾ ਦਾਵ੍ਹਾ ਕਰਦਾ ਸੀ,"ਮੈਂ ਮੁੰਡੇ ਦਿੰਦਾ ਹਾਂ, ਰੋਗ ਚੁੱਕਦਾ ਹਾਂ",ਵਿਕਾਰੀ ਗੱਲਾਂ ਭੀ ਕਰੀ ਜਾਂਦਾ ਸੀ, ਪ੍ਰਮਾਤਮਾ ਜੀ 'ਚ ਭੀ ਦੋਸ਼ ਅਰੋਪ ਰਿਹਾ ਸੀ, ਭਗਤ ਸ੍ਰੀ ਕਬੀਰ ਸਾਹਿਬ ਜੀ, ਆਪਿ ਕਮਾਉ; ਅਵਰਾ ਉਪਦੇਸ॥ ਅਨੁਸਾਰ ਆਪਣੇ ਮਨ ਨੂੰ ਕਹਿ ਰਹੇ ਹਨ, ਜਿਸ ਕਰਕੇ ਉਸ ਨੂੰ ਭੀ ਸਿੱਖਿਆ ਮਿਲ ਜਾਵੇ} ਵਾਹਿਗੁਰੂ ਜੀ ਦੇ ਦਾਸਨ ਦਾਸ ਹੇ ਕਬੀਰ! ਵਿਸ਼ੇ ਵਿਕਾਰ ਦੀਆਂ ਗੱਲਾਂ ਕਰਨੀਆਂ, ਆਪ ਗੁਰੂ ਕਹਾਉਣਾ, ਇਉਂ ਮੰਦਾ (ਝੰਖੁ)ਵਿਅਰਥ ਨ (ਝੰਖੀਐ)ਬੋਲੀਏ, (ਤੁਮਰੋ)ਤੇਰਾ (ਕਹਿਓ)ਕਹਿਆ ਕੱਖ ਭੀ (ਨ)ਨਹੀਂ ਹੋਇ ਸਕਦਾ, ਤੂੰ ਤਾਂ ਵੱਡਾ ਹੰਕਾਰੀ ਵਿਕਾਰੀ ਹੰਗਤਾ ਕਰ ਰਿਹਾ ਹੈਂ, ਤੂੰ ਤਾਂ ਵੱਡਾ ਠੱਗ ਹੈਂ। ਯਥਾ:- ਕੂੜੁ ਬੋਲਿ; ਮੁਰਦਾਰੁ ਖਾਇ॥ ਅਵਰੀ ਨੋ; ਸਮਝਾਵਣਿ ਜਾਇ॥ ਮੁਠਾ ਆਪਿ; ਮੁਹਾਏ ਸਾਥੈ॥ ਨਾਨਕ; ਐਸਾ ਆਗੂ ਜਾਪੈ॥) ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥੧॥) (ਨਿਬੱਗ) ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ. ਨ ਆਖੀਅਹਿ; ਬਾਨਾਰਸਿ ਕੇ ਠਗ॥) ਦੇਇ ਕਿਵਾੜ. ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਨੁ ਪੜਦਾ ਤੇਰਾ ਢਾਕੈ॥੩॥) ਮਃ੧॥ ਪੜਿ ਪੁਸਤਕ. ਸੰਧਿਆ ਬਾਦੰ॥ ਸਿਲ ਪੂਜਸਿ. ਬਗੁਲ ਸਮਾਧੰ॥ ਮੁਖਿ ਝੂਠ. ਬਿਭੂਖਣ ਸਾਰੰ॥ ਤ੍ਰੈਪਾਲ. ਤਿਹਾਲ ਬਿਚਾਰੰ॥ ਗਲਿ ਮਾਲਾ. ਤਿਲਕੁ ਲਿਲਾਟੰ॥ ਦੁਇ ਧੋਤੀ. ਬਸਤ੍ਰ ਕਪਾਟੰ॥ ਜੇ ਜਾਣਸਿ. ਬ੍ਰਹਮੰ ਕਰਮੰ॥ ਸਭਿ. ਫੋਕਟ ਨਿਸਚਉ ਕਰਮੰ॥ ਕਹੁ ਨਾਨਕ. ਨਿਹਚਉ ਧਿਆਵੈ॥ ਵਿਣੁ ਸਤਿਗੁਰ. ਵਾਟ ਨ ਪਾਵੈ॥੨॥

ਕਰਮ ਕਰੀਮ. ਜੁ ਕਰਿ ਰਹੇ; ਮੇਟਿ. ਨ ਸਾਕੈ ਕੋਇ॥੩੨॥ ਕ੍ਰਿਪਾ ਕਰਨ ਵਾਲੇ (ਕਰੀਮ)ਕ੍ਰਿਪਾਲ ਵਾਹਿਗੁਰੂ ਜੀ ਅਨਤਕਲਾ ਸਹਿਤ, ਉਤਪਤੀ ਪਾਲਣਾ ਲੈਤਾ ਅਤੇ ਪੂਰਨ ਗੁਰੂ ਅਵਤਾਰ 'ਚ, ਅਕ੍ਰਿਤਘਣਾਂ ਪਸ਼ੂ ਪ੍ਰੇਤਾਂ ਨੂੰ ਤਾਰਨ ਦੇ ਜੁ (ਕਰਮ)ਕੌਤਕ ਕਰਤੱਬ ਕਰਿ ਰਹੇ ਹਨ, ਉਸ ਨੂੰ ਕੋਇ ਭੀ ਮੇਟਿ (ਨ)ਨਹੀਂ (ਸਾਕੈ)ਸਕਦਾ॥੩੨॥ ਯਥਾ:- ਅਕਿਰਤਘਣਾ ਕਾ; ਕਰੇ ਉਧਾਰੁ॥ ਪ੍ਰਭੁ ਮੇਰਾ ਹੈ; ਸਦਾ ਦਇਆਰੁ॥ ਸੰਤ ਜਨਾ ਕਾ; ਸਦਾ ਸਹਾਈ॥ ਚਰਨ ਕਮਲ; ਨਾਨਕ ਸਰਣਾਈ॥) ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ

Sri Satguru Jagjit Singh Ji eLibrary NamdhariElibrary@gmail.com

ਅਲੇਪਾ; ਨਿਰਗੁਨੁ ਰਹਤਾ॥) ਸਭੁ ਕਿਛੁ ਕੀਤਾ ਤੇਰਾ ਵਰਤੈ; ਕਿਆ ਹਮ ਬਾਲ ਗੁਪਾਲਾ॥) ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਮਹਾਰਾਜ ਸਾਹਿਬ ਜੀ ਦੀ ਸੱਚੀ ਜੋਤਿ ਨਾਲ ਦੇਖਦੇ ਸੁਣਦੇ ਬੋਲਦੇ ਹਾਂ, ਮਹਾਰਾਜ ਦੀ ਬਖ਼ਸ਼ੀ ਹਵਾ ਨਾਲ ਸਾਹ ਲੈਂਦੇ ਹਾਂ, ਅਸੀਂ ਹੰਗਤਾ 'ਚ ਆਪਣਾ ਆਪ ਥਾਪ ਰਹੇ ਹਾਂ, ਪਰ ਜੇ ਵੇਖੀਏ ਅਸੰਖ ਬ੍ਰਹਮੰਡ ਦੇ ਪਸਾਰੇ 'ਚ, ਵਾਹਿਗੁਰੂ ਜੀ ਕਿਧਰੇ ਉਤਪਤੀਆਂ ਕਰ ਰਹੇ ਹਨ, ਕਿਧਰੇ ਅਸੰਖ ਸੂਰਜਾਂ ਧਰਤੀਆਂ ਨੂੰ ਪ੍ਰਕਾਸ਼ ਰਹੇ ਹਨ, ਉਨ੍ਹਾਂ ਦੀ ਚੇਸ਼ਟਾ ਕਰਾ ਰਹੇ ਹਨ, ਬਿਨਾ ਥੰਮ੍ਹਾਂ ਦੇ ਸਾਰੇ ਅਕਾਰਾਂ ਨੂੰ ਆਪਣੀ ਚੇਤਨ ਸੱਤਾ ਅਨਤਕਲਾ ਨਾਲ, ਥੰਮ੍ਹ ਕੇ ਰੱਖ ਰਹੇ ਹਨ। ਕਿਧਰੇ ਹਨ੍ਹੇਰੀਆਂ ਵਗਾ ਰਹੇ ਹਨ, ਕਿਧਰੇ ਮੀਂਹ ਪਾ ਕੇ, ਜੰਗਲ਼ਾਂ ਦੀ ਅੱਗ ਬੁਝਾ ਰਹੇ ਹਨ, ਕਿਧਰੇ ਸਮੁੰਦ੍ਰਾਂ 'ਚ ਉੱਚੀਆਂ ਲਹਿਰਾਂ ਉਠਾ ਰਹੇ ਹਨ, ਕਿਧਰੇ ਤੂਫ਼ਾਨ ਲਿਆ ਰਹੇ ਹਨ, ਕਿਧਰੇ ਬਰਫ਼ ਪੁਆ ਰਹੇ ਹਨ। ਅਸੰਖ ਬ੍ਰਹਮੰਡ ਦੀ ਰਚਨਾ 'ਚ, ਅਪਣੇ ਪਿਆਰੇ ਲਾਡਲੇ ਭਗਤਾਂ ਜੀ ਨੂੰ, ਮਹਾਰਾਜ ਸਾਹਿਬ ਜੀ ਪ੍ਰਤੱਖ ਸਭ ਕੁੱਝ ਆਪ ਕਰਦਿਆਂ ਦਿਖਾ ਰਹੇ ਹਨ। ਹੰਗਤਾ ਤਿਆਗ ਕੇ ਫ਼ੁਰਮਾ ਰਹੇ ਹਨ:- ਜੋ ਕਿਛੁ ਕਰੇ ਸੁ ਆਪੇ ਆਪਿ॥ ਏਕ ਘੜੀ ਮਹਿ ਥਾਪਿ ਉਥਾਪਿ॥) ਜਰਾ ਮਰਾ ਤਾਪੁ. ਸਿਰਤਿ ਸਾਪੁ; ਸਭੁ ਹਰਿ ਕੈ ਵਸਿ ਹੈ; ਕੋਈ ਲਾਗਿ ਨ ਸਕੈ, ਬਿਨੁ ਹਰਿ ਕਾ ਲਾਇਆ॥) ਕਰਨ ਕਰਾਵਨ; ਕਰਨੈਹਾਰੁ॥ ਨਾਨਕ ਕਰਤੇ ਕਾ; ਨਾਹਿ ਸੁਮਾਰੁ॥) ਕਬੀਰ. ਜੋ ਮੈ ਚਿਤਵਉ. ਨਾ ਕਰੈ; ਕਿਆ ਮੇਰੇ ਚਿਤਵੇ ਹੋਇ॥ ਅਪਨਾ ਚਿਤਵਿਆ. ਹਰਿ ਕਰੈ; ਜੋ. ਮੇਰੇ ਚਿਤਿ ਨ ਹੋਇ॥) ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥) ਬੇਵਜੀਰ ਬਡੇ ਧੀਰ. ਧਰਮ ਅੰਗ, ਅਲਖ ਅਗਮ; ਖੇਲੁ ਕੀਆ. ਆਪਣੈ ਉਛਾਹਿ ਜੀਉ॥ ਅਕਥ ਕਥਾ ਕਥੀ ਨ ਜਾਇ, ਤੀਨਿ ਲੋਕ ਰਹਿਆ ਸਮਾਇ; ਸੁਤਹ ਸਿਧ ਰੂਪੁ ਧਰਿਓ. ਸਾਹਨ ਕੈ ਸਾਹਿ ਜੀਉ॥) ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥) ਖਿਨ ਮਹਿ ਥਾਪਿ ਉਥਾਪਨਹਾਰੇ; ਕੁਦਰਤਿ. ਕੀਮ ਨ ਪਈ॥) ਕੋਟਿ ਬਿਸਨ; ਕੀਨੇ ਅਵਤਾਰ॥ ਕੋਟਿ ਬ੍ਰਹਮੰਡ; ਜਾ ਕੇ ਧ੍ਰਮਸਾਲ॥ ਕੋਟਿ ਮਹੇਸ; ਉਪਾਇ ਸਮਾਏ॥ ਕੋਟਿ ਬ੍ਰਹਮੇ; ਜਗੁ ਸਾਜਣ ਲਾਏ॥੧॥ ਐਸੋ ਧਣੀ; ਗੋਵਿੰਦੁ ਹਮਾਰਾ॥ ਬਰਨਿ ਨ ਸਾਕਉ; ਗੁਣ ਬਿਸਥਾਰਾ॥) ਖਿਨ ਮਹਿ; ਥਾਪਿ ਉਥਾਪਨਹਾਰਾ॥ ਅੰਤੁ ਨਹੀ ਕਿਛੁ; ਪਾਰਾਵਾਰਾ॥

ਕਬੀਰ. ਕਸਉਟੀ ਰਾਮ ਕੀ; ਝੂਠਾ. ਟਿਕੈ ਨ ਕੋਇ॥ ਰਾਮ ਕਸਉਟੀ. ਸੋ ਸਹੈ; ਜੋ ਮਰਿਜੀਵਾ ਹੋਇ॥੩੩॥ {ਆਦਿ ਅੰਗ ੯੪੮} ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਰਾਮ ਸਰੂਪ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸਾਹ ਜੀ (ਕੀ)ਦੀ, ਜਿਉਂਦੇ ਮਰ ਕੇ, ਔਗੁਣ ਪਾਪ ਜ਼ੋਰ ਜ਼ੁਲਮ ਹੰਕਾਰ ਕੁਸੰਗ ਤਿਆਗਣ ਰੂਪ (ਕਸਉਟੀ)ਕਸਵੱਟੀ ਉੱਪਰ (ਕੋਇ)ਕੋਈ ਭੀ ਝੂਠਾ ਜ਼ਾਲਮ ਕੁਧਰਮੀ ਸਾਕਤ (ਨ)ਨਹੀਂ (ਟਿਕੈ)ਟਿਕ ਸਕਦਾ। ਯਥਾ:- ਰਤੇ ਸੇਈ. ਜਿ ਮੁਖੁ ਨ ਮੋੜੰਨ੍ਹਿ; ਜਿਨ੍ਹੀ ਸਿਞਾਤਾ ਸਾਈ॥ ਝੜਿ ਝੜਿ ਪਵਦੇ. ਕਚੇ ਬਿਰਹੀ; ਜਿਨ੍ਹਾ. ਕਾਰਿ ਨ ਆਈ॥ (ਰਾਮ)ਵਾਹਿਗੁਰੂ ਸਤਿਗੁਰੂ ਨਾਨਕ ਦੇਵ ਜੀ ਦੀ (ਕਸਉਟੀ)ਪਰਖ (ਸੋ)ਉਹ (ਸਹੈ)ਸਹਾਰਦਾ ਹੈ, (ਜੋ)ਜਿਹੜਾ (ਮਰਿਜੀਵਾ) ਮਰਜੀਵੜਾ (ਹੋਇ)ਹੋਵੇ ਭਾਵ ਜੀਵਤ ਭਾਵ ਤੋਂ ਮਰਿਆ ਹੋਵੇ, ਓਹੀ ਪਰਖ ਰੂਪੀ ਕਸਉਟੀ 'ਤੇ ਟਿਕ ਸਕਦਾ ਹੈ॥੩੩॥ ਜਿਵੇਂ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਅੰਗਦ ਦੇਵ ਮਹਾਰਾਜ ਸਾਹਿਬ ਜੀ, ਮੁਰਦਾ ਖਾਣ ਤੱਕ ਹੁਕਮ ਮੰਨ ਕੇ, ਕਸਉਟੀ 'ਚ ਪੂਰੇ ਉੱਤਰੇ। ਮਰਜੀਵੜੇ ਦਾ ਭਾਵ ਮਹਾਰਾਜ ਸਾਹਿਬ ਜੀ ਦੀ ਕ੍ਰਿਪਾ ਨਾਲ ਅੱਖਾਂ ਨਾਲ ਪਰਾਇਆ ਰੂਪ ਨ ਦੇਖੇ, ਕੰਨਾਂ ਨਾਲ ਨਿੰਦਿਆ ਚੁਗਲੀ ਨ ਸੁਣੇ, ਮੂੰਹ ਨਾਲ ਝੂਠ ਨ ਬੋਲੇ, ਸ੍ਰੀਰ ਕਰਕੇ ਚੋਰੀ ਯਾਰੀ ਕੁਸੰਗ ਨ ਕਰੇ, ਸੱਚੇ ਵਾਹਿਗੁਰੂ ਜੀ ਦੇ ਦਰਸ਼ਨ ਬਿਨਾ, ਕੋਈ ਭੀ ਇੱਛਾ ਨ

Sri Satguru Jagjit Singh Ji eLibrary NamdhariElibrary@gmail.com

ਕਰੇ। ਯਥਾ:- ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ. ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥੧੮॥ ਕਬਰ 'ਚ ਪਏ ਮੁਰਦੇ ਵਾਂਗ, ਗੁਰੂ ਜੀ ਦੀ ਆਗਿਆ ਰੂਪੀ ਕਬਰ 'ਚ ਪਵੇ। ਜਿਵੇਂ ਮੁਰਦਾ ਕੋਈ ਸੰਕਲਪ ਵਿਕਲਪ ਨਹੀਂ ਉਠਾਉਂਦਾ, ਤਿਵੇਂ ਕੋਈ ਮਾੜਾ ਸੰਕਲਪ ਨ ਕਰੇ। ਵਾਹਿਗਰੂ ਅਚਰਜ ਵਿਸਮਾਦ ਅਜਪਾ ਜਾਪ 'ਚ ਲੀਣ ਹੋ ਜਾਵੇ। ਯਥਾ:- ਸੁੰਨ ਸਮਾਧਿ; ਅਨਹਤ ਤਹ ਨਾਦ॥ ਕਹਨੁ ਨ ਜਾਈ; ਅਚਰਜ ਬਿਸਮਾਦ॥ ਸਤਿਗੁਰੂ ਮਹਾਰਾਜ ਸਾਹਿਬ ਜੀ ਆਪ ਸ੍ਰਬ ਵਿਆਪੀ ਹਨ, ਸਿੱਖ ਦੇ ਦਿਲ ਦਿਮਾਗ਼ ਰੋਮ ੨ 'ਚ ਵਸ ਕੇ ਆਪ ਹੀ ਪਰਖਣ ਵਾਲੇ ਹਨ, ਆਪ ਹੀ ਕਸਉਟੀ 'ਤੇ ਪੂਰੇ ਉੱਤਰਨ ਵਾਲੇ ਹਨ। ਜੀਵ ਵਿਚਾਰਾ ਕੀ ਕਰ ਸਕਦਾ ਹੈ, ਕਿਹਾ ਹੈ, ਕਬੀਰ. ਕਾਰਨੁ ਬਪੁਰਾ ਕਿਆ ਕਰੈ; ਜਉ. ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ ਪਗੁ ਧਰਉ; ਸੋਈ ਮੁਰਿ ਮੁਰਿ ਜਾਇ॥੯੭॥ ਜੀਵ ਤਾਂ ਵਿਚਾਰਾ, ਸਦਾ ਸਦਾ ਇਹੁ ਭੂਲਨਹਾਰੁ॥ ਸੋ ਇਸ ਲਈ ਕਹਿ ਰਹੇ ਹਨ, ਮਹਾਰਾਜ ਸਾਹਿਬ ਜੀ ਕ੍ਰਿਪਾ ਕਰਦੇ ਹਨ ਤਾਂ ਹੀ ਕਸੌਟੀ ਸਹਾਰ ਸਕਦਾ ਹੈ।

ਕਬੀਰ. ਊਜਲ ਪਹਿਰਹਿ ਕਾਪਰੇ; ਪਾਨ ਸੁਪਾਰੀ ਖਾਹਿ॥ ਏਕਸ. ਹਰਿ ਕੇ ਨਾਮ ਬਿਨੁ; ਬਾਧੇ. ਜਮਪੁਰਿ ਜਾਂਹਿ॥੩੪॥) ਰਾਮ ਕਬੀਰੈ; ਭੇਦੁ ਨ ਭਾਈ॥ ਆਪ ਵਾਹਿਗੁਰੂ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਹੜੇ ਫੈਸ਼ਨੇਵਲ ਬੰਦੇ (ਊਜਲ)ਚਿੱਟੇ ਚਮਕੀਲੇ (ਕਾਪਰੇ)ਕੱਪੜੇ (ਪਹਿਰਹਿ)ਪੈਨ੍ਦੇ ਹਨ। ਪਾਨ ਸੁਪਾਰੀ (ਖਾਹਿ)ਖਾਂਦੇ ਹਨ, ਭ੍ਰਿਸ਼ਟ ਭੈੜਾ ਤਮਾਕੂ ਚੱਬਦੇ ਹਨ। ਯਥਾ:- ਟੇਢੀ ਪਾਗ. ਟੇਢੇ ਚਲੇ; ਲਾਗੇ ਬੀਰੇ ਖਾਨ॥ ਭਾਉ ਭਗਤਿ ਸਿਉ. ਕਾਜੁ ਨ ਕਛੂਐ; ਮੇਰੋ ਕਾਮੁ ਦੀਵਾਨ॥) ਪਉੜੀ॥ ਗੜ੍ ਕਾਇਆ ਸੀਗਾਰ; ਬਹੁ ਭਾਂਤਿ ਬਣਾਈ॥ ਰੰਗ ਪਰੰਗ ਕਤੀਫਿਆ; ਪਹਿਰਹਿ ਧਰ ਮਾਈ॥ ਲਾਲ ਸੁਪੇਦ ਦੁਲੀਚਿਆ; ਬਹੁ ਸਭਾ ਬਣਾਈ॥ ਦੁਖੁ ਖਾਣਾ ਦੁਖੁ ਭੋਗਣਾ; ਗਰਬੈ ਗਰਬਾਈ॥ ਨਾਨਕ. ਨਾਮੁ ਨ ਚੇਤਿਓ; ਅੰਤਿ ਲਏ ਛਡਾਈ॥੨੪॥)

ਏਕਸ. ਹਰਿ ਕੇ ਨਾਮ ਬਿਨੁ; ਬਾਧੇ. ਜਮਪੁਰਿ ਜਾਂਹਿ॥੩੪॥ (ਏਕਸ)ਇੱਕ (ਹਰਿ)ਧੰਨ ਵਾਹਿਗੁਰੂ ਗੁਰੂ ਨਾਨਕ ਦੇਵ ਜੀ (ਕੇ)ਦੇ ਨਾਮ ਜਪੇ ਜਪਾਏ ਰਿਦੇ ਵਸਾਏ ਬਿਨੁ, ਕਾਮ ਕ੍ਰੋਧ ਲੋਭ ਮੋਹ ਹੰਕਾਰ ਹਉਮੈ ਦੋਸ਼ਾਂ ਦੇ (ਬਾਧੇ)ਸਾੜੇ, ਪਾਪਾਂ ਔਗੁਣਾਂ ਜਮਦੂਤਾਂ ਦੇ (ਬਾਧੇ)ਬੰਨ੍ਹੇ ਜਮਪੁਰਿ ਨੂੰ (ਜਾਂਹਿ)ਜਾਂਦੇ ਹਨ॥੩੪॥ ਯਥਾ:- ਰਾਤਿ ਜਿ ਸੋਵਹਿ; ਦਿਨ ਕਰਹਿ ਕਾਮ॥ ਇਕੁ ਖਿਨੁ; ਲੇਹਿ ਨ ਹਰਿ ਕੋ ਨਾਮ॥੨॥ ਹੱਥ ਅੱਡੇ ਹੋਇ ਹਨ[੧], ਪਾਨਾਂ ਦੇ ਬੀੜੇ[੨] ਖਾਂਦਾ ਹੈ- ਹਾਥਿ ਤਡੋਰ[੧]; ਮੁਖਿ ਖਾਇਓ ਤੰਬੋਰ[੨]॥ ਮਰਤੀ ਬਾਰ; ਕਸਿ ਬਾਧਿਓ ਚੋਰ॥੩॥) ਕਬੀਰ. ਭਾਂਗ ਮਾਛੁਲੀ ਸੁਰਾ ਪਾਨਿ; ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ; ਤੇ ਸਭੈ ਰਸਾਤਲ ਜਾਂਹਿ॥੨੩੩॥) [੧]ਹੁੱਕਾ ਹਜਾਮਤ ਹਲਾਲੋ ਹਰਾਮ॥ ਬਾਰੀਸ਼ੇ ਹਿਨਾ ਕਰਦ ਰੂ ਸਿਆਹ ਫਾਮ॥੪॥ (ਅਸਫੋਟਕ ਸ੍ਵਯੇ)

੧.ਤਮਾਕੂ:- ਜਿਸ ਨੇ ਭਰਿਸ਼ਟ ਤਮਾਕੂ ਵਰਤ ਲਿਆ, ਉਸ ਨੇ ਕੋੜ੍ਹੀ ਆਦਿ ਸਾਰੇ ਜਗਤ ਦੀ ਜੂਠ ਖਾ ਲਈ। ਇਸ ਦੇ ਵਰਤਣ ਨਾਲ, ਸਾਰੇ ਪੁੰਨ ਨਾਸ ਹੋ ਜਾਂਦੇ ਹਨ। ਯਥਾ:- ਪਾਨ ਸੁਪਾਰੀ ਖਾਤੀਆ; ਮੁਖਿ ਬੀੜੀਆ ਲਾਈਆ॥ ਹਰਿ ਹਰਿ. ਕਦੇ ਨ ਚੇਤਿਓ; ਜਮਿ ਪਕੜਿ ਚਲਾਈਆ॥ ਜਿਵੇਂ ਮਹਾਂਵਾਰੀ ਸਮੇਂ ਅੰਦਰੋਂ ਗੰਦ ਨਿਕਲਦਾ ਹੈ, ਤਿਵੇਂ ਤਮਾਕੂ ਪੀਣ ਵਾਲਿਆਂ ਦੇ ਮੂੰਹ 'ਚ ਗੰਦ ਵਸਦਾ ਹੈ। ਯਥਾ:- ਮਃ੧॥ ਜਿਉ ਜੋਰੂ ਸਿਰਨਾਵਣੀ; ਆਵੈ ਵਾਰੋ ਵਾਰ॥ ਜੂਠੇ ਜੂਠਾ ਮੁਖਿ ਵਸੈ; ਨਿਤ ਨਿਤ ਹੋਇ ਖੁਆਰੁ॥) ਸੁਣ ਗੁਰਸਿੱਖ ਕੀ ਰਹਿਤ

Sri Satguru Jagjit Singh Ji eLibrary NamdhariElibrary@gmail.com

ਕੋ; ਤਜੇ ਤਮਾਕੂ ਸੰਗ॥ ਮਰਣੀ ਮਰੈ ਤੌ ਅਤਿ ਭਲਾ; ਜਗਤ ਜੂਠ ਨਹਿ ਅੰਗ॥ ਜਿਸ ਚੀਜ਼ 'ਚ ਤਮਾਕੂ ਦੀ ਥੋੜੀ ਜਿਹੀ ਭੀ ਅੰਸ਼ ਪੈਂਦੀ ਹੈ, ਉਸ ਨੂੰ ਜੇ ਹੱਥ ਭੀ ਛੋਹ ਜਾਵੇ ਤਾਂ ਸਣੇ ਕੱਪੜੇ ਕੇਸੀਂ ਇਸ਼ਨਾਨ ਕੀਤਾ ਜਾਵੇ।

ਵਾਹਿਗੁਰੂ॥ ਪਰਮਪੂਜਨੀਕ ;ਸਰਬ ਕਲਾ ਸਮਰਥ॥ ਸਤਿਗੁਰੂ ਦਸਵੇਂ ਪਾਤਿਸਾਹ ਜੀ ਦਾ ਘੋੜਾ, ਤਮਾਕੂ ਵਾਲੇ ਖੇਤ 'ਚ ਪ੍ਰਵੇਸ਼ ਨਹੀਂ ਸੀ ਹੋਇਆ। ਤਮਾਕੂ ਕੇ ਬਰਤਬੇ; ਹੈ ਜਪ ਤਪ ਸਭ ਨਾਸ॥ ਜਿਉ ਚਿਨਗਾਰੀ ਅਗਨ ਕੀ; ਪਰਤ ਪੁਰਾਨੇ ਘਾਸ॥ ਤਨਕ ਤਮਾਕੂ ਸੇਵੀਏ; ਦੇਵ ਪਿਤ੍ਰ ਤਜਿ ਜਾਇ॥ ਪਾਨੀ ਤਾ ਕੇ ਹਾਥ ਕੋ; ਮਦਰਾ ਸਮ ਅਘ ਦਾਇ॥੨੨॥) ਮਦਰਾ ਦਹਿਤਾ ਸਪਤਿ ਕੁਲ; ਭੰਗ ਦਹੈ ਤਨ ਏਕ॥ ਸਭ ਕੁਲ ਦਹਿਤਾ ਜਗਤ ਜੂਠ; ਨਿੰਦਾ ਦਹੈ ਅਨੇਕ॥੨੩॥) ਧੂਮ੍ਰ ਪਾਨੰ ਰਤੰ ਵਿਪ੍ਰੰ; ਦਾਨੰ ਕਰਵੰਤਿ ਯੇ ਨਰਾਹ॥ ਦਾਤਾਰੋ ਨਰਕੰ ਯਾਤੀ; ਬ੍ਰਹਮਣੇ ਗ੍ਰਾਮ ਸੂਕਰਹ॥ (ਪਦਮ ਪੁਰਾਣ) (ਧੂਮ੍ਰ) ਤਮਾਕੂ ਚ ਰੱਤੇ ਪੰਡਿਤ ਨੂੰ ਦਾਨ ਕਰਨ ਵਾਲਾ ਜੋ ਪੁਰਸ਼ ਹੈ, ਉਹ ਦਾਤਾ ਨਰਕ ਨੂੰ ਜਾਂਦਾ ਹੈ ਤੇ ਉਹ ਪੰਡਿਤ ਮਰ ਕੇ ਪਿੰਡ ਦਾ ਸੂਰ ਬਣਦਾ ਹੈ। ਗੁਰਪ੍ਰਸਾਦਿ ਵਾਹਿਗੁਰੂ॥ ਯਮਾਖ੍ਯੰ ਪਿਵੇਤ ਸੋ ਆਪਿ ਸ੍ਵਾਸ੍ਮਾਂਨਿਰਯੋ ਪਤਤੇ, ਨਾਰਦਾਤ੍ਰ ਨ ਸੰਦੇਹਹ ਸਤਯੰ ਸਤਯੰ ਮਯੋਦਤਮ॥ (ਸਕੰਧ ਪੁਰਾਣ) ਹੇ ਨਾਰਦ ਜੀ! ਜੋ ਪੁਰਸ਼ ਤਮਾਕੂ ਪੀਵੇਗਾ, ਉਹ ਕੁੰਭੀ ਆਦਿ ਨਰਕਾਂ 'ਚ ਅਵੱਸ਼ ਹੀ ਸੜੇਗਾ। ਇਹ ਮੇਰਾ ਕਹਿਣਾ ਸੱਚ ਹੈ, ਇਸ 'ਚ ਜ਼ਰਾ ਭੀ ਸੰਦੇਹ ਨਹੀਂ। ਬ੍ਰਹਮਾ:- ਹੇ ਨਾਰਦ ਜੀ! ਚਾਰੇ ਵਰਨ ਤਮਾਕੂ ਪੀਣ ਨਾਲ ਚੰਡਾਲ ਦੇ ਬਰਾਬਰ ਹੋ ਜਾਂਦੇ ਹਨ।

ਗੁਰਪ੍ਰਸਾਦਿ ਵਾਹਿਗੁਰੂ॥ ਪੂਰਨ ਸਾਧੂ ਦੀ ਸਾਖੀ:- ਅਜਮੇਰਸ਼ਾਹ ਰਾਜੇ ਨੇ ਆਪਣੀ ਕੁੜੀ ਦੀ ਸ਼ਾਦੀ ਇੱਕ ਪੂਰਨ ਸਾਧੂ ਨਾਲ ਜ਼ਬਰਦਸਤੀ ਕਰ ਦਿਤੀ, ਪਰ ਉਹ ਸਾਧੂ ਆਪਣੇ ਧਰਮ ਨੂੰ ਨਾਸ ਨਹੀਂ ਸੀ ਕਰਨਾ ਚਾਹੁੰਦਾ। ਜਦੋਂ ਉਹ ਸਾਧੂ ਕੋਲੇ ਜਾਂਦੀ, ਤਾਂ ਉਹ ਮੰਤ੍ਰ ਪੜ੍ਹ ਕੇ, ਆਪਣੇ ਦੁਆਲੇ ਲੋਹੇ ਦਾ ਕਿਲਾ ਬਣਾ ਲੈਂਦਾ, ਪਰ ਜਦੋਂ ਉਸ ਨੂੰ ਧੋਖੇ ਨਾਲ ਤਮਾਕੂ ਪਿਆਇਆ ਗਿਆ ਤਾਂ ਉਸ ਦੇ ਸਾਰੇ ਮੰਤ੍ਰ ਨਾਸ ਹੋ ਗਏ, ਲੋਹੇ ਦਾ ਕਿਲਾ ਨ ਬਣਿਆਂ, ਜਿਸ ਕਰਕੇ ਉਸ ਦਾ ਜਤ ਟੁੱਟ ਗਿਆ।

ਗੁਰਪ੍ਰਸਾਦਿ ਵਾਹਿਗੁਰੂ॥ ਡਾਕਟ੍ਰ ਰਿਚਰਡਸਨ (ਇੰਗਲੈਂਡ):- ਲਹੂ 'ਚ ਤਮਾਕੂ ਮਲੀਨਤਾ ਪੈਦਾ ਕਰਦਾ ਹੈ। ਮਿਹਦੇ ਨੂੰ ਨਿਰਬਲ ਕਰਕੇ ਪਾਚਨ ਸ਼ਕਤੀ ਵਿਗਾੜਦਾ ਹੈ। ਦਿਲ ਨੂੰ ਆਲਸੀ ਕਰਕੇ ਵਿਗਾੜ ਪੈਦਾ ਕਰਦਾ ਹੈ। ਪੰਜੇ ਗਿਆਨ ਇੰਦ੍ਰੀਆਂ ਨੂੰ ਸੁਸਤ ਤੇ ਨਿਕੰਮਾ ਕਰਦਾ ਹੈ। ਦਿਮਾਗ 'ਚ ਬਹੁਤ ਸਾਰੇ ਦੁਖਦਾਈ ਮਾਦਿਆਂ ਨੂੰ ਇਕੱਠਾ ਕਰਦਾ ਹੈ। ਨਾੜੀਆਂ ਅਤੇ ਪੱਠਿਆਂ 'ਤੇ ਇਸ ਦਾ ਬਹੁਤ ਬੁਰਾ ਅਸਰ ਪੈਂਦਾ ਹੈ। ਗਲ਼ੇ ਨੱਕ 'ਚ ਗਰਮੀ, ਖੁਸ਼ਕੀ ਇਕੱਠੀ ਕਰਦਾ ਹੈ। ਫ਼ੇਫੜਿਆਂ 'ਚ ਅਜਿਹੇ ਘਾਉ ਪੈਦਾ ਕਰਦਾ ਹੈ, ਜਿਸ ਨਾਲ ਹਮੇਸ਼ਾ ਬਲਗਮ ਹੋ ਜਾਂਦੀ ਹੈ। ਡਾ: ਰਸਬਰਨ:- ਤਮਾਕੂ ਦੀ ਜ਼ਹਿਰ ਦੰਦਾਂ ਨੂੰ ਹਾਨੀਕਾਰਕ ਹੈ। ਡਾ: ਕੈਲਨ:- ਮੈਂ ਜਿਨੇ ਬਦਹਜ਼ਮੀ ਦੇ ਰੋਗੀ ਦੇਖੇ ਹਨ, ਉਹ ਸਭ ਤਮਾਕੂ- ਨੋਸ਼ ਸਨ। ਡਾ: ਸੈਲਵਾਨ:- ਦੁਨੀਆਂ 'ਤੇ ੯੫% ਕੈਂਸਰ ਦੇ ਰੋਗੀ ਤਮਾਕੂ ਵਾਲੇ ਹੁੰਦੇ ਹਨ।

ਗੁਰਪ੍ਰਸਾਦਿ ਵਾਹਿਗੁਰੂ॥ ਸਭ ਧਰਮਾਂ ਦੇ ਧਾਰਮਿਕ ਅਸਥਾਨਾਂ 'ਚ ਤਮਾਕੂ ਲਿਜਾਣ ਦੀ ਸਖ਼ਤ ਮਨਾਹੀ ਹੈ। ਰੋਜ਼ਿਆਂ ਦੇ ਦਿਨਾਂ 'ਚ ਮੁਸਲਮਾਨ ਤਮਾਕੂ ਨਹੀਂ ਪੀਂਦੇ। ਸ਼ਾਸਤ੍ਰਾਂ ਕਤੇਬਾਂ ਤੇ ਗੁਰਮਤਿ 'ਚ ਸਭ ਥਾਂ ਤਮਾਕੂ ਨੂੰ ਨਿੰਦਿਆ ਹੈ। ਇਸ ਨੂੰ ਕਿਸੇ ਭੀ ਪੀਰ ਪੈਗੰਬਰ ਅਵਤਾਰ ਨੇ ਨਹੀਂ ਵਰਤਿਆ। ਤਮਾਕੂ ਪੀਣ ਵਾਲੇ ਦੇ ਹੱਥੋਂ ਪਾਣੀ ਆਦਿਕ ਲੈ ਕੇ ਨਹੀਂ ਪੀਣਾ। ਰੋਟੀ ਬੇਟੀ ਦੀ ਸਾਂਝ ਨਹੀਂ ਕਰਨੀ।

Sri Satguru Jagjit Singh Ji eLibrary NamdhariElibrary@gmail.com

ਤਮਾਕੂ ਪੈਦਾਇਸ਼ ਬਾਰੇ:- ਹੰਕਾਰੀ ਸਹੰਸ੍ਰਬਾਹੂ ਨੇ ਆਪਣੇ ਸਾਢੂ ਜਮਦਗਨੀ ਜੀ ਤੋਂ ਕਾਮਧੇਨ ਗਊ ਖੋਹਣੀ ਚਾਹੀ, ਤਾਂ ਉਸ ਨੇ ਮੰਤ੍ਰਾਂ ਦੇ ਬਲ ਨਾਲ ਸਵਰਗ ਨੂੰ ਉਡਾਈ, ਹੰਕਾਰੀ ਸਹੰਸ੍ਰਬਾਹੂ ਨੇ ਤੀਰ ਮਾਰੇ, ਗਊ ਦੇ ਪੈਰਾਂ ਚ ਵੱਜਣ ਤੋਂ ਖ਼ੂਨ ਧਰਤੀ 'ਤੇ ਡਿਗਿਆ, ਉਸ ਖ਼ੂਨ ਤੋਂ ਤਮਾਕੂ ਪੈਦਾ ਹੋਇਆ, ਸੋ ਤਮਾਕੂ ਗਊ ਦਾ ਖ਼ੂਨ ਹੈ। ਪੁਰਾਣਿਕ ਮੱਤ ਅਨੁਸਾਰ:- ਪੱਛਮ 'ਚ ਕਿਸੇ ਨੇ ਗੋਮੇਧ ਯੱਗ ਕੀਤਾ, ਗੋਮੇਧ ਕੁੰਡ ਚੋਂ ਤਮਾਕੂ ਉੱਗਿਆ,ਭਾਵ ਗਊ ਹੱਤਿਆ ਕਰਨੇ ਕਰਕੇ ਇਹ ਪੈਦਾ ਹੋਇਆ। ਵਾਹਿਗੁਰੂ॥ ਇੱਕ ਵਾਰ ਸ਼ਿਵ ਜੀ ਤੇ ਪਾਰਬਤੀ ਜਾ ਰਹੇ ਸਨ, ਰਾਹ 'ਚ ਕਲਜੁੱਗ ਵੱਛੀ ਦਾ ਰੂਪ ਧਾਰ ਕੇ ਚਿੱਕੜ 'ਚ ਖੁੱਭ ਕੇ ਖੜ੍ ਗਿਆ, ਉਸ ਨੂੰ ਬਾਹਰ ਕੱਢਣ ਲਈ ਸ਼ਿਵ ਜੀ ਨੇ ਉਸ ਦੇ ਕੰਨ ਖਿੱਚੇ, ਪਾਰਬਤੀ ਨੇ ਪੂਛ ਖਿੱਚੀ, ਤਾਂ ਉਸ ਦੇ ਕੰਨ ਤੇ ਪੂਛ ਪੁੱਟੇ ਗਏ, ਪਾਰਬਤੀ ਜੀ ਨੇ ਬਹੁਤ ਪਸਚਾਤਾਪ ਕੀਤਾ। ਸ਼ਿਵ ਜੀ ਨੇ ਪੂਛ ਗਾਰੇ 'ਚ ਦੱਬ ਕੇ ਉੱਪਰ ਕੰਨ ਲਾ ਦਿਤੇ ਤੇ ਕਿਹਾ,"ਇਸ ਤੋਂ ਭਰਿਸ਼ਟ ਤਮਾਕੂ ਪੈਦਾ ਹੋਵੇਗਾ। " ਵਾਹਿਗੁਰੂ॥ ਸਪੇਨ ਦੇ ਕੋਲੰਬਸ ਨੇ ਜਦੋਂ ਅਮ੍ਰੀਕਾ ਲੱਭਿਆ, ਤਾਂ ਉਸ ਦੇ ਸਾਥੀ ਅਮ੍ਰੀਕਾ 'ਚੋਂ ਇਹ ਬੂਟੀ ਲਿਆਏ। ਸਪੇਨ ਤੋਂ ਯੂਰਪ ਦੇਸ਼ਾਂ 'ਚ ਫ਼ੈਲਿਆ। ਪੁਰਤਗਾਲ ਦੇ ਵਪਾਰੀ ੧੬੦੫ ਈ: ਨੂੰ, ਭਾਰਤ 'ਚ ਤਮਾਕੂ ਲਿਆਏ। ਰੂਸ, ਈਰਾਨ, ਸਪੇਨ, ਸਵਿਟਜਰਲੈਂਡ ਆਦਿ ਦੇਸ਼ ਭੀ ਇਸ ਦੀ ਰੋਕ ਕਰਕੇ ਸਫ਼ਲ ਨ ਹੋ ਸਕੇ। ਧਾਰਮਿਕ, ਸੱਭਿਆਚਾਰਕ, ਪੁਰਾਣਿਕ ਤੇ ਵਿਗਿਆਨਿਕ ਦਲੀਲਾਂ ਦੁਆਰਾ ਤਮਾਕੂ ਜੱਗ ਨੂੰ ਰੋਗੀ ਦੁੱਖਦਾਇਕ ਮਹਾਂ ਭਰਿਸ਼ਟ ਕਰ ਰਿਹਾ, ਬੜਾ ਹੀ ਹਾਨੀਕਾਰਕ ਹੈ। ਤਮਾਕੂ ਪੀਣ ਵਾਲਾ ਸਾਰੀ ਜ਼ਿੰਦਗੀ ਅਕਾਲ ਪੁਰਖ ਜੀ ਦੀ ਰਚਨਾ ਨੂੰ ਭੈੜੀ ਬਦਬੋ ਨਾਲ ਖ਼ਰਾਬ ਕਰਦਾ ਹੈ। ਇਸ ਦੀ ਬਦਬੋ ਤੋਂ ਸਾਊ ਬੰਦਿਆਂ ਦੇ ਨੱਕ 'ਚ ਜਾਨ ਆ ਜਾਂਦੀ ਹੈ। ਕੈਂਸਰ ਆਦਿ ਬੇਅੰਤ ਹੀ ਭੈੜੀਆਂ ਮਹਾਂ ਮਹਾਂ ਕਸ਼ਟ ਦੇਣ ਵਾਲੀਆਂ ਬਿਮਾਰੀਆਂ ਫ਼ੈਲਦੀਆਂ ਹਨ।

ਕਬੀਰ. ਬੇੜਾ ਜਰਜਰਾ; ਫੂਟੇ ਛੇਂਕ ਹਜਾਰ॥ ਹਰੂਏ ਹਰੂਏ. ਤਿਰਿ ਗਏ; ਡੂਬੇ ਜਿਨ ਸਿਰ ਭਾਰ॥੩੫॥ ਕਬੀਰ ਸਾਹਿਬ ਜੀ ਬੰਦਗੀ 'ਚ ਲੀਨ ਹਨ, ਬਾਹਰ ਟਹਿਲਣ ਲਈ ਗਏ, ਇੱਕ ਪੁਰਾਣਾ ਬੇੜਾ ਡੁੱਬਦਾ ਦੇਖਿਆ, ਕੁੱਝ ਆਦਮੀ ਤਰ ਕੇ ਬਚ ਗਏ, ਭਾਰੇ ਡੁੱਬ ਗਏ। ਵਾਹਿਗੁਰੂ ਆਪ ਕਬੀਰ ਸਾਹਿਬ ਜੀ, ਪਾਪਾਂ ਰਹਿਤ ਹੋਣ ਦਾ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:- ਇਹ ਸ੍ਰੀਰ ਰੂਪੀ ਬੇੜਾ (ਜਰਜਰਾ)ਟੁੱਟਾ ਫੁੱਟਾ ਹੈ, ਇਸ 'ਚ, ਵਿਕਾਰਾਂ ਔਗੁਣਾਂ ਰੂਪੀ (ਹਜਾਰ)ਹਜ਼ਾਰਾਂ ਛੇਂਕ ਫੂਟੇ ਹਨ। ਇਨ੍ਹਾਂ ਛੇਕਾਂ ਦੁਆਰਾ, ਪਾਪਾਂ ਰੂਪੀ ਜਲ ਸ੍ਰੀਰ 'ਚ ਪੈ ਰਿਹਾ ਹੈ। ਵਿਕਾਰਾਂ ਔਗੁਣਾਂ ਰੂਪੀ ਛੇਕਾਂ ਰਹਿਤ, (ਹਰੂਏ)ਹੌਲ਼ੇ (ਹਰੂਏ)ਹੌਲ਼ੇ ਗੁਰਸੇਵਕ, ਅਗਨ ਸਾਗਰ ਸੰਸਾਰ ਸਮੁੰਦ੍ਰ ਤੋਂ (ਤਿਰਿ)ਤਰ ਗਏ। (ਜਿਨ)ਜਿਨ੍ਹਾਂ ਦੇ ਸਿਰ 'ਤੇ ਪਾਪਾਂ ਦਾ ਭਾਰ ਸੀ, ਉਹ ਅਗਨਸਾਗਰ ਸੰਸਾਰ ਸਮੁੰਦ੍ਰ 'ਚ (ਡੂਬੇ)ਡੁੱਬ ਗਏ॥੩੫॥ ਯਥਾ:- ਬਿਕਾਰ ਪਾਥਰ. ਗਲਹਿ ਬਾਧੇ; ਨਿੰਦ ਪੋਟ ਸਿਰਾਇ॥ ਮਹਾ ਸਾਗਰੁ ਸਮੁਦੁ ਲੰਘਨਾ; ਪਾਰਿ. ਨ ਪਰਨਾ ਜਾਇ॥

ਕਬੀਰ. ਹਾਡ ਜਰੇ ਜਿਉ ਲਾਕਰੀ; ਕੇਸ ਜਰੇ. ਜਿਉ ਘਾਸੁ॥ ਇਹੁ ਜਗੁ ਜਰਤਾ ਦੇਖਿ ਕੈ; ਭਇਓ ਕਬੀਰੁ ਉਦਾਸੁ॥੩੬॥ {ਸਾਖੀ:- ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਵਾਹਿਗੁਰੂ ਮਹਾਂਪੁਰਸ਼ ਪੂਰਨ ਬ੍ਰਹਮ ਗਿਆਨੀ ਗੁਰਸਿੱਖੀ ਦੀ ਅਉਧੀ। ਬਾਬਾ ਬੁੱਢਾ ਸਾਹਿਬ ਜੀ ਸੱਚਖੰਡ ਨੂੰ ਜਾਣ ਤੋਂ ਪਹਿਲਾਂ ੧੬੮੮ ਬਿ: ਸੰਮਤ ਨੂੰ ਰਵਿਦਾਸ ਨੱਗਰ ਵਿਖੇ, ਧੰਨ ਗੁਰੂ ਹਰਿਗੋਵਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ ਨੂੰ ਅਰਾਧਿਆ, ਸੰਦੇਸ਼ ਭੇਜਿਆ,"ਹੇ ਮਹਾਰਾਜ ਸਾਹਿਬ ਜੀ! ਹੁਣ ਕ੍ਰਿਪਾ ਕਰਕੇ ਦਰਸ਼ਨ ਬਖ਼ਸ਼ੋ"। ਸਤਿਗੁਰੂ ਮਹਾਰਾਜ ਸਾਹਿਬ ਜੀ ਦਰਸ਼ਨ ਕਰਨ ਗਏ, ਬਾਬੇ ਜੀ ਦਾ ਸ੍ਰੀਰ ਭਾਵੇਂ ਬਹੁਤ ਹੀ ਕਮਜ਼ੋਰ ਸੀ, ਭਾਵੇਂ ਤੁਰਿਆ ਨਹੀਂ ਸੀ ਜਾਂਦਾ, ਪਰ ਫ਼ੇਰ ਭੀ ਹੌਲ਼ੀ ੨ ਬਾਹਰ ਆ ਕੇ, ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਨਮਸਕਾਰ ਕੀਤੀ, ਮਹਾਰਾਜ ਸਾਹਿਬ ਜੀ ਨੇ ਬੜਾ

Sri Satguru Jagjit Singh Ji eLibrary NamdhariElibrary@gmail.com

ਪਿਆਰ ਦਿੱਤਾ,"ਬਾਬਾ ਜੀ ਤੁਸੀਂ ਐਨੀ ਖੇਚਲ ਕਿਉਂ ਕੀਤੀ ਹੈ"? ਉਮਾਹ 'ਚ ਰਹਿ ਨ ਸਕੇ। ਸੋ ਮਹਾਰਾਜ ਸਾਹਿਬ ਜੀ ਦੇ ਦਰਸ਼ਨ, ਬਚਨ ਬਿਲਾਸ ਕਰਦਿਆਂ, ਬਾਬਾ ਜੀ ਸਚਖੰਡ ਨੂੰ ਗਏ। ਮਹਾਰਾਜ ਸਾਹਿਬ ਜੀ, ਬਾਬਾ ਜੀ ਦਾ ਸਸਕਾਰ ਕਰਨ ਗਏ, ਸੰਗਤਾਂ ਨਾਲ ਸਨ, ਗੁਰਸ਼ਬਦ ਪੜ੍ਹਦੇ ਗਏ। ਮਹਾਰਾਜ ਸਾਹਿਬ ਜੀ ਸਸਕਾਰ ਕ੍ਰਿਆ ਕਰਵਾ ਰਹੇ ਹਨ। ਬਾਬਾ ਬੁੱਢਾ ਜੀ ਦੇ ਸਪੁੱਤ੍ਰ ਭਾਈ ਭਾਨਾ ਜੀ ਨੇ ਕੌਤਕ ਦੇਖਿਆ, ਕਿ ਸਤਿਗੁਰੂ ਹਰਿਗੋਵਿੰਦ ਸਾਹਿਬ ਜੀ ਅਤੇ ਸਾਰੀ ਸਤਿਸੰਗਤ ਜੀ ਦੇ ਸੀਸ 'ਤੇ ਵੈਰਾਗੀ ਕਲਗ਼ੀਆਂ ਹਨ। ਜਦੋਂ ਸਸਕਾਰ ਕਰਕੇ ਵਾਪਿਸ ਆਏ, ਸਭ ਦੀਆਂ ਕਲਗੀਆਂ ਅਲੋਪ ਹੋ ਗਈਆਂ, ਕੇਵਲ ਸਤਿਗੁਰੂ ਸਾਹਿਬ ਜੀ ਦੇ ਸੀਸ 'ਤੇ ਵੈਰਾਗੀ ਕਲਗ਼ੀ ਹੈ। ਇਹ ਵਿਸਮਾਦ ਕੌਤਕ ਦੇਖ ਕੇ ਭਾਈ ਭਾਨੇ ਜੀ ਕਿਹਾ,"ਹੇ ਮਹਾਰਾਜ! ਇਹ ਬੜੀ ਅਸਚਰਜ ਗੱਲ ਹੈ, ਸਸਕਾਰ ਸਮੇਂ ਸਾਰੀ ਸਤਿਸੰਗਤ ਜੀ ਦੇ ਕਲਗ਼ੀਆਂ ਸਨ, ਪਰ ਹੁਣ ਸਿਰਫ਼ ਆਪ ਜੀ ਦੇ ਹੀ ਹੈ। ਕਿਹਾ,"ਭਾਈ ਸਤਿਗੁਰੂ ਸਾਹਿਬ ਜੀ ਦੇ ਸਰੂਪ 'ਚ ਹਮੇਸ਼ਾਂ ਹੀ ਬੈਰਾਗ ਹੈ, ਇਨ੍ਹਾਂ ਦੇ ਸ਼ਮਸ਼ਾਨ ਭੂਮੀ 'ਚ ਵੈਰਾਗ਼ ਰੂਪ ਕਲਗ਼ੀਆਂ ਸਨ, ਉਸ ਸਮੇਂ ਮਰਨਾ ਚੇਤੇ ਸੀ, ਹੁਣ ਭੁੱਲ ਗਿਆ ਹੈ"। ਯਥਾ:- ਇਕਿ ਬਿਨਸੈ. ਇਕ ਅਸਥਿਰੁ ਮਾਨੈ; ਅਚਰਜੁ. ਲਖਿਓ ਨ ਜਾਈ॥੧॥

ਦੂਜੀ ਸਾਖੀ:- ਜਦੋਂ ਕੋਈ ਪ੍ਰਾਣੀ ਚੜ੍ਹਾਈ ਕਰਦਾ, ਸਸਕਾਰ ਲਈ, ਸ਼੍ਰੋਮਣੀ ਭਗਤ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਨਾਲ ਜਾਂਦੇ, ਆਪ ਅਰਦਾਸ ਕਰਕੇ, ਉਸ ਦਾ ਭਲਾ ਕਰਦੇ। ਇੱਕ ਪ੍ਰੇਮੀ ਆਇਆ, ਉਸ ਨੇ ਮਾਤਾ ਲੋਈ ਜੀ ਨੂੰ ਨਮਸਕਾਰ ਕੀਤੀ,"ਪਰਮ ਪੂਜਨੀਕ ਮਾਤਾ ਜੀ! ਦਾਸਨ ਦਾਸ ਨੇ, ਪੂਰਨ ਬ੍ਰਹਮ ਸਰੂਪ ਭਗਤ ਸਾਹਿਬ ਜੀ ਦੇ ਮਹਾਂ ਵਿਸਮਾਦ ਸੁੰਦਰ ਦਰਸ਼ਨ ਕਰਨੇ ਹਨ", ਮਾਤਾ ਜੀ ਕਿਹਾ,"ਉਹ ਕਿਸੇ ਦਾ ਸਸਕਾਰ ਕਰਾਉਣ ਗਏ ਹਨ, ਜਾ ਕੇ ਦਰਸ਼ਨ ਕਰ ਲਉ", ਉਸ ਪੁੱਛਿਆ,"ਦਾਸਨ ਦਾਸ ਨੂੰ ਪਤਾ ਕਿਵੇਂ ਲੱਗੇਗਾ?" ਮਾਤਾ ਜੀ ਕਿਹਾ,"ਜਦੋਂ ਸਸਕਾਰ ਕਰਨ ਜਾਣਗੇ, ਉਦੋਂ ਸਾਰਿਆਂ ਦੇ ਵੈਰਾਗ ਦੀਆਂ ਕਲਗ਼ੀਆਂ ਹੋਣਗੀਆਂ, ਜਦੋਂ ਵਾਪਿਸ ਆਉਣਗੇ, ਉਦੋਂ ਕੇਵਲ ਭਗਤ ਸਾਹਿਬ ਜੀ ਦੇ ਹੀ ਵੈਰਾਗ ਦੀ ਕਲਗ਼ੀ ਹੋਵੇਗੀ। ਸੋ ਆਪ ਜੀ ਕਾਂਸ਼ੀ 'ਚ, ਪ੍ਰਾਣੀ ਦਾ ਸਸਕਾਰ ਕਰਾਉਣ ਗਏ, ਜਦੋਂ ਚੰਡਾ ਲਾਇਆ, ਤਦੋਂ ਇਹ ਪੂਰਨ ਵੈਰਾਗਮਈ ਬਾਣੀ ਉਚਾਰੀ:-

ਕਬੀਰ. ਹਾਡ ਜਰੇ ਜਿਉ ਲਾਕਰੀ; ਕੇਸ ਜਰੇ. ਜਿਉ ਘਾਸੁ॥ ਇਹੁ ਜਗੁ ਜਰਤਾ ਦੇਖਿ ਕੈ; ਭਇਓ ਕਬੀਰੁ ਉਦਾਸੁ॥੩੬॥ ਸ੍ਰੀਰ ਚਿਖਾ 'ਤੇ ਸੜਦਾ ਦੇਖ ਕੇ, ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਸ ਦੇ ਹਾਡ ਇਉਂ (ਜਰੇ)ਜਲ ਗਏ, (ਜਿਉ)ਜਿਵੇਂ (ਲਾਕਰੀ)ਲੱਕੜੀ ਸੜ ਜਾਂਦੀ ਹੈ, ਕੇਸ ਇਉਂ (ਜਰੇ)ਜਲ ਗਏ ਹਨ, (ਜਿਉ)ਜਿਵੇਂ (ਘਾਸੁ)ਘਾਹ ਜਲ ਜਾਂਦਾ ਹੈ। (ਇਹੁ)ਇਸ ਸਾਰੇ ਜਗੁ ਨੂੰ (ਜਰਤਾ)ਸੜਦਾ ਦੇਖਿ (ਕੈ)ਕੇ, ਦਾਸਨ ਦਾਸ ਕਬੀਰੁ, ਔਗੁਣਾਂ ਦੋਸ਼ਾਂ ਵਿਕਾਰਾਂ ਨਿੰਦਿਆ ਚੁਗਲੀ ਪਾਪਾਂ ਤੋਂ ਉਦਾਸੁ (ਭਇਓ)ਹੋ ਗਿਆ ਹੈ॥੩੬॥ ਯਥਾ:- ਹਾਡ ਜਲੇ; ਜੈਸੇ ਲਕਰੀ ਕਾ ਤੂਲਾ॥ ਕੇਸ ਜਲੇ; ਜੈਸੇ ਘਾਸ ਕਾ ਪੂਲਾ॥) ਗਉੜੀ ਕਬੀਰ ਜੀ॥ ਉਪਜੈ ਨਿਪਜੈ; ਨਿਪਜਿ ਸਮਾਈ॥ ਨੈਨਹ ਦੇਖਤ; ਇਹੁ ਜਗੁ ਜਾਈ॥੧॥ ਲਾਜ ਨ ਮਰਹੁ; ਕਹਹੁ ਘਰੁ ਮੇਰਾ॥ ਅੰਤ ਕੀ ਬਾਰ; ਨਹੀ ਕਛੁ ਤੇਰਾ॥੧॥ ਰਹਾਉ॥ ਅਨਿਕ ਜਤਨ ਕਰਿ; ਕਾਇਆ ਪਾਲੀ॥ ਮਰਤੀ ਬਾਰ; ਅਗਨਿ ਸੰਗਿ ਜਾਲੀ॥੨॥ ਚੋਆ ਚੰਦਨੁ; ਮਰਦਨ ਅੰਗਾ॥ ਸੋ ਤਨੁ ਜਲੈ; ਕਾਠ ਕੈ ਸੰਗਾ॥੩॥ ਕਹੁ ਕਬੀਰ; ਸੁਨਹੁ ਰੇ ਗੁਨੀਆ॥ ਬਿਨਸੈਗੋ ਰੂਪੁ; ਦੇਖੈ ਸਭ ਦੁਨੀਆ॥੪॥੧੧॥) ਹਮਰਾ ਮਨੁ. ਬੈਰਾਗ ਬਿਰਕਤੁ ਭਇਓ; ਹਰਿ ਦਰਸਨ ਮੀਤ ਕੈ ਤਾਈ॥ ਨਾਸਵੰਤ ਸ੍ਰੀਰ ਸੜ ਜਾਣਾ ਹੈ। ਇਹ ਪੂਰਨ ਵੈਰਾਗਮਈ ਉਪਦੇਸ਼ ਹੈ, ਇਸ ਲਈ ਸੁਆਸ ੨. ਵਾਹਿਗੁਰੂ ੨ ਜਪੋ ਜੀ ਪਿਆਰੇ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਗਰਬੁ ਨ ਕੀਜੀਐ; ਚਾਮ ਲਪੇਟੇ ਹਾਡ॥ ਹੈਵਰ ਊਪਰਿ ਛਤ੍ਰ ਤਰ; ਤੇ ਫੁਨਿ ਧਰਨੀ ਗਾਡ॥੩੭॥ ਰੱਬ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ. ਸਭ ਦੀ ਹੰਗਤਾ ਮੇਟਣ ਲਈ, ਅਪਣੇ ਮਨ ਨੂੰ ਉਪਦੇਸ਼ਦੇ ਹਨ:- ਹੇ ਮਨ! ਇਹ ਦੇਹ ਮਿੱਟੀ ਦੀ ਕੱਚੀ ਗਾਗਰ, ਕਾਲਰੀ ਕੰਧ, ਭਾਦੋਂ ਦੀ ਖੁੰਬ ਵਾਂਗ ਨਾਸਵੰਤ ਹੈ। ਇਸ ਨਿਮਾਣੇ ਨਿਤਾਣੇ ਪ੍ਰਦੇਸੀ ਦੇ ਹਾਡ, (ਚਾਮ)ਚੰਮ ਨਾਲ ਲਪੇਟੇ ਹੋਏ ਹਨ। ਇਸ ਨਾਸਵੰਤ ਦੇਹ ਦਾ (ਗਰਬੁ)ਹੰਕਾਰ ਕਦੇ ਭੁੱਲ ਕੇ ਭੀ ਨ (ਕੀਜੀਐ)ਕਰੀਏ। ਯਥਾ:- ਬਿਸਟਾ ਅਸਤ ਰਕਤੁ ਪਰੇਟੇ ਚਾਮ॥ ਇਸੁ ਊਪਰਿ; ਲੇ ਰਾਖਿਓ ਗੁਮਾਨ॥) ਤੂ; ਕਾਂਇ ਗਰਬਹਿ ਬਾਵਲੀ॥ ਜੈਸੇ ਭਾਦਉ ਖੂੰਬ ਰਾਜੁ; ਤੂ ਤਿਸ ਤੇ ਖਰੀ ਉਤਾਵਲੀ॥ ਜਿਹੜੇ ਰਾਜੇ (ਹੈਵਰ)ਸ੍ਰੇਸ਼ਟ ਘੋੜੇ ਊਪਰਿ ਬੈਠੇ, ਹੀਰੇ ਜੜਤ ਸੁਨਹਿਰੀ ਸੁੰਦਰ ਛਤ੍ਰ ਦੇ (ਤਰ)ਥੱਲੇ ਸਜਦੇ ਸਨ। (ਤੇ)ਉਹ (ਫੁਨਿ)ਫੇਰ (ਧਰਨੀ)ਧਰਤੀ 'ਚ (ਗਾਡ)ਗੱਡੇ ਗਏ ਭਾਵ ਕਬਰ 'ਚ ਪਾ ਕੇ ਦੱਬ ਦਿਤੇ। ਯਥਾ:- ਪਾਸਿ ਦਮਾਮੇ. ਛਤੁ ਸਿਰਿ; ਭੇਰੀ ਸਡੋ ਰਡ॥ ਜਾਇ ਸੁਤੇ ਜੀਰਾਣ ਮਹਿ; ਥੀਏ ਅਤੀਮਾ ਗਡ॥੪੫॥) ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥੪੬॥ ਮਿੱਟੀ ਦੀ ਨਾਸ਼ਵੰਤ ਦੇਹ ਦਾ ਗ਼ੁਮਾਨ ਤਿਆਗਣਾ ਚਾਹੀਦਾ ਹੈ। ਯਥਾ:- ਕਬੀਰ. ਗਰਬੁ ਨ ਕੀਜੀਐ; ਊਚਾ ਦੇਖਿ ਅਵਾਸੁ॥ ਆਜੁ ਕਾਲ੍ਹਿ ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥) ਕਬੀਰ. ਗਰਬੁ ਨ ਕੀਜੀਐ; ਰੰਕੁ. ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ; ਕਿਆ ਜਾਨਉ ਕਿਆ ਹੋਇ॥੩੯॥) ਕਬੀਰ. ਗਰਬੁ ਨ ਕੀਜੀਐ; ਦੇਹੀ ਦੇਖਿ ਸੁਰੰਗ॥ ਆਜੁ ਕਾਲਿ ਤਜਿ ਜਾਹੁਗੇ; ਜਿਉ ਕਾਂਚੁਰੀ ਭੁਯੰਗ॥੪੦॥

ਕਬੀਰ. ਗਰਬੁ ਨ ਕੀਜੀਐ; ਊਚਾ ਦੇਖਿ ਅਵਾਸੁ॥ ਆਜੁ ਕਾਲਿ. ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥ ਪਰਮਪੂਜਨੀਕ ਉੱਤਮ ਬਕਤੇ, ਸ੍ਰੀ ਕਬੀਰ ਸਾਹਿਬ ਜੀ ਆਪਣੇ ਮਨ ਨੂੰ ਹੰਗਤਾ ਤਿਆਗਣ ਦਾ ਸ਼ੁਭ ਸੱਚਾ ਉਪਦੇਸ਼ ਦਿੰਦਿਆਂ ਫ਼ੁਰਮਾ ਰਹੇ ਹਨ:- ਹੇ ਮਨ! ਧਨੀ ਬਣ ਕੇ, ਰਾਜ ਦੁਆਰਾ ਘਰ, ਵਾ ਫੌਜ ਖਜ਼ਾਨੇ ਸਹਿਤ, ਦੁਪੈਹਰ ਦੇ ਸੂਰਜ ਵਾਂਗ ਊਚਾ (ਅਵਾਸੁ)ਪ੍ਰਤਾਪ ਦੇਖਿ ਕੇ, ਕਦੇ ਭੁੱਲ ਕੇ ਵੀ (ਗਰਬੁ)ਅਹੰਕਾਰ ਨ (ਕੀਜੀਐ)ਕਰੀਏ, ਕਿਉਂਕਿ ਵੱਡੇ ੨ ਬਲੀ ਬਹਾਦਰ ਜੇਤੂ ਰਾਜੇ ਪਹਿਲਵਾਨ ਹੰਕਾਰ ਕਰਕੇ, ਗਲ਼ ਗਏ। ਯਥਾ:- ਬਡੇ ਬਡੇ ਅਹੰਕਾਰੀਆ; ਨਾਨਕ. ਗਰਬਿ ਗਲੇ॥੧॥ ਇਸ ਲਈ ਭਗਤ ਜੀ ਹੰਕਾਰ ਤੋਂ ਸਖ਼ਤ ਮਨ੍ਹਾ ਕਰਦੇ ਹਨ, ਆਪ ਜੀ ਹੰਗਤਾ ਦੇ ਪੂਰਨ ਤਿਆਗੀ ਹਨ। ਯਥਾ:- ਕਬੀਰ. ਨਾ ਹਮ ਕੀਆ, ਨ ਕਰਹਿਗੇ; ਨਾ ਕਰਿ ਸਕੈ. ਸਰੀਰੁ॥ ਕਿਆ ਜਾਨਉ. ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥੬੨॥

ਆਜੁ ਕਾਲਿ. ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥ ਆਜੁ ਜਾਂ (ਕਾਲਿ)ਕੱਲ ਨੂੰ ਮਰ ਕੇ, ਇਸ ਸ਼ੀਰ ਦਾ (ਭੁਇ)ਧਰਤੀ 'ਤੇ, ਸਦਾ ਲਈ ਲੇਟਣਾ ਹੋਵੇਗਾ, ਨਾਸ਼ਵੰਤ ਸ਼ੀਰ ਊਪਰਿ (ਘਾਸੁ)ਘਾਹ (ਜਾਮੈ)ਹਰਾ ਹੋ ਜਾਵੇਗਾ। ਜਿਹੜਾ ਸੁੰਦਰ ਸ਼ੀਰ ਅਪਣੇ ਰਾਜਦੁਆਰੇ ਘਰ ਉੱਚੇ ਪ੍ਰਤਾਪ ਦਾ ਗ਼ੁਮਾਨ ਕਰਦਾ ਹੈ, ਉਹ ਅਪਣੇ ਉੱਪਰ ਘਾਹ ਦਾ ਜਾਮਾ ਪਹਿਨ ਲੈਂਦਾ ਹੈ, ਉਸ ਦੀ ਕਬਰ ਸਿਵੇ 'ਤੇ, ਮੀਂਹ ਪੈਣ ਤੋਂ ਘਾਹ ਹਰਾ ਹੋ ਜਾਂਦਾ ਹੈ। ਯਥਾ:- ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥) ਫਰੀਦਾ. ਇਟ ਸਿਰਾਣੇ ਭੁਇ ਸਵਣੁ; ਕੀੜਾ ਲੜਿਓ ਮਾਸਿ॥ ਕੇਤੜਿਆ ਜੁਗ ਵਾਪਰੇ; ਇਕਤੁ ਪਇਆ ਪਾਸਿ॥੬੭॥

ਕਬੀਰ. ਗਰਬੁ ਨ ਕੀਜੀਐ; ਰੰਕੁ. ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ; ਕਿਆ ਜਾਨਉ. ਕਿਆ ਹੋਇ॥੩੯॥ ਰੱਬ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਅੰਮ੍ਰਿਤ ਬਚਨ; ਸਾਧ ਕੀ ਬਾਣੀ॥ ਅਨੁਸਾਰ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਹੇ ਮਨ! (ਗਰਬੁ)ਅਹੰਕਾਰ ਨ (ਕੀਜੀਐ)ਕਰੀਏ। ਯਥਾ:- ਮਨ ਰੇ; ਹਉਮੈ

Sri Satguru Jagjit Singh Ji eLibrary NamdhariElibrary@gmail.com

ਛੋਡਿ ਗੁਮਾਨੁ॥ ਹਰਿ ਗੁਰੁ ਸਰਵਰੁ ਸੇਵਿ ਤੂ; ਪਾਵਹਿ ਦਰਗਹ ਮਾਨੁ॥) ਆਗੈ ਸਰਪਰ ਜਾਣਾ, ਜਿਉ ਮਿਹਮਾਣਾ; ਕਾਹੇ. ਗਾਰਬੁ ਕੀਜੈ॥ ਜਿਤੁ ਸੇਵਿਐ. ਦਰਗਹ ਸੁਖੁ ਪਾਈਐ; ਨਾਮੁ ਤਿਸੈ ਕਾ ਲੀਜੈ॥ (ਕੋਇ)ਕਿਸੇ ਦੁਖੀ (ਰੰਕੁ)ਗ੍ਰੀਬ ਨੂੰ ਮਖ਼ੌਲ ਕਰਕੇ, ਕਦੇ ਵੀ ਨ (ਹਸੀਐ)ਹੱਸੀਏ। (ਅਜਹੁ)ਅਜੇ ਤੇਰੀ, ਜ਼ਿੰਦਗੀ ਰੂਪੀ (ਨਾਉ)ਬੇੜੀ, (ਸੁ)ਚੰਗੀ ਤਰ੍ਹਾਂ, ਸੰਸਾਰ ਰੂਪੀ ਅਗਨ ਸਮੁੰਦ੍ਰ ਦੀਆਂ, ਔਗੁਣਾਂ ਪਾਪਾਂ ਆਸਾ ਤ੍ਰਿਸ਼ਨਾ ਰੂਪੀ ਲਹਿਰਾਂ (ਮਹਿ)'ਚ ਹੈ। (ਕਿਆ)ਕੀ (ਜਾਨਉ)ਜਾਣੀਏ, ਭਵਿੱਖਤ ਨੂੰ ਕਿਆ (ਹੋਇ)ਹੋਵੇਗਾ? ਇਹ ਔਗੁਣ- ਮੁਕਤ ਰੂਪੀ ਕਿਨਾਰੇ 'ਤੇ ਪਹੁੰਚੇਗੀ ਕਿ ਨਹੀਂ? ਅਸਲ 'ਚ ਜਿਹੜਾ ਗ੍ਰੀਬ ਨੂੰ ਦੇਖ ਕੇ ਹੱਸਣਾ ਹੈ, ਇਹੋ ਹੀ ਇਸ ਦਾ ਡੁੱਬਣਾ ਹੈ।

ਸਾਖੀ:- ਭਜਨ ਸਿਮਰਨ ਵੈਰਾਗ ਮੂਰਤੀ, ਇੱਕ ਪੂਰਨ ਮਹਾਂਪੁਰਸ਼,ਹਰ ਵਕਤ ਖਿਮਾ 'ਚ ਲੀਣ ਰਹਿੰਦੇ। ਭਾਵੇਂ ਘਿਉ ਦੇ ਘੜੇ ਡੁੱਲ ਜਾਣ, ਤਾਂ ਵੀ ਖਿਮਾ ਹੀ ਰੱਖਦੇ। ਕੋਈ ਕੁੱਝ ਵੀ ਕਹੇ, ਹਰ ਵੇਲੇ ਵਾਹਿਗੁਰੂ ਜੀ ਦੇ ਪ੍ਰੇਮ 'ਚ ਛਲੇ ਰਹਿੰਦੇ। ਯਥਾ:- ਕੋਈ ਭਲਾ ਕਹਉ. ਭਾਵੈ ਬੁਰਾ ਕਹਉ; ਹਮ. ਤਨੁ ਦੀਓ ਹੈ ਢਾਰਿ॥੧॥ ਸੇਵਕਾਂ ਸਮੇਤ, ਜਦੋਂ ਇੱਕ ਵੇਸਵਾ ਦੇ ਘਰ ਕੋਲ਼ ਦੀ ਲੰਘਦੇ, ਤਾਂ ਹੱਸ ਕੇ ਤਰਕ ਨਾਲ ਕਹਿੰਦੀ,"ਇਸ ਪਖੰਡੀ ਸਾਧ ਦੀ ਦਾੜ੍ਹੀ ਮੇਰੇ ਕੁੱਤੇ ਦੀ ਪੂਛ ਵਰਗੀ ਹੈ। " ਦਰਿਆ ਸਰੂਪ ਮਹਾਂਪੁਰਸ਼ ਸੁਣ ਕੇ, ਸਹਣਸੀਲ ਸੰਤੰ; ਅਨੁਸਾਰ ਸ਼ਾਂਤੀ ਨਾਲ ਜਰ ਲੈਂਦੇ, ਦਿਲ 'ਚ ਸ੍ਰਾਪ ਦਾ ਸੰਕਲਪ ਨ ਲਿਆਉਂਦੇ, ਸਗੋਂ ਵੇਸਵਾ ਬਾਰੇ ਅਰਦਾਸ ਕਰਦੇ,"ਹੇ ਗੁਰੂ ਨਾਨਕ ਦੇਵ ਸਾਹਿਬ ਜੀ! ਇਸ ਦਾ ਭਲਾ ਕਰੋ ਜੀ। " ਉਹ ਇਉਂ ਪੁੱਠਾ ਬਕਦੀ ਹੀ ਰਿਹਾ ਕਰੇ, ਮਹਾਂਪੁਰਸ਼ ਖਿਮਾ ਸ਼ਹਿਣਸ਼ੀਲਤਾ ਦਾ ਅਭਿਆਸ ਕਰਦੇ ਹੀ ਰਹੇ। ਮਹਾਂਪੁਰਸ਼ਾਂ ਦੇ ਅੰਤ ਦਾ ਸਮਾਂ ਬਿਲਕੁਲ ਹੀ ਨੇੜੇ ਆ ਪਹੁੰਚਿਆ। ਜਿਹੜੇ ਪ੍ਰੇਮੀ ਮਹਾਂਪੁਰਸ਼ਾਂ ਦੀ ਸੁਸੰਗਤ ਕਰਕੇ ਕੱਖ ਤੋਂ ਲੱਖ ਬਣੇ ਸਨ, ਉਹ ਵੈਰਾਗ ਕਰਨ ਲੱਗੇ। ਕੰਧਾਂ ਜ਼ਮੀਨ ਅਸਮਾਨ ਹਵਾ ਸਾਰਾ ਵਾਤਾਵਰਨ ਰੋਣ ਲੱਗ ਪਿਆ। ਪ੍ਰੇਮੀ ਕਹਿੰਦੇ, "ਸੰਤ ਜੀ ਸਾਨੂੰ ਅੰਤਮ ਸਮੇਂ ਦਾ ਉਪਦੇਸ਼ ਬਖ਼ਸ਼ੋ, ਜਿਸ ਕਰਕੇ ਅਸੀਂ ਆਪ ਜੀ ਦੇ ਵਿਜੋਗ 'ਚ ਵਿਆਕੁਲ ਨ ਹੋਈਏ"। ਤ੍ਰਿਕਾਲ ਦਰਸੀ ਭਾਵ ਤਿੰਨਾਂ ਸਮਿਆਂ ਦੇ ਵਰਤਾਰੇ ਨੂੰ ਜਾਨਣ ਵਾਲੇ, ਸ਼ਾਂਤ ਆਤਮਾ ਪੂਰਨ ਸੰਤਾਂ ਨੇ ਪਿਆਰ ਨਾਲ ਕਿਹਾ, "ਹੇ ਗੁਰਮੁਖੋ! ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦਾ ਭਾਣਾ ਮੰਨੋ, ਰੋਵੋ ਨ। ਯਥਾ:- ਹੁਕਮਿ ਰਜਾਈ ਚਲਣਾ; ਨਾਨਕ. ਲਿਖਿਆ ਨਾਲਿ॥ ਜਿਹੜੀ ਵੇਸਵਾ ਕੋਲ਼ ਦੀ ਆਪਾਂ ਲੰਘਦੇ ਸੀ, ਉਸ ਨੂੰ ਤੁਰੰਤ ਬੁਲਾਉ। " ਸ਼ਰਧਾਲੂਆਂ ਦਾ ਵੈਰਾਗ ਝੱਲਿਆ ਹੀ ਨ ਜਾਵੇ। ਰੋਂਦੇ ੨ ਗਏ, ਆਪਣੇ ਗਲ਼ੇ 'ਤੇ ਹੱਥ ਰੱਖ ਕੇ ਇੱਕ ਪ੍ਰੇਮੀ ਬੋਲਿਆ, "ਹੇ ਬੀਬੀ! ਤੈਨੂੰ ਸਾਡੇ ਵੈਰਾਗੀ ਮਹਾਂਪੁਰਸ਼ ਬੁਲਾ ਕੇ ਤਾਰਨ ਲੱਗੇ ਹਨ। " ਕੁੱਝ ਨਿਸ਼ਰਧਕ ਨਿੰਦਿਆ ਕਰਨ ਲੱਗੇ। ਮਹਾਂਪੁਰਸ਼ਾਂ ਦੇ ਦਿਲ 'ਚ ਐਨਾ ਟਿਕਾਅ ਸੀ, ਵੇਸਵਾ ਦੇ ਦਿਲ 'ਤੇ ਕੁਦਰਤੀ ਅਸਰ ਪਿਆ, ਉਹ ਸ਼ਰਧਾ ਧਾਰ ਕੇ ਗਈ। ਪਰਮ- ਪੂਜਨੀਕ ਪਰਉਪਕਾਰੀ, ਭਜਨ ਮੂਰਤੀ ਸਹਜ ਅਨੰਦੀ ਮਹਾਂਪੁਰਸ਼ ਅਪਣੇ ਪਲੰਘੇ 'ਤੇ ਬਿਰਾਜੇ ਹੋਏ ਸਨ। ਸ਼ਰਧਾਲੂ ਅਤੀ ਹੀ ਦੁਖੀ ਹੋ ਕੇ ਵੈਰਾਗ ਕਰਨ ਲੱਗੇ ਕਿ ਸਾਨੂੰ ਇਸ ਤਰ੍ਹਾਂ ਦੇ ਮਹਾਂਪੁਰਸ਼ ਨਹੀਂ ਮਿਲਣੇ, ਮਗਰੋਂ ਸਾਡਾ ਕੀ ਹਾਲ ਹੋਵੇਗਾ? ਯਥਾ:- ਜਾਨੀ ਵਿਛੁੰਨੜੇ. ਮੇਰਾ ਮਰਣੁ ਭਇਆ; ਧ੍ਰਿਗੁ ਜੀਵਣੁ ਸੰਸਾਰੇ॥) ਮਃ੨॥ ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ॥ ਸਾਰੇ ਵਾਤਾਵਰਨ ਦਾ ਵੈਰਾਗਮਈ ਰੰਗ ਦੇਖ ਕੇ, ਵੇਸਵਾ ਨੇ ਸਤਿਕਾਰ ਨਾਲ ਸੰਤਾਂ ਮਹਾਂਪੁਰਸ਼ਾਂ ਨੂੰ ਮੱਥਾ ਟੇਕਿਆ, ਹੱਥ ਜੋੜ ਕੇ ਚਰਨ- ਕਮਲਾਂ ਵੱਲ ਖੜ੍ ਗਈ। ਮਹਾਂਪੁਰਸ਼ ਬੋਲੇ, "ਹੇ ਬੀਬੀ ਜੀ! ਤੂੰ ਨਿਰਾਦਰੀ ਨਾਲ ਨਿੱਤ ਹੀ ਕਹਿੰਦੀ ਸੀ, "ਇਸ ਪਖੰਡੀ ਸਾਧ ਦੀ ਦਾੜ੍ਹੀ, ਮੇਰੇ ਕੁੱਤੇ ਦੀ ਪੂਛ ਵਰਗੀ ਹੈ, ਬੇਅਦਬੀ ਦੇ ਲਫਜ਼ ਸਹਾਰਨੇ ਦਾਸਨ ਦਾਸ ਲਈ ਬੜੇ ਕਠਨ ਸਨ, ਪਰ ਦਾਸਨ ਦਾਸ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਜਪ ੨ ਕੇ ਧਿਆਨ ਧਾਰ ਕੇ, ਪਰਮ- ਪੂਜਨੀਕ ਪਰਮ- ਪਵਿੱਤ੍ ਗੁਰਬਾਣੀ ਪੜ੍ ਕੇ,

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੀ ਕ੍ਰਿਪਾ ਸਦਕਾ ਜਰਦਾ ਰਿਹਾ, ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੀ ਹੀ ਪੂਰਨ ਕ੍ਰਿਪਾ ਹੈ। ਦਾਸਨ ਦਾਸ ਨੂੰ ਸੁਰਤ 'ਚ ਇਹ ਸਲੋਕ ਦਿਸਦਾ ਸੀ। ਯਥਾ:- ਕਬੀਰ. ਗਰਬੁ ਨ ਕੀਜੀਐ; ਰੰਕੁ. ਨ ਹਸੀਐ ਕੋਇ॥ ਅਜਹੁ. ਸੁ ਨਾਉ ਸਮੁੰਦ੍ ਮਹਿ; ਕਿਆ ਜਾਨਉ ਕਿਆ ਹੋਇ॥੩੯॥) ਤਿਰਸਕਾਰ ਨਹ ਭਵੰਤਿ; ਨਹ ਭਵੰਤਿ ਮਾਨ ਭੰਗਨਹ॥ ਗਹਿਰ ਗੰਭੀਰਤਾ ਸਹਿਣਸ਼ੀਲਤਾ ਦੇ ਅਵਤਾਰ, ਪੂਰਨ ਸੰਤਾਂ ਮਹਾਂਪੁਰਸ਼ਾਂ ਨੇ ਅਪਣੇ ਦੋਹਾਂ ਹੱਥਾਂ ਦੇ ਨਾਲ, ਅਪਣੀ ਸੱਚੀ ਸੁੱਚੀ ਦਾੜ੍ਹੀ ਫੜ ਕੇ ਕਿਹਾ, "ਹੇ ਬੀਬੀ! ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੀ ਅਗਮ ਅਪਾਰ ਪਰਮ- ਪਵਿੱਤ੍ਰ ਕ੍ਰਿਪਾ ਦਾ ਸਦਕਾ, ਅੱਜ ਇਹ ਦਾੜ੍ਹੀ ਤੇਰੇ ਕੁੱਤੇ ਦੀ ਪੂਛ ਨਾਲੋਂ ਚੰਗੀ ਹੈ"। ਯਥਾ:- ਸੇ ਦਾੜੀਆਂ ਸਚੀਆ; ਜਿ ਗੁਰ ਚਰਨੀ ਲਗੰਨ੍ਹਿ॥ ਧੰਨ ਮਹਾਂਪੁਰਸ਼ ਧੰਨ ਧੀਰਜ, ਧੰਨ ਇਖ਼ਲਾਕ ਧੰਨ ਸਹਿਣਸ਼ੀਲਤਾ। ਮਹਾਂਪੁਰਸ਼ਾਂ ਤੋਂ ਇਸ ਤਰ੍ਹਾਂ ਦੇ ਵੈਰਾਗਮਈ ਬਚਨ ਸੁਣ ਕੇ, ਵੇਸਵਾ ਦਾ ਮਨ ਸ਼ਾਂਤ ਹੋ ਗਿਆ। ਜਿਹੜੀ ਤਰਕ ਗੁਮਾਨ ਮਸ਼ਕਰੇ ਖ਼ਿਆਲ ਨਾਲ ਕਹਿੰਦੀ ਸੀ, "ਇਸ ਪਖੰਡੀ ਸਾਧ ਦੀ ਦਾੜ੍ਹੀ ਮੇਰੇ ਕੁੱਤੇ ਦੀ ਪੂਛ ਵਰਗੀ ਹੈ"। ਅੱਜ ਉਹ ਵੇਸਵਾ ਭੁੱਬਾਂ ਮਾਰ ਕੇ ਰੋਣ ਲੱਗੀ, ਘਘਿਆ ਕੇ ਮਿੰਨਤ ਨਾਲ ਪ੍ਰੇਮ ਬੇਨਤੀ ਕੀਤੀ, "ਬਾਬਾ ਜੀ! ਆਪ ਜੀ ਦੀ ਦਾੜ੍ਹੀ ਪਹਿਲਾਂ ਵੀ ਉੱਜਲ ਸੀ, ਹੁਣ ਵੀ ਉੱਜਲ ਹੈ"। ਸੰਤ ਕੀ ਨਿੰਦਾ; ਜੋਨੀ ਭਵਨਾ॥ ਸੰਤ ਕੀ ਨਿੰਦਾ; ਰੋਗੀ ਕਰਨਾ॥ ਅਨੁਸਾਰ "ਜੋ ਦਾਸਨ ਦਾਸੀ ਨੇ ਆਪ ਜੀ ਦੀ ਨਿੰਦਾ ਕੀਤੀ ਹੈ, ਮੇਰੀ ਪਾਪਣ ਦੀ ਕਲਿਆਣ ਕਰਨੀ, ਆਪ ਜੀ ਦੇ ਵੱਸ ਹੈ। ਦਾਸਨ ਦਾਸੀ ਹੁਣ ਆਪ ਜੀ ਦੇ ਪਾਕ ਚਰਨੀਂ ਲੱਗੀ ਹੈ, ਅਪਣੀ ਬੱਚੀ ਜਾਣ ਕੇ ਬਖ਼ਸ਼ ਲਵੋ। " ਮਹਾਂਪੁਰਸ਼ਾਂ ਕਿਹਾ, "ਹੇ ਪਿਆਰੀ ਬੱਚੀ! ਧੰਨ ਗੁਰੂ ਨਾਨਕ ਸਾਹਿਬ ਜੀ ਦੀ ਪਿਆਰੀ ਸਿੱਖੀ ਧਾਰੋ, ਤਨ ਮਨ ਧਨ ਕਰਕੇ, ਮਹਾਂਪੁਰਸ਼ਾਂ ਦੀ ਸੇਵਾ ਸਤਿਸੰਗਤ ਕਰੋ। ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਆਪ ਜੀ ਦਾ ਉਧਾਰ ਕਰਨਗੇ। ਧੰਨ ਧੰਨ ਸਤਿਗੁਰੂ, ਨਾਨਕ ਨਾਮ ਚੜ੍ਹਦੀ ਕਲਾ! ਤੇਰੇ ਭਾਣੇ ਸ੍ਰਬੱਤ ਦਾ ਭਲਾ!"

ਸਾਖੀ:- ਇੱਕ ਪੂਰਨ ਮਹਾਂਪੁਰਸ਼ ਬੜੇ ਪਰਉਪਕਾਰੀ ਸਨ, ਉਨ੍ਹਾਂ ਦੇ ਪਾਸ ਸੋਧਿਆ ਪਾਰਾ ਸੀ। ਉਨ੍ਹਾਂ ਨੇ ਇੱਕ ਵਿਰੱਕਤ ਨੂੰ ਕਿਹਾ, "ਲਉ ਸੰਤ ਜੀ ਇਹ ਤੁਸੀਂ ਲੈ ਲਉ, ਤੁਸੀਂ ਤਿਆਗੀ ਵਿਰਾਗੀ ਹੋਂ, ਜੇ ਕਿਸੇ ਵਿਕਾਰੀ ਨੂੰ ਦਿਤਾ, ਉਹ ਇਸ ਨੂੰ ਖਾ ਕੇ ਜ਼ਿਆਦਾ ਵਿਕਾਰ ਹੀ ਭੋਗੇਗਾ, ਤੁਸੀਂ ਇਸ ਨਾਲ ਪਰਉਪਕਾਰ ਹੀ ਕਰਨਾ, ਵਿਰੱਕਤ ਬੜਾ ਤੇਜ਼ ਸੀ, ਉਸ ਨੇ ਇਹ ਗੱਲ ਨਹੀਂ ਵਿਚਾਰੀ, ਅਜਹੁ ਸੁ ਨਾਉ ਸਮੁੰਦ੍ ਮਹਿ; ਕਿਆ ਜਾਨਉ ਕਿਆ ਹੋਇ॥੩੯॥ ਹੰਕਾਰ ਨਾਲ ਕਿਹਾ, "ਓਇ ਸਾਧਾ, ਮੈਂ ਤੇਰੇ ਪਾਰੇ ਨੂੰ ਕੀ ਕਰਨਾ"? ਤ੍ਰਿਕਾਲ ਦਰਸੀ ਮਹਾਤਮਾ ਨੇ ਕਿਹਾ, "ਦਾਸਨ ਦਾਸ ਤਾਂ ਤੇਰੇ ਭਾਗ ਜਗਾਉਣ ਲੱਗਾ ਸੀ, ਚੰਗਾ ਤੂੰ ਗੁਮਾਨ ਕਰਦਾ ਹੈਂ, ਤੈਨੂੰ ਆਪਣੇ ਅੰਤ ਦਾ ਪਤਾ ਨਹੀਂ, ਕੀ ਭੈੜੀ ਹਾਲਤ ਹੋਣੀ ਹੈ? ਤੇਰਾ ਇਖ਼ਲਾਕ ਗਿਰ ਜਾਵੇਗਾ, ਚਮਿਆਰੀ ਕੱਢ ਕੇ ਲਿਆਵੇਂਗਾ, ਜੁੱਤੀਆਂ ਗੰਢ ਕੇ ਗੁਜ਼ਾਰਾ ਕਰੇਂਗਾ"। ਇਉਂ ਹੀ ਬੁਰਾ ਹਾਲ ਹੋਇਆ। ਹਮੇਸ਼ਾਂ ਹੀ ਸਭ ਦੇ ਨਾਲ ਨਿਮ੍ਰਤਾ ਸਹਿਤ ਵਰਤਣਾ ਚਾਹੀਦਾ ਹੈ। ਚ

ਕਬੀਰ. ਗਰਬੁ ਨ ਕੀਜੀਐ; ਦੇਹੀ ਦੇਖਿ ਸੁਰੰਗ॥ ਆਜੁ ਕਾਲਿ. ਤਜਿ ਜਾਹੁਗੇ; ਜਿਉ ਕਾਂਚੁਰੀ ਭੁਯੰਗ॥੪੦॥ ਪੂਰਨ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪ੍ਰੇਮੀਓ! ਆਪਣੀ ਦੇਹੀ ਦਾ ਸੋਨੇ ਵਰਗਾ (ਸੁਰੰਗ)ਸ੍ਰੇਸ਼ਟ ਰੰਗ ਦੇਖਿ ਕੇ, ਕਦੇ ਭੁੱਲ ਕੇ ਭੀ (ਗਰਬੁ)ਹੰਕਾਰ ਨ (ਕੀਜੀਐ)ਕਰੀਏ। ਯਥਾ:- ਕਮਰਿ ਕਟਾਰਾ ਬੰਕੁੜਾ; ਬੰਕੇ ਕਾ ਅਸਵਾਰੁ॥ ਗਰਬੁ. ਨ ਕੀਜੈ ਨਾਨਕਾ; ਮਤੁ ਸਿਰਿ ਆਵੈ ਭਾਰੁ॥੩॥ (ਆਜੁ)ਅੱਜ ਜਾਂ (ਕਾਲਿ)ਕੱਲ ਨੂੰ, ਕਾਲ਼ ਹੋਣ ਤੋਂ, ਇਸ ਅਤੀ ਹੀ ਪਿਆਰੀ, ਦੁੱਧ ਮੱਖਣਾਂ ਨਾਲ਼ ਪਾਲ਼ੀ, ਚੋਆ ਚੰਦਨ ਲਾਉਣ ਵਾਲ਼ੀ ਸੁਵੰਨੜੀ ਦੇਹ ਨੂੰ (ਤਜਿ)ਛੱਡ (ਜਾਹੁਗੇ)ਜਾਉਂਗੇ। (ਜਿਉ)ਜਿਵੇਂ (ਭੁਯੰਗ)ਸੱਪ

Sri Satguru Jagjit Singh Ji eLibrary NamdhariElibrary@gmail.com

(कांचुरी)कुंज छॅड जांदा है॥४०॥ यथा:- जो उपजिओ. सो बिनसि है; परो आजु के काल॥ नानक.हरि गुन गाइ ले; छाडि सगल जंजाल॥

कबीर. लूटना है. त लूटि लै; राम नाम है लूटि॥ फिरि पाछै पछुताहुगे; प्रान जाहिगे छूटि॥४१॥ कांसी 'च लुॅट पई, लुॅटण वाले महां पापी, बड़े भारी खुश होऐ। किसे ने भगत जी नूं किहा, "कुॅझ लुॅट लिआउ"। प्रभ मेरे ओइ; बैरागी त्रिआगी॥ वाहिगुरू जी दे अवतार भगत जी ने, हकु परा्इआ नानका; उसु सूअर. उसु गाइ॥ गुरु पीरु. हामा ता भरे; जा मुरदारु न खाइ॥ अनुसार बाणी उचारी, परमपूजनीक स्रब विआपी महां विसमाद, कोटि ब्रहमंड को ठाकुरु सुआमी;) सरब कला भरपूर प्रभ; अजपा जाप वाहिगुरू जी दे अवतार स्रोमणी भगत स्री कबीर साहिब जी फ़रमाउंदे हन:- हे भाई जे (लूटना)लुॅटणा है, त राम नाम जी दी लूटि है! इस नूं लूटि लै। जे ना लुॅटेंगा, फिरि (पाछै)पिॅछों (पछुताहुगे)पछुतावेंगे, जदों प्रान (छूटि)निकल (जाहिंगे)जाणगे, भाव निकल रहे होणगे॥४१॥ सर अपसर की. सार न जाणै; जमु मारे. किआ चारा हे॥१३॥ अनुसार जम मार के होश फरमोश कर देवेगा, मार २ के जमपुरी नूं धरमराज पास लै जावेगा। सुआस २ नाम जपण रुप लुॅट लै, वाहिगुरू वाहिगुरू वाहिगुरू जपण दा शुभ सॅचा महां महां विसमाद उपदेश है। यथा:- जैसै घरि लागै आगि, जाग कूआ खोदिओ चाहै; कारज न सिध होइ, रोइ पछुताईऐ॥ जैसे तउ संग्राम समै, सीखिओ चाहै बीर बिदिआ; अनथा उदम. जैत पदवी न पाईऐ॥ जैसे निस सोवन. संगाती चल जात; पाछै. भोर भऐ भार बांध चले, कत जाईऐ। तैसे माइआ धंध अंध. अवधि बिहाइ जाइ; अंत काल. कैसे हरि नाम लिव लाईऐ॥ (कबित ४९५)

साखी:- परमपूजनीक संत बाबा करम सिंघ जी होती मरदान वाले अंग्रेज़ राज वेले फ़ौज 'च भरती सन। १९५७ ईसवी दे ग़दर वेले, दिॅली 'च लुॅट होई,बाबा जी ने,बल़दी अॅग 'चों कॅढ के, इॅक बालक दी जान बचाई, बड़े जीआं 'ते परउपकार कीता। सही सलामति घर आ गऐ,माता जी ने किहा, " हे सपुॅत्र जी! लोकां ने लुॅट २ के, आपणे घर भर लऐ,तूं ख़ाली आ गिआ हैं,दॅस की लुॅट के लिआइआ हैं ?" संत जी हैरान हो गऐ कि मां भी लुॅट दा माल चहुंदी है, किहा, "माता जी जंग 'च आपे दी संभाल़ नहीं सी,जान भी भारी ख़तरे 'च सी। "न पुॅत मेरे लई कुॅझ लुॅट के लिआउणा सी। " संत जी दा अैना चिॅत उपराम होइआ, हर वेले वाहिगुरू जी दे गाड़े भजन 'च जुड़े रहिंदे सन,माता जी दे बचन सुण के बहुत ही उदास हो गऐ,कि देखो! मां भी,मैनूं नहीं चहुंदी,लुॅट ही चहुंदी है। इन्हां दी बंदगी 'ते खुश हो के, अकाल पुरख जी ने रात नूं नौं वजे इन्हां दा पहिरा दिता। इन्हां कोल जो सिपाही खड़ा सी, उस नूं पुॅछिआ, "रात दासन दास ड्यूटी 'ते हाज़र नहीं सी। " उस किहा, "आप जी ने दासन दास दे दूजे पासे खड़ के पहिरा दिता है। " कहिंदे, "चंगा भाई! जिन्हां ने पहिरा दिता है, दासन दास हुण केवल उन्हां दी ही नौकरी करेगा। " उसे वेले सरकारी नौकरी छॅड के, बंदगी 'च लॅग गऐ। सो माता जी दे लुॅट दा माल मंगण तों बाबा जी नूं तर तीबर तर तम गाड़ा वैराग हो गिआ। इह कारण वैराग है।

Sri Satguru Jagjit Singh Ji eLibrary NamdhariElibrary@gmail.com

ਕਬੀਰ. ਐਸਾ ਕੋਈ, ਨ ਜਨਮਿਓ; ਅਪਨੈ ਘਰਿ. ਲਾਵੈ ਆਗਿ॥ ਪਾਂਚਉ ਲਰਿਕਾ. ਜਾਰਿ ਕੈ; ਰਹੈ ਰਾਮ ਲਿਵ ਲਾਗਿ॥੪੨॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਅਮਲੀ ਨੇ ਅਫ਼ੀਮ ਖਾ ੨ ਕੇ, ਘਰ ਫ਼ੂਕ ਦਿਤਾ,ਭਾਵ ਘਰ ਬਾਰ ਜਾਇਦਾਦ ਸਭ ਕੁੱਝ ਵੇਚ ਦਿਤਾ, ਇੱਥੇ ਇਹ ਹੈ ਕਿ ਆਪਣੇ ਘਰ ਨੂੰ ਅੱਗ ਲਾਵੇ, ਬਈ ਆਪਣਾ ਘਰ ਬਾਰ ਜ਼ਮੀਨ ਜਾਇਦਾਦ ਸਭ ਕੁੱਝ ਗੁਰੂ ਸਾਹਿਬ ਜੀ ਨੂੰ ਸਮਰਪਣ ਕਰ ਦੇਵੇ। ਜਿਵੇਂ ਗੁਰਮੁਖਿ ਰਾਏ ਬੁਲਾਰ ਸਾਹਿਬ ਜੀ ਨੇ, ਧੰਨ ਵਾਹਿਗੁਰੂ ਗੁਰੂ ਨਾਨਕ ਦੇਵ ਜੀ ਦੇ ਨਾਮ 'ਤੇ ਸੋ੍ਵਰ ਲੁਆਇਆ, ੭੫੦੦ ਏਕੜ ਜ਼ਮੀਨ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿਤੀ, ਜੋ ਹੁਣ ਤੱਕ ਗੁਰੂ ਨਾਨਕ ਦੇਵ ਜੀ ਦੇ ਨਾਮ ਬੋਲਦੀ ਹੈ। ਇਸ ਤਰ੍ਾਂ ਗੁਰਮੁਖਿ ਮਹਾਂਪੁਰਸ਼ ਬੁਲੰਦ ਕਰਣੀ ਦੇ ਮਾਲਕ ਟੋਡਰਮੱਲ ਜੀ ਨੇ, ਪਰਮਪੂਜਨੀਕ ਮਾਤਾ ਗੁਜਰ ਕੌਰ ਜੀ. ਬਾਬਾ ਜੋਰਾਵਰ ਸਿੰਘ ਸਾਹਿਬ ਜੀ. ਬਾਬਾ ਫ਼ਤੇਹ ਸਿੰਘ ਸਾਹਿਬ ਜੀ ਦੇ ਸਸਕਾਰ ਅਸਥਾਨ ਨੂੰ ਖ਼ਰੀਦਣ ਲਈ, ਆਪਣਾ ਸਭ ਕੁੱਝ ਘਰ ਬਾਰ ਵੇਚ ਕੇ, ਖੜ੍ਹੀਆਂ ਮੋਹਰਾਂ ਵਿਛਾਅ ਕੇ, ਧਰਤੀ ਮੁੱਲ ਲੈ ਕੇ, ਸਸਕਾਰ ਸਤਿਕਾਰ ਕੀਤਾ। ਜਿਵੇਂ ਬਾਬੇ ਨਗਾਹੀਏ ਸਿੰਘ ਸਾਹਿਬ ਜੀ ਨੇ, ਮਹਾਰਾਜ ਸਾਹਿਬ ਜੀ ਨੂੰ ਸੁੰਦਰ ਸੋਹਣਾ ਸਜੀਲਾ ਫ਼ੁਰਤੀਲਾ ਘੋੜਾ ਅਰਪਿਆ, ਤੁਰਕਾਂ ਨੇ ਬਾਬੇ ਜੀ ਦਾ ਪਰਵਾਰ ਸ਼ਹੀਦ ਕਰ ਦਿਤਾ। ਜਿਵੇਂ ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਸ੍ਰੀ ਹੱਟ ਸਾਹਿਬ ਜੀ 'ਚ ਬੜੀ ਸਮੱਗ੍ਰੀ ਸੀ, ਕਿਉਂਕਿ ਮਹਾਰਾਜ ਸਾਹਿਬ ਜੀ ਦੌਲਤਖਾਂ ਲੋਧੀ ਦੀ ਫ਼ੌਜ ਨੂੰ ਸਾਰਾ ਰਾਸ਼ਣ ਸਪਲਾਈ ਕਰਦੇ ਸਨ, ਪਰ ਮਹਾਰਾਜ ਸਾਹਿਬ ਜੀ ਨੇ, ਚਾਰੇ ਬੂਹੇ ਖੋਲ੍ ਦਿਤੇ, ਗ੍ਰੀਬਾਂ ਨੂੰ ਜਿਵੇਂ ਪਤਾ ਲੱਗਿਆ, ਮਨ ਭਾਉਂਦਾ ਪਦਾਰਥ ਲੁੱਟ ਕੇ ਲੈ ਗਏ। ਆਪ ਮਹਾਰਾਜ ਨੇ ਪ੍ਰਮਾਤਮਾ ਖ਼ੁਦਾ ਜੀ ਦੇ ਨਾਮ 'ਤੇ, ਸਭ ਕੁੱਝ ਲੁਟਾ ਦਿਤਾ। ਤਿੰਨ ਵਾਰ ਹਿਸਾਬ ਕਰਨ ਤੋਂ ੧੩ਪ, ੩੨੧, ੭੬੦ ਰੁਪਏ ਵਾਧਾ ਨਿਕਲਿਆ। ਦੌਲਤਖਾਂ ਜੀ ਨੇ ਪੁੱਛਿਆ, "੭੬੦ ਰੁਪੈ ਕਿਸ ਨੂੰ ਦੇਈਏ"?ਸਤਿਗੁਰੂ ਮਹਾਰਾਜ ਸਾਹਿਬ ਜੀ ਕਿਹਾ, "ਖ਼ੁਦਾ ਜੀ ਦੇ ਨਾਮ 'ਤੇ ਫ਼ਕੀਰਾਂ ਗ੍ਰੀਬਾਂ ਨੂੰ ਲੁਟਾ ਦਿਉ"। ਭਾਵੇਂ ਯਤਨ ਕੀਤੇ ਗਏ, ਕਿ ਮਹਾਰਾਜ ਸਾਹਿਬ ਜੀ ਦੇ ਸਾਹਿਬਜ਼ਾਦੇ ਹਨ, ਉਨ੍ਾਂ ਨੂੰ ਦਿੱਤਾ ਜਾਵੇ, ਪਰ ਫੇਰ ਭੀ ਉਹ ਪ੍ਰਮਾਤਮਾ ਜੀ ਦੇ ਨਾਮ 'ਤੇ ਗ੍ਰੀਬਾਂ ਨੂੰ ਲੁਟਾ ਦਿਤੇ। ਤੇਰਾ ਸਰੀਕੁ ਕੋ ਨਾਹੀ; ਜਿਸਨੋ ਲਵੈ ਲਾਇ ਸੁਣਾਇਆ॥ ਅਨੁਸਾਰ ਸਤਿਗੁਰਾਂ ਜੈਸਾ ਕੋਈ ਨਹੀਂ, ਜੋ ਆਪਣੇ ਘਰ ਨੂੰ ਅੱਗ ਲਾਉਣ, ਜੈਸੇ ਗੁਰੂ ਸਾਹਿਬ ਜੀ ਨੇ ਮਾਤਾ ਪਿਤਾ ਸ੍ਰਬੰਸ ਸਭ ਕੁੱਝ ਕੁਰਬਾਨ ਕਰ ਦਿਤਾ। ਜ਼ਮੀਨ ਜਾਇਦਾਦ ਸਭ ਕੁੱਝ, ਪੂਰਨ ਗੁਰੂ ਜੀ ਤੋਂ ਕੁਰਬਾਨ ਕਰ ਦੇਣਾ ਅਪਨੇ ਘਰ ਨੂੰ ਅੱਗ ਲਾਉਣੀ ਹੈ}

ਕਬੀਰ. ਐਸਾ ਕੋਈ, ਨ ਜਨਮਿਓ; ਅਪਨੈ ਘਰਿ. ਲਾਵੈ ਆਗਿ॥ ਪਾਂਚਉ ਲਰਿਕਾ. ਜਾਰਿ ਕੈ; ਰਹੈ ਰਾਮ ਲਿਵ ਲਾਗਿ॥੪੨॥੧. (ਆਪਣੇ ਲੜਕਿਆਂ ਨੂੰ ਨਹੀਂ ਸਾੜਨਾ) ਹੁਣ ਗੁਰਤਾ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਪਨੈ ਘਰ ਮੰਦਰ ਸਭ ਕੁੱਝ, ਪੂਰਨ ਗੁਰੂ ਜੀ ਲਈ, ਕੁਰਬਾਨ ਕਰਨ ਰੂਪ, ਅਪਨੈ ਘਰਿ ਨੂੰ ਆਗਿ (ਲਾਵੈ)ਲਾਉਣ ਵਾਲੇ। (ਪਾਂਚਉ)ਪ੍ਰਕਾਸ਼ ਸਰੂਪ ਪੂਰਨ ਬ੍ਰਹਮ ਜੀ ਦਾ (ਲਰਿਕਾ)ਲੜਕਾ ਬਣ ਕੇ, ਆਪਣੇ ਘਰ ਮੰਦਰ ਸਭ ਕੁੱਝ, ਪੂਰਨ ਗੁਰੂ ਜੀ ਲਈ ਕੁਰਬਾਨ ਕਰਨ ਰੂਪ (ਜਾਰਿ)ਸਾੜ (ਕੈ)ਕੇ, ਪਰਮ ਪਿਆਰੇ ਰਾਮ ਜੀ 'ਚ, ਲਿਵ (ਲਾਗਿ)ਲਾ ਕੇ, (ਰਹੈ)ਰਹਿਣ ਵਾਲੇ, (ਐਸਾ)ਐਸੇ ਜੋ ਪੂਰਨ ਗੁਰੂ ਜੀ ਦੇ ਲਾਲ ਜੀ ਹਨ, ਕੋਈ ਭੀ ਜੂਨਾ 'ਚ ਨ (ਜਨਮਿਓ)ਜੰਮੇ, ਜੰਮਣ ਮਰਨ ਰਹਿਤ ਹੋ ਜਾਂਦੇ ਹਨ॥੪੨॥

ਕਬੀਰ. ਐਸਾ ਕੋਈ ਨ ਜਨਮਿਓ; ਅਪਨੈ ਘਰਿ ਲਾਵੈ ਆਗਿ॥ ਪਾਂਚਉ ਲਰਿਕਾ ਜਾਰਿ ਕੈ; ਰਹੈ ਰਾਮ ਲਿਵ ਲਾਗਿ॥੪੨॥੨. ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਅਪਨੈ)ਆਪਣੇ (ਘਰਿ)ਸ੍ਰੀਰ 'ਚ, ਵਸ ਰਹੇ

Sri Satguru Jagjit Singh Ji eLibrary NamdhariElibrary@gmail.com

ਪੰਜ ਵਿਕਾਰਾਂ ਨੂੰ, ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥ ਤੀਖਣ ਬਾਣ ਚਲਾਇ; ਨਾਮੁ ਪ੍ਰਭ ਧ੍ਯਾਈਐ॥ ਹਰਿਹਾਂ ਮਹਾਂ ਬਿਖਾਦੀ ਘਾਤ; ਪੂਰਨ ਗੁਰੁ ਪਾਈਐ॥੧੬॥ ਅਨੁਸਾਰ ਲਗਾਤਾਰ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪਣ ਰੂਪੀ ਆਗਿ (ਲਾਵੈ)ਲਾਉਣ ਵਾਲੇ, ਮਾਇਆ ਦੇ (ਪਾਂਚਉ)ਪੰਜੇ (ਲਰਿਕਾ)ਲੜਕੇ ਪੰਜ ਵਿਕਾਰਾਂ ਨੂੰ (ਜਾਰਿ)ਸਾੜ ਕੇ, (ਰਾਮ)ਵਾਹਿਗੁਰੂ ਜੀ 'ਚ ਲਿਵ (ਲਾਗਿ)ਲਾਉਣ ਵਾਲੇ, ਐਸਾ ਪੂਰਨ ਗੁਰੂ ਜੀ ਦੇ ਲਾਲ ਜੀ ਜੈਸਾ, ਕੋਈ ਭੀ ਸੂਰਵੀਰ ਬਹਾਦਰ, ਜੱਗ 'ਤੇ ਨਹੀਂ (ਜਨਮਿਓ)ਜੰਮਿਆਂ, ਭਾਵ ਵਿਰਲਾ ੨ ਹੀ ਹੁੰਦਾ ਹੈ, ਹਰ ਕੋਈ ਨਹੀਂ ਹੋ ਸਕਦਾ, ਜੋ ਸਪੂਤ ਬਣ ਕੇ, ਪਤਾਸੇ ਦੇ ਪਾਣੀ 'ਚ ਘੁਲਣ ਵਾਂਗ ਸਦਾ ਲਈ ਲੀਣ ਹੋ ਜਾਣ। ਯਥਾ:- ਜਿਨਿ ਮਿਲਿ. ਮਾਰੇ ਪੰਚ ਸੂਰਬੀਰ; ਐਸੋ ਕਉਨੁ. ਬਲੀ ਰੇ॥ ਜਿਨਿ ਪੰਚ ਮਾਰਿ. ਬਿਦਾਰ ਗੁਦਾਰੇ; ਸੋ ਪੂਰਾ. ਇਹ ਕਲੀ ਰੇ॥)

ਕੋ ਹੈ ਲਰਿਕਾ ਬੇਚਈ; ਲਰਿਕੀ ਬੇਚੈ ਕੋਇ॥ ਸਾਝਾ ਕਰੈ ਕਬੀਰ ਸਿਉ; ਹਰਿ ਸੰਗਿ ਬਨਜੁ ਕਰੇਇ॥੪੩॥ {ਵਾਹਿਗੁਰੂ ਜੀ ਨਾਲ ਵਣਜ ਕਰਨ ਦਾ ਪ੍ਰਕਰਣ ਹੈ। "ਐਸਾ ਕੋਈ ਸ੍ਰਬੰਸ ਦਾਨੀ ਹੈ ਉੱਠੋ। ਭਾਈ! ਜੋ ਗੁਰੂ ਜੀ ਨੂੰ ਲੜਕਾ ਲੜਕੀ ਅਰਪ ਦੇਵੇ, ਜੋ ਸਦਾ ਲਈ ਗੁਰੂ ਸਾਹਿਬ ਜੀ ਦੇ ਚਰਨ- ਕਮਲਾਂ 'ਚ ਰਹਿ ਕੇ, ਰਾਤ ਦਿਨ ਬੰਦਗੀ ਸੇਵਾ ਕਰਨ। " ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪਾਸ ਪ੍ਰੇਮੀ ਜਨ, ਬੱਚੇ ਬੱਚੀਆਂ ਪ੍ਰੇਮ ਭੇਟਾ ਕਰ ਦਿੰਦੇ। ਉਹ ਸਾਰੀ ਜ਼ਿੰਦਗੀ ਗੁਰੂ ਸਾਹਿਬ ਜੀ ਦੇ ਚਰਨ- ਕਮਲਾਂ 'ਚ ਹੀ ਰਹਿੰਦੇ, ਸ਼ਾਦੀ ਨ ਕਰਾਉਂਦੇ, ਰਾਤ ਦਿਨੇ ਸੇਵਾ ਹੀ ਸੇਵਾ ਸਿਮਰਨ ਕਰਦੇ, ਨਾਮ ਰੂਪ ਮੇਵਾ ਛਕਦੇ ਛਕਾਂਦੇ} ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੇ ਪਾਸ, ਜਦੋਂ ਪ੍ਰੇਮੀ ਪਰਿਵਾਰ ਸਹਿਤ ਜਾਂਦੇ, ਕਈ ਪ੍ਰੇਮੀ ਆਪਣਾ ਬੱਚਾ ਗੁਰੂ ਭੇਟਾ ਚੜ੍ਹਾ ਦਿੰਦੇ, ਇਹ ਪ੍ਰੇਮ ਬੇਨਤੀ ਕਰਦੇ, "ਹੇ ਮਹਾਰਾਜ ਸਾਹਿਬ ਜੀ! ਇਹ ਆਪ ਜੀ ਦਾ ਬੱਚਾ, ਆਪ ਜੀ ਦੀ ਪਰਮ ਪਾਕ ਸੱਚੀ ਚਰਨ ਸ਼ਰਨ ਰਹੇਗਾ, ਸੇਵਾ ਕਰੇਗਾ। " ਜਿਵੇਂ ਭਾਈ ਜੋਗਾ ਸਿੰਘ ਜੀ ਨੂੰ ਮਹਾਰਾਜ ਦੀ ਭੇਟਾ ਕੀਤਾ ਸੀ। ਬਹੁਤੀਆਂ ਬੱਚੀਆਂ ਕਹਿੰਦੀਆਂ, "ਪਿਤਾ ਜੀ! ਮੈਂ ਸ਼ਾਦੀ ਨਹੀਂ ਕਰਾਉਣੀ, ਗੁਰੂ ਸਾਹਿਬ ਜੀ ਦੀ ਬੰਦਗੀ ਸੇਵਾ ਕਰਨੀ ਹੈ। " ਉਸ ਵੇਲੇ ਮਹਾਰਾਜ ਸਾਹਿਬ ਜੀ ਦੇ ਪਾਸ ਆਪਣੀ ਲੜਕੀ ਵੇਚ ਦਿੰਦੇ, "ਮਹਾਰਾਜ ਇਹ ਹੁਣ ਸਾਡੀ ਲੜਕੀ ਨਹੀਂ, ਆਪ ਜੀ ਦੀ ਲੜਕੀ ਹੈ। ਇਹ ਸਦਾ ਹੀ ਇੱਥੇ ਰਹਿ ਕੇ ਸੇਵਾ ਬੰਦਗੀ ਕਰੇਗੀ, ਇਸ ਦਾ ਸੰਸਾਰੀ ਫ਼ੁਰਨਾ ਆਪ ਜੀ ਨੇ ਮੇਟ ਦਿਤਾ ਹੈ। " ਇਉਂ ਗੁਰੂ ਸਾਹਿਬ ਜੀ ਦੀ ਕ੍ਰਿਪਾ ਦੇ ਨਾਲ ਸਤਿਗੁਰੂ ਮਹਾਰਾਜ ਨਾਲ, ਇਉਂ ਸਾਂਝ ਕਰਦੇ, (ਹਰਿ)ਵਾਹਿਗੁਰੂ ਗੁਰੂ ਗੋਵਿੰਦ ਸਿੰਘ ਸਾਹਿਬ ਜੀ ਮਹਾਰਾਜ ਨਾਲ ਪ੍ਰੇਮ ਦਾ ਬਣਜ ਕਰਦੇ। ਕਿਉਂਕਿ ਹਰ ਵੇਲੇ ਹੀ ਗੁਰੂ ਘਰ 'ਚ ਸੇਵਕਾਂ ਦੀ ਲੋੜ ਸੀ, ਜੰਗ ਲੱਗੇ ਰਹਿੰਦੇ ਸਨ, ਨਿੱਤ ਨਵੇਂ ਸੂਰਜ ਸ਼ਹੀਦੀਆਂ ਹੁੰਦੀਆਂ ਰਹਿੰਦੀਆਂ, ਨਵੀਆਂ ਭਰਤੀਆਂ ਹੋਈ ਜਾਂਦੀਆਂ ਸਨ। ਧੰਨ ਗੁਰੂ ਦੇ ਪਿਆਰਿਆਂ ਨੇ ਐਸੀਆਂ ਕੁਰਬਾਨੀਆਂ ਕੀਤੀਆਂ। ਧੰਨ ਗੁਰੂ ਤੇ ਧੰਨ ਗੁਰੂ ਜੀ ਦੇ ਪਿਆਰੇ। ਪੂਰਨ ਗੁਰੂ ਜੀ ਨਾਲ ਵਣਜ ਕਰਨ ਵਾਲਾ, ਕ੍ਰੋੜਾਂ 'ਚੋਂ ਕੋਈ ਵਿਰਲਾ ਹੀ ਸੇਵਕ ਹੈ। ਯਥਾ:- ਕੋਟਿ ਮਧੇ. ਕੋ ਵਿਰਲਾ ਸੇਵਕੁ; ਹੋਰਿ ਸਗਲੇ ਬਿਉਹਾਰੀ॥)

ਕੋ ਹੈ ਲਰਿਕਾ ਬੇਚਈ; ਕੋਈ ਤਾਂ ਲੜਕੇ ਨੂੰ ਵੇਚ ਰਿਹਾ ਹੈ, ਬਈ ਮੇਰਾ ਬੱਚਾ ਕਨੇਡਾ 'ਚੋਂ ਆਇਆ ਹੈ, ਕੁੜੀ ਨਾਲ, ਇੱਕ ਕਿਲੋ ਸੋਨਾ ਲੈਣਾ ਹੈ, ਚਾਲੀ ਲੱਖ ਰੁਪੈ ਲੈਣੇ ਹਨ, ਬਹੁਤ ਭਿਆਨਕ ਜ਼ੁਲਮ ਹੈ, ਇਸ 'ਚ ਬਹੁਤ ਵੱਡਾ ਦੋਸ਼ ਹੈ। ਮਹਾਰਾਜ ਸਾਹਿਬ ਜੀ ਦੀ ਆਗਿਆ ਭੰਗ ਕਰਦੇ ਹਨ, ਸਹੀ ਪਛਾਣ ਨਹੀਂ ਕਰਦੇ, ਸਹੀ ਬੱਚੀ ਨਹੀਂ ਮਿਲ ਸਕੇਗੀ, ਜਿਸ ਕੋਲ ਦੋ ਨੰਬਰ ਦਾ ਪੈਸਾ ਹੈ, ਉਹ ਪੈਸੇ ਦੇਵੇਗਾ, ਪਰ ਸ਼ੁਭ ਬੰਸ ਚੱਲਣ 'ਚ ਬੜੇ ਵਿਘਨ ਹਨ। ਇੱਕ ਬੱਚੀ ਦੇ ਇਸੇ ਤਰ੍ਹਾਂ ਵਿਆਹ 'ਤੇ ਮਾਪਿਆਂ ਨੇ ਖ਼ਰਚ ਕੀਤਾ, ਜੋ ਬੱਚੇ ਵਾਲਿਆਂ ਨੇ ਮੰਗਿਆ

Sri Satguru Jagjit Singh Ji eLibrary NamdhariElibrary@gmail.com

ਦੇ ਦਿੱਤਾ, ਕਨੇਡਾ ਆ ਗਈ ਉਸ ਦੇ ਘਰ ਵਾਲਾ ਕਹਿੰਦਾ, "ਹੁਣ ਡਿਉਟੀ ਕਰ"। ਉਹ ਕਹਿੰਦੀ, "ਜਿਹੜਾ ੨੦ ਲੱਖ ਰੁਪਈਆ ਦਿਤਾ ਮੇਰੇ ਮਾਪਿਆਂ ਨੇ, ਉਹ ਡਿਉਟੀ ਕਰਨ ਲਈ ਨਹੀਂ ਦਿਤਾ। ਇੱਕ ਤਾਂ ਵੀਹ ਲੱਖ ਰੁਪਈਏ ਦੇਈਏ। ਇੱਥੇ ਆ ਕੇ ਡਿਉਟੀਆਂ ਕਰੀਏ। ਲਰਿਕੀ ਬੇਚੈ ਕੋਇ॥ ਕੋਈ ਲੜਕੀ ਵੇਚਦਾ ਹੈ, ਕਿ ਮੇਰੀ ਬੱਚੀ ਕਨੇਡਾ ਤੋਂ ਆਈ ਹੈ, ਮੈਂ ਚਾਲੀ ਲੱਖ ਰੁਪੈ ਲੈਣੇ ਹਨ, ਲਾਲਚੀ ਬੰਦੇ ਬਣੀ ਅਸੀਂ ਸਾਰਾ ਪਰਿਵਾਰ ਕੈਨੇਡਾ ਚਲੇ ਜਾਵਾਂਗੇ, ਚਾਲੀ ਲੱਖ ਰੁਪਈਆ ਦੇ ਕੇ, ਆਪਣੇ ਬੱਚੇ ਨੂੰ ਵਿਆਹ ਲੈਂਦੇ ਹਨ। ਪਰ ਮਹਾਰਾਜ ਸਾਹਿਬ ਜੀ ਨੇ ਕਿਹਾ, ਕੰਨਿਆ ਦੇਵੈ ਸਿੱਖ ਕਉ; ਲੇਵੈ ਨਹ ਕਿਛ ਦਾਮ, ਸੋਈ ਮੇਰਾ ਸਿੱਖ ਹੈ, ਪਹੁੰਚੇ ਮੇਰੇ ਧਾਮ॥ ਪਰ ਲਾਲਚੀ ਆਦਮੀ, ਲੋਭ ਲਹਰਿ ਸਭੁ. ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਲੋਭ ਦੀ ਲਹਿਰ ਕੁੱਤੇ ਵਾਲਾ ਹਲਕ ਹੈ, ਇਸ ਹਲਕ ਨੇ ਸਾਰੇ ਜੀਅ ਵਿਗਾੜ ਦਿੱਤੇ ਹਨ, ਜ਼ਿੰਦਗੀਆਂ ਵਿਗੜ ਰਹੀਆਂ ਹਨ, ਜੇ ਕੋਈ ਕਹੇ ਧਨ ਲੈ ਕੇ ਸੌਖੇ ਹੋ ਜਾਵਾਂਗੇ, ਬਿਲਕੁਲ ਨਹੀਂ ਹੋ ਸਕਦੇ। ਸੱਚੇ ਪਾਤਿਸ਼ਾਹ ਦੇ ਸਨਮੁਖ ਨਹੀਂ, ਗੁਰੂ ਜੀ ਤੋਂ ਬੇਮੁਖ ਹਨ।}

ਕੋ ਹੈ ਲਰਿਕਾ ਬੇਚਈ; ਲਰਿਕੀ ਬੇਚੈ ਕੋਇ॥ ਸਾਝਾ ਕਰੈ ਕਬੀਰ ਸਿਉ; ਹਰਿ ਸੰਗਿ ਬਨਜੁ ਕਰੇਇ॥੪੩॥ ਵਾਹਿਗੁਰੂ ਜੀ ਨੂੰ ਪ੍ਰੇਮ ਦੀਆਂ ਡੋਰੀਆਂ ਪਾ ਕੇ ਵੱਸ ਕਰਕੇ, ਵਾਹਿਗੁਰੂ ਬ੍ਰਹਮ ਸਰੂਪ ਕਬੀਰ ਸਾਹਿਬ ਜੀ ਇਸ ਸਲੋਕ 'ਚ ਕੁਰਬਾਨੀ ਦੇਣ ਲਈ ਫ਼ੁਰਮਾ ਰਹੇ ਹਨ:- "ਹੇ ਪਿਆਰਿਓ! ਹੈ ਕੋਈ; ਰਾਮ ਪਿਆਰੋ ਗਾਵੈ॥ ਅਨੁਸਾਰ ਹੈ (ਕੋ)ਕੋਈ ਆਪਣਾ (ਲਰਿਕਾ)ਲੜਕਾ ਅਥਵਾ ਲੜਕਾ ਮਨ, ਦਾਸਨ ਦਾਸ ਪਾਸ (ਬੇਚਈ)ਵੇਚਣਾ ਕਰੇ, (ਕੋਇ)ਕੋਈ ਪਿਆਰਾ ਦਾਸਨ ਦਾਸ ਨੂੰ ਆਪਣੀ (ਲਰਿਕੀ)ਲੜਕੀ ਅਥਵਾ ਲੜਕੀ ਬੁੱਧੀ ਬੇਚੈ, ਭਾਵ ਸਦਾ ਲਈ ਲੜਕਾ ਲੜਕੀ ਸਤਿਸੰਗਤ 'ਚ ਰਹਿਣ, ਕਥਾ ਕੀਰਤਨ ਬ੍ਰਹਮਵਿੱਦਿਆ ਸਿੱਖਣ ਸਿੱਖਾਉਣ, ਨਿਸ਼ਕਾਮ ਭਾਵ ਨਾਲ ਰਾਤ ਦਿਨ ਸੇਵਾ, ਗੁਰਸਿੱਖੀ ਦਾ ਪ੍ਰੇਮ ਪ੍ਰਚਾਰ ਕਰਕੇ, ਹਜ਼ਾਰਾਂ ਬੀਬੀਆਂ ਮਰਦਾਂ ਨੂੰ ਗੁਰੂ ਸੇਵਾ ਬੰਦਗੀ 'ਚ ਲਾਉਣ। ਆਪ ਨਾਮ ਜਪਣ, ਹੋਰਨਾਂ ਨੂੰ ਨਾਮ ਜਪਾਉਣ। ਲੜਕਾ ਮਨ, ਲੜਕੀ ਬੁੱਧੀ ਦਾਸਨ ਦਾਸ ਪਾਸ ਵੇਚੇ, ਭਾਵ ਮਨ ਕੋਈ ਹੰਗਤਾ ਵਿਕਾਰ ਦਾ ਸੰਕਲਪ ਨ ਕਰੇ, ਬੁੱਧੀ ਭੀ ਵਿਕਾਰਾਂ ਪਾਪਾਂ ਔਗੁਣਾਂ ਨੂੰ ਨਿਸਚੇ ਨ ਕਰੇ, ਦਾਸਨ ਦਾਸ ਕਬੀਰ (ਸਿਉ)ਨਾਲ (ਸਾਝਾ)ਸਾਂਝ (ਕਰੈ)ਕਰ ਲਵੇ ਤੇ (ਹਰਿ)ਵਾਹਿਗੁਰੂ ਜੀ (ਸੰਗਿ)ਨਾਲ, ਬਨਜੁ (ਕਰੇਇ)ਕਰ ਲਵੇ॥੪੩॥

ਕਬੀਰ. ਇਹ ਚੇਤਾਵਨੀ; ਮਤ ਸਹਸਾ ਰਹਿ ਜਾਇ॥ ਪਾਛੈ ਭੋਗ ਜੁ ਭੋਗਵੇ; ਤਿਨ ਕੋ ਗੁੜੁ ਲੈ ਖਾਹਿ॥੪੪॥ ਵਿਸ਼ਿਆਂ ਦੀ ਵਡਿਆਈ ਕਰ ਰਹੇ ਵਿਕਾਰੀ ਨੂੰ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:- ਹੇ ਭਾਈ! ਇਹ ਤੈਨੂੰ (ਚੇਤਾਵਨੀ)ਸਾਵਧਾਨਤਾ ਕਰਾਉਂਦਾ ਹਾਂ, (ਮਤ)ਮਤਾਂ ਤੇਰੇ ਮਨ 'ਚ ਕੋਈ (ਸਹਸਾ)ਸੰਸਾ ਰਹਿ (ਜਾਇ)ਜਾਵੇ, ਕਿ ਮੈਨੂੰ ਤਾਂ ਕਿਸੇ ਨੇ ਸਮਝਾਇਆ ਹੀ ਨਹੀਂ।

ਪਾਛੈ ਭੋਗ ਜੁ ਭੋਗਵੇ; ਤਿਨ ਕੋ ਗੁੜੁ ਲੈ ਖਾਹਿ॥੪੪॥੧. ਵਾਹਿਗੁਰੂ ਜੀ ਨੂੰ ਭੁਲਾ ਕੇ, ਅੱਜ ਤੋਂ (ਪਾਛੈ)ਪਹਿਲਾਂ, ਜੁ ਤੂੰ ਵਿਸ਼ੇ ਰਸਨਾ ਦੇ ਸੁਆਦ, ਭੋਗ (ਭੋਗਵੇ)ਭੋਗੇ ਹਨ, (ਤਿਨ)ਤਿਨ੍ਹਾਂ (ਕੋ)ਦੇ ਬਦਲੇ ਹੇ ਪੁਰਸ਼ਾ! ਤੂੰ ਬਜ਼ਾਰੋਂ ਥੋੜਾ ਜਿਹਾ ਗੁੜੁ ਤਾਂ ਲੈ ਕੇ (ਖਾਹਿ)ਖਾ ਕੇ ਦੱਸ॥੪੪॥ ਭਾਵ ਇਹ ਕਿ ਇਨ੍ਹਾਂ ਵਿਸ਼ਿਆਂ ਦੇ ਭੋਗਣ ਕਰਕੇ, ਰੰਚਕ ਮਾਤ੍ਰ ਗੁੜ ਮੰਗਿਆ ਭੀ ਨਹੀਂ ਮਿਲਦਾ, ਵਾਹਿਗੁਰੂ ਜੀ ਦਾ ਨਾਮ ਜਪਣ ਨਾਲ ਅਨੇਕਾਂ ਪਦਾਰਥ ਮਗਰ ੨ ਫਿਰਦੇ ਹਨ। ਇਨ੍ਹਾਂ ਵਿਸ਼ਿਆਂ ਕਰਕੇ ਏਡਜ਼ ਆਦਿ ਦੀ ਬਿਮਾਰੀ ਖੁਆਰੀ ਹੁੰਦੀ ਹੈ। ਯਥਾ:- ਕੇਤੇ; ਖਪਿ ਤੁਟਹਿ ਵੇਕਾਰ॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥)

Sri Satguru Jagjit Singh Ji eLibrary NamdhariElibrary@gmail.com

ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥੧॥ ਬਿਖਿਆ ਮਹਿ; ਕਿਨ ਹੀ. ਤ੍ਰਿਪਤਿ ਨ ਪਾਈ॥ ਜਿਉ ਪਾਵਕੁ. ਈਧਨਿ ਨਹੀ ਧ੍ਰਾਪੈ; ਬਿਨੁ ਹਰਿ. ਕਹਾ ਅਘਾਈ॥) ਸਾਥਿ ਨ ਚਾਲੈ. ਬਿਨੁ ਭਜਨ; ਬਿਖਿਆ ਸਗਲੀ ਛਾਰੁ॥) ਜੇਤਾ; ਮੋਹੁ ਪਰੀਤਿ ਸੁਆਦ॥ ਸਭਾ; ਕਾਲਖ ਦਾਗਾ ਦਾਗ॥) ਬਿਖਿਆ ਕੈ ਧਨਿ; ਸਦਾ ਦੁਖੁ ਹੋਇ॥ ਨਾ ਸਾਥਿ ਜਾਇ; ਨ ਪਰਾਪਤਿ ਹੋਇ॥) ਇਸੁ ਸੁਖ ਤੇ; ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ; ਸਾਚੁ ਕਰਿ ਜਾਨਾ॥੨॥) ਏਕੋ ਚੇਤਿ ਗਵਾਰ; ਕਾਜਿ ਤੇਰੈ ਆਵਈ॥ ਹਰਿਹਾਂ. ਬਿਨੁ ਨਾਵੈ ਤਨੁ ਛਾਰੁ; ਬ੍ਰਿਥਾ ਸਭੁ ਜਾਵਈ॥੨੧॥

ਕਬੀਰ. ਇਹ ਚੇਤਾਵਨੀ; ਮਤ. ਸਹਸਾ ਰਹਿ ਜਾਇ॥ ਪਾਛੈ ਭੋਗ ਜੁ ਭੋਗਵੇ; ਤਿਨ ਕੋ ਗੁੜੁ ਲੈ ਖਾਹਿ॥੪੪॥ ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- "ਹੇ ਗੁਰਸੇਵਕ ਜੀ! ਦਾਸਨ ਦਾਸ ਆਪ ਜੀ ਨੂੰ ਇਹ ਚੇਤਾਵਨੀ ਦਿੰਦਾ ਹੈ, ਮਤਾਂ ਆਪ ਜੀ ਦੇ ਮਨ ਅੰਦਰ ਸੰਸਾ ਰਹਿ ਜਾਏ ਕਿ ਮੈਨੂੰ ਕਿਸੇ ਨੇ ਦੱਸਿਆ ਹੀ ਨਹੀਂ। ਹੇ ਪਿਆਰੇ ਜੀ! ਪਿੱਛੇ ਜੋ ਤੂੰ ਭੋਗ ਭੋਗੇ ਹਨ, ਉਹ ਨਿਰੇ ਜ਼ਹਿਰ ਰੂਪ ਹਨ। ਯਥਾ:- ਬਿਖੈ ਕਉੜਤਣਿ ਸਗਲ ਮਾਹਿ; ਜਗਤਿ ਰਹੀ ਲਪਟਾਇ॥ ਨਾਨਕ. ਜਨਿ ਵੀਚਾਰਿਆ; ਮੀਠਾ ਹਰਿ ਕਾ ਨਾਉ॥੨॥ (ਤਿਨ)ਤਿਨ੍ਹਾਂ ਭੋਗੇ ਵਿਸ਼ਿਆਂ ਦੀ ਕਉੜੱਤਣ (ਕੋ)ਨੂੰ ਦੂਰ ਕਰਨ ਲਈ, ਗੁਰੂ ਗ੍ਰੰਥ ਸਾਹਿਬ ਤੋਂ ਨਾਮੁ ਗੁੜੁ ਲੈ ਕੇ (ਖਾਹਿ)ਛਕਣਾ ਕਰ, ਭਾਵ ਨਾਮ ਜਪਣਾ ਕਰ। ਸਾਵਧਾਨ ਕਰਦੇ ਹਨ, ਕਿ ਭਾਈ ਪਿੱਛੇ ਜਿਨ੍ਹਾਂ ਨੇ ਵਿਕਾਰ ਭੋਗੇ ਹਨ,ਉਹ ਵਿਸ਼ੇ ਵਿਕਾਰਾਂ 'ਚ ਖਪ ਟੁੱਟ ਗਏ ਹਨ। ਵਿਸ਼ੇ ਵਿਕਾਰ ਉਨ੍ਹਾਂ ਨੂੰ ਖਾ ਗਏ ਹਨ। ਇਨ੍ਹਾਂ ਤੋਂ ਸਾਵਧਾਨ ਹੋ ਕੇ, ਇਨ੍ਹਾਂ ਨੂੰ ਤਿਆਗ, ਗੁਰੂ ਚਰਨੀਂ ਪੈ ਜਾ ਵਾਹਿਗੁਰੂ ਵਾਹਿਗੁਰੂ ਜਪ"।

ਕਬੀਰ. ਮੈ ਜਾਨਿਓ ਪੜਿਬੋ ਭਲੋ; ਪੜਿਬੇ ਸਿਉ. ਭਲ ਜੋਗੁ॥ ਭਗਤਿ. ਨ ਛਾਡਉ, ਰਾਮ ਕੀ; ਭਾਵੈ ਨਿੰਦਉ ਲੋਗੁ॥੪੫॥ {ਗੁਰੂ ਪ੍ਰੇਮਾ- ਭਗਤੀ ਦੇ ਮਹਾਂ ਵਿਸਮਾਦ ਬੇਅੰਤ ਹੀ ਲਾਹੇ:- ਪ੍ਰੇਮਾ- ਭਗਤੀ ਬਿਨਾ, ਹਰ ਵੇਲੇ ਦਿਲ ਦਿਮਾਗ਼ ਸੜਦਾ ਰਹਿੰਦਾ ਹੈ। ਹਰ ਹਿਰਦੇ 'ਚ ਅੰਮ੍ਰਿਤ ਹੈ, ਪ੍ਰੇਮਾ- ਭਗਤੀ ਕਰਨ ਨਾਲ, ਪੂਰਨ ਗੁਰੂ ਗ੍ਰੰਥ ਸਾਹਿਬ ਜੀ ਅਪਣੇ ਸੇਵਕ ਜੀ ਦੇ ਰਿਦੇ 'ਚੋਂ ਮੁਖ 'ਚ ਅੰਮ੍ਰਿਤ ਭੇਜਦੇ ਹਨ। ਬਹੁਤ ਵੱਡਾ ਰਸ ਇਕਾਗ੍ਰਤਾ ਬਣਦੀ ਹੈ। ਯਥਾ:- ਛਾਤੀ ਸੀਤਲ. ਮਨੁ ਸੁਖੀ; ਛੰਤ ਗੋਬਿਦ ਗੁਨ ਗਾਇ॥ ਐਸੀ ਕਿਰਪਾ ਕਰਹੁ ਪ੍ਰਭ; ਨਾਨਕ ਦਾਸ ਦਸਾਇ॥੧॥ ਗੁਰੂ ਪ੍ਰੇਮਾ ਭਗਤੀ ਬਿਨਾ ਹਰ ਇਕ ਪ੍ਰਾਣੀ ਦਾ ਮਨ ਬਹੁਤ ਤੇਜ਼ੀ ਨਾਲ ਭੱਜਿਆ ਫਿਰਦਾ ਹੈ। ਇੰਦ੍ਰੇ ਆਪੋ ਆਪਣੇ ਵਿਸ਼ੇ 'ਚ ਭੱਜੇ ਫਿਰਦੇ ਹਨ, ਸ੍ਰੀਰ ਨੂੰ ਅੱਗ ਲੱਗੀ ਹੋਈ ਹੈ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥ ਗੁਰੂ ਭਗਤੀ ਬਿਨਾ ਸ੍ਰੀਰ ਨੂੰ ਭਿਆਨਕ ਰੋਗ ਲਗਦੇ ਹਨ। ਗੁਰੂ ਭਗਤੀ ਨਾਲ ਰੋਗ ਸੋਗ ਕਸ਼ਟ ਕਲੇਸ਼ ਦੀ ਨਿਵਿਰਤੀ ਹੁੰਦੀ ਹੈ। ਗੁਰੂ ਭਗਤੀ ਬਿਨਾ ਜੀਵ ਸੰਸਾਰ 'ਚ, ਚੋਰੀ ਯਾਰੀ ਪਾਨ ਬੀੜਾ ਜੂਆ ਸ਼ਰਾਬ ਕਤਲ, ਅਨੇਕ ਪ੍ਰਕਾਰ ਦੇ ਗਲਤ ਕੰਮ ਕਰਦੇ ਹਨ, ਗਿਣੇ ਨਹੀਂ ਜਾ ਸਕਦੇ। ਗੁਰੂ ਭਗਤੀ ਨਾਲ ਇਹ ਸਭ ਨਵਿਰਤ ਹੋ ਜਾਂਦੇ ਹਨ, ਫੇਰ ਜੀਵ ਪਰਉਪਕਾਰ ਵੱਲ ਲੱਗ ਜਾਂਦਾ ਹੈ। ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਨਾਮ ਜਪਦਾ ਜਪਾਉਂਦਾ ਹੈ। ਯਥਾ:- ਜਨੁ ਨਾਨਕੁ. ਧੂੜਿ ਮੰਗੈ ਤਿਸੁ ਗੁਰਸਿਖ ਕੀ; ਜੋ ਆਪਿ ਜਪੈ. ਅਵਰਹ ਨਾਮੁ ਜਪਾਵੈ॥੨॥ ਸੋ ਗੁਰੂ ਸੇਵਾ ਬੰਦਗੀ ਬਿਨਾ ਹਰ ਇੱਕ ਜੀਵ ਘਾਟੇ ਹੀ ਘਾਟੇ 'ਚ ਹੈ। ਯਥਾ:- ਬਿਨੁ ਗੁਰ ਸੇਵੇ; ਘਾਟੇ ਘਾਟਿ॥੫॥ ਗੁਰੂ ਬੰਦਗੀ ਕਰਕੇ ਬੇਹੱਦ ਸੁਖ ਹੀ ਸੁਖ ਹੁੰਦਾ ਹੈ। ਯਥਾ:- ਸੁਖਾ ਕੀ ਮਿਤਿ, ਕਿਆ ਗਣੀ; ਜਾ ਸਿਮਰੀ ਗੋਵਿੰਦੁ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥

Sri Satguru Jagjit Singh Ji eLibrary NamdhariElibrary@gmail.com

ਗੁਰੂ ਭਗਤੀ ਕਰਨ ਵਾਲੇ ਨੂੰ ਅਸੰਖ ਲਾਹੇ ਹਨ, ਗੁਰੂ ਭਗਤੀ ਕਰਨ ਵਾਲਿਆਂ ਤੋਂ ਭੀ ਅਸੰਖ ਜੀਆਂ ਦਾ ਉਧਾਰ ਹੁੰਦਾ ਹੈ, ਗੁਰੂ ਭਗਤੀ ਬਹੁਤ ਵੱਡੀ ਵਿਸ਼ੇਸ਼ ਹੈ, ਗੁਰਮਤਿ 'ਚ ਧਰਮ ਕ੍ਰਿਤ ਮਨ੍ਹਾ ਨਹੀਂ। ਗੁਰੂ ਭਗਤੀ ਕਰਨ ਵਾਲਾ ਧਰਮ- ਕ੍ਰਿਤ 'ਚ ਭੀ ਸਫ਼ਲ ਹੁੰਦਾ ਹੈ। ਗੁਰੂ ਅਮਰਦਾਸ ਸਾਹਿਬ ਜੀ ਨੇ ਬਾਰਾਂ ਵਰ੍ਹੇ, ਗੁਰੂ ਘਰ ਦਾ ਜਲ ਢੋਇਆ। ਲੰਗਰ ਦੀ ਸੇਵਾ ਝਾੜੂ ਚੱਕੀ ਪੀਸਣ ਦੀ ਬੇਹੱਦ ਸ਼ੁਭ ਸੱਚੀ ਸੇਵਾ ਕੀਤੀ। ਇਸ ਤਰ੍ਹਾਂ ਬੜੇ ਪ੍ਰੇਮੀ ਹੋਏ ਹਨ, ਜਿਨ੍ਹਾਂ ਨੇ ਗੁਰੂ ਭਗਤੀ ਕੀਤੀ ਜਿਵੇਂ ਭਾਈ ਮੰਝ, ਖੂਹ 'ਚ ਡਿੱਗਦੇ ਹਨ, ਮੰਝ ਪਿਆਰਾ ਗੁਰੂ ਨੂੰ; ਗੁਰ ਮੰਝ ਪਿਆਰਾ। ਮੰਝ ਗੁਰੂ ਕਾ ਬੋਹਿਥਾ; ਜੱਗ ਲੰਘਣਹਾਰਾ। ਸਾਕਤ ਗੁਰੂ ਭਗਤੀ ਕਰਨ ਵਾਲੇ ਨੂੰ ਨਿੰਦਦੇ ਹਨ, ਸਾਕਤ ਬਹੁਤ ਗ਼ਲਤ ਕੰਮ ਕਰਦੇ ਹਨ। ਗ਼ਲਤ ਕੰਮ ਕਰਨ ਵਾਲੇ ਨੂੰ ਕੁੱਝ ਨਹੀਂ ਕਹਿੰਦੇ। ਗੁਰੂ ਭਗਤੀ ਬਿਨਾ ਨਿੱਤ ਨਵੇਂ ਸੂਰਜ ਬੇਅੰਤ ਜੀਵ ਖ਼ਤਰਨਾਕ ਕੈਂਸਰ ਏਡਜ਼ ਬਿਮਾਰੀਆਂ ਨਾਲ ਮਰਦੇ ਹਨ। ਕਲਿ ਮਹਿ ਪ੍ਰੇਤ; ਜਿਨ੍ਹੀ. ਰਾਮੁ ਨ ਪਛਾਤਾ; ਸਤਜੁਗਿ ਪਰਮਹੰਸ ਬੀਚਾਰੀ॥) ਬਿਨੁ ਸਿਮਰਨ; ਕੂਕਰ ਹਰਕਾਇਆ॥ ਸਾਕਤ ਲੋਭੀ; ਬੰਧੁ. ਨ ਪਾਇਆ॥੬॥ ਬਿਨੁ ਸਿਮਰਨ; ਹੈ ਆਤਮ ਘਾਤੀ॥ ਸਾਕਤ ਨੀਚ; ਤਿਸੁ ਕੁਲੁ ਨਹੀ ਜਾਤੀ॥} ਬ੍ਰਹਮ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ, ਪੂਰਨ ਦ੍ਰਿੜਤਾ ਸਹਿਤ ਪ੍ਰੇਮਾ- ਭਗਤੀ ਕਰਨ ਕਰਾਉਣ ਬਾਰੇ ਫ਼ੁਰਮਾ ਰਹੇ ਹਨ:- {ਜੋਗ ਅਰਥ ਜੁੜਨਾ, ਦਸਵੇਂ ਦੁਆਰ ਸੁਆਸ ਚੜ੍ਹਾਉਣ ਵਾਲਾ ਜੋਗ ਨਹੀਂ} (ਮੈ)ਦਾਸਨ ਦਾਸ ਨੇ, ਇਹ ਨਿਸਚੇ ਕਰਕੇ (ਜਾਨਿਓ)ਜਾਣਿਆ ਹੈ , ਕਿ ਗੁਰਮੁਖੀ ਬ੍ਰਹਮਵਿੱਦਿਆ ਦਾ (ਪੜਿਬੋ)ਪੜ੍ਹਨਾ (ਭਲੋ)ਚੰਗਾ ਹੈ, ਕਿਉਂ ਜੋ ਬ੍ਰਹਮਵਿੱਦਿਆ ਪੜ੍ਹ ਕੇ, ਗੁਰਬਾਣੀ, ਗੁਰ ਇਤਿਹਾਸ, ਧਰਮ- ਹਿਤ ਸੇਵਾ ਸਿਮਰਨ ਕੁਰਬਾਨੀ ਕਰਨ ਵਾਲੇ ਮਹਾਂਪੁਰਸ਼ਾਂ ਦੇ ਪਰਉਪਕਾਰ, ਗੁਰੂ ਪ੍ਰੇਮਾ- ਭਗਤੀ ਨਾਮੁ (ਪੜਿਬੇ)ਪੜ੍ਹਨ (ਸਿਉ)ਨਾਲ, ਪ੍ਰੇਮਾ- ਭਗਤੀ ਕਰਕੇ ਵਾਹਿਗੁਰੂ ਜੀ 'ਚ (ਭਲ)ਭਲੀ ਪ੍ਰਕਾਰ (ਜੋਗੁ)ਜੁੜਨਾ ਹੁੰਦਾ ਹੈ। ਹੇ ਪਿਆਰਿਓ! ਵਿਆਪਕ ਰਾਮ ਜੀ (ਕੀ)ਦੀ ਪ੍ਰੇਮਾ (ਭਗਤਿ)ਭਗਤੀ ਦਾ ਪੜ੍ਹਨਾ ਸੁਨਣਾ ਦਾਸਨ ਦਾਸ (ਨ)ਨਹੀਂ (ਛਾਡਉ)ਛੱਡੇਗਾ, ਹੇ (ਲੋਗੁ)ਲੋਕੋ! (ਭਾਵੈ)ਭਾਵੇਂ, ਜੁਲਾਹਾ ੨ ਕਹਿ ਕੇ, ਦਾਸਨਦਾਸ ਦੀ (ਨਿੰਦਉ)ਨਿੰਦਾ ਹੀ ਕਰਦੇ ਰਹੋ।

ਅਰਥ ਦੂਜਾ:- ਦਾਸਨ ਦਾਸ ਨੇ, ਇਹ ਨਿਸਚੇ ਕਰਕੇ ਜਾਣਿਆ ਹੈ, ਕਿ ਰੋਜ਼ੀ ਲਈ ਸੰਸਾਰੀ ਵਿੱਦਿਆ ਦਾ ਪੜ੍ਹਨਾ ਚੰਗਾ ਹੈ, ਕਿਉਂ ਜੋ ਸੰਸਾਰੀ ਵਿੱਦਿਆ ਪੜ੍ਹ ਕੇ, ਧਰਮਕ੍ਰਿਤ ਕਰਕੇ ਦਸਵੰਧ ਦੇਈਦਾ ਹੈ, ਧਰਮ ਕਰਮ ਕਰੀਦੇ ਹਨ। ਪੜ੍ਹਨ ਨਾਲ, ਪੂਰਨ ਗੁਰੂ ਜੀ ਨੂੰ ਦਸਵੰਧ ਦੇ ਕੇ, ਧਰਮ ਕਰਮ ਕਰਕੇ ਵਾਹਿਗੁਰੂ ਜੀ 'ਚ ਭਲੀ ਪ੍ਰਕਾਰ ਜੁੜਨਾ ਹੁੰਦਾ ਹੈ। ਹੇ ਪਿਆਰਿਓ! ਵਿਆਪਕ ਰਾਮ ਜੀ ਦੀ ਪ੍ਰੇਮਾ ਭਗਤਿ, ਦਾਸਨ ਦਾਸ ਨਹੀਂ ਛੱਡੇਗਾ, ਹੇ ਲੋਕੋ! ਭਾਵੇਂ ਦਾਸਨਦਾਸ ਦੀ ਨਿੰਦਾ ਹੀ ਕਰਦੇ ਰਹੋ। ਯਥਾ:- ਭਗਤੀ ਤੋਖਿਤ ਦੀਨ ਕ੍ਰਿਪਾਲਾ ਗੁਣੇ; ਨ ਕਿਤ ਹੀ ਹੈ ਭਿਗਾ॥੧੩॥) ਭਗਤਿ ਭਾਇ; ਤਰੀਐ ਸੰਸਾਰੁ॥ ਬਿਨੁ ਭਗਤੀ; ਤਨੁ ਹੋਸੀ ਛਾਰੁ॥) ਗੁਣ ਸੰਜਮਿ ਜਾਵੈ, ਚੋਟ ਨ ਖਾਵੈ; ਨਾ ਤਿਸੁ ਜੰਮਣੁ ਮਰਣਾ॥ ਕਾਲੁ ਜਾਲੁ ਜਮੁ. ਜੋਹਿ ਨ ਸਾਕੈ; ਭਾਇ ਭਗਤਿ ਭੈ ਤਰਣਾ॥) ਕਹੁ ਨਾਨਕ; ਭਗਤਿ ਪ੍ਰਭ ਸਾਰੁ॥ ਬਿਨੁ ਭਗਤੀ; ਸਭ ਹੋਇ ਖੁਆਰੁ॥) ਬਿਨੁ ਭਗਤੀ. ਬਿਸਟਾ ਵਿਚਿ ਵਾਸਾ; ਵਿਸਟਾ ਵਿਚਿ. ਫਿਰਿ ਪਾਇਦਾ॥

ਕਬੀਰ. ਲੋਗੁ ਕਿ ਨਿੰਦੈ ਬਪੁੜਾ; ਜਿਹ ਮਨਿ. ਨਾਹੀ ਗਿਆਨੁ॥ ਰਾਮ ਕਬੀਰਾ ਰਵਿ ਰਹੇ; ਅਵਰ ਤਜੇ ਸਭ ਕਾਮ॥੪੬॥ ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪ੍ਰੇਮੀ ਜਨੋ! (ਲੋਗੁ)ਲੋਕ (ਬਪੁੜਾ)ਵਿਚਾਰਾ ਤੁੱਛ (ਕਿ)ਕੀ (ਨਿੰਦੈ)ਨਿੰਦਿਆ ਕਰ ਸਕਦਾ

Sri Satguru Jagjit Singh Ji eLibrary NamdhariElibrary@gmail.com

ਹੈ? (ਜਿਹ)ਜਿਸ ਦੇ ਮਨਿ 'ਚ, ਗੁਰਸਬਦ ਅਰਥ, ਗੁਰੂ ਇਤਹਾਸ, ਨਿਰਗੁਨ ਸਰਗੁਨ ਦੀ ਏਕਤਾ ਦਾ ਗਿਆਨੁ ਨਾਹੀ ਹੈ। ਦਾਸਨ ਦਾਸ ਕਬੀਰਾ ਰਾਮ ਜੀ ਨੂੰ (ਰਵਿ)ਉਚਾਰ ਰਿਹਾ, ਰਾਮ ਜੀ 'ਚ (ਰਵਿ)ਮਿਲ (ਰਹੇ)ਰਿਹਾ ਹੈ, (ਅਵਰ)ਹੋਰ ਜ਼ੋਰ ਜ਼ੁਲਮ ਮੰਦੇ ਪੁੱਠੇ ਦੁਨਿਆਵੀ ਖ਼ੁਦਗਰਜ਼ੀ ਦੇ (ਕਾਮ)ਕੰਮ (ਸਭ)ਸਾਰੇ (ਤਜੇ)ਛੱਡ ਦਿਤੇ ਹਨ॥੪੬॥ ਦਾਸਨ ਦਾਸ ਪ੍ਰਮਾਤਮਾ ਨਾਲ ਇੱਕ ਮਿੱਕ ਹੋ ਗਿਆ, ਇਸ ਲਈ ਨਿੰਦਾ ਦੀ ਕੋਈ ਪ੍ਰਵਾਹ ਨਹੀਂ, ਨਿੰਦਾ ਹੀ ਪਿਆਰੀ ਹੈ। ਯਥਾ:- ਗਉੜੀ॥ ਨਿੰਦਉ ਨਿੰਦਉ; ਮੋਕਉ ਲੋਗੁ ਨਿੰਦਉ॥ ਨਿੰਦਾ ਜਨ ਕਉ; ਖਰੀ ਪਿਆਰੀ॥ ਨਿੰਦਾ ਬਾਪੁ; ਨਿੰਦਾ ਮਹਤਾਰੀ॥੧॥ ਰਹਾਉ॥ ਨਿੰਦਾ ਹੋਇ; ਤ ਬੈਕੁੰਠਿ ਜਾਈਐ॥ ਨਾਮੁ ਪਦਾਰਥੁ; ਮਨਹਿ ਬਸਾਈਐ॥ ਰਿਦੈ ਸੁਧ; ਜਉ ਨਿੰਦਾ ਹੋਇ॥ ਹਮਰੇ ਕਪਰੇ; ਨਿੰਦਕੁ ਧੋਇ॥੧॥ ਨਿੰਦਾ ਕਰੈ; ਸੁ ਹਮਰਾ ਮੀਤੁ॥ ਨਿੰਦਕ ਮਾਹਿ; ਹਮਾਰਾ ਚੀਤੁ॥ ਨਿੰਦਕੁ ਸੋ; ਜੋ ਨਿੰਦਾ ਹੋਰੈ॥ ਹਮਰਾ ਜੀਵਨੁ; ਨਿੰਦਕੁ ਲੋਰੈ॥੨॥ ਨਿੰਦਾ ਹਮਰੀ; ਪ੍ਰੇਮ ਪਿਆਰੁ॥ ਨਿੰਦਾ ਹਮਰਾ; ਕਰੈ ਉਧਾਰੁ॥ ਜਨ ਕਬੀਰ ਕਉ; ਨਿੰਦਾ ਸਾਰੁ॥ ਨਿੰਦਕੁ ਡੂਬਾ; ਹਮ ਉਤਰੇ ਪਾਰਿ॥

ਕਬੀਰ. ਪਰਦੇਸੀ ਕੈ ਘਾਘਰੈ; ਚਹੁ ਦਿਸਿ. ਲਾਗੀ ਆਗਿ॥ ਖਿੰਥਾ. ਜਲਿ ਕੋਇਲਾ ਭਈ; ਤਾਗੇ. ਆਂਚ ਨ ਲਾਗ॥੪੭॥ { ਇਹ ਜੀਵ ਇਸ ਦੇਸ਼ 'ਚ ਰਹਿਣ ਵਾਲਾ ਨਹੀਂ, ਇਸ ਦਾ ਦੇਸ਼ ਨਿਰਗੁਨ ਬ੍ਰਹਮ ਜੀ ਹਨ, ਇੱਥੇ ਇਹ ਪ੍ਰਦੇਸੀ ਹੈ। ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਪੂਰਨ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:- ਪਰਦੇਸੀ- ਜੀਵ ਰੂਪੀ ਜੋਗੀ (ਕੈ)ਦੇ, ਸ੍ਰੀਰ ਰੂਪੀ (ਘਾਘਰੈ)ਚੋਲ਼ੇ ਨੂੰ, (ਚਹੁ)ਚਾਰ (ਦਿਸਿ)ਤਰਫ਼ੀਂ ਆਗਿ ਲਾਗੀ ਹੈ। ਅੱਖਾਂ ਪਰਾਇਆ ਰੂਪ ਦੇਖਦੀਆਂ ਹਨ, ਕੰਨ ਵਿਸ਼ੇ ਵਿਕਾਰਾਂ ਦੀਆਂ ਗੱਲਾਂ ਸੁਣਦੇ ਹਨ, ਜ਼ਬਾਨ ਨੂੰ ਵਿਸ਼ੇ ਵਿਕਾਰਾਂ ਸੁਆਦਾਂ ਦੀ ਅੱਗ ਲੱਗੀ ਹੈ, ਚਮੜੀ ਨੂੰ ਸਪਰਸ ਦੀ ਅੱਗ ਲੱਗੀ ਹੈ, ਹਰ ਵੇਲੇ ਸਪਰਸ ਚਾਹੁੰਦੀ ਹੈ। ਨਾਸਾਂ ਪਰ ਇਸਤ੍ਰੀ ਦੀ ਦੁਰਗੰਧੀ ਲੈਂਦੀਆਂ ਹਨ। ਈਰਖਾ ਤ੍ਰਿਸ਼ਨਾ ਦੀ ਅੱਗ 'ਚ, ਬੇਅੰਤ ਜੀਵ ਗੁਨਾਹ ਕਰਦਾ, ਇਹ ਫ਼ੈਸ਼ਨ ਗੁਨਾਹਾਂ ਕਾਲ਼ ਦੀ ਅੱਗ ਚਾਰ ਚੁਫ਼ੇਰੇ ਲੱਗੀ ਹੈ। ਯਥਾ:- ਚਾਰੇ ਕੁੰਟ ਕਾਲ ਕੇ ਵੱਸ। ਕਹਾਂ ਜਾਈਐ ਕਾਲ਼ 'ਤੇ ਨੱਸ।

ਖਿੰਥਾ. ਜਲਿ ਕੋਇਲਾ ਭਈ; ਤਾਗੇ. ਆਂਚ ਨ ਲਾਗ॥੪੭॥ {ਜਿਸਹਿ ਧਿਆਇਆ ਪਾਰਬ੍ਰਹਮੁ; ਸੋ ਕਲਿ ਮਹਿ ਤਾਗਾ॥ ਜਿਸ ਨੇ ਕਲਿਜੁੱਗ 'ਚ, ਵਾਹਿਗੁਰੂ ਜੀ ਧਿਆਉਣਾ ਕੀਤੇ ਹਨ, ਉਹ ਪੂਰਨ (ਤਾਗਾ)ਬ੍ਰਹਮਗਿਆਨੀ ਜੀ ਹਨ, ਸ੍ਰੀਰ ਨੂੰ ਨਾਸ਼ਵੰਤ, ਪੂਰਨ ਬ੍ਰਹਮ ਜੀ ਅਤੇ ਬ੍ਰਹਮਗਿਆਨੀ ਜੀ ਨੂੰ ਅਮਰ ਅਖੰਡ ਅਵਿਨਾਸ ਜਣਾ ਰਹੇ ਹਨ ਜੀ} ਇਹ ਪ੍ਰਦੇਸੀ ਜੀਵ ਰੂਪ ਜੋਗੀ ਦੀ ਦੇਹ ਰੂਪ ਖਿੰਥਾ, ਵਿਸ਼ੇ ਵਿਕਾਰਾਂ 'ਚ ਜਲਿ ਕੇ, (ਕੋਇਲਾ)ਸੁਆਹ (ਭਈ)ਹੋ ਗਈ, ਵਾਹਿਗੁਰੂ ਜੀ ਨਿਰਗੁਨ ਪ੍ਰਕਾਸ਼ ਸਰੂਪ (ਤਾਗੇ)ਧਾਗੇ, ਅਥਵਾ (ਤਾਗੇ)ਤੱਤ ਦੇ ਜਾਣੂੰ, ਗੁਰਸੇਵਕ ਜੀ ਨੂੰ (ਆਂਚ)ਸੇਕ ਦੀ ਲਾਗ (ਨ)ਨਹੀਂ ਲੱਗੀ। ਯਥਾ:- ਜਿਮੀ ਜਮਾਨ ਕੇ ਬਿਖੈ; ਸਮੱਸਤ ਏਕ ਜੋਤ ਹੈ॥ ਨ ਘਾਟ ਹੈ. ਨ ਬਾਢ ਹੈ; ਨ ਘਾਟ ਬਾਢ. ਹੋਤ ਹੈ॥) ਬ੍ਰਹਮਗਿਆਨੀ ਸਦ ਜੀਵੈ; ਨਹੀ ਮਰਤਾ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਬ੍ਰਹਮਗਿਆਨੀ ਜੀ, ਚੌਵੀ ਘੰਟੇ ਸਾਧਸੰਗਤ ਜੀ 'ਚ ਰਹਿੰਦੇ ਹਨ, ਭਜਨ ਸਿਮਰਨ ਬੰਦਗੀ ਸੇਵਾ ਕਰਨ ਵਾਲੇ, ਉਨ੍ਹਾਂ ਦੇ ਦੁਆਲੇ ਹਰ ਵੇਲੇ ਗੁਰਬਾਣੀ ਪੜ੍ਹਦੇ ਪੜ੍ਹਾਉਂਦੇ, ਜਾਪ ਕਰਦੇ ਕਰਾਉਂਦੇ ਹਨ, ਚਾਰ ਚਫ਼ੇਰੇ, ਹਰ ਸਮੇਂ ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਹੁੰਦੀ ਹੀ ਰਹਿੰਦੀ ਹੈ, ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ 'ਚ ਰਹਿੰਦੇ ਹਨ, ਇਸ ਲਈ ਉਨ੍ਹਾਂ ਨੂੰ ਸੇਕ ਨਹੀਂ ਲੱਗਦਾ। ਜੋਗੀ ਸੰਸਾਰ ਦੇ ਵਾਤਾਵਰਨ ਅੰਦਰ ਰਹਿ ਰਿਹਾ ਹੈ, ਸੰਸਾਰ 'ਚ ਚਾਰ ਚਫ਼ੇਰੇ ਔਗੁਣਾਂ ਵਿਕਾਰਾਂ ਫ਼ੈਸ਼ਨ ਦੀ ਅੱਗ ਹੈ। ਇਸ ਅੱਗ ਤੋਂ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਕੱਢਦੇ ਹਨ। ਯਥਾ:-

Sri Satguru Jagjit Singh Ji eLibrary NamdhariElibrary@gmail.com

ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ.ਬਾਹ ਪਕਰਿ; ਸਤਿਗੁਰਿ ਨਿਸਤਾਰਾ॥) ਅਗਨਿ ਸਾਗਰ ਤੇ. ਕਾਢਿਆ; ਪ੍ਰਭਿ. ਜਲਨਿ ਬੁਝਾਈ॥ ਅੰਮ੍ਰਿਤ ਨਾਮੁ ਜਲੁ ਸੰਚਿਆ; ਗੁਰ ਭਏ ਸਹਾਈ॥੨॥

ਕਬੀਰ. ਖਿੰਥਾ ਜਲਿ ਕੋਇਲਾ ਭਈ; ਖਾਪਰੁ ਫੂਟਮਫੂਟ॥ ਜੋਗੀ ਬਪੁੜਾ. ਖੇਲਿਓ; ਆਸਨਿ ਰਹੀ ਬਿਭੂਤਿ॥੪੮॥ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਕਾਮ ਕ੍ਰੋਧ ਲੋਭ ਮੋਹ ਹੰਕਾਰ ਫੈਸ਼ਨ ਨਿੰਦਾ ਈਰਖਾ ਬਖ਼ੀਲੀ ਗੰਦੇ ਗਾਣੇ ਸੁਨਣੇ, ਕਲੱਬਾਂ 'ਚ ਨੱਚਣਾ, ਨਸ਼ੇ ਕੁਕਰਮ ਚੋਰੀ ਯਾਰੀ ਦੀ ਅੱਗ ਲੱਗਣੇ ਕਰਕੇ, ਜੀਵ ਰੂਪ ਜੋਗੀ ਦੀ (ਖਿੰਥਾ)ਦੇਹ, ਜਲਿ ਕੇ (ਕੋਇਲਾ)ਸੁਆਹ (ਭਈ)ਹੋ ਗਈ। (ਜੋਗੀ ਖੱਪਰ ਨਾਲ ਘਰ ੨ ਮੰਗਦਾ ਹੈ) ਇਹ (ਖਾਪਰੁ)ਖੱਪਰ (ਫੂਟਮਫੂਟ)ਚੂਰ ਚੂਰ ਹੋ ਗਿਆ। ਇਹ ਜੀਵ ਰੂਪ (ਬਪੁੜਾ)ਤੁੱਛ ਜੋਗੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਈਰਖਾ ਚੋਰੀ ਯਾਰੀ ਕਤਲ ਮੰਦ ਕਰਮ ਪਾਪਾਂ ਦੀ ਖੇਲ 'ਚ (ਖੇਲਿਓ)ਖੇ੍ਲਿਆ, ਇਸ ਲਈ (ਖੇਲਿਓ)ਮਰ ਗਿਆ, (ਖੇਲਿਓ)ਖੇ੍ਲਿਆ ਚੌਰਾਸੀ ਲੱਖ ਜੂਨਾਂ 'ਚ, ਆਸਨਿ 'ਤੇ (ਬਿਭੂਤਿ)ਸੁਆਹ ਹੀ (ਰਹੀ)ਰਹਿ ਗਈ॥੪੮॥ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਜੋਗ ਦੁਆਰਾ ਪ੍ਰਾਪਤੀ ਨਹੀਂ, ਜੋਗ ਦੇ ਚਿੰਨ੍ ਧਾਰਨ ਦੀ ਲੋੜ ਨਹੀਂ, ਇਸ ਦੁਖੱਲੀ ਦਸ਼ਾ ਤੋਂ ਬਚੋ, ਪੂਰਨ ਗੁਰੂ ਜੀ ਦੀ ਪ੍ਰੇਮਾ-ਭਗਤੀ ਸਹਿਤ ਨਾਮ ਜਪ ਜਪਾ ਕੇ ਗੁਰਮੁਖਿ ਸੁਖ ਭੋਗਣਾ ਕਰੋ ਜੀ। ਯਥਾ:- ਐਸਾ ਜੋਗੁ ਕਮਾਵਹੁ ਜੋਗੀ॥ ਜਪ ਤਪ ਸੰਜਮੁ; ਗੁਰਮੁਖਿ ਭੋਗੀ॥)

ਕਬੀਰ. ਥੋਰੈ ਜਲਿ ਮਾਛੁਲੀ; ਝੀਵਰਿ ਮੇਲਿਓ ਜਾਲੁ॥ ਇਹ ਟੋਘਨੈ. ਨ ਛੂਟਸਹਿ; ਫਿਰਿ ਕਰਿ ਸਮੁੰਦੁ ਸਮ੍ਾਲਿ॥੪੯॥ ਭਾਵ ਅਰਥ:- { ਵਾਹਿਗੁਰੂ ਸਤਿ ਸੰਤੋਖ ਦਇਆ ਧਰਮ ਗ੍ਰੀਬੀ ਸਹਿਨਸੀਲਤਾ ਖਿਮਾ ਆਦਿਕ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਸਾਡੇ ਅੰਦਰ ਬਾਹਰ, ਸਰਬ ਕਲਾ ਭਰਪੂਰ ਪ੍ਰਭ; ਭਰਪੂਰ ਨਿਰਗੁਨ ਬ੍ਰਹਮ ਸਰੂਪ ਸਤਿਗੁਰੂ ਸਾਹਿਬ ਜੀ ਸਮੁੰਦ੍ ਸਰੂਪ, ਜੀਵ ਰੂਪ ਮੱਛੀ ਦਾ ਆਸਰਾ ਹਨ। ਭੂਤ ਪ੍ਰੇਤ ਉਪਾਸ਼ਨਾ ਥੋੜਾ ਜਲ ਹੈ। ਅੱਖਾਂ ਨਾਲ ਰੂਪ ਦੇਖਦਾ, ਕੰਨਾ ਨਾਲ ਗਾਣੇ ਸੁਣਦਾ, ਆਪ ਨਾਚ ਗਾਣੇ ਕਰਦਾ ਹੈ, ਰਸ ਮੰਨ ਕੇ ਪਦਾਰਥ, ਵਿਕਾਰ 'ਚ ਲੱਗਿਆ, ਥੋੜਾ ਜਲ ਹੈ। ਹੇ ਜੀਵ ਰੂਪ ਮੱਛੀਏ! ਕਾਲ ਰੂਪੀ ਝਿਉਰ ਨੇ, ਤੈਨੂੰ ਫੜਨ ਲਈ, ਸੁਆਦ ਰੂਪ ਜਾਲ਼ ਪਾਇਆ ਹੈ। ਰਸਨਾ ਦਾ ਸੁਆਦ, ਚਮੜੀ ਨੂੰ ਸਪਰਸ ਦਾ ਸੁਆਦ, ਅੱਖਾਂ ਨੂੰ ਰੂਪ ਦੇਖਣ ਦਾ ਸੁਆਦ, ਕੰਨਾਂ ਨੂੰ ਵਿਸ਼ੇ ਵਿਕਾਰ ਨਿੰਦਾ ਸੁਨਣ ਦਾ ਸੁਆਦ। ਜਿਵੇਂ ਬਾਜ਼ ਸ਼ਿਕਾਰ ਨੂੰ ਭੱਜ ਕੇ ਪੈਂਦਾ ਹੈ, ਇਉਂ ਇੰਦ੍ਰੇ ਆਪੋ ਆਪਣੇ ਭੋਗ ਨੂੰ ਧਾ ਕੇ ਪੈਂਦੇ ਹਨ। ਇਹ ਟੋਘਨੈ ਨ ਛੂਟਸਹਿ; ਦਾ ਥੋੜਾ ਸੁਖ ਹੈ, ਜਿਵੇਂ ਕਟੋਰੇ ਦਾ ਜਲ ਡੁੱਲ, ਸੁੱਕ ਜਾਂਦਾ ਹੈ, ਤੱਤਾ ਹੋ ਜਾਂਦਾ, ਇਸ ਤਰ੍ਾਂ ਵਿਸ਼ੇ ਵਿਕਾਰਾਂ ਦਾ ਸੁਖ ਹੈ, ਡੁੱਲਣ ਵਾਂਗ ਸਬੰਧੀ ਦਾ ਵਿਛੋੜਾ ਹੋ ਜਾਂਦਾ ਹੈ, ਸੁੱਕਣ ਵਾਂਗ ਸ੍ਰੀਰ ਰੋਗੀ ਬਿਮਾਰ ਹੋ ਜਾਂਦਾ ਹੈ, ਤੱਤਾ ਹੋਣ ਵਾਂਗ ਤੱਤੇ ਹੋ ਕੇ ਤਲਾਕ ਹੋ ਜਾਂਦਾ ਹੈ। ਇਹ ਥੋੜਾ ਸੁਖ ਹੈ, ਜਿੱਥੇ ਵਿਸ਼ੇ ਸੁਖ ਉੱਥੇ ਖੁਸ਼ੀ ਗ਼ਮੀ ਜੰਮਣ ਮਰਨ ਰੋਗ ਭੀ ਹਨ। ਜਿਹੜੀ ਚੀਜ਼ ਅਸੀਂ ਗੁਰੂ ਮਰਯਾਦਾ ਦੇ ਉਲਟ ਖਾਂਦੇ ਹਾਂ, ਖਾਣ ਤੋਂ ਬਾਦ ਉਹ ਸਾਨੂੰ ਤਕਲੀਫ਼ ਭੀ ਦਿੰਦੀ ਹੈ। ਜੇ ਕੋਈ ਖੰਡ ਹੀ ਖਾਈ ਜਾਵੇ ਇਸ ਨਾਲ ਸੂਗਰ ਹੋ ਜਾਂਦੀ ਹੈ। ਤਲ਼ੀਆਂ ਚੀਜ਼ਾਂ ਨਾਲ ਬਲੱਡ ਪ੍ਰੈਸਰ ਵਧ ਜਾਂਦਾ ਹੈ। ਜਿੱਥੇ ਸਪਰਸ ਦਾ ਭੋਗ ਹੈ ਉਥੇ ਨਾਲ ਰੋਗ ਭੀ ਹੈ। ਇਸ ਕਰਕੇ ਇਹ ਥੋੜੇ ਜਲ ਵਾਂਗ ਵਿਸ਼ੇ ਪਦਾਰਥਾਂ ਦਾ ਥੋੜਾ ਸੁਖ ਹੈ। ਯਥਾ:- ਬਿਨਸਿ ਜਾਇ. ਜੋ ਨਿਮਖ ਮਹਿ; ਸੋ. ਅਲਪ ਸੁਖੁ ਭਨੀਐ॥}

ਕਬੀਰ. ਥੋਰੈ ਜਲਿ ਮਾਛੁਲੀ; ਝੀਵਰਿ ਮੇਲਿਓ ਜਾਲੁ॥ ਇਹ ਟੋਘਨੈ. ਨ ਛੂਟਸਹਿ; ਫਿਰਿ ਕਰਿ ਸਮੁੰਦੁ ਸਮ੍ਾਲਿ॥੪੯॥ ਸਮੁੰਦ੍ ਦੇ ਮੇਲ 'ਚ ਥੋੜਾ ਪਾਣੀ, ਬਹੁਤ ਜਗਾ ਹੁੰਦਾ ਹੈ, ਮੱਛੀਆਂ ਕੁੱਦ ਕੇ ਥੋੜੇ ਜਲ 'ਚ ਆ ਜਾਂਦੀਆਂ ਹਨ, ਥੋੜੇ ਜਲ 'ਚ ਝਿਉਰ ਨੇ ਜਾਲ਼ ਪਾਇਆ ਦੇਖ ਕੇ, ਵਾਹਿਗੁਰੂ ਕਬੀਰ ਸਾਹਿਬ ਜੀ ਵੈਰਾਗਮਈ

Sri Satguru Jagjit Singh Ji eLibrary NamdhariElibrary@gmail.com

ਸਾਵਧਾਨ ਉਪਦੇਸ਼ ਫ਼ੁਰਮਾਉਂਦੇ ਹਨ:- ਸੁਆਦਾਂ ਦੇ ਵੱਸ ਹੋਈ, ਹੇ ਜੀਵ ਰੂਪੀ ਭੋਲੀ (ਮਾਛੁਲੀ)ਮੱਛੀ! ਕਾਲ਼ ਰੂਪੀ (ਝੀਵਰਿ)ਝਿਉਰ ਨੇ, ਤੈਨੂੰ ਫੜਨ ਲਈ, ਵਿਸ਼ੇ ਪਦਾਰਥਾਂ ਦੇ ਥੋੜੇ ਸੁਖ ਰੂਪ (ਥੋਰੈ)ਥੋੜੇ ਜਲਿ ਚ, ਸੁਆਦ ਰੂਪੀ ਜਾਲ਼ (ਮੇਲਿਓ)ਪਾ ਦਿਤਾ ਹੈ। ਇਹ ਵਿਸ਼ੇ ਪਦਾਰਥਾਂ ਦੇ ਥੋੜੇ ਸੁਖ ਰੂਪ (ਟੋਘਨੈ)ਥੋੜੇ ਜਲ 'ਚ, (ਛੂਟਸਹਿ)ਛੁੱਟ (ਨ)ਨਹੀਂ ਸਕੇਂਗੀ, ਇਸ ਲਈ ਫਿਰਿ, ਗੁਰੂ ਸਤਿਗੁਰੂ ਬ੍ਰਹਮ ਸਰੂਪ ਸਮੁੰਦੁ ਜੀ ਨੂੰ (ਸਮ੍ਹਾਲਿ)ਯਾਦ ਕਰਿ (ਸਮ੍ਹਾਲਿ)ਸੰਭਾਲਣਾ ਕਰਿ ਭਾਵ ਵਿਸ਼ੇ ਪਦਾਰਥਾਂ ਦੇ ਥੋੜੇ ਸੁਖ ਛੱਡ ਕੇ, ਗੁਰੂ ਸਮੁੰਦ੍ਰ 'ਚ ਲੀਣ ਹੋ ਜਾ। ਯਥਾ:- ਗੁਰੁ ਦਰੀਆਉ. ਸਦਾ ਜਲੁ ਨਿਰਮਲੁ; ਮਿਲਿਆ. ਦੁਰਮਤਿ ਮੈਲੁ ਹਰੈ॥ ਸਤਿਗੁਰਿ ਪਾਇਐ. ਪੂਰਾ ਨਾਵਣੁ; ਪਸੂ ਪਰੇਤਹੁ. ਦੇਵ ਕਰੈ॥) ਗੁਰੂ ਸਮੁੰਦੁ. ਨਦੀ ਸਭਿ ਸਿਖੀ; ਨਾਤੈ ਜਿਤੁ ਵਡਿਆਈ॥

ਕਬੀਰ. ਸਮੁੰਦੁ ਨ ਛੋਡੀਐ; ਜਉ ਅਤਿ ਖਾਰੋ ਹੋਇ॥ ਪੋਖਰਿ ਪੋਖਰਿ ਢੂਢਤੇ; ਭਲੋ ਨ ਕਹਿਹੈ ਕੋਇ॥੫੦॥ {ਜਿਵੇਂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ 'ਤੇ ਭਾਰੀ ਕਸ਼ਟਾਂ ਦਾ ਸਮਾਂ ਆਇਆ,ਉੱਬਲਦੀ ਦੇਗ਼ 'ਚ ਬੈਠੇ, ਤੱਤੇ ਰੇਤੇ 'ਤੇ ਬੈਠੇ, ਤੱਤਾ ਰੇਤਾ ਸੀਸ 'ਤੇ ਪੁਆਇਆ, ਫੇਰ ਭੀ ਮਹਾਰਾਜ ਸਾਹਿਬ ਜੀ, ਸੁਆਸ ੨ ਗੁਰਬਾਣੀ ਜੀ ਪੜ੍ਦੇ ਰਹੇ। ਲਗਾਤਾਰ ਚੰਦੂ ਦੇ ਘਰ, ਪੰਜ ਦਿਨ ਭੁੱਖ ਉਨੀਂਦ੍ਰਾ ਤ੍ਰੇਹ, ਕੁਬੋਲ ਸਹਾਰੇ, ਜੇਠ ਦੀ ਸਖ਼ਤ ਗਰਮੀ ਸੀ। ਮਹਾਰਾਜ ਸਾਹਿਬ ਜੀ, ਗੁਰ ਉਪਦੇਸ. ਨ ਵਿਸਰੈ; ਬਾਬੀਹੇ ਜਿਉ. ਆਖ ਵਖਾਣੀ॥ ਅਨੁਸਾਰ ਜਿਵੇਂ ਬਬੀਹਾ ਹਰ ਵੇਲੇ ਪ੍ਰਿਉ ਪ੍ਰਿਉ ਸਬਦ ਉਚਾਰਦਾ ਹੈ, ਗੁਰਬਾਣੀ ਜੀ ਹੀ ਉਚਾਰਦੇ ਰਹੇ। ਇਸ ਤਰ੍ਾਂ ਐਸਾ ਪਿਆਰ ਚਾਹੀਦਾ, ਕਿਤੈ ਪ੍ਰਕਾਰਿ; ਨ ਤੂਟਉ ਪ੍ਰੀਤਿ॥ ਦਾਸ ਤੇਰੇ ਕੀ; ਨਿਰਮਲ ਰੀਤਿ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ ਪ੍ਰੀਤਿ ਨ ਤੋਰਉ॥) ਜਿਵੇਂ ਬਾਬਾ ਮਤੀਦਾਸ ਸਾਹਿਬ ਜੀ ਦੇ ਸੀਸ 'ਤੇ ਆਰਾ ਵਗਣ ਲੱਗਿਆ, ਸ੍ਰੀ ਜਪੁ ਜੀ ਸਾਹਿਬ ਜੀ ਦਾ ਪਾਠ ਅਰੰਭ ਹੈ। ਭਾਈ ਮਨੀ ਸਿੰਘ ਜੀ ਦੇ ਬੰਦ ੨ ਕੱਟੇ ਜਾ ਰਹੇ ਹਨ, ਸੁਖਮਨੀ ਸਾਹਿਬ ਜੀ ਦਾ ਪਾਠ ਕਰ ਰਹੇ ਹਨ। ਭਾਈ ਤਾਰੂ ਸਿੰਘ ਜੀ ਖੋਪਰਾ ਲਾਹੁਣ ਤੋਂ ਬਾਦ, ੨੨ ਦਿਨ ਬੈਠੇ ਲਗਾਤਾਰ ਬੰਦਗੀ ਕਰਦੇ ਰਹੇ। ਹੇ ਜੀਵ ਰੂਪ ਮੱਛੀ! ਸਮੁੰਦ੍ ਵਾਹਿਗੁਰੂ ਜੀ ਤੇਰਾ ਜੀਵਨ ਹਨ। ਚਾਹੇ ਤੇਰੇ 'ਤੇ ਕਿੰਨੇ ਭੀ ਕਸ਼ਟ ਆ ਕੇ ਬਨਣ, ਫੇਰ ਭੀ ਵਾਹਿਗੁਰੂ ਜੀ ਨਹੀਂ ਛੱਡਣੇ। ਜਿਵੇਂ ਗੁਰੂ ਗੋਵਿੰਦ ਸਿੰਘ ਸੱਚੇ ਪਾਤਿਸ਼ਾਹ ਜੀ ਨੂੰ ਸਾਢੇ ਸੱਤ ਮਹੀਨੇ ਦਾ ਘੇਰਾ ਪਿਆ, ਸੱਚੇ ਸਤਿਗੁਰੂ ਸਾਹਿਬ ਜੀ ਦੀ ਜ਼ਿੰਦ ਜਾਨ, ਪੂਰਨ ਪ੍ਰੇਮੀ ਲਾਡਲੇ ਗੁਰਮੁਖਿ ਪੰਜ ਪਿਆਰੇ ਪੰਜ ਮੁਕਤੇ ਚਾਰ ਸਾਹਿਬਜ਼ਾਦੇ, ਬਾਬਾ ਆਲਮ ਸਿੰਘ ਜੀ ਭਾਈ ਉਦੇ ਸਿੰਘ ਜੀ ਭਾਈ ਬਚਿੱਤ੍ ਸਿੰਘ ਜੀ ਭਾਈ ਸੰਤ ਸਿੰਘ ਜੀ ਭਾਈ ਸੰਗਤ ਸਿੰਘ ਜੀ ਬਾਬਾ ਮਦਨ ਸਿੰਘ ਜੀ ਭਾਈ ਕੋਠਾ ਸਿੰਘ ਸਾਹਿਬ ਜੀ ਆਦਿ ਚਾਲ਼ੀ ਸਿੰਘ ਬੇਅੰਤ ਦੁੱਖ ਭੁੱਖ ਮਾਰ ਕਸ਼ਟ ਸ੍ਰੀਰਕ ਫੱਟ ਸਹਾਰ ਕੇ ਭੀ, ਸੱਚੇ ਪਾਤਿਸਾਹ ਜੀ ਦੇ ਸਨਮੁਖ ਰਹੇ। ਐਨੀ ਕਰੜੀ ਕਸ਼ਟਾਂ ਦੁੱਖਾਂ ਭਰੀ ਕਹਾਣੀ ਸੀ, ਭੁੱਖੇ ਰਹਿ ਕੇ ਦੁਸ਼ਮਣ ਨਾਲ ਲੜਨਾ, ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ। ਵਾਲੀ ਉੱਚ ਕਰਣੀ ਕੀਤੀ। ਇਨ੍ਾਂ ਗੁਰਮੁਖਾਂ ਪਰਉਪਕਾਰੀ ਸ਼ਹੀਦਾਂ ਨੇ ਸੱਚੇ ਸਤਿਗੁਰਾਂ ਜੀ ਨਾਲ ਅਥਾਹ ਪ੍ਰੇਮ ਕੀਤਾ ਤੇ ਹਿੱਕ ਥਾਪੜ ਕੇ ਕਿਹਾ, "ਸੱਚੇ ਸਤਿਗੁਰੂ ਸਾਹਿਬ ਜੀ ਜੇ ਕਹਿਣਗੇ ਕਿਲੇ 'ਚ ਰਹਿ ਕੇ ਹੀ ਸ਼ਹੀਦੀ ਦੇਣੀ ਹੈ, ਤਾਂ ਇੱਥੇ ਹੀ ਦੇਵਾਂਗੇ, ਜੇ ਹੁਕਮ ਕਰਨਗੇ ਕਿਲੇ 'ਚੋਂ ਬਾਹਰ ਜਾ ਕੇ ਸ਼ਹੀਦ ਹੋ ਜਾਵੋ, ਤਾਂ ਭੀ ਸ਼ਹੀਦੀ ਪਾਵਾਂਗੇ। " ਧੰਨ ਸੱਚੇ ਪਾਤਿਸਾਹ ਜੀ, ਧੰਨ ਹੈ ਆਪ ਜੀ ਦੀ ਕਮਾਈ, ਧੰਨ ਸਿੱਖ ਸਿੱਖਣੀਆਂ, ਸਖ਼ਤ ਕਸੌਟੀ ਸਹਾਰੀ, ਭੁੱਖੇ ਰਹਿ ਕੇ ਅੰਗ ੨ ਕਟਵਾਏ। ਇਨ੍ਾਂ ਸ਼ਹੀਦਾਂ ਨੇ ਬੜੀ ਕਰੜੀ ਕਸੌਟੀ ਸਹਾਰ ਕੇ ਸਿੱਖੀ ਦਾ ਬੀਜ ਰੱਖ ਲਿਆ। ਸੋ ਇਨ੍ਾਂ ਗੁਰਮੁਖਾਂ ਮਹਾਂਪੁਰਸ਼ਾਂ ਨੇ, ਸ੍ਰੀ ਅਨੰਦਗੜ੍ ਸਾਹਿਬ ਕਿਲੇ 'ਚ ਪੂਰਨ ਸਿਦਕ ਭਰੋਸੇ, ਗੁਰੂ ਪ੍ਰੇਮ 'ਚ ਲੀਨ, ਸੱਚੇ ਸਤਿਗੁਰੂ ਸਾਹਿਬ ਜੀ ਤੋਂ ਦ੍ਰਿੜਤਾ ਸਹਿਤ ਕੁਰਬਾਨ ਹੋਣ ਦੇ ਜੋ ਬੀਰਤਾ ਭਰੇ ਬਚਨ ਕਹੇ, ਉਹ

Sri Satguru Jagjit Singh Ji eLibrary NamdhariElibrary@gmail.com

ਸਹੀ ੨ ਸ੍ਰੀ ਚਮਕੌਰ ਸਾਹਿਬ ਜੀ ਵਿਖੇ, ਵੈਰੀ ਦਾ ਪੁਰਜਾ ੨ ਕੱਟ ਕੇ, ਸ਼ਹੀਦ ਹੋ ਕੇ ਕਮਾਏ। ਯਥਾ:- ਸੂਰਾ. ਸੋ ਪਹਿਚਾਨੀਐ; ਜੁ. ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥ ਸੋ ਉਨ੍ਹਾਂ ਨੇ ਸਮੁੰਦ੍ਰ ਰੂਪ ਸਤਿਗੁਰੂ ਸਾਹਿਬ ਜੀ ਨਹੀਂ ਛੱਡੇ। ਭਾਵੇਂ ਅਤਿਅੰਤ ਹੀ (ਖਾਰੋ)ਦੁਖ ਕਸ਼ਟ ਆ ਕੇ ਬਣਿਆ,ਫੇਰ ਭੀ ਪ੍ਰਵਾਹ ਨਹੀਂ ਕੀਤੀ। ਯਥਾ:- ਸਗਲੇ ਦੂਖ. ਅੰਮ੍ਰਿਤੁ ਕਰਿ ਪੀਵੈ; ਬਾਹੁੜਿ. ਦੂਖੁ ਨ ਪਾਇਦਾ॥) ਜੇ ਭੁਖ ਦੇਹਿ.ਤ ਇਤ ਹੀ ਰਾਜਾ; ਦੁਖ ਵਿਚਿ. ਸੂਖ ਮਨਾਈ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥ ਇਹ ਗੁਰਮੁਖਾਂ ਦੇ ਸੁਲੱਛਣ ਹਨ, ਮਹਾਰਾਜ ਸਾਹਿਬ ਜੀ ਦੇ ਸੱਚੇ ਚਰਨਕਮਲ ਨਹੀਂ ਛੱਡਦੇ}

ਕਬੀਰ. ਸਮੁੰਦੁ ਨ ਛੋਡੀਐ; ਜਉ ਅਤਿ ਖਾਰੋ ਹੋਇ॥ ਪੋਖਰਿ ਪੋਖਰਿ ਢੂਢਤੇ; ਭਲੋ ਨ ਕਹਿਹੈ ਕੋਇ॥੫੦॥ (ਬ੍ਰਹਮ ਜੀ ਨੂੰ ਖਾਰੇ ਨਹੀਂ ਕਹਿਣਾ) ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਮੁੰਦੁ)ਬ੍ਰਹਮ ਵਾਹਿਗੁਰੂ ਜੀ ਨੂੰ ਨ (ਛੋਡੀਐ)ਛੱਡੀਏ, (ਜਉ)ਜੇਕਰ ਅਪਣੇ 'ਤੇ (ਅਤਿ)ਅਤਿਅੰਤ (ਖਾਰੋ)ਕੌੜਾ ਦੁੱਖ ਹੋਇ ਜਾਵੇ, ਫੇਰ ਭੀ ਬ੍ਰਹਮ ਜੀ ਨਹੀਂ ਛੱਡਣੇ। ਹੇ ਜੀਵ ਰੂਪ ਮੱਛੀ! ਪੂਰਨ ਗੁਰੂ ਜੀ ਦੀ ਪ੍ਰੇਮਾ- ਭਗਤੀ ਛੱਡ ਕੇ, ਭੂਤ ਪ੍ਰੇਤ ਦੀ ਉਪਾਸ਼ਨਾ, ਪਾਪਾਂ ਔਗੁਣਾਂ ਵਿਕਾਰਾਂ 'ਚ ਖੱਚਤ ਹੋਣ ਰੂਪ (ਪੋਖਰਿ)ਛੱਪੜ (ਪੋਖਰਿ)ਛੱਪੜ (ਢੂਢਤੇ)ਲੱਭਣੇ, (ਕੋਇ)ਕੋਈ ਭੀ (ਭਲੋ)ਚੰਗਾ (ਨ)ਨਹੀਂ (ਕਹਿਹੈ)ਕਹੇਗਾ॥੫੦॥ ਛੱਪੜ ਢੂੰਡਣ ਵਾਂਗ ਜਦੋਂ ਮਹਾਰਾਜ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ, ਮੇਰਾ ਦੁਨੀਚੰਦ ਸ਼ੇਰ, ਜਸਵਾਰੀਆਂ ਦੇ ਹਾਥੀ ਦੀਆਂ ਤਵੀਆਂ ਵਿੰਨ੍ਹੇਗਾ, ਉਸ ਵੇਲੇ ਦੁਨੀਚੰਦ ਨੂੰ ਮਰੋੜ ਲੱਗ ਗਏ, ੨੦੦ ਜੁਆਨ ਨਾਲ ਲੈ ਕੇ ਕਿਲੇ 'ਚੋਂ ਉੱਤਰਨ ਲੱਗਾ, ਲੱਜ ਟੁੱਟ ਕੇ ਡਿੱਗਾ, ਲੱਤ ਟੁੱਟ ਗਈ, ਹਾਏ ੨ ਕਰਦਾ ਮੰਜੇ 'ਤੇ ਪਾ ਕੇ ਚੁੱਕ ਲਿਆਏ, ਸ੍ਰੀ ਅੰਮ੍ਰਿਤਸਰ ਆ ਕੇ ਅੰਦਰ ਪੈ ਗਿਆ, ਸਤਿਸੰਗਤ ਜੀ ਨੇ ਗਾਲ਼ਾਂ ਕੱਢੀਆਂ, ਸਪਣੀ ਨੇ ਡੰਗ ਦਿਤਾ, ਹਾਏ ਹਾਏ ਕਰਕੇ ਮਰ ਗਿਆ। ਯਥਾ:- (ਜੂਹੇ)ਸਾਰੇ (ਤਲਵਾਏ)ਪੁੱਠੇ ਲਮਕਦੇ ਹਨ- ਸਿਰ ਤਲਵਾਏ ਪਾਈਐ; ਚਮਗਿਦੜ ਜੂਹੇ॥ ਮੜੀ ਮਸਾਣੀ ਜੇ ਮਿਲੈ; ਵਿਚ ਖੱਡਾਂ ਚੂਹੇ॥ ਮਿਲੈ ਨ. ਵਡੀ ਆਰਜਾ; ਬਿਸੀਅਰ ਵਿਹੁ ਲੂਹੇ॥ ਹੋਇ ਕੁਚੀਲ ਵਰੱਤੀਐ; ਖਰ ਸੂਰ ਭਸੂਹੇ॥ ਕੰਦ ਮੂਲ ਚਿਤ ਲਾਈਐ; ਅਈਅੜ ਵਣ ਧੂਹੇ॥ ਵਿਣ ਗੁਰ. ਮੁਕਤਿ ਨ ਹੋਵਈ; ਜਿਉ ਘਰ ਵਿਣੁ ਬੂਹੇ॥ (ਅਈਅੜ)ਬੱਕਰੀਆਂ ਦਾ ਇੱਜੜ (ਵਾਰ ੩੬)

ਕਬੀਰ. ਨਿਗੁਸਾਏਂ ਬਹਿ ਗਏ; ਥਾਂਘੀ ਨਾਹੀ ਕੋਇ॥ ਦੀਨ ਗਰੀਬੀ ਆਪੁਨੀ; ਕਰਤੇ ਹੋਇ ਸੁ ਹੋਇ॥੫੧॥ ਵਾਹਿਗੁਰੂ ਜੀ, ਸ੍ਰੀ ਕਬੀਰ ਸਾਹਿਬ ਜੀ ਦੀ ਰਸਨਾ 'ਤੇ ਵਸ ਕੇ ਫ਼ੁਰਮਾ ਰਹੇ ਹਨ:- ਹੇ ਭਾਈ! ਇਹ ਸੰਸਾਰ ਰੂਪੀ ਵਗਦੇ ਦਰਿਆ ਦੇ, ਵਿਸ਼ੇ ਔਗੁਣ ਪਾਪ ਰੂਪੀ ਜਲ 'ਚ, (ਨਿਗੁਸਾਂਏਂ)ਨਿਗੁਰੇ ਸਾਕਤ (ਬਹਿ)ਰੁੜ ਗਏ, ਕਿਉਂਕਿ ਨਿਗੁਰਿਆਂ ਨੂੰ (ਕੋਇ)ਕੋਈ ਭੀ, ਪਾਪਾਂ ਵਿਕਾਰਾਂ ਜਮਾਂ ਜੂਨਾਂ ਕਸ਼ਟਾਂ ਤੋਂ (ਥਾਂਘੀ)ਥੰਮ੍ਹਣ ਭਾਵ ਬਚਾਉਣ ਵਾਲਾ ਨਾਹੀ ਸੀ। ਯਥਾ:- ਨਿਗੁਰੇ ਕਉ; ਗਤਿ ਕਾਈ ਨਾਹੀ॥ ਅਵਗਣਿ ਮੁਠੇ; ਚੋਟਾ ਖਾਹੀ॥) ਸੋ ਨਿਗੁਰਾ. ਜੋ ਮਰਿ ਮਰਿ ਜੰਮੈ; ਨਿਗੁਰੇ ਆਵਣ ਜਾਵਣਿਆ॥) ਬਿਨੁ ਸਤਿਗੁਰ. ਪਚਿ ਮੂਏ ਸਾਕਤ; ਨਿਗੁਰੇ ਗਲਿ. ਜਮ ਫਾਸਾ ਹੇ॥) ਜੇ. ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਿਗੁਰ. ਸੁਖੁ ਨ ਪਾਵਈ; ਫਿਰਿ ਫਿਰਿ ਜੋਨੀ ਪਾਹਿ॥੩॥) ਜੋ ਬਿਨੁ ਸਤਿਗੁਰ ਸੇਵੇ. ਖਾਦੇ ਪੈਨਦੇ; ਸੇ ਮੁਏ. ਮਰਿ ਜੰਮੇ ਕੋੜ੍ਹੇ॥ ਓਇ ਹਾਜਰੁ ਮਿਠਾ ਬੋਲਦੇ; ਬਾਹਰਿ ਵਿਸੁ ਕਢਹਿ ਮੁਖਿ ਘੋਲੇ॥ ਮਨਿ ਖੋਟੇ; ਦਜਿ ਵਿਛੋੜੇ॥੧੧॥ ਦਾਸਨ ਦਾਸ ਨੂੰ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ, (ਦੀਨ)ਧਰਮ, ਆਪੁਨੀ ਗਰੀਬੀ

Sri Satguru Jagjit Singh Ji eLibrary NamdhariElibrary@gmail.com

(ਦੀਨ)ਬਖ਼ਸ਼ੀ ਹੈ, ਦਾਸਨ ਦਾਸ ਭਾਣੇ 'ਚ ਸਦਾ ਪ੍ਰਸੰਨ ਹੈ, ਜੋ (ਕਰਤੇ)ਗੁਰੂ ਪਰਮੇਸਰ ਜੀ ਵੱਲੋਂ ਹੋਇ ਰਿਹਾ ਹੈ, (ਸੁ)ਸ੍ਰੇਸ਼ਟ ਹੋਇ ਰਿਹਾ ਹੈ। ਜੈਸੀ ਗ੍ਰੀਬੀ ਬਖ਼ਸ਼ੀ ਹੈ ਸੋ ਫ਼ੁਰਮਾ ਰਹੇ ਹਨ:- ਕਰਿ ਕਿਰਪਾ; ਜਿਸ ਕੈ ਹਿਰਦੈ ਗਰੀਬੀ ਬਸਾਵੈ॥ ਨਾਨਕ ਈਹਾ ਮੁਕਤੁ; ਆਗੈ ਸੁਖੁ ਪਾਵੈ॥) ਗਰੀਬੀ; ਗਦਾ ਹਮਾਰੀ॥ ਖੰਨਾ; ਸਗਲ ਰੇਨੁ ਛਾਰੀ॥) ਸਰਬ ਕੀ ਰੇਣ; ਹੋਵੀਜੈ॥ ਆਪੁ ਮਿਟਾਇ; ਮਿਲੀਜੈ॥) ਆਪਸ ਕਉ; ਜੋ ਜਾਣੈ ਨੀਚਾ॥ ਸੋਊ ਗਨੀਐ; ਸਭ ਤੇ ਊਚਾ॥) ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥) ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥)

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਜੇਕਰ ਨਿਗੁਰੇ ਰੁੜ੍ ਗਏ, ਆਪ ਜੀ ਪੂਰੇ ਗੁਰੂ ਨਾਨਕ ਦੇਵ ਧੰਨ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰੋ, ਆਪ ਕੁੱਝ ਨ ਬਣੋ। ਦੀਨਤਾ ਸਹਿਤ ਗ੍ਰੀਬੀ ਧਾਰ ਕੇ, ਭਾਣੇ 'ਚ ਪ੍ਰਸੰਨ ਰਹੋਂਗੇ, ਸੱਚੇ ਪਾਤਿਸ਼ਾਹ ਜੀ ਆਪਣੇ ਵਾਹਿਗੁਰੂ ਨਾਮ ਬੇੜੇ 'ਤੇ ਚਾੜ੍ ਕੇ, ਸੰਸਾਰ ਰੂਪੀ ਦਰਿਆ ਦੇ ਵਿਸ਼ੇ ਰੂਪੀ ਜਲ ਤੋਂ, ਮੁਕਤੀ ਰੂਪੀ ਕਿਨਾਰੇ 'ਤੇ ਪਾਰ ਲੰਘਾ ਦੇਣਗੇ। ਯਥਾ:- ਤੇਰਾ ਭਾਣਾ ਮੰਨੇ; ਸੁ ਮਿਲੈ ਤੁਧੁ ਆਏ॥) ਹਿਆਇ ਕਮਾਇ ਧਿਆਇਆ; ਪਾਇਆ ਸਾਧ ਸਰਣਾ॥ ਬੋਹਿਥੁ ਨਾਨਕ ਦੇਉ ਗੁਰੁ; ਜਿਸੁ ਹਰਿ ਚੜਾਏ. ਤਿਸੁ ਭਉਜਲੁ ਤਰਣਾ॥) ਪਤਣਿ ਕੂਕੇ ਪਾਤਣੀ; ਵੰਞਹੁ ਧ੍ਰੂਕਿ ਵਿਲਾੜਿ॥ ਪਾਰਿ ਪਵੰਦੜੇ ਡਿਠੁ ਮੈ; ਸਤਿਗੁਰ ਬੋਹਿਥਿ ਚਾੜਿ॥੬॥ ਵਾਹਿਗੁਰੂ ਨਾਮ ਜ਼ਹਾਜ਼ ਹੈ, ਚੜ੍ਹੇ ਸੋ ਉਤਰੇ ਪਾਰ। ਜੋ ਸਰਧਾ ਕਰ ਸੇਂਵਦੇ, ਗੁਰ ਪਾਰ ਉਤਾਰਨਹਾਰ।

ਕਬੀਰ. ਬੈਸਨਉ ਕੀ ਕੂਕਰਿ ਭਲੀ; ਸਾਕਤ ਕੀ ਬੁਰੀ ਮਾਇ॥ ਓਹੁ ਨਿਤ ਸੁਨੈ. ਹਰਿ ਨਾਮ ਜਸੁ; ਉਹ. ਪਾਪ ਬਿਸਾਹਨ ਜਾਇ॥੫੨॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਬੈਸਨੋ ਸੋ; ਜਿਸੁ ਊਪਰਿ ਸੁ ਪ੍ਰਸੰਨ॥ ਬਿਸਨ ਕੀ ਮਾਇਆ ਤੇ; ਹੋਇ ਭਿੰਨ॥ ਕਰਮ ਕਰਤ; ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ; ਨਿਰਮਲ ਧਰਮ॥ ਕਾਹੂ ਫਲ ਕੀ; ਇਛਾ ਨਹੀ ਬਾਛੈ॥ ਕੇਵਲ ਭਗਤਿ; ਕੀਰਤਨ ਸੰਗਿ ਰਾਚੈ॥ ਮਨ ਤਨ ਅੰਤਰਿ; ਸਿਮਰਨ ਗੋਪਾਲ॥ ਸਭ ਊਪਰਿ; ਹੋਵਤ ਕਿਰਪਾਲ॥ ਆਪਿ ਦ੍ਰਿੜੈ; ਅਵਰਹ ਨਾਮੁ ਜਪਾਵੈ॥ ਨਾਨਕ. ਓਹੁ ਬੈਸਨੋ; ਪਰਮ ਗਤਿ ਪਾਵੈ॥੨॥ ਉਪ੍ਰੋਕਤ ਗੁਣਾਂ ਵਾਲੇ, ਮਾਸ ਦੇ ਤਿਆਗੀ, ਸ਼ੁਭ ਗੁਣਾਂ ਦੇ ਧਾਰਨੀ ਸੱਚੇ (ਬੈਸਨਉ)ਬੈਸਨੂੰ ਭਗਤ ਜੀ (ਕੀ)ਦੀ (ਕੂਕਰਿ)ਕੁੱਤੀ (ਭਲੀ)ਚੰਗੀ ਹੈ। ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥ ਬਾਤਨ ਹੀ; ਅਸਮਾਨੁ ਗਿਰਾਵਹਿ॥੧॥ ਐਸੇ ਨਾਸਤਕ (ਸਾਕਤ)ਨਿਗੁਰੇ ਨਾਮਹੀਨ ਕਠੋਰ ਚਿੱਤ ਕਪਟੀ, (ਕੀ)ਦੀ ਮਾਇ ਭੀ ਬੁਰੀ ਹੈ। ਦੁਸ਼ਟਾਂ ਦੀ ਮਾਤਾ ਕਿਉਂ ਬੁਰੀ, ਸੰਤਾਂ ਦੀ ਕੁੱਤੀ ਕਿਉਂ ਭਲੀ ਹੈ?

ਓਹੁ ਨਿਤ ਸੁਨੈ. ਹਰਿ ਨਾਮ ਜਸੁ; ਉਹ. ਪਾਪ ਬਿਸਾਹਨ ਜਾਇ॥੫੨॥ ਸੰਤਾਂ ਮਹਾਂਪੁਰਸ਼ਾਂ ਦੀ ਕੁੱਤੀ ਇਸ ਲਈ ਚੰਗੀ ਹੈ, ਓਹ ਨਿਤ (ਹਰਿ)ਸ੍ਰਬ ਵਿਆਪੀ ਵਾਹਿਗੁਰੂ ਜੀ ਦੇ ਨਾਮ (ਜਸੁ)ਸਿਮਰਨ ਕਥਾ ਕੀਰਤਨ (ਸੁਨੈ)ਸੁਣਦੀ ਹੈ,ਅਤੇ ਰਾਤ ਨੂੰ ਜਾਗ ਕੇ ਪਹਿਰਾ ਦਿੰਦੀ ਹੈ, ਮਹਾਤਮਾ ਦੇ ਦਰਸ਼ਨ ਕਰਦੀ ਹੈ, ਪੂਛ ਹਿਲਾ ਕੇ ਬੜਾ ਧੰਨਵਾਦ ਕਰਦੀ ਹੈ,ਸਾਕਤ ਦੀ ਮਾਂ ਤਾਂ ਬੁਰੀ ਕਹੀ ਹੈ, ਉਹ ਹਮੇਸ਼ਾਂ ਹੀ (ਪਾਪ)ਪਾਪਾਂ ਨੂੰ (ਬਿਸਾਹਨ)ਖ੍ਰੀਦਣ (ਜਾਇ)ਜਾਂਦੀ ਹੈ, ਹੋਰ ਸਾਕਤਾਂ ਨੂੰ ਜਨਮ ਦਿੰਦੀ ਹੈ॥੫੨॥ ਵਾਹਿਗੁਰੂ ਜੀ ਦੇ ਜੋ ਭਗਤ ਹਨ, ਉਨ੍ਹਾਂ ਦੀ ਕੂਕਰ ਦਾਸੀ ਕੁੱਤੀ ਬਣ ਕੇ ਭੀ ਰਹਿਣਾ ਚੰਗਾ ਹੈ। ਮਹਾਤਮਾ ਜੀ ਪਾਸ ਰਹਿੰਦਿਆਂ ਜੇ ਕੋਈ ਦੂਰੋਂ ਭੀ ਬੁਰਕੀ ਸੁੱਟ ਦੇਵੇ, ਆਦਰ ਨ ਭੀ ਹੋਵੇ ਤਾਂ ਭੀ ਮਹਾਰਾਜ ਜੀ ਦਾ ਸ਼ੁਕਰ ਮਨਾਵੇ। ਕੁੱਤੀ ਬਣ ਕੇ ਰਹਿਣ 'ਚ ਬੜੇ

Sri Satguru Jagjit Singh Ji eLibrary NamdhariElibrary@gmail.com

ਗੁਣ ਹਨ, ਕੁੱਤੀ ਜਿਵੇਂ ਬਹੁਤਾ ਧੰਨਵਾਦ ਕਰਦੀ ਹੈ, ਹਰ ਵੇਲੇ ਧੰਨਵਾਦ ਹੀ ਕਰੀ ਜਾਵੇ, ਕੋਮਲ ਬਾਣੀ; ਸਭ ਕਉ ਸੰਤੋਖੈ॥ ਆਪਣੇ ਆਪ ਨੂੰ ਇੱਕ ਬਚਨ ਬੋਲੇ ਬਾਕੀ ਸਾਰੀ ਸਤਿਸੰਗਤ ਜੀ ਨੂੰ ਬਹੁ ਬਚਨ ਬੋਲੇ, ਹਰ ਵੇਲੇ ਅਨੁਸਾਰੀ ਰਹੇ, ਕਥਾ ਕੀਰਤਨ ਹਿਤ ਪ੍ਰੇਮ ਪਿਆਰ ਨਾਲ ਸੁਣੇ, ਚਾਅ ਨਾਲ ਸੇਵਾ ਕਰੇ, ਸਾਕਤਾਂ ਦੀ ਮਾਂ ਬਣ ਕੇ ਉਨ੍ਹਾਂ ਕੋਲ ਰਹਿਣਾ ਬਹੁਤ ਹੀ ਬੁਰਾ ਹੈ।

ਸਾਕਤ ਕੀ; ਬੁਰੀ ਮਾਇ॥ 'ਤੇ ਸਾਖੀ:- ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥) ਵਾਟੇ ਮਾਣਸ ਮਾਰਦਾ; ਬੈਠਾ ਬਾਲਮੀਕ ਬਟਵਾੜਾ॥ ਬਾਲਮੀਕ ਰਾਹੀਆਂ ਨੂੰ ਮਾਰ ਕੇ ਦੌਲਤ ਖੋਹ ਲੈਂਦਾ, ਜ਼ਮਾਨਾ ਬਹੁਤ ਗ਼ੀਬੀ ਦਾ ਸੀ, ਦੁਨੀਆਂ ਕੋਲ ਧਨ ਭੀ ਘੱਟ ਹੁੰਦਾ ਸੀ। ਇੱਕ ਵਾਰੀ ਕਿਸ਼ੋਰ ਅਵਸਥਾ ਦਾ ਬੱਚਾ, ਸਾਹਮਣੇ ਆਇਆ, ਇਸ ਨੇ ਉਸ ਨੂੰ ਪੁੱਛਣ ਤੋਂ ਬਿਨਾ ਹੀ, ਸਿਰ 'ਚ ਲਾਠੀ ਮਾਰੀ, ਉਹ ਵਿਚਾਰਾ ਜਾਨੋ ਹੀ ਮਰ ਗਿਆ। ਜਦੋਂ ਤਲਾਸ਼ੀ ਲਈ ਤਾਂ ਦੋ ਪੈਸੇ ਨਿਕਲੇ, ਮਨ 'ਚ ਬੜੀ ਉਦਾਸੀ ਹੋਈ ਕਿ ਮੈਂ ਦੋ ਪੈਸੇ ਲਈ ਬੱਚੇ ਨੂੰ ਮਾਰ ਦਿਤਾ, ਇਸ ਦੇ ਮਾਤਾ ਪਿਤਾ ਰੋ ੨ ਕੇ ਮਰ ਜਾਣਗੇ, ਬੜੀ ਮਾੜੀ ਗੱਲ ਕੀਤੀ ਹੈ। ਯਥਾ:- ਕਰਿ ਅਉਗਣ ਪਛੋਤਾਵਣਾ॥ ਘਰ ਆ ਕੇ ਮਾਤਾ ਕੋਲ ਉਦਾਸੀ ਪ੍ਰਗਟ ਕੀਤੀ, ਮਾਂ ਕਹਿੰਦੀ ਲਿਆ ਦੋ ਪੈਸੇ, ਦੋ ਪੈਸੇ ਲੈ ਕੇ ਬਜ਼ਾਰ ਗਈ, ਮੱਛੀ ਦੇ ਪੂੰਗ ਲੈ ਆਈ, ਕਿਹਾ, "ਦੇਖ ਪੁੱਤ! ਇੱਕ ਮਛੇਰੇ ਨੇ ਦੋ ਪੈਸੇ ਲਈ, ਕਿੰਨੇ ਪੂੰਗ ਮਾਰੇ ਹਨ। ਤੂੰ ਇੱਕ ਬੱਚੇ ਨੂੰ ਮਾਰ ਕੇ ਉਦਾਸ ਹੋ ਗਿਆ ਹੈਂ" ਉਸ ਨੂੰ ਪਾਪ ਕਰਨ 'ਚ ਫਿਰ ਜੋੜ ਦਿਤਾ। ਖੋਟੀ ਮਾਂ ਦੇ ਕਹਿਣ ਤੋ ਦੁਬਾਰਾ ਰਾਹ ਰੋਕਿਆ। ਯਥਾ:- ਵਾਟੇ ਮਾਣਸ ਮਾਰਦਾ; ਬੈਠਾ ਬਾਲਮੀਕ ਬਟਵਾੜਾ॥ ਪੂਰਾ ਸਤਿਗੁਰ ਸੇਵਿਆ; ਮਨ ਵਿਚ ਹੋਆ ਖਿੰਜੋਤਾੜਾ॥ ਮਾਰਣ ਨੋਂ ਲੋਚੈ ਘਣਾ; ਕਢ ਨ ਹੰਘੈ ਹੱਥ ਉਘਾੜਾ॥ ਸਤਿਗੁਰ ਮਨੂਆ ਰਖਿਆ; ਹੋਇ ਨ ਆਵੈ ਉਛੋਹਾੜਾ॥ ਅਉਗਣ ਸਭ ਪਰਗਾਸਿਅਨੁ; ਰੋਜ਼ਗਾਰੁ ਹੈ ਇਹ ਅਸਾੜਾ॥ ਘਰ ਵਿਚ ਪੁਛਣ ਘਲਿਆ; ਅੰਤਕਾਲ ਹੈ ਕੋਇ ਅਸਾੜਾ॥ ਕੋੜਮੜਾ ਚਉਖੰਨੀਐ; ਕੋਇ ਨ ਬੇਲੀ ਕਰਦੇ ਝਾੜਾ॥ ਸਚ ਦ੍ਰਿੜਾਇ ਉਧਾਰਿਅਨੁ; ਟਪ ਨਿਕਥਾ ਉਪਰ ਵਾੜਾ॥ ਗੁਰਮੁਖ ਲੰਘੇ ਪਾਪ ਪਹਾੜਾ॥੧੯॥ (ਵਾਰ ੧੦)

ਦੂਜੀ ਟੂਕ:- ਇੱਕ ਚੋਰਟੀ, ਨਵੀਂ ਵਿਆਹੀ ਬੱਚੀ ਕੋਲ਼ੇ ਜਾ ਕੇ, ਉਸ ਨੂੰ ਵਡਿਆਉਂਦੀ, "ਵਾਹੁ ਵਾਹੁ, ਮਾਪਿਆਂ ਨੇ ਤੈਨੂੰ ਬਹੁਤ ਕੁੱਝ ਦਿਤਾ ਹੈ", ਚੋਰ ਦ੍ਰਿਸ਼ਟੀ ਨਾਲ ਉਸ ਦਾ ਸਭ ਕੁੱਝ ਦੇਖਦੀ, ਜਿੱਥੇ ਉਸ ਨੇ ਗਹਿਣੇ ਰੱਖਣੇ, ਉੱਥੇ ਹਿੰਗ ਲਾ ਦੇਣੀ, ਆਪਣੇ ਬੱਚਿਆਂ ਨੂੰ ਕਹਿ ਦੇਣਾ, ਕਿ ਰਾਤ ਨੂੰ ਜਾ ਕੇ ਉਸ ਨੂੰ ਲੁੱਟ ਲਉ। ਭਾਰੇ ਭੁਈ ਅਕਿਰਤਘਣ; ਮੰਦੀ ਹੂ ਮੰਦੇ॥ ਸਾਕਤ ਨੂੰ ਜਨਮ ਦਿੰਦੀ ਹੈ, ਦੁਨੀਆਂ ਤੇ ਹਰ ਵੇਲੇ ਹੀ ਪੁੱਠੇ ਕੰਮ ਕਰਦੀ ਹੈ। ਅੱਗ ਲਾਉਂਦੀ ਕਲੇਸ਼ ਕਰਦੀ ਹੈ, ਸਾਊ ਬੱਚੀਆਂ ਦੇ ਜੀਵਣ ਭੈੜੇ ਬਣਾਉਂਦੀ ਹੈ। ਇਸ ਲਈ ਸਾਕਤ ਦੀ ਮਾਂ ਬੁਰੀ, ਵਾਹਿਗੁਰੂ ਜੀ ਦੇ ਪਿਆਰੇ ਭਗਤ ਜੀ ਦੀ ਕੁੱਤੀ ਭੀ ਚੰਗੀ ਕਹੀ ਹੈ। ਸੋ ਵਾਹਿਗੁਰੂ ਜੀ ਦੇ ਪ੍ਰੇਮੀ ਭਗਤ ਜੀ ਦੀ ਕੂਕਰੀ ਬਣ ਕੇ ਰਹਿਣਾ ਭੀ ਚੰਗਾ ਹੈ"।

ਕਬੀਰ. ਹਰਨਾ ਦੂਬਲਾ; ਇਹੁ ਹਰੀਆਰਾ ਤਾਲੁ॥ ਲਾਖ ਅਹੇਰੀ. ਏਕੁ ਜੀਉ; ਕੇਤਾ ਬੰਚਉ ਕਾਲੁ॥੫੩॥ ਜਿਵੇਂ ਕੱਚਾ ਤਾਲ. ਹਰੇ ਬੂਰ ਨਾਲ਼ ਹਰਾ ਹੋਵੇ, ਸ਼ੂਵਰ ਦੁਆਲ਼ੇ ਲੱਖਾਂ ਸ਼ਿਕਾਰੀ, ਮਾਰਨ ਲਈ ਤਿਆਰ ਹੋਣ। ਹਰਨ ਭੁਲੇਖੇ ਨਾਲ ਹਰੀ ਅੰਗੂਰੀ ਸਮਝ ਕੇ, ਚਰਨ ਲਈ ਪ੍ਰਵੇਸ਼ ਕਰ ਜਾਵੇ, ਧੋਖਾ ਹੈ। ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ ਫ਼ਰਮਾ ਰਹੇ ਹਨ:- ਜਨਮਾਂ ੨ 'ਚ, ਜਮਾਂ ਵਿਕਾਰਾਂ ਦੀਆਂ ਚੋਟਾਂ ਡਰ ਦੇ ਮਾਰੇ, ਗੁਰੂ ਸੇਵਾ ਸਿਮਰਨ ਬਲ ਰਹਿਤ (ਦੂਬਲਾ)ਕਮਜ਼ੋਰ ਹੇ ਜੀਵ ਰੂਪ ਹਰਨਾ!, ਪਾਪਾਂ ਵਿਕਾਰਾਂ ਔਗੁਣਾਂ ਪਦਾਰਥਾਂ ਰੂਪ ਬੂਰ ਵਾਲਾ ਇਹੁ ਸੰਸਾਰ ਰੂਪ (ਹਰੀਆਰਾ)ਹਰਿਆਵਲਾ (ਤਾਲੁ)ਸ਼ੂਵਰ ਹੈ। ਪਦਾਰਥ ਰੂਪ ਬੂਰ ਹਰਾ ਭਰਾ ਸੱਚਾ ਮੰਨ

Sri Satguru Jagjit Singh Ji eLibrary NamdhariElibrary@gmail.com

ਕੇ, ਇਸ ’ਚ ਪ੍ਰਵੇਸ ਖੱਚਤ ਨ ਹੋ। ਹੇ ਜੀਵ ਰੂਪੀ ਹਰਨ! ਤੇਰਾ (ਏਕੁ)ਇੱਕ (ਜੀਉ)ਜੀਅ ਹੈ, ਤੇਰੇ ਦੁਆਲੇ, ਤੈਨੂੰ ਮਾਰਨ ਵਾਲੇ, ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਸ਼ੇਰ ਸੱਪ ਕੰਨ ਖਜ਼ੂਰਾ, ਨਿੰਦਾ ਚੋਰੀ ਯਾਰੀ ਮੰਦ ਕਰਮ ਤ੍ਰਿਸ਼ਨਾ ਆਸਾ ਆਦਿ (ਲਾਖ)ਲੱਖਾਂ (ਅਹੇਰੀ)ਸ਼ਿਕਾਰੀ ਹਨ, ਕਾਲੁ ਤੋਂ (ਕੇਤਾ)ਕਿਤਨਾ ਸਮਾਂ (ਬੰਚਉ)ਬਚੇਂਗਾ॥ਪੜ॥ ਯਥਾ:- ਐਸੋ ਇਹੁ ਸੰਸਾਰੁ ਪੇਖਨਾ; ਰਹਨੁ. ਨ ਕੋਊ ਪਈਹੈ ਰੇ॥ ਸੂਧੇ ਸੂਧੇ ਰੇਗਿ ਚਲਹੁ ਤੁਮ; ਨਤਰ ਕੁਧਕਾ ਦਿਵਈਹੈ ਰੇ॥੧॥ ਰਹਾਉ॥ ਬਾਰੇ ਬੂਢੇ ਤਰੁਨੇ ਭਈਆ; ਸਭਹੂ ਜਮੁ ਲੈ ਜਈਹੈ ਰੇ॥ ਮਾਨਸੁ ਬਪੁਰਾ ਮੂਸਾ ਕੀਨੋ; ਮੀਚੁ ਬਿਲਈਆ ਖਈਹੈ ਰੇ॥੧॥ ਧਨਵੰਤਾ ਅਰੁ ਨਿਰਧਨ ਮਨਈ; ਤਾ ਕੀ. ਕਛੂ ਨ ਕਾਨੀ ਰੇ॥ ਰਾਜਾ ਪਰਜਾ. ਸਮ ਕਰਿ ਮਾਰੈ; ਐਸੋ ਕਾਲੁ ਬਡਾਨੀ ਰੇ॥੨॥) ਜੋ ਜੰਮਿਆ ਤਿਸ ਨੇ ਮਰ ਜਾਣਾ; ਕਿਆ ਅਦਨਾ ਕਿਆ ਆਲਾ ਜੀ। ਤਨ ਦੇ ਕੱਪੜੇ ਸਭ ਲੈ ਲਾਹਸਨ; ਊਪਰ ਕਾ ਦੁਸ਼ਾਲਾ ਜੀ। ਬਹੁ ਲਾਹਸਨ ਚੂੜੀਆਂ ਚੂੜੇ; ਕੰਨੋਂ ਮੁੰਦ੍ਰਾਂ ਵਾਲ਼ਾ ਜੀ। ਦੇਵੀਦਾਸ ਮੌਤ ਨ ਛੋਡੇ; ਭਾਵੇਂ ਰਾਣੀਖਾਂ ਦਾ ਸਾਲਾ ਜੀ।) ਭੀਮਸੈਨ ਜੈਸੇ ਬਲੀ ਬਲਕਾਰ ਕਾਂਪ ਗਏ; ਸੁੱਧ ਬੁੱਧ ਗਈ. ਦੇਖ ਕਾਲ ਬਿਕਰਾਲ ਕੋ। ਨਾਦਿਰ. ਸਿਕੰਦ੍ਰ ਔਰ ਦਾਰਾ ਅਕਬਰ ਸ਼ਾਹਿ, ਚੱਲੇ ਹਾਥ ਖ਼ਾਲੀ ਤਜਾਗ ਮਾਲ ਇਕਬਾਲ ਕੋ। ਬਿਕ੍ਰਮਦਤ ਜੈਸੇ ਨਿਆਂਕਾਰੀ ਉਪਕਾਰੀ; ਵਹੁ ਭੀ ਨ ਨਿਕਾਲ ਸਾਕੇ, ਆਇ ਪਾਸ ਕਾਲ ਕੋ। ਧਰਮਦਾਸ ਜਪੀ ਤਪੀ ਰਿਖੀ ਮੁਨੀ ਸਿਧ ਸਾਧ; ਕਾਹੂੰ ਕੋ ਨਾ ਛੋੜੇ, ਖਾਏ ਜਵਾਨ ਬ੍ਰਿਧ ਬਾਲ ਕੋ। (ਅਨੰਦ ਸ੍ਰੋਵਰ ਗ੍ਰੰਥ) ਮਾਮਾ ਜਿਸ ਕਾ ਕ੍ਰਿਸ਼ਨ ਜੀ; ਪਿਤਾ ਧਨੰਜੇ ਬੀਰ। ਵੋਹ ਭੀ ਹੋਆ ਕਾਲਵਸ; ਲੱਗੇ ਮ੍ਰਿਤ ਕੇ ਤੀਰ॥) ਬਲੀ ਕਾਲ ਭਗਵਾਨ ਅਪਾਰਾ॥ ਭੱਖਤ ਹੈ ਸਗਰੋ ਸੰਸਾਰਾ॥ ਸੁਰ ਬ੍ਰਹਮਾਦਿਕ ਤੇ ਹੈ ਜੇਤੇ॥ ਪਨੰਗ ਮਾਨਵ ਦਾਨਵ ਕੇਤੇ॥ ਅਪਰ ਸਮਰੱਥ ਸਰਬ ਬਿਧ ਜੋਊ॥ ਤਿਹ ਤੇ ਆਗੈ; ਛੁਟੈ ਨ ਕੋਊ॥ ਜਿਉ ਦਾਨੇ ਕੋ ਚਾਬਤ ਚਾਕੀ; ਤਿਉਂ ਨ ਬਚੇ ਕੋ ਅਗਾਰੀ ਵਾਂ ਕੀ॥ (ਸ੍ਰੀ ਗੁਰੂ ਨਾਨਕ ਪ੍ਰਕਾਸ਼) ਹੇ ਜੀਵ ਰੂਪੀ ਹਰਨ! ਤੂੰ ਸੰਸਾਰ ਸ੍ਰੋਵਰ ’ਚ, ਔਗੁਣ ਪਾਪ ਨਸ਼ੇ ਪਦਾਰਥ ਰੂਪੀ ਬੂਰ ’ਤੇ ਮੋਹਤ ਹੋ ਰਿਹਾ ਹੈਂ। ਗਿਰਤ ਕੂਪ ਮਹਿ; ਖਾਹਿ ਮਿਠਾਈ॥ ਵਾਲੀ ਗੱਲ ਹੈ। ਇਨ੍ਹਾਂ ਲੱਖਾਂ ਵੈਰੀਆਂ ਤੋਂ ਬਚਣ ਲਈ, ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਜੀ ਦੀ ਸੱਚੀ ਸ਼ਰਨ, ਸਾਧਸੰਗਤ ਗ੍ਰਹਿਣ ਕਰ ਲੈ, ਤੇਰੀ ਰੱਖਿਆ ਕਰਨਗੇ। ਚਿਤਾਵਨੀ ਦਿੰਦੇ ਹਨ, ਬਈ ਇਹ ਆਪ ਜੀ ਦੇ ਵੈਰੀ, ਮਾਰਨ ਲਈ ਸਾਵਧਾਨ ਹਨ, ਸੁਆਸ ੨ ਸਿਮਰਨ ਕਰਕੇ ਨਿਹਾਲ ਹੋ।

ਕਬੀਰ. ਗੰਗਾ ਤੀਰ, ਜੁ ਘਰੁ ਕਰਹਿ; ਪੀਵਹਿ ਨਿਰਮਲ ਨੀਰੁ॥ ਬਿਨੁ ਹਰਿ ਭਗਤਿ. ਨ ਮੁਕਤਿ ਹੋਇ; ਇਉ ਕਹਿ ਰਮੇ ਕਬੀਰ॥੫੪॥ ਬਹੁਤ ਸਾਰੇ ਅੰਧ ਵਿਸਵਾਸ਼ੀ, ਗੰਗਾ ਜੀ ਦੇ ਕਿਨਾਰੇ ਵਸਣੇ ਕਰਕੇ ਮੁਕਤੀ ਮੰਨ ਕੇ, ਜਾ ਕੇ ਕਿਨਾਰੇ ਰਹਿੰਦੇ ਸਨ, ਭਗਤ ਜੀ ਹਰ ਗੱਲ ’ਚ, ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਦ੍ਰਿੜ ਕਰ,ਕਰਵਾ ਰਹੇ ਹਨ। ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਗੰਗਾ ਜੀ ਦੇ (ਤੀਰ) ਕਿਨਾਰੇ ’ਤੇ (ਜੁ)ਜੋ ਕੋਈ, ਆਪਣਾ ਘਰੁ (ਕਰਹਿ)ਬਣਾ ਲਵੇ, ਗੰਗਾ ਜੀ ਦਾ (ਨਿਰਮਲ)ਉੱਜਲ (ਨੀਰੁ)ਪਾਣੀ (ਪੀਵਹਿ)ਪੀਣਾ ਕਰੇ, ਇਸ਼ਨਾਨ ਭੀ ਕਰੇ। (ਹਰਿ)ਵਾਹਿਗੁਰੂ ਸ੍ਰਬ ਵਿਆਪੀ ਅਕਾਲ ਪੁਰਖ ਜੀ ਦੀ ਪ੍ਰੇਮਾ (ਭਗਤਿ)ਭਗਤੀ ਕੀਤੇ (ਬਿਨੁ)ਬਿਨਾ, ਨਸ਼ੇ ਵਿਸ਼ੇ ਔਗੁਣਾਂ ਜਮਾਂ ਜੂਨਾਂ ਤੋਂ (ਮੁਕਤਿ)ਛੁਟਕਾਰ (ਨ)ਨਹੀਂ ਹੋਇ ਸਕਦੀ, (ਰਮੇ)ਵਿਆਪਕ (ਕਬੀਰ)ਵੱਡੇ ਵਾਹਿਗੁਰੂ ਜੀ ਅਤੇ (ਕਬੀਰ)ਵੱਡੇ ਬਜ਼ੁਰਗ ਭਗਤਿ ਮਹਾਂ ਪੁਰਸ਼ ਇਉ ਕਹਿ (ਰਮੇ)ਗਏ ਹਨ ਅਥਵਾ ਦਾਸਨ ਦਾਸ ਕਬੀਰ ਇਉ ਕਹਿ ਕੇ, (ਰਮੇ)ਵਿਆਪਕ ਬ੍ਰਹਮ ਜੀ ਨੂੰ (ਰਮੇ)ਉਚਾਰ ਰਿਹਾ ਹੈ, (ਰਮੇ)ਵਿਆਪਕ ’ਚ (ਰਮੇ)ਮਿਲਿ ਰਿਹਾ ਹੈ॥੫੪॥

Sri Satguru Jagjit Singh Ji eLibrary NamdhariElibrary@gmail.com

ਯਥਾ:- ਜਲ ਕੈ ਮਜਨਿ.ਜੇ ਗਤਿ ਹੋਵੈ;ਨਿਤ ਨਿਤ ਮੇਂਡੁਕ ਨਾਵਹਿ॥ ਜੈਸੇ ਮੇਂਡੁਕ.ਤੈਸੇ ਓਇ ਨਰ;ਫਿਰਿ ਫਿਰਿ ਜੋਨੀ ਆਵਹਿ॥) ਗੰਗਾ ਜਉ ਗੋਦਾਵਰਿ ਜਾਈਐ; ਕੁੰਭਿ ਜਉ ਕੇਦਾਰ ਨ੍ਹਾਈਐ; ਗੋਮਤੀ ਸਹਸ ਗਊ ਦਾਨੁ ਕੀਜੈ॥ ਕੋਟਿ ਜਉ ਤੀਰਥ ਕਰੈ; ਤਨੁ ਜਉ ਹਿਵਾਲੇ ਗਾਰੈ; ਰਾਮ ਨਾਮ ਸਰਿ. ਤਊ ਨ ਪੂਜੈ॥੨॥) ਜਿਹੜੇ ਗੰਗਾ ਜੀ 'ਤੇ ਵਸ ਕੇ, ਨਸ਼ੇ ਵਿਸ਼ੇ ਔਗੁਣਾਂ 'ਚ ਲੱਗੇ ਹਨ, ਬੰਦਗੀ ਬਿਨਾ ਮੁਕਤੀ ਨਹੀਂ, ਜਿਹੜਾ ਕਨੂੰਨ ਦਾ ਵਾਕਫ਼ ਹੋ ਕੇ ਗ਼ਲਤੀ ਕਰੇ, ਉਸ ਨੂੰ ਦੂਣੀ ਸਜ਼ਾ ਮਿਲਦੀ ਹੈ।

ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ. ਹਰਿ ਫਿਰੈ; ਕਹਤ ਕਬੀਰ ਕਬੀਰ॥੫੫॥ ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਦਾ ਮਨੁ, ਗੁਰਪ੍ਰਸਾਦਿ (ਨਿਰਮਲੁ)ਉੱਜਲ (ਭਇਆ)ਹੋ ਗਿਆ ਹੈ, ਜੈਸਾ, ਗੰਗਾ ਜਲੁ ਗੁਰ ਗੋਬਿੰਦ ਨਾਮ॥ ਅਨੁਸਾਰ ਗੁਰ ਗੋਵਿੰਦ ਜੀ ਦਾ ਉਜਲ ਨਾਮ ਰੂਪੀ ਜਲ ਹੈ, ਨਾਮ ਜਪ ੨ ਕੇ ਨਾਮ ਜੈਸਾ ਹੀ ਉੱਜਲ ਹੋ ਗਿਆ ਹੈ, ਹੁਣ ਹਰੀ ਜੀ ਦੇ ਚਰਨ- ਕਮਲਾਂ ਨੂੰ ਨਹੀਂ ਛੱਡਦਾ। ਮਨ ਵਾਹਿਗੁਰੂ ਜੀ ਦੇ (ਪਾਛੈ)ਪਿੱਛੇ ੨ (ਲਾਗੋ)ਲੱਗਿਆ ਫਿਰਦਾ, ਹੇ (ਕਬੀਰ)ਵਾਹਿਗੁਰੂ! ਹੇ (ਕਬੀਰ)ਵਾਹਿਗੁਰੂ! ਹੇ ਵਾਹਿਗੁਰੂ ਹੇ ਵਾਹਿਗੁਰੂ ਹਰ ਵੇਲੇ (ਕਹਤ)ਕਹਿੰਦਾ ਹੈ। ਪਿੱਛੇ ਲੱਗਣਾ ਬਹੁਤ ਕੀਮਤੀ ਗੱਲ ਹੈ, ਆਪ ਜੀ ਨੂੰ ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਨਿਰਮਲ ਵਾਹਿਗੁਰੂ ਜੀ ਸਾਖਿਆਤ ਹੋ ਰਹੇ ਹਨ।

ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ; ਕਹਤ ਕਬੀਰ ਕਬੀਰ॥੫੫॥ ਦੂਜਾ ਅਰਥ:- {ਹਰਿਦੁਆਰ ਤੋਂ ੧੮੦ ਮੀਲ ਉੱਪਰ ਜਿਸ ਦੀ ਬੁਲੰਦੀ ਸਮੁੰਦ੍ਰੋਂ ੧੩੮੦੦ ਫੁੱਟ ਹੈ, ਗੋਮੁਖ ਚਸ਼ਮਾ ਹੈ। ਇਸ 'ਚੋਂ ਗੰਗਾ ਨਿਕਲਦੀ ਹੈ, ਆਪਣੇ ਨਾਲ ਅਨੇਕਾਂ ਜਲਧਾਰਾਂ ਨੂੰ ਮਿਲਾਉਂਦੀ, ਹਰਿਦੁਆਰ ਆ ਕੇ, ਭਾਰੀ ਨਦ ਬਣ ਜਾਂਦਾ ਹੈ, ਅਨੇਕ ਅਸਥਾਨਾਂ ਤੀਰਥਾਂ ਸ਼ਹਿਰਾਂ 'ਚੋਂ ਦੀ ਲੰਘਦੀ, ੧੫੫੦ ਮੀਲ ਵਹਿੰਦੀ ਗੰਗਾ ਸਾਗਰ ਦੇ ਸੰਗਮ 'ਤੇ ਸਮੁੰਦ੍ਰ 'ਚ, ਜਾ ਮਿਲਦੀ ਹੈ। ਜਿੱਥੋਂ ਗੰਗਾ ਨਿਕਲਦੀ ਹੈ ਉਹ ਜਲ ਬਹੁਤ ਹੀ ਸਾਫ਼ ਉੱਜਲ ਹੈ।} ਵਾਹਿਗੁਰੂ ਸਰੂਪ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਦਾ ਮਨੁ, (ਨਿਰਮਲੁ)ਉੱਜਲ (ਭਇਆ)ਹੋ ਗਿਆ ਹੈ, ਜੈਸਾ ਗੋਮੁਖ ਚਸ਼ਮੇ 'ਚੋਂ ਨਿਕਲ ਰਹੀ ਗੰਗਾ ਜੀ ਦਾ ਨੀਰ ਜਲ ਉੱਜਲ ਹੈ। ਜਿਵੇਂ ਮਾਂ ਬੱਚੇ ਦੇ ਮਗਰ ੨ ਤੁਰੀ ਫਿਰਦੀ ਹੈ। ਜਿਵੇਂ ਸੱਜਰ ਗਾਂ ਵੱਛੇ ਪਿੱਛੇ ੨ ਤੁਰੀ ਫਿਰਦੀ ਹੈ, ਤਿਵੇਂ ਪਰਮਪੂਜਨੀਕ ਪਿਆਰੇ ਵਾਹਿਗੁਰੂ ਜੀ, ਅਪਣੇ ਬੱਚੇ, ਦਾਸਨ ਦਾਸ ਦੇ ਪ੍ਰੇਮ ਦੇ ਵਸੀਕਾਰ ਹੋ ਕੇ, ਧੰਨ ਭਗਤ ਕਬੀਰ ਸਾਹਿਬ ਜੀ ਧੰਨ ਭਗਤ ਕਬੀਰ ਸਾਹਿਬ ਜੀ ਕਹਿੰਦੇ (ਪਾਛੈ)ਪਿੱਛੇ ੨ ਤੁਰੇ (ਲਾਗੋ)ਫਿਰਦੇ ਹਨ। ਯਥਾ:- ਭਗਤ ਤੇਰੇ ਸਭਿ ਪ੍ਰਾਣਪਤਿ ਪ੍ਰੀਤਮ; ਤੂੰ ਭਗਤਨ ਕਾ ਪਿਆਰਾ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਮਹਾਰਾਜ ਸਾਹਿਬ ਜੀ ਪ੍ਰੇਮਾ- ਭਗਤੀ ਦੇ ਵਸੀਕਾਰ ਹੋ ਕੇ ਪਿੱਛੇ ੨ ਤੁਰਦੇ ਹਨ। ਇਹ ਗੂੜ੍ਹੇ ਪ੍ਰੇਮ ਦੀ ਗੂੜ੍ਹੀ ਖੇਲ, ਬਹੁਤ ਹੀ ਵੱਡੀ ਮਸਤਾਨੀ ਅਵਸਥਾ ਹੈ। ਜਿੱਥੇ ਪ੍ਰੇਮ ਹੈ ਉੱਥੇ ਮੈਂ ਤੂੰ ਨਹੀਂ, ਚਾਹੇ ਹਰੀ ਜੀ ਪਿੱਛੇ ੨ ਫਿਰਨ, ਚਾਹੇ ਭਗਤ ਕਬੀਰ ਸਾਹਿਬ ਜੀ ਪਿੱਛੇ ੨ ਫਿਰਨ। ਤਹ; ਸਾਚ ਨਿਆਇ ਨਿਬੇਰਾ॥ ਊਹਾ ਸਮ ਠਾਕੁਰੁ; ਸਮ ਚੇਰਾ॥) ਆਪਸ ਕਉ; ਆਪਹਿ ਆਦੇਸੁ॥ ਤਿਹੁ ਗੁਣ ਕਾ; ਨਾਹੀ ਪਰਵੇਸੁ॥) ਭਗਤਾ ਕਾ ਸਹਾਈ; ਜੁਗਿ ਜੁਗਿ ਜਾਣਿਆ॥) ਭਗਤਿ ਵਛਲੁ ਹਰਿ ਬਿਰਦੁ; ਆਪਿ ਬਨਾਇਆ॥ ਜਹ ਜਹ ਸੰਤ ਅਰਾਧਹਿ; ਤਹ ਤਹ ਪ੍ਰਗਟਾਇਆ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਹਰਦੀ ਪੀਅਰੀ; ਚੂੰਨਾਂ ਊਜਲ ਭਾਇ॥ ਰਾਮ ਸਨੇਹੀ ਤਉ ਮਿਲੈ; ਦੋਨਉ ਬਰਨ ਗਵਾਇ॥੫੬॥{ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸੱਚੇ ਅਰਥ ਸਮਝਣ ਲਈ ਗੁਰੂ ਜਸ:- ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਜੀ ਵਾਲੇ ਅਸਥਾਨ 'ਤੇ, ਸਸਤੇ ਸਮੇਂ ਦੇ ਢਾਈ ਲੱਖ ਰੁਪੈ ਦੇ ਸੁੰਦਰ ਤੰਬੂ 'ਚ, ਅਤਿਅੰਤ ਸੁੰਦਰ ਕੀਮਤੀ ਚੰਦੋਆ ਲਾ ਕੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਕੀਤੇ ਗਏ। ਤੰਬੂ ਤੋਂ ਬਾਹਰ ਉੱਚੇ ਤਖ਼ਤ 'ਤੇ, ਸਤਿਗਰਾਂ ਦੇ ਬੈਠਣ ਲਈ, ਸੁਨਹਿਰੀ ਛਤ੍ਰ ਸਜਾਇਆ ਗਿਆ, ਜਿਸ ਉੱਪਰ ਸੁੰਦਰ ਚੰਦੋਆ ਤਾਣਿਆਂ ਗਿਆ। ਲੱਖਾਂ ਦੀ ਗਿਣਤੀ 'ਚ ਸਜੇ ਗੁਰਸੰਗਤ ਜੀ, ਸ੍ਰੀ ਆਸਾ ਜੀ ਦੀ ਵਾਰ ਦਾ ਅੰਮ੍ਰਿਤ ਕੀਰਤਨ ਸੁਣ ਰਹੇ ਸਨ। ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਜਾਣ ਤੋਂ, ਸਤਿਸੰਗਤ ਜੀ ਉੱਠ ਕੇ ਖੜ੍ਹੇ ਹੋ ਗਏ। ਗ਼ਰੀਬ ਨਿਵਾਜ ਸਤਿਗੁਰੂ ਸਾਹਿਬ ਜੀ ਨੇ ਸਤਿਸੰਗਤ ਜੀ ਨੂੰ ਬੈਠਣ ਲਈ ਇਸ਼ਾਰਾ ਕੀਤਾ। ਤੰਬੂ ਅੰਦਰ ਜਾ ਕੇ, ਸਤਿਗੁਰੂ ਗ੍ਰੰਥ ਸਾਹਿਬ ਜੀ ਨੂੰ ਨਮਸਕਾਰ ਕਰਕੇ, ਬਾਹਰ ਆਏ। ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸੁੰਦਰ ਗੁਰਤਾ ਸਿੰਘਾਸਣ ਨੂੰ ਨਮਸਕਾਰ ਕਰਕੇ, ਅਤਿਅੰਤ ਸੋਭਾ ਸਹਿਤ ਗੁਰਤਾ ਸਿੰਘਾਸਣ 'ਤੇ ਸਜ ਗਏ। ਕੋਟਾਨ ਕੋਟਿ ਸੂਰਜਾਂ ਦੇ ਪ੍ਰਕਾਸ਼ਕ ਗੁਰੂ ਪ੍ਰਮੇਸਰ ਜੀ ਦੇ ਭਾਰੀ ਬੀਰ- ਰਸੀ ਚੇਹਰੇ ਵੱਲ ਤੱਕਿਆ ਨਹੀਂ ਸੀ ਜਾਂਦਾ, ਪ੍ਰੇਮੀ ਕੰਨਾਂ ਨਾਲ ਕੀਰਤਨ ਸੁਣਦਿਆਂ, ਨੇਤ੍ਰਾਂ ਨਾਲ ਸਤਿਗੁਰਾਂ ਦੇ ਵਿਸਮਾਦ ਦਰਸ਼ਨ ਕਰਦਿਆਂ, ਰੋਮ ੨ ਕਰਕੇ ਵਾਹਿਗੁਰੂ ੨ ਜਪ ਰਹੇ ਸਨ। ਮਹਾਂ- ਕਾਲ, ਦੁਸ਼ਟਦਮਨ, ਪਾਰਬ੍ਰਹਮ ਪੁਰਖ ਦਾਤਾਰਹ; ਅਗਮ ਅਗੋਚਰ ਸ੍ਰੀ ਸਤਿਗੁਰੂ ਸਾਹਿਬ ਜੀ ਨੇ, ਸ੍ਰੀ ਆਸਾ ਜੀ ਦੀ ਵਾਰ ਭੋਗ 'ਤੇ ਮੱਥਾ ਟੇਕਿਆ, ਐਸੇ ਭਾਗਾਂ ਭਰੇ ਸਮੇਂ ਸਭ ਦੇ ਮੱਥੇ ਧਰਤੀ 'ਤੇ ਲੱਗ ਗਏ, ਸਮੂੰਹ ਸਤਿਸੰਗਤ ਜੀ ਵਿਸਮਾਦ ਹੋ ਗਏ। ਦੀਵਾਨ ਸੰਪੂਰਨਤਾ ਅਰਦਾਸ ਉਪ੍ਰੰਤ, ਸਾਵਧਾਨ ਏਕਾਗਰ ਚੀਤ॥) ਨਾਨਕ ਨਿਰਭਉ ਨਿਰੰਕਾਰੁ; ਸਤਿਗੁਰੂ ਸਾਹਿਬ ਜੀ ਸ੍ਰੀ ਤਖ਼ਤ ਸਾਹਿਬ ਜੀ 'ਤੇ, ਭਾਰੀ ਬੀਰਤਾ ਸਹਿਤ ਖੜ੍ਹੇ ਹੋ ਗਏ। ਮਿਆਨ 'ਚੋਂ ਸ੍ਰੀ ਸਾਹਿਬ ਜੀ ਕੱਢੇ। ਜਿਨ੍ਹਾਂ 'ਚੋਂ ਵਿਸਮਾਦ ਬੀਰ- ਰਸੀ ਚਮਕ ਨਿਕਲੀ, ਜਿਸ ਨੂੰ ਵੇਖ ਕੇ ਜ਼ਾਲਮ ਅਤੇ ਮਸੰਦ 'ਤੇ ਅੰਬਰ ਭੀ ਕੰਬ ਉਠਿਆ। ਯਥਾ:- ਨਮੋ ਸ੍ਰੀ ਭਗਉਤੀ ਬਢੈਲੀ ਸਰੋਹੀ॥ ਕਰੇ ਏਕ ਤੇ ਦੋ; ¹ਸੁਭਟ ਹਾਥ ਹੋਹੀ॥ (¹ਸੂਰਮਾ) ਤੇਰਾਂ ਮਹੀਨੇ ਇਕਾਂਤ, ਭਜਨ ਸਿਮਰਨ ਬੰਦਗੀ ਮਗਰੋਂ, ਪਰਮਪੂਜਨੀਕ ਵਾਹਿਗੁਰੂ ਸੱਚੇ ਪਾਤਿਸਾਹ ਜੀ ਨੇ ਵਿਸਮਾਦ ਕੌਤਕ ਰਚਿਆ। ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥ ਅਨੁਸਾਰ ਸਤਿਗੁਰਾਂ ਨੇ ਬੀਰ ਰਸ ਨਾਲ ਤੱਕਦਿਆਂ ਕਿਹਾ, "ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਦੇ ਘਰ 'ਚ, ਇੱਕ ਸਿਰ ਦੀ ਲੋੜ ਹੈ, ਆਉ ਜਿਸ ਨੇ ਆਪਣੀ ਧੌਣ, ਦਾਸਨਦਾਸ ਦੀ ਸ੍ਰੀ ਸਾਹਿਬ ਤੋਂ ਵਢਾਉਣੀ ਹੈ। ਕੋਈ ਪਰਉਪਕਾਰੀ ਉੱਠੇ, ਸਿਰ ਦੇ ਕੇ ਅਮਰ ਹੋਵੇ। ਦਾਸਨ ਦਾਸ ਦਾ ਸਾਹਿਬ ਬਣੇ, ਸਦਾ ਹੀ ਪੂਜਿਆ ਜਾਵੇ। " ਜੇ ਗੁਰ ਭਰਮਾਏ. ਸਾਂਗੁ ਕਰਿ; ਕਿਆ ਸਿਖੁ ਵਿਚਾਰਾ॥ (ਵਾ:੩੫) ਅਨੁਸਾਰ ਸਾਰੇ ਠਿਠੰਬਰ ਗਏ। ਸਾਰੇ ਵਾਤਾਵਰਨ ਅੰਦਰ ਛਨਾਟਾ ਛਾ ਗਿਆ। ਬਾਲਾਨ ਬਾਲ॥)ਰਾਜਾਨ ਰਾਜ॥ ਜੀ ਦਾ ਤੇਜ਼ ਪ੍ਰਤਾਪ ਸਹਾਰਿਆ ਨ ਗਿਆ। ਨਿਸ਼ਰਧਕ ਮਸੰਦਾਂ ਨੇ ਮਾਤਾ ਗੁਜਰੀ ਕੌਰ ਜੀ ਪਾਸ ਜਾ ਕੇ ਨਿੰਦਾ ਕੀਤੀ, "ਮਾਤਾ ਜੀ! ਸਤਿਗੁਰਾਂ ਦਾ ਸੁਭਾਅ ਬਦਲ ਗਿਆ ਹੈ। ਸਿੱਖਾਂ ਨੂੰ ਕਤਲ ਕਰਨ ਲੱਗ ਗਏ ਹਨ। ਇਸ ਕਰਕੇ ਸਤਿਗੁਰਾਂ ਨੂੰ ਕਮਰੇ 'ਚ ਬੰਦ ਕਰ ਦੇਵੋ। ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਨੂੰ ਗੁਰਤਾ ਗੱਦੀ 'ਤੇ ਬਿਠਾ ਦੇਵੋ। " ਇਹ ਸੁਣ ਕੇ ਮਾਤਾ ਜੀ ਨੇ ਮਸੰਦਾਂ ਨੂੰ ਧੀਰਜ ਦਿਤਾ, "ਤੁਸੀਂ ਸੰਸਾ ਨਾ ਕਰੋ। " ਸੱਚੇ ਸਤਿਗੁਰਾਂ ਨੇ ਤੀਜੀ ਵਾਰ ਵੰਗਾਰ ਕੇ ਸਿਰ ਧਰ ਕੇ ਤਲੀ 'ਤੇ ਆ ਜਾ; ਲੰਘ ਜਾ ਪ੍ਰੇਮ ਦੀ ਗਲੀ॥) ਸਿਰ ਧਰ ਕੇ ਤਲੀ 'ਤੇ ਆ ਜਾ;

Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਦੀ ਖੇਲ੍ ਖੇਲ੍ ਲੈ। ਅਨੁਸਾਰ ਕਿਹਾ, “ਆਉ ਭਾਈ! ਧੌਣ ਅੱਗੇ ਕਰੋ। ਤੁਹਾਨੂੰ ਬਿਨਾ ਪ੍ਰਿਥਵੀ ਰਾਜੇ, ਜਗਤ ਦੇ ਪਰਮਪੂਜਨੀਕ ਸ੍ਰਬ ਸ਼੍ਰੋਮਣੀ ਬਣਾਵਾਂ। ਜੋ ਕਰੇ ਕੁਰਬਾਨੀ ਉਸ ਤੋਂ ਬਲਿ ਬਲਿ ਜਾਵਾਂ। ਉਸ ਨੂੰ ਆਪਣਾ ਸਾਹਿਬ ਬਣਾਵਾਂ। ” ਬੱਦਲ ਵਰਗੀ ਗੰਭੀਰਤਾ ਵਾਲੀ ਬੀਰ- ਰਸੀ ਗਰਜ ਸੁਣ ਕੇ, ਗੁਰਮੁਖਿ ਮਹਾਂਪੁਰਸ਼ ਪਿਆਰੇ ਦਇਆ ਸਿੰਘ ਸਾਹਿਬ ਜੀ ਨੇ ਖੜ੍ਹੇ ਹੋ ਕੇ ਦੋਵੇਂ ਹੱਥ ਜੋੜ ਸਿਰ ਝੁਕਾ ਕੇ, ਘਣੀ ਨਿਮ੍ਰਤਾ ਸਹਿਤ ਪ੍ਰੇਮ ਬੇਨਤੀ ਕਰਦਿਆਂ ਕਿਹਾ, “ਦਾਸਨ ਦਾਸ ਦਾ ਸਿਰ ਹਾਜ਼ਰ ਹੈ, ਜੇ ਲੱਖ ਸੀਸ ਹੁੰਦੇ ਤਾਂ ਲੱਖ ਹੀ ਆਪ ਜੀ ਤੋਂ ਕੁਰਬਾਨ ਕਰ ਦਿੰਦਾ। ” ਨਿਮ੍ਰਤਾ ਹਲੀਮੀ ਗ੍ਰੀਬੀ ਸਹਿਤ ਸਿਰ ਦੀ ਭੇਟਾ ਦੇਣ ਦੇ ਬਚਨ ਸੁਣ ਕੇ, ਸ੍ਵੰਸ ਦਾਨੀ ਸਤਿਗੁਰਾਂ ਨੇ ਕਿਹਾ, “ਤੈਨੂੰ ਕੀ ਦੁੱਖ ਹੈ? ਕਿਉਂ ਮਰਨ ਕਬੂਲਦਾ ਹੈਂ?”, “ਜੀ ਸੱਚੇ ਪਾਤਿਸ਼ਾਹ ਜੀਓ! ਜਿਸ ਦਿਨ ਤੋਂ ਆਪ ਜੀ ਦੇ ਪਰਮਪਵਿੱਤ੍ਰ ਦਰਸ਼ਨ ਕੀਤੇ ਹਨ, ਆਪ ਜੀ ਦੇ ਸੱਚੇ ਚਰਨ- ਕਮਲ ਧੋ ਕੇ ਪੀਤੇ ਹਨ, ਉਸ ਦਿਨ ਤੋਂ ਸਿਰ ਆਪ ਜੀ ਦਾ ਹੀ ਹੈ, ਜੇਤਾ ਸਮੁੰਦੁ ਸਾਗਰੁ. ਨੀਰਿ ਭਰਿਆ; ਤੇਤੇ. ਅਉਗਣ ਹਮਾਰੇ॥ ਦਇਆ ਕਰਹੁ ਕਿਛੁ ਮਿਹਰ ਉਪਾਵਹੁ; ਡੁਬਦੇ ਪਥਰ ਤਾਰੇ॥ ਅਨੁਸਾਰ ਦਾਸਨ ਦਾਸ ਔਗੁਣਾਂ ਦੇ ਭਰੇ ਨੂੰ ਬਖ਼ਸ਼ ਲਵੋ ਜੀ। ”ਸੱਚੇ ਸਤਿਗੁਰਾਂ ਕਿਹਾ, “ਸਾਬਾਸ਼!”ਭਾਈ ਦਇਆ ਸਿੰਘ ਜੀ ਨੂੰ ਤੰਬੂ ’ਚ ਲੈ ਗਏ, ਜਿੱਥੇ ਪਰਮਪਵਿੱਤ੍ਰ ਸੁੰਦਰ ਸਤਿਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ੇ ਸਨ। ਸਤਿਗੁਰ ਆਗੈ. ਸੀਸੁ ਭੇਟ ਦੇਉ; ਜੇ. ਸਤਿਗੁਰ ਸਾਚੇ ਭਾਵੈ॥ ਅਨੁਸਾਰ ਸਤਿਗੁਰਾਂ ਨੂੰ ਸੀਸ ਭੇਟਾ ਕਰਕੇ ਧੰਨਤਾ ਯੋਗ ਹੋਏ। ਯਥਾ:- ਧੰਨੁ ਧੰਨੁ; ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ; ਸਭੁ ਜਗਤੁ ਤਰਾਇਆ॥) ਧੰਨਿ ਜਨਮੁ; ਤਾਹੀ ਕੋ ਗਣੈ॥ ਮਾਰੈ ਏਕਹਿ; ਤਜਿ ਜਾਇ ਘਣੈ॥੨੧॥ ਜਦੋਂ ਸਾਹਿਬ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ, ਸਿੱਖੀ ਦੀ ਮਹਾਂ ਕਰੜੀ ਪਰਖ ਕੀਤੀ, ਤਦੋਂ ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸ਼ਾਹ ਜੀ ਨੇ, ਭਾਣਾ ਜੀ, ਭਲਾ ਜੀ ਤੇ ਭੁੱਲ ਗਏ ਜੀ ਬਚਨ ਕਮਾਏ, ਮੁਰਦੇ ਖਾਣ ਤੱਕ ਬਚਨ ਮੰਨ ਕੇ, ਪਿਆਰੀ ਸੱਚੀ ਸੁੱਚੀ ਸਿੱਖੀ ਦਾ ਬੀਜ ਰੱਖਿਆ। ਯਥਾ:- ਪਏ ਕਬੂਲੁ. ਖਸੰਮ ਨਾਲਿ; ਜਾਂ. ਘਾਲ ਮਰਦੀ ਘਾਲੀ॥ ਸੋ ਪਰਮਪੂਜਨੀਕ ਪਿਆਰੇ ਦਇਆ ਸਿੰਘ ਸਾਹਿਬ ਜੀ ਦੀ ਮਹਾਨ ਉੱਚ ਕਰਨੀ ਜੈਸਾ ਦ੍ਰਿਸ਼ਟਾਂਤ ਕੋਟਾਨ ਕੋਟਿ ਬ੍ਰਹਮੰਡਾਂ ’ਚ ਮਿਲਣਾ ਬੜਾ ਹੀ ਔਖਾ ਹੈ। ਸੋ ਪਰਮਪੂਜਨੀਕ ਸਤਿਗੁਰੂ ਦੂਜੇ ਪਾਤਿਸ਼ਾਹ ਜੀ ਦੀਆਂ ਸੱਚੀਆਂ ਲੀਹਾਂ ’ਤੇ ਚੱਲ ਕੇ ਭਾਈ ਸਾਹਿਬ ਜੀ ਨੇ ਸੀਸ ਦੇ ਕੇ, ਅਤਿਅੰਤ ਪਿਆਰੀ ਸਿੱਖੀ ਦਾ ਬੀਜ ਰੱਖ ਲਿਆ। ਸਤਿਗੁਰ ਅਗਮ ਅਗਾਧਿ ਪੁਰਖੁ; ਕੇਹੜਾ ਝਲੇ ਗੁਰੂ ਦੀ ਝਾਲਾ॥ (ਵਾਰ ੧) ਅਨੁਸਾਰ ਸਤਿਗੁਰਾਂ ਦਾ ਅਚਲ ਮੂਰਤਿ.ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥ ਤੇਜ਼ ਨ ਸਹਾਰਦਿਆਂ ਜਿਹੜੇ ਭੱਜ ਗਏ, ਉਨ੍ਹਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਕਿਹਾ ਹੈ:- ਜੋ ਛਕਊਏ ਕੁਣਕੇ ਕੇ। ਭਾਗ ਗਏ ਇੱਕ ਠੁਣਕੇ ਕੇ।}

ਕਬੀਰ. ਹਰਦੀ ਪੀਅਰੀ; ਚੂੰਨਾਂ ਊਜਲ ਭਾਇ॥ ਬ੍ਰਹਮ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- (ਹਰਦੀ)ਹਲ਼ਦੀ (ਪੀਅਰੀ)ਪੀਲ਼ੀ, (ਚੂੰਨਾਂ)ਆਟਾ (ਊਜਲ)ਚਿੱਟੇ (ਭਾਇ)ਪ੍ਰਕਾਰ ਦੇ ਹੁੰਦੇ ਹਨ। ਦੋਹਾਂ ਦੇ ਮਿਲਣ ਤੋਂ, ਦੋਹਾਂ ਦਾ ਲਾਲ ਰੰਗ ਹੋ ਜਾਂਦਾ ਹੈ।

ਰਾਮ ਸਨੇਹੀ ਤਉ ਮਿਲੈ; ਦੋਨਉ ਬਰਨ ਗਵਾਇ॥੫੬॥ (ਸਨੇਹੀ)ਪਿਆਰੇ ਰਾਮ ਜੀ ਦਾ (ਸਨੇਹੀ)ਪਿਆਰਾ ਪ੍ਰੇਮੀ ਜੀ, (ਤਉ)ਤਾਂ (ਮਿਲੈ)ਮਿਲਦੇ ਹਨ, ਪੂਰਨ ਗੁਰੂ ਜੀ ਵਿਕਾਰ ਔਗੁਣ ਤਿਆਗਣ ਨੂੰ ਕਹਿੰਦੇ ਹਨ, ਨ ਮੰਨਣ ਰੂਪ, ਪੀਲਾ ਪੁਣਾ ਤਿਆਗਣ, ਭਾਵ ਹੁਕਮ ਮੰਨ ਕੇ, ਔਗੁਣ ਤਿਆਗ ਦੇਣ ਅਤੇ ਔਗੁਣ ਤਿਆਗ ਕੇ, ਹੰਕਾਰ ਨ ਕਰਨ, ਮੈਂ ਗੁਰੂ ਸੇਵਾ ਭਗਤੀ ਕਰਨ ਵਾਲਾ, ਚਿੱਟਾ ਦੁੱਧ ਹਾਂ, ਇਹ ਪੀਲਾ ਚਿੱਟਾ (ਦੋਨਉ)ਦੋਵੇਂ (ਬਰਨ)ਰੰਗ ਗਵਾਇ ਦੇਣ, ਰਾਮ ਪਿਆਰੇ ਸਤਿਕਾਰੇ ਜੀ ਦਾ ਗ੍ਹਾੜ੍ਹਾ ਲਾਲ ਰੰਗ ਹੋ ਜਾਂਦਾ

Sri Satguru Jagjit Singh Ji eLibrary NamdhariElibrary@gmail.com

ਹੈ॥੫੬॥ ਯਥਾ:- ਕਵਨ ਬਨੀ ਰੀ ਤੇਰੀ ਲਾਲੀ॥ ਕਵਨ ਰੰਗਿ; ਤੂੰ ਭਈ ਗੁਲਾਲੀ॥) ਲਾਲ ਰੰਗੁ. ਤਿਸ ਕਉ ਲਗਾ; ਜਿਸ ਕੇ ਵਡਭਾਗਾ॥ ਮੈਲਾ. ਕਦੇ ਨ ਹੋਵਈ; ਨਹ ਲਾਗੈ ਦਾਗਾ॥) ਹਰਿ ਰੰਗਿ ਰਾਤਾ; ਸੋ ਮਨੁ ਸਾਚਾ॥ ਲਾਲ ਰੰਗ; ਪੂਰਨ ਪੁਰਖੁ ਬਿਧਾਤਾ॥

ਕਬੀਰ. ਹਰਦੀ ਪੀਰਤਨੁ ਹਰੈ; ਚੂਨ. ਚਿਹਨੁ ਨ ਰਹਾਇ॥ ਬਲਿਹਾਰੀ ਇਹ ਪ੍ਰੀਤਿ ਕਉ; ਜਿਹ ਜਾਤਿ ਬਰਨੁ ਕੁਲੁ ਜਾਇ॥੫੭॥ ਬ੍ਰਹਮ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- (ਹਰਦੀ)ਹਲ਼ਦੀ (ਪੀਰਤਨੁ)ਪੀਲੱਤਣ ਪੀਲਾਪੁਣਾ (ਹਰੈ)ਤਿਆਗੇ, (ਚੂਨ)ਆਟੇ ਦਾ ਚਿੱਟਾ (ਚਿਹਨੁ)ਰੰਗ ਨ (ਰਹਾਇ)ਰਹੇ। ਦੋਵੇਂ ਮਿਲ ਕੇ, ਇੱਕ ਲਾਲ ਰੰਗ ਹੀ ਹੋ ਜਾਂਦਾ ਹੈ। ਦਾਸਾਨ ਦਾਸ ਇਹ ਪ੍ਰੀਤਿ (ਕਉ)ਤੋਂ (ਬਲਿਹਾਰੀ)ਕੁਰਬਾਨ ਜਾਂਦਾ ਹੈ (ਜਿਹ)ਜਿਸ ਦੁਆਰਾ ਹਲ਼ਦੀ ਆਟੇ ਦੀ ਜਾਤਿ (ਬਰਨੁ)ਰੰਗ ਕੁਲੁ, ਲਾਲ ਰੰਗ 'ਚ, ਜਾਇ ਕੇ ਮਿਲ ਗਏ॥੫੭॥ ਰਾਮ ਸਨੇਹੀ ਜੀ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦੇ ਸੀਸ ਮੰਗਣ ਤੋਂ, ਨ ਦੇਣ ਰੂਪ, ਹਲ਼ਦੀ ਵਾਂਗ ਪੀਲਾਪੁਣਾ ਤਿਆਗਣ, ਭਾਵ ਸੀਸ ਦੇਣ ਦੀ ਅਰਦਾਸ ਕਰਾ ਕੇ, ਹੰਕਾਰ ਨਾਲ ਕਹਿਣਾ ਮੈਂ ਸੀਸ ਦੇਣ ਵਾਲਾ ਗੁਰੂ ਸੇਵਾ ਭਗਤੀ ਕਰਨ ਵਾਲਾ, ਆਟੇ ਵਾਂਗ ਚਿੱਟਾ ਦੁੱਧ ਹਾਂ, ਚਿੱਟੇ ਉੱਜਲਪੁਣੇ ਦਾ ਹੰਕਾਰ ਤਿਆਗੇ, ਦਾਸਾਨ ਦਾਸ ਇਹ ਪ੍ਰੀਤਿ ਤੋਂ ਕੁਰਬਾਨ ਜਾਂਦਾ ਹੈ, ਜਿਸ ਦੁਆਰਾ ਹਲ਼ਦੀ ਆਟੇ ਦੀ ਜਾਤਿ, ਚਿੱਟਾ (ਬਰਨੁ)ਰੰਗ ਕੁਲੁ, ਲਾਲ ਰੰਗ 'ਚ, ਜਾਇ ਕੇ ਮਿਲ ਗਏ, ਭਾਵ ਜ਼ਾਤ ਕੁਲ ਦਾ ਅਭਿਮਾਨ ਚਲਿਆ ਜਾਵੇ॥੫੭॥ ਜਿਵੇਂ ਸ੍ਰੀ ਅਨੰਦਪੁਰ ਸਾਹਿਬ, ਅਨੰਦ ਗੜ੍ ਕਿਲੇ ਘੇਰੇ 'ਚ, ਪੰਜ ਪਿਆਰੇ, ਪੰਜ ਮੁਕਤੇ ਚਾਲ਼ੀ ਸਿੰਘ ਸਾਬਤ ਰਹੇ, ਕਹਿੰਦੇ "ਜੇ ਗੁਰੂ ਸਾਹਿਬ ਜੀ ਕਹਿਣਗੇ ਇੱਥੇ ਲੜਨਾ, ਤਾਂ ਕਿਲੇ 'ਚ ਹੀ ਸ਼ਹੀਦ ਹੋਵਾਂਗੇ, ਬਾਹਰ ਜਾ ਕੇ ਕਹਿਣਗੇ, ਤਾਂ ਬਾਹਰ ਜਾ ਕੇ ਸ਼ਹੀਦ ਹੋਵਾਂਗੇ" ਇਹ ਹੈ ਘਾਲਣਾ ਘਾਲਣ ਪਿੱਛੋਂ, ਆਪ ਕੁੱਝ ਭੀ ਨਹੀਂ ਬਣੇ, ਮਹਾਰਾਜ ਸਾਹਿਬ ਜੀ ਨਾਲ ਸਦਾ ਲਈ ਮਿਲ ਗਏ। ਯਥਾ:- ਸਰਬਤ੍ ਰਮਣੰ ਗੋਬਿੰਦਹ; ਨਾਨਕ. ਲੇਪ ਛੇਪ ਨ ਲਿਪ੍ਤੇ॥) ਸਗਲ ਸੰਗਿ; ਆਤਮ ਉਦਾਸੁ॥ ਐਸੀ ਜੁਗਤਿ; ਨਾਨਕ ਰਾਮ ਦਾਸੁ॥੬॥) ਐਸੇ ਜਨ ਵਿਰਲੇ ਜਗ ਅੰਦਰਿ; ਪਰਖਿ ਖਜਾਨੈ ਪਾਇਆ॥ ਜਾਤਿ ਵਰਨ ਤੇ ਭਏ ਅਤੀਤਾ; ਮਮਤਾ ਲੋਭੁ ਚੁਕਾਇਆ॥੭॥ ਨਾਮਿ ਰਤੇ ਤੀਰਥ. ਸੇ ਨਿਰਮਲ; ਦੁਖੁ ਹਉਮੈ ਮੈਲੁ ਚੁਕਾਇਆ॥ ਨਾਨਕ੍. ਤਿਨ ਕੇ ਚਰਨ ਪਖਾਲੈ; ਜਿਨ੍ਾ ਗੁਰਮੁਖਿ ਸਾਚਾ ਭਾਇਆ॥੮॥੭॥) ਦੀਸਹਿ ਸਭ ਸੰਗਿ. ਰਹਹਿ ਅਲੇਪਾ; ਨਹ ਵਿਆਪੈ. ਉਨ ਮਾਈ॥ ਏਕੈ ਰੰਗਿ ਤਤ ਕੇ ਬੇਤੇ; ਸਤਿਗੁਰ ਤੇ ਬੁਧਿ ਪਾਈ॥

ਕਬੀਰ. ਮੁਕਤਿ ਦੁਆਰਾ ਸੰਕੁਰਾ; ਰਾਈ ਦਸਏਂ ਭਾਇ॥ ਮਨੁ ਤਉ ਮੈਗਲੁ ਹੋਇ ਰਹਿਓ; ਨਿਕਸੋ ਕਿਉ ਕੈ ਜਾਇ॥੫੮॥ {ਸਲੋਕੁ॥ ਕਬੀਰ. ਮੁਕਤਿ ਦੁਆਰਾ ਸੰਕੁੜਾ; ਰਾਈ ਦਸਵੈ ਭਾਇ॥ ਮਨੁ ਤਉ ਮੈਗਲੁ ਹੋਇ ਰਹਾ; ਨਿਕਸਿਆ ਕਿਉ ਕਰਿ ਜਾਇ॥ ਐਸਾ ਸਤਿਗੁਰੁ ਜੇ ਮਿਲੈ; ਤੁਠਾ ਕਰੇ ਪਸਾਉ॥ ਮੁਕਤਿ ਦੁਆਰਾ ਮੋਕਲਾ; ਸਹਜੇ ਆਵਉ ਜਾਉ॥੧॥ ਮਃ ੩॥ ਨਾਨਕ. ਮੁਕਤਿ ਦੁਆਰਾ ਅਤਿ ਨੀਕਾ; ਨਾਨ੍ਾ ਹੋਇ ਸੁ ਜਾਇ॥ ਹਉਮੈ ਮਨੁ ਅਸਥੂਲੁ ਹੈ; ਕਿਉ ਕਰਿ ਵਿਚੁ ਦੇ ਜਾਇ॥ ਸਤਿਗੁਰ ਮਿਲਿਐ. ਹਉਮੈ ਗਈ; ਜੋਤਿ ਰਹੀ ਸਭ ਆਇ॥ ਇਹੁ ਜੀਉ ਸਦਾ ਮੁਕਤੁ ਹੈ; ਸਹਜੇ ਰਹਿਆ ਸਮਾਇ॥੨॥ ਆਦਿ ਅੰਗ ੫੦੯} ਕਿਸੇ ਪੁੱਛਿਆ, ਜੀ ਮੁਕਤੀ ਦਾ ਦੁਆਰਾ ਕੈਸਾ ਹੈ? ਬ੍ਰਹਮ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਭਾਈ! (ਮੁਕਤਿ)ਮੁਕਤੀ (ਦੁਆਰਾ)ਦਰਵਾਜਾ, ਰਾਈ ਦੇ ਦਾਣੇ ਦੇ (ਦਸਏਂ)ਦਸਵੇਂ (ਭਾਇ)ਹਿੱਸੇ ਬਰਾਬਰ, ਬਹੁਤ ਹੀ (ਸੰਕੁਰਾ)ਤੰਗ ਹੈ। ਹੰਕਾਰੀ ਮਨੁ (ਤਉ)ਤਾਂ (ਮੈਗਲੁ)ਹਾਥੀ ਦੀ ਤਰ੍ਾਂ, ਹੰਕਾਰ ਕਰਕੇ ਬਹੁਤ ਹੀ ਮੋਟਾ ਹੋਇ (ਰਹਿਓ)ਰਿਹਾ ਹੈ,

Sri Satguru Jagjit Singh Ji eLibrary NamdhariElibrary@gmail.com

ਕਿਉ (ਕੈ)ਕਰਕੇ (ਨਿਕਸੋ)ਨਿਕਲਿਆ (ਜਾਇ)ਜਾਵੇਗਾ?॥੫੮॥ ਯਥਾ:- ਹਉਮੈ ਮਨੁ ਅਸਥੂਲੁ ਹੈ; ਕਿਉ ਕਰਿ ਵਿਚੁ ਦੇ ਜਾਇ॥

ਕਬੀਰ. ਐਸਾ ਸਤਿਗੁਰੁ ਜੇ ਮਿਲੈ; ਤੁਠਾ ਕਰੇ ਪਸਾਉ॥ ਮੁਕਤਿ ਦੁਆਰਾ ਮੋਕਲਾ; ਸਹਜੇ ਆਵਉ ਜਾਉ॥੫੯॥ ਪ੍ਰੇਮੀਆਂ ਪੁੱਛਿਆ, "ਹੇ ਮਹਾਂਪੁਰਸ਼ ਜੀਓ! ਮੁਕਤ ਦੁਆਰਾ ਬਹੁਤ ਹੀ ਤੰਗ ਹੈ,ਕਿਵੇਂ ਨਿਕਲਿਆ ਜਾਵੇ? ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਰਤਾ ਸਚਿ ਨਾਮਿ ਤਲ ਹੀਅਲੁ; ਸੋ ਗੁਰੁ ਪਰਮਲੁ ਕਹੀਐ॥ ਜਾ ਕੀ ਵਾਸੁ ਬਨਾਸਪਤਿ ਸਉਰੈ; ਤਾਸੁ ਚਰਣ ਲਿਵ ਰਹੀਐ॥੩॥) ਜਿਸੁ ਮਿਲਿਐ. ਮਨਿ ਹੋਇ ਅਨੰਦੁ; ਸੋ ਸਤਿਗੁਰੁ ਕਹੀਐ॥ ਮਨ ਕੀ ਦੁਬਿਧਾ. ਬਿਨਸਿ ਜਾਇ; ਹਰਿ ਪਰਮਪਦੁ ਲਹੀਐ॥) ਜੋ ਆਪ ਕੋਟਿ ਬ੍ਰਹਮੰਡ ਦੇ ਉਧਾਰਨਹਾਰ, ਉੱਬਲਦੀ ਦੇਗ਼ 'ਚ ਬੈਠ ਰਹੇ ਹਨ, ਤੱਤੇ ਰੇਤੇ 'ਤੇ ਬੈਠ ਰਹੇ ਹਨ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ, ਲੋਹੇ ਦੇ ਤੰਗ ਪਿੰਜਰੇ 'ਚ ਬੈਠ ਰਹੇ ਹਨ, ਆਪਣਾ ਸੀਸ ਕੁਰਬਾਨ ਕਰ ਰਹੇ ਹਨ। ਦਸਵੇਂ ਜਾਮੇ 'ਚ ਸ੍ਰਬੰਸ ਕੁਰਬਾਨ ਕਰ ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਸਰੂਪ ਹੋ ਕੇ, ਸਿੱਖ ਦੇ ਦਿਲ ਦਿਮਾਗ਼ 'ਚ ਗ਼ਰੀਬੀ ਦੇ ਸਬਦ ਅਰਥ ਭੇਜ ਰਹੇ ਹਨ, ਨਿਗ੍ਹਾ ਪਾ ਕੇ ਸਿੱਖ ਦੇ ਵਿਕਾਰ ਮੇਟ ਰਹੇ ਹਨ, ਸਿੱਖ ਦੇ ਦਿਲ ਦਿਮਾਗ਼ 'ਚ ਗੁਰਬਾਣੀ, ਗੁਰਬਾਣੀ ਦੇ ਅਰਥ, ਬਖ਼ਸ਼ ਕੇ ਦਿਲ ਦਿਮਾਗ਼ 'ਚ ਵਸ ਕੇ, ਮਨ ਦੀ ਹੰਗਤਾ ਮੇਟ ਰਹੇ ਹਨ, ਜੇ (ਐਸਾ)ਐਸੇ ਦਾਤੇ ਸਤਿਗੁਰੁ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, (ਮਿਲੈ)ਮਿਲਣ, (ਤੁਠਾ)ਪ੍ਰਸੰਨ ਹੋ ਕੇ, ਅਜਪਾ ਜਾਪ ਦੀ (ਪਸਾਉ)ਬਖ਼ਸ਼ਿਸ਼ (ਕਰੇ)ਕਰਨ ਤਾਂ:-

ਮੁਕਤਿ ਦੁਆਰਾ ਮੋਕਲਾ; ਸਹਜੇ ਆਵਉ ਜਾਉ॥੫੯॥ {ਸਤਿਗੁਰੂ ਸਾਹਿਬ ਜੀ ਦਾ ਗ਼ਰੀਬੀ ਹੀ ਗ਼ਰੀਬੀ ਦਾ ਦੁਆਰਾ ਮੋਕਲਾ ਹੈ:- ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥) ਮੋਹਿ ਗਰੀਬ ਕਉ ਲੇਹੁ ਰਲਾਇ॥ ਨਾਨਕ ਆਇ ਪਏ ਸਰਣਾਇ॥ ਸਿਮਰਨ ਤੇ ਲਾਗੇ; ਜਿਨ ਆਪਿ ਦਇਆਲਾ॥ ਨਾਨਕ ਜਨ ਕੀ; ਮੰਗੈ ਰਵਾਲਾ॥) ਸਿਮਰਹਿ ਸੇ ਜਨ; ਜਿਨ ਕਉ ਪ੍ਰਭ ਮਇਆ॥ ਨਾਨਕ ਤਿਨ ਜਨ; ਸਰਨੀ ਪਇਆ॥੭॥) ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਨਾਨਕ ਜਨ ਕਾ; ਦਾਸਨਿ ਦਸਨਾ॥੪॥) ਸੇ ਸਿਮਰਹਿ; ਜਿਨ ਆਪਿ ਸਿਮਰਾਏ॥ ਨਾਨਕ ਤਾ ਕੈ; ਲਾਗਉ ਪਾਏ॥) ਵਿਚਿ ਸਨਾਤੀ; ਸੇਵਕੁ ਹੋਇ॥ ਨਾਨਕ; ਪਣ੍ਹੀਆ ਪਹਿਰੈ ਸੋਇ॥) ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸਹ ਮਹਿ ਹਉਂ ਕਰਹੁਂ ਨਿਵਾਸ॥) ਰਹਿਣੀ ਰਹੈ ਸੋਈ ਸਿਖ ਮੇਰਾ। ਓਹੁ ਠਾਕੁਰੁ; ਮੈ ਉਸ ਕਾ ਚੇਰਾ।) ਅਕਾਲ ਪੁਰਖ ਬਾਚ ਇਸ ਕੀਟ ਪ੍ਰਤਿ॥) ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈ; ਨਹੀ ਮੋ ਸੇ ਗਰੀਬ ਕਰੋਰ ਪਰੇ॥੨॥) ਸਾਧ ਤੇਰੇ ਕੀ; ਚਰਨੀ ਪਾਉ॥ ਨਾਨਕ ਕੈ ਮਨਿ; ਇਹੁ ਅਨਰਾਉ॥੧॥) ਗੁਰਸਿਖ ਪ੍ਰੀਤਿ; ਗੁਰੁ ਮਿਲੈ ਗਲਾਟੇ॥ ਜਨ ਨਾਨਕ ਪ੍ਰੀਤਿ; ਸਾਧ ਪਗ ਚਾਟੇ॥) ਸਰਬ ਕੀ ਰੇਨ; ਜਾ ਕਾ ਮਨੁ ਹੋਇ॥) ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥) ਭਾਉ ਭਗਤਿ ਕਰਿ; ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ॥) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥} ਹੰਗਤਾ ਕਰਕੇ ਜਿਹੜਾ ਮੁਕਤਿ ਦੁਆਰਾ ਤੰਗ ਸੀ, ਸਤਿਗੁਰੂ ਸਾਹਿਬ ਜੀ ਦਾ ਗ਼ਰੀਬੀ ਹੀ ਗ਼ਰੀਬੀ ਦਾ ਮੁਕਤਿ ਦੁਆਰਾ (ਮੋਕਲਾ)ਖੁੱਲ੍ਹਾ ਹੈ, ਗੁਰਮੁਖਾਂ ਦਾ (ਸਹਜੇ)ਨਿਰਯਤਨ ਹੀ, (ਆਵਉ)ਆਉਣਾ (ਜਾਉ)ਜਾਣਾ ਹੁੰਦਾ ਹੈ, ਭਾਵ ਉਹ ਮਹਾਂ ਮਹਾਂ ਵਿਸਮਾਦ ਨਿਰਗੁਨ 'ਚ ਲੀਣ ਰਹਿੰਦੇ ਹਨ। ਜੇ ਮਾਤ ਲੋਕ 'ਚ ਆਉਂਦੇ ਹਨ ਤਾਂ ਪਰਉਪਕਾਰ ਕਰਕੇ, ਜਿਵੇਂ ਬੱਦਲ ਵਰਖਾ ਕਰਕੇ

Sri Satguru Jagjit Singh Ji eLibrary NamdhariElibrary@gmail.com

ਅਲੋਪ ਹੋ ਜਾਂਦਾ, ਇਸੇ ਤਰ੍ਹਾਂ ਨਿਰਲੇਪ ਰਹਿੰਦੇ ਹਨ, ਕਰਮਾਂ ਦੇ ਵੱਸ ਹੋ ਕੇ ਨਹੀਂ ਆਉਂਦੇ। ॥੫੯॥ ਯਥਾ:- ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ; ਵਿਚੇ ਹੋਵੈ ਮੁਕਤਿ॥) ਊਠਤ ਸੁਖੀਆ; ਬੈਠਤ ਸੁਖੀਆ॥ ਭਉ ਨਹੀ ਲਾਗੈ; ਜਾਂ ਐਸੇ ਬੁਝੀਆ॥)

ਕਬੀਰ. ਨਾ ਮੋਹਿ ਛਾਨਿ, ਨ ਛਾਪਰੀ; ਨਾ ਮੋਹਿ ਘਰੁ. ਨਹੀ ਗਾਉ॥ ਮਤ. ਹਰਿ ਪੂਛੈ ਕਉਨੁ ਹੈ; ਮੇਰੇ ਜਾਤਿ ਨ ਨਾਉ॥੬੦॥ ਵਾਹਿਗੁਰੂ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ, ਆਪ ਨਿਰਾਧਾਰ, ਸ੍ਰਬ ਦੇ ਅਧਾਰ, ਸ੍ਰਬ ਦੇ ਪ੍ਰਕਾਸ਼ਕ, ਆਪ ਸੁਤੇ ਪ੍ਰਕਾਸ਼ ਸਰੂਪ ਵਾਹਿਗੁਰੂ ਬ੍ਰਹਮ ਜੀ ਦੇ ਵਿਸਮਾਦ ਰੰਗ 'ਚ ਲੀਣ, ਸ੍ਰੀ ਕਬੀਰ ਸਾਹਿਬ ਜੀ, ਮੇਰ ਤੇਰ ਖ਼ੁਦੀ ਤਿਆਗ ਕੇ, ਉਚਾਰ ਰਹੇ ਹਨ:- ਹੇ ਪਿਆਰਿਓ! ਨਾ (ਮੋਹਿ)ਦਾਸਨ ਦਾਸ ਦੀ (ਛਾਨਿ)ਛੰਨ ਹੈ, ਨ ਦਾਸਨ ਦਾਸ ਦੀ ਕੱਖਾਂ ਦੀ ਛਾਪਰੀ ਹੈ, ਨਾ (ਮੋਹਿ)ਦਾਸਨ ਦਾਸ ਦਾ ਕੱਚਾ ਪੱਕਾ ਘਰੁ ਹੈ, (ਗਾਉ)ਪਿੰਡ ਭੀ ਨਹੀ ਹੈ। ਅਥਵਾ ਹੇ ਪ੍ਰੇਮੀਓ! ਨਾ ਤਾਂ ਦਾਸਨ ਦਾਸ ਪਾਸ, ਖਿਮਾ ਨਿਮ੍ਰਤਾ ਰੂਪੀ ਛੰਨ ਹੈ, ਨਾ ਦਾਸਨ ਦਾਸ ਪਾਸ, ਸ਼ਾਂਤੀ ਪ੍ਰੇਮਾ- ਭਗਤੀ ਰੂਪੀ ਛਾਪਰੀ ਹੈ, ਨਾ ਦਾਸਨ ਦਾਸ ਨੂੰ (ਘਰੁ)ਨਿਰਗੁਨ ਬ੍ਰਹਮ ਜੀ ਅੰਦਰ ਬਾਹਰ ਪ੍ਰਾਪਤ ਹਨ, ਨਾ ਹੀ ਦਾਸਨ ਦਾਸ ਦਾ ਸਤਿਸੰਗਤ ਰੂਪ (ਗਾਉ)ਪਿੰਡ ਹੈ।

ਮਤ. ਹਰਿ ਪੂਛੈ ਕਉਨੁ ਹੈ; ਮੇਰੇ ਜਾਤਿ ਨ ਨਾਉ॥੬੦॥) ਖੁਦੀ ਮਿਟੀ. ਤਬ ਸੁਖ ਭਏ; ਮਨ ਤਨ ਭਏ ਅਰੋਗ॥ ਨਾਨਕ. ਦ੍ਰਿਸਟੀ ਆਇਆ; ਉਸਤਤਿ ਕਰਨੈ ਜੋਗੁ॥ ਬਹੁਤ ਹੀ ਉੱਚੀ ਅਵਸਥਾ 'ਚ ਅਮੋਲਕ ਗੁਰਬਾਣੀ ਜੀ ਫ਼ੁਰਮਾ ਰਹੇ ਹਨ:- (ਨ)ਨਾ (ਮੇਰੇ)ਦਾਸਨ ਦਾਸ ਦੀ ਜੁਲਾਹਾ ਉੱਚੀ ਜਾਤਿ ਹੈ, ਨਾ ਦਾਸਨ ਦਾਸ ਦਾ (ਨਾਉ)ਨਾਮ ਉੱਚਾ ਪ੍ਰਸਿੱਧ ਹੈ, ਕਿਉਂਕਿ,ਪਰਸੂ ਪਰਸਾ ਪਰਸਰਾਮ, ਯਹ ਮਾਇਆ ਕੇ ਤੀਨ ਨਾਮ। ਖੁੱਲੀ ਮਾਇਆ ਵਾਲੇ ਦਾ ਨਾਮ ਪ੍ਰਸਿੱਧ ਹੁੰਦਾ ਹੈ। ਦਾਸਨ ਦਾਸ ਨੂੰ ਜਾਤਿ ਅਭਿਮਾਨ ਨਹੀਂ, (ਜਾਤਿ)ਬੁੱਧੀ ਨਹੀਂ ਅਥਵਾ ਨ ਹੀ ਦਾਸਨ ਦਾਸ ਦੀ ਬ੍ਰਹਮਗਿਆਨੀ ਵਾਲੀ ਉੱਚੀ ਜਾਤਿ ਹੈ। ਨਾ ਹੀ ਦਾਸਨ ਦਾਸ ਦਾ ਗਿਆਨਵਾਨ ਬ੍ਰਹਮਗਿਆਨੀ ਕੋਈ ਉੱਚਾ (ਨਾਉ)ਨਾਮ ਹੈ। (ਮਤ)ਮਤਾਂ ਦਾਸਨ ਦਾਸ ਨੂੰ ਹਰਿ ਜੀ (ਪੂਛੈ)ਪੁੱਛ ਲੈਣ, ਬਈ ਇਹ ਕਉਨੁ ਨਿਰਗੁਨੀਆਰਾ ਹੈ? ਜੇ ਹਰੀ ਜੀ ਨੇ ਪੁੱਛ ਲਿਆ ਤਾਂ ਦਾਸਨ ਦਾਸ ਨੂੰ, ਡਰ ਬਹੁਤ ਹੈ, ਕਿਉਂਕਿ ਗੁਣਵਾਨ ਤਾਂ ਆਪਣੇ ਗੁਣਾਂ ਕਰਕੇ ਛੁੱਟ ਜਾਣਗੇ। ਦਾਸਨ ਦਾਸ ਅਕ੍ਰਿਤਘਣ ਔਗੁਣਹਾਰੇ 'ਚ ਸਭ ਔਗੁਣ ਹੀ ਔਗੁਣ ਹਨ॥੬੦॥ ਯਥਾ:- ਸਭਿ ਅਵਗਣ; ਮੈ. ਗੁਣੁ ਨਹੀ ਕੋਈ॥) ਜੇਤਾ ਸਮੁੰਦੁ ਸਾਗਰੁ. ਨੀਰਿ ਭਰਿਆ; ਤੇਤੇ ਅਉਗਣ ਹਮਾਰੇ॥)

ਇਸ 'ਤੇ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸ੍ਰੀ ਭਗਤ ਜੀ, ਨਿਰਗੁਨ ਸਰੂਪ 'ਚ ਲੀਣ, ਘਣੀ ਤੋਂ ਘਣੀ ਗ਼ਰੀਬੀ ਨਾਲ, ਨਿਰਗੁਨ ਸਰੂਪ ਦਾ ਹੀ ਕਥਨ ਕਰ ਰਹੇ ਹਨ। ਖੁਦੀ ਮਿਟ ਚੁੱਕੀ ਹੈ। ਯਥਾ:- ਮਿਟੀ ਪੋਲਾ- ਖੁਦੀ ਮਿਟੀ. ਤਬ ਸੁਖ ਭਏ; ਮਨ ਤਨ ਭਏ ਅਰੋਗ॥ ਨਾਨਕ. ਦ੍ਰਿਸਟੀ ਆਇਆ; ਉਸਤਤਿ ਕਰਨੈ ਜੋਗੁ॥ ਇਸ 'ਚ ਬਹੁਤ ਹੀ ਗੂੜ੍ਹੀ ਡੂੰਘੀ ਰਮਜ਼ ਹੈ। ਨਿਰਗੁਨ ਸਰੂਪ 'ਚ, ਨਾ ਕੋਈ ਛੰਨ ਨਾ ਕੋਈ ਛੱਪਰੀ, ਨਾ ਕੋਈ ਘਰ. ਨਾ ਕੋਈ ਪਿੰਡ, ਨਾ ਕੋਈ ਜਾਤ ਨਾ ਕਿਸੇ ਦਾ ਨਾਮ ਹੈ। ਯਥਾ:- ਚਕ੍ਰ ਚਿਹਨ. ਅਰੁ ਬਰਨ ਜਾਤਿ; ਅਰੁ ਪਾਤਿ ਨਹਿਨ ਜਿਹ॥) ਨ ਤਾਤੈ; ਨ ਮਾਤੈ॥ ਨ ਜਾਤੈ; ਨ ਪਾਤੈ॥੧੪੮॥ (ਸ੍ਰੀ ਜਾਪ ਸਾ:) ਨ ਸਾਡਾ ਪਿੰਡ ਨ ਸ੍ਰੀਰ ਨ ਸਾਡੇ ਇੰਦ੍ਰੇ, ਨ ਸਾਡਾ ਰਾਜ ਹੈ, ਕਿਉਂਕਿ ਸਾਨੂੰ ਮੋੜ ੨ ਕੇ ਵਿਸ਼ੇ ਵਿਕਾਰਾਂ ਕਲੇਸ਼ 'ਚ ਲਾ ਰਹੇ ਹਨ। ਯਥਾ:- ਰਾਣਾ ਰਾਉ ਰਾਜ ਭਏ ਰੰਕਾ; ਉਨਿ ਝੂਠੇ. ਕਹਣੁ ਕਹਾਇਓ॥) ਕੋਈ ਕਾਹੂ ਕੋ ਨਹੀ; ਸਭ ਦੇਖੀ ਠੋਕਿ ਬਜਾਇ॥੧੧੩॥ ਇਹ ਤੇਰਾ ਘਰ, ਇਹ ਮੇਰਾ ਘਰ, ਜੀਵ ਆਪੋ ਵਿੱਚੀਂ ਥੋੜੀ ੨ ਧਰਤੀ ਪਿੱਛੇ ਕਤਲ ਕਰ ਦਿੰਦੇ ਹਨ। ਇੱਕ ਜਾਤੀ ਦੀ ਦੂਜੀ ਜਾਤੀ ਨਾਲ ਝਗੜੇ ਕਤਲ ਹੁੰਦੇ ਹੀ ਰਹਿੰਦੇ ਹਨ। ਯਥਾ:- ਮੇਰੀ ਮੇਰੀ

Sri Satguru Jagjit Singh Ji eLibrary NamdhariElibrary@gmail.com

ਧਾਰੀ॥ ਓਹਾ; ਪੈਰਿ ਲੋਹਾਰੀ॥) ਮੇਰੀ ਮੇਰੀ ਕੈਰਉ ਕਰਤੇ; ਦੁਰਜੋਧਨ ਸੇ ਭਾਈ॥ ਬਾਰਹ ਜੋਜਨ ਛਤ੍ਰੁ ਚਲੈ ਥਾ; ਦੇਹੀ. ਗਿਰਝ ਨ ਖਾਈ॥੨॥) ਜਬ ਲਗੁ; ਮੇਰੀ ਮੇਰੀ ਕਰੈ॥ ਤਬ ਲਗੁ; ਕਾਜੁ ਏਕੁ ਨਹੀ ਸਰੈ॥ ਜਬ ਮੇਰੀ ਮੇਰੀ; ਮਿਟਿ ਜਾਇ॥ ਤਬ ਪ੍ਰਭ; ਕਾਜੁ ਸਵਾਰਹਿ ਆਇ॥) ਜਬ ਇਨਿ; ਅਪੁਨੀ ਅਪਨੀ ਧਾਰੀ॥ ਤਬ ਇਸ ਕਉ; ਹੈ ਮੁਸਕਲੁ ਭਾਰੀ॥

ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥੬੧॥੧. ਸ਼੍ਰੋਮਣੀ ਭਗਤ ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਮੁਹਿ)ਦਾਸਨ ਦਾਸ ਨੂੰ, ਕੁਸੰਗਤ ਔਗੁਣ ਜੀਵਤ ਭਾਵ ਤੋਂ ਮਰਨੇ ਕਾ ਚਾਉ ਉਤਸ਼ਾਹ ਹੈ। ਦਾਸਨ ਦਾਸ ਜੇਕਰ ਜੀਵਤ ਭਾਵ ਤੋਂ (ਮਰਉ)ਮਰੇ, ਤ (ਹਰਿ)ਹਰੀ ਜੀ (ਕੈ)ਦੇ ਸਤਸੰਗਤ ਰੂਪੀ (ਦੁਆਰ)ਦਰ 'ਤੇ ਮਰੇ। (ਮਤ)ਮਤਾਂ ਕਿਤੇ, ਹਰਿ ਜੀਓ ਪ੍ਰੇਮ ਕ੍ਰਿਪਾ 'ਚ ਢਲ਼ ਕੇ, (ਪੂਛੈ)ਪੁੱਛ ਹੀ ਲੈਣ ਕਿ (ਹਮਾਰੈ)ਦਾਸਨ ਦਾਸ ਦੇ ਸਤਸੰਗਤ ਰੂਪੀ (ਬਾਰ)ਬੂਹੇ 'ਤੇ, ਜੀਵਤ ਭਾਵ ਤੋਂ ਕਉਨੁ ਪ੍ਰੇਮੀ ਮਰਿਆ (ਪਰਾ)ਪਿਆ ਹੈ? ਜਿਵੇਂ ਸ੍ਰੀ ਕਬੀਰ ਸਾਹਿਬ ਜੀ ਜੀਵਤ ਭਾਵ ਤੋਂ ਮਰ ਕੇ,ਸਿਮਰਨ 'ਚ ਲੀਣ ਹਨ। ਭਗਵਾਨ ਜੀ ਨੇ ਪ੍ਰਗਟ ਹੋ ਕੇ ਜੱਗ ਸੰਪੂਰਨ ਕੀਤਾ। ਜਿੱਥੇ ਸਿਮਰਨ ਕਰਦੇ ਸਨ, ਆਦਰ ਨਾਲ ਜਾ ਕੇ ਬੁਲਾਏ, ਥਾਪੜਾ ਦੇ ਕੇ ਛਾਤੀ ਨਾਲ ਲਾ ਲਏ। ਯਥਾ:- (¹ਜੱਫੀ) ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ; ਹਰਿ ਮਿਲਿਓ ਲਾਇ ¹ਝਪੀੜਾ॥ ਇੱਕ ਤਾਂ ਜੱਗ ਸੰਪੂਰਨ ਕਰਕੇ ਲੱਜਿਆ ਰੱਖੀ, ਦੂਜਾ ਦਰਸ਼ਨ ਬਖ਼ਸ਼ ਕੇ, ਛਾਤੀ ਨਾਲ ਲਾ ਕੇ, ਦੁੱਖ ਤੋੜ ਦਿਤਾ, ਸਦਾ ਲਈ ਏਕਤਾ ਅਭੇਦਤਾ ਕਰ ਲਈ। ਯਥਾ:- ਜਿਉ ਜਲ ਮਹਿ; ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥

ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥੨. ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਮੁਹਿ)ਦਾਸਨ ਦਾਸ ਨੂੰ, ਹਰੀ ਜੀ ਤੋਂ (ਮਰਨੇ)ਕੁਰਬਾਨ ਸ਼ਹੀਦ ਹੋਣ ਕਾ ਬੜਾ ਭਾਰੀ ਚਾਉ ਉਤਸ਼ਾਹ ਉਮਾਹ ਹੈ, ਜੋ ਧਰਮ ਪਰਉਪਕਾਰ ਲਈ,ਦਾਸਨ ਦਾਸ ਦਾ ਸ੍ਰੀਰ ਲੱਗ ਜਾਵੇ। ਭਗਤ ਜੀ ਦੇ ਖ਼ਾਸ ਪ੍ਰੇਮੀ ਕਹਿੰਦੇ, " ਜੀ! ਸਾਰੇ ਮਰਨੋ ਡਰਦੇ ਹਨ, ਪਰ ਆਪ ਜੀ ਨੂੰ ਮਰਨ ਦਾ ਚਾਅ ਕਿਉਂ ਹੈ"? ਤਾਂ ਕਿਹਾ:- ਮਰਉ ਤ ਹਰਿ ਕੈ ਦੁਆਰ॥ ਹੇ ਪ੍ਰੇਮੀਓ! ਦਾਸਨ ਦਾਸ ਨੂੰ ਮਰਨ ਦਾ ਚਾਅ ਇਸ ਲਈ ਹੈ ਕਿ ਜੇ ਦਾਸਨ ਦਾਸ (ਮਰਉ)ਮਰੇ ਭਾਵ ਸ਼ਹੀਦ ਹੋਵੇ ਤ ਹਰਿ ਜੀ (ਕੈ)ਦੇ ਧਰਮ ਰੂਪੀ ਦੁਆਰ 'ਤੇ ਹੀ ਹੋਵੇ। ਹਰੀ ਜੀ ਦੇ ਦੁਆਰੇ 'ਤੇ ਮਰਨ ਦਾ ਭਾਵ ਇਹ ਨਹੀਂ, ਜਿਵੇਂ ਕੋਈ ਕਿਸੇ ਨਾਲ ਲੜ ਕੇ, ਕ੍ਰੋਧ 'ਚ ਤਪ ਕੇ ਕਹੇ, "ਮੈ ਤੇਰੇ ਸਿਰ ਚੜ੍ਹ ਕੇ ਤੇਰੇ ਬੂਹੇ 'ਤੇ ਮਰਾਂਗਾ"। ਹਰੀ ਜੀ ਦੇ ਧਰਮ ਰੂਪੀ ਦੁਆਰੇ 'ਤੇ ਇਉਂ ਮਰਨਾ ਹੈ:- ਜਿਵੇਂ ਸ੍ਰੀ ਅਨੰਦਗੜ੍ ਸਾਹਿਬ ਜੀ ਦੇ ਘੇਰੇ, ਸ੍ਰੀ ਚਮਕੌਰ ਗੜ੍ਹੀ ਦੇ ਜੰਗ 'ਚ, ਗੁਰੂ ਪਿਆਰੇ ਦੁਲਾਰੇ ਸੂਰਬੀਰ ਬਹਾਦਰ ਯੋਧੇ ਸਿੰਘ ਸਾਹਿਬਾਨ, ਭਾਈ ਮਤੀਦਾਸ, ਭਾਈ ਸਤੀਰਾਮ, ਭਾਈ ਦਇਆਲਾ ਜੀ, ਭਾਈ ਮਨੀ ਸਿੰਘ ਬਾਬਾ ਦੀਪ ਸਿੰਘ ਜੀ ਸ਼ਹੀਦ ਹੋਏ ਹਨ। ਹੇ ਪ੍ਰੇਮੀਓ! ਜੇ ਆਪ ਜੀ ਪੁੱਛਦੇ ਹੋਂ ਹਰੀ ਜੀ ਦੇ ਦੁਆਰੇ ਤੇ ਕਿਉਂ ਮਰਦਾ ਹੈਂ?:-

ਮਤ ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥੬੧॥੨. (ਮਤ)ਮਤਾਂ ਹਰਿ ਜੀ (ਪੂਛੈ)ਪੁੱਛ ਹੀ ਲੈਣ ਕਿ (ਹਮਾਰੈ)ਦਾਸਨ ਦਾਸ ਦੇ ਧਰਮ ਰੂਪੀ (ਬਾਰ)ਬੂਹੇ 'ਤੇ, ਪਰਉਪਕਾਰ ਕਰਕੇ ਕਉਨੁ ਸ਼ਹੀਦ ਹੋਇਆ (ਪਰਾ) ਪਿਆ ਹੈ॥੬੧॥ ਦ੍ਰਿਸਟਾਂਤ:- ਜਿਵੇਂ ਬਾਬਾ ਮਹਾਂ ਸਿੰਘ ਜੀ ਆਦਿਕ ਸਿੰਘ ਜੋ ਸ੍ਰੀ ਮੁਕਤਸਰ ਸਾਹਿਬ ਜੀ ਦੇ ਧਰਮ ਯੁੱਧ 'ਚ, ਗੁਰੂ ਸਾਹਿਬ ਜੀ ਦੇ ਸਨਮੁਖ ਰਹਿ ਕੇ, ਧਰਮ ਰੂਪੀ ਬੂਹੇ 'ਤੇ ਸ਼ਹੀਦ ਹੋਏ ਸਨ। ਸ੍ਰੀ ਸਤਿਗੁਰੂ ਸਾਹਿਬ ਜੀ ਨੇ ਆਪਣੇ ਚੋਲ਼ੇ ਦੇ ਪੱਲੇ ਨਾਲ ਸਿੰਘਾਂ ਦੇ ਚੇਹਰੇ ਪੂੰਝੇ, ਕਿਹਾ, "ਇਹ ਮੇਰਾ ਪੰਜ ਹਜ਼ਾਰੀ, ਇਹ ਮੇਰਾ ਦਸ ਹਜ਼ਾਰੀ, ਇਹ ਮੇਰਾ ਪੰਦਰਾਂ ਹਜ਼ਾਰੀ, ਇਹ ਮੇਰਾ ਵੀਹ ਹਜ਼ਾਰੀ"ਬਖ਼ਸ਼ੇ ਵਰ ਵਾਰੋ ਵਾਰੀ, ਵਾਰ ਵਾਰ

Sri Satguru Jagjit Singh Ji eLibrary NamdhariElibrary@gmail.com

ਜਾਣ ਬਲਿਹਾਰੀ। ਸਿੰਘਾਂ ਦੇ ਫੱਟ ਦੇਖ ਕੇ ਮਹਾਰਾਜ ਪ੍ਰੇਮ ਵੈਰਾਗ 'ਚ ਐਸੇ ਢਲੇ, ਨੇਤ੍ਰਾਂ 'ਚੋਂ ਆਪ ਮੁਹਾਰਾ ਜਲ ਵਹਿ ਤੁਰਿਆ। ਬਾਬੇ ਮਹਾਂ ਸਿੰਘ ਸਾਹਿਬ ਜੀ ਨੇ ਸ਼ਹੀਦੀ ਪਾ ਕੇ, ਜੋ ਮਾਝੇ ਦੀ ਟੁੱਟੀ ਗੰਢਾਈ ਹੈ, ਇਹ ਹੈ ਹਰੀ ਗੁਰੂ ਜੀ ਦੇ ਧਰਮ ਰੂਪੀ ਬੂਹੇ 'ਤੇ ਜ਼ੁਲਮ ਦੇ ਨਾਸ ਧਰਮ ਦੇ ਪ੍ਰਕਾਸ਼ ਲਈ ਮਰਨਾ, ਗੁਰੂ ਜੀ ਦਾ ਪੁੱਛਣਾ। ਜਿਵੇਂ ਬੂਹੇ ਦੁਆਰਾ ਮੰਦਰ ਅੰਦਰ ਪ੍ਰਵੇਸ਼ ਹੋਈਦਾ ਹੈ, ਤਿਵੇਂ ਹਰੀ ਗੁਰੂ ਜੀ ਦੇ ਧਰਮ ਰੂਪੀ ਬੂਹੇ 'ਤੇ ਮਰ ਕੇ, ਇਸ ਧਰਮ ਰੂਪੀ ਬੂਹੇ ਦੁਆਰਾ ਸੂਰਬੀਰ ਬਹਾਦਰ ਯੋਧੇ ਸ਼ਹੀਦ, ਸੱਚਖੰਡ ਮੰਦਰ 'ਚ ਪ੍ਰਵੇਸ਼ ਹੋ ਕੇ, ਅਬਿਨਾਸੀ ਪਦ ਨੂੰ ਪ੍ਰਾਪਤ ਹੁੰਦੇ ਹਨ। ਹਰੀ ਜੀ ਦੇ ਸਤਸੰਗਤ ਰੂਪੀ ਦੁਆਰੇ 'ਤੇ, ਜੀਵਤ ਭਾਵ ਤੋਂ ਮਰਨ ਅਥਵਾ ਸ੍ਰੀਰ ਕਰਕੇ ਸ਼ਹੀਦ ਹੋਣ ਬਾਰੇ ਮਹਾਨਤਾ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਇਸ ਸਲੋਕ 'ਚ ਵਾਹਿਗੁਰੂ ਜੀ ਦੇ ਦੁਆਰੇ 'ਤੇ ਮਰਨ ਦਾ ਚਾਉ ਰੱਖਦਿਆਂ, ਵਾਹਿਗੁਰੂ ਜੀ ਦੇ ਦੁਆਰੇ 'ਤੇ ਮਰਨ ਦੀ ਸ਼ੁਭ ਇੱਛਾ ਕਰਦੇ ਹਨ, ਭਾਵ ਸਾਰੇ ਗੁਨਾਹਾਂ ਵੱਲੋਂ ਮਰਨਾ, ਜੀਵਤ ਮਰਣਾ ਤਾਰੇ ਤਰਣਾ॥ ਅਥਵਾ ਗੁਰੂ ਜੀ ਦੇ ਦੁਆਰੇ 'ਤੇ ਇਉਂ ਮਰਨਾ ਜਿਵੇਂ ਬਾਬਾ ਮਹਾਂ ਸਿੰਘ ਸਾਹਿਬ ਜੀ ਭਾਈ ਆਲਮ ਸਿੰਘ ਜੀ ਪਿਆਰੇ ਮੋਹਕਮ ਸਿੰਘ ਹਿੰਮਤ ਸਿੰਘ ਸਾਹਿਬ ਸਿੰਘ ਜੀ ਚਾਰ ਸਾਹਿਬਜ਼ਾਦੇ ਅਨੇਕ ਗੁਰੂ ਪਿਆਰੇ ਗੁਰੂ ਜੀ ਦੇ ਦੁਆਰੇ 'ਤੇ, ਸ੍ਰੀਰ ਕਰਕੇ ਸ਼ਹੀਦ ਹੋਏ ਹਨ। ਜਬ ਆਵ ਕੀ ਅਉਧ ਨਿਦਾਨ ਬਨੈ; ਅਤ ਹੀ ਰਨ ਮੈ. ਤਬ ਜੂਝ ਮਰੋ॥ ਬਚਨਾ ਨੂੰ ਕਮਾਇਆ ਹੈ, ਫੇਰ ਇਸ 'ਚ ਸ਼ੁਭ ਇੱਛਾ ਪ੍ਰਗਟਾਈ ਹੈ, ਕਿ ਜਦੋਂ ਦਾਸਨ ਦਾਸ ਹਰੀ ਜੀ ਦੇ ਦੁਆਰੇ 'ਤੇ ਮਰਿਆ ਪਿਆ ਹੋਵੇਗਾ, ਮਤਾਂ ਹਰੀ ਜੀ ਪੁੱਛ ਲੈਣ ਕਿ ਭਾਈ ਦੱਸੋ ਪਿਆਰਿਓ! ਇਹ ਦਾਸਨ ਦਾਸ ਦੇ ਦੁਆਰ 'ਤੇ ਕਉਣ ਮਰਿਆ ਪਿਆ ਹੈ। ਇਸ ਪ੍ਰੇਮ ਵਿਚਾਰ 'ਚ ਅਨੇਕਾਂ ਹੀ ਗੁਣ ਹਨ, ਜੇ ਹਰੀ ਜੀ ਦੇ ਦੁਆਰੇ 'ਤੇ ਮਰੇ ਤਾਂ ਹੀ ਹਰੀ ਜੀ ਪੁੱਛਣਗੇ, ਮੁਕਤੀ ਕਰ ਦੇਣਗੇ। ਜਿਵੇਂ ਭਾਈ ਗੁਰਦਾਸ ਸਾਹਿਬ ਜੀ ਨੇ ਕਿਹਾ ਹੈ, "ਜੁੱਤਾ ਪੁਰਖ ਦਾ ਬਾਹਰ ਹੀ ਪਿਆ ਰਹਿੰਦਾ ਹੈ, ਮਾਲਕ ਕਿਸੇ ਨ ਕਿਸੇ ਵੇਲੇ ਆ ਕੇ ਸੰਭਾਲ ਹੀ ਲੈਂਦਾ ਹੈ, ਇਸੇ ਤਰ੍ਹਾਂ ਹਰੀ ਜੀ ਦੇ ਦੁਆਰੇ 'ਤੇ ਮਰ ਕੇ ਜੁੱਤਾ ਬਣ ਜਾਈਏ। ਹਰੀ ਜੀ ਨੂੰ ਤਰਸ, ਲਾਜ ਆ ਜਾਵੇਗੀ। ਬਈ ਗ਼ੀਬ, ਦੁਆਰੇ 'ਤੇ ਮਰਿਆ ਪਿਆ ਹੈ, ਜੁੱਤਾ ਹੀ ਬਣ ਕੇ ਮਹਾਰਾਜ ਸੱਚੇ ਪਾਤਿਸ਼ਾਹ ਜੀ ਦੇ ਸੱਚੇ ਚਰਨ- ਕਮਲਾਂ 'ਤੇ ਪਈਏ, ਮਹਾਰਾਜ ਜੀ ਨਿਗ੍ਹਾ ਪਾ ਕੇ ਨਿਹਾਲ ਕਰ ਦੇਣਗੇ। ਯਥਾ:- ਨਾਨਕੁ ਗਰੀਬੁ.ਢਹਿ ਪਇਆ ਦੁਆਰੈ; ਹਰਿ ਮੇਲਿ ਲੈਹੁ ਵਡਿਆਈ॥ ਜੇਕਰ ਹਰੀ ਜੀ ਦੇ ਦੁਆਰ 'ਤੇ ਨਹੀਂ ਮਰਦਾ, ਤਾਂ ਕਸ਼ਟਾਂ 'ਚ, ਜਨਮ ੨ 'ਚ ਪੀੜੀਦਾ ਜਾ ਰਿਹਾ ਹੈ। ਯਥਾ:- ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥ ਇਸ ਦਾ ਮੌਤ ਦੇ ਮਾਰੇ ਮਰਨਾ, ਚੱਕ੍ਰਵਰਤੀ ਰਾਜ ਸਿੰਘਾਸਣ ਕਿਸੇ ਲੇਖੇ 'ਚ ਨਹੀਂ ਹੈ। ਯਥਾ:- ਰਾਜੇ ਇੰਦ੍ਰ ਸਮਸਰਿ. ਗ੍ਰਿਹ ਆਸਨ; ਬਿਨੁ ਹਰਿ ਭਗਤਿ. ਕਹਹੁ ਕਿਹ ਲੇਖੈ॥ ਸੋ ਹਰੀ ਜੀ ਦੇ ਪਰਮ ਪਾਕ ਸੱਚੇ ਦੁਆਰੇ 'ਤੇ ਔਗੁਣਾਂ ਦੋਸ਼ਾਂ ਵਿਕਾਰਾਂ ਵੱਲੋਂ ਜਿਉਂਦੇ ਮਰ ਜਾਣਾ, ਹਰੀ ਜੀ ਲਈ ਧਰਮਯੁੱਧ 'ਚ ਸ਼ਹੀਦ ਹੋ ਜਾਣਾ ਇਹ ਬਹੁਤ ਵੱਡਾ ਉੱਚਾ ਰੁਤਬਾ ਹੈ। ਜਿਤਨੇ ਭੀ ਗੁਰੂ ਪਿਆਰੇ ਧਰਮ ਲਈ ਕੁਰਬਾਨ ਹੋਏ ਹਨ, ਉਹ ਸਾਰੇ ਹੀ ਹਰੀ ਜੀ ਦੇ ਦੁਆਰ 'ਤੇ ਮਰੇ ਹਨ। ਜਿਨ੍ਹਾਂ ਨੂੰ ਅਮਰ ਸ਼ਹੀਦਾਂ ਦੀ ਪਦਵੀ ਪ੍ਰਾਪਤ ਹੈ। ਐਸੇ ਗੁਰੂ ਪਿਆਰਿਆਂ ਸਚਿਆਰਿਆਂ ਨੂੰ ਅਰਦਾਸ 'ਚ ਚੇਤੇ ਕੀਤਾ ਜਾਂਦਾ ਹੈ। ਜਿਨ੍ਹਾਂ ਪਿਆਰਿਆਂ ਨਾਮ ਜਪਿਆ ਵੰਡ ਛਕਿਆ, ਦੇਗ਼ ਚਲਾਈ ਤੇਗ਼ ਵਾਹੀ, ਦੇਖ ਕੇ ਅਣਡਿੱਠ ਕੀਤਾ। ਚਰਖੜੀਆਂ 'ਤੇ ਚੜ੍ਹੇ ਬੰਦ ੨ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਦੇਗਾਂ 'ਚ ਉਬਾਲ਼ੇ ਗਏ, ਸਵਾ ੨ ਮਣ ਪੀਸਣੇ ਪੀਸੇ, ਜ਼ਾਲਮਾਂ ਨੇ ਬੱਚਿਆਂ ਨੂੰ ਟੋਟੇ ੨ ਕਰ ਕੇ ਝੋਲ਼ੀਆਂ 'ਚ ਪਾਇਆ, ਗਲ਼ਾਂ 'ਚ ਹਾਰ ਪਾਏ, ਨੇਜ਼ਿਆਂ ਤੇ ਟੰਗਿਆ, ਕੀਮਾਂ ੨ ਕੀਤੇ ਗਏ, ਦੁੱਖ ਭੁੱਖ ਮਾਰਾਂ ਸਹਾਰੀਆਂ,

Sri Satguru Jagjit Singh Ji eLibrary NamdhariElibrary@gmail.com

ਐਸੇ ਪਿਆਰਿਆਂ ਨੂੰ ਹਰੀ ਨਿਰਗੁਨ ਬ੍ਰਹਮ ਜੀ, ਆਪਣੇ ਅਸੰਖ ਸੂਰਜਾਂ ਚੰਦ੍ਰਮਿਆਂ ਤਾਰੇ ਮੰਡਲਾਂ ਧਰਤੀਆਂ ਸੰਤਾਂ ਅਸੰਖ ਅਸਮਾਨਾਂ ਅਨੰਤ ਬ੍ਰਹਮੰਡਾਂ ਦੇ ਪਸਾਰੇ ਸਮੇਤ, ਸਿਮਰਦੇ ਨਮਸਕਾਰਦੇ ਪੂਜਦੇ ਹਨ। ਯਥਾ:- ਤਿਸੁ ਜਨ ਕੇ ਪਗ. ਨਿਤ ਪੂਜੀਅਹਿ. ਮੇਰੀ ਜਿੰਦੁੜੀਏ; ਜੋ. ਮਾਰਗਿ ਧਰਮ ਚਲੇਸਹਿ ਰਾਮ॥ ਐਸੇ ਮਰਨੇ ਕਰਕੇ ਜੈਸਾ ਕਿ ਕਬੀਰ ਸਾਹਿਬ ਜੀ ਕਹਿ ਰਹੇ ਹਨ, ਫੇਰ ਉਸ ਦਾ ਮਰਨਾ ਨਹੀਂ ਹੁੰਦਾ। ਯਥਾ:- ਐਸੇ ਮਰਨੇ ਜੋ ਮਰੈ; ਬਹੁਰਿ. ਨ ਮਰਨਾ ਹੋਇ॥੨੯॥

ਸਾਖੀ:- ਮਹਾਨ ਵਿੱਦਵਾਨ ਰਾਮਸਰਨਦਾਸ ਜੀ ਨੇ ਮਹਾਂ ਮਹਾਂ ਦੁਖੀ ਹੋ ਕੇ, ਪੂਰਨ ਗੁਰੂ ਜੀ ਦੇ ਦੁਆਰੇ 'ਤੇ ਪੈਣਾ, ਰੋਮ ੨ ਕਰਕੇ ਵਿਰਲਾਪ ਕਰਨਾ, ਜ਼ਾਲਮ ਦੁੱਖ ਦੀ ਨਿਵਿਰਤੀ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਅਗਮ ਅਪਾਰ ਬੇਹਾਥ ਤੇਜ਼ ਪ੍ਰਤਾਪ:- ਨਿਸ਼ਕਪਟ ਮਹਾਤਮਾ ਪੰਡਿਤ ਰਾਮਸਰਨ ਦਾਸ ਜੀ ਵਿੱਦਵਾਨ, **20** ਅਪ੍ਰੈਲ **1909** ਨੂੰ ਪੂਰਨ ਸੰਤ ਸੰਗਤ ਸਿੰਘ ਜੀ ਕਮਾਲੀਆ ਵਾਲਿਆਂ ਪਾਸ ਆਏ, ਸੰਤਾਂ ਮਹਾਂਪੁਰਸ਼ਾਂ ਨੇ ਪੂਰਨ ਅਦਬ ਸਤਿਕਾਰ ਨਾਲ, ਸਾਧ ਕੀ ਸੋਭਾ; ਅਤਿ ਮਸਕੀਨੀ॥ ਸੰਤ ਵਡਾਈ; ਹਰਿ ਜਸੁ ਚੀਨੀ॥ ਖੜ੍ਹੇ ਹੋ ਕੇ ਪੂਰਨ ਅਦਬ ਸਤਿਕਾਰ ਕੀਤਾ। ਪੂਰਨ ਸਤਿਕਾਰ ਨਾਲ ਆਸਣ ਵਿਛਾਅ ਕੇ, ਸੰਤ ਜੀ ਨੂੰ ਬਿਠਾ ਲਿਆ। ਸੰਤ ਜੀ ਨੇ ਆਪਣੀ ਵਿਥਿਆ ਸੁਣਾਈ। "ਕਾਂਸ਼ੀ 'ਚ ਦਾਸਨ ਦਾਸ ਨੇ ਬਾਰਾਂ ਵਰ੍ਹੇ ਸੰਸਕ੍ਰਿਤ ਦਾ ਖ਼ੂਬ ਅਭਿਆਸ ਕੀਤਾ, ਚਾਰੇ ਵੇਦ ਛੇ ਸ਼ਾਸ਼ਤ੍ਰ ਅਠਾਰਾਂ ਪੁਰਾਣ ਪੜ੍ਹੇ। ਬਹੁਤ ਸਾਰੇ ਗ੍ਰੰਥ ਦਾਸ ਦੇ ਜ਼ਬਾਨੀ ਕੰਠ ਹੋ ਗਏ। ਉਪ੍ਰੰਤ ਦਾਸ ਦੇ ਮਨ 'ਚ, ਪ੍ਰਾਣਾਂਯਾਮ ਕਰਨ ਦਾ ਅਭਿਆਸ ਕਰਨ ਦੀ ਰੁਚੀ ਜਾਗੀ। ਉੱਥੋਂ ਦਾਸ ਮੁਲਤਾਨ ਗਿਆ, ਪ੍ਰਹਲਾਦ ਪੁਰੀ 'ਚ ਇਕਾਂਤ ਆਸਣ ਲਾ ਕੇ, ਦਾਸ ਨੇ ਪ੍ਰਾਣਾਯਾਮ ਸ਼ੁਰੂ ਕੀਤਾ, ਇੱਕ ਦਿਨ ਦਸਮੇਂ ਦੁਆਰ ਪ੍ਰਾਣ ਚੜ੍ਹਾਉਣ ਸਮੇਂ, ਬਹੁਤ ਘਬਰਾਹਟ ਹੋਣ ਤੋਂ, ਬਲ਼ਦੀ ਅੱਗ 'ਚ, ਦਾਸ ਨੇ ਛਾਲ਼ ਮਾਰ ਦਿਤੀ, ਕੱਪੜਿਆਂ ਨੂੰ ਅੱਗ ਲੱਗ ਗਈ, ਦਾਸ ਹੋਰ ਘਬਰਾ ਗਿਆ। ਉੱਥੋਂ ਨਿਕਲ ਕੇ ਦਾਸ ਨੇ ਨੇੜੇ ਪਾਣੀ ਦੇ ਤਲਾਅ 'ਚ ਛਾਲ਼ ਮਾਰੀ, ਅੱਗ ਬੁਝ ਗਈ, ਮਸਾਂ ੨ ਜਾਨ ਬਚੀ। ਪਾਕ ਖ਼ੂਨ ਦਾਸ ਦੇ ਸ਼ਰੀਰ'ਚੋਂ ਬਹਿਣ ਲੱਗਿਆ, ਮੱਖੀਆਂ ਭਿਣਕਣ ਲੱਗੀਆਂ। ਸ਼ਰੀਰ'ਚ ਬਹੁਤ ਚੀਸਾਂ ਜਲ਼ਣ ਪੈਦਾ ਹੋ ਗਈ, ਬਹੁਤ ਹੀ ਦੁਖੀ ਹੋਇਆ। ਦਾਸਨ ਦਾਸ ਦੇ ਸ਼ਰਧਾਲੂਆਂ ਨੇ ਮੁਲਤਾਨ 'ਚ, ਦੁਆਈ ਦਾ ਬਹੁਤ ਉਪਚਾਰ ਕੀਤਾ, ਪਰ ਕੋਈ ਭੀ ਦੁਆਈ ਠੀਕ ਨ ਆਈ। ਨਿਰਾਸਤਾ 'ਚ ਦਾਸ ਰੋ ਰਿਹਾ ਸੀ, ਇਨੇ ਨੂੰ ਇੱਕ ਪੂਰਨ ਮਹਾਂਪੁਰਸ਼ ਉੱਥੇ ਆਏ, ਪੁੱਛਿਆ, "ਕੀ ਕਾਰਨ ਹੈ, ਰੋ ਰਹੇ ਹੋਂ"? ਦੱਸਿਆ, "ਦਾਸ ਸੜਿਆ ਦੁਖੀ ਹੈ"। ਸੰਤਾਂ ਕਿਹਾ, "ਮੇਰਾ ਬੈਦੁ. ਗੁਰੂ ਗੋਵਿੰਦਾ॥ ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ; ਕਾਟੈ. ਜਮ ਕੀ ਫੰਧਾ॥ ਦਾਸਨ ਦਾਸ ਆਪ ਜੀ ਨੂੰ, ਆਪਣੇ ਪੂਰਨ ਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਜੀ ਪਾਸ ਲਿਜਾਂਦਾ ਹੈ, ਉਹ ਆਪ ਜੀ ਦਾ ਇਲਾਜ ਕਰਨਗੇ। ਉਹ ਦਾਸ ਨੂੰ ਭਾਈ ਦਿਆਲ ਜੀ ਦੇ ਡੇਰੇ 'ਚ ਲੈ ਆਇਆ, ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਵੱਡੇ ਕਮਰੇ ਪਾਸ, ਛੋਟੇ ਕਮਰੇ 'ਚ ਦਾਸਨ ਦਾਸ ਨੂੰ ਪਾ ਦਿਤਾ। ਸ੍ਰੀ ਅਖੰਡ ਪਾਠ ਸਾਹਿਬ ਜੀ ਝੱਟਪੱਟ ਅਰੰਭ ਕਰ ਦਿਤਾ, ਦਾਸਨ ਦਾਸ ਨੂੰ ਕਿਹਾ, "ਪੂਰੇ ਗੁਰੂ ਜੀ ਦਾ ਪੂਰਾ ਮੰਤ੍ਰ ਹੈ, ਇਹ ਇੱਕ ਐਸਾ ਗੁਰਬਾਣੀ ਮੰਤ੍ਰ ਹੈ, ਜਿਸ 'ਚ ਸਾਰੀਆਂ ਸ਼ਕਤੀਆਂ ਹਨ, ਦੁਖ ਰੋਗ ਸੰਤਾਪ ਉਤਰੇ; ਸੁਣੀ ਸਚੀ ਬਾਣੀ॥ ਅਨੁਸਾਰ ਆਪ ਜੀ ਦੇ ਸਾਰੇ ਦੁੱਖ ਸੰਤਾਪ ਦੂਰ ਹੋ ਜਾਣਗੇ। ਦਾਸਨ ਦਾਸ ਨੇ ਗ੍ਰੰਥਾਂ 'ਚ ਪੜ੍ਹਿਆ ਸੀ, ਕਿ ਮੰਤ੍ਰ 'ਚ ਬਹੁਤ ਵੱਡੀ ਸ਼ਕਤੀ ਹੁੰਦੀ ਹੈ, ਨ ਹੋਣ ਵਾਲੀਆਂ ਗੱਲਾਂ ਭੀ ਹੋ ਜਾਂਦੀਆਂ ਹਨ। ਕਿਉਂਕਿ ਦਾਸ ਦੇ ਸ਼ਰੀਰ'ਚ ਕਸ਼ਟ ਬਹੁਤ ਸੀ, ਕਮਾਈ ਵਾਲੇ ਮਹਾਂਪੁਰਸ਼ਾਂ ਦੇ ਬਚਨ ਸੁਣ ਕੇ ਹੋਰ ਸ਼ਰਧਾ ਵਧ ਗਈ। ਦਾਸਨ ਦਾਸ ਬਾਣੀ ਸੁਨਣ ਲੱਗਾ, ਜਿਉਂ ੨ ਬਾਣੀ ਸੁਣਦਾ ਗਿਆ, ਦਾਸ ਦੀ ਛਾਤੀ ਠੰਢੀ ਹੁੰਦੀ ਗਈ। ਯਥਾ:- ਛਾਤੀ ਸੀਤਲ. ਮਨੁ ਸੁਖੀ; ਛੰਤ ਗੋਬਿਦ

Sri Satguru Jagjit Singh Ji eLibrary NamdhariElibrary@gmail.com

ਗੁਨ ਗਾਇ॥ ਐਸੀ ਕਿਰਪਾ. ਕਰਹੁ ਪ੍ਰਭ; ਨਾਨਕ. ਦਾਸ ਦਸਾਇ॥) ਮਾਈ; ਮੇਰੇ ਮਨ ਕੋ ਸੁਖੁ॥ ਅਨੁਸਾਰ ਮਨ ਨੂੰ ਮਹਾਂ ਵਿਸਮਾਦ ਅਤਿਅੰਤ ਸੁਖ ਹੋਣ ਲੱਗਾ। ਯਥਾ:- ਸਰਬ ਸੁਖਾ; ਗੁਰ ਚਰਨਾ॥ ਕਲਿਮਲ ਡਾਰਨ. ਮਨਹਿ ਸਧਾਰਨ; ਇਹ ਆਸਰ. ਮੋਹਿ ਤਰਨਾ॥ ਸ਼ਾਂਤੀ ਆਉਣ ਤੋਂ ਹੋਰ ਸ਼ਰਧਾ ਵਧ ਗਈ। ਗੁਰਬਾਣੀ ਸੁਣ ਕੇ, ਸੁਣਿਐ ਲਾਗੈ ਸਹਜਿ ਧਿਆਨੁ॥) ਸੁਣਿਐ; ਦੂਖ ਪਾਪ ਕਾ ਨਾਸੁ॥੧੦॥ ਅਨੁਸਾਰ ਦਾਸਨ ਦਾਸ ਨੂੰ ਅਨੁਭਵ ਹੋਇਆ, ਕਿ ਮੇਰੇ ਪਾਪ ਨਾਸ ਹੋ ਰਹੇ ਹਨ, ਗੁਰਬਾਣੀ ਜੀ ਅਨੰਦ ਸੁਆਦ ਮਹਾਂ ਵਿਸਮਾਦ ਸਰੂਪ ਹਨ। ਯਥਾ:- ਸਾਚੀ ਬਾਣੀ; ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ; ਤਿਸੁ ਮੋਖ ਦੁਆਰ॥ ਬਾਬੇ ਬਸੰਤ ਸਿੰਘ ਜੀ ਦੇ ਡੇਰੇ ਲੈ ਆਏ, ਉਨ੍ਹਾਂ ਵੱਡੀ ਕ੍ਰਿਪਾ ਕੀਤੀ, ਇਸ ਦਾ ਸ੍ਰੀਰ ਤੜਫ਼ ਰਿਹਾ ਹੈ, ਤੜਫ਼ ੨ ਕੇ ਮਰ ਜਾਵੇਗਾ। ਇੱਕ ਹੋਰ ਸ੍ਰੀ ਅਖੰਡ ਪਾਠ ਸਾਹਿਬ ਜੀ ਰਖਵਾ ਦਿਤੇ। ਦਾਸ ਨੂੰ ਅਨੁਭਵ ਹੋਣ ਲੱਗਾ, ਕਿ ਦਾਸ ਰੋਮ ੨ ਦੇ ਕੰਨ ਨਾਲ ਪੂਰਨ ਸ਼ਰਧਾ ਵਿਸਵਾਸ ਸਹਿਤ ਸੁਨਣ ਲੱਗਿਆ। ਗੁਰਬਾਣੀ ਜੀ ਸੁਣਦਿਆਂ ੨, ਗੁਰਬਾਣੀ ਸੁਨਤ. ਮੇਰਾ ਮਨੁ ਦ੍ਰਵਿਆ; ਮਨੁ ਭੀਨਾ. ਨਿਜ ਘਰਿ ਆਵੈਗੋ॥ ਅਨੁਸਾਰ ਸ੍ਰੀਰ 'ਚੋਂ ਚੀਸਾਂ ਦੂਰ ਹੋਣ ਲਗੀਆਂ, ਮਹਿਸੂਸ ਹੋਣ ਲੱਗਾ ਕਿ ਦਾਸ ਹੁਣ ਅਰੋਗ ਹੋਣ ਲੱਗਾ ਹੈ। ਇਉਂ ਮਹਾਨ ਕ੍ਰਿਪਾ ਕਰਕੇ, ਪੰਜ ਸ੍ਰੀ ਅਖੰਡ ਪਾਠ ਸਾਹਿਬ ਜੀ ਸੁਣਾਏ। ਪੂਰਨ ਮੇਹਰਵਾਨ ਮਹਾਂਪੁਰਸ਼ਾਂ ਦੀਆਂ ਨਿਸ਼ਾਨੀਆਂ ਹੁੰਦੀਆਂ ਹਨ, ਮਾਇਆ ਮੋਹ ਦੇ ਤਿਆਗੀ ਮਹਾਂਪੁਰਸ਼ਾਂ ਨੇ ਪੰਜ ਸਪਤਾਹਕ ਸਹਜ ਪਾਠ ਸੁਣਾਏ। ਇਹ ਸੁਣਦਿਆਂ ੨, ਸਭ ਰੋਗ ਮਿਟਾਵੇ; ਨਵਾ ਨਿਰੋਆ॥ ਨਾਨਕ; ਰਖਾ ਆਪੇ ਹੋਆ॥ ਅਨੁਸਾਰ ਦਾਸਨ ਦਾਸ ਦਾ ਸ੍ਰੀਰ ਇਉਂ ਹੋ ਗਿਆ ਜਿਵੇਂ ਸੋਨੇ ਦੀ ਡਲੀ, ਅੱਗ ਦੀ ਭੱਠੀ 'ਚ ਪਾ ਦੇਈਏ, ਸ਼ੁੱਧ ਹੋ ਜਾਂਦੀ ਹੈ। ਇਉਂ ਪੂਰਨ ਗੁਰੂ ਗੁਰਬਾਣੀ ਨਿਰੰਕਾਰ ਜੀ ਦੇ ਤੇਜ਼ ਪ੍ਰਕਾਸ਼ ਨੇ, ਦਾਸਨ ਦਾਸ ਦੇ ਸ੍ਰੀਰ ਮਨ ਰੋਮ ੨ 'ਚ, ਆਤਮ ਪ੍ਰਕਾਸ਼ ਕਰਕੇ, ਦਾਸਨ ਦਾਸ ਦਾ ਸ੍ਰੀਰ ਸੋਨੇ ਵਾਂਗ ਬਣਾ ਦਿਤਾ। ਯਥਾ:- ਸਦਾ ਰਹੈ. ਕੰਚਨ ਸੀ ਕਾਯਾ; ਕਾਲ. ਨ ਕਬਹੂੰ ਬਯਾਪੇ॥੩॥੨॥ ਦਾਸਨ ਦਾਸ ਦੇ ਸ੍ਰੀਰ 'ਚ ਅਸਚਰਜ ਪ੍ਰੇਮਾ- ਭਗਤੀ ਰੂਪ ਸੁਗੰਧੀ ਪੈਦਾ ਹੋ ਗਈ, ਜਿਵੇਂ ਕਿਹਾ ਹੈ,:- ਕੁੰਗੂ ਕੀ ਕਾਂਇਆ, ਰਤਨਾ ਕੀ ਲਲਿਤਾ; ਅਗਰਿ ਵਾਸੁ ਤਨਿ ਸਾਸੁ॥ ਦਾਸਨ ਦਾਸ ਇਸ ਅਨੰਦ 'ਚ ਸਦਾ ਅਲਮਸਤ ਰਹਿਣ ਲੱਗਾ। ਯਥਾ:- ਜਨੁ ਨਾਨਕੁ ਮੁਸਕਿ ਝਕੋਲਿਆ; ਸਭੁ ਜਨਮੁ ਧਨੁ ਧੰਨਾ॥੧॥) ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥ ਅਨੁਸਾਰ ਦਾਸਨ ਦਾਸ ਦੀ ਜ਼ਬਾਨ ਇੱਕ ਹੈ, ਦਾਸ ਗੁਰਬਾਣੀ ਜੀ ਦੀ ਅਗਮ ਅਗਾਧਿ ਮਹਾਂ ਵਿਸਮਾਦ ਮਹਿਮਾ ਨੂੰ ਕਿਵੇਂ ਦੱਸੇ? ਯਥਾ:- ਓਇ ਸੁਖ; ਕਾ ਸਿਉ ਬਰਨਿ ਸੁਨਾਵਤ॥ ਹੇ ਬਾਬਾ ਜੀ! ਇਹ ਵਾਹਿਗੁਰੂ ਨਿਰੰਕਾਰ ਜੀ ਦੇ ਦੇਸ਼ 'ਚੋਂ, ਧੁਰ ਕੀ ਬਾਣੀ ਆਈ, ਜਿਸ ਨੇ ਦਾਸਨ ਦਾਸ ਨੂੰ ਪੂਰਨ ਆਤਮਕ ਅਨੰਦ ਜੀਅ ਦਾਨ ਬਖ਼ਸ਼ਿਸ਼ ਕੀਤਾ ਹੈ। ਦਾਸਨ ਦਾਸ ਦਾ ਆਧਾਰ ਭੋਜਨ ਰਾਮ ਜ਼ਿੰਦਗੀ ਸੁਆਸ, ਅੰਮ੍ਰਿਤ ਸਰੂਪ ਗੁਰਬਾਣੀ ਜੀ ਹਨ। ਯਥਾ:- ਗੁਰ ਮੇਰੇ ਪ੍ਰਾਣ; ਸਤਿਗੁਰੁ ਮੇਰੀ ਰਾਸਿ॥) ਨਿਰਮਲ ਨਾਮੁ ਮੇਰਾ ਆਧਾਰੁ॥) ਤ੍ਰਿਪਤਿ ਭਈ; ਸਚੁ ਭੋਜਨੁ ਖਾਇਆ॥) ਬੈਠਤ ਹਰਿ ਹਰਿ. ਸੋਵਤ ਹਰਿ ਹਰਿ; ਹਰਿ ਰਸੁ ਭੋਜਨੁ ਖਾਤਾ॥ ਪੂਰਨ ਸੰਤ ਮਹਾਨ ਪਰਉਪਕਾਰੀ ਬਾਬਾ ਬਸੰਤ ਸਿੰਘ ਜੀ ਦੀ ਬਖ਼ਸ਼ਿਸ਼ ਲੈ ਕੇ, ਦਾਸਨ ਦਸਾ ਡੇਰੇ ਤੋਂ ਤੁਰਿਆ, ਜਿੱਥੇ ਕਿੱਥੇ ਰਸਤੇ 'ਚ, ਦਾਸ ਨੂੰ ਗੁਰਬਾਣੀ ਸੁਭਾਗ ਪ੍ਰਾਪਤ ਹੁੰਦਾ, ਦਾਸ ਉੱਥੇ ਠਹਿਰ ਕੇ ਸੁਣਦਾ ਰਿਹਾ। ਮਿੰਟਗੁਮਰੀ ਪਹੁੰਚਿਆ, ਉੱਥੇ ਖਾਨਚੰਦ ਮੁਨਸ਼ੀ ਨੇ ਦੱਸਿਆ,"ਜੇਕਰ ਆਪ ਜੀ ਨੂੰ ਗੁਰਬਾਣੀ ਦਾ ਪ੍ਰੇਮ ਹੈ, ਤਾਂ ਆਪ ਕਮਾਲੀਏ ਵਾਲੇ ਪੂਰਨ ਸੰਤ ਮਹਾਂਪੁਰਸ਼ਾਂ ਪਾਸ ਜਾਈਏ, ਉੱਥੋਂ ਇਹ ਨੌਜੁਆਨ ਬ੍ਰਹਮਵਿੱਦਿਆ ਪੜ੍ਹ ਕੇ ਆਇਆ ਹੈ। ਇਸ ਦੇ ਰਿਦੇ ਸ੍ਰੀਰ 'ਚੋਂ ਗੁਰਬਾਣੀ ਜੀ ਇਉਂ ਚਲਦੇ ਹਨ,ਜਿਵੇਂ ਫ਼ੁਹਾਰੇ 'ਚੋਂ ਜਲ ਚਲਦਾ ਹੈ। ਮਹਾਂਪੁਰਸ਼ਾਂ ਦੀ ਸਤਿਸੰਗਤ 'ਚ ਹਰ ਵੇਲੇ ਗੁਰਬਾਣੀ ਦਾ ਉਚਾਰਨ ਹੋ ਰਿਹਾ ਹੈ। ਇਹ ਬਚਨ ਸੁਣ ਕੇ ਦਾਸਨਦਾਸ ਆਪ ਜੀ ਦੇ ਪਾਸ ਆਇਆ ਹੈ

Sri Satguru Jagjit Singh Ji eLibrary NamdhariElibrary@gmail.com

ਜੀ”। ਪੂਰਨ ਸੰਤ ਸੰਗਤ ਸਿੰਘ ਜੀ ਕਮਾਲੀਆ ਵਾਲਿਆਂ ਨੇ, ਹੱਥ ਜੋੜ ਕੇ ਸਿਰ ਝੁਕਾ ਕੇ ਪੁੱਛਿਆ, “ਆਪ ਜੀ ਹੁਣ ਕੀ ਛਕੋਂਗੇ?”। ਉੱਤ੍ਰ ਦਿਤਾ, “ਦਾਸਨ ਦਾਸ ਨੂੰ, ਸਾਚੇ ਨਾਮ ਕੀ ਲਾਗੈ ਭੂਖ॥ ਅਨੁਸਾਰ ਗੁਰਬਾਣੀ ਨਾਮੁ ਜੀ ਦੀ ਤੀਬਰ ਭੁੱਖ ਲੱਗੀ ਹੈ, ਛੇਤੀ ਤੋਂ ਛੇਤੀ ਹੀ ਅੰਮ੍ਰਿਤ ਭੋਜਨ ਛਕਾਈਏ”। ਇਹ ਦੇਖ ਕੇ ਪੂਰਨ ਸੰਤ ਜੀ ਨੇ ਬੜੇ ਡੂੰਘੇ ਗੰਭੀਰਤਾ ਭਰੇ, ਪਿਆਰ ਭਰੇ ਗਹੁ ਨਾਲ ਤੱਕ ਕੇ ਹੈਰਾਨ ਹੋ ਗਏ। ਐਸਾ ਭੋਜਨ ਤਾਂ ਕਦੇ ਕਿਸੇ ਨੇ ਮੰਗਿਆ ਹੀ ਨਹੀਂ, ਸਾਧੂ ਜੀ ਨੇ ਫੇਰ ਬਿਹਬਲ ਹੋ ਕੇ ਕਿਹਾ, “ਦਾਸਨ ਦਾਸ ਨੂੰ ਛੇਤੀ ਹੀ ਗੁਰਬਾਣੀ ਭੋਜਨ ਛਕਾਉ ਜੀ”। ਏਨੀ ਗੱਲ ਕਹਿ ਕੇ ਨੇਤ੍ਰਾਂ ’ਚੋਂ ਜਲ ਵਹਿ ਤੁਰਿਆ, ਮਨਿ ਬਿਰਾਗੈਗੀ॥) ਹਉ ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥) ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥) ਮੈ ਰੋਵੰਦੀ. ਸਭੁ ਜਗੁ ਰੁਨਾ; ਰੁੰਨੜੇ ਵਣਹੁ ਪੰਖੇਰੂ॥ ਬੈਰਾਗ ਦੀ ਅਵਸਥਾ ਸੀ। ਮਹਾਂਪੁਰਸ਼ਾਂ ਪੁੱਛਿਆ, “ਆਪ ਪਰਮਪਵਿੱਤ੍ਰ ਕਿਹੜੀ ਗੁਰਬਾਣੀ ਜੀ ਦਾ ਭੋਜਨ ਛਕਣਾ ਚਾਹੁੰਦੇ ਹੋਂ”? “ਦਾਸਨ ਦਾਸ ਸ੍ਰੀ ਅਖੰਡ ਪਾਠ ਸਾਹਿਬ ਜੀ ਸੁਨਣਾ ਚਾਹੁੰਦਾ ਹੈ। ਬਹੁਤ ਤੀਬਰ ਭੁੱਖ ਹੈ, ਛੇਤੀ ਹੀ ਕ੍ਰਿਪਾ ਕੀਜੀਏ”। ਮਹਾਂਪੁਰਸ਼ਾਂ ਛੇਤੀ ਹੀ ਸ੍ਰੀ ਅਖੰਡ ਪਾਠ ਸਾਹਿਬ ਜੀ ਅਰੰਭ ਕੀਤੇ, ਪੰਡਤ ਰਾਮਸਰਨ ਦਾਸ ਜੀ ਅੱਖਾਂ ਬੰਦ ਕਰਕੇ ਮਹਾਰਾਜ ਸਾਹਿਬ ਜੀ ਦੇ ਧਿਆਨ ਪਰਾਇਣ ਹੋ ਕੇ, ਕੋਟਿ ਕਰਨ, ਦੀਜਹਿ ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ, ਅਬਿਨਾਸੀ ਰਾਮ॥ ਅਨੁਸਾਰ ਰੋਮ ੨ ਦੇ ਕੰਨਾਂ ਦੁਆਰਾ, ਗੁਰਬਾਣੀ ਜੀ ਸੁਨਣ ਲੱਗੇ, ਨੇਤ੍ਰਾਂ ’ਚੋਂ ਬੈਰਾਗ ਜਲ ਵਹਿ ਰਿਹਾ ਸੀ, ਲੂੰ ਕੰਡੇ ਖੜ੍ਹੇ ਸਨ, ਗਲ਼ਾ ਰਸ ਨਾਲ ਭਰਿਆ ਸੀ। ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਹੋਣ ਲੱਗੀ। ਸਾਚੀ ਬਾਣੀ; ਮੀਠੀ ਅੰਮ੍ਰਿਤ ਧਾਰ॥ ਜਿਨਿ ਪੀਤੀ; ਤਿਸੁ ਮੋਖ ਦੁਆਰ॥ ਇੱਕ ਸੰਪੂਰਨ ਸ੍ਰੀ ਅਖੰਡ ਪਾਠ ਸਾਹਿਬ ਜੀ ਸੁਨਣ ਉਪ੍ਰੰਤ, ਹੋਰ ਸ੍ਰੀ ਅਖੰਡ ਪਾਠ ਸਾਹਿਬ ਜੀ ਸੁਨਣ ਦੀ ਮੰਗ ਕੀਤੀ। ਇਉਂ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਜੀ ਸੁਣੇ। ਮਹਾਤਮਾ ਜੀ ਨੇ ਕਿਹਾ, “ਦਾਸਨ ਦਾਸ ਨੂੰ ਹੋਰ ਅਖੰਡ ਪਾਠ ਸਾਹਿਬ ਜੀ ਸੁਣਾਉ”। ਸੰਤ ਜੀ ਕਿਹਾ, “ਗੁਰਮੁਖਿ ਜੀਓ! ਤਿੰਨ ਸ੍ਰੀ ਅਖੰਡ ਪਾਠ ਸਾਹਿਬ ਜੀ ਹੋ ਚੁੱਕੇ ਹਨ, ਹੁਣ ਦਾਸਨ ਦਾਸ ਨੇ ਬਾਹਰ ਇਕਾਂਤ ਜੰਗਲ਼ ’ਚ ਜਾਣਾ ਹੈ। ਵਾਪਸੀ ’ਤੇ ਮਿਲ਼ਾਂਗਾ”। ਜਦੋਂ ਆਪ ਜੀ ਵਾਪਸ ਆਏ, ਤਾਂ ਸਾਧੂ ਕਿਹਾ, “ਆਪ ਜੀ ਨੇ ਦੇਖਾ ਹੈ, ਮੁਝੇ ਗੁਰਬਾਣੀ ਕੀ ਕਿਤਨੀ ਭੂਖ ਹੈ, ਸ਼ਾਇਦ ਮਾਰੂਥਲ ਤਾਂ ਕਿਸੇ ਵਕਤ ਮੀਂਹ ਨਾਲ ਤ੍ਰਿਪਤ ਹੋ ਸਕਦਾ ਹੈ। ਪਰ, ਮਾਧਉ; ਜਲ ਕੀ ਪਿਆਸ. ਨ ਜਾਇ॥ ਜਲ ਮਹਿ ਅਗਨਿ ਉਠੀ ਅਧਿਕਾਇ॥੧॥ ਗੁਰਬਾਣੀ ਜੀ ਸੁਣਨ ਨਾਲ ਹੋਰ ੨ ਸੁਣਨ ਦੀ ਇੱਛਾ ਹੋ ਰਹੀ ਹੈ। ਮੈਂ ਸਮਝਤਾ ਹੂੰ ਕਿ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਦਰਸ਼ਨ ਗੁਰਬਾਣੀ ਜੀ ਸੁਨਣ ’ਚ, ਕੋਟਿ ਸੂਖ ਆਨੰਦ ਰਾਜ ਪਾਏ; ਦਾ ਮਹਾਂ ਵਿਸਮਾਦ ਸੁਖ ਹੈ। ਭਵ ਸਾਗਰ; ਸੁਖ ਸਾਗਰ ਮਾਹੀ॥ ਪੀਵਿ ਰਹੇ; ਜਲ ਨਿਖੁਟਤ ਨਾਹੀ॥੩॥ ਦਾਸਨ ਦਾਸ ਵਿਸਮਾਦ ਹੈ, ਕਿ ਜਿਹੜੇ ਪ੍ਰੇਮੀ ਚੌਵੀ ਘੰਟੇ ਗੁਰਬਾਣੀ ਜੀ ਲਿਖਦੇ ਸੁਣਦੇ ਵਿਚਾਰਦੇ, ਸੁਣਾਉਂਦੇ ਹਨ, ਉਨ੍ਹਾਂ ਨੂੰ ਕਿੰਨਾ ਕੁ ਅਨੰਦ ਹੋਵੇਗਾ? ਇਹ ਗੱਲ ਕਹਿ ਕੇ ਆਪ ਜੀ ਨੇ ਮਹਾਨ ਕ੍ਰਿਪਾ ਕਰਕੇ ਗੁਰਬਾਣੀ ਜੀ ਦਾ ਭੋਜਨ ਬਖ਼ਸ਼ ਕੇ ਦਾਸਨ ਦਾਸ ਨੂੰ ਬਹੁਤ ਪ੍ਰਸੰਨ ਕੀਤਾ ਹੈ। ਯਥਾ:- ਐਸੇ ਗੁਰ ਕਉ. ਬਲਿ ਬਲਿ ਜਾਈਐ; ਆਪਿ ਮੁਕਤੁ ਮੋਹਿ ਤਾਰੈ॥) ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ ਨਾਈ॥ ਧੰਨ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ।

ਕਬੀਰ.ਨਾ ਹਮ ਕੀਆ ਨ ਕਰਹਿਗੇ; ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥੬੨॥ {ਉਥਾਨਕਾ:- ਰਾਜਨ ਕੇ ਰਾਜਾ.ਮਹਾਰਾਜਨ ਕੇ ਮਹਾਰਾਜਾ; ਕੋਟਿ ਬ੍ਰਹਮੰਡ ਦੇ ਮਾਲਕ, ਸਭਨਾ ਜੀਆ ਕਾ. ਇਕੁ ਦਾਤਾ; ਵਿਆਪਕ ਬ੍ਰਹਮ ਜੀ ਨੇ, ਭਗਤ ਸ੍ਰੀ ਕਬੀਰ ਸਾਹਿਬ ਜੀ ਦਾ ਪਰਮਪਵਿੱਤ੍ਰ ਅਵਤਾਰ ਧਾਰਿਆ ਹੈ। ਆਪ ਜੀ ਨੂੰ ਜੁਲਾਹਾ ਜਾਣ ਕੇ, ਜ਼ਾਤ ਅਭਿਮਾਨੀ ਆਪ ਜੀ ਨਾਲ ਰੱਜ ਕੇ

Sri Satguru Jagjit Singh Ji eLibrary NamdhariElibrary@gmail.com

ਈਰਖਾ ਕਰਦੇ। ਸਾਰਿਆਂ ਇਕੱਠੇ ਹੋ ਕੇ, ਸ੍ਰੀ ਕਬੀਰ ਸਾਹਿਬ ਜੀ ਵੱਲੋਂ ਚਿੱਠੀਆਂ ਪਾ ਦਿਤੀਆਂ,ਪੱਕੇ ਭੰਡਾਰੇ 'ਚ ਆਵੋ। ਜ਼ਬਾਨ ਦੇ ਸੁਆਦੀਆਂ ਦੀਆਂ ਜਮਾਤਾਂ ਦੀਆਂ ਜਮਾਤਾਂ ਆ ਗਈਆਂ। ਜਿਨ੍ਹਾਂ 'ਚ ਕੋਈ ਭੀ ਨਿਰਾਸ ਪੁਰਖ ਨਹੀਂ ਸੀ। ਯਥਾ:- ਜੋਗੀ ਕੰਨ ਪਟਾ ਪੇਖੇ, ਸੀਸ ਧਰੇ ਜਟਾ ਪੇਖੇ; ਐਸੋ ਨਹੀ ਕੋਈ, ਜਾ ਕੇ ਆਸਾ ਨਹੀ ਮਨ ਮਹਿ॥ (ਸ੍ਰੀ ਦਸਮ) ਸ੍ਰੀ ਭਗਤ ਜੀ ਮਾਇਆ ਦੇ ਤਿਆਗੀ ਹੋਣੇ ਕਰਕੇ, ਘਰ 'ਚ ਅਤੀ ਹੀ ਗ੍ਰੀਬੀ ਸੀ। ਸ਼੍ਰੋਮਣੀ ਭਗਤ ਜੀ ਦੀ ਅਕਾਲ ਪੁਰਖ ਜੀ ਨਾਲ ਏਕਤਾ ਅਭੇਦਤਾ ਹੈ। ਬਾਹਰ ਇਕਾਂਤ ਹੋ ਕੇ ਏਕਤਾ ਦਾ ਰੰਗ ਮਾਨਣ ਲੱਗੇ। ਆਪ ਜੀ ਨੇ ਜਿਵੇਂ ਕਿਹਾ ਹੈ, ਸੁੰਨ ਸਹਜ ਮਹਿ ਬੁਨਤ ਹਮਾਰੀ॥੧॥ ਅਚੱਲ ਅਡੋਲ ਅਬੋਲ ਅਮੋਲ ਅਫ਼ੁਰ ਸਮਾਧੀ 'ਚ ਇਸਥਿੱਤ ਹੋ ਗਏ। ਅਨਿਕ ਰੂਪ ਖਿਨ ਮਾਹਿ; ਕੁਦਰਤਿ ਧਾਰਦਾ॥ ਅਨੁਸਾਰ ਵਾਹਿਗੁਰੂ ਜੀ ਨੇ ਇੱਕ ਸਰੂਪ ਸ੍ਰੀ ਕਬੀਰ ਸਾਹਿਬ ਜੀ ਦਾ, ਦੂਜਾ ਮਹਾਰਾਜੇ ਦਾ ਧਾਰ ਲਿਆ। ਐਨੀ ਦੁਨੀਆਂ ਆਈ, ਇਕੱਠ ਝੱਲਿਆ ਹੀ ਨ ਜਾਵੇ। ਇੱਕ ਪਾਸੇ ਬੇਅੰਤ ਦੀਵਾਨਾਂ 'ਚ ਕਥਾ ਕੀਰਤਨ ਗੁਰਬਾਣੀ ਪੜ੍ਹੀ ਜਾ ਰਹੀ ਸੀ। ਦੂਜੇ ਪਾਸੇ ਸਦਾ ਵਰਤ ਲੱਗੇ ਹੋਏ ਸਨ। ਅਨਤ ਕਲਾ ਦੇ ਮਾਲਕ ਨੇ, ਜੋ ਹਰਿ ਦਾਸਨ ਕੀ ਉਸਤਤਿ ਹੈ; ਸਾ ਹਰਿ ਕੀ ਵਡਿਆਈ॥ ਹਰਿ ਆਪਣੀ ਵਡਿਆਈ ਭਾਵਦੀ; ਜਨ ਕਾ ਜੈਕਾਰੁ ਕਰਾਈ॥ ਅਨੁਸਾਰ ਸਭ ਨੂੰ ਸ੍ਰੀ ਕਬੀਰ ਸਾਹਿਬ ਜੀ ਦਾ ਜਾਪ ਕਰਨ ਲਾ ਦਿਤਾ। ਸਾਰਾ ਬ੍ਰਹਮੰਡ ਧੰਨ ਕਬੀਰ ਧੰਨ ਕਬੀਰ ਜੀ ਅਵਾਜ਼ ਨਾਲ ਗੂੰਜ ਉੱਠਿਆ। ਜਿਵੇਂ ਸੂਰਜ ਦੀਆਂ ਕਿਰਨਾਂ ਝੱਟ ਪੱਟ ਦੂਰ ੨ ਤੱਕ ਪਹੁੰਚ ਜਾਂਦੀਆ ਹਨ, ਤਿਵੇਂ ਸੂਰਜ ਸਰੂਪ ਸ੍ਰੀ ਕਬੀਰ ਸਾਹਿਬ ਜੀ ਦੀ ਮਹਿਮਾ ਰੂਪ ਕਿਰਨਾਂ ਸਾਰੇ ਦੇਸ਼ 'ਚ ਫ਼ੈਲ ਗਈਆਂ। ਆਪ ਜੀ ਤਾਂ ਸਮਾਧੀ 'ਚ ਹੀ ਬੈਠੇ ਰਹੇ। ਸਭ ਨੂੰ ਸੱਤ ਦਿਨ ਮਠਿਆਈ ਛਕਾਈ, ਗੱਡੇ ਲੱਦ ੨ ਕੇ ਤੋਰੇ। ਜੱਗ ਸੰਪੂਰਨ ਕਰਕੇ, ਵਿਸਮਾਦ ਕਉਤਕੀ ਭਗਵਾਨ ਜੀ ਨੇ, ਭਗਤ ਜੀ ਪਾਸ ਜਾ ਕੇ, ਆਪਣਾ ਸਰੂਪ ਭਗਤ ਜੀ ਦੇ ਅੰਦਰੋਂ ਅਲੋਪ ਕਰ ਲਿਆ। ਭਗਤ ਜੀ ਨੇ ਅਕਸ ਮਾਤ੍ਰ ਨੇਤ੍ਰ ਖੋਲ੍ਹੇ, ਜਿਨ੍ਹਾਂ ਦੇ ਦਰਸ਼ਨ ਅੰਦਰ ਕਰ ਰਹੇ ਸਨ, ਸਾਹਮਣੇ ਖੜ੍ਹੇ ਜਾਣ ਕੇ ਉੱਠ ਕੇ ਚਰਨ- ਕਮਲ ਫੜ ਲਏ, ਭਗਵਾਨ ਜੀ ਨੇ ਡੌਲ਼ਿਆਂ ਤੋਂ ਫੜ ਕੇ ਛਾਤੀ ਨਾਲ ਲਾ ਕੇ, ਖ਼ੂਬ ਘੁੱਟਿਆ, ਇਹ ਸ਼ੁਭ ਬਚਨ ਕਹੇ, "ਧੰਨ ਕਬੀਰ ਧੰਨ ਕਬੀਰ, ਕਲਜੁੱਗ ਅੰਦਰ ਕ੍ਰੋੜਾਂ ਜੀਆਂ ਨੂੰ, ਦਾਸਨ ਦਾਸ ਦੀ ਪ੍ਰੇਮਾ- ਭਗਤੀ 'ਚ ਲਾ ਕੇ, ਕਥਾ ਕੀਰਤਨ ਦੁਆਰਾ ਉਧਾਰ ਰਹੇ ਹੋਂ ਜੀ। ਆਪ ਜੀ ਨੇ ਦਾਸਨ ਦਾਸ ਦੇ ਮਨ ਨੂੰ ਪ੍ਰੇਮਾ- ਭਗਤੀ ਦੁਆਰਾ ਜਿੱਤ ਲਿਆ ਹੈ। ਖੰਡਾਂ ਬ੍ਰਹਮੰਡਾਂ ਦੇ ਅੰਦਰ ਆਪ ਜੀ ਦੀ ਸਦਾ ਜੈ ਜੈਕਾਰ ਹੁੰਦੀ ਰਹੇਗੀ। ਕਥਾ ਕੀਰਤਨ ਭਜਨ ਸਿਮਰਨ, ਸਤਿ ਧਰਮ ਦੇ ਉਪਦੇਸ਼ ਦੇ ਪ੍ਰਵਾਹ ਨੂੰ, ਇਸੇ ਤਰ੍ਹਾਂ ਹੀ ਚਲਾਉਣਾ, ਗੁਰਬਾਣੀ ਉਚਾਰਨੀ, ਨਿੰਦਕਾਂ ਦੀ ਪ੍ਰਵਾਹ ਨਹੀਂ ਕਰਨੀ। ਆਪ ਨਹੀਂ ਕੁੱਝ ਬਨਣਾ, ਸ੍ਰਬੱਤ ਦੇ ਭਲੇ ਦਾ ਆਸ਼ਾ ਕਮਾਉਣਾ"। ਇਤ ਆਦਿਕ ਉਪਦੇਸ਼ ਦੇ ਕੇ ਕਿਹਾ, " ਆਪਾਂ ਹੁਣ ਸਦਾ ਲਈ ਇੱਕ ਜੋਤਿ ਹੋ ਗਏ ਹਾਂ"। ਯਥਾ:- ਰਾਮ ਕਬੀਰਾ.ਏਕ ਭਏ ਹੈ; ਕੋਇ. ਨ ਸਕੈ ਪਛਾਨੀ॥ ਆਪ ਜੀ ਵਿਸਮਾਦ ਰੰਗ 'ਚ ਆਪਣਾ ਆਤਮਾ ਜਾਣ ਕੇ, ਆਪਣੇ ਆਪ ਨੂੰ ਨਮਸਕਾਰ ਕਰਨ ਲੱਗੇ। ਯਥਾ:- ਆਪਸ ਕਉ ਆਪਹਿ ਆਦੇਸੁ॥) ਨਿਮਖ ਨਿਮਖ, ਠਾਕੁਰ ਨਮਸਕਾਰੈ॥ ਪ੍ਰੇਮਾ- ਭਗਤੀ 'ਚ ਰੋਮ ੨ ਕਰਕੇ ਰੰਗੇ ਹੋਏ, ਬਾਹਰੋਂ ਆ ਕੇ, ਸ੍ਰੀ ਕਬੀਰ ਸਾਹਿਬ ਜੀ (ਚੌਰੇ) ਮੰਦਰ'ਚ ਸਜ ਗਏ। ਯਥਾ:- ਲਾਲ ਰੰਗੁ. ਤਿਸ ਕਉ ਲਗਾ; ਜਿਸ ਕੇ ਵਡਭਾਗਾ॥ ਮੈਲਾ. ਕਦੇ ਨ ਹੋਵਈ; ਨਹ ਲਾਗੈ ਦਾਗਾ॥ ਆਪ ਜੀ ਦੇ ਖ਼ਾਸ ਪ੍ਰੇਮੀ, ਜੋ ਹਰ ਵੇਲੇ ਬਾਰ ੨ ਧੰਨ ਕਬੀਰ ਸਾਹਿਬ ਜੀ ਦਾ ਜਾਪ ਕਰਦੇ ਸਨ, ਉਨ੍ਹਾਂ ਆਪ ਜੀ ਪਾਸ ਕਬੀਰਚਉਰੇ ਆ ਕੇ ਡੰਡਉਤਾਂ, ਅਰਦਾਸਾਂ ਵਧਾਈਆਂ ਦਿਤੀਆਂ। ਆਪਣੀ ਮਹਿਮਾ ਸੁਣ ਕੇ, ਆਪ ਜੀ ਰੋਣ ਲੱਗੇ, ਅਤੀ ਨਿਮ੍ਰਤਾ ਹਲੀਮੀ ਗ੍ਰੀਬੀ ਪ੍ਰੇਮ 'ਚ ਢਲ਼ ਕੇ, ਹੰਗਤਾ ਦੇ ਤਿਆਗ ਦਾ ਖ਼ੂਬ ਮਿੱਠਾ ਸਲੋਕ ਉਚਾਰਿਆ:-

Sri Satguru Jagjit Singh Ji eLibrary NamdhariElibrary@gmail.com

ਕਬੀਰ.ਨਾ ਹਮ ਕੀਆ ਨ ਕਰਹਿਗੇ; ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥੬੨॥ ਕ੍ਰੋੜਾਂ ਬ੍ਰਹਮੰਡਾਂ ਦੇ ਮਾਲਕ, ਸ੍ਰਬ ਵਿਆਪੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਮ)ਦਾਸਨ ਦਾਸ ਦੇ ਸ੍ਰੀਰ ਨੇ ਨਾ ਪਿੱਛੇ ਜੱਗ ਪੁੰਨ ਪਰਉਪਕਾਰ (ਕੀਆ)ਕੀਤਾ ਸੀ, ਨ ਆਉਣ ਵਾਲੇ ਸਮੇਂ ਨੂੰ (ਕਰਹਿਗੇ)ਕਰ ਸਕੇਗਾ ਅਤੇ ਨਾ ਹੀ ਦਾਸਨ ਦਾਸ ਦਾ ਸਰੀਰੁ ਹੁਣ ਕਰਿ (ਸਕੈ)ਸਕਦਾ ਹੈ। ਵਾਹਿਗੁਰੂ ਜੀ ਹੀ ਕਰਨ ਕਾਰਨ ਸਮਰੱਥ ਹਨ। (ਕਿਆ)ਕੀ (ਜਾਨਉ)ਜਾਣੀਏ? ਹਰਿ ਜੀ ਨੇ ਕੀ (ਕਿਛੁ)ਕੁੱਝ ਪਰਉਪਕਾਰ (ਕੀਆ)ਕੀਤਾ ਹੈ? ਭਾਵ ਜੋ ਕੁੱਝ ਕੀਤਾ ਹੈ ਸਭ ਕੁੱਝ ਹਰੀ ਜੀ ਨੇ ਕੀਤਾ ਹੈ। ਦਾਸਨ ਦਾਸ ਨਿਮਾਣੇ ਨੇ ਕੁੱਝ ਭੀ ਨਹੀਂ ਕੀਤਾ। ਹਰੀ ਜੀ ਦੇ ਕੀਤੇ ਪਰਉਪਕਾਰ ਅਨੁਸਾਰ ਸਾਰੇ ਬ੍ਰਹਮੰਡ ਅੰਦਰ ਧੰਨ ਕਬੀਰੁ ਧੰਨ ਕਬੀਰੁ (ਭਇਓ)ਹੋਣ ਲੱਗ ਪਿਆ ਹੈ॥੬੨॥ ਯਥਾ:- ਕਰਣ ਕਾਰਣ ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ॥) ਕਰਣ ਕਾਰਣ ਏਕੁ ਓਹੀ ਜਿਨਿ ਕੀਆ ਆਕਾਰੁ॥) ਜੋ ਕਿਛੁ ਕਰਤੁ ਹੈ ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥ ਅਥਵਾ ਹੇ (ਕਬੀਰੁ)ਵਾਹਿਗੁਰੂ (ਕਬੀਰੁ)ਵਾਹਿਗੁਰੂ ਸਾਰੇ ਪਾਸੇ, ਆਪ ਜੀ ਦਾ ਜਸ (ਭਇਓ)ਹੋ ਰਿਹਾ ਹੈ। ਯਥਾ:- ਹਕਾ ਕਬੀਰ. ਕਰੀਮ ਤੂ; ਬੇਐਬ ਪਰਵਦਗਾਰ॥੧॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥) ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ. ਹਰਿ ਜਾਪਤ ਹੈ. ਨਹੀ ਹੋਰ॥ ਆਪਣੇ ਨਾਮ ਦੀ ਹੰਗਤਾ ਨਹੀਂ ਰਹੀ, ਇਸ ਲਈ, ਕਰਣ ਕਾਰਣ. ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ॥ ਵਾਹਿਗੁਰੂ ਜੀ ਨੂੰ ਕਰਨ ਕਾਰਨ ਮੰਨ ਕੇ, ਵਿਸਮਾਦ ਰੰਗ 'ਚ ਨਿਰਗੁਨ ਸਰਗੁਨ ਦੀ ਏਕਤਾ ਸਹਿਤ, ਅਸੰਖ ਬ੍ਰਹਮੰਡ ਦੇ ਪਸਾਰੇ ਦੇ ਵਰਤਾਰੇ ਨੂੰ ਅੱਖਾਂ ਨਾਲ ਤੱਕ ਰਹੇ ਹਨ। ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ ਦੇ ਅੰਦਰ ਬਾਹਰ ਵਾਹਿਗੁਰੂ ਜੀ ਅਨੇਕਾਂ ਸਰਗੁਨ ਸਰੂਪ ਧਾਰ ਕੇ, ਦਰਸ਼ਨ ਦੇ ਰਹੇ ਹਨ। ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ੍ਰੀਬੀ ਆਦਿ ਅਸੰਖ ਸ਼ੁਭ ਗੁਣਾਂ ਦੇ ਅਨਤਕਲਾਵਾਨ ਪ੍ਰਕਾਸ਼ ਵਾਹਿਗੁਰੂ ਨਿਰਗੁਨ ਬ੍ਰਹਮ ਜੀ ਸਾਖਿਆਤ ਹੋ ਰਹੇ ਹਨ। ਪ੍ਰੇਮੀ ਬਹੁ ਗਿਣਤੀ 'ਚ ਆ ਕੇ ਸਿਫ਼ਤ ਕਰਦੇ ਹਨ, ਉਸ ਦੇ ਉੱਤ੍ਰ'ਚ ਕਬੀਰ ਸਾਹਿਬ ਜੀ, ਵਿਸਮਾਦ ਨਿਰਮਲ ਉੱਜਲ ਦਸ਼ਾ 'ਚ, ਹੰਗਤਾ ਰਹਿਤ ਬਚਨ ਫ਼ੁਰਮਾਉਂਦੇ ਹਨ:- ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥) ਆਪਸ ਕਉ; ਆਪਹਿ ਆਦੇਸੁ॥ ਤਿਹੁ ਗੁਣ ਕਾ; ਨਾਹੀ ਪਰਵੇਸੁ॥) ਅਬ ਤਉ. ਜਾਇ ਚਢੇ ਸਿੰਘਾਸਨਿ; ਮਿਲੇ ਹੈ. ਸਾਰਿੰਗ ਪਾਨੀ॥ ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥) ਅੰਤਰਿ ਸੁੰਨੰ. ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥ ਚਉਥੇ ਸੁੰਨੈ ਜੋ ਨਰੁ ਜਾਣੈ; ਤਾ ਕਉ. ਪਾਪੁ ਨ ਪੁੰਨੰ॥) ਅਨਹਤ ਸੁੰਨਿ ਰਤੇ; ਸੇ ਕੈਸੇ॥ ਜਿਸ ਤੇ ਉਪਜੇ; ਤਿਸ ਹੀ ਜੈਸੇ॥ ਇਸ ਅਵਸਥਾ 'ਚ ਲੀਨ ਹੋ ਕੇ ਗੁਰਬਾਣੀ ਜੀ ਉਚਾਰ ਰਹੇ ਹਨ। ਜਿਵੇਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਰਚੇ ਤੇ ਕਿਹਾ, ਜਿਸ ਕਾ ਕਾਰਜੁ. ਤਿਨ ਹੀ ਕੀਆ; ਮਾਣਸੁ ਕਿਆ ਵੇਚਾਰਾ ਰਾਮ॥) ਜੋ ਕਿਛੁ ਕਰਤੁ ਹੈ. ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥੧॥) ਪੇਖੈ ਬੋਲੈ ਸੁਣੈ ਸਭੁ ਆਪਿ॥ ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਭੰਗਾਣੀ ਦਾ ਪਹਿਲਾ ਯੁੱਧ ਜਿੱਤਿਆ, ਕਿਹਾ,"ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥ " ਇਸ ਅਨੁਸਾਰ ਜਿਵੇਂ ਸਾਨੂੰ ਹੰਗਤਾ ਦੇ ਸੰਕਲਪ ਵਿਕਲਪ ਫ਼ੁਰਦੇ ਹਨ, ਮੈਂ ਕੀਤਾ ਹੈ, ਮੈਂ ਕਰ ਰਿਹਾ ਹਾਂ, ਮੈਂ ਕਰਾਂਗਾ, ਇਸ ਨਾਲ ਸਾਡੀ ਤਾਕਤ ਵਿਅਰਥ ਜਾਂਦੀ ਹੈ। ਜਿਵੇਂ ਪੰਜਵੇਂ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ:- ਕੋਟਿ ਕਰਮ ਕਰੈ; ਹਉ ਧਾਰੇ॥ ਸ੍ਰਮੁ ਪਾਵੈ; ਸਗਲੇ ਬਿਰਥਾਰੇ॥ ਕ੍ਰੋੜਾਂ ਚੰਗੇ ਕਰਮ ਕਰਕੇ ਹੰਗਤਾ ਕਰ ਲਵੇ, ਕਿ ਮੈਂ ਕੀਤੇ ਹਨ, ਉਨ੍ਹਾਂ ਦੀ ਥਕਾਵਟ ਪਾਉਂਦਾ ਹੈ, ਸਾਰੇ ਵਿਅਰਥ ਹੀ ਜਾਂਦੇ ਹਨ। ਇਸ ਲਈ, ਕਰਣ ਕਾਰਣ. ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ॥ ਮੰਨਦਿਆਂ ਵਾਹਿਗੁਰੂ ਜੀ ਸਾਖਿਆਤ ਕਰ ਲਏ ਹਨ। ਇਸ ਵਿਸਮਾਦ ਦਸ਼ਾ 'ਚ ਬੋਲ

Sri Satguru Jagjit Singh Ji eLibrary NamdhariElibrary@gmail.com

ਰਹੇ ਹਨ। ਕਬੀਰ ਕੂਕਰੁ. ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ ਜਾਉ॥) ਕਬੀਰ. ਜੋ ਮੈ ਚਿਤਵਉ ਨਾ ਕਰੈ; ਕਿਆ ਮੇਰੇ ਚਿਤਵੇ ਹੋਇ॥ ਅਪਨਾ ਚਿਤਵਿਆ ਹਰਿ ਕਰੈ; ਜੋ ਮੇਰੇ ਚਿਤਿ ਨ ਹੋਇ॥੨੧੯॥ ਇਹ ਹੰਗਤਾ ਰਹਿਤ ਅਵਸਥਾ ਹੈ, ਮਹਾਂਪੁਰਸ਼ ਅੰਦਰ ਬਾਹਰ ਵਾਹਿਗੁਰੂ ਜੀ ਦੇ ਦਰਸ਼ਨ 'ਤੇ ਅਜਪਾ ਜਾਪ 'ਚ ਲੀਣ ਹਨ। ਮਹਾਰਾਜ ਸਾਹਿਬ ਜੀ ਆਪ ਅੰਦਰ ਬਾਹਰ ਵਸ ਕੇ, ਆਪੇ ਹੀ ਅੰਦਰੋਂ ਜਾਪ ਕਰ ਕਰਵਾ ਰਹੇ ਹਨ। ਤੱਤਾਂ 'ਚੋਂ ਭੀ ਜਾਪ ਸੁਣਾ ਰਹੇ ਹਨ, ਭਗਤ ਕਬੀਰ ਸਾਹਿਬ ਜੀ ਦੀ ਐਸੀ ਵਿਸਮਾਦ ਅਤਿਅੰਤ ਉੱਚੀ ਸੁੱਚੀ ਅਵਸਥਾ ਹੈ। ਜਿਵੇਂ ਗੁਰੂ ਪ੍ਰਮੇਸਰ ਜੀ ਫ਼ੁਰਮਾਉਂਦੇ ਹਨ:- ਤੁਧੁ ਆਗੈ ਅਰਦਾਸਿ ਹਮਾਰੀ; ਜੀਉ ਪਿੰਡੁ ਸਭੁ ਤੇਰਾ॥ ਕਹੁ ਨਾਨਕ ਸਭ ਤੇਰੀ ਵਡਿਆਈ; ਕੋਈ ਨਾਉ ਨ ਜਾਣੈ ਮੇਰਾ॥ ਭਗਤ ਕਬੀਰ ਸਾਹਿਬ ਜੀ ਦੀ ਐਸੀ ਪ੍ਰੇਮਾ ਭਗਤੀ ਅਕਾਲ ਪੁਰਖ ਜੀ ਨੂੰ ਭਾਅ ਗਈ ਹੈ, ਤਾਂ ਹੀ ਕਿਹਾ, ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ; ਕਹਤ ਕਬੀਰ ਕਬੀਰ॥ ਉਸ ਅਨੁਸਾਰ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਆਪਣੇ ਪਿਆਰੇ ਭਗਤਾਂ ਨੂੰ ਆਦਰ ਬਖ਼ਸ਼ਦਿਆਂ, ਆਪਣੇ ਬਰਾਬਰ ਦੀ ਪਦਵੀ ਬਖ਼ਸ਼ੀ ਹੈ, ਬਲਕਿ ਉਨ੍ਹਾਂ ਨੂੰ ਆਪਣੇ ਸੀਸ 'ਤੇ ਬਿਠਾਇਆ ਹੈ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਇਹ ਅਵਸਥਾ ਪੂਰਨ ਬ੍ਰਹਮਗਿਆਨੀ ਤੱਤਬੇਤੇ ਦੀ ਹੈ। ਜਿਵੇਂ ਭਾਈ ਮਨੀ ਸਿੰਘ ਜੀ ਨੇ ਬੰਦ ੨ ਕਟਵਾਉਂਦਿਆਂ, ਬਾਬਾ ਤਾਰੂ ਸਿੰਘ ਜੀ ਨੇ ਖੋਪਰਾ ਲਹਾਉਂਦਿਆਂ, ਬਾਬਾ ਦੀਪ ਸਿੰਘ ਜੀ ਨੇ ਸੀਸ ਤਲੀ 'ਤੇ ਰੱਖਦਿਆਂ, ਸੂਰਬੀਰ ਬਹਾਦਰ ਅਤਿਰਥੀ ਸਿਰਲੱਥ ਯੋਧੇ ਸਿੰਘਾਂ ਨੇ ਆਪਣਾ ਪੁਰਜਾ ੨ ਕਟਾ ਕੇ ਸ਼ਹੀਦੀਆਂ ਪਾਈਆਂ ਹਨ। ਸ਼ੀਰ ਚੀਰੇ ਗਏ ਅੰਗ ਨਹੀਂ ਮੋੜਿਆ, ਸੀ ਨਹੀਂ ਉਚਾਰੀ, ਸਿਰੜ ਨਹੀਂ ਦਿਤਾ। ਪੂਰਨ ਸਿਰੜ ਰੱਖ ਕੇ ਦੁੱਖ ਭੁੱਖ ਮਾਰਾਂ ਸਹਾਰੀਆਂ, ਜੰਗ 'ਚ ਵਧ ੨ ਕੇ ਤੇਗਾਂ ਮਾਰੀਆਂ। ਜ਼ਾਲਮਾਂ ਦਾ ਪੁਰਜਾ ੨ ਕੱਟ ੨ ਕੇ, ਆਪਣਾ ਪੁਰਜਾ ੨ ਕਟਵਾ ਕੇ, ਸਾਹਮਣੇ ਮੱਥੇ ਡਿੱਗਦੇ ਰਹੇ। ਆਪਣੇ ਪਰਮਪੂਜਨੀਕ ਸਤਿਗੁਰੂ ਸਾਹਿਬ ਜੀ, ਕਰਣ ਕਾਰਣ ਸਮਰੱਥ ਪੂਰਨ ਬ੍ਰਹਮ ਸਰੂਪ ਜੀ ਮੰਨੇ ਪੂਜੇ ਪੂਜਾਏ। ਯਥਾ:- ਹਮ ਚਾਕਰ. ਗੋਬਿੰਦ ਕੇ; ਠਾਕੁਰੁ ਮੇਰਾ ਭਾਰਾ॥ ਕਰਨ ਕਰਾਵਨ. ਸਗਲ ਬਿਧਿ; ਸੋ ਸਤਿਗੁਰੂ ਹਮਾਰਾ॥) ਹਮ ਤੇ ਕਛੂ ਨ ਹੋਵੈ ਸੁਆਮੀ; ਜਿਉ ਰਾਖਹੁ. ਤਿਉ ਰਹੀਐ॥੧॥) ਸਭੁ ਕਿਛੁ. ਕੀਤਾ ਤੇਰਾ ਵਰਤੈ; ਕਿਆ ਹਮ. ਬਾਲ ਗੁਪਾਲਾ॥)

ਭਗਤ ਕਬੀਰ ਸਾਹਿਬ ਜੀ ਦੇ ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਹੀ ਪ੍ਰਕਾਸ਼, ਸਰਬ ਕਲਾ ਭਰਪੂਰ ਪ੍ਰਭ; ਜੀ ਸਾਖਿਆਤ ਹੋ ਰਹੇ ਹਨ। ਯਥਾ:- ਨਉ ਖੰਡ ਪ੍ਰਿਥਮੀ. ਇਸੁ ਤਨ ਮਹਿ ਰਵਿਆ; ਨਿਮਖ ਨਿਮਖ ਨਮਸਕਾਰਾ॥ ਅਵਸਥਾ ਹੈ। ਕੇਤੇ ਇੰਦ ਚੰਦ. ਸੂਰ ਕੇਤੇ; ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ. ਨਾਥ ਕੇਤੇ; ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ. ਮੁਨਿ ਕੇਤੇ; ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ. ਕੇਤੀਆ ਬਾਣੀ; ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ. ਸੇਵਕ ਕੇਤੇ; ਨਾਨਕ ਅੰਤੁ ਨ. ਅੰਤੁ॥) ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥ ਕੋਟਿ ਬ੍ਰਹਮੰਡ ਦੇ ਪਸਾਰੇ ਅੰਦਰ ਬਾਹਰ ਨਿਰਗੁਨ ਬ੍ਰਹਮ ਜੀ ਦਿਸ ਰਹੇ ਹਨ, ਸਰਗੁਨ ਸਰੂਪ ਦਾ ਕੋਟਿ ਬ੍ਰਹਮੰਡ ਦਾ ਪਸਾਰਾ ਦਿਸ ਰਿਹਾ ਹੈ। ਪੂਰਨ ਭਗਤ ਜੀ ਨੇ ਕਬੀਰ ਵਾਹਿਗੁਰੂ ਜੀ ਨੂੰ ਕਿਹਾ ਹੈ। ਮਤਿ ਹੋਦੀ; ਹੋਇ ਇਆਣਾ॥ ਤਾਣ ਹੋਦੇ; ਹੋਇ ਨਿਤਾਣਾ॥ ਅਣਹੋਦੇ; ਆਪੁ ਵੰਡਾਏ॥ ਕੋ ਐਸਾ ਭਗਤੁ ਸਦਾਏ॥) ਮੇਰਾ ਕੀਆ; ਕਛੂ ਨ ਹੋਇ॥ ਕਰਿ ਹੈ ਰਾਮੁ; ਹੋਇ ਹੈ ਸੋਇ॥ ਅਨੁਸਾਰ ਪੂਰਨ ਭਗਤ ਜੀ ਹੰਕਾਰ ਦੇ ਪੂਰਨ ਤਿਆਗ ਦੀ ਮਹਾਂ ਵਿਸਮਾਦ ਬਹੁ ਉੱਚੀ ਅਵਸਥਾ 'ਚ ਲੀਣ, ਫ਼ੁਰਮਾ ਰਹੇ ਹਨ:-

Sri Satguru Jagjit Singh Ji eLibrary NamdhariElibrary@gmail.com

ਕਬੀਰ. ਸੁਪਨੈ ਹੂ ਬਰੜਾਇ ਕੈ; ਜਿਹ ਮੁਖਿ. ਨਿਕਸੈ ਰਾਮੁ॥ ਤਾ ਕੇ ਪਗ ਕੀ ਪਾਨਹੀ; ਮੇਰੇ ਤਨ ਕੋ ਚਾਮੁ॥੬੩॥ {ਧੰਨ ਭਗਤ ਕਬੀਰ ਸਾਹਿਬ ਜੀ ਆਪ ਜੀ ਦੇ ਪਰਮਪਵਿੱਤ੍ਰ ਪਰਮ ਪੂਜਨੀਕ ਚਰਨ- ਕਮਲਾਂ ਨੂੰ ਲੱਖਾਂ ਜ਼ਬਾਨਾਂ ਵਾ ਪ੍ਰੀਤ ਰੂਪੀ ਜ਼ਬਾਨ ਨਾਲ ਸਦਾ ਹੀ ਚੱਟਦੇ ਰਹੀਏ। ਸੁਪਨੇ 'ਚ ਬਰੜਾ ਕੇ ਨਾਮ, ਆਪ ਜੀ ਦੇ ਮੁਖੋਂ ਹੀ ਨਿਕਲਦਾ ਹੈ। ਇਹ ਤਾਂ, ਕੋਟਨ ਮੈ ਨਾਨਕ ਕੋਊ; ਨਾਰਾਇਨ ਜਿਹ ਚੀਤਿ॥੨੪॥ ਵਾਲੀ ਅਵਸਥਾ ਹੈ, ਜੋ ਸ੍ਰੀ ਕਬੀਰ ਸਾਹਿਬ ਜੀ, ਭਗਤ ਨਾਮਦੇਵ ਜੀ, ਭਗਤ ਜੈਦੇਵ ਜੀ ਭਗਤ ਧੰਨਾ ਜੀ ਆਦਿਕ ਨੂੰ ਪ੍ਰਾਪਤ ਹੈ। ਜਿਸ 'ਤੇ ਗੁਰੂ ਨਾਨਕ ਸਾਹਿਬ ਜੀ ਦੀ ਪੂਰਨ ਕ੍ਰਿਪਾ ਹੋਵੇ, ਓਹੀ ਪ੍ਰੇਮੀ ਸਤਿਗੁਰਾਂ ਦੇ ਬਖ਼ਸੇ ਅਰਥ ਵਿਚਾਰ ਨਾਮ ਅਭਿਆਸ ਕਰਦਾ ਹੈ। ਜਿਸ ਤਰ੍ਹਾਂ ਦਾ ਜਾਗ੍ਰਤ ਅਵਸਥਾ 'ਚ ਅਭਿਆਸ ਹੋਵੇ, ਉਸੇ ਤਰ੍ਹਾਂ ਦਾ ਸੁਪਨਾ ਆਉਂਦਾ ਹੈ। ਸੁਪਨੇ 'ਚ ਨਾਮ ਬਰੜਾਉਂਣਾ, ਇਹ ਦਾਤੇ ਦੀ ਅਮੋਲਕ ਦਾਤਿ ਸ੍ਰਬ ਵਿਆਪੀ ਮਹਾਂ ਵਿਸਮਾਦ ਪੂਰਨ ਕ੍ਰਿਪਾ ਹੈ।} ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਨਾਮੁ ਦੀ ਮਹਾਂ ਮਹਾਂ ਵਿਸਮਾਦ ਮਹਾਨਤਾ ਫ਼ੁਰਮਾਉਂਦੇ ਹਨ:- ਹੇ ਪ੍ਰੇਮੀਓ! (ਜਿਹ)ਜਿਸ ਮਹਾਂਪੁਰਸ਼ ਗੁਰਸੇਵਕ ਜੀ ਦੇ (ਮੁਖਿ)ਮੁੱਖੋਂ, ਸੁਪਨੈ (ਹੂ)'ਚ, ਬਰੜਾਇ ਕੈ ਆਪ ਮੁਹਾਰੇ, ਨਿਰਯਤਨ ਬੋਲ ਕੇ ਰਾਮੁ ਰਾਮੁ ਰਾਮੁ ਵਾਹਿਗੁਰੂ ਜੀ (ਨਿਕਸੈ)ਨਿਕਲਦੇ ਹਨ, ਗੁਰਬਾਣੀ ਬਰੜਾਉਂਦੇ ਹਨ। (ਮੇਰੇ)ਦਾਸਨ ਦਾਸ ਦੇ ਤਨ ਦੇ (ਚਾਮੁ)ਚੰਮ (ਕੋ)ਨੂੰ ਕੱਟ ਕੇ, (ਤਾ)ਤਿਸ ਪਿਆਰੇ ਜੀ (ਕੇ)ਦੇ (ਪਗ)ਚਰਨ- ਕਮਲਾਂ ਕੀ (ਪਾਨਹੀ)ਜੁੱਤੀ ਬਣੇ। ਜਿਸ ਨੂੰ ਉਹ ਮਹਾਂਪੁਰਸ਼ ਜੀ ਪਹਿਨ੍ਣ, ਜਿਸ ਕਰਕੇ ਦਾਸਨ ਦਾਸ ਦਾ ਸ੍ਰੀਰ ਸਫ਼ਲਾ ਹੋਵੇ। ਯਥਾ:- ਵਿਚਿ ਸਨਾਤੀ; ਸੇਵਕੁ ਹੋਇ॥ ਨਾਨਕ; ਪਨ੍ਹੀਆ ਪਹਿਰੈ ਸੋਇ॥) ਸੁਤਿਆ. ਗੁਰੁ ਸਾਲਾਹੀਐ; ਉਠਦਿਆ ਭੀ. ਗੁਰੁ ਆਲਾਉ॥ ਕੋਈ ਐਸਾ ਗੁਰਮੁਖਿ ਜੇ ਮਿਲੈ; ਹਉ. ਤਾ ਕੇ ਧੋਵਾ ਪਾਉ॥) ਮੇਰੀ ਖਲਹੁ ਮੌਜੜੇ; ਗੁਰਸਿਖ ਹੰਢਾਂਦੇ।

ਕਬੀਰ. ਮਾਟੀ ਕੇ ਹਮ ਪੂਤਰੇ; ਮਾਨਸੁ ਰਾਖਿਓ ਨਾਉ॥ ਚਾਰਿ ਦਿਵਸ ਕੇ ਪਾਹੁਨੇ; ਬਡ ਬਡ ਰੂੰਧਹਿ ਠਾਉ॥੬੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼ੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਵਾਹਿਗੁਰੂ ਜੀ! ਦਾਸਨ ਦਾਸ (ਹਮ)ਤਮਾਮ ਜੀਵ, (ਮਾਟੀ)ਮਿੱਟੀ (ਕੇ)ਦੇ (ਪੂਤਰੇ)ਬੁੱਤ ਹਾਂ, (ਮਾਨਸੁ)ਮਾਣ ਸਹਿਤ ਮਨੁੱਖ, ਵੱਡੇ ੨ ਬਰਿਆਰ ਵੈੱਲੀ, ਬ੍ਰਹਮਗਿਆਨੀ (ਨਾਉ)ਨਾਮ (ਰਾਖਿਓ)ਰੱਖਦੇ ਹਾਂ। ਭਾਵੇਂ ਚਾਰਿ (ਦਿਵਸ)ਦਿਨ ਕੇ (ਪਾਹੁਨੇ)ਪ੍ਰਾਹੁਣੇ ਹਾਂ, ਪਰ ਫੇਰ ਭੀ (ਬਡ)ਵੱਡੇ (ਬਡ)ਵੱਡੇ, ਪਰਾਏ (ਠਾਉ)ਥਾਂ, ਹਿੱਕ ਧੱਕੇ ਜ਼ੋਰ ਜ਼ੁਲਮ ਕਰਕੇ, (ਰੂੰਧਹਿ)ਰੋਕਦੇ ਹਾਂ। ਯਥਾ:- ਜੈਸੇ ਰੈਣਿ ਪਰਾਹੁਣੇ; ਉਠਿ ਚਲਸਹਿ ਪਰਭਾਤਿ॥ ਕਿਆ ਤੂੰ ਰਤਾ ਗਿਰਸਤ ਸਿਉ; ਸਭ ਫੁਲਾ ਕੀ ਬਾਗਾਤਿ॥੨॥) ਮਾਟੀ ਕੋ ਪੁਤਰਾ; ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ; ਦਉਰਿਓ ਫਿਰਤੁ ਹੈ॥੧॥ ਰਹਾਉ॥ ਜਬ ਕਛੁ ਪਾਵੈ; ਤਬ ਗਰਬੁ ਕਰਤੁ ਹੈ॥ ਮਾਇਆ ਗਈ; ਤਬ ਰੋਵਨੁ ਲਗਤੁ ਹੈ॥੧॥ ਮਨ ਬਚ ਕ੍ਰਮ; ਰਸ ਕਸਹਿ ਲੁਭਾਨਾ॥ ਬਿਨਸਿ ਗਇਆ; ਜਾਇ ਕਹੂੰ ਸਮਾਨਾ॥੨॥ ਕਹਿ ਰਵਿਦਾਸ; ਬਾਜੀ ਜਗੁ ਭਾਈ॥ ਬਾਜੀਗਰ ਸਉ; ਮੋਹਿ ਪ੍ਰੀਤਿ ਬਨਿ ਆਈ॥) ਘੜੀ ਮੁਹਤ ਕਾ ਪਾਹੁਣਾ; ਕਾਜ ਸਵਾਰਣਹਾਰੁ॥) ਏਕ ਰੈਣ ਕੇ ਪਾਹੁਨ. ਤੁਮ ਆਏ; ਬਹੁ ਜੁਗ ਆਸ ਬਧਾਏ॥) ਮਾਟੀ ਕੀ ਇਹ ਪੁਤਰੀ ਜੋਰੀ; ਕਿਆ ਏਹ ਕਰਮ ਕਮਾਸਿ॥) ਪਾਨੀ ਮੈਲਾ; ਮਾਟੀ ਗੋਰੀ॥ ਇਸ ਮਾਟੀ ਕੀ ਪੁਤਰੀ ਜੋਰੀ॥) ਖੁਸਿ ਖੁਸਿ ਲੈਦਾ; ਵਸਤੁ ਪਰਾਈ॥ ਵੇਖੈ ਸੁਣੇ; ਤੇਰੈ ਨਾਲਿ ਖੁਦਾਈ॥ ਦੁਨੀਆ ਲਬਿ. ਪਇਆ ਖਾਤ ਅੰਦਰਿ; ਅਗਲੀ. ਗਲ ਨ ਜਾਣੀਆ॥੪॥) ਹਟ ਪਟਣ. ਬਿਜ ਮੰਦਰ ਭੰਨੈ; ਕਰਿ ਚੋਰੀ. ਘਰਿ ਆਵੈ॥ ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ. ਕਹਾ ਛਪਾਵੈ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥ ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥੬੫॥ (ਆਦਿ ਅੰਗ ੯੪੭:- ਸਲੋਕੁ॥ ਕਬੀਰ. ਮਹਿਦੀ ਕਰਿ ਕੈ ਘਾਲਿਆ; ਆਪੁ ਪੀਸਾਇ ਪੀਸਾਇ॥ ਤੈ ਸਹ. ਬਾਤ ਨ ਪੁਛੀਆ; ਕਬਹੂ. ਨ ਲਾਈ ਪਾਇ॥੧॥ ਮਃ ੩॥ ਨਾਨਕ. ਮਹਿਦੀ ਕਰਿ ਕੈ ਰਖਿਆ; ਸੋ ਸਹੁ ਨਦਰਿ ਕਰੇਇ॥ ਆਪੇ ਪੀਸੈ. ਆਪੇ ਘਸੈ; ਆਪੇ ਹੀ ਲਾਇ ਲਏਇ॥ ਇਹੁ ਪਿਰਮ ਪਿਆਲਾ ਖਸਮ ਕਾ; ਜੈ ਭਾਵੈ ਤੈ ਦੇਇ॥੨॥) {ਅਰਥ ਸਮਝਣ ਲਈ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਜਿਵੇਂ ਮਹਿੰਦੀ ਨੇ ਆਪਣੇ ਆਪ ਨੂੰ ਬ੍ਰੀਕ ਪਿਸਾ ੨ ਕੇ, ਚਰਨਾਂ ਨੂੰ ਲਾਉਣ ਵਾਲੀ ਮਹਿੰਦੀ ਕਰਿ (ਘਾਲਿਆ) ਕਮਾਇਆ ਹੋਵੇ, ਪਰ ਉਹ ਮਹਿੰਦੀ ਚਰਨਾਂ ਨੂੰ ਨਾ ਲਾਈ ਜਾਵੇ, ਤਾਂ ਉਹ ਕਿਸੇ ਲੇਖੇ ਨਹੀਂ ਵਿਅਰਥ ਜਾਂਦੀ ਹੈ, ਉਸ ਦਾ ਆਪਣਾ ਆਪ ਪਿਸਾਉਣਾ ਸਫ਼ਲਾ ਨਹੀਂ ਹੁੰਦਾ, ਜੇ ਚਰਨੀਂ ਲੱਗ ਜਾਵੇ ਤਾਂ ਹੀ ਸਫ਼ਲੀ ਹੁੰਦੀ ਹੈ। ਉਸ ਦੇ ਕਸ਼ਟ ਸਹਾਰੇ ਹੋਏ ਕਬੂਲ ਪੈ ਜਾਂਦੇ ਹਨ। ਸਿੱਖਿਆ ਬੜੀ ਹੀ ਡੂੰਘੀ ਹੈ। ਗੁਰੂ ਘਰ 'ਚ. ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਨਦਰ ਮੇਹਰ ਦੀ ਟੇਕ 'ਤੇ, ਮਹਿੰਦੀ ਦੇ ਪਸਾਉਣ ਵਾਂਗ, ਆਪ ਗੁਆ ਕੇ, ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਚਰਨੀਂ ਲੱਗਣ ਲਈ ਸਭ ਕਠਨ ਸੇਵਾ ਸਾਧਨ ਕਰਨੇ ਹਨ। ਜਿਵੇਂ ਗੁਰੂ ਘਰ 'ਚ ਲੰਗਰ ਦੀ ਸੇਵਾ ਕਰਨੀ, ਹਰ ਵੇਲੇ ਗੁਰਬਾਣੀ ਪੜ੍ਹਨੀ ਸੁਣਨੀ ਗੁਰਬਾਣੀ ਲਿਖਣੀ ਵਿਚਾਰਨੀ, ਕਥਾ ਸਿਖਣੀ ਸਿਖਾਉਣੀ ਕੀਰਤਨ ਸਿੱਖਣਾ ਸਿੱਖਾਉਣਾ ਆਦਿ। ਜਿਵੇਂ ਬਾਬਾ ਦੀਪ ਸਿੰਘ ਸਾਹਿਬ ਜੀ, ਬਾਬਾ ਮਨੀ ਸਿੰਘ ਸਾਹਿਬ ਜੀ, ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ, ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਨੇ ਸ੍ਰੀ ਦਮਦਮੀ ਟਕਸਾਲ ਚਲਾਈ। ਮਹਿੰਦੀ ਦੇ ਬ੍ਰੀਕ ਕਰਨ ਵਾਂਗ ਗੁਰੂ ਘਰ ਦੇ ਸਾਰੇ ਸਾਧਨ ਕਰਨੇ ਹਨ, ਜੋ ਗੁਰੂ ਸਾਹਿਬ ਜੀ ਨੂੰ ਪ੍ਰਵਾਣਨੀਕ ਹਨ। ਪਰ ਉਨ੍ਹਾਂ ਦਾ ਮਾਣ ਨਹੀਂ ਕਰਨਾ। ਸਾਧਨ ਕਰਕੇ ਗੁਰੂ ਸਾਹਿਬ ਜੀ ਦੀ ਨਦਰ 'ਤੇ ਸ਼ੁਭ ਇੱਛਾ ਰੱਖਣੀ ਹੈ। ਨਦਰ ਦੀ ਟੇਕ 'ਤੇ ਸ਼ੁਭ ਸੱਚੀ ਸੇਵਾ ਕਰਨੀ ਹੈ, ਕਿ ਅਸੀਂ ਮਹਾਰਾਜ ਸਾਹਿਬ ਜੀ ਦੀ ਜੋਤਿ ਨਾਲ ਦੇਖ ਸੁਣ ਬੋਲ ਤੁਰ ਰਹੇ ਹਾਂ, ਮਹਾਰਾਜ ਦਾ ਦਿਤਾ ਪਾਣੀ ਪੀਂਦੇ ਹਾਂ, ਦਾਸਨ ਦਾਸ ਕੁੱਝ ਭੀ ਨਹੀਂ ਕਰ ਰਿਹਾ। ਆਪੁ ਗਵਾਈਐ. ਤਾ ਸਹੁ ਪਾਈਐ; ਅਉਰੁ ਕੈਸੀ ਚਤੁਰਾਈ॥ ਜਿਵੇਂ ਵਾਹਿਗੁਰੂ॥ ਪਰਮਪਵਿੱਤ੍ਰ ਪਰਮਪੂਜਨੀਕ ਭਾਈ ਮੰਝ ਜੀ ਦੇ ਖ਼ੂਹ ਸਾਹਿਬ ਜੀ, ਸੁਲਤਾਨਵਿੰਡ (ਸ੍ਰੀ ਅੰਮ੍ਰਿਤਸਰ ਸਾਹਿਬ ਜੀ) 'ਚ ਹਨ। ਆਪ ਜੀ ਨੇ ੧੬੪੨ ਬਿ: ਨੂੰ, ਪਰਮਪੂਜਨੀਕ ਸੱਚੇ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਦੇ ਸੱਚੇ ਚਰਨਕਮਲ ਧੋ ਕੇ ਪੀਤੇ। ਆਪ ਜੀ ਲੱਕੜਾਂ ਦਾ ਭਾਰ ਸਿਰ 'ਤੇ ਚੁੱਕੀ ਆਉਂਦੇ ਸਨ, ਹਨ੍ਹੇਰੀ ਕਾਰਣ ਇਸ ਖ਼ੂਹ 'ਚ ਡਿੱਗੇ। ਲੱਕੜਾਂ ਸਿਰ 'ਤੇ ਚੁੱਕ ਕੇ ਖੜ੍ਹੇ ਰਹੇ। ਮੇਰਾ; ਅੰਤਰਜਾਮੀ ਹਰਿ ਰਾਇਆ॥) ਘਟ ਘਟ ਕੇ; ਅੰਤਰ ਕੀ ਜਾਨਤ॥ ਭਲੇ ਬੁਰੇ ਕੀ; ਪੀਰ ਪਛਾਨਤ॥) ਵਾਹਿਗੁਰੂ ਮਹੱਲਾ ਪ. ਜੀ, ਪ੍ਰੇਮ ਡੋਰ ਦੇ ਬੱਧੇ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਗੁਰਤਾ- ਸਿੰਘਾਸਣ ਤੋਂ ਉੱਠ ਕੇ ਭੱਜੇ ੨ ਆਏ। ਇਨ੍ਹਾਂ ਨੂੰ ਖ਼ੂਹ 'ਚੋਂ ਕੱਢ ਕੇ, ਛਾਤੀ ਨਾਲ ਲਾ ਕੇ, ਇਹ ਵਰ ਬਖ਼ਸ਼ਿਆ: "ਮੰਝ ਪਿਆਰਾ ਗੁਰੂ ਨੂੰ; ਗੁਰੁ ਮੰਝ ਪਿਆਰਾ॥ ਮੰਝ ਗੁਰੂ ਕਾ ਬੋਹਿਥਾ; ਜੱਗ ਲੰਘਣਹਾਰਾ॥ " ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਕਿਹਾ,"ਵਰ ਮੰਗੋ। "ਅਤੀ ਪਿਆਰੀ ਸਿੱਖੀ ਮੰਗੀ ਤੇ ਕਿਹਾ,"ਹੇ ਗ਼ਰੀਬ ਨਵਾਜ ਸੱਚੇ ਪਾਤਿਸਾਹ ਜੀ! ਸਿੱਖਾਂ ਦੀ ਐਸੀ ਸਖ਼ਤ ਪਰਖ ਨ ਕਰਿਓ। " ਧੰਨ ਕਮਾਈ, ਸਿੱਖਾਂ ਲਈ ਇਹ ਸ਼ੁਭ ਸੱਚੀ ਮੰਗ ਮੰਗੀ, ਰੋਮਿ ਰੋਮਿ ਕਰਕੇ ਸਦਾ ਅਨੰਤ ਨਮਸਕਾਰ।

ਇਉਂ ਗੁਰਸੇਵਕਾਂ ਨੇ ਸਿਰ ਦਿਤੇ, ਆਪ ਕੁੱਝ ਭੀ ਨਹੀਂ ਬਣੇ। ਜਿਵੇਂ ਸਤਿਗੁਰੂ ਅਮਰਦਾਸ ਜੀ ਮਹਾਰਾਜ ਨੇ ਬਾਰਾਂ ਵਰ੍ਹੇ, ਗੁਰੂ ਸਾਹਿਬ ਪ੍ਰੀਤਮ ਜੀ ਦੇ ਲੰਗਰ ਦਾ ਜਲ ਢੋਣਾ ਚੱਕੀ ਪੀਹਣੀ ਚੁੱਲਾ ਝੋਕਣਾ, ਪਰਛਾਦੇ ਪਕਾਉਣੇ ਝਾੜੂ ਦੇਣਾ। ਸਤਿਗੁਰੂ ਦੂਜੇ ਪਾਤਿਸ਼ਾਹ ਜੀ ਦੇ ਬਸਤ੍ਰ ਧੋਣੇ, ਪ੍ਰਸ਼ਾਦ ਛਕਾਉਣਾ ਚੌਰ ਕਰਨੀ, ਹਰ ਵੇਲੇ ਗੁਰਬਾਣੀ

Sri Satguru Jagjit Singh Ji eLibrary NamdhariElibrary@gmail.com

ਸਿਮਰਨ ਕਰਨਾ, ਸ੍ਰੀ ਦਮਦਮਾ ਅਸਥਾਨ 'ਤੇ ਬੈਠ ਕੇ ਚਉਰਾਸੀ ਜਪੁ ਜੀ ਸਾਹਿਬ ਜੀ ਦੇ ਪਾਠ ਕਰਨੇ, ਬਹੁਤ ਵੱਡੀ ਘਾਲਣਾ ਘਾਲੀ। ਬਾਰਾਂ ਵਜੇ ਤੋਂ ਬਾਅਦ ਉੱਠ ਕੇ, ਸਤਿਗੁਰੂ ਅੰਗਦ ਦੇਵ ਮਹਾਰਾਜ ਨੂੰ ਨਮਸਕਾਰ ਡੰਡਉਤ ਕਰਕੇ, ਇੱਥੋਂ ਖਡੂਰ ਸਾਹਿਬ ਜੀ ਵੱਲ ਨੂੰ ਮੂੰਹ ਕਰਕੇ, ਪਿਛਲ ਖੋੜੀ ਤੁਰਦੇ, ਬਿਆਸ ਤੋਂ ਜਲ ਦੀ ਗਾਗਰ ਲਿਆ ਕੇ, ਨਿਤਾ- ਪ੍ਰਤੀ ਇਸ਼ਨਾਨ ਕਰਾਉਂਦੇ। ਜਦੋਂ ਜੁਲਾਹੇ ਦੇ ਕਿੱਲੇ ਨਾਲ ਹਜ਼ੂਰ ਦਾ ਸੱਚਾ ਚਰਨ- ਕਮਲ ਅਟਕਿਆ, ਮਹਾਰਾਜ ਜੀ ਕੁੰਭਲ 'ਚ ਡਿੱਗੇ। ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥ ਗਾਗਰ ਡੁੱਲਣ ਨਹੀਂ ਦਿਤੀ, ਦਾਸਨ ਦਾਸ ਦੀ ਸਾਰੀ ਸੇਵਾ ਵਿਅਰਥ ਜਾਵੇਗੀ। ਸਤਿਗੁਰੂ ਅੰਗਦ ਦੇਵ ਮਹਾਰਾਜ ਨੇ ਪੁੱਛਿਆ,"ਮਹਾਂਪੁਰਸ਼ਾ ਜੁਲਾਹੀ ਕੀ ਬੋਲੀ ਸੀ"? ਮਹਾਰਾਜ ਨੇ ਪੁੱਠੇ ਬਚਨ ਬੋਲਦੀ ਸੁਣੀ ਸੀ, ਸਤਿਗੁਰੂ ਅਮਰਦਾਸ ਜੀ ਨੇ ਸੋਚਿਆ ਜੇ ਮੈਂ ਦੱਸ ਦਿਤਾ, ਮਹਾਰਾਜ ਉਨ੍ਹਾਂ ਨੂੰ ਕੋਈ ਸਖ਼ਤ ਬਚਨ ਨਾ ਕਹਿਣ, ਜੋ ਪੂਰਾ ਹੋ ਜਾਵੇਗਾ। ਯਥਾ:- ਗਿਰਿ ਬਸੁਧਾ. ਜਲ ਪਵਨ ਜਾਇਗੋ; ਇਕਿ ਸਾਧ ਬਚਨ. ਅਟਲਾਧਾ॥ ਮਹਾਰਾਜ ਚੁੱਪ ਹੀ ਰਹੇ। ਸੇਵਾ ਕਰਕੇ ਮਹਿੰਦੀ ਵਾਂਗ ਆਪਣੇ ਆਪ ਨੂੰ ਪਿਸਾ ੨ ਕੇ, ਬਈ ਗੁਰੂ ਸਾਹਿਬ ਜੀ ਕ੍ਰਿਪਾ ਕਰਕੇ ਸੇਵਾ ਕਰਵਾ ਰਹੇ ਹਨ। ਯਥਾ:- ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥) ਜਹ ਬੈਸਾਲਹਿ. ਤਹ ਬੈਸਾ ਸੁਆਮੀ; ਜਹ ਭੇਜਹਿ. ਤਹ ਜਾਵਾ॥) ਫੁਰਮਾਨੁ ਤੇਰਾ. ਸਿਰੈ ਊਪਰਿ; ਫਿਰਿ. ਨ ਕਰਤ ਬੀਚਾਰ॥ ਤੁਹੀ ਦਰੀਆ. ਤੁਹੀ ਕਰੀਆ; ਤੁਝੈ ਤੇ ਨਿਸਤਾਰ॥ ਜੇ ਮਹਾਰਾਜ ਸਿਰ ਮੰਗਣ ਤਾਂ ਤਿਆਰ ਹਨ। ਯਥਾ:- ਤੂ ਚਉ. ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥ ਇਹ ਅਵਸਥਾ ਹੈ, ਭਾਵ ਐਨੀ ਕਰੜੀ ਸੇਵਾ ਕਰਕੇ, ਫੇਰ ਭੀ ਆਪਣੇ ਆਪ ਨੂੰ ਥਾਪ ਨਹੀਂ ਰਹੇ। ਧੰਨ ਗੁਰੂ ਗੋਵਿੰਦ ਸਿੰਘ ਜੀ ਦੇ ਚਰਨ- ਕਮਲਾਂ 'ਚ, ਸ੍ਰੀ ਅਨੰਦਪੁਰ ਸਾਹਿਬ ਜੀ ਵਿਖੇ, ਗੁਰੂ ਪਿਆਰੇ ਸਤਿਕਾਰੇ ਲਾਡਲੇ ਸਿੰਘ ਸੂਰਵੀਰ ਮਹਾਂ ਮਹਾਂ ਬਹਾਦਰਾਂ ਨੇ ਸਾਢੇ ਸੱਤ ਮਹੀਨੇ ਭੁੱਖੇ ਰਹਿ ਕੇ, ਮਹਿੰਦੀ ਦੇ ਪਿਸਾਉਣ ਵਾਂਗ ਬਹੁਤ ਵੱਡੀ ਕੁਰਬਾਨੀ ਕੀਤੀ, ਪਰ ਫੇਰ ਭੀ ਆਪ ਨਹੀਂ ਕੁੱਝ ਬਣੇ। ਇਹ ਹੈ, ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥ ਜਿਵੇਂ ਮਹਿਦੀ ਸਹੁ ਦੇ ਚਰਨੀ ਲੱਗਣ ਲਈ ਆਪਣੇ ਆਪ ਨੂੰ ਪਿਸਾਉਂਦੀ ਘਸਵਾਉਂਦੀ ਹੈ, ਫੇਰ ਚਰਨੀ ਲੱਗਦੀ ਹੈ। ਇਸੇ ਤਰ੍ਹਾਂ ਬੜਾ ਹੀ ਕੀਮਤੀ ਦ੍ਰਿਸਟਾਂਤ ਹੈ, ਵਿਆਪਕ ਬ੍ਰਹਮ ਜੀ ਹੇਠਲਾ ਪੁੜ ਤੇ ਵਿਆਪਕ ਬ੍ਰਹਮ ਜੀ ਉਪਰਲਾ ਪੁੜ ਹਨ, ਇਸ ਚੱਕੀ ਨੂੰ ਚਲਾਉਣ ਵਾਲੇ ਸਤਿਗੁਰੂ ਮਹਾਰਾਜ ਸਾਹਿਬ ਜੀ ਹਨ, ਸਾਧਸੰਗਤ ਰੂਪੀ ਚੱਕੀ 'ਚ, ਸਤਿਗੁਰਾਂ ਤੋਂ, ਆਪ- ਭਾਵ ਹੰਗਤਾ ਪਿਸਾ ਕੇ, ਅਕਾਲ ਪੁਰਖ ਦੇ ਚਰਨੀ ਲੱਗੇ ਜੀ।}

ਕਬੀਰ. ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ॥੧:- ਜਿਵੇਂ ਵੀਰ ਬਹਾਦਰ ਭਾਈ ਨੰਦਚੰਦ ਜੀ, ਧੰਨ ਗੁਰੂ ਗੋਵਿੰਦ ਸਿੰਘ ਸਾਹਿਬ ਜੀ ਦੇ ਦੀਵਾਨ ਸਨ, ਇਨ੍ਹਾਂ ਨੇ ਭੰਗਾਣੀ ਦੇ ਯੁੱਧ 'ਚ, ਬਹੁਤ ਹੀ ਬਹਾਦਰੀ ਕੀਤੀ, ਦੁਸ਼ਮਣਾਂ ਨੂੰ ਮਾਰ ੨ ਕੇ, ਪਛਾੜ ਦਿਤਾ, ਸਤਿਗੁਰਾਂ ਦੇ ਬੜੇ ਆਗਿਆਕਾਰੀ ਅਨੁਸਾਰੀ ਸਨ। ਜੰਗ 'ਚ ਜਾਨ ਹੂਲ ਕੇ, ਸਾਹਮਣੇ ਹੋ ਕੇ ਵੈਰੀ ਨਾਲ ਲੜੇ, ਵੈਰੀਆਂ ਦੇ ਆਹੂ ਲਾਹ ਦਿਤੇ, ਜਿੱਤ ਸਤਿਗੁਰਾਂ ਜੀ ਦੀ ਹੋਈ। ਗੁਰੂ ਸਾਹਿਬ ਜੀ ਕਿਹਾ, "ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ"॥ ਆਪਣੇ ਆਪ ਨੂੰ (ਆਪੁ)ਹੰਕਾਰ ਨਾਲ, ਪਿਸਾ ੨ ਕੇ, ਭਾਵ ਹੰਕਾਰ ਦੇ ਅਭਿਆਸ ਸਹਿਤ, ਬਹੁਤ ਵੱਡੀ ਸੇਵਾ ਕੀਤੀ, ਪਰ ਜਦੋਂ ਹੰਗਤਾ ਕਰ ਲਈ, ਗੁਰੂ ਸਾਹਿਬ ਦੀ ਨਦਰ 'ਤੇ ਨ ਰਹੇ, ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥੬੫॥ ਗ਼ੀਬ ਸੰਤ ਆਏ, ਉਨ੍ਹਾਂ ਨੇ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਇੱਕ ਸਰੂਪ ਹੱਥੀਂ ਲਿਖੇ ਸਨ, ਇਨ੍ਹਾਂ ਨੂੰ ਕਿਹਾ, "ਆਪ ਜੀ, ਮਹਾਰਾਜ ਸਾਹਿਬ ਜੀ ਦੇ ਦੀਵਾਨ ਹੋਂ, ਕ੍ਰਿਪਾ ਕਰਕੇ, ਦਸਖ਼ਤ ਕਰਵਾ ਦਿਉ ਜੀ"। ਇਨ੍ਹਾਂ ਨੇ ਟਾਲਾ ਲਾ ਕੇ, ਇੱਕ ਮਹੀਨਾ ਲੰਘਾ ਦਿਤਾ। ਸਤਿਗੁਰੂ ਸਾਹਿਬ ਜੀ ਨੂੰ ਪਤਾ ਲੱਗ ਗਿਆ। ਯਥਾ:- ਸੰਤਨ ਦੁਖ ਪਾਏ ਤੇ; ਦੁਖੀ॥ ਸੁਖ

Sri Satguru Jagjit Singh Ji eLibrary NamdhariElibrary@gmail.com

ਪਾਏ ਸਾਧਨ ਕੇ; ਸੁਖੀ॥ ਮਹਾਰਾਜ ਦਾ ਸਰੂਪ ਸੰਤਾਂ ਨੂੰ ਨਹੀਂ ਦਿੰਦੇ। ਪੂਰਨ ਗੁਰੂ ਜੀ ਨੇ ਕਿਹਾ, "ਦਾਸਨ ਦਾਸ ਕੋਲ ਛੇਤੀ ਆਉਣ"। ਆਪੁ ਪੀਸਾਇ ਪੀਸਾਇ॥ ਵਾਂਗ ਬਣੀ ਮੈਂ ਬਹੁਤ ਵੱਡੀ ਕੁਰਬਾਨੀ ਕੀਤੀ ਜੰਗ ਜਿੱਤਿਆ। ਆਪਣੇ ਆਪ ਨੂੰ ਥਾਪ ਲਿਆ, ਮਹਾਰਾਜ ਸਾਹਿਬ ਨੇ ਚਰਨ- ਕਮਲਾਂ ਨਾਲ ਨਹੀਂ ਲੱਗੇ। ਨੰਦਚੰਦ ਜੀ ਉੱਥੋ ਭੱਜ ਕੇ, ਸ੍ਰੀ ਕਰਤਾਪੁਰ ਸਾਹਿਬ ਜੀ ਆ ਗਏ, ਅਹੰਕਾਰੀ ਧੀਰਮੱਲ ਨੇ ਬਹੁਤ ਦੁਸ਼ਟਤਾਈ ਕੀਤੀ, ਇਨ੍ਹਾਂ ਨੂੰ ਮਰਵਾ ਦਿਤਾ। ਦੂਜਾ ਦ੍ਰਿਸਟਾਂਤ:- ਸ੍ਰੀ ਅਨੰਦਪੁਰ ਸਾਹਿਬ, ਅਨੰਦ ਗੜ੍ ਕਿਲੇ ਦੇ ਘੇਰੇ 'ਚ, ਮਹਾਰਾਜ ਸਾਹਿਬ ਜੀ ਨੂੰ ਕਹਿੰਦੇ, "ਹੁਣ ਸਾਡੇ ਕੋਲੋਂ ਭੁੱਖਿਆਂ ਲੜਿਆ ਨਹੀਂ ਜਾਂਦਾ, ਅਸੀਂ ਕਿਲੇ 'ਚ ਨਹੀਂ ਰਹਿਣਾ, ਮਹਾਰਾਜ ਨੂੰ ਮਜ਼ਬੂਰ ਕਰਨ ਲੱਗੇ ਕਿ ਤੁਸੀਂ ਕਿਲਾ ਤਿਆਗੋ। ਬਿਦਾਵਾ ਦੇ ਦਿਤਾ, "ਅਸੀਂ ਕਿਲਾ ਛੱਡ ਦੇਣਾ ਹੈ, ਅਸੀਂ ਆਪ ਜੀ ਦੇ ਸਿੱਖ ਨਹੀਂ ਹਾਂ, ਆਪ ਜੀ ਸਾਡੇ ਗੁਰੂ ਜੀ ਨਹੀਂ ਜੀ। "

ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥੧:- ਪਰਮ ਪੂਜਨੀਕ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ, ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਭੰਗਾਣੀ ਦੇ ਯੁੱਧ 'ਚ, ਭਾਈ ਨੰਦਚੰਦ ਜੀ, ਅਨੰਦਗੜ੍ ਕਿਲੇ ਦੇ ਘੇਰੇ 'ਚ, ਬਿਦਾਵਾ ਦੇਣ ਵਾਲੇ ਸਿੰਘਾਂ ਨੇ (ਆਪੁ)ਹੰਕਾਰ ਸਹਿਤ. ਅਪਣੇ ਆਪ ਨੂੰ, ਕਸ਼ਟ ਰੂਪੀ ਚੱਕੀ 'ਚ (ਪੀਸਾਇ)ਪਿਹਾ (ਪੀਸਾਇ)ਪਿਹਾ ਕੇ, ਮਹਿਦੀ (ਕਰਿ)ਕਰਕੇ (ਘਾਲਿਆ)ਕਮਾਇਆ, ਭਾਵ ਮਹਿੰਦੀ ਵਾਂਗ ਬੇਅੰਤ ਕਸ਼ਟ ਹੀ ਕਸ਼ਟ ਸਹਾਰੇ, ਬੇਹੱਦ ਘਾਲਣਾਂ ਘਾਲੀ। ਭੁੱਖ ਸਹਾਰੀ ਜੰਗ ਲੜਦੇ ਰਹੇ ਫੱਟ ਭੀ ਸਹਾਰਦੇ ਰਹੇ, ਹੰਗਤਾ ਕਰਕੇ ਵਿਦਾਵਾ ਦੇਣੇ ਕਰਕੇ,

ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥ੴ॥੧:- ਹੇ (ਸਹ)ਪਤੀ ਪ੍ਰਮਾਤਮਾ ਮਹੱਲਾ ੧੦ ਜੀ ! (ਤੈ)ਆਪ ਜੀ ਨੇ. ਕੋਈ ਬਾਤ (ਨ)ਨਹੀਂ (ਪੂਛੀਐ)ਪੁੱਛੀ, ਭਾਈ ਨੰਦਚੰਦ ਜੀ ਅਤੇ ਅਨੰਦ ਗੜ੍ ਕਿਲੇ ਦੇ ਘੇਰੇ 'ਚ ਬਿਦਾਵਾ ਦੇਣ ਵਾਲੇ ਸਿੰਘਾਂ ਦੀ ਹੰਗਤਾ ਸਹਿਤ ਕੀਤੀ ਕਮਾਈ ਰੂਪ ਮਹਿੰਦੀ (ਕਬਹੁ)ਕਦੇ (ਪਾਇ)ਚਰਨੀਂ (ਨ)ਨਹੀਂ ਲਾਈ, ਜਿਵੇਂ ਧ੍ਰੂ ਭਗਤ ਨੂੰ ਨਿਵਾਜਿਆ, ਪ੍ਰਹਲਾਦ ਨੂੰ ਸੱਚੇ ਖ਼ੂਬ ਮਿੱਠੇ ਚਰਨ- ਕਮਲੀਂ ਲਾਇਆ। ਯਥਾ:- ਲਖਿਮੀ ਭਉ ਕਰੈ; ਨ ਸਾਕੈ ਜਾਇ॥ ਪ੍ਰਹਲਾਦੁ ਜਨੁ; ਚਰਣੀ ਲਾਗਾ ਆਇ॥੧੧॥ ਬਹੁਤ ਡੂੰਘੇ ਭਾਵ ਹਨ, ਸਾਧਸੰਗਤ ਜੀ 'ਚ ਰਹਿ ਕੇ. ਸਾਰੇ ਵਿਸ਼ੇ ਤਿਆਗਣੇ, ਸ਼ੁਭ ਕਰਮ ਕਰਨੇ, ਰੱਜ ਕੇ ਗੁਰੂ ਸੇਵਾ ਭਜਨ ਸਿਮਰਨ ਬੰਦਗੀ ਕਰਨ ਤੋਂ ਬਾਦ ਭੀ, ਇਹ ਨਹੀਂ ਕਹਿਣਾ ਕਿ ਮੈਂ ਕੀਤਾ ਹੈ, ਜੀਵਤ- ਭਾਵ ਤੋਂ ਮਰਨਾ ਹੈ, ਤਾਂ ਹੀ ਕਿਹਾ ਹੈ:- ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ ਲੇਇ ਉਸਾਸ॥ ਚੋਟ ਸਹਾਰੈ. ਸਬਦ ਕੀ; ਤਾਸੁ ਗੁਰੂ. ਮੈ ਦਾਸ॥੧੮੩॥ ਗੁਰੂ ਘਰ 'ਚ ਜੋ ਮਰਯਾਦਾ ਹੈ, ਮਹਿੰਦੀ ਦੇ ਘਾਲਣ ਵਾਂਗ ਉਹ ਸਾਰੀ ਕਰਨੀ ਹੈ, ਫਿਰ ਆਪ ਕੁੱਝ ਨਹੀਂ ਬਨਣਾ ਜੀ।

ਕਬੀਰ. ਮਹਿਦੀ ਕਰਿ ਘਾਲਿਆ ਆਪੁ ਪੀਸਾਇ ਪੀਸਾਇ॥ ਤੈ ਸਹ ਬਾਤ ਨ ਪੂਛੀਐ ਕਬਹੁ ਨ ਲਾਈ ਪਾਇ॥ੴ॥੨:- ਧੰਨ ਭਗਤ ਕਬੀਰ ਸਾਹਿਬ ਜੀ ਵਾਹਿਗੁਰੂ ਜੀ ਨੂੰ ਪ੍ਰਾਪਤ ਹਨ। ਸਾਧਿਕ ਪੁਰਖ ਜੋ ਸਾਧਨਾ ਕਰਦੇ ਹਨ, ਸੇਵਕ ਸੇਵਾ ਕਰਦੇ ਹਨ, ਕਲਿਜੁੱਗੀ ਜੀਆਂ ਦਾ ਮਾਣ ਮੇਟਣ ਲਈ, ਹਰਿ ਕੇ ਨਾਮ; ਕਬੀਰ ਉਜਾਗਰ॥) ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥ ਵਾਹਿਗੁਰੂ ਜੀ ਕਬੀਰ ਸਾਹਿਬ ਜੀ ਦੇ ਰੋਮ ੨ 'ਚ ਵਸ ਕੇ, ਗੁਰਬਾਣੀ ਜੀ ਉਚਰਵਾ ਰਹੇ ਹਨ। ਪਰਥਾਇ ਸਾਖੀ ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਸ੍ਰਬੱਤ ਦੇ ਭਲੇ ਲਈ ਸੇਵਾ ਕਰਨ ਵਾਲੇ ਸੇਵਕ ਨਿਸਕਾਮਤਾ ਨਾਲ ਸ਼ੁਭ ਸੇਵਾ ਕਰਨ, ਸ੍ਰੀਰ ਪੱਥਰ ਹੋਵੇ, ਮਨ ਫ਼ੌਲਾਦ ਹੋਵੇ, ਹੱਥੀਂ ਸੇਵਾ ਕਰਕੇ, ਵਾਹਿਗੁਰੂ ਜੀ ਨੂੰ ਪ੍ਰਵਾਣਨੀਕ ਹੋਣ। ਯਥਾ:- ਪਏ ਕਬੂਲੁ. ਖਸੰਮ ਨਾਲਿ; ਜਾਂ

Sri Satguru Jagjit Singh Ji eLibrary NamdhariElibrary@gmail.com

ਘਾਲ ਮਰਦੀ ਘਾਲੀ॥) ਸੇਵਕ ਦਰਗਹ ਸੁਰਖਰੂ; ਵੇਮੁਖੁ ਮੁਹ ਕਾਲਾ॥ ਕਠਨ ਤੋਂ ਕਠਨ ਸਾਧਨ, ਕਠਨ ਮਸੱਕਤ ਆਪ ਤਿਆਗ ਕੇ, ਕੇਵਲ ਚਰਨੀਂ ਲੱਗਣ ਲਈ ਹੀ ਕਰਨ।

ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥ ਵਾਹਿਗੁਰੂ ਜੀ ਦੇ ਸਨਮੁਖ ਕਹਿ ਰਹੇ ਹਨ, ਹੇ ਅਕਾਲ ਪੁਰਖ ਵਾਹਿਗੁਰੂ ਜੀ! ਆਪ ਜੀ ਦੀ ਨਦਰ ਮੇਹਰ ਨਾਲ, ਇਹੁ ਮਨੁ ਹੋਆ ਸਾਧ ਰਵਾਲ॥) ਹਮ ਸੰਤਨ ਕੀ ਰੇਨੁ ਪਿਆਰੇ; ਹਮ ਸੰਤਨ ਕੀ ਸਰਣਾ॥ ਅਨੁਸਾਰ ਦਾਸਨ ਦਾਸ ਨੇ ਆਪਣੇ (ਆਪੁ)ਹੰਕਾਰ, ਨਿਸਚੇ ਰੂਪ ਕੁੰਡੇ 'ਚ, ਅਜਪਾ ਜਾਪ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪਣ, ਨਾਮ ਰੂਪੀ ਘੋਟਣੇ ਨਾਲ, ਪੂਰਨ ਗੁਰੂ ਜੀ ਤੋਂ ਪੀਸਾਇ ਪੀਸਾਇ॥ ਕੇ (ਘਾਲਿਆ)ਕਮਾਇਆ, ਚਰਨ- ਧੂੜ ਰੂਪ ਬ੍ਰੀਕ ਮਹਿੰਦੀ ਬਣਾ ਦਿਤਾ,

ਤੈ ਸਹ ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥੬੫॥ ਹੇ ਅਕਾਲ ਪੁਰਖ ਵਾਹਿਗੁਰੂ ਜੀ ਆਪ ਜੀ ਨੇ ਦਾਸਨ ਦਾਸੀ ਦੀ ਬਾਤ ਨਹੀਂ ਪੁੱਛੀ, ਦਾਸਨ ਦਾਸੀ ਕਦੇ ਭੀ ਆਪਣੇ ਚਰਨੀਂ ਨਹੀਂ ਲਾਈ, ਭਾਵੇਂ ਚਰਨੀ ਲੱਗੇ ਹਨ, ਏਕਤਾ ਅਭੇਦਤਾ ਹੈ, ਬਈ ਸਾਧਿਕ ਪ੍ਰੇਮੀ ਸੇਵਕ ਸੇਵਾ ਕਰਕੇ, ਪ੍ਰਾਪਤੀ ਲਈ ਭੀ ਨਿਮ੍ਰਤਾ ਦੇ ਬਚਨ ਹੀ ਬੋਲਣ, ਗ਼ਰੀਬੀ ਨਾਲ ਵਾਹਿਗੁਰੂ ਜੀ 'ਚ ਲੀਣ ਹੋ ਕੇ ਕਹਿ ਰਹੇ ਹਨ। ਯਥਾ:- ਸਗ ਨਾਨਕ. ਦੀਬਾਨ ਮਸਤਾਨਾ; ਨਿਤ ਚੜੈ ਸਵਾਇਆ॥) ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥) ਕਬੀਰ ਕੂਕਰੁ. ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ. ਤਹ ਜਾਉ॥) ਹਉ ਤਿਸੁ ਘੋਲਿ ਘੁਮਾਇਆ; ਗੁਰਮਤਿ ਰਿਦੈ ਗਰੀਬੀ ਆਵੈ।) ਮੋਹਿ ਗਰੀਬ ਕਉ; ਲੇਹੁ ਰਲਾਇ॥ ਨਾਨਕ; ਆਇ ਪਏ ਸਰਣਾਇ॥) ਗਰੀਬੀ; ਗਦਾ ਹਮਾਰੀ॥ ਖੰਨਾ; ਸਗਲ ਰੇਨੁ ਛਾਰੀ॥)

ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥੧॥ ਪਰਮ ਪੂਜਨੀਕ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ, ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- ਪਾਠੁ ਪੜਿਓ ਅਰੁ ਬੇਦੁ ਬੀਚਾਰਿਓ; ਨਿਵਲਿ ਭੁਅੰਗਮ ਸਾਧੇ॥ ਪੰਚ ਜਨਾ ਸਿਉ. ਸੰਗੁ ਨ ਛੁਟਕਿਓ; ਅਧਿਕ ਅਹੰਬੁਧਿ ਬਾਧੇ॥੧॥ ਪਿਆਰੇ ਇਨ ਬਿਧਿ, ਮਿਲਣੁ ਨ ਜਾਈ; ਮੈ ਕੀਏ ਕਰਮ ਅਨੇਕਾ॥ ਹਾਰਿ ਪਰਿਓ. ਸੁਆਮੀ ਕੈ ਦੁਆਰੈ; ਦੀਜੈ ਬੁਧਿ ਬਿਬੇਕਾ॥) ਨਿਮਖ ਨਿਮਖ ਕਰਿ; ਸਰੀਰੁ ਕਟਾਵੈ॥ ਤਉ ਭੀ; ਹਉਮੈ ਮੈਲੁ. ਨ ਜਾਵੈ॥) ਅੱਖ ਮੀਚਣ ਜਿਤਨਾ ਸਮਾਂ ਨਿਮਖ ਨਿਮਖ ਮਗਰੋਂ, ਆਪਣੇ ਸਰੀਰੁ ਨੂੰ ਰੱਤੀ ੨ ਜਿਤਨਾ ਕਟਾ ਕਰਕੇ, ਅੱਗ 'ਤੇ ਹਵਨ ਕਰਨ, ਪੁੱਠੇ ਲਮਕਣ, ਪੰਜ ਧੂਣੀਆਂ ਤਾਉਣ ਆਦਿ ਅਨੇਕ ਕਸ਼ਟ ਰੂਪ ਕਠਨ ਸਾਧਨ ਰੂਪ ਚੱਕੀ 'ਚ, (ਆਪੁ)ਹੰਕਾਰ ਸਹਿਤ. (ਪੀਸਾਇ)ਪਿਹਾ (ਪੀਸਾਇ)ਪਿਹਾ ਕੇ, ਮਹਿਦੀ (ਕਰਿ)ਕਰਕੇ (ਘਾਲਿਆ)ਕਮਾਇਆ, ਭਾਵ ਮਹਿੰਦੀ ਵਾਂਗ ਸਾਧਨਾਂ ਦੇ ਬੇਅੰਤ ਕਸ਼ਟ ਹੀ ਕਸ਼ਟ ਸਹਾਰੇ, ਬੇਹੱਦ ਘਾਲਣਾਂ ਘਾਲੀ। ਹੰਗਤਾ ਕਰਨੇ ਕਰਕੇ,

ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥੬੫॥੧:- ਹੇ ਸਹ ਪਤੀ ਪ੍ਰਮਾਤਮਾ ਜੀ! ਆਪ ਜੀ ਨੇ. ਕੋਈ ਬਾਤ ਨਹੀਂ ਪੁੱਛੀ, ਕਦੇ ਚਰਨੀਂ ਨਹੀਂ ਲਾਈ। ਬਹੁਤ ਹੀ ਡੂੰਘੇ ਭਾਵ ਹਨ, ਸਾਧਸੰਗਤ ਜੀ 'ਚ ਰਹਿ ਕੇ ਪੂਰਨ ਗੁਰੂ ਜੀ ਦੇ, ਸੱਚੇ ਚਰਨ- ਕਮਲਾਂ ਦੇ ਕੀੜੇ ਬਨਣਾ ਸਾਰੇ ਵਿਸ਼ੇ ਤਿਆਗਣੇ, ਸ਼ੁਭ ਕਰਮ ਕਰਨੇ, ਰੱਜ ਕੇ ਗੁਰੂ ਸੇਵਾ ਭਜਨ ਸਿਮਰਨ ਬੰਦਗੀ ਕਰਨ ਤੋਂ ਬਾਦ ਭੀ, ਆਪ ਕੁੱਝ ਨਹੀਂ ਬਨਣਾ, ਗੁਰਪ੍ਰਸਾਦਿ ਸੱਚੇ ਚਰਨ- ਕਮਲਾਂ ਨਾਲ ਲੱਗਣਾ ਹੁੰਦਾ ਹੈ ਜੀ। ਯਥਾ:- ਗੁਰ ਕੈ ਗ੍ਰਿਹਿ; ਸੇਵਕੁ ਜੋ ਰਹੈ॥ ਗੁਰ ਕੀ ਆਗਿਆ; ਮਨ ਮਹਿ ਸਹੈ॥ ਆਪਸ ਕਉ; ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ; ਰਿਦੈ ਸਦ ਧਿਆਵੈ॥ ਮਨੁ ਬੇਚੈ; ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ; ਕਾਰਜ ਰਾਸਿ॥ ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ ਹੋਤ; ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ; ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ; ਗੁਰ ਕੀ ਮਤਿ ਲੇਇ॥੨॥

Sri Satguru Jagjit Singh Ji eLibrary NamdhariElibrary@gmail.com

ਮਃ ੩॥ ਨਾਨਕ. ਮਹਿਦੀ ਕਰਿ ਕੈ ਰਖਿਆ; ਸੋ ਸਹੁ. ਨਦਰਿ ਕਰੇਇ॥ ਆਪੇ ਪੀਸੈ. ਆਪੇ ਘਸੈ; ਆਪੇ ਹੀ. ਲਾਇ ਲਏਇ॥ ਇਹੁ ਪਿਰਮ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੨॥ ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (੩)ਤੀਜੇ (ਮਃ)ਸਰੂਪ, ਸਤਿਗੁਰੂ ਤੀਜੇ ਪਾਤਿਸ਼ਾਹ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸੋ)ਸ਼ੁਹਰਤ ਵਾਲੇ ਵਾਹਿਗੁਰੂ (ਨਾਨਕ)ਧੰਨ ਗੁਰੂ ਨਾਨਕ ਦੇਵ ਸਾਹਿਬ (ਸਹੁ)ਮਾਲਕ ਜੀ, ਸ੍ਰੀ ਕਬੀਰ ਸਾਹਿਬ ਜੀ 'ਤੇ, ਘਣੀ ਨਦਰਿ ਕਰ ਰਹੇ ਹਨ। ਧੰਨ ਕਬੀਰ ਸਾਹਿਬ ਜੀ. ਧੰਨ ਕਬੀਰ ਸਾਹਿਬ ਜੀ. ਧੰਨ ਕਬੀਰ ਸਾਹਿਬ ਜੀ, ਭਗਤ ਜੀ ਨੇ ਆਪਣੇ ਮਨ ਨੂੰ ਸਾਰਿਆਂ ਦੀ ਚਰਨ- ਧੂੜ ਬਣਾਇਆ, ਬ੍ਰਹਮਗਿਆਨ ਨੂੰ ਪ੍ਰਾਪਤ ਹੋ ਕੇ, ਅਕਾਲ ਪੁਰਖ ਜੀ ਦੇ ਚਰਨ- ਕਮਲਾਂ 'ਚ ਲੱਗੇ ਹਨ। ਸ਼ੁਭ ਗੁਣ ਧਾਰ ਕੇ, ਅਪਨੇ ਜੀਵਨ ਨੂੰ ਮਹਿਦੀ ਕਰਿ ਕੇ ਕਮਾਇਆ ਹੈ। ਫੇਰ ਭੀ ਗ੍ਰੀਬੀ ਨਾਲ ਕਹਿ ਰਹੇ ਹਨ, ਤੈ ਸਹ. ਬਾਤ ਨ ਪੂਛੀਐ; ਕਬਹੁ. ਨ ਲਾਈ ਪਾਇ॥ ਧੰਨ ਹਨ ਜਿਨ੍ਹਾਂ ਨੇ ਇਸ ਤਰ੍ਹਾਂ ਮਹਿਦੀ ਕਰਕੇ, ਆਪਣੇ ਜੀਵਨ ਮਨ ਨੂੰ ਸਤਿਗੁਰਾਂ ਦੇ ਸਨਮੁਖ ਰੱਖਿਆ ਹੈ। ਯਥਾ:- ਤਨੁ ਮਨੁ ਧਨੁ; ਹਰਿ ਆਗੈ ਰਾਖਿਆ॥ ਨਾਨਕੁ ਕਹੈ; ਮਹਾ ਰਸੁ ਚਾਖਿਆ॥ ਕਬੀਰ ਸਾਹਿਬ ਜੀ ਦੇ ਰੋਮ ੨ ਹਿਰਦੇ 'ਚ ਵਸ ਕੇ, ਵਾਹਿਗੁਰੂ ਮੰਤ੍ਰ ਦਾ ਅਭਿਆਸ ਕਰਾਉਣ ਰੂਪ ਆਪੇ (ਪੀਸੈ)ਪੀਸਦੇ ਹਨ ਆਪੇ ਹੀ, ਵਾਰ ੨ ਅਭਿਆਸ ਕਰਾਉਣ ਰੂਪ (ਘਸੈ)ਘਸਾਉਂਦੇ ਹਨ। ਆਪੇ ਹੀ ਲਾਇ ਲਏਇ॥ ਆਪ ਹੀ ਆਪਣੇ ਪਿਆਰੇ ਭਗਤਾਂ ਦੀ, ਹੰਗਤਾ ਰਹਿਤ ਕੀਤੀ ਕਮਾਈ ਰੂਪ ਮਹਿੰਦੀ ਆਪੇ ਹੀ ਆਪਣੇ ਚਰਨ- ਕਮਲਾਂ ਨਾਲ ਲਾਇ (ਲਏਇ)ਲੈਂਦੇ ਹਨ। ਇਹੁ ਪਿਰਮ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੨॥ ਪਿਆਰੇ ਅਕਾਲ ਪੁਰਖ ਵਾਹਿਗੁਰੂ ਜੀ ਦਾ ਇਹ (ਪਿਰਮ)ਪ੍ਰੇਮ ਪਿਆਲਾ ਹੈ, (ਜੈ)ਜਿਸ ਪਿਆਰੇ ਨੂੰ ਇਹ ਪ੍ਰੇਮ ਪਿਆਲਾ ਪੀਣਾ (ਭਾਵੈ)ਭਾਉਂਦਾ ਹੈ, ਮਹਾਰਾਜ ਸਾਹਿਬ (ਤੈ)ਤਿਸ ਪਿਆਰੇ ਨੂੰ (ਦੇਇ)ਦਿੰਦੇ ਹਨ॥੨॥ ਜਿਵੇਂ ਸ੍ਰੀ ਅਨੰਦਪੁਰ ਸਾਹਿਬ, ਅਨੰਦ ਗੜ੍ ਕਿਲੇ ਘੇਰੇ 'ਚ, ਚਾਲੀ ਸਿੰਘ ਸਾਬਤ ਰਹੇ, ਕਹਿੰਦੇ "ਜੇ ਗੁਰੂ ਸਾਹਿਬ ਜੀ ਕਹਿਣਗੇ ਇੱਥੇ ਲੜਨਾ, ਤਾਂ ਕਿਲੇ 'ਚ ਹੀ ਸ਼ਹੀਦ ਹੋਵਾਂਗੇ, ਬਾਹਰ ਜਾ ਕੇ ਕਹਿਣਗੇ, ਤਾਂ ਬਾਹਰ ਜਾ ਕੇ ਸ਼ਹੀਦ ਹੋਵਾਂਗੇ। " ਇਹ ਹੈ ਘਾਲਣਾ ਘਾਲਣ ਪਿੱਛੋਂ, ਆਪ ਕੁੱਝ ਭੀ ਨਹੀਂ ਬਣੇ। ਯਥਾ:- ਮਃ ੩॥ ਨਾਨਕ. ਮਹਿਦੀ ਕਰਿ ਕੈ ਰਖਿਆ; ਸੋ ਸਹੁ ਨਦਰਿ ਕਰੇਇ॥ ਆਪੇ ਪੀਸੈ. ਆਪੇ ਘਸੈ; ਆਪੇ ਹੀ. ਲਾਇ ਲਏਇ॥ ਇਹੁ ਪਿਰਮ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੨॥) ਨਮੋ ਸੂਰਜ ਸੂਰਜੇ; ਨਮੋ ਚੰਦ੍ ਚੰਦ੍ਰੇ॥ ਅਨੁਸਾਰ ਸਤਿਗੁਰੂ ਮਹਾਰਾਜ ਸਾਹਿਬ ਜੀ ਅਸੰਖ ਸੂਰਜਾਂ ਚੰਦ੍ਰਮਿਆਂ ਨੂੰ ਚਾਨਣ ਬਖ਼ਸ਼ਣ ਵਾਲੇ ਹਨ। ਸਤਿਗੁਰਾਂ ਦੇ ਸਰੂਪ 'ਚ ਨਿਰਵਿਕਾਰਤਾ ਨਿਰਹੰਕਾਰਤਾ ਦਾ ਪ੍ਰਕਾਸ਼ ਹੀ ਪ੍ਰਕਾਸ਼ ਹੈ, ਸੋ ਸੇਵਾ ਕਰਕੇ ਹੰਕਾਰ ਕਰਨ ਵਾਲੇ ਨੂੰ ਸਤਿਗੁਰੂ ਮਹਾਰਾਜ ਸਾਹਿਬ ਜੀ ਪ੍ਰਵਾਣ ਨਹੀਂ ਕਰਦੇ। ਉੱਥੇ ਹਉਮੈ ਦਾ ਹਨ੍ਹੇਰਾ ਨਹੀਂ ਹੈ। (ੰਹੰਕਾਰ) ਕਹੁ ਨਾਨਕ; ੰਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥) ਆਪੁ ਗਵਾਈਐ. ਤਾ ਸਹੁ ਪਾਈਐ; ਅਉਰੁ. ਕੈਸੀ ਚਤੁਰਾਈ॥ ਜਿਹੜੇ ਪ੍ਰੇਮੀ ਧਰਮ- ਕਰਮ ਕਰਕੇ, ਹੰਗਤਾ ਨਹੀਂ ਕਰਦੇ, ਗੁਰੂ ਮਹਾਰਾਜ ਨੇ ਉਨ੍ਹਾਂ ਨੂੰ ਚਰਨੀਂ ਤਾਂ ਲਉਣਾ ਹੀ ਹੈ, ਸਗੋਂ ਉਲਟ ਕੇ ਅਤਿਅੰਤ ਗ੍ਰੀਬੀ ਹੀ ਗ੍ਰੀਬੀ ਕਹਿੰਦੇ ਹਨ:- ਤਿਸੁ ਜਨ ਕੇ ਪਗ. ਨਿਤ ਪੂਜੀਅਹਿ. ਮੇਰੀ ਜਿੰਦੁੜੀਏ; ਜੋ. ਮਾਰਗਿ ਧਰਮ ਚਲੇਸਹਿ ਰਾਮ॥) ਵਿਚਿ ਸਨਾਤੰਤੀ; ਸੇਵਕੁ ਹੋਇ॥ ਨਾਨਕ; ਪਨ੍ਹੀਆ ਪਹਿਰੈ ਸੋਇ॥) ਗੁਰਸਿਖਾਂ ਕੀ. ਹਰਿ ਧੂੜਿ ਦੇਹਿ; ਹਮ. ਪਾਪੀ ਭੀ ਗਤਿ ਪਾਂਹਿ॥) ਮੇਰੀ ਖਲਹੁ ਮੌਜੜੇ; ਗੁਰਸਿਖ ਹੰਢਾਂਦੇ।

ਕਬੀਰ. ਜਿਹ ਦਰਿ, ਆਵਤ ਜਾਤਿਅਹੁ; ਹਟਕੈ ਨਾਹੀ. ਕੋਇ॥ ਸੋ ਦਰੁ. ਕੈਸੇ ਛੋਡੀਐ; ਜੋ ਦਰੁ. ਐਸਾ ਹੋਇ॥੬੬॥ ਧੰਨ ਵਾਹਿਗੁਰੂ ਅਕਾਲ ਪੁਰਖ ਜੀ ਨੇ, ਆਪ ਕੋਟਿ ਬ੍ਰਹਮੰਡ ਰਚੇ ਹਨ, ਆਪ ਹੀ ਆਪਣੇ

Sri Satguru Jagjit Singh Ji eLibrary NamdhariElibrary@gmail.com

ਸਤਿਸੰਗਤ ਜੀ ਬਣਾਏ ਹਨ, ਆਪ ਹੀ ਭਗਤ ਕਬੀਰ ਸਾਹਿਬ ਜੀ ਦੇ ਸਰੂਪ 'ਚ ਪ੍ਰਗਟ ਹੋ ਕੇ, ਸਤਿਸੰਗਤ ਜੀ ਅਤੇ ਨਿਰਗੁਨ ਬ੍ਰਹਮ ਜੀ ਦੀ ਮਹਿਮਾ ਫ਼ੁਰਮਾ ਰਹੇ ਹਨ:- {ਜਿਵੇਂ ਰਾਜੇ ਦੇ ਦਰ 'ਤੇ ਪਹਿਰਾ ਹੁੰਦਾ ਹੈ, ਹੁਣ ਰਾਜਾ ਸਾਹਿਬ ਸੁੱਤੇ ਹਨ, ਹੁਣ ਵਜ਼ੀਰਾਂ ਨਾਲ ਮੀਟਿੰਗ ਕਰ ਰਹੇ ਹਨ, ਹੁਣ ਗੁੱਸੇ 'ਚ ਹਨ। ਮਿਲਣ ਵਾਲੇ ਨੂੰ ਬਹੁਤ ਰੁਕਾਵਟਾਂ ਹੁੰਦੀਆਂ ਹਨ। ਜੇ ਵਿਚਾਰਾ ਗ਼ਰੀਬ ਹੋਵੇ ਤਾਂ ਉਸ ਨੂੰ ਪਹਿਰੇਦਾਰ ਘੂਰ ਦਿੰਦੇ ਹਨ ਕਿ ਪਾਗ਼ਲਾ ਪਿੱਛੇ ਮੁੜ ਜਾ। ਪਰ ਇੱਥੇ ਕਹਿ ਰਹੇ ਹਨ, ਸਭ ਤੇ ਊਚ; ਜਾ ਕਾ ਦਰਬਾਰੁ॥) ਨੀਕੀ; ਸਾਧ ਸੰਗਾਨੀ॥ ਰਹਾਉ॥ ਪਹਰ ਮੂਰਤ ਪਲ. ਗਾਵਤ ਗਾਵਤ; ਗੋਵਿੰਦ ਗੋਵਿੰਦ ਵਖਾਨੀ॥ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ (ਜਿਹ)ਜਿਸ ਉੱਚੇ ਦਰਿ ਸਾਧਸੰਗਤ 'ਚ, ਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਤੇ ਨਮਸਕਾਰ ਕਰਨ, ਕਥਾ ਕੀਰਤਨ ਸੁਣਨ ਸੇਵਾ ਕਰਨ ਲਈ (ਆਵਤ)ਆਉਂਦੇ ਨੂੰ, ਸੇਵਾ ਡੰਡਉਤ ਪ੍ਰਕਰਮਾ ਅਰਦਾਸ ਕਰਕੇ, ਮਹਾਂ ਵਿਸਮਾਦ ਖੁਸ਼ੀ ਲੈਣ ਲਈ, ਪਰਉਪਕਾਰ ਸ਼ੁਭ ਧਰਮ-ਕਰਮ, ਧਰਮ- ਯੁੱਧ ਕਰਨ (ਜਾਤਿਅਹੁ)ਜਾਂਦੇ ਨੂੰ, (ਕੋਇ)ਕੋਈ ਭੀ (ਹਟਕੈ)ਰੋਕਦਾ ਨਾਹੀ ਹੈ। ਮਹਾਰਾਜ ਸਾਹਿਬ ਜੀ ਦਾ ਸੱਚਾ ਸੁੱਚਾ ਉੱਚਾ ਦਰ ਹੈ, ਜਿੱਥੋਂ ਨਾਮ ਪ੍ਰੇਮ ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ਼ਰੀਬੀ ਸਹਿਨਸ਼ੀਲਤਾ ਇਕਾਗ੍ਰਤਾ ਸ਼ਾਂਤੀ ਅਸੰਖ ਗੁਣ ਅਤੇ ਨਿਰਗੁਨ ਸਰਗੁਨ ਦੀ ਏਕਤਾ ਗੁਰੂ ਪ੍ਰੇਮਾ- ਭਗਤੀ, ਦੂਧ ਪੂਤ ਚਾਰ ਪਦਾਰਥ ਦੀ ਪ੍ਰਾਪਤੀ ਹੁੰਦੀ ਹੈ, (ਸੋ)ਐਸੇ ਸੱਚੇ ਦਰੁ ਨੂੰ (ਕੈਸੇ)ਕਿਉਂ (ਛੋਡੀਐ)ਛੱਡੀਏ, ਭਾਵ ਸਤਿਸੰਗਤ 'ਚ ਜਾ ਕੇ, ਫਿਰ ਮੁੜ ਕੇ ਘਰੇ ਨਹੀਂ ਆਉਣਾ ਚਾਹੀਦਾ, ਜੋ ਦਰੁ, ਐਸਾ ਮਹਾਨ ਪਰਉਪਕਾਰੀ ਗ਼ਰੀਬ ਨਿਵਾਜ ਮੋਕਲਾ (ਹੋਇ)ਹੋਵੇ, ਜੈਸਾ ਕਿ ਉੱਪਰ ਕਿਹਾ ਹੈ॥੬੬॥ ਯਥਾ:- ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ॥) ਲਾਦਿ ਖੇਪ; ਸੰਤਹ ਸੰਗਿ ਚਾਲੁ॥ ਅਵਰ ਤਿਆਗਿ; ਬਿਖਿਆ ਜੰਜਾਲ॥) ਕਬਹੂ ਸਾਧ ਸੰਗਤਿ; ਇਹੁ ਪਾਵੈ॥ ਉਸੁ ਅਸਥਾਨ ਤੇ; ਬਹੁਰਿ ਨ ਆਵੈ॥ ਜਿਵੇਂ ਵਾਹਿਗੁਰੂ ਮਹੱਲਾ ਤੀਜਾ ਜੀ, ਸਤਿਗੁਰੂ ਮਹੱਲੇ ਦੂਜੇ ਜੀ ਦੇ ਪਰਮ ਪਾਕ ਸੱਚੀ ਚਰਨ ਸ਼ਰਨ 'ਚ ਆਏ। ਬਾਰਾਂ ਵਰ੍ਹੇ ਗੁਰੂ ਘਰ 'ਚ, ਸਤਿਸੰਗਤ ਜੀ ਦਾ ਜਲ ਢੋਇਆ। ਲੰਗਰ ਦੀ ਸ਼ੁਭ ਸੱਚੀ ਸੇਵਾ ਕੀਤੀ, ਬੜੀ ਹੀ ਕਠਨ ਮੇਹਨਤ ਕੀਤੀ। ਖਾਣ ਪਹਿਨਣ ਦੁਨੀਆਂ ਦੀ ਵਡਿਆਈ ਛੱਡ ਕੇ, ਪੂਰਨ ਗੁਰੂ ਜੀ ਦੇ ਸੱਚੇ ਚਰਨ- ਕਮਲਾਂ 'ਚ ਲਿਵ ਲਾਈ। ਯਥਾ:- ਓਨਿ. ਛਡੇ ਲਾਲਚ ਦੁਨੀ ਕੇ; ਅੰਤਰਿ ਲਿਵ ਲਾਈ॥ ਕੇਵਲ ਰਾਤ ਦਿਨੇ ਲਗਾਤਾਰ ਸਿਮਰਨ, ਸੱਚੀ ਸੇਵਾ ਨੂੰ ਸੱਚਾ ਇਸ਼ਨਾਨ ਸਮਝਿਆ। ਯਥਾ:- ਸਾਚਾ ਨਾਵਣੁ; ਗੁਰ ਕੀ ਸੇਵਾ॥ ਭਾਰੀ ਕਮਾਈ ਕੀਤੀ। ਚਿੱਤ ਲਾ ਕੇ ਸੇਵਾ ਭਗਤੀ ਕੀਤੀ। ਗੁਰ ਸੇਵਾ, ਤਪਾਂ ਸਿਰਿ ਤਪੁ ਸਾਰੁ॥) ਸਤਿਗੁਰ ਕੀ ਸੇਵਾ ਸਫਲ ਹੈ; ਜੇ ਕੋ ਕਰੇ ਚਿਤੁ ਲਾਇ॥ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਦਰ ਨਹੀਂ ਛੱਡਿਆ, ਭਾਵੇਂ ਗੋਤੀ ਆ ਕੇ ਕਹਿੰਦੇ, "ਦੁਨੀਆਂ ਸਾਨੂੰ ਤਾਹਨੇ ਮਾਰਦੀ ਹੈ, ਟੁੱਕਰਾਂ ਖਾਤਰ, ਚਿੱਟੇ ਧੌਲੇ ਝਾਟੇ ਕੁੜਮਾ ਘਰੇ ਬੈਠਾ ਹੈ, ਜੇ ਕੋਈ ਬੱਚਾ ਭੀ ਸੇਵਾ ਨੂੰ ਕਹੇ, ਉਹ ਭੀ ਹੱਥ ਜੋੜ ਕੇ ਨਮਸਕਾਰ ਕਰਕੇ ਸੇਵਾ ਕਰਦਾ ਹੈ, ਬਈ ਮੈਨੂੰ ਇੱਥੋ ਕੱਢ ਨਾ ਦੇਣ"। ਚੱਲ ਚੱਲੀਏ ਇੱਥੇ ਕੁੜਮਾਂ ਦੇ ਘਰੇ ਬੈਠਾ ਕੀ ਕਰਦਾ ਹੈਂ? ਇਹ ਉਮਰ ਘਰੇ ਬੈਠਣ ਦੀ ਹੈ। ਯਥਾ:- ਜੇ ਕੋ. ਨਾਉ ਲਏ ਬਦਨਾਵੀ; ਕਲਿ ਕੇ ਲਖਣ ਏਈ॥ ਮਹਾਰਾਜ ਸਾਹਿਬ ਜੀ ਨੇ ਦਰ ਨਹੀਂ ਛੱਡਿਆ। ਮਹਾਰਾਜ ਸਾਹਿਬ ਜੀ ਦੇ ਦਰਬਾਰ ਦੇ ਕੂਕਰ ਬਣੇ। ਯਥਾ:- ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥) ਸੁਆਮੀ ਕੋ ਗ੍ਰਿਹੁ ਜਿਉ ਸਦਾ; ਸੁਆਨ ਤਜਤ ਨਹੀ ਨਿਤ॥ ਨਾਨਕ. ਇਹ ਬਿਧਿ ਹਰਿ ਭਜਉ; ਇਕ ਮਨਿ ਹੁਇ ਇਕ ਚਿਤਿ॥੪੫॥) ਪ੍ਰਭ ਕੈ ਦਰਿ ਪਏ; ਮੇਰੇ ਮਨਾ॥) ਅਬ ਹਮ ਚਲੀ; ਠਾਕੁਰ ਪਹਿ ਹਾਰਿ॥ ਜਬ ਹਮ. ਸਰਣਿ ਪ੍ਰਭੂ ਕੀ ਆਈ; ਰਾਖੁ ਪ੍ਰਭੂ. ਭਾਵੈ ਮਾਰਿ॥) ਅਪੁਨੇ ਠਾਕੁਰ ਕੀ; ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ; ਹਉਮੈ ਮਾਰਿ ਨਿਬੇਰੀ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਜਿਹ ਦਰਿ ਆਵਤ ਜਾਤਿਅਹੁ; ਹਟਕੈ ਨਾਹੀ ਕੋਇ॥੨:- ਸ੍ਰੀ ਕਬੀਰ ਸਾਹਿਬ ਜੀ, ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮਰਤਾ ਹਲੀਮੀ ਅਸੰਖ ਸ਼ੁਭ ਗੁਣਾਂ ਦੇ ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਨੂਰ ਹੀ ਨੂਰ, ਸਰਬ ਕਲਾ ਭਰਪੂਰ ਪ੍ਰਭ;) ਵਾਹਿਗੁਰੂ ਨਿਰਗੁਨ ਬ੍ਰਹਮ ਜੀ ਵਿੱਚ ਲੀਣ ਹਨ। ਉੱਥੇ ਮਾਤਾ ਪਿਤਾ ਜਾਤ ਦੇਸ਼ ਨਹੀਂ। (ਜਿਹ)ਜਿਸ ਨਿਰਗੁਨ ਵਾਹਿਗੁਰੂ ਬ੍ਰਹਮ ਜੀ ਦੇ ਦਰਿ'ਤੇ (ਆਵਤ)ਆਉਂਦਿਆਂ, ਭਾਵ ਮਹਾਰਾਜ ਸਾਹਿਬ ਨਿਰਗੁਨ ਜੀ 'ਚ, ਲੀਣ ਹੋਣ ਲੱਗੇ ਨੂੰ, ਲੀਣ ਹੋ ਕੇ, ਅਫੁਰ ਸਮਾਧੀ 'ਚ (ਜਾਤਿਅਹੁ)ਜਾਂਦੇ ਨੂੰ, ਕਾਮ ਕ੍ਰੋਧ ਲੋਭ ਮੋਹ ਈਰਖਾ ਵੈਰ ਵਿਕਾਰ ਵਿਸ਼ੇ ਵਾਸ਼ਨਾ (ਕੋਇ)ਕੋਈ ਭੀ ਨਾਹੀ (ਹਟਕੈ)ਰੋਕਦਾ। ਜਿਸ 'ਚ, ਆਪਸ ਕਉ; ਆਪਹਿ ਆਦੇਸੁ॥ ਹੋ ਰਹੀ ਹੈ। ਜਹ ਨਿਰਮਲ ਪੁਰਖੁ; ਪੁਰਖ ਪਤਿ ਹੋਤਾ॥ ਸਰੂਪ ਹਨ। ਜਹ ਆਪਨ ਆਪੁ; ਆਪਿ ਪਤੀਆਰਾ॥) ਜਹ ਏਕਹਿ ਏਕ; ਏਕ ਭਗਵੰਤਾ॥) ਜਬ ਅਕਾਰੁ ਇਹੁ; ਕਛੂ ਨ ਦ੍ਰਿਸਟੇਤਾ॥) ਜਬ ਨਿਰਗੁਨ ਪ੍ਰਭ; ਸਹਜ ਸੁਭਾਇ॥ ਹਨ। ਐਸਾ ਅਨਤ- ਕਲਾਵਾਨ ਸ੍ਰਬ ਵਿਆਪੀ ਮਹਾਰਾਜ ਸਾਹਿਬ ਜੀ ਦਾ ਸੱਚਾ ਸੁੱਚਾ ਉੱਚਾ ਦਰ ਹੈ। ਯਥਾ:- ਉੱਚਾ ਦਰ ਸਤਿਗੁਰੂ ਨਾਨਕ ਦਾ, ਮੈਂ ਸੋਭਾ ਸੁਣ ਕੇ ਆਇਆ।

ਕਬੀਰ. ਡੂਬਾ ਥਾ, ਪੈ ਉਬਰਿਓ; ਗੁਨ ਕੀ ਲਹਰਿ. ਝਬਕਿ॥ ਜਬ ਦੇਖਿਓ. ਬੇੜਾ ਜਰਜਰਾ; ਤਬ. ਉਤਰਿ ਪਰਿਓ ਹਉ ਫਰਕਿ॥੬੭॥ ਵਾਹਿਗੁਰੂ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ, ਜਿਨ੍ਹਾਂ ਦੀ ਪਰਮ- ਪਾਕ ਜੋਤਿ ਨਾਲ, ਅਸੀਂ ਦੇਖ ਬੋਲ ਸੁਣ ਰਹੇ ਹਾਂ, ਜੋ ਆਪਣੇ ਨਿਰਗੁਨ ਜੋਤਿ ਨਾਲ ਅਸੰਖ ਸੂਰਜਾਂ ਨੂੰ ਹਰ ਸਮੇਂ ਪ੍ਰਕਾਸ਼ਦਿਆਂ, ਚੇਸ਼ਟਾ ਕਰਾ ਰਹੇ ਹਨ, ਸਾਰੀ ਦੁਨੀਆਂ ਨੂੰ ਜੀਵਨ ਦੇ ਰਹੇ ਹਨ। ਐਸੇ ਦਾਤੇ ਮਹਾਂਪੁਰਸ਼ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਦਾ, ਨਿਗੁਰਾ ਮਨਮੁਖ ਜੀਵਨ ਰੂਪੀ ਬੇੜਾ, ਸੰਸਾਰ ਸਮੁੰਦ੍ਰ ਦੇ, ਔਗੁਣ ਪਾਪ ਵਿਸ਼ੇ ਰੂਪੀ ਜਲ 'ਚ, (ਡੂਬਾ)ਡੁੱਬਿਆ (ਥਾ)ਸੀ, ਭਾਵ ਗੁਰੂ ਰਾਮਾਨੰਦ ਜੀ ਦੇ ਸੱਚੇ ਚਰਨੀਂ ਲੱਗ ਕੇ, ਸ਼ਰਨ ਪੈ ਕੇ, (ਝਬਕਿ)ਛੇਤੀ ਹੀ, ਸਤਿ ਸੰਤਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ੍ਰੀਬੀ ਇਕਾਗ੍ਰਤਾ ਸ਼ਾਂਤੀ ਸ਼ੁਭ (ਗੁਨ)ਗੁਣਾਂ (ਕੀ)ਦੀ ਲਹਰਿ, ਰੋਮ ੨ 'ਚ, ਉੱਠੀ, ਦਾਸਨ ਦਾਸ ਦਾ, ਨਿਗੁਰਾ ਮਨਮੁਖ ਜੀਵਨ ਰੂਪੀ ਬੇੜਾ, ਸੰਸਾਰ ਸਮੁੰਦ੍ਰ ਦੇ ਵਿਸ਼ੇ ਰੂਪੀ ਜਲ 'ਚ ਡੁੱਬਣੋ (ਉਬਰਿਓ)ਬਚ ਗਿਆ। ਇਉਂ ਸੱਚੇ ਚਰਨ- ਕਮਲਾਂ ਹੇਠ ਪਏ:- ਹੋਇ ਬਿਰਕਤੁ ਬਨਾਰਸੀ; ਰਹਿਦਾ ਰਾਮਾਨੰਦੁ ਗੁਸਾਈਂ। ਅੰਮ੍ਰਿਤ ਵੇਲੇ ਉਠਕੇ; ਜਾਂਦਾ ਗੰਗਾ ਨ੍ਹਾਵਣ ਤਾਈ॥ ਅਗੋਂ ਹੀ ਦੇ ਜਾਇਕੇ; ਲੰਮਾ ਪਿਆ ਕਬੀਰ ਤਿਥਾਈ॥ ਪੈਰੀਂ. ਟੁੰਬ ਉਠਾਲਿਆ; ਬੋਲਹੁ ਰਾਮ. ਸਿਖ ਸਮਝਾਈ॥ ਜਿਉਂ ਲੋਹਾ. ਪਾਰਸ ਛੁਹੇ; ਚੰਦਨ ਵਾਸ. ਨਿੰਮ ਮਹਿਕਾਈ॥ ਪਸੂ ਪਰੇਤਹੁੰ ਦੇਵ ਕਰ; ਪੂਰੇ ਸਤਿਗੁਰ ਦੀ ਵਡਿਆਈ॥) ਅ- ਚਰਜ- ਅਚਰਜ ਨੋ ਅਚਰਜ ਮਿਲੈ; ਵਿਸਮਾਦੇ ਵਿਸਮਾਦ ਮਿਲਾਈ॥) ਅ- ਘੜ- ਝਰਣਾ ਝਰਦਾ ਨਿਝਰਹੁੰ; ਗੁਰਮੁਖ ਬਾਣੀ ਅਘੜ ਘੜਾਈ॥ ਰਾਮ ਕਬੀਰੈ; ਭੇਦ ਨ ਭਾਈ॥੧੫॥

ਜਬ ਦੇਖਿਓ. ਬੇੜਾ ਜਰਜਰਾ; ਤਬ. ਉਤਰਿ ਪਰਿਓ ਹਉ ਫਰਕਿ॥੬੭॥ ਪੂਰੇ ਗੁਰੂ ਜੀ ਦੀ ਸੱਚੀ ਮਹਾਂ ਵਿਸਮਾਦ ਅਲੌਕਿਕ ਚਰਨ ਛੋਹ ਤੋਂ ਪਤਾ ਲੱਗਿਆ, ਨਿਗੁਰਾ ਮਨਮੁਖ ਜੀਵਨ ਰੂਪੀ ਬੇੜੇ 'ਚ, ਪਾਪਾਂ ਰੂਪੀ ਹਜ਼ਾਰਾਂ ਛੇਕ ਹਨ। ਪੂਰੇ ਗੁਰੂ ਜੀ ਦੀ ਸੱਚੀ ਮਹਾਂ ਵਿਸਮਾਦ ਅਲੌਕਿਕ ਚਰਨ ਛੋਹ ਪ੍ਰਾਪਤਿ ਹੋਣ ਤੋਂ, ਦਾਸਨ ਦਾਸ ਨੇ (ਜਬ)ਜਦੋਂ (ਦੇਖਿਓ)ਦੇਖਿਆ, ਦਾਸਨ ਦਾਸ ਦਾ, ਨਿਗੁਰਾ ਮਨਮੁਖ ਜੀਵਨ ਰੂਪੀ ਬੇੜਾ, ਔਗੁਣਾਂ ਪਾਪਾਂ ਰੂਪੀ ਛੇਕਾਂ ਕਰਕੇ (ਜਰਜਰਾ)ਟੁੱਟਾ ਫੁੱਟਾ ਹੈ। (ਤਬ)ਤਦੋਂ (ਹਉ)ਦਾਸਨ ਦਾਸ, ਨਿਗੁਰੇ ਮਨਮੁਖ ਜੀਵਨ ਬੇੜੇ 'ਚੋਂ, ਗੁਰਪ੍ਰਸਾਦਿ (ਫਰਕਿ)ਫੜੱਕ ਛੇਤੀ ਉਤਰਿ (ਪਰਿਓ)ਪਿਆ, ਫਰਕਿ ਕਰ ਗਿਆ, ਦੂਰ ਹੋ ਗਿਆ, ਭਾਵ ਹੰਕਾਰ ਵਿਕਾਰ ਨਿੰਦਾ ਈਰਖਾ ਚੁਗਲੀ ਚੋਰੀ ਯਾਰੀ ਸਾਰੇ ਦੋਸ਼ਾਂ ਤੋਂ ਫਰਕ ਕਰ ਗਿਆ। ਨਿਗੁਰੇ ਮਨਮੁਖ ਜੀਵਨ

Sri Satguru Jagjit Singh Ji eLibrary NamdhariElibrary@gmail.com

ਰੂਪੀ ਬੇੜੇ ਦੇ, ਪਾਪਾਂ ਔਗੁਣਾਂ ਰੂਪੀ ਛੇਕਾਂ ਦੁਆਰਾ, ਵਿਸ਼ੇ ਜਲ ਅੰਦਰ ਪ੍ਰਵੇਸ਼ ਹੁੰਦਾ ਸੀ। ਯਥਾ:- ਕਬੀਰ. ਬੇੜਾ ਜਰਜਰਾ; ਫੂਟੇ ਛੇਕ ਹਜਾਰ॥ ਹਰੂਏ ਹਰੂਏ. ਤਿਰਿ ਗਏ; ਡੂਬੇ ਜਿਨ ਸਿਰ ਭਾਰ॥

ਕਬੀਰ. ਪਾਪੀ, ਭਗਤਿ ਨ ਭਾਵਈ; ਹਰਿ ਪੂਜਾ. ਨ ਸੁਹਾਇ॥ ਮਾਖੀ ਚੰਦਨੁ ਪਰਹਰੈ; ਜਹ ਬਿਗੰਧ. ਤਹ ਜਾਇ॥੬੮॥ ਪਰਮਪੂਜਨੀਕ ਸ੍ਰਬ ਵਿਆਪੀ ਦੇ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪਾਪੁ ਬੁਰਾ; ਪਾਪੀ ਕਉ ਪਿਆਰਾ॥ ਪਾਪਿ ਲਦੇ; ਪਾਪੇ ਪਾਸਾਰਾ॥) ਜੀਆਂ ਕੁਹਤ; ਨ ਸੰਗੈ ਪਰਾਣੀ॥) ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਅਨੁਸਾਰ ਪਾਪ ਕਰਨ ਵਾਲੇ ਕਸਾਈ ਨੀਚ ਪਾਪੀ ਨੂੰ, ਗਰੀਬੀ ਗਦਾ ਹਮਾਰੀ॥ ਖੰਨਾ ਸਗਲ ਰੇਨੁ ਛਾਰੀ॥) ਭਾਉ ਭਗਤਿ ਕਰਿ; ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥) ਕਬੀਰ. ਸਭ ਤੇ ਹਮ ਬੁਰੇ; ਹਮ ਤਜਿ. ਭਲੋ ਸਭੁ ਕੋਇ॥ ਜਿਨਿ ਐਸਾ ਕਰਿ ਬੂਝਿਆ; ਮੀਤੁ ਹਮਾਰਾ ਸੋਇ॥ ਅਨੁਸਾਰ ਪਿਆਰੇ ਵਾਹਿਗੁਰੂ ਜੀ ਦੀ ਪ੍ਰੇਮਾ (ਭਗਤਿ)ਭਗਤੀ (ਭਾਵਈ)ਚੰਗੀ (ਨ)ਨਹੀਂ ਲੱਗਦੀ, ਇਸ ਲਈ ਉਸ ਨੂੰ, (ਹਰਿ)ਸ੍ਰਬ ਪ੍ਰਕਾਸ਼ਕ ਅਸੰਖ ਬ੍ਰਹਮੰਡ 'ਚ ਵਿਆਪਕ ਵਾਹਿਗੁਰੂ ਜੀ ਦੀ, ਤਨੁ ਮਨੁ ਅਰਪਉ; ਪੂਜ ਚਰਾਵਉ॥ ਗੁਰ ਪਰਸਾਦਿ; ਨਿਰੰਜਨੁ ਪਾਵਉ॥੪॥) ਪੂਜਾ ਕੀਚੈ. ਨਾਮੁ ਧਿਆਈਐ; ਬਿਨੁ ਨਾਵੈ. ਪੂਜ ਨ ਹੋਇ॥ ਅਨੁਸਾਰ ਆਪਣਾ ਤਨ ਮਨ ਅਰਪ ਕੇ ਨਾਮ ਜਪਣ ਜਪਾਉਣ ਰੂਪ, ਪੂਜਾ (ਸੁਹਾਇ)ਚੰਗੀ (ਨ)ਨਹੀਂ ਲੱਗਦੀ। ਜਿਵੇਂ ਮਾਖੀ, ਚੰਦਨੁ ਦੀ ਸੁਗੰਧੀ ਤੋਂ (ਪਰਹਰੈ)ਦੂਰ ਭੱਜਦੀ ਹੈ, (ਜਹ)ਜਿੱਥੇ (ਬਿਗੰਧ)ਭੈੜੀ ਬਦਬੋ ਹੈ, (ਤਹ)ਤਿੱਥੇ (ਜਾਇ)ਜਾਂਦੀ ਹੈ। ਇਉਂ ਪਾਪੀ, ਜਿੱਥੇ ਸਤਸੰਗਤ ਜੀ ਨਾਮ ਜਪਦੇ ਹਨ, ਨਾਮ ਰੂਪੀ ਚੰਦਨ ਦੀ ਖੁਸ਼ਬੋ ਤੋਂ ਦੂਰ ਭੱਜਦਾ ਹੈ। ਜਿੱਥੇ ਨਸ਼ੇ ਤਮਾਕੂ ਵੇਸਵਾ ਨਾਚ ਗਾਣੇ ਚੋਰੀ ਡਾਕੇ ਕਤਲ ਦੀ ਭੈੜੀ ਬਦਬੋ ਹੈ ਉੱਥੇ ਜਾਂਦਾ ਹੈ॥੬੮॥ ਯਥਾ:- ਬਗੁਲਾ ਕਾਗੁ. ਨ ਰਹਈ ਸਰਵਰਿ; ਜੇ ਹੋਵੈ ਅਤਿ ਸਿਆਣਾ॥ ਓਨਾ. ਰਿਜਕੁ, ਨ ਪਇਓ ਓਥੈ; ਓਨ੍ਹਾ ਹੋਰੋ ਖਾਣਾ॥) ਬਗੁਲਾ ਕਾਗ. ਨੀਚ ਕੀ ਸੰਗਤਿ; ਜਾਇ ਕਰੰਗ ਬਿਖੂ ਮੁਖਿ ਲਾਈਐ॥) ਜਿਨ ਕੇ ਚਿਤ ਕਠੋਰ ਹਹਿ; ਸੇ. ਬਹਹਿ ਨ ਸਤਿਗੁਰ ਪਾਸਿ॥ ਓਥੈ ਸਚੁ ਵਰਤਦਾ; ਕੂੜਿਆਰਾ ਚਿਤ ਉਦਾਸਿ॥ ਓਇ ਵਲੁ ਛਲੁ ਕਰਿ. ਝਤਿ ਕਢਦੇ; ਫਿਰਿ. ਜਾਇ ਬਹਹਿ, ਕੂੜਿਆਰਾ ਪਾਸਿ॥ ਵਿਚਿ ਸਚੇ, ਕੂੜੁ ਨ ਗਡਈ; ਮਨਿ. ਵੇਖਹੁ ਕੋ ਨਿਰਜਾਸਿ॥ ਕੂੜਿਆਰ. ਕੂੜਿਆਰੀ ਜਾਇ ਰਲੇ; ਸਚਿਆਰ ਸਿਖ. ਬੈਠੈ ਸਤਿਗੁਰ ਪਾਸਿ॥) ਪਾਪੀ ਦਾ ਮੱਖੀ ਚਿੱਚੜ ਵਾਲਾ ਸੁਭਾਵ ਹੈ। ਯਥਾ:- ਮਾਖੀ ਰਾਮ ਕੀ ਤੂ ਮਾਖੀ॥ ਜਹ ਦੁਰਗੰਧ ਤਹਾ ਤੂ ਬੈਸਹਿ; ਮਹਾ ਬਿਖਿਆ ਮਦ ਚਾਖੀ॥੧॥ ਰਹਾਉ॥ ਕਿਤਹਿ ਅਸਥਾਨਿ ਤੂ ਟਿਕਨੁ ਨ ਪਾਵਹਿ; ਇਹ ਬਿਧਿ ਦੇਖੀ ਆਖੀ॥ ਸੰਤਾ ਬਿਨੁ ਤੈ ਕੋਇ ਨ ਛਾਡਿਆ; ਸੰਤ ਪਰੇ ਗੋਬਿਦ ਕੀ ਪਾਖੀ॥) ਉੱਜਲ[੨] ਕਵਲ[੩] ਜਾਲਾ – ਬਿਮਲ[੨] ਮਝਾਰਿ, ਬਸਸਿ ਨਿਰਮਲ ਜਲ; ਪਦਮਨਿ[੩] ਜਾਵਲ[੪] ਰੇ॥) ਪਾਣੀ[੫]- ਪਦਮਨਿ ਜਾਵਲ, ਜਲ ਰਸ[੫] ਸੰਗਤਿ; ਸੰਗਿ ਦੋਖ ਨਹੀ ਰੇ॥) ਦਾਦਰ ਪੋਲਾ- ਦਾਦਰ; ਤੂ. ਕਬਹਿ ਨ ਜਾਨਸਿ ਰੇ॥) ਖਾਂਦਾ[੬] ਹੈਂ। ਜਾਲਾ[੭]- ਭਖਸਿ[੬] ਸਿਬਾਲੁ[੭], ਬਸਸਿ ਨਿਰਮਲ ਜਲ; ਅੰਮ੍ਰਿਤੁ. ਨ ਲਖਸਿ ਰੇ॥) ਡੱਡੂ ਜਲ 'ਚ ਨਿੱਤ[੮] ਵਸਦਾ ਹੈ। ਗੁਰਸੇਵਕਣ ਰੂਪੀ ਭੌਰੀ[੮] ਗੁਰਸੇਵਕ ਭੌਰਾ[੯] ਉੱਪਰੋਂ[੨੦] ਭਾਵ ਬਾਹਰੋਂ ਚੁਣ[੧੦] ਲੈਂਦੇ ਹਨ ਗੁਣਾਂ ਨੂੰ। ਬਸੁ ਜਲ ਪੋਲੇ- ਬਸੁ ਜਲ ਨਿਤ[੮]. ਨ ਵਸਤ ਅਲੀ[੮] ਅਲ[੯]; ਮੇਰ[੨੦] ਚ ਚਾਗੁਨ[੧੦] ਰੇ॥) ਕਵੀਆਂ[੧੧]। ਨਿਉਂਦੀਆਂ[੨੧] ਹਨ। ਰਿਦੇ ਦਾ ਤਾਤਪਰਯ[੧੨] ਕੁ- ਮੁਦਨੀ ਨਿਵ- ਸਸਿ ਦੋਵੇਂ ਪੋਲੇ- ਚੰਦ ਕੁਮੁਦਨੀ[੧੧]. ਦੂਰਹੁ ਨਿਵਸਸਿ[੨੧]; ਅਨਭਉ[੧੨] ਕਾਰਨਿ ਰੇ॥) ਅੰਮ੍ਰਿਤ ਦੁੱਧ ਸਹਿਦ ਨਾਲ ਕੌੜਤੁੰਮੇ ਦੀ ਬੇਲ ਸਿੰਜੀ ਜਾਵੇ, ਉਸ ਨਾਲ਼ ਲੱਗਿਆ ਤੁੰਮਾ, ਚਾਤੁਰ ਹੋ ਕੇ ਕੁੜੱਤਣ ਨਹੀਂ ਛੱਡਦਾ। ਕੌੜਤੁੰਮੇ ਦੀ ਨਿਆਈਂ ਜੀਵ, ਚਾਤੁਰ ਹੋ ਕੇ ਔਗੁਣਾ ਵਿਕਾਰਾਂ ਦੀ ਕੁੜੱਤਣ ਨਹੀਂ ਛੱਡਦਾ। ਨਾਮੁ ਅੰਮ੍ਰਿਤ[੧੩]। ਭਗਤੀ[੧੪]। ਨਿਸ਼ਕਾਮ ਕਰਮ ਦੁੱਧ। ਪ੍ਰੇਮ ਸ਼ਹਿਦ[੧੬], ਮਧੁ ਪੋਲਾ-

Sri Satguru Jagjit Singh Ji eLibrary NamdhariElibrary@gmail.com

ਅੰਮ੍ਰਿਤ[੧੩] ਖੰਡੁ[੧੪], ਦੂਧਿ[੧੫] ਮਧੁ[੧੬] ਸੰਚਸਿ; ਤੂਬ. ਨ ਚਾਤੁਰ ਰੇ॥) ਸੰਤ ਦੋਖੀ ਰੂਪੀ ਚਿੱਚੜ[੧੮]- ਅਪਨਾ ਆਪੁ, ਤੂ ਕਬਹੁ ਨ ਛੋਡਸਿ; ਪਿਸਨ[੧੮] ਪ੍ਰੀਤਿ ਜਿਉ ਰੇ॥) ਜਿਉ ਥਣਿ ਚੰਬੜਿ ਚਿਚੜੀ; ਲੋਹੂ ਪੀਐ ਦੂਧੁ ਨਾ ਪੀਵੈ॥) ਪਾਪੀ. ਭਗਤਿ ਨ ਭਾਵਈ; ਹਰਿ ਜਸੁ. ਸੁਨਿਓ ਨ ਜਾਇ॥ ਮਾਖੀ. ਚੰਦਨ ਪਰਹਰੈ; ਜਹਿਂ ਦੁਰਗੰਧ ਤਹ ਜਾਇ॥ (ਮਹਾਤਮਾ ਰਜ਼ਬ)

ਕਬੀਰ. ਬੈਦੁ ਮੂਆ, ਰੋਗੀ ਮੂਆ; ਮੂਆ ਸਭੁ ਸੰਸਾਰੁ॥ ਏਕੁ ਕਬੀਰਾ. ਨਾ ਮੂਆ; ਜਿਹ ਨਾਹੀ ਰੋਵਨਹਾਰੁ॥੬੯॥ {ਇੰਡੀਆ ਪੁਲੀਸ ਵਾਲੇ, ਡਾਕਟ੍ਰ ਨਾਲ ਰਲ਼ ਕੇ, ਗ੍ਰੀਬ ਨੂੰ ਧੱਕੇ ਨਾਲ਼ ਚੁੱਕ ਕੇ, ਜ਼ਾਲਮ ਡਾਕਟ੍ਰ ਕੋਲ਼ੇ ਲਿਜਾ ਕੇ, ਉਸ ਦਾ ਗੁਰਦਾ ਕਢਾ ਕੇ ਵੇਚ ਦਿੰਦੇ ਹਨ, ਜ਼ਾਲਮ ਡਾਕਟ੍ਰ ਪੁਲੀਸ ਮਾਇਆ ਜ਼ਹਿਰ ਵੰਡ ਲੈਂਦੇ ਹਨ, ਐਸੇ ਜ਼ਾਲਮ ਮਾਇਆ ਨੂੰ ਰੋ ਰਹੇ ਡਾਕਟ੍ਰ ਬੈਦ, ਰੋਗੀ ਅਤੇ ਸਭ ਸੰਸਾਰ ਨੂੰ ਮੂਆ ਕਹਿ ਰਹੇ ਹਨ। ਜਿਹੜੇ ਗੁਰਮੁਖਿ ਬੈਦ ਪਰਉਪਕਾਰ ਕਰਦੇ ਹਨ, ਉਨ੍ਹਾਂ ਨੂੰ ਨਮਸਕਾਰ ਹੈ। ਯਥਾ:- ਮਹਲਾ ੨॥ ਨਾਨਕ. ਪਰਖੇ ਆਪ ਕਉ; ਤਾ ਪਾਰਖੁ ਜਾਣੁ॥ ਰੋਗੁ ਦਾਰੂ ਦੋਵੈ ਬੁਝੈ; ਤਾ ਵੈਦੁ ਸੁਜਾਣੁ॥} ਪਰਮਪੂਜਨੀਕ ਸ੍ਰਬ ਵਿਆਪੀ ਦੇ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਾਵੇਂ ਸ਼ਰੀਰ ਕਰਕੇ ਜਿਉਂਦਾ ਹੈ, ਪਰ ਹੰਕਾਰ ਵਿਕਾਰਾਂ ਪਦਾਰਥ ਧਨ ਦੌਲਤ ਲੱਬ ਲਾਲਚ 'ਚ ਰੋ ਰਿਹਾ ਬੈਦੁ, (ਮੂਆ)ਮਰਿਆ ਹੈ, ਕਿਉਂ ਜੋ ਵਾਹਿਗੁਰੂ ਜੀ ਦੀ ਪ੍ਰੀਤੀ ਬਿਨ, ਦੁਖੀ ਮਰੀਜ਼ ਤੋਂ ਲੋੜ ਤੋਂ ਵੱਧ ਫ਼ੀਸ ਲੈਂਦਾ ਹੈ। ਉਦਰ 'ਚ ਬੱਚੇ ਨੂੰ ਮਾਰ ਦਿੰਦਾ ਹੈ। ਇਸੇ ਤਰ੍ਹਾਂ ਵਾਹਿਗੁਰੂ ਜੀ ਦੀ ਪ੍ਰੀਤੀ ਬਿਨਾ, ਰੋਗੀ ਭੀ (ਮੂਆ)ਮਰਿਆ ਹੈ, ਅਤੇ ਸਭੁ ਸੰਸਾਰੁ ਹੀ (ਮੂਆ)ਮਰਿਆ ਹੈ, ਕਿਉਂ ਜੋ ਵਾਹਿਗੁਰੂ ਜੀ ਨੂੰ ਭੁੱਲ ਕੇ, ਵੈਰ ਵਿਰੋਧ ਮਮਤਾ ਕ੍ਰੋਧ ਨਿੰਦਾ ਕਤਲ ਕੁਕਰਮ ਕਰ ਰਿਹਾ ਹੈ। ਯਥਾ:- ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਗਿਆਨੀ ਧਨਵੰਤ॥ ਮਿਰਤਕ ਕਹੀਅਹਿ. ਨਾਨਕਾ; ਜਿਹ. ਪ੍ਰੀਤਿ ਨਹੀ ਭਗਵੰਤ॥) ਆਖਾ ਜੀਵਾ; ਵਿਸਰੈ ਮਰਿ ਜਾਉ॥) ਮਰਣੰ; ਬਿਸਰਣੰ ਗੋਬਿੰਦਹ॥ ਜੀਵਣੰ; ਹਰਿ ਨਾਮ ਧ੍ਯਾਵਣਹ॥) ਅਸੰਖ ਮੂਰਖ; ਅੰਧ ਘੋਰ॥ ਅਸੰਖ ਚੋਰ; ਹਰਾਮਖੋਰ॥ ਅਸੰਖ ਅਮਰ; ਕਰਿ ਜਾਹਿ ਜੋਰ॥ ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ; ਕੂੜੇ ਫਿਰਾਹਿ॥ ਅਸੰਖ ਮਲੇਛ; ਮਲੁ ਭਖਿ ਖਾਹਿ॥ ਅਸੰਖ ਨਿੰਦਕ; ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥ ਜੋ ਤੁਧੁ ਭਾਵੈ; ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ; ਨਿਰੰਕਾਰ॥੧੮॥

ਏਕੁ ਕਬੀਰਾ. ਨਾ ਮੂਆ; ਜਿਹ ਨਾਹੀ ਰੋਵਨਹਾਰੁ॥੬੯॥ {ਸਲੋਕ ੨੨ ਮਰਨ ਬਾਰੇ ਨਿਰਨਾ ਪੜ੍ਹੋ} ਏਕੁ (ਕਬੀਰਾ)ਬ੍ਰਹਮ ਅਤੇ ਬ੍ਰਹਮਗਿਆਨੀ ਜੀ (ਨਾ)ਨਹੀਂ (ਮੂਆ)ਮਰੇ (ਜਿਹ)ਜਿਨ੍ਹਾਂ ਦਾ ਮਨ ਇੰਦ੍ਰੇ, ਧਨ ਵਿਕਾਰ ਔਗੁਣਾਂ ਨੂੰ (ਰੋਵਨਹਾਰੁ)ਰੋਵਣ ਵਾਲੇ ਨਾਹੀ ਹਨ, ਭਾਵ ਮਿਟਿ ਗਏ ਬੈਰ; ਭਏ ਸਭ ਰੇਨ॥ ਅੰਮ੍ਰਿਤ ਨਾਮੁ; ਸਾਧਸੰਗਿ ਲੈਨ॥) ਬ੍ਰਹਮਗਿਆਨੀ ਸਗਲ ਕੀ ਰੀਨਾ॥ ਅਨੁਸਾਰ ਸਭ ਦੀ ਧੂੜ ਬਣ ਕੇ, ਵੈਰ ਔਗੁਣ ਤਿਆਗ ਕੇ ਗ੍ਰੀਬੀ ਸਹਿਤ ਉਮਾਹ ਨਾਲ ਪਰਉਪਕਾਰ ਹੀ ਪਰਉਪਕਾਰ ਕਰਦੇ ਹਨ॥੬੯॥ ਯਥਾ:- ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ ਸਦ ਜੀਵੈ; ਨਹੀ ਮਰਤਾ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥) ਗਉੜੀ ਕਬੀਰ ਜੀ॥ ਜਿਹ ਮਰਨੈ; ਸਭੁ ਜਗਤੁ ਤਰਾਸਿਆ॥ ਸੋ ਮਰਨਾ; ਗੁਰ ਸਬਦਿ ਪ੍ਰਗਾਸਿਆ॥੧॥ ਅਬ ਕੈਸੇ ਮਰਉ; ਮਰਨਿ ਮਨੁ ਮਾਨਿਆ॥ ਮਰਿ ਮਰਿ ਜਾਤੇ; ਜਿਨ ਰਾਮੁ ਨ ਜਾਨਿਆ॥੧॥ ਰਹਾਉ॥ ਮਰਨੋ ਮਰਨੁ; ਕਹੈ ਸਭੁ ਕੋਈ॥ ਸਹਜੇ ਮਰੈ; ਅਮਰੁ ਹੋਇ ਸੋਈ॥੨॥) ਕਹਿ ਕਬੀਰ; ਹਮਰਾ ਗੋਬਿੰਦੁ॥ ਚਉਥੇ ਪਦ ਮਹਿ; ਜਨ ਕੀ ਜਿੰਦੁ॥ ਕਹੁ ਨਾਨਕ; ਗੁਰਿ ਬ੍ਰਹਮੁ ਦਿਖਾਇਆ॥ ਮਰਤਾ ਜਾਤਾ; ਨਦਰਿ ਨ ਆਇਆ॥) ਮਰਣੈ ਕੀ ਚਿੰਤਾ ਨਹੀ; ਜੀਵਣ ਕੀ ਨਹੀ ਆਸ॥)

Sri Satguru Jagjit Singh Ji eLibrary NamdhariElibrary@gmail.com

ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ ਹਰਿ ਧਿਆਇਆ॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥

ਕਬੀਰ. ਰਾਮੁ, ਨ ਧਿਆਇਓ; ਮੋਟੀ ਲਾਗੀ ਖੋਰਿ॥ ਕਾਇਆ ਹਾਂਡੀ ਕਾਠ ਕੀ; ਨਾ ਓਹੁ ਚਰ੍ਹੈ ਬਹੋਰਿ॥੭੦॥ {ਜਿਵੇਂ ਹੱਡੀ ਅੰਦਰ ਕੀੜੇ ਲੱਗ ਕੇ ਖੋੜ ਕਰ ਦਿੰਦੇ ਹਨ, ਤਿਵੇਂ ਇਸ ਦੇਹ ਨੂੰ ਤੰਬਾਕੂ ਡਰੱਗ ਜੂਆ ਚੋਰੀ ਯਾਰੀ ਮੰਦ ਕਰਮ ਵਿਕਾਰੀ ਗਾਣੇ ਸੁਨਣੇ, ਜੀਆਂ ਨੂੰ ਕੋਹਣਾ ਮਾਰਨਾ ਅਤੇ ਕੈਂਸਰ ਏਡਜ਼ ਆਦਿ ਬਿਮਾਰੀਆਂ ਦੀ ਖੋੜ ਲੱਗੀ ਹੈ} ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਰਾਮੁ)ਸਰਬ ਕਲਾ ਭਰਪੂਰ ਪ੍ਰਭ;) ਵਾਹਿਗੁਰੂ ਜੀ ਨੂੰ ਧਿਆਤਾ ਧਿਆਨ ਧੇ ਦੀ ਤ੍ਰਿਕੁਟੀ ਮੇਟ ਕੇ, ਸੱਚੇ ਸ੍ਰਬ ਵਿਆਪੀ ਜਾਣ ਕੇ (ਨ)ਨਹੀਂ (ਧਿਆਇਓ)ਧਿਆਇਆ, ਇਸ ਨੂੰ ਕਾਮ ਕ੍ਰੋਧ ਲੋਭ ਮੋਹ ਪਰ ਨਿੰਦਾ, ਪਰ ਇਸਤ੍ਰੀ ਗਮਨ, ਜੂਆ ਕਤਲ ਚੋਰੀ ਡਾਕੇ ਸਿਗ੍ਰਟ ਤਮਾਕੂ ਨਸ਼ੇ ਦੀ (ਮੋਟੀ)ਬੜੀ ਭਾਰੀ (ਖੋਰਿ)ਬਦੀ, ਬਰਬਾਦੀ, ਖੋੜ ਲਾਗੀ ਹੈ, ਜੋ ਇਸ ਨੂੰ (ਖੋਰਿ)ਨਾਸ ਕਰ ਰਹੀ ਹੈ, ਕਿਉਂ ਜੋ ਵਾਹਿਗੁਰੂ ਜੀ ਦੇ ਨਾਮ ਨੂੰ ਚੇਤੇ ਨਹੀਂ ਕਰਦਾ।

ਕਾਇਆ ਹਾਂਡੀ ਕਾਠ ਕੀ; ਨਾ ਓਹੁ ਚਰ੍ਹੈ ਬਹੋਰਿ॥੭੦॥ ਜਿਵੇਂ (ਕਾਠ)ਲੱਕੜ (ਕੀ)ਦੀ (ਹਾਂਡੀ)ਤੌੜੀ ਅੱਗ 'ਤੇ ਇੱਕ ਵਾਰੀ ਚੜ੍ ਜਾਵੇ ਓਹ (ਬਹੋਰਿ)ਦੁਬਾਰਾ (ਨਾ)ਨਹੀਂ (ਚਰ੍ਹੈ)ਚੜ੍ ਸਕਦੀ, ਸੜ ਜਾਂਦੀ ਹੈ। ਤਿਵੇਂ (ਕਾਇਆ)ਦੇਹ ਰੂਪੀ ਕਾਠ ਦੀ ਹਾਂਡੀ, ਜਦੋਂ ਸਮੂਹ ਔਗੁਣਾਂ ਬਦੀ ਰੂਪੀ ਅਗਨ 'ਚ ਸੜ ਗਈ ਫਿਰ ਇਹ ਸੁਆਹ ਹੋ ਜਾਵੇਗੀ, ਓਹ (ਬਹੋਰਿ)ਦੁਬਾਰਾ ਨਹੀਂ ਚੜ੍ ਸਕੇਗੀ। ਇਸ ਨੂੰ ਬਦੀ ਰੂਪੀ ਅਗਨੀ ਸਾੜ ਰਹੀ ਹੈ, ਇਸ ਤੋਂ ਬਚਣ ਲਈ ਗੁਰੂ ਪ੍ਰਮੇਸਰ ਜੀ ਦੀ, ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸੱਚੀ ਸ਼ਰਨ ਹੈ॥੭੦॥ ਚੌਰਾਸੀ ਲੱਖ ਜੂਨ ਭੋਗ ਕੇ, ਮਨੁੱਖਾ ਜਨਮ ਮਿਲਦਾ ਹੈ, ਇਸ ਲਈ ਮਾਨਸ ਜਨਮੁ ਦਾ ਪ੍ਰਾਪਤ ਹੋਣਾ ਬੜਾ ਹੀ ਕਠਨ ਹੈ, ਕਿਉਂ ਜੋ, ਕਾਠ ਦੀ ਤੌੜੀ ਦੇ ਅੱਗ 'ਤੇ ਚੜ੍ਨ ਵਾਂਗ ਮਨੁੱਖਾ ਜਨਮ ਮੁੜ ੨ ਕੇ ਪ੍ਰਾਪਤ ਨਹੀਂ ਹੁੰਦਾ। ਜਿਵੇਂ ਜੰਗਲ 'ਚ, ਬ੍ਰਿਛ ਦੀ ਟਾਹਣੀ ਨਾਲ ਲੱਗੇ ਫਲ ਪੱਕ ਕੇ, ਧਰਤੀ 'ਤੇ ਡਿੱਗ ਪੈਂਦੇ ਹਨ, ਮੁੜ ਕੇ ਟਾਹਣੀ ਨਾਲ, ਨਹੀਂ ਲੱਗਦੇ। ਜਿਵੇਂ ਉੱਡਿਆ ਕਪੂਰ ਹੱਥ ਨਹੀਂ ਆਉਂਦਾ, ਸਮੁੰਦ੍ 'ਚ ਸੁੱਟੀ ਮਿਸਰੀ ਹੱਥ ਨਹੀਂ ਆਉਂਦੀ, ਕੇਲੇ ਨੂੰ ਕੇਵਲ ਇੱਕ ਵਾਰੀ ਫ਼ੁੱਲ ਫ਼ਲ ਲੱਗਦਾ ਹੈ। ਯਥਾ:- ਕਬੀਰ. ਮਾਨਸ ਜਨਮੁ ਦੁਲੰਭੁ ਹੈ; ਹੋਇ ਨ ਬਾਰੈ ਬਾਰ॥ ਜਿਉ. ਬਨ ਫਲ ਪਾਕੇ, ਭੁਇ ਗਿਰਹਿ; ਬਹੁਰਿ. ਨ ਲਾਗਹਿ ਡਾਰ॥) ਮਾਨਸ ਦੇਹ. ਬਹੁਰਿ ਨਹ ਪਾਵੈ; ਕਛੂ ਉਪਾਉ. ਮੁਕਤਿ ਕਾ ਕਰੁ ਰੇ॥ ਨਾਨਕ ਕਹਤ. ਗਾਇ ਕਰੁਨਾਮੈ; ਭਵ ਸਾਗਰ ਕੈ ਪਾਰਿ ਉਤਰੁ ਰੇ॥) ਲਖ ਚਉਰਾਸੀਹ ਭ੍ਰਮਤੇ ਭ੍ਰਮਤੇ; ਦੁਲਭ ਜਨਮੁ ਅਬ ਪਾਇਓ॥੧॥ ਰੇ ਮੂੜੇ; ਤੂ ਹੋਛੈ ਰਸਿ ਲਪਟਾਇਓ॥ ਅੰਮ੍ਰਿਤੁ ਸੰਗਿ ਬਸਤੁ ਹੈ ਤੇਰੈ; ਬਿਖਿਆ ਸਿਉ ਉਰਝਾਇਓ॥ ਮਨੁੱਖਾ ਜਨਮ ਨੂੰ ਪ੍ਰਾਪਤ ਹੋ ਕੇ, ਸੁਆਸ ੨ ਨਾਮ ਜਪ ਕੇ ਨਿਸ਼ਕਾਮ ਸੇਵਾ ਗੁਰੂ ਬੰਦਗੀ ਭਗਤੀ ਕਰਕੇ ਇਸ ਨੂੰ ਸਫ਼ਲਾ ਕਰਨਾ ਹੈ।

ਕਬੀਰ. ਐਸੀ ਹੋਇ ਪਰੀ; ਮਨ ਕੋ ਭਾਵਤੁ ਕੀਨੁ॥ ਮਰਨੇ ਤੇ ਕਿਆ ਡਰਪਨਾ; ਜਬ ਹਾਥਿ ਸਿਧਉਰਾ ਲੀਨ॥੭੧॥ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਾਹਿਗੁਰੂ ਧੰਨ ਸਤਿਗੁਰੂ ਮਹੱਲੇ ਦਸਵੇਂ ਜੀ ਨੂੰ, ਸ੍ਰੀ ਅਨੰਦਪੁਰ ਸਾਹਿਬ ਜੀ ਦਾ, ਜਦੋਂ ਔਰੰਗੇ ਦੇ ਹੁਕਮ ਨਾਲ, ਸਰਹੰਦੀ ਸੂਬੇ ਹੰਕਾਰੀ ਵਜ਼ੀਦੇ, ਲਹੌਰੀ ਸੂਬੇ ਜ਼ਬਰਦਸਤ ਖਾਂ ਅਤੇ ਬਾਈਧਾਰ ਪਹਾੜੀਆਂ ਆਦਿ ਨੇ ਰਲ਼ ਕੇ ਘੇਰਾ ਪਾਇਆ। ਸਾਢੇ ਸੱਤ ਮਹੀਨੇ ਘੇਰਾ ਰਿਹਾ, ਬਾਹਰ ਦੇਸ਼ 'ਚ ਖ਼ਬਰਾਂ ਆਉਂਦੀਆਂ, ਗੁਰੂ ਪਿਆਰੇ ਅਣਖੀਲੇ ਸੂਰਬੀਰ ਬਹਾਦਰ ਮਿਲ ਕੇ ਮਤਾ

Sri Satguru Jagjit Singh Ji eLibrary NamdhariElibrary@gmail.com

ਕਰਦੇ,“ਆਪਾਂ ਜਿਵੇਂ ਕਿਵੇਂ ਮਹਾਰਾਜ ਸਾਹਿਬ ਜੀ ਦੇ ਚਰਨ- ਕਮਲਾਂ ’ਚ ਪਹੁੰਚ ਕੇ, ਆਪਣੇ ਸਿਰ ਕੁਰਬਾਨ ਕਰੀਏ”। ਰਸਤੇ ’ਚ ਜਾਣ ਸਮੇਂ ਬਹੁਤ ਰੁਕਾਵਟਾਂ ਸਨ। ਦਰਿਆਵਾਂ ਦੇ ਘਾਟਾਂ ਅਤੇ ਰਸਤਿਆਂ ’ਚ ਥਾਂ ੨ ’ਤੇ, ਤੁਰਕਾਂ ਦੀਆਂ ਚੌਕੀਆਂ ਬੈਠੀਆਂ ਸਨ। ਗੁਰੂ ਪਿਆਰੇ ਜੀ, ਝਖੜੁ ਝਾਗੀ. ਮੀਹੁ ਵਰਸੈ; ਭੀ. ਗੁਰੁ ਦੇਖਣ ਜਾਈ॥੧੩॥ ਸਮੁੰਦੁ ਸਾਗਰੁ. ਹੋਵੈ ਬਹੁ ਖਾਰਾ; ਗੁਰਸਿਖੁ ਲੰਘਿ. ਗੁਰ ਪਹਿ ਜਾਈ॥੧੪॥ ਗੁਰੂ ਪਿਆਰੇ ਜੀ ਭੇਸ ਬਦਲ ਕੇ ਬੜੇ ਹੀ ਗੁਪਤ ਢੰਗ ਨਾਲ, ਕਬੀਰ. ਚਤੁਰਾਈ ਅਤਿ ਘਨੀ; ਹਰਿ ਜਪਿ ਹਿਰਦੈ ਮਾਹਿ॥ ਅਨੁਸਾਰ ਗੁਰੂ ਸਾਹਿਬ ਜੀ ਦੇ ਚਰਨ- ਕਮਲਾਂ ਦੇ ਧਿਆਨ ’ਚ, ਸ਼੍ਰੀ ਅਨੰਦਗੜ੍ ਕਿਲੇ ’ਚ ਪਹੁੰਚਦੇ। ਮਹਾਰਾਜ ਸਾਹਿਬ ਜੀ ਦੇ ਚਰਨ- ਕਮਲਾਂ ’ਤੇ ਮੱਥਾ ਰੱਖ ਕੇ, ਪ੍ਰੇਮ ਬੇਨਤੀ ਕਰਦੇ “ਹੇ ਮਹਾਰਾਜ ਸਾਹਿਬ ਜੀ! ਸੀਸ ਆਪ ਜੀ ਦੇ ਹੀ ਹਨ। ਅਨਤ ਕਲਾਵਾਨ ਕ੍ਰਿਪਾ ਕਰਕੇ, ਦਾਸਨ ਦਾਸਾਂ ਨੂੰ ਨਿਰਭੈਤਾ ਇਕਾਗ੍ਰਤਾ, ਅਪਣੇ ਸੱਚੇ ਚਰਨ- ਕਮਲਾਂ ਦਾ ਧਿਆਨ ਪ੍ਰੇਮ ਬਖ਼ਸ਼ੋ ਜੀ। ਜਿਸ ਕਰਕੇ ਆਪ ਜੀ ਤੋਂ ਕੁਰਬਾਨ ਹੋਈਏ। ” ਚਰਨ- ਕਮਲਾਂ ’ਚ ਆਪਣੇ ਸੀਸ ਅਰਪਣ ਕਰਦੇ। ਸਿਰ ਅਰਪਣ ਵਾਲੇ ਮਹਾਂਪੁਰਸ਼, ਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ ’ਚ, ਸ਼ਸ਼ਤ੍ਰ ਅਭਿਆਸ ਕਰਦੇ, ਮਹਾਰਾਜ ਸਾਹਿਬ ਜੀ ਖ਼ੁਰਾਕ ਬਖ਼ਸ਼ਦੇ। ਬਦਾਮ ਦੁੱਧ ਚੰਗੀ ਖ਼ੁਰਾਕ ਛਕਦੇ। ਕੀਰਤਨ ਕਥਾ ਢਾਡੀ ਵਾਰਾਂ ਸੁਣਦੇ। ਦੋ ਵੇਲੇ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਕਰਕੇ, ਮਨ ਸ੍ਰੀਰ ਦਿਲ ਦਿਮਾਗ਼ ਦਿਨੋ ਦਿਨ ਇਕਾਗ੍ਰ ਮਹਾਂ ਬਲਵਾਨ ਹੋ ਜਾਂਦੇ। ਜਦੋਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਗੁਰਤਾ ਸਿੰਘਾਸਣ ਤੇ ਸਜਦੇ, ਮਹਾਰਾਜ ਸਾਹਿਬ ਜੀ ਦੇ ਮਹਾਂ ਵਿਸਮਾਦ ਮਹਾਂ ਸੁੰਦਰ ਦਰਸ਼ਨ ਕਰਕੇ ਇਕਾਗ੍ਰ ਹੋ ਜਾਂਦੇ। ਦਿਲ ’ਚ ਵਿਸਮਾਦ ਇਕਾਗ੍ਰਤਾ ਆਉਂਦੀ ਕਿ ਸਤਿਗੁਰਾਂ ਨੇ ਪਹਿਲੇ ਜਾਮੇਂ ਅੰਦਰ ਪਰਬਤ ਨੂੰ ਪੰਜਾ ਲਾਇਆ, ਤਪਦੇ ਕੜਾਹੇ ਠਾਰੇ, ਪੰਜਵੇਂ ਜਾਮੇਂ ਅੰਦਰ ਉੱਬਲਦੀ ਦੇਗ਼ ’ਚ ਬੈਠੇ, ਤੱਤੀ ਤਵੀ ਤੇ ਖੜ੍ਹੇ, ਨੌਵੇਂ ਜਾਮੇ ਅੰਦਰ ਸੀਸ ਕੁਰਬਾਨ ਕੀਤਾ, ਆਪ ਜੀ ਹੁਣ ਦਸਵੇਂ ਜਾਮੇਂ ਅੰਦਰ, ਜ਼ੁਲਮ ਦੇ ਨਾਸ਼, ਧਰਮ ਦੇ ਪ੍ਰਕਾਸ਼ ਲਈ, ਗੁਰਬਾਣੀ ਜੀ ਨੂੰ ਜੁੱਗੋ ਜੁੱਗ ਅਟੱਲ ਰੱਖਣ ਲਈ, ਧਰਮ ਯੁੱਧ ਲੜ ਰਹੇ ਹਨ। ਜਦੋਂ ਮਹਾਰਾਜ ਸਾਹਿਬ ਜੀ ਆਪ ਸ਼ਸ਼ਤ੍ਰ ਅਭਿਆਸ ਕਰਦੇ ਤੇ ਕਰਾਉਂਦੇ, ਦੁਸਮਣ ’ਤੇ ਵਾਰ ਕਰਨ ’ਤੇ ਵਾਰ ਰੋਕਣ ਦਾ ਢੰਗ ਦੱਸਦੇ, ਆਪ ਪੈਂਤੜੇ ਕੱਢਦੇ ਸ਼ਸ਼ਤ੍ਰ ਅਭਿਆਸ ਕਰਦੇ, ਉਦੋਂ ਸਿੰਘਾਂ ਦੀ ਵਿਸਮਾਦ ਅਵਸਥਾ ਹੋ ਜਾਂਦੀ। ਜੀਅ ਪ੍ਰਾਨ ਮਾਨ ਸੁਖਦਾਤਾ; ਅੰਤਰਜਾਮੀ ਮਨ ਕੋ ਭਾਵਨ॥ ਜੀ ਨੂੰ ਗੁਰਤਾ ਸਿੰਘਾਸਣ ’ਤੇ ਬੈਠਿਆਂ ਦੇ ਦਰਸ਼ਨ ਕਰਕੇ ਅਤੇ ਕਾਹੂੰ ਜੰਗ ਕੇ ਰੰਗ ਪੇਖੇ॥ ਅਨੁਸਾਰ ਮਹਾਰਾਜ ਜੀ ਦੇ ਜੰਗੀ ਜੌਹਰ ਦੇਖ ਕੇ, ਸ੍ਰੀ ਕਬੀਰ ਸਾਹਿਬ ਜੀ ਦੇ ਕਹੇ ਅਨੁਸਾਰ ਗੁਰਮੁਖਾਂ ਦੀ ਐਸੀ ਨਿਰਭੈਤਾ ਵਾਲੀ ਅਵਸਥਾ (ਹੋਇ)ਹੋ (ਪਰੀ)ਗਈ ਕਿ, ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਮਨ (ਕੋ)ਨੂੰ (ਭਾਵਤੁ)ਭਾਉਣ ਵਾਲੀ ਕੁਰਬਾਨੀ (ਕੀਨੁ)ਕੀਤੀ ਹੈ, ਕਰ ਰਹੇ ਹਨ। ਉੱਬਲਦੀ ਦੇਗ਼ ’ਚ ਬੈਠਣਾ ਸੀਸ ਕੁਰਬਾਨ ਕਰਨੇ ਸ੍ਰਬੰਸ ਕੁਰਬਾਨ ਕਰਨੇ, ਕੋਈ ਛੋਟੀ ਜਿਹੀ ਗੱਲ ਨਹੀਂ। ਇਹ ਮਨ ਭਾਉਂਦੀ ਹੋ ਗਈ, ਕਿ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਕਰਕੇ, ਇਕਾਗ੍ਰਤਾ ਬਣ ਗਈ। ਮਨ ਭਾਉਂਦੀ ਇਹ ਭੀ ਸੀ ਕਿ ਘਰਾਂ ਤੋਂ ਫ਼ੁਰਨਾ ਕਰਕੇ ਤੁਰੇ ਸਨ, ਕਿ ਮਹਾਰਾਜ ਸਾਹਿਬ ਜੀ ਰਸਤੇ ’ਚ ਵਿਘਨ ਤੋਂ ਬਚਾਉਣ, ਮਹਾਰਾਜ ਸਾਹਿਬ ਲਈ ਸੀਸ ਕੁਰਬਾਨ ਕਰੀਏ, ਉਹ ਭੀ ਮਨ ਭਾਉਂਦੀ ਹੋ ਗਈ।

ਮਰਨੇ ਤੇ ਕਿਆ ਡਰਪਨਾ; ਜਬ ਹਾਥਿ ਸਿਧਉਰਾ ਲੀਨ॥੭੧॥੧. ਸਾਹਮਣੇ ਦੁਸ਼ਮਣਾਂ ਦੀ ਫ਼ੌਜ ਜੰਗ ਲਈ ਤਿਆਰ ਬਰ ਤਿਆਰ ਖੜ੍ਹੀ ਹੈ। ਸ਼ਹੀਦੀ ਦੇਣ ਪਹਿਲਾਂ, ਅਪਨੇ ਰੋਮਿ ਰੋਮਿ ’ਚ ਬੀਰ- ਰਸ ਭਰਨ ਲਈ, ਇਹ ਅਭਿਆਸ ਕਰਦੇ:- ਕਬੀਰ. ਐਸੀ ਹੋਇ ਪਰੀ; ਮਨ ਕੋ ਭਾਵਤੁ ਕੀਨੁ॥ ਮਰਨੇ ਤੇ ਕਿਆ ਡਰਪਨਾ; ਜਬ ਹਾਥਿ ਸਿਧਉਰਾ ਲੀਨ॥੭੧॥ ਹੁਣ (ਮਰਨੇ)ਮਰਨ (ਤੇ)ਤੋਂ (ਕਿਆ)ਕੀ (ਡਰਪਨਾ)ਡਰਨਾ ਹੈ? (ਜਬ)ਜਦੋਂ

Sri Satguru Jagjit Singh Ji eLibrary NamdhariElibrary@gmail.com

ਧਰਮ- ਹਿਤ ਜੂਝਣ ਲਈ,ਅਪਣੇ ਹਾਥਿ 'ਚ (ਸਿਧਉਰਾ)ਖੰਡਾ (ਲੀਨ)ਪਕੜ ਲਿਆ। ਮਹਾਰਾਜ ਸਾਹਿਬ ਜੀ, ਉੱਚੀ ਪਹਾੜੀ 'ਤੇ ਖੜ੍ ਕੇ, ਸੂਰਵੀਰ ਬਹਾਦਰ ਅਪਣੇ ਜ਼ਿੰਦ ਜਾਨ ਸਿੰਘਾਂ ਦੇ ਜੌਹਰ ਦੇਖਦੇ। ਸਿੰਘ ਬੜੀ ਬਹਾਦਰੀ ਨਾਲ ਦੁਸ਼ਮਣ 'ਚ ਜਾ ਕੇ ਤਰਥੱਲੀ ਮਚਾ ਦਿੰਦੇ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ, ਇਨ੍ਹਾਂ ਹੁਕਮਾ ਨੂੰ ਕਮਾਉਂਦਿਆ ਸ਼ਹੀਦੀਆਂ ਪਾਉਂਦੇ।

ਮਰਨੇ ਤੇ ਕਿਆ ਡਰਪਨਾ; ਜਬ ਹਾਥਿ ਸਿਧਉਰਾ ਲੀਨ॥੭੧॥੨. ਜੀਵਤ ਭਾਵ ਤੋਂ (ਮਰਨੇ)ਮਰਨ (ਤੇ)ਤੋਂ, (ਕਿਆ)ਕੀ (ਡਰਪਨਾ)ਡਰਨਾ ਹੈ? (ਜਬ)ਜਦੋਂ ਹੱਥ 'ਚ ਗਿਆਨ ਰੂਪੀ (ਸਿਧਉਰਾ)ਖੰਡਾ (ਲੀਨ)ਫੜ ਲਿਆ। ਯਥਾ:- ਵਾਹਿਗੁਰੂ॥ ਰਣ ਮੇਂ ਜਾਇ; ਨ ਕਬਹੂੰ ਭਾਜੈ॥ ਦ੍ਰਿੜ੍ ਕਰਿ; ਛਤ੍ਰੀ ਧਰਮ ਸੋ ਗਾਜੈ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥੧॥ ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ ਨ ਛਾਡੈ ਖੇਤੁ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਵਾਹਿਗੁਰੂ॥ ਕਬੀਰ.ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ.ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥) ਵਾਹਿਗੁਰੂ॥ ਕਬੀਰ.ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਵਾਹਿਗੁਰੂ॥ ਮਨ ਰੇ ਛਾਡਹੁ ਭਰਮੁ, ਪ੍ਰਗਟ ਹੋਇ ਨਾਚਹੁ; ਇਆ ਮਾਇਆ ਕੇ ਡਾਂਡੇ॥ ਸੂਰੁ ਕਿ ਸਨਮੁਖ ਰਨ ਤੇ ਡਰਪੈ; ਸਤੀ ਕਿ ਸਾਂਚੈ ਭਾਂਡੇ॥੧॥ ਡਗਮਗ ਛਾਡਿ; ਰੇ ਮਨ ਬਉਰਾ॥ ਅਬ ਤਉ ਜਰੇ ਮਰੇ ਸਿਧਿ ਪਾਈਐ; ਲੀਨੋ ਹਾਥਿ ਸੰਧਉਰਾ॥੧॥ (੩੩੮) ਵਾਹਿਗੁਰੂ॥ ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥ ਵਾਹਿਗੁਰੂ॥ ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਵਾਹਿਗੁਰੂ॥ ਭੈ ਕਾਹੂ ਕਉ.ਦੇਤ ਨਹਿ; ਨਹਿ ਭੈ ਮਾਨਤ ਆਨਿ॥ ਕਹੁ ਨਾਨਕ.ਸੁਨਿ ਰੇ ਮਨਾ; ਗਿਆਨੀ ਤਾਹਿ ਬਖਾਨਿ॥੧੬॥) ਵਾਹਿਗੁਰੂ॥ ਕਬੀਰ.ਜਿਸੁ ਮਰਨੇ ਤੇ ਜਗੁ ਡਰੈ; ਮੇਰੇ ਮਨ ਆਨੰਦੁ॥ ਮਰਨੇ ਹੀ ਤੇ ਪਾਈਐ; ਪੂਰਨੁ ਪਰਮਾਨੰਦੁ॥੨੨॥ ਵਾਹਿਗੁਰੂ॥ ਜੇ ਜੀਵੈ.ਪਤਿ ਲਥੀ ਜਾਇ॥ ਸਭੁ ਹਰਾਮੁ.ਜੇਤਾ ਕਿਛੁ ਖਾਇ॥ ਵਾਹਿਗੁਰੂ॥ ਕੋਊ ਕਿਸੀ ਕੋ ਰਾਜ ਨ ਦੈ ਹੈ॥ ਜੋ ਲੈ ਹੈ ਨਿਜ ਬਲ ਸੇ ਲੈ ਹੈ॥ ਵਾਹਿਗੁਰੂ॥ ਸ਼ਸ਼ਤ੍ਰਨ ਕੇ ਅਧੀਨ ਹੈ ਰਾਜ॥ ਸੋ ਪ੍ਰੇਮ ਬੇਨਤੀ ਹੈ ਕਿ ਜਿਹੜਾ ਸਿਧਉਰਾ ਸਤੀ ਆਪਣੇ ਹੱਥ 'ਚ ਲੈਂਦੀ ਹੈ, ਇੱਥੇ ਉਸ ਸਿਧਉਰੇ ਦਾ ਅਰਥ ਨਹੀਂ। ਕਿਉਂਕਿ ਮਹਾਰਾਜ ਸਾਹਿਬ ਜੀ ਨੇ ਸਤੀ ਦੀ ਮਰਯਾਦਾ ਬੰਦ ਕੀਤੀ ਹੈ, ਜੋ ਹਿੱਕ ਧੱਕਾ ਨਿਰਾ ਹੀ ਜ਼ੋਰ ਜ਼ੁਲਮ ਹੈ, ਜੇ ਅਸੀਂ ਸਤੀ ਵਾਲੇ ਪੱਖ ਲਈਏ ਕਿ ਸਤੀ ਕਹਿੰਦੀ ਮਰਨੋਂ ਕਿਉਂ ਡਰਨਾ, ਇਹ ਗੁਰਮਤਿ ਦੇ ਬਿਲਕੁਲ ਉਲਟ ਹੈ। ਬ੍ਰਹਮ ਸਮਾਜ ਦੇ ਬਾਨੀ, ਪੂਰਨ ਧਰਮੀ ਨੇਕ ਸਾਊ ਰਾਜੇ ਰਾਮ ਮੋਹਨ ਰਾਇ ਜੀ ਦੀ, ਪ੍ਰੇਮ ਬੇਨਤੀ ਪਰਵਾਨ ਕਰਕੇ, ਵੱਡਭਾਗੇ ਲਾਰਡ ਬੈਨਟਿੰਕ ਜੀ ਨੇ, ੭ ਦਸੰਬਰ ੧੮੨੯ ਈ: ਨੂੰ, ਸਤੀ ਹੋਣ ਵਿਰੁੱਧ, ਸਖ਼ਤ ਕਾਨੂਨ ਜਾਰੀ ਕੀਤਾ। ਪੰਜਾਬ, ਰਾਜਪੂਤਾਨੇ 'ਚ ਸਤੀ ਹੋਣ ਦੀ ਬੰਦੀ, ਈਸਵੀ ੧੮੪੭ 'ਚ ਹੋਈ।

ਕਬੀਰ. ਰਸ ਕੋ ਗਾਂਡੋ ਚੂਸੀਐ; ਗੁਨ ਕਉ. ਮਰੀਐ ਰੋਇ॥ ਅਵਗੁਨੀਆਰੇ ਮਾਨਸੈ; ਭਲੋ. ਨ ਕਹਿਹੈ ਕੋਇ॥੭੨॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸਦਾ ਗੁਰਤਾ ਬਿਰਾਜਮਾਨ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪਣੇ ਗੁਰਸੇਵਕ ਜੀ ਤੋਂ ਆਪ ਹੀ ਵਾਹਿਗੁਰੂ ਵਾਹਿਗੁਰੂ ਕਹਾਉਂਦੇ ਹਨ, ਆਪ ਹੀ, ਗੁਰਸੇਵਕ ਜੀ ਦੇ ਦਿਲ ਦਿਮਾਗ ਸੁਰਤੀ ਬਿਰਤੀ 'ਚ ਗੁਰਬਾਣੀ ਜੀ ਅਤੇ ਦਿਲ 'ਚੋਂ ਅੰਮ੍ਰਿਤ ਬ੍ਰਹਮਾਨੰਦ ਰਸ, ਮੁਖ 'ਚ ਭੇਜਦੇ ਹਨ। ਪਰਮ- ਪ੍ਰਸੰਨ ਹੋ ਕੇ ਗੁਰਸ਼ਬਦ ਬੇਅੰਤ ਸ਼ੁਭ ਗੁਣ

Sri Satguru Jagjit Singh Ji eLibrary NamdhariElibrary@gmail.com

ਬਖ਼ਸ਼ਕੇ, ਗੁਰਸੇਵਕ ਜੀ ਦੇ ਲੂੰ ੨ 'ਚ ਵਸ ਜਾਂਦੇ ਹਨ। ਸੋ ਗੁਰਤਾ ਬਿਰਾਜਮਾਨ ਵਾਹਿਗੁਰੂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦੁਆਰਾ, ਆਪਣੇ ਦਿਲ ਦਿਮਾਗ਼ ਸੁਰਤੀ ਬ੍ਰਿਤੀ 'ਚ, ਗੁਰਬਾਣੀ ਨੂੰ ਪ੍ਰਾਪਤ ਕਰਦਿਆਂ, ਗੁਰੂ ਜੀ ਨੂੰ ਰੋਮ ੨ ਕਰਕੇ ਨਮਸਕਾਰਦਿਆਂ, ਚਰਨ- ਕਮਲ ਚੱਟਦਿਆਂ, ਚਰਨ- ਕਮਲਾਂ 'ਚ ਲੀਣ ਹੋ ਕੇ, ਵਾਹਿਗੁਰੂ ਵਾਹਿਗੁਰੂ ਜੀ ਜਪਦਿਆਂ ਜਪਾਉਂਦਿਆਂ, ਅਪਣੇ ਦਿਲ 'ਚੋਂ ਅੰਮ੍ਰਿਤ ਬ੍ਰਹਮਾਨੰਦ ਰਸ, ਮੁਖ 'ਚ ਪ੍ਰਾਪਤ ਕਰਨ ਰੂਪ, ਰਸ ਦਾ ਗੰਨਾ ਹੈ ਜੀ। ਯਥਾ:- ਨਾਮੁ ਰਸਾਇਣੁ. ਮਨੁ ਤ੍ਰਿਪਤਾਇਣੁ; ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ॥} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਸਤਿ ਸੰਤੋਖ ਦਇਆ ਧਰਮ ਵੀਚਾਰ ਸ਼ੁਭ (ਗੁਨ)ਗੁਣਾਂ (ਕਉ)ਨੂੰ ਪ੍ਰਾਪਤ ਕਰਨ ਲਈ, ਸਤਿਗੁਰੂ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਪਾਸ (ਰੋਇ)ਰੋ ੨ (ਮਰੀਐ)ਮਰੀਏ ਭਾਵ ਬਹੁਤੋ ਬਹੁਤ ਹੀ ਰੋਈਏ,"ਹੇ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ"! ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥ ਕ੍ਰਿਪਾ ਕਰਕੇ ਔਗੁਣ ਮੇਟ ਕੇ, ਦਾਸਨ ਦਾਸਾਂ ਨੂੰ ਸ਼ੁਭ ਗੁਣ ਬਖ਼ਸ਼ੋ ਜੀ। ਅੰਮ੍ਰਿਤ ਰਸ (ਕੋ)ਦਾ ਭਰਿਆ (ਗਾਂਡੋ)ਗੰਨਾ ਵਾਹਿਗੁਰੂ ਨਾਮ ਗੁਰਸ਼ਬਦ, ਬਾਰ ੨ ਅਭਿਆਸ ਕਰਨ ਰੂਪ (ਚੂਸੀਐ)ਚੂਸਣਾ ਕਰੀਏ, (ਅਵਗੁਨੀਆਰੇ)ਔਗੁਣਾਂ ਵਾਲੇ (ਮਾਨਸੈ)ਪੁਰਸ਼ਾਂ ਨੂੰ, ਕੋਇ ਭੀ (ਭਲੋ)ਚੰਗਾ (ਨ)ਨਹੀਂ (ਕਹਿਹੈ)ਕਹਿੰਦਾ॥੭੨॥

ਕਬੀਰ. ਗਾਗਰਿ ਜਲ ਭਰੀ; ਆਜੁ ਕਾਲ੍ਹਿ ਜੈਹੈ ਫੂਟਿ॥ ਗੁਰੁ. ਜੁ ਨ ਚੇਤਹਿ ਆਪਨੋ; ਅਧ ਮਾਝਿ. ਲੀਜਹਿਗੇ ਲੂਟਿ॥੭੩॥{ਸਾਡੇ ਗੁਰੂ ਪ੍ਰਮੇਸਰ ਜੀ ਨੇ ਸਾਨੂੰ ਗੁਰ ਮਰਯਾਦਾ ਗੁਰਬਾਣੀ ਜੀ ਬਖ਼ਸ਼ੇ ਹਨ, ਸਾਡੇ ਲਈ ਉੱਬਲਦੀ ਦੇਗ 'ਚ ਬੈਠੇ ਤੱਤੇ ਰੇਤੇ 'ਤੇ ਬੈਠੇ ਤੱਤਾ ਰੇਤਾ ਆਪਣੇ ਸੀਸ 'ਤੇ ਪੁਆਇਆ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹੇ ਹਨ, ਸਾਡੇ ਲਈ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਰਚੇ ਹਨ। ਨੌਵੇਂ ਜਾਮੇ 'ਚ ਸੀਸ ਕੁਰਬਾਨ ਕਰ ਰਹੇ ਹਨ, ਦਸਵੇਂ ਜਾਮੇ ਅੰਦਰ ਸ੍ਰਬੰਸ ਕੁਰਬਾਨ ਕਰ ਰਹੇ ਹਨ।} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ, ਸ੍ਰੀਰ ਨੂੰ ਨਾਸਵੰਤ ਫ਼ੁਰਮਾ ਰਹੇ ਹਨ:- ਇਹ ਦੇਹ ਰੂਪੀ ਗਾਗਰਿ, ਸੁਆਸਾਂ ਰੂਪੀ ਜਲ ਨਾਲ ਭਰੀ ਹੈ। (ਆਜੁ)ਅੱਜ ਅਥਵਾ (ਕਾਲ੍ਹਿ)ਕੱਲ ਨੂੰ, ਆਯੂ ਦਾ ਕਾਲ੍ਹਿ ਹੋਣ ਤੋਂ (ਫੂਟਿ)ਫੁੱਟ (ਜੈਹੈ)ਜਾਵੇਗੀ। ਯਥਾ:- ਕਾਚੀ ਮਟੁਕੀ; ਬਿਨਸਿ ਬਿਨਾਸਾ॥) ਅਮਰ ਜਾਨਿ ਸੰਚੀ ਇਹ ਕਾਇਆ; ਇਹ ਮਿਥਿਆ ਕਾਚੀ ਗਗਰੀ॥) ਜਬ ਜਰੀਐ. ਤਬ ਹੋਇ ਭਸਮ ਤਨੁ; ਰਹੈ ਕਿਰਮ ਦਲ ਖਾਈ॥ ਕਾਚੀ ਗਾਗਰਿ. ਨੀਰੁ ਪਰਤੁ ਹੈ; ਇਆ ਤਨ ਕੀ. ਇਹੈ ਬਡਾਈ॥

ਗੁਰੁ. ਜੁ ਨ ਚੇਤਹਿ ਆਪਨੋ; ਅਧ ਮਾਝਿ. ਲੀਜਹਿਗੇ ਲੂਟਿ॥੭੩॥ ਚੌਰਾਸੀ ਲੱਖ ਜੂਨ ਭੋਗ ਕੇ ਅਮੋਲਕ ਮਨੁੱਖਾ ਜਨਮ ਪ੍ਰਾਪਤ ਕਰਕੇ, (ਜੁ)ਜਿਹੜੇ (ਆਪਨੋ)ਆਪਣੇ (ਗੁਰੁ)ਵਾਹਿਗੁਰੂ ਗੁਰਬਾਣੀ ਗੁਰੂ ਜੀ ਨੂੰ (ਚੇਤਹਿ)ਯਾਦ (ਨ)ਨਹੀਂ ਕਰਦੇ, ਉਹ, ਤਮਾਕੂ ਸ਼ਰਾਬ ਕੁਕਰਮ ਕੁਸੰਗੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਪਾਪ ਨਿੰਦਾ ਚੁਗਲੀ ਈਰਖਾ ਦ੍ਵੈਸ਼ ਵੈਰ ਔਗੁਣਾਂ ਕਰਕੇ, ਜ਼ਿੰਦਗੀ ਦੇ (ਅਧ)ਅੱਧ (ਮਾਝਿ)ਵਿਚਾਲੇ ਹੀ, (ਲੂਟਿ)ਲੁੱਟ (ਲੀਜਹਿਗੇ)ਲਏ ਜਾਣਗੇ, ਭਾਵ ਪੂਰੀ ਜ਼ਿੰਦਗੀ ਨਹੀਂ ਭੋਗ ਸਕਣਗੇ, ਜ਼ਿੰਦਗੀ ਪ੍ਰਮਾਤਮਾ ਰੂਪ ਮੰਜ਼ਲ ਨੂੰ ਪ੍ਰਾਪਤਿ ਨਹੀਂ ਹੋ ਸਕੇਗੀ, ਕੱਚੀ ਗਾਗਰ ਨੂੰ ਭੰਨ ਦੇਣਗੇ, ਜਮ ਸਾਹ ਕੱਢ ਲੈਣਗੇ। ਮਰਨ ਬਾਅਦ ਜਦੋਂ ਜਮ ਲੈ ਕੇ ਜਾਂਦੇ ਹਨ, ਜਮਪੁਰੀ ਦੇ ਰਸਤੇ ਜਾਂਦਿਆਂ, ਅੱਧ ਵਿਚਾਲੇ ਲੁੱਟ ਲਏ ਜਾਣਗੇ॥੭੩॥ ਯਥਾ:- ਕਰਮ ਧਰਮ ਪਾਖੰਡ ਜੋ ਦੀਸਹਿ; ਤਿਨ ਜਮੁ ਜਾਗਾਤੀ ਲੂਟੈ॥ ਕਾਰੋਬਾਰ ਵਿਹਾਰ 'ਚ ਭੀ ਅੱਧ ਵਿਚਾਲੇ ਲੁੱਟ ਲਏ ਜਾਣਗੇ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਕੂਕਰੁ ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ ਜਾਉ॥੭੪॥ {ਕਬੀਰ ਸਾਹਿਬ ਜੀ ਸਤਿ ਸੰਤੋਖ ਦਇਆ ਧਰਮ ਵੀਚਾਰ ਆਦਿ ਸ਼ੁਭ ਗੁਣਾਂ ਸਹਿਤ, ਅਨਤਕਲਾਵਾਨ ਨਿਰਗੁਨ ਨਿਰੰਕਾਰ ਨਿਰਵਿਕਾਰ ਨਿਰਹੰਕਾਰ ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਸਹਿਤ, ਅੰਦਰ ਬਾਹਰ ਅਜਪਾ ਜਾਪ ਵਾਹਿਗੁਰੂ ਜੀ 'ਚ ਲੀਨ, ਰਾਮ ਜੀ ਦੇ ਕੁੱਤੇ ਹਨ।} ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਨਾਲ, ਚਰਚਾ ਕਰਦਿਆਂ, ਹੰਕਾਰੀ ਮੂਧੇ ਭਾਂਡੇ ਹਾਰ ਕੇ ਖਿਝੇ, ਕਿਹਾ, "ਤੂੰ ਤਾਂ ਕੁੱਤਿਆਂ ਵਾਂਗ ਭਉਂਕਦਾ ਰਹਿੰਦਾ ਹੈਂ" ਪੂਰਨ ਭਗਤ ਜੀ, ਗੁੱਸਾ ਕਰਨ ਦੀ ਬਜਾਏ, ਹਰ ਵੇਲੇ ਜੀਅ ਪ੍ਰਾਣ ਦਾਤੇ, ਵਾਹਿਗੁਰੂ ਜੀ ਨੂੰ ਪੂਰਨ ਪਿਆਰ ਨਾਲ ਚੇਤੇ ਕਰਦਿਆਂ ਫ਼ੁਰਮਾ ਰਹੇ ਹਨ:- "ਭਾਈ ਠੀਕ ਹੈ! ਆਪ ਜੀ ਕੁੱਤਾ ਕਹਿੰਦੇ ਹੋਂ, ਦਾਸਨ ਦਾਸ ਕਬੀਰ, ਰਾਮ ਜੀ (ਕੋ)ਦਾ ਕੂਕਰੁ ਹੈ, (ਮੇਰੋ)ਦਾਸਨ ਦਾਸ ਦਾ (ਨਾਉ)ਨਾਮ (ਮੁਤੀਆ)ਮੋਤੀ ਹੈ, ਜੋ ਵਾਹਿਗੁਰੂ ਜੀ ਦੇ (ਮੁਤੀਆ)ਅਧੀਨ ਤਾਬੇਦਾਰ ਹੈ। ਦਾਸਨ ਦਾਸ ਹਰ ਵੇਲੇ ਵਾਹਿਗੁਰੂ ਜੀ ਦਾ ਜਸ ਭੌਂਕਣ ਵਾਲਾ ਕੁੱਤਾ ਹੈ। ਯਥਾ:- ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥) ਸਗ ਨਾਨਕ. ਦੀਬਾਨ ਮਸਤਾਨਾ; ਨਿਤ ਚੜੈ ਸਵਾਇਆ॥) ਏਤੇ ਕੂਕਰ ਹਉ ਬੇਗਾਨਾ; ਭਉਕਾ ਇਸੁ ਤਨ ਤਾਈ॥ ਭਗਤਿ ਹੀਣੁ ਨਾਨਕੁ. ਜੇ ਹੋਇਗਾ; ਤਾ ਖਸਮੈ ਨਾਉ. ਨ ਜਾਈ॥) ਲਾਲ ਸਗਿ ਗੁਲਾਮ ਗੁਰੂ ਗੋਬਿੰਦ ਸਿੰਘ॥ ਦਾਗ਼ਦਾਰਿ ਨਾਮ ਗੁਰੂ ਗੋਬਿੰਦ ਸਿੰਘ॥੧੫੬॥ ਗੁਰਮੁਖਿ ਪਿਆਰੇ ਭਾਈ ਨੰਦ ਲਾਲ ਸਿੰਘ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ, ਗੁਰੂ ਗੋਵਿੰਦ ਸਿੰਘ ਜੀ ਦੇ ਪਰਮ ਪਵਿੱਤ੍ਰ ਸ਼ੁਭ ਸੱਚੇ ਨਾਮ ਦੇ (ਦਾਗ਼ਦਾਰਿ)ਨਿਸ਼ਾਨ ਵਾਲਾ, ਗੁਰੂ ਗੋਵਿੰਦ ਸਿੰਘ ਜੀ ਦਾ ਗ਼ੁਲਾਮ ਦਾਸਨ ਦਾਸ ਲਾਲਾ ਗੋਲਾ (ਸਗਿ) ਕੁੱਤਾ ਹੈ। ਹਰ ਵੇਲੇ ਪੂਰਨ ਗੁਰੂ ਜੀ ਦਾ ਜਸ ਭੌਂਕਦਾ ਹੈ।

ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ ਜਾਉ॥੭੪॥ ਪਰਮ ਪਿਆਰੇ ਵਾਹਿਗੁਰੂ ਜੀ ਨੇ (ਹਮਾਰੇ)ਦਾਸਨ ਦਾਸ ਦੇ (ਗਲੇ)ਅੰਤਹਕਰਨ ਗਲ਼ 'ਚ, ਪ੍ਰੀਤ ਰੂਪੀ ਜੇਵੜੀ ਅਥਵਾ ਆਗਿਆ ਮਨਾਉਣ ਰੂਪੀ (ਜੇਵਰੀ)ਰੱਸੀ ਪਾਈ ਹੈ। ਆਗਿਆ ਮਨਾਉਣ ਰੂਪੀ ਜੇਵਰੀ ਨੂੰ (ਜਹ)ਜਿੱਧਰ ਨੂੰ (ਖਿੰਚੈ)ਖਿੱਚਦੇ ਹਨ, ਦਾਸਨ ਦਾਸ (ਤਹ)ਤਿੱਥੇ (ਜਾਉ)ਜਾਂਦਾ ਹੈ। ਆਪਣੀ ਮਰਜ਼ੀ ਨਾਲ ਦਾਸ ਕੁੱਝ ਨਹੀਂ ਕਰ ਰਿਹਾ। ਯਥਾ:- ਸਭੁ ਆਪੇ ਜਗਤੁ ਉਪਾਇਦਾ ਪਿਆਰਾ; ਵਸਿ ਆਪੇ ਜੁਗਤਿ ਹਥਾਹਾ॥ ਗਲਿ ਜੇਵੜੀ ਆਪੇ ਪਾਇਦਾ ਪਿਆਰਾ; ਜਿਉ ਪ੍ਰਭੁ ਖਿੰਚੈ. ਤਿਉ ਜਾਹਾ॥ ਜੋ ਗਰਬੈ. ਸੋ ਪਚਸੀ ਪਿਆਰੇ; ਜਪਿ ਨਾਨਕ ਭਗਤਿ ਸਮਾਹਾ॥) ਫ਼ੁਰਮਾਨੁ ਤੇਰਾ. ਸਿਰੈ ਊਪਰਿ; ਫਿਰਿ ਨ ਕਰਤ ਬੀਚਾਰ॥ ਤੁਹੀ ਦਰੀਆ. ਤੁਹੀ ਕਰੀਆ; ਤੁਝੈ ਤੇ ਨਿਸਤਾਰ॥) ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥) ਜਹ ਬੈਸਾਲਹਿ, ਤਹ ਬੈਸਾ ਸੁਆਮੀ; ਜਹ ਭੇਜਹਿ. ਤਹ ਜਾਵਾ॥ ਸ੍ਰਬ ਵਿਆਪੀ ਮਹਾਂ ਵਿਸਮਾਦ ਅਵਸਥਾ 'ਚ ਲੀਣ ਹੋ ਕੇ ਕਹਿ ਰਹੇ ਹਨ। ਅੰਦਰ ਬਾਹਰ ਭਰਪੂਰ ਨਿਰਗੁਨ ਬ੍ਰਹਮ ਜੀ ਦਾ ਦਾਸਨ ਦਾਸ ਕੂਕਰ ਹੈ, ਜੋ ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਵਾਹਿਗੁਰੂ ਬ੍ਰਹਮ ਜੀ ਭਰਪੂਰ ਹੋ ਰਹੇ ਹਨ, ਆਪੋਂ ਕੋਈ ਸੰਕਲਪ ਨਹੀਂ ਫ਼ੁਰ ਰਿਹਾ, ਸੰਕਲਪ ਵਿਕਲਪ ਮਹਾਰਾਜ ਸਾਹਿਬ ਜੀ ਦੀ ਜੋਤਿ ਨਾਲ ਫ਼ੁਰ ਰਹੇ ਹਨ, ਮਹਾਰਾਜ ਸਾਹਿਬ ਜੀ ਦੀ ਜੋਤਿ ਨਾਲ ਦੇਖ ਬੋਲ ਸੁਣ ਰਿਹਾ ਹੈ। ਆਪਣੀ ਮਰਜ਼ੀ ਨਾਲ, ਅੱਖ ਭੀ ਨਹੀਂ ਖੋਲ੍ ਮੀਚ ਸਕਦਾ। ਦਾਸਨ ਦਾਸ ਕੂਕਰ ਅਪਣੇ ਸੁਆਮੀ ਜੀ ਦਾ ਦਰ, ਨਹੀਂ ਛੱਡਦਾ, ਇਕ ਮਨ ਇੱਕ ਚਿੱਤ ਹੋ ਕੇ ਚੇਤੇ ਕਰਦਾ ਹੈ। ਯਥਾ:- ਸੁਆਮੀ ਕੋ ਗ੍ਰਿਹੁ ਜਿਉ ਸਦਾ; ਸੁਆਨ ਤਜਤ ਨਹੀ. ਨਿਤ॥ ਨਾਨਕ. ਇਹ ਬਿਧਿ, ਹਰਿ ਭਜਉ; ਇਕ ਮਨਿ. ਹੁਇ ਇਕ ਚਿਤਿ॥੪੫॥

ਕਬੀਰ. ਜਪਨੀ ਕਾਠ ਕੀ; ਕਿਆ ਦਿਖਲਾਵਹਿ ਲੋਇ॥ ਹਿਰਦੈ. ਰਾਮੁ ਨ ਚੇਤਹੀ; ਇਹ ਜਪਨੀ ਕਿਆ ਹੋਇ॥੭੫॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ

Sri Satguru Jagjit Singh Ji eLibrary NamdhariElibrary@gmail.com

ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਖੰਡੀ! (ਕਾਠ)ਲੱਕੜ (ਕੀ)ਦੀ (ਜਪਨੀ)ਮਾਲ਼ਾ ਪਾ ਕੇ, (ਲੋਇ)ਲੋਕਾਂ ਨੂੰ ਠੱਗਣ ਲਈ (ਕਿਆ)ਕੀ (ਦਿਖਲਾਵਹਿ)ਦਿਖਾ ਰਿਹਾ ਹੈਂ? ਹਿਰਦੈ ਕਰਕੇ, ਤੂੰ ਰਾਮੁ ਜੀ ਨੂੰ (ਚੇਤਹੀ)ਚੇਤੇ (ਨ)ਨਹੀਂ ਕਰਦਾ, ਇਹ (ਜਪਨੀ)ਮਾਲ਼ਾ ਪਾ ਕੇ (ਕਿਆ)ਕੀ (ਹੋਇ)ਹੋਵੇਗਾ?॥੭੫॥ ਹਿਰਦੇ 'ਚ ਆਪੇ ਹੀ ਜਾਪ ਹੋਈ ਜਾਣਾ, ਹਿਰਦੇ ਕਰਕੇ ਤੂੰ ਰਾਮੁ ਜੀ ਚੇਤੇ ਕਰਨੇ ਹਨ। ਯਥਾ:- ਬਿਨੁ ਜਿਹਵਾ; ਜੋ ਜਪੈ ਹਿਆਇ॥ ਕੋਈ ਜਾਣੈ. ਕੈਸਾ ਨਾਉ॥) ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਨਉ ਨਿਧਿ; ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ; ਇਸ ਕਾ ਬਿਸ੍ਰਾਮੁ॥) ਸੁੰਨ ਸਮਾਧਿ; ਅਨਹਤ ਤਹ ਨਾਦ॥ ਕਹਨੁ ਨ ਜਾਈ; ਅਚਰਜ ਬਿਸਮਾਦ॥ ਕਿਸੇ ਤੋਂ ਚੀਜ਼ ਮੰਗਣੀ ਤਾਂ ਭੀ ਮਾਲ਼ਾ ਦਿਖਾ ਦੇਣੀ, ਇਸ ਮਾਲ਼ਾ ਦਾ ਕੋਈ ਫ਼ਾਇਦਾ ਨਹੀਂ, ਪਖੰਡੀਆਂ ਨੂੰ ਪਖੰਡ ਤੋਂ ਮਨ੍ਹਾ ਕਰ ਰਹੇ ਹਨ। ਯਥਾ:- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥੧॥) ਆਸਾ॥ ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ. ਹਰਿ ਕੇ ਸੰਤ, ਨ ਆਖੀਅਹਿ; ਬਾਨਾਰਸਿ ਕੇ ਠਗ॥੧॥ ਐਸੇ ਸੰਤ. ਨ ਮੋਕਉ ਭਾਵਹਿ॥ ਡਾਲਾ ਸਿਉ; ਪੇਡਾ ਗਟਕਾਵਹਿ॥੧॥ ਰਹਾਉ॥ ਬਾਸਨ ਮਾਂਜਿ ਚਰਾਵਹਿ ਊਪਰਿ; ਕਾਠੀ ਧੋਇ ਜਲਾਵਹਿ॥ ਬਸੁਧਾ ਖੋਦਿ. ਕਰਹਿ ਦੁਇ ਚੂਲ੍ਹੇ; ਸਾਰੇ ਮਾਣਸ ਖਾਵਹਿ॥੨॥ ਓਇ ਪਾਪੀ. ਸਦਾ ਫਿਰਹਿ ਅਪਰਾਧੀ; ਮੁਖਹੁ. ਅਪਰਸ ਕਹਾਵਹਿ॥ ਸਦਾ ਸਦਾ ਫਿਰਹਿ ਅਭਿਮਾਨੀ; ਸਗਲ ਕੁਟੰਬ ਡੁਬਾਵਹਿ॥੩॥ ਜਿਤੁ ਕੋ ਲਾਇਆ, ਤਿਤ ਹੀ ਲਾਗਾ; ਤੈਸੇ ਕਰਮ ਕਮਾਵੈ॥ ਕਹੁ ਕਬੀਰ. ਜਿਸੁ ਸਤਿਗੁਰੁ ਭੇਟੈ; ਪੁਨਰਪਿ. ਜਨਮਿ ਨ ਆਵੈ॥੪॥੨॥

ਕਬੀਰ. ਬਿਰਹੁ ਭੁਯੰਗਮੁ, ਮਨਿ ਬਸੈ; ਮੰਤ੍ਰ. ਨ ਮਾਨੈ ਕੋਇ॥ ਰਾਮ ਬਿਓਗੀ. ਨਾ ਜੀਐ; ਜੀਐ. ਤ ਬਉਰਾ ਹੋਇ॥੭੬॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਸ ਗੁਰਮੁਖਿ ਸਨਮੁਖ ਰਾਮ ਗੁਰੂ ਪ੍ਰੇਮੀ ਜੀ ਦੇ ਮਨਿ 'ਚ, ਗੁਰੂ (ਬਿਰਹੁ)ਪ੍ਰੇਮ ਰੂਪੀ (ਭੁਯੰਗਮੁ)ਸੱਪ (ਬਸੈ)ਵਸਦਾ ਹੈ, ਉਹ (ਕੋਇ)ਕਿਸੇ (ਮੰਤ੍ਰ)ਉਪਦੇਸ਼ ਮੰਤ੍ਰ ਨੂੰ (ਨ)ਨਹੀਂ (ਮਾਨੈ)ਮੰਨਦਾ, ਭਾਵ ਸੱਪ ਮੰਤ੍ਰ ਦੇ ਵੱਸ ਹੋ ਜਾਂਦਾ ਹੈ, ਪਰ ਗੁਰਮੁਖਿ ਦੇ ਮਨ ਅੰਦਰ, ਪ੍ਰੇਮ ਰੂਪੀ ਸੱਪ, ਕਿਸੇ ਉਪਦੇਸ਼ ਮੰਤ੍ਰ ਕਰਕੇ ਵੱਸ ਨਹੀਂ ਹੁੰਦਾ। ਅਥਾਹ ਪ੍ਰੇਮ 'ਤੇ ਦ੍ਰਿਸਟਾਂਤ:- ਜਿਵੇਂ ਬਾਬੇ ਮਤੀਦਾਸ ਜੀ ਨੂੰ, ਦੁਸ਼ਟ ਕਾਜ਼ੀ ਨੇ ਕਿਹਾ, "ਤੂੰ ਆਪਣੀ ਜੁਆਨੀ ਤੇ ਤਰਸ ਕਰ, ਤੂੰ ਗੁਰੂ ਜੀ ਦੇ ਪਾਸ ਰਹਿ ਕੇ ਕੀ ਖੱਟਿਆ ਹੈ? ਤੇਰੇ ਸ਼ੀਰ ਨੂੰ ਆਰੇ ਨਾਲ ਚੀਰਿਆ ਜਾਣਾ ਹੈ, ਤੂੰ ਕਿਉਂ ਨਹੀਂ ਉੱਚੇ ਅਹੁਦੇ ਲੈਂਦਾ? ਧਨ ਪਦਾਰਥ ਬੇਗ਼ਮਾਂ ਲੈ, ਵੱਡਾ ਸੂਬਾ ਬਣ ਜਾ, ਦੁਨੀਆਂ ਦੇ ਸੁਖ ਭੋਗ, ਗੁਰੂ ਤੇਗਬਹਾਦਰ ਸਾਹਿਬ ਜੀ ਦਾ ਸਾਥ ਛੱਡ ਦੇ"। ਉਸ ਕਿਹਾ, "ਸਤਿਗੁਰੂ ਤੇਗਬਹਾਦਰ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਦਰਸ਼ਨ 'ਤੇ ਸੇਵਾ ਸਿਮਰਨ ਦੇ ਨਿਮਖ ਦਾ ਜੋ ਸੁਖ ਹੈ, ਤੁਸੀਂ ਸਮਝ ਨਹੀਂ ਸਕਦੇ"। ਯਥਾ:- ਏਕ ਨਿਮਖ; ਜੋ ਸਿਮਰਨ ਮਹਿ ਜੀਆ॥ ਕੋਟਿ ਦਿਨਸ ਲਾਖ; ਸਦਾ ਥਿਰੁ ਥੀਆ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਉਨ੍ਹਾਂ ਦੇ ਲਾਲਚਾਂ ਨੂੰ ਠੁਕਰਾ ਦਿੱਤਾ, ਆਰਾ ਪਿਆਰਾ ਕੀਤਾ। ਯਥਾ:- ਆਰਾ ਪਿਆਰਾ ਲਗਤ ਹੈ, ਕਾਰਾ ਕਰਉ ਬਨਾਇ। ਸਿਰ ਜਾਇ ਤ ਜਾਇ, ਮੇਰਾ ਸਿੱਖੀ ਸਿਦਕ ਨ ਜਾਇ। ਬਾਬਾ ਮਤੀਦਾਸ ਜੀ ਨੂੰ ਵੱਸ ਕਰਨ ਲਈ, ਉਨ੍ਹਾਂ ਨੇ ਲਾਲਚ ਦੇਣ ਰੂਪੀ ਬੜੇ ਮੰਤ੍ਰ ਪੜ੍ਹੇ, ਪਰ ਉਨ੍ਹਾਂ, ਕੋਈ ਮੰਤ੍ਰ ਨਹੀਂ ਮੰਨਿਆ।

Sri Satguru Jagjit Singh Ji eLibrary NamdhariElibrary@gmail.com

ਰਾਮ ਬਿਓਗੀ. ਨਾ ਜੀਐ; ਜੀਐ. ਤ ਬਉਰਾ ਹੋਇ॥੭੬॥ ਜ਼ਹਿਰ ਵਾਲਾ ਸੱਪ ਨਹੀਂ, ਅਜਪਾ ਜਾਪ ਸਹਿਤ ਪ੍ਰੇਮ ਰੂਪੀ ਸੱਪ ਦਾ ਡੰਗ ਭੀ ਪ੍ਰੇਮ ਹੀ ਹੈ, ਪ੍ਰੇਮ ਸਹਿਤ ਅਜਪਾ ਜਾਪ ਰੂਪੀ ਸੱਪ ਦਾ ਡੰਗਿਆ, ਅੰਦਰ ਬਾਹਰ ਸ਼ੁਭ ਗੁਣਾਂ ਦੇ ਅਨਤ ਕਲਾਵਾਨ, ਅਸੰਖ ਪ੍ਰਕਾਸ਼ ਸਹਿਤ ਨਿਰਗੁਨ ਬ੍ਰਹਮ ਰਾਮ ਜੀ ਦੇ ਪ੍ਰੇਮੀ, ਰਾਮ ਜੀ ਦੇ ਵਿਜੋਗੀ ਹੋ ਕੇ, ਜੱਗ ਤੇ (ਨਾ)ਨਹੀਂ (ਜੀਐ)ਜਿਉਂਦੇ, ਕਿਉਂਕਿ ਉਨ੍ਹਾਂ ਨੂੰ, ਪ੍ਰੇਮ ਸਹਿਤ ਅਜਪਾ ਜਾਪ ਰੂਪੀ ਸੱਪ ਨੇ ਪ੍ਰੇਮ ਦਾ ਡੰਗ ਲਾ ਦਿਤਾ, ਉਨ੍ਹਾਂ ਅੰਦਰ ਬਾਹਰ ਪ੍ਰੇਮ ਹੀ ਪ੍ਰੇਮ ਹੈ। ਸੱਪ ਦਾ ਡੰਗਿਆ, ਝੱਟ ਹੀ ਮਰ ਜਾਂਦਾ ਹੈ, ਇਸੇ ਤਰ੍ਹਾਂ ਉਹ ਪ੍ਰੇਮ ਸਹਿਤ ਅਜਪਾ ਜਾਪ ਰੂਪੀ ਸੱਪ ਦੇ ਡੰਗੇ, ਜਿਉਂਦੇ ਨਹੀਂ, ਭਾਵ ਉਨ੍ਹਾਂ ਦੇ ਲੂੰ ੨ 'ਚ ਮਹਾਰਾਜ ਸਾਹਿਬ ਜੀ ਦਾ ਪ੍ਰੇਮ ਵਸਦਾ ਹੈ, ਉਹ ਸੰਸਾਰੀ ਜੀਵਨ ਵਿਸ਼ੇ ਵਿਕਾਰਾਂ ਔਗੁਣਾਂ ਦੋਸ਼ਾਂ ਨਿੰਦਾ ਚੁਗਲੀ ਈਰਖਾ ਦੇ ਜੀਵਨ 'ਚ ਨਹੀਂ ਜਿਉਂਦੇ, ਉਹ ਮਹਾਰਾਜ 'ਚ ਲੀਨ ਹੋ ਕੇ, ਜੇ ਜਿਉਂਦੇ ਹਨ, ਤ ਉਹ (ਬਉਰਾ)ਮਸਤਾਨੇ ਹੋਇ ਜਾਂਦੇ ਹਨ। ਯਥਾ:- ਮਾਰੂ ਮਹਲਾ ੧॥ ਕੋਈ ਆਖੈ ਭੂਤਨਾ; ਕੋ ਕਹੈ ਬੇਤਾਲਾ॥ ਕੋਈ ਆਖੈ ਆਦਮੀ; ਨਾਨਕੁ ਵੇਚਾਰਾ॥੧॥ ਭਇਆ ਦਿਵਾਨਾ ਸਾਹ ਕਾ; ਨਾਨਕੁ ਬਉਰਾਨਾ॥ ਹਉ ਹਰਿ ਬਿਨੁ; ਅਵਰੁ ਨ ਜਾਨਾ॥੧॥ ਰਹਾਉ॥ ਤਉ ਦੇਵਾਨਾ ਜਾਣੀਐ; ਜਾ ਭੈ ਦੇਵਾਨਾ ਹੋਇ॥ ਏਕੀ ਸਾਹਿਬ ਬਾਹਰਾ; ਦੂਜਾ ਅਵਰੁ ਨ ਜਾਣੈ ਕੋਇ॥੨॥ ਤਉ ਦੇਵਾਨਾ ਜਾਣੀਐ; ਜਾ ਏਕਾ ਕਾਰ ਕਮਾਇ॥ ਹੁਕਮੁ ਪਛਾਣੈ ਖਸਮ ਕਾ; ਦੂਜੀ ਅਵਰ ਸਿਆਣਪ ਕਾਇ॥੩॥ ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥੪॥੭॥) ਲੋਗੁ ਕਹੈ; ਕਬੀਰੁ ਬਉਰਾਨਾ॥ ਕਬੀਰ ਕਾ ਮਰਮੁ; ਰਾਮ ਪਹਿਚਾਨਾਂ॥) ਮੈ ਬਉਰੀ; ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ॥) ਉਨ੍ਹਾਂ ਦੀ ਬਉਰੀ ਅਵਸਥਾ ਕੈਸੀ ਹੈ? ਅਨਹਤ ਸੁੰਨਿ ਰਤੇ; ਸੇ ਕੈਸੇ॥ ਜਿਸ ਤੇ ਉਪਜੇ; ਤਿਸ ਹੀ ਜੈਸੇ॥) ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ; ਸੁਧ. ਨ ਸਿਮਰਤ ਅੰਗ॥) ਵਾਹਿਗੁਰੂ ਜੀ 'ਚ ਵਿਸਮਾਦ ਹੋ ਕੇ. ਸੰਸਾਰ ਨੂੰ ਵਿਸਾਰ ਦਿੰਦੇ ਹਨ। ਨ ਉੱਥੇ ਖੁਸ਼ੀ ਨ ਗ਼ਮੀ, ਜੰਮਣ ਮਰਨ ਤ੍ਰੈ ਗੁਣ ਅਤੀਤ ਹੋ ਕੇ, ਮਸਤਾਨੀ ਅਵਸਥਾ 'ਚ ਜਿਉਂਦੇ ਹਨ। ਉਨ੍ਹਾਂ ਦਾ ਮਨ ਕੋਈ ਵਿਸ਼ੇ ਵਿਕਾਰਾਂ ਦਾ ਸੰਕਲਪ ਨਹੀਂ ਕਰਦਾ, ਅੱਖਾਂ ਰੂਪ ਨਹੀਂ ਦੇਖਦੀਆਂ ਕੰਨ ਨਿੰਦਿਆ ਚੁਗਲੀ ਨਹੀਂ ਸੁਣਦੇ, ਜ਼ਬਾਨ ਝੂਠ ਨਹੀਂ ਬੋਲਦੀ, ਚਮੜੀ ਸਪਰਸ ਨਹੀਂ ਚਾਹੁੰਦੀ। ਉਹ ਸੰਸਾਰ ਵੱਲੋਂ ਦਿਵਾਨੇ ਮਸਤਾਨੇ ਹੁੰਦੇ ਹਨ। ਯਥਾ:- ਭਉ ਤੇਰਾ ਭਾਂਗ; ਖਲੜੀ ਮੇਰਾ ਚੀਤੁ॥ ਮੈ ਦੇਵਾਨਾ; ਭਇਆ ਅਤੀਤੁ॥) ਮੈ ਬਉਰੀ; ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ॥੧॥) ਰਾਮ ਜੀ ਉਨ੍ਹਾਂ ਦੇ ਸਿਰ 'ਤੇ ਹੱਥ ਰੱਖਦੇ ਹਨ। ਮਹਾਰਾਜ ਸਾਹਿਬ ਜੀ ਦੇ ਅਸੰਖ ਪ੍ਰਕਾਸ਼ ਉਨ੍ਹਾਂ 'ਤੇ ਪੈਂਦੇ ਹਨ। ਅੰਦਰ ਬਾਹਰ ਗੁਰਸ਼ਬਦ ਅਰਥ ਦੇਖ ਰਹੇ ਹਨ, ਉਨ੍ਹਾਂ ਦਾ ਸੰਸਾਰ ਵੱਲ ਖ਼ਿਆਲ ਨਹੀਂ, ਉਨ੍ਹਾਂ ਦੀ ਬ੍ਰਹਮਾਕਾਰ ਬ੍ਰਿਤੀ ਹੈ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਹਨ ਅੰਦਰੋਂ ਬਾਹਰੋਂ ਸੱਚੇ 'ਚ ਲੀਣ ਹਨ, ਪਾਰਬ੍ਰਹਮੁ ਜਿਨਿ; ਸਚੁ ਕਰਿ ਜਾਤਾ॥ ਨਾਨਕ ਸੋ ਜਨੁ; ਸਚਿ ਸਮਾਤਾ॥) ਉਨ੍ਹਾਂ ਦੇ ਕੰਨ ਬ੍ਰਹਮ ਜੀ ਨੂੰ ਹੀ ਸੁਣਦੇ ਹਨ, ਅੱਖਾਂ ਬ੍ਰਹਮ ਜੀ ਨੂੰ ਹੀ ਦੇਖਦੀਆਂ ਹਨ। ਯਥਾ:- ਬ੍ਰਹਮੁ ਦੀਸੈ. ਬ੍ਰਹਮੁ ਸੁਣੀਐ; ਏਕੁ ਏਕੁ ਵਖਾਣੀਐ॥ ਆਤਮ ਪਸਾਰਾ ਕਰਣਹਾਰਾ; ਪ੍ਰਭ ਬਿਨਾ. ਨਹੀ ਜਾਣੀਐ॥) ਅੰਤਰਿ ਗੁਰੁ ਆਰਾਧਣਾ; ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ. ਸਤਿਗੁਰੁ ਪੇਖਣਾ; ਸ੍ਰਵਣੀ. ਸੁਨਣਾ ਗੁਰ ਨਾਉ॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥) ਉਨ੍ਹਾਂ ਦੀ ਅਗਮ ਅਗਾਧ ਪ੍ਰੇਮਮਈ ਅਵਸਥਾ ਹੈ। ਯਥਾ:- ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥) ਆਪੇ ਲਾਇਓ; ਅਪਨਾ ਪਿਆਰੁ॥) ਨਾਮ ਬਿਨਾ ਸੋਨੇ ਦੀ ਧਰਤੀ ਭੀ ਚੰਗੀ ਨਹੀਂ ਲੱਗਦੀ। ਯਥਾ:- ਜੇ ਧਰਤੀ ਸਭ

Sri Satguru Jagjit Singh Ji eLibrary NamdhariElibrary@gmail.com

ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਮੈ ਨੀਰੇ. ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ. ਦ੍ਰਿਸਟਿ ਨ ਕਰੈ ਰੁਚਾਂਗੈ॥) ਹਉ ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥) ਇਕ ਘੜੀ ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਮੋਹਿ. ਰੈਣਿ ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ. ਗੁਰ ਦਰਬਾਰੇ ਜੀਉ॥) ਮਹਾਂਪੁਰਸ਼ ਜੀ ਦੀ ਉਪਮਾ ਬਹੁਤ ਹੈ। ਯਥਾ:- ਜਿਹਬਾ ਏਕ; ਉਸਤਤਿ ਅਨੇਕ॥ ਸਤਿ ਪੁਰਖ; ਪੂਰਨ ਬਿਬੇਕ॥

ਕਬੀਰ. ਪਾਰਸ ਚੰਦਨੈ; ਤਿਨ ਹੈ ਏਕ ਸੁਗੰਧ॥ ਤਿਹ ਮਿਲਿ. ਤੇਊ ਊਤਮ ਭਏ; ਲੋਹ ਕਾਠ ਨਿਰਗੰਧ॥੭੭॥ ਗੁਰਮੁਖਿ ਸੰਤਾਂ ਭਗਤਾਂ ਦੀ ਸੇਵਾ ਸੁਸੰਗਤ ਦਾ ਬਹੁਤ ਵੱਡਾ ਲਾਭ, ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੋ ਪਾਰਸ ਤੇ (ਚੰਦਨੈ)ਚੰਦਨ ਹਨ, (ਤਿਨ੍)ਤਿਨ੍ਹਾਂ 'ਚ, (ਏਕ)ਇੱਕ ਇੱਕ (ਸੁਗੰਧ)ਗੁਣ ਹੈ। ਪਾਰਸ ਅੰਦਰ ਇਹ ਗੁਣ ਹੈ, ਜਰ ਵਾਲੇ ਲੋਹੇ ਨੂੰ ਸੋਨਾ ਬਣਾਉਂਦਾ ਹੈ। ਚੰਦਨ 'ਚ ਇੱਕ ਗੁਣ ਹੈ, ਲੱਕੜੀ ਨੂੰ ਸੁਗੰਧੀ ਸਹਿਤ, ਚੰਦਨ ਬਣਾ ਦਿੰਦਾ ਹੈ। ਯਥਾ:- ਓਇ ਭੀ ਚੰਦਨੁ ਹੋਇ ਰਹੇ; ਬਸੇ ਜੁ ਚੰਦਨ ਪਾਸਿ॥੧੧॥)

ਤਿਹ ਮਿਲਿ. ਤੇਊ ਊਤਮ ਭਏ; ਲੋਹ ਕਾਠ ਨਿਰਗੰਧ॥੭੭॥ (ਤਿਹ)ਤਿਸ ਪਾਰਸ ਨਾਲ ਮਿਲਿ ਕੇ (ਤੇਊ)ਉਹ (ਲੋਹ)ਲੋਹਾ, (ਊਤਮ)ਉੱਤਮ ਸੋਨਾ (ਭਏ)ਹੋ ਜਾਂਦਾ ਹੈ, ਤੇ ਚੰਦਨ ਨਾਲ ਮਿਲ ਕੇ (ਨਿਰਗੰਧ)ਸੁਗੰਧੀ ਤੋਂ ਰਹਿਤ ਜੋ ਕਾਠ ਹੈ, ਉਹ ਊਤਮ ਚੰਦਨ ਹੋ ਜਾਂਦਾ ਹੈ। ਇਉਂ ਚੰਦਨ ਸਮਾਨ ਸੰਤਾਂ ਨਾਲ ਮਿਲ ਕੇ, ਲੋਹੇ ਵਾਂਗ ਪਾਪਾਂ ਕਰਕੇ ਭਾਰਾ, ਵਿਸ਼ੇ ਵਿਕਾਰ ਦੇ ਜਰ ਵਾਲਾ, ਪਾਪੀ ਜੀਵ ਰੂਪ ਲੋਹਾ, ਬਾਰਾਂ ਵੰਨੀ ਦੇ ਸ਼ੁੱਧ ਸੋਨੇ ਵਾਂਗ, ਪੰਜੇ ਗਿਆਨ ਇੰਦ੍ਰੇ ਪੰਜੇ ਕਰਮ ਇੰਦ੍ਰੇ ਮਨ ਤੇ ਬੁੱਧ, ਇਨ੍ਹਾਂ ਬਾਰਾਂ ਨੂੰ ਉੱਜਲ ਕਰਕੇ ਇੰਦ੍ਰਿਆਂ ਦੇ ਵਿਸ਼ੇ ਤਿਆਗ ਕੇ, ਸ਼ੁੱਧ ਸੋਨੇ ਵਾਂਗ ਸ਼ੁੱਧ ਸ਼ੁੱਧ ਹੋ ਜਾਂਦਾ ਹੈ। ਨਿਰਗੰਧ ਕਾਠ ਵਾਂਗ, ਭਗਤੀ ਦੀ ਸੁਗੰਧੀ ਰਹਿਤ ਪੁਰਸ਼, ਚੰਦਨ ਰੂਪ ਮਹਾਂਪੁਰਸ਼ਾਂ ਨਾਲ ਲੱਗ ਕੇ, ਭਗਤੀ ਰੂਪੀ ਸੁਗੰਧੀ ਸਹਿਤ ਸੁਗੰਧਤ, ਚੰਦਨ ਰੂਪ ਮਹਾਂਪੁਰਸ਼ ਹੋ ਜਾਂਦਾ ਹੈ। ਯਥਾ:- ਭਾਰ ਅਠਾਰਹ ਮਹਿ. ਚੰਦਨੁ ਊਤਮ; ਚੰਦਨ ਨਿਕਟਿ ਸਭ ਚੰਦਨੁ ਹੁਈਆ॥) ਚੰਦਨ ਭਗਤਾ ਜੋਤਿ ਇਨੇਹੀ; ਸਰਬੇ ਪਰਮਲੁ ਕਰਣਾ॥) ਤੁਮ ਚੰਦਨ. ਹਮ ਇਰੰਡ ਬਾਪੁਰੇ; ਸੰਗਿ ਤੁਮਾਰੇ ਬਾਸਾ॥ ਨੀਚ ਰੂਖ ਤੇ ਊਚ ਭਏ ਹੈ; ਗੰਧ ਸੁਗੰਧ ਨਿਵਾਸਾ॥੧॥

ਕਬੀਰ. ਜਮ ਕਾ ਠੇਂਗਾ ਬੁਰਾ ਹੈ; ਓਹੁ ਨਹੀ ਸਹਿਆ ਜਾਇ॥ ਪਰਮਪੂਜਨੀਕ ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਭਾਈ! ਜਮ (ਕਾ)ਦਾ (ਠੇਂਗਾ)ਸੋਟਾ ਬਹੁਤ ਹੀ ਬੁਰਾ ਹੈ। ਓਹੁ ਕਿਸੇ ਕੋਲੋਂ ਭੀ (ਸਹਿਆ)ਸਹਾਰਿਆ ਨਹੀ (ਜਾਇ)ਜਾਂਦਾ। ਬੰਨ੍ ਕੇ ਕੁੱਟਦੇ ਹਨ, ਮਾਰਨ ਲੱਗੇ ਥਾਂ ਕੁਥਾਓ ਨਹੀਂ ਦੇਖਦੇ। ਯਥਾ:- ਕਹੁ ਕਬੀਰ. ਤਬ ਹੀ ਨਰੁ ਜਾਗੈ॥ ਜਮ ਕਾ ਡੰਡੁ; ਮੂੰਡ ਮਹਿ ਲਾਗੈ॥) ਸੂਮਹਿ ਧਨੁ. ਰਾਖਨ ਕਉ ਦੀਆ; ਮੁਗਧੁ ਕਹੈ, ਧਨੁ ਮੇਰਾ॥ ਜਮ ਕਾ ਡੰਡੁ. ਮੂੰਡ ਮਹਿ ਲਾਗੈ; ਖਿਨ ਮਹਿ ਕਰੈ ਨਿਬੇਰਾ॥

ਏਕੁ ਜੁ ਸਾਧੂ. ਮੋਹਿ ਮਿਲਿਓ; ਤਿਨ੍. ਲੀਆ ਅੰਚਲਿ ਲਾਇ॥੭੮॥੧:- (ਏਕੁ)ਇੱਕ (ਜੁ)ਜੋ ਪਰਮਪੂਜਨੀਕ ਸਾਧੂ ਰਾਮਾਨੰਦ ਜੀ, (ਮੋਹਿ)ਦਾਸ ਨੂੰ (ਮਿਲਿਓ)ਮਿਲੇ, (ਤਿਨ੍)ਤਿਨ੍ਹਾਂ ਨੇ ਦਾਸਨ ਦਾਸ ਨੂੰ ਆਪਣੇ (ਅੰਚਲਿ)ਪੱਲੇ ਲਾਇ ਲੀਆ ਹੈ॥੭੮॥ ਯਥਾ:- ਲਾਇ ਅੰਚਲਿ ਨਾਨਕ. ਤਾਰਿਅਨੁ; ਜਿਤਾ ਜਨਮੁ ਅਪਾਰ ਜੀਉ॥) ਅੰਚਲਿ ਲਾਇ ਤਰਾਇਆ ਭਾਈ; ਭਉਜਲੁ ਦੁਖੁ ਸੰਸਾਰੁ॥ ਕਰਿ ਕਿਰਪਾ ਨਦਰਿ ਨਿਹਾਲਿਆ ਭਾਈ; ਕੀਤੋਨੁ ਅੰਗੁ ਅਪਾਰੁ॥

Sri Satguru Jagjit Singh Ji eLibrary NamdhariElibrary@gmail.com

ਏਕੁ ਜੁ ਸਾਧੂ ਮੋਹਿ ਮਿਲਿਓ; ਤਿਨ੍ਹਿ ਲੀਆ ਅੰਚਲਿ ਲਾਇ॥੭੮॥੨:- ਕਬੀਰ ਪੰਥੀਏ ਭਾਈ ਲਹਿਣਾ ਸਿੰਘ ਜੀ ਨੇ ਭਗਤ ਮਾਲ਼ਾ 'ਚ ਲਿਖਿਆ ਹੈ, ਜਿਸ ਸਮੇਂ ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਕਾਂਸ਼ੀ 'ਚ ਪਹੁੰਚੇ, ਉਸ ਵੇਲੇ ਭਗਤ, ਮਹਾਰਾਜ ਜੀ ਦੇ ਦਰਸ਼ਨ ਕਰਕੇ ਨਿਹਾਲ ਗਦ ੨ ਹੋਏ। ਜਦੋਂ ਸਾਰੇ ਭਗਤ ਮਹਾਰਾਜ ਸਾਹਿਬ ਨੂੰ ਕਾਂਸ਼ੀ ਤੋਂ ਵਿਦਾ ਕਰਨ ਬਾਹਰ ਆਏ, ਤਾਂ ਭਗਤ ਸ੍ਰੀ ਕਬੀਰ ਸਾਹਿਬ ਜੀ ਦੀ ਉਮਰ ਉਸ ਵੇਲ਼ੇ ੧੦੬ ਵ੍ਰ੍ਹੇ ਸੀ। ਆਪ ਜੀ ਪੰਚਕੋਸ਼ੀ ਤੋਂ ਆ ਰਹੇ ਸਨ, ਵਡੈ ਭਾਗਿ ਭੇਟੇ ਗੁਰਦੇਵਾ॥ ਅਨੁਸਾਰ ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਵੱਡਿਆਂ ਭਾਗਾਂ ਕਰਕੇ ਹੋਏ। ਗੁਰੂ ਮਹਾਰਾਜ ਸੱਚੇ ਪਾਤਿਸਾਹ ਜੀ ਨੇ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ ਕੇ ਨਿਹਾਲ ਕੀਤੇ। ਇਸ ਅਨੁਸਾਰ ਕਹਿ ਰਹੇ ਹਨ ਕਿ ਏਕੁ ਜੁ (ਸਾਧੂ)ਸਤਿਗੁਰੂ ਨਾਨਕ ਦੇਵ ਮਹਾਰਾਜ ਸੱਚੇ ਪਾਤਿਸਾਹ ਜੀ, (ਮੋਹਿ)ਦਾਨ ਦਾਸ ਨੂੰ (ਮਿਲਿਓ)ਮਿਲੇ, (ਤਿਨ੍ਹਿ)ਤਿਨ੍ਹਾਂ ਨੇ ਕ੍ਰਿਪਾ ਕਰਕੇ, ਦਾਸਨਦਾਸ ਨੂੰ ਆਪਣੇ ਸ਼ਰਨ ਰੂਪੀ (ਅੰਚਲਿ)ਪੱਲੇ ਲਾਇ ਲੀਆ। ਦਾਸਨ ਦਾਸ ਨਿਹਾਲ ੩ ਹੋ ਗਿਆ।

ਕਬੀਰ. ਬੈਦੁ ਕਹੈ ਹਉ ਹੀ ਭਲਾ; ਦਾਰੂ ਮੇਰੈ ਵਸਿ॥ ਵਾਹਿਗੁਰੂ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਸ਼ੁਭ ਉਪਦੇਸ਼ ਫ਼ੁਰਮਾਉਂਦੇ ਹਨ:- ਬੈਦੁ (ਕਹੈ)ਕਹਿੰਦਾ ਹੈ, (ਹਉ)ਮੈਂ ਹੀ (ਭਲਾ)ਚੰਗਾ ਹਾਂ, ਦਾਰੂ ਦੇਣੀ (ਮੇਰੈ)ਮੇਰੇ ਵਸਿ ਹੈ। ਦ੍ਾਵਾ ਕਰਦਾ ਹੈ ਕਿ ਮੈਂ ਬੰਦੇ ਨੂੰ ਮਰਨ ਨਹੀਂ ਦੇਵਾਂਗਾ।

ਇਹ ਤਉ ਬਸਤੁ ਗੁਪਾਲ ਕੀ; ਜਬ ਭਾਵੈ ਲੇਇ ਖਸਿ॥੭੯॥ ਹੇ ਭਾਈ! ਇਹ ਚੇਤਨ ਸੱਤਾ ਰੂਪ ਅਥਵਾ ਜ਼ਿੰਦ ਜਾਨ (ਬਸਤੁ)ਵਸਤੂ, (ਤਉ)ਤਾਂ, (ਗੁਪਾਲ)ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ॥ (ਸ੍ਰੀ ਦਸਮ) ਵਾਹਿਗੁਰੂ ਜੀ (ਕੀ)ਦੀ ਹੈ, (ਜਬ)ਜਦੋਂ (ਭਾਵੈ)ਚਾਹੁਣ ਉਦੋਂ ਹੀ (ਖਸਿ)ਖਿੱਚ (ਲੇਇ)ਲੈਂਦੇ ਹਨ॥੭੯॥ ਯਥਾ:- ਜਬ ਅਪੁਨੀ ਜੋਤਿ. ਖਿੰਚਹਿ ਤੂ ਸੁਆਮੀ; ਤਬ ਕੋਈ. ਕਰਉ ਦਿਖਾ ਵਖਿਆਨਾ॥) ਨਹ ਬਾਰਿਕ. ਨਹ ਜੋਬਨੈ; ਨਹ ਬਿਰਧੀ ਕਛੁ ਬੰਧੁ॥ ਓਹ ਬੇਰਾ. ਨਹ ਬੂਝੀਐ; ਜਉ ਆਇ ਪਰੈ ਜਮ ਫੰਧੁ॥) ਜੈਸੇ ਕਿਰਸਾਣੁ; ਬੋਵੈ ਕਿਰਸਾਨੀ॥ ਕਾਚੀ ਪਾਕੀ; ਬਾਢਿ ਪਰਾਨੀ॥੧॥) ਜੜੀ ਬੂਟੀ ਜੇ ਜੀਵੀਏ, ਕਿਉਂ ਮਰੈ ਧਨੰਤਰ॥) ਚਾਰੇ ਕੁੰਟ, ਕਾਲ ਕੇ ਵੱਸ। ਕਹਾਂ ਜਾਈਏ, ਕਾਲ ਤੇ ਨੱਸ।

ਮਃ ੨॥ ਵੈਦਾ. ਵੈਦੁ ਸੁਵੈਦੁ ਤੂ; ਪਹਿਲਾਂ ਰੋਗੁ ਪਛਾਣੁ॥ ਐਸਾ ਦਾਰੂ. ਲੋੜਿ ਲਹੁ; ਜਿਤੁ ਵੰਞੈ ਰੋਗਾ ਘਾਣਿ॥ ਜਿਤੁ ਦਾਰੂ. ਰੋਗ ਉਠਿਅਹਿ; ਤਨਿ ਸੁਖੁ ਵਸੈ ਆਇ॥ ਰੋਗੁ ਗਵਾਇਹਿ ਆਪਣਾ; ਤ ਨਾਨਕ. ਵੈਦੁ ਸਦਾਇ॥੨॥ ਵੈਦ ਨੂੰ ਸਿੱਖਿਆ ਹੈ, ਲੱਗਿਓ ਆਦਿ ਕੋ ਹਉਮੈ ਰੋਗੂ॥) ਹਉਮੈ ਦੀਰਘ ਰੋਗੁ ਹੈ; ਦਾਰੂ ਭੀ ਇਸੁ ਮਾਹਿ॥ ਵੈਦ ਜੀ ਗੁਰ ਪੂਰੇ ਦੇ ਸੱਚੇ ਚਰਨੀਂ ਲੱਗ ਕੇ, ਅਪਨਾ ਰੋਗ ਹਉਮੈ ਰੋਗ ਨਵਿਰਤ ਕਰਨ। ਬਾਣੀ ਨੂੰ ਕੌੜਾ ਬੋਲਣ ਦਾ ਰੋਗ ਹੈ, ਸ੍ਰੀਰ 'ਚ ਭੀ ਰੋਗ ਹਨ ਇਨ੍ਹਾਂ ਰੋਗਾਂ ਤੋਂ ਆਪ ਬਚਣ, ਹੋਰਨਾਂ ਨੂੰ ਬਚਾਉਣ। ਸੋ ਵੈਦ ਨੂੰ ਬੁਰਾ ਨਹੀਂ ਕਿਹਾ, ਵੈਦ ਨੂੰ ਸਮਝ ਸੂਝ ਦਿੱਤੀ ਹੈ। ਉਸ ਦੀ ਭੀ ਕਲਿਆਣ ਲਈ, ਉਸ ਨੂੰ ਚੇਤੰਨ ਕੀਤਾ ਹੈ। ਦੁਆਈ ਗ਼ਲਤ ਦੇਣ ਤੋਂ ਬਹੁਤ ਸਾਰੇ ਮਰੀਜ਼ ਚੜ੍ਹਾਈ ਕਰ ਜਾਂਦੇ ਹਨ। ਵੈਦ ਜੀ ਆਪ ਨਾਮ ਜਪਣ ਹੋਰਨਾਂ ਤੋਂ ਜਪਾਉਣ। ਦੁਆਈ ਨਾਲ ਪ੍ਰਹੇਜ਼ ਨਾਮ ਜਪਣ ਬਾਰੇ ਭੀ ਦੱਸਣ। ਰੋਗ ਬੁੱਝਣ ਦਾਰੂ ਬੁੱਝਣ ਸੁਜਾਣ ਵੈਦ ਬਨਣ। ਯਥਾ:- ਮਹਲਾ ੨॥ ਨਾਨਕ. ਪਰਖੇ ਆਪ ਕਉ; ਤਾ ਪਾਰਖੁ ਜਾਣੁ॥ ਰੋਗੁ ਦਾਰੂ ਦੋਵੈ ਬੁਝੈ; ਤਾ ਵੈਦੁ ਸੁਜਾਣੁ॥

ਕਬੀਰ. ਨਉਬਤਿ ਆਪਨੀ; ਦਿਨ ਦਸ ਲੇਹੁ ਬਜਾਇ॥ ਨਦੀ ਨਾਵ ਸੰਜੋਗ ਜਿਉ; ਬਹੁਰਿ. ਨ ਮਿਲਹੈ ਆਇ॥੮੦॥ {ਧਰਤੀ ਉਪਰਿ ਕੋਟ ਗੜ; ਕੇਤੀ ਗਈ ਵਜਾਇ॥ ਜੋ ਅਸਮਾਨਿ. ਨ ਮਾਵਨੀ; ਤਿਨ ਨਕਿ. ਨਥਾ ਪਾਇ॥ ਚੌਹਾਂ ਜੁੱਗਾਂ 'ਚ, ਕ੍ਰੋੜਾਂ ਹੀ ਜ਼ਾਲਮ ਹੋਏ ਹਨ, ਜਿਨ੍ਹਾਂ ਨੇ ਪਰ ਇਸਤ੍ਰੀਆਂ ਖੋਹੀਆਂ, ਜਿਵੇਂ ਅਹਿਮਦਸ਼ਾਹ ਅਬਦਾਲੀ ਨੇ, ਹਿੰਦ 'ਚੋਂ ਅਠਾਰਾਂ ਹਜ਼ਾਰ, ਬਾਈ ਹਜ਼ਾਰ, ਤੀਹ ਹਜ਼ਾਰ ਬੀਬੀਆਂ ਲੁੱਟੀਆਂ, ਗਜ਼ਨੀ 'ਚ ਟਕੇ

Sri Satguru Jagjit Singh Ji eLibrary NamdhariElibrary@gmail.com

੨ ਨੂੰ ਵੇਚੀਆਂ। ਇਸ ਤਰ੍ਹਾਂ ਸੋਨੇ ਹੀਰੇ ਜਵਾਹਰਾਤਾਂ, ਦੂਜੀ ਧਰਤੀ ਖੋਹਣ ਲਈ ਬੜੇ ਹੀ ਜ਼ੋਰ ਜ਼ੁਲਮ ਕਰਦੇ ਰਹੇ, ਖ਼ੂਨ ਦੀਆਂ ਨਦੀਆਂ ਵਗਾਉਂਦੇ ਰਹੇ। ਲੋਕਾਂ ਦੇ ਘਰਾਂ ਨੂੰ ਸਾੜ ਦਿੰਦੇ, ਮਸੂਮਾਂ ਨੂੰ ਕਤਲ ਕਰ ਦਿੰਦੇ। ਬਾਬਰ ਜਾਬਰ ਵਾਂਗ ਸਾੜ ਫੂਕ ਬਹੁਤ ਕਰਦੇ, ਫੇਰ ਖੁਸ਼ੀ 'ਚ ਆ ਕੇ ਜਸ਼ਨ ਮਨਾਉਂਦੇ, ਨੱਗਾਰੇ ਵਜਾਉਂਦੇ।}
ਵਾਹਿਗੁਰੂ ਬ੍ਰਹਮ ਸਰੂਪ, ਸ੍ਰੀ ਕਬੀਰ ਸਾਹਿਬ ਜੀ ਸ਼ੁਭ ਸੱਚਾ ਵੈਰਾਗਮਈ ਉਪਦੇਸ਼ ਫ਼ੁਰਮਾਉਂਦੇ ਹਨ:- ਹੇ ਭਾਈ! ਸੰਸਾਰ 'ਤੇ ਜ਼ੋਰ ਜ਼ੁਲਮ ਕਰਕੇ, ਆਪਨੀ ਜਿੱਤ ਦੇ (ਨਉਬਤਿ)ਵੱਡੇ ਨਗਾਰੇ, ਦਸ ਦਿਨ (ਬਜਾਇ)ਵਜਾ (ਲੇਹੁ)ਲੈਣਾ ਕਰ॥ ਯਥਾ:- ਜੀਤ ਫਿਰੈ. ਸਭ ਦੇਸ ਦਿਸਾਨ ਕੋ; ਬਾਜਤ ਢੋਲ ਮ੍ਰਿਦੰਗ ਨਗਾਰੇ॥ ਗੁੰਜਤ ਗੂੜ ਗਜਾਨ ਕੇ ਸੁੰਦਰ; ਹਿੰਸਤ ਹੀ ਹਯਰਾਜ ਹਜਾਰੇ॥ ਅਥਵਾ ਹੇ ਭਾਈ! ਆਪ ਪਰਉਪਕਾਰ ਕਰਨ ਕਰਾਉਣ, ਕੀਰਤਨ ਸਿੱਖਣ ਸਿੱਖਾਉਣ, ਕਥਾ ਸਿੱਖਣ ਸਿੱਖਾਉਣ, ਸੰਥਾ ਕਰਨ ਕਰਾਉਣ, ਆਪਣੇ ਅੰਦਰ ਅਜਪਾ ਜਾਪ ਕਰਨ ਰੂਪ (ਨਉਬਤਿ)ਵੱਡਾ ਨਗਾਰਾ, ਦਸ ਦਿਨ ਵਜਾ ਲੈ, ਭਾਵ ਵੈਰਾਗ ਧਾਰ ਕੇ ਸਿਮਰਨ ਪਰਉਪਕਾਰ ਕਰ ਲੈ। (ਜਿਉ)ਜਿਵੇਂ ਨਦੀ 'ਚ (ਨਾਵ)ਬੇੜੀ 'ਤੇ ਚੜ੍ਹੇ, ਜੀਆਂ ਦਾ (ਸੰਜੋਗ)ਮਿਲਾਪ ਹੁੰਦਾ ਹੈ। ਬੇੜੀ ਡੁੱਬਣ ਤੋਂ, ਜੀਅ ਮਰਨ ਤੋਂ (ਬਹੁਰਿ)ਮੁੜ ਕੇ, ਉਸ ਬੇੜੀ 'ਚ (ਆਇ)ਆ ਕੇ (ਨ)ਨਹੀਂ (ਮਿਲਹੈ)ਮਿਲਦੇ। ਅਥਵਾ ਨਦੀ 'ਚ ਬੇੜੀ ਨਾਲ ਪਾਣੀ ਦਾ (ਸੰਜੋਗ)ਮਿਲਾਪ ਟਕਰਾ ਹੁੰਦਾ ਹੈ, ਅਗਾਂਹ ਚਲਿਆ ਜਾਂਦਾ ਹੈ, ਮੁੜ ਕੇ ਵਾਪਿਸ ਨਹੀਂ ਆਉਂਦਾ, ਇਸੇ ਤਰ੍ਹਾਂ ਹੇ ਜੀਵ! ਉਸ ਆਪਣੇ ਰਾਜ ਭਾਗ ਨੂੰ ਜਿਹੜਾ ਜ਼ੋਰ ਜ਼ੁਲਮ ਨਾਲ ਬਣਾਇਆ ਸੀ, ਮੁੜ ਕੇ ਆਇ ਕੇ (ਨ)ਨਹੀਂ ਦੇਖੇਂਗਾ। ਯਥਾ:- ਵੈ ਸੁਤ ਵੈ ਬਿਤ, ਵੈ ਪੁਰ ਪਾਟਨ; ਬਹੁਰਿ. ਨ ਦੇਖੈ ਆਇ॥) ਨਦੀਆ ਵਾਹ ਵਿਛੁੰਨਿਆ; ਮੇਲਾ ਸੰਜੋਗੀ ਰਾਮ॥) ਸੁਪਨ ਚਰਿਤ੍ਰ ਚਿਤ੍ਰ, ਜਾਗਤ ਨ ਦੇਖਿਯਤ; ਤਾਰਿਕਾ ਮੰਡਲ. ਪਰਭਾਤਿ ਨ ਦਿਖਾਈਐ॥ ਤਰਵਰ ਛਾਯਾ ਲਗ ਦੀਰਘ ਚਪਲ ਬਲ; ਤੀਰਥ ਪੁਰਬ ਜਾਤ੍ਰਾ. ਥਿਰ ਨ ਰਹਾਈਐ॥ ਨਦੀ ਨਾਵ ਕੋ ਸੰਜੋਗ ਲੋਗ. ਬਹੁਰਯੋ ਨ ਮਿਲੈ; ਗੰਧਰਬ ਨਗਰ ਮ੍ਰਿਗ ਤ੍ਰਿਸ਼ਨਾ ਬਿਲਾਈਐ॥ (ਕਬਿਤ ੧੧੭) ਇਸੇ ਤਰ੍ਹਾਂ ਇਸ ਸੰਸਾਰ 'ਤੇ ਤੂੰ ਜੋ ਜ਼ੋਰ ਜ਼ੁਲਮ ਪਾਪ ਕਰਕੇ, ਲਹੂ ਦੀਆਂ ਨਦੀਆਂ ਵਗਾਈਆਂ ਹਨ, ਜਿੱਤ ਦੇ ਵਾਜੇ ਵਜਾਏ ਹਨ, ਆਪਣੇ ਆਪ ਨੂੰ ਵੱਡਾ ਕਹਾਇਆ, ਛਤਰਾਂ ਦੀ ਛਾਇਆ ਹੇਠ ਤੁਰਿਆ ਹੈਂ, ਮਰ ਕੇ ਨੰਗਾ ਜਾਵੇਂਗਾ। ਯਥਾ:- ਨਾਂਗੇ ਆਵਨੁ; ਨਾਂਗੇ ਜਾਨਾ॥ ਕੋਇ. ਨ ਰਹਿ ਹੈ; ਰਾਜਾ ਰਾਨਾ॥) ਨੰਗਾ ਦੋਜਕਿ ਚਾਲਿਆ; ਤਾ ਦਿਸੈ ਖਰਾ ਡਰਾਵਣਾ॥ ਇੱਥੋਂ ਸੰਸਾਰ ਤੋਂ ਗੁਨਾਹ ਲੈ ਕੇ ਜਾਵੇਂਗਾ, ਜਿਸ ਕਰਕੇ ਜਮ ਡੰਡ ਸਹਾਰਨੇ ਪੈਣਗੇ। ਇਹ ਬੜੀ ਭਾਰੀ ਵੈਰਾਗਮਈ ਸਿੱਖਿਆ ਹੈ, ਇਸ ਨੂੰ ਪੜ੍ਹ ਕੇ, ਜੀਵ ਜ਼ੋਰ ਜ਼ੁਲਮ ਨ ਕਰੇ, ਕੰਨਾਂ ਨੂੰ ਹੱਥ ਲਾ ਕੇ, ਗੁਰ ਪੂਰੇ ਜੀ ਨੂੰ ਨਮਸਕਾਰ ਕਰੇ॥੮੦॥

ਮੱਸੁ- ਕਬੀਰ. ਸਾਤ ਸਮੁੰਦਹਿ ਮਸੁ ਕਰਉ; ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ; ਹਰਿ ਜਸੁ. ਲਿਖਨੁ ਨ ਜਾਇ॥੮੧॥ {ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਅਕਾਲ ਪੁਰਖ ਜੀ ਅੰਦਰ ਬਾਹਰ ਪ੍ਰਗਟ ਹਨ। ਸਭ ਅਵਾਜ਼ਾਂ 'ਚੋਂ ਰਾਮ ੨ ਜੀ ਸੁਣ ਰਹੇ ਹਨ। ਯਥਾ:- ਸਭੈ ਘਟ. ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥) ਕੇਤੀਆ ਖਾਣੀ. ਕੇਤੀਆ ਬਾਣੀ; ਜਿਤਨੀ ਅਨੰਤ ਬ੍ਰਹਮੰਡ ਦੀ ਰਚਨਾ ਹੈ, ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਸਾਰੀ ਰਚਨਾ ਗਾਉਂਦੀ ਜਾਪ ਕਰਦੀ, ਦਿਸ ਸੁਣ ਰਹੀ ਹੈ। ਵਾਹਿਗੁਰੂ ਨਿਰਗੁਨ ਬ੍ਰਹਮ ਜੀ, ਅਸੰਖ ਅਨੰਤ ਗੁਣਾਂ ਦੇ ਪ੍ਰਕਾਸ਼ ਨਿਰੰਕਾਰ ਹਰ ਪ੍ਰਾਣੀ ਦੇ ਅੰਦਰ ਬਾਹਰ ਜਾਪ ਕਰਦਿਆਂ, ਸਮੂੰਹ ਬ੍ਰਹਮੰਡਾਂ 'ਚ ਵਿਆਪਕ ਹੋ ਰਹੇ ਹਨ। ਅਨੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ 'ਚ ਵਸ ਰਹੀ ਹੈ, ਉਹ ਰਚਨਾ 'ਚ ਵਸਦੇ ਹਨ। ਅਨੰਤ ਬ੍ਰਹਮੰਡ ਦੀ ਰਚਨਾ, ਉਨ੍ਹਾਂ ਦੇ ਸਰਗੁਨ ਸਰੂਪ ਜੀ ਹਨ।

Sri Satguru Jagjit Singh Ji eLibrary NamdhariElibrary@gmail.com

ਸਰਗੁਨ ਸਰੂਪ ਦੇ ਪਸਾਰੇ 'ਚ, ਅਸੰਖ ਸੂਰਜ ਜਪਦੇ ਹਨ। ਅਸੰਖ ਧਰਤੀਆਂ ਦਾ ਕਿਣਕਾ ੨, ਅਸੰਖ ਪਾਣੀ ਅਨੰਤ ਹਵਾਵਾਂ ਅਨੰਤ ਹੀ ਬ੍ਰਹਮਾ ਵਿਸ਼ਨੂੰ ਸਿਵ ਜੀ, ਅਸੰਖ ਭਗਤ ਹਰ ਸਮੇਂ ਜਾਪ ਜਪਦੇ ਹਨ। ਅਨੰਤ ਬ੍ਰਹਮੰਡ ਦੀ ਰਚਨਾ ਅਨੰਤ ਬ੍ਰਹਮੰਡਾਂ 'ਚ ਵਸਣ ਵਾਲੇ ਜੀਵ ਜੰਤ, ਸਮੁੰਦ੍ਰ ਉਨ੍ਹਾਂ 'ਚ ਵਸਣ ਵਾਲੇ ਜੀਵ, ਸਾਰੀ ਰਚਨਾ ਮਹਾਰਾਜ ਦਾ ਜਾਪ ਕਰ ਰਹੀ ਹੈ। ਯਥਾ:- ਜੋ ਜੋ ਰਚਿਓ; ਸੁ ਤਿਸਹਿ ਧਿਆਤਿ॥ ਬੇਅੰਤ ਗੁਰਮੁਖਿ ਪ੍ਰੇਮੀਂ ਅਨੰਤ ਬ੍ਰਹਮੰਡ ਦੀ ਰਚਨਾ 'ਚ ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥) ਇਕਿ ਨਿਰੰਕਾਰੀ; ਨਾਮ ਆਧਾਰਿ॥ ਅਨੁਸਾਰ ਹਰ ਵੇਲੇ ਜਾਪ ਕਰਦੇ ਰਹਿੰਦੇ ਹਨ। ਐਸੇ ਸ੍ਰਬ ਵਿਆਪੀ ਮਹਾਂ ਵਿਸਮਾਦ ਬ੍ਰਹਮ ਵਾਹਿਗੁਰੂ ਜੀ ਦੀ ਸਾਖਿਆਤਤਾ ਕਬੀਰ ਸਾਹਿਬ ਜੀ ਨੂੰ ਹੋਈ ਹੈ। ਕਿਉਂਕਿ ਨਿਰਗੁਨ ਬ੍ਰਹਮ ਜੀ ਸ੍ਰਬ ਪ੍ਰਕਾਸ਼ਕ ਹਨ, ਸਾਰੇ ਜੱਗ ਦੇ ਜੀਵਨ ਰੂਪ, ਪ੍ਰੇਰਕ ਪ੍ਰਕਾਸ਼ਕ ਹਨ। ਨਿਰਗੁਨ ਬ੍ਰਹਮ 'ਚ ਅਸੰਖ ਚੜ੍ਹੇ ਸੂਰਜ ਚੰਦ, ਬ੍ਰਹਮ ਜੀ ਤੋਂ ਸੱਤਾ ਲੈ ਕੇ ਭੱਜ ਰਹੇ ਹਨ ਅਤੇ ਮਹਾਰਾਜ ਦਾ ਜਸ ਕਰਦੇ ਹਨ। ਅਸੰਖ ਧਰਤੀਆਂ ਹਵਾਵਾਂ ਜਾਪ ਕਰਦੀਆਂ ਹਨ। ਸਾਰੇ ਅਕਾਰ ਭੱਜੇ ਫਿਰਦੇ ਹਨ, ਸਾਡੇ ਅੰਦਰ ਬੇਅੰਤ ਜੀਅ ਭੱਜੇ ਫਿਰਦੇ, ਸਾਰੇ ਜਾਪ ਕਰ ਰਹੇ ਹਨ।}

ਕਬੀਰ. ਸਾਤ ਸਮੁੰਦਹਿ ਮਸੁ ਕਰਉ; ਕਲਮ ਕਰਉ ਬਨਰਾਇ॥ ਬਸੁਧਾ ਕਾਗਦੁ ਜਉ ਕਰਉ; ਹਰਿ ਜਸੁ. ਲਿਖਨੁ ਨ ਜਾਇ॥੯੧॥) ਬੇਸੁਮਾਰ ਅਥਾਹ ਅਗਨਤ ਅਤੋਲੈ॥ ਜਿਉ ਬੁਲਾਵਹੁ; ਤਿਉ ਨਾਨਕ ਦਾਸ ਬੋਲੈ॥) ਨਾਨਕ ਅਚਰਜੁ. ਅਚਰਜ ਸਿਉ ਮਿਲਿਆ; ਕਹਣਾ ਕਛੂ ਨ ਜਾਏ॥) ਬਿਸਮਨ ਬਿਸਮ ਰਹੇ ਬਿਸਮਾਦ॥ ਅਨੁਸਾਰ ਮਹਾਂ ਵਿਸਮਾਦਤਾਈ 'ਚ ਲੀਣ, ਪਰਮਪੂਜਨੀਕ ਸ੍ਰਬ ਵਿਆਪੀ ਪੂਰਨ ਬ੍ਰਹਮ ਜੀ ਦੇ ਅਵਤਾਰ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਾਵੇਂ ਦਾਸਨ ਦਾਸ (ਸਾਤ)ਸੱਤ (ਸਮੁੰਦਹਿ)ਸਮੁੰਦ੍ਰਾਂ ਦੀ, (ਮਸੁ)ਸ਼ਾਹੀ (ਕਰਉ)ਬਣਾਉਣਾ ਕਰੇ, (ਪੰਜ ਮਣ ਕੱਚੇ ਦਾ ਇੱਕ ਭਾਰ ਹੈ, ਸਾਰੀ ਬਨਸਾਪਤੀ ਦੇ ਬ੍ਰਿਛਾਂ ਦਾ ਇੱਕ ਇੱਕ ਪੱਤਾ ਲਿਆ ਜਾਵੇ, ੯੦ ਮਣ ਕੱਚੇ ਹੁੰਦੇ ਹਨ, ਅਠਾਰਾਂ ਭਾਰ ਬਣਦੇ ਹਨ। ਅਠਾਰਾਂ ਭਾਰ (ਬਨਰਾਇ)ਬਨਾਸਪਤੀ ਦੀਆਂ (ਕਲਮ)ਕਲਮਾਂ (ਕਰਉ)ਬਣਾਉਣਾ ਕਰੇ, (ਜਉ)ਜੇਕਰ ਸਾਰੀ (ਬਸੁਧਾ)ਧਰਤੀ ਦਾ ਕਾਗਦੁ (ਕਰਉ)ਬਨਾਉਣਾ ਕਰੇ, ਤਾਂ ਭੀ (ਹਰਿ)ਵਿਸਮਾਦ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਦਾ ਜਸੁ (ਲਿਖਨੁ)ਲਿਖਿਆ (ਨ)ਨਹੀਂ (ਜਾਇ)ਜਾਂਦਾ॥੯੧॥ ਕਿਉਂਕਿ, ਆਪੈ ਜਪਹੁ; ਆਪਨਾ ਜਾਪੁ॥ ਅਨੁਸਾਰ ਉਹ ਆਪਣਾ ਜਾਪ, ਆਪ ਹਰ ਵੇਲੇ ਕਰ ਰਹੇ ਹਨ। ਯਥਾ:- ਨਾਨਕ. ਕਾਗਦ ਲਖ ਮਣਾ; ਪੜਿ ਪੜਿ ਕੀਚੈ ਭਾਉ॥ ਮਸੂ. ਤੋਟਿ ਨ ਆਵਈ; ਲੇਖਣਿ. ਪਉਣੁ ਚਲਾਉ॥ ਭੀ ਤੇਰੀ ਕੀਮਤਿ. ਨਾ ਪਵੈ; ਹਉ. ਕੇਵਡੁ ਆਖਾ ਨਾਉ॥) ਕਾਗਦ ਦੀਪ ਸਭੈ ਕਰਿ ਕੈ; ਅਰੁ ਸਾਤ ਸਮ�ुੰਦ੍ਰਨ ਕੀ ਮਸੁ ਕੈਹੋ॥ ਕਾਟ ਬਨਾਸਪਤੀ ਸਗਰੀ; ਲਿਖਬੇ ਹੂੰ ਕੇ ਲੇਖਨ ਕਾਜ ਬਨੈ ਹੋ॥ ਸਾਰੁਸਤੀ ਬਕਤਾ ਕਰਿਕੈ; ਜੁਗ ਕੋਟ ਗਨੇਸ ਕੇ ਹਾਥ ਲਿਖੈ ਹੋ॥ ਕਾਲ ਕ੍ਰਿਪਾਨ ਬਿਨਾ ਬਿਨਤੀ; ਨਾ ਤਊ ਤੁਮ ਕੋ ਪ੍ਰਭ ਨੈਕ ਰਿਝੈ ਹੋ॥ (ਬਚਿਤ੍ਰ ਨਾਟਕ) ਕਹਾ ਲਗੈ; ਇਹੁ ਕੀਟ ਬਖਾਨੈ॥ ਮਹਿਮਾ ਤੋਰਿ; ਤੁਹੀ ਪ੍ਰਭ ਜਾਨੈ॥ ਪਿਤਾ ਜਨਮ; ਜਿਮ ਪੂਤ ਨ ਪਾਵੈ॥ ਕਹਾ ਤਵਨ ਕਾ; ਭੇਦ ਬਤਾਵੈ॥੪॥ ਮਹਾਂ ਵਿਸਮਾਦ ਪ੍ਰੇਮ ਬੇਨਤੀ:- ਭਾਵੇਂ ਵਾਹਿਗੁਰੂ ਜੀ ਦਾ ਜਸੁ ਲਿਖਿਆ ਨਹੀਂ ਜਾਂਦਾ ਤਾਂ ਭੀ ਲਿਖਣਾ ਬਹੁਤ ਹੀ ਜਰੂਰੀ ਹੈ, ਲਿਖਣ ਦਾ ਅਤੋਟ ਫ਼ਲ ਹੈ। ਯਥਾ:- ਲਿਖੁ ਨਾਮੁ. ਸਾਲਾਹ ਲਿਖੁ; ਲਿਖੁ. ਅੰਤੁ ਨ ਪਾਰਾਵਾਰੁ॥) ਹਰਿ ਜਸੁ ਲਿਖਹਿ. ਲਾਇ ਭਾਵਨੀ; ਸੇ ਹਸਤ ਪਵਿਤਾ॥) ਸੇ ਕਰ ਭਲੇ; ਜਿਨੀ ਹਰਿ ਜਸੁ ਲੇਖਾ॥)

ਕਬੀਰ. ਜਾਤਿ ਜੁਲਾਹਾ ਕਿਆ ਕਰੈ; ਹਿਰਦੈ ਬਸੇ ਗੁਪਾਲ॥ ਕਬੀਰ. ਰਮਈਆ ਕੰਠਿ ਮਿਲੁ; ਚੂਕਹਿ ਸਰਬ ਜੰਜਾਲ॥੯੨॥ ਕਿਸੇ ਹੰਕਾਰੀ ਵਿੱਦਵਾਨ ਨੇ ਭਗਤ ਕਬੀਰ ਸਾਹਿਬ ਜੀ ਨਾਲ ਚਰਚਾ ਕੀਤੀ, ਹਾਰ ਕੇ ਖਿਝ ਗਿਆ, ਕਹਿੰਦਾ "ਤੂੰ ਜਿਤਨਾ ਮਰਜ਼ੀ ਯਤਨ ਕਰ ਲੈ, ਭਾਵੇਂ ਜਿਤਨਾ ਮਰਜ਼ੀ ਦੁਨੀਆਂ ਨੂੰ ਮਗਰ ਲਾ ਲੈ,

Sri Satguru Jagjit Singh Ji eLibrary NamdhariElibrary@gmail.com

ਠੱਗੀ ਮਾਰੀ ਜਾ, ਪਰ ਤੂੰ ਤਾਂ ਜੁਲਾਹਾ ਹੈਂ, ਤੇਰੀ ਮੁਕਤੀ ਨਹੀਂ ਹੋ ਸਕਦੀ, ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਦੇ ਅੰਦਰ ਬਾਹਰ, ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਨਿਰਗੁਣ ਬ੍ਰਹਮ ਜੀ ਸਾਖਿਆਤ ਹੋ ਰਹੇ ਹਨ। ਬਿਅਦਬੀ ਦੇ ਬਚਨ ਕਹਿਣ ਤੋਂ, ਆਪ ਜੀ ਦੇ ਮਨ 'ਤੇ ਕੋਈ ਭੀ ਅਸਰ ਨਹੀਂ ਹੋਇਆ, ਬੜੇ ਦੀਰਘ ਆਸ਼ੇ, ਸਹਿਣਸੀਲਤਾ ਨਾਲ ਗੁਰਬਾਣੀ ਜੀ ਉਚਾਰ ਰਹੇ ਹਨ:- ਜਾਤਿ ਜੁਲਾਹਾ; ਮਤਿ ਕਾ ਧੀਰੁ॥ ਸਹਜਿ ਸਹਜਿ; ਗੁਣ ਰਮੈ ਕਬੀਰੁ॥) ਦਾਸਨ ਦਾਸ ਦੀ ਜਾਤਿ ਜੁਲਾਹਾ (ਕਿਆ)ਕੀ (ਕਰੈ)ਕਰੇਗੀ, ਭਾਵ ਕੀ ਵਿਗਾੜੇਗੀ? ਦਾਸਨ ਦਾਸ ਦੇ ਹਿਰਦੈ ਅੰਦਰ (ਗੁਪਾਲ)ਆਦਿ ਅਜੋਨਿ ਅਜੈ ਅਬਿਨਾਸੀ; ਤਿਹ ਪਰਮੇਸਰ ਜਾਨੋ॥ ਸ੍ਰਬ ਵਿਆਪੀ ਵਾਹਿਗੁਰੂ ਜੀ (ਬਸੇ)ਵਸ ਰਹੇ ਹਨ। ਯਥਾ:- ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਛਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥੧॥ ਪਉੜੀ॥ ਛੰਕਾ; ਖਟੁ ਸਾਸਤ੍ਰ ਹੋਇ ਛਿਆਤਾ॥ ਪੂਰਕੁ ਕੁੰਭਕ; ਰੇਚਕ ਕਰਮਾਤਾ॥ ਛਿਆਨ ਧਿਆਨ; ਤੀਰਥ ਇਸਨਾਨੀ॥ ਸੋਮਪਾਕ ਅਪਰਸ ਉਦਿਆਨੀ॥ ਰਾਮ ਨਾਮ ਸੰਗਿ; ਮਨਿ ਨਹੀ ਹੇਤਾ॥ ਜੋ ਕਛੁ ਕੀਨੋ; ਸੋਊ ਅਨੇਤਾ॥ ਉਆ ਤੇ; ਊਤਮੁ ਗਨਉ ਚੰਡਾਲਾ॥ ਨਾਨਕ ਜਿਹ ਮਨਿ ਬਸਹਿ ਗੁਪਾਲਾ॥੧੬॥

ਕਬੀਰ. ਰਮਈਆ ਕੰਠਿ ਮਿਲੁ; ਚੂਕਹਿ ਸਰਬ ਜੰਜਾਲ॥੮੨॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਕਬੀਰ)ਵੱਡੇ (ਰਮਈਆ)ਬਿਆਪਿਕ ਰਾਮ ਸਗਲ ਸਾਮਾਨ॥੧੪॥ ਵਿਆਪਕ ਰਾਮ ਜੀ ਦੇ ਨਿਰਗੁਨ (ਕੰਠਿ)ਗਲ਼ ਨਾਲ, ਦਾਸਨ ਦਾਸ ਕਬੀਰ ਮਿਲੁ ਗਿਆ ਹੈ, ਭਾਵ ਨਿਰਗੁਨ 'ਚ ਲੀਣ ਹੋ ਗਿਆ ਹੈ। ਅਕਾਲ ਪੁਰਖ ਜੀ ਨੇ ਆਪਣੇ ਸਰਗੁਨ ਸਰੂਪ ਧਾਰ ਕੇ ਆਪਣੇ ਗਲ਼ੇ ਨਾਲ ਭੀ ਲਾ ਲਿਆ ਹੈ। ਹਿਰਦੇ ਰੋਮ ੨ 'ਚ, ਵਾਹਿਗੁਰੂ ਜੀ ਵਸ ਗਏ ਹਨ। ਦਾਸਨ ਦਾਸ ਦੇ (ਸਰਬ)ਸਾਰੇ ਔਗੁਣਾਂ ਪਾਪਾਂ ਵਿਕਾਰਾਂ ਹੰਕਾਰ ਦੇ (ਜੰਜਾਲ)ਬੰਧਨ (ਚੂਕਹਿ)ਚੁੱਕੇ, ਕੱਟੇ ਗਏ॥੮੨॥ ਯਥਾ:- ਕਰਿ ਕਿਰਪਾ.ਦੀਓ ਮੋਹਿ ਨਾਮਾ; ਬੰਧਨ ਤੇ ਛੁਟਕਾਏ॥ ਮਨ ਤੇ ਬਿਸਰਿਓ.ਸਗਲੋ ਧੰਧਾ; ਗੁਰ ਕੀ ਚਰਣੀ ਲਾਏ॥ ਰਾਮ ਜੀ ਹੁਣ ਸਾਡੇ ਅੰਦਰ ਬਾਹਰ, ਅਸੰਖ ਗੁਣਾਂ ਸਹਿਤ ਅਸੰਖ ਨੂਰ ਭਰਪੂਰ ਹੋ ਰਹੇ ਹਨ, ਅਸੰਖ ਬ੍ਰਹਮੰਡਾਂ ਅੰਦਰ ਵਿਆਪਕ, ਹਰ ਦੇਹੀ ਅੰਦਰ ਵਿਆਪਕ ਹੋ ਰਹੇ ਹਨ। ਸਾਰੀਆਂ ਘਟਾਂ ਦੇ ਮਾਲਕ, ਸਭ ਦੇ ਅੰਤਰਜਾਮੀ, ਸਾਰੀਆਂ ਧਰਤੀਆਂ ਕ੍ਰੋੜਾਂ ਸੂਰਜਾਂ ਚੰਦ੍ਰਮਿਆਂ ਨੂੰ ਭਜਾ ਰਹੇ ਹਨ, ਇਨ੍ਹਾਂ ਨੂੰ ਪ੍ਰਕਾਸ਼ ਦੇ ਰਹੇ ਹਨ, ਅਸੰਖ ਉਤਪਤੀਆਂ ਪਾਲਣਾ, ਲੈਤਾ ਕਰਦਿਆਂ ਨਿਰਲੇਪ ਭੀ ਹੋ ਰਹੇ ਹਨ। ਐਸੇ ਪ੍ਰਕਾਸ਼ਕ ਪ੍ਰੇਰਕ ਜਿਨ੍ਹਾਂ ਦੀ ਉੱਜਲ ਜੋਤ ਨਾਲ ਸਾਡੀ ਜ਼ਿੰਦ ਜਾਨ ਚੱਲ ਰਹੀ ਹੈ, ਅੱਖਾਂ ਵੇਖ ਰਹੀਆਂ, ਬੋਲ ਸੁਣ ਰਹੇ ਹਾਂ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਕਬੀਰ. ਮੇਰੀ ਜਾਤਿ ਕਉ; ਸਭੁ ਕੋ ਹਸਨੇਹਾਰੁ॥ ਬਲਿਹਾਰੀ ਇਸ ਜਾਤਿ ਕਉ; ਜਿਹ ਜਪਿਓ ਸਿਰਜਨਹਾਰੁ॥੨॥) ਤੂੰ ਬ੍ਰਹਮਨੁ ਮੈ ਕਾਸੀਕ ਜੁਲਹਾ; ਮੁਹਿ ਤੋਹਿ ਬਰਾਬਰੀ. ਕੈਸੇ ਕੈ ਬਨਹਿ॥ ਹਮਰੇ ਰਾਮ ਨਾਮ ਕਹਿ ਉਬਰੇ; ਬੇਦੁ ਭਰੋਸੇ. ਪਾਂਡੇ ਡੂਬਿ ਮਰਹਿ॥) ਤੂੰ ਬਾਮ੍ਹਨੁ. ਮੈ ਕਾਸੀਕ ਜੁਲਹਾ; ਬੂਝਹੁ ਮੋਰ ਗਿਆਨਾ॥ ਤੁਮ੍ ਤਉ ਜਾਚੇ. ਭੂਪਤਿ ਰਾਜੇ; ਹਰਿ ਸਉ. ਮੋਰ ਧਿਆਨਾ॥ ਇਸ 'ਚ ਮਹਾਂਪੁਰਸ਼ਾਂ ਦਾ ਦੀਰਘ ਆਸ਼ਾ ਹੈ ਕਿ ਜਿਹੜੇ ਪ੍ਰੇਮੀ ਪਹਿਲਾਂ ਕਬੀਰ ਸਾਹਿਬ ਜੀ ਤੋਂ ਗੁਰਮੰਤ੍ਰ ਪ੍ਰਾਪਤ ਕਰਕੇ, ਸੇਵਕ ਸਿੱਖ ਬਣ ਚੁੱਕੇ ਹਨ, ਉਹ ਡੋਲਣ ਨ, ਜਿਹੜੇ ਨਵੇਂ ਬਣਨ ਵਾਲੇ ਹਨ ਉਨ੍ਹਾਂ ਦੇ ਮਨ ਅੰਦਰ ਕੋਈ ਰੋਕ ਨ ਪਵੇ, ਜਿਵੇਂ ਧੜਾ- ਧੜ ਕਬੀਰ ਸਾਹਿਬ ਜੀ ਤੋਂ ਉਪਦੇਸ਼ ਲੈ ਰਹੇ ਸਨ, ਬਹੁਤੇ ਬੰਦੇ ਜ਼ਾਤੀ ਨਫ਼ਰਤ ਕਰਕੇ ਲਾਹਾ

Sri Satguru Jagjit Singh Ji eLibrary NamdhariElibrary@gmail.com

ਨਹੀਂ ਲੈ ਸਕੇ, ਸ੍ਰੀ ਕਬੀਰ ਸਾਹਿਬ ਜੀ ਦਾ ਭਾਵ ਇਹ ਸੀ ਕਿ ਬਹੁਤੇ ਜੀਵ ਲਾਹਾ ਲੈਣ। ਯਥਾ:- ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸ੍ਰਬੱਤ ਦਾ ਭਲਾ। ਦਾਸਨ ਦਾਸ ਨੂੰ ਜੁਲਾਹਾ ਸਮਝ ਕੇ, ਨਫ਼ਰਤ ਨ ਕਰਨ, ਜਿਹੜੇ ਪਹਿਲਾਂ ਕਬੀਰ ਸਾਹਿਬ ਜੀ ਦੇ ਸੇਵਕ ਸਨ, ਉਨ੍ਹਾਂ ਦੀ ਜੇ ਸ਼ਰਧਾ ਟੁੱਟ ਗਈ, ਤਾਂ ਉਨ੍ਹਾਂ ਦੀ ਕਲਿਆਣ ਨਹੀਂ ਹੋਣੀ, ਨਵੇਂ ਬਣਨ ਵਾਲਿਆਂ ਦੇ ਮਨ 'ਚ ਸ਼ੰਕਾ ਨ ਹੋਵੇ। ਜਿਹੜੇ ਨਵੇਂ ਬਣ ਜਾਣ, ਉਹ ਭੀ ਨਿਸਚਾ ਭਰੋਸਾ ਰੱਖਣ ਕਿ ਜੋ ਕਬੀਰ ਸਾਹਿਬ ਜੀ ਕਹਿ ਰਹੇ ਹਨ, ਗੁਪਾਲ ਜੀ ਨੂੰ ਪ੍ਰਾਪਤ ਕਰਕੇ, ਹਿਰਦੇ 'ਚ ਵਸਾ ਕੇ, ਕਮਾ ਕੇ, ਸਰਗੁਨ ਜੀ ਦੇ ਸੁੰਦਰ ਦਰਸ਼ਨ ਕਰਕੇ ਕਹਿ ਰਹੇ ਹਨ, ਉਸ ਤਰ੍ਹਾਂ ਤਾਂ ਸਾਰੀ ਦੁਨੀਆਂ ਕਹਿੰਦੀ ਹੈ ਕਿ ਮੈਂ ਪ੍ਰਮਾਤਮਾ ਜੀ ਨੂੰ ਪਾ ਲਿਆ ਹੈ। ਸੋ ਮਹਾਂਪੁਰਸ਼ਾਂ ਦਾ ਬੋਲਣਾ, ਜ਼ਾਤੀ ਨਫ਼ਰਤ ਮੇਟਣ ਲਈ ਹੈ, ਦਾਸਨ ਦਾਸ ਦੇ ਰਿਦੇ 'ਚ, ਗੁਪਾਲ ਜੀ ਵਸਦੇ ਹਨ, ਦਾਸ ਦਾ ਜ਼ਾਤੀ ਨਾਲ ਕੋਈ ਸਬੰਧ ਨਹੀਂ ਹੈ।}

ਕਬੀਰ. ਐਸਾ ਕੋ ਨਹੀ; ਮੰਦਰ ਦੇਇ ਜਰਾਇ॥ ਪਾਂਚਉ ਲਰਿਕੇ. ਮਾਰਿ ਕੈ; ਰਹੈ ਰਾਮ ਲਿਉ ਲਾਇ॥੮੩॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਐਸਾ ਕੋ ਨਹੀ, ਆਪਣੇ (ਮੰਦਰੁ)ਘਰ, ਸ੍ਰੀਰ ਨੂੰ, ਪੂਰਨ ਗੁਰੂ ਜੀ ਨੂੰ ਅਰਪਣ, ਗੁਰੂ ਜੀ ਤੋਂ ਕੁਰਬਾਨ ਕਰਨ ਰੂਪ (ਜਰਾਇ)ਸਾੜ (ਦੇਇ)ਦੇਵੇ ਭਾਵ ਸਪੁੱਤ੍ਰ ਪਰਿਵਾਰ ਜ਼ਮੀਨ ਜ਼ਾਇਦਾਦ ਸਭ ਕੁੱਝ, ਪੂਰਨ ਗੁਰੂ ਜੀ ਲਈ ਕੁਰਬਾਨ ਕਰ ਦੇਵੇ। ਕਾਮ ਕ੍ਰੋਧ ਲੋਭ ਮੋਹ ਹੰਕਾਰ, ਮਾਇਆ ਦੇ, (ਪਾਂਚਉ)ਪੰਜ (ਲਰਿਕੇ)ਲੜਕੇ, ਮਾਰਿ (ਕੈ)ਕੇ, (ਰਾਮ)ਵਿਆਪਕ ਵਾਹਿਗੁਰੂ ਜੀ 'ਚ (ਲਿਉ)ਲਿਵ (ਲਾਇ)ਲਾ ਕੇ ਰਹੈ॥੮੩॥ ਯਥਾ:- ਧਾਵਉ ਦਸਾ ਅਨੇਕ; ਪ੍ਰੇਮ ਪ੍ਰਭ ਕਾਰਣੇ॥ ਪੰਚ ਸਤਾਵਹਿ ਦੂਤ; ਕਵਨ ਬਿਧਿ ਮਾਰਣੇ॥ ਤੀਖਣ ਬਾਣ ਚਲਾਇ; ਨਾਮੁ ਪ੍ਰਭ ਧ੍ਯਾਈਐ॥ ਹਰਿਹਾਂ ਮਹਾਂ ਬਿਖਾਦੀ ਘਾਤ; ਪੂਰਨ ਗੁਰੁ ਪਾਈਐ॥੧੬॥

ਕਬੀਰ. ਐਸਾ ਕੋ ਨਹੀ; ਇਹ ਤਨ ਦੇਵੈ ਫੂਕਿ॥ ਪੂਰਨ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਐਸਾ (ਕੋ)ਕੋਈ ਨਹੀ, ਜਿਹੜਾ ਇਹੁ (ਤਨੁ)ਸ੍ਰੀਰ, ਸੁਆਸ ੨ ਵਾਹਿਗੁਰੂ ਜਪਣ ਰੂਪੀ ਅੱਗ ਨਾਲ, ਪੂਰਨ ਗੁਰੂ ਜੀ ਤੋਂ ਕੁਰਬਾਨ ਕਰਨ ਰੂਪ ਫੂਕਿ ਦੇਵੈ, ਬਹੁਤ ਡੂੰਘੇ ਭਾਵ ਹਨ, ਇਸ ਸ੍ਰੀਰ ਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਔਗੁਣ ਦੋਸ਼ ਸਾੜ ਰਹੇ ਹਨ, ਇਸ ਸ੍ਰੀਰ ਨੂੰ ਫ਼ੂਕ ਦੇਵੇ ਭਾਵ ਗੁਰੂ ਸਾਹਿਬ ਜੀ ਅਰਥ ਕੁਰਬਾਨ ਕਰ ਦੇਵੇ। ਜਿਵੇਂ ਮੰਦਰ ਦਾ ਫ਼ੂਕਣਾ ਇਹ ਹੈ, ਕਿ ਬਈ ਇਹ ਗੁਰੂ ਜੀ ਦੇ ਅਰਥ ਖਰਚ ਦੇਵੇ। ਅਥਵਾ ਸਤਿਗੁਰਾਂ ਬਿਨਾ ਐਸਾ ਕੋਈ ਭੀ ਨਹੀ ਹੈ। ਜੋ ਦਾਸਨ ਦਾਸ ਦੇ, ਇਹੁ ਜੋ (ਤਨੁ)ਦੇਹ ਅਭਿਮਾਨ ਹੈ, ਇਸ ਨੂੰ ਸੁਆਸ ੨ ਵਾਹਿਗੁਰੂ ਜਪਣ ਰੂਪੀ ਅੱਗ ਨਾਲ ਫੂਕਿ ਦੇਣ। ਯਥਾ:- ਗੁਰ ਨਾਲਿ ਤੁਲਿ. ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥) ਜੈਸਾ ਤੂ ਤੈਸਾ ਤੁਹੀ; ਕਿਆ ਉਪਮਾ ਦੀਜੈ॥) ਤੇਰਾ ਸਰੀਕੁ ਕੋ ਨਾਹੀ; ਜਿਸਨੋ ਲਵੈ ਲਾਇ ਸੁਣਾਇਆ॥

ਅੰਧਾ ਲੋਗੁ. ਨ ਜਾਨਈ; ਰਹਿਓ ਕਬੀਰਾ. ਕੂਕਿ॥੮੪॥ ਦਾਸਨ ਦਾਸ ਕਬੀਰਾ ਕੂਕਿ (ਰਹਿਓ)ਰਿਹਾ ਹੈ, ਕਿ ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣ ਦੋਸ਼, ਸ੍ਰੀਰ ਨੂੰ ਸਾੜ ਰਹੇ ਹਨ। ਅੰਧੇ. ਏਹਿ ਨ ਆਖੀਅਨਿ; ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ; ਖਸਮਹੁ ਘੁਥੇ ਜਾਹਿ॥੧॥ ਅਨੁਸਾਰ ਵਾਹਿਗੁਰੂ ਜੀ ਨੂੰ ਭੁੱਲੇ ਹੋਏ (ਅੰਧਾ)ਅੰਨ੍ਹਾ (ਲੋਗੁ)ਲੋਕ (ਨ)ਨਹੀਂ (ਜਾਨਈ)ਜਾਣਦਾ, ਕਿ ਇਹ ਵੈਰੀ ਹਨ। ਯਥਾ:- ਰਾਮੁ ਸੰਗੀ; ਤਿਸੁ ਗਤਿ ਨਹੀ ਜਾਨਹਿ॥ ਪੰਚ ਬਟਵਾਰੇ; ਸੇ ਮੀਤ ਕਰਿ ਮਾਨਹਿ॥ ਅੰਧਾ ਲੋਗੁ ਇਨ੍ਹਾਂ ਨੂੰ ਮਿੱਤ੍ਰ ਬਣਾਈ ਬੈਠਾ ਹੈ। ਪੂਰਨ ਗੁਰੂ ਜੀ ਦੀ ਮਹਾਂ ਵਿਸਮਾਦ ਸ਼ੁਭ ਸੱਚੀ ਸ਼ਰਨ ਪੈਣੇ ਕਰਕੇ, ਇਨ੍ਹਾਂ ਨੂੰ ਫ਼ੂਕ ਦੇਣਗੇ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਸਤੀ ਪੁਕਾਰੈ, ਚਿਹ ਚੜੀ; ਸੁਨੁਹੋ ਬੀਰ ਮਸਾਨ॥ ਲੋਗੁ ਸਬਾਇਆ. ਚਲਿ ਗਇਓ; ਹਮ ਤੁਮ ਕਾਮੁ ਨਿਦਾਨ॥੮੫॥੧:- ਗੰਦਾ ਸਮਾਜ, ਜਨਾਨੀ ਨੂੰ ਮਰੇ ਪਤੀ ਨਾਲ, ਧੱਕੇ ਨਾਲ, ਸਾੜ ਦਿੰਦਾ। ਜ਼ਿੰਦਾ ਜੀਅ ਨੂੰ ਸਾੜ ਦੇਣਾ, ਬਹੁਤ ਵੱਡਾ ਬੱਜਰ ਪਾਪ ਹੈ। ਵਾਹਿਗੁਰੂ ਸਤਿਗੁਰੂ ਤੀਜੇ ਪਾਤਿਸ਼ਾਹ ਮਹਾਰਾਜ ਜੀ ਨੇ ਸਤੀ ਦੀ ਮਰਯਾਦਾ ਬੰਦ ਕੀਤੀ। ਯਥਾ:- ਸਤੀਆ. ਏਹਿ ਨ ਆਖੀਅਨਿ; ਜੋ. ਮੜਿਆ ਲਗਿ ਜਲੰਨ੍ਹਿ॥ ਨਾਨਕ. ਸਤੀਆ ਜਾਣੀਅਨ੍ਹਿ; ਜਿ ਬਿਰਹੇ ਚੋਟ ਮਰੰਨ੍ਹਿ॥ ਬੰਦਗੀ ਸੇਵਾ ਕਰਨ ਲਈ ਅਮੋਲਕ ਮਨੁੱਖਾ ਜਨਮ ਮਿਲਿਆ ਹੈ। ਜਿਉਂਦੀ ਦੇਹ ਨੂੰ,ਧੱਕੇ ਨਾਲ ਸਾੜਨ ਵਾਲਿਆਂ ਨੂੰ ਚਿਤਾਵਨੀ ਦੇ ਰਹੇ ਹਨ, ਤੁਸੀਂ ਧੱਕੇ ਨਾਲ ਸਾੜ ਰਹੇ ਹੋਂ, ਤੁਹਾਡੇ 'ਤੇ ਭੀ ਮਹਾਂ ਕਸ਼ਟਾਂ ਸਹਿਤ ਮਰਨਾ ਸੜਨਾ ਆ ਰਿਹਾ ਹੈ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ, ਹਰ ਗੱਲ 'ਚੋਂ ਸਿੱਖਿਆ ਧਾਰਨ ਕਰਕੇ, ਅੱਗੇ ਪੂਰਨ ਵੈਰਾਗਮਈ ਉਪਦੇਸ਼ ਬਖ਼ਸ਼ਦੇ ਹਨ:- ਮੂਏ ਪਤੀ ਨਾਲ, ਚਿਖਾ 'ਤੇ ਜ਼ਿੰਦਾ ਸੜਨ ਵਾਲੀ (ਸਤੀ)ਪਤੀਬ੍ਰਤਾ, (ਚਿਹ)ਚਿਖਾ 'ਤੇ ਚੜੀ, ਉੱਚੀ (ਪੁਕਾਰੈ)ਪੁਕਾਰ ਰਹੀ ਹੈ, (ਮਸਾਨ)ਸ਼ਮਸ਼ਾਨ ਭੂਮੀ 'ਚ ਆਏ, ਹੇ (ਬੀਰ)ਭਰਾਵੋ! ਕੰਨ ਦੇ ਕੇ (ਸੁਨੁਹੋ)ਸੁਣੋ! (ਸਬਾਇਆ)ਸਾਰੇ ਲੋਗੁ, ਪੂਰਾਂ ਦੇ ਪੂਰ ਚਲਿ (ਗਇਓ)ਗਏ ਹਨ, ਅੱਜ ਤੁਸੀਂ ਮੈਨੂੰ ਧੱਕੇ ਨਾਲ ਸਾੜਨ ਆਏ ਹੋਂ, ਪਰ ਇਹ ਯਾਦ ਰੱਖ ਲਉ, (ਤੁਮ)ਤੁਹਾਡਾ (ਹਮ)ਸਭ ਦਾ, ਚਿਖਾ 'ਤੇ ਚੜ੍ਨ ਸੜਨ ਮੱਚਣ ਦਾ, (ਨਿਦਾਨ)ਅੰਤ ਨੂੰ (ਕਾਮੁ)ਕੰਮ ਬਣੇਗਾ। ਅਥਵਾ ਗੁਰਸੇਵਕ ਜੀ ਰੂਪੀ ਸਤੀ, ਪ੍ਰੇਮਾ- ਭਗਤੀ ਰੂਪੀ, (ਚਿਹ)ਚਿਖਾ 'ਤੇ ਚੜੀ, ਉੱਚੀ (ਪੁਕਾਰੈ)ਪੁਕਾਰ ਰਹੀ ਹੈ, ਸੰਸਾਰ ਰੂਪੀ (ਮਸਾਨ)ਸ਼ਮਸ਼ਾਨ ਭੂਮੀ 'ਚ ਆਏ, ਹੇ (ਬੀਰ)ਭਰਾਵੋ! ਕੰਨ ਦੇ ਕੇ (ਸੁਨੁਹੋ)ਸੁਣੋ! (ਸਬਾਇਆ)ਸਾਰੇ ਲੋਗੁ, ਪੂਰਾਂ ਦੇ ਪੂਰ ਚਲਿ (ਗਇਓ)ਗਏ ਹਨ, ਪਰ ਇਹ ਯਾਦ ਰੱਖ ਲਉ, (ਤੁਮ)ਤੁਹਾਡਾ (ਹਮ)ਸਭ ਦਾ, (ਨਿਦਾਨ)ਅੰਤ ਨੂੰ ਸੜਨਾ ਮੱਚਣਾ (ਕਾਮੁ)ਕੰਮ ਬਣੇਗਾ, ਮਰਨਾ ਸੜਨਾ ਮੱਚਣਾ ਤੁਹਾਡੇ ਸਭ ਦੇ ਸਿਰ 'ਤੇ ਹੈ, ਇਸ ਲਈ ਮਰਨਾ ਚੇਤੇ ਕਰਕੇ, ਗੁਰੂ ਸੇਵਾ ਸਿਮਰਨ ਪਰਉਕਾਰ ਕਰਕੇ, ਭਾਰੀ ਲਾਹਾ ਸੁਖ ਲਵੋ॥੮੫॥ ਯਥਾ:- ਏਨੀ ਲੋਇਣੀ. ਦੇਖਦਿਆ; ਕੇਤੀ ਚਲਿ ਗਈ॥ ਫਰੀਦਾ. ਲੋਕਾਂ ਆਪੋ ਆਪਣੀ; ਮੈ ਆਪਣੀ ਪਈ॥) ਪਾਸਿ ਦਮਾਮੇ. ਛਤੁ ਸਿਰਿ; ਭੇਰੀ ਸਡੋ ਰਡ॥ ਜਾਇ ਸੁਤੇ ਜੀਰਾਣ ਮਹਿ; ਥੀਏ ਅਤੀਮਾ ਗਡ॥੪੫॥

ਕਬੀਰ. ਮਨੁ ਪੰਖੀ ਭਇਓ; ਉਡਿ ਉਡਿ ਦਹ ਦਿਸ ਜਾਇ॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਨੁ (ਪੰਖੀ)ਪੰਛੀ (ਭਇਓ)ਬਣਿਆਂ, ਵਿਕਾਰਾਂ ਪਦਾਰਥਾਂ ਮਾਇਆ ਵਾਸਨਾ 'ਚ ਉਡਿ ਉਡਿ ਕੇ, ਉੱਤ੍ਰ ਦੱਖਣ ਪੂਰਬ ਪੱਛਮ ਅਤੇ ਉੱਤ੍ਰ ਪੂਰਬ ਵਿਚਾਲੇ ਈਸਾਨ ਕੋਣ, ਪੂਰਬ ਦੱਖਣ ਵਿਚਾਲੇ ਅਗਨਿ ਕੋਣ, ਦੱਖਣ ਪੱਛਮ ਵਿਚਾਲੇ ਨੈਰਿਤੀ ਕੋਣ, ਪੱਛਮ ਉੱਤ੍ਰ ਵਿਚਾਲੇ ਵਾਇਵੀ ਕੋਣ। ਜ਼ਮੀਨ ਅਸਮਾਨ, (ਦਹ)ਦਸ (ਦਿਸੇ)ਦਿਸ਼ਾਂ 'ਚ (ਜਾਇ)ਜਾਂਦਾ ਹੈ। ਯਥਾ:- ਕਬਹੂ ਜੀਅੜਾ.ਊਭਿ ਚੜਤੁ ਹੈ;ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ.ਥਿਰੁ ਨ ਰਹਤੁ ਹੈ; ਚਾਰੇ ਕੁੰਡਾ ਭਾਲੇ॥੨॥)

ਜੋ ਜੈਸੀ ਸੰਗਤਿ ਮਿਲੈ; ਸੋ ਤੈਸੋ ਫਲੁ ਖਾਇ॥੮੬॥ ਇਹ ਜੋ ਚੰਚਲ ਮਨ ਹੈ, ਇਸ ਨੂੰ (ਜੈਸੀ)ਜਿਹੋ ਜਿਹੀ ਸੰਗਤਿ (ਮਿਲੈ)ਮਿਲਦੀ ਹੈ, (ਸੋ)ਉਸ ਸੰਗਤ ਅਨੁਸਾਰ (ਤੈਸੋ)ਤੈਸਾ ਹੀ ਫਲੁ (ਖਾਇ)ਖਾਂਦਾ ਹੈ॥੮੬॥

Sri Satguru Jagjit Singh Ji eLibrary NamdhariElibrary@gmail.com

ਚੰਗੀ ਸੰਗਤ ਹੋਣ ਨਾਲ ਚੰਗਾ ਫਲ਼ ਖਾਂਦਾ ਹੈ, ਸੁਖ ਮਿਲਦਾ ਹੈ, ਡਾਕੂਆਂ ਨਸ਼ਈਆਂ ਦੀ ਬੁਰੀ ਕੁਸੰਗਤ ਨਾਲ ਰੋਗ ਕੰਗਾਲਤਾਈ ਬਦਚਲਣੀ ਜੇਹਲ ਰੋਗ ਜਮਾਂ ਜੂਨਾਂ ਭੋਗਣ ਦਾ ਦੁੱਖ ਮਿਲਦਾ ਹੈ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਦੋ ਤੋਤੇ ਸਨ, ਇੱਕ ਨੂੰ ਚੋਰ ਮੁੱਲ ਲੈ ਗਏ, ਇੱਕ ਨੂੰ ਮਹਾਤਮਾ ਜੀ ਆਪਣੇ ਪਾਸ ਲੈ ਗਏ, ਮਹਾਤਮਾ ਜੀ ਤੋਤੇ ਨੂੰ ਹਰ ਵੇਲੇ ਵਾਹਿਗੁਰੂ ੨ ਕਹਾਉਂਦੇ, ਤੋਤਾ ਹਰ ਵੇਲੇ ਵਾਹਿਗੁਰੂ ੨ ਜਪਦਾ, ਜਿਹੜਾ ਪ੍ਰੇਮੀ ਮਹਾਤਮਾ ਜੀ ਕੋਲ ਜਾਂਦਾ ਉਸ ਨੂੰ ਪਿਆਰ ਨਾਲ ਕਹਿੰਦਾ, ਆਉ ਜੀ, ਜੀ ਆਇਆਂ ਨੂੰ। ਵਾਹਿਗੁਰੂ ਵਹਿਗੁਰੂ ਵਾਹਿਗੁਰੂ ਕਹਿਣ ਲੱਗ ਜਾਂਦਾ, ਜਿਹੜਾ ਜਾਂਦਾ ਉਹ ਦੇਖ ਕੇ ਹੈਰਾਨ ਹੋ ਜਾਂਦਾ, ਉਹ ਭੀ ਵਾਹਿਗੁਰੂ ਵਾਹਿਗੁਰੂ ਕਹਿਣ ਲੱਗ ਜਾਂਦਾ। ਜਿਹੜਾ ਚੋਰਾਂ ਦਾ ਤੋਤਾ ਸੀ ਉਸ ਨੂੰ ਉਜਾੜ 'ਚ ਬਿਠਾ ਦਿਤਾ, ਚੋਰ ਉੱਥੇ ਲੁਕੇ ਹੁੰਦੇ ਸਨ, ਜਦੋਂ ਕੋਈ ਕੋਲ਼ ਦੀ ਬੰਦਾ ਜਾਂਦਾ, ਕਹਿੰਦਾ ਆ ਗਿਆ ਖੋਹ ਲਉ ਲੁੱਟ ਲਉ, ਚੋਰ ਸਾਵਧਾਨ ਹੋ ਕੇ ਲੁੱਟ ਲੈਂਦੇ, ਇਉਂ ਜਿਵੇਂ, ਅਕ ਸਿਉ ਪ੍ਰੀਤਿ ਕਰੇ. ਅਕ ਤਿਡਾ; ਅਕ ਡਾਲੀ ਬਹਿ ਖਾਇ॥ ਅੱਕ ਦੀ (ਡਾਲੀ)ਟਾਹਣੀ 'ਤੇ ਬੈਠ ਕੇ ਟਿੱਡਾ ਅੱਕ ਖਾਂਦਾ ਹੈ, ਇਸੇ ਤਰ੍ਹਾਂ ਜਿਹੜੇ ਤੋਤੇ ਬਾਗਾਂ 'ਚ ਰਹਿੰਦੇ ਹਨ, ਉਹ ਫਲ਼ ਖਾਂਦੇ ਹਨ, ਜੈਸੀ ਸੰਗਤ ਵੈਸਾ ਰੰਗਤ।

ਦੂਜਾ ਦ੍ਰਿਸਟਾਂਤ:- ਬੰਦਾ ਸਿੰਘ ਜੀ ਵੈਰਾਗੀ ਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਜੀ ਵਿਖੇ, ਵਾਹਿਗੁਰੂ ਮਹੱਲੇ ਦਸਵੇਂ ਜੀ ਦੇ ਮਹਾਂ ਵਿਸਮਾਦ ਦਰਸ਼ਨ ਹੋਏ। ਮਹਾਰਾਜ ਸਾਹਿਬ ਜੀ ਅਜਪਾ ਜਾਪ 'ਚ ਲੀਣ ਹਨ। ਅੰਦਰ ਬਾਹਰ ਨਿਰਗੁਨ ਪ੍ਰਕਾਸ਼, ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਹੋ ਰਿਹਾ ਹੈ, ਬੰਦਾ ਬਹਾਦਰ ਸਿੰਘ ਜੀ ਦੇਖ ਕੇ ਵਿਸਮਾਦ ਹੋ ਗਏ, ਸਾਰੀ ਜ਼ਿੰਦਗੀ ਬੜੀ ਹੀ ਮਸੱਕਤ ਕੀਤੀ, ਪਰ ਫੇਰ ਭੀ ਪ੍ਰਾਪਤੀ ਨ ਹੋਈ। ਯਥਾ:- ਕਬੀਰ. ਮਹਿਦੀ ਕਰਿ ਘਾਲਿਆ; ਆਪੁ ਪੀਸਾਇ ਪੀਸਾਇ॥ ਤੈ ਸਹ. ਬਾਤ ਨ ਪੂਛੀਐ; ਕਬਹੁ ਨ ਲਾਈ ਪਾਇ॥੬੫॥ ਜਦੋਂ ਗੁਰਦੇਵ ਜੀ ਦੇ ਦਰਸ਼ਨ ਹੋਏ, ਵਿਸਮਾਦ ਵੱਡੇਭਾਗ ਹੋ ਗਏ। ਯਥਾ:- ਵਡੈ ਭਾਗਿ; ਭੇਟੇ ਗੁਰਦੇਵਾ॥ ਜਿਨ੍ਹਾਂ ਦੇ ਦਰਸ਼ਨਾਂ ਨੂੰ ਤਪੱਸਵੀ ਬੜਾ ਲੰਮਾ ਸਮਾਂ ਤਪ ਕਰਦੇ, ਜੋਗੀ ਜੋਗ ਸਾਧਦੇ, ਸਾਧਿਕ ਪੁਰਸ਼ ਸਾਧਨ ਕਰਦੇ, ਅੱਜ ਕੋਟਿ ਬ੍ਰਹਮੰਡ ਦੇ ਰਚਨਹਾਰ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਜੀ ਮਹਾਂ ਵਿਸਮਾਦ ਦਰਸ਼ਨ ਦੇ ਰਹੇ ਹਨ। ਐਸੀ ਵਿਸਮਾਦਤਾਈ ਹੋਈ, ਮਨ ਨਿਸ਼ਕਪਟ ਹੋ ਗਿਆ। ਮਹਾਰਾਜ ਸਾਹਿਬ ਜੀ ਕਿਹਾ, "ਭਾਈ! ਤੂੰ ਕੌਣ ਹੈਂ"? "ਜੀ ਦਾਸਨ ਦਾਸ, ਆਪ ਜੀ ਦਾ ਗਰੀਬ ਬੰਦਾ ਹੈ"। ਯਥਾ:- ਨਾਨਕੁ ਗਰੀਬੁ; ਬੰਦਾ ਜਨੁ ਤੇਰਾ॥ ਰਾਖਿ ਲੇਇ; ਸਾਹਿਬੁ ਪ੍ਰਭੁ ਮੇਰਾ॥ ਮਹਾਰਾਜ ਸਾਹਿਬ ਜੀ ਦੇ ਸੁਨੈਹਰੀ ਚੱਕਰ, ਉੱਚਾ ਗੁਰਮੁਖੀ ਦੁਮਾਲਾ, ਸ਼ਸ਼ਤ੍ਰਾਂ ਸਹਿਤ ਬੀਰ ਰਸੀ, ਪ੍ਰੇਮਾ- ਭਗਤੀ ਸਹਿਤ ਨੂਰੋ ਨੂਰ, ਨੂਰ ਹੀ ਨੂਰ ਸੁੰਦਰ ਚੇਹਰਾ ਦੇਖ ਕੇ ਵਿਸਮਾਦ ਦੰਗ ਰਹਿ ਗਏ। ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ, ਨਿਰਾਲੀ ਬਖ਼ਸ਼ਿਸ਼ ਕਰ ਦਿਤੀ, ਸਤਿਸੰਗਤ ਕਰਨ ਲੱਗ ਗਏ। ਪ੍ਰਭਾਵਿਤ ਹੋਇ, ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਸਤਿਗੁਰੂ ਸਾਹਿਬ ਜੀ ਦੇ ਖ਼ਾਸ ਮੁਰੀਦ ਗ਼ੁਲਾਮ ਗੋਲੇ ਦਾਸਨ ਦਾਸ ਬਣ ਗਏ। ਗੁਰੂ ਮਹਾਰਾਜ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ ਦੀ, ਮਹਾਂ ਵਿਸਮਾਦ ਅਮੋਲਕ ਛੋਹ ਨੂੰ ਪ੍ਰਾਪਤ ਹੋਣ ਤੋਂ, ਰੋਮ ੨ 'ਚੋਂ ਜਾਪ ਹੋਣ ਲੱਗਿਆ। ਯਥਾ:- ਸੁਣਤੇ ਪੁਨੀਤ. ਕਹਤੇ ਪਵਿਤ੍ਰ; ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ. ਵਾਜੇ ਅਨਹਦ ਤੂਰੇ॥ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਬੰਦੇ ਸਿੰਘ ਬਹਾਦਰ ਜੀ 'ਤੇ ਮਹਾਂ ਵਿਸਮਾਦ ਅਮੋਲਕ ਕ੍ਰਿਪਾ ਕਰਕੇ ਸਭ ਤੋਂ ਪਹਿਲਾ ਗੁਰੂ ਪੰਥ ਜੀ ਦੇ ਮੁਖੀ ਜਰਨੈਲ ਥਾਪੇ। ਜ਼ਾਲਮ ਹੰਕਾਰੀ ਵਜ਼ੀਦੇ ਦੇ ਜ਼ੁਲਮ ਅੱਤਿਆਚਾਰ ਬਹੁਤ ਵਧ ਚੁੱਕੇ ਸਨ। ਦੋਸ਼ੀਆਂ ਨੂੰ ਦੰਡ ਦੇਣ ਲਈ, ਜ਼ੁਲਮ ਦੇ ਨਾਸ 'ਤੇ ਧਰਮ ਦੇ ਪ੍ਰਕਾਸ਼ ਲਈ, ਇਨ੍ਹਾਂ ਦੀ ਰੱਖਿਆ ਸਹਾਇਤਾ ਲਈ ਪੰਜ ਪਿਆਰੇ, ਪੰਜ ਤੀਰ ਬਖ਼ਸ਼ ਕੇ, ਪੰਜਾਬ ਨੂੰ ਭੇਜੇ। ਯਥਾ:- ਹਮ ਇਹ ਕਾਜ; ਜਗਤ ਮੋ

Sri Satguru Jagjit Singh Ji eLibrary NamdhariElibrary@gmail.com

ਆਏ॥ ਧਰਮ ਹੇਤ; ਗੁਰਦੇਵ ਪਠਾਏ॥ ਜਹਾਂ ਤਹਾਂ; ਤੁਮ ਧਰਮ ਬਿਥਾਰੋ॥ ਦੁਸਟ ਦੋਖੀਯਨਿ; ਪਕਰਿ ਪਛਾਰੋ॥੪੨॥ ਸੋ ਬੰਦਾ ਸਿੰਘ ਜੀ ਬਹਾਦਰ ਨੇ ਪੂਰਨ ਗੁਰੂ ਜੀ, ਖ਼ਾਲਸਾ ਪੰਥ ਜੀ ਦਾ ਬਲ ਪਾ ਕੇ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਕੇ, ਕਿਲੇ 'ਤੇ ਕੇਸਰੀ ਸ੍ਰੀ ਨਿਸ਼ਾਨ ਸਾਹਿਬ ਜੀ ਝੁਲਾ ਦਿਤੇ। ਹੰਕਾਰੀ ਵਜ਼ੀਦੇ ਨੂੰ ਪਟਕਾਇਆ, ਸੁੱਚੇਨੰਦ ਨੂੰ ਘੱਗਰੀ ਪਾ ਕੇ ਨਚਾਇਆ। ਪੀਰ ਬੁੱਧੂਸ਼ਾਹ ਜੀ ਦੇ ਕਾਤਲ ਸਢੌਰੇ ਦੇ ਹਾਕਮ ਅਸਮਾਨ ਖਾਂ ਨੂੰ ਫਾਹੇ ਟੰਗ ਕੇ ਮਾਰਿਆ, ਲੋਹੇ ਦਾ ਸੁਹਾਗਾ ਫੇਰ ਦਿਤਾ, ਭਾਵ ਸਾਰੇ ਜ਼ਾਲਮ ਹੰਕਾਰੀਆਂ ਦੋਸ਼ੀਆਂ ਨੂੰ ਸਜ਼ਾ ਦਿੱਤੀ। ਯਥਾ:- ਜੈਕਾਰੁ ਕੀਓ. ਧਰਮੀਆ ਕਾ; ਪਾਪੀ ਕਉ. ਡੰਡੁ ਦੀਓਇ॥ ਭਟਕਦੇ ਫਿਰਦੇ ਨੂੰ ਜਦੋਂ ਧੰਨ ਗੁਰੂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਦਰਸ਼ਨ ਹੋਏ, ਬੰਦਾ ਸਿੰਘ ਜੀ ਬੀਰ ਬਹਾਦਰ ਦਲੇਰ ਕੇਹਰੀ ਸ਼ੇਰ ਨਿਰਭੈ ਜੋਧੇ ਬਣ ਗਏ। ਇਹ ਸਤਿਸੰਗਤ ਦਾ ਫ਼ਲ ਹੈ। ਇਸ ਤੋਂ ਸ਼ੁਭ ਸਿੱਖਿਆ ਕਿ ਹਮੇਸ਼ਾ ਹੀ ਮਹਾਂਪੁਰਸ਼ਾਂ ਜੀ ਦੀ ਸੇਵਾ ਸਤਿਸੰਗਤ ਕਰੋ। ਜਿਨੇ ਭੀ ਸੁਆਸ ਮਿਲੇ ਹਨ, ਪੂਰਨ ਗੁਰੂ ਜੀ, ਮਹਾਂਪੁਰਸ਼ਾਂ ਜੀ ਦੀ ਸ਼ੁਭ ਸੱਚੀ ਸੇਵਾ ਸੁਸੰਗਤ ਕਰਕੇ ਨਿਹਾਲ ਸਫ਼ਲੇ ਹੋਵੋ ਜੀ। ਯਥਾ:- ਗੁਰ ਸੇਵਾ ਤੇ ਭਗਤਿ ਕਮਾਈ॥ ਤਬ ਇਹ ਮਾਨਸ ਦੇਹੀ ਪਾਈ॥

ਕਬੀਰ. ਜਾ ਕਉ ਖੋਜਤੇ; ਪਾਇਓ ਸੋਈ ਠਉਰੁ॥ ਸੋਈ ਫਿਰਿ ਕੈ. ਤੂ ਭਇਆ; ਜਾ ਕਉ ਕਹਤਾ ਅਉਰੁ॥੮੭॥ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਨੂੰ, ਮਹਾਂ ਮਹਾਂ ਵਿਸਮਾਦ ਰੰਗ 'ਚ, ਅੰਦਰ ਬਾਹਰ ਨਿਰਗੁਣ ਜੀ, ਪ੍ਰਗਟ ਹੋ ਰਹੇ ਹਨ। ਅਜਪਾ ਜਾਪ ਵਾਹਿਗੁਰੂ ਜੀ ਆਪ ਜੀ ਨੂੰ ਅਨਤ ਕਲਾਵਾਨ ਸ੍ਰਬ ਵਿਆਪੀ ਮਹਾਂ ਵਿਸਮਾਦ ਪ੍ਰਕਾਸ਼ ਬਖ਼ਸ਼ ਰਹੇ ਹਨ। ਯਥਾ:- ਕਹੁ ਕਬੀਰ. ਗੂੰਗੈ ਗੁੜੁ ਖਾਇਆ; ਪੂਛੇ ਤੇ. ਕਿਆ ਕਹੀਐ॥) ਅਚਰਜੁ; ਕਿਛੁ. ਕਹਣੁ ਨ ਜਾਈ॥) ਨਾਨਕ. ਭਗਤ ਆਨੰਦ ਮੈ; ਪੇਖਿ ਪ੍ਰਭ ਕੀ ਧੀਰ॥ ਆਪਣੇ ਅਨੇਕ ਸਰਗੁਨ ਸਰੂਪ ਧਾਰ ਕੇ, ਅੰਦਰ ਬਾਹਰ ਦਰਸ਼ਨ ਦੇ ਰਹੇ ਹਨ। ਹੁਣ ਆਪਾ ਭਾਵ ਨਹੀਂ ਫ਼ੁਰ ਰਿਹਾ। ਤੂੰਹੀ ਤੂੰਹੀ ਦਾ ਬਹੁਤ ਜ਼ਿਆਦਾ ਅਭਿਆਸ ਹੋ ਚੁੱਕਾ ਹੈ। ਆਪਿ ਜਪਾਏ; ਜਪੈ ਸੋ ਨਾਉ॥ ਆਪ ਹੀ ਆਪਣਾ ਨਾਮ ਜਪਾਉਂਦੇ ਹਨ, ਆਪਿ ਜਪਾਏ; ਤ ਨਾਨਕ ਜਾਪ॥ ਹੋ ਰਿਹਾ ਹੈ। ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ, ਅਵਰੁ ਨ ਕੋਇ॥ ਅਨੁਸਾਰ ਅਕਾਲ ਜੀ ਵੱਲੋਂ ਦਿਲ ਦਿਮਾਗ਼ 'ਚ ਗੁਰਬਾਣੀ ਜੀ ਉਤਰ ਰਹੇ ਹਨ। ਉਸ ਅਨੁਸਾਰ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਾ)ਜਿਨ੍ਹਾਂ ਪੂਰਨ ਬ੍ਰਹਮ ਜੀ (ਕਉ)ਨੂੰ, ਦਾਸਨ ਦਾਸ ਬੜੇ ਚਿਰ ਤੋਂ (ਖੋਜਤੇ)ਖੋਜ ਰਿਹਾ ਸੀ। (ਸੋਈ)ਓਹੀ (ਠਉਰੁ)ਟਿਕਾਣਾ, ਅੰਦਰ ਬਾਹਰ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ, ਵਾਹਿਗੁਰੂ ਬ੍ਰਹਮ ਜੀ, ਸੁਆਮੀ ਰਾਮਾਨੰਦ ਜੀ ਦੀ ਸਤਿਸੰਗਤ ਜੀ ਦੁਆਰਾ, (ਪਾਇਓ)ਪਾ ਲਏ ਹਨ। ਐਸਾ ਟਿਕਾਣਾ ਪਾਇਆ ਜਿੱਥੇ ਹੁਣ ਇੱਕ ਵਾਰੀ ਮੇਲ ਹੋਣ ਤੋਂ ਵਿਛੋੜਾ ਨਹੀਂ ਹੈ। ਕੋਟਿ ਬ੍ਰਹਮੰਡ ਨੂੰ ਰਚ ਕੇ ਇਨ੍ਹਾਂ 'ਚ ਵਿਆਪਕ ਹੋ ਰਹੇ ਹਨ। ਸਾਰੇ ਜੀਆਂ ਦੇ ਜੀਵਨ ਰੂਪ ਹਨ। ਯਥਾ:- ਸਭੁ ਜਗਜੀਵਨੁ ਜਗਿ. ਆਪਿ ਹੈ; ਨਾਨਕ. ਜਲੁ ਜਲਹਿ ਸਮਾਇ॥ ਸਭ ਦੀ ਹਰਕਤ ਕਰਵਾ ਰਹੇ ਹਨ। ਅੰਦਰ ਬਾਹਰ ਨਿਰਗੁਨ ਸਰਗੁਣ ਜੀ ਦੇ ਮਹਾਂ ਵਿਸਮਾਦ ਦਰਸ਼ਨ ਹੋ ਰਹੇ ਹਨ। ਅਬਿਨਾਸੀ ਸੁਖ; ਆਪਨ ਆਸਨ॥ ਤਹ ਜਨਮ ਮਰਨ; ਕਹੁ ਕਹਾ ਬਿਨਾਸਨ॥) ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥

ਸੋਈ ਫਿਰਿ ਕੈ. ਤੂ ਭਇਆ; ਜਾ ਕਉ ਕਹਤਾ ਅਉਰੁ॥੮੭॥ ਅਗਿਆਨ ਕਾਲ ਅੰਦਰ ਹਉ ਹਉ ਕਰੇ; ਤੈ ਆਪੁ ਜਣਾਏ॥ ਆਪਾ ਭਾਵ ਫ਼ੁਰਦਾ ਸੀ, ਉਸ ਵੇਲੇ (ਜਾ)ਜਿਨ੍ਹਾਂ (ਕਉ)ਨੂੰ (ਅਉਰੁ)ਹੋਰ, (ਕਹਤਾ)ਕਹਿੰਦਾ

Sri Satguru Jagjit Singh Ji eLibrary NamdhariElibrary@gmail.com

ਸੀ, ਬਈ ਮਹਾਰਾਜ ਸਾਹਿਬ ਜੀ, ਦਾਸਨ ਦਾਸ ਨਾਲੋਂ ਵੱਖਰੇ ਹਨ, ਦੂਰ ਸਮਝਦਾ ਸੀ। ਹੇ ਕਬੀਰ! ਤੂ (ਫਿਰਿ)ਉਲਟ (ਕੈ)ਕੇ, (ਸੋਈ)ਓਹੀ ਬ੍ਰਹਮ ਸਰੂਪ ਹੀ (ਭਇਆ)ਹੋ ਗਿਆ ਹੈਂ॥੮੭॥ ਯਥਾ:- ਹਮ ਓਇ ਮਿਲਿ; ਹੋਏ ਇਕ ਰੰਗਾ॥) ਅੰਤਰਿ ਬਸੇ; ਬਾਹਰਿ ਭੀ ਓਹੀ॥ ਨਾਨਕ. ਦਰਸਨੁ ਦੇਖਿ; ਸਭ ਮੋਹੀ॥੪॥) ਕਬੀਰ. ਤੂੰ ਤੂੰ ਕਰਤਾ, ਤੂ ਹੂਆ; ਮੁਝ ਮਹਿ. ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ. ਤਤ ਤੂ॥) ਖੁਦੀ ਮਿਟੀ. ਤਬ ਸੁਖ ਭਏ; ਮਨ ਤਨ ਭਏ ਅਰੋਗ॥ ਨਾਨਕ. ਦ੍ਰਿਸਟੀ ਆਇਆ; ਉਸਤਤਿ ਕਰਨੈ ਜੋਗੁ॥) ਕਹੁ ਨਾਨਕ; ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥)

ਕਬੀਰ. ਮਾਰੀ ਮਰਉ ਕੁਸੰਗ ਕੀ; ਕੇਲੇ ਨਿਕਟਿ ਜੁ ਬੇਰਿ॥ ਉਹ ਝੂਲੈ. ਉਹ ਚੀਰੀਐ; ਸਾਕਤ ਸੰਗੁ ਨ ਹੇਰਿ॥੮੮॥ ਵਾਹਿਗੁਰੂ ਅਕਾਲ ਪੁਰਖ ਜੀ, ਸ੍ਰੀ ਕਬੀਰ ਸਾਹਿਬ ਜੀ ਦੀ ਰਸਨਾ 'ਤੇ ਵਸ ਕੇ, ਗੁਰਬਾਣੀ ਜੀ ਉਚਰਵਾ ਰਹੇ ਹਨ, ਕੁਸੰਗ ਦੋਸ਼ ਦੱਸਦੇ ਹਨ, ਕੁਸੰਗਤ ਕਰਨੇ ਕਰਕੇ, ਜੀਵ ਤਬਾਹ ਬਰਬਾਦ ਹੋ ਜਾਂਦਾ ਹੈ। ਸਾਵਧਾਨਤਾ ਬਖ਼ਸ਼ਣ ਲਈ, ਵਾਹਿਗੁਰੂ ਅਕਾਲ ਪੁਰਖ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਭਾਈ ਸਾਰੀ ਸ੍ਰਿਸ਼ਟੀ (ਕੁਸੰਗ)ਖੋਟੇ ਸੰਗ (ਕੀ)ਦੀ ਮਾਰੀ, (ਮਰਉ)ਮਰ ਰਹੀ ਹੈ, (ਜੁ)ਜਿਵੇਂ ਕੇਲੇ ਦੇ (ਨਿਕਟਿ)ਨੇੜੇ, ਕੰਡਿਆਂ ਵਾਲੀ (ਬੇਰਿ)ਬੇਰੀ ਹੋਵੇ। ਸਾਡੇ ਕਲਿਜੁੱਗੀ ਜੀਆਂ ਅੰਦਰ, ਕਾਮ ਕ੍ਰੋਧ ਲੋਭ ਮੋਹ ਹੰਕਾਰ ਪਰ ਗ੍ਰਿਹ ਵਿਕਾਰੀ ਚੋਰੀ, ਜੀਆਂ ਨੂੰ ਕਤਲ ਕਰਨ ਦੇ ਜਿਤਨੇ ਭੀ ਮਾੜੇ ਸੰਕਲਪ ਫ਼ੁਰਦੇ ਹਨ, ਇਹ ਭੀ ਕੁਸੰਗ ਹੈ, ਜਿਸ ਤਰ੍ਹਾਂ ਬਾਹਰੋਂ ਬੇਰੀ ਤੇ ਕੇਲੇ ਦਾ ਸ੍ਰੀਰਕ ਤੌਰ ਤੇ ਕੁਸੰਗ ਹੈ, ਅਸੀਂ ਸ੍ਰੀਰਕ ਤੌਰ ਤੇ ਭੀ, ਕੁਸੰਗ ਨਹੀਂ ਕਰਨਾ। ਮਾਨਸਿਕ ਤੌਰ ਤੇ ਭੀ, ਜਿਹੜੇ ਇੰਦ੍ਰੇ ਹਨ, ਅੱਖਾਂ ਰੂਪ ਦੇਖਣ ਵੱਲ ਜਾਂਦੀਆਂ ਹਨ, ਕੰਨ ਨਿੰਦਾ ਚੁਗਲੀ ਵਿਕਾਰ ਦੀ ਗੱਲ ਸੁਣਦੇ ਹਨ, ਚਮੜੀ ਸਪਰਸ 'ਚ ਲਗਦੀ ਹੈ, ਜ਼ਬਾਨ ਝੂਠ ਬੋਲਦੀ ਹੈ, ਰਸਨਾ ਸੁਆਦ 'ਚ ਲੱਗਦੀ ਹੈ, ਵਿਸ਼ਿਆਂ ਨੂੰ ਦੇਖ ਕੇ ਵਿਸ਼ਿਆਂ ਨੂੰ ਸੁਣ ਕੇ ਵਿਸ਼ਿਆਂ ਦਾ ਸਪਰਸ ਕਰਕੇ ਖੁਸ਼ ਹੁੰਦੇ ਹਾਂ। ਇਹ ਸਭ ਦੁੱਖ ਕਸ਼ਟ ਵਿਜੋਗ ਰੂਪ ਹਨ। ਇਨ੍ਹਾਂ 'ਚ ਤ੍ਰਿਪਤੀ ਨਹੀਂ ਦੁੱਖ ਹੀ ਦੁੱਖ ਹਨ। ਯਥਾ:- ਮਝ ਭਰਿ; ਦੁਖ ਬਦੁਖ॥ ਇਹ ਸਪਰਸ ਮਾਤ੍ਰ ਸੁਆਦ ਹਨ। ਖਿਨ ਮਹਿ. ਕਉੜੇ ਹੋਇ ਗਏ; ਜਿਤੜੇ ਮਾਇਆ ਭੋਗ॥ ਇਹ ਰੋਗ ਦਾ ਰੂਪ ਧਾਰਦੇ ਹਨ। ਇਸ ਲਈ ਇਹ ਭੀ ਕੁਸੰਗ ਹੈ, ਜਿਤਨਾ ਚਿਰ ਇਹ ਰਿਦੇ ਸ੍ਰੀਰ 'ਚ ਹਨ, ਉਨ੍ਹਾਂ ਚਿਰ ਕੇਲੇ ਨਿਕਟਿ ਬੇਰ ਵਾਂਗ ਹੈ। ਹੇਰਿ ਅਰਥ ਹੈ ਦੇਖਣ ਦਾ, ਬਈ ਨਿਗ੍ਹਾ ਮਾਰ ਕੇ (ਹੇਰਿ)ਦੇਖ, ਇਨ੍ਹਾਂ ਦੇ ਕੁਸੰਗ ਦੇ ਕਿੱਡੇ ਵੱਡੇ ਘਾਟੇ ਹਨ, ਹਰ ਵੇਲੇ ਸ੍ਰੀਰ, ਮਹਾਰਾਜ ਦੇ ਵਿਜੋਗ 'ਚ, ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ ਭਗਵੰਤ॥ ਮ੍ਰਿਤਕ ਹੋ ਰਿਹਾ ਹੈ। ਸਉ ਓਲਾਮ੍ਹੇ. ਦਿਨੈ ਕੇ; ਰਾਤੀ ਮਿਲਨ੍ਹਿ ਸਹੰਸ॥ ਸਿਫਤਿ ਸਲਾਹਣੁ. ਛਡਿ ਕੈ; ਕਰੰਗੀ ਲਗਾ ਹੰਸੁ॥ ਅਨੁਸਾਰ ਚਾਰ ਚੁਫੇਰੇ ਤੋਂ, ਉਲਾਂਭੇ ਹੀ ਉਲਾਂਭੇ ਮਿਲਦੇ ਹਨ। ਮਰਨ ਦਾ ਕਸ਼ਟ ਭੀ ਬਹੁਤੋ ਬਹੁਤ ਹੈ:- ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥ ਮਰਨ ਤੋਂ ਬਾਦ ਭੀ ਜਮ ਮਾਰਗ ਧਰਮਰਾਜਾ ਦੇ ਕਸ਼ਟ, ਲਹੂ ਪਾਕ ਦੀ ਨਦੀ, ਦਫਤਰਿ ਲੇਖਾ ਨੀਕਸੈ ਮਾਰ ਮੁਹੈ ਮੁਹਿ ਖਾਇ॥ ਵਾਲੀ ਮਹਾਂ ਦੁਖੱਲੀ ਅਵਸਥਾ ਹੈ। ਫੇਰ ਨਾਨ੍ਹਾ ਜੂਨਾਂ 'ਚ, ਕਸ਼ਟ ਹੀ ਕਸ਼ਟ ਹਨ। ਯਥਾ:- ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥

ਉਹ ਝੂਲੈ. ਉਹ ਚੀਰੀਐ; ਸਾਕਤ ਸੰਗੁ ਨ ਹੇਰਿ॥੮੮॥ ਜਿਹੜਾ ਕੇਲਾ ਹੈ, ਉਹ ਮਸਤੀ ਨਾਲ (ਝੂਲੈ)ਝੂਲਦਾ ਹੈ, ਪਰ ਬੇਰੀ (ਉਹ)ਉਸ ਨੂੰ (ਚੀਰੀਐ)ਚੀਰਦੀ ਹੈ, ਇਸ ਤੋਂ ਸਿੱਖਿਆ ਲੈ ਕੇ, ਕੇਲੇ ਦਾ ਬੁਰਾ ਹਾਲ (ਹੇਰਿ)ਦੇਖ! ਇਸ ਲਈ (ਸਾਕਤ)ਨਾਸਤਕ ਗੁਰਦ੍ਰੋਹੀ ਅਕ੍ਰਿਤਘਣ ਨਿੰਦਕ ਕਪਟੀ, ਨਾਮ ਹੀਨ ਦਾ ਸੰਗੁ ਨ ਕਰ॥੮੮॥

Sri Satguru Jagjit Singh Ji eLibrary NamdhariElibrary@gmail.com

ਪ੍ਰੇਮਮਈ ਸ਼ੁਭ ਸਿੱਖਿਆ:- ਜਿਵੇਂ ਕੇਲਾ ਝੂਲਦਾ ਹੈ, ਤਿਵੇਂ ਗੁਰਮੁਖਿ ਭਜਨ ਸਿਮਰਨ ਬੰਦਗੀ ਕੀਰਤਨ ਕਥਾ ਕਰਦਿਆਂ, ਪ੍ਰੇਮ 'ਚ ਝੂਲਦੇ ਹਨ, ਕਿ ਬੇਰੀ ਵਾਂਗ ਨਿਕਟਵਰਤੀ ਸਾਕਤ ਨੂੰ ਭੀ ਸੁਖ ਹੋਵੇ, ਪਰ ਉਹ ਉਸ ਨੂੰ ਚੀਰਦਾ ਹੈ, ਸ਼ਰੀਰਕ ਤੌਰ ਤੇ ਭੀ ਵਾਰ ਕਰਦਾ ਹੈ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਚੁਗਲੀ ਈਰਖਾ ਦ੍ਵੈਸ਼ ਔਗੁਣ ਰੂਪੀ ਕੰਡੇ ਉਨ੍ਹਾਂ ਦੇ ਮਾਰਦਾ ਹੈ, ਉਨ੍ਹਾਂ ਦੇ ਮਨ ਨੂੰ ਦੁਖਾਉਂਦਾ ਹੈ, ਜੀਵਨ ਨੂੰ ਲੀਰੋ ਲੀਰ ਬਦਨਾਮ ਕਰ ਦਿੰਦਾ ਹੈ। ਸਾਕਤ, ਬੇਰੀ ਵਾਂਗ ਚੀਰਨ ਵਾਲੇ, ਸੱਪ ਦੇ ਡੰਗਣ ਵਾਂਗ ਕੋਈ ਐਸੀ ਈਰਖਾ ਵਿਕਾਰ ਵੈਰ ਦੀ ਗੱਲ ਕਹਿਣਗੇ, ਜੀਵ ਦੀ ਸਾਰੀ ਜ਼ਿੰਦਗੀ ਬਰਬਾਦ ਕਰ ਦੇਣਗੇ। ਜਿਸ ਨੂੰ ਮਿਲ ਕੇ ਵਾਹਿਗੁਰੂ ਜੀ ਭੁੱਲਣ, ਉਸ ਦੀ ਕੁਸੰਗਤ ਤੋਂ ਬਚ ਕੇ ਰਹਿਣਾ ਚਾਹੀਦਾ ਹੈ। ਯਥਾ:- ਮਾਗਉ ਦਾਨੁ. ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ. ਸਾਕਤ ਸੰਗਿ ਨ ਜੁਟਸੀ ਰੇ॥ ਜਨ ਨਾਨਕ. ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥) ਕਬੀਰ. ਸਾਕਤ ਸੰਗੁ. ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥) ਜਿਸੁ ਮਿਲਿਐ ਹਰਿ ਵਿਸਰੈ ਪਿਆਰੇ; ਸੋ ਮੁਹਿ ਕਾਲੈ ਉਠਿ ਜਾਇ॥) ਯਥਾ:- ਅਹਿ ਕਾਟੈ ਕਾਟੇ ਭਲੋ, ਵਿਛੂਆ ਨਿਸੰਗ ਕਾਟੈ, ਅਗਨੀ ਜਲਾਇ ਤਉ ਨਿਸੰਗ ਜਲ ਜਾਈਏ॥ ਸਿੰਘ ਪੇਟ ਫਾੜ ਕੇ, ਅਘਾਇ ਨਿਜ ਪੇਟ ਭਰੇ; ਜਲ ਮਾਹਿ ਡੂਬਤ. ਨ ਦੇਰ ਕੋ ਲਗਾਈਏ॥ ਗਿਰ ਤਰ ਗਿਰ ਮਰ ਬਾਰਨ ਕੇ ਝੁੰਡ ਪਰ, ਸੰਖੀਆ ਬਦਨ ਧਰ ਮਰ ਭਲੋ ਜਾਈਏ॥ ਦਸਰਥ ਸੁਤ ਪਤ ਮ੍ਰਿਗ ਕਹਿਤ ਕਵੀ, ਖੋਟਨ ਕੀ ਸੰਗਤ. ਨ ਸੁਪਨੈ ਹੀ ਮਹਿ ਪਾਈਐ॥) ਸਿੰਘਨ ਕੇ ਬਨ ਮੇਂ ਬਸੀਏ, ਧਸੀਏ ਜਲ ਮਹਿ, ਬਿਛੂਆ ਗਹਿ ਲੀਜੈ॥ ਗਿਰ ਤੋਂ ਗਿਰੀਏ, ਅੱਗ ਮਹਿ ਜਰੀਐ, ਸਾਪ ਕੇ ਮੁਖ ਮੈਂ ਆਂਗੁਲ ਦੀਜੈ, ਕੰਨੇ ਖਜੂਰਾ ਪ੍ਰਵੇਸ਼ ਕਰੈ, ਆਰੀ ਕੇ ਸਾਥ ਨਿੱਤ ਤਨ ਚਰੀਜੈ॥ ਏਤੇ ਸੰਕਟ ਸੀਸ ਸਹੇ, ਪਰ ਮੂਰਖ ਮਿੱਤ੍ਰ ਕੋ ਸੰਗ ਨ ਕੀਜੈ॥

ਕਬੀਰ. ਭਾਰ ਪਰਾਈ. ਸਿਰਿ ਚਰੈ; ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ; ਆਗੈ. ਅਉਘਟ ਘਾਟ॥੯੯॥ {ਭਾਰ ਪਰਾਈ ਅਰਥ:- ਪਰ ਨਿੰਦਾ ਪਰ ਮਲੁ. ਮੁਖ ਸੁਧੀ; ਅਗਨਿ ਕ੍ਰੋਧੁ ਚੰਡਾਲੁ॥) ਖੁਸਿ ਖੁਸਿ ਲੈਦਾ; ਵਸਤੁ ਪਰਾਈ॥ ਅਨੁਸਾਰ ਪਰਾਈ ਨਿੰਦਾ. ਪਰਾਈ ਵਸਤੂ ਚੋਰੀ ਕਰਨੀ। ਪਖੰਡੀ ਗੁਰੂ ਬਣ ਕੇ, ਲੋਕਾਂ ਨੂੰ ਪ੍ਰਮਾਤਮਾ ਜੀ ਨਾਲੋਂ ਤੋੜ ਕੇ ਆਪਣੀ ਦੇਹ ਨਾਲ ਜੋੜ ਰਿਹਾ ਹੈ। ਨਸ਼ਿਆਂ 'ਚ ਲੱਗ ਕੇ ਗਿਰਿਆ ਇਖਲਾਕ, ਗੰਦ ਖਾ 'ਤੇ ਖੁਆ ਰਿਹਾ ਹੈ। ਵੱਢੀ ਲੈਂਦਾ, ਦੁੱਧ ਘਿਉ 'ਚ ਅਨੇਕ ਪ੍ਰਕਾਰ ਦੀਆਂ ਮਿਲਾਵਟਾਂ ਕਰਨੀਆਂ, ਸਮਗਲਿੰਗ ਕਰਕੇ ਧਨ ਕਮਾਉਣਾ। ਸੋਹਣੇ ੨ ਚੋਲ਼ੇ ਬਸਤ੍ਰ ਸੁਗੰਧੀਆਂ ਲਾਉਣੀਆਂ, ਛਾਪਾਂ ਪਾਉਣੀਆਂ ਸੋਨਾ ਪਹਿਨਣਾ, ਸੰਤਗੀਰੀ ਦੇ ਰੰਗਾਂ ੨ ਦੇ ਸ਼ਿੰਗਾਰ ਕਰਨੇ ਆਦਿ। ਯਥਾ:- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥੧॥) ਭੇਖ ਦਿਖਾਏ ਜਗਤ ਕੋ; ਲੋਗਨ ਕੋ ਬਸਿ ਕੀਨ॥ ਅੰਤ. ਕਾਲ ਕਾਤੀ ਕਟਜੋ; ਬਾਸੁ ਨਰਕ ਮੋ ਲੀਨ॥ ਗੁਰੂ ਘਰ ਦੀ ਮਾਇਆ ਨਾਗਣੀ, ਚੋਰੀ ਕਰਨੀ, ਗੋਲਕ 'ਤੇ ਕਬਜ਼ਾ ਕਰਨਾ। ਖੀਰਾਂ ਪੂੜੇ ਅਨੇਕ ਪ੍ਰਕਾਰ ਦੇ ਪਦਾਰਥ ਛਕਣੇ, ਕੇਵਲ ਸੁਆਦ ਦੇ ਵਸੀਕਾਰ ਹੀ ਰਹਿਣਾ, ਬੰਦਗੀ ਗੁਰੂ ਸੇਵਾ ਨ ਕਰਨੀ, ਘਰਿ ਘਰਿ ਖਾਇਆ ਪਿੰਡੁ ਬਧਾਇਆ; ਖਿੰਥਾ ਮੁੰਦਾ ਮਾਇਆ॥ ਇਹ ਪਰਾਈ ਭਾਰ, ਬਿਨਾ ਮਜ਼ੂਰੀ ਦੇ ਚੁੱਕ ਕੇ, ਰੋਗੀ ਹੋ ਰਿਹਾ ਹੈ। ਜੇਕਰ ਪ੍ਰੇਮੀ ਘਰੇ ਸਾਦਾ ਛਕੇ ਅਥਵਾ ਭਿੱਖਿਆ ਮੰਗ ਕੇ ਖ਼ੂਬ ਬੰਦਗੀ ਕਰੇ, ਤਾਂ ਬਹੁਤ ਹੀ ਅੱਛਾ ਹੈ।}

ਕਬੀਰ. ਭਾਰ ਪਰਾਈ ਸਿਰਿ ਚਰੈ; ਚਲਿਓ ਚਾਹੈ ਬਾਟ॥ ਵਾਹਿਗੁਰੂ ਅਕਾਲ ਪੁਰਖ ਜੀ ਕਬੀਰ ਸਾਹਿਬ ਜੀ ਦੀ ਰਸਨਾ 'ਤੇ ਵਸ ਕੇ, ਗੁਰਬਾਣੀ ਜੀ ਉਚਰਵਾ ਰਹੇ ਹਨ:- ਪਰਾਈ ਵਸਤੂ ਕਿਸੇ ਭੀ ਢੰਗ ਨਾਲ ਗ੍ਰਹਿਣ ਕਰਨੀ, ਚਾਹੇ ਚੋਰੀ ਕਰੇ, ਚਾਹੇ ਸੰਤ ਬਣਕੇ ਠੱਗ ਲਵੇ, ਇਹ (ਪਰਾਈ)ਬਿਗਾਨੀ, ਪਾਪਾਂ ਦੀ (ਭਾਰ)ਪੰਡ ਸਿਰਿ

Sri Satguru Jagjit Singh Ji eLibrary NamdhariElibrary@gmail.com

’ਤੇ (ਚਰੈ)ਚੜ੍ ਰਹੀ ਹੈ, ਗੁਰੂ ਪ੍ਰੇਮਾ ਭਗਤੀ ਦੇ (ਬਾਟ)ਰਸਤੇ, ਅਥਵਾ ਜਮਪੁਰੀ ਦੇ ਰਸਤੇ (ਚਲਿਓ)ਚੱਲਣਾ (ਚਾਹੈ)ਚਾਹੁੰਦਾ ਹੈ , ਨਹੀਂ ਚੱਲ ਸਕੇਗਾ, ਪਾਪਾਂ ਦੇ ਭਾਰ ਦਾ ਦੱਬਿਆ ਹੀ ਮਰ ਜਾਵੇਗਾ। ਯਥਾ:- ਅੰਧੁਲੈ ਭਾਰੁ ਉਠਾਇਆ; ਡੂਗਰ ਵਾਟ ਬਹੁਤੁ॥ ਅਖੀ ਲੋੜੀ. ਨਾ ਲਹਾ; ਹਉ ਚੜਿ ਲੰਘਾ ਕਿਤੁ॥)

ਅਪਨੇ ਭਾਰਹਿ ਨਾ ਡਰੈ; ਆਗੈ. ਅਉਘਟ ਘਾਟ॥੮੯॥ ਜਨਮਾਂ ੨ ਤੋਂ ਲੈ ਕੇ ਇਸ ਜਨਮ ’ਚ ਜੋ ਹੁਣ ਸਾਹ ਲੈਂਦਾ ਹੈ, ਤਾਂ ਹਵਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਖ਼ਸ਼ੀ ਹੋਈ ਹੈ, ਧਰਤੀ ਮਹਾਰਾਜ ਸਾਹਿਬ ਜੀ ਦੀ ਬਖ਼ਸ਼ੀ ਹੈ। ਮਹਾਰਾਜ ਸਾਹਿਬ ਜੀ ਨੇ ਆਪਣੀ ਚੇਤਨ ਸੱਤਾ ਪਾਈ ਹੈ, ਇਸ ਦੇ ਇੰਦ੍ਰਿਆਂ ਨੂੰ ਪ੍ਰਕਾਸ਼ ਰਹੇ ਹਨ। ਅੱਖਾਂ ਦੇਖ ਰਹੀਆਂ ਕੰਨ ਸੁਣ ਰਹੇ, ਜ਼ਬਾਨ ਬੋਲ ਰਹੀ ਹੈ, ਜੇ ਪਾਣੀ ਪੀਂਦਾ ਹੈ, ਤਾਂ ਮਹਾਰਾਜ ਸਾਹਿਬ ਜੀ ਦਾ ਬਖ਼ਸ਼ਿਆ ਹੀ ਪੀ ਰਿਹਾ ਹੈ, ਇਸ ਤਰ੍ਾਂ ਪਦਾਰਥ ਕੋਈ ਭੀ ਛਕਦਾ ਹੈ, ਮਹਾਰਾਜ ਸਾਹਿਬ ਜੀ ਦਾ ਦਿਤਾ ਖਾ ਰਿਹਾ ਹੈ, ਮਹਾਰਾਜ ਦਾ ਦਿਤਾ ਪਹਿਨ ਰਿਹਾ ਹੈ। ਇਸ ਤਰ੍ਾਂ ਮਹਾਰਾਜ ਜੀ ਨੇ ਸੂਰਜ ਬਖ਼ਸ਼ਿਆ ਚੰਦ੍ਰਮਾ ਧਰਤੀ ਸਬੰਧੀ ਦੌਲਤ ਸਭ ਕੁੱਝ ਬਖ਼ਸ਼ਿਆ ਹੈ। ਇਹ ਜਿਹੜੇ ਮਹਾਰਾਜ ਸਾਹਿਬ ਜੀ ਦੇ ਪਰਉਪਕਾਰ ਹਨ, ਮਹਾਰਾਜ ਜੀ ਸਾਡੇ ਲਈ ਉੱਬਲਦੀ ਦੇਗ ’ਚ ਬੈਠੇ, ਤੱਤੇ ਰੇਤੇ ’ਤੇ ਬੈਠੇ ਸੜਦੀ ਬਲਦੀ ਮੱਚਦੀ ਲੋਹ ’ਤੇ ਖੜ੍ਹੇ ਹਨ, ਸ੍ਰਬੰਸ ਕੁਰਬਾਨ ਕੀਤੇ, ਸੀਸ ਕੁਰਬਾਨ ਕੀਤੇ। ਇਹ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਆਪਣੇ ’ਤੇ ਭਾਰ ਕਰਜ਼ਾ ਹੈ। ਯਥਾ:- ਹਮਰੈ ਮਸਤਕਿ. ਦਾਗੁ ਦਗਾਨਾ; ਹਮ ਕਰਜ. ਗੁਰੂ ਬਹੁ ਸਾਢੇ॥} ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ; ਆਪਨ ਕਰਿ ਕਰਮ॥) ਜੇਤਾ ਸਮੁੰਦੁ ਸਾਗਰੁ. ਨੀਰਿ ਭਰਿਆ; ਤੇਤੇ ਅਉਗਣ ਹਮਾਰੇ॥ ਜਿਨਾ ਸਮੁੰਦ੍ ’ਚ ਪਾਣੀ ਹੈ, ਐਨੇ ਅਉਗਣ ਹੀ ਔਗੁਣ ਹਨ, ਜਨਮਾਂ ੨ ਦੇ ਜੋ ਪਾਪ ਕਮਾਏ ਹਨ, ਇਹ ਅਪਨੇ (ਭਾਰਹਿ)ਭਾਰ ਤੋਂ (ਨਾ)ਨਹੀਂ (ਡਰੈ)ਡਰਦਾ, ਜ਼ਿੰਦਗੀ ਦੇ (ਆਗੈ)ਅੱਗੇ ਆਗਮਨ ਸਮੇਂ, ਔਗੁਣਾਂ ਪਾਪਾਂ ਵਿਕਾਰਾਂ ਦੇ ਬੜੇ (ਅਉਘਟ)ਔਖੇ ਘਾਟ ਹਨ॥੮੯॥ ਕਿਤੇ ਕਾਮ ਹਮਲਾ ਕਰਦਾ, ਕਦੇ ਕ੍ਰੋਧ ਹਮਲਾ ਕਰਦਾ, ਕਦੇ ਲੋਭ ਹਮਲਾ ਕਰਦਾ, ਨਸ਼ੇ ਵਿਸ਼ੇ ਕੁਸੰਗਤ ਜੋ ਨਾਚ ਗਾਣੇ ਕਰਦਾ, ਸਿਨਮਿਆਂ ’ਚ ਜਾਂਦਾ ਇਹ ਔਖੇ ਘਾਟ ਹਨ। ਅਥਵਾ (ਆਗੈ)ਅੱਗੇ ਪ੍ਰਲੋਕ ਨੂੰ ਜਾਣ ਸਮੇਂ, ਲਹੂ ਪਾਕ ਦੀ ਬੈਤਰਨੀ ਨਦੀ, ਸਿਰਧਾਰ ਪਹਾੜ ਬਹੁਤ ਹੀ ਔਖੇ ਘਾਟ ਹਨ।

ਕਬੀਰ. ਬਨ ਕੀ ਦਾਧੀ ਲਾਕਰੀ; ਠਾਢੀ ਕਰੈ ਪੁਕਾਰ॥ ਮਤਿ. ਬਸਿ ਪਰਉ ਲੁਹਾਰ ਕੇ; ਜਾਰੈ ਦੂਜੀ ਬਾਰ॥੯੦॥ {ਗੁਰਮੁਖਿ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਜੰਗਲ ’ਚ ਟਹਿਲਣ ਗਏ, ਤਾਂ ਪ੍ਰੇਮੀਂ ਸੇਵਕ ਨਾਲ ਹਨ। ਭਗਤ ਜੀ ਦੇ ਬਚਨ ਸੁਣ ਕੇ, ਉਨ੍ਾਂ ਦੇ ਮਨ ਵਿਸਮਾਦ ਇਕਾਗ੍ ਹੋ ਰਹੇ ਹਨ। ਭਗਤ ਜੀ ਦੇ ਚਿਹਰੇ ਨੂੰ ਤੱਕ ਕੇ, ਬ੍ਰਿਤੀਆਂ ਪੂਰਨ ਬ੍ਰਹਮ ਜੀ ’ਚ ਲੱਗ ਰਹੀਆਂ ਹਨ, ਅੰਦਰ ਜਾਪ ਹੋਣ ਲੱਗਦਾ, ਹਿਰਦੇ ਚੋਂ ਮੁਖ ’ਚ ਅੰਮ੍ਰਿਤ ਆਉਂਦਾ। ਦਰਸ਼ਨ ਕਰਕੇ ਮਹਾਂ ਮਹਾਂ ਵਿਸਮਾਦ ਹੋ ਰਹੇ ਹਨ। ਭਗਤ ਜੀ ਕ੍ਰਿਪਾ ਕਰੋ ਉਪਦੇਸ਼ ਬਖ਼ਸ਼ੋ, ਸਾਹਮਣੇ ਜੰਗਲ ’ਚ ਸੜਿਆ ਮੁਢ ਖੜ੍ਹਾ ਦੇਖ ਕੇ, ਸ਼ੁਭ ਸੱਚਾ ਉਪਦੇਸ਼ ਕਰ ਰਹੇ ਹਨ। ਯਥਾ:- ਸਗਲ ਬੋਲਨ ਕੇ ਮਾਹਿ ਬੀਚਾਰ॥੧॥

੧. ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰਿਓ! (ਬਨ)ਜੰਗਲ (ਕੀ)ਦੀ, ਡੌ ਅੱਗ ਦੀ (ਦਾਧੀ)ਸਾੜੀ (ਲਾਕਰੀ)ਲੱਕੜੀ, ਸਾਹਮਣੇ (ਠਾਢੀ)ਖੜ੍ੀ ਪੁਕਾਰ (ਕਰੈ)ਕਰ ਰਹੀ ਹੈ। (ਮਤਿ)ਮਤਾਂ ਮੈਂ ਕਿਤੇ ਲੁਹਾਰ (ਕੇ)ਦੇ ਬਸਿ ਨ (ਪਰਉ)ਪੈ ਜਾਵਾਂ, ਲੁਹਾਰ ਮੈਨੂੰ ਭੱਠੀ ’ਚ ਪਾ ਕੇ ਦੂਜੀ ਬਾਰ (ਜਾਰੈ)ਸਾੜੇਗਾ॥੯੦॥ ਕਿਉਂਕਿ ਜਿਹੜੀ

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਦੀ ਲੱਕੜ ਹੁੰਦੀ ਹੈ, ਉਸ ਨੂੰ ਚੁੱਕ ਕੇ, ਲੁਹਾਰ. ਲੋਹਾ ਗਰਮ ਕਰਨ ਲਈ ਭੱਠੀ 'ਚ ਪਾ ਕੇ ਸਾੜਦਾ ਹੈ।

ਕਬੀਰ. ਬਨ ਕੀ ਦਾਧੀ ਲਾਕਰੀ; ਠਾਢੀ ਕਰੈ ਪੁਕਾਰ॥ ਮਤਿ. ਬਸਿ ਪਰਉ ਲੁਹਾਰ ਕੇ; ਜਾਰੈ ਦੂਜੀ ਬਾਰ॥੯੦॥੨:- ਅਗਨਿ ਸਾਗਰ; ਬੂਡਤ ਸੰਸਾਰਾ॥ ਅਨੁਸਾਰ ਇਹ ਸੰਸਾਰ ਜੰਗਲ ਨੂੰ ਕਾਮ ਕ੍ਰੋਧ ਈਰਖਾ ਔਗੁਣਾਂ ਪਾਪਾਂ ਤ੍ਰਿਸਨਾ ਜ਼ੋਰ ਜ਼ੁਲਮ ਦੀ ਅੱਗ ਲੱਗ ਰਹੀ ਹੈ} ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਸਨਮੁਖ ਫ਼ੁਰਮਾਉਂਦੇ ਹਨ:- ਹੇ ਵਾਹਿਗੁਰੂ ਜੀ! ਦਾਸਨ ਦਾਸ, ਸੰਸਾਰ ਰੂਪੀ (ਬਨ)ਜੰਗਲ (ਕੀ)ਦੀ, ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ, ਦੀ ਅੱਗ ਨਾਲ, (ਦਾਧੀ)ਸਾੜੀ, (ਠਾਢੀ)ਖੜ੍ਹੀ, (ਲਾਕਰੀ)ਲੱਕੜੀ ਵਾਂਗ, ਆਪ ਜੀ ਦੇ ਸਾਹਮਣੇ, ਪੁਕਾਰ (ਕਰੈ)ਕਰ ਰਿਹਾ ਹੈ। (ਮਤਿ)ਮਤਾਂ ਦਾਸਨ ਦਾਸ, ਧਰਮਰਾਜਾ ਲੁਹਾਰ (ਕੇ)ਦੇ ਬਸਿ (ਪਰਉ)ਪਵੇ, ਦਾਸਨ ਦਾਸ ਨੂੰ ਦੂਜੀ ਬਾਰ ਨਰਕ ਦੀ ਭੱਠੀ 'ਚ ਪਾ ਕੇ (ਜਾਰੈ)ਸਾੜੇ॥੯੦॥ ਇਸ 'ਚ ਮਹਾਂ ਬੈਰਾਗ ਦੀ ਮਹਾਂ ਵਿਸਮਾਦ ਰਮਜ਼ ਹੈ, ਕਿ ਪਹਿਲਾਂ ਜੀਵ ਨੂੰ ਈਰਖਾ ਵੈਰ ਨਿੰਦਾ ਕਾਮ ਕ੍ਰੋਧ ਲੋਭ ਮੋਹ ਹੰਕਾਰ ਸਾੜਦਾ ਹੈ। ਹੁਣ ਭਾਵੇਂ ਸੜਿਆ ਨਿਕਾਰਾ ਖੜ੍ਹਾ ਹੈ, ਇੱਥੇ ਭੀ ਛੁਟਕਾਰਾ ਨਹੀਂ, ਅਗਲੀ ਤਿਆਰੀ ਹੈ, ਦੁਬਾਰਾ ਨਰਕ ਦੀ ਅਗਨ 'ਚ ਪੈ ਕੇ ਸੜਨ ਦੀ।

ਕਬੀਰ. ਏਕ ਮਰੰਤੇ, ਦੁਇ ਮੂਏ; ਦੋਇ ਮਰੰਤਹ. ਚਾਰਿ॥ ਚਾਰਿ ਮਰੰਤਹ. ਛਹ ਮੂਏ; ਚਾਰਿ ਪੁਰਖ. ਦੁਇ ਨਾਰਿ॥੯੧॥ ੧. {ਜ਼ਾਲਮ ਸ਼ਿਕਾਰੀ ਨੇ ਹਰਨੀ ਦੇ ਤੀਰ ਮਾਰਿਆ, ਪੇਟ ਦੇ ਬੱਚੇ ਸਮੇਤ ਮਰ ਗਈ। ਸੱਪ ਨੇ ਸ਼ਿਕਾਰੀ ਦੇ ਡੰਗ ਮਾਰਿਆ, ਸ਼ਿਕਾਰੀ ਨੇ ਸੱਪ ਮਾਰ ਦਿਤਾ, ਆਪ ਭੀ ਮਰ ਗਿਆ। ਘਰ ਵਾਲੀ ਰੋਟੀ ਲੈ ਕੇ ਆਈ, ਪਤੀ ਮਰਿਆ ਦੇਖ ਕੇ ਦਰੱਖਤ ਨਾਲ ਟੱਕਰ ਮਾਰ ਕੇ ਮਰ ਗਈ, ਪੇਟ ਦਾ ਬੱਚਾ ਭੀ ਮਰ ਗਿਆ। ਕਾਲ਼ ਦੀ ਅਗਾਧ ਗਤੀ ਹੈ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਏਕ ਹਰਨੀ ਦੇ (ਮਰੰਤੇ)ਮਰਨੇ ਤੇ, ਹਰਨੀ ਤੇ ਬੱਚਾ ਦੁਇ (ਮੂਏ)ਮਰ ਗਏ। (ਦੋਇ)ਦੋਹਾਂ ਦੇ (ਮਰੰਤਹ)ਮਰਨੇ ਕਰਕੇ, ਸੱਪ ਸ਼ਿਕਾਰੀ ਚਾਰਿ ਮਰ ਗਏ।

ਚਾਰਿ ਮਰੰਤਹ. ਛਹ ਮੂਏ; ਚਾਰਿ ਪੁਰਖ. ਦੁਇ ਨਾਰਿ॥੯੧॥ ਇਨ੍ਹਾਂ ਚੌਹਾਂ ਦੇ (ਮਰੰਤਹ)ਮਰਨੇ ਕਰਕੇ, ਸ਼ਿਕਾਰੀ ਦੇ ਘਰ ਵਾਲੀ ਤੇ ਬੱਚਾ ਮਰ ਗਿਆ, ਕਿਉਂਕਿ ਗਰਭਵਤੀ ਸੀ, ਛੇ (ਮੂਏ)ਮਰ ਗਏ। ਮ੍ਰਿਗੀ ਦਾ ਬੱਚਾ, ਸ਼ਿਕਾਰੀ, ਸਰਪ, ਅਹੇੜਨ ਦੇ ਪੇਟ ਦਾ ਬੱਚਾ, ਇਹ ਚਾਰਿ ਪੁਰਖ, ਸ਼ਿਕਾਰੀ ਦੇ ਘਰ ਵਾਲੀ ਤੇ ਹਰਨੀ ਦੁਇ (ਨਾਰਿ)ਔਰਤਾਂ ਹਨ। ਯਥਾ:- ਵਾਹਿਗੁਰੂ ਮਹੱਲਾ ਦਸਵਾਂ ਜੀ ਨੇ ਸਤਲੁਜ ਕਿਨਾਰੇ, ਗੁਰਦੁਆਰਾ ਬਿਭੌਰ ਸਾਹਿਬ ਜੀ ਬੈਠਿਆਂ ਦੇਖਿਆ, ਇੱਕ ਮੱਛੀ ਬੁੜਕ ਕੇ, ਪਾਣੀ ਪੀਂਦੇ ਗ੍ਰੀਬ ਹਰਨ ਦੇ ਸਿੰਙਾਂ 'ਚ ਫਸ ਕੇ ਮਰ ਗਈ, ਅਕਾਸ 'ਚੋਂ ਇੱਲ ਨੇ ਮੱਛੀ 'ਤੇ ਝਪਟ ਮਾਰੀ, ਸਿੰਙਾਂ ਦੀ ਸੱਟ ਨਾਲ ਮਰ ਗਈ। ਜ਼ਾਲਮ ਸ਼ਿਕਾਰੀ ਨੇ ਗ੍ਰੀਬ ਹਰਨ ਦੇ ਤੀਰ ਮਾਰ ਕੇ ਮਾਰ ਦਿਤਾ। ਤਿੰਨਾਂ ਦੇ ਇੱਕੇ ਸਮੇਂ ਮਰਨ ਤੋਂ ਇਹ ਗੁਰਬਾਣੀ ਜੀ ਉਚਾਰੇ:- ਜਲ ਕਹਾਂ ਥਲ ਕਹਾਂ; ਗਗਨ ਕੇ ਗਉਨ ਕਹਾਂ; ਕਾਲ ਕੇ ਬਨਾਏ, ਸਬੈ ਕਾਲ ਹੀ ਚਬਾਏ ਹੈਂ॥੧੮॥੮੮॥) ਕਈ ਮੇਟ ਡਾਰੇ; ਉਸਾਰੇ ਬਨਾਏ॥ ਉਪਾਰੇ ਗੜੇ; ਫੇਰ ਮੇਟੇ ਉਪਾਏ॥ ਕ੍ਰਿਆ ਕਾਲ ਜੂ ਕੀ; ਕਿਨੂ ਨ ਪਛਾਨੀ॥ ਘਨਿਯੋ ਪੈ ਬਿਹੈ ਹੈ; ਘਨਿਯੋ ਪੈ ਬਿਹਾਨੀ॥੨੬॥ ਕਿਤੇ ਕ੍ਰਿਸਨ ਸੇ ਕੀਟ; ਕੋਟੈ ਬਨਾਏ॥ ਕਿਤੇ ਰਾਮ ਸੇ; ਮੇਟ ਡਾਰੇ ਉਪਾਏ॥ ਮਹਾਂਦੀਨ ਕੇਤੇ; ਪ੍ਰਿਥੀ ਮਾਝ ਹੂਏ॥ ਸਮੈ ਆਪਨੀ ਆਪਨੀ; ਅੰਤ ਮੂਏ॥੨੭॥ ਜਿਤੇ ਅਉਲੀਆ ਅੰਬੀਆ; ਹੋਏ ਬੀਤੇ॥ ਤਿਤਿਯੋ ਕਾਲ ਜੀਤਾ; ਨਾ ਤੇ ਕਾਲ ਜੀਤੇ॥ ਜਿਤੇ ਰਾਮ ਸੇ ਕ੍ਰਿਸਨ ਹੁਏ ਬਿਸਨ ਆਏ॥

Sri Satguru Jagjit Singh Ji eLibrary NamdhariElibrary@gmail.com

ਤਿਤਿਯੋ ਕਾਲ ਖਾਪਿਓ; ਨ ਤੇ ਕਾਲ ਘਾਏ॥੨੮॥ ਜਿਤੇ ਇੰਦ੍ਰ ਸੇ. ਚੰਦ੍ਰ ਸੇ; ਹੋਤ ਆਏ॥ ਤਿਤਿਯੋ ਕਾਲ ਖਾਪਾ; ਨ ਤੇ ਕਾਲ ਘਾਏ॥ ਜਿਤੇ ਅਉਲੀਆ ਅੰਬੀਆ; ਗਉਸ ਹੁਵੈ ਹੈਂ॥ ਸਭੈ ਕਾਲ ਕੇ ਅੰਤ ਦਾੜਾ ਤਲੈ ਹੈਂ॥੨੯॥ ਜਿਤੇ ਮਾਨਧਾਤਾਦਿ ਰਾਜਾ ਸੁਹਾਏ॥ ਸਭੈ ਬਾਂਧ ਕੈ ਕਾਲ ਜੇਲੈ ਚਲਾਏ॥੩੦॥ (ਸ੍ਰੀ ਦਸਮ ਬਚਿੱਤ੍ਰ ਨਾਟਕ)। ਯਥਾ:- ਮਨੂ ਮਾਨਧਾਤਾ ਤੇ ਦਿਲੀਪ ਪ੍ਰਿਥੂ ਰਘੂ ਅਜ, ਦਸਰਥ ਸੁਤ ਰਾਮ ਰਾਵਨ ਦੇਹ ਦਲੀ ਹੈ॥ ਮਾਰਕੰਡੇ ਲੋਮਸ, ਅਗਸਤ ਦੁਰਬਾਸਾ ਰਿਖ, ਕੌਸ਼ਕ ਵਸਿਸ਼ਟ ਬਸਾਸ ਕਥਾ ਜਾ ਕੀ ਚਲੀ ਹੈ॥ ਜੀਵਨ ਮ੍ਰਿਗੰਦੇ ਜੋਗੀ ਜਨਕ ਜਗ ਜਾਨਤ ਹੈ, ਗੋਰਖ ਕੇ ਮੁੰਡੇ ਮਰ ਦੇਹ ਖਾਕ ਮੈ ਰਲੀ ਹੈ॥ ਕਾਲ ਮਹਾਂ ਬਲੀ ਹਲ ਚਲੀ ਮੇਲੀ ਗਲੀ ਗਲੀ, ਹਾਰੇ ਛਲੀ ਬਲੀ ਦਾਲ ਕਾਹੂ ਕੀ ਨ ਗਲੀ ਹੈ॥

ਕਬੀਰ. ਏਕ ਮਰੰਤੇ, ਦੁਇ ਮੂਏ; ਦੋਇ ਮਰੰਤਹ. ਚਾਰਿ॥੨. ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ. ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥) ਮੁਆ ਕਬੀਰੁ; ਰਮਤ ਸ੍ਰੀ ਰਾਮੈ॥ ਅਨੁਸਾਰ ਇੱਕ ਅਕਾਲ ਪੁਰਖ ਵਾਹਿਗੁਰੂ ਜੀ ਦੇ ਸਨਮੁਖ, ਦੁਆਰੇ 'ਤੇ ਮਰਨਾ ਦੋ ਪ੍ਰਕਾਰ ਦਾ ਹੈ, ਇੱਕ ਜਿਵੇਂ ਪੰਜ ਪਿਆਰੇ. ਚਾਰ ਸਾਹਿਬਜ਼ਾਦੇ, ਬਾਬਾ ਆਲਮ ਸਿੰਘ ਉਦੇ ਸਿੰਘ ਆਦਿ ਗੁਰੂ ਸਾਹਿਬ ਜੀ ਦੇ ਸਨਮੁਖ. ਤਨ ਮਨ ਧਨ ਸ੍ਰੀਰ ਕਰਕੇ ਕੁਰਬਾਨ ਹੋਏ। ਦੂਜਾ ਅਕਾਲ ਪੁਰਖ ਜੀ ਦੇ ਸਨਮੁਖ ਮਰਨਾ, ਸ੍ਰੀਰ ਕਰਕੇ ਮਰਨਾ ਨਹੀਂ, ਪੰਜਾਂ ਗਿਆਨ ਇੰਦ੍ਰਿਆਂ, ਪੰਜਾਂ ਕਰਮ ਇੰਦ੍ਰਿਆਂ ਦਾ ਔਗੁਣਾਂ ਵਿਕਾਰਾਂ ਦੋਸ਼ਾਂ ਵੱਲੋਂ ਮਰਨਾ ਹੈ। ਯਥਾ:- ਐਸੇ ਮਰਨੇ ਜੋ ਮਰੈ; ਬਹੁਰਿ ਨ ਮਰਨਾ ਹੋਇ॥ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਏਕ ਵਾਹਿਗੁਰੂ ਜੀ ਦੇ ਸਨਮੁਖ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵੱਲੋਂ (ਮਰੰਤੇ)ਮਰਦਿਆਂ (ਦੁਇ)ਦ੍ਵੈਤ (ਮੂਏ)ਮਰ ਗਈ, (ਦੋਇ)ਦ੍ਵੈਤ ਦੇ (ਮਰੰਤਹ)ਮਰਨੇ ਕਰਕੇ, ਅੱਖਾਂ ਕੰਨ ਰਸਨਾ ਚਮੜੀ ਚਾਰਿ ਮਰ ਗਏ, ਭਾਵ ਅੱਖਾਂ ਪਰਾਇਆ ਰੂਪ ਦੇਖਣੋ ਹਟ ਗਈਆਂ, ਵੈਰ ਵਿਕਾਰ ਕ੍ਰੋਧ ਦ੍ਰਿਸਟੀ ਨਾਲ ਨਹੀਂ ਦੇਖਦੀਆਂ, ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ॥ ਕੰਨ ਨਿੰਦਾ ਵਿਕਾਰ ਦੀ ਗੱਲ ਨਹੀਂ ਸੁਣਦੇ, ਸੁਣ ਕੇ ਅਣਸੁਣੀ ਕਰ ਦਿੰਦੇ ਹਨ। ਰਸਨਾ ਨੇ ਸੁਆਦ ਤਿਆਗ ਦਿਤੇ, ਚਮੜੀ ਸਪਰਸ ਦੇ ਰਸ 'ਚ ਨਹੀਂ ਲੱਗਦੀ। ਯਥਾ:- ਅਖੀ ਬਾਝਹੁ. ਵੇਖਣਾ; ਵਿਣੁ ਕੰਨਾ. ਸੁਨਣਾ॥ ਪੈਰਾ ਬਾਝਹੁ. ਚਲਣਾ; ਵਿਣੁ ਹਥਾ. ਕਰਣਾ॥ ਜੀਭੈ ਬਾਝਹੁ. ਬੋਲਣਾ; ਇਉ. ਜੀਵਤ ਮਰਣਾ॥ ਨਾਨਕ. ਹੁਕਮੁ ਪਛਾਣਿ ਕੈ; ਤਉ ਖਸਮੈ ਮਿਲਣਾ॥

ਚਾਰਿ ਮਰੰਤਹ. ਛਹ ਮੂਏ; ਚਾਰਿ ਪੁਰਖ. ਦੁਇ ਨਾਰਿ॥੯੧॥ ਅੱਖਾਂ ਕੰਨ ਰਸਨਾ ਚਮੜੀ (ਚਾਰਿ)ਚੌਂਹ ਦੇ ਵਿਕਾਰਾਂ ਵੱਲੋਂ ਮਰਨੇ ਕਰਕੇ, ਜਨਮ ਮਰਨ ਹਰਖ ਸੋਗ ਭੁੱਖ ਤੇਹ (ਛਹ)ਛੇ (ਮੂਏ)ਮਰ ਗਏ। ਜਨਮ ਮਰਨ ਹਰਖ ਸੋਗ ਚਾਰਿ ਪੁਰਖ, ਭੁੱਖ ਤੇਹ ਦੁਇ ਨਾਰਿ ਹਨ। ਅਥਵਾ ਇਹ ਛੇ ਮਰ ਗਏ:- ਨਾਸਾਂ ਵਿਸ਼ਿਆਂ ਦੀ ਦੁਰਗੰਧੀ ਨਹੀਂ ਸੁੰਘਦੀਆਂ, ਪੈਰ ਕੁਸੰਗਤ ਵੱਲ ਨਹੀਂ ਜਾਂਦੇ, ਹੱਥ ਕੋਈ ਭੀ ਮਾੜਾ ਕੰਮ ਨਹੀਂ ਕਰਦੇ, ਜ਼ਬਾਨ ਝੂੱਠ ਨਹੀਂ ਬੋਲਦੀ, ਮਨ ਮੰਦ ਵਾਸ਼ਨਾ ਵੱਲੋਂ ਮਰ ਗਿਆ, ਕੋਈ ਮਾੜਾ ਸੰਕਲਪ ਨਹੀਂ ਕਰਦਾ, ਬੁੱਧੀ ਝੂਠੇ ਪਦਾਰਥਾਂ ਨੂੰ ਨਿਸਚੇ ਕਰਨੋ ਹਟ ਗਈ ਹੈ।

ਕਬੀਰ. ਏਕ ਮਰੰਤੇ. ਦੁਇ ਮੂਏ; ਦੋਇ ਮਰੰਤਹ ਚਾਰਿ॥੩:- ਵਾਹਿਗੁਰੂ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਕਬੀਰ. ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਅਨੁਸਾਰ ਇੱਕ ਵਾਹਿਗੁਰੂ ਜੀ ਦੇ ਦੁਆਰੇ 'ਤੇ ਜੀਵਤ ਭਾਵ ਤੋਂ ਮਰਦਿਆਂ ਹੀ, ਦਾਸਨ ਦਾਸੀ ਦੇ (ਦੁਇ) ਹੰਕਾਰ, ਔਗੁਣ (ਮੂਏ)ਮਰ ਗਏ, (ਦੋਇ)ਦ੍ਵੈਤ ਹੰਕਾਰ, ਔਗੁਣ ਦੇ ਮਰਦਿਆਂ ਹੀ, ਦਾਸਨ ਦਾਸੀ (ਚਾਰਿ)ਸੁੰਦਰ ਵਾਹਿਗੁਰੂ ਜੀ ਦਾ ਸਰੂਪ ਹੋ ਗਈ।

Sri Satguru Jagjit Singh Ji eLibrary NamdhariElibrary@gmail.com

ਚਾਰਿ ਮਰੰਤਹ. ਛਹ ਮੂਏ; ਚਾਰਿ ਪੁਰਖ. ਦੁਇ ਨਾਰਿ॥੯੧॥ (ਚਾਰਿ)ਸੁੰਦਰ ਵਾਹਿਗੁਰੂ ਜੀ ਦੇ ਸਨਮੁਖ (ਮਰੰਤਹ)ਮਰਨੇ ਕਰਕੇ, ਦਾਸਨ ਦਾਸੀ ਦੇ, ਜੋ (ਛਹ)ਨਾਸਵੰਤ ਪਸਾਰਾ ਹੈ, ਇਹ ਦਿਲ ਦਿਮਾਗ਼ ’ਚੋਂ (ਮੂਏ)ਨਾਸ ਹੋ ਗਿਆ, ਦਾਸਨ ਦਾਸੀ (ਦੁਇ)ਦੋ ਨਿਰਗੁਨ ਸਰਗੁਨ (ਚਾਰਿ)ਸੁੰਦਰ (ਪੁਰਖ)ਪੂਰਨ ਵਾਹਿਗੁਰੂ ਜੀ ਦੀ ਨਾਰਿ ਹੈ। ਯਥਾ:- ਦ੍ਰਿਸਟਿਮਾਨ ਹੈ; ਸਗਲ ਮਿਥੇਨਾ॥) ਜੋ ਦੀਸੈ. ਸੋ ਸਗਲ ਬਿਨਾਸੈ; ਜਿਉ. ਬਾਦਰ ਕੀ ਛਾਹੀ॥੧॥) ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ ਸਦਾ ਲਈ ਏਕਤਾ ਅਭੇਦਤਾ ਹੋ ਗਈ। ਯਥਾ:- ਸਖੀ ਵਸਿ ਆਇਆ. ਫਿਰਿ. ਛੋਡਿ ਨ ਜਾਈ; ਇਹ ਰੀਤਿ ਭਲੀ. ਭਗਵੰਤੈ॥)

ਕਬੀਰ. ਏਕ ਮਰੰਤੇ, ਦੁਇ ਮੂਏ; ਦੋਇ ਮਰੰਤਹ ਚਾਰਿ॥੪:- ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਏਕ)ਇੱਕ ਹੰਕਾਰ ਦੇ (ਮਰੰਤੇ)ਮਰਦਿਆਂ, (ਦੁਇ)ਦ੍ਵੈਤ (ਮੂਏ)ਮਰ ਗਈ। (ਦੋਇ)ਦ੍ਵੈਤ ਦੇ (ਮਰੰਤਹ)ਮਰਨੇ ਕਰਕੇ, ਚਾਰਿ ਕਾਮ ਕ੍ਰੋਧ ਲੋਭ ਮੋਹ ਮਰ ਗਏ।

ਚਾਰਿ ਮਰੰਤਹ. ਛਹ ਮੂਏ; ਚਾਰਿ ਪੁਰਖ ਦੁਇ ਨਾਰਿ॥੯੧॥ ਇਨ੍ਹਾਂ ਚੌਂਹ ਦੇ ਮਰਨ ਕਰਕੇ, ਆਸਾ ਤ੍ਰਿਸ਼ਨਾ ਕਾਮ ਕ੍ਰੋਧ ਲੋਭ ਮੋਹ ਛੇ ਮਰ ਗਏ, (ਚਾਰਿ ਪੁਰਖ)ਕਾਮ ਕ੍ਰੋਧ ਲੋਭ ਮੋਹ ਚਾਰਿ ਪੁਰਖ, (ਦੁਇ ਨਾਰਿ) ਆਸਾ ਤ੍ਰਿਸਨਾ ਇਸਤ੍ਰੀ ਲਿੰਗ ਹਨ।

ਕਬੀਰ. ਦੇਖਿ ਦੇਖਿ. ਜਗੁ ਢੂੰਢਿਆ; ਕਹੂੰ. ਨ ਪਾਇਆ ਠੌਰੁ॥ ਜਿਨਿ. ਹਰਿ ਕਾ ਨਾਮੁ, ਨ ਚੇਤਿਓ; ਕਹਾ ਭੁਲਾਨੇ ਅਉਰ॥੯੨॥ ੧:- ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਨੇ, ਦੇਖਿ ਦੇਖਿ ਕੇ ਜਗੁ ਨੂੰ (ਢੂੰਢਿਆ)ਖੋਜਿਆ ਅਥਵਾ ਦਿਬ ਦ੍ਰਿਸ਼ਟੀ ਨਾਲ ਦੇਖਿ ਦੇਖਿ ਕੇ ਸਾਰੇ ਜੱਗ ਨੂੰ ਖੋਜਿਆ, ਜਿਨ੍ਹਾਂ ਹਰੀ ਜੀ ਦੇ ਪਰਮ ਪਾਕ ਸੱਚੇ ਨਾਮ ਨੂੰ ਚੇਤੇ ਨਹੀਂ ਕੀਤਾ, ਉਨ੍ਹਾਂ ਨੇ (ਕਹੂੰ)ਕਿਤੇ ਭਾਵ ਕਦੇ ਭੀ, ਨਿਰਗੁਣ ਬ੍ਰਹਮ ਜੀ ’ਚ (ਠਉਰੁ)ਟਿਕਾਣਾ. ਲੀਣ ਹੋਣਾ ਨਹੀਂ ਪਾਇਆ। ਮਹਾਰਾਜ ਜੀ ਦਾ ਨਾਮ ਚੇਤੇ ਕਰੇ ਬਿਨਾ ਟਿਕਾਅ ਨਹੀਂ ਹੈ। ਅਥਵਾ ਬ੍ਰਹਮ ਲੋਕ ’ਚ ਸਿਵ ਲੋਕ ’ਚ, ਇੰਦ੍ਰਪੁਰੀ ’ਚ ਵਿਸ਼ਨਪੁਰੀ ’ਚ, ਇਸ ਮਾਤ ਲੋਕ ’ਚ (ਕਹੂੰ)ਕਿਤੇ ਭੀ (ਠਉਰੁ)ਟਿਕਾਣਾ (ਨ)ਨਹੀਂ ਪਾਇਆ, ਵਾਹਿਗੁਰੂ ਜੀ ਦੇ ਨਾਮ ਬਿਨਾ, ਚਉਰਾਸੀ ਲੱਖ ਜੂਨ ’ਚ ਜੀਵ ਭਰਮਦਾ ਫਿਰਦਾ ਹੈ। ਯਥਾ:- ਮੁਕਾਮੁ ਕਰਿ. ਘਰਿ ਬੈਸਣਾ; ਨਿਤ ਚਲਣੈ ਕੀ ਧੋਖ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਇੰਦ੍ਰਪੁਰੀ ਮਹਿ; ਸਰਪਰ ਮਰਣਾ॥ ਬ੍ਰਹਮਪੁਰੀ; ਨਿਹਚਲੁ ਨਹੀ ਰਹਣਾ॥ ਸਿਵਪੁਰੀ ਕਾ; ਹੋਇਗਾ ਕਾਲਾ॥ ਤ੍ਰੈ ਗੁਣ ਮਾਇਆ; ਬਿਨਸਿ ਬਿਤਾਲਾ॥)

ਜਿਨਿ. ਹਰਿ ਕਾ ਨਾਮੁ, ਨ ਚੇਤਿਓ; ਕਹਾ ਭੁਲਾਨੇ ਅਉਰ॥੯੨॥ (ਜਿਨਿ)ਜਿਨ੍ਹਾਂ ਖੋਟੇ ਪੁਰਸ਼ਾਂ ਨੇ, (ਹਰਿ) (ਅਜੈ)ਜਿੱਤਣ ਰਹਿਤ, (ਅਲੈ)ਨਾਸ ਰਹਿਤ, (ਅਭੈ)ਡਰ ਰਹਿਤ, (ਅਬੈ)ਖ੍ਰੀਦਣ ਤੋਂ ਰਹਿਤ॥੧੮੯॥ ਵਾਹਿਗੁਰੂ ਜੀ (ਕਾ) ਦੇ ਨਾਮੁ ਜੀ, (ਚੇਤਿਓ)ਚੇਤੇ (ਨ)ਨਹੀਂ ਕੀਤੇ, ਉਹ (ਅਉਰ)ਹੋਰ ਵਿਸ਼ੇ ਵਿਕਾਰਾਂ ਔਗੁਣਾਂ ਦੋਸ਼ਾਂ ਨਸ਼ਿਆਂ ’ਚ ਲੱਗ ਕੇ, (ਕਹਾ)ਕਿਸ ਲਈ (ਭੁਲਾਨੇ)ਭੁੱਲ ਰਹੇ ਹਨ। ਦੁਨੀਆਂ ਨੂੰ ਵਰਗਲਾ ਕੇ ਠੱਗਦੇ ਹਨ। ਮਹਾਰਾਜ ਸਾਹਿਬ ਜੀ ਦੇ ਨਾਮ ਨੂੰ ਨਹੀਂ ਜਪਦੇ, ਦੰਭ ਪਖੰਡ ਕਰਕੇ (ਅਉਰ)ਹੋਰਨਾਂ ਨੂੰ ਕਿਉਂ ਭੁਲਾਉਂਦੇ ਹਨ, (ਅਉਰ)ਹੋਰ ਦੇਵੀ ਦੇਵਤੇ ਭੂਤ ਪ੍ਰੇਤ ਹੋਰ ਗਲਤ ਉਪਾਸ਼ਨਾਂ ’ਚ (ਕਹਾ)ਕਿਸ ਲਈ (ਭੁਲਾਨੇ)ਭੁੱਲੇ ਹੋਏ ਹਨ। (ਅਉਰ)ਹੋਰਨਾ ਨੂੰ ਕਿਉਂ ਭੁਲਾਉਂਦੇ ਹਨ, ਬਈ ਸੌ ਅਸਵਮੇਧ ਜੱਗ ਕਰੋ, ਇੰਦ੍ਰ ਪਦਵੀ ਮਿਲੇਗੀ, ਬ੍ਰਹਮਾ ਜੀ

Sri Satguru Jagjit Singh Ji eLibrary NamdhariElibrary@gmail.com

ਦੀ ਉਪਾਸ਼ਨਾ ਕਰੋ ਬ੍ਰਹਮਪੁਰੀ 'ਚ ਪਹੁੰਚੋਗੇ, ਸ਼ਿਵਜੀ ਦੀ ਉਪਾਸ਼ਨਾ ਕਰੋ, ਸਿਵਪੁਰੀ 'ਚ ਪਹੁੰਚੋਗੇ। ਵਿਸ਼ਨੂੰ ਜੀ ਦੀ ਉਪਾਸ਼ਨਾ ਕਰੋ ਵਿਸ਼ਨੂੰਪੁਰੀ 'ਚ ਪਹੁੰਚੋਗੇ॥੯੨॥

ਕਬੀਰ. ਸੰਗਤਿ ਕਰੀਐ ਸਾਧ ਕੀ; ਅੰਤਿ ਕਰੈ ਨਿਰਬਾਹੁ॥ ਸਾਕਤ ਸੰਗੁ. ਨ ਕੀਜੀਐ; ਜਾ ਤੇ ਹੋਇ ਬਿਨਾਹੁ॥੯੩॥) ਸੰਤ ਅਨੰਤਹਿ; ਅੰਤਰੁ ਨਾਹੀ॥ ਪੂਰਨ ਸੱਚੇ ਰੱਬ ਜੀ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! (ਸਾਧ) ਸਤਿਗੁਰੂ ਸਾਹਿਬਾਨ ਜੀ (ਸਾਧ) ਵਿਸਮਾਦ ਨਿਰਗੁਨ ਬ੍ਰਹਮਜੀ, ਨਿਸ਼ਕਾਮ ਸੇਵਾ ਗੁਰ ਪ੍ਰੇਮਾ- ਭਗਤੀ ਕਰਨ ਵਾਲੇ (ਸਾਧ)ਗੁਰਸੇਵਕਜੀ (ਕੀ)ਦੀ ਹਮੇਸ਼ਾਂ ਸੰਗਤਿ (ਕਰੀਐ)ਕਰੀਏ, ਅੰਤਿ ਤੱਕ (ਨਿਰਬਾਹੁ)ਸਹਾਇਤਾ (ਕਰੈ)ਕਰਦੇ ਹਨ। ਇੱਥੇ ਜੀਵਨ ਕਾਲ਼ 'ਚ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵੈਰ ਅਨੇਕ ਪ੍ਰਕਾਰ ਦੇ ਔਗੁਣ ਦੋਸ਼ਾਂ ਤੋਂ ਬਚਾਉਂਦੇ ਹਨ। ਮਰਨ ਸਮੇਂ ਮਰਨ ਦੇ ਕਸ਼ਟਾਂ ਤੋਂ ਬਚਾਉਂਦੇ ਹਨ, ਮਰਨ ਬਾਦ ਭੀ ਛੱਡ ਕੇ ਨਹੀਂ ਜਾਂਦੇ। ਯਥਾ:- ਕਬੀਰ. ਜਮ ਕਾ ਠੇਂਗਾ ਬੁਰਾ ਹੈ; ਓਹੁ ਨਹੀ ਸਹਿਆ ਜਾਇ॥ ਏਕੁ ਜੁ ਸਾਧੂ. ਮੁੋਹਿ ਮਿਲਿਓ; ਤਿਨ੍ਹਿ. ਲੀਆ ਅੰਚਲਿ ਲਾਇ॥) ਸਜਣ ਸੇਈ ਨਾਲਿ ਮੈ; ਚਲਦਿਆ ਨਾਲਿ ਚਲੰਨ੍ਹਿ॥ ਜਿਥੈ. ਲੇਖਾ ਮੰਗੀਐ; ਤਿਥੈ. ਖੜੇ ਦਿਸੰਨਿ॥੧॥) ਨਾਨਕ. ਕਚੜਿਆ ਸਿਉ ਤੋੜਿ; ਢੁਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ; ਓਇ. ਮੁਇਆ ਨ ਜਾਹੀ ਛੋੜਿ॥) ਰਸਨਾ ਏਕ.ਅਨੇਕ ਗੁਣ ਪੂਰਨ; ਜਨ ਕੀ ਕੇਤਕ ਉਪਮਾ ਕਹੀਐ॥ ਅਗਮ ਅਗੋਚਰ ਸਦ ਅਬਿਨਾਸੀ; ਸਰਣਿ ਸੰਤਨ ਕੀ ਲਹੀਐ॥) ਕੋਟਿ ਅਪ੍ਰਾਧੀ.ਸੰਤ ਸੰਗਿ ਉਧਰੈ; ਜਮੁ ਤਾ ਕੈ ਨੇੜਿ ਨ ਆਵੈ॥ ਜਨਮ ਜਨਮ ਕਾ ਬਿਛੁੜਿਆ ਹੋਵੈ; ਤਿਨ੍ ਹਰਿ ਸਿਉ ਆਣਿ ਮਿਲਾਵੈ॥) ਸੰਤਨ ਪਹਿ; ਆਪਿ ਉਧਾਰਨ ਆਇਓ॥੧॥ ਰਹਾਉ॥ ਦਰਸਨ ਭੇਟਤ ਹੋਤ ਪੁਨੀਤਾ; ਹਰਿ ਹਰਿ ਮੰਤ੍ਰੁ ਦ੍ਰਿੜਾਇਓ॥) ਹਰਿ ਕੇ ਸੰਤ.ਸੰਤ ਭਲ ਨੀਕੇ; ਮਿਲਿ ਸੰਤ ਜਨਾ.ਮਲੁ ਲਹੀਆ॥ ਹਉਮੈ ਦੁਰਤੁ.ਗਇਆ ਸਭੁ ਨੀਕਰਿ; ਜਿਉ ਸਾਬੁਨਿ ਕਾਪਰੁ ਕਰਿਆ॥) ਨਹੀਂ ਦਦਸਾਰ. ਪਿਤ ਪਿਤਾਮਾ ਪਰਪਿਤਾਮਾ; ਸੁਜਨ ਕੁਟੰਬ ਸੁਤ ਬਾਧਵ ਨ ਭ੍ਰਾਤਾ ਹੈ। ਦਾਦਕੇ ਪਰਿਵਾਰ 'ਚ ਕੋਈ ਅਜੇਹਾ ਨਾਤਾ ਨਹੀਂ ਹੈ, ਭਾਵੇਂ ਉਹ ਪਿਤਾ ਬਾਬਾ ਦਾਦਾ ਜਾਂ ਪੜਦਾਦਾ ਹੋਵੇ, ਅਤੇ ਨਾ ਹੀ ਪਰਿਵਾਰ ਦਾ ਕੋਈ ਸੱਜਨ ਪੁੱਤ੍ਰ ਸਾਕ ਸਬੰਧੀ ਜਾਂ ਭਰਾ।) ਨਹੀ ਨਨਸਾਰ ਮਾਤਾ ਪਰਮਾਤਾ ਬਿਰਧਿ ਪਰਮਾਤਾ ਮਾਮੂ ਮਾਮੀ ਮਾਸੀ ਔ ਮੌਸਾ ਬਿਬਿਧ ਬਿਖ੍ਯਾਤਾ ਹੈ। ਨਾਨਕੇ ਪਰਿਵਾਰ 'ਚ ਕੋਈ ਅਜਿਹਾ ਨਾਤਾ ਨਹੀਂ ਹੈ, ਭਾਵੇਂ ਉਹ ਮਾਤਾ ਨਾਨੀ ਜਾਂ ਪੜਨਾਨੀ ਹੋਵੇ, ਜਾਂ ਮਾਮਾ ਮਾਮੀ ਮਾਸੀ (ਮੌਸਾ)ਮਾਸੜ ਹੋਵੇ, ਆਦਿ ਜੋ ਕਈ ਤਰ੍ਹਾਂ ਨਾਲ ਮੰਨੇ ਪ੍ਰਮੰਨੇ ਸਾਕ ਹਨ।) ਨਹੀ ਸਸੁਰਾਰ ਸਾਸੁ ਸੁਸਰਾ ਸਾਰੋ ਅਉ ਸਾਰੀ ਨਹੀ ਬਿਰਤੀਸੁਰ ਮੈ ਜਾਚਿਕ ਨ ਦਾਤਾ ਹੈ। ਸਹੁਰੇ ਪਰਿਵਾਰ 'ਚ ਕੋਈ ਐਸਾ ਨਾਤਾ ਨਹੀਂ ਹੈ, ਭਾਵੇਂ ਉਹ ਸੱਸ ਸਹੁਰਾ ਸਾਲ਼ਾ ਜਾਂ ਸਾਲ਼ੀ, ਅਤੇ ਇਸੇ ਤਰ੍ਹਾਂ ਕੁਲ (ਬਿਰਤੀਸੁਰ)ਪ੍ਰੋਹਤ 'ਚੋਂ ਅਤੇ ਮੰਗਤੇ ਜਾਂ ਦਾਤੇ ਦਾ ਕੋਈ ਸਾਕ ਨਹੀਂ ਹੈ।) ਅਸਨ ਬਸਨ ਧਨ ਧਾਮ. ਕਾਹੂ ਮੈ ਨ ਦੇਖਿਓ; ਜੈਸਾ ਗੁਰਸਿਖ ਸਾਧ ਸੰਗਤ ਕੋ ਨਾਤਾ ਹੈ॥ ਖਾਣ ਪਹਿਨਣ ਧਨ ਪਦਾਰਥ ਮਹਿਲ ਮਾੜੀਆਂ 'ਚ ਕੋਈ ਅਜੇਹਾ ਸਬੰਧ ਨਹੀਂ ਦੇਖਿਆ, ਜਿਹੋ ਜਿਹਾ ਗੁਰਸਿੱਖਾਂ ਤੇ ਸਾਧ ਸੰਗਤ ਜੀ ਦਾ ਨਾਤਾ ਹੈ॥੧੦੦॥ (ਕਬਿੱਤ ੧੦੦) ਜੈਸੇ ਮਾਤਾ ਪਿਤਾ ਪਾਲਕ ਅਨੇਕ ਸੁਤ ਅਨਕ ਸੁਤਨ ਪੈ ਨ ਤੈਸੇ ਹੋਇ ਨ ਆਵਈ। ਜਿਵੇਂ ਮਾਤਾ ਪਿਤਾ ਕਈ ਪੁੱਤਾਂ ਦੀ ਪਾਲਣਾ ਪੋਸਣਾ ਕਰਦੇ ਹਨ, ਤਿਵੇਂ ਉਨ੍ਹਾਂ ਪੁੱਤਾਂ ਪਾਸੋਂ ਨਹੀਂ ਹੋ ਆਉਂਦਾ।) ਜੈਸੇ ਮਾਤਾ ਪਿਤਾ ਚਿਤ ਚਾਹਤ ਹੈ ਸੁਤਨ ਕਉ ਤੈਸੇ ਨ ਸੁਤਨ ਚਿਤ ਚਾਹ ਉਪਜਾਵਈ। ਜਿਵੇਂ ਮਾਤਾ ਪਿਤਾ ਰਿਦਿਓਂ ਪੁੱਤਾਂ ਨੂੰ ਪਿਆਰਦੇ ਹਨ, ਤਿਵੇਂ ਪੁੱਤਾਂ ਦੇ ਹਿਰਦੇ 'ਚ ਚਾਹਨਾ ਨਹੀਂ ਉਪਜ ਸਕਦੀ।) ਜੈਸੇ ਮਾਤਾ ਪਿਤਾ ਸੁਤ ਸੁਖ ਦੁਖ ਸੋਗਾਨੰਦ ਦੁਖ ਸੁਖ ਮੈ ਨ ਤੈਸੇ ਸੁਤ ਠਹਰਾਵਈ।) ਜਿਵੇਂ ਮਾਤਾ ਪਿਤਾ ਪੁੱਤਾਂ ਦੇ ਦੁੱਖਾਂ ਸੁਖਾਂ 'ਚ ਦੁਖੀ ਸੁਖੀ ਹੁੰਦੇ ਹਨ, ਤਿਵੇਂ ਮਾਪਿਆਂ ਦੇ ਦੁੱਖਾਂ

Sri Satguru Jagjit Singh Ji eLibrary NamdhariElibrary@gmail.com

ਸੁਖਾਂ ’ਚ ਪੁੱਤਾਂ ਦੇ ਹਿਰਦੇ ’ਚ ਦੁੱਖ ਸੁਖ ਨਹੀਂ ਵਿਆਪ ਸਕਦੇ।) ਜੈਸੇ ਮਨ ਬਚ ਕ੍ਰਮ ਸਿਖਨੁ ਲੁਡਾਵੈ ਗੁਰ ਤੈਸੇ ਗੁਰ ਸੇਵਾ ਗੁਰਸਿਖ ਨ ਹਿਤਾਵਈ॥ (ਕਬਿੱਤ ੧੦੧)॥ ਜਿਵੇਂ ਮਨ ਬਾਣੀ ਕਰਮਾਂ ਕਰਕੇ, ਸਤਿਗੁਰੂ ਸਾਹਿਬ ਜੀ ਸਿੱਖਾਂ ਨੂੰ ਲਾਡ ਲਡਾਉਂਦੇ ਹਨ, ਤਿਵੇਂ ਗੁਰਸਿੱਖ ਗੁਰੂ ਜੀ ਦੀ ਸ਼ੁਭ ਸੱਚੀ ਸੇਵਾ ’ਚ ਪਿਆਰ ਨਹੀਂ ਪਾ ਸਕਦਾ, ਭਾਵ ਗੁਰਸਿੱਖਾਂ ਦੀ ਪ੍ਰੀਤ ਬਦਲੇ ਸਤਿਗੁਰੂ ਸਾਹਿਬ ਜੀ ਗੁਰਸਿੱਖਾਂ ਨੂੰ ਬੇਮਿਸਾਲ ਪ੍ਰੀਤ ਕਰਦੇ ਹਨ॥੧੦੧॥) ਸਾਹੁਰੁ ਪੀਹਰੁ ਪਖ ਤ੍ਰੈ; ਘਰ ਨਾਨੇਹਾਲਾ॥ ਸਹੁਰਾ ਸਸੁ ਵਖਾਣੀਐ; ਸਾਲੀ ਤੈ ਸਾਲਾ॥ ਮਾ ਪਿਉ ਭੈਣਾ ਭਾਇਰਾ; ਪਰਵਾਰੁ ਦੁਰਾਲਾ॥ ਨਾਨਾ ਨਾਨੀ ਮਾਸੀਆ; ਮਾਮੇ ਜੰਞਾਲਾ॥ ਸੁਇਨਾ ਰੁਪਾ ਸੰਜੀਐ; ਹੀਰਾ ਪਰਵਾਲਾ॥ ਪੀਰ ਮੁਰੀਦਾਂ ਪਿਰਹੜੀ; ਏਹੁ ਸਾਕੁ ਸੁਖਾਲਾ॥

ਸਾਕਤ ਸੰਗੁ. ਨ ਕੀਜੀਐ; ਜਾ ਤੇ ਹੋਇ ਬਿਨਾਹੁ॥੯੩॥ (ਸਾਕਤ)ਨਾਸਤਕ ਗੁਰਦ੍ਰੋਹੀ ਅਕ੍ਰਿਤਘਣ ਨਿੰਦਕ ਕਠੋਰ ਚਿੱਤ ਕਪਟੀ ਨਾਮ ਹੀਨ ਦਾ ਸੰਗੁ, ਕਦੇ ਭੁੱਲ ਕੇ ਭੀ ਨ (ਕੀਜੀਐ)ਕਰੀਏ, (ਜਾ)ਜਿਸ ਦਾ ਕੁਸੰਗ ਕਰਨ ਤੇ, ਆਤਮਕ ਜੀਵਨ ਧਨ ਪਦਾਰਥ ਕੁਲ ਸਭ ਕੁੱਝ (ਬਿਨਾਹੁ)ਨਾਸ ਹੋਇ ਜਾਵੇਗਾ॥੯੩॥ ਯਥਾ:- ਨਾਮ ਬਿਨਾ.ਨਕਟੇ ਨਰ ਦੇਖਹੁ; ਤਿਨ ਘਸਿ ਘਸਿ ਨਾਕ ਵਢੀਜੈ॥ ਸਾਕਤ ਨਰ.ਅਹੰਕਾਰੀ ਕਹੀਅਹਿ; ਬਿਨੁ ਨਾਵੈ.ਧ੍ਰਿਗੁ ਜੀਵੀਜੈ॥) ਕਬੀਰ.ਸਾਕਤੁ ਐਸਾ ਹੈ; ਜੈਸੀ ਲਸਨ ਕੀ ਖਾਨਿ॥ ਕੋਨੇ ਬੈਠੇ ਖਾਈਐ; ਪਰਗਟ ਹੋਇ ਨਿਦਾਨ॥) ਕਬੀਰ.ਸਾਕਤ ਸੰਗੁ, ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥) ਮਾਗਉ ਦਾਨੁ.ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ.ਸਾਕਤ ਸੰਗਿ,ਨ ਜੁਟਸੀ ਰੇ॥ ਜਨ ਨਾਨਕ.ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ.ਸਾਧ ਪਗਾ ਹੇਠਿ ਰੁਲਸੀ ਰੇ॥) ਸੱਤ੍ਰ ਹੋਇ ਕੈ ਜੋ ਕਰੈ ਮਿਤ੍ਰਾਈ ਕੀ ਬਾਤ॥ ਤਿਹ ਵਿਸਵਾਸ ਨ ਕੀਜੀਐ ਅੰਤ ਕਰੈ ਵਹੁ ਘਾਤ॥

ਜੱਗ- ਕਬੀਰ. ਜਗ ਮਹਿ ਚੇਤਿਓ ਜਾਨਿ ਕੈ; ਜਗ ਮਹਿ ਰਹਿਓ ਸਮਾਇ॥ ਜਿਨ. ਹਰਿ ਕਾ ਨਾਮੁ, ਨ ਚੇਤਿਓ; ਬਾਦਹਿ ਜਨਮੇਂ ਆਇ॥੯੪॥ ਵਾਹਿਗੁਰੂ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ. ਅਮੋਲਕ ਕੀਮਤੀ ਬਚਨ ਫ਼ੁਰਮਾਉਂਦੇ ਹਨ:- ਦਾਸਨ ਦਾਸ ਨੇ, ਪਰਮਪੂਜਨੀਕ ਵਾਹਿਗੁਰੂ ਜੀ ਨੂੰ (ਜਗ)ਕੋਟਿ ਬ੍ਰਹਮੰਡ (ਮਹਿ)’ਚ, ਜਾਨਿ ਕੈ, ਭਾਵ ਸਾਰੀਆਂ ਜ਼ਾਤਾਂ ਧਰਮਾਂ ਦੇਸ਼ਾਂ ਆਸਤਕਾਂ ਨਾਸਤਕਾਂ ਅਕਾਸਾਂ ਪਤਾਲਾਂ ’ਚ ਵਿਆਪਕ, ਜਾਨ ਕੇ, ਹੀਏ ਕੋ ਪ੍ਰੀਤਮੁ;) ਵਾਹਿਗੁਰੂ ਜੀ (ਚੇਤਿਓ)ਯਾਦ ਕੀਤੇ, ਜਪੇ ਧਿਆਏ ਮੰਨੇ ਪੂਜੇ ਹਨ, (ਜਗ)ਕੋਟਿ ਬ੍ਰਹਮੰਡ (ਮਹਿ)’ਚ, (ਸਮਾਇ)ਵਿਆਪਕ (ਰਹਿਓ)ਹੋ ਰਹੇ ਹਨ। ਜਿਵੇਂ ਸਮਦ੍ਰਿਸ਼ਟੀ ਵਾਲੇ ਤੱਤ ਬੇਤੇ ਮਹਾਂਪੁਰਸ਼, ਪਰਮ ਸੰਤ ਬਾਬਾ ਘਨਈਆ ਸਾਹਿਬ ਜੀ, ਤੀਰ ਗੋਲ਼ੇ ਗੋਲ਼ੀਆਂ ਦੀ ਵਰਖ਼ਾ ਹੁੰਦੀ ਤੋਂ ਮੱਚਦੇ ਜੰਗ’ਚ, ਵੈਰੀਆਂ ਦੇ ਮੂੰਹਾਂ ’ਚ ਪਾਣੀ ਪਾਉਂਦੇ, ਮੱਲ੍ਹਮ ਪੱਟੀ ਭੀ ਕਰਦੇ। ਯਥਾ:- ਸਭ ਮਹਿ ਸਚਾ. ਏਕੋ ਸੋਈ; ਤਿਸ ਕਾ ਕੀਆ. ਸਭੁ ਕਛੁ ਹੋਈ॥) ਰਾਗੁ ਗੋਂਡ ਮਹਲਾ ੫ ਚਉਪਦੇ ਘਰੁ ੧ ੧ੴ ਸਤਿਗੁਰ ਪ੍ਰਸਾਦਿ॥ ਸਭੁ ਕਰਤਾ; ਸਭੁ ਭੁਗਤਾ॥੧॥ ਰਹਾਉ॥ ਸੁਨਤੋ ਕਰਤਾ; ਪੇਖਤ ਕਰਤਾ॥ ਅਦ੍ਰਿਸਟੋ ਕਰਤਾ; ਦ੍ਰਿਸਟੋ ਕਰਤਾ॥ ਓਪਤਿ ਕਰਤਾ; ਪਰਲਉ ਕਰਤਾ॥ ਬਿਆਪਤ ਕਰਤਾ; ਅਲਿਪਤੋ ਕਰਤਾ॥੧॥ ਬਕਤੋ ਕਰਤਾ; ਬੂਝਤ ਕਰਤਾ॥ ਆਵਤੁ ਕਰਤਾ; ਜਾਤੁ ਭੀ ਕਰਤਾ॥ ਨਿਰਗੁਨ ਕਰਤਾ; ਸਰਗੁਨ ਕਰਤਾ॥ ਗੁਰਪ੍ਰਸਾਦਿ; ਨਾਨਕ ਸਮਦ੍ਰਿਸਟਾ॥੨॥੧॥) ਕਾਨੜਾ ਮਹਲਾ ੫॥ ਬਿਸਰਿ ਗਈ; ਸਭ ਤਾਤਿ ਪਰਾਈ॥ ਜਬ ਤੇ ਸਾਧਸੰਗਤਿ; ਮੋਹਿ ਪਾਈ॥੧॥ ਰਹਾਉ॥ ਨਾ ਕੋ ਬੈਰੀ. ਨਹੀ ਬਿਗਾਨਾ; ਸਗਲ ਸੰਗਿ. ਹਮ ਕਉ ਬਨਿ ਆਈ॥੧॥ ਜੋ. ਪ੍ਰਭ ਕੀਨੋ, ਸੋ. ਭਲ ਮਾਨਿਓ; ਏਹ ਸੁਮਤਿ. ਸਾਧੂ ਤੇ ਪਾਈ॥੨॥ ਸਭ ਮਹਿ. ਰਵਿ ਰਹਿਆ ਪ੍ਰਭੁ ਏਕੈ; ਪੇਖਿ ਪੇਖਿ. ਨਾਨਕ ਬਿਗਸਾਈ॥੩॥੮॥) ਅਵਲਿ ਅਲਹ ਨੂਰੁ ਉਪਾਇਆ; ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ.ਸਭੁ ਜਗੁ ਉਪਜਿਆ; ਕਉਨ ਭਲੇ.ਕੋ

Sri Satguru Jagjit Singh Ji eLibrary NamdhariElibrary@gmail.com

ਮੰਦੇ॥) ਨਾ ਕੋ ਮੇਰਾ ਦੁਸਮਨੁ ਰਹਿਆ; ਨਾ ਹਮ ਕਿਸ ਕੇ ਬੈਰਾਈ॥ ਬ੍ਰਹਮੁ ਪਸਾਰੁ ਪਸਾਰਿਓ ਭਤਿਰਿ; ਸਤਿਗੁਰ ਤੇ ਸੋਝੀ ਪਾਈ॥) ਹਿੰਦੂ ਤੁਰਕ ਕੋਊ ਰਾਫਜੀ ਇਮਾਮਸਾਫੀ; ਮਾਨਸ ਕੀ ਜਾਤ ਸਭੈ ਏਕੈ ਪਹਚਾਨਬੋ॥) ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ; ਏਕ ਹੀ ਸਰੂਪ ਸਭੈ, ਏਕ ਹੀ ਬਨਾਉ ਹੈ॥) ਅੱਲਾ ਵਾਹਿਗੁਰੂ ਜੀ ਦਾ ਨਾਮ ਇੱਕ ਹੈ, ਭਰਮਾਂ 'ਚ ਪੈ ਗਈ ਦੁਨੀਆਂ।

ਜਿਨ. ਹਰਿ ਕਾ ਨਾਮੁ, ਨ ਚੇਤਿਓ; ਬਾਦਹਿ ਜਨਮੇਂ ਆਇ॥੯੪॥ (ਜਿਨ)ਜਿਨ੍ਹਾਂ ਨਾਸਤਕਾਂ (ਹਰਿ)ਸ੍ਰਬ ਵਿਆਪਕ ਵਾਹਿਗੁਰੂ ਜੀ (ਕਾ)ਦੇ, ਪਰਮ ਪਾਕ ਨਾਮੁ ਜੀ, (ਚੇਤਿਓ)ਚੇਤੇ ਸਿਮਰੇ (ਨ)ਨਹੀਂ, ਉਹ ਜੱਗ 'ਤੇ ਜਨਮੇਂ ਆਇ (ਬਾਦਹਿ)ਵਿਅਰਥ ਹਨ, ਕਿਉਂ ਜੋ ਅਮੋਲਕ ਹੀਰਾ ਜਨਮ, ਔਗੁਣਾਂ ਪਾਪਾਂ ਵਿਕਾਰਾਂ 'ਚ ਬਿਅਰਥ ਹੀ ਗੁਆ ਲਿਆ॥੯੪॥ ਯਥਾ:- ਮਨਮੁਖ ਮੁਗਧੁ. ਹਰਿ ਨਾਮੁ ਨ ਚੇਤੈ; ਬਿਰਥਾ ਜਨਮੁ ਗਵਾਇਆ॥) ਜਿਨੀ ਐਸਾ ਹਰਿ ਨਾਮੁ.ਨ ਚੇਤਿਓ; ਸੇ ਕਾਹੇ ਜਗਿ ਆਏ.ਰਾਮ ਰਾਜੇ॥ ਇਹੁ ਮਾਣਸ ਜਨਮੁ ਦੁਲੰਭੁ ਹੈ; ਨਾਮ ਬਿਨਾ ਬਿਰਥਾ ਸਭੁ ਜਾਏ॥ ਹੁਣਿ ਵਤੈ.ਹਰਿ ਨਾਮੁ ਨ ਬੀਜਿਓ; ਅਗੈ ਭੁਖਾ ਕਿਆ ਖਾਏ॥ ਮਨਮੁਖਾ ਨੋ ਫਿਰਿ ਜਨਮੁ ਹੈ; ਨਾਨਕ ਹਰਿ ਭਾਏ॥) ਹਰਿ ਕਾ ਨਾਮੁ. ਨ ਚੇਤੈ ਪ੍ਰਾਣੀ; ਬਿਕਲੁ ਭਇਆ. ਸੰਗਿ ਮਾਇਆ॥ ਧਨ ਸਿਉ ਰਤਾ ਜੋਬਨਿ ਮਤਾ; ਅਹਿਲਾ ਜਨਮੁ ਗਵਾਇਆ॥) ਜਿਨੀ ਨਾਮੁ ਵਿਸਾਰਿਆ; ਸੇ. ਕਿਤੁ ਆਏ ਸੰਸਾਰਿ॥ ਆਗੈ ਪਾਛੈ ਸੁਖੁ ਨਹੀ; ਗਾਡੇ ਲਾਦੇ ਛਾਰੁ॥ ਵਿਛੁੜਿਆ ਮੇਲਾ ਨਹੀ; ਦੂਖੁ ਘਣੋ ਜਮ ਦੁਆਰਿ॥੩॥

ਕਬੀਰ. ਆਸਾ ਕਰੀਐ ਰਾਮ ਕੀ; ਅਵਰੈ ਆਸ ਨਿਰਾਸ॥ ਨਰਕਿ ਪਰਹਿ. ਤੇ ਮਾਨਈ; ਜੋ. ਹਰਿ ਨਾਮ ਉਦਾਸ॥੯੫॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਦੁਰਲੱਭ ਕੀਮਤੀ ਬਚਨ ਫ਼ੁਰਮਾਉਂਦੇ ਹਨ:- ਹੇ ਭਾਈ! (ਰਾਮ)ਸ੍ਰਬ ਵਿਆਪੀ ਵਾਹਿਗੁਰੂ ਜੀ (ਕੀ)ਦੀ ਦਰਸ਼ਨਾਂ, ਸ਼ੁਭ ਕਾਮਨਾ ਦੀ ਪੂਰਤੀ ਦੀ ਆਸਾ (ਕਰੀਐ)ਕਰੀਏ, ਭਾਵ ਹੇ ਵਾਹਿਗੁਰੂ ਜੀ! ਆਪ ਜੀ ਦੇ ਮੂਰਖ ਬੱਚਿਆਂ ਨੂੰ ਆਪ ਜੀ ਦੀ ਆਸ ਹੈ, ਪਾਪਾਂ ਵਿਕਾਰਾਂ ਔਗੁਣਾਂ ਤੋਂ ਰੱਖਿਆ ਕਰਕੇ, ਦਰਸ਼ਨ ਬਖ਼ਸ਼ੋ ਜੀ। ਵਿਚਿ ਆਸਾ; ਹੋਇ ਨਿਰਾਸੀ॥ ਸੋ ਜਨੁ ਮਿਲਿਆ; ਹਰਿ ਪਾਸੀ॥ ਅਨੁਸਾਰ (ਅਵਰੈ)ਹੋਰ ਦੰਭੀਆਂ, ਪਾਪਾਂ ਵਿਕਾਰਾਂ ਔਗੁਣਾਂ ਦੀ ਆਸ ਤੋਂ, ਸਦਾ ਨਿਰਾਸ ਰਹਿਣਾ ਕਰੀਏ। ਯਥਾ:- ਏਕ ਆਸ ਹਰਿ. ਮਨਿ ਰਖਹੁ; ਨਾਨਕ.ਦੂਖੁ ਭਰਮੁ ਭਉ ਜਾਇ॥੧॥) ਤੁਮਰੀ ਸਰਣਿ. ਤੁਮਾਰੀ ਆਸਾ; ਤੁਮ ਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ; ਨਾਨਕ ਘਰ ਕੇ ਗੋਲੇ॥) ਕਹਿ ਰਵਿਦਾਸ.ਆਸ ਲਗਿ ਜੀਵਉ; ਚਿਰ ਭਇਓ. ਦਰਸਨੁ ਦੇਖੇ॥) ੴਸ ਅਕਾਲ ਪੁਰਖ- ਅਵਰਨ ਕੀ ਆਸਾ; ਕਿਛੁ ਨਾਹੀ॥ ਏਕੈ ਆਸ; ਧਰੋ ਮਨ ਮਾਹੀ॥ ਆਨ ਆਸ; ਉਪਜਤ ਕਿਛੁ ਨਾਹੀ॥੧ਵਾ ਕੀ ਆਸ; ਧਰੋ ਮਨ ਮਾਹੀ॥

ਨਰਕਿ ਪਰਹਿ. ਤੇ ਮਾਨਈ; ਜੋ. ਹਰਿ ਨਾਮ ਉਦਾਸ॥੯੫॥ (ਜੋ)ਜਿਹੜੇ (ਮਾਨਈ)ਮਨੁੱਖ (ਹਰਿ)ਵਾਹਿਗੁਰੂ ਜੀ ਦੇ ਨਾਮ ਜਪਣ ਜਪਾਉਣ ਤੋਂ, (ਉਦਾਸ)ਮੁਨਕਰ ਰਹਿੰਦੇ ਹਨ, ਨਹੀਂ ਜਪਦੇ, ਗੁਰੂ ਸੇਵਾ ਸਿਮਰਨ ਨਹੀਂ ਕਰਦੇ, (ਤੇ)ਉਹ ਨਰਕਿ 'ਚ, (ਪਰਹਿ)ਪੈਂਦੇ ਹਨ॥੯੫॥ ਯਥਾ:- ਨਾਰਾਇਣੁ. ਨਹ ਸਿਮਰਿਓ; ਮੋਹਿਓ ਸੁਆਦ ਬਿਕਾਰ॥ ਨਾਨਕ. ਨਾਮਿ ਬਿਸਾਰਿਐ; ਨਰਕ ਸੁਰਗ ਅਵਤਾਰ॥) ਮਨਮੁਖੁ. ਜੇ ਸਮਝਾਈਐ; ਭੀ ਉਝੜਿ ਜਾਏ॥ ਬਿਨੁ ਹਰਿ ਨਾਮ. ਨ ਛੂਟਸੀ; ਮਰਿ ਨਰਕ ਸਮਾਏ॥੫॥

ਕਬੀਰ. ਸਿਖ ਸਾਖਾ ਬਹੁਤੇ ਕੀਏ; ਕੇਸੋ. ਕੀਓ ਨ ਮੀਤੁ॥ ਚਾਲੇ ਥੇ. ਹਰਿ ਮਿਲਨ ਕਉ; ਬੀਚੈ ਅਟਕਿਓ ਚੀਤੁ॥੯੬॥ ਦੰਭੀਆਂ ਪਖੰਡੀਆਂ ਦੀ ਘਣੀਂ ਮੰਦੀ ਹੂ ਮੰਦੀ ਹਾਲਤ ਦੱਸਦਿਆਂ, ਪਰਮਪੂਜਨੀਕ ਸ੍ਰਬ ਵਿਆਪੀ

Sri Satguru Jagjit Singh Ji eLibrary NamdhariElibrary@gmail.com

ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ਼੍ਰੀ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਬਹੁਤੇ (ਸਿਖ)ਚੇਲਿਆਂ ਦੀਆਂ (ਸਾਖਾ)ਸੰਪ੍ਰਦਾਵਾਂ, ਫ਼ਿਰਕੇ (ਕੀਏ)ਬਣਾ ਲਏ, ਅਪਣੇ ਆਪ ਨੂੰ ਥਾਪ ਕੇ, ਰੱਬ ਜੀ ਦੇ ਸ਼ਰੀਕ ਬਣ ਕੇ, ਅਪਣੇ ਆਪ ਨੂੰ ਰੱਬ ਕਹਾਉਣ ਲੱਗ ਪਏ, ਅਪਣੀ ਮੰਨਤਾ ਪੂਜਾ ਕਰਾਉਣ ਲੱਗ ਗਏ, ਅਪਣਾ ਹੀ ਨਾਮ ਜਪਾਉਣ ਲੱਗ ਗਏ, ਦੁੱਖ ਸੁਖ 'ਚ ਹਰ ਸਮੇਂ ਸਹਾਈ ਹੋਣ ਵਾਲੇ, ਪਰਮਪੂਜਨੀਕ ਸਭ ਦੇ ਪਿਤਾ ਜੀ (ਕੇਸੋ)ਸੱਚੇ ਵਾਹਿਗੁਰੂ ਜੀ (ਮੀਤੁ)ਮਿੱਤ੍ਰ ਨ (ਕੀਓ)ਬਣਾਏ, ਨਾ ਜਪੇ. ਨਾ ਜਪਾਏ।

ਚਾਲੇ ਥੇ. ਹਰਿ ਮਿਲਨ ਕਉ; ਬੀਚੈ ਅਟਕਿਓ ਚੀਤੁ॥੯੬॥ ਘਰ ਤਿਆਗ ਕੇ, (ਹਰਿ)ਸੱਚੇ ਵਾਹਿਗੁਰੂ ਜੀ (ਕਉ)ਨੂੰ ਮਿਲਨ (ਚਾਲੇ)ਚੱਲੇ (ਥੇ)ਸੀ, ਪਰ ਪਾਪਾਂ ਵਿਕਾਰਾਂ ਔਗੁਣਾਂ, ਅਪਣੀ ਮੰਨਤਾ ਪੂਜਾ ਵਡਿਆਈ, ਰੱਬ ਬਨਣ (ਬੀਚੈ)ਵਿੱਚ ਹੀ, ਚੀਤੁ (ਅਟਕਿਓ)ਰੁਕ ਗਿਆ॥੯੬॥ ਯਥਾ:- ਆਪਸ ਕਉ; ਜੋ ਭਲਾ ਕਹਾਵੈ॥ ਤਿਸਹਿ ਭਲਾਈ; ਨਿਕਟਿ. ਨ ਆਵੈ॥) ਹਮ ਬਡ ਕਬਿ ਕੁਲੀਨ, ਹਮ ਪੰਡਿਤ; ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ.ਸੂਰ ਹਮ ਦਾਤੇ; ਇਹ ਬੁਧਿ.ਕਬਹਿ ਨ ਨਾਸੀ॥

ਕਬੀਰ. ਕਾਰਨੁ ਬਪੁਰਾ ਕਿਆ ਕਰੈ; ਜਉ. ਰਾਮੁ ਨ ਕਰੈ ਸਹਾਇ॥ ਜਿਹ ਜਿਹ ਡਾਲੀ. ਪਗੁ ਧਰਉ; ਸੋਈ ਮੁਰਿ ਮੁਰਿ ਜਾਇ॥੯੭॥ ਅਰਥ ਸਮਝਣ ਲਈ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਜਿਵੇਂ- ਕਬੀਰ. ਤਰਵਰ ਰੂਪੀ ਰਾਮੁ ਹੈ;) ਅਨੁਸਾਰ ਅਸੰਖ ਪ੍ਰਕਾਸ਼ ਸਰੂਪ ਅੰਦਰ ਬਾਹਰ ਨਿਰਗੁਨ ਬ੍ਰਹਮ ਜੀ ਬ੍ਰਿੱਛ ਸਰੂਪ ਹਨ। ਇਨ੍ਹਾਂ 'ਤੇ ਜੀਵ ਨੇ ਚੜ੍ਹਨਾ ਹੈ, ਜਿਵੇਂ ਚੜ੍ਹਨ ਲੱਗਿਆਂ ਟਾਹਣੀ ਦਾ ਆਸਰਾ ਲੈ ਕੇ ਚੜ੍ਹੀਦਾ ਹੈ, ਜੇ ਉਹ ਟਾਹਣੀ ਹੱਥ ਪਾਇਆਂ ਮੁੜ ਜਾਵੇ, ਤਾਂ ਬ੍ਰਿਛ 'ਤੇ ਨਹੀਂ ਚੜ੍ਹਿਆ ਜਾਂਦਾ। ਇਸ ਤਰ੍ਹਾਂ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਕਹ ਪਿੰਗੁਲ; ਪਰਬਤ ਪਰ ਭਵਨ॥) ਅੰਧ ਗੁੰਗ ਪਿੰਗੁਲ ਮਤਿ ਹੀਨਾ;) ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਕਈ ਜਨਮ; ਸੈਲ ਗਿਰਿ ਕਰਿਆ॥ ਕਈ ਜਨਮ; ਗਰਭ ਹਿਰਿ ਖਰਿਆ॥ ਕਈ ਜਨਮ; ਸਾਖ ਕਰਿ ਉਪਾਇਆ॥ ਲਖ ਚਉਰਾਸੀਹ ਜੋਨਿ ਭ੍ਰਮਾਇਆ॥੨॥) ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥) ਰਕਤੁ ਬਿੰਦੁ ਕਾ ਇਹੁ ਤਨੋ; ਅਗਨੀ ਪਾਸਿ ਪਿਰਾਣੁ॥ ਅਨੁਸਾਰ ਇਹ ਰਕਤ ਕ੍ਰਿਮ ਤੋਂ ਬਣਿਆਂ, ਸੂਕਰ ਕੂਕਰ ਨੀਚ ਕੀਟ ਕ੍ਰਿਮ ਅਨੇਕਾਂ ਜੂਨਾਂ 'ਚ ਭਰਮਣ ਵਾਲਾ ਜੀਵ, ਬ੍ਰਹਮ ਸਰੂਪੀ ਬ੍ਰਿਛ 'ਤੇ ਚੜ੍ਹਨ ਦਾ (ਬਪੁਰਾ)ਤੁੱਛ ਜੀਵ (ਕਾਰਨੁ)ਸਬੱਬ ਸਾਧਨ (ਕਿਆ)ਕੀ (ਕਰੈ)ਕਰ ਸਕਦਾ ਹੈ? (ਜਉ)ਜਿਨਾ ਚਿਰ (ਰਾਮੁ)ਵਾਹਿਗੁਰੂ ਜੀ (ਸਹਾਇ)ਸਹਾਇਤਾ (ਨ)ਨਹੀਂ (ਕਰੈ)ਕਰਦੇ, ਕਿਉਂ ਜੋ, ਕਲੇਸ਼ ਵਿਸ਼ਿਆਂ 'ਚ ਧਾ ਕੇ ਲੱਗਿਆ, ਖੱਚਤ ਸੜ ਬਲ ਰਿਹਾ ਹੈ, ਜਨਮਾਂ ੨ 'ਚ ਸੱਟਾਂ ਚੋਟਾਂ ਰੋਗਾਂ ਦਾ ਦੁੱਖ ਕਸ਼ਟ ਕਲੇਸ਼ ਭੋਗ ਰਿਹਾ ਹੈ। ਯਥਾ:- ਅਨਜਾਨਤ; ਬਿਖਿਆ ਮਹਿ ਰਚੈ॥ ਜੇ ਜਾਨਤ; ਆਪਨ ਆਪ ਬਚੈ॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥)

ਜਿਹ ਜਿਹ ਡਾਲੀ. ਪਗੁ ਧਰਉ; ਸੋਈ ਮੁਰਿ ਮੁਰਿ ਜਾਇ॥੯੭॥੧:- (ਜਿਹ)ਜਿਸ (ਜਿਹ)ਜਿਸ ਸ਼ੁਭ ਗੁਣ ਰੂਪ (ਡਾਲੀ)ਟਾਹਣੀ 'ਤੇ (ਪਗੁ)ਪੈਰ (ਧਰਉ)ਧਰਦਾ ਹੈ, (ਸੋਈ)ਓਹੀ (ਮੁਰਿ)ਮੁੜਿ (ਮੁਰਿ)ਮੁੜਿ ਜਾਇ ਰਹੀ ਹੈ। ਜਿਵੇਂ ਜੇ ਸੰਤੋਖ ਰੂਪੀ ਡਾਲੀ ਤੇ ਪੈਰ ਧਰਦਾ ਹੈ ਬਈ ਮੈਂ ਸੰਤੋਖ ਧਾਰਨਾ ਹੈ, ਸੰਤੋਖ ਨਹੀਂ ਧਾਰਿਆ ਜਾਂਦਾ, ਵਿਸ਼ੇ ਵਿਕਾਰ ਔਗੁਣਾਂ ਵੱਲੋਂ ਸੰਤੋਖ ਨਹੀਂ ਰੱਖ ਸਕਦਾ, ਸੌਣ ਵੱਲੋਂ ਸੰਤੋਖ ਨਹੀਂ ਰੱਖ ਸਕਦਾ, ਨਿੰਦਾ ਵੱਲੋਂ ਸੰਤੋਖ ਨਹੀਂ ਰੱਖ ਸਕਦਾ, ਧਨ ਦੀ ਪ੍ਰਾਪਤੀ ਵੱਲੋਂ ਭੀ ਹੋਰ ੨ ਚਾਹੁੰਦਾ, ਸੰਤੋਖ ਨਹੀਂ ਰੱਖ ਸਕਦਾ, ਇਹ ਭੀ

Sri Satguru Jagjit Singh Ji eLibrary NamdhariElibrary@gmail.com

ਡਾਲੀ ਮੁੜ ੨ ਜਾਂਦੀ ਹੈ। ਜੇ ਇਹ ਕਹਿੰਦਾ ਮੈਂ ਹੁਣ ਸ਼ਾਂਤੀ ਰੱਖਣੀ ਹੈ, ਸ਼ਾਂਤੀ ਨਹੀਂ ਆਉਂਦੀ, ਅਕਸ ਮਾੜ੍ਹ ਹੀ ਕ੍ਰੋਧ ਆ ਜਾਂਦਾ ਹੈ। ਜੇ ਇਹ ਕਹਿੰਦਾ ਕਿ ਮੈਂ ਮਿੱਠਾ ਬੋਲਣਾ ਹੈ, ਕੋਮਲ ਬਾਣੀ ਸਭ ਕਉ ਸੰਤੋਖੈ॥ ਤਾਂ ਭੀ ਯਤਨ ਪ੍ਰਯਤਨ ਕਰਦਾ ਹੈ, ਪਤਾ ਉਦੋਂ ਲਗਦਾ ਹੈ ਜਦੋਂ ਕੌੜਾ ਬੋਲਿਆ ਜਾਂਦਾ ਹੈ। ਦੂਜਿਆਂ ਦੇ ਦਿਲ ਨੂੰ ਦੁਖਾਉਂਦਾ ਹੈ। ਜਿਵੇਂ ਬੇਰੀ ਕੇਲੇ ਨੂੰ ਚੀਰਦੀ ਹੈ ਦੂਜਿਆਂ ਦੇ ਮਨ ਨੂੰ ਚੀਰਦਾ ਰਹਿੰਦਾ ਹੈ। ਆਪੋ ਵਿੱਚੀਂ ਟਕਰਾਅ ਕਤਲ ਹੋ ਜਾਂਦੇ ਹਨ। ਇਸ ਲਈ ਜਨਮਾਂ ੨ ਅੰਦਰ ਕੌੜਾ ਬੋਲ ਕੇ, ਨਾਨਕ. ਫਿਕੈ ਬੋਲਿਐ; ਤਨੁ ਮਨੁ ਫਿਕਾ ਹੋਇ॥ ਬਹੁਤ ਵੇਰੀ ਪਿਛਲੇ ਜਨਮਾਂ 'ਚ ਕੌੜਾ ਬੋਲਣੇ ਕਰਕੇ, ਮੌਤ ਹੋ ਚੁੱਕੀ ਹੈ। ਪਰ ਇਸ ਤੋਂ ਰਿਹਾ ਨਹੀਂ ਜਾਂਦਾ, ਜੇ ਇਹ, ਆਪੁ ਗਵਾਈਐ. ਤਾ ਸਹੁ ਪਾਈਐ; ਅਉਰੁ ਕੈਸੀ ਚਤੁਰਾਈ॥ ਚਾਹੁੰਦਾ ਹੈ ਕਿ ਮੈਂ ਆਪ ਗੁਆ ਦੇਣਾ, ਇਸ ਤੋਂ ਹੰਕਾਰ ਨਹੀਂ ਗੁਆਇਆ ਜਾਂਦਾ। ਇਸ ਤਰ੍ਹਾਂ ਜੇ ਇਹ ਯਤਨ ਕਰਦਾ ਹੈ, ਕਿ ਮੈਂ ਹੁਣ ਦੁਬਿਧਾ ਤਿਆਗ ਦਿਤੀ ਹੈ, ਫੇਰ ਭੀ ਨੇਕ ਪੁਰਖਾਂ ਨਾਲ ਦ੍ਵੈਸ਼ ਕਰਦਾ, ਹਟ ਨਹੀਂ ਸਕਦਾ। ਜੇ ਇਹ ਕਹਿੰਦਾ ਬਈ ਦੁਖੀ ਨੂੰ ਦੇਖ ਕੇ ਮੈਂ ਦਇਆ ਕਰਨੀ ਹੈ, ਦੁਖੀ ਨੂੰ ਦੇਖ ਕੇ ਖੁਸ਼ ਹੋ ਜਾਂਦਾ ਹੈ। ਇਹ ਭੀ ਕਰੁਣਾ ਰੂਪੀ ਟਾਹਣੀ ਭੀ ਮੁਰਝਾ ਗਈ। ਸੁਖੀ ਨੂੰ ਦੇਖ ਕੇ ਮਿੱਤ੍ਰ ਭਾਵ ਕਰਨਾ ਸੀ, ਬਈ ਚੰਗਾ ਮੇਰਾ ਮਿੱਤ੍ਰ ਸੁਖੀ ਹੈ, ਪਰ ਸੁਖੀ ਨੂੰ ਦੇਖ ਕੇ ਦੁਖੀ ਹੋ ਜਾਂਦਾ। ਮੈਤ੍ਰੀ ਭਾਵ ਵਾਲੀ ਜਿਹੜੀ ਟਾਹਣੀ ਸੀ ਇਹ ਭੀ ਮੁੜ ਗਈ। ਕਿਸੇ ਮਹਾਂਪੁਰਸ਼ ਦਾ ਪ੍ਰਤਾਪ ਦੇਖ ਕੇ ਵਾਹਿਗੁਰੂ ਜੀ ਦੀ ਵਡਿਆਈ ਸਮਝਣੀ ਸੀ, ਧੰਨ ਵਾਹਿਗੁਰੂ ਜੀ ਜਿਨ੍ਹਾਂ ਨੇ ਐਸੇ ਮਹਾਂਪੁਰਸ਼ ਪੈਦਾ ਕੀਤੇ ਹਨ, ਦੇਖ ਕੇ ਸੜਨ ਲੱਗ ਗਿਆ। ਇਹ ਭੀ ਮੁਦਤਾ ਰੂਪੀ ਟਾਹਣੀ ਮੁੜ ਗਈ। ਜਿਹੜਾ ਨ ਮੰਨੇ ਉਸ ਨੂੰ ਬਾਰ ੨ ਧੱਕੇ ਨਾਲ ਉਪਦੇਸ਼ ਦਿੰਦਾ ਹੈ, ਇਹ ਉਪੇਖਿਆ ਰੂਪ ਟਾਹਣੀ ਭੀ ਮੁੜ ਗਈ॥੯੭॥

ਜਿਹ ਜਿਹ ਡਾਲੀ. ਪਗੁ ਧਰਉ; ਸੋਈ. ਮੁਰਿ ਮੁਰਿ ਜਾਇ॥੯੭॥੨:- ਨਿਰਗੁਨ ਬ੍ਰਹਮ ਜੀ ਰੂਪੀ ਬ੍ਰਿਛ 'ਤੇ ਚੜ੍ਹਨ ਲਈ, ਕੇਵਲ ਭੇਖੀ ਸੰਤ ਰੂਪ ਜਿਸ ੨ ਟਾਹਣੀ 'ਤੇ, ਪੈਰ ਧਰਦਾ ਹੈ, ਭਾਵ ਸਹਾਰਾ ਲੈਂਦਾ ਹੈ, ਭੇਖੀ ਮਹਾਤਮਾ ਕੋਲ ਜਾਂਦਾ ਹੈ, ਓਹੀ ਮੁੜ ੨ ਜਾਂਦੀ ਹੈ, ਪੂਰੇ ਮਹਾਤਮਾ ਨਾ ਹੋਣ ਕਾਰਨ, ਮੁੜ ੨ ਜਾਂਦੀ ਹੈ, ਉੱਪਰੋਂ ਲਿਬਾਸ ਮਾਤ੍ਰ ਹੀ ਹਨ। ਯਥਾ:- ਰਹਿਓ ਸੰਤ ਹਉ ਟੋਲਿ; ਸਾਧ ਬਹੁਤੇਰੇ ਡਿਠੇ॥) ਭੇਖ ਦਿਖਾਏ ਜਗਤ ਕੋ; ਲੋਗਨ ਕੋ ਬਸਿ ਕੀਨ॥ ਅੰਤ. ਕਾਲ ਕਾਤੀ ਕਟਜੋ ਬਾਸੁ ਨਰਕ ਮੋ ਲੀਨ॥ ਉਹ ਆਪਣੀ ਸੇਵਾ ਕੰਮ ਧੰਦੇ 'ਚ ਲਾ ਲੈਂਦੇ ਹਨ, ਭਜਨ ਬੰਦਗੀ 'ਚ ਨਹੀਂ ਲਾਉਂਦੇ, ਉੱਥੋਂ ਫੇਰ ਹੋਰ ਕੋਲ ਜਾਂਦਾ ਹੈ, ਉੱਥੇ ਭੀ ਇਹੀ ਹਾਲ ਹੁੰਦਾ ਹੈ, ਜਿਨਾ ਚਿਰ ਪੂਰਨ ਮਹਾਤਮਾ ਜੀ ਨਹੀਂ ਮਿਲਦੇ, ਇਹ ਭੀ ਮਹਾਤਮਾ ਰੂਪ ਟਾਹਣੀ, ਮੁੜ ੨ ਕੇ ਜਾਂਦੀ ਹੈ।

ਜਿਹ ਜਿਹ ਡਾਲੀ. ਪਗੁ ਧਰਉ; ਸੋਈ ਮੁਰਿ ਮੁਰਿ ਜਾਇ॥੯੭॥੩:- ਜਿਹੜੇ ਸਾਧਨ ਹਨ, ਜੇ ਜਲਧਾਰਾ ਕਰਦਾ ਹੈ ਉਹ ਭੀ ਪ੍ਰਮਾਤਮਾ ਜੀ ਤੱਕ ਨਹੀਂ ਪਹੁੰਚਦਾ, ਇਹ ਟਾਹਣੀ ਭੀ ਮੁੜ ਗਈ। ਨਿਮਖ ਨਿਮਖ ਕਰਿ ਸਰੀਰੁ ਕਟਾਵੈ॥ ਤਉ ਭੀ ਹਉਮੈ ਮੈਲੁ ਨ ਜਾਵੈ॥ ਨਿਮਖ ੨ ਕਰਕੇ ਸਰੀਰ ਕਟਾਇਆ ਇਹ ਟਾਹਣੀ ਭੀ ਮੁੜ ਗਈ, ਜੇ ਪ੍ਰਮਾਤਮਾ ਦੀ ਪ੍ਰਾਪਤੀ ਲਈ ਭੁੱਖਾ ਰਹਿਣ ਲੱਗਾ, ਇਸ ਤਰ੍ਹਾਂ ਵਾਹਿਗੁਰੂ ਜੀ ਨੂੰ ਪਾ ਲਵਾਂ, ਭੁੱਖਾ ਰਹਿਣ ਰੂਪ ਟਾਹਣੀ ਭੀ ਮੁੜ ਟੁੱਟ ਗਈ। ਯਥਾ:- ਅੰਨੁ. ਨ ਖਾਇਆ; ਸਾਦੁ ਗਵਾਇਆ॥ ਬਹੁ ਦੁਖੁ ਪਾਇਆ; ਦੂਜਾ ਭਾਇਆ॥) ਜਾਪ ਤਾਪ; ਗਿਆਨ ਸਭਿ ਧਿਆਨ॥ ਖਟ ਸਾਸਤ੍ਰ; ਸਿਮ੍ਰਿਤਿ ਵਖਿਆਨ॥ ਜੋਗ ਅਭਿਆਸ; ਕਰਮ ਧ੍ਰਮ ਕਿਰਿਆ॥ ਸਗਲ ਤਿਆਗਿ; ਬਨ ਮਧੇ ਫਿਰਿਆ॥ ਅਨਿਕ ਪ੍ਰਕਾਰ; ਕੀਏ ਬਹੁ ਜਤਨਾ॥ ਪੁੰਨ ਦਾਨ; ਹੋਮੇ ਬਹੁ ਰਤਨਾ॥ ਸਰੀਰੁ ਕਟਾਇ; ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ; ਬਹੁ ਭਾਤੀ॥ ਨਹੀ ਤੁਲਿ; ਰਾਮ ਨਾਮ ਬੀਚਾਰ॥ ਨਾਨਕ ਗੁਰਮੁਖਿ; ਨਾਮੁ ਜਪੀਐ ਇਕ ਬਾਰ॥ ਇਨ੍ਹਾਂ ਸਾਧਨਾ ਕਰਕੇ ਭੀ ਮਹਾਰਾਜ ਸਾਹਿਬ ਜੀ ਦੀ ਪ੍ਰਾਪਤੀ ਨਹੀਂ ਹੈ। ਰਾਮ ਜੀ ਦੀ ਸਹਾਇਤਾ ਕਿਸ ਤਰ੍ਹਾਂ ਹੁੰਦੀ ਹੈ? ਸਾਡਾ ਰਕਤ ਕ੍ਰਿਮ ਦਾ ਸ੍ਰੀਰ ਹੈ, ਹੰਗਤਾ

Sri Satguru Jagjit Singh Ji eLibrary NamdhariElibrary@gmail.com

ਦੇ ਪੀੜੇ ਹਾਂ। ਵਾਹਿਗੁਰੂ ਅਕਾਲ ਪੁਰਖ ਜੀ ਨੇ ਆਪ ਹੀ ਖੰਡ ਬ੍ਰਹਮੰਡ ਦੀ ਰਚਨਾ, ਅਨੇਕਾਂ ਸੂਰਜ ਚੰਦ ਤਾਰੇ ਧਰਤੀਆਂ ਬਣਾਈਆਂ ਹਨ। ਸਾਡੇ ਲਈ ਧਰਤੀ ਬਣਾਈ ਹੈ। ਯਥਾ:- ਮਰਣ ਜੀਵਣ ਕਉ. ਧਰਤੀ ਦੀਨੀ; ਏਤੇ ਗੁਣ ਵਿਸਰੇ॥੨॥) ਜਿਹ ਪ੍ਰਸਾਦਿ; ਧਰ ਊਪਰਿ ਸੁਖਿ ਬਸਹਿ॥ ਸੁਤ ਭ੍ਰਾਤ ਮੀਤ; ਬਨਿਤਾ ਸੰਗਿ ਹਸਹਿ॥ ਜਿਹ ਪ੍ਰਸਾਦਿ; ਪੀਵਹਿ ਸੀਤਲ ਜਲਾ॥ ਸੁਖਦਾਈ ਪਵਨੁ; ਪਾਵਕੁ ਅਮੁਲਾ॥ ਇਹ ਸਾਰੀਆਂ ਮਹਾਰਾਜ ਨੇ ਦਾਤਾਂ ਦਿਤੀਆਂ ਹਨ, ਮਹਾਰਾਜ ਸਾਹਿਬ ਦੇ ਆਸਰੇ ਸਾਡਾ ਜੀਵਨ ਹੈ। ਮਹਾਰਾਜ ਦੀ ਸੱਤਾ ਨਾਲ ਸਾਡਾ ਸ਼ਰੀਰ ਤੁਰ ਫਿਰ ਰਿਹਾ, ਅੱਖਾਂ ਵੇਖ ਰਹੀਆਂ, ਕੰਨ ਸੁਣ ਰਹੇ ਹਨ। ਆਪ ਅਕਾਲ ਪੁਰਖ ਜੀ ਨੇ ਹੀ ਗੁਰੂ ਨਾਨਕ ਸਾਹਿਬ ਜੀ ਦੇ ਪਰਮਪਵਿੱਤਰ ਦਸ ਅਵਤਾਰ ਅਤੇ ਗੁਰਸਿੱਖਾਂ ਸ਼ਹੀਦਾਂ ਸੰਤਾਂ ਭਗਤਾਂ ਮਹਾਂਪੁਰਸ਼ਾਂ ਦੇ ਅਵਤਾਰ ਧਾਰੇ ਹਨ। ਅਵਤਾਰ ਧਾਰ ਕੇ ਕਲਯੁੱਗੀ ਜੀਵ ਦੀ ਸਹਾਇਤਾ ਇਹ ਕੀਤੀ ਹੈ, ਗੁਰਬਾਣੀ ਗੁਰੂ ਮਰਯਾਦਾ ਬਖ਼ਸ਼ੀ ਹੈ। ਗੁਰੂ ਮਰਯਾਦਾ ਬਖ਼ਸ਼ ਕੇ, ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ. ਅਵਰੁ ਨ ਕੋਇ॥ ਆਪ ਵਾਹਿਗੁਰੂ ਜੀ ਗੁਰਤਾ ਗੱਦੀ ਬਿਰਾਜਮਾਨ ਹੋ ਕੇ, ਨਿੱਕੀ ਕੀੜੀ ਦੇ ਦਿਲ ਦਿਮਾਗ਼ ਚ ਗੁਰਬਾਣੀ ਜੀ ਸ਼ਾਂਤੀ ਭੇਜ ਰਹੇ ਹਨ। ਲੱਖਾਂ ਕ੍ਰੋੜਾਂ ਲਸਕਰ ਵਿਰੋਧੀ ਕੀਟਾਣੂ ਇਸ ਦੇ ਸ਼ਰੀਰ 'ਚ, ਜੋ ਇਸ ਦੇ ਵਿਰੋਧੀ ਹਨ ਅਤੇ ਇਸ ਦੇ ਅੰਦਰ ਵਿਰੋਧੀ ਭਾਵ ਫ਼ੁਰਦੇ ਹਨ, ਉਨ੍ਹਾਂ ਨੂੰ ਭਸਮ ਕਰ ਦਿੰਦੇ ਹਨ। ਯਥਾ:- ਨੀਕੀ ਕੀਰੀ ਮਹਿ; ਕਲ ਰਾਖੈ॥ ਭਸਮ ਕਰੈ; ਲਸਕਰ ਕੋਟਿ ਲਾਖੈ॥ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਤੋਂ ਸ਼ਾਂਤੀ ਗੁਰਬਾਣੀ ਪ੍ਰਾਪਤ ਕਰਕੇ, ਸਾਰਿਆਂ ਦੀ ਚਰਨ- ਧੂੜ ਬਣ ਕੇ ਰਹਿੰਦੇ ਹਨ। ਯਥਾ:- ਬ੍ਰਹਮਗਿਆਨੀ. ਸਗਲ ਕੀ ਰੀਨਾ॥ ਆਤਮ ਰਸੁ; ਬ੍ਰਹਮਗਿਆਨੀ ਚੀਨਾ॥) ਬ੍ਰਹਮਗਿਆਨੀ; ਊਚ ਤੇ ਊਚਾ॥ ਮਨਿ ਅਪਨੈ ਹੈ; ਸਭ ਤੇ ਨੀਚਾ॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ. ਪਰਉਪਕਾਰ ਉਮਾਹਾ॥ ਸੋ ਮਹਾਰਾਜ ਸਾਹਿਬ ਜੀ ਤੋਂ ਬਲ ਲੈ ਕੇ ਹੀ, ਮਹਾਰਾਜ ਜੀ ਨੂੰ ਮਿਲ ਸਕਦਾ ਹੈ। ਸੋ ਬ੍ਰਹਮ ਰੂਪੀ ਬ੍ਰਿਛ, ਸ਼ੁਭ ਗੁਣਾਂ ਦੀਆਂ ਟਾਹਣੀਆਂ ਹਨ। ਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਸ਼ੁਭ ਗੁਣ ਬਖ਼ਸ਼ ਕੇ, ਇਸ ਦੇ ਦਿਲ ਦਿਮਾਗ਼ 'ਚ ਗੁਰਬਾਣੀ ਭੇਜ ਕੇ ਨਿਰਗੁਨ ਬ੍ਰਹਮ ਰੂਪੀ ਬ੍ਰਿਛ ਤੇ ਇਸ ਨੂੰ ਚਾੜ੍ ਦਿੰਦੇ ਹਨ। ਅੰਦਰ ਬਾਹਰ ਆਪੇ ਹੀ ਦਰਸ਼ਨ ਬਖ਼ਸ਼ ਦਿੰਦੇ ਹਨ। ਆਪੇ ਹੀ ਜਾਪ ਕਰਦੇ ਹਨ। ਯਥਾ:- ਆਪੈ ਜਪਹੁ ਆਪਨਾ ਜਾਪੁ॥) ਆਪੇ ਹੀ ਏਕਤਾ ਅਭੇਦਤਾ ਬਖ਼ਸ਼ਦੇ ਹਨ। ਸੋ ਕਬੀਰ ਸਾਹਿਬ ਜੀ ਨੇ ਕਿਹਾ, ਹੇ ਪਿਆਰਿਓ! ਕਬੀਰ. ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥ ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ) ਕਬੀਰ. ਜੋ ਮੈ ਚਿਤਵਉ, ਨਾ ਕਰੈ; ਕਿਆ ਮੇਰੇ ਚਿਤਵੇ ਹੋਇ॥ ਅਪਨਾ ਚਿਤਵਿਆ. ਹਰਿ ਕਰੈ; ਜੋ. ਮੇਰੇ ਚਿਤਿ ਨ ਹੋਇ॥ ਹੰਗਤਾ ਰਹਿਤ ਮਹਾਂਪੁਰਸ਼ ਹਨ।

ਕਬੀਰ. ਅਵਰਹ ਕਉ ਉਪਦੇਸਤੇ; ਮੁਖ ਮੈ. ਪਰਿ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ; ਖਾਯਾ ਘਰ ਕਾ ਖੇਤੁ॥੯੮॥ ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਪਖੰਡੀ ਠੱਗ (ਅਵਰਹ)ਹੋਰਨਾਂ (ਕਉ)ਨੂੰ, (ਉਪਦੇਸਤੇ)ਉਪਦੇਸ਼ ਦਿੰਦੇ ਹਨ, ਮਾਇਆ ਵਿਕਾਰ ਚੋਰੀ ਯਾਰੀ ਮੰਦ- ਕਰਮ ਤਿਆਗੋ, ਪਰ ਆਪ ਨਹੀਂ ਤਿਆਗਦੇ, ਇਸ ਕਰਕੇ ਬੜਾ ਭਾਰੀ ਡੰਡ ਮਿਲੇਗਾ, ਮੁਖ (ਮੈ)'ਚ (ਰੇਤੁ)ਰੇਤਾ (ਪਰਿ)ਪੈਂਦਾ ਹੈ, ਜਿਵੇਂ ਬਾਵਾ ਜੋ ਬੋਲਤਾ ਹੈ, ਸੋ ਕਮਾਤਾ ਨਹੀਂ, ਜਮ ਭੀ ਮੂੰਹ 'ਚ ਰੇਤਾ ਪਾਉਣਗੇ, ਡੰਡ ਦੇਣਗੇ, ਰੇਤਾ ਖਾਣ ਵਾਲੀਆਂ ਜੂਨਾਂ ਭੋਗਣੀਆਂ ਪੈਣਗੀਆਂ। ਯਥਾ:- ਅਵਰ ਉਪਦੇਸੈ; ਆਪਿ ਨ ਕਰੈ॥ ਆਵਤ ਜਾਵਤ; ਜਨਮੈ ਮਰੈ॥) ਕੂੜੁ ਬੋਲਿ; ਮੁਰਦਾਰੁ ਖਾਇ॥ ਅਵਰੀ ਨੋ; ਸਮਝਾਵਣਿ ਜਾਇ॥ ਮੁਠਾ ਆਪਿ; ਮੁਹਾਏ ਸਾਥੈ॥ ਨਾਨਕ; ਐਸਾ ਆਗੂ ਜਾਪੈ॥ (ਬਿਰਾਨੀ)ਬਿਗਾਨੀ ਦੂਜੇ ਦੀ (ਰਾਸਿ)ਪੂੰਜੀ ਮਾਇਆ, ਕਪਟ ਛਲ ਨਾਲ (ਰਾਖਤੇ)ਰੱਖਦੇ ਹਨ, ਅਥਵਾ (ਬਿਰਾਨੀ)ਬਿਰਾਨ ਕਰਨ ਵਾਲੀ, (ਰਾਸਿ)ਨਿੰਦਾ ਚੁਗਲੀ ਈਰਖਾ ਦ੍ਵੈਸ਼ ਮੰਦ-

Sri Satguru Jagjit Singh Ji eLibrary NamdhariElibrary@gmail.com

ਕਰਮ ਚੋਰੀ ਯਾਰੀ ਕਾਮ ਕ੍ਰੋਧ ਲੋਭ ਮੋਹ ਹੰਕਾਰ ਦੀ (ਰਾਸਿ)ਪੂੰਜੀ ਦਿਲ ਦਿਮਾਗ਼ 'ਚ ਰੱਖਦੇ ਹਨ। ਘਰ (ਕਾ)ਦਾ ਸ਼ੁਭ ਗੁਣਾਂ ਰੂਪ ਖੇਤੁ (ਖਾਯਾ)ਖਾ ਲਿਆ ਹੈ॥੯੮॥ ਯਥਾ:- ਲੋਕੁ. ਅਵਗਣਾ ਕੀ ਬੰਨ੍ਹੈ ਗੰਠੜੀ; ਗੁਣ. ਨ ਵਿਹਾਝੈ ਕੋਇ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸਤਿਗੁਰੂ ਮਹਾਰਾਜ ਸਾਹਿਬ ਜੀ ਕੋਟਿ ਬ੍ਰਹਮੰਡ ਦੇ ਮਾਲਕ ਹਨ, ਉਪਦੇਸ਼ ਦੇਣਾ ਚੰਗਾ ਹੈ, ਪਰ ਉਪਦੇਸ਼ ਦੇਣ ਵਾਲੇ ਦਾ ਉਧਾਰ ਕਰਨ ਲਈ, ਉਸ ਦੀ ਗ਼ਲਤੀ ਦੱਸ ਕੇ, ਉਸ ਨੂੰ ਸੁਚੇਤ ਕਰਦੇ ਹਨ, ਕਿ ਉਹ ਔਗੁਣਾਂ ਦੋਸ਼ਾਂ ਨੂੰ ਤਿਆਗੇ। ਉਪਦੇਸ਼ ਦੇਣ 'ਚ ਰਸ ਭੀ ਆਵੇ, ਜਦੋਂ ਉਹ ਨਾਲ ੨, ਗੁਰੂ ਸਾਹਿਬ ਜੀ ਦਾ ਮੰਨਣ ਕਰੇ, ਰਿਦੇ ਦੇ ਔਗੁਣ ਦੋਸ਼, ਮੂੰਹ 'ਚ ਕਉੜਤਣ ਰੂਪ ਰੇਤ ਦਿੰਦੇ ਹਨ, ਪਰ ਜੇ ਗੁਰੂ ਸਾਹਿਬ ਜੀ ਦੀ ਬਖ਼ਸ਼ਿਸ਼ ਹੋਵੇ, ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਿਲ ਦਿਮਾਗ਼ 'ਚ ਗੁਰਬਾਣੀ ਬਖ਼ਸ਼ਦੇ ਹਨ, ਹਿਰਦੇ 'ਚੋਂ ਅੰਮ੍ਰਿਤ ਮੁਖ 'ਚ ਭੇਜਦੇ ਹਨ। ਇਹ ਅੰਮ੍ਰਿਤ ਮਿਲਦਾ ਹੈ, ਇਹ ਭੁਲੇਖਾ ਦੂਰ ਕੀਤਾ ਹੈ ਕਿ ਭਾਈ ਜਿਹੜਾ ਤੂੰ ਦੁਨੀਆਂ ਨੂੰ ਕਹਿੰਦਾ ਹੈ ਕਿ ਦਾਨ ਕਰੋ, ਆਪ ਤਾਂ ਬਿਗਾਨੀ ਪੂੰਜੀ ਗ੍ਰਹਿਣ ਕਰ ਲੈਂਦਾ ਹੈਂ, ਉਸ ਨਾਲ ਬੈਰਾਨ ਹੁੰਦਾ ਹੈਂ, ਇਹ ਯਾਦ ਰੱਖ ਲੈ ਜਿਹੜਾ ਦਿੰਦਾ ਉਹ ਲੈਂਦਾ ਜਿਹੜਾ ਲੈਂਦਾ ਉਹ ਦਿੰਦਾ ਹੈ। ਜਿਹੜਾ ਤੂੰ ਲੈਂਦਾ ਹੈ ਇਹ ਤੈਨੂੰ ਦੇਣਾ ਪਵੇਗਾ।

ਕਬੀਰ. ਸਾਧੂ ਕੀ ਸੰਗਤਿ ਰਹਉ; ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ ਨ ਜਾਉ॥੯੯॥ 'ਤੇ ਸਾਖੀ:- ਉੱਚੀ ਕਰਣੀ ਵਾਲੇ ਪੂਰਨ ਸੰਤੋਖੀ ਵਿੱਦਵਾਨ ਮਹਾਤਮਾ ਜੀ, ਜੰਗਲ 'ਚ ਭੁੱਖੇ ਰਹਿ ਕੇ ਭੀ ਸਿਮਰਨ ਪ੍ਰੇਮਾਭਗਤੀ ਕਰਦੇ ਸਨ। ਇੱਕ ਗ਼ਰੀਬ ਨੇ ਪ੍ਰੇਮ ਬੇਨਤੀ ਕੀਤੀ, "ਜੀ ਦਾਸਨ ਦਾਸ ਇੱਕ ਪਾ ਚੌਲ ਨਿੱਤ ਦੇਵੇਗਾ"। ਪੂਰਨ ਮਹਾਤਮਾ ਜੀ ਪਾਸ ਇੱਕ ਹੋਰ ਪ੍ਰੇਮੀ ਨੇ ਪ੍ਰੇਮ ਬੇਨਤੀ ਕੀਤੀ, "ਜੀ! ਦਾਸਨ ਦਾਸ ਨੇ ਆਪ ਜੀ ਦੇ ਚਰਨ- ਕਮਲਾਂ 'ਚ ਰਹਿ ਕੇ ਬ੍ਰਹਮਵਿੱਦਿਆ ਪੜ੍ਹਨੀ ਹੈ"। ਅੱਗੋਂ ਕਿਹਾ, "ਇੱਥੇ ਪਦਾਰਥ ਨਹੀਂ ਹੈ"। ਜੀ ਆਪ ਜੀ ਕੀ ਛਕਦੇ ਹੋਂ? ਅੱਗੋਂ ਕਿਹਾ, "ਦਾਸ ਇੱਕ ਪਾ ਚੌਲ ਖਾ ਕੇ ਗੁਜ਼ਾਰਾ ਕਰਦਾ ਹੈ। ਵਿਦਿਆਰਥੀ ਨੇ ਕਿਹਾ, "ਦਾਸਨ ਦਾਸ ਪਿੱਛ ਖਾ ਲਿਆ ਕਰੇਗਾ"। ਸੋ ਪਿੱਛ ਖਾ ਕੇ ਬ੍ਰਹਮ ਵਿੱਦਿਆ ਪੜ੍ਹਨ ਲੱਗਾ। ਇੱਕ ਹੋਰ ਬ੍ਰਹਮਵਿੱਦਿਆ ਪੜ੍ਹਨ ਵਾਲੇ ਨੇ ਆ ਕੇ ਕਿਹਾ, "ਜੀ ਦਾਸਨ ਦਾਸ ਭਾਂਡੇ ਧੋ ਕੇ ਹੀ ਬ੍ਰਹਮਵਿੱਦਿਆ ਪੜ੍ਹੇਗਾ। ਸੋ ਇਹ ਪੂਰਨ ਵੈਰਾਗੀ ਕੇਵਲ ਭਾਂਡੇ ਧੋ ਕੇ ਪੀਂਦਾ, ਬ੍ਰਹਮਵਿੱਦਿਆ ਪੜ੍ਹ ਕੇ ਨਿਹਾਲ ਹੋਇਆ। ਤਿੰਨਾ ਨੇ ਪੂਰਨ ਸੰਤੋਖ ਸਹਿਤ ਖ਼ੂਬ ਬੰਦਗੀ ਕੀਤੀ, ਸਿਮਰਨ ਕਰਕੇ ਰੱਜ ਗਏ। ਪਰਮ ਪਿਤਾ ਵਾਹਿਗੁਰੂ ਜੀ ਨੇ ਸੁੰਦਰ ਦਰਸ਼ਨ ਬਖ਼ਸ਼ੇ।}

ਕਬੀਰ. ਸਾਧੂ ਕੀ ਸੰਗਤਿ ਰਹਉ; ਜਉ ਕੀ ਭੂਸੀ ਖਾਉ॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਸੱਚੇ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਜਾ. ਆਪੇ ਹੋਇ ਦਇਆਲੁ; ਤਾਂ. ਭਗਤ ਸੰਗੁ ਪਾਈਐ॥) ਕਬਹੂ. ਸਾਧ ਸੰਗਤਿ; ਇਹੁ ਪਾਵੈ॥ ਉਸੁ ਅਸਥਾਨ ਤੇ; ਬਹੁਰਿ ਨ ਆਵੈ॥ ਅਨੁਸਾਰ (ਸਾਧੂ)ਪੂਰਨ ਸਤਿਗੁਰੂ ਸਾਹਿਬ ਜੀ (ਸਾਧੂ)ਪੂਰਨ ਮਹਾਂਪੁਰਸ਼ ਜੀ (ਕੀ)ਦੀ, ਸੰਗਤਿ 'ਚ ਸਦਾ ਹੀ (ਰਹਉ)ਰਹਿਣਾ ਕਰੋ ਜੀ ਪਿਆਰੇ, ਭਾਵੇਂ ਅਤਿਅੰਤ ਦੁੱਖ ਕਸ਼ਟ ਆ ਬਣੇ, ਭਾਵੇਂ ਤ੍ਰਿਸਕਾਰ ਹੋਵੇ, ਭਾਵੇਂ ਕੁੱਤੇ ਸੇਵਕ ਬਣ ਕੇ ਰਹਿਣਾ ਪਵੇ, ਦੂਰੋਂ ਬੁਰਕੀ ਸੁੱਟ ਦੇਣ। ਯਥਾ:- ਗੁਰਮੁਖ ਸਉ. ਕਰਿ ਦੋਸਤੀ; ਸਤਿਗੁਰ ਸਉ. ਲਾਇ ਚਿਤੁ॥) ਅਨਿਕ ਬਿਘਨ ਤੇ; ਸਾਧੂ ਰਾਖੈ॥ ਹਰਿ ਗੁਨ ਗਾਇ; ਅੰਮ੍ਰਿਤ ਰਸੁ ਚਾਖੈ॥) ਸਾਧ ਸੰਗਤਿ ਅਸਥਾਨ; ਜਗਮਗ ਨੂਰ ਹੈ। ਲਖ ਲਖ ਸਸੀਅਰ ਭਾਨੁ;

Sri Satguru Jagjit Singh Ji eLibrary NamdhariElibrary@gmail.com

ਕਿਰਨ ਠਰੂਰ ਹੈ।) ਸੰਗਤਿ ਕਾ ਗੁਨੁ.ਬਹੁਤੁ ਅਧਿਕਾਈ; ਪੜਿ ਸੂਆ ਗਨਕ ਉਧਾਰੇ॥) ਕਹੁ ਕਬੀਰ.ਇਹ ਕਹੀਐ ਕਾਹਿ॥ ਸਾਧਸੰਗਤਿ.ਬੈਕੁੰਠੈ ਆਹਿ॥) ਹਰਿ ਜਨ ਕੇ.ਵਡ ਭਾਗ ਵਡੇਰੇ; ਜਿਨ ਹਰਿ ਹਰਿ ਸਰਧਾ.ਹਰਿ ਪਿਆਸ॥ ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ; ਮਿਲਿ ਸੰਗਤਿ ਗੁਣ ਪਰਗਾਸਿ॥੨॥ ਜਿਨ ਹਰਿ ਹਰਿ.ਹਰਿ ਰਸੁ ਨਾਮੁ.ਨ ਪਾਇਆ; ਤੇ ਭਾਗਹੀਣ ਜਮ ਪਾਸਿ॥ ਜੋ ਸਤਿਗੁਰ ਸਰਣਿ ਸੰਗਤਿ.ਨਹੀ ਆਏ; ਧ੍ਰਿਗੁ ਜੀਵੇ.ਧ੍ਰਿਗੁ ਜੀਵਾਸਿ॥੩॥ ਜਿਨ ਹਰਿ ਜਨ ਸਤਿਗੁਰ ਸੰਗਤਿ ਪਾਈ; ਤਿਨ ਧੁਰਿ ਮਸਤਕਿ ਲਿਖਿਆ ਲਿਖਾਸਿ॥ ਧਨੁ ਧੰਨੁ ਸਤਸੰਗਤਿ.ਜਿਤੁ ਹਰਿ ਰਸੁ ਪਾਇਆ; ਮਿਲਿ ਜਨ ਨਾਨਕ ਨਾਮੁ ਪਰਗਾਸਿ॥) ਚੰਦਨ ਕੈ ਸੰਗਿ; ਤਰਵਰੁ ਬਿਗਰਿਓ॥ ਸੋ ਤਰਵਰੁ; ਚੰਦਨੁ ਹੋਇ ਨਿਬਰਿਓ॥੨॥ ਪਾਰਸ ਕੇ ਸੰਗ; ਤਾਂਬਾ ਬਿਗਰਿਓ॥ ਸੋ ਤਾਂਬਾ; ਕੰਚਨੁ ਹੋਇ ਨਿਬਰਿਓ॥੩॥ ਸੰਤਨ ਸੰਗਿ; ਕਬੀਰਾ ਬਿਗਰਿਓ॥ ਸੋ ਕਬੀਰੁ; ਰਾਮੈ ਹੋਇ ਨਿਬਰਿਓ॥੪॥੫॥) ਜਉ (ਕੀ)ਦੀ (ਭੂਸੀ)ਰੋਟੀ ਅਥਵਾ ਸੂੜੀ ਹੀ (ਖਾਉ)ਖਾਣਾ ਕਰੋ, ਭਾਵ ਸਾਦਾ ਤੋਂ ਸਾਦਾ ਛਕੋ, ਪੂੜੇ ਤਲ਼ੇ ਪਦਾਰਥ ਖਾ ਕੇ, ਰੋਗੀ ਵਿਕਾਰੀ ਦੁਖੀ ਜਮ ਵੱਸ ਨ ਹੋਵੋ। ਯਥਾ:- ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ; ਤੇ ਬਿਖੂ ਸਮਾਨ॥੨॥) ਫਰੀਦਾ. ਰੋਟੀ ਮੇਰੀ ਕਾਠ ਕੀ,ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥) ਅਧੁ ਗੁਲ੍ਹਾ ਚਿੜੀ ਕਾ ਚੁਗਣੁ; ਗੈਣਿ ਚੜੀ ਬਿਲਲਾਇ॥ ਖਸਮੈ ਭਾਵੈ ਓਹਾ ਚੰਗੀ; ਜਿ ਕਰੇ ਖੁਦਾਇ ਖੁਦਾਇ॥) ਹਰਣੀ ਹੋਵਾ ਬਨਿ ਬਸਾ; ਕੰਦ ਮੂਲ ਚੁਣਿ ਖਾਉ॥ ਗੁਰ ਪਰਸਾਦੀ. ਮੇਰਾ ਸਹੁ ਮਿਲੈ; ਵਾਰਿ ਵਾਰਿ ਹਉ ਜਾਉ ਜੀਉ॥੧॥

ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ ਨ ਜਾਉ॥੯੯॥ ਜੋ (ਹੋਨਹਾਰੁ)ਹੋਣ ਵਾਲਾ ਹੈ (ਸੋ)ਸ਼ੁਹਰਤ ਮਹਿਮਾ ਵਾਲਾ ਬਹੁਤ ਹੀ ਚੰਗਾ (ਹੋਇਹੈ)ਹੋਵੇਗਾ। (ਸਾਕਤ)ਨਾਸਤਕ ਗੁਰਦ੍ਰੋਹੀ ਅਕ੍ਰਿਤਘਣ ਨਿੰਦਕ ਕਪਟੀ ਨਾਮ ਹੀਨ ਕਠੋਰ ਚਿਤ ਦੀ (ਸੰਗਿ)ਸੰਗਤ 'ਚ, ਕਦੇ ਭੁੱਲ ਕੇ ਭੀ ਨ ਜਾਉ॥ ਯਥਾ:- ਮਾਗਉ ਦਾਨੁ.ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ.ਸਾਕਤ ਸੰਗਿ,ਨ ਜੁਟਸੀ ਰੇ॥ ਜਨ ਨਾਨਕ.ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ.ਸਾਧ ਪਗਾ ਹੇਠਿ ਰੁਲਸੀ ਰੇ॥

ਕਬੀਰ. ਸੰਗਤਿ ਸਾਧ ਕੀ; ਦਿਨ ਦਿਨ ਦੂਨਾ ਹੇਤੁ॥ ਸਾਕਤ. ਕਾਰੀ ਕਾਂਬਰੀ; ਧੋਏ ਹੋਇ ਨ ਸੇਤੁ॥੧੦੦॥ {(ਸਾਧ) ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ ਦਾ, ਹਰ ਸਮੇਂ ਜੈ ਜੈਕਾਰ ਹੋ ਰਿਹਾ ਹੈ। ਆਪਜੀ ਦੀਆਂ ਅਤੀ ਪਿਆਰੀਆਂ ਸਤਿਸੰਗਤਾਂ, ਬੜੇ ਭਾਰੀ ਪ੍ਰੇਮ ਨਾਲ, ਸੱਚੇ ਸਾਧ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਚਰਨ- ਕਮਲਾਂ 'ਚ, ਅੱਠੇ ਪਹਿਰ ਕਥਾ ਕੀਰਤਨ ਭਜਨ ਸਿਮਰਨ ਦਾ ਅਨੰਦ ਮਾਣਦੀਆਂ ਰਹਿੰਦੀਆਂ ਹਨ। ਸੋ ਗੁਰੂਜੀ ਨੇ ਆਪ ਕੁਰਬਾਨੀ ਦੇ ਕੇ, ਖੰਡ ਬ੍ਰਹਮੰਡ ਦੇ ਉਧਾਰ ਲਈ, ਸਾਧ ਕੀ ਸੋਭਾ; ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥ ਅਨੁਸਾਰ ਪੂਰਨ ਸਾਧ ਸਤਿਗੁਰੂ ਗ੍ਰੰਥ ਸਾਹਿਬਜੀ ਬਖ਼ਸ਼ੇ ਹਨ, ਜੋ ਆਪਣੇ ਤੋਂ ਅਨੇਕਾਂ ਸਾਧ ਪ੍ਰਗਟ ਕਰਦੇ ਹਨ। ਅੰਮ੍ਰਿਤ ਗੁਰਬਾਣੀ ਦੀ ਵਰਖਾ ਕਰਕੇ, ਉਨ੍ਹਾਂ ਦੀ ਪ੍ਰਤਿਪਾਲਣਾ ਕਰਦੇ ਹਨ। ਜੋ ਆਪਣੇ ਪਿਆਰੇ ਸੇਵਕਾਂ ਦੇ ਦਿਲ ਦਿਮਾਗ਼ 'ਚ, ਗੁਰਬਾਣੀ, ਉਨ੍ਹਾਂ ਦੇ ਦਿਲਾਂ 'ਚੋਂ ਮੁਖਾਂ'ਚ ਅੰਮ੍ਰਿਤ ਹਰ ਸਮੇਂ ਭੇਜਦੇ ਰਹਿੰਦੇ ਹਨ। ਆਪਣੇ ਪਿਆਰਿਆਂ ਦੇ ਅੰਦਰ ਬਾਹਰ ਲੂੰ ੨'ਚ ਵਸ ਕੇ, ਗੁਰੂ ਪ੍ਰੇਮਾ- ਭਗਤੀ ਸਹਿਤ, ਅਜਪਾ ਜਾਪ ਨਿਰਗੁਨ ਸਰਗੁਨ ਜੀ ਦੀ ਏਕਤਾ ਅਭੇਦਤਾ, ਸਦਾ ਲਈ ਬਖ਼ਸ਼ਸ਼ ਦਿੰਦੇ ਹਨ। ਆਪਜੀ ਤੋਂ ਵਰੋਸਾਏ ਬੰਦ ੨ ਕਟਾਉਣ ਵਾਲੇ, ਸੁਆਸ ੨ ਨਾਮ ਜਪਣ ਜਪਾਉਣ ਵਾਲੇ, ਆਪਜੀ ਤੋਂ ਸੀਸ ਸਭ ਕੁੱਝ ਕੁਰਬਾਨ ਕਰਨ ਵਾਲੇ ਗੁਰਮੁਖਿ ਸ਼ਹੀਦ ਪੂਰਨ ਸਾਧ ਹਨ। ਜੋ ਆਪਣੇ ਤੋਂ ਅਨੇਕਾਂ ਸਾਧ ਪੈਦਾ ਕਰਦੇ ਹਨ, ਭਾਵ ਉਨ੍ਹਾਂ ਦੀ ਕੁਰਬਾਨੀ ਦੁਆਰਾ,

Sri Satguru Jagjit Singh Ji eLibrary NamdhariElibrary@gmail.com

ਅਨੇਕਾਂ ਗੁਰਮੁਖਿ ਸਾਧ ਪੈਦਾ ਹੁੰਦੇ ਹਨ। ਸੋ ਪੂਰਨ ਗੁਰਮੁਖਿ ਸਾਧ ਸਤਿਗੁਰੂ ਗ੍ਰੰਥ ਸਾਹਿਬਜੀ ਹਨ, ਸੋ ਪਰਮਪੂਜਨੀਕ ਪੂਰਨ ਗੁਰਮੁਖਿ ਸਾਧ ਹਰੀ ਗੁਰੂਜੀ ਨੇ, ਆਪ ਆਪਣੀ ਅਦੁਤੀ ਕੁਰਬਾਨੀ ਦੇ ਕੇ, ਸੰਸਾਰ ਨੂੰ ਗੁਰੁ ਮਰਯਾਦਾ, ਸ੍ਰੀ ਹਰਿਮੰਦਰ ਸਾਹਿਬ ਜੀ, ਪੂਰਨ ਸਾਧ ਸਤਿਗੁਰੂ ਗ੍ਰੰਥ ਸਾਹਿਬ ਜੀ, ਪੂਰਨ ਸਾਧ ਸ਼ਹੀਦ ਬ੍ਰਹਮਗਿਆਨੀ ਬਖ਼ਸ਼ ਕੇ, ਇਨ੍ਹਾਂ ਦਾ, ਮਹਾ ਪਵਿਤ੍ਰ; ਸਾਧ ਕਾ ਸੰਗੁ॥ ਸੰਗ ਕਰਨ ਦਾ ਬੇਹੱਦ ਫ਼ਲ ਦੱਸ ਰਹੇ ਹਨ।}

ਕਬੀਰ. ਸੰਗਤਿ ਸਾਧ ਕੀ; ਦਿਨ ਦਿਨ ਦੂਨਾ ਹੇਤੁ॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ, ਪੂਰਨ ਗ੍ਰੀਬੀ ਧਾਰ ਕੇ ਸਾਧੂ ਸੰਗਤ ਸੇਵਾ ਕਰਨ, ਸਾਕਤ ਤੋਂ ਦੂਰ ਰਹਿਣ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ ਰਹੇ ਹਨ:- (ਸਾਧ)ਸੱਚੇ ਸਤਿਗੁਰੂ ਗ੍ਰੰਥ ਸਾਹਿਬਜੀ (ਸਾਧ)ਭਗਤ ਫ਼ਰੀਦ ਸਾਹਿਬਜੀ ਵਾਂਗ, ਪੂਰਨ ਗ੍ਰੀਬੀ ਧਾਰਨ ਵਾਲੇ ਮਹਾਂਪੁਰਸ਼ ਸਾਧ ਜੀ, (ਕੀ)ਦੀ ਸੰਗਤਿ, ਪੂਰਨ ਕ੍ਰਿਪਾ ਦੁਆਰਾ ਮਿਲ ਜਾਵੇ, ਤਾਂ ਵਾਹਿਗੁਰੂ ਜੀ ਦਾ (ਹੇਤ)ਪ੍ਰੇਮ (ਦਿਨ)ਦਿਨੋ ਦਿਨ (ਦੂਨਾ)ਦੂਣਾ ਚੌਗੁਣਾਂ ਵਧਦਾ ਫ਼ੁਲਦਾ ਹੈ। ਯਥਾ:- ਕਿਰਪਾ ਕਰੇ ਜਿਸੁ ਪਾਰਬ੍ਰਹਮੁ ਹੋਵੈ ਸਾਧੂ ਸੰਗੁ॥ ਜਿਉ ਜਿਉ ਓਹੁ ਵਧਾਈਐ ਤਿਉ ਤਿਉ ਹਰਿ ਸਿਉ ਰੰਗੁ॥) ਚੜੈ ਸਵਾਇਆ. ਨਿਤ ਨਿਤ ਰੰਗਾ; ਘਟੈ ਨਾਹੀ. ਤੋਲੀਜਾ ਹੇ॥੧੫॥) ਸਾਧੂ ਸੰਗਿ. ਤਰੀਜੈ ਸਾਗਰੁ; ਕਟੀਐ ਜਮ ਕੀ ਫਾਸਾ ਜੀਉ॥) ਕੋਟਿ ਅਪ੍ਰਾਧ; ਸਾਧ ਸੰਗਿ ਮਿਟੈ॥ ਸੰਤ ਕ੍ਰਿਪਾ ਤੇ; ਜਮ ਤੇ ਛੂਟੈ॥) ਕਬੀਰ.ਸਾਧੂ ਕੀ ਸੰਗਤਿ ਰਹਉ; ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ ਨ ਜਾਉ॥) ਜਿਉ ਮਹਾ ਉਦਿਆਨ ਮਹਿ; ਮਾਰਗੁ ਪਾਵੈ॥ ਤਿਉ ਸਾਧੂ ਸੰਗਿ ਮਿਲਿ; ਜੋਤਿ ਪ੍ਰਗਟਾਵੈ॥) ਜਾ ਕੈ ਮਸਤਕਿ; ਕਰਮ ਪ੍ਰਭਿ ਪਾਏ॥ ਸਾਧ ਸਰਣਿ; ਨਾਨਕ.ਤੇ ਆਏ॥੭॥) ਸਗਲ ਕ੍ਰਿਆ ਮਹਿ; ਊਤਮ ਕਿਰਿਆ॥ ਸਾਧ ਸੰਗਿ; ਦੁਰਮਤਿ ਮਲੁ ਹਿਰਿਆ॥) ਸਗਲ ਪੁਰਖ ਮਹਿ; ਪੁਰਖੁ ਪ੍ਰਧਾਨੁ॥ ਸਾਧ ਸੰਗਿ; ਜਾ ਕਾ ਮਿਟੈ ਅਭਿਮਾਨੁ॥)

ਸਾਕਤ. ਕਾਰੀ ਕਾਂਬਰੀ; ਧੋਏ ਹੋਇ ਨ ਸੇਤੁ॥੧੦੦॥ (ਸਾਕਤ) ਨਾਸਤਕ ਗੁਰਦ੍ਰੋਹੀ ਅਕ੍ਰਿਤਘਣ, ਪਾਪਾਂ ਦੀ (ਕਾਰੀ) ਕਾਲੀ (ਕਾਂਬਰੀ) ਕੰਬਲ਼ੀ (ਧੋਏ)ਧੋਣੇ ਕਰਕੇ ਅਥਵਾ ਤੀਰਥਾਂ 'ਤੇ (ਧੋਏ)ਨੁਹਾਉਣੇ ਕਰਕੇ, ਪਾਪਾਂ ਰਹਿਤ (ਸੇਤੁ)ਚਿੱਟਾ (ਨ)ਨਹੀਂ ਹੋਇ ਜਾਂਦਾ, ਜਿਵੇਂ ਕਾਲ਼ੀ ਕੰਬਲ਼ੀ ਕਿਤਨੀ ਭੀ ਧੋਈਏ, ਚਿੱਟੀ ਨਹੀਂ ਹੁੰਦੀ। ਭਾਵੇਂ ਕਿਤਨਾ ਹੀ ਨਾਮ ਰੂਪੀ ਸਾਬਣ, ਪ੍ਰੇਮ ਰੂਪੀ ਪਾਣੀ ਪਾ ਕੇ ਧੋਈਏ, ਫੇਰ ਭੀ ਸਾਕਤ ਘੋਰ ਪਾਪਾਂ ਔਗੁਣਾਂ ਦਾ ਕਾਲ਼ਾਪੁਣਾਂ ਨਹੀਂ ਛੱਡਦਾ। ਯਥਾ:- ਮਃ ੧॥ ਰਾਤੀ. ਹੋਵਨਿ ਕਾਲੀਆ; ਸੁਪੇਦਾ ਸੇ ਵੰਨ॥ ਦਿਹੁ ਬਗਾ. ਤਪੈ ਘਣਾ; ਕਾਲਿਆ. ਕਾਲੇ ਵੰਨ॥) ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿੱਚ ਪਾਇਆ। ਖੂੰਬੇ ਭੀ ਚੜ੍ਹਾਇਆ, ਫਿਰ ਭੀ ਰੰਗ ਨ ਵਟਾਇਆ) ਕਬੀਰ.ਸਾਕਤ ਸੰਗੁ,ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥) ਮਾਗਉ ਦਾਨੁ. ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ. ਸਾਕਤ ਸੰਗਿ ਨ ਜੁਟਸੀ ਰੇ॥ ਜਨ ਨਾਨਕ. ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ ਸਾਧ ਪਗਾ ਹੇਠਿ ਰੁਲਸੀ ਰੇ॥) ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥) ਜਿਸੁ ਮਿਲਿਐ. ਹਰਿ ਵਿਸਰੈ ਪਿਆਰੇ; ਸੋ ਮੁਹਿ ਕਾਲੈ ਉਠਿ ਜਾਇ॥)

ਕਬੀਰ. ਮਨੁ ਮੂੰਡਿਆ ਨਹੀ; ਕੇਸ ਮੁੰਡਾਏ ਕਾਂਇਂ॥ ਜੋ ਕਿਛੁ ਕੀਆ, ਸੋ ਮਨ ਕੀਆ; ਮੂੰਡਾ ਮੂੰਡੁ ਅਜਾਂਇ॥੧੦੧॥ {ਪਹਿਲੇ ਸਮੇਂ 'ਚ ਬ੍ਰਾਹਮਣ ਕੇਸ ਰੱਖਦੇ ਸਨ। ਕੇਸ ਰੱਖ ਕੇ, ਜਿਸ ਕੰਮ ਨੂੰ ਲੈ ਕੇ ਮੰਤ੍ਰ ਪੜ੍ਹਦੇ ਪੂਰਾ ਹੋ ਜਾਂਦਾ। ਹਿੰਦ 'ਚ ਨੰਦ ਘਰਾਣੇ ਨੇ ਪੰਦ੍ਰਾਂ ਸੌ ਵਰ੍ਹਾ ਰਾਜ ਕੀਤਾ। ਉਨ੍ਹਾਂ ਨੇ ਬ੍ਰਾਹਮਣਾਂ ਨੂੰ ਪੁੱਛਿਆ, "ਕੇਸ

Sri Satguru Jagjit Singh Ji eLibrary NamdhariElibrary@gmail.com

ਰੱਖਣ ਦਾ ਕੀ ਫਾਇਦਾ ਹੈ?" ਉਨ੍ਹਾਂ ਕਿਹਾ, "ਜਮਾਂਦਰੂ ਕੇਸ ਰੱਖਣ ਨਾਲ, ਜਿਸ ਕਾਮਨਾ ਦੀ ਪੂਰਤੀ ਲਈ ਵੇਦ ਮੰਤ੍ਰ ਪੜ੍ਹੇ ਜਾਣ ਉਹ ਪੂਰੀ ਹੋ ਜਾਂਦੀ ਹੈ"। ਨੰਦ ਕਿਆਂ ਸੋਚਿਆ, ਬ੍ਰਾਹਮਣ, ਸਾਡੇ ਵਿਰੋਧੀ ਰਾਜੇ ਦੇ ਪੱਖ 'ਚ, ਵੇਦ ਮੰਤ੍ਰ ਪੜ੍ਹ ਕੇ, ਸਾਡਾ ਰਾਜ ਨ ਨਸ਼ਟ ਕਰ ਦੇਣ। ਲਾਲਚ ਦੇ ਕੇ ਬ੍ਰਾਹਮਣਾਂ ਤੋਂ ਕੇਸ ਮੁੰਡਣ ਬਾਰੇ ਸਲੋਕ, ਗ੍ਰੰਥਾਂ 'ਚ ਲਿਖਵਾ ਦਿਤੇ। ਕੇਸ ਮੁੰਡਣ ਦਾ ਰਿਵਾਜ ਸ਼ੁਰੂ ਕਰ ਦਿਤਾ, ਸਭਹੂ ਹਾਥ. ਮੋਚਨਾ ਦੀਏ; ਸਿਖਾ ਬਿਹੂਨ. ਦਾਨਵ ਸਭ ਕੀਏ॥ ਸਿਖਾ ਬਿਹੂਨ. ਮੰਤਰ ਨ ਫੁਰੈ; ਜੇ ਕੋਈ ਕਰੇ. ਉਲਟ ਹੀ ਪਰੈ॥ (ਸ੍ਰੀ ਦਸਮ) ਧਾਰਮਿਕ ਗ੍ਰੰਥਾਂ 'ਚ ਕੇਸ ਮੁੰਡਣ ਵਾਲੇ ਸਲੋਕ ਪਾ ਦਿਤੇ। ਅਜੇ ਭੀ ਹਿੰਦ 'ਚ ਗ਼ਲਤ ਰਿਵਾਜ ਹੈ, ਜਦੋਂ ਕੋਈ ਸਬੰਧੀ ਮਰ ਜਾਂਦਾ ਹੈ, ਸਿਰ ਚਟਮ ਕਰਦੇ ਹਨ} ਭਗਤ ਜੀ ਪਾਸ, ਕੋਈ ਸਿਰ ਮੁਨਾ ਕੇ, ਹੱਸ ਕੇ ਕਹਿੰਦਾ, "ਜੀ ਮੈਂ ਹੁਣ ਪਰਮਹੰਸ ਬਣ ਗਿਆ ਹਾਂ"। ਸ਼੍ਰੋਮਣੀ ਭਗਤ ਵਾਹਿਗੁਰੂ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਵਿਚਾਰ ਰੂਪੀ ਉਸਤ੍ਰੇ ਨਾਲ, ਮਨੁ (ਮੂੰਡਿਆ)ਮੁੰਨਿਆਂ ਨਹੀ, ਭਾਵ ਮਨ ਦੇ ਮੰਦੇ ਸੁਭਾਅ ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ ਚੋਰੀ ਯਾਰੀ ਨਹੀਂ ਮੁੰਨੇ, ਕੇਸ (ਕਾਂਇ)ਕਿਉਂ (ਮੁੰਡਾਏ)ਮੁਨਾਏ ਹਨ। ਇਹ ਤਾਂ ਪ੍ਰਮਾਤਮਾ ਨੇ ਸਾਬਤ ਸੂਰਤ ਬਖ਼ਸ਼ੀ ਹੈ, ਕੇਸਾਂ ਦਾ ਜੂੜਾ, ਸਿਰ 'ਤੇ ਕਿਤਨਾ ਸੋਹਣਾ ਕਲਸ ਸਜਦਾ ਹੈ। ਗੁਪਤ ਪ੍ਰਗਟ ਅੰਗਾਂ ਤੋਂ ਕੇਸ ਮਨਾਉਂਣ ਨਾਲ, ਵਿਕਾਰ ਭਾਵ ਜ਼ਿਆਦਾ ਫ਼ੁਰਦੇ ਹਨ। ਜੋ (ਕਿਛੁ)ਕੁੱਝ ਵਿਗਾੜ, ਜ਼ੋਰ ਜ਼ੁਲਮ (ਕੀਆ)ਕੀਤਾ ਹੈ, (ਸੋ)ਉਹ, ਮਨ ਨੇ ਹੀ (ਕੀਆ)ਕੀਤਾ ਹੈ, (ਮੂੰਡੁ)ਸਿਰ ਦਾ (ਮੂੰਡਾ)ਮਨਾਉਣਾ, (ਅਜਾਂਇ)ਵਿਅਰਥ ਨਿਕੰਮਾ, ਰਾਮ ਜੀ ਦੀ ਕੁਦਰਤ ਹੁਕਮ ਦੇ ਬਿਲਕੁਲ ਹੀ ਉਲਟ ਹੈ, ਕਿਉਂ ਜੋ ਇਹ ਮੁਨਾਈ ਜਾਂਦਾ ਹੈ, ਮਹਾਰਾਜ ਕੇਸ ਬਾਰ ਬਾਰ ਦੇਈ ੨ ਹੀ ਜਾਂਦੇ ਹਨ, ਐਸੀ ਮਹਾਂ ਮਹਾਂ ਵਿਸਮਾਦ ਕੁਦਰਤ ਹੈ॥੧੦੧॥ ਕਈ ਆਦਮੀ ਗ਼ਲਤੀ ਨਾਲ, ਕਬੀਰ ਸਾਹਿਬ ਜੀ ਦਾ ਫ਼ੋਟੋ ਕੇਸਾਧਾਰੀ ਨਹੀਂ ਬਣਾਉਂਦੇ, ਦਾੜ੍ਹੀ ਮੁੰਨੀ ਦਿਖਾਉਂਦੇ ਹਨ। ਇਹ ਬਹੁਤ ਭਾਰੀ ਗ਼ਲਤੀ ਹੈ, ਰੱਬ ਰੂਪ ਮਹਾਂਪੁਰਸ਼ ਮੁੰਨਣ ਦਾ ਵਾਰ ੨ ਖੰਡਣ ਕਰਦੇ ਹਨ। ਯਥਾ:- ਮੂਡ ਮੁੰਡਾਏ; ਜੌ ਸਿਧਿ ਪਾਈ॥ ਮੁਕਤੀ; ਭੇਡ ਨ ਗਈਆ ਕਾਈ॥੨॥) ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸ਼ਾਹ ਜੀ ਨੇ ਕਾਜ਼ੀ ਰੁਕਨਦੀਨ ਨੂੰ ਮੱਕੇ ਵਿਖੇ ਕਿਹਾ:- ਸਾਬਤ ਸੂਰਤ ਰੱਬ ਦੀ; ਭੰਨੇ ਬੇਈਮਾਨ। ਦਰਗਹਿ ਢੋਈ ਨ ਮਿਲੈ; ਕਾਫਰ ਕੁਤਾ ਸ਼ੈਤਾਨ। ਸਾਬਤ ਸੂਰਤ ਰੱਬ ਬਣਾਈ। ਬੇਈਮਾਨ ਨੇ ਭੰਨ ਗਵਾਈ। ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਮਹਾਨ ਪਰਉਪਕਾਰ ਕਰਦਿਆਂ, ਗ਼ੁਲਾਮੀ ਦੀ ਨਿਸ਼ਾਨੀ ਟੋਪੀ ਲੁਹਾ ਕੇ ਆਪਣੇ ਸਿੱਖਾਂ ਦੇ ਸਿਰ 'ਤੇ ਦਸਤਾਰ ਸਜਵਾਈ। ਤੁਰਕੀ ਸਭਿਆਚਾਰ 'ਚ ਦਾਹੜੀ ਕੇਸ ਰੱਖਣੇ ਵਿਸ਼ੇਸ਼ ਗੌਰਵ ਸੀ। ਗ਼ੁਲਾਮ ਹਿੰਦੂ ਦਾ ਗੌਰਵ, ਤੁਰਕ ਦੇਖਣਾ ਪਸੰਦ ਨਹੀਂ ਕਰਦੇ ਸਨ। ਇਸ ਕਰਕੇ ਜ਼ਾਲਮ ਬਾਦਸ਼ਾਹਾਂ ਨੇ ਇਹ ਜ਼ਾਲਮਾਨਾਂ ਹੁਕਮ ਜਾਰੀ ਕੀਤੇ:- "ਹਿੰਦੂ ਮੂੰਹ ਸਿਰ ਮੁਨਾ ਕੇ ਟੋਪੀ ਲੈਣ, ਘੋੜ ਅਸਵਾਰੀ ਨਾ ਕਰਨ, ਸ਼ਸਤ੍ਰ ਨਾ ਰੱਖਣ, ਆਪਣਾ ਤਖ਼ਤ ਨ ਬਨਾਉਣ।) ਸਾਬਤ ਸੂਰਤ ਸਿੱਧਾ ਦਾੜ੍ਹਾ। ਕਾਠ ਦਾ ਕੰਘਾ ਕੇਸੀ ਚਾੜ੍ਹਾ।

ਕਬੀਰ. ਰਾਮੁ ਨ ਛੋਡੀਐ; ਤਨੁ ਧਨੁ ਜਾਇ ਤ ਜਾਉ॥ ਚਰਨ ਕਮਲ ਚਿਤੁ ਬੇਧਿਆ; ਰਾਮਹਿ ਨਾਮਿ ਸਮਾਉ॥੧੦੨॥ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਅਮੋਲਕ ਬਚਨ ਫ਼ੁਰਮਾਉਂਦੇ ਹਨ, ਹੇ ਪ੍ਰੇਮੀਓ! (ਰਾਮੁ)ਵਿਆਪਕ ਵਾਹਿਗੁਰੂ ਜੀ ਦੇ ਨਾਮੁ ਨੂੰ, ਕਦੇ ਭੁੱਲ ਕੇ ਭੀ ਨ (ਛੋਡੀਐ)ਛੱਡੀਏ। (ਤਨੁ)ਸ਼ਰੀਰ ਧਨੁ ਜਾਇ ਤ (ਜਾਉ)ਜਾਵੇ, ਪ੍ਰਵਾਹ ਨਾ ਕਰੀਏ। ਜੇਕਰ ਆਪ ਜੀ ਰਾਮੁ ਜੀ ਨੂੰ ਨਹੀਂ ਛੱਡੋਂਗੇ ਤਾਂ ਵਾਹਿਗੁਰੂ ਜੀ ਦੇ (ਚਰਨ ਕਮਲ)ਗੁਰਸ਼ਬਦ ਵਿਆਪਕ ਨਿਰਗੁਨ ਬ੍ਰਹਮ ਜੀ 'ਚ, ਚਿਤੁ (ਬੇਧਿਆ)ਵਿੰਨ੍ਹਿਆਂ ਜਾਵੇਗਾ, (ਰਾਮਹਿ)ਵਿਆਪਕ ਵਾਹਿਗੁਰੂ ਜੀ ਦੇ ਨਾਮਿ ਚ (ਸਮਾਉ)ਸਮਾਉਣਾ ਹੋਵੇਗਾ॥੧੦੨॥ ਯਥਾ:- ਧਨਿ ਗਇਐ. ਬਹਿ ਝੂਰੀਐ; ਧਨ

Sri Satguru Jagjit Singh Ji eLibrary NamdhariElibrary@gmail.com

ਮਹਿ ਚੀਤੁ ਗਵਾਰ॥ ਧਨੁ ਵਿਰਲੀ ਸਚੁ ਸੰਚਿਆ; ਨਿਰਮਲੁ ਨਾਮੁ ਪਿਆਰਿ॥ ਧਨੁ ਗਇਆ ਤਾ ਜਾਣ ਦੇਹਿ; ਜੇ ਰਾਚਹਿ ਰੰਗਿ ਏਕ॥ ਮਨੁ ਦੀਜੈ. ਸਿਰੁ ਸਉਪੀਐ; ਭੀ ਕਰਤੇ ਕੀ ਟੇਕ॥) ਮੇਰੀ ਪ੍ਰੀਤਿ; ਗੋਬਿੰਦ ਸਿਉ. ਜਿਨਿ ਘਟੈ॥ ਮੈ ਤਉ. ਮੋਲਿ ਮਹਗੀ ਲਈ; ਜੀਅ ਸਟੈ॥੧॥) ਕਬੀਰ. ਚਰਨ ਕਮਲ ਕੀ ਮਉਜ ਕੋ; ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ; ਦੇਖਾ ਹੀ ਪਰਵਾਨੁ॥) ਰਾਮ ਜਪਤ; ਤਨੁ ਜਰਿ ਕੀ ਨ ਜਾਇ॥ ਰਾਮ ਨਾਮ; ਚਿਤੁ ਰਹਿਆ ਸਮਾਇ॥) ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸੂਤ; ਪ੍ਰਭੁ ਚਰਨਨ ਮਹਿ॥) ਕਹਾ ਭਇਓ; ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ; ਤਉ ਡਰਪੈ ਤੇਰੋ ਜਨੁ॥) ਸਾਚੀ ਪ੍ਰੀਤਿ.ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥) ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥ (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥) ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਜਲ ਕਮਲੇਹਿ॥ ਲਹਰੀ ਨਾਲਿ ਪਛਾੜੀਐ; ਭੀ ਵਿਗਸੈ ਅਸਨੇਹਿ॥ ਦੁਨਿਆਵੀ ਰੁਝੇਵੇਂ ਛੱਡ ਕੇ, ਭਜਨ ਬੰਦਗੀ ਸੇਵਾ ਸਿਮਰਨ ਗੁਰੂ ਭਗਤੀ ਪਰਉਪਕਾਰ ਕਰੀਏ। ਯਥਾ:- ਮੈ ਸਭੁ ਕਿਛੁ ਛੋਡਿ; ਪ੍ਰਭ ਤੁਹੀ ਧਿਆਇਆ॥) ਮਾਰੂ ਮਹਲਾ ਪ॥ ਅਲਹ ਅਗਮ; ਖੁਦਾਈ ਬੰਦੇ॥ ਛੋਡਿ ਖਿਆਲ; ਦੁਨੀਆ ਕੇ ਧੰਧੇ॥ ਹੋਇ ਪੈ ਖਾਕ. ਫਕੀਰ ਮੁਸਾਫਰੁ; ਇਹੁ ਦਰਵੇਸੁ ਕਬੂਲੁ ਦਰਾ॥੧॥) ਤਨੁ ਮਨੁ ਧਨੁ ਸਭੁ. ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥ ਬਾਬੇ ਮਨੀ ਸਿੰਘ ਸਾਹਿਬ ਜੀ ਕਿਹਾ:- ਤਨ ਗੰਦਗੀ ਦੀ ਕੋਠੜੀ, ਹਰਿ ਹੀਰਿਆਂ ਦੀ ਖਾਣ। ਜੇ ਸਿਰ ਦਿਤਿਆਂ ਹਰਿ ਮਿਲੇ, ਤਾਂ ਭੀ ਸਸਤਾ ਜਾਣ।

ਕਬੀਰ. ਜੋ ਹਮ ਜੰਤੁ ਬਜਾਵਤੇ; ਟੂਟਿ ਗਈ ਸਭ ਤਾਰ॥ ਜੰਤੁ ਬਿਚਾਰਾ ਕਿਆ ਕਰੈ; ਚਲੇ ਬਜਾਵਨਹਾਰ॥੧੦੩॥ ੧:- {ਵਾਹਿਗੁਰੂ ਜੀ ਦੇ ਵਿਛੋੜੇ ਕਰਕੇ, ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਚੁਗਲੀ ਈਰਖਾ ਦ੍ਵੈਸ਼ ਵੈਰ ਔਗੁਣ, ਜੀਵ ਨੂੰ ਵਜਾਉਂਦੇ ਹਨ। ਜੀਵ ਦੇ ਇੰਦ੍ਰੇ ਥੱਕ ਟੁੱਟ ਜਾਂਦੇ ਹਨ। ਯਥਾ:- ਫਰੀਦਾ. ਦੁਨੀ ਵਜਾਈ ਵਜਦੀ; ਤੂੰ ਭੀ. ਵਜਹਿ ਨਾਲਿ॥ ਸੋਈ ਜੀਉ. ਨ ਵਜਦਾ; ਜਿਸੁ. ਅਲਹੁ ਕਰਦਾ ਸਾਰ॥੧੧੦॥} ਸ੍ਰਬ ਵਿਆਪੀ ਦੇ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜੋ) ਜਿਹੜੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਚੁਗਲੀ ਈਰਖਾ ਦ੍ਵੈਸ਼ ਵੈਰ (ਹਮ)ਤਮਾਮ ਔਗੁਣ, ਜੀਵ ਰੂਪੀ (ਜੰਤੁ)ਵਾਜੇ ਨੂੰ (ਬਜਾਵਤੇ)ਵਜਾਉਂਦੇ, ਕੁੱਟਦੇ ਸਨ, ਜੀਵ ਰੂਪੀ ਵਾਜੇ ਦੀਆਂ, ਇੰਦ੍ਰੀਆਂ ਰੂਪ ਸਭ (ਤਾਰ)ਤਾਰਾਂ (ਟੂਟਿ)ਟੁੱਟ (ਗਈਂ)ਗਈਆਂ। ਜ਼ਬਾਨ ਬੋਲਣੋ ਰਹਿ ਗਈ, ਕੰਨ ਬੋਲੇ ਹੋ ਗਏ, ਅੱਖਾਂ ਤੋਂ ਦਿਸਣੋ ਹਟ ਗਿਆ, ਪੈਰ ਤੁਰਨੋ ਹਟ ਗਏ। ਯਥਾ:- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ; ਹੋਰ ਕਰੇਂਦੀ ਵੰਨ॥) ਫਰੀਦਾ. ਇਨੀ ਨਿਕੀ ਜੰਘੀਐ; ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ. ਕੂਜੜਾ; ਸੈ ਕੋਹਾਂ ਥੀਓਮਿ॥੨੦॥ ਜੀਵ ਰੂਪੀ ਵਾਜਾ ਡਿੱਗ ਪੈਂਦਾ ਹੈ, ਇਸ ਦੇ ਵਿਰੋਧੀ ਜੀਅ ਅੰਦਰੋਂ ਜਾਂ ਬਾਹਰੋਂ ਗਿਲਝਾਂ ਕਾਂ ਕੁੱਤੇ ਇਸ ਨੂੰ ਖਾ ਜਾਂਦੇ ਹਨ। ਯਥਾ:- ਸ੍ਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥

ਸ਼ੁਭ ਸਿਖਿਆ:- ਹੇ ਜੀਵ! ਪੰਜ ਵਿਕਾਰ ਔਗੁਣ ਤੇਰੇ ਵੈਰੀ ਹਨ। ਤੇਰੇ ਸ਼ਰੀਰ ਨੂੰ ਹਰ ਵੇਲੇ ਤਬਾਹ ਕਰ ਰਹੇ ਹਨ। ਆਪੀਨ੍ਹੈ ਭੋਗ ਭੋਗਿ ਕੈ; ਹੋਇ ਭਸਮਡ਼ਿ. ਭਉਰੁ ਸਿਧਾਇਆ॥ ਵਡਾ ਹੋਆ ਦੁਨੀਦਾਰੁ; ਗਲਿ ਸੰਗਲੁ ਘਤਿ

Sri Satguru Jagjit Singh Ji eLibrary NamdhariElibrary@gmail.com

ਚਲਾਇਆ॥) ਭੁਗਤਾ ਜਾਨ ਭੋਗ ਮੈਂ ਭੋਗੇ ਉਲਟਾ ਭੋਗਨ ਭੋਗੇ ਮੋਹਿ। ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥੧॥ ਹੇ ਪਿਆਰੇ! ਹਮੇਸ਼ਾਂ ਗੁਰੂ ਜੀ ਦੀ ਸਤਿਸੰਗਤ 'ਚ, ਪੂਰਨ ਗੁਰੂ ਜੀ ਦੀ ਸ਼ਰਨ 'ਚ ਸਦਾ ਰਹੁ, ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਇਨ੍ਹਾਂ ਤੋਂ ਬਚਾਉਂਦੇ ਹਨ।

ਜੰਤੁ ਬਿਚਾਰਾ ਕਿਆ ਕਰੈ; ਚਲੇ ਬਜਾਵਨਹਾਰ॥੧੦੩॥੧:- ਜੰਤੁ ਬਿਚਾਰਾ (ਕਿਆ)ਕੀ (ਕਰੈ)ਕਰੇ, ਚੜ੍ਹਾਈ ਕਰ ਜਾਂਦਾ ਹੈ, (ਬਜਾਵਨਹਾਰ)ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਨਸ਼ੇ ਵਿਸ਼ੇ, ਵਜਾਉਣ ਵਾਲੇ ਚਲੇ ਜਾਂਦੇ ਹਨ॥੧੦੩॥ ਯਥਾ:- ਪੰਚ ਕ੍ਰਿਸਾਨਵਾ ਭਾਗਿ ਗਏ; ਲੈ ਬਾਧਿਓ ਜੀਉ ਦਰਬਾਰੀ॥੨॥ ਜਿੱਥੇ ਲੇਖਾ ਹੁੰਦਾ, ਉਥੇ ਉਹ ਸਾਥ ਨਹੀਂ ਦਿੰਦੇ।

ਕਬੀਰ. ਜੋ ਹਮ ਜੰਤੁ ਬਜਾਵਤੇ; ਟੂਟਿ ਗਈ ਸਭ ਤਾਰ॥ ਸ੍ਰਬ ਵਿਆਪੀ ਦੇ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੋ (ਹਮ) ਤਮਾਮ ਜਿਨੇ ਭੀ ਸਬੰਧੀ ਹਨ, ਬੱਚੇ ਘਰ ਵਾਲੀ ਭੈਣ ਭਰਾ ਰਿਸ਼ਤੇਦਾਰ, ਉਹ (ਜੰਤੁ)ਜੀਵ ਰੂਪੀ ਵਾਜੇ ਨੂੰ ਵਜਾਉਂਦੇ ਹਨ, ਇਸ ਤੋਂ ਬਹੁਤ ਕੁੱਝ ਮੰਗਦੇ ਹਨ। ਜਿਵੇਂ ਤੇਲੀ ਦੇ ਬਲਦ ਨੂੰ ਖੋਪੇ ਲਾ ਕੇ, ਕੋਹਲੂ ਨਾਲ ਜੋੜ ਦਿੰਦੇ ਹਨ, ਉਹ ਸਾਰਾ ਦਿਨ ਤੁਰਿਆ ਫਿਰਦਾ, ਸੋਚਦਾ ਬਈ ਮੈਂ ਬਹੁਤ ਦੂਰ ਚਲਿਆ ਗਿਆ, ਜਦੋਂ ਖੋਪੇ ਲਾਹੁੰਦੇ ਹਨ, ਉਥੇ ਹੀ ਖੜਾ ਹੁੰਦਾ। ਇਸ ਤਰ੍ਹਾਂ ਇਸਤ੍ਰੀ ਪੁੱਤ੍ਰ ਕੋਹਲੂ ਦੀ ਨਿਆਈਂ ਹਨ, ਇਹ ਤੇਲੀ ਦੇ ਬਲਦ ਵਾਂਗ ਉਨ੍ਹਾਂ ਦੇ ਦੁਆਲੇ ਭੱਜਿਆ ਫਿਰਦਾ ਹੈ। ਯਥਾ:- ਚਰਨ ਕਮਲ ਸਿਉ, ਭਾਉ ਨ ਕੀਨੋ; ਨਹ ਸਤ ਪੁਰਖੁ ਮਨਾਇਓ॥ ਧਾਵਤ ਕਉ ਧਾਵਹਿ ਬਹੁ ਭਾਤੀ; ਜਿਉ ਤੇਲੀ ਬਲਦੁ ਕ੍ਰਮਾਇਓ॥) ਕਾਮਣਿ ਲੋੜੈ. ਸੁਇਨਾ ਰੁਪਾ; ਮਿਤ੍ਰ ਲੁੜੇਨਿ ਸੁ ਖਾਧਾਤਾ॥ ਨਾਨਕ. ਪਾਪ ਕਰੇ ਤਿਨ ਕਾਰਣਿ; ਜਾਸੀ ਜਮਪੁਰਿ ਬਾਧਾਤਾ॥) ਤਮਾਮ ਇੰਦ੍ਰੇ ਭੀ ਜੀਵ ਰੂਪੀ ਵਾਜੇ ਨੂੰ ਵਜਾਉਂਦੇ ਹਨ, ਅੱਖਾਂ ਰੂਪ ਦੇਖਦੀਆਂ, ਜ਼ਬਾਨ ਝੂਠ ਬੋਲਦੀ ਨਿੰਦਾ ਚੁਗਲੀ ਕਰਦੀ, ਕੰਨ ਨਿੰਦਿਆ ਸੁਣਦੇ, ਚਮੜੀ ਸਪਰਸ਼ ਚਾਹੁੰਦੀ ਹੈ। ਇਹ ਇਤਨਾ ਜ਼ਿਆਦਾ (ਬਜਾਵਤੇ)ਵਜਾਉਂਦੇ ਹਨ, ਫਿਰ ਇਸ ਦੀਆਂ ਸਭ ਇੰਦ੍ਰੇ ਰੂਪੀ (ਤਾਰ)ਤਾਰਾਂ (ਟੂਟਿ)ਟੁੱਟ (ਗਈਂ)ਜਾਂਦੀਆ ਹਨ।

ਜੰਤੁ ਬਿਚਾਰਾ ਕਿਆ ਕਰੈ; ਚਲੇ ਬਜਾਵਨਹਾਰ॥੧੦੩॥੨:- ਜੰਤੁ ਬਿਚਾਰਾ (ਕਿਆ)ਕੀ (ਕਰੈ)ਕਰੇ? ਬੜੀ ਤਰਸ ਜੋਗ ਮਰਨਾਊ ਹਾਲਤ 'ਚ, ਮਰਨ ਤੋਂ ਪਿਛੋਂ ਜਮਾਂ ਦੇ ਵੱਸ ਪਵੇਗਾ। (ਬਜਾਵਨਹਾਰ)ਵਜਾਉਣ ਵਾਲੇ ਚਲੇ ਜਾਂਦੇ ਭਾਵ ਸਾਥ ਛੱਡ ਜਾਂਦੇ ਹਨ। ਜਦੋਂ ਮੰਜੇ 'ਤੇ ਡਿੱਗ ਪੈਂਦਾ ਹੈ, ਸਾਕ ਸਬੰਧੀ ਬਾਤ ਨਹੀਂ ਪੁੱਛਦੇ, ਪੁਕਾਰ ਕਰਦਾ ਮੈਨੂੰ ਪਾਣੀ ਦਿਉ, ਕੋਈ ਗੱਲ ਹੀ ਨਹੀਂ ਸੁਣਦਾ। ਯਥਾ:- ਛਿਨੁ ਛਿਨੁ ਤਨੁ ਛੀਜੈ; ਜਰਾ ਜਨਾਵੈ॥ ਤਬ ਤੇਰੀ ਓਕ; ਕੋਈ ਪਾਨੀਓ ਨ ਪਾਵੈ॥) ਜੋ ਸੰਸਾਰੈ ਕੇ ਕੁਟੰਬ. ਮਿਤ੍ਰ ਭਾਈ ਦੀਸਹਿ ਮਨ ਮੇਰੇ; ਤੇ ਸਭਿ. ਅਪਨੈ ਸੁਆਇ ਮਿਲਾਸਾ॥ ਜਿਤੁ ਦਿਨਿ. ਉਨ ਕਾ ਸੁਆਉ ਹੋਇ ਨ ਆਵੈ; ਤਿਤੁ ਦਿਨਿ. ਨੇੜੈ ਕੋ ਨ ਢੁਕਾਸਾ॥)

ਕਬੀਰ. ਮਾਇ ਮੁੰਡਉ, ਤਿਹ ਗੁਰੂ ਕੀ; ਜਾ ਤੇ. ਭਰਮੁ ਨ ਜਾਇ॥ ਆਪ ਡੁਬੇ. ਚਹੁ ਬੇਦ ਮਹਿ; ਚੇਲੇ ਦੀਏ ਬਹਾਇ॥੧੦੪॥ {ਸੰਸਾਰੀ ਮਾਂ ਦਾ ਸਿਰ ਨਹੀਂ ਮੁੰਨ ਰਹੇ, ਸੱਚਿਆਰੀ ਮਾਂ ਦੰਭੀ ਗੁਰੂ ਬਨਣ ਤੋਂ ਰੋਕਦੀ ਹੈ, ਜਿਵੇਂ ਪਰਮਪੂਜਨੀਕ ਮਾਤਾ ਖੀਵੀ ਜੀ ਨੇ ਹੰਕਾਰੀ ਦਾਤੂ ਨੂੰ ਬਹੁਤ ਹੀ ਸਮਝਾਇਆ ਸੀ} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਸ ਪਖੰਡੀ ਵਿਭਚਾਰੀ ਗੁਰੂ ਤੋਂ ਉਪਦੇਸ਼ ਲੈ ਕੇ, ਵਿਭਚਾਰੀ ਗੁਰੂ ਬਣਿਆਂ, ਉਹ ਉਸ ਦੀ

Sri Satguru Jagjit Singh Ji eLibrary NamdhariElibrary@gmail.com

ਖੋਟੀ ਮਾਂ ਹੈ, ਸੰਸਾਰੀ ਮਾਂ ਨਹੀਂ, (ਤਿਹ)ਤਿਸ ਪਖੰਡੀ ਵਿਭਚਾਰੀ ਗੁਰੂ (ਕੀ)ਦੀ (ਮਾਇ)ਮਾਂ ਪਖੰਡੀ ਵਿਭਚਾਰੀ ਗੁਰੂ ਦਾ ਸਿਰ (ਮੂੰਡਉ)ਮੁੰਨਣਾ ਕਰੋ, (ਜਾ)ਜਿਸ (ਤੇ)ਤੋਂ, ਪੂਰੇ ਗੁਰੂਜੀ ਦਾ ਹੁਕਮ ਨ ਮੰਨਣ ਰੂਪ ਭਰਮੁ[੧] (ਨ)ਨਹੀਂ (ਜਾਇ)ਨਿਵਿਰਤ ਹੁੰਦਾ। ਆਪ ਤਾਂ (ਚਹੁ)ਚਾਰ (ਬੇਦ)ਵੇਦਾਂ (ਮਹਿ)'ਚ, (ਡੁਬੇ)ਡੁੱਬ ਗਏ, ਆਪਣੇ ਚੇਲੇ ਭੀ ਨਖਿੱਧ ਕਰਮਾਂ 'ਚ ਲਾ ਕੇ (ਬਹਾਇ)ਰੋੜ (ਦੀਏ)ਦਿਤੇ॥੧੦੪॥ ਯਥਾ:- ਬੇਦ ਕਤੇਬ ਇਫਤਰਾ ਭਾਈ; ਦਿਲ ਕਾ ਫਿਕਰੁ. ਨ ਜਾਇ॥ ਅੱਸੀ ਹਜ਼ਾਰ ਸੁਰਤੀ ਕਰਮ ਕਾਂਡ ਦਾ ਕਥਨ ਕਰਦੀ ਹੈ। ਯਥਾ:- ਗੁਰੂ ਜਿਨਾ ਕਾ ਅੰਧੁਲਾ; ਸਿਖ ਭੀ ਅੰਧੇ ਕਰਮ ਕਰੇਨਿ॥ ਅੰਨ੍ਹੇ ਗੁਰੂ ਪਿੱਛੇ ਲੱਗਣ ਵਾਲੇ, ਪਾਪਾਂ ਔਗੁਣਾਂ ਰੂਪੀ ਖ਼ੂਹ 'ਚ ਡੁੱਬਦੇ ਹਨ। ਯਥਾ:- ਅੰਧੀ ਅੰਧੇ ਖੂਹੇ ਠੇਲੇ॥੨੬॥ ਪੰਜ ਪ੍ਰਕਾਰ ਦਾ ਭਰਮ:- [੧]ਭੇਦ ਭ੍ਰਮ:- ਕਰਤਾਰ ਜੀ ਨੂੰ ਆਤਮਾ ਰੂਪ ਨਾ ਮੰਨ ਕੇ, ਉਨ੍ਹਾਂ 'ਚ ਅਨੇਕ ਭੇਦ ਫਰਕ ਕਲਪਣੇ। [੨]ਕਰਤ੍ਰਿਤ੍ਵ ਭ੍ਰਮ:- ਕਰਤੇ ਰੱਬ ਜੀ ਨੂੰ ਕਰਤੇ ਜੀ ਨਾ ਮੰਨਣਾ, ਭ੍ਰਮ ਹੰਗਤਾ ਕਰਕੇ, ਆਪਣੇ ਆਪ ਨੂੰ ਕਰਤਾ ਮੰਨਣਾ। [੩]ਸੰਗਭ੍ਰਮ:- ਸ੍ਰਬ ਵਿਆਪੀ ਜੀ ਤੋਂ ਭ੍ਰਮ ਕੇ, ਆਪਣੇ ਆਪ ਨੂੰ ਜੰਮਣ ਮਰਨ ਵਾਲੀ ਦੇਹ ਸਮਝਣਾ। [੪]ਵਿਕਾਰ ਭ੍ਰਮ:- ਜਗਤ ਬ੍ਰਹਮ ਜੀ ਦਾ ਵਿਕਾਰ ਹੈ ਭਾਵ ਵਿਕਾਰ ਭ੍ਰਮ ਕਰਕੇ, ਜਗਤ ਨੂੰ ਬ੍ਰਹਮ ਜੀ ਸਰੂਪ ਨਾ ਸਮਝਣਾ, ਬ੍ਰਹਮ ਜੀ ਤੋਂ ਵੱਖਰੇ ਸਮਝਣਾ। [੫]ਸੱਤਜਤ੍ਵ ਭ੍ਰਮ:- ਜੱਗ ਨੂੰ ਬ੍ਰਹਮ ਜੀ ਤੋਂ ਜੁਦਾ ਮੰਨ ਕੇ, ਆਪਣੀ ਬੁੱਧੀ ਚ ਜੱਗ ਨੂੰ ਸੱਚਾ ਮੰਨਣਾ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਨੇ ਪਖੰਡੀ ਰੰਡੀ ਗੁਰੂ ਦੇ ਭਾਰੀ ਸੱਟ ਮਾਰੀ ਹੈ, ਦੇਸ਼ 'ਚ ਗੁਰੂ ਧਾਰਨ ਦਾ ਰਿਵਾਜ਼ ਹੈ, ਭਾਵੇਂ ਲਾਲਚੀ ਵਿਭਚਾਰੀ ਹੋਵੇ, ਗੁਰੂ ਧਾਰਨ ਮਾਤ੍ਰ ਹੀ ਅਪਣੀ ਕਲਿਆਣ ਸਮਝਦੇ ਹਨ। ਸਾਚਾ ਨਾਵਣੁ; ਗੁਰ ਕੀ ਸੇਵਾ॥ ਅਨੁਸਾਰ ਸ੍ਰਬੱਤ ਦੇ ਭਲੇ ਦੀ ਗੁਰੂ ਸੇਵਾ ਛੱਡ ਕੇ, ਦੰਭੀ ਗੁਰੂ ਬਣਦੇ ਹਨ, ਭਾਵੇਂ ਵਿਭਚਾਰ ਸ਼ਰਾਬ ਤੰਬਾਕੂ ਭੈੜੇ ਨਸ਼ਿਆਂ 'ਚ ਲੱਗੇ ਹਨ। ਜਿਵੇਂ ਦਾਤੂ ਨੇ ਗੁਰੂ ਬਣਨ ਦੀ ਇੱਛਾ ਲੈ ਕੇ, ਸਿੰਘਾਸਣ 'ਤੇ ਸਜੇ ਬੈਠੇ, ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਵੱਖੀ 'ਤੇ ਲੱਤ ਮਾਰੀ। ਪ੍ਰਿਥੀਚੰਦ ਨੇ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨਾਲ ਬੜੀ ਭਾਰੀ ਦ੍ਵੈਸ਼ ਕੀਤੀ। ਇਸੇ ਤ੍ਰਹ੍ਂ ਧੀਰਮੱਲ ਰਾਮਰਾਇ, ਗੁਰੂ ਬਣਨ ਦੀ ਇੱਛਾ ਕਰਦੇ ਰਹੇ। ਇੱਕ ਤਾਂ ਗੁਰੂ ਸਾਹਿਬ ਜੀ ਦੀ ਨਿੰਦਾ ਕਰਦੇ ਸਨ, ਦੂਜੇ ਗੁਰੂ ਬਣਦੇ ਹਨ, ਧਨ ਪਦਾਰਥ ਮਾਣ ਵਡਿਆਈ ਵਿਕਾਰ ਚਾਹੁੰਦੇ ਸਨ। ਭਗਤ ਜੀ ਸਮੇਂ ਭੀ ਬਹੁਤ ਸਾਰੇ ਪਖੰਡੀ ਗੁਰੂ ਬਣਕੇ, ਦੁਖੀ ਪਰਜਾ ਦਾ ਖ਼ੂਨ, ਜੋਕਾਂ ਵਾਂਗ ਚੂਸਦੇ ਸਨ। ਸ੍ਰੀ ਕਬੀਰ ਸਾਹਿਬ ਜੀ ਅਕਾਲ ਪੁਰਖ 'ਚ ਲੀਣ ਮਹਾਂਪੁਰਸ਼ ਹਨ। ਇਸ ਲਈ ਦੰਭ ਪਖੰਡ ਦਾ ਖੰਡਣ ਕਰਦੇ ਹਨ। 'ਮਾਈ ਮੁੰਡਾ' ਜੋਗੀਆ ਦੇ ਮਤਿ 'ਚ ਗਾਲ਼ ਹੈ। ਹਿੰਦ 'ਚ ਜਦੋਂ ਔਰਤ ਰੰਡੀ ਹੋ ਜਾਂਦੀ, ਉਸ ਦਾ ਸਿਰ ਮੁੰਨ ਦਿੰਦੇ ਸਨ। ਇੱਥੇ ਭਗਤ ਜੀ ਦਾ ਇਹ ਮਹਾਂ ਗੰਭੀਰ ਆਸ਼ਾ ਹੈ, ਕਿ ਦੰਭੀ ਪਖੰਡੀ ਗੁਰੂ ਦੀ ਮਾਂ ਪਖੰਡੀ ਗੁਰੂ ਰੰਡੀ ਹੋ ਜਾਵੇ, ਕਿਉਂ ਜੋ ਅੱਗੇ ਲਈ ਪਖੰਡੀ ਗੁਰੂ ਨ ਬਣਾਵੇ। ਇਹ ਸਮਝ ਦੇ ਰਹੇ ਹਨ, ਐਸੇ ਭੈੜੇ ਪੁਰਖਾਂ ਤੋਂ ਦੂਰ ਹੀ ਦੂਰ ਰਹੋ। ਯਥਾ:- ਸਤਿਗੁਰ ਕੀ ਰੀਸੈ.ਹੋਰਿ ਕਚੁ ਪਿਚੁ ਬੋਲਦੇ; ਸੇ ਕੂੜਿਆਰ ਕੂੜੇ.ਝੜਿ ਪੜੀਐ॥) ਅਵਰ ਉਪਦੇਸੈ; ਆਪਿ ਨ ਕਰੈ॥ ਆਵਤ ਜਾਵਤ; ਜਨਮੈ ਮਰੈ॥) ਕਬੀਰ.ਅਵਰਹ ਕਉ ਉਪਦੇਸਤੇ; ਮੁਖ ਮੈ ਪਰਿ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ; ਖਾਯਾ ਘਰ ਕਾ ਖੇਤੁ॥) ਕੂੜੁ ਬੋਲਿ; ਮੁਰਦਾਰੁ ਖਾਇ॥ ਅਵਰੀ ਨੋ; ਸਮਝਾਵਣਿ ਜਾਇ॥ ਮੁਠਾ ਆਪਿ; ਮੁਹਾਏ ਸਾਥੈ॥ ਨਾਨਕ; ਐਸਾ ਆਗੂ ਜਾਪੈ॥

ਮਨ ਮ੍ਰਿਗ ਮ੍ਰਿਗਮਦ. ਅਛਤ ਅੰਤਰਗਤਿ; ਭੂਲਿਓ ਭ੍ਰਮ ਖੋਜਤ ਫਿਰਤ. ਬਨ ਮਾਹੀ ਜੀ। ਜਿਵੇਂ (ਮ੍ਰਿਗ)ਹਰਨ ਅਪਣੀ (ਮਨ)ਨਾਭੀ (ਅੰਤਰਗਤਿ)'ਚ (ਮ੍ਰਿਗਮਦ)ਕਸਤੂਰੀ (ਅਛਤ)ਹੁੰਦਿਆਂ, ਭਰਮ 'ਚ ਭੁੱਲਿਆ

Sri Satguru Jagjit Singh Ji eLibrary NamdhariElibrary@gmail.com

(ਬਨ)ਜੰਗਲ਼ ’ਚ, ਸੁਗੰਧੀ ਲੱਭਦਾ ਫਿਰਦਾ ਹੈ। ਇਉਂ ਇਹ ਨਿੱਜ ਸਰੂਪ ਨੂੰ ਭੁੱਲ ਕੇ, ਬਾਹਰਲੇ ਪਦਾਰਥਾਂ ’ਚੋਂ, ਆਤਮ ਸੁਖ ਲੱਭਦਾ ਫਿਰਦਾ ਹੈ।

ਦਾਦਰ ਸਰੋਜ ਗਤਿ ਏਕੈ ਸਰਵਰ ਬਿਖੈ; ਅੰਤਰਿ ਦਿਸੰਤਰ ਹੁਇ ਸਮਝੈ ਨਾਹੀ ਜੀ। ਜਿਵੇਂ (ਦਾਦਰ)ਡੱਡੂ ਤੇ (ਸਰੋਜ)ਕਮਲ ਦੀ (ਗਤਿ)ਹਾਲਤ ਹੈ, ਜੋ ਇੱਕ (ਸਰਵਰ)ਤਲਾਬ ’ਚ ਹੁੰਦੇ ਹਨ, ਡੱਡੂ ਕਮਲ ਦੀ ਖ਼ੁਸ਼ਬੋ ਨਹੀਂ ਲੈਂਦਾ, ਜਾਲ਼ਾ ਖਾਂਦਾ ਹੈ।ਇਸ ਤਰ੍ਹਾਂ ਮਨ ਆਪਣੇ ਅੰਦਰ ਵਸਦੇ ਪ੍ਰੀਤਮ ਨੂੰ, (ਦਿਸੰਤਰ)ਪ੍ਰਦੇਸ ਵਸਿਆ ਜਾਣਦਾ ਹੈ, ਅਸਲ ਭੇਦ ਨੂੰ ਨਹੀਂ ਸਮਝਦਾ। ਯਥਾ:- ਦਾਦਰ ਪੋਲਾ- ਦਾਦਰ; ਤੂ. ਕਬਹਿ ਨ ਜਾਨਸਿ ਰੇ॥) ਖਾਂਦਾ[ਏ] ਹੈਂ। ਜਾਲਾ[2]- ਭਖਸਿ[ਏ] ਸਿਬਾਲੁ[2], ਬਸਸਿ ਨਿਰਮਲ ਜਲ; ਅੰਮ੍ਰਿਤੁ. ਨ ਲਖਸਿ ਰੇ॥

ਜੈਸੇ ਬਿਖਿਆਧਰ. ਤਜੈ ਨ ਬਿਖਿ ਬਿਖਮ ਕਉ ਅਹਿਨਿਸਿ; ਬਾਵਨ ਬਿਰਖ ਲਪਟਾਹੀ ਜੀ। ਜਿਵੇਂ (ਬਿਖਿਆਧਰ) ਸੱਪ, (ਅਹਿਨਿਸਿ) ਦਿਨ ਰਾਤ, ਬਾਵਨ ਚੰਦਨ ਨਾਲ (ਲਪਟਾਹੀ) ਲਿਪਟਿਆ ਰਹਿੰਦਾ ਹੈ, ਪ੍ਰੰਤੂ (ਬਿਖਮ)ਮਹਾਂ ਦੁਖਦਾਈ (ਬਿਖਿ)ਜ਼ਹਿਰ ਨੂੰ ਨਹੀਂ ਤਿਆਗਦਾ, ਇਸ ਤਰ੍ਹਾਂ ਪੂਰਨ ਗੁਰੂ ਜੀ ਦੇ ਚਰਨਕਮਲਾਂ ’ਚ ਰਹਿੰਦਿਆਂ ਮਨ ਭੀ ਬੁਰਿਆਈ ਨਹੀਂ ਛੱਡਦਾ। ਜੋ ਸਤਿਗੁਰੂ ਜੀ ਦੀ ਚਰਨ ਸ਼ਰਨ ’ਚ ਪਏ ਹਨ, ਉਹ ਭਰਮ ਮਿਟਾ ਕੇ ਅਨੰਦ ਨੂੰ ਪ੍ਰਾਪਤ ਹੋਏ ਹਨ।

ਜੈਸੇ ਨਰਪਤਿ ਸੁਪਨੰਤਰ ਭੇਖਾਰੀ ਹੋਇ; ਗੁਰਮੁਖਿ ਜਗਤ ਮੈ ਭਰਮ ਮਿਟਾਹੀ ਜੀ॥੨੨੩॥ ਪਖੰਡੀ ਗੁਰੂ, ਸਭ ਨੂੰ ਸਵਾਰਨ ਲਈ, ਗੁਰਮੁਖਿ ਪਿਆਰੇ ਭਾਈ ਗੁਰਦਾਸ ਸਾਹਿਬ ਜੀ ਮਹਾਂ ਵਿਸਮਾਦ ਅਮੋਲਕ ਸ਼ੁਭ ਬਚਨ ਫ਼ੁਰਮਾ ਰਹੇ ਹਨ:- ਜਿਵੇਂ ਇੱਕ (ਨਰਪਤਿ)ਰਾਜਾ (ਸੁਪਨੰਤਰ)ਸੁਪਨੇ ’ਚ ਭਿਖਾਰੀ ਹੋ ਕੇ, ਰੋਣ ਪਿੱਟਣ ਲੱਗ ਗਿਆ, ਓਹੀ ਦਸ਼ਾ ਸਾਡੇ ਮਨ ਦੀ ਹੋ ਰਹੀ ਹੈ, ਭਰਮ ਚ ਭੁੱਲ ਕੇ ਅਨੇਕਾਂ ਕਸ਼ਟ ਪਾ ਰਹੇ ਹਾਂ। ਕੇਵਲ (ਗੁਰਮੁਖਿ)ਸਤਿਗੁਰੂ ਸਾਹਿਬ ਜੀ ਹੀ ਜਗਤ ’ਚ ਭਰਮ ਮਿਟਾਉਣ ਵਾਲੇ ਹਨ।

ਕਬੀਰ. ਜੇਤੇ ਪਾਪ ਕੀਏ; ਰਾਖੇ ਤਲੈ ਦੁਰਾਇ॥ ਪਰਗਟ ਭਏ ਨਿਦਾਨ ਸਭ; ਜਬ. ਪੂਛੇ ਧਰਮਰਾਇ॥੧੦੫॥੧:- ਵਾਹਿਗੁਰੂ ਧੰਨ ਕਬੀਰ ਸਾਹਿਬ ਜੀ ਬ੍ਰਹਮਗਿਆਨੀ ਮਹਾਂਪੁਰਸ਼ ਫ਼ੁਰਮਾਉਂਦੇ ਹਨ:- ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ; ਕੂੜੇ ਫਿਰਾਹਿ॥ ਅਨੁਸਾਰ (ਜੇਤੇ)ਜਿਤਨੇ ਪਾਪ (ਕੀਏ)ਕੀਤੇ ਸਨ, ਆਪਣੇ ਦਿਲ ਦੀ ਡੂੰਘੀ ਤਹਿ ਦੇ (ਤਲੈ)ਥੱਲੇ, (ਦੁਰਾਇ)ਛੁਪਾ ਕੇ (ਰਾਖੇ)ਰੱਖੇ, ਕਿਸੇ ਨੂੰ ਦਸਦਾ ਤੱਕ ਭੀ ਨਹੀਂ, ਜਿਨੇ ਪਾਪ ਕੀਤੇ ਝੂਠ ਦੇ ਥੱਲੇ ਦਬਾ ਕੇ ਰੱਖੇ। ਪਾਪ ਕਰਮ ਕਰਕੇ ਜੱਜ ਕੋਲ ਝੂਠੀ ਕਸਮ ਖਾ ਲੈਂਦਾ ਹੈ। ਯਥਾ:- ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ ਕਹਾ ਛਪਾਵੈ॥ ਅਥਵਾ ਮੈ ਬਹੁਤ ਵੱਡਾ ਜ਼ਾਲਮ ਹਾਂ, ਜੋ ਮੇਰੇ ਪਾਪ ਦੱਸੇਗਾ, ਉਸ ਨੂੰ ਜਾਨੋ ਹੀ ਮਾਰ ਦਿਆਂਗਾ। ਜ਼ੋਰ ਜ਼ੁਲਮ ਦਬਾ (ਤਲੈ)ਥੱਲੇ, ਪਾਪ (ਦੁਰਾਇ)ਛੁਪਾ ਕੇ (ਰਾਖੇ)ਰੱਖੇ। ਪ੍ਰੰਤੂ (ਜਬ)ਜਦੋਂ ਧਰਮਰਾਇ ਜੀ ਨੇ (ਪੂਛੇ)ਪੁੱਛਣਾ ਕੀਤੇ, ਤਾਂ (ਨਿਦਾਨ)ਬੇਸਮਝ ਦੇ (ਨਿਦਾਨ)ਅੰਤ ਨੂੰ, ਕੀਤੇ (ਸਭ)ਸਾਰੇ ਪਾਪ ਪਰਗਟ (ਭਏ)ਹੋ ਗਏ॥੧੦੫॥ ਜਮ ਨੇ ਆ ਕੇ ਜਦੋਂ ਕੇਸ ਪਕੜ ਲਏ, ਤਦੋਂ ਜਿਹੜੀਆ ਗੁਪਤ ਕਰਤੂਤਾਂ ਕੀਤੀਆਂ ਸਨ, ਖਿਨ ’ਚ ਹੀ ਉਹ ਪ੍ਰਗਟ ਹੋ ਗਈਆਂ। ਯਥਾ:- ਅੰਤਰਿ ਬਹਿ ਕੈ. ਕਰਮ ਕਮਾਵੈ; ਸੋ ਚਹੁ ਕੁੰਡੀ ਜਾਣੀਐ॥) ਅੰਦਰਿ ਬਹੈ; ਤਪਾ ਪਾਪ ਕਮਾਏ॥ ਹਰਿ ਅੰਦਰਲਾ ਪਾਪੁ; ਪੰਚਾ ਨੋ ਉਘਾ ਕਰਿ ਵੇਖਾਲਿਆ॥) ਦੇਇ ਕਿਵਾੜ.ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਨੁ ਪੜਦਾ ਤੇਰਾ ਢਾਕੈ॥੩॥) ਹਟ ਪਟਣ ਬਿਜ ਮੰਦਰ ਭੰਨੈ; ਕਰਿ ਚੋਰੀ ਘਰਿ ਆਵੈ॥ ਅਗਹੁ ਦੇਖੈ. ਪਿਛਹੁ ਦੇਖੈ; ਤੁਝ ਤੇ ਕਹਾ ਛਪਾਵੈ॥) ਅੰਦਰਿ ਕਮਾਣਾ ਸਰਪਰ ਉਘੜੈ; ਭਾਵੈ ਕੋਈ

Sri Satguru Jagjit Singh Ji eLibrary NamdhariElibrary@gmail.com

ਬਹਿ ਧਰਤੀ ਵਿਚਿ ਕਮਾਈ॥ ਪਰ ਗ੍ਰਿਹ ਵਿਕਾਰੀ ਨੂੰ ਏਡਜ਼ ਆਦਿ ਲੱਗਣ ਤੋਂ ਪਤਾ ਲੱਗ ਜਾਂਦਾ ਹੈ। ਧਰਮਰਾਜਾ ਪਾਸ ਪਾਪ ਪ੍ਰਗਟ ਹੋ ਜਾਂਦੇ ਹਨ। ਕਬੀਰ.ਜੇਤੇ ਪਾਪ ਕੀਏ; ਰਾਖੇ ਤਲੈ ਦੁਰਾਇ॥ ਪਰਗਟ ਭਏ ਨਿਦਾਨ ਸਭ; ਜਬ ਪੂਛੇ ਧਰਮਰਾਇ॥ (ਨੱਸਿ ਭੱਜਿ) ਮਾਣਸਾ ਕਿਅਹੁ ਦੀਬਾਣਹੁ,ਕੋਈ ਨਸਿ ਭਜਿ ਨਿਕਲੈ; ਹਰਿ ਦੀਬਾਣਹੁ.ਕੋਈ ਕਿਥੈ ਜਾਇਆ॥ ਜਿਵੇਂ ਸੱਜਣ ਠੱਗ ਉੱਤੋਂ ਬੈਸ਼ਨੂੰ ਪਹਿਰਾਵੇ'ਚ ਸੀ, ਵਾਹਿਗੁਰੂ ਮਹੱਲੇ ਪਹਿਲੇ ਜੀ ਨੇ ਉਸ ਦੇ ਭੋਰੇ'ਚੋਂ ਸੌ ਸਿਰ ਕਢਾਇਆ, ਉਸ ਨੂੰ ਰੱਬ ਦਾ ਸੱਜਣ ਸੰਤ ਬਣਾਇਆ। ਗੁਪਤ ਮੰਦ ਕਰਮ ਕੀਤੇ, ਮਹਾਰਾਜਿਆਂ ਦੇ ਭੀ ਨਹੀਂ ਲੁਕੇ। ਕੋਈ ਆਦਮੀ ਗੁਪਤ ਮਾੜਾ ਕਰਮ ਕਰਨ ਲੱਗਾ ਸੀ, ਤਾਂ ਕੀ ਦੇਖਿਆ? ਬਹੁਤ ਵੱਡੇ ਢਿੱਡ ਵਾਲਾ, ਆਪਣੇ ਢਿੱਡ'ਤੇ ਵੱਡਾ ਢੋਲ ਲਈ ਖੜ੍ਹਾ ਹੈ, ਬੜਾ ਹੀ ਹੈਰਾਨ ਹੋ ਕੇ ਪੁੱਛਿਆ,"ਤੂੰ ਕੌਣ ਹੈਂ?" ਤਾਂ ਕਿਹਾ,"ਮੈਂ ਕਰਮ ਦੇਵਤਾ ਹਾਂ, ਜੇ ਤੂੰ ਲੁਕ ਕੇ ਮਾੜਾ ਕਰਮ ਕਰੇਂਗਾ ਤਾਂ ਢੋਲ'ਤੇ ਡੱਗਾ ਮਾਰ ਦੇਵਾਂਗਾ। " ਇਸ ਲਈ ਮਹਾਂਪੁਰਸ਼ ਅਤੀ ਹੀ ਨਿਮ੍ਰਤਾ ਹਲੀਮੀ ਵੈਰਾਗ 'ਚ ਢਲ ਕੇ ਪ੍ਰੇਮ ਪ੍ਰਚਾਰ ਸੁਣਾਉਂਦੇ ਕਿ ਭਾਈ ਜਿਹੜਾ ਭੀ ਪਾਪ ਕਰਦਾ ਹੈ, ਉਸ ਨੂੰ ਚਾਹੀਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ 'ਚ, ਪੰਜਾਂ ਪਿਆਰਿਆਂ ਦੇ ਸਾਹਮਣੇ ਪੇਸ਼ ਹੋ ਕੇ, ਪਾਪ ਬਖ਼ਸ਼ਾ ਲਵੇ। ਪਿਛਲੇ ਅਉਗਣ ਬਖ਼ਸ਼ਾ ਲਵੇ, ਅਗਾਂਹ ਨੂੰ ਨ ਕਰੇ ਤਾਂ ਮਹਾਰਾਜ ਸਾਹਿਬ ਜੀ ਉਸ ਨੂੰ ਰਾਹ ਪਾ ਦਿੰਦੇ ਹਨ। ਸਤਿਗੁਰੂ ਸਾਹਿਬ ਜੀ ਸਦਾ ਬਖਸਿੰਦ ਹਨ। ਯਥਾ:- ਸਦ ਬਖਸਿੰਦੁ. ਸਦਾ ਮਿਹਰਵਾਨਾ; ਸਭਨਾ ਦੇਇ ਅਧਾਰੀ॥) ਪਿਛਲੇ ਅਉਗੁਣ, ਬਖਸਿ ਲਏ ਪ੍ਰਭੁ; ਆਗੈ ਮਾਰਗਿ ਪਾਵੈ॥ ਜਿਹੜਾ ਪਾਪਾਂ ਨੂੰ ਲੁਕੋ ਕੇ ਰੱਖੇਗਾ, ਉਸ ਨੂੰ ਧਰਮਰਾਜਾ ਦਾ ਡੰਡ ਸਹਾਰਨਾ ਪਵੇਗਾ। ਯਥਾ:- ਜਿਨ੍ਹਾਂ ਲਈ ਤੂੰ ਪਾਪ ਕਮਾਵੇਂ; ਕਿੱਥੇ ਨੀ ਓਹ ਅੱਜ ਤੇਰੇ ਘਰ ਦੇ॥ ਪੈਰ ਪਸਾਰ ਪਇਓ ਵਿੱਚ ਵਿਹੜੇ, ਹੱਥ ਨ ਲਾਵਣ ਡਰਦੇ॥ ਮਿੱਟੀ ਦੀ ਕੁੰਨੀ ਜਵਾਂ ਦੀ ਪਿੰਨੀ, ਤੇਰੇ ਲਿਆ ਸਿਰਾਣੇ ਧਰਦੇ। ਲੱਕੜੀਆਂ ਇਕੱਠੀਆਂ ਕਰਕੇ ਪਿਆਰੇ, ਸਨਬੰਧੀ ਸਾਰੇ ਘਰ ਦੇ॥ ਰਲ਼ ਮਿਲ਼ ਸਾਰੇ ਲਾਵਣ ਮੁਆਤਾ, ਉਜਰ ਨ ਕੋਈ ਕਰਦੇ॥ ਉਸ ਵੇਲੇ ਤੇਰਾ ਕੋਈ ਨ ਬਣਸੀ, ਤੈਨੂੰ ਕਰਨ ਹਵਾਲੇ ਜਮ ਦੇ॥ (ਆਸਾਵਰੀਆਂ ਚੋਂ)

ਕਬੀਰ. ਹਰਿ ਕਾ ਸਿਮਰਨੁ ਛਾਡਿ ਕੈ; ਪਾਲਿਓ ਬਹੁਤੁ ਕੁਟੰਬੁ॥ ਧੰਧਾ ਕਰਤਾ. ਰਹਿ ਗਇਆ; ਭਾਈ ਰਹਿਆ ਨ ਬੰਧੁ॥੧੦੬॥ ਅਗਨਿ ਸਾਗਰ; ਬੂਡਤ ਸੰਸਾਰਾ॥ ਅਨੁਸਾਰ ਵਾਹਿਗੁਰੂ ਜੀ ਦੇ ਸਿਮਰਨ ਤੋਂ ਬਿਨਾ, ਸਾਰਾ ਸੰਸਾਰ ਅੱਗ ਦੇ ਸਮੁੰਦ੍ਰ 'ਚ ਡੁੱਬ ਰਿਹਾ ਹੈ। ਵਾਹਿਗੁਰੂ ਧੰਨ ਕਬੀਰ ਸਾਹਿਬ ਜੀ ਬ੍ਰਹਮਗਿਆਨੀ ਮਹਾਂਪੁਰਸ਼ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ, ਸਰਬ ਕਲਾ ਭਰਪੂਰ ਪ੍ਰਭ; ਜੀ (ਕਾ)ਦਾ ਸਿਮਰਨੁ ਛਾਡਿ (ਕੈ)ਕੇ, (ਕੁਟੰਬੁ)ਆਪਣੇ ਪਰਿਵਾਰ ਨੂੰ ਬਹੁਤੁ (ਪਾਲਿਓ)ਪਾਲ਼ਿਆ ਸੰਭਾਲਿਆ। ਯਥਾ:- ਬਹੁ ਪਰਪੰਚ ਕਰਿ; ਪਰ ਧਨੁ ਲਿਆਵੈ॥ ਸੁਤ ਦਾਰਾ ਪਹਿ; ਆਨਿ ਲੁਟਾਵੈ॥ ਕੋਈ ਭੀ ਗੁਰੂ ਪੰਥ, ਗ੍ਰੀਬ ਦੀ ਸੇਵਾ ਦਾ ਸ਼ੁਭ ਧਰਮ ਕੰਮ ਨ ਕੀਤਾ।

ਧੰਧਾ ਕਰਤਾ. ਰਹਿ ਗਇਆ; ਭਾਈ ਰਹਿਆ ਨ ਬੰਧੁ॥੧੦੬॥ ਹੰਕਾਰ ਵਿਕਾਰ ਨਸ਼ੇ ਮੰਦ ਕਰਮ ਝੂਠੇ (ਧੰਧਾ)ਧੰਦੇ (ਕਰਤਾ)ਕਰਦਾ ਕਰਦਾ ਹੀ, ਮੰਦੇ ਧੰਦੇ 'ਚ ਖੱਚਤ ਰਹਿ ਗਇਆ ਅਥਵਾ ਵਾਹਿਗੁਰੂ ਜੀ ਦਾ ਸਿਮਰਨ ਸੇਵਾ ਕਰਨ ਵੱਲੋਂ ਰਹਿ ਗਇਆ, ਭਾਵ ਕੋਈ ਭੀ ਧਰਮ ਕਰਮ ਚੰਗਾ ਕੰਮ ਨ ਕੀਤਾ। ਨਾ ਕੋਈ ਭਾਈ ਰਹਿਆ, ਨ ਕੋਈ (ਬੰਧੁ)ਸਬੰਧੀ ਰਿਹਾ, ਸਾਰੇ ਸਬੰਧੀ ਟੁੱਟ ਗਏ। ਜਦੋਂ ਚੜ੍ਹਾਈ ਕਰ ਗਿਆ, ਉਦੋਂ ਭੀ, ਭਾਈ ਰਹਿਆ ਨ ਬੰਧੁ॥ ॥੧੦੬॥ ਯਥਾ:- ਜਿਨ੍ਹਾਂ ਲਈ ਤੂੰ ਪਾਪ ਕਮਾਵੇਂ, ਕਿੱਥੇ ਹਨ ਉਹ ਤੇਰੇ ਘਰ ਦੇ। ਪੈਰ ਪਸਾਰ ਪਇਓ ਵਿੱਚ ਵਿਹੜੇ, ਹੱਥ ਨਾ ਲਾਵਨ ਡਰਦੇ। ਮਿੱਟੀ ਦੀ ਕੁੰਨੀ ਜਵਾਂ ਦੀ ਪਿੰਨੀ, ਤੇਰੇ ਲਿਆ ਸਿਰ੍ਹਾਣੇ ਧਰਦੇ। ਲੱਕੜੀਆਂ ਇਕੱਠੀਆਂ ਕਰਦੇ ਪਿਆਰੇ, ਸਬੰਧੀ ਸਾਰੇ ਘਰ ਦੇ। ਰਲ ਮਿਲ ਸਾਰੇ ਲਾਵਣ ਮੁਆਤਾ, ਉਜਰ ਨਾ

Sri Satguru Jagjit Singh Ji eLibrary NamdhariElibrary@gmail.com

ਕੋਈ ਕਰਦੇ। ਉਸ ਵੇਲੇ ਤੇਰਾ ਕੋਈ ਨਾ ਬਣਸੀ, ਤੈਨੂੰ ਕਰਨ ਹਵਾਲੇ ਜਮ ਦੇ। ਸੋ ਸਤਿਗੁਰੂ ਸਹਿਬ ਜੀ ਦਾ ਆਸ਼ਾ, ; ਸੋ ਗਹਿਰ ਗਭੀਰਾ ਗਉਹਰੁ ਜੀਉ॥ ਇਹ ਨਹੀਂ ਕਿ ਪ੍ਰਵਾਰ ਨੂੰ ਨ ਪਾਲ਼ੇ। ਸਿਖ ਸਿੱਖਣੀ ਮਿਲ ਬਹੈ; ਚਰਚਾ ਕਰੈ ਅਪਾਰ। ਭਜਨ ਸਿਖਾਵੇ ਪੁੱਤ੍ਰ ਕੋ; ਹਰਿ ਭਜ ਬਾਰੰਬਾਰ॥ ਭਜਨ ਕਰਨ ਨਾਲ ਘਰ ਸਚਖੰਡ ਬਣਦਾ ਹੈ। ਮੰਨੈ; ਪਰਵਾਰੈ ਸਾਧਾਰੁ॥ ਮੰਨੈ; ਤਰੈ ਤਾਰੇ ਗੁਰੁ ਸਿਖ॥) ਬਲਿਹਾਰੀ ਤਿਨਾਂ ਗੁਰਸਿਖਾਂ; ਆਪ ਤਰੇ ਤਾਰੇਨਿ ਸਰਿਠਾ॥ ਇਸ ਕਰਕੇ ਦਾਤੇ ਨੂੰ ਵਿਸਰ ਕੇ, ਦਾਤਾਂ ਨੂੰ ਪਿਆਰ ਕਰਨਾ, ਜੀਵ ਦੀ ਹਾਲਤ ਬੜੀ ਦੁਖੱਲੀ ਹੁੰਦੀ ਹੈ। ਹੰਕਾਰ ਵਿਕਾਰ ਵੈਰ, ਲੋਭ ਲਹਰਿ ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਅਨੁਸਾਰ ਸਾਰਿਆਂ ਦੇ ਨਾਲ ਐਨਾ ਲਾਲਚ ਕੀਤਾ, ਸਾਰਿਆਂ ਤੋਂ ਖੋਹ ਖਿੱਚ ਕੀਤੀ, ਵੈਰ ਕੀਤਾ, ਵੈਰ ਨਾਲ ਕਤਲ ਕਰਦੇ ਰਹੇ। ਇਸ ਕਰਕੇ ਨ ਕੋਈ ਭਾਈ ਰਹਿਆ ਨ ਕੋਈ ਸਬੰਧੀ ਰਿਹਾ।

ਕਬੀਰ. ਹਰਿ ਕਾ ਸਿਮਰਨੁ ਛਾਡਿ ਕੈ; ਰਾਤਿ ਜਗਾਵਨ ਜਾਇ॥ ਸਰਪਨਿ ਹੋਇ ਕੈ ਅਉਤਰੈ; ਜਾਏ ਅਪੁਨੇ ਖਾਇ॥੧੦੭॥ ੧:- ਹਿੰਦ 'ਚ ਅਨਪੜ੍ਹਤਾ ਗ਼ੁਲਾਮੀ ਕਾਰਨ, ਮੁੱਲਾਂ ਮੁਲਾਣੇ ਪਖੰਡੀ ਜਾਦੂ ਟੂਣੇ ਧਾਗੇ ਤਵੀਤ ਬਣਾ ਕੇ ਦਿੰਦੇ। ਮੂਰਖੁ ਹੋਵੈ. ਸੋ ਸੁਣੈ; ਮੂਰਖ ਕਾ ਕਹਣਾ॥ ਜਿਨ੍ਹਾਂ ਜਨਾਨੀਆਂ ਦੇ ਬੱਚਾ ਨ ਹੁੰਦਾ, ਉਹ ਜਾਦੂ ਤਵੀਤ ਟੂਣੇ ਕਰਦੀਆਂ। ਸ਼ਮਸ਼ਾਨ ਭੂਮੀ 'ਚ ਜਾ ਕੇ, ਜਦੋਂ ਕੋਈ ਮੁਰਦਾ ਸੜ ਰਿਹਾ ਹੋਵੇ, ਮੁਰਦਾ ਰੂਹ ਵੱਸ ਕਰਨ ਲਈ, ਉਸ ਕੋਲ ਨੰਗੀ ਨਹਾ ਕੇ, ਰੋਟੀ ਪਕਾ ਕੇ ਖਾਂਦੀ, ਕਿ ਮੇਰੇ ਘਰ ਬੱਚਾ ਹੋ ਜਾਵੇ। ਇਉਂ ਕਰਨ ਨਾਲ ਜੇ ਔਲਾਦ ਹੋਣੀ ਹੈ ਤਾਂ ਭੀ ਨਹੀਂ ਹੁੰਦੀ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਦਇਆਲ ਕ੍ਰਿਪਾਲ ਜੀ (ਕਾ)ਦਾ ਸਿਮਰਨੁ ਛਾਡਿ ਕੈ, ਜਿਹੜੀ ਜਨਾਨੀ ਰਾਤਿ ਨੂੰ ਸ਼ਮਸ਼ਾਨ ਭੂਮੀ 'ਚ ਜਾ ਕੇ ਸਿਵੇ (ਜਗਾਵਨ)ਜਗਾਉਣ (ਜਾਇ)ਜਾਂਦੀ ਹੈ। ਅਥਵਾ ਜਿਹੜੀ ਗ਼ਲਤ ਜਨਾਨੀ, ਰਾਤ ਨੂੰ ਦੂਜਿਆਂ ਦੇ ਘਰਾਂ 'ਚ ਜਾ ਕੇ, ਕੁੰਡਾ ਖੜਕਾ ਕੇ ਜਗਾਉਂਦੀ ਹੈ, ਉਹ ਕਹਿੰਦੇ ਕੌਣ? ਉਹ ਕਹਿੰਦੀ ਤੇਰਾ ਗਿਆ ਮੇਰੇ ਆਇਆ। ਤੇਰਾ ਬੱਚਾ ਮਰ ਕੇ ਮੇਰੇ ਘਰ ਜੰਮ ਪਵੇ। ਅਥਵਾ (ਹਰਿ)ਹਰੀ ਜੀ (ਕਾ)ਦਾ ਸਿਮਰਨੁ ਛਾਡਿ ਕੈ. ਰਾਤਿ ਨੂੰ (ਜਾਇ)ਜਾ ਕੇ, ਸੁੱਤਿਆਂ ਜੀਵਾਂ ਨੂੰ (ਜਗਾਵਨ)ਜਗਾਉਂਦੇ ਹਨ। ਉਨ੍ਹਾਂ ਨੂੰ ਮਾਰ ਕੁੱਟ ਕੇ ਉਨ੍ਹਾਂ ਦਾ ਦਰਬ ਮਾਲ ਖੋਂਹਦੇ ਹਨ। ਯਥਾ:- ਰਾਜੇ ਸੀਹ; ਮੁਕਦਮ ਕੁਤੇ॥ ਜਾਇ ਜਗਾਇਨਿ; ਬੈਠੇ ਸੁਤੇ॥ ਚਾਕਰ ਨਹਦਾ; ਪਾਇਨ੍ਹਿ ਘਾਉ॥ ਰਤੁ ਪਿਤੁ; ਕੁਤਿਹੋ ਚਟਿ ਜਾਹੁ॥) ਕਬੀਰ. ਰਾਤੀ ਹੋਵਹਿ ਕਾਰੀਆ; ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ; ਸਿ ਜਾਨਿ ਮਾਰੇ ਭਗਵੰਤ॥੧੦॥) ਲੈ ਫਾਹੇ. ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥ ਕੀ ਡੰਨ ਮਿਲਦਾ ਹੈ?

ਸਰਪਨਿ ਹੋਇ ਕੈ ਅਉਤਰੈ; ਜਾਏ ਅਪੁਨੇ ਖਾਇ॥੧੦੭॥ (ਸਰਪਨਿ)ਸਪਣੀ (ਹੋਇ)ਹੋ (ਕੈ)ਕੇ (ਅਉਤਰੈ)ਜੰਮਦੀ ਹੈ, ਅਪੁਨੇ (ਜਾਏ)ਬੱਚਿਆਂ ਨੂੰ (ਖਾਇ)ਖਾਂਦੀ ਹੈ॥੧੦੭॥ ਜਿਵੇਂ ਸਪਣੀ ਦੇ ਬੱਚੇ ਬਹੁਤ ਹੁੰਦੇ ਹਨ, ਉਨ੍ਹਾਂ ਦੁਆਲੇ ਘੇਰਾ ਬਣਾ ਲੈਂਦੀ ਹੈ, ਉਨ੍ਹਾਂ ਨੂੰ ਚੱਟਦੀ ੨, ਖਾਈ ਜਾਂਦੀ ਹੈ, ਜਿਹੜੇ ਘੇਰੇ 'ਚੋਂ ਬਾਹਰ ਨਿਕਲ ਜਾਣ ਉਹ ਬਚ ਜਾਂਦੇ ਹਨ। ਯਥਾ:- ਜੇਹਾ ਬੀਜੈ ਸੋ ਲੁਣੈ; ਕਰਮਾ ਸੰਦੜਾ ਖੇਤੁ॥

ਕਬੀਰ. ਹਰਿ ਕਾ ਸਿਮਰਨੁ ਛਾਡਿ ਕੈ; ਅਹੋਈ ਰਾਖੈ ਨਾਰਿ॥ ਗਦਹੀ ਹੋਇ ਕੈ ਅਉਤਰੈ; ਭਾਰੁ ਸਹੈ. ਮਨ ਚਾਰਿ॥੧੦੮॥੧:- ਅਹੋਈ ਇੱਕ ਦੇਵੀ ਹੈ। ਕੁਆਰੀਆਂ ਕੁੜੀਆਂ ਇਸ ਦਾ ਪੂਜਨ ਕਰਦੀਆਂ ਹਨ। ਅੱਸੂ ਦੇ

Sri Satguru Jagjit Singh Ji eLibrary NamdhariElibrary@gmail.com

ਨੌਰਾਤਿਆਂ ’ਚ ਇਸ ਦੇਵੀ ਦੀ ਮਿੱਟੀ ਦੀ ਮੂਰਤੀ ਬਣਾ ਕੇ ਕੰਧ ਉੱਪਰ ਲਾਉਂਦੀਆਂ ਹਨ। ਅਸ਼ਟਮੀ ਦਾ ਵਰਤ ਰੱਖ ਕੇ, ਧੂਪ ਦੀਪ ਨਾਲ ਮੂਰਤੀ ਦਾ ਪੂਜਨ ਕਰਦੀਆਂ ਹਨ। ਕੱਤਕ ਦੀ ਚਾਨਣੀ ਏਕਮ ਨੂੰ ਮੂਰਤੀ ਜਲ ਪ੍ਰਵਾਹ ਕਰ ਦਿੰਦੀਆਂ ਹਨ। ਮਥਰਾ ਜ਼ਿਲੇ ਦੇ ਰਾਧਾਕੁੰਡ ਪੁਰ, ਕੱਤਕ ਵਦੀ ੮ ਨੂੰ ਅਹੋਈ ਦਾ ਬੜਾ ਭਾਰੀ ਮੇਲਾ ਲਗਦਾ ਹੈ। ਪਰ ਭਗਤ ਜੀ ਨੇ ਇਨ੍ਹਾਂ ਸਾਰਿਆਂ ਨਾਲੋਂ ਵਾਹਿਗੁਰੂ ਜੀ ਦੇ ਸਿਮਰਨ ਨੂੰ ਮੁਖ ਰੱਖਿਆ ਹੈ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਕਾ)ਦਾ ਸਿਮਰਨੁ (ਛਾਡਿ)ਛੱਡ (ਕੈ)ਕੇ (ਨਾਰਿ)ਇਸਤ੍ਰੀ (ਅਹੋਈ)ਸੀਤਲਾ ਦੇਵੀ ਦਾ ਵਰਤ (ਰਾਖੈ)ਰੱਖਦੀ ਹੈ, ਸੀਤਲਾ ਦੇਵੀ ਦੀ ਅਸਵਾਰੀ ਗਧਾ ਹੈ। ਉਸ ਇਸਤ੍ਰੀ ਨੂੰ ਇਹ ਡੰਡ ਮਿਲਦਾ ਹੈ, (ਗਦਹੀ)ਗਧੀ (ਹੋਇ)ਬਣ (ਕੈ)ਕੇ (ਅਉਤਰੈ)ਜਨਮ ਧਾਰਦੀ ਹੈ, ਅਤੇ ਚਾਰਿ (ਮਨ)ਮਣ ਦੀ ਛੱਟ ਦਾ ਭਾਰੁ (ਸਹੈ)ਸਹਾਰਦੀ ਹੈ॥੧੦੮॥ ਬਾਈਬਲ ਅਤੇ ਕੁਰਾਣ ਸ਼ਰੀਫ਼ ’ਚ ਅਨੇਕ ਪ੍ਰਕਾਰ ਦੇ ਵ੍ਰਤ ਲਿਖੇ ਹਨ। ਯਹੂਦੀ ਭਾਈਆਂ ਦੇ ੪੦, ਮੁਸਲਮਾਣ ਭਾਈਆਂ ਦੇ ੩੦ ਰੋਜ਼ੇ ਹੀ ਪ੍ਰਧਾਨ ਵ੍ਰਤ ਹਨ। ਇਨ੍ਹਾਂ ਦਿਨਾਂ ’ਚ ਅੰਨ ਜਲ ਦਾ ਤਿਆਗ ਹੁੰਦਾ ਹੈ, ਰਾਤ ਨੂੰ ਭੋਜਨ ਕੀਤਾ ਜਾਂਦਾ ਹੈ। ਗੁਰਮਤਿ ’ਚ ਕੋਈ ਭੀ ਵਰਤ ਰੱਖਣਾ ਪ੍ਰਵਾਨ ਨਹੀਂ। ਜਿਤਨੀ ਭੁੱਖ, ਉਸ ਦਾ ਚੌਥਾ ਹਿਸਾ ਘੱਟ ਖਾਣਾ ਹੈ। ਮੇਹਦੇ ਦਾ ਦੋਸ਼ ਠੀਕ ਕਰਨ ਲਈ ਵ੍ਰਤ ਕੀਤਾ ਠੀਕ ਭੀ ਹੈ। ਜ਼ਿਆਦਾ ਖਾਣੇ ਕਰਕੇ ਆਲਸ ਵਧਦਾ ਹੈ, ਹਰ ਵੇਲੇ ਨੀਂਦ ਹੀ ਦਬਾਈ ਰੱਖਦੀ ਹੈ। ਜ਼ਿਆਦਾ ਖਾਣ ਨਾਲ ਸੁਪਨੇ ਭੀ ਚੰਗੇ ਨਹੀਂ ਆਉਂਦੇ, ਜਿਸ ਕਰਕੇ ਸ੍ਰੀਰ ਅਪਵਿੱਤ੍ਰ ਹੋ ਜਾਂਦਾ ਹੈ। ਥੋੜ੍ਹਾ ਖਾਣ ਸੌਣ ਵਾਲਾ ਸੰਤੋਖੀ ਸੱਚੇ ਅੰਮ੍ਰਿਤ ਗੁਰਬਾਣੀ ਜੀ ਨੂੰ ਸੁਰਤ ’ਚ ਤੱਕਣ ਦਾ ਉੱਤਮ ਅਧਿਕਾਰੀ ਹੈ। ਯਥਾ:- ਥੋੜਾ ਸਵਣਾ ਖਾਵਣਾ; ਥੋੜਾ ਬੋਲਣੁ ਗੁਰਮਤਿ ਪਾਏ।) ਪਉੜੀ॥ ਸੇਵ ਕੀਤੀ ਸੰਤੋਖੀਏਂ; ਜਿਨ੍ਹੀ ਸਚੋ ਸਚੁ ਧਿਆਇਆ॥ ਓਨ੍ਹੀ.ਮੰਦੈ ਪੈਰੁ ਨ ਰਖਿਓ; ਕਰਿ ਸੁਕ੍ਰਿਤੁ.ਧਰਮੁ ਕਮਾਇਆ॥ ਓਨ੍ਹੀ ਦੁਨੀਆ ਤੋੜੇ ਬੰਧਨਾ; ਅੰਨੁ ਪਾਣੀ ਥੋੜਾ ਖਾਇਆ॥ ਤੂੰ ਬਖਸੀਸੀ ਅਗਲਾ; ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥) ਹਉ ਤਿਸੁ.ਘੋਲਿ ਘੁਮਾਇਆ; ਥੋੜਾ ਸਵੈ.ਥੋੜਾ ਹੀ ਖਾਵੈ। ਗੁਰਮੁਖਿ ਸੋਈ; ਸਹਜਿ ਸਮਾਵੈ॥੪॥) ਸੱਚ ’ਚ ਲੀਣ ਹੋਣਾ ਹੀ ਵਰਤ ਹੈ। ਯਥਾ:- ਸਲੋਕ ਮਃ ੧॥ ਸਚੁ ਵਰਤੁ. ਸੰਤੋਖੁ ਤੀਰਥੁ; ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ. ਖਿਮਾ ਜਪਮਾਲੀ; ਤੇ ਮਾਣਸ ਪਰਧਾਨ॥) ਇਕਿ ਅੰਨੁ ਨ ਖਾਹਿ ਮੂਰਖ; ਤਿਨਾ ਕਿਆ ਕੀਜਈ॥ ਤ੍ਰਿਸਨਾ ਹੋਈ ਬਹੁਤੁ; ਕਿਵੈ ਨ ਧੀਜਈ॥) ਛੋਡਹਿ ਅੰਨੁ; ਕਰਹਿ ਪਾਖੰਡ॥ ਨਾ ਸੋਹਾਗਨਿ ਨਾ ਓਹਿ ਰੰਡ॥) ਅੰਨੈ ਬਿਨਾ; ਨ ਹੋਇ ਸੁਕਾਲੁ॥ ਤਜਿਐ ਅੰਨਿ; ਨ ਮਿਲੈ ਗੁਪਾਲੁ॥ ਅੰਨੁ. ਨ ਖਾਇਆ; ਸਾਦੁ ਗਵਾਇਆ॥ ਬਹੁ ਦੁਖੁ ਪਾਇਆ; ਦੂਜਾ ਭਾਇਆ॥) ਹਮਰੇ ਗੁਰ ਸਿਖ ਹੈ ਜੇਈ। ਅਲਪ ਅਹਾਰ ਵ੍ਰਤੀ ਨਿਤ ਸੇਈ। ਕਾਮ ਕ੍ਰੋਧ ਕੋ ਸੰਜਮ ਸਦਾ। ਪ੍ਰਭ ਸਿਮਰਨ ਮੋ ਲਗਾਇਓ ਰਿਦਾ।(ਗੁਪ੍ਰਸੂ)

ਅਲਪ ਅਹਾਰ ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ॥ ਸੀਲ ਸੰਤੋਖ ਸਦਾ ਨਿਰਬਾਹਿਬੋ; ਹ੍ਵੈਬੋ ਤ੍ਰਿਗੁਣ ਅਤੀਤਿ॥੨॥ ਕਾਮ ਕ੍ਰੋਧ ਹੰਕਾਰ ਲੋਭ ਹਠ; ਮੋਹ. ਨ ਮਨ ਸੋ ਲਜਾਵੈ॥ ਤਬ ਹੀ ਆਤਮ ਤਤ ਕੋ ਦਰਸੇ; ਪਰਮ ਪੁਰਖ ਕਹ ਪਾਵੈ॥) ਅੰਨ ’ਚ ਹੀ ਪ੍ਰਾਣ ਹਨ, ਸ੍ਰੀਰ ਨੂੰ ਲੋੜ ਅਨੁਸਾਰ ਅਹਾਰ ਮਿਲਣਾ ਚਾਹੀਦਾ ਹੈ।

ਕਬੀਰ. ਹਰਿ ਕਾ ਸਿਮਰਨੁ ਛਾਡਿ ਕੈ; ਅਹੋਈ ਰਾਖੈ ਨਾਰਿ॥੨:- ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਕਾ)ਦਾ ਸਿਮਰਨੁ (ਛਾਡਿ)ਛੱਡ (ਕੈ)ਕੇ (ਅਹੋਈ)ਅਣਹੋਈ ਮਾਇਆ ਨੂੰ ਆਪਣੀ ਮੰਨ ਕੇ (ਰਾਖੈ)ਰੱਖਦੇ ਹਨ। ਯਥਾ:- ਸਾਹਨਿ ਸਤੁ ਕਰੈ; ਜੀਅ

Sri Satguru Jagjit Singh Ji eLibrary NamdhariElibrary@gmail.com

ਅਪਨੈ॥ ਸੋ ਰਮਯੇ ਕਉ; ਮਿਲੈ ਨ ਸੁਪਨੈ॥ ਮਾਇਆ (ਸਾਹਨਿ) ਸ਼ਾਹੂਕਾਰਨੀ ਨੂੰ ਆਪਣੇ ਦਿਲ 'ਚ ਸੱਚੀ ਮੰਨੇ, (ਰਮਯੇ) ਵਾਹਿਗੁਰੂ ਜੀ ਨੂੰ ਸੁਪਨੇ 'ਚ ਭੀ ਨਹੀਂ ਮਿਲ ਸਕਦਾ। ਇਹ ਮਾਇਆ ਤਾਂ ਮਹਾਰਾਜ ਜੀ ਦੀ ਹੈ। ਯਥਾ:- ਹੀਓ; ਮਹਰਾਜ ਰੀ ਮਾਇਓ॥ ਇਹ ਜੀਵ ਆਪਣੀ ਬਣਾ ਕੇ ਰੱਖਦਾ, ਉਸ ਨੂੰ ਫਿਰ ਉੱਪਰ ਕਿਹਾ ਡੰਡ ਮਿਲਦਾ ਹੈ।

ਕਬੀਰ. ਹਰਿ ਕਾ ਸਿਮਰਨੁ ਛਾਡਿ ਕੈ; ਅਹੋਈ ਰਾਖੈ ਨਾਰਿ॥ ਗਦਹੀ ਹੋਇ ਕੈ ਅਉਤਰੈ; ਭਾਰੁ ਸਹੈ. ਮਨ ਚਾਰਿ॥੧੦੮॥੩:- ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਕਾ)ਦਾ ਸਿਮਰਨੁ (ਛਾਡਿ)ਛੱਡ (ਕੈ)ਕੇ, (ਅਹੋਈ)ਅਣਹੋਈ ਪਰਾਈ ਇਸਤ੍ਰੀ ਨੂੰ ਆਪ ਦੀ ਨਾਰ ਬਣਾ ਕੇ, ਧੱਕੇ ਨਾਲ ਰੱਖਦਾ ਹੈ। ਆਪ ਤਾਂ ਕੋਈ ਨੌਕਰੀ ਖੇਤੀ ਵਪਾਰ ਕਰਕੇ ਵਿਆਹ ਨ ਕਰਾ ਸਕਣਾ, ਬਿਗਾਨੀ ਔਰਤ 'ਤੇ ਕਬਜ਼ਾ ਕਰ ਲੈਣਾ। ਉਸ ਨੂੰ ਡੰਡ ਮਿਲਦਾ ਹੈ, ਜਿਹੜੇ ਇਸ ਤ੍ਰ੍ਹਾਂ ਗ਼ਲਤੀ ਕਰਦੇ ਹਨ, ਉਹ ਗਧੀ ਬਣ ਕੇ ਜਨਮ ਧਾਰਦੇ ਹਨ, ਸ੍ਰੀਰ ਤੇ ਚਾਰ ਮਣ ਭਾਰ ਸਹਾਰਨਾ ਕਰਦੇ ਹਨ।

ਕਬੀਰ. ਚਤੁਰਾਈ ਅਤਿ ਘਨੀ; ਹਰਿ ਜਪਿ. ਹਿਰਦੈ ਮਾਹਿ॥ ਸੂਰੀ ਊਪਰਿ ਖੇਲਨਾ; ਗਿਰੈ ਤ ਠਾਹਰ ਨਾਹਿ॥੧੦੯॥ ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ,ਅਪਣੇ ਆਪ ਨੂੰ ਸ਼ੁਭ ਸੱਚਾ ਉਪਦੇਸ਼ ਬਖ਼ਸ਼ਦੇ ਹਨ:- (ਹਰਿ)ਸ੍ਰਬ ਵਿਆਪੀ, ਸਰਬ ਕਲਾ ਭਰਪੂਰ ਪ੍ਰਭ;) ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਨੂੰ (ਅਤਿ)ਬਹੁਤ (ਘਨੀ)ਜ਼ਿਆਦਾ (ਚਤੁਰਾਈ)ਸਾਵਧਾਨਤਾ ਨਾਲ ਹਿਰਦੈ (ਮਾਹਿ)ਵਿਚ (ਜਪਿ)ਜਪਣਾ ਕਰ, ਹੇ ਕਬੀਰ! ਇਹ (ਸੂਰੀ)ਸ਼ੂਲ਼ੀ ਦੇ ਫਰਾਂ ਦੇ ਊਪਰਿ ਖੇਲਨਾ ਹੈ, (ਗਿਰੈ)ਡਿੱਗ ਪਵੇ, ਤਾਂ ਵੱਖੀਆਂ ਪਾਟ ਜਾਂਦੀਆਂ ਹਨ, (ਤ)ਫੇਰ ਠਹਿਰਨ ਨੂੰ ਲੋਕ ਪਰਲੋਕ 'ਚ ਕਿਤੇ (ਠਾਹਰ)ਜਗ੍ਹਾ ਨਾਹਿ ਮਿਲਦੀ। ਜੂਨਾਂ 'ਚ ਕਸ਼ਟ ਹੀ ਕਸ਼ਟ ਭੋਗਦਾ ਭੱਜਿਆ ਫਿਰੇਗਾ। ਯਥਾ:- ਪਉੜੀ ਛੁੜਕੀ, ਫਿਰਿ. ਹਾਥਿ ਨ ਆਵੈ; ਅਹਿਲਾ ਜਨਮੁ ਗਵਾਇਆ॥) ਫਕੀਰਾ ਫਕੀਰੀ ਦੂਰ ਹੈ, ਜਿਤਨੀ ਕੁ ਲੰਮੀ ਖੰਜੂਰ ਹੈ। ਚੜ੍ ਜਾਏਂ ਤਾਂ ਖਾਏਂ ਅਮਰ ਫ਼ਲ, ਗਿਰ ਜਾਏਂ ਤਾਂ ਚਕਨਾ ਚੂਰ ਹੈ। ਕਾਮ ਕ੍ਰੋਧ ਲੋਭ ਮੋਹ ਦੇ ਫ਼ੁਰਨੇ ਵਿਆਕੁਲ ਕਰਦੇ ਹਨ। ਲੋਭ ਲਹਰਿ; ਅਤਿ ਨੀਝਰ ਬਾਜੈ॥ ਕਾਇਆ ਡੂਬੈ; ਕੇਸਵਾ॥੧॥ ਇਨ੍ਹਾਂ ਸਾਰਿਆਂ ਨੂੰ ਹਰੀ ਦੇ ਸਿਮਰਨ ਦੁਆਰਾ ਹੀ ਰੋਕਣਾ ਹੈ। ਇਹ ਬਹੁਤ ਵੱਡੀ ਚਤੁਰਾਈ ਰੱਖਣੀ ਹੈ, ਜਦੋਂ ਇਹ ਹਮਲਾਵਰ ਆਉਂਦੇ ਹਨ, ਜੀਵ ਸਿਮਰਨ ਨਹੀਂ ਕਰ ਸਕਦਾ। ਐਸੀ ਵਿਸਮਾਦ ਚਤੁਰਾਈ ਹੈ, ਪੂਰਨ ਸਾਵਧਾਨਤਾ ਇਕਾਗ੍ਰਤਾ ਨਾਲ, ਹਰ ਸਮੇਂ ਚਿੱਤ ਸਤਿਗੁਰੂ ਸਾਹਿਬ ਜੀ ਦੇ ਚਰਨ ਕਮਲਾਂ 'ਚ ਜੋੜਨਾ, ਮਨ ਨੂੰ ਸਿਮਰਨ ਵੱਲੋਂ ਖੁੰਝਣ ਨਹੀਂ ਦੇਣਾ। ਜੇਕਰ ਕਾਮ ਕ੍ਰੋਧ ਲੋਭ ਮੋਹ ਹੰਕਾਰ ਦਾ ਫ਼ੁਰਨਾ ਆਵੇ ਤਾਂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਜਪਣੀ, ਰੋਮ ੨ ਕਰਕੇ ਸਤਿਗੁਰੂ ਸਾਹਿਬ ਜੀ ਨੂੰ ਨਮਸਕਾਰਾਂ ਕਰਨੀਆਂ। ਸਿਰ ਗੁਰੂ ਚਰਨ- ਕਮਲਾਂ 'ਤੇ ਰੱਖਣਾ, ਗੁਰਬਾਣੀ ਪੜ੍ਨੀ ਗਾਉਣੀ ਜੀ। ਯਥਾ:- ਲਾਖ ਜਿਹਵਾ, ਦੇਹੁ ਮੇਰੇ ਪਿਆਰੇ; ਮੁਖੁ. ਹਰਿ ਆਰਾਧੇ ਮੇਰਾ ਰਾਮ॥) ਕੋਟਿ ਕਰਨ. ਦੀਜਹਿ ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ. ਅਬਿਨਾਸੀ ਰਾਮ॥ ਅਨੁਸਾਰ ਰੋਮ ੨ ਦੇ ਕੰਨਾਂ ਦੁਆਰਾ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਸੁਣਨਾ। ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥ ਅਨੁਸਾਰ ਤੱਤਾਂ 'ਚੋਂ, ਸਾਰੀਆਂ ਅਵਾਜਾਂ 'ਚੋਂ ਵਾਹਿਗੁਰੂ ਜੀ ਸਾਖਿਆਤ ਕਰਨੇ, ਦੁਸ਼ਮਣ 'ਚੋਂ ਭੀ ਵਾਹਿਗੁਰੂ ਜੀ ਸਾਖਿਆਤ ਕਰਨੇ। ਵੈਰੀ ਨਾਲ ਵੈਰ ਨਹੀਂ ਕਰਨਾ, ਨਿੰਦਾ ਕਰਨ ਵਾਲੇ ਦੀ ਨਿੰਦਾ ਨਹੀਂ ਕਰਨੀ। ਆਪ ਕੁੱਝ ਭੀ ਨਹੀਂ ਬਨਣਾ। ਮੁਰਦਾ ਹੋਇ. ਮੁਰੀਦ; ਨ. ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ। ਇਹ ਬੜੀ ਉਚੀ ਅਵਸਥਾ ਕਥਨ ਕੀਤੀ ਹੈ, ਐਸੀ ਵਿਸਮਾਦ ਚਤੁਰਾਈ ਹੈ, ਹਰ ਸਮੇਂ

Sri Satguru Jagjit Singh Ji eLibrary NamdhariElibrary@gmail.com

ਆਪਣੇ ਗੁਰੂ ਜੀ ਨਾਲ ਸਾਵਧਾਨ ਰਹਿਣਾ, ਸਤਿਗੁਰੂ ਗ੍ਰੰਥ ਸਾਹਿਬ ਜੀ ਦਿਲ ਦਿਮਾਗ਼ ’ਚ ਗੁਰਬਾਣੀ ਜੀ ਭੇਜਦੇ ਹਨ। ਰੋਮ ੨ ’ਚ ਵਸ ਕੇ ਨਿਹਾਲ ਕਰਦੇ ਹਨ। ਨਿਰਗੁਨ ਸਰਗੁਨ ਜੀ ਦੀ ਏਕਤਾ ਸਾਖਿਆਤਤਾ ਬਖ਼ਸ਼ਦੇ ਹਨ। ਹਰ ਵੇਲੇ ਨਿਰਗੁਨ ਸਰਗੁਨ ਦੀ ਏਕਤਾ ਸਹਿਤ, ਅੰਤਰਿ ਸੁੰਨੰ. ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥ ਨਿਰਗੁਨ ਬ੍ਰਹਮ ਜੀ ’ਚ ਲੀਣ ਰਹਿਣਾ। ਇਸ ’ਤੇ ਵਿਸਮਾਦ ਦ੍ਰਿਸਟਾਂਤ:- ਜਿਵੇਂ ਵਾਹਿਗੁਰੂ ਮਹੱਲੇ ਛੇਵੇਂ ਜੀ ਨੇ, ਅਤਿ ਘਨੀ ਚਤੁਰਾਈ ਨਾਲ ਇੱਕੋ ਸਮੇਂ, ਜਲੰਧਰ ਦਾ ਧਰਮ ਯੁੱਧ ਜਿੱਤਦਿਆਂ, ਹੰਕਾਰੀ ਅਬਦੁੱਲਖਾਂ, ਰਤਨਚੰਦ, ਕਰਮਚੰਦ ਤਿੰਨਾ ਦੇ ਇੱਕੋ ਵੇਰੀ ਡੱਕਰੇ ਕਰ ਦਿਤੇ।

ਕਬੀਰ. ਸੋਈ ਮੁਖੁ ਧੰਨਿ ਹੈ; ਜਾ ਮੁਖਿ ਕਹੀਐ ਰਾਮੁ॥ ਦੇਹੀ ਕਿਸ ਕੀ ਬਾਪੁਰੀ; ਪਵਿਤ੍ਰੁ ਹੋਇਗੋ ਗ੍ਰਾਮੁ॥੧੧੦॥ ਪ੍ਰੇਮੀਆਂ, ਪ੍ਰੇਮ ਬੇਨਤੀ ਕੀਤੀ, “ਹੇ ਮਾਤਾ ਪਿਤਾ ਸਰੂਪ, ਭਗਤ ਸ਼੍ਰੀ ਕਬੀਰ ਸਾਹਿਬ ਜੀਓ! ਆਪ ਨਾਮ ਜਪਣ ਨੂੰ ਬਹੁਤ ਜਿਆਦਾ ਕਹਿ ਰਹੇ ਹੋਂ ਜੀ। ਨਾਮ ਜਪਣ ਦਾ ਫ਼ਲ ਨਾਮ ਜਪਣ ਵਾਲੇ ਨੂੰ ਹੀ ਮਿਲਦਾ ਹੈ? ਕਿ ਹੋਰ ਭੀ ਕਿਸੇ ਨੂੰ ਲਾਹਾ ਹੁੰਦਾ ਹੈ? ਸ੍ਰਬ ਵਿਆਪੀ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਾਈ! ਮੁਖ ਕਰਕੇ ਜੀਵ ਬਹੁਤ ਸਾਰੀਆ ਗੱਲਾਂ ਕਰਦੇ ਹਨ, ਪਰ (ਸੋਈ)ਉਹ ਮੁਖੁ ਧੰਨਿ ਹੈ, (ਜਾ)ਜਿਸ ਮੁਖਿ ਦੁਆਰਾ (ਰਾਮੁ)ਵਾਹਿਗੁਰੂ ੩ (ਕਹੀਐ)ਕਹੀਦਾ ਹੈ। ਮੁਖੋਂ ਰਾਮ ੨ ਕਹਿਣ ਵਾਲੇ ਦੀ ਦੇਹੀ ਕਿਸ (ਕੀ)ਦੀ (ਬਾਪੁਰੀ)ਵਿਚਾਰੀ ਹੈ? ਜੋ ਪਵਿੱਤ੍ਰ ਨ ਹੋਵੇ। ਜਿਸ ਪਿੰਡ ’ਚ ਵਾਹਿਗੁਰੂ ੩ ਜਪਣ ਵਾਲੇ ਭਗਤ ਜੀ ਰਹਿੰਦੇ ਹਨ। ਉਹ ਸਾਰਾ (ਗ੍ਰਾਮੁ)ਨੱਗਰ ਹੀ ਪਵਿਤ੍ਰ (ਹੋਇਗੋ)ਹੋ ਜਾਵੇਗਾ, ਹੋ ਜਾਂਦਾ ਹੈ॥੧੧੦॥ ਜਿਵੇਂ ਇੱਕ ਪ੍ਰੇਮੀ ਕਥਾ ਕੀਰਤਨ ਕਰੇ, ਟੈਲੀਵੀਜ਼ਨ ਨਾਲ ਸਾਰੀ ਦੁਨੀਆਂ ’ਚ ਅਵਾਜ਼ ਪਹੁੰਚਦੀ ਹੈ। ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ ਨਾਮ ਜੀ ਦੀ ਬਹੁਤ ਵੱਡੀ ਮਹਾਨਤਾ ਹੈ। ਯਥਾ:- (ਉੱਚਰੈ) ਰਸਨਾ ਉਚਰੈ ਗੁਣਵਤੀ; ਕੋਇ ਨ ਪੁਜੈ ਦਾਨੁ॥) ਸਾ ਰਸਨਾ. ਧਨੁ ਧੰਨੁ ਹੈ ਮੇਰੀ ਜਿੰਦੁੜੀਏ; ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ॥) ਸੁਣਤੇ ਪੁਨੀਤ ਕਹਤੇ ਪਵਿਤੁ; ਸਤਿਗੁਰੁ ਰਹਿਆ ਭਰਪੂਰੇ॥ ਬਿਨਵੰਤਿ ਨਾਨਕੁ.ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥੪੦॥੧॥)

ਕਬੀਰ. ਸੋਈ ਕੁਲ ਭਲੀ; ਜਾ ਕੁਲ. ਹਰਿ ਕੋ ਦਾਸੁ॥ ਜਿਹ ਕੁਲ. ਦਾਸੁ ਨ ਊਪਜੈ; ਸੋ ਕੁਲ. ਢਾਕੁ ਪਲਾਸੁ॥੧੧੧॥ ਪਰਮਪੂਜਨੀਕ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ. ਨਾਮ ਜਪਣ ਵਾਲੇ ਵਾਹਿਗੁਰੂ ਜੀ ਦੇ ਦਾਸਨ ਦਾਸ ਜੀ ਦੀ ਬਹੁਤ ਵੱਡੀ ਮਹਿਮਾ ਫ਼ੁਰਮਾ ਰਹੇ ਹਨ:- ਹੇ ਪਿਆਰਿਓ! (ਸੋਈ)ਉਹ ਕੁਲ (ਭਲੀ)ਚੰਗੀ ਹੈ, (ਜਾ)ਜਿਸ ਕੁਲ ’ਚ, (ਹਰਿ)ਸਭ ਨੂੰ ਹਰਾ ਭਰਾ ਕਰਨ ਵਾਲੇ ਸੱਚੇ ਹਰੀ ਜੀ (ਕੋ)ਦੇ ਨਿਵਾਜੇ ਦਾਸਨ ਦਾਸੁ ਗੁਰਸੇਵਕ ਜੀ ਪ੍ਰਗਟ ਹੁੰਦੇ ਹਨ। ਯਥਾ:- ਸੰਤ ਜਨਾ ਕੇ; ਹਰਿ ਜੀਉ ਕਾਰਜ ਸਵਾਰੇ॥ ਪ੍ਰਹਲਾਦ ਜਨ ਕੇ; ਇਕੀਹ ਕੁਲ ਉਧਾਰੇ॥ ਗੁਰ ਕੈ ਸਬਦਿ; ਹਉਮੈ ਬਿਖੁ ਮਾਰੇ॥ ਨਾਨਕ ਰਾਮ ਨਾਮਿ; ਸੰਤ ਨਿਸਤਾਰੇ॥) ਸਭ ਰਸ ਮੀਠੇ ਮੁਖਿ ਲਗਹਿ; ਜਾ. ਹਰਿ ਗੁਣ ਗਾਵੈ॥ ਹਰਿ ਜਨੁ. ਪਰਵਾਰੁ ਸਧਾਰੁ ਹੈ; ਇਕੀਹ ਕੁਲੀ. ਸਭੁ ਜਗਤੁ ਛਡਾਵੈ॥) (ਜਿਹ)ਜਿਸ ਕੁਲ ’ਚ ਵਾਹਿਗੁਰੂ ਜੀ ਦੇ ਸਾਜੇ (ਦਾਸੁ)ਪੂਰਨ ਗੁਰਸੇਵਕ ਜੀ (ਊਪਜੈ)ਪ੍ਰਗਟ (ਨ)ਨਹੀਂ ਹੁੰਦੇ, (ਸੋ)ਉਹ ਕੁਲ (ਪਲਾਸੁ)ਪਲਾਹਾਂ ਦੇ (ਢਾਕੁ)ਢੱਕ ਵਾਂਗ ਨਿਕੰਮੀ ਨਿਕਾਰੀ ਹੈ, ਕਿਉਂ ਜੋ ਪਲਾਹਾਂ ਦੀ ਲੱਕੜ ਕਿਸੇ ਭੀ ਕੰਮ ਨਹੀਂ ਆਉਂਦੀ॥੧੧੧॥ ਯਥਾ:- ਜਿਹ ਕੁਲਿ ਪੂਤੁ; ਨ ਗਿਆਨ ਬੀਚਾਰੀ॥ ਬਿਧਵਾ; ਕਸ ਨ ਭਈ ਮਹਤਾਰੀ॥੧॥ ਜਿਹ ਨਰ; ਰਾਮ ਭਗਤਿ ਨਹਿ ਸਾਧੀ॥ ਜਨਮਤ; ਕਸ ਨ ਮੁਓ ਅਪਰਾਧੀ॥) ਜਿਨਿ. ਐਸਾ ਨਾਮੁ ਵਿਸਾਰਿਆ, ਮੇਰਾ ਹਰਿ ਹਰਿ; ਤਿਸ ਕੈ ਕੁਲਿ. ਲਾਗੀ ਗਾਰੀ॥ ਹਰਿ ਤਿਸ ਕੈ ਕੁਲਿ. ਪਰਸੂਤਿ ਨ

Sri Satguru Jagjit Singh Ji eLibrary NamdhariElibrary@gmail.com

ਕਰੀਅਹੁ; ਤਿਸੁ. ਬਿਧਵਾ ਕਰਿ ਮਹਤਾਰੀ॥) ਜਨਨੀ ਜਨੈ ਤ ਭਗਤ ਜਨ, ਕੈ ਦਾਤਾ ਕੈ ਸੂਰ॥ ਨਾਹਿ ਤ ਜਨਨੀ ਬਾਂਝ ਰਹੈ, ਕਾਹਿ ਗਵਾਵੈ ਨੂਰ॥

ਕਬੀਰ. ਹੈ ਗਇ ਬਾਹਨ ਸਘਨ ਘਨ; ਲਾਖ ਧਜਾ ਫਹਰਾਹਿ॥ ਇਆ ਸੁਖ ਤੇ. ਭਿਖ੍ਯਾ ਭਲੀ; ਜਉ. ਹਰਿ ਸਿਮਰਤ ਦਿਨ ਜਾਹਿ॥੧੧੨॥ {ਪ੍ਰਮਾਤਮਾ ਸਰੂਪ ਸ੍ਰੀ ਕਬੀਰ ਸਾਹਿਬ ਜੀ, ਜਿਨ੍ਹਾਂ ਦੇ ਨਿਰਗੁਨ ਸਰੂਪ ਦੁਆਰਾ, ਅਸੀਂ ਹਰ ਵੇਲੇ ਦੇਖਦੇ ਬੋਲਦੇ ਸੁਣਦੇ ਸਾਹ ਲੈਂਦੇ ਜਿਉਂਦੇ ਹਾਂ। ਆਪਣੇ ਨਿਰਗੁਨ ਸਰੂਪ ਜੀ ਦੁਆਰਾ ਸਾਡੇ ਅੰਦਰ ਬਾਹਰ ਅਸੰਖ ਗੁਣਾਂ ਸਹਿਤ ਭਰਪੂਰ ਹੋ ਰਹੇ ਹਨ। ਨਾਮ ਸਿਮਰਨ ਦੀ ਮਹਿਮਾ ਐਸੀ ਵਿਸਮਾਦ ਕਹਿ ਰਹੇ ਹਨ। ਸਿਮਰਨ ਕਰਨ ਵਾਲੇ ਲਈ ਬਹੁਤ ਵੱਡੀ ਰੱਛਿਆ ਰਿਆਇਤ ਕਹਿ ਰਹੇ ਹਨ।}

ਸ੍ਰੀ ਕਬੀਰ ਸਾਹਿਬ ਜੀ ਸਿਮਰਨ ਦੀ ਬਹੁਤ ਵੱਡੀ ਮਹਾਨਤਾ ਜਣਾ ਰਹੇ ਹਨ, ਹੇ ਪਿਆਰਿਓ! ਐਡਾ ਵੱਡਾ ਚੱਕ੍ਰਵਰਤੀ ਬਾਦਸ਼ਾਹ ਹੋਵੇ, ਜਿਸ ਕੋਲੇ ਬਹੁਤ ਸਾਰੇ (ਹੈ)ਘੋੜੇ (ਗਇ)ਹਾਥੀ (ਸਘਨ)ਬਹੁਤੇ ਤੋਂ (ਘਨ)ਬਹੁਤੇ (ਬਾਹਨ)ਅਸਵਾਰੀਆਂ ਮੋਟਰ ਕਾਰਾਂ ਹੋਣ, (ਲਾਖ)ਲੱਖਾਂ ਹੀ ਰਾਜ ਹੋਣ, ਉਨ੍ਹਾਂ ਰਾਜਾਂ ਦੇ ਲੱਖਾਂ ਹੀ (ਧਜਾ)ਨਿਸ਼ਾਨ ਅਥਵਾ ਲੱਖਾਂ ਖ਼ਜ਼ਾਨਿਆਂ 'ਤੇ ਲੱਖਾਂ ਨਿਸ਼ਾਨ (ਫਹਰਾਹਿ)ਝੂਲਦੇ ਹੋਣ। ਮਾਇਆਧਾਰੀ ਅਤਿ ਅੰਨ੍ਹਾ ਬੋਲਾ॥ ਸਬਦੁ. ਨ ਸੁਣਈ; ਬਹੁ ਰੋਲ ਘਚੋਲਾ॥ ਅਨੁਸਾਰ (ਇਆ)ਇਸ ਚੱਕ੍ਰਵਰਤੀ ਬਾਦਸ਼ਾਹੀ ਸੁਖ (ਤੇ)ਤੋਂ, (ਭਿਖ੍ਯਾ)ਭਿੱਖਿਆ ਮੰਗ ਕੇ ਖਾਣੀ (ਭਲੀ)ਚੰਗੀ ਹੈ, (ਜਉ)ਜੇਕਰ (ਹਰਿ)ਵਾਹਿਗੁਰੂ ਅਕਾਲ ਪੁਰਖ ਜੀ ਨੂੰ (ਸਿਮਰਤ)ਸਿਮਰਦਿਆਂ ਯਾਦ ਕਰਦਿਆਂ, ਸਾਰਾ ਦਿਨ (ਜਾਹਿ)ਬਿਤੀਤ ਹੋਵੇ॥੧੧੨॥ ਛਾਦਨ ਭੋਜਨ ਕੀ ਆਸ ਨ ਕਰਈ; ਅਚਿੰਤੁ ਮਿਲੈ. ਸੋ ਪਾਏ॥ ਅਨੁਸਾਰ ਸਾਦਾ ਖਾ ਕੇ ਗ਼ੀਬੀ ਨਾਲ ਖ਼ੂਬ ਫ਼ੱਬ ਕੇ ਬੰਦਗੀ ਕਰੇ, ਜੇ ਕਰ ਪ੍ਰੇਮੀ. ਧਰਮ- ਕ੍ਰਿਤ ਦਾ ਸੁਆਦ ਸਾਦਾ ਪਦਾਰਥ ਛਕਾਵੇ, ਇਹ ਨ ਬਕੇ, ਸੁਆਦ ਨਹੀਂ ਛਕਾਇਆ। ਖ਼ੀਰਾਂ ਪੂੜੇ ਪਦਾਰਥਾਂ ਨਾਲ ਮੋਹ ਨ ਕਰੇ। ਕੇਵਲ ਨਿਸ਼ਕਾਮ ਗੁਰੂ ਸੇਵਾ ਬੰਦਗੀ ਪ੍ਰਯੋਜਨ ਹੀ ਹੋਵੇ।

ਕਬੀਰ. ਸਭੁ ਜਗੁ, ਹਉ ਫਿਰਿਓ; ਮਾਂਦਲੁ. ਕੰਧ ਚਢਾਇ॥ ਕੋਈ ਕਾਹੂ ਕੋ ਨਹੀ; ਸਭ ਦੇਖੀ ਠੋਕਿ ਬਜਾਇ॥੧੧੩॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਪੂਰਨ ਵੈਰਾਗਮਈ ਬਾਣੀ ਉਚਾਰਦੇ ਹਨ, ਕਿ ਭਾਈ (ਹਉ)ਦਾਸਨ ਦਾਸ ਨੇ, ਆਪਣੇ (ਕੰਧ)ਮੋਢੇ 'ਤੇ, (ਮਾਂਦਲੁ)ਢੋਲ (ਚਢਾਇ)ਚੜ੍ਹਾ ਕੇ, (ਸਭੁ)ਸਾਰੇ ਜਗੁ 'ਤੇ (ਫਿਰਿਓ)ਫਿਰਿਆ ਹੈ। ਸਭ ਸ੍ਰਿਸ਼ਟੀ, ਢੋਲ (ਬਜਾਇ)ਵਜਾ (ਠੋਕਿ)ਕੁੱਟ ਕੇ, ਨਗਾਰੇ ਦੀ ਚੋਟ ਨਾਲ, ਭਾਵ ਚੰਗੀ ਤਰ੍ਹਾਂ ਨਿਸਚੇ ਭਰੋਸੇ ਨਾਲ ਦੇਖੀ ਹੈ, ਕੋਈ ਭੀ (ਕਾਹੂ)ਕਿਸੇ (ਕੋ)ਦਾ ਨਹੀ ਹੈ॥੧੧੩॥ ਯਥਾ:- ਸੋਰਠਿ ਮਹਲਾ ੯॥ ਇਹ ਜਗਿ; ਮੀਤੁ. ਨ ਦੇਖਿਓ ਕੋਈ॥ ਸਗਲ ਜਗਤੁ. ਅਪਨੈ ਸੁਖਿ ਲਾਗਿਓ; ਦੁਖ ਮੈ. ਸੰਗਿ ਨ ਹੋਈ॥੧॥ ਰਹਾਉ॥ ਦਾਰਾ ਮੀਤ ਪੂਤ ਸਨਬੰਧੀ; ਸਗਰੇ ਧਨ ਸਿਉ ਲਾਗੇ॥ ਜਬ ਹੀ ਨਿਰਧਨ ਦੇਖਿਓ ਨਰ ਕਉ; ਸੰਗੁ ਛਾਡਿ. ਸਭ ਭਾਗੇ॥੧॥ ਕਹਂਉ ਕਹਾ. ਯਿਆ ਮਨ ਬਉਰੇ ਕਉ; ਇਨ ਸਿਉ ਨੇਹੁ ਲਗਾਇਓ॥ ਦੀਨਾ ਨਾਥ. ਸਕਲ ਭੈ ਭੰਜਨ; ਜਸੁ ਤਾ ਕੋ ਬਿਸਰਾਇਓ॥੨॥ ਸੁਆਨ ਪੂਛ. ਜਿਉ ਭਇਓ ਨ ਸੂਧਉ; ਬਹੁਤੁ ਜਤਨੁ. ਮੈ ਕੀਨਉ॥ ਨਾਨਕ. ਲਾਜ ਬਿਰਦ ਕੀ ਰਾਖਹੁ; ਨਾਮੁ ਤੁਹਾਰਉ ਲੀਨਉ॥੩॥੯॥) ਸੋਰਠਿ ਮਹਲਾ ੯॥ ਪ੍ਰੀਤਮ; ਜਾਨਿ ਲੇਹੁ ਮਨ ਮਾਹੀ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ; ਕੋ ਕਾਹੂ ਕੋ ਨਾਹੀ॥੧॥ ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ; ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ. ਸਭ ਹੀ ਸੰਗੁ ਛਾਡਿਤ; ਕੋਊ. ਨ ਆਵਤ ਨੇਰੈ॥੧॥ ਘਰ ਕੀ ਨਾਰਿ. ਬਹੁਤੁ ਹਿਤੁ ਜਾ ਸਿਉ; ਸਦਾ ਰਹਤ ਸੰਗ ਲਾਗੀ॥ ਜਬ ਹੀ ਹੰਸ. ਤਜੀ ਇਹ ਕਾਂਇਆ; ਪ੍ਰੇਤ ਪ੍ਰੇਤ ਕਰਿ

Sri Satguru Jagjit Singh Ji eLibrary NamdhariElibrary@gmail.com

ਭਾਗੀ॥੨॥ ਇਹ ਬਿਧਿ ਕੋ ਬਿਉਹਾਰੁ ਬਨਿਓ ਹੈ; ਜਾ ਸਿਉ ਨੇਹੁ ਲਗਾਇਓ॥ ਅੰਤ ਬਾਰ ਨਾਨਕ.ਬਿਨੁ ਹਰਿ ਜੀ; ਕੋਊ. ਕਾਮਿ ਨ ਆਇਓ॥) ਜਾ ਕਉ ਮੁਸਕਲੁ ਅਤਿ ਬਣੈ; ਢੋਈ.ਕੋਇ ਨ ਦੇਇ॥ ਲਾਗੂ ਹੋਏ ਦੁਸਮਨਾ; ਸਾਕ ਭਿ ਭਜਿ ਖਲੇ॥ ਸਭੋ ਭਜੈ ਆਸਰਾ; ਚੁਕੈ ਸਭੁ ਅਸਰਾਉ॥ ਚਿਤਿ ਆਵੈ ਓਸੁ ਪਾਰਬ੍ਰਹਮੁ; ਲਗੈ ਨ ਤਤੀ ਵਾਉ॥

{ਕੋਈ ਕਾਹੂ ਕੋ ਨਹੀ; ਸਭ ਦੇਖੀ ਠੋਕਿ ਬਜਾਇ॥ 'ਤੇ ਸਾਖੀ:- ਪੂਰਨ ਮਹਾਤਮਾ ਜੀ ਦੀ ਜਮਾਤ ਤੁਰੀ ਆਉਂਦੀ ਸੀ। ਵਾਟੇ ਮਾਣਸ ਮਾਰਦਾ; ਬੈਠਾ ਬਾਲਮੀਕ ਬਟਵਾੜਾ॥ ਅਨੁਸਾਰ ਬਾਲਮੀਕ ਨੇ ਲਲਕਾਰਾ ਮਾਰਿਆ, "ਖੜ੍ਹੇ ਹੋ ਜਾਉ" ਖੜ੍ਹੇ ਹੋ ਗਏ। ਕਹਿੰਦਾ, "ਲਿਆਉ ਜੋ ਕੁੱਝ ਹੈ"। ਕਿਹਾ, "ਭਗਤਾ ਸਾਡੇ ਗ੍ਰੀਬਾਂ ਕੋਲ ਕੀ ਹੈ?" ਕਿਹਾ, "ਗੇਰੂ ਰੰਗੇ ਚੋਲ਼ੇ ਹੀ ਲਾਹ ਦਿਉ", "ਇਨ੍ਹਾਂ ਨੂੰ ਤੂੰ ਕੀ ਕਰੇਂਗਾ"? ਕਹਿੰਦਾ, "ਇਨ੍ਹਾਂ ਨੂੰ ਸਾਫ਼ ਕਰਕੇ, ਮੇਰੇ ਘਰ ਵਾਲੀ, ਮੈਂ ਪਾ ਲਵਾਂਗਾ"। ਉਹ ਕਹਿੰਦੇ, "ਚੰਗਾ ਘਰੋਂ ਪੁੱਛ ਕੇ ਆ, ਅੰਤ ਵੇਲੇ ਤੇਰੀ ਕੋਈ ਸਹਾਇਤਾ ਕਰੇਗਾ"। ਮਾਂ ਨੂੰ ਪੁੱਛਿਆ, "ਮੇਰੀ ਸਹਾਇਤਾ ਕਰੇਂਗੀ?" ਕਹਿੰਦੀ, "ਵੇ ਪੁੱਤ ਤੈਨੂੰ ਦਸ ਮਹੀਨੇ ਪੇਟ 'ਚ ਰੱਖਿਆ, ਦੁੱਧ ਚੁੰਘਾਇਆ, ਪਾਲਣਾ ਕੀਤੀ, ਤੇਰਾ ਫਰਜ਼ ਹੈ ਮੇਰੀ ਸੇਵਾ ਕਰਨ ਦਾ"। ਘਰ ਵਾਲੀ ਨੂੰ ਪੁੱਛਿਆ, "ਮੈਂ ਤਾਂ ਤੇਰੇ ਲੜ ਲੱਗੀ ਹਾਂ, ਮੈਨੂੰ ਰੋਟੀ ਤੈਂ ਛਕਾਉਣੀ ਹੈ"। ਕਿਸੇ ਬੱਚੇ ਨੇ ਭੀ ਹਾਂ ਨ ਕਹੀ। ਇਸੇ ਤਰ੍ਹਾਂ ਇਹ ਸ਼ੁਭ ਸੱਚਾ ਵੈਰਾਗਮਈ ਉਪਦੇਸ਼ ਹੈ:- ਨਾ ਤਨੁ ਤੇਰਾ; ਨਾ ਮਨੁ ਤੋਹਿ॥ ਮਾਇਆ ਮੋਹਿ; ਬਿਆਪਿਆ ਧੋਹਿ॥) ਮਤ ਕੋ; ਭਰਮਿ ਭੁਲੈ ਸੰਸਾਰਿ॥ ਅਨੁਸਾਰ ਮਤਾਂ ਕੋਈ ਭਰਮ 'ਚ ਭੁੱਲੇ, ਬਈ ਮੇਰੇ ਸਾਕ ਨਾਤੇ ਸਬੰਧੀ ਹਨ, ਮੇਰੇ ਭੈਣ ਭਰਾ, ਬਾਲ ਬੱਚੇ ਘਰਵਾਲੀ ਹੈ, ਕਾਰਨ ਐਸੇ ਹਨ, ਸਾਰੇ ਹੀ ਵਿਛੁੜ ਜਾਂਦੇ ਹਨ, ਪ੍ਰੀਤਮ; ਜਾਨਿ ਲੇਹੁ ਮਨ ਮਾਹੀ॥ ਅਪਨੇ ਸੁਖ ਸਿਉ ਹੀ ਜਗੁ ਫਾਂਧਿਓ; ਕੋ ਕਾਹੂ ਕੋ ਨਾਹੀ॥੧॥ ਰਹਾਉ॥ ਸੁਖ ਮੈ ਆਨਿ ਬਹੁਤੁ ਮਿਲਿ ਬੈਠਤ; ਰਹਤ ਚਹੂ ਦਿਸਿ ਘੇਰੈ॥ ਬਿਪਤਿ ਪਰੀ ਸਭ ਹੀ ਸੰਗੁ ਛਾਡਿਤ; ਕੋਊ. ਨ ਆਵਤ ਨੇਰੈ॥੧॥) ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ. ਦੀਸਹਿ ਮਨ ਮੇਰੇ; ਤੇ ਸਭਿ ਅਪਨੈ ਸੁਆਇ ਮਿਲਾਸਾ॥ ਜਿਤੁ ਦਿਨਿ. ਉਨ੍ ਕਾ ਸੁਆਉ ਹੋਇ ਨ ਆਵੈ; ਤਿਤੁ ਦਿਨਿ. ਨੇੜੈ ਕੋ ਨ ਢੁਕਾਸਾ॥ ਰਮਜ਼ ਬਹੁਤ ਹੀ ਡੂੰਘੀ ਹੈ। ਕੋਈ ਕਿਸੇ ਦਾ ਨਹੀਂ, ਨ ਸ਼ਰੀਰ ਸਾਡਾ ਹੈ। ਮਿਥਿਆ ਤਨੁ ਧਨੁ; ਕੁਟੰਬੁ ਸਬਾਇਆ॥ ਅਸੀਂ ਇੰਦ੍ਰੇ ਸੁਆਦ ਅਪਣੇ ਮੰਨੇ ਹਨ, ਸੁਆਦ ਸਾਨੂੰ ਅਪਣੇ ਵੱਸ ਕਰਕੇ ਤਬਾਹ ਕਰਦੇ ਹਨ। ਇੰਦ੍ਰੇ ਆਪੋ ਆਪਣੇ ਵਿਸ਼ੇ ਨੂੰ ਭੱਜ ੨ ਪੈਂਦੇ ਹਨ। ਨਾ ਇਸ ਦਾ ਸ਼ਰੀਰ ਨ ਇੰਦ੍ਰੇ, ਨ ਹੀ ਸੁਆਦ ਹਨ। ਜੇ ਅਸੀਂ ਅੱਖਾਂ ਨੂੰ ਵਿਕਾਰ ਵੈਰ ਦ੍ਰਿਸ਼ਟੀ ਨਾਲ ਦੇਖਣ 'ਚ ਲਾਇਆ ਹੈ, ਕੰਨਾਂ ਨੂੰ ਨਿੰਦਾ ਵਿਸ਼ੇ ਵਿਕਾਰ ਦੀਆਂ ਗੱਲਾਂ ਸੁਨਣ 'ਚ ਲਾਇਆ, ਸ਼ਰੀਰ ਨੂੰ ਸਪਰਸ 'ਚ ਲਾਇਆ ਹੈ, ਅਸੀਂ ਇੰਦ੍ਰਿਆਂ ਨੂੰ ਗ਼ਲਤ ਪਾਸੇ ਵਰਤ ਰਹੇ ਹਾਂ। ਇਹ ਦਿਨੋ ਦਿਨ ਉਦਾਸ ਹੋ ਰਹੇ ਹਨ। ਇਹ ਭੀ ਸਾਰੇ ਜਵਾਬ ਦੇਣਗੇ, ਇਹ ਭੀ ਕਿਸੇ ਦੇ ਨਹੀਂ ਹਨ। ਜੇ ਕਿਸੇ ਨੂੰ ਸੰਸਾਰ 'ਚ ਚੱਕ੍ਰਵਰਤੀ ਪਾਤਿਸ਼ਾਹੀ ਭੀ ਪ੍ਰਾਪਤ ਹੋਈ ਹੈ, ਉਹ ਭੀ ਚਲੀ ਜਾਂਦੀ ਹੈ। ਸਿਮਰਨ ਬਿਨਾ ਸੰਸਾਰੀ ਪ੍ਰਾਪਤੀਆਂ ਅਨੇਕ ਜੀਆਂ ਦੀ ਮੌਤ ਦਾ ਕਾਰਨ ਬਣੀਆਂ ਹਨ। ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਾਡੇ ਹਨ, ਜਿਨ੍ਹਾਂ ਨੇ ਸਾਡੇ ਲਈ ਹਰ ਪ੍ਰਕਾਰ ਦੀ ਕੁਰਬਾਨੀ ਕੀਤੀ ਹੈ, ਜੋ ਲੋਕ ਪ੍ਰਲੋਕ 'ਚ ਸਦਾ ਲਈ ਸਹਾਇਤਾ ਕਰ ਰਹੇ ਹਨ।}

ਮਾਰਗਿ. ਮੋਤੀ ਬੀਥਰੇ; ਅੰਧਾ. ਨਿਕਸਿਓ ਆਇ॥ ਜੋਤਿ ਬਿਨਾ ਜਗਦੀਸ ਕੀ; ਜਗਤੁ ਉਲੰਘੇ ਜਾਇ॥੧੧੪॥ {ਬ੍ਰਹਮਗਿਆਨੀ ਸਗਲ ਕੀ ਰੀਨਾ॥ ਮਹਾਨ ਪਰਉਪਕਾਰੀ ਮਹਾਂਪੁਰਸ਼, ਬੜੀ ਭਾਰੀ ਬੰਦਗੀ ਕਰ ਰਹੇ ਸਨ, ਰਾਜੇ ਨੂੰ ਮਹਾਂਪੁਰਸ਼ਾਂ 'ਤੇ ਬੜੀ ਭਾਰੀ ਸ਼ਰਧਾ ਸੀ। ਰਾਜ ਮਹਿਲਾਂ ਦੇ ਬਾਹਰ, ਮਹਾਤਮਾ ਜੀ ਦੀ ਕੁੱਟੀਆ ਸੀ। ਰਾਜੇ ਨੇ ਸ਼ਰਧਾ ਪ੍ਰੇਮ ਭਾਵਨਾ ਨਾਲ ਰਸਤਾ ਪੱਕਾ ਬਣਾਇਆ। ਦੇਵ ਨੇਤ ਨਾਲ ਮਹਾਤਮਾ ਜੀ

Sri Satguru Jagjit Singh Ji eLibrary NamdhariElibrary@gmail.com

ਰਾਜੇ ਕੋਲ਼ ਆਏ, ਰਾਜੇ ਨੇ ਨਮਸਕਾਰ ਕੀਤੀ। ਉਪਦੇਸ਼ ਦੇ ਕੇ ਮਹਾਤਮਾ ਜੀ ਵਾਪਿਸ ਚੱਲੇ, ਰਾਜਾ ਭੀ ਵਿਦਿਆ ਕਰਨ ਗਏ। ਇੱਕ ਘੋੜੇ 'ਤੇ ਮਹਾਤਮਾ ਜੀ, ਦੂਜੇ 'ਤੇ ਰਾਜਾ ਅਸਵਾਰ ਸੀ। ਇੱਕ ਮੂਰਖ ਬੰਦੇ ਕੋਲ ਦੀ ਲੰਘਿਆ, ਉਸ ਨੇ ਸੋਚਿਆ ਅੰਨ੍ਹਾ ਬਣ ਕੇ ਵੇਖਾਂ। ਚੰਗੀ ਤਰ੍ਹਾਂ ਘੁੱਟ ਕੇ ਅੱਖਾਂ ਮੀਟ ਕੇ ਤੁਰਨ ਲੱਗਾ, ਕਾਫ਼ੀ ਅੱਗੇ ਜਾ ਕੇ ਮਹਾਤਮਾ ਜੀ ਨੇ ਰਾਜੇ ਨੂੰ ਕਿਹਾ, "ਹੇ ਰਾਜਨ! ਇਸ ਬੰਦੇ ਅੱਗੇ ਮੋਤੀ ਖਿਲਾਰ ਦਿਉ"। ਕਹਿੰਦਾ, "ਜੀ ਸਤਿ ਬਚਨ" ਰਾਜੇ ਨੇ ਮੋਤੀ ਖਿਲਾਰ ਦਿਤੇ, ਵਿਚਾਰਾ ਉਸੇ ਤਰ੍ਹਾਂ ਹੀ ਮੋਤੀਆਂ ਉੱਪਰ ਦੀ ਖ਼ਾਲੀ ਲੰਘ ਗਿਆ। ਦਿਲ 'ਚ ਸੋਚਦਾ, ਰਸਤਾ ਤਾਂ ਬੜਾ ਵਧੀਆ ਹੈ, ਪਰ ਪੈਰਾਂ 'ਚ ਬੜਾ ਕੁਛ ਚੁੱਭਦਾ ਰਿਹਾ। ਮਹਾਤਮਾ ਕਿਹਾ, "ਭਾਈ ਮੋਤੀ ਇਕੱਠੇ ਕਰਕੇ, ਗ਼ਰੀਬਾਂ ਨੂੰ ਦਾਨ ਕਰ ਦੇਣੇ", ਕਹਿੰਦਾ, "ਜੀ ਸਤਿ ਬਚਨ"! ਰਾਜਾ ਕਹਿੰਦਾ, "ਤੁਸੀਂ ਰੱਖ ਲਉ", ਮਹਾਤਮਾ ਜੀ ਕਹਿੰਦੇ, "ਦਾਸ ਨੂੰ ਇੱਛਾ ਨਹੀਂ" ਯਥਾ:- ਜੇ ਧਰਤੀ ਸਭ. ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥ ਰਾਜੇ ਪੁੱਛਿਆ, "ਮਹਾਂਪੁਰਸ਼ੋ! ਇਸ 'ਚ ਕੀ ਰਮਜ਼ ਹੈ, ਜੋ ਮੋਤੀ ਖਿਲਾਰੇ ਸਨ?"}

ਮਾਰਗਿ. ਮੋਤੀ ਬੀਥਰੇ; ਅੰਧਾ. ਨਿਕਸਿਓ ਆਇ॥ ਜੋਤਿ ਬਿਨਾ ਜਗਦੀਸ ਕੀ; ਜਗਤੁ ਉਲੰਘੇ ਜਾਇ॥੧੧੪॥ {ਮਹਾਰਾਜ ਸਾਹਿਬ ਜੀ ਆਪ ਇਹ ਮਾਰਗਿ ਫ਼ੁਰਮਾ ਰਹੇ ਹਨ:- ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ. ਨ ਕੀਜੈ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ. ਜੂਝਨ ਕੋ ਦਾਉ॥੧॥ ਸੂਰਾ. ਸੋ ਪਹਿਚਾਨੀਐ; ਜੁ. ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥) ਗੁਰ ਕਉ; ਕੁਰਬਾਨੁ ਜਾਉ ਹਾਂ॥ ਅਨੁਸਾਰ ਸਤਿਗੁਰੂ ਮਹਾਰਾਜ ਸਾਹਿਬ ਜੀ ਤੋਂ ਕੁਰਬਾਨ ਹੋਣ ਰੂਪ, ਪ੍ਰੇਮਾ- ਭਗਤੀ ਰੂਪੀ, ਜੀਵਤ ਭਾਵ ਤੋਂ ਮਰਨ ਰੂਪੀ ਸ਼ੁਭ ਸੱਚਾ ਸੁੱਚਾ ਉੱਚਾ ਮਾਰਗਿ ਹੈ।} ਪਰਮਪੂਜਨੀਕ ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਸਤਿਗੁਰੂ ਮਹਾਰਾਜ ਸਾਹਿਬ ਜੀ ਤੋਂ ਕੁਰਬਾਨ ਹੋਣ ਰੂਪ, ਪ੍ਰੇਮਾ- ਭਗਤੀ ਰੂਪੀ, ਜੀਵਤ ਭਾਵ ਤੋਂ ਮਰਨ ਰੂਪੀ ਸ਼ੁਭ ਸੱਚੇ ਸੁਚੇ ਉੱਚੇ (ਮਾਰਗਿ)ਰਸਤੇ 'ਤੇ, ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ਼ਰੀਬੀ ਸ਼ਾਂਤੀ ਆਦਿ ਅਸੰਖ ਗੁਣਾਂ ਸਹਿਤ ਭਰਪੂਰ ਗੁਰਸ਼ਬਦਾਂ ਰੂਪੀ ਮੋਤੀ (ਬੀਥਰੇ)ਖਿੱਲਰੇ ਹਨ। ਅਥਵਾ (ਮੋਤੀ)ਨਿਰਗੁਨ ਬ੍ਰਹਮ ਜੀ. ਸਤਿ ਸੰਤੋਖ ਨਿਮ੍ਰਤਾ ਹਲੀਮੀ ਗਰੀਬੀ ਸਹਿਣਸ਼ੀਲਤਾ ਖਿਮਾ ਆਦਿ ਅਸੰਖ ਗੁਣਾਂ ਦੇ ਨਿਰਗੁਨ ਪ੍ਰਕਾਸ਼ ਸਹਿਤ ਵਿਸਥਾਰ ਪੂਰਬਕ (ਬੀਥਰੇ)ਫ਼ੈਲੇ ਹੋਏ ਹਨ। ਯਥਾ:- ਏਕੋ ਏਕੁ ਰਵਿਆ; ਸਭ ਠਾਈ॥) ਅਗੰਮ ਅਗੰਮ; ਅਸੰਖ ਲੋਅ॥ ਮਨ ਬੁੱਧ ਰੂਪੀ ਨੇਤ੍ਰਾਂ 'ਚ ਵਿਚਾਰ ਰੂਪ ਨਿਗ੍ਹਾ ਰਹਿਤ, ਬੈਰਾਗ ਵਿਵੇਕ ਨੇਤ੍ਰਾਂ ਤੋਂ ਰਹਿਤ, ਅੰਧਾ, ਖ਼ਾਲੀ (ਨਿਕਸਿਓ)ਨਿਕਲ (ਆਇ)ਆਉਂਦਾ ਹੈ। (ਜਗਦੀਸ)ਜੱਗ ਦੇ ਈਸਰ ਵਾਹਿਗੁਰੂ ਜੀ (ਕੀ)ਦੀ (ਜੋਤਿ)ਪ੍ਰਮਾਰਥਕ ਗਿਆਤ ਸਮਝ ਬੁੱਧੀ ਬਿਨਾ, ਸਾਰਾ ਜਗਤੁ ਹੀ, ਸ਼ੁਭ ਗੁਣਾਂ ਰੂਪੀ ਮੋਤੀਆਂ ਨੂੰ (ਉਲੰਘੇ)ਲੰਘ ਕੇ ਖਾਲੀ ਜਾਇ ਰਿਹਾ ਹੈ, ਜੱਗ ਤੋਂ, ਭਾਵੇਂ ਅਪਣੇ ਆਪ ਨੂੰ ਵਿੱਦਵਾਨ ਸੁਜਾਖਾ ਮੰਨਦਾ ਹੈ॥੧੧੪॥ ਯਥਾ:- ਲੋਕੁ. ਅਵਗਣਾ ਕੀ ਬੰਨ੍ਹੈ ਗੰਠੜੀ; ਗੁਣ. ਨ ਵਿਹਾਝੈ ਕੋਇ॥ ਗੁਣ ਕਾ ਗਾਹਕੁ ਨਾਨਕਾ; ਵਿਰਲਾ ਕੋਈ ਹੋਇ॥) ਇਹੁ ਵਾਪਾਰੁ; ਵਿਰਲਾ ਵਾਪਾਰੈ॥ ਨਾਨਕ ਤਾ ਕੈ; ਸਦ ਬਲਿਹਾਰੈ॥) ਤੁਲਸੀ ਪੂਰਬ ਪਾਪ ਤੇ; ਹਰਿ ਜਸ ਸੁਨਿਓ ਨ ਜਾਇ। ਕੈ ਊਂਘੈ, ਕੈ ਲਰ ਪਰੈ; ਕੈ. ਘਰ ਕੋ ਉੱਠਿ ਜਾਇ। ਵਾਹਿਗੁਰੂ ਮਹੱਲੇ ਪੰਜਵੇਂ, ਮਹੱਲੇ ਨੌਵੇਂ, ਦਸਵੇਂ ਪੰਜ ਪਿਆਰੇ ਚਾਰ ਸਾਹਿਬਜ਼ਾਦੇ ਆਦਿ ਸਮੂੰਹ ਸ਼ਹੀਦ ਸਿੱਖ ਸਿੱਖਣੀਆਂ ਸੰਤਾਂ ਭਗਤਾਂ ਨੇ ਪ੍ਰਤੱਖ ਗੁਰੂ ਤੋਂ ਸ਼ਹੀਦ

Sri Satguru Jagjit Singh Ji eLibrary NamdhariElibrary@gmail.com

ਹੋ ਕੇ, ਜਾਂ ਜੀਵਤ ਭਾਵ ਤੋਂ ਮਰ ਕੇ ਇਹ ਸ਼ੁਭ ਗੁਣਾਂ ਰੂਪੀ ਮੋਤੀ ਵਣਜੇ ਹਨ। ਹੇ ਮਨ! ਤੂੰ ਅੰਧਾ ਹੈਂ, ਗੁਰੂ ਸਾਹਿਬ ਜੀ ਦੀ ਪ੍ਰੇਮਾ ਭਗਤੀ ਰੂਪੀ ਮਾਰਗ ਸਤਿਗੁਰਾਂ ਤੋਂ ਕੁਰਬਾਨ ਹੋਣ ਰੂਪੀ ਮਾਰਗ ਜੀਵਤ ਭਾਵ ਤੋਂ ਮਰਨ ਰੂਪੀ ਮਾਰਗ ਤੇ ਚੱਲ ਕੇ, ਧੰਨ ਸਤਿਗੁਰੂ ਗ੍ਰੰਥ ਸਾਹਿਬ ਜੀ ਸੱਚੇ ਪਾਤਿਸ਼ਾਹ ਜੀ ਤੋਂ ਇਹ ਸਤਿ ਸੰਤੋਖ ਦਇਆ ਧਰਮ ਵਿਚਾਰ ਨਿਮਰਤਾ ਹਲੀਮੀ ਗਰੀਬੀ ਆਦਿ ਸ਼ੁਭ ਗੁਣਾਂ ਰੂਪੀ ਮੋਤੀ ਨੂੰ ਪ੍ਰਾਪਤ ਨਹੀਂ ਕਰ ਰਿਹਾ।

ਬੂਡਾ ਬੰਸੁ. ਕਬੀਰ ਕਾ; ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ. ਛਾਡਿ ਕੈ; ਘਰਿ. ਲੇ ਆਯਾ ਮਾਲੁ॥੧੧੫॥ ੧:- ਸ੍ਰੀ ਕਬੀਰ ਸਾਹਿਬ ਜੀ ਦੇ ਸਪੁੱਤ੍ਰ ਕਮਾਲਾ ਜੀ, ਬੱਚਿਆਂ ਨਾਲ ਖੇਡ ਰਹੇ ਸਨ। ਇੱਕ ਸ਼ਾਹੂਕਾਰ ਆਪਣੇ ਘਰ ਲੈ ਗਿਆ। ਉਸ ਦਾ ਬੱਚਾ ਬਿਮਾਰ ਸੀ, ਉਸ ਕਿਹਾ "ਕਮਾਲਾ ਜੀ, ਆਪ ਭਗਤ ਕਬੀਰ ਸਾਹਿਬ ਜੀ ਦੇ ਸਪੁੱਤ੍ਰ ਹੋਂ, ਕ੍ਰਿਪਾ ਕਰਕੇ ਮੇਰੇ ਬੱਚੇ ਨੂੰ ਦੇਹ ਅਰੋਗਤਾ ਬਖ਼ਸ਼ੋ!" ਕਮਾਲਾ ਜੀ ਨੇ ਨਿਆਣੇ ਸੁਭਾਅ ਅਨੁਸਾਰ ਰਾਮ ੩ ਕਿਹਾ, ਅਰਦਾਸ ਕੀਤੀ, ਦੇਵਨੇਤ ਨਾਲ ਬੱਚਾ ਤੰਦਰੁਸਤ ਹੋ ਗਿਆ। ਸ਼ਾਹੂਕਾਰ ਨੇ ਖੁਸ਼ ਹੋ ਕੇ, ਨਵੇਂ ਬਸਤ੍ਰ ਪਹਿਨਾ ਦਿਤੇ, ਮੋਹਰਾਂ ਨਾਲ ਜੇਬਾਂ ਭਰ ਦਿਤੀਆਂ। ਜਦੋਂ ਕਮਾਲਾ ਜੀ ਨਵੇਂ ਬਸਤ੍ਰ ਪਹਿਨ ਕੇ ਅੰਦਰ ਪ੍ਰਵੇਸ਼ ਹੋਏ, ਤਾਂ ਕਬੀਰ ਸਾਹਿਬ ਜੀ ਨੇ ਪੁੱਛਿਆ, "ਇਹ ਕੀ ਕਾਰਨ ਹੈ"? ਉਸ ਨੇ ਮੋਹਰਾਂ ਕੱਢ ਕੇ ਦਿਖਾਈਆਂ, ਉਸ ਵੇਲੇ ਅਫ਼ਸੋਸ ਕਰਦੇ ਹਨ। ਦਾਸਨ ਦਾਸ ਕਬੀਰ (ਕਾ)ਦਾ ਬੰਸੁ, (ਬੂਡਾ)ਡੁੱਬ ਗਿਆ, ਮੇਰੇ ਘਰ ਕਮਾਲੁ ਪੂਤੁ (ਉਪਜਿਓ)ਪੈਦਾ ਹੋਇਆ। (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਦਾ (ਕਾ)ਦਾ ਸਿਮਰਨੁ, ਛਾਡਿ ਕੈ, ਘਰਿ 'ਚ, ਜ਼ਹਿਰ ਰੂਪ (ਮਾਲੁ)ਮੋਹਰਾਂ ਮਾਲ (ਲੇ)ਲੈ ਆਯਾ ਹੈ॥੧੧੫॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸਿਮਰਨ ਬਿਨਾ, ਪੂਜਾ ਦਾ ਧਨ ਪਦਾਰਥ ਲੈਣ ਵਾਲੇ ਦਾ ਬੰਸ, ਮਨ ਤਨ ਵਿਸ਼ੇ ਪਾਪਾਂ ਔਗੁਣਾਂ ਰੂਪੀ ਜਲ 'ਚ ਡੁੱਬ ਜਾਂਦਾ ਹੈ, ਅੱਖਾਂ ਰੂਪ ਦੇਖਣ 'ਚ, ਕੰਨ ਵਿਸ਼ੇ ਵਿਕਾਰ ਦੀਆਂ ਗੱਲਾਂ 'ਚ, ਜ਼ਬਾਨ ਝੂੱਠ ਬੋਲਣ ਨਿੰਦਾ 'ਚ, ਇੰਦ੍ਰਿਆਂ ਰੂਪੀ ਬੰਸ ਭੀ ਡੁੱਬ ਜਾਂਦਾ ਹੈ। ਪੂਜਾ ਦਾ ਧਨ ਪਦਾਰਥ ਪਰਉਪਕਾਰ ਸੇਵਾ ਭਗਤੀ 'ਚ ਹੀ ਲੱਗਣਾ ਚਾਹੀਦਾ ਹੈ ਜੀ।

ਬੂਡਾ ਬੰਸੁ. ਕਬੀਰ ਕਾ; ਉਪਜਿਓ ਪੂਤੁ ਕਮਾਲੁ॥ ਹਰਿ ਕਾ ਸਿਮਰਨੁ ਛਾਡਿ ਕੈ; ਘਰਿ ਲੇ ਆਯਾ ਮਾਲੁ॥੧੧੫॥੨:- ਜਿਸ ਵੇਲੇ ਗੁਰਾਂ ਦੀ ਕ੍ਰਿਪਾ ਹੋਈ ਬ੍ਰਹਮਾਕਾਰ ਬੁੱਧੀ ਵਿਖੇ, (ਕਮਾਲੁ)ਸੁੰਦਰ ਬ੍ਰਹਮ ਗਿਆਨ ਰੂਪੀ (ਪੂਤੁ)ਸਪੁੱਤ੍ਰ (ਉਪਜਿਓ)ਪੈਦਾ ਹੋਇਆ। ਦਾਸਨ ਦਾਸ ਕਬੀਰ (ਕਾ)ਦਾ ਪਾਪਾਂ ਔਗੁਣਾਂ ਰੂਪੀ ਬੰਸੁ (ਬੂਡਾ)ਡੁੱਬ ਗਿਆ, ਭਾਵ ਔਗੁਣ ਦੋਸ਼ ਸਾਰੇ ਨਿਵਿਰਤ ਹੋ ਗਏ। ਔਗੁਣਾਂ ਪਾਪਾਂ ਰੂਪੀ (ਮਾਲੁ)ਧਨ ਛਾਡਿ ਕੈ, (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਦਾ (ਕਾ)ਦਾ ਭਜਨ ਸਿਮਰਨੁ, ਦਾਸਨ ਦਾਸ ਆਪਣੇ ਸ੍ਰੀਰ ਰੂਪੀ ਘਰਿ 'ਚ ਲੇ ਆਯਾ ਹੈ॥੧੧੫॥

ਕਬੀਰ. ਸਾਧੂ ਕਉ ਮਿਲਨੇ ਜਾਈਐ; ਸਾਥਿ. ਨ ਲੀਜੈ ਕੋਇ॥ ਪਾਛੈ. ਪਾਉ ਨ ਦੀਜੀਐ; ਆਗੈ. ਹੋਇ ਸੁ ਹੋਇ॥੧੧੬॥ ਪਰਮਪੂਜਨੀਕ ਆਪ ਵਾਹਿਗੁਰੂ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਾਧੂ)ਸਤਿਗੁਰੂ ਗ੍ਰੰਥ ਸਾਹਿਬ ਜੀ (ਸਾਧੂ)ਸਤਿਗੁਰੂ ਗ੍ਰੰਥ ਸਹਿਬ ਜੀ ਤੋਂ ਆਪਣੇ ਰਿਦੇ ਦਿਮਾਗ਼ ਅੰਦਰ ਗੁਰਬਾਣੀ ਪ੍ਰਾਪਤ ਕਰਨ ਵਾਲੇ, ਨਿਰਗੁਨ ਸਰਗੁਨ ਦੀ ਏਕਤਾ ਸਹਿਤ ਰੋਮ ੨ ਕਰਕੇ ਸਿਮਰਨ 'ਚ ਲੀਣ ਸਭ ਦੀ ਚਰਨ- ਧੂੜ ਬਣ ਕੇ, ਗੁਰਬਾਣੀ ਸੰਥਾ ਸ਼ੁੱਧੀ ਕਰਾਉਣ ਕਥਾ ਕੀਰਤਨ ਸਿਖਾਉਣ ਅੰਮ੍ਰਿਤ ਛਕਾਉਣ ਗੁਰੂ ਜੀ ਤੋਂ ਕੁਰਬਾਨ ਹੋਣ ਵਾਲੇ, ਹੋਰਨਾਂ ਨੂੰ ਕੁਰਬਾਨ ਹੋਣ ਦਾ ਸਬਕ ਸਿਖਾਉਣ ਵਾਲੇ, ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ ਸਗਲ ਕੀ ਰੀਨਾ॥ ਪੂਰਨ ਪੱਕੇ ਸਾਧੂ ਜੀ (ਕਉ)ਨੂੰ (ਮਿਲਨੇ)ਦਰਸ਼ਨ ਕਰਨ (ਜਾਈਐ)ਜਾਈਏ, ਤਦੋਂ ਆਪਣੇ (ਸਾਥਿ)ਨਾਲ (ਕੋਇ)ਕੋਈ ਭੀ ਮਾੜਾ ਫ਼ੁਰਨਾ ਨਾਲ ਨ

Sri Satguru Jagjit Singh Ji eLibrary NamdhariElibrary@gmail.com

(ਲੀਜੈ)ਲਿਜਾਈਏ, ਬਈ ਮੈਨੂੰ ਸੁੰਦਰ ਸਰੂਪ ਵਾਲੀ ਫ਼ਲਾਨੇ ਦੀ ਲੜਕੀ ਮਿਲ ਜਾਵੇ ਆਦਿ। ਕਾਮਨਾ ਮੈਲ ਹੈ, ਜੋ ਪ੍ਰਮਾਤਮਾ ਜੀ ਨਾਲ ਜੁੜਨ ਨਹੀਂ ਦਿੰਦੀ। ਭਜਨ ਸਿਮਰਨ ਦੇ ਮਹੌਲ 'ਚ ਆਪੋ ਆਪਣੀ ਕਾਮਨਾ ਦੱਸ ਕੇ ਖਲਾਰਾ ਪਾਉਣਾ ਠੀਕ ਨਹੀਂ।

੨. ;ਸਾਥਿ ਨ ਲੀਜੈ ਕੋਇ॥ ਦਾ ਭਾਵ ਇਹ ਭੀ ਹੈ, ਘਰ ਨੂੰ ਵਾਪਿਸ ਆਉਣ ਦਾ ਕੋਈ ਭੀ ਫ਼ੁਰਨਾ ਨਾਲ ਲੈ ਕੇ ਨਾ ਜਾਓ, ਜਿਵੇਂ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਸਤਿਗੁਰੂ ਪਹਿਲੇ ਪਾਤਿਸਾਹ ਜੀ ਦੇ ਚਰਨ ਕਮਲਾਂ 'ਚ ਪਹੁੰਚੇ, ਵਾਪਿਸ ਨਹੀਂ ਆਏ, ਸੱਚੇ ਚਰਨ ਕਮਲਾਂ 'ਚ ਇਉਂ ਲੀਨ ਹੋ ਗਏ, ਜਿਵੇਂ ਪਤਾਸਾ ਪਾਣੀ 'ਚ ਘੁਲ਼ ਜਾਂਦਾ ਹੈ।

੩. ;ਸਾਥਿ ਨ ਲੀਜੈ ਕੋਇ॥ ਦਾ ਭਾਵ ਕੁਸੰਗੀ ਸਾਕਤ ਨੂੰ ਨਾਲ ਨ ਲਿਜਾਉ, ਜੋ ਉੱਥੇ ਜਾ ਕੇ ਟਿਕਾਅ ਨਹੀਂ ਬਣਨ ਦੇਵੇਗਾ, ਮੇਰਾ ਸਿਰ ਪਾਟਦਾ ਹੈ। ਤੇਜ ਚਾਹ ਨਾਲ ਅਫ਼ੀਮ ਲਿਆ, ਤੂੰ ਸਾਨੂੰ ਇੱਥੇ ਲਿਆ ਕੇ ਦੀਵਾਨ 'ਚ ਬਿਠਾ ਕੇ ਸਾਡੀ ਬਾਤ ਹੀ ਨਹੀਂ ਪੁੱਛੀ, ਭੁੱਖੇ ਹੀ ਮਾਰ ਦਿਤਾ। ਹੁਣ ਤੱਕ ਪੰਜ ਵਾਰੀ ਚਾਹ ਪੀ ਲੈਣੀ ਸੀ।

੪. ;ਸਾਥਿ ਨ ਲੀਜੈ ਕੋਇ॥ ਭਾਵ ਇਹ ਨਹੀਂ ਕਿ ਕੋਈ ਗੁਰਮੁਖਿ ਨੂੰ ਆਪਣੇ ਨਾਲ ਨ ਲਿਜਾਉ, ਜਿਤਨੇ ਵੱਧ ਸਤਸੰਗੀ ਇਕੱਤ੍ਰ ਹੋ ਕੇ ਜਾਣ, ਉਤਨਾ ਹੀ ਲਾਹਾ ਹੈ। ਅੰਮ੍ਰਿਤ ਰੂਪ ਕਥਾ ਕੀਰਤਨ ਜਾਪ ਕਰਦੇ ਜਾਂਦੇ ਹਨ, ਭਜਨ ਸਿਮਰਨ ਦਾ ਪ੍ਰਵਾਹ ਪੈ ਜਾਂਦਾ ਹੈ। ਇਕੱਲੇ 'ਤੇ ਕੋਈ ਵਾਰ ਕਰ ਸਕਦਾ ਹੈ। ਦਸ ਹਜ਼ਾਰ ਪ੍ਰੇਮੀ, ਇੱਕ ੨ ਸੌ ਰੁਪੈ ਦੀ ਸੇਵਾ ਕਰਨ, ਤਾਂ ਦਸ ਲੱਖ ਰੁਪੈ ਦੀ ਸੇਵਾ ਕਰ ਲੈਣਗੇ।

ਕਬੀਰ. ਸਾਧੂ ਕਉ ਮਿਲਨੇ ਜਾਈਐ; ਸਾਥਿ. ਨ ਲੀਜੈ ਕੋਇ॥ ਪਾਛੈ. ਪਾਉ ਨ ਦੀਜੀਐ; ਆਗੈ. ਹੋਇ ਸੁ ਹੋਇ॥੧੧੬॥ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਾਧੂ)ਨਿਰਗੁਨ ਬ੍ਰਹਮ ਜੀ ਨੂੰ ਮਿਲਣ ਜਾਈਏ, ਫੇਰ ਸਾਥਿ ਸੰਸਾਰ ਦਾ ਕੋਈ ਸੰਕਲਪ ਨ ਰੱਖੀਏ, ਨਿਰਗੁਨ ਬ੍ਰਹਮ ਜੀ 'ਚ ਲੀਣ ਹੋ ਜਾਈਏ, ਪਿੱਛੇ ਪੈਰ ਨ ਦੀਜੀਏ, ਨਿਰਗੁਨ ਬ੍ਰਹਮ ਜੀ 'ਚ ਲੀਣ ਹੁੰਦਿਆਂ ਕੋਈ ਦੇਰੀ ਨ ਕਰੀਏ, ਜੋ ਅੱਗੇ ਹੋਏ (ਸੁ)ਸ਼ੇਸ਼ਟ ਭਲਾ ਹੀ ਹੋਇ ਜਾਵੇਗਾ, ਜਿਵੇਂ ਮਹਾਰਾਜ ਨੇ ਕਿਹਾ, ਨਹ ਬਿਲੰਬ ਧਰਮੰ ਬਿਲੰਬ ਪਾਪੰ॥ ਅਨੁਸਾਰ ਧਰਮ ਕਰਨ ਲੱਗਿਆਂ ਦੇਰੀ ਨਹੀਂ ਕਰਨੀ, ਧਰਮ ਕਰਨ ਲੱਗਿਆਂ ਦੇਰੀ ਕਰਨਾ ਪਾਪ ਹੈ। ਇਸ ਲਈ ਸਭ ਤੋਂ ਵੱਡਾ ਧਰਮ ਇਹ ਹੈ, ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥ ਅਨੁਸਾਰ ਛੇਤੀ ਸਾਧੂ ਨਿਰਗੁਨ ਬ੍ਰਹਮ ਜੀ 'ਚ ਲੀਣਤਾ ਪਾਉਣੀ। ਉਤਸ਼ਾਹ ਨਾਲ ਵਾਹਿਗੁਰੂ ਜੀ ਲੀਣ ਹੋਣ ਲਈ ਫ਼ੁਰਮਾ ਰਹੇ ਹਨ। ਆਗਾਹਾ ਕੂ ਤਰਾਘਿ; ਪਿਛਾ ਫੇਰਿ ਨ ਮੁਹਡੜਾ॥ ਨਾਨਕ. ਸਿਝਿ ਇਵੇਹਾ ਵਾਰ; ਬਹੁੜਿ. ਨ ਹੋਵੀ ਜਨਮੜਾ॥੧॥ ਅਨੁਸਾਰ (ਪਾਛੈ)ਪਿੱਛੇ (ਪਾਉ)ਪੈਰ ਨ (ਦੀਜੀਐ)ਹਟਾਈਏ, (ਆਗੈ)ਅੱਗੇ (ਹੋਇ)ਹੋਵੇ (ਸੁ)ਭਲੀ ਪ੍ਰਕਾਰ ਦ੍ਰਿੜਤਾ ਨਾਲ ਕੁਰਬਾਨੀ ਦੇਣ ਲਈ ਅੱਗੇ ਹੀ ਅੱਗੇ (ਹੋਇ)ਹੋਵੇ॥੧੧੬॥ ਯਥਾ:- ਸੂਰਾ. ਸੋ ਪਹਿਚਾਨੀਐ; ਜੁ. ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥)

;ਆਗੈ ਹੋਇ ਸੁ ਹੋਇ॥੧੧੬॥ ਅੱਗੇ ਜੋ ਕੁੱਝ ਹੋਵੇ ਸੁ ਹੋ ਜਾਵੇ, ਭਾਵੇਂ ਘਿਉ ਦੇ ਘੜੇ ਡੁੱਲ ਜਾਣ ਪ੍ਰਵਾਹ ਨਹੀਂ ਕਰਨੀ, ਮੇਰਾ ਰੁੱਸੇ ਨਾ ਕਲਗੀਆਂ ਵਾਲਾ ਜੱਗ ਭਾਵੇਂ ਸਾਰਾ ਰੁੱਸ ਜੇ। ਭਾਵੇਂ ਸ੍ਰਬੰਸ ਕੁਰਬਾਨ ਹੋ ਜਾਵੇ, ਗੁਰੂ ਸਾਹਿਬ ਜੀ ਦੀ ਸਤਿਸੰਗਤ ਵੱਲੋਂ ਮੂੰਹ ਨਹੀਂ ਮੋੜਨਾ, ਇਸ ਤੇ ਦ੍ਰਿਸਟਾਂਤ:- ਵਾਹਿਗੁਰੂ ਮਹੱਲੇ ਛੇਵੇਂ ਜੀ ਦੇ ਪਿਆਰੇ ਸਿੱਖ ਭਾਈ ਸਾਧ ਜੀ, ਖ਼ਾਸ ਸਿਦਕੀ ਪ੍ਰੇਮੀ ਸਿਮਰਨ ਵਾਲੇ ਸਿੱਖ ਹੋਏ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਆਗਿਆ ਅਨੁਸਾਰ, ਜਦੋਂ ਕਾਬਲੋਂ ਘੋੜੇ ਖ਼ਰੀਦਣ ਗਏ, ਆਪਣੇ ਨੱਗਰ ਤੋਂ ਇੱਕ ਪੜਾਅ ਹੀ ਅੱਗੇ ਗਏ ਸਨ, ਉਸ ਦੇ ਮਗਰ ਕੋਈ ਪ੍ਰੇਮੀ ਗਿਆ। ਉਸ ਨੇ ਜਾ ਕੇ ਹੱਥ ਜੋੜ ਕੇ ਸਿਰ ਝੁਕਾਅ ਕੇ ਪ੍ਰੇਮ ਬੇਨਤੀ

Sri Satguru Jagjit Singh Ji eLibrary NamdhariElibrary@gmail.com

ਕੀਤੀ,“ਹੇ ਗੁਰਮੁਖਿ ਪਿਆਰੇ ਜੀਓ! ਆਪ ਜੀ ਦਾ ਅਤਿਅੰਤ ਪਿਆਰਾ ਬੱਚਾ, ਸਖ਼ਤ ਬਿਮਾਰ ਹੈ, ਹੁਣ ਕ੍ਰਿਪਾ ਕਰੋ ਉਸ ਦੀ ਜਾ ਕੇ ਸੰਭਾਲ ਕਰੋ, ਇਹ ਤਾਂ ਕੰਮ ਫੇਰ ਭੀ ਹੋ ਸਕਦਾ ਹੈ”। ਉਨ੍ਹਾਂ ਕਿਹਾ, “ਸਤਿਗੁਰ ਕੀ ਸੇਵਾ ਸਫਲ ਹੈ; ਜੇ ਕੋ ਕਰੇ ਚਿਤੁ ਲਾਇ॥) ਗੁਰ ਸੇਵਾ ਕਰਉ; ਫਿਰਿ ਕਾਲੁ ਨ ਖਾਇ॥ ਇਹ ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸੇਵਾ ਹੈ। ਹੁਕਮੇ ਜੰਮਣੁ; ਹੁਕਮੇ ਮਰਣਾ॥ ਰਜ਼ਾ ਅਨੁਸਾਰ ਹੈ। ਯਥਾ:- ਜੰਮਣੁ ਮਰਣਾ. ਹੁਕਮੁ ਹੈ; ਭਾਣੈ ਆਵੈ ਜਾਇ॥ ਜਿਸ ਤਰ੍ਹਾਂ ਮਹਾਰਾਜ ਨੂੰ ਭਾਵੇ ਹੁਣ ਦਾਸਨ ਦਾਸ ਵਾਪਿਸ ਨਹੀਂ ਮੁੜ ਸਕਦਾ। ਸਿਦਕ ਰੱਖਿਆ, ਭਾਈ ਸਾਹਿਬ ਜੀ ਵਾਪਿਸ ਨਹੀਂ ਮੁੜੇ, ਸਤਿਗੁਰੂ ਸਾਹਿਬ ਜੀ ਦੇ ਘੋੜੇ ਲਿਆ ਕੇ, ਪੂਰਨ ਖੁਸ਼ੀ ਲਈ। ਇਸੇ ਤਰ੍ਹਾਂ ਸੰਸਾਰੀ ਗਿਣਤੀਆਂ ਮਿਣਤੀਆਂ ਕਰਨ ਨਾਲ, ਜੀਵ ਸਤਿਗੁਰੂ ਸਾਹਿਬ ਜੀ ਲਈ ਗੁਰੂ ਪੰਥ ਲਈ ਕੋਈ ਕੁਰਬਾਨੀ ਸੇਵਾ ਨਹੀਂ ਕਰ ਸਕਦਾ। ਯਥਾ:- ਗਣਤੈ. ਪ੍ਰਭੂ ਨ ਪਾਈਐ; ਦੂਜੈ ਭਰਮੀਤਾ॥

ਹੋਰ ਦ੍ਰਿਸਟਾਂਤ:- ਪਿੰਡ ਜੈਤੋ ਦੇ ਮੋਰਚੇ ’ਤੇ, ਅੰਗਰੇਜ਼ ਸਰਕਾਰ ਨੇ ਗੋਲ਼ੀ ਚਲਾਈ, ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਕ੍ਰਿਪਾ ਨਾਲ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਭਿੰਡਰਾਂਵਾਲੇ ਮਹਾਂਪੁਰਸ਼ਾਂ ਨੇ, ਬੜਾ ਭਾਰੀ ਅੰਮ੍ਰਿਤ ਸੰਚਾਰ ’ਤੇ ਬੀਰ- ਰਸੀ ਪ੍ਰਚਾਰ ਕੀਤਾ। ਬਹੁ ਗਿਣਤੀ ’ਚ ਸੰਗਤ ਇਕੱਠੀ ਹੋਈ, ਕੜਾਹੇ ’ਚ ਅੰਮ੍ਰਿਤ ਤਿਆਰ ਕਰਕੇ ਛਕਾਇਆ, ਕੇਸਰੀ ਬਾਣੇ ਪਾ ਕੇ ਸ਼ਹੀਦੀ ਗਾਨੇ ਬੰਨ੍ ਕੇ, ਪੰਜ ੨ ਸੌ ਦਾ ਜੱਥਾ ਜਾਂਦਾ ਸੀ, ਜਦੋਂ ਧੜਾ- ਧੜ ਪ੍ਰੇਮੀ ਜਾਣ ਲੱਗੇ, ਗੋਲ਼ੀਆਂ ਚੱਲਣ ਲੱਗੀਆਂ ਸ਼ਹੀਦੀਆਂ ਹੋਣ ਲੱਗੀਆਂ, ਬਹੁਤ ਪ੍ਰਵਾਰਾਂ ਦੇ ਜੀਅ ਜਾ ਕੇ ਰੋਣ ਲੱਗ ਜਾਂਦੇ ਕਿ ਤੇਰਾ ਬੱਚਾ ਬਿਮਾਰ ਹੈ, ਤੇਰੇ ਘਰ ਵਾਲੀ ਮਰ ਗਈ ਹੈ। ਜਾਂ ਆਪ ਭੀ ਜਾ ਕੇ ਘਰ ਵਾਲੀਆਂ ਮਾਂ ਪਿਉ ਰੋਣ ਲੱਗ ਜਾਂਦੇ। ਗੁਰੂ ਪ੍ਰੇਮ ’ਚ ਸਿਦਕੀ ਸਿੰਘਾਂ ਨੇ ਬੜਾ ਹੀ ਪ੍ਰੇਮ ਰੱਖਿਆ, ਸਨਮੁਖ ਰਹਿ ਕੇ ਸਾਹਮਣੇ ਮੱਥੇ ਗੁਰੂ ਗ੍ਰੰਥ ਸਾਹਿਬ ਜੀ ਦੇ ਮਗਰ ਤੁਰੇ, ਗੋਲ਼ੀਆਂ ਵੱਜਦੀਆਂ ਸ਼ਹੀਦ ਹੋ ਜਾਂਦੇ। ਪਿੱਛੇ ਮੂੰਹ ਨਹੀਂ ਮੋੜਿਆ, ਆਗਾਹਾ ਕੂ ਤਰਾਘਿ; ਪਿਛਾ. ਫੇਰਿ ਨ ਮੁਹਡੜਾ॥) ਜੇ ਕੋ ਸਿਖੁ; ਗੁਰੂ ਸੇਤੀ ਸਨਮੁਖੁ ਹੋਵੈ॥ ਹੋਵੈ ਤ ਸਨਮੁਖੁ ਸਿਖੁ ਕੋਈ; ਜੀਅਹੁ ਰਹੈ ਗੁਰ ਨਾਲੇ॥ ਗੁਰ ਕੇ ਚਰਨ. ਹਿਰਦੈ ਧਿਆਏ; ਅੰਤਰ ਆਤਮੈ ਸਮਾਲੇ॥ ਆਪੁ ਛਡਿ. ਸਦਾ ਰਹੈ ਪਰਣੈ; ਗੁਰ ਬਿਨੁ. ਅਵਰੁ ਨ ਜਾਣੈ ਕੋਏ॥ ਕਹੈ ਨਾਨਕੁ. ਸੁਣਹੁ ਸੰਤਹੁ; ਸੋ ਸਿਖੁ ਸਨਮੁਖੁ ਹੋਏ॥ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਸਨਮੁਖ ਹੋ ਕੇ ਸ਼ਹੀਦੀਆਂ ਪਾਈਆਂ, ਗੁਰੂ ਜੀ ਤੋਂ ਕੁਰਬਾਨ ਹੋਏ। ਜਿਵੇਂ ਇਸੇ ਮੋਰਚੇ ’ਚ ਬੀਬੀ ਬਲਬੀਰ ਕੌਰ ਜੀ, ਆਪਣੇ ਛੋਟੇ ਬੱਚੇ ਨੂੰ ਕੁੱਛੜ ਚੁੱਕ ਕੇ, ਮੋਰਚੇ ਨੂੰ ਜਾ ਰਹੇ ਹਨ, ਕਿਸੇ ਪ੍ਰੇਮੀ ਨੇ ਬੱਚੇ ’ਤੇ ਤਰਸ ਕਰਕੇ ਕਿਹਾ, “ਹੇ ਬੱਚੀ ਤੂੰ ਤਾਂ ਮੋਰਚੇ ਨੂੰ ਜਾ ਰਹੀ ਹੈਂ, ਪਰ ਇਹ ਮਸੂਮ ਬੱਚਾ ਹੈ, ਇਸ ਨੂੰ ਕਿਉਂ ਨਾਲ ਲਿਜਾ ਰਹੀ ਹੈਂ, ਇਸ ਨੂੰ ਛੱਡ ਜਾ”। ਕਹਿੰਦੀ, “ਨਹੀਂ ਬਾਬਾ ਜੀ! ਮੈਂ ਸ਼ਹੀਦ ਹੋ ਜਾਵਾਂਗੀ, ਇਹ ਮਗਰੋਂ ਪਤਿਤ ਹੋ ਜਾਵੇਗਾ, ਇਸ ਨੂੰ ਮੈਂ ਤਾਂ ਨਾਲ ਲਿਜਾ ਰਹੀ ਹਾਂ, ਇਸ ਮਸੂਮ ਦੇ ਸ਼ਹੀਦ ਹੋਣ ਤੋਂ ਜ਼ੁਲਮ ਰਾਜ ਦੀਆਂ ਜੜਾਂ ਨਾਸ਼ ਹੋਣਗੀਆਂ। ਗੁਰੂ ਪਿਆਰ ’ਚ, ਪਾਛੈ. ਪਾਉ ਨ ਦੀਜੀਐ; ਆਗੈ ਹੋਇ ਸੁ ਹੋਇ॥ ਅਨੁਸਾਰ ਅੱਗੇ ਵਧੀ ਗਈ ਵਧੀ ਗਈ,ਗੋਲ਼ੀ ਆਈ ਬੱਚੇ ਦੇ ਲੱਗੀ, ਉਸ ਨੂੰ ਧਰਤੀ ’ਤੇ ਲਿਟਾ ਕੇ, ਵਾਹਿਗੁਰੂ ਵਾਹਿਗੁਰੂ ਜਪਦਿਆਂ ੨ ਅੱਗੇ ਵਧੀ, ਗੋਲ਼ੀ ਲੱਗੀ ਸ਼ਹੀਦ ਹੋ ਗਈ। ਇਹ ਹੈ, ਪਾਛੈ. ਪਾਉ ਨ ਦੀਜੀਐ; ਆਗੈ ਹੋਇ ਸੁ ਹੋਇ॥ ਇਉਂ ਗੁਰਮੁਖਿ ਪਿਆਰਿਆਂ ਨੇ, ਸਾਵਧਾਨ ਏਕਾਗਰ ਚੀਤ॥ ਹੋ ਕੇ ਵਾਹਿਗੁਰੂ ਵਾਹਿਗੁਰੂ ਜਪਦਿਆਂ ਐਸੀਆਂ ਕੁਰਬਾਨੀਆਂ ਦੇ ਕੇ ਮੋਰਚਾ ਜਿੱਤਿਆ।

ਕਬੀਰ. ਜਗੁ ਬਾਧਿਓ. ਜਿਹ ਜੇਵਰੀ; ਤਿਹ. ਮਤ ਬੰਧਹੁ ਕਬੀਰ॥ ਜੈਹਹਿ ਆਟਾਲੋਨ ਜਿਉ; ਸੋਨ ਸਮਾਨਿ ਸਰੀਰੁ॥੧੧੭॥ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਿਉ)ਜਿਵੇਂ (ਆਟਾਲੋਨ)ਡਲ਼ਾ ਲੂਣ ਦਾ, ਪਾਣੀ ਪੈਣ ਤੋਂ ਖਰ ਜਾਂਦਾ ਹੈ, ਇਉਂ (ਸੋਨ)ਸੋਨੇ (ਸਮਾਨਿ)ਵਰਗਾ ਸਰੀਰੁ, ਕਾਲ਼ ਰੂਪ ਪਾਣੀ ਪੈਣ

Sri Satguru Jagjit Singh Ji eLibrary NamdhariElibrary@gmail.com

ਨਾਲ (ਜੈਹਹਿ)ਨਾਸ਼ ਹੋ ਜਾਵੇਗਾ। ਇਹ ਸ਼ਰੀਰ ਨਾਸਵੰਤ ਹੈ, ਇਸ ਲਈ, ਹੇ (ਕਬੀਰ)ਵੱਡੇ ਵਿਆਪਕ ਵਾਹਿਗੁਰੂ ਜੀ! ਦਾਸਨ ਦਾਸ ਅਤਿਅੰਤ ਗ਼ਰੀਬ ਕੂਕਰ ਕਬੀਰ ਪ੍ਰੇਮ ਬੇਨਤੀ ਕਰਦਾ ਹੈ। (ਜਿਹ)ਜਿਸ ਮਾਇਆ ਮਮਤਾ ਹੰਗਤਾ ਵਾਸ਼ਨਾ, ਜਮ ਦੀ (ਜੇਵਰੀ)ਸੰਗਲੀ 'ਚ, ਜਗੁ (ਬਾਧਿਓ)ਬੰਨ੍ਹਿਆਂ ਹੈ, (ਤਿਹ)ਤਿਸ ਹੰਗਤਾ ਜਮ ਜੇਵੜੀ 'ਚ, ਦਾਸਨ ਦਾਸ ਗ਼ਰੀਬ ਕੂਕਰ ਕਬੀਰ ਨੂੰ (ਮਤ)ਨ (ਬੰਧਹੁ)ਬੰਨ੍ਹਣਾ ਕਰੋ ਜੀ। ॥੧੧੭॥ ਯਥਾ:- ਕਹਿ ਕਬੀਰ. ਇਹ ਬਿਨਤੀ ਸੁਨੀਅਹੁ; ਮਤ ਘਾਲਹੁ. ਜਮ ਕੀ ਖਬਰੀ॥੨॥

ਕਬੀਰ. ਹੰਸੁ ਉਡਿਓ, ਤਨੁ ਗਾਡਿਓ; ਸੋਝਾਈ ਸੈਨਾਹ॥ ਅਜਹੂ. ਜੀਉ ਨ ਛੋਡਈ; ਰੰਕਾਈ ਨੈਨਾਹ॥੧੧੮॥ {ਪ੍ਰੇਮ ਭਾਵਨਾ ਦੇ ਅਰਥ:- ਮਨੁੱਖਾ ਜਨਮ ਵਿਅਰਥ ਗੁਆ ਲਿਆ, ਆਖਰੀ ਸੁਆਸਾਂ 'ਤੇ ਸ਼ਰੀਰ ਨੂੰ ਮਰਨ ਦਾ ਬਹੁਤੋ ਬਹੁਤਾ ਕਸ਼ਟ ਹੋਣ ਤੋਂ ਭੀ ਕੋਈ ਸਮਝ ਗਿਆਨ ਪ੍ਰੇਮ ਵੈਰਾਗ ਤਿਆਗ ਨਹੀਂ ਹੁੰਦਾ, ਉਸ ਵੇਲੇ ਭੀ ਇਹ ਕੰਗਾਲਤਾਈ ਵਾਲੀਆਂ ਸੈਨਤਾਂ ਕਰਦਾ ਹੈ:- "ਰਾਮ ਸਿੰਘ ਨੂੰ ਛੇਤੀ ਤੋਂ ਛੇਤੀ ਕਤਲ ਕਰਨਾ ਹੈ। ਯਾਦ ਰੱਖ ਲੈਣਾ ਵੈਰ ਨਹੀਂ ਛੱਡਣਾ", ਆਪਣੇ ਬੱਚੇ ਨੂੰ ਬਾਂਹੋਂ ਫੜ ਕੇ ਹਲੂਣ ਕੇ ਉਸ ਅੰਦਰ ਵੈਰ ਦ੍ਰਿੜ ਕਰਾਉਂਦਾ ਹੈ।} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹੰਸੁ)ਜੀਵ ਆਤਮਾ ਸ਼ਰੀਰ 'ਚੋਂ, (ਉਡਿਓ)ਉੱਡਿਆ ੨ ਚਾਹੁੰਦਾ ਹੈ, ਸ਼ਰੀਰ ਇਨਾ ਕਮਜੋਰ ਹੋ ਗਿਆ, ਚਰਨ ਰਹੇ ਕਰ ਢਰਕਿ ਪਰੇ ਹੈ ਮੁਖਹੁ ਨ ਨਿਕਸੈ ਬਾਤਾ॥੩॥ ਵਾਲੀ ਦਸਾ ਆ ਗਈ। ਹੰਸੁ ਦੇ ਉਡਾਰੀ ਮਾਰਨ ਤੋਂ (ਤਨੁ)ਸ਼ਰੀਰ (ਗਾਡਿਓ)ਗੱਡਿਆ ਭਾਵ ਕਬਰ 'ਚ ਪਾਇਆ ਜਾਵੇਗਾ। ਫੇਰ ਭੀ (ਸੈਨਾਹ)ਸੈਨਤਾਂ ਨਾਲ (ਸੋਝਾਈ)ਸਮਝਾਉਂਦਾ ਹੈ, ਕੰਧ ਵੱਲ ਇਸ਼ਾਰਾ ਕਰਦਾ ਹੈ, "ਇਸ ਕੰਧ 'ਚ, ਮੇਰੀਆ ਮੋਹਰਾਂ ਰੱਖੀਆ ਹਨ"। ਉਹ ਕਹਿੰਦੇ "ਦਾਨ ਕਰ ਦੇਈਏ", ਕਹਿੰਦਾ "ਕਦੇ ਭੁੱਲ ਕੇ ਭੀ ਨਹੀਂ ਕਰਨਾ"। ਫਿਰ ਕਹਿੰਦੇ, "ਗੁਰਦੁਆਰੇ ਦੀ ਧਰਤੀ ਦੱਬੀ ਹੈ, ਇਹ ਛੱਡ ਦੇਈਏ", ਇਸ਼ਾਰਾ ਕਰਕੇ ਕਹਿੰਦਾ, "ਸਿਰ ਵੱਢ ਦਿਉ, ਕਬਜ਼ਾ ਨਹੀਂ ਛੱਡਣਾ"।

ਅਜਹੂ. ਜੀਉ ਨ ਛੋਡਈ; ਰੰਕਾਈ ਨੈਨਾਹ॥੧੧੮॥ ਨੰਗਾ ਦੋਜਕਿ ਚਾਲਿਆ; ਤਾ ਦਿਸੈ ਖਰਾ ਡਰਾਵਣਾ॥ ਅਨੁਸਾਰ ਭਾਵੇਂ ਦੋਜ਼ਕ ਨੂੰ ਨੰਗਾ ਜਾ ਰਿਹਾ ਹੈ। (ਅਜਹੂ)ਅਜੇ ਭੀ ਜੀਉ (ਰੰਕਾਈ)ਕੰਗਾਲਤਾਈ ਦੀਆ (ਨੈਨਾਹ)ਸੈਨਤਾਂ (ਨ)ਨਹੀਂ (ਛੋਡਈ)ਛੱਡਦਾ॥੧੧੮॥ ਪੰਜ ਉਂਗਲਾਂ ਖੜ੍ਹੀਆਂ ਕਰਕੇ ਕਹਿੰਦਾ,"ਮੇਰੇ ਨਾਲੋਂ ਪੰਜ ਗੁਣਾਂ ਪਾਪਾਂ ਦੀ ਕਮਾਈ ਕਰਿਓ"। ਉਹ ਕਹਿੰਦੇ, "ਗੁਰਦੁਆਰੇ ਨੂੰ ਪੰਜ ਸੌ ਰੁਪਈਆ ਦੇ ਦੇਈਏ", ਕਹਿੰਦਾ "ਨਹੀਂ"।

ਕਬੀਰ. ਨੈਨ ਨਿਹਾਰਉ. ਤੁਝ ਕਉ; ਸ੍ਰਵਨ ਸੁਨਉ. ਤੁਅ ਨਾਉ॥ ਬੈਨ ਉਚਰਉ. ਤੁਅ ਨਾਮ ਜੀ; ਚਰਨ ਕਮਲ. ਰਿਦ ਠਾਉ॥੧੧੯॥ ਆਪ ਜੀ ਨਾਮ 'ਚ ਸ੍ਰਬ ਵਿਆਪੀ ਮਹਾਂ ਮਹਾਂ ਵਿਮਾਦ ਲੀਣ ਹਨ। ਯਥਾ:- ਕਬੀਰ. ਚਰਨ ਕਮਲ ਕੀ ਮਉਜ ਕੋ; ਕਹਿ ਕੈਸੇ ਉਨਮਾਨ॥ ਮਹਾਰਾਜ ਸਾਹਿਬ ਜੀ, ਰੋਮਿ ੨ 'ਚ ਵਸ ਕੇ, ਨਿਰਯਤਨ ਹੀ ਆਪਣਾ ਜਾਪ ਆਪ ਕਰ ਰਹੇ ਹਨ। ਸਾਨੂੰ ਅਕਾਲ ਪੁਰਖ ਜੀ ਦਾ ਪਿਆਰ ਲਾਉਣ ਲਈ, ਸ੍ਰੀ ਕਬੀਰ ਸਾਹਿਬ ਜੀ ਨੇ ਇਹ ਗੁਰਮੁਖਿ ਮੰਗ ਮੰਗੀ ਹੈ। ਹੇ ਅੰਤਰਜਾਮੀ ਅਕਾਲ ਪੁਰਖ ਜੀ! ਦਾਸਨ ਦਾਸ ਸੱਜੇ ਖੱਬੇ (ਨੈਨ)ਨੇਤ੍ਰ ਨਾਲ, (ਤੁਝ)ਆਪ ਜੀ (ਕਉ)ਦੇ, ਮਹਾਂ ਮਹਾਂ ਵਿਸਮਾਦ ਸੁੰਦਰ ਸੱਚੇ ਦਰਸ਼ਨ ਹੀ ਸਦ ਸਦਾ (ਨਿਹਾਰਉ)ਦੇਖਦਾ ਰਹੇ। ਯਥਾ:- ਜਲਿ ਥਲਿ ਮਹੀਅਲਿ ਪੂਰਿਆ; ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ; ਨਾਨਕ ਏਕੰਕਾਰੁ॥) ਦੁਇ ਦੁਇ ਲੋਚਨ ਪੇਖਾ॥ ਹਉ. ਹਰਿ ਬਿਨੁ; ਅਉਰੁ ਨ ਦੇਖਾ॥ ਨੈਨ ਰਹੇ

Sri Satguru Jagjit Singh Ji eLibrary NamdhariElibrary@gmail.com

ਰੰਗੁ ਲਾਈ॥ ਅਬ ਬੇਗਲ; ਕਹਨੁ. ਨ ਜਾਈ॥੧॥ ਕ੍ਰੋੜਾਂ (ਸ੍ਰਵਨ) ਕੰਨਾਂ ਦੁਆਰਾ (ਤੁਅ)ਆਪ ਜੀ ਦਾ, ਪਰਮਪੂਜਨੀਕ ਪਰਮਪਵਿੱਤ੍ਰ ਸ਼ੁਭ ਸੱਚਾ (ਨਾਉ)ਨਾਮ (ਸੁਨਉ)ਸੁਣਦਾ ਰਹੇ। ਯਥਾ:- ਕੋਟਿ ਕਰਨ. ਦੀਜਹਿ ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥ ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ; ਕਟੀਐ ਕਾਲ ਕੀ ਫਾਸੀ ਰਾਮ॥) ਅੰਤਰਿ ਗੁਰੁ ਆਰਾਧਣਾ; ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ; ਸ੍ਰਵਣੀ ਸੁਨਣਾ ਗੁਰ ਨਾਉ॥) ਰਸਨਾ ਰਮਤ ਸੁਨਤ ਸੁਖੁ ਸ੍ਰਵਨਾ; ਚਿਤ ਚੇਤੇ ਸੁਖੁ ਹੋਈ॥ ਕਹੁ ਭੀਖਨ. ਦੁਇ ਨੈਨ ਸੰਤੋਖੇ; ਜਹ ਦੇਖਾਂ ਤਹ ਸੋਈ॥) ਚਿਤ ਸਿਮਰਨੁ ਕਰਉ. ਨੈਨ ਅਵਿਲੋਕਨੋ; ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ॥ ਮਨੁ ਸੁ ਮਧੁਕਰੁ ਕਰਉ, ਚਰਨ ਹਿਰਦੇ ਧਰਉ; ਰਸਨ ਅੰਮ੍ਰਿਤ ਰਾਮ ਨਾਮ ਭਾਖਉ॥੧॥)

ਬੈਨ ਉਚਰਉ. ਤੁਅ ਨਾਮ ਜੀ; ਚਰਨ ਕਮਲ. ਰਿਦ ਠਾਉ॥੧੧੯॥ ਹੇ ਸੱਚੇ ਪਾਤਿਸ਼ਾਹ ਜੀ! ਦਾਸਨ ਦਾਸ (ਬੈਨ)ਬਚਨਾਂ ਦੁਆਰਾ, (ਤੁਅ)ਆਪ ਜੀ ਦਾ ਪਰਮ ਪਵਿੱਤ੍ਰ ਨਾਮ ਹੀ (ਉਚਰਉ)ਉਚਾਰਦਾ ਰਹੇ। ਨਾਮ ਉਚਾਰਨ ਬਿਨਾ, ਹੋਰ ਕੋਈ ਭੀ ਬਚਨ ਬਿਲਾਸ ਨ ਕਰੇ। ਜਿਵੇਂ ਕਈ ਪ੍ਰੇਮੀਂ ਥੋੜ੍ਹਾ ਸਮਾਂ ਜਾਪ ਕਰ ਲਿਆ, ਫੇਰ ਗੱਲਾਂ ਕਰ ਲਈਆਂ। ਰਿਦੇ ਲੂੰ ੨ ਰੋਮ ੨ ਜ਼ਬਾਨ ਕਰਕੇ, ਦਾਸਨ ਦਾਸ ਆਪ ਜੀ ਦਾ ਨਾਮ ਹੀ ਉਚਾਰੇ। ਯਥਾ:- ਅਜਪਾ ਜਾਪੁ; ਜਪੈ ਮੁਖਿ ਨਾਮ॥ ਹੇ ਮਹਾਰਾਜ ਸੱਚੇ ਪਾਤਿਸ਼ਾਹ ਜੀ! ਆਪ ਜੀ ਦੇ ਪਰਮਪੂਜਨੀਕ ਸੱਚੇ ਚਰਨ ਕਮਲ ਦਾਸਨ ਦਾਸ ਦੇ (ਰਿਦ)ਰਿਦੇ ਰੂਪੀ (ਠਾਉ)ਥਾਂ 'ਚ ਟਿਕਣ। ਯਥਾ:- ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸ੍ਰੁਤ; ਪ੍ਰਭੁ ਚਰਨਨ ਮਹਿ॥) ਦਾਸਨ ਦਾਸ ਗ੍ਰੀਬ ਦਾ ਮਨ ਆਪ ਜੀ ਦੇ ਸੱਚੇ ਚਰਨ-ਕਮਲਾਂ 'ਚ ਟਿਕੇ, ਹਰ ਹਾਲਤ 'ਚ ਆਪ ਜੀ ਦਾਸ 'ਚ ਅਭੇਦ ਰਹੋਂ, ਦਾਸਨ ਦਾਸ ਆਪ ਜੀ ਦੇ ਚਰਨ-ਕਮਲਾਂ 'ਚ ਅਭੇਦ ਰਹੇ। ਆਪ ਜੀ ਦੇ ਚਰਨ- ਕਮਲ, ਦਾਸਨ ਦਾਸ ਦੇ ਹਿਰਦੇ 'ਚ ਵਸਣ, ਭਾਵੇਂ ਦਾਸਨ ਦਾਸ ਨੂੰ ਪੰਡ ਬੰਨ੍ ਕੇ, ਹਾਥੀ ਮੂਹਰੇ ਸੁੱਟ ਦੇਣ, ਭਾਵੇਂ ਗੰਗਾ 'ਚ ਸੁੱਟ ਦੇਣ, ਕਿਸੇ ਗੱਲ ਦੀ ਪ੍ਰਵਾਹ ਨ ਰਹੇ। ਹੇ ਗੋਬਿੰਦ ਰਾਏ ਜੀਉ! ਆਪ ਜੀ ਨੇ, ਦਾਸਨ ਦਾਸ ਅਪਨੇ ਮੂਰਖ ਬੱਚੇ ਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖਣਾ ਜੀ॥੧੧੯॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਾਹਿਗੁਰੂ ਜੀ ਦੇ ਦਰਸ਼ਨਾਂ ਨੂੰ ਪ੍ਰਾਪਤ ਕਰਕੇ, ਸ੍ਰੀ ਕਬੀਰ ਸਾਹਿਬ ਜੀ ਕਹਿ ਰਹੇ ਹਨ, ਹੇ ਵਾਹਿਗੁਰੂ ਜੀ! ਦਾਸਨ ਦਾਸ ਆਪ ਜੀ ਦੇ ਸਰਗੁਨ ਸਰੂਪ ਦੇ ਭੀ ਦਰਸ਼ਨ ਕਰਦਾ ਰਹੇ, ਨਿਰਗੁਨ ਸਰੂਪ ਜੀ ਦੀ ਭੀ ਲਖਤਾ ਹੋਵੇ, ਨਿਰਗੁਨ ਸਰਗੁਨ ਦੀ ਏਕਤਾ ਹੋਵੇ, ਪ੍ਰਤੱਖ ਸੱਜੇ ਖੱਬੇ ਨੇਤ੍ਰ ਨਾਲ, ਅੰਦਰੋਂ ਮਨ ਬੁੱਧ ਰੂਪੀ ਨੇਤ੍ਰਾਂ, ਵਿਚਾਰ ਰੂਪੀ ਨੇਤ੍ਰਾਂ ਨਾਲ ਦਾਸਨ ਦਾਸ ਹਰ ਵੇਲੇ ਆਪ ਜੀ ਦੇ ਸੁੰਦਰ ਦਰਸ਼ਨ ਕਰਦਾ ਹੀ ਰਹੇ। ਰੋਮ ੨ ਦੇ ਕੰਨਾਂ ਨਾਲ, ਹਰ ਵੇਲੇ ਆਪ ਦਾ ਜਸ ਹੀ ਸੁਣਦਾ ਰਹੇ। ਆਪ ਜੀ ਦੀ ਐਸੀ ਬਖ਼ਸ਼ਿਸ਼ ਹੋਵੇ, ਤੱਤਾਂ 'ਚੋਂ ਭੀ ਆਪ ਜੀ ਦਾ ਨਾਮ ਸੁਣੇ, ਜੋ ਭੀ ਕੰਨ 'ਚ ਅਵਾਜ਼ ਪਵੇ, ਉਹ ਆਪ ਜੀ ਦਾ ਨਾਮ ਹੀ ਸੁਣਦਾ ਰਹੇ। ਯਥਾ:- ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਕੋਟਿ ਕਰਨ ਦੀਜਹਿ. ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ. ਅਬਿਨਾਸੀ ਰਾਮ॥

ਕਬੀਰ. ਸੁਰਗ ਨਰਕ ਤੇ, ਮੈ ਰਹਿਓ; ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ; ਰਹਉ ਅੰਤਿ ਅਰੁ ਆਦਿ॥੧੨੦॥ {ਸਤਿਗੁਰਾਂ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ ਦੁਆਰਾ, ਭਗਤ ਸਾਹਿਬ ਜੀ ਦੀ ਸੁਰਗ ਦੀ ਇੱਛਾ, ਸ੍ਰੀਰਕ ਵਿਕਾਰ, ਰਸਨਾ ਦੇ ਸੁਆਦ, ਦੁਨੀਆਂ ਦੀ ਮਾਣ ਵਡਿਆਈ ਦੀ ਇੱਛਾ ਖ਼ਤਮ ਹੋ ਚੁੱਕੀ ਹੈ। ਨਰਕ ਦਾ ਭੀ ਕੋਈ ਡਰ ਨਹੀਂ, ਕਿਉਂਕਿ ਸ਼ੁਭ ਕਾਰਜ ਕਰਦਿਆਂ ਸਭ ਕੁੱਝ ਮਹਾਰਾਜ ਨੂੰ ਸਮਰਪਣ ਕੀਤਾ ਹੈ, ਮਹਾਰਾਜ ਸਾਹਿਬ ਜੀ 'ਚ ਲੀਣ ਹੋ ਚੁੱਕੇ ਹਨ। ਕਵਨੁ ਨਰਕੁ. ਕਿਆ ਸੁਰਗੁ ਬਿਚਾਰਾ; ਸੰਤਨ ਦੋਊ

Sri Satguru Jagjit Singh Ji eLibrary NamdhariElibrary@gmail.com

ਰਾਦੇ॥ ਹਮ. ਕਾਹੂ ਕੀ ਕਾਣਿ ਨ ਕਢਤੇ; ਅਪਨੇ ਗੁਰ ਪਰਸਾਦੇ॥ ਅਨੁਸਾਰ ਮਹਾਂ ਵਿਸਮਾਦ ਪ੍ਰੇਮ ਰੰਗ 'ਚ ਬੋਲ ਰਹੇ ਹਨ, ਕਿ ਵਾਹਿਗੁਰੂ ਜੀ ਦੇ ਚਰਨ ਕਮਲਾਂ ਦੀ ਮੌਜ 'ਚ ਮੈਂ ਸਦਾ ੨ ਹਮੇਸ਼ਾਂ ਹੀ ਰਹਿੰਦਾ ਹਾਂ, ਚਰਨ ਕਮਲਾਂ ਦੀ ਮੌਜ ਦਾ ਅਨੰਦ, ਸੁਰਗ ਤੋਂ ਬਹੁਤ ਉੱਚਾ ਹੈ। ਜਿਥੇ ਭੀ ਸਪਰਸ਼, ਰਸਨਾ ਦਾ ਸੁਆਦ, ਇੰਦ੍ਰਿਆਂ ਦੇ ਵਿਸ਼ੇ ਹਨ, ਉੱਥੇ ਨਾਲ ਦੁਖ ਉਤਪਤ ਹੁੰਦਾ ਹੈ। ਐਸੇ ਬ੍ਰਹਮਗਿਆਨੀ ਸਭ ਦੀ ਰੇਣ ਮਹਾਂਪੁਰਸ਼ ਇਸ ਗੱਲ ਨੂੰ ਪ੍ਰਾਪਤ ਕਰਕੇ, ਇਨ੍ਹਾਂ ਸੁਖਾਂ ਦੀ ਇੱਛਾ ਨਹੀਂ ਰੱਖਦੇ। ਜਿਵੇਂ ਅਸੀਂ ਜਦੋਂ ਛਕਦੇ ਹਾਂ, ਬਹੁਤਾ ਸੁਆਦਲਾ ਪਦਾਰਥ ਚਾਹੇ ਕੋਈ ਭੀ ਹੋਵੇ, ਉਸ ਤੋਂ ਬਾਦ ਮਗਰੋਂ ਪਤਾ ਲਗਦਾ ਹੈ, ਖਾਣ ਵੇਲੇ ਤਾਂ ਬੜਾ ਸੁਆਦ ਸੀ, ਪਰ ਮਗਰੋਂ ਉਸ ਨੇ ਔਖਾ ਬੜਾ ਕੀਤਾ। ਰਾਤ ਨੂੰ ਸ੍ਰੀਰ ਨੇ ਅਪਵਿੱਤ੍ਰ ਹੋ ਜਾਣਾ, ਮੂੰਹ ਦਾ ਬੇਸੁਆਦ ਹੋ ਜਾਣਾ, ਮਾੜੇ ਫ਼ੁਰਨੇ ਉੱਠਣੇ, ਸ੍ਰੀਰ 'ਚ ਰੋਗ ਪੈਦਾ ਹੋ ਜਾਣਾ। ਜਦੋਂ ਜੀਵ ਅਪਣੇ ਇੰਦ੍ਰਿਆਂ ਦੇ ਭੋਗਾਂ ਦੇ ਵਸੀਕਾਰ ਹੋ ਜਾਂਦਾ, ਐਸੇ ਅਵੱਲੜੇ ਰੋਗ ਹਨ, ਸ੍ਰੀਰ 'ਚ ਕ੍ਰਿਮ ਪੈਦਾ ਹੋ ਜਾਂਦੇ ਹਨ। ਡਾਕਟ੍ਰੀ ਇਲਾਜ਼ ਕਰਾਉਣ ਦੇ ਬਾਵਜੂਦ, ਯਤਨ ਪ੍ਰਯਤਨ ਕਰਦਿਆਂ ਭੀ ਕ੍ਰਿਮ ਸ੍ਰੀਰ ਨੂੰ ਖਾ ਜਾਂਦੇ ਹਨ। ਇਸ ਲਈ ਜਿਤਨੇ ਭੀ ਇੰਦਰਿਆਂ ਦੇ ਭੋਗ ਹਨ, ਇਨ੍ਹਾਂ ਕਰਕੇ ਤ੍ਰਿਪਤੀ ਟਿਕਾਅ ਇਕਾਗ੍ਰਤਾ ਨਹੀਂ। ਹੁਣ ਤੋਂ ਪਹਿਲਾਂ ਅਸੀਂ ਜਿਨੇ ਭੀ ਇੰਦਰਿਆਂ ਦੇ ਭੋਗ ਭੋਗੇ ਹਨ, ਉਹ ਸਾਡੇ ਪ੍ਰਲੋਕ ਨੂੰ ਜਾਣ ਸਮੇਂ ਨਾਲ ਨਹੀਂ ਜਾ ਰਹੇ। ਭੋਗਹੁ ਰੋਗ; ਸੁ ਅੰਤਿ ਵਿਗੋਵੈ॥ ਹਰਖਹੁ. ਸੋਗੁ ਨ ਮਿਟਈ ਕਬਹੂ; ਵਿਣੁ ਭਾਣੇ ਭਰਮਾਇਦਾ॥) ਜੇਤੇ ਰਸ ਸਰੀਰ ਕੇ; ਤੇਤੇ ਲਗਹਿ ਦੁਖ॥੨॥) ਦੁਖੁ ਦਾਰੂ. ਸੁਖੁ ਰੋਗੁ ਭਇਆ; ਜਾ ਸੁਖੁ. ਤਾਮਿ ਨ ਹੋਈ॥ ਇਸ ਕਰਕੇ ਮਹਾਰਾਜ ਸਾਹਿਬ ਜੀ ਨੇ ਕਿਹਾ, ਤਜਿ ਸਾਦ; ਸਹਜ ਸੁਖੁ ਹੋਈ॥ ਘਰ ਛਡਣੇ ਰਹੈ ਨ ਕੋਈ॥ ਇਹ ਸ਼ੁਭ ਸਿੱਖਿਆ ਦੇ ਰਹੇ ਹਨ। ਕੇਵਲ ਮਹਾਰਾਜ ਦੀ ਪ੍ਰੀਤੀ ਨਾਲ ਜਾਣ ਵਾਲੀ ਹੈ।}

ਕਬੀਰ. ਸੁਰਗ ਨਰਕ ਤੇ, ਮੈ ਰਹਿਓ; ਸਤਿਗੁਰ ਕੇ ਪਰਸਾਦਿ॥ ਚਰਨ ਕਮਲ ਕੀ ਮਉਜ ਮਹਿ; ਰਹਉ ਅੰਤਿ ਅਰੁ ਆਦਿ॥੧੨੦॥ ਸ਼੍ਰੀ ਭਗਤ ਸਾਹਿਬ ਜੀ ਪਾਸ, ਹੰਕਾਰੀ ਵਿੱਦਵਾਨ ਨੇ ਕਿਹਾ, "ਚਾਹੇ ਕਿਤਨੀਆਂ ਗੱਲਾਂ ਕਰ ਲੈ ਤੂੰ ਸੁਰਗ 'ਚ ਨਹੀਂ ਜਾ ਸਕਦਾ। ਮੈਨੂੰ ਗੁਰੂ ਮੰਨ, ਤੈਨੂੰ ਸੁਰਗ 'ਚ ਪਹੁੰਚਾ ਦਿਆਂਗਾ"। ਪਰਮਪੂਜਨੀਕ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਕਿਹਾ, "ਸਤਿਗੁਰ ਨਾਨਕ ਦੇਵ ਸਾਹਿਬ ਜੀ (ਕੇ)ਦੀ (ਪਰਸਾਦਿ)ਕ੍ਰਿਪਾ ਸਦਕਾ, (ਮੈ)ਦਾਸਨ ਦਾਸ, ਸੁਰਗ ਨਰਕ ਦੀ ਇੱਛਾ (ਤੇ)ਤੋਂ (ਰਹਿਓ)ਰਹਿ ਗਿਆ ਹੈ, ਸੁਰਗ ਦੀ ਇੱਛਾ ਹੀ ਨਹੀਂ ਰਹੀ। ਯਥਾ:- ਕਵਨੁ ਨਰਕੁ. ਕਿਆ ਸੁਰਗੁ ਬਿਚਾਰਾ; ਸੰਤਨ ਦੋਊ ਰਾਦੇ॥ ਸਤਿਗੁਰੂ ਸਾਹਿਬ ਜੀ ਨੇ ਸ੍ਰਬ ਵਿਆਪੀ ਮਹਾਂ ਵਿਸਮਾਦ ਕ੍ਰਿਪਾ ਕਰਕੇ, ਅਪਨੇ ਦਾਸਨ ਦਾਸ ਨੂੰ ਮਾੜੇ ਕੰਮਾਂ ਤੋਂ ਬਚਾ ਕੇ ਰੱਖਿਆ ਹੈ। ਜੇਕਰ ਸੌ ਅਸਵਮੇਧ ਜੱਗ ਕਰੇ, ਸੁਰਗ ਜਾਂਦਾ ਹੈ। ਪਾਪ ਕਰਮ ਕਰੇ ਤਾਂ ਨਰਕ 'ਚ ਜਾਂਦਾ ਹੈ। ਪਰ ਜੇ ਸੁਰਗ ਮਿਲ ਭੀ ਜਾਵੇ, ਇੰਦ੍ਰ ਦੇ ਹਜ਼ਾਰ ਨੇਤ੍ਰ ਹਨ, ਉਹ ਭੀ ਅਪੱਛਰਾਂ ਦੇ ਭੋਗ ਨਾਚ ਗਾਣਿਆਂ 'ਚ ਖੱਚਤ ਹੈ। ਭੋਗਾਂ ਤੋਂ ਬਾਅਦ ਰੋਗ ਬਰ ਜ਼ਰੂਰ ਹੀ ਭੱਜ ਕੇ ਆਉਂਦੇ ਹਨ। ਮਹਾਰਾਜ ਸਾਹਿਬ ਜੀ ਦੇ ਸੱਚੇ ਮਿਠੇ ਕਮਲ ਵਾਂਗ ਨਿਰਲੇਪ ਸੁੰਦਰ, ਚਰਨ ਕਮਲ (ਕੀ)ਦੀ, ਮਹਾਂ ਵਿਸਮਾਦ ਸੁਖ ਦੀ (ਮਉਜ)ਵਿਸਮਾਦਤਾਈ ਅਨੰਦ (ਮਹਿ)'ਚ, ਦਾਸਨ ਦਾਸ (ਆਦਿ)ਮੁੱਢ (ਅਰੁ)ਤੋਂ ਅੰਤਿ ਤੱਕ ਭਾਵ ਸਦਾ ਹੀ ਲੀਣ (ਰਹਉ)ਰਹਿੰਦਾ ਹੈ॥੧੨੦॥ ਯਥਾ:- ਮਾਈ; ਚਰਨ ਗੁਰ ਮੀਠੇ॥ ਵਡੈ ਭਾਗਿ ਦੇਵੈ ਪਰਮੇਸਰੁ; ਕੋਟਿ ਫਲਾ. ਦਰਸਨ ਗੁਰ ਡੀਠੇ॥) (ਅ-ਘੜੁ) ਚਰਣ ਚਰਣ. ਚਰਣ ਗੁਰ ਸੇਵੇ; ਅਘੜੁ ਘੜਿਓ. ਰਸੁ ਪਾਇਆ ਥਾ॥) ਕਬੀਰ. ਚਰਨ ਕਮਲ ਕੀ ਮਉਜ ਕੋ; ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ; ਦੇਖਾ ਹੀ ਪਰਵਾਨੁ॥) ਰਾਮ ਜਪਤ; ਤਨੁ ਜਰਿ ਕੀ ਨ ਜਾਇ॥ ਰਾਮ ਨਾਮ; ਚਿਤੁ ਰਹਿਆ ਸਮਾਇ॥) ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸ੍ਰੁਤ; ਪ੍ਰਭੁ

Sri Satguru Jagjit Singh Ji eLibrary NamdhariElibrary@gmail.com

ਚਰਨਨ ਮਹਿ॥) ਜਿੱਥੇ ਸਤਿਗੁਰੂ ਜੀ ਆਪ ਹੀ ਲੂੰ ੨ 'ਚ ਵਸਦੇ ਹਨ, ਆਪ ਦਾ ਜਾਪ ਆਪ ਹੀ ਕਰਦੇ ਹਨ। ਆਪਣੇ ਦਰਸ਼ਨ ਬਖ਼ਸ਼ ਕੇ ਨਿਰਗੁਨ ਸਰਗੁਨ ਦੀ ਏਕਤਾ ਬਖ਼ਸ਼ਦੇ ਹਨ। ਰੋਜ਼ਾਏ ਬਾਗ ਇਰਮ ਕੁਰਬਾਂ ਕੁਨਮ॥ ਬਸਕਿ ਮਾਰਾ ਕੂਏ ਊਬਾਸ਼ਦ ਲਜ਼ੀਜ਼। ਅਰਥ:- ਬਾਗ਼ ਬਹਿਸ਼ਤੀ ਰੋਜ਼ੇ ਮੈਂ ਤਾਂ ਸਭ ਕੁੱਝ ਉਸ ਤੋਂ ਵਾਰੇ ਨੇ॥ ਕੂਚਾ ਸਤਿਗੁਰ ਦਾ ਜਦ ਡਿੱਠਾ, ਸੁਰਗ ਲੋਕ ਨ ਭਾਂਦਾ ਏ॥ (ਭਾਈ ਨੰਦ ਲਾਲ ਜੀ)

ਪ੍ਰੇਮ ਭਾਵਨਾ ਦੇ ਅਰਥ:- ਐਸੀ ਮਹਾਰਾਜ ਸਾਹਿਬ ਦੀ ਬਖ਼ਸ਼ਿਸ ਹੋਈ ਹੈ, ;ਰਹਉ ਅੰਤਿ ਅਰੁ ਆਦਿ॥) ਮੈ. ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥ ਜਿਹੜੀ ਚੀਜ਼ ਦਾ ਆਦਿ ਹੋਵੇ ਉਸ ਦਾ ਅੰਤ ਭੀ ਹੁੰਦਾ ਹੈ। ਇਸ ਕਰਕੇ ਦਾਸਨ ਦਾਸ ਗੁਰਪ੍ਰਸਾਦਿ ਆਦਿ ਅਤੇ ਅੰਤਿ ਤੋਂ (ਰਹਉ)ਰਹਿਤ ਹੋ ਗਿਆ ਹੈ। ਸ੍ਰਿਸ਼ਟੀ (ਆਦਿ)ਅਰੰਭ ਤੋਂ ਲੈ ਕੇ ਸ੍ਰਿਸਟੀ ਦੇ ਅੰਤਮ ਸਮੇਂ ਤੱਕ ਹੁਣ ਚਰਨ- ਕਮਲਾਂ ਦੀ ਮਉਜ ਚ ਹੀ (ਰਹਉ)ਰਹਾਂਗਾ। ;ਰਹਉ ਅੰਤਿ ਅਰੁ ਆਦਿ॥ ਚਰਨ ਕਮਲਾਂ ਦੀ ਮਉਜ 'ਚ ਇਸ ਤਰ੍ਹਾਂ ਲੀਨ ਰਹਾਂਗਾ, (ਆਦਿ) ਜੋ ਵਾਹਿਗੁਰੂ ਜੀ ਸ੍ਰਿਸ਼ਟੀ ਦੇ ਆਦਿ 'ਚ ਭੀ ਪੂਰਨ ਸਨ, ਸ੍ਰਿਸ਼ਟੀ ਹੁੰਦਿਆਂ ਭੀ ਪੂਰਨ ਹਨ, ਸ੍ਰਿਸਟੀ ਦੇ ਅੰਤ ਤੱਕ ਮਹਾਰਾਜ ਜੀ ਪੂਰਨ ਰਹਿਣਗੇ। ਐਸੇ ਪੂਰਨ ਵਾਹਿਗੁਰੂ ਜੀ 'ਚ ਸਦੀਵ ਕਾਲ ਤੱਕ ਲੀਣ ਹੋਣ ਲਈ ਦਾਸਨ ਦਾਸ, ਚਰਨ ਮਉਜ ਵਿੱਚ ਹੀ ਰਹੇਗਾ। ਯਥਾ:- ਚਰਨ ਕਮਲ ਮਕਰੰਦ. ਨਿਹਕਾਮ ਧਾਮ; ਗੁਰੁਸਿਖ ਮਧੁਕਰ ਗਤਿ ਲਪਟਾਏ ਹੈ॥ (ਕਬਿਤ ੩੬) ਐਸੇ ਸਤਿਗੁਰਾਂ ਦੇ ਕਮਲ ਵਰਗੇ ਸੱਚੇ ਚਰਨ- ਕਮਲਾਂ ਦੀ ਸੁਗੰਧਤ ਧੂੜੀ ਨਿਸ਼ਕਾਮਤਾ ਦਾ ਘਰ ਹੈ, ਭਾਵ ਸਾਰੀਆਂ ਕਾਮਨਾ ਮਿਟਾਉਣ ਵਾਲੀ ਹੈ। ਜਿਸ ਨਾਲ ਗੁਰੂ ਕੇ ਸਿੱਖ, (ਮਧੁਕਰ) ਭੌਰੇ (ਗਤਿ) ਵਾਂਗ ਲਪਟੇ ਰਹਿੰਦੇ ਹਨ, ਭਾਵ ਸਤਿਗੁਰਾਂ ਦੇ ਮਿੱਠੇ ਪਰਉਪਕਾਰੀ ਚਰਨ- ਕਮਲਾਂ ਨਾਲ, ਲਿਵ ਜੋੜੀ ਰੱਖਦੇ ਹਨ।

ਜੈਸੇ ਨਾਉ ਬੂਡਤ ਸੈ, ਜੋਊ ਬਚੈ ਸੋਈ ਭਲੋ; ਬੂਡਿ ਗਏ. ਪਾਛੈ ਪਛਤਾਇਓ ਰਹਿ ਜਾਤ ਹੈ। ਜਿਵੇਂ ਡੁੱਬ ਰਹੀ ਬੇੜੀ 'ਚੋਂ ਜੋ ਬਚ ਜਾਵੇ, ਉਹ ਭਲਾ ਹੈ, ਨਹੀਂ ਤਾਂ ਡੁੱਬ ਜਾਣ ਪਿਛੋ, ਸਬੰਧੀਆਂ ਨੂੰ ਪਛਤਾਵਾ ਹੀ ਰਹਿ ਜਾਂਦਾ ਹੈ। ਜੈਸੇ ਘਰ ਲਾਗੇ ਆਗਿ. ਜੋਈ ਬਚੈ ਸੋਈ ਭਲੋ; ਜਰਿ ਬੁਝੈ ਪਾਛੈ ਕਛੁ ਬਸੁ ਨ ਬਸਾਤ ਹੈ। ਜਿਵੇਂ ਘਰ ਨੂੰ ਅੱਗ ਲੱਗ ਜਾਵੇ, ਜੋ ਬਚ ਜਾਵੇ ਉਹ ਹੀ ਚੰਗਾ ਹੈ, ਸੜ ਕੇ ਬੁਝਣ ਪਿੱਛੋਂ ਕੋਈ ਚਾਰਾ ਨਹੀਂ ਚੱਲ ਸਕਦਾ।

ਜੈਸੇ ਚੋਰ ਲਾਗੇ. ਜਾਗੇ ਜੋਈ ਰਹੈ ਸੋਈ ਭਲੋ; ਸੋਇ ਗਏ ਰੀਤੋ ਘਰ ਦੇਖੈ. ਉਠਿ ਪ੍ਰਾਤ ਹੈ। ਜਿਵੇਂ ਚੋਰ ਦੇ ਚੋਰੀ ਕਰਦਿਆਂ ਜਾਗ ਪਈਏ ਤਾਂ ਜੋ ਕੁੱਝ ਭੀ ਬਾਕੀ ਰਹਿ ਜਾਵੇ, ਉਹ ਭਲਾ ਹੈ, ਸੁੱਤੇ ਰਹਿਆਂ ਸਵੇਰੇ ਜਾਗ ਕੇ ਖ਼ਾਲੀ ਘਰ ਹੀ ਵੇਖੀਦਾ ਹੈ।

ਤੈਸੇ ਅੰਤ ਕਾਲ. ਗੁਰ ਚਰਨ ਸਰਨਿ ਆਵੈ; ਪਾਵੈ ਮੋਖ ਪਦਵੀ. ਨਾਤਰੁ ਬਿਲਲਾਤ ਹੈ॥ ਕਬਿਤ ੬੯॥ ਇਉਂ ਜੇ ਕੋਈ ਭੁੱਲਾ ਪ੍ਰਾਣੀ, ਅੰਤ ਸਮੇ ਭੀ, ਗੁਰੂ ਸੱਚੇ ਚਰਨ- ਕਮਲਾਂ ਦੀ ਸੱਚੀ ਸ਼ਰਨ ਆ ਜਾਂਦਾ ਹੈ, ਭਾਵ ਸਤਿਗੁਰੂ ਤੋਂ ਗੁਰ ਦੀਖਿਆ ਪ੍ਰਾਪਤ ਕਰ ਲੈਂਦਾ ਹੈ, ਤਾਂ ਉਹ ਸੰਸਾਰ ਤੋਂ ਤਰ ਜਾਣ ਵਾਲੀ ਪਦਵੀ ਪ੍ਰਾਪਤ ਕਰ ਲੈਂਦਾ ਹੈ, ਨਹੀਂ ਤਾਂ ਰੋਂਦਾ ਕੁਰਲਾਂਦਾ ਹੀ ਜਮਾ ਦੇ ਵੱਸ ਪੈ ਜਾਂਦਾ ਹੈ।

ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ; ਅਉਰ ਕਬਿਤਨ ਬੀਚ ਕਰੈਗੋ॥ ਪਾਪਨ ਕੀ ਤੇਊ ਪਾਵਕ ਮੈ; ਕਬਿ ਸਜਾਮ ਭਨੈ. ਕਬਹੂ ਨ ਜਰੈਗੋ॥ ਚਿੰਤ ਸਭੈ ਮਿਟਹੈ ਜੁ ਰਹੀ; ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈਗੋ॥ ਜੋ ਨਰ ਸਜਾਮ ਜੂ ਕੇ ਪਰਸੇ ਪਾਗ; ਤੇ ਨਰ ਫੇਰ ਨ ਦੇਹ ਧਰੈਗੋ॥ (ਸ੍ਰੀ ਦਸਮ)

ਕਬੀਰ. ਚਰਨ ਕਮਲ ਕੀ ਮਉਜ ਕੋ; ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ; ਦੇਖਾ ਹੀ ਪਰਵਾਨੁ॥੧੨੧॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ

Sri Satguru Jagjit Singh Ji eLibrary NamdhariElibrary@gmail.com

ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਸਤਿਗੁਰੂ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਮਹਾਂ ਮਹਾਂ ਪਰਉਪਕਾਰੀ ਚਰਨ- ਕਮਲ ਕੀ ਅਗਮ ਅਪਾਰ ਬ੍ਰਹਮਾਨੰਦ ਸਹਿਤ ਸ੍ਰਬ ਵਿਆਪੀ ਸਦਾ ਰਹਿਣ ਵਾਲੀ (ਮਉਜ)ਅਨੰਦੀ ਖੁਸ਼ੀ (ਕੋ)ਨੂੰ, ਦਾਸਨ ਦਾਸ (ਕੈਸੇ)ਕਿਸ ਤਰ੍ਹਾਂ (ਉਨਮਾਨ)ਵਿਚਾਰੇ ਕਹਿ ਸਕੇ, ਭਾਵ ਕਹੀ ਨਹੀਂ ਜਾਂਦੀ। (ਕਹਿਬੇ)ਕਹਿਣ (ਕਉ)ਨੂੰ, ਕੋਈ ਭੀ ਸੋਭਾ ਨਹੀ ਬਣਦੀ। ਯਥਾ:- ਕਹੁ ਕਬੀਰ. ਗੂੰਗੈ ਗੁੜੁ ਖਾਇਆ; ਪੂਛੇ ਤੇ. ਕਿਆ ਕਹੀਐ॥ ਜਿਨ੍ਹਾਂ ਗੁਰਸੇਵਕਾਂ ਨੇ ਚਰਨ- ਕਮਲਾਂ (ਕੀ)ਦੀ ਮਉਜ ਦਾ ਮਹਾਂ ਮਹਾਂ ਵਿਸਮਾਦ ਅਨੰਦ (ਦੇਖਾ)ਦੇਖਿਆ ਹੈ, ਉਹ ਹੀ ਪਰਵਾਨੁ ਹੋਏ ਹਨ, ਚਰਨ- ਕਮਲਾਂ 'ਚ ਸਦਾ ਲਈ ਲੀਣ ਹੋ ਜਾਂਦੇ ਹਨ॥੧੨੧॥ ਯਥਾ:- ਮਨੁ ਤਨੁ ਨਿਰਮਲੁ ਹੋਇਆ; ਲਾਗੀ ਸਾਚੁ ਪਰੀਤਿ॥ ਚਰਣ ਭਜੇ ਪਾਰਬ੍ਰਹਮ ਕੇ; ਸਭਿ ਜਪ ਤਪ ਤਿਨ ਹੀ ਕੀਤਿ॥ ਜੇ ਕਹੀਏ ਮਹਾਰਾਜ ਸੱਚੇ ਪਾਤਿਸ਼ਾਹ ਜੀ ਦੇ ਚਰਨ ਕਮਲ ਸੂਰਜ ਚੰਦ ਵਰਗੇ ਚਮਕੀਲੇ ਹਨ ਤਾਂ ਸੂਰਜ ਭੈ ਸਹਿਤ ਨਾਸਵੰਤ ਮੈਲ਼ੇ ਹਨ। ਯਥਾ:- ਭੈ ਵਿਚਿ ਸੂਰਜੁ; ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ; ਨ ਅੰਤੁ॥) ਮੈਲਾ ਬ੍ਰਹਮਾ; ਮੈਲਾ ਇੰਦੁ॥ ਰਵਿ ਮੈਲਾ; ਮੈਲਾ ਹੈ ਚੰਦੁ॥੧॥ ਮੈਲਾ ਮਲਤਾ; ਇਹੁ ਸੰਸਾਰੁ॥ ਇਕੁ ਹਰਿ ਨਿਰਮਲੁ; ਜਾ ਕਾ ਅੰਤੁ ਨ ਪਾਰੁ॥ ਜੇ ਕਹੀਏ ਕਮਲਾਂ ਵਰਗੇ, ਇਹ ਨਾਸ਼ਵੰਤ ਹਨ, ਜੇ ਕਲਪ ਬ੍ਰਿਛ ਵਰਗੇ ਕਹੀਏ ਇਹ ਭੀ ਮੋਹ ਪੈਦਾ ਕਰਦਾ ਹੈ, ਜੀਵ ਦੇ ਵਿਕਾਰ ਨਹੀਂ ਮੇਟ ਸਕਦਾ।

ਪ੍ਰੇਮ ਭਾਵਨਾ ਦੇ ਅਰਥ:- ਵਾਹਿਗੁਰੂ ਜੀ ਦੇ ਰੰਗ 'ਚ ਰੰਗੇ, ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਦੇ ਅੰਦਰੋਂ, ਮਹਾਰਾਜ ਸਾਹਿਬ ਐਸੀ ਕ੍ਰਿਪਾ ਕਰ ਰਹੇ ਹਨ:- ਅੰਦਰੁ ਮੁਸਕਿ ਝਕੋਲਿਆ; ਕੀਮਤਿ. ਕਹੀ ਨ ਜਾਇ॥ ਇਸ ਲਈ ਅੰਦਰੋਂ ਬਾਹਰੋਂ ਤ੍ਰਿਪਤੀ ਹੈ। ਯਥਾ:- ਤ੍ਰਿਪਤਿ ਆਘਾਏ ਸੰਤਾ॥ ਰਿਦੇ ਚੋਂ ਮੁਖ 'ਚ ਅੰਮ੍ਰਿਤ ਬਖ਼ਸ਼ ਰਹੇ ਹਨ, ਮਨ ਪੂਰਨ ਵਿਆਪਕ 'ਚ ਲੀਣ ਹੋ ਚੁਕਾ ਹੈ। ਸ੍ਰੀਰ ਦੀ ਸੁੱਧ ਬੁੱਧ ਭੁੱਲ ਚੁੱਕੀ ਹੈ। ਯਥਾ:- ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ; ਸੁਧ ਨ. ਸਿਮਰਤ ਅੰਗ॥ ਭਗਤ ਜੀ ਕਹਿੰਦੇ, "ਵਾਹਿਗੁਰੂ ਜੀ ਦੇ ਸੱਚੇ ਪਰਉਕਾਰੀ ਚਰਨ- ਕਮਲਾਂ ਦੀ ਮੌਜ ਦਾ ਕਿਸ ਤਰ੍ਹਾਂ ਅਨੁਮਾਨ ਲਾ ਕੇ ਦੱਸੇ, ਬਈ ਕਿਤਨਾ ਕੁ ਸੁਆਦ ਅਨੰਦ ਟਿਕਾਅ ਹੈ। ਕਹਿਣ ਲਈ ਕਿਸੇ ਨਾਲ ਸੋਭਾ ਨਹੀਂ ਦਿਤੀ ਜਾ ਸਕਦੀ। ਜਿਹੜਾ ਇਸ ਅਨੰਦ ਨੂੰ ਸਾਖਿਆਤ ਕਰ ਲੈਂਦਾ ਹੈ, ਉਸ ਨੂੰ ਪਤਾ ਲੱਗਦਾ ਹੈ, ਕਿਨਾ ਕੁ ਵਡਾ ਅਨੰਦ ਹੈ"। ਜਿਵੇਂ ਨਿਆਣੇ ਨੂੰ ਇੰਦ੍ਰਿਆਂ ਦੇ ਵਿਸ਼ਿਆਂ ਦੇ ਸੰਸਕਾਰ ਪੈ ਜਾਂਦੇ ਹਨ, ਉਹ ਵਿਸ਼ਿਆਂ ਚ ਲੱਗ ਜਾਂਦਾ ਹੈ। ਪਰ ਕਬੀਰ ਸਾਹਿਬ ਜੀ ਦੂਜਿਆਂ ਨੂੰ ਮਹਾਰਾਜ ਦਾ ਪ੍ਰੇਮ ਲਾਉਣ ਲਈ ਦੱਸ ਰਹੇ ਹਨ, "ਪਿਆਰਿਓ! ਵਾਹਿਗੁਰੂ ਜੀ ਦੇ ਚਰਨਾਂ ਕਮਲਾਂ 'ਚ ਲੀਣਤਾ ਦਾ ਅਨੰਦ ਬਹੁਤ ਵੱਡਾ ਹੈ। ਯਥਾ:- ਚਰਣ ਚਰਣ. ਚਰਣ ਗੁਰ ਸੇਵੇ; ਅਘੜੁ ਘੜਿਓ. ਰਸੁ ਪਾਇਆ ਥਾ॥) ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸੂਤ; ਪ੍ਰਭੁ ਚਰਨਨ ਮਹਿ॥) ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ. ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥ ਜਿਵੇਂ ਭਾਈ ਮਨੀ ਸਿੰਘ ਸਾਹਿਬ ਜੀ ਮਹਾਰਾਜ ਸਾਹਿਬ ਜੀ ਦੇ ਸੱਚੇ ਮਹਾਨ ਪਰਉਕਾਰੀ ਚਰਨ- ਕਮਲਾਂ 'ਚ ਲੀਣ, ਬੰਦ ੨ ਕਟਵਾ ਰਹੇ ਹਨ। ਭਾਈ ਦਿਆਲਾ ਸਾਹਿਬ ਜੀ ਦੇਗ਼ 'ਚ ਉਬਾਲ਼ੇ ਖਾ ਰਹੇ ਹਨ, ਭਾਈ ਮਤੀਦਾਸ ਸਾਹਿਬ ਜੀ ਆਪਣੇ ਆਪ ਨੂੰ ਆਰੇ ਨਾਲ ਚਿਰਵਾ ਰਹੇ ਹਨ, ਚਰਨਾਂ- ਕਮਲਾਂ ਦੀ ਮੌਜ ਛੱਡ ਨਹੀਂ ਸਕਦੇ। ਚਰਨ- ਕਮਲ ਅੰਦਰ ਬਾਹਰ ਸਤਿ ਸੰਤੋਖ ਨਿਮ੍ਰਤਾ ਸ਼ਹਿਨਸ਼ੀਲਤਾ ਗ੍ਰੀਬੀ ਆਦਿ ਅਸੰਖ ਗੁਣਾਂ ਦੇ ਅਨਤਕਲਾਵਾਨ ਪ੍ਰਕਾਸ਼ ਸਰੂਪ ਸਰਬ ਕਲਾ ਭਰਪੂਰ ਨਿਰਗੁਨ ਬ੍ਰਹਮ ਜੀ, ਉਨ੍ਹਾਂ ਦੇ ਗੁਰਸ਼ਬਦਾਂ 'ਚ ਮਨ ਬਾਣੀ ਰੋਮ ੨ ਕਰਕੇ ਲੀਣ ਹੋ ਕੇ, ਅੰਦਰ ਬਾਹਰ ਨਿਰਗੁਨ ਬ੍ਰਹਮ ਗੁਰਸ਼ਬਦਾਂ ਦੇ ਅਰਥ ਅੱਖਰਾਂ ਦੀ ਸਾਖਿਆਤਤਾ ਸਹਿਤ, ਜੋ ਮੌਜ ਵਿਸਮਾਦਤਾਈ ਹੀ ਵਿਸਮਾਦਤਾਈ ਹੈ। ਜਿਸ

Sri Satguru Jagjit Singh Ji eLibrary NamdhariElibrary@gmail.com

’ਚ ਅਕਾਲ ਪੁਰਖ ਵਾਹਿਗੁਰੂ ਜੀ ਆਪ ਖਿਨ ਚ, ਅਨਿਕ ਰੂਪ ਖਿਨ ਮਾਹਿ; ਕੁਦਰਤਿ ਧਾਰਦਾ॥ ਅਨੁਸਾਰ ਅਨੰਤ ਸਰੂਪ ਧਾਰ ਕੇ ਅੰਦਰ ਬਾਹਰ ਅਨੰਤ ਸਰਗੁਨ ਸਰੂਪ ਜੀ ਦੇ ਮਹਾਂ ਸੁੰਦਰ ਦਰਸ਼ਨ ਬਖ਼ਸ਼ਦੇ ਹਨ। ਰੋਮ ੨ ’ਚ ਵਸ ਕੇ, ਰਿਦੇ ’ਚ ਅਜਪਾ ਜਾਪ, ਰੋਮ ੨ ਕਰਕੇ, ਆਪਣਾ ਜਾਪ ਆਪ ਕਰਦੇ ਹਨ। ਯਥਾ:- ਆਪੈ ਜਪਹੁ; ਆਪਨਾ ਜਾਪੁ॥) ਵਾਹਿਗੁਰੂ ਬ੍ਰਹਮ ਜੀ ’ਚ ਮਹਾਂ ਮਹਾਂ ਵਿਸਮਾਦ ਲੀਣਤਾ ਹੈ। ਯਥਾ:- ਨਾਨਕ ਅਚਰਜੁ. ਅਚਰਜ ਸਿਉ ਮਿਲਿਆ; ਕਹਣਾ ਕਛੂ ਨ ਜਾਏ॥) ਆਪਸ ਕਉ; ਆਪਹਿ ਆਦੇਸੁ॥ ਤਿਹੁ ਗੁਣ ਕਾ; ਨਾਹੀ ਪਰਵੇਸੁ॥) ਆਦੇਸੁ ਤਿਸੈ ਆਦੇਸੁ॥ ਆਦਿ ਅਨੀਲੁ ਅਨਾਦਿ ਅਨਾਹਤਿ; ਜੁਗੁ ਜੁਗੁ ਏਕੋ ਵੇਸੁ॥ ਵਾਹਿਗੁਰੂ ਨਿਰਗੁਨ ਬ੍ਰਹਮ ਜੀ ਅੰਦਰ ਬਾਹਰ ਸਾਖਿਆਤ ਹੋ ਕੇ ਆਪਣੇ ਸਰਗੁਨ ਸਰੂਪ ਦੇ ਅਸੰਖ ਬ੍ਰਹਮੰਡਾਂ ਸੂਰਜਾਂ ਚੰਦ੍ਰਮਿਆਂ ਤਾਰਿਆਂ ਅਗਨੀਆਂ ਬਿਜਲੀਆਂ ਟਟਿਆਣਿਆਂ ਹਵਾਵਾਂ ਧਰਤੀਆਂ ਖਾਣੀਆਂ ਬਾਣੀਆਂ ਸਮੇਤ ਆਪਣਾ ਜਾਪ ਆਪ ਕਰਦੇ ਦਰਸ਼ਨ ਬਖ਼ਸ਼ ਰਹੇ ਹਨ। ਯਥਾ:- ਪਉਣੁ ਪਾਣੀ ਬੈਸੰਤਰੋ; ਹੁਕਮਿ ਕਰਹਿ ਭਗਤੀ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥) ਗਾਵਹਿ ਤੁਹਨੋ. ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥ ਐਸੇ ਚਰਨ ਕਮਲਾਂ ਦੀ ਮੌਜ ਜਿਸ ’ਚ, ਵਿਆਪਕ ਵਿਸਮਾਦਤਾਈ ’ਚ, ਗੁਰਬਾਣੀ ਜੀ ਉਚਾਰ ਰਹੇ ਹਨ। (ਚਰਨ ਸਰਨਿ ਗੁਰ ਤੀਰਥ ਪੁਰਬ ਕੋਟਿ ਦੇਵੀ ਦੇਵ ਸੇਵ ਗੁਰ ਚਰਨ ਸਰਨਿ ਹੈ।) ਕ੍ਰੋੜਾਂ ਤੀਰਥਾਂ ਦੇ ਫ਼ਲ ਸਤਿਗੁਰਾਂ ਦੇ ਚਰਨਾ ਦੀ ਓਟ ਲੈਣ ’ਚ ਹਨ। ਕ੍ਰੋੜਾਂ ਦੇਵੀ ਦੇਵਤਿਆਂ ਦੀ ਸੇਵਾ ਦੇ ਮਹਾਤਮ ਸਤਿਗੁਰਾਂ ਦੇ ਚਰਨਾ ਦੀ ਸ਼ਰਨ ’ਚ ਹਨ। (ਚਰਨ ਸਰਨਿ ਗੁਰ. ਕਾਮਨਾ ਸਕਲ ਫਲ; ਰਿਧਿ ਸਿਧਿ ਨਿਧਿ ਅਵਤਾਰ ਅਮਰਨ ਹੈ।) ਸਤਿਗੁਰਾਂ ਦੀ ਚਰਨ ਸਰਨ ’ਚ ਸਭ ਕਾਮਨਾ ਫ਼ਲ਼ਦੀਆਂ ਫੁੱਲਦੀਆਂ ਪ੍ਰਾਪਤ ਹੁੰਦੀਆ ਹਨ। ਰਿੱਧੀਆਂ ਸਿੱਧੀਆਂ ਨਿੱਧੀਆਂ ਮੂਰਤੀਮਾਨ ਹੋ ਕੇ, ਸਦਾ ਲਈ ਹਾਜ਼ਰ ਰਹਿੰਦੀਆ ਹਨ। (ਚਰਨ ਸਰਨਿ ਗੁਰ. ਨਾਮ ਨਿਹਕਾਮ ਧਾਮ; ਭਗਤਿ ਜੁਗਤਿ ਕਰਿ ਤਾਰਨ ਤਰਨ ਹੈ।) ਸਤਿਗੁਰਾਂ ਦੀ ਚਰਨ ਸ਼ਰਨ ਲੈਣ ਵਾਲੇ ਲਈ ਨਿਸ਼ਕਾਮ ਭਾਵਨਾ ਸਹਿਤ ਅਰਾਧਿਆ ਨਾਮ ਸਿਮਰਨ ਹੀ ਸਾਰੇ ਸੁਖਾ ਦਾ ਅਸਥਾਨ ਹੈ। ਗੁਰਸਿੱਖ ਨਾਮ ਭਗਤੀ ਦੀ ਜੁਗਤੀ ’ਚ ਜੁਟ ਕੇ, ਆਪ ਤਰਦਾ ਹੋਰਨਾ ਨੂੰ ਤਾਰਨ ਦਾ ਵਸੀਲਾ ਬਣਦਾ ਹੈ। (ਚਰਨ ਸਰਨਿ ਗੁਰ. ਮਹਿਮਾ ਅਗਾਧਿ ਬੋਧ; ਹਰਨ ਭਰਨ ਗਤਿ ਕਾਰਨ ਕਰਨ ਹੈ॥)(ਕਬਿਤ ੭੨) ਸਤਿਗੁਰੂ ਸਾਹਿਬ ਜੀ ਦੇ ਚਰਨ-ਕਮਲਾਂ ਦੀ ਸੱਚੀ ਸ਼ਰਨ ਲੈਣ ਦੀ ਮਹਿਮਾ ਸਮਝ ਸੋਝੀ ਤੋਂ ਪਰੇ, ਪਾਪਾਂ ਨੂੰ (ਹਰਨ)ਨਾਸ ਕਰਨ, ਸਤ ਸੰਤੋਖ ਗ੍ਰੀਬੀ ਪ੍ਰੇਮਾ- ਭਗਤੀ ਸ਼ੁਭ ਗੁਣਾਂ ਨਾਲ ਭਰਨ ਵਾਲੀ ਹੈ। ਜਗਤ ਨੂੰ (ਕਰਨ)ਰਚਨ ਵਾਲੇ ਪ੍ਰਭ ਜੀ ਦੀ (ਗਤਿ)ਪ੍ਰਾਪਤੀ ਦਾ ਕਾਰਨ ਹੈ।

ਕਬੀਰ. ਦੇਖਿ ਕੈ, ਕਿਹ ਕਹਉ; ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ; ਰਹਉ ਹਰਖਿ ਗੁਨ ਗਾਇ॥੧੨੨॥ {ਪ੍ਰੇਮ ਭਾਵ ਦੇ ਅਰਥ:- ਕਬੀਰ ਸਾਹਿਬ ਜੀ ਕਹਿੰਦੇ, “ਭਾਈ! ਪ੍ਰੀਤਮ ਵਾਹਿਗੁਰੂ ਜੀ ਦੇ ਸ੍ਰਬ ਵਿਆਪੀ ਮਹਾਂ ਵਿਸਮਾਦ ਸੁੰਦਰ ਦਰਸ਼ਨਾਂ ਦਾ ਐਡਾ ਵੱਡਾ ਅਨੰਦ ਹੈ, ਸਤਿ ਸੰਤੋਖ ਦਇਆ ਧਰਮ ਵੀਚਾਰ ਆਦਿ ਸ਼ੁਭ ਗੁਣਾਂ ਦੇ ਅਨਤਕਲਾਵਾਨ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ ਜੀ, ਅੰਦਰ ਬਾਹਰ ਅਜਪਾ ਜਾਪ ਕਰ ਰਹੇ ਪ੍ਰਤੱਖ ਦਿਸ ਰਹੇ ਹਨ। ਕ੍ਰੋੜਾਂ ਸੂਰਜਾਂ ਚੰਦ੍ਰਮਿਆਂ ਤਾਰਿਆਂ ਅਗਨੀਆਂ ਬਿਜਲੀਆਂ ਖਾਣੀਆਂ ਬਾਣੀਆਂ ਪਸ਼ੂ ਪੰਛੀ ਜੀਵ ਜੰਤ ਸੰਤ ਭਗਤ ਅਨੰਤ ਬ੍ਰਹਮੰਡ ਦੀ ਰਚਨਾ ਸਰਗੁਨ ਸਰੂਪ ਜੀ ਦਾ ਪਸਾਰਾ ਦਿਸ ਰਿਹਾ ਹੈ। ਮਹਾਰਾਜ ਤੋਂ ਬਿਨਾ, ਹੋਰ ਦੂਜਾ ਦਿਸ ਨਹੀਂ ਰਿਹਾ। ਤੁਧੁ ਬਿਨੁ; ਦੂਜਾ ਨਾਹੀ ਕੋਇ॥ ਤੂ ਕਰਤਾਰੁ; ਕਰਹਿ ਸੋ ਹੋਇ॥ ਅੰਦਰ ਬਾਹਰ, ਅਜਪਾ ਜਾਪ ਹੋ ਰਿਹਾ ਹੈ। ਯਥਾ:- ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ

Sri Satguru Jagjit Singh Ji eLibrary NamdhariElibrary@gmail.com

ਸਬਦ ਬਜੰਤਾ॥) ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ; ਗੁਰਮਤੀ ਸਬਦੁ ਸੁਣਾਵਣਿਆ॥ ਇਹ ਪ੍ਰੇਮ ਲਾਉਂਦੇ ਹਨ ਕਿ ਭਾਈ, ਕੋਈ ਸੰਸਾਰੀ ਸੁਖਾਂ ਨੂੰ ਛੱਡੇ, ਧ੍ਰੂ ਭਗਤ ਜੀ ਵਾਂਗ ਉਸ ਨੂੰ ਇਹ ਸੁਖ ਮਿਲਣਗੇ। ਜੇ ਬੱਚੇ ਨੂੰ ਦੱਸਿਆ ਜਾਵੇ, ਤਕੜਾ ਹੋ ਕੇ ਪੜ੍ਹ, ਬਹੁਤ ਵੱਡਾ ਔਹੁਦਾ, ਧਨ ਮਿਲੇਗਾ, ਫੇਰ ਉਹ ਚਾਅ ਨਾਲ ਪੜ੍ਹਦਾ ਹੈ। ਇਸੇ ਤਰ੍ਹਾਂ ਜਿਵੇਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦੀ ਪਹਿਲੀ ਅਸਟਪਦੀ 'ਚ, ਵਾਹਿਗੁਰੂ ਜੀ ਦੇ ਸਿਮਰਨ ਦੇ ਮਹਾਂ ਮਹਾਂ ਵਿਸਮਾਦ ਅਨੇਕ ਫ਼ਲ ਹੀ ਫ਼ਲ ਦੱਸੇ ਹਨ, ਬਈ ਪ੍ਰੇਮ ਨਾਲ ਸਿਮਰਨ ਕਰਨ। ਸ੍ਰਬ ਵਿਆਪੀ ਮਹਾਂ ਮਹਾਂ ਵਿਸਮਾਦ ਅਵਸਥਾ 'ਚ ਲੀਣ ਹੋ ਕੇ ਕਹਿ ਰਹੇ ਹਨ, ਮਹਾਰਾਜ ਭਗਤ ਕਬੀਰ ਸਾਹਿਬ ਦੇ ਲੂੰ ੨ ਚ ਆਪ ਵਸ ਰਹੇ ਹਨ। ਕੋਈ ਸੰਕਲਪ ਨਹੀਂ ਫ਼ੁਰ ਰਿਹਾ, ਨਿਹਸੰਕਲਪ ਅਵਸਥਾ ਹੋ ਚੁੱਕੀ ਹੈ। ਇਸ ਅਬੋਲ ਅਵਸਥਾ ਨੂੰ ਪ੍ਰਾਪਤ ਹਨ। ਯਥਾ:- ਜਹਾ ਬੋਲ; ਤਹ ਅਛਰ ਆਵਾ॥ ਜਹ ਅਬੋਲ; ਤਹ ਮਨੁ ਨ ਰਹਾਵਾ॥ ਬੋਲ ਅਬੋਲ ਮਧਿ ਹੈ ਸੋਈ॥}

ਕਬੀਰ. ਦੇਖਿ ਕੈ, ਕਿਹ ਕਹਉ; ਕਹੇ ਨ ਕੋ ਪਤੀਆਇ॥ ਹਰਿ ਜੈਸਾ ਤੈਸਾ ਉਹੀ; ਰਹਉ ਹਰਖਿ ਗੁਨ ਗਾਇ॥੧੨੨॥ ਪ੍ਰੇਮੀਆਂ ਕਿਹਾ, "ਆਪ ਜੀ ਨੇ ਚਰਨ ਕਮਲਾਂ ਦੇ ਦਰਸ਼ਨ ਲੀਣਤਾ ਮਹਾਂ ਵਿਸਮਾਦ ਮੌਜ ਪ੍ਰਾਪਤ ਕੀਤੀ ਹੈ, ਕ੍ਰਿਪਾ ਕਰਕੇ ਅਪਨੇ ਬੱਚਿਆਂ 'ਤੇ ਭੀ ਬਖ਼ਸ਼ਸ਼ ਕਰੋ ਜੀ"। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਹਾਰਾਜ ਸਾਹਿਬ ਦੇ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਗੁਰਸਬਦ ਰੂਪੀ ਚਰਨ- ਕਮਲਾਂ ਨੂੰ ਦੇਖਿ (ਕੈ)ਕਰਕੇ, (ਕਿਹ)ਕਿਸ ਨੂੰ (ਕਹਉ)ਕਹਾਂ, (ਕਹੇ)ਕਹਿਣੇ ਕਰਕੇ (ਕੋ)ਕੋਈ (ਪਤੀਆਇ)ਪਤੀਜਦਾ (ਨ)ਨਹੀਂ। ਜੇ ਦਾਸਨ ਦਾਸ ਦੱਸੇ, ਤਾਂ ਕਹਿੰਦੇ ਹਨ, "ਜੁਲਾਹਾ ਸਾਨੂੰ ਆਪਣਾ ਪ੍ਰਤਾਪ ਦਿਖਾਉਂਦਾ ਹੈ, ਝੂਠੀਆਂ ਗੱਲਾਂ ਹੀ ਕਰਦਾ ਰਹਿੰਦਾ"। ਜਿੱਥੇ ਚਰਨ- ਕਮਲਾਂ 'ਚ ਲੀਣਤਾ, ਪ੍ਰਾਪਤੀ ਹੈ ਉੱਥੇ ਅਬੋਲ ਅਵਸਥਾ ਹੈ, ਬੋਲਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਯਥਾ:- ਕਹੁ ਕਬੀਰ. ਗੂੰਗੈ ਗੁੜੁ ਖਾਇਆ; ਪੂਛੇ ਤੇ. ਕਿਆ ਕਹੀਐ॥) ਨਾਨਕ ਅਚਰਜੁ. ਅਚਰਜ ਸਿਉ ਮਿਲਿਆ; ਕਹਣਾ ਕਛੂ ਨ ਜਾਏ॥) ਬਿਸਮਨ ਬਿਸਮ ਰਹੇ ਬਿਸਮਾਦ॥ (ਜੈਸਾ)ਜੈਸੇ (ਹਰਿ)ਸ੍ਰਬ ਵਿਆਪੀ ਵਾਹਿਗੁਰੂ ਜੀ ਹਨ, (ਤੈਸਾ)ਤੈਸੇ ਉਹੀ ਹਨ। ਦਾਸਨ ਦਾਸ ਮਹਾਰਾਜ ਸੱਚੇ ਪਾਤਿਸ਼ਾਹ ਜੀ ਦੇ (ਗੁਨ)ਗੁਣਾਂ ਨੂੰ (ਗਾਇ)ਗਾ ਕੇ (ਹਰਖਿ)ਪ੍ਰਸੰਨ (ਰਹਉ)ਰਹਿੰਦਾ ਹੈ॥੧੨੨॥ ਯਥਾ:- ਜੈਸਾ ਤੂ. ਤੈਸਾ ਤੁਹੀ; ਕਿਆ ਉਪਮਾ ਦੀਜੈ॥) ਕਹੁ ਕਬੀਰ; ਖੋਜਉ ਅਸਮਾਨ॥ ਰਾਮ ਸਮਾਨ; ਨ ਦੇਖਉ ਆਨ॥) ਤੇਰਾ ਸਰੀਕੁ. ਕੋ ਨਾਹੀ; ਜਿਸਨੋ. ਲਵੈ ਲਾਇ ਸੁਣਾਇਆ॥) ਗੁਰ ਨਾਲਿ ਤੁਲਿ. ਨ ਲਗਈ; ਖੋਜਿ ਡਿਠਾ ਬ੍ਰਹਮੰਡੁ॥ ਨਾਮੁ ਨਿਧਾਨੁ. ਸਤਿਗੁਰਿ ਦੀਆ; ਸੁਖੁ ਨਾਨਕ. ਮਨ ਮਹਿ ਮੰਡੁ॥)

ਕਬੀਰ. ਚੁਗੈ ਚਿਤਾਰੈ ਭੀ ਚੁਗੈ; ਚੁਗਿ ਚੁਗਿ ਚਿਤਾਰੇ॥ ਜੈਸੇ ਬਚਰਹਿ ਕੂੰਜ ਮਨ; ਮਾਇਆ ਮਮਤਾ ਰੇ॥੧੨੩॥ ਸਾਊ ਸੀਲ ਪ੍ਰੇਮੀਆਂ ਨੇ ਭਗਤ ਕਬੀਰ ਸਾਹਿਬ ਜੀ ਪਾਸ ਪ੍ਰੇਮ ਬੇਨਤੀ ਕੀਤੀ, ਚਰਨ ਕਮਲ ਕੀ ਮਉਜ ਮਹਿ; ਰਹਉ ਅੰਤਿ ਅਰੁ ਆਦਿ॥) ਕਬੀਰ. ਚਰਨ ਕਮਲ ਕੀ ਮਉਜ ਕੋ ਕਹਿ ਕੈਸੇ ਉਨਮਾਨ॥ ਅਨੁਸਾਰ ਜੇ ਸੱਚੇ ਚਰਨ- ਕਮਲਾਂ ਦੀ ਮਉਜ ਦਾ ਐਡਾ ਵੱਡਾ ਮਹਾਂ ਮਹਾਂ ਵਿਸਮਾਦ ਅਨੰਦ ਹੈ ਜੋ ਦੱਸਿਆ ਨਹੀਂ ਜਾਂਦਾ, ਕ੍ਰਿਪਾ ਕਰੋ ਦ੍ਰਿਸ਼ਟਾਂਤ ਦੇ ਕੇ ਸਮਝਾਉ, ਜਿਵੇਂ ਚਰਨ- ਕਮਲਾਂ ਨੂੰ ਅਸੀਂ ਭੀ ਚੇਤੇ ਕਰੀਏ।

ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਕੂੰਜਾਂ

Sri Satguru Jagjit Singh Ji eLibrary NamdhariElibrary@gmail.com

ਪਹਾੜਾਂ 'ਚ ਬਰਫ਼ ਪੈਣ ਤੋਂ, ਆਂਡੇ ਦੇ ਕੇ, ਮੈਦਾਨੀ ਇਲਾਕੇ 'ਚ ਆ ਜਾਂਦੀਆਂ ਹਨ। ਯਥਾ:- ਊਡੇ. ਊਡਿ ਆਵੈ ਸੈ ਕੋਸਾ; ਤਿਸੁ ਪਾਛੈ. ਬਚਰੇ ਛਰਿਆ॥ ਤਿਨ ਕਵਣੁ ਖਲਾਵੈ. ਕਵਣੁ ਚੁਗਾਵੈ; ਮਨ ਮਹਿ. ਸਿਮਰਨੁ ਕਰਿਆ॥ ਐਨਾ ਚਿੱਤ ਟਿਕਾਅ ਕੇ ਬੱਚਿਆਂ ਦਾ ਸਿਮਰਨ ਕਰਦੀਆਂ ਹਨ, ਬੱਚੇ ਆਂਡਿਆਂ 'ਚੋਂ ਨਿਕਲ ਕੇ, ਉਨ੍ਹਾਂ ਨਾਲ ਆ ਰਲ਼ਦੇ ਹਨ, ਭਾਵੇਂ ਆਂਡੇ ਸੌ ਕੋਸਾਂ ਦੂਰ ਪਹਾੜਾਂ 'ਚ ਹੁੰਦੇ ਹਨ, ਜਦੋਂ ਕੂੰਜ, ਚੋਗਾ (ਚੁਗੈ)ਚੁਗਦੀ ਹੈ, ਬੱਚਿਆਂ ਨੂੰ (ਚਿਤਾਰੈ)ਚੇਤੇ ਕਰਦੀ ਹੈ, ਫਿਰ ਭੀ (ਚੁਗੈ)ਚੁਗਦੀ ਹੈ, ਚੁਗਿ ਚੁਗਿ ਕੇ ਫਿਰ (ਚਿਤਾਰੇ)ਚੇਤੇ ਕਰਦੀ ਹੈ। (ਰੇ)ਹੇ ਭਾਈ! (ਜੈਸੇ)ਜਿਸ ਤਰ੍ਹਾਂ ਕੂੰਜ ਦੇ ਮਨ ਅੰਦਰ, ਆਪਣੇ (ਬਚਰਹਿ)ਬੱਚੇ ਹੁੰਦੇ ਹਨ, ਇਉਂ ਜੀਆਂ ਨੂੰ ਮਾਇਆ ਮਮਤਾ ਲੱਗ ਰਹੀ ਹੈ। ਯਥਾ:- ਮੇਰਾ ਤਨੁ ਅਰੁ ਧਨੁ ਮੇਰਾ; ਰਾਜ ਰੂਪ ਮੈ ਦੇਸੁ॥ ਸੁਤ ਦਾਰਾ ਬਨਿਤਾ ਅਨੇਕ; ਬਹੁਤੁ ਰੰਗ ਅਰੁ ਵੇਸ॥ ਹਰਿ ਨਾਮੁ. ਰਿਦੈ ਨ ਵਸਈ; ਕਾਰਜਿ ਕਿਤੈ ਨ ਲੇਖਿ॥੧॥) ਜੈਸੀ ਗਗਨਿ ਫਿਰੰਤੀ ਊਡਤੀ; ਕਪਰੇ ਬਾਗੇ ਵਾਲੀ॥ ਓਹ. ਰਾਖੈ ਚੀਤੁ ਪੀਛੈ ਬਿਚਿ ਬਚਰੇ; ਨਿਤ ਹਿਰਦੈ ਸਾਰਿ ਸਮਾਲੀ॥) ਕੂੰਜ ਕਰੇਂਦੀ ਸਿਮਰਣੋ; ਪੂਰਣ ਬਚਾ ਹੋਇ ਉਡੰਦਾ॥) ਕੂੰਜ ਰਿਦੇ ਸਿਮਰਣ ਕਰੈ; ਲੈ ਬਚਾ ਉਡਦੀ ਅਸਮਾਣੈ॥)

ਕਬੀਰ. ਚੁਗੈ ਚਿਤਾਰੈ ਭੀ ਚੁਗੈ; ਚੁਗਿ ਚੁਗਿ ਚਿਤਾਰੇ॥ ਹੇ ਭਾਈ! ਜਿਵੇਂ ਕੂੰਜ ਦੇ ਮਨ ਅੰਦਰ ਮਾਇਆ ਮਮਤਾ ਕਰਕੇ ਬੱਚੇ ਹਨ, ਤਿਵੇਂ ਵਾਹਿਗੁਰੂ ਗੁਰਸ਼ਬਦ ਜੀ ਤੋਂ ਬ੍ਰਹਮਾਨੰਦ ਰਸ (ਚੁਗੈ)ਛਕੇ। ਯਥਾ:- ਤ੍ਰਿਪਤਿ ਭਈ; ਸਚੁ ਭੋਜਨੁ ਖਾਇਆ॥ ਵਾਹਿਗੁਰੂ ਬ੍ਰਹਮ ਜੀ ਨੂੰ (ਚਿਤਾਰੈ)ਚੇਤੇ ਕਰੇ। (ਭੀ)ਫੇਰ ਗੁਰਸ਼ਬਦ ਤੋਂ ਬ੍ਰਹਮਾਨੰਦ ਰਸ (ਚੁਗੈ)ਛਕੇ, ਬ੍ਰਹਮਾਨੰਦ ਰਸ ਬਾਰ ੨, (ਚੁਗਿ)ਛਕ (ਚੁਗਿ)ਛਕ ਕੇ, ਵਾਹਿਗੁਰੂ ਜੀ ਨੂੰ (ਚਿਤਾਰੇ)ਚੇਤੇ ਕਰੇ, ਕੂੰਜ ਵਾਂਗ ਵਿਆਪਕ ਬ੍ਰਹਮ ਜੀ ਦਾ ਧਿਆਨ ਧਾਰ ਕੇ, ਬਾਰ ੨ ਲਗਾਤਾਰ ਹਰ ਸਮੇਂ ਚੇਤੇ ਕਰੇ, ਹਰ ਸਮੇਂ ਬਾਰ ੨ ਬ੍ਰਹਮਾਨੰਦ ਰਸ ਛਕੇ। ਪਰਮਪੂਜਨੀਕ ਵਾਹਿਗੁਰੂ ਸਰੂਪ ਦਸੇ ਪਾਤਿਸ਼ਾਹ ਸੰਤ ਭਗਤ ਸ਼ਹੀਦ ਤੇ ਨਿਰਗੁਨ ਬ੍ਰਹਮ ਜੀ ਨੂੰ ਕੂੰਜ ਵਾਂਗ ਹਰ ਸਮੇਂ ਯਾਦ ਕਰੇ, ਧਿਆਵੇ ਅਰਾਧੇ ਜਪੇ ਜਪਾਵੇ ਗਾਵੇ। ਯਥਾ:- ਸੋ ਪਦੁ ਰਵਹੁ; ਜਿ. ਬਹੁਰਿ ਨ ਰਵਨਾ॥ ਸੋ ਧਿਆਨੁ ਧਰਹੁ; ਜਿ. ਬਹੁਰਿ ਨ ਧਰਨਾ॥ ਐਸੇ ਮਰਹੁ; ਜਿ. ਬਹੁਰਿ ਨ ਮਰਨਾ॥੨॥) ਜਿਹ ਪ੍ਰਸਾਦਿ; ਕਰਹਿ ਪੁੰਨ ਬਹੁ ਦਾਨ॥ ਮਨ ਆਠ ਪਹਰ; ਕਰਿ ਤਿਸ ਕਾ ਧਿਆਨ॥) ਮਨ ਮਹਿ; ਸਤਿਗੁਰ ਧਿਆਨੁ ਧਰਾ॥) ਗੁਰ ਕੀ ਮੂਰਤਿ; ਮਨ ਮਹਿ ਧਿਆਨੁ॥) ਧਿਆਨ ਰੂਪਿ ਹੋਇ ਆਸਣੁ ਪਾਵੈ॥) ਕਬੀਰ. ਤੂੰ ਤੂੰ ਕਰਤਾ ਤੂ ਹੂਆ; ਮੁਝ ਮਹਿ ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥) ਅੰਤਰਿ ਗੁਰੁ ਆਰਾਧਣਾ; ਜਿਹਵਾ ਜਪਿ ਗੁਰ ਨਾਉ॥ ਨੇਤ੍ਰੀ ਸਤਿਗੁਰੁ ਪੇਖਣਾ; ਸ੍ਰਵਣੀ ਸੁਨਣਾ ਗੁਰ ਨਾਉ॥ ਸਤਿਗੁਰ ਸੇਤੀ ਰਤਿਆ; ਦਰਗਹ ਪਾਈਐ ਠਾਉ॥ ਕਹੁ ਨਾਨਕ. ਕਿਰਪਾ ਕਰੇ; ਜਿਸਨੋ. ਏਹ ਵਥੁ ਦੇਇ॥ ਜਗ ਮਹਿ. ਉਤਮ ਕਾਢੀਅਹਿ; ਵਿਰਲੇ ਕੇਈ ਕੇਇ॥੧॥) ਰਸਨਾ ਰਮਤ ਸੁਨਤ ਸੁਖੁ ਸ੍ਰਵਨਾ; ਚਿਤ ਚੇਤੇ ਸੁਖੁ ਹੋਈ॥ ਕਹੁ ਭੀਖਨ. ਦੁਇ ਨੈਨ ਸੰਤੋਖੇ; ਜਹ ਦੇਖਾਂ ਤਹ ਸੋਈ॥) ਕਹੁ ਕਬੀਰ. ਜਾਨੈਗਾ ਸੋਇ॥ ਹਿਰਦੈ ਰਾਮੁ; ਮੁਖਿ ਰਾਮੈ ਹੋਇ॥) ਸੁਤਿਆ. ਗੁਰੁ ਸਾਲਾਹੀਐ; ਉਠਦਿਆ ਭੀ. ਗੁਰੁ ਆਲਾਉ॥ ਕੋਈ. ਐਸਾ ਗੁਰਮੁਖਿ ਜੇ ਮਿਲੈ; ਹਉ. ਤਾ ਕੇ ਧੋਵਾ ਪਾਉ॥) ਜਾ ਕੋ. ਪ੍ਰੇਮ ਸੁਆਉ ਹੈ; ਚਰਨ ਚਿਤਵ. ਮਨ ਮਾਹਿ॥ ਨਾਨਕ. ਬਿਰਹੀ ਬ੍ਰਹਮ ਕੇ; ਆਨ. ਨ ਕਤਹੂ ਜਾਹਿ॥

ਕਬੀਰ. ਅੰਬਰ ਘਨਹਰੁ ਛਾਇਆ; ਬਰਖਿ ਭਰੇ ਸਰ ਤਾਲ॥ ਚਾਤ੍ਰਿਕ ਜਿਉ ਤਰਸਤ ਰਹੈ; ਤਿਨ ਕੋ ਕਉਨੁ ਹਵਾਲੁ॥੧੨੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

Sri Satguru Jagjit Singh Ji eLibrary NamdhariElibrary@gmail.com

ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਾਈ ਮਤੀਦਾਸ ਸਾਹਿਬ ਜੀ ਨੇ, ਸਿਰ 'ਤੇ ਆਰਾ ਵਗਣ ਸਮੇਂ, ਸਤਿਗੁਰੂ ਸੱਚੇ ਪਾਤਿਸ਼ਾਹ ਜੀ ਦਾ ਸ਼ੁਭ ਸੱਚਾ ਉਪਦੇਸ਼ ਸੁਣ ਕੇ, ਮੰਨਣ ਦ੍ਰਿੜ ਪਰਪੱਕ ਨਿਸਚੇ ਕੀਤਾ, ਜਿਹੜੇ ਨਿਸਚੇ ਨਹੀਂ ਕਰਦੇ, ਉਨ੍ਹਾਂ ਦੀ ਇਹ ਮੰਦੀ ਹਾਲਤ ਹੁੰਦੀ ਹੈ। (ਅੰਬਰ)ਅਕਾਸ਼ ਅੰਦਰ (ਘਨਹਰੁ)ਬੱਦਲ (ਛਾਇਆ)ਫ਼ੈਲਿਆ ਹੋਣ ਤੋਂ, ਖ਼ੂਬ (ਬਰਖਿ)ਵਰਸ਼ ਕੇ, (ਸਰ)ਪੱਕੇ ਸ੍ਰੋਵਰ (ਤਾਲ)ਕੱਚੇ ਸ੍ਰੋਵਰ, ਭਾਵੇਂ ਭਰੇ ਹੋਣ। ਪਰ ਫੇਰ ਭੀ, (ਜਿਉ)ਜਿਵੇਂ (ਚਾਤ੍ਰਿਕ)ਬਬੀਹਾ (ਤਰਸਤ)ਤਰਸਦਾ (ਰਹੈ)ਰਹਿੰਦਾ ਹੈ, ਕਿਉਂਕਿ ਬਬੀਹੇ ਦੇ ਕੰਠ 'ਚ ਗ਼ਲ਼ੀ ਹੁੰਦੀ ਹੈ, ਚੁੰਝ ਨਾਲ ਪਾਣੀ ਪੀਂਦਾ, ਬਾਹਰ ਨਿਕਲ ਜਾਂਦਾ ਹੈ, ਵਰਖਾ ਦਾ ਪਾਣੀ ਭੀ ਬਾਹਰ ਨਿਕਲ ਜਾਂਦਾ ਹੈ। ਨਛੱਤ੍ਰ ਦੀ ਵਰ੍ਹੀ ਸੁਆਂਤੀ ਬੂੰਦ ਹੀ ਗ੍ਰਹਿਣ ਕਰਦਾ ਹੈ, ਭਾਵੇਂ ਕਿਨੀ ਵਰਖਾ ਹੋਈ ਜਾਵੇ, ਬਬੀਹੇ ਨੂੰ ਤ੍ਰਿਪਤੀ ਨਹੀਂ ਹੁੰਦੀ, ਤਰਸਦਾ ਹੀ ਰਹਿੰਦਾ। ਇਸੇ ਤਰ੍ਹਾਂ ਜਿਹੜੇ ਬਬੀਹੇ ਵਾਂਗ ਤਰਸਦੇ ਰਹਿੰਦੇ ਹਨ, (ਤਿਨ)ਉਨ੍ਹਾਂ (ਕੋ)ਦਾ (ਕਉਨੁ)ਕੀ (ਹਵਾਲ)ਹਾਲ ਹੋਵੇਗਾ?॥੧੨੪॥ ਯਥਾ:- ਬਾਬੀਹਾ ਪ੍ਰਿਉ ਪ੍ਰਿਉ ਕਰੇ; ਜਲਨਿਧਿ ਪ੍ਰੇਮ ਪਿਆਰਿ॥) ਬਾਬੀਹਾ ਖਿਨੁ ਖਿਨੁ ਬਿਲਲਾਇ॥) ਰੇ ਮਨ. ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਚਾਤ੍ਰਿਕ ਮੇਹ॥ ਸਰ ਭਰਿ ਥਲ ਹਰੀਆਵਲੇ; ਇਕ ਬੂੰਦ ਨ ਪਵਈ ਕੇਹ॥ ਕਰਮਿ ਮਿਲੈ ਸੋ ਪਾਈਐ; ਕਿਰਤੁ ਪਇਆ ਸਿਰਿ ਦੇਹ॥੩॥

ਕਬੀਰ. ਅੰਬਰ ਘਨਹਰੁ ਛਾਇਆ; ਬਰਖਿ ਭਰੇ ਸਰ ਤਾਲ॥ ੨:- ਪਰਮਪੂਜਨੀਕ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਵਿਆਪਕ ਬ੍ਰਹਮ ਨਿਰਗੁਨ, ਅਨਤ ਕਲਾਵਾਨ ਅੰਦਰ ਬਾਹਰ ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਜੀ ਰੂਪੀ ਅੰਬਰ, 'ਚ ਰਹਿਣ ਵਾਲੇ, ਸਤਿਗੁਰੂ ਮਹਾਰਾਜ ਸਾਹਿਬ ਜੀ ਪਰਉਪਕਾਰੀ (ਘਨਹਰੁ)ਬੱਦਲ ਵਾਂਗ, ਸਤਿਗੁਰੂ ਸਾਹਿਬ ਜੀ ਨਿਰਗੁਨ ਬ੍ਰਹਮ 'ਚੋਂ ਸਰਗੁਨ ਸਰੂਪ ਧਾਰਕੇ (ਛਾਇਆ)ਪੂਰੇ ਹੋਏ, ਸਾਚ ਨਾਮ ਕੀ; ਅੰਮ੍ਰਿਤ ਵਰਖਾ॥ (ਬਰਖਿ)ਵਰਖਦੇ ਹਨ। (ਸਰ)ਪੱਕੇ ਸ੍ਰੋਵਰਾਂ ਵਾਂਗ ਨਿਸ਼ਕਾਮੀ ਸਿੱਖ, ਨਾਮ ਅੰਮ੍ਰਿਤ ਨਾਲ (ਭਰੇ)ਭਰ ਜਾਂਦੇ ਹਨ। ਯਥਾ:- ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥) ਕਰਮ ਕਰਤ; ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ; ਨਿਰਮਲ ਧਰਮ॥ (ਤਾਲ)ਕੱਚੇ ਸ੍ਰੋਵਰਾਂ ਵਾਂਗ ਜਿਹੜੇ ਦੁਨਿਆਵੀ ਪਦਾਰਥ ਤੇ ਵਿਸ਼ੇ ਸੁਖ ਭੀ ਚਾਹੁੰਦੇ ਹਨ, ਤੇ ਸੱਚੇ ਪਾਤਿਸ਼ਾਹ ਜੀ ਦੀ ਪ੍ਰਾਪਤੀ ਭੀ ਚਾਹੁੰਦੇ ਹਨ। ਯਥਾ:- ਮਾਗਉ ਕਾਹਿ ਰੰਕ ਸਭ ਦੇਖਉ ਤੁਮ੍ ਹੀ ਤੇ ਮੇਰੋ ਨਿਸਤਾਰੁ॥੧॥ ਜੈਦੇਉ ਨਾਮਾ ਬਿਪ ਸੁਦਾਮਾ ਤਿਨ ਕਉ ਕ੍ਰਿਪਾ ਭਈ ਹੈ ਅਪਾਰ॥ ਕਹਿ ਕਬੀਰ. ਤੁਮ ਸੰਮ੍ਰਥ ਦਾਤੇ; ਚਾਰਿ ਪਦਾਰਥ ਦੇਤ ਨ ਬਾਰ॥੨॥੭॥ ਧਰਮ ਅਰਥ ਕਾਮ ਮੋਖ ਮਹਾਰਾਜ ਸਾਹਿਬ ਜੀ ਦਾਤਾਂ ਬਖ਼ਸ਼ਦੇ ਹਨ। ਇਹ ਤਾਂ ਸਤਿਗੁਰਾਂ ਤੋਂ ਵਰੋਸਾਉਣ ਵਾਲੇ ਹਨ। ਪਰ ਜਿਹੜੇ ਸਤਿਗੁਰੂ ਸਾਹਿਬ ਦੀ ਨਾਮ ਉਪਦੇਸ਼ ਤੋਂ ਲਾਹਾ ਨਹੀਂ ਲੈਂਦੇ।

ਚਾਤ੍ਰਿਕ ਜਿਉ ਤਰਸਤ ਰਹੈ; ਤਿਨ ਕੋ ਕਉਨੁ ਹਵਾਲੁ॥੧੨੪॥ ਕਬੀਰ. ਸਾਚਾ ਸਤਿਗੁਰੁ ਕਿਆ ਕਰੈ; ਜਉ. ਸਿਖਾ ਮਹਿ ਚੂਕ॥ ਅੰਧੇ. ਏਕ ਨ ਲਾਗਈ; ਜਿਉ. ਬਾਂਸੁ ਬਜਾਈਐ ਫੂਕ॥੧੫੮॥ ਅਨੁਸਾਰ ਜਿਹੜੇ ਪੂਰਨ ਗੁਰੂ ਜੀ ਦੇ ਉਪਦੇਸ ਨੂੰ ਪੂਰਨ ਪ੍ਰੇਮ ਸਹਿਤ ਸੁਣਦੇ ਮੰਨਦੇ ਕਮਾਉਂਦੇ ਧਾਰਦੇ ਨਹੀਂ, ਉਹ (ਚਾਤ੍ਰਿਕ)ਬਾਬੀਹੇ (ਜਿਉ)ਵਾਂਗ, (ਤਰਸਤ)ਤਰਸਦੇ (ਰਹੈ)ਰਹਿੰਦੇ ਹਨ, (ਤਿਨ)ਉਨ੍ਹਾਂ (ਕੋ)ਦਾ (ਕਉਨੁ)ਕੀ (ਹਵਾਲੁ)ਹਾਲ ਹੋਵੇਗਾ? ਪੱਥਰ ਜਿਹਾ ਮੰਦਾ ਹਾਲ ਹੋਵੇਗਾ। ਪੱਥਰ ਕਈ ਜੁੱਗ ਇੱਕ ਜਗ੍ਹਾ ਹੀ ਪਿਆ ਰਹਿੰਦਾ ਹੈ। ਯਥਾ:- ਪਾਹਨ ਅਨੇਕ ਜੁਗ; ਏਕ ਠਉਰ ਵਾਸ ਕਰੈ॥ (ਸ੍ਰੀ ਦਸਮ) ਕਬਹੂ ਕੀਟ ਹਸਤਿ;ਪਤੰਗ ਹੋਇ ਜੀਆ॥ ਅਨਿਕ ਜੋਨਿ;ਭਰਮੈ ਭਰਮੀਆ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ;ਪਇਆ ਦੇਸਿ ਲੰਮੈ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਚਕਈ ਜਉ ਨਿਸਿ ਬੀਛੁਰੈ; ਆਇ ਮਿਲੈ ਪਰਭਾਤਿ॥ ਜੋ ਨਰ. ਬਿਛੁਰੇ ਰਾਮ ਸਿਉ; ਨਾ ਦਿਨ ਮਿਲੇ. ਨ ਰਾਤਿ॥੧੨੫॥ ਵਾਹਿਗੁਰੂ ਸਰੂਪ ਭਗਤ ਸ਼੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਉ)ਜਿਵੇਂ (ਚਕਈ)ਚਕਵੀ (ਨਿਸਿ)ਰਾਤ ਨੂੰ, ਚਕਵੇ ਨਾਲੋਂ (ਬੀਛੁਰੈ)ਵਿਛੁੜ ਜਾਂਦੀ ਹੈ, (ਪਰਭਾਤਿ)ਸਵੇਰ ਨੂੰ ਆਇ ਕੇ, (ਮਿਲੈ)ਮਿਲ ਪੈਂਦੀ ਹੈ। (ਜੋ)ਜਿਹੜੇ (ਨਰ)ਆਦਮੀ (ਰਾਮ)ਵਿਆਪਕ ਵਾਹਿਗੁਰੂ ਜੀ (ਸਿਉ)ਨਾਲੋਂ, ਬਿਛੁਰੇ ਹਨ, ਉਹ ਨਾ ਦਿਨ ਨੂੰ ਮਿਲੇ ਹਨ, ਨ ਰਾਤਿ ਨੂੰ॥੧੨੫॥ ਵਿਛੋੜੇ ਵਾਲੇ ਸਦਾ ਵਿਛੁੜੇ ਹੀ ਰਹਿਣਗੇ, ਕਸ਼ਟ ਹੀ ਕਸ਼ਟ ਦੁੱਖ ਹੀ ਦੁੱਖ ਭੋਗਣਗੇ। ਯਥਾ:- ਦੁਖ ਕੀਆ, ਪੰਡਾ ਖੁਲੀਆ; ਸੁਖੁ. ਨ ਨਿਕਲਿਓ ਕੋਇ॥ ਦੁਖ ਵਿਚਿ. ਜੀਉ ਜਲਾਇਆ; ਦੁਖੀਆ ਚਲਿਆ ਰੋਇ॥) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥ ਸ਼ਰੀਰ ਇੱਕ ਕ੍ਰਿਮ ਤੋਂ ਪੈਦਾ ਹੁੰਦਾ ਹੈ, ਇੱਕ ਕ੍ਰਿਮ ਜੀਵ ਜੂਨਾਂ 'ਚ ਤੁਰਿਆ ਫਿਰਦਾ ਹੈ, ਕ੍ਰਿਮ ਕ੍ਰਿਮਾਂ ਨੂੰ ਖਾਈ ਜਾਂਦੇ ਹਨ। ਜੀਵ ਅੰਦਰ ਵਿਰੋਧੀ ਜੀਵ ਪੈਦਾ ਹੋ ਕੇ, ਉਸ ਨੂੰ ਜਿਉਂਦੇ ਨੂੰ ਖਾਂਦੇ ਹਨ, ਅਤੇ ਬਹੁਤ ਤੜਫ਼ਦਾ ਹੈ। ਜਿਹੜੇ ਸੱਚੇ ਦਿਲੋਂ ਬੰਦਗੀ ਨਹੀਂ ਕਰਦੇ, ਉਨ੍ਹਾਂ ਦੇ ਸ਼ਰੀਰ ਹੀ ਵੈਰੀ ਰੋਗੀ ਸੋਗੀ ਹਨ। ਯਥਾ:- ਵਿਣੁ ਨਾਵੈ; ਵੇਰੋਧੁ ਸਰੀਰ॥) ਹਰਿ ਬਿਸਰਿਐ; ਦੁਖ ਰੋਗ ਘਨੇਰੇ॥) ਪਰਮੇਸਰ ਤੇ ਭੁਲਿਆਂ; ਵਿਆਪਨਿ ਸਭੇ ਰੋਗ॥

ਕਬੀਰ. ਰੈਨਾਇਰ ਬਿਛੋਰਿਆ; ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ; ਦੇਸਹਿ ਉਗਵਤ ਸੂਰ॥੧੨੬॥ ਭਗਤ ਸ਼੍ਰੀ ਕਬੀਰ ਸਾਹਿਬ ਜੀ. ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਹਨ। ਵਾਹਿਗੁਰੂ ਜੀ ਆਪ ਭਗਤ ਕਬੀਰ ਸਾਹਿਬ ਦੇ ਅੰਦਰ ਵਸ ਕੇ, ਖ਼ੂਬ ਬੰਦਗੀ ਕਰਕੇ, ਗੁਰਬਾਣੀ ਉਚਰਵਾ ਰਹੇ ਹਨ। ਯਥਾ:- ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਅੰਮ੍ਰਿਤ ਵੇਲੇ ਭਗਤ ਕਬੀਰ ਸਾਹਿਬ ਜੀ ਸੈਰ ਕਰ ਰਹੇ ਹਨ। ਮੰਦਰ 'ਚੋਂ ਸੰਖ ਵੱਜਣ ਦੀ ਧੁਨੀ ਸੁਣੀ। ਸਗਲ ਬੋਲਨ ਕੇ ਮਾਹਿ ਬੀਚਾਰ॥ ਹਰ ਗੱਲ 'ਚੋਂ ਮਹਾਂ ਵਿਸਮਾਦ ਸ਼ੁਭ ਸੱਚੀ ਹੀ ਸਿੱਖਿਆ ਬਖ਼ਸਦੇ ਹਨ:- (ਰੇ)ਹੇ ਸੰਖ! (ਰੈਨਾਇਰ)ਸਮੁੰਦ੍ਰ (ਮਝੂਰਿ)ਵਿੱਚ (ਰਹੁ)ਰਹੋ! ਜੇਕਰ ਤੂੰ ਗ਼ਲਤੀ ਕਰਕੇ ਆਪਣੇ ਆਪ ਨੂੰ ਸਮੁੰਦ੍ਰ ਨਾਲੋਂ (ਬਿਛੋਰਿਆ)ਵਿਛੋੜਿਆ, ਤਾਂ ਫਿਰ ਕੀ ਹਾਲ ਹੋਵੇਗਾ? (ਦੇਵਲ)ਮੰਦਰ (ਦੇਵਲ)ਮੰਦਰ 'ਚ, (ਸੂਰ)ਸੂਰਜ ਦੇ (ਉਗਵਤ)ਚੜ੍ਹਦਿਆਂ ਹੀ, (ਧਾਹੜੀ)ਧਾਹ (ਦੇਸਹਿ)ਦਿਆ ਕਰੇਂਗਾ, ਰੋਇਆ ਕਰੇਂਗਾ॥੧੨੬॥ ਕਿਉਂ ਜੋ ਸੂਰਜ ਚੜ੍ਹਨ ਦੇ ਨਾਲ ਹੀ ਮੰਦਰ 'ਚ, ਸੰਖ ਵਜਾਉਂਦੇ ਹਨ। ਯਥਾ:- ਸੰਖੁ ਸਮੁੰਦਹੁ ਸਖਣਾ; ਰੋਵੈ ਦੇ ਧਾਹਾ॥ (ਵਾਰ ੩੪)

ਕਬੀਰ. ਰੈਨਾਇਰ ਬਿਛੋਰਿਆ; ਰਹੁ ਰੇ ਸੰਖ ਮਝੂਰਿ॥ ਦੇਵਲ ਦੇਵਲ ਧਾਹੜੀ; ਦੇਸਹਿ ਉਗਵਤ ਸੂਰ॥੧੨੬॥੨:- ਪਰਮਪੂਜਨੀਕ ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ਼੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਰੇ)ਹੇ ਜੀਵ ਰੂਪੀ ਸੰਖ!, ਪੂਰਨ ਬ੍ਰਹਮ ਰੂਪੀ (ਰੈਨਾਇਰ)ਸਮੁੰਦ੍ਰ (ਮਝੂਰਿ)'ਚ, (ਰਹੁ)ਰਹਿਣਾ ਕਰ। ਜੇਕਰ ਤੂੰ ਆਪਣੇ ਆਪ ਨੂੰ ਬ੍ਰਹਮ ਰੂਪੀ ਸਮੁੰਦ੍ਰ ਨਾਲੋਂ (ਬਿਛੋਰਿਆ)ਵਿਛੋੜ ਲਿਆ? ਕਾਲ ਰੂਪੀ (ਸੂਰ)ਸੂਰਜ ਦੇ, (ਉਗਵਤ)ਚੜ੍ਹਦਿਆਂ ਹੀ, ਚੌਰਾਸੀ ਲੱਖ ਜੂਨ ਰੂਪੀ (ਦੇਵਲ)ਮੰਦਰ, ਚੌਰਾਸੀ ਲੱਖ ਜੂਨ ਰੂਪੀ (ਦੇਵਲ)ਮੰਦਰ 'ਚ, (ਧਾਹੜੀ)ਧਾਹ (ਦੇਸਹਿ)ਦੇਵੇਂਗਾ, ਰੋਵੇਂਗਾ, ਬੇਅੰਤ ਕਸ਼ਟ ਹੀ ਕਸ਼ਟ ਭੋਗੇਂਗਾ। ਯਥਾ:- ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥) ਅਨਿਕ ਸਜਾਂਈ.ਗਣਤ ਨ ਆਵੈ; ਗਰਭੈ ਗਰਭਿ ਕ੍ਰਮਾਹਿ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥)

Sri Satguru Jagjit Singh Ji eLibrary NamdhariElibrary@gmail.com

ਕਬੀਰ. ਸੂਤਾ ਕਿਆ ਕਰਹਿ; ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ. ਗੋਰ ਮਹਿ; ਸੋ ਕਿਉ ਸੋਵੈ ਸੁਖ॥੧੨੭॥ ਪ੍ਰੇਮੀਂ ਸਤਿਸੰਗੀਆਂ ਆਪ ਜੀ ਪਾਸ ਪ੍ਰੇਮ ਬੇਨਤੀ ਕੀਤੀ, "ਹੇ ਪਰਮਪੂਜਨੀਕ ਮਹਾਂਪੁਰਸ਼ੋ! ਅਸੀਂ ਕਲਜੁੱਗੀ ਜੀਵ, ਗ੍ਰਿਹਸਤ 'ਚ ਫਸੇ ਹਾਂ। ਸਾਰਾ ਦਿਨ ਕੰਮ ਧੰਦੇ ਕਰਦੇ ਹਾਂ, ਪਰ ਜਦੋਂ ਸਿਮਰਨ ਦਾ ਵਖ਼ਤ ਆਉਂਦਾ ਹੈ, ਉਦੋਂ ਨੀਂਦ ਆਉਂਦੀ ਹੈ, ਤਾਂ ਭਗਤ ਸ੍ਰੀ ਕਬੀਰ ਸਾਹਿਬ ਜੀ, ਆਪਣੇ ਮਨ ਨੂੰ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ, ਹੇ ਕਬੀਰ! ਤੂੰ ਪ੍ਰਤੱਖ (ਸੂਤਾ)ਸੁੱਤਾ (ਕਿਆ)ਕੀ (ਕਰਹਿ)ਕਰਦਾ ਹੈਂ? ਸਮਾਂ ਵਿਅਰਥ ਜਾਂਦਾ ਹੈ। (ਜਾਗੁ)ਜਾਗਣਾ ਕਰ, ਅਨੇਕ ਤਰ੍ਹਾਂ ਦੇ ਭੈ ਅਤੇ ਜਨਮ ਮਰਨ ਰੋਗ ਕਲੇਸ਼ ਵਿਕਾਰ ਔਗੁਣ ਅਤੇ ਵਾਹਿਗੁਰੂ ਜੀ ਦੇ ਵਿਛੋੜੇ ਦੇ ਦੁੱਖ ਨੂੰ ਚੇਤੇ ਕਰਕੇ (ਰੋਇ)ਰੋਣਾ ਕਰ। ਯਥਾ:- ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥) ਵਿਧਣ ਖੂਹੀ; ਮੁੰਧ ਇਕੇਲੀ॥ ਨਾ ਕੋ ਸਾਥੀ; ਨਾ ਕੋ ਬੇਲੀ॥) ਸੰਸਾ ਇਹੁ ਸੰਸਾਰੁ ਹੈ; ਜਨਮ ਮਰਣ ਵਿਚਿ ਦੁਖ ਸਬਾਇਆ॥ (ਵਾਰ ੧) ਬਾਬਾ ਹੋਰੁ ਸਉਣਾ; ਖੁਸੀ ਖੁਆਰੁ॥ ਜਿਤੁ ਸੁਤੈ. ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥ ਜ਼ਿਆਦਾ ਸੌਣ ਨਾਲ ਮਨ 'ਚ ਵਿਕਾਰ ਚਲਦੇ ਹਨ, ਸ੍ਰੀਰ ਆਲਸੀ ਦਲਿੱਦ੍ਰੀ ਰੋਗੀ ਹੁੰਦਾ, ਕਾਰੋਬਾਰ 'ਚ ਪਿੱਛੇ ਚਲਿਆ ਜਾਂਦਾ। (ਭੈ) ਸਤ ਪ੍ਰਕਾਰ ਦਾ ਭੈ:- [1]ਯਹ ਭੈ [2]ਪ੍ਰਲੋਕ ਭੈ, [3]ਜਨਮ ਬੇਦਨਾ, [4]ਜਾਤ। [5]ਅਨਰੱਖਿਆ ਅਰ [6]ਗੁਪਤ ਭੈ, [7]ਅਕਸ ਮਾਤ੍ਰ ਭੈ ਸਾਤ। [1]ਇਸ ਲੋਕ ਦਾ ਭੈ, [2]ਜਮਾਂ ਦਾ ਭੈ, [3]ਜਨਮ ਦੀ ਬੇਦਨਾ ਪੀੜਾ ਦਾ ਭੈ, [4]ਜਾਤੀ 'ਤੇ ਵਿਪਤਾ ਪੈਣੀ, ਜਿਵੇਂ ੧੯੮੪ ਦੇ ਦੰਗਿਆਂ ਵੇਲੇ ਸਿੱਖਾਂ 'ਤੇ ਹਿੰਦ 'ਚ ਪਈ। [5]ਜਿੱਥੇ ਰੱਖਿਆ ਨਾ ਹੋ ਸਕਦੀ ਹੋਵੇ, [6]ਅੰਦਰੋਂ ਗੁਪਤ ਭੈ ਆਉਣਾ, [7]ਅਕਸ ਮਾਤ੍ਰ ਡਰ, ਜਿਵੇਂ ਗੱਡੀ ਹੇਠ ਆ ਜਾਣਾ।

ਜਾ ਕਾ ਬਾਸਾ. ਗੋਰ ਮਹਿ; ਸੋ ਕਿਉ ਸੋਵੈ ਸੁਖ॥੧੨੭॥ (ਜਾ)ਜਿਨਾਂ (ਕਾ)ਦਾ ਬਾਸਾ (ਗੋਰ)ਕਬਰ (ਮਹਿ)'ਚ ਹੈ, (ਸੋ)ਉਹ ਕਿਉ ਸੁਖ ਨਾਲ (ਸੋਵੈ)ਸੌਂਦੇ ਹਨ, ਉੱਠ ਕੇ ਬੰਦਗੀ ਕਿਉਂ ਨਹੀਂ ਕਰਦੇ॥੧੨੭॥ ਯਥਾ:- ਕਿਆ ਸੋਵਹਿ. ਨਾਮੁ ਵਿਸਾਰਿ; ਗਾਫਲ ਗਹਿਲਿਆ॥ ਕਿਤੀ ਇਤੁ ਦਰੀਆਇ; ਵੰਞਨ੍ਹਿ ਵਹਦਿਆ॥੧॥) ਜਾਗਹੁ ਜਾਗਹੁ ਸੂਤਿਹੋ; ਚਲਿਆ ਵਣਜਾਰਾ॥) ਜਾਗਿ ਲੇਹੁ ਰੇ ਮਨਾ, ਜਾਗਿ ਲੇਹੁ; ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ; ਸੋ ਭੀ. ਸੰਗ ਨ ਹੋਇਆ॥੧॥) ਸੋਇ ਰਹੀ; ਪ੍ਰਭ. ਖਬਰਿ ਨ ਜਾਨੀ॥ ਭੋਰੁ ਭਇਆ; ਬਹੁਰਿ ਪਛੁਤਾਨੀ॥੧॥) ਮੇਰਾ ਸਹੁ ਜਾਗੈ; ਹਉ ਨਿਸਿ ਭਰਿ ਸੋਵਾ॥੧॥ ਇਉ; ਕਿਉ ਕੰਤ ਪਿਆਰੀ ਹੋਵਾ॥) ਇਸ ਲਈ ਗਿਆਨ ਅਵਸਥਾ 'ਚ ਜਾਗਣਾ ਸਹੀ ਸੱਚਾ ਹੈ। ਯਥਾ:- ਗੁਰਮੁਖਿ ਜਾਗਿ ਰਹੇ; ਚੂਕੀ ਅਭਿਮਾਨੀ ਰਾਮ॥) ਸਤਿਗੁਰੁ ਜਾਗਤਾ ਹੈ ਦੇਉ॥ ਜੇ ਨੀਂਦ ਜ਼ਿਆਦਾ ਸਤਾਵੇ, ਇਨ੍ਹਾਂ ਪਦਾਂ ਦਾ ਅਭਿਆਸ ਕਰਨ ਨਾਲ ਘਟੇਗੀ। ਦੁਖ ਰੂਪ ਭੈਦਾਇਕ ਸੰਸਾਰ ਤੋਂ, ਵਾਹਿਗੁਰੂ ਜੀ ਦੇ ਸਿਮਰਨ 'ਚ ਜਾਗ ਕੇ ਤਰਨ ਦਾ ਯਤਨ ਕਰਨ।

ਕਬੀਰ. ਸੂਤਾ ਕਿਆ ਕਰਹਿ; ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ; ਲਾਂਬੇ ਗੋਡ ਪਸਾਰਿ॥੧੨੮॥ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ, ਅਪਣੇ ਆਪ ਨੂੰ ਉਪਦੇਸ਼ ਦਿੰਦੇ ਹਨ:- ਹੇ ਕਬੀਰ! ਤੂੰ ਸ੍ਰੀਰ ਕਰਕੇ ਅਥਵਾ ਔਗੁਣਾਂ ਕਰਕੇ, ਸੂਤਾ ਕਿਆ (ਕਰਹਿ)ਕਰਦਾ ਹੈਂ। ਉਠਿ (ਕਿ)ਕੇ (ਮੁਰਾਰਿ)ਅਕਾਲ ਪੁਰਖ ਵਾਹਿਗੁਰੂ ਜੀ ਦਾ ਨਾਮ ਕਿਉਂ (ਨ)ਨਹੀਂ (ਜਪਹਿ)ਜਪਦਾ। ਇਕ ਦਿਨ (ਲਾਂਬੇ)ਲੰਬੇ (ਗੋਡ)ਗੋਡੇ ਪਸਾਰਿ ਕੇ, ਸਦਾ ਦੀ ਨੀਂਦ (ਸੋਵਨੁ)ਸੌਣਾ (ਹੋਇਗੋ)ਹੋਵੇਗਾ, ਮੁੜ ਕੇ, ਬੰਬ ਚਲਾਇਆਂ ਭੀ ਨਹੀਂ ਜਾਗਣਾ॥੧੨੮॥

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਆਪਜੀ ਸਾਵਧਾਨ ਕਰਦੇ ਹਨ, ਕਿ ਭਾਈ! ਤੂੰ ਪਾਪਾਂ ਵਿਕਾਰਾਂ ਨਿੰਦਾ ਔਗੁਣ ਵਿਸ਼ਿਆਂ 'ਚ ਸੁੱਤਾ ਕੀ ਕਰਦਾ ਹੈਂ? ਔਗੁਣ ਤਿਆਗਣ ਰੂਪ ਉਠ ਕੇ ਵਾਹਿਗੁਰੂ ਜੀ ਦਾ ਜਾਪ ਕਿਉਂ ਨਹੀਂ ਕਰਦਾ? ਇਹ ਯਾਦ ਰੱਖ ਲੈ ਇੱਕ ਦਿਨ ਲੰਬੇ ਗੋਡੇ ਪਸਾਰ ਕੇ ਪੈਣਾ ਹੋਵੇਗਾ, ਗੋਡੇ ਪਸਾਰੇ ਮੁੜ ਕੇ ਇਕੱਠੇ ਨਹੀਂ ਹੋਣਗੇ, ਸਦਾ ਦੀ ਨੀਂਦ ਸੌਂ ਜਾਵੇਗਾ। ਇਸ ਲਈ ਸਾਰੇ ਖਿਆਲ ਛੱਡ ਕੇ ਵਾਹਿਗੁਰੂ ਜੀ ਦਾ ਸਿਮਰਨ ਕਰ। ਯਥਾ:- ਛਣਿ ਘਾਲੇ. ਸਭ ਦਿਵਸ ਸਾਸ; ਨਹ ਬਢਨ ਘਟਨ ਤਿਲੁ ਸਾਰ॥ ਜੀਵਨ ਲੋਰਹਿ ਭਰਮ ਮੋਹ; ਨਾਨਕ. ਤੇਊ ਗਵਾਰ॥੧॥) (ਇਤਨਾ- ਕੁ) ਜਨਨੀ ਜਾਨਤ. ਸੁਤੁ ਬਡਾ ਹੋਤੁ ਹੈ; ਇਤਨਾਕੁ ਨ ਜਾਨੈ; ਜਿ ਦਿਨ ਦਿਨ ਅਵਧ ਘਟਤੁ ਹੈ॥) ਬੈਸਤ ਬਾਰਾਂ ਚਲਤੇ ਅਠਾਰਾਂ; ਸੋਵਤ ਚਾਲੈ ਤੀਸ, ਮੈਥਨ ਕਰਤਿਆਂ ਪੈਂਸਠ ਚਾਲੈ; ਕਿਉਂ ਨਾ ਭਜੈ ਜਗਦੀਸ॥) ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ ਬਜਰ ਸਿਰਿ ਪਰੈ॥੧॥) ਬੁਰੇ ਕਾਮ ਕਉ; ਊਠਿ ਖਲੋਇਆ॥ ਨਾਮ ਕੀ ਬੇਲਾ; ਪੈ ਪੈ ਸੋਇਆ॥੧॥

ਕਬੀਰ. ਸੂਤਾ ਕਿਆ ਕਰਹਿ; ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ; ਤਾ ਹੀ ਕੇ ਸੰਗ ਲਾਗੁ॥੧੨੯॥ ਨੀਂਦ ਤਾਂ ਜੋਗੀਆਂ ਨੂੰ ਭੀ ਖ਼ਰਾਬ ਕਰਦੀ ਹੈ। ਇਸ ਲਈ ਨੀਂਦ ਘਟਾਉਣ ਲਈ ਤੜਕੇ ਤੋਂ ਬਿਨਾ, ਥੋੜਾ ਸਾਦਾ ਪਦਾਰਥ ਛਕਣਾ ਚਾਹੀਦਾ ਹੈ। ਯਥਾ:- ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਸਖ਼ਤ ਸੇਵਾ ਜਾਂ ਸਖ਼ਤ ਕਸਰਤ ਕਰੋ ਤਾਂ ਆਲਸ ਘਟਦਾ ਹੈ। ਸਖ਼ਤ ਕਸਰਤ ਕਰਨ ਦੇ ਕ੍ਰੋੜਾਂ ਹੀ ਲਾਭ ਹਨ। ਤਲੇ ਪਦਾਰਥ ਤਾਂ ਬਹੁਤ ਆਲਸ ਪਾਉਂਦੇ ਹਨ, ਸ੍ਰੀਰ ਨੂੰ ਰੋਗ ਲਾ ਦਿੰਦੇ ਹਨ। ਯਥਾ:- ਭਾਂਤ ਭਾਂਤ ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਸਰੂਪ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਕਬੀਰ! ਤੂੰ (ਸੂਤਾ)ਸੁੱਤਾ (ਕਿਆ)ਕੀ (ਕਰਹਿ)ਕਰਦਾ ਹੈ, ਬੈਠਾ ਰਹੁ (ਅਰੁ)ਅਤੇ, ਸਾਵਧਾਨ ਹੋ ਕੇ ਸਿਮਰਨ 'ਚ (ਜਾਗੁ)ਜਾਗਣਾ ਕਰ। ਸਿਮਰਨ ਕਰਕੇ ਰੱਜ ਲੈ, ਨਹੀਂ ਤਾਂ ਪਿਛੋਂ ਪਛਤਾਉਂਣਾ ਹੀ ਪਵੇਗਾ। ਯਥਾ:- ਕਿਆ ਸੋਵਹਿ. ਨਾਮੁ ਵਿਸਾਰਿ; ਗਾਫਲ ਗਹਿਲਿਆ॥ ਕਿਤੀ ਇਤੁ ਦਰੀਆਇ; ਵੰਞਨ੍ਹਿ ਵਹਦਿਆ॥੧॥ ਬੋਹਿਥੜਾ ਹਰਿ ਚਰਣ; ਮਨ ਚੜਿ ਲੰਘੀਐ॥) ਜਾਗਹੁ ਜਾਗਹੁ ਸੂਤਿਹੋ; ਚਲਿਆ ਵਣਜਾਰਾ॥)
ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਜਿਵੇਂ ਮਨ ਬਹੁਤ ਦੂਰ ੨ ਦੇਸ਼ਾਂ ਪ੍ਰਦੇਸ਼ਾਂ ਚਾਰ ਚੁਫ਼ੇਰੇ ਭੱਜਿਆ ਫਿਰਦਾ ਹੈ। ਯਥਾ:- ਕਬਹੂ ਜੀਅੜਾ. ਊਭਿ ਚੜਤੁ ਹੈ; ਕਬਹੂ. ਜਾਇ ਪਇਆਲੇ॥ ਲੋਭੀ ਜੀਅੜਾ. ਥਿਰੁ ਨ ਰਹਤੁ ਹੈ; ਚਾਰੇ ਕੁੰਡਾ ਭਾਲੇ॥) ਹੇ ਭਾਈ! ਤੂੰ ਮਹਾਰਾਜ ਸਾਹਿਬ ਜੀ ਦੇ ਚਰਨਾ 'ਚ, ਸਾਵਧਾਨ ਏਕਾਗਰ ਚੀਤ॥ ਹੋ ਕੇ ਟਿਕ ਕੇ ਬਹਿ ਜਾ। ਜਿਵੇਂ ਕਿਹਾ, ਕਈ ਕੋਟਿ; ਬੈਠਤ ਹੀ ਖਾਹਿ॥ ਕਈ ਕ੍ਰੋੜਾਂ ਜੀਵ ਅੰਤਰਮੁਖ ਹੋ ਕੇ ਮਹਾਰਾਜ ਸਾਹਿਬ ਜੀ ਦੇ ਸਨਮੁਖ ਹੋ ਕੇ ਸੰਕਲਕਪ ਵਿਕਲਪ ਤਿਆਗ ਕੇ, ਮਹਾਰਾਜ ਦੇ ਰਸ ਪ੍ਰੇਮ ਇਕਾਗ੍ਰਤਾ 'ਚ ਬੈਠੇ ਹੀ ਬ੍ਰਹਮਾਨੰਦ ਰਸ ਨੂੰ ਖਾਂਦੇ ਹਨ। ਇਸ ਤਰ੍ਹਾਂ ਅਫ਼ੁਰ ਅਵਸਥਾ 'ਚ ਬੈਠਾ ਰਹੁ ਅਤੇ, ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥) ਬ੍ਰਹਮਗਿਆਨੀ ਸਗਲ ਕੀ ਰੀਨਾ॥ ਬ੍ਰਹਮ ਅਵਸਥਾ 'ਚ, ਜਾਗਦਾ ਭੀ ਰਹੁ। ਯਥਾ:- ਜਾਗੁ ਰੇ ਮਨ; ਜਾਗਨਹਾਰੇ॥) ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ॥ ਰਸਨਾ ਸੋਈ; ਲੋਭਿ ਮੀਠੈ ਸਾਦਿ॥ ਮਨੁ ਸੋਇਆ; ਮਾਇਆ ਬਿਸਮਾਦਿ॥ ਇਨ੍ਹਾਂ ਵਿਕਾਰਾਂ ਔਗੁਣਾ ਵੱਲੋਂ ਜਾਗਣਾ ਭੀ ਕਰ। ਗੁਰਮੁਖਿ ਜਾਗਿ ਰਹੇ; ਚੂਕੀ ਅਭਿਮਾਨੀ ਰਾਮ॥)

ਜਾ ਕੇ ਸੰਗ ਤੇ ਬੀਛੁਰਾ; ਤਾ ਹੀ ਕੇ ਸੰਗ ਲਾਗੁ॥੧੨੯॥ (ਜਾ)ਜਿਨ੍ਹਾਂ ਵਾਹਿਗੁਰੂ ਜੀ (ਕੇ)ਦੇ ਸੰਗ (ਤੇ)ਤੋਂ (ਬੀਛੁਰਾ)ਵਿਛੁੜਿਆ ਹੈਂ, (ਤਾ)ਤਿਨ੍ਹਾਂ (ਕੇ)ਦੇ ਹੀ ਚਰਨ- ਕਮਲਾਂ ਸੰਗਿ (ਲਾਗੁ)ਲੱਗਣਾ ਕਰ॥੧੨੯॥ ਯਥਾ:- ਨੀਦ ਸੁਹੇਲੀ; ਨਾਮ ਕੀ ਲਾਗੀ ਭੂਖ॥ ਹਰਿ ਸਿਮਰਤ; ਬਿਨਸੇ ਸਭ ਦੂਖ॥੨॥) ਸਦਾ ਸਦਾ ਸਿਮਰਿ; ਦਿਨੁ

Sri Satguru Jagjit Singh Ji eLibrary NamdhariElibrary@gmail.com

ਰਾਤਿ॥ ਊਠਤ ਬੈਠਤ; ਸਾਸਿ ਗਿਰਾਸਿ॥ ਜਾਗੁ ਸੋਇ; ਸਿਮਰਨ ਰਸ ਭੋਗ॥ ਹਰਿ ਸਿਮਰਨੁ; ਪਾਈਐ ਸੰਜੋਗ॥੭॥ ਸੁਪਨੇ 'ਚ ਭੀ ਮਹਾਰਾਜ ਦੇ ਦਰਸ਼ਨ ਹੋਣਗੇ। ਸੁਪਨੇ 'ਚ ਭੀ ਗੁਰਬਾਣੀ ਬਰੜਾਏਂਗਾ।

ਜੁਆਨੀ ਮਸਤਾਨੀ ਨੀਂਦ:- ਜੁਆਨ ਰਾਗੀ ਤਖ਼ਤ ਸਿੰਘ ਜੀ ਨੇ ਦੱਸਿਆ, "ਮੈਨੂੰ ਨੀਂਦ ਬੜੀ ਹੀ ਪਿਆਰੀ ਸੀ, ਭਾਵੇਂ ਪਰਮਪੂਜਨੀਕ ਬਾਬੇ ਪ੍ਰੇਮ ਸਿੰਘ ਜੀ ਹੋਤੀ ਮਰਦਾਨ ਵਾਲਿਆਂ ਨੇ ਬਹੁਤ ਹੀ ਕਹਿਣਾ, ਭਾਈ! ਤੜਕੇ ਪੂਰੇ ਸਮੇਂ 'ਤੇ ਡਿਊਟੀ 'ਤੇ ਆ ਕੇ, ਕੀਰਤਨ ਕਰਕੇ ਪੂਰਨ ਗੁਰੂ ਜੀ ਦੀਆਂ ਲੱਖਾਂ ਖੁਸ਼ੀਆਂ ਪਾਤਿਸਾਹੀਆਂ ਪਰਾਪਤਿ ਕਰਿਆ ਕਰੋ, ਪਰ ਮੈਨੂੰ ਨੀਂਦ ਬਹੁਤ ਤੰਗ ਕਰਦੀ ਸੀ, ਭਾਈ ਸਰਬ ਸਿੰਘ ਜੀ ਨੇ ਬਾਹਰੋਂ ਆ ਕੇ ਰੱਸੀ ਖਿੱਚਣੀ, ਜੋ ਮੈਂ ਸੌਣ ਸਮੇਂ, ਅਪਣੇ ਪੈਰ ਨਾਲ ਬੰਨ੍ ਕੇ ਸੌਂਦਾ ਸਾਂ"।

ਕਬੀਰ. ਸੰਤ ਕੀ ਗੈਲ, ਨ ਛੋਡੀਐ; ਮਾਰਗਿ ਲਾਗਾ ਜਾਉ॥ ਪੇਖਤ ਹੀ ਪੁੰਨੀਤ ਹੋਇ; ਭੇਟਤ ਜਪੀਐ ਨਾਉ॥੧੩੦॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਆਪਣੇ ਮਨ ਨੂੰ ਸ਼ੁਭ ਉਪਦੇਸ਼ਦੇ ਹਨ:- ਹੇ ਮਨ! ਜਿਨਾ ਸਾਸਿ ਗਿਰਾਸਿ. ਨ ਵਿਸਰੈ; ਸੇ ਹਰਿ ਜਨ ਪੂਰੇ. ਸਹੀ ਜਾਣਿ॥ ਅਨੁਸਾਰ ਸੰਤ ਮਹਾਂਪੁਰਸ਼ ਪ੍ਰੇਮਾ- ਭਗਤੀ ਸਹਿਤ. ਸੀਸ ਅਰਪਣ ਰੂਪ ਮਾਰਗ 'ਤੇ ਚੱਲਦੇ ਹਨ, ਦ੍ਰਿੜਤਾ ਪ੍ਰਪੱਕਤਾ ਨਾਲ, ਸੰਤ ਜੀ (ਕੀ)ਦਾ (ਗੈਲ)ਪਿੱਛਾ (ਨ)ਨਹੀਂ (ਛੋਡੀਐ)ਛੱਡੀਏ, ਉਨ੍ਹਾਂ ਦੇ, ਸੀਸ ਅਰਪਣ ਰੂਪ (ਮਾਰਗਿ)ਰਸਤੇ ਮਗਰ (ਲਾਗਾ)ਲੱਗੇ ਜਾਉ। ਯਥਾ:- ਗਉੜੀ ਮਹਲਾ ਪ॥ ਪ੍ਰਭ ਮਿਲਬੇ ਕਉ; ਪ੍ਰੀਤਿ ਮਨਿ ਲਾਗੀ॥ ਪਾਇ ਲਗਉ. ਮੋਹਿ ਕਰਉ ਬੇਨਤੀ; ਕੋਊ ਸੰਤੁ. ਮਿਲੈ ਬਡਭਾਗੀ॥੧॥ ਰਹਾਉ॥ ਮਨੁ ਅਰਪਉ. ਧਨੁ ਰਾਖਉ ਆਗੈ; ਮਨ ਕੀ ਮਤਿ. ਮੋਹਿ ਸਗਲ ਤਿਆਗੀ॥ ਜੋ. ਪ੍ਰਭ ਕੀ ਹਰਿ ਕਥਾ ਸੁਨਾਵੈ; ਅਨਦਿਨੁ ਫਿਰਉ. ਤਿਸੁ ਪਿਛੈ ਵਿਰਾਗੀ॥੧॥) ਮੇਰੋ ਸੁੰਦਰੁ; ਕਹਹੁ ਮਿਲੈ ਕਿਤੁ ਗਲੀ॥ ਹਰਿ ਕੇ ਸੰਤ. ਬਤਾਵਹੁ ਮਾਰਗੁ; ਹਮ ਪੀਛੈ ਲਾਗਿ ਚਲੀ॥) ਛੋਡਿ ਸਿਆਨਪ. ਬਹੁ ਚਤੁਰਾਈ; ਦੁਇ ਕਰ ਜੋੜਿ. ਸਾਧ ਮਗਿ ਚਲੁ॥ ਸਿਮਰਿ ਸੁਆਮੀ. ਅੰਤਰਜਾਮੀ; ਮਾਨੁਖ ਦੇਹ ਕਾ. ਇਹੁ ਊਤਮ ਫਲੁ॥੧॥) ਕਬੀਰ. ਸਾਧੂ ਕੀ ਸੰਗਤਿ ਰਹਉ ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ ਨ ਜਾਉ॥) ਕੋਟਿ ਅਪ੍ਰਾਧ; ਸਾਧਸੰਗਿ ਮਿਟੈ॥ ਸੰਤ ਕ੍ਰਿਪਾ ਤੇ; ਜਮ ਤੇ ਛੁਟੈ॥) ਅਨਿਕ ਬਿਘਨ ਤੇ; ਸਾਧੂ ਰਾਖੈ॥ ਹਰਿ ਗੁਨ ਗਾਇ; ਅੰਮ੍ਰਿਤ ਰਸੁ ਚਾਖੈ॥) ਕੋਟਿ ਅਪ੍ਰਾਧੀ.ਸੰਤ ਸੰਗਿ ਉਧਰੈ; ਜਮੁ ਤਾ ਕੈ ਨੇੜਿ ਨ ਆਵੈ॥ ਜਨਮ ਜਨਮ ਕਾ ਬਿਛੁੜਿਆ ਹੋਵੈ; ਤਿਨ੍ ਹਰਿ ਸਿਉ ਆਣਿ ਮਿਲਾਵੈ॥) ਮਹਾਂਪੁਰਸ਼ਾਂ ਦੇ ਦਰਸ਼ਨ (ਪੇਖਤ)ਦੇਖਦਿਆਂ ਹੀ, ਮਨ ਬਾਣੀ ਸ੍ਰੀਰ ਕਰਕੇ (ਹੀ)ਨਿਸਚੇ ਕਰਕੇ, (ਪੁੰਨੀਤ)ਪਵਿਤ੍ਰ ਪਵਿਤ੍ਰ; ਪਵਿਤ੍ਰ ਪੁਨੀਤ॥ ਹੋਇ ਜਾਈਦਾ ਹੈ। (ਭੇਟਤ)ਦਰਸ਼ਨ ਕਰਨ ਨਾਲ, ਆਪ ਮੁਹਾਰਾ ਵਾਹਿਗੁਰੂ ਜੀ ਦਾ (ਨਾਉ)ਨਾਮ (ਜਪੀਐ)ਜਪੀਦਾ ਹੈ, ਸੰਤਾਂ ਮਹਾਂਪੁਰਸ਼ਾਂ ਜੀ ਦੇ ਅਮੋਲਕ ਸੁੰਦਰ ਦਰਸ਼ਨ ਕਰਨ ਨਾਲ, ਕੋਟਿ ਅਪਰਾਧ ਪਾਪ ਕੱਟੇ ਜਾਂਦੇ ਹਨ। ॥੧੩੦॥ ਯਥਾ:- ਆਵੈ ਸਾਹਿਬੁ ਚਿਤਿ; ਤੇਰਿਆ ਭਗਤਾ ਡਿਠਿਆ॥) ਮੇਰਾ ਮਨੁ; ਸਾਧ ਜਨਾਂ ਮਿਲਿ ਹਰਿਆ॥) ਇਹ ਦੱਸ ਰਹੇ ਹਨ ਕਿ ਮਹਾਂਪੁਰਸ਼ਾਂ ਦੀ ਸੁਸੰਗਤ ਕਰਕੇ ਲਾਹਾ ਖੱਟੋ, ਸਾਹ ਦਾ ਪਤਾ ਨਹੀਂ। ਜਿਹੜੇ ਨਸ਼ਿਆਂ ਕੁਕਰਮਾ 'ਚ ਲੱਗ ਜਾਂਦੇ ਹਨ, ਉਹ ਪੂਰਨ ਕ੍ਰਿਪਾ ਬਿਨ, ਮਹਾਰਾਜ ਵੱਲ ਨਹੀਂ ਲੱਗ ਸਕਦੇ। ਇਸ ਲਈ ਸਾਵਧਾਨ ਕਰਦੇ ਹਨ ਕਿ ਸਮਾਂ ਵਿਅਰਥ ਨ ਜਾਵੇ।

ਕਬੀਰ. ਸਾਕਤ ਸੰਗੁ, ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥੧੩੧॥ ਪ੍ਰੇਮੀਆਂ ਕਿਹਾ,"ਹੇ ਮਹਾਂਪੁਰਸ਼ੋ! ਸਾਕਤ ਤੋਂ ਕਿਉਂ ਡਰਾਉਂਦੇ ਹੋ? ਪਰਮਪੂਜਨੀਕ ਸ੍ਰਬ ਵਿਆਪੀ

Sri Satguru Jagjit Singh Ji eLibrary NamdhariElibrary@gmail.com

ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਾਕਤ)ਹਰਿ ਜਸੁ ਸੁਨਹਿ ਨ ਹਰਿ ਗੁਨ ਗਾਵਹਿ॥ ਬਾਤਨ ਹੀ; ਅਸਮਾਨੁ ਗਿਰਾਵਹਿ॥ ਨਾਸਤਕ ਗੁਰਦ੍ਰੋਹੀ ਅਕ੍ਰਿਤਘਣ ਨਿੰਦਕ ਕਪਟੀ ਨਾਮ ਹੀਨ ਕਠੋਰ ਚਿਤ, ਦੀ (ਸੰਗੁ)ਕੁਸੰਗਤ, ਕਦੇ ਭੁੱਲ ਕੇ ਭੀ ਨ (ਕੀਜੀਐ)ਕਰੀਐ (ਦੂਰਹਿ)ਦੂਰੋਂ ਹੀ (ਭਾਗਿ)ਭੱਜ ਜਾਈਐ। ਕਿਉਂਕਿ ਜੇਕਰ (ਕਾਰੋ)ਕਾਲਾ (ਬਾਸਨੁ)ਬਰਤਨ (ਪਰਸੀਐ)ਛੂਹੀਏ, (ਤਉ)ਤਾਂ ਚਿੱਟੇ ਬਸਤ੍ਰ ਨੂੰ (ਕਛੁ)ਕੁੱਝ ਦਾਗੁ ਜ਼ਰੂਰ ਬਰ ਜ਼ਰੂਰ ਹੀ (ਲਾਗੈ)ਲੱਗ ਜਾਂਦਾ ਹੈ॥੧੩੧॥ ਇਸ ਲਈ ਕਾਲੇ ਸਾਕਤ ਦੀ ਕੁਸੰਗਤ ਦਾਗ਼ ਜ਼ਰੂਰ ਲਾਵੇਗੀ, ਜੀਵਨ ਵਿਕਾਰੀ ਕਲੰਕੀ ਹੋ ਜਾਵੇਗਾ। ਯਥਾ:- ਸੰਗਿ ਕੁਸੰਗੀ ਬੈਸਤੇ; ਤਬ ਪੂਛੈ ਧਰਮਰਾਇ॥) ਸਾਕਤ ਕੀ; ਐਸੀ ਹੈ ਰੀਤਿ॥ ਜੋ ਕਿਛੁ ਕਰੈ; ਸਗਲ ਬਿਪਰੀਤਿ॥੨॥) ਸਾਕਤ ਸਿਉ. ਮਨ ਮੇਲੁ ਨ ਕਰੀਅਹੁ; ਜਿਨਿ ਹਰਿ ਹਰਿ ਨਾਮੁ ਬਿਸਾਰੇ॥) ਮਾਗਉ ਦਾਨੁ. ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ. ਸਾਕਤ ਸੰਗਿ, ਨ ਜੁਟਸੀ ਰੇ॥ ਜਨ ਨਾਨਕ. ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ. ਸਾਧ ਪਗਾ ਹੇਠਿ ਰੁਲਸੀ ਰੇ॥) ਦੁਸਟ ਨਾਰ ਕੋ ਬੋਲਤੇ, ਸਠ ਕੋ ਸਿੱਖਿਆ ਦੇਇ। ਸਾਕਤ ਕੀ ਸੰਗਤ ਕੀਏ ਪੰਡਤ ਭੀ ਦੁੱਖ ਲੇਇ। ਅਨੁਸਾਰ, ਸਾਧੂਆਂ ਮਹਾਂਪੁਰਸ਼ਾਂ ਦੀਆਂ ਤਲੀਆਂ ਥੱਲੇ ਭਾਵੇਂ ਸਿਰ ਰੁਲ ਜਾਵੇ, ਵੱਢ ਕੇ ਸਿਰ ਦੇ ਦੇਈਏ। ਪਰ ਮਹਾਰਾਜ ਕ੍ਰਿਪਾ ਕਰੋ ਦਾਸ ਦਾਨ ਮੰਗਦਾ, ਦਾਸ ਨੂੰ ਦਾਨ ਬਖ਼ਸ਼ੋ, ਮੇਰਾ ਮੂੰਹ ਸਾਕਤ ਨਾਲ ਨਾ ਜੁੜੇ। ਸਾਕਤ ਤੋਂ ਦੂਰ ਰਹਿਣ ਬੜਾ ਵੱਡਾ ਗੁਣ ਹੈ। ਦੂਰ ਰਹਿਣ ਵਾਲਾ ਸਿਮਰਨ ਕਰੇਗਾ, ਸਾਕਤ ਦੀ ਬਹੁ ਸੰਮਤੀ ਨ ਹੋਣ ਤੋਂ ਉਸ ਨੂੰ ਹਾਰ ਹੋਵੇਗੀ, ਜੀਆਂ ਨੂੰ ਲੁੱਟਣੋਂ ਖ਼ਰਾਬੀਆਂ ਤੋਂ ਹਟੇਗਾ। ਜਿਵੇਂ ਬੜੇ ੨ ਜ਼ਾਲਮ ਹੋਏ ਹਨ, ਜਿਹੜੇ ਉਨ੍ਹਾਂ ਦੇ ਕੁਸੰਗੀ ਸਨ, ਉਸ ਦਾ ਆਸਰਾ ਬਣੇ ਤਾਂ ਉਨ੍ਹਾਂ ਨੇ ਜ਼ੁਲਮ ਕੀਤੇ, ਜੇ ਉਨ੍ਹਾਂ ਦਾ ਪੱਖ ਛੱਡ ਦਿੰਦੇ, ਤਾਂ ਮਾੜੇ ਕਰਮਾਂ ਤੋਂ ਹਾਰ ਹੋ ਜਾਂਦੀ।

ਕਬੀਰਾ. ਰਾਮੁ ਨ ਚੇਤਿਓ; ਜਰਾ. ਪਹੂੰਚਿਓ ਆਇ॥ ਲਾਗੀ ਮੰਦਿਰ ਦੁਆਰ ਤੇ; ਅਬ ਕਿਆ ਕਾਢਿਆ ਜਾਇ॥੧੩੨॥ (ਕਬੀਰਾ) ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! (ਰਾਮੁ) ਕੋਟਿ ਬ੍ਰਹਮੰਡ ਕੋ. ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥) ਅਨੇਕ ਹੈਂ॥ ਫਿਰ ਏਕ ਹੈਂ॥ ਸ੍ਰਬ ਵਿਆਪੀ ਵਾਹਿਗੁਰੂ ਜੀ (ਚੇਤਿਓ)ਚੇਤੇ ਸਿਮਰੇ (ਨ)ਨਹੀਂ, ਬਾਲਕ ਅਵਸਥਾ ਖਾਣ ਪੀਣ 'ਚ, ਜੁਆਨੀ ਵਿਕਾਰਾਂ ਧੰਦਿਆਂ ਜ਼ੁਲਮ 'ਚ ਗੁਆ ਲਈ, ਹੁਣ (ਜਰਾ)ਬੁਢੇਪਾ, ਕਾਲ਼ ਸਮਾਂ, ਆਇ (ਪਹੂੰਚਿਓ)ਪਹੁੰਚਿਆ ਹੈ। (ਮੰਦਿਰ)ਮਕਾਨ ਦੇ (ਦੁਆਰ)ਬੂਹੇ ਤੇ, ਕਾਲ਼ ਰੂਪ ਅੱਗ ਲਾਗੀ ਤੋਂ (ਅਬ)ਹੁਣ, ਅੰਦਰੋਂ (ਕਿਆ)ਕੀ (ਕਾਢਿਆ)ਕੱਢਿਆ (ਜਾਇ)ਜਾਵੇਗਾ? ਜਦੋਂ ਪਹਿਲੀ ਉਮਰ 'ਚ, ਗੁਰੂ ਸੇਵਾ ਸਿਮਰਨ ਸਤਿ ਸੰਤੋਖ ਦਇਆ ਧਰਮ ਵੀਚਾਰ ਗੁਣ ਨਹੀਂ ਕਮਾਏ, ਹੁਣ ਭਜਨ ਸਿਮਰਨ ਸ਼ੁਭ ਗੁਣ ਕੀ ਪ੍ਰਗਟ ਕਰ ਲਵੇਗਾ?॥੧੩੨॥

{ਧ੍ਰਮਾਤਮਾ ਰਾਜੇ, ਧੌਲੇ ਆਉਣ ਤੋਂ ਰਾਜ ਵਿਕਾਰ ਛੱਡ ਕੇ, ਤਪ ਕਰਨ ਲੱਗ ਜਾਂਦੇ। ਅੱਜ ਕੱਲ ਕਹਿੰਦੇ ਧੌਲ਼ੇ ਤਾਂ ਨਜ਼ਲੇ ਕਾਰਨ ਆਏ ਹਨ, ਕਲਫ਼ ਲਾ ਕੇ ਜਾਂ ਧੌਲੇ ਪੁੱਟ ਕੇ ਜੁਆਨ ਬਣਦੇ ਹਨ।} {ਇਸ ਸਲੋਕ 'ਚ ਪੂਰਨ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਹੈ, ਹੁਣ ਜਿਵੇਂ ਕਿਸੇ ਦੇ ਮੰਦਰ ਦੇ ਬੂਹੇ ਨੂੰ ਅੱਗ ਲੱਗੇ, ਕੋਈ ਚੀਜ਼ ਕੱਢੀ ਨਹੀਂ ਜਾ ਸਕਦੀ, ਇਸ ਤਰ੍ਹਾਂ ਜਦੋਂ ਸਾਡੇ ਸਿਰ 'ਤੇ ਕਾਲ਼ ਆ ਗਿਆ, ਉਦੋਂ ਕੋਈ ਉਪਾਅ ਨਹੀਂ ਹੋ ਸਕਣਾ, ਹੁਣ ਸਾਨੂੰ ਸਾਵਧਾਨ ਕਰਦੇ ਹਨ, ਕਿ ਭਾਈ ਨਾਮ ਜਪ ਲੈ। ਯਥਾ:- ਫਰੀਦਾ. ਸਿਰੁ ਪਲਿਆ. ਦਾੜੀ ਪਲੀ; ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥) ਜੋਬਨੁ ਗਇਆ ਬਿਤੀਤਿ; ਜਰੁ ਮਲਿ ਬੈਠੀਆ॥ ਕਰ

Sri Satguru Jagjit Singh Ji eLibrary NamdhariElibrary@gmail.com

ਕੰਪਹਿ. ਸਿਰੁ ਡੋਲ; ਨੈਣ. ਨ ਡੀਠਿਆ॥ ਨਹ ਨੈਣ ਦੀਸੈ. ਬਿਨੁ ਭਜਨ ਈਸੈ; ਛੋਡਿ ਮਾਇਆ ਚਾਲਿਆ॥ ਕਹਿਆ ਨ ਮਾਨਹਿ. ਸਿਰਿ ਖਾਕੁ ਛਾਨਹਿ; ਜਿਨ ਸੰਗਿ. ਮਨੁ ਤਨੁ ਜਾਲਿਆ॥ ਸ੍ਰੀ ਰਾਮ ਰੰਗ ਅਪਾਰ ਪੂਰਨ; ਨਹ ਨਿਮਖ ਮਨ ਮਹਿ ਵੂਠਿਆ॥ ਬਿਨਵੰਤਿ ਨਾਨਕ ਕੋਟਿ ਕਾਗਰ ਬਿਨਸ ਬਾਰ ਨ ਝੂਠਿਆ॥੩॥) ਜਬ ਲਗੁ; ਜਰਾ ਰੋਗੁ ਨਹੀ ਆਇਆ॥ ਜਬ ਲਗੁ; ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗੁ; ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ; ਸਾਰਿਗਪਾਨੀ॥੨॥ ਅਬ ਨ ਭਜਸਿ; ਭਜਸਿ ਕਬ ਭਾਈ॥ ਆਵੈ ਅੰਤੁ; ਨ ਭਜਿਆ ਜਾਈ॥) ਬੇੜਾ. ਬੰਧਿ ਨ ਸਕਿਓ; ਬੰਧਨ ਕੀ ਵੇਲਾ॥ ਭਰਿ ਸਰਵਰੁ ਜਬ ਊਛਲੈ; ਤਬ ਤਰਣੁ ਦੁਹੇਲਾ॥੧॥) ਸ੍ਰਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥੩॥) ਫਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ॥ ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ॥੮॥}

ਕਬੀਰ. ਕਾਰਨੁ ਸੋ ਭਇਓ; ਜੋ ਕੀਨੋ ਕਰਤਾਰ॥ ਤਿਸੁ ਬਿਨੁ ਦੂਸਰ ਕੋ ਨਹੀ; ਏਕੈ ਸਿਰਜਨਹਾਰੁ॥੧੩੩॥{ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ. ਅਵਰੁ ਨ ਕੋਇ॥ ਗੁਰਬਾਣੀ ਜੀ ਐਸੇ ਸੁਖਦਾਇਕ ਪੂਰਨ ਗੁਰੂ ਜੀ ਹਨ, ਕਿਸੇ ਭੀ ਸਮੇਂ ਗੁਰਬਾਣੀ ਜੀ ਪੜ੍ਹੇ ਜਾਣ, ਤਾਂ ਪ੍ਰੇਮੀ ਗੁਰਸੇਵਕ ਜੀ ਨੂੰ ਇਕਾਗ੍ਰਤਾ ਸ਼ਾਂਤੀ ਮਿਲਦੀ ਹੈ। ਪ੍ਰੇਮੀਆਂ ਕਿਹਾ, "ਹੇ ਮਹਾਂਪੁਰਸ਼ੋ! ਆਪ ਜੀ ਦਾ ਬੜਾ ਭਾਰੀ ਜਸ ਹੋ ਰਿਹਾ ਹੈ। ਯਥਾ:- ਹਰਿ ਕੇ ਨਾਮ; ਕਬੀਰ ਉਜਾਗਰ॥ ਜਨਮ ਜਨਮ ਕੇ; ਕਾਟੇ ਕਾਗਰ॥ ਕਬੀਰ ਸਾਹਿਬ ਜੀ ਕਹਿੰਦੇ, "ਹੇ ਭਾਈ! ਦਾਸਨ ਦਾਸ ਤਾਂ ਕੁੱਝ ਭੀ ਨਹੀਂ, ਇਹ ਤਾਂ, ਕਾਰਨੁ (ਸੋ)ਉਹੀ (ਭਇਓ)ਹੋਇਆ ਹੈ, ਜੋ (ਕਰਤਾਰਿ)ਵਾਹਿਗੁਰੂ ਜੀ ਨੇ ਆਪ (ਕੀਨੋ)ਕੀਤਾ ਹੈ। ਉਪਮਾ ਵਡਿਆਈ ਮਹਾਰਾਜ ਸਾਹਿਬ ਜੀ ਬਿਨਾ, ਹੋਰ ਦੂਜਾ ਨਹੀਂ ਦੇ ਰਿਹਾ। ਇਹ ਰਜ਼ਾ 'ਚ ਰਹਿਣ ਬਾਰੇ ਸਿੱਖਿਆ ਹੈ। ਜੇ ਕੋਈ ਪ੍ਰਾਣੀ ਚੜ੍ਹਾਈ ਕਰਦਾ ਹੈ ਤਾਂ ਉਥੇ ਪੜ੍ਹਦੇ ਹਨ। ਕਬੀਰ. ਕਾਰਨੁ ਸੋ ਭਇਓ; ਜੋ ਕੀਨੋ ਕਰਤਾਰਿ॥) ਜੋ ਕੀਨੀ ਕਰਤਾਰਿ; ਸਾਈ ਭਲੀ ਗਲ॥ ਉੱਥੇ ਸਿੱਖਿਆ ਹੋ ਗਈ ਬਈ ਕਰਤਾਰ ਜੀ ਦਾ ਭਾਣਾ ਮੰਨੋ, ਜੇ ਉਪਮਾ ਮਹਿਮਾ ਵਡਿਆਈ ਹੁੰਦੀ ਹੋਵੇ, ਰਾਜ ਭਾਗ ਦੌਲਤ ਪ੍ਰਾਪਤ ਹੋਵੇ ਫਿਰ ਭੀ ਰਜ਼ਾ 'ਚ ਰਾਜੀ ਰਹਿੰਦਿਆ, ਹੁਕਮਿ ਰਜਾਈ ਚਲਣਾ; ਨਾਨਕ ਲਿਖਿਆ ਨਾਲਿ॥ ਅਨੁਸਾਰ ਇਹੀ ਪੜ੍ਹਨਾ, ਕਬੀਰ. ਕਾਰਨੁ ਸੋ ਭਇਓ; ਜੋ ਕੀਨੋ ਕਰਤਾਰਿ॥ ਤਿਸੁ ਬਿਨੁ. ਦੂਸਰੁ ਕੋ ਨਹੀ; ਏਕੈ ਸਿਰਜਨਹਾਰੁ॥}

ਕਬੀਰ. ਕਾਰਨੁ ਸੋ ਭਇਓ; ਜੋ ਕੀਨੋ ਕਰਤਾਰ॥ ਤਿਸੁ ਬਿਨੁ ਦੂਸਰ ਕੋ ਨਹੀ; ਏਕੈ ਸਿਰਜਨਹਾਰੁ॥੧੩੩॥੧:- {ਸਤਿਸੰਗੀਆਂ, ਭਗਤ ਕਬੀਰ ਸਾਹਿਬ ਜੀ ਨੂੰ ਪੁੱਛਿਆ, "ਇਹ ਜੋ ਰੰਗਾਂ ੨ ਦੀ ਰਚਨਾ ਦਿਸ ਰਹੀ ਹੈ, ਆਪ ਜੀ ਦੇ ਖ਼ਿਆਲ 'ਚ ਇਹ ਕਿਸ ਨੇ ਰਚੀ ਹੈ? ਕਬੀਰ ਸਾਹਿਬ ਜੀ, ਪ੍ਰਮਾਤਮਾ ਜੀ ਦੇ ਸਿਮਰਨ 'ਚ, ਰੋਮ ੨ ਕਰਕੇ ਲੀਣ ਹਨ, ਅੰਦਰ ਅਜਪਾ ਜਾਪ ਹੋ ਰਿਹਾ ਹੈ। ਯਥਾ:- ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥) ਬਿਨਵੰਤਿ ਨਾਨਕੁ. ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥) ਜਿਹਵਾ ਏਕ. ਹੋਇ ਲਖ ਕੋਟੀ; ਲਖ ਕੋਟੀ ਕੋਟਿ ਧਿਆਵੈਗੋ॥ ਵਿਸਮਾਦ ਰੰਗ 'ਚ ਕਹਿ ਰਹੇ ਹਨ।} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਨੰਤ ਬ੍ਰਹਮੰਡ ਦੀ ਰਚਨਾ ਰਚਨ ਦਾ ਕਾਰਨੁ (ਸੋ)ਵਾਹਿਗੁਰੂ ਜੀ ਹੀ (ਭਇਓ)ਹਨ, ਜੋ ਭੀ, ਅਨੰਤ ਬ੍ਰਹਮੰਡ ਦਾ ਪਸਾਰਾ (ਕੀਨੋ)ਕੀਤਾ ਹੈ, ਉਹ (ਕਰਤਾਰਿ)ਵਾਹਿਗੁਰੂ ਜੀ ਨੇ ਕੀਤਾ ਹੈ। (ਤਿਸੁ)ਤਿਨਾ (ਬਿਨੁ)ਬਿਨਾ (ਦੂਸਰੁ)ਦੂਜਾ ਹੋਰ (ਕੋ)ਕੋਈ (ਨਹੀ)ਨਹੀਂ ਹੈ, ਅਨੰਤ ਬ੍ਰਹਮੰਡ ਦੀ ਰਚਨਾ ਨੂੰ

Sri Satguru Jagjit Singh Ji eLibrary NamdhariElibrary@gmail.com

(ਸਿਰਜਨਹਾਰੁ)ਰਚਨ ਵਾਲੇ (ਏਕੈ)ਇੱਕ (ਸਿਰਜਨਹਾਰੁ)ਵਾਹਿਗੁਰੂ ਜੀ ਹੀ ਹਨ॥੧੩੩॥ ਯਥਾ:- ਕਰਣ ਕਾਰਣ.ਪ੍ਰਭੁ ਏਕੁ ਹੈ; ਦੂਸਰ ਨਾਹੀ ਕੋਇ॥ ਨਾਨਕ.ਤਿਸੁ ਬਲਿਹਾਰਣੈ; ਜਲਿ ਥਲਿ ਮਹੀਅਲਿ ਸੋਇ॥੧॥) ਕਰਨ ਕਰਾਵਨ; ਕਰਨੈਹਾਰੁ॥ ਨਾਨਕ ਕਰਤੇ ਕਾ; ਨਾਹਿ ਸੁਮਾਰੁ॥੪॥) ਆਪਨ ਖੇਲੁ; ਆਪਿ ਵਰਤੀਜਾ॥ ਨਾਨਕ; ਕਰਨੈਹਾਰੁ ਨ ਦੂਜਾ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਾਹਿਗੁਰੂ ਜੀ ਆਪ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਭਗਤ ਕਬੀਰ ਸਾਹਿਬ ਜੀ ਜਿਨ੍ਹਾਂ ਦੀ ਨਿਰਗੁਨ ਜੋਤਿ ਨਾਲ, ਅਸੀਂ ਹਰ ਵੇਲੇ ਜਿਉਂਦੇ ਤੁਰੇ ਫਿਰਦੇ ਹਾਂ,ਆਖਣ ਵੇਖਣ ਬੋਲਣ ਉਨ੍ਹਾਂ ਦੀ ਨਿਰਗੁਨ ਜੋਤਿ ਨਾਲ ਹੀ ਹੋ ਰਿਹਾ ਹੈ, ਨਿਰਗੁਨ ਸਰਗੁਨ ਦੀ ਸਾਖਿਆਤਤਾ ਸਹਿਤ ਬੋਲ ਰਹੇ ਹਨ, ਕਬੀਰ ਸਾਹਿਬ ਜੀ ਨੂੰ ਜੋ ਦਿਸ ਰਿਹਾ ਹੈ, ਜੋ ਦੀਸੈ; ਸੋ ਏਕੋ ਤੂਹੈ॥) ਤੁਧੁ ਬਿਨੁ; ਦੂਜਾ ਨਾਹੀ ਕੋਇ॥ ਤੂ ਕਰਤਾਰੁ; ਕਰਹਿ ਸੋ ਹੋਇ॥) ਸਭ ਬ੍ਰਹਮ ਹੀ ਬ੍ਰਹਮ ਜੀ ਦਿਸ ਰਹੇ ਹਨ। ਯਥਾ:- ਸਭੁ ਹੈ ਬ੍ਰਹਮੁ, ਬ੍ਰਹਮੁ ਹੈ ਪਸਰਿਆ; ਮਨਿ ਬੀਜਿਆ ਖਾਵਾਰੇ॥ ਭਾਈ ਅਨੰਤ ਬ੍ਰਹਮੰਡ ਨੂੰ ਰਚਣ ਦਾ ਕਾਰਨ ੧ਓ ਸਤਿਨਾਮੁ ਕਰਤਾ ਪੁਰਖੁ ਕਰਤਾਰ ਜੀ ਹਨ। ਯਥਾ:- ਇਕਸੁ ਤੇ. ਹੋਇਓ ਅਨੰਤਾ; ਨਾਨਕ. ਏਕਸੁ ਮਾਹਿ ਸਮਾਏ ਜੀਉ॥) ਨਿਰਗੁਨ ਤੇ ਸਰਗੁਨ ਦ੍ਰਿਸਟਾਰੰ॥ ਵਾਹਿਗੁਰੂ ਜੀ ਨੇ ਆਪਣੇ 'ਚੋਂ ਅਸੰਖ ਬ੍ਰਹਮੰਡ ਦੀ ਉਤਪਤੀ ਕਰਨ ਦਾ ਕਾਰਨ ਕੀਤਾ ਹੈ। ਯਥਾ:- ਕੋਟਿ ਬਿਸਨ; ਕੀਨੇ ਅਵਤਾਰ॥ ਕੋਟਿ ਬ੍ਰਹਮੰਡ; ਜਾ ਕੇ ਧ੍ਰਮਸਾਲ॥ ਕੋਟਿ ਮਹੇਸ; ਉਪਾਇ ਸਮਾਏ॥ ਕੋਟਿ ਬ੍ਰਹਮੇ; ਜਗੁ ਸਾਜਣ ਲਾਏ॥੧॥ ਐਸੋ ਧਣੀ; ਗੋਵਿੰਦੁ ਹਮਾਰਾ॥ ਬਰਨਿ. ਨ ਸਾਕਉ; ਗੁਣ ਬਿਸਥਾਰਾ॥ ਉਨ੍ਹਾਂ ਬਿਨਾ, ਦੂਜਾ ਹੋਰ ਕੋਈ ਨਹੀਂ, ਗੁਰੂ ਜੀ ਹੀ ਅਨੰਤ ਬ੍ਰਹਮੰਡ ਦੀ ਰਚਨਾ ਨੂੰ ਰਚਣ ਵਾਲੇ ਹਨ। ਅਨੰਤ ਬ੍ਰਹਮੰਡ ਦੀ ਰਚਨਾ ਦਾ ਪਸਾਰਾ, ਸਗਲ ਸਮਗ੍ਰੀ ਜਾ ਕਾ ਤਨਾ॥ ਉਨ੍ਹਾਂ ਦਾ ਸਰਗੁਨ ਸਰੂਪ ਜੀ ਹਨ, ਇਸ 'ਚ ਹਰ ਸਮੇਂ ਵਿਆਪਕ ਪ੍ਰਕਾਸ਼ਕ ਹੋ ਰਹੇ ਹਨ, ਆਪਣੀ ਜੋਤਿ ਨਾਲ ਹੁਣ ਅਸੰਖ ਸੂਰਜਾਂ ਨੂੰ ਪ੍ਰਕਾਸ਼ ਰਹੇ ਹਨ, ਚੰਦ੍ਰਮਿਆਂ ਅਗਨੀਆਂ ਤਾਰਿਆਂ ਟਟਿਆਣਿਆਂ ਸਾਰੀਆਂ ਦੇਹਾਂ ਜੋਤਾਂ ਨੂੰ ਪ੍ਰਕਾਸ਼ ਰਹੇ ਹਨ। ਅਨੇਕ ਉਤਪਤੀਆਂ ਪਾਲਣਾ ਕਰ ਰਹੇ, ਨਿਰਲੇਪ ਹੋ ਰਹੇ ਹਨ। ਜੋ ਕਿਛੁ ਕਰਤੁ ਹੈ, ਸੋਈ ਕੋਈ ਹੈ ਰੇ; ਤੈਸੇ ਜਾਇ ਸਮਾਹੀ॥) ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥) ਨਾਨਾ ਰੂਪ; ਨਾਨਾ ਜਾ ਕੇ ਰੰਗ॥ ਨਾਨਾ ਭੇਖ ਕਰਹਿ; ਇਕ ਰੰਗ॥ ਨਾਨਾ ਬਿਧਿ; ਕੀਨੋ ਬਿਸਥਾਰੁ॥ ਪ੍ਰਭੁ ਅਬਿਨਾਸੀ; ਏਕੰਕਾਰੁ॥ ਨਾਨਾ ਚਲਿਤ ਕਰੇ; ਖਿਨ ਮਾਹਿ॥ ਪੂਰਿ ਰਹਿਓ; ਪੂਰਨੁ ਸਭ ਠਾਇ॥ ਨਾਨਾ ਬਿਧਿ ਕਰਿ; ਬਨਤ ਬਨਾਈ॥ ਅਪਨੀ ਕੀਮਤਿ; ਆਪੇ ਪਾਈ॥ ਸਭ ਘਟ ਤਿਸ ਕੇ; ਸਭ ਤਿਸ ਕੇ ਠਾਉ॥ ਜਪਿ ਜਪਿ ਜੀਵੈ; ਨਾਨਕ ਹਰਿ ਨਾਉ॥੪॥) ਖਿਨ ਮਹਿ ਥਾਪਿ ਉਥਾਪਨਹਾਰੇ; ਕੁਦਰਤਿ.ਕੀਮ ਨ ਪਹੀ॥

ਕਬੀਰ. ਫਲ ਲਾਗੇ ਫਲਨਿ; ਪਾਕਨ ਲਾਗੇ ਆਂਬ॥ ਜਾਇ ਪਹੂਚਹਿ. ਖਸਮ ਕਉ; ਜਉ ਬੀਚਿ ਨ ਖਾਹੀ ਕਾਂਬ॥੧੩੪॥ {ਅਰਥ ਸਮਝਣ ਲਈ ਪ੍ਰੇਮ ਪ੍ਰਚਾਰ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਬਸੰਤ ਰੁਤਿ ਆਈ॥ ਪਰਫੁਲਤਾ ਰਹੇ॥੧॥ ਅਨੁਸਾਰ ਅੰਬ ਨੂੰ ਬਹੁਤ ਬੂਰ ਲੱਗਦਾ ਹੈ, ਉਤਨਾ ਫ਼ਲ ਨਹੀਂ ਲੱਗ ਸਕਦਾ ਕਿਉਂਕਿ ਹਨ੍ਹੇਰੀਆਂ ਵਰਖਾ ਨਾਲ ਝੜ੍ ਜਾਂਦਾ ਹੈ। ਜਿਤਨੇ ਅੰਬ ਲੱਗਦੇ ਹਨ, ਉਹ ਭੀ ਸਾਰੇ ਪੱਕਦੇ ਨਹੀਂ, ਕਿਉਂਕਿ ਪੰਛੀ ਖਾ ਜਾਂਦੇ ਹਨ, ਕਾਣੇ ਹੋ ਜਾਂਦੇ ਹਨ, ਝੜ੍ ਜਾਂਦੇ ਹਨ। ਯਥਾ:- ਜੇਤੇ ਫੂਲ ਫੂਲੇ. ਤੇਤੇ ਫਲ ਨ ਲਾਗੇ ਦ੍ਰੁਮ; ਲਾਗਤ ਜਿਤੇ ਕੁ, ਪਰਪਕ ਨ ਸਕਲ ਹੈ॥ ਬਹੁਤ ਸਾਰੇ ਜੀਵ ਸਤਿਸੰਗਤ 'ਚ ਜਾਂਦੇ ਹਨ, ਉਹ ਸਾਰੇ ਗੁਰਬਾਣੀ ਜੀ ਨਹੀਂ ਸੁਣਦੇ, ਸੌਂ ਜਾਂਦੇ ਹਨ। ਜਿਨੇ ਕੁ ਸੁਣਦੇ ਹਨ, ਉਹ ਸਾਰੇ ਮੰਨਣ ਨਿਧਿਆਸਣ ਪ੍ਰਪੱਕਤਾ ਨਹੀਂ ਕਰਦੇ, ਹੰਕਾਰ ਮਾਣ ਕਰਦੇ ਹਨ। ਇਸ ਲਈ ਮਹਾਰਾਜ ਨੂੰ ਨਹੀਂ ਮਿਲ ਸਕਦੇ। ਸਤਿਸੰਗਤ 'ਚ ਜਾ ਕੇ

Sri Satguru Jagjit Singh Ji eLibrary NamdhariElibrary@gmail.com

ਜੋ ਉਪਦੇਸ਼ ਦਾ ਸ੍ਰਵਣ ਕਰਨਾ ਹੈ, ਇਹ ਫਲ ਲੱਗਣਾ ਹੈ। ਜੋ ਮੰਨਣ ਕਰਨਾ ਹੈ, ਇਹ ਫਲ਼ਾ ਦਾ ਪ੍ਰਫੁਲਤ ਹੋਣਾ ਹੈ, ਜੋ ਪ੍ਰਪੱਕ ਕਰਨਾ ਇਹ ਫਲ਼ਾ ਦਾ ਪੱਕਣਾ ਹੈ। ਹੰਕਾਰ ਵਿਕਾਰ ਕਰਕੇ, ਮਹਾਰਾਜ ਸਾਹਿਬ ਜੀ ਵੱਲੋਂ, ਨ ਟੁੱਟਣ ਨ ਡਿੱਗਣ। ਕ੍ਰੋਧ ਲੋਭ ਮੋਹ ਹੰਕਾਰ ਪੰਛੀ ਨ ਖਾਣ। ਸਤਿਸੰਗਤ ਜੀ 'ਚ ਜਾ ਕੇ, ਖੀਰ ਕੜਾਹ ਪੂੜੇ ਆਦਿ ਪਦਾਰਥ ਜ਼ਿਆਦਾ ਛਕਣਾ। ਯਥਾ:- ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥੧॥ ਸਮਾਂ ਵਿਅਰਥ ਚਲਿਆ ਜਾਂਦਾ, ਬਹੁਤ ਸਾਰੇ ਜੀਵ ਗੋਲਕ ਚੋਰੀ ਕਰ ਲੈਂਦੇ ਹਨ। ਬਹੁਤ ਸਾਰੇ ਜੀਵ, ਸਦਾ ਸਦਾ ਇਹੁ ਭੂਲਨਹਾਰੁ॥ ਪਰਾਇਆ ਰੂਪ ਹੀ ਦੇਖਦੇ ਰਹਿੰਦੇ ਹਨ। ਬਹੁਤੇ ਗੱਲਾਂ 'ਚ ਪਰਚ ਜਾਂਦੇ ਹਨ, ਇਹ (ਕਾਂਬ)ਕਾਣੋ ਹੈ, ਜੋ ਇਸ ਨੂੰ ਅੰਦਰ ਹੀ ਖਾ ਜਾਂਦੀ ਹੈ, ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ, "ਦੁਨੀਚੰਦ ਜਸਵਾਰੀਆਂ ਦੇ ਹਾਥੀ ਦੀਆਂ ਤਵੀਆਂ ਵਿੰਨ੍ਹੇਗਾ"। ਦੁਨੀਚੰਦ ਕਾਂਬ ਖਾ ਗਿਆ, ਦੋ ਸੌ ਜਵਾਨ ਨਾਲ ਲੈ ਕੇ, ਲੱਜ ਨਾਲ ਅਨੰਦਗੜ੍ ਕਿਲੇ ਦੀ ਕੰਧ ਟੱਪਣ ਲੱਗਿਆ, ਲੱਜ ਟੁੱਟਣ ਕਰਕੇ ਲੱਤ ਟੁੱਟ ਗਈ, ਅੰਮ੍ਰਿਤਸਰ ਆ ਕੇ ਸੱਪ ਨੇ ਡੰਗ ਦਿਤਾ, ਮਰ ਗਿਆ। ਸਤਿਗੁਰੂ ਸਾਹਿਬ ਜੀ ਦਾ ਬਚਨ ਹੁਕਮ ਮੰਨਣ ਤੋਂ ਨਾਹ ਕਰਨੀ (ਕਾਂਬ)ਕਾਣੋ ਨੇ ਖਾਣਾ ਹੈ। ਯਥਾ:- ਸਤਿਗੁਰ ਕਾ ਫੁਰਮਾਇਆ. ਮੰਨਿ ਨ ਸਕੀ; ਦੁਤਰੁ. ਤਰਿਆ ਨ ਜਾਇ॥ ਭਾਈ ਬਚਿੱਤ੍ਰ ਸਿੰਘ ਜੀ ਨੇ ਕਾਂਬ ਨਹੀਂ ਖਾਧੀ, ਉਸ ਨੇ ਮਹਾਰਾਜ ਸਾਹਿਬ ਜੀ ਦੀ ਖੁਸ਼ੀ ਲਈ। ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਸੀਸ ਮੰਗਦੇ ਹਨ, ਪੰਜ ਪਿਆਰਿਆਂ, ਪੰਜਾਂ ਮੁਕਤਿਆਂ ਨੇ ਕਾਂਬ ਨਹੀਂ ਖਾਧੀ। ਜੋ ਛਕਊਏ ਕੁਣਕੇ ਕੇ; ਭਾਜ ਗਏ ਇੱਕ ਠੁਣਕੇ ਕੇ। ਉਨ੍ਹਾਂ ਨੇ ਕਾਂਬ ਖਾ ਲਈ। ਜਿਹੜੇ ਆਪ ਰੱਬ ਬਣ ਕੇ, ਅਪਣੇ ਚਾਟੜੇ ਬਣਾਉਂਦੇ ਹਨ, ਕਾਂਬ ਖਾਂਦੇ ਹਨ। ਯਥਾ:- ਕਬੀਰ. ਸਿਖ ਸਾਖਾ ਬਹੁਤੇ ਕੀਏ; ਕੇਸੋ. ਕੀਓ ਨ ਮੀਤੁ॥ ਚਾਲੇ ਥੇ. ਹਰਿ ਮਿਲਨ ਕਉ; ਬੀਚੈ ਅਟਕਿਓ ਚੀਤੁ॥ ਮਹਾਰਾਜ ਸਾਹਿਬ ਜੀ ਦੀ ਸਤਿਸੰਗਤ ਜੀ 'ਚ, ਗੁਰੂ ਚਰਨ- ਕਮਲਾਂ ਨਾਲ ਜੁੜ ਕੇ, ਪ੍ਰੇਮਾ- ਭਗਤੀ ਦੀ ਲਾਲੀ ਸਹਿਤ, ਪੂਰੇ ਰਸ 'ਚ ਪੱਕ ਜਾਣ। ਯਥਾ:- ਰਸਿ ਰਸਿਆ ਹਰਿਆ ਸਦਾ; ਪਕੈ ਕਰਮਿ ਧਿਆਨਿ॥ ਮਹਾਰਾਜ ਸਾਹਿਬ ਜੀ ਨੂੰ ਜਾ ਮਿਲਦੇ ਹਨ।}

ਕਬੀਰ. ਫਲ ਲਾਗੇ ਫਲਨਿ; ਪਾਕਨ ਲਾਗੇ ਆਂਬ॥ ਜਾਇ ਪਹੂਚਹਿ. ਖਸਮ ਕਉ; ਜਉ ਬੀਚਿ ਨ ਖਾਹੀ ਕਾਂਬ॥੧੩੪॥ ਸਗਲ ਬੋਲਨ ਕੇ ਮਾਹਿ ਬੀਚਾਰ॥੧॥ ਅਨੁਸਾਰ ਸ੍ਰੀ ਕਬੀਰ ਸਾਹਿਬ ਜੀ ਹਰ ਖ਼ਿਆਲ 'ਚ, ਵਾਹਿਗੁਰੂ ਅਕਾਲ ਪੁਰਖ ਜੀ ਨੂੰ ਚੇਤੇ ਕਰਦੇ ਹਨ। ਰੰਗਾਂ ੨ ਦੇ ਪਿਆਰ ਸਤਿਕਾਰ 'ਚ, ਮਹਾਰਾਜ ਸਾਹਿਬ ਜੀ ਦੇ ਸ੍ਰਬ ਵਿਆਪੀ ਮਹਾਂ ਵਿਸਮਾਦ ਰੰਗ 'ਚ ਲੀਣ ਹੋ ਕੇ, ਹਰ ਸਮੇਂ ਗੁਰਬਾਣੀ ਜੀ ਉਚਾਰਦੇ ਹਨ:- ਫਲ ਫਲਨਿ (ਲਾਗੇ)ਲੱਗੇ, (ਆਂਬ)ਅੰਬ (ਪਾਕਨਿ)ਪੱਕਣ (ਲਾਗੇ)ਲੱਗੇ, (ਖਸਮ)ਮਾਲਕ ਅਕਾਲ ਪੁਰਖ (ਕਉ)ਨੂੰ (ਜਾਇ)ਜਾ (ਪਹੂਚਹਿ)ਪਹੁੰਚਦੇ ਹਨ, (ਜਉ)ਜੇਕਰ (ਬੀਚਿ)ਵਿੱਚ, ਸਤਿਗੁਰੂ ਸਾਹਿਬ ਜੀ ਦਾ ਬਚਨ ਹੁਕਮ ਮੰਨਣ ਤੋਂ ਨਾਹ ਕਰਨ ਰੂਪ (ਕਾਂਬ)ਕਾਣੋ ਨ (ਖਾਹੀ)ਖਾਂਦੇ, ਭਾਵ ਗੁਰਮਤਿ ਮਾਰਗ 'ਚ, ਗੁਰੂ ਸਾਹਿਬ ਜੀ ਦਾ ਹੁਕਮ ਮੰਨਣ। ਯਥਾ:- ਹੁਕਮਿ ਰਜਾਈ ਚਲਣਾ; ਨਾਨਕ ਲਿਖਿਆ ਨਾਲਿ॥ ਜਿਵੇਂ ਭਾਈ ਬਚਿੱਤ੍ਰ ਸਿੰਘ, ਪੰਜ ਪਿਆਰੇ, ਬਾਬਾ ਉਦੇ ਸਿੰਘ ਜੀ ਬਾਬਾ ਆਲਮ ਸਿੰਘ ਜੀ ਅਤੇ ਹੋਰ ਅਨੇਕਾਂ ਸਿੰਘਾਂ ਨੇ ਇਹ ਗੁਰਬਾਣੀ ਜੀ ਕਮਾਏ॥੧੩੪॥ ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥ ਜਿਵੇਂ ਫੱਤੇ ਤੋਂ ਦਸਵੇਂ ਪਾਤਿਸ਼ਾਹ ਜੀ ਨੇ ਘੋੜੀ ਮੰਗੀ, ਘੋੜੀ ਨ ਦਿਤੀ ਉਹ ਕਾਂਬ ਖਾ ਗਿਆ। ਬਾਬੇ ਨਗਾਹੀਆ ਸਿੰਘ ਜੀ ਨੇ ਮਹਾਰਾਜ ਜੀ ਨੂੰ ਘੋੜਾ ਅਰਪਿਆ, ਉਸ ਨੇ ਕਾਂਬ ਨਹੀਂ ਖਾਧੀ।

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਾਹਿਗੁਰੂ ਜੀ ਨੂੰ ਓਹੀ ਪਿਆਰੇ ਪਹੁੰਚਦੇ ਹਨ, ਪ੍ਰਾਪਤ ਕਰਦੇ ਲੀਨ ਹੁੰਦੇ ਹਨ, ਜਿਹੜੇ ਵਿੱਚ ਕਾਂਬ ਨਹੀਂ ਖਾਂਦੇ, (ਕਾਣੋ) ਕਲੰਕ ਰਹਿਤ ਹੋਣ, ਬੇਮੁਖ ਨਹੀਂ ਹੁੰਦੇ, ਆਗਿਆਕਾਰੀ ਅਨੁਸਾਰੀ ਹੁੰਦੇ ਹਨ, ਕਾਮ ਕ੍ਰੋਧ ਲੋਭ ਮੋਹ ਹੰਕਾਰ ਦੇ ਵਸੀਕਾਰ ਹੋਣਾ ਕਾਂਬ ਖਾਣੀ ਹੈ। ਮਹਾਰਾਜ ਸਾਹਿਬ ਜੀ ਦੇ ਸਪੂਤ ਬਨਣ ਦੀ ਬਜਾਏ, ਕਾਮ ਕ੍ਰੋਧ ਦੇ ਕੁਪੁੱਤ੍ਰ ਬਣ ਜਾਣਾ, ਜਿਵੇਂ ਪੰਜਾਂ ਪਿਆਰਿਆਂ ਤੋਂ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਸੀਸ ਮੰਗੇ, ਉਨ੍ਹਾਂ ਨੇ ਸੀਸ ਦੇਣ ਵੇਲੇ ਕਾਂਬ ਨਹੀਂ ਖਾਧੀ, ਉਹ ਮਹਾਰਾਜ ਸਾਹਿਬ ਜੀ ਦੇ ਪਿਆਰੇ ਬਣੇ, ਮਹਾਰਾਜ ਸਾਹਿਬ ਜੀ ਦਾ ਸਰੂਪ ਬਣੇ। ਖ਼ਾਲਸਾ ਮੇਰੋ ਰੂਪ ਹੈ ਖਾਸ॥ ਖ਼ਾਲਸਹ ਮਹਿ ਹਉਂ ਕਰਹੁੰ ਨਿਵਾਸ॥

ਕਬੀਰ. ਠਾਕੁਰੁ ਪੂਜਹਿ ਮੋਲਿ ਲੇ; ਮਨ ਹਠ ਤੀਰਥ ਜਾਹਿ॥ ਦੇਖਾ ਦੇਖੀ. ਸ੍ਵਾਂਗੁ ਧਰਿ; ਭੂਲੇ ਭਟਕਾ ਖਾਹਿ॥੧੩੫॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪੱਥਰ ਮੂਰਤੀ ਨੂੰ (ਮੋਲਿ)ਮੁੱਲ (ਲੇ)ਲੈ ਕੇ, (ਠਾਕੁਰੁ)ਭਗਵਾਨ ਜੀ ਕਹਿ ਕੇ (ਪੂਜਹਿ)ਪੂਜਦੇ ਹਨ, ਮਨ ਦੇ ਹਠਿ ਕਰਕੇ (ਤੀਰਥ)ਤੀਰਥਾਂ 'ਤੇ (ਜਾਹਿ)ਜਾਂਦੇ ਹਨ। ਜਿਵੇਂ ਕੋਈ ਟੋਪੀਆਂ ਵੇਚਦਾ ਸੀ, ਉਸ ਨੇ ਆਪਣੇ ਸਿਰ 'ਤੇ ਟੋਪੀ ਲਈ ਸੀ। ਉਹ ਬ੍ਰਿਛ ਹੇਠਾਂ ਟੋਪੀਆਂ ਰੱਖ ਕੇ ਸੌਂ ਗਿਆ। ਬਾਂਦਰਾਂ ਨੇ ਉਸ ਦੇ ਸਿਰ 'ਤੇ ਟੋਪੀ ਦੇਖ ਕੇ, ਆਪਣੇ ਸਿਰਾਂ 'ਤੇ ਟੋਪੀਆਂ ਲੈ ਲਈਆਂ। ਉੱਠ ਕੇ ਮਗਰ ਭੱਜਿਆ, ਪਰ ਉਹ ਮੂਹਰੇ ਭੱਜੇ ਫਿਰਨ, ਉਸ ਨੇ ਖਪ ਕੇ ਗੁੱਸੇ ਨਾਲ, ਆਪਣੀ ਟੋਪੀ ਧਰਤੀ 'ਤੇ ਮਾਰੀ। ਇਹ ਦੇਖ ਕੇ ਬਾਂਦਰਾਂ ਨੇ ਭੀ ਆਪਣੀਆਂ ਟੋਪੀਆਂ ਲਾਹ ਕੇ ਭੁੰਜੇ ਸੁੱਟ ਦਿਤੀਆਂ। ਬਾਂਦਰ ਦੇ ਨਕਲ ਕਰਨ ਵਾਂਗ, ਜੇ ਦੇਖਿਆ, ਇਹ ਨਾਂਗਿਆਂ ਦੀ ਜਮਾਤ ਹੈ, ਉਸੇ ਤ੍ਰ੍ਹਾਂ ਹੀ ਹੋ ਗਏ। ਜੇ ਦੇਖਿਆ ਮਹਾਤਮਾ ਦੇ ਗੇਰੂ ਰੰਗੇ ਕੱਪੜੇ ਪਾਏ ਹਨ, ਉਸ ਤ੍ਰ੍ਹਾਂ ਦੇ ਪਾ ਲਏ। ਇਉਂ ਅਕਾਲ ਪੁਰਖ ਜੀ ਦੀ ਭਗਤੀ ਛੱਡ ਕੇ, ਦੇਖਾ ਦੇਖੀ ਸ੍ਵਾਂਗੁ ਧਰਿ ਕੇ (ਭੂਲੇ)ਭੁੱਲ ਕੇ (ਭਟਕਾ)ਠੋਕਰਾਂ (ਖਾਹਿ)ਖਾ ਰਹੇ ਹਨ॥੧੩੫॥

ਸਾਖੀ: ਮਨ ਹਠ ਤੀਰਥ ਜਾਹਿ:- ਤੁਲਸੀ ਦਾਸ ਜੀ. ਤੀਰਥ ਯਾਤ੍ਰਾ ਗਏ। ਭਗਵਾਨ ਜੀ ਸੰਤਾਂ ਦੇ ਸਰੂਪ 'ਚ, ਉਨ੍ਹਾਂ ਦੇ ਅਸਥਾਨ 'ਤੇ ਆਏ, ਸੇਵਕਾਂ ਨੂੰ ਪੁੱਛਿਆ, "ਸੁਆਮੀ ਜੀ ਕਿੱਥੇ ਗਏ ਹਨ"? ਕਹਿੰਦੇ, "ਜੀ ਤੀਰਥ ਯਾਤ੍ਰਾ ਗਏ ਹਨ"। ਕਹਿੰਦੇ, "ਤੀਰਥ ਯਾਤ੍ਰਾ ਨਹੀਂ ਗਏ, ਮੂਰਤੀਆਂ ਖ੍ਰੀਦਣ ਗਏ ਹਨ", ਕਹਿ ਕੇ ਚਲੇ ਗਏ। ਸੁਆਮੀ ਜੀ ਨੇ ਵਾਪਿਸ ਆ ਕੇ ਪੁੱਛਿਆ, "ਕੋਈ ਆਇਆ ਸੀ", ਕਹਿੰਦੇ ਹਾਂ ਜੀ, "ਇੱਕ ਬੜੇ ਰੰਗਲੇ ਅਨੰਦੀ ਤੇਜ਼ਮਈ ਪ੍ਰਕਾਸ਼ ਵਿਗਾਸ ਵਾਲੇ ਮਹਾਂਪੁਰਸ਼ ਆਏ ਸਨ"। "ਕੀ ਬੋਲਦੇ ਸਨ?" "ਆਪ ਜੀ ਬਾਰੇ ਪੁੱਛਿਆ ਸੀ, ਅਸੀਂ ਕਿਹਾ, "ਤੀਰਥ ਯਾਤ੍ਰਾ ਗਏ ਹਨ। " ਉਨ੍ਹਾਂ ਕਿਹਾ, "ਨਹੀਂ ਮੂਰਤੀਆਂ ਖ੍ਰੀਦਣ ਗਏ ਹਨ"। ਸੁਆਮੀ ਜੀ ਕਿਹਾ, "ਮੇਰਾ ਜਾਣਾ ਹੀ ਵਿਅਰਥ ਹੋ ਗਿਆ"। ਫਿਰ ਸੁਆਮੀ ਜੀ ਝੱਟਪੱਟ ਮੂਰਤੀਆਂ ਵਾਪਿਸ ਕਰਨ ਚਲੇ ਗਏ। ਫਿਰ ਭਗਵਾਨ ਜੀ ਨੇ ਸੰਤ ਸਰੂਪ 'ਚ ਆ ਕੇ ਪੁੱਛਿਆ, "ਸੁਆਮੀ ਜੀ ਕਿੱਥੇ ਹਨ"? ਸੇਵਕ ਕਹਿੰਦੇ, "ਜੀ ਤੀਰਥ ਯਾਤ੍ਰਾ ਗਏ ਹਨ"। ਭਗਵਾਨ ਜੀ ਕਹਿੰਦੇ, "ਨਹੀਂ ਮੂਰਤੀਆਂ ਵਾਪਸ ਕਰਨ ਗਏ ਹਨ"। ਵਾਪਸ ਆ ਕੇ ਸੁਆਮੀ ਜੀ ਨੇ ਪੁੱਛਿਆ, "ਕੋਈ ਆਇਆ ਸੀ? "ਸੇਵਕਾਂ ਦੱਸਿਆ, "ਇੱਕ ਮਹਾਂਪੁਰਸ਼ ਆਏ ਸਨ, ਕਹਿੰਦੇ, "ਗੁਸਾਂਈ ਜੀ ਕਿੱਥੇ ਹਨ? "ਅਸੀਂ ਕਿਹਾ, "ਤੀਰਥ ਯਾਤ੍ਰਾ ਗਏ ਹਨ, "ਕਹਿੰਦੇ "ਨਹੀਂ ਸੌਦਾ ਮੋੜਨ ਗਏ ਹਨ"। ਫਿਰ ਤੀਜੀ ਵਾਰ ਪ੍ਰੇਮ ਭਾਵਨਾ ਨਾਲ ਯਾਤ੍ਰਾ ਕਰਨ ਗਏ। ਫਿਰ ਭਗਵਾਨ ਜੀ ਆਏ, ਕਹਿੰਦੇ, "ਸੁਆਮੀ ਜੀ ਕਿੱਥੇ ਹਨ"? ਅਸੀਂ ਕਿਹਾ, "ਜੀ ਤੀਰਥ ਯਾਤ੍ਰਾ ਗਏ ਹਨ,

Sri Satguru Jagjit Singh Ji eLibrary NamdhariElibrary@gmail.com

ਕਹਿੰਦੇ "ਹਾਂ ਹੁਣ ਤੀਰਥ ਯਾਤ੍ਰਾ ਗਏ ਹਨ"। ਇਸ ਤਰ੍ਹਾਂ ਗੰਗਾ ਜੀ ਦੇ ਦਰਸ਼ਨ, ਨਾਲੇ ਮੁੰਜ ਬਗੜ ਦਾ ਸੌਦਾ। ਯਥਾ:- ਗੰਗਾ ਗਇਆ ਗੋਦਾਵਰੀ; ਸੰਸਾਰ ਕੇ ਕਾਮਾ॥ ਭਾਵ ਇਹ ਕਿ ਜੇ ਤੀਰਥ ਯਾਤ੍ਰਾ ਜਾਣਾ, ਸੁਰਤੀ ਮਾਇਆ 'ਚ ਹੋਣੀ, ਕਿ ਉੱਥੇ ਜਾ ਕੇ ਕੋਈ ਕੰਮ ਕਰਾਂਗੇ, ਨਿਸ਼ਕਪਟ ਨਿਰਛਲ ਨਿਹਕਾਮ ਹੋ ਕੇ, ਮਨ ਇਕਾਗ੍ਰ ਕਰਨ ਲਈ ਗੁਰੂ ਤੀਰਥਾਂ ਦੀ ਯਾਤ੍ਰਾ ਕਰੋ।

ਕਬੀਰ. ਠਾਕੁਰੁ ਪੂਜਹਿ ਮੋਲਿ ਲੇ; ਮਨ ਹਠ ਤੀਰਥ ਜਾਹਿ॥੨:- ਇੱਕ ਘੰਟਾ ਕੀਰਤਨ ਕਰਨ ਦੇ, ੧੦ ਹਜ਼ਾਰ ਰੁਪਏ ਲੈਣੇ ਹਨ। ਇਉਂ ਜਿਹੜੇ ਠਾਕੁਰੁ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਕਰਦੇ ਹਨ। ਘੰਟਿਆਂ ਦੇ ਹਿਸਾਬ ਨਾਲ ਪੈਸੇ ਲੈਂਦੇ ਹਨ, ਅਮੋਲਕ ਪਿਆਰੀ ਸਿੱਖੀ ਨਹੀਂ ਧਾਰਦੇ} ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਜੀ ਦੇ ਅਵਤਾਰ ਵਾਹਿਗੁਰੂ ਸਰੂਪ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਠਾਕੁਰੁ)ਸਤਿਗੁਰੂ ਗ੍ਰੰਥ ਸਾਹਿਬ ਜੀ, ਠਾਕੁਰੁ ਹਮਰਾ; ਸਦ ਬੋਲੰਤਾ॥ (ਪੂਜਹਿ)ਪੂਜਦੇ ਹਨ, ਪਰ ਨਿਸ਼ਕਾਮ ਹੋ ਕੇ ਸੇਵਾ ਨਹੀਂ ਕਰਦੇ, ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥ ਸਿਦਕ ਪ੍ਰੇਮ ਦੀ ਸਿੱਖੀ ਨਹੀਂ, ਚੰਗੇ ਪਦਾਰਥ ਬਸਤ੍ਰ ਧਨ (ਮੋਲਿ)ਮੁੱਲ (ਲੇ)ਲੈ ਲੈਂਦੇ ਹਨ। ਮਨ ਦਾ ਹਠਿ ਕਰਕੇ, ਦਿਖਾਵੇ ਲਈ ਗੁਰੂ (ਤੀਰਥ)ਤੀਰਥਾਂ ਤੇ (ਜਾਹਿ)ਜਾਂਦੇ ਹਨ।

ਦੇਖਾ ਦੇਖੀ ਸ੍ਵਾਂਗੁ ਧਰਿ; ਭੂਲੇ ਭਟਕਾ ਖਾਹਿ॥੧੩੫॥ ਦੇਖਾ ਦੇਖੀ ਸ੍ਵਾਂਗੁ (ਧਰਿ)ਧਾਰ ਲੈਂਦੇ ਹਨ, ਜੇ ਲੀਡਰ ਨੇ ਕਛਹਿਰਾ ਪਾ ਲਿਆ, ਤਾਂ ਕਛਹਿਰਾ ਪਾ ਲੈਣਾ, ਕ੍ਰਿਪਾਨ ਪਾਈ ਤਾਂ ਕ੍ਰਿਪਾਨ ਪਾ ਲਈ, ਜੇ ਲਾਹ ਦਿਤੀ ਤਾਂ ਲਾਹ ਦੇਣੀ। ਸਿੱਖੀ ਨਾਲ ਦਿਲਚਸਪੀ ਨਹੀਂ। ਕੜਾਹ ਪ੍ਰਸ਼ਾਦ ਖੀਰਾਂ ਪੂੜੇ ਨਿਉਂਦੇ ਮਿਲਦੇ ਹਨ, ਸਤਿਗੁਰੂ ਸਾਹਿਬ ਦੇ ਚਰਨ- ਕਮਲਾਂ ਨੂੰ (ਭੂਲੇ)ਭੁੱਲ ਕੇ, (ਭਟਕਾ)ਠੋਕਰਾਂ (ਖਾਹਿ)ਖਾ ਰਹੇ ਹਨ॥੧੩੫॥ ਵਾਹਿਗੁਰੂ॥ ਸਿੱਖੀ ਪੰਜ ਤਰ੍ਹਾਂ ਦੀ:- ੧.ਪਹਿਲੀ ਸਿੱਖੀ ਦੇਖਾ ਦੇਖੀ, ਜਿਵੇਂ ਬਾਂਦਰ ਨਕਲ ਕਰਦਾ ਹੈ। ਇੱਕ ਨੇ ਅੰਮ੍ਰਿਤ ਛਕ ਲਿਆ, ਰੀਸ ਨਾਲ ਦੂਜੇ ਨੇ ਭੀ ਛਕ ਲਿਆ। ੨.ਧੰਧੇ ਦੀ ਸਿੱਖੀ, ਜੇ ਵਿਆਹ ਨ ਹੁੰਦਾ ਹੋਵੇ, ਲੜਕੀ ਵਾਲੇ ਕਹਿਣ ਬੱਚੇ ਦਾ ਅੰਮ੍ਰਿਤ ਛਕਿਆ ਹੋਵੇ, ਤਾਂ ਫਟਾ ਫਟ ਅੰਮ੍ਰਿਤ ਛਕ ਲੈਣਾ, ਮਗਰੋਂ ਰਹਿਤ ਨਹੀਂ ਰੱਖਣੀ। ੩.ਹਿਰਸ ਦੀ ਸਿੱਖੀ, ਜੇ ਦੇਖਣਾ ਕਿ ਅੰਮ੍ਰਿਤ ਛਕਣ ਨਾਲ ਨੌਕਰੀ ਮਿਲਦੀ ਹੈ, ਤਾਂ ਅੰਮ੍ਰਿਤ ਛਕ ਲੈਣਾ, ਨਿੱਤਨੇਮ ਰਹਿਤ ਦਾ ਕੋਈ ਖ਼ਿਆਲ ਨਹੀਂ। ੪.ਸਿਦਕ ਦੀ ਸਿੱਖੀ, ਜਿਵੇਂ ਸਤਿਗੁਰੂ ਸਾਹਿਬ ਜੀ ਦੇ ਅਨਿੰਨ ਸੇਵਕ ਸ਼ਹੀਦ ਭਾਈ ਤਾਰੂ ਸਿੰਘ ਸਾਹਿਬ ਜੀ ਨੇ ਆਪਣਾ ਖੋਪਰਾ ਲੁਹਾਇਆ, ਦੀਨ ਕਬੂਲ ਨਹੀਂ ਕੀਤਾ। ਆਪ ਜੀ ਦਾ ਜਨਮ ਨੱਗਰ ਪੂਲ੍ਹਾ, ਜ਼ਿਲਾ ਲਹੌਰ, ਤਹਿਸੀਲ ਕਸੂਰ ਸੀ। ਧਰਮੀ ਨੇਕ ਪੁਰਖ ਬਾਬਾ ਤਾਰੂ ਸਿੰਘ ਸਾਹਿਬ ਜੀ, ਆਪ ਹਲ ਵਾਹ ਕੇ, ਆਈ ਸਤਿਸੰਗਤ ਜੀ ਦੀ ਸ਼ੁਭ ਸੱਚੀ ਪਿਆਰੀ ਸੇਵਾ ਕਰਦੇ ਸਨ। ਇੱਕ ਦਿਨ ਆਪ ਜੀ ਗੁਰੂ ਪਿਆਰੇ ਦੁਲਾਰੇ ਸੂਰਬੀਰ ਬਹਾਦਰ ਸਿਦਕੀ, ਧਰਮੀ ਯੋਧੇ ਸਿੰਘਾਂ ਲਈ, ਲੰਗਰ ਲੈ ਕੇ ਜੰਗਲ਼ 'ਚ ਗਏ। ਬਹਾਦਰ ਸੂਰਮੇ ਸਿੰਘ ਸੱਤਾਂ ਦਿਨਾਂ ਦੇ ਭੁੱਖੇ ਸਨ, ਭਾਈ ਸਾਹਿਬ ਜੀ ਨੇ ਪ੍ਰਛਾਦੇ ਵਰਤਾ ਕੇ ਕਿਹਾ, "ਪਿਆਰੇ ਖ਼ਾਲਸਾ ਜੀ! ਹਿੰਦੂ ਰਾਜਿਆਂ ਦੀਆਂ ਨੌਜਵਾਨ ਬੱਚੀਆਂ ਨੂੰ, ਜ਼ਾਲਮ ਕੈਦ ਕਰਕੇ ਲਈ ਜਾ ਰਹੇ ਹਨ, ਵੈਣ ਪਾਉਦੀਆਂ ਵਿਰਲਾਪ ਕਰਦੀਆਂ ਜਾ ਰਹੀਆਂ ਹਨ"। ਇਹ ਸੁਣ ਕੇ ਸਤਿਗੁਰੂ ਸਾਹਿਬਾਨ ਜੀ ਦੇ ਲਾਡਲੇ ਬਹਾਦਰਾਂ ਨੂੰ ਬਹੁਤ ਭਾਰੀ ਜੋਸ਼ ਆਇਆ, ਯੋਧੇ ਅੰਗਿਆਰ ਵਾਂਗ ਭਖ ਉੱਠੇ, ਪ੍ਰਛਾਦੇ ਵਾਪਿਸ ਕਰ ਦਿਤੇ ਤੇ ਕਿਹਾ, "ਅਸੀਂ ਨੌਜੁਵਾਨ ਬੀਬੀਆਂ ਨੂੰ ਛੁਡਾ ਕੇ ਹੀ ਛਕਾਂਗੇ"। ਪਿੰਡ ਬੱਲੋਕੇ ਦਰਿਆ ਦੇ ਹਿੱਡ 'ਤੇ ਜਾ ਕੇ, ਸੱਤਾਂ ਦਿਨਾਂ ਦੇ ਭੁੱਖਿਆਂ ਸਿੰਘਾਂ ਨੇ ਵੈਰੀ 'ਤੇ ਜ਼ਬਰਦਸਤ ਹੱਲਾ ਕੀਤਾ, ਬਹੁਤ ਕਟਾ ਵੱਢੀ ਕੀਤੀ। ਗਿਲਜ਼ਿਆਂ ਨੂੰ ਮਾਰ ਕੇ, ਅਠਾਰਾਂ ਹਜ਼ਾਰ ਬੀਬੀਆਂ ਨੂੰ ਛੁਡਾ ਕੇ, ਆਪਣੀਆ ਧੀਆਂ ਭੈਣਾ ਸਮਝ ਕੇ

Sri Satguru Jagjit Singh Ji eLibrary NamdhariElibrary@gmail.com

ਪੂਰਨ ਸਤਿਕਾਰ ਨਾਲ ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਇਆ। ਗੁਰਪ੍ਰਸਾਦਿ ਵਾਹਿਗੁਰੂ॥ ਚੰਬੇ ਵਾਲੇ ਰਾਜੇ ਦੀ ਨੌਜਵਾਨ ਬੱਚੀ ਅਤੀ ਹੀ ਸੁੰਦਰ ਸੀ, ਜਿਸ ਨੂੰ ਦੇਖ ਕੇ ਸਭ ਮੋਹਿਤ ਹੋ ਜਾਂਦੇ ਸਨ, ਇਸ ਨੂੰ ਸਿਰਲੱਥ ਯੋਧੇ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਚੰਬੇ ਛੱਡ ਕੇ ਆਏ, ਚਿੱਤ ਅਡੋਲ ਰਿਹਾ। ਬਾਬਾ ਜੀ ਜਤ ਸਤ ਵਿੱਚ ਕਾਇਮ ਰਹੇ। ਪ.ਪ੍ਰੇਮ ਦੀ ਸਿੱਖੀ, ਜਿਵੇਂ ਪੰਜ ਪਿਆਰੇ ਭਾਈ ਨੰਦ ਲਾਲ ਸਿੰਘ ਜੀ ਅਤੇ ਹੋਰ ਅਨੇਕਾਂ ਪ੍ਰੇਮੀਂ ਸਿੱਖ।

ਕਬੀਰ. ਪਾਹਨ ਪਰਮੇਸੁਰੁ ਕੀਆ; ਪੂਜੈ ਸਭੁ ਸੰਸਾਰੁ॥ ਇਸ ਭਰਵਾਸੇ ਜੋ ਰਹੇ; ਬੂਡੇ ਕਾਲੀ ਧਾਰ॥੧੩੬॥ {ਵਾਹਿਗੁਰੂ ਅਕਾਲ ਪੁਰਖ ਜੀ ਭਗਤ ਕਬੀਰ ਸਾਹਿਬ ਜੀ ਦੇ ਸਰੂਪ 'ਚ ਪ੍ਰਗਟ ਹੋਏ ਹਨ। ਵਾਹਿਗੁਰੂ ਅਕਾਲ ਪੁਰਖ ਜੀ ਹੁਣ ਸਾਡੇ ਅੰਦਰ ਬਾਹਰ ਸਤਿ ਸੰਤੋਖ ਦਇਆ ਧਰਮ ਅਸੰਖ ਗੁਣਾਂ ਦੇ ਨਿਰਗੁਣ ਪ੍ਰਕਾਸ਼ ਸਰੂਪ, ਅਜਪਾ ਜਾਪ ਕਰਦਿਆਂ ਭਰਪੂਰ ਹੋ ਰਹੇ ਹਨ। ਕ੍ਰੋੜਾਂ ਬ੍ਰਹਮੰਡਾਂ ਕ੍ਰੋੜਾਂ ਸੂਰਜਾਂ ਚੰਦ੍ਰਮਿਆਂ ਤਾਰਿਆਂ ਮੰਡਲਾਂ ਅਗਨੀਆਂ ਬਿਜਲੀਆਂ ਟਿਟਿਆਣਿਆਂ, ਛੁਛਮ ਤੋਂ ਛੁਛਮ ਬ੍ਰੀਕ ਜੀਅ ਸਾਰੀ ਰਚਨਾ ਨੂੰ ਆਪਣੇ ਚੋਂ ਪ੍ਰਗਟ ਕੀਤਾ ਹੈ। ਰਚਨਾ ਮਹਾਰਾਜ ਦੀ ਜੋਤਿ ਨਾਲ ਚੱਲ ਰਹੀ ਹੈ। ਸਾਰੀਆਂ ਦੇਹਾਂ ਭੱਜੀਆਂ ਫਿਰਦੀਆਂ ਹਨ, ਦੇਹਾਂ ਅੰਦਰ ਜੀਅ ਭੱਜੇ ਫਿਰਦੇ ਹਨ, ਇਸੇ ਤਰ੍ਹਾਂ ਵੱਡੇ ੨ ਅਕਾਰ ਸੂਰਜ ਚੰਦ ਤਾਰੇ, ਮੰਡਲ ਧਰਤੀਆਂ ਸਾਰੇ ਭੱਜੇ ਫਿਰਦੇ ਹਨ। ਚਾਰੇ ਖਾਣੀਆਂ ਨੱਚ ਰਹੀਆਂ ਹਨ। ਹਵਾ ਕਿੰਨੀ ਤੇਜ਼ ਵਗ ਰਹੀ ਹੈ, ਨਦੀਆਂ ਦਰਿਆ ਵਗ ਰਹੇ ਹਨ। ਸਮੁੰਦ੍ਰ 'ਚ ਕਿਸ ਤਰ੍ਹਾਂ ਬੜਵਾਨਲ ਅਗਨੀ ਹੈ। ਲੱਖਾਂ ਅਰਬਾਂ ਮਣਾ ਪਾਣੀ ਨੂੰ ਸਾੜ ਰਹੀ ਹੈ। ਇਹ ਸਾਰੀ ਰਚਨਾ ਦੀ ਚੇਸ਼ਟਾ ਅਨਤਕਲਾਵਾਨ ਵਾਹਿਗੁਰੂ ਜੀ ਹੀ ਕਰਵਾ ਰਹੇ ਹਨ। ਇਸ ਤਰ੍ਹਾਂ ਅਸੰਖ ਬ੍ਰਹਮੰਡਾਂ ਨੂੰ ਹੁਣ ਰਚ ਅਤੇ ਲੈ ਕਰ ਰਹੇ, ਨਿਰਲੇਪ ਭੀ ਹਨ। ਸਾਡੇ ਸੁਆਸ ਰੂਪ ਭੀ ਹਨ। ;ਰਿਜਕੁ ਸਭਸੁ ਕਉ ਦੀਏ ਜੀਉ॥੨॥ ਅਨੁਸਾਰ ਸਾਰਿਆਂ ਨੂੰ ਰੋਜ਼ੀ ਦੇਣ ਵਾਲੇ ਹਨ।} ਵਾਹਿਗੁਰੂ ਸਰੂਪ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ ਬਿਨਾ ਅਸੀਂ ਮੁਰਦਾ ਹਾਂ, ਐਸੇ ਦਾਤੇ ਜੀ ਨੂੰ ਛੱਡ ਕੇ, ਜਿਨ੍ਹਾਂ ਨੇ (ਪਾਹਨੁ)ਪੱਥਰ ਨੂੰ ਹੀ ਪਰਮੇਸੁਰੁ ਸਮਝਣਾ (ਕੀਆ)ਕੀਤਾ ਹੈ, ਇੱਕ ਨਹੀਂ ਦੋ ਨਹੀਂ (ਸਭੁ)ਸਾਰਾ ਸੰਸਾਰੁ ਹੀ, ਪੱਥਰ ਨੂੰ ਪ੍ਰਮਾਤਮਾ ਮੰਨ ਕੇ, (ਪੂਜੈ)ਪੂਜਾ ਕਰਦਾ ਹੈ।
(ਜੋ)ਜਿਹੜੇ ਇਸ (ਭਰਵਾਸੇ)ਭਰੋਸੇ ਪੱਥਰ ਨੂੰ ਪੂਜ ਰਹੇ ਹਨ। ਉਹ ਪਾਪਾਂ ਔਗੁਣਾ ਦੋਸ਼ਾਂ ਵਿਕਾਰਾਂ ਦੀ ਕਾਲੀ ਧਾਰ ਅਥਵਾ ਵਗਦੇ ਦਰਿਆ ਦੀ ਕਾਲੀ ਧਾਰ ਅਥਵਾ ਬੈਤਰਨੀ ਨਦੀ ਦੀ ਕਾਲੀ ਧਾਰ 'ਚ, ਡੁੱਬ ਜਾਂਦੇ ਹਨ। ਯਥਾ:- ਜੋ ਪਾਥਰ ਕਉ; ਕਹਤੇ ਦੇਵ॥ ਤਾ ਕੀ; ਬਿਰਥਾ ਹੋਵੈ ਸੇਵ॥ ਜੋ ਪਾਥਰ ਕੀ, ਪਾਂਈ ਪਾਇ॥ ਤਿਸ ਕੀ ਘਾਲ; ਅਜਾਂਈ ਜਾਇ॥੧॥ ਠਾਕੁਰੁ ਹਮਰਾ; ਸਦ ਬੋਲੰਤਾ॥ ਸਰਬ ਜੀਆ ਕਉ; ਪ੍ਰਭੁ ਦਾਨੁ ਦੇਤਾ॥੧॥ ਰਹਾਉ॥ ਅੰਤਰਿ ਦੇਉ; ਨ ਜਾਨੈ ਅੰਧੁ॥ ਭ੍ਰਮ ਕਾ ਮੋਹਿਆ; ਪਾਵੈ ਫੰਧੁ॥ ਨ ਪਾਥਰੁ ਬੋਲੈ; ਨਾ ਕਿਛੁ ਦੇਇ॥ ਫੋਕਟ ਕਰਮ; ਨਿਹਫਲ ਹੈ ਸੇਵ॥੨॥) ਤਾਹਿ ਪਛਾਨਤ ਹੈ ਨ. ਮਹਾਂ ਜੜ੍ਹ; ਜਾ ਕੋ ਪ੍ਰਤਾਪ ਤਿਹੂੰ ਪੁਰ ਮਾਹੀ॥ ਪੂਜਤ ਹੈ ਪ੍ਰਭੁ ਹੈ ਤਿਹ ਕੌ; ਜਿਨ ਕੇ ਪਰਸੇ. ਪਰਲੋਕ ਪਰਾਹੀ॥ ਪਾਪ ਕਰੋ ਪਰਮਾਰਥ ਕੈ; ਜਿਹ ਪਾਪਨ ਤੇ ਅਤਿ ਪਾਪ ਡਰਾਹੀ॥ ਪਾਇ ਪਰੋ ਪਰਮੇਸ੍ਵਰ ਕੇ ਪਸੁ; ਪਾਹਨ ਮੈ ਪਰਮੇਸ੍ਵਰ ਨਾਹੀ॥ (ਸ੍ਰੀ ਦਸਮ ੧੨੦੦) ਕੋਊ ਬੁਤਾਨ ਕੋ ਪੂਜਤ ਹੈ ਪਸੁ; ਕੋਊ ਮ੍ਰਿਤਾਨ ਕਉ ਪੂਜਨ.ਧਾਇਓ॥ ਕੂਰ ਕ੍ਰਿਆ ਉਰਝਿਓ ਸਭ ਹੀ ਜਗ; ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥) ਮਃ ੧॥ ਹਿੰਦੂ ਮੂਲੇ ਭੂਲੇ; ਅਖੁਟੀ ਜਾਂਹੀ॥ ਨਾਰਦਿ ਕਹਿਆ; ਸਿ ਪੂਜ ਕਰਾਂਹੀ॥ ਅੰਧੇ ਗੁੰਗੇ; ਅੰਧ ਅੰਧਾਰੁ॥ ਪਾਥਰੁ ਲੇ ਪੂਜਹਿ; ਮੁਗਧ ਗਵਾਰ॥ ਓਹਿ ਜਾ ਆਪਿ ਡੁਬੇ; ਤੁਮ ਕਹਾ ਤਰਣਹਾਰੁ॥੨॥ ਨਾਰਦ ਮੁਨੀ ਜੀ ਨੇ ਅਪਣੇ ਰਚੇ ਪੰਚਰਾਤ੍ਰ ਗ੍ਰੰਥ 'ਚ ਪੱਥਰ ਮੂਰਤੀ ਪੂਜਾ ਸਿਖਾਈ ਹੈ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਕਾਗਦ ਕੀ ਓਬਰੀ; ਮਸੁ ਕੇ ਕਰਮ ਕਪਾਟ॥ ਪਾਹਨ. ਬੋਰੀ ਪਿਰਥਮੀ; ਪੰਡਿਤ ਪਾੜੀ ਬਾਟ॥੧੩੭॥ ਵਾਹਿਗੁਰੂ ਸਰੂਪ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਘੋੜੇ ਦਾ ਮਿਹਦਾ ਕੱਢ ਕੇ ਅਸਮੇਧ ਜੱਗ ਕਰਨਾ। ਗਊ ਦਾ ਮਿਹਦਾ ਕੱਢ ਕੇ ਅੱਗ 'ਚ ਹਵਨ ਕਰਨਾ, ਗੋਮੇਧ ਜੱਗ ਹੈ। ਰਾਜੇ ਦਾ ਮਿਹਦਾ ਕੱਢ ਕੇ ਜੱਗ ਕਰਨਾ, ਰਾਜਮੇਧ ਜੱਗ, ਘੋਰ ਭਿਆਨਕ ਪਾਪ ਤਾਮਸੀ ਕਰਮ ਜੱਗ, ਜਿਨ੍ਹਾਂ ਗ੍ਰੰਥਾਂ 'ਚ ਲਿਖੇ ਹਨ, ਉਹ ਇਕ (ਕਾਗਦ)ਕਾਗਜ (ਕੀ)ਦੀ, ਕੈਦ (ਓਬਰੀ)ਕੋਠੜੀ ਹਨ। ਪਾਪਾਂ ਦੀ (ਮਸੁ)ਕਾਲਖ (ਕੇ)ਦੇ ਕਰਮ ਕਰਨੇ, (ਕਪਾਟ)ਤਖ਼ਤੇ ਲੱਗੇ ਹਨ। ਜੀਆਂ ਨੂੰ ਮਾਰਨਾ ਧਰਮ ਲਿਖਿਆ ਹੈ। ਯਥਾ:- ਜੀਅ ਬਧਹੁ. ਸੁ ਧਰਮੁ ਕਰਿ ਥਾਪਹੁ; ਅਧਰਮੁ. ਕਹਹੁ ਕਤ ਭਾਈ॥) ਗੈਂਡਾ ਮਾਰਿ ਹੋਮ ਜਗ ਕੀਏ; ਦੇਵਤਿਆ ਕੀ ਬਾਣੇ॥) (ਪਾਹਨ)ਪੱਥਰ ਦੀ ਪੂਜਾ 'ਚ ਲਾ ਕੇ, ਸਾਰੀ (ਪਿਰਥਮੀ)ਦੁਨੀਆਂ (ਬੋਰੀ)ਡੋਬ ਦਿਤੀ। ਪੰਡਿਤ ਨੇ (ਬਾਟ)ਰਸਤਾ (ਪਾੜੀ)ਮਾਰਿਆ ਹੈ, ਭਾਵ ਰਸਤੇ ਨੂੰ ਲੁੱਟਣ ਵਾਲਾ ਡਾਕੂ ਹੈ, ਭਾਵ ਰਾਮ ਜੀ ਦੇ ਰਸਤੇ ਚੱਲਣ ਵਾਲਿਆਂ ਦੇ ਰਸਤੇ ਨੂੰ ਪਾੜ ਕੇ, ਪੱਥਰ ਪੂਜਾ 'ਚ ਲਾ ਲਿਆ॥੧੩੭॥ ਯਥਾ:- ਕਬੀਰ. ਪਾਹਨੁ ਪਰਮੇਸੁਰੁ ਕੀਆ; ਪੂਜੈ ਸਭੁ ਸੰਸਾਰੁ॥ ਇਸ ਭਰਵਾਸੇ ਜੋ ਰਹੇ; ਬੂਡੇ ਕਾਲੀ ਧਾਰ॥੧੩੬॥) ਜਿਵੇਂ ਰਾਹੂ ਕੇਤੂ ਬੈਲ ਹਮਾਰੇ, ਸਾੜ ਸਤੀ ਹੈ ਖੇਤੀ। ਪੱਤਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ। ਜੇ ਘਰ ਚੱਕੀ ਨਹੀਂ ਤਾਂ ਪੱਤ੍ਰੀ ਲੈ ਕੇ ਭੋਲੇ ਜਿਮੀਂਦਾਰ ਨੂੰ ਕਹਿੰਦੇ, "ਤੇਰੇ ਤੇ ਪਾਹਨ ਦੇਵਤੇ ਦੀ ਕ੍ਰੋਪੀ ਹੈ", ਕਹਿ ਕੇ ਡਰਾ ਦੇਣਾ, ਕਹਿੰਦਾ, "ਫਿਰ ਕੀ ਕਰੀਏ"? "ਸਾਨੂੰ ਚੱਕੀ ਦਾਨ ਦਿਉ", ਚੱਕੀ ਠੱਗ ਲੈਣੀ। ਪੰਡਤਾਣੀ ਕਿਹਾ, "ਹੁਣ ਰੂੰ ਦੀ ਲੋੜ ਹੈ", ਕਹਿੰਦਾ "ਇਹ ਤਾਂ ਮੇਰਾ ਖੱਬੇ ਹੱਥ ਦਾ ਕੰਮ ਹੈ", ਭੋਲੇ ਜੱਟ ਦੀ ਕੁੜੀ ਦਾ ਵਿਆਹ ਸੀ, ਭੋਲੇ ਜਿਮੀਂਦਾਰ ਨੂੰ ਕਹਿੰਦਾ, "ਕਪਾਹੂ ਦੇਵਤੇ ਦੀ ਕ੍ਰੋਪੀ ਹੈ", ਪਹਿਲਾਂ ਵਿਆਹ ਨੂੰ ਅਨੰਦ ਕਾਰਜ ਨਹੀਂ ਹੁੰਦੇ ਸਨ, ਅੱਗ ਦੀਆਂ ਪ੍ਰਕਰਮਾਂ ਕਰਦੇ ਸਨ। ਜਿਮੀਂਦਾਰ ਕਹਿੰਦਾ, "ਕਿਵੇਂ ਕਰੀਏ"? ਕਹਿੰਦਾ, "ਚਾਰ ਵੱਡੇ ਬੋਰੇ ਕਪਾਹ ਦੇ ਭਰ ਕੇ, ਜਦੋਂ ਬੱਚਾ ਬੱਚੀ ਵਿਆਹ ਸਮੇਂ, ਅੱਗ ਦੀਆਂ ਪ੍ਰਕਰਮਾਂ ਕਰਨਗੇ, ਉੱਥੇ ਚੌਹਾਂ ਖੂੰਜਿਆਂ 'ਚ ਰੱਖ ਦੇਣੇ, ਇਸ ਦੇ ਦੁਆਲੇ ਪ੍ਰਕਰਮਾਂ ਕਰ ਲੈਣਗੇ, ਕਪਾਹੂ ਦੇਵਤੇ ਦੀ ਕਰੋਪੀ ਹਟ ਜਾਵੇਗੀ"। ਡਰ ਨਾਲ ਖ਼ੂਨ ਸੁੱਕਿਆ ਪਿਆ ਸੀ, ਡਰੇ ਸਹਿਮੇ ਵਿਚਾਰੇ ਗ਼ੀਬ ਨੇ, ਉਸੇ ਤਰ੍ਹਾਂ ਹੀ ਕੀਤਾ। ਜਦੋਂ ਫੇਰੇ ਦੇਣ ਦਾ ਸਮਾਂ ਆਇਆ, ਜਿਹੜਾ ਕਪਟੀ ਬ੍ਰਾਹਮਣ ਬਰਾਤ ਨਾਲ ਆਇਆ ਸੀ, ਕਹਿੰਦਾ, "ਅਸਚਰਜ ਵਿਆਹੰ ਚਹੁੰ ਤਰਫ਼ ਕਪਾਹੰ ", ਕਹਿੰਦਾ ਅਸਚਰਜ ਵਿਆਹ, ਚੌਹੀਂ ਤਰਫ਼ੀਂ ਕਪਾਹ ਰੱਖੀ ਬੈਠਾਂ। ਪਹਿਲਾ ਕਪਟੀ ਬ੍ਰਾਹਮਣ ਕਹਿੰਦਾ, "ਚੁੱਪ ਗੁੜੁਪੰ ਮੁਗਧੰ ਲੁੱਟੰ, ਅਰਧੋ ਅਰਧ ਸੁਆਹਾ"। ਕਹਿੰਦਾ, "ਚੁੱਪ ਕਰ ਜਾ, ਮੂਰਖਾਂ ਨੂੰ ਲੁੱਟ ਰਹੇ ਹਾਂ, ਆਪਾਂ ਅੱਧੋ ਅੱਧ ਕਰ ਲਵਾਂਗੇ"। ਦੂਜਾ ਬ੍ਰਾਹਮਣ ਚੁੱਪ ਕਰ ਗਿਆ। ਫ਼ੇਰੇ ਹੋਣ ਮਗਰੋਂ, ਪਹਿਲੇ ਬ੍ਰਾਹਮਣ ਨੇ ਜਲਦੀ ੨ ਬੋਰੇ ਚੁੱਕਾ ਕੇ, ਆਪਣੇ ਘਰੇ ਸੁਟਾ ਲਏ। ਦੂਜਾ ਬ੍ਰਾਹਮਣ ਕਹਿੰਦਾ, "ਮੈਨੂੰ ਅੱਧ ਦਿਉ"ਕਹਿੰਦਾ ਤੈਨੂੰ ਕਿਹਾ ਸੀ, "ਅਰਧੋ ਅਰਧ ਸੁਆਹਾ, ਅੱਧੀ ਸੁਆਹ ਲੈ ਲਾ" ਜਬਾਬ ਦੇ ਦਿਤਾ। ਇਸੇ ਤਰ੍ਹਾਂ ਪੰਡਿਤ ਕੇਵਲ ਲਾਲਚ, ਪਦਾਰਥ ਨਿਉਂਦਿਆਂ ਵਸੀਕਾਰ ਹੋ ਗਏ। ਇਨ੍ਹਾਂ ਦਾ ਫਰਜ਼ ਸੀ, ਵਿੱਦਿਆ ਪੜ੍ਹਨੀ ਅਤੇ ਪੜ੍ਹਾਉਣੀ, ਦਾਨ ਕਰਨਾ ਤੇ ਕਰਾਉਣਾ, ਇਨ੍ਹਾਂ ਨੇ ਵਿੱਦਿਆ ਪੜ੍ਹਨੀ ਪੜ੍ਹਾਉਣੀ ਛੱਡ ਦਿਤੀ। ਦਾਨ ਆਪ ਤਾਂ ਕੀ ਦੇਣਾ, ਸਿਰਫ਼ ਦਾਨ ਲੈਣਾ ਹੀ ਰੱਖ ਲਿਆ। ਯਥਾ:- ਛੁਰੀ ਕਾਢਿ; ਲੇਵੈ ਹਥਿ ਦਾਨਾ॥) ਧੋਤੀ ਖੋਲਿ; ਵਿਛਾਏ ਹੇਠਿ॥ ਗਰਧਪ ਵਾਂਗੂ; ਲਾਹੇ ਪੇਟਿ॥ ਇਸ ਤਰ੍ਹਾਂ ਇਨ੍ਹਾਂ ਨੇ ਰਾਹ ਮਾਰ ਲਿਆ, ਦੁਨੀਆਂ ਨੂੰ ਪ੍ਰਮਾਰਥ ਦਾ ਰਾਹ ਨਹੀਂ ਦੱਸਿਆ, ਆਪ ਪ੍ਰਮਾਰਥ 'ਚ ਨਹੀਂ ਲੱਗੇ। ਮਹਾਰਾਜ ਸਾਹਿਬ ਜੀ, ਗੁਰਮੁਖਿ ਪੰਡਿਤ ਜੀ ਨੂੰ ਨਮਸਕਾਰ ਕਰ ਰਹੇ ਹਨ:- ਸੋ ਪੰਡਿਤੁ; ਜੋ ਮਨੁ ਪਰਬੋਧੈ॥ ਰਾਮ ਨਾਮੁ; ਆਤਮ ਮਹਿ ਸੋਧੈ॥ ਰਾਮ ਨਾਮ; ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ; ਉਪਦੇਸਿ ਜਗੁ

Sri Satguru Jagjit Singh Ji eLibrary NamdhariElibrary@gmail.com

ਜੀਵੈ॥ ਹਰਿ ਕੀ ਕਥਾ; ਹਿਰਦੈ ਬਸਾਵੈ॥ ਸੋ ਪੰਡਿਤੁ; ਫਿਰਿ ਜੋਨਿ ਨ ਆਵੈ॥ ਬੇਦ ਪੁਰਾਨ; ਸਿਮ੍ਰਿਤਿ ਬੂਝੈ ਮੂਲੁ॥ ਸੂਖਮ ਮਹਿ; ਜਾਨੈ ਅਸਥੂਲੁ॥ ਚਹੁ ਵਰਨਾ ਕਉ; ਦੇ ਉਪਦੇਸੁ॥ ਨਾਨਕ. ਉਸੁ ਪੰਡਿਤ ਕਉ; ਸਦਾ ਅਦੇਸੁ॥੪॥) ਕਹੁ ਕਬੀਰ; ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ; ਕਹੀਅਤੁ ਹੈ ਹਮਾਰੈ॥ ਸੋ ਪੰਡਿਤੁ ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਇਹ ਮਾੜੇ ਕਰਮ ਕਰਨ ਵਾਲੇ ਪੰਡਿਤਾਂ ਨੂੰ ਕਿਹਾ, ਚੰਗੇ ਕੰਮ ਕਰਨ ਵਾਲਿਆਂ ਪੰਡਿਤਾਂ ਨੂੰ ਸਦਾ ਨਮਸਕਾਰ ਹੈ ਜੀ।

ਕਬੀਰ. ਕਾਲਿ ਕਰੰਤਾ ਅਬਹਿ ਕਰੁ; ਅਬ ਕਰਤਾ ਸੁਇਤਾਲ॥ ਪਾਛੈ ਕਛੂ ਨ ਹੋਇਗਾ; ਜਉ ਸਿਰ ਪਰ ਆਵੈ ਕਾਲੁ॥੧੩੮॥ ਹੁਣ ਗੁਰਤਾ ਬਿਰਾਜਮਾਨ ਗੁਰੂ ਗ੍ਰੰਥ ਸਾਹਿਬ, ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰੇ ਜੀ! ਪੂਰੇ ਗੁਰੂ ਜੀ, ਸੀਸ ਮੰਗ ਰਹੇ ਹਨ, ਧਰਮ ਕਰਮ ਕਰਨ ਦਾ ਜੋ ਹੁਕਮ ਕਰ ਰਹੇ ਹਨ, ਜੇ ਤੂੰ ਕਹੇਂ, ਹੁਕਮ ਦਾ ਮੰਨਣ (ਕਾਲਿ)ਕੱਲ ਨੂੰ (ਕਰੰਤਾ)ਕਰਦਾ ਹਾਂ, ਉਹ (ਅਬਹਿ)ਹੁਣ ਹੀ (ਕਰੁ)ਕਰ ਲੈ, ਜਿਹੜਾ (ਅਬ)ਹੁਣ (ਕਰਤਾ)ਕਰਦਾ ਹੈਂ, ਉਹ (ਸੁਇਤਾਲ)ਛੇਤੀ ਹੀ ਕਰ, ਦੇਰੀ ਕਰਨੀ ਮਹਾਂ ਪਾਪ ਹੈ। ਯਥਾ:- ਨਹ ਬਿਲੰਬ ਧਰਮੰ ਬਿਲੰਬ ਪਾਪੰ॥ (ਜਉ)ਜਦੋਂ ਸਿਰ (ਪਰਿ)ਉੱਪਰ, ਕਾਲੁ (ਆਵੈ)ਆਵੇਗਾ, ਤਾਂ (ਪਾਛੈ)ਪਿੱਛੋਂ (ਕਛੂ)ਕੁੱਝ ਭੀ (ਨ)ਨਹੀਂ (ਹੋਇਗਾ)ਹੋ ਸਕੇਗਾ॥੧੩੮॥ ਯਥਾ:- ਅਬ. ਨ ਭਜਸਿ; ਭਜਸਿ ਕਬ ਭਾਈ॥ ਆਵੈ ਅੰਤੁ; ਨ ਭਜਿਆ ਜਾਈ॥) ਆਪਿ ਨਿਰਾਲਮੁ, ਧੰਧੈ ਬਾਧੀ; ਕਰਿ ਹੁਕਮੁ. ਛਡਾਵਣਹਾਰੋ॥ ਅਜੁ ਕਲਿ ਕਰਦਿਆ. ਕਾਲੁ ਬਿਆਪੈ; ਦੂਜੈ ਭਾਇ ਵਿਕਾਰੋ॥੨॥) ਸਭਿ ਜਾਇ ਮਿਲਹੁ ਸਤਿਗੁਰੂ ਕਉ, ਮੇਰੀ ਜਿੰਦੁੜੀਏ; ਜੋ. ਹਰਿ ਹਰਿ ਨਾਮੁ ਦ੍ਰਿੜਾਵੈ ਰਾਮ॥ ਹਰਿ ਜਪਦਿਆ. ਖਿਨੁ ਢਿਲ ਨ ਕੀਜਈ ਮੇਰੀ ਜਿੰਦੁੜੀਏ; ਮਤੁ ਕਿ ਜਾਪੈ. ਸਾਹੁ ਆਵੈ ਕਿ ਨ ਆਵੈ ਰਾਮ॥) ਹਰਿ ਹਰਿ ਨਾਮੁ; ਅੰਤਰਿ ਉਰਿ ਧਾਰਿ॥ ਸੀਘਰ; ਕਾਰਜੁ ਲੇਹੁ ਸਵਾਰਿ॥੧॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਇਹ ਬੜੀ ਹੀ ਗੰਭੀਰ ਡੂੰਘੀ ਗੱਲ ਹੈ। ਇੱਕ ਤਾਂ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਖਰ ੨ ਨੂੰ ਪੂਰਨ ਗੁਰੂ ਜੀ, ਮੰਨਣ ਪੂਜਣ ਦਾ ਸ਼ੁਭ ਸੱਚਾ ਉਪਦੇਸ਼ ਹੈ, ਦੂਜਾ ਨਾਲ ਹੀ ਮਰਨਾ ਚੇਤੇ ਕਰਾਇਆ ਹੈ ਕਿ ਭਾਈ ਮਰਨਾ ਚੇਤੇ ਕਰਕੇ ਛੇਤੀ ੨ ਸੇਵਾ ਸਿਮਰਨ ਸ਼ੁਭ ਧਰਮ ਨਿਸ਼ਕਾਮ- ਕਰਮ ਕਰ ਲੈ। ਪੂਰੇ ਗੁਰੂ ਜੀ ਸੀਸ ਮੰਗ ਰਹੇ ਹਨ, ਦੇਣ ਲੱਗਿਆਂ ਦੇਰੀ ਨ ਕਰ। ਯਥਾ:- ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਮਤਾ ਕਰਉ; ਸੋ ਪਕਨਿ ਨ ਦੇਈ॥ ਸੀਲ ਸੰਜਮ ਕੈ; ਨਿਕਟਿ ਖਲੋਈ॥ ਅਨੁਸਾਰ ਮਾਇਆ ਚਿੱਤ ਨੂੰ ਭਰਮਾ ਦਿੰਦੀ ਹੈ। ਜਿਵੇਂ. ਜੇ ਕੋਈ ਸ੍ਰੀ ਅਖੰਡ ਪਾਠ ਸਾਹਿਬ ਦਾ ਸੰਕਲਪ ਕਰ ਲਵੇ, ਫਿਰ ਮਗਰੋਂ ਬਹੁਤ ਸਮਾਂ ਲੰਘਾ ਦੇਵੇ, ਇਸ ਤਰ੍ਹਾਂ ਆਲਸ ਪੈ ਜਾਂਦਾ ਹੈ। ਜਿਵੇਂ ਕੋਈ ਬੰਦਾ ਖ਼ਜੂਰ ਤੇ ਚੜ੍ਹ ਗਿਆ, ਜਦ ਥੱਲੇ ਦੇਖਿਆ, ਕਹਿੰਦਾ ਬਈ ਹੁਣ ਤਾਂ ਡਿੱਗ ਕੇ ਮਰਾਂਗੇ, ਸੋਚਿਆ, "ਜੇ ਮੇਰੀ ਜਾਨ ਬਚ ਜਾਵੇ, ਤਾਂ ਮਹਾਤਮਾ ਜੀ ਨੂੰ ਸੌ ਲੋਈ ਦਾਨ ਕਰਾਂਗਾ"। ਜਦੋਂ ਵਿਚਾਲੇ ਆਇਆ ਕਹਿੰਦਾ, "ਪੰਜਾਹ ਹੀ ਦੇਵਾਂਗਾ", ਨੇੜੇ ਆ ਕੇ ਕਹਿੰਦਾ, "ਪੱਚੀ ਹੀ ਦੇਵਾਂਗੇ", ਹੋਰ ਨੇੜੇ ਆ ਕੇ ਕਹਿੰਦਾ, "ਦਸ ਹੀ ਦੇਵਾਂਗਾ", ਥੱਲੇ ਛਾਲ ਮਾਰ ਕੇ ਕਹਿੰਦਾ, "ਅੱਗੇ ਤੋਂ ਨ ਖ਼ਜੂਰ 'ਤੇ ਚੜ੍ਹੀਏ ਨ ਲੋਈਆਂ ਦੇਈਏ"। ਇਉਂ ਗੁਰੂ ਘਰ ਸਕੂਲ ਹਸਪਤਾਲ ਗ੍ਰੀਬ ਦੀ ਸੇਵਾ ਲਈ, ਕੋਈ ਜਾਇਦਾਦ ਅਰਪਣੀ ਹੈ, ਉਸ ਨੂੰ ਦੇਰੀ ਨ ਕਰੋ ਛੇਤੀ ਕਰ ਦਿਉ।

ਕਬੀਰ. ਐਸਾ ਜੰਤੁ ਇਕੁ ਦੇਖਿਆ; ਜੈਸੀ ਧੋਈ ਲਾਖ॥ ਦੀਸੈ ਚੰਚਲੁ ਬਹੁ ਗੁਨਾ; ਮਤਿ ਹੀਨਾ ਨਾਪਾਕ॥੧੩੯॥੧:- {ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸ੍ਰਬੱਤ ਦਾ ਭਲਾ। ਅਨੁਸਾਰ ਮਹਾਂਪੁਰਸ਼ ਸ੍ਰਬੱਤ ਦੇ

Sri Satguru Jagjit Singh Ji eLibrary NamdhariElibrary@gmail.com

ਭਲੇ ਲਈ ਬੋਲ ਰਹੇ ਹਨ। ਇਸ 'ਚ ਬੜੀ ਡੂੰਘੀ ਰਮਜ਼ ਹੈ। ਇੱਕ ਫੈਸ਼ਨ ਦਾ ਖੰਡਨ ਹੈ, ਦੂਜਾ ਜਿਹੜੇ ਪਖੰਡੀ ਭੇਖੀ ਠੱਗ ਗੁਰੂ ਬਣੇ ਹਨ, ਇਨ੍ਹਾਂ ਦੋਹਾਂ ਨੂੰ ਸਮਝਾਇਆ ਹੈ} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਐਸਾ ਇਕੁ ਫ਼ੈਸ਼ਨੇਬਲ (ਜੰਤੁ)ਜੀਵ ਅਥਵਾ ਪਖੰਡੀ ਕੱਚਾ ਗੁਰੂ ਦੇਖਿਆ, (ਜੈਸੀ)ਜਿਸ ਤਰ੍ਹਾਂ ਧੋਈ ਲਾਖ, ਬੜੀ ਹੀ ਚਮਕਦੀ ਦਮਕਦੀ ਹੈ, ਇਹ ਫੈਸ਼ਨ ਨਾਲ ਮੇਕਅਪ ਕਰਕੇ, ਸੋਹਣੇ ੨ ਬਸਤ੍ਰ ਪਾ ਕੇ, ਸ੍ਰੀਰ 'ਤੇ ਚੰਦਨ ਸੁਗੰਧੀਆਂ ਮਲ਼ ਕੇ, ਹੀਰੇ ਜਵਾਹਰਾਤ ਪਿਸਤੌਲ ਪਾ ਕੇ, ਚਮਕ ਦਮਕ ਰਿਹਾ ਹੈ। ਵਿਕਾਰਾਂ ਪਾਪਾਂ 'ਚ, (ਬਹੁ)ਬਹੁਤੇ (ਗੁਨਾ)ਗੁਣਾਂ ਭਾਵ ਬਹੁਤੇ ਤੋਂ ਬਹੁਤਾ ਚੰਚਲ ਹੀ ਚੰਚਲੁ (ਦੀਸੈ)ਦਿਸ ਰਿਹਾ ਹੈ। ਸ਼ੁੱਧ (ਮਤਿ)ਬੁੱਧੀ (ਹੀਨਾ)ਰਹਿਤ, ਮਹਾਂ (ਨਾਪਾਕ)ਅਪਵਿੱਤ੍ਰ ਹੈ, ਨਾਮ ਹੀਣ ਮ੍ਰਿਤਕ ਭੂਤ ਨੀਚ ਜਾਤ ਹੈ। ਯਥਾ:- ਸਲੋਕੁ॥ ਅਤਿ ਸੁੰਦਰ.ਕੁਲੀਨ ਚਤੁਰ; ਮੁਖਿ ਛਿਆਨੀ ਧਨਵੰਤ॥ ਮਿਰਤਕ ਕਹੀਅਹਿ. ਨਾਨਕਾ; ਜਿਹ.ਪ੍ਰੀਤਿ ਨਹੀ ਭਗਵੰਤ॥) ਖਸਮੁ ਵਿਸਾਰਹਿ; ਤੇ ਕਮਜਾਤਿ॥ ਨਾਨਕ ਨਾਵੈ ਬਾਝੁ; ਸਨਾਤਿ॥) ਭਗਤਿ ਰਤੇ ਸੇ ਊਤਮਾ; ਜਤਿ ਪਤਿ ਸਬਦੇ ਹੋਇ॥ ਬਿਨੁ ਨਾਵੈ.ਸਭ ਨੀਚ ਜਾਤਿ ਹੈ; ਬਿਸਟਾ ਕਾ ਕੀੜਾ ਹੋਇ॥

ਕਬੀਰ. ਮੇਰੀ ਬੁਧਿ ਕਉ; ਜਮੁ. ਨ ਕਰੈ ਤਿਸਕਾਰ॥ ਜਿਨਿ. ਇਹੁ ਜਮੂਆ ਸਿਰਜਿਆ; ਸੁ ਜਪਿਆ. ਪਰਵਿਦਗਾਰ॥੧੪੦॥ ਸ੍ਰੀ ਕਬੀਰ ਸਾਹਿਬ ਜੀ ਦੇ ਨਿਕਟਵਰਤੀ ਪ੍ਰੇਮੀਂ ਸਤਿਸੰਗੀਆਂ, ਖ਼ਾਸ ਪ੍ਰੇਮ ਬੇਨਤੀ ਕੀਤੀ, "ਹੇ ਪੂਰਨ ਪਰਉਪਕਾਰੀ ਭਗਤ ਜੀਓ! ਸਤਿਗੁਰੂ ਸਾਹਿਬ ਜੀ ਦਾ ਫ਼ੁਰਮਾਨ ਹੈ, ਰੋਵਹਿ; ਸੇਖ ਮਸਾਇਕ ਪੀਰ॥ ਅੰਤਿ ਕਾਲਿ; ਮਤੁ ਲਾਗੈ ਭੀੜ॥ ਅਨੁਸਾਰ (ਸੇਖ)ਉਚੀ ਜ਼ਾਤੀ ਵਾਲੇ (ਪੀਰ)ਸ਼ਕਤੀਆਂ ਵਾਲੇ (ਮਸਾਇਕ)ਮਿਹਨਤਾਂ ਕਰਨ ਵਾਲੇ ਰੋਂਦੇ ਹਨ, ਮਤਾਂ ਅੰਤ ਦੇ ਸਮੇਂ ਸਾਡੇ ਤੇ ਜਮਾਂ ਦੀ ਪੀੜ ਲੱਗ ਜਾਵੇ। ਸਗਲ ਸਮਗ੍ਰੀ. ਡਰਹਿ ਬਿਆਪੀ; ਬਿਨੁ ਡਰ. ਕਰਣੈਹਾਰਾ॥ ਅਨੁਸਾਰ ਸਭ ਦੀਆਂ ਬੁੱਧੀਆਂ 'ਚ ਅਨੇਕ ਪ੍ਰਕਾਰ ਦਾ ਡਰ ਹੁੰਦਾ ਹੈ ਕਿ ਜਮ ਮਾਰੇਗਾ। ਆਪ ਜੀ ਦਾ ਜਮ ਦਾ ਡਰ ਕਿਵੇਂ ਨਿਵਿਰਤ ਹੋਇਆ ਜੀ ਪਿਆਰੇ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰਿਓ! (ਮੇਰੀ)ਦਾਸਨ ਦਾਸ ਦੀ (ਬੁਧਿ)ਬੁੱਧੀ (ਕਉ)ਦਾ, ਜਮੁ (ਤਿਸਕਾਰ)ਨਿਰਾਦਰ (ਨ)ਨਹੀਂ (ਕਰੈ)ਕਰੇਗਾ। ਯਥਾ:- ਜਮਕਾਲੁ ਮਿਲੈ ਦੇ ਭੇਟ; ਸੇਵਕੁ ਨਿਤ ਹੋਈ॥ ਪੂਰੇ ਗੁਰ ਤੇ. ਮਹਲੁ ਪਾਇਆ; ਪਤਿ ਪਰਗਟੁ ਲੋਈ॥ ਕਿਉਂ ਨਹੀਂ ਕਰ ਰਿਹਾ? (ਪਰਵਿਦਗਾਰ)ਕੋਟਿ ਬ੍ਰਹਮੰਡ ਕੋ. ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥) ਅਨੇਕ ਹੈਂ॥ ਫਿਰ ਏਕ ਹੈਂ॥ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ, (ਜਿਨਿ)ਜਿਨ੍ਹਾਂ ਨੇ ਇਹੁ (ਜਮੂਆ)ਜਮ (ਸਿਰਜਿਆ)ਰਚਿਆ ਹੈ, (ਸੁ)ਉਹ ਵਾਹਿਗੁਰੂ ਜੀ ਦਾਸਨ ਦਾਸ ਨੇ, ਬੁੱਧੀ ਕਰਕੇ (ਜਪਿਆ)ਜਪੇ ਹਨ। ਉਹ ਦਾਸਨ ਦਾਸ ਦੀ ਬੁੱਧੀ 'ਚ ਹੁਣ ਵਸ ਰਹੇ ਹਨ॥੧੪੦॥ ਇਸ ਲਈ ਜਮ ਦਾ ਅਤੇ ਹੋਰ ਕੋਈ ਭੀ ਡਰ ਨਹੀਂ ਫ਼ੁਰਦਾ। ਯਥਾ:- ਕਬੀਰ. ਸੁਰਗ ਨਰਕ ਤੇ ਮੈ ਰਹਿਓ; ਸਤਿਗੁਰ ਕੇ ਪਰਸਾਦਿ॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ ਮਿਲਿਓ ਹੈ; ਜੀਆਵਨਹਾਰਾ॥੧॥ ਸਾਰੇ ਜੱਗ ਦੇ ਜੀਵਨ ਰੂਪ ਜੋ ਹਨ। ਅਬਿਨਾਸੀ ਸੁਖ; ਆਪਨ ਆਸਨ॥ ਵਾਹਿਗੁਰੂ ਬ੍ਰਹਮ ਜੀ ਅੰਦਰ ਬਾਹਰ ਸਾਖਿਆਤ ਹੋ ਰਹੇ ਹਨ।

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਕਬੀਰ ਸਾਹਿਬ ਜੀ ਨੂੰ ਜੇ ਕੋਈ ਭੀ ਗੁੱਸੇ 'ਚ ਗ਼ਲਤ ਗੱਲ ਕਹਿੰਦਾ, ਉਸੇ ਗੱਲ ਤੋਂ ਹੀ ਗੁਰਬਾਣੀ ਜੀ ਉਚਾਰ ਦਿੰਦੇ। ਭਜਨ ਸਿਮਰਨ ਦਾ ਪਰਉਪਕਾਰ ਜਣਾ ਰਹੇ ਹਨ। ਇਸ ਦਾ ਭਾਵ ਬੜਾ ਡੂੰਘਾ ਹੈ ਕਿ ਬੁੱਧੀ, ਵਾਹਿਗੁਰੂ ਜੀ ਦਾ ਨਾਮ ਜਪ ਕੇ ਉਲਟ ਕੇ ਪੂਰਨ ਬ੍ਰਹਮ ਸਰੂਪ ਹੀ ਹੋ ਗਈ ਹੈ। ਇਸ ਲਈ ਬੁੱਧੀ ਦਾ ਜਮ ਤ੍ਰਿਸਕਾਰ ਨਹੀਂ ਕਰੇਗਾ। ਯਥਾ:- ਪਉੜੀ॥ ਜਾ ਆਪਿ ਕ੍ਰਿਪਾਲੁ ਹੋਵੈ ਹਰਿ ਸੁਆਮੀ ਤਾ ਆਪਣਾਂ ਨਾਉ ਹਰਿ ਆਪਿ ਜਪਾਵੈ॥ ਆਪੇ ਸਤਿਗੁਰੁ ਮੇਲਿ ਸੁਖੁ ਦੇਵੈ ਆਪਣਾਂ ਸੇਵਕੁ ਆਪਿ ਹਰਿ ਭਾਵੈ॥ ਆਪਣਿਆ ਸੇਵਕਾ ਕੀ ਆਪਿ ਪੈਜ ਰਖੈ ਆਪਣਿਆ ਭਗਤਾ ਕੀ ਪੈਰੀ ਪਾਵੈ॥ ਧਰਮਰਾਇ ਹੈ ਹਰਿ ਕਾ ਕੀਆ ਹਰਿ ਜਨ ਸੇਵਕ ਨੇੜਿ ਨ ਆਵੈ॥ ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ ਹੋਰ ਕੇਤੀ ਝਖਿ ਝਖਿ ਆਵੈ ਜਾਵੈ॥੧੭॥) ਸਲੋਕੁ॥ ਜਹ ਸਾਧੂ ਗੋਬਿਦ ਭਜਨੁ; ਕੀਰਤਨੁ ਨਾਨਕ ਨੀਤ॥ ਣਾ ਹਉ. ਣਾ ਤੂੰ, ਣਹ ਛੁਟਹਿ; ਨਿਕਟਿ. ਨ ਜਾਈਅਹੁ ਦੂਤ॥੧॥) ਧਰਮਰਾਇ ਨੋ. ਹੁਕਮੁ ਹੈ; ਬਹਿ. ਸਚਾ ਧਰਮੁ ਬੀਚਾਰਿ॥ ਦੂਜੈ ਭਾਇ. ਦੁਸਟੁ ਆਤਮਾ; ਓਹੁ ਤੇਰੀ ਸਰਕਾਰ॥ ਅਧਿਆਤਮੀ ਹਰਿ ਗੁਣਤਾਸੁ ਮਨਿ; ਜਪਹਿ ਏਕੁ ਮੁਰਾਰਿ॥ ਤਿਨ ਕੀ ਸੇਵਾ. ਧਰਮਰਾਇ ਕਰੈ; ਧੰਨੁ ਸਵਾਰਣਹਾਰੁ॥੨

ਕਬੀਰੁ. ਕਸਤੂਰੀ ਭਇਆ; ਭਵਰ ਭਏ ਸਭ ਦਾਸ॥ ਜਿਉ ਜਿਉ ਭਗਤਿ ਕਬੀਰ ਕੀ; ਤਿਉ ਤਿਉ ਰਾਮ ਨਿਵਾਸ॥੧੪੧॥ ਪੂਰਨ ਦਰਵੇਸ਼ ਭਗਤ ਜੀ, ਅੰਦਰ ਬਾਹਰ ਨਿਰਗੁਨ ਬ੍ਰਹਮ ਦੀ ਸਾਖਿਆਤਤਾ ਸਹਿਤ ਹਨ। ਨਿਰਗੁਨ ਬ੍ਰਹਮ ਜੀ 'ਚੋਂ, ਪ੍ਰੇਮ ਰੂਪੀ ਨੱਕ ਨਾਲ, ਪ੍ਰੇਮਾ- ਭਗਤੀ ਰੂਪੀ ਸੁਗੰਧੀ ਲੈ ਰਹੇ ਹਨ। ਵਾਹਿਗੁਰੂ ਜੀ ਦੀ ਪ੍ਰੇਮਾ- ਭਗਤੀ ਕਰਨ ਬਾਰੇ ਵਿਸ਼ੇਸ ਉਪਦੇਸ਼ ਕਹਿ ਰਹੇ ਹਨ। ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਕਬੀਰੁ)ਵੱਡੇ ਵਿਆਪਕ ਬ੍ਰਹਮ ਜੀ ਅੰਦਰ ਬਾਹਰ ਅਸੰਖ ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਜੀ ਤਾਂ ਪ੍ਰੇਮਾ- ਭਗਤੀ ਰੂਪੀ ਸੁਗੰਧੀ ਸਹਿਤ ਕਸਤੂਰੀ ਰੂਪ (ਭਇਆ)ਹੋ ਰਹੇ ਹਨ, ਕਸਤੂਰੀ ਤੋਂ ਸੁਗੰਧੀ ਲੈਣ ਵਾਲੇ ਜਿਨੇ ਭੀ ਵਾਹਿਗੁਰੂ ਜੀ ਦੇ ਪ੍ਰੇਮਾ ਭਗਤੀ ਕਰਨ ਵਾਲੇ ਦਾਸ ਹਨ, ਉਹ (ਸਭ)ਸਾਰੇ (ਭਵਰ)ਭੌਰੇ (ਭਏ)ਬਣ ਗਏ ਹਨ। ਭੌਰਾ ਜਿਵੇਂ ਕਸਤੂਰੀ ਦੀ ਸੁਗੰਧੀ ਲੈਂਦਾ, ਇਸੇ ਤ੍ਰਹ੍ਹਾਂ ਵਾਹਿਗੁਰੂ ਜੀ ਦੇ ਦਾਸਨ ਦਾਸ ਆਪਣੀਆਂ ਪ੍ਰੇਮ ਰੂਪੀ ਨੱਕ ਨਾਲ (ਕਸਤੂਰੀ)ਵਾਹਿਗੁਰੂ ਵਿਆਪਕ ਬ੍ਰਹਮ ਜੀ ਤੋਂ, ਪ੍ਰੇਮਾ- ਭਗਤੀ ਰੂਪੀ ਸੁਗੰਧੀ ਲੈ ਰਹੇ ਹਨ। ਯਥਾ:- ਛਛਾ; ਛੋਹਰੇ ਦਾਸ ਤੁਮਾਰੇ॥ ਦਾਸ ਦਾਸਨ ਕੇ; ਪਾਨੀਹਾਰੇ॥) ਜਿਉ ਬੁਲਾਵਹੁ; ਤਿਉ ਨਾਨਕ ਦਾਸ ਬੋਲੈ॥ ਵਾਹਿਗੁਰੂ ਜੀ ਦੇ ਦਾਸਨ ਦਾਸ (ਜਿਉ)ਜਿਵੇਂ (ਜਿਉ)ਜਿਵੇਂ ਅਜਪਾ ਜਾਪ ਪਰਮਪੂਜਨੀਕ (ਕਬੀਰ)ਵਾਹਿਗੁਰੂ ਜੀ (ਕੀ)ਦੀ ਪ੍ਰੇਮਾ (ਭਗਤਿ)ਭਗਤੀ ਕਰਦੇ ਹਨ। ਤਿਉ ਤਿਉ (ਰਾਮ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ 'ਚ (ਨਿਵਾਸ)ਵਿਸ਼ੇਸ਼ ਕਰਕੇ ਵਸਣਾ ਹੋ ਰਿਹਾ ਹੈ। ਤਿਵੇਂ ੨ ਰਾਮ ਜੀ ਦਾ ਉਨ੍ਹਾਂ ਦੇ ਮਨ ਬਾਣੀ ਸ੍ਰੀਰ ਰੋਮ ੨ 'ਚ,ਅੰਦਰ ਬਾਹਰ ਨਿਵਾਸ ਹੋ ਰਿਹਾ ਹੈ॥

ਕਬੀਰ. ਗਹਗਚਿ ਪਰਿਓ ਕੁਟੰਬ ਕੈ; ਕਾਂਠੈ. ਰਹਿ ਗਇਓ ਰਾਮੁ॥ ਆਇ ਪਰੇ ਧਰਮਰਾਇ ਕੇ; ਬੀਚਹਿ ਧੂਮਾ ਧਾਮ॥੧੪੨॥ ਪਲਚਿ ਪਲਚਿ ਸਗਲੀ ਮੁਈ; ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ; ਅਗੈ ਲਈਅਹਿ ਖੋਹਿ॥) ਗ੍ਰਿਸਤਿ ਕੁਟੰਬਿ ਪਲੇਟਿਆ; ਕਦੇ ਹਰਖੁ ਕਦੇ ਸੋਗੁ॥) ਏਤੁ ਮੋਹਿ ਡੁਬਾ ਸੰਸਾਰੁ॥ ਅਨੁਸਾਰ ਮੋਹ 'ਚ ਖੱਚਤ ਜੀਵ ਦੀ ਹਾਲਤ, ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਹ ਜੀਵ (ਕੁਟੰਬ)ਪ੍ਰਵਾਰ (ਕੈ)ਦੇ ਮੋਹ ਪਿਆਰ 'ਚ (ਪਰਿਓ)ਪਿਆ, ਬੜਾ ਹੀ (ਗਹਗਚਿ)ਖੱਚਤ ਗ਼ਲਤਾਨ ਹੋ ਰਿਹਾ ਸੀ। (ਰਾਮੁ)ਵਿਆਪਕ ਵਾਹਿਗੁਰੂ ਬ੍ਰਹਮ ਜੀ ਦੇ ਸੱਚੇ ਨਾਮ ਤੋਂ (ਕਾਂਠੈ)ਪਾਸੇ ਹੀ ਰਹਿ (ਗਇਓ)ਗਿਆ ਭਾਵ ਪ੍ਰਾਪਤ ਨ ਕਰ ਸਕਿਆ। ਫਿਰ ਕੀ ਹੋਇਆ? (ਧਾਮ)ਘਰ ਵਿੱਚ, ਮੀਟ ਸ਼ਰਾਬ ਨਾਚ ਗਾਣਿਆਂ ਰੰਗ ਰਲੀਆਂ

Sri Satguru Jagjit Singh Ji eLibrary NamdhariElibrary@gmail.com

ਦੇ (ਧੂਮਾ)ਡੰਡ ਰੌਲੇ (ਬੀਚਹਿ)ਵਿੱਚ ਹੀ, ਧਰਮਰਾਇ (ਕੇ)ਦੇ ਭੇਜੇ, ਅਜਰਾਈਲ ਮੇਕਾਈਲ ਜਮਦੂਤ (ਆਇ)ਆ ਕੇ (ਪਰੇ)ਪੈ ਗਏ, ਪਹਿਲਾਂ ਤਾਂ ਰੰਗ ਰਲੀਆਂ ਦਾ ਡੰਡ ਰੌਲਾ ਨਾਚ ਗਿੱਧਾ ਹੋ ਰਿਹਾ ਸੀ। ਜਦੋਂ ਧਰਮਰਾਇ ਦੇ ਦੂਤ ਆ ਕੇ ਪੈ ਗਏ, ਤਦੋਂ ਚੀਕ ਚਿਹਾੜਾ ਰੋਣਾ ਪੈ ਗਿਆ। ਰਾਗ ਰੰਗ, ਸੋਗ 'ਚ ਬਦਲ ਗਏ। ਇਸ ਲਈ ਪ੍ਰਮਾਤਮਾ ਜੀ ਦੇ ਸ਼ੁਭ ਸੱਚੇ ਅਮੋਲਕ ਨਾਮ ਬਿਨਾ, ਜੀਵ ਦੀ ਇਹ ਅਤਿਅੰਤ ਹੀ ਮੰਦੀ ਹਾਲਤ ਹੁੰਦੀ ਹੈ। ਯਥਾ:- ਫਰੀਦਾ. ਦਰੀਆਵੈ ਕੰਨ੍ਹੈ ਬਗੁਲਾ; ਬੈਠਾ ਕੇਲ ਕਰੇ॥ ਕੇਲ ਕਰੇਦੇ. ਹੰਝ ਨੋ; ਅਚਿੰਤੇ ਬਾਜ ਪਏ॥ ਬਾਜ ਪਏ. ਤਿਸੁ ਰਬ ਦੇ; ਕੇਲਾਂ ਵਿਸਰੀਆਂ॥ ਜੋ ਮਨਿ ਚਿਤਿ ਨ ਚੇਤੇ ਸਨਿ; ਸੋ ਗਾਲੀ ਰਬ ਕੀਆਂ॥) ਭੇਤੁ ਚੇਤੁ ਹਰਿ ਕਿਸੈ ਨ ਮਿਲਿਓ; ਜਾ ਜਮਿ ਪਕੜਿ ਚਲਾਇਆ॥

ਕਬੀਰ. ਸਾਕਤ ਤੇ ਸੂਕਰ ਭਲਾ; ਰਾਖੈ ਆਛਾ ਗਾਉ॥ ਉਹੁ ਸਾਕਤੁ ਬਪੁਰਾ. ਮਰਿ ਗਇਆ; ਕੋਇ. ਨ ਲੈਹੈ ਨਾਉ॥੧੪੩॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ;) ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਾਕਤ) ਨਾਸਤਕ ਗੁਰਦ੍ਰੋਹੀ ਅਕ੍ਰਿਤਘਣ ਨਿੰਦਕ ਕਪਟੀ ਨਾਮ ਹੀਨ ਕਠੋਰ ਚਿੱਤ (ਤੇ) ਤੋਂ, (ਸੂਕਰ) ਸੂਰ (ਭਲਾ) ਚੰਗਾ ਹੈ। ਕਿਉਂ ਭਲਾ ਹੈ? ਸੂਰ ਸਾਰੇ (ਗਾਉ) ਪਿੰਡ ਦੀ ਗੰਦਗੀ ਖਾ ਕੇ, (ਆਛਾ) ਅੱਛਾ ਭਾਵ ਸਾਫ਼ ਕਰਕੇ (ਰਾਖੈ) ਰੱਖਦਾ ਹੈ। ਪਰ ਸਾਕਤ ਪਿੰਡ 'ਚ ਝਗੜੇ ਕਲੇਸ਼ ਖੜ੍ਹੇ ਰੱਖਦਾ ਹੈ, ਪਹਿਲਾਂ ਚੁਗਲੀ ਕਰਕੇ ਲੜਾ ਦੇਣਾ, ਫਿਰ ਸੁਲਹ ਕਰਵਾਉਣ ਨੂੰ ਪ੍ਰਧਾਨ ਬਣ ਜਾਣਾ। ਨਸ਼ੇ ਖਾਣੇ, ਵੇਚਣੇ ਵਿਭਚਾਰ ਆਦਿ ਗ਼ਲਤ ਕੰਮ ਕਰਨੇ ਕਰਾਉਣੇ। ਵਿਝਣ ਕਲਹ. ਨ ਦੇਵਦਾ; ਤਾਂ ਲਇਆ ਕਰਤੇ॥ ਅਨੁਸਾਰ ਸਾਕਤ (ਕਲਹ)ਲੜਾਈ (ਵਿਝਣ)ਮੁੱਕਣ ਨਹੀਂ ਦਿੰਦਾ ਸੀ, ਅਕਾਲ ਪੁਰਖ ਵਾਹਿਗੁਰੂ ਜੀ ਨੇ ਕਾਬੂ ਕਰ ਲਿਆ। ਖੋਟੇ ਕਰਮ ਕਰਨੇ ਕਰਕੇ ਉਹੁ ਸਾਕਤੁ (ਬਪੁਰਾ) ਤੁੱਛ ਮਰਿ ਗਇਆ। (ਕੋਇ) ਕੋਈ ਭੀ ਉਸ ਦਾ (ਨਾਉ) ਨਾਮ (ਨ) ਨਹੀਂ (ਲੈਹੈ) ਲੈਂਦਾ, ਲਵੇਗਾ, ਸਭ ਭੁੱਲ ਜਾਂਦੇ ਹਨ। ਮੰਦ ਕੰਮ ਕਰਨੇ ਕਰਕੇ ਬਦਨਾਮ ਹੋ ਜਾਂਦਾ ਹੈ॥੧੪੩॥ ਜਿਵੇਂ ਕਹਿੰਦੇ ਹਨ, ਸਾਕਤ ਦਾ ਨਾਮ ਨ ਲਵੋ, ਰੋਟੀ ਨਹੀਂ ਮਿਲਣੀ। ਯਥਾ:- ਗਉੜੀ ਮਹਲਾ ੫॥ ਬਿਨੁ ਸਿਮਰਨ; ਜੈਸੇ ਸਰਪ ਆਰਜਾਰੀ॥ ਤਿਉ ਜੀਵਹਿ ਸਾਕਤ; ਨਾਮੁ ਬਿਸਾਰੀ॥੧॥ ਏਕ ਨਿਮਖ; ਜੋ ਸਿਮਰਨ ਮਹਿ ਜੀਆ॥ ਕੋਟਿ ਦਿਨਸ ਲਾਖ; ਸਦਾ ਥਿਰੁ ਥੀਆ॥੧॥ ਰਹਾਉ॥ ਬਿਨੁ ਸਿਮਰਨ; ਧ੍ਰਿਗੁ ਕਰਮ ਕਰਾਸ॥ ਕਾਗ ਬਤਨ; ਬਿਸਟਾ ਮਹਿ ਵਾਸ॥੨॥ ਬਿਨੁ ਸਿਮਰਨ; ਭਏ ਕੂਕਰ ਕਾਮ॥ ਸਾਕਤ; ਬੇਸੁਆ ਪੂਤ.ਨਿਨਾਮ॥੩॥ ਬਿਨੁ ਸਿਮਰਨ; ਜੈਸੇ ਸੀਕ ਛਤਾਰਾ॥ ਬੋਲਹਿ ਕੂਰੁ; ਸਾਕਤ ਮੁਖੁ ਕਾਰਾ॥੪॥ ਬਿਨੁ ਸਿਮਰਨ; ਗਰਧਭ ਕੀ ਨਿਆਈ॥ ਸਾਕਤ; ਥਾਨ ਭਰਿਸਟ ਫਿਰਾਹੀ॥੫॥ ਬਿਨੁ ਸਿਮਰਨ; ਕੂਕਰ ਹਰਕਾਇਆ॥ ਸਾਕਤ ਲੋਭੀ; ਬੰਧੁ. ਨ ਪਾਇਆ॥੬॥ ਬਿਨੁ ਸਿਮਰਨ; ਹੈ ਆਤਮ ਘਾਤੀ॥ ਸਾਕਤ ਨੀਚ; ਤਿਸੁ. ਕੁਲੁ ਨਹੀ ਜਾਤੀ॥੭॥ ਜਿਸੁ ਭਇਆ ਕ੍ਰਿਪਾਲੁ; ਤਿਸੁ ਸਤਸੰਗਿ ਮਿਲਾਇਆ॥ ਕਹੁ ਨਾਨਕ; ਗੁਰਿ. ਜਗਤੁ ਤਰਾਇਆ॥੮॥੭॥) ਕਬੀਰ. ਸਾਕਤ ਸੰਗੁ ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥੧੩੧॥ ਸਾਕਤ ਕੀ; ਐਸੀ ਹੈ ਰੀਤਿ॥ ਜੋ ਕਿਛੁ ਕਰੈ; ਸਗਲ ਬਿਪਰੀਤਿ॥) ਹਰਿ ਜਸੁ ਸੁਨਹਿ; ਨ ਹਰਿ ਗੁਨ ਗਾਵਹਿ॥ ਬਾਤਨ ਹੀ; ਅਸਮਾਨੁ ਗਿਰਾਵਹਿ॥੧॥ ਐਸੇ ਲੋਗਨ ਸਿਉ; ਕਿਆ ਕਹੀਐ॥ ਜੋ ਪ੍ਰਭ ਕੀਏ ਭਗਤਿ ਤੇ ਬਾਹਜ; ਤਿਨ ਤੇ. ਸਦਾ ਡਰਾਨੇ ਰਹੀਐ॥

ਕਬੀਰ. ਕਉਡੀ ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ. ਨ ਕਛੁ ਮਿਲਿਓ; ਲਈ ਲੰਗੋਟੀ ਤੋਰਿ॥੧੪੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ

Sri Satguru Jagjit Singh Ji eLibrary NamdhariElibrary@gmail.com

ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਵੱਡੇ ਪਾਪ ਜ਼ੋਰ ਜ਼ੁਲਮ ਕਰਕੇ, ਲੋਭੀ ਨੇ, ਕਉਡੀ ਕਉਡੀ (ਜੋਰਿ)ਜੋੜ (ਕੈ)ਕੇ, (ਲਾਖ)ਲੱਖਾਂ (ਕਰੋਰਿ)ਕ੍ਰੋੜਾਂ ਰੁਪਈਏ (ਜੋਰੇ)ਜੋੜ ਲਏ, ਇਕੱਠੇ ਕਰ ਲਏ। ਸੰਸਾਰ ਤੋਂ (ਚਲਤੀ)ਚੱਲਦੀ, (ਬਾਰ)ਬਾਰੀ, ਅੰਤ ਸਮੇਂ, ਜਦੋਂ ਜਮ ਹੱਡਾਂ ਨੂੰ ਕੜਕਾ ਭੰਨ ਕੇ ਜ਼ਿੰਦ ਕੱਢਦੇ ਹਨ, ਇਸ ਨੂੰ (ਕਛੁ)ਕੁੱਝ ਭੀ ਨ (ਮਿਲਿਓ)ਮਿਲਦਾ, ਪਾਪੀ ਸ਼ੂਮ ਲੋਭੀ ਦੀ ਸੋਨੇ ਚਾਂਦੀ ਦੀ (ਲੰਗੋਟੀ)ਤੜਾਗੀ, ਜੰਜੀਰੀ (ਤੋਰਿ)ਤੋੜ ਲਈ ਜਾਂਦੀ ਹੈ, ਅਥਵਾ ਮੁਰਦੇ ਦੇ ਸਾਰੇ ਬਸਤ੍ਰ ਲੰਗੋਟੀ ਭੀ ਲਾਹ ਲੈਂਦੇ ਹਨ॥੧੪੪॥ ਯਥਾ:- ਨਾਂਗੇ ਪਾਵਹੁ ਤੇ ਗਏ; ਜਿਨ ਕੇ ਲਾਖ ਕਰੋਰਿ॥) ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥੩॥)

ਸ਼ੂਮਾ ਦੇ ਕਬਿਤ:- ਦਾਤਾ ਗ੍ਰਿਹ ਜਾਤੀ; ਤਾ ਤੂ ਕਦਰ ਹੀ ਨ ਪਾਤੀ; ਆਜ ਮੇਰੇ ਗ੍ਰਿਹ ਆਈ ਹੋ, ਵਧਾਈ ਵੰਡ ਬਾਵਰੀ। ਖਾਨੇ ਦਰ ਖਾਨੇ ਬੀਜ ਖਾਨੇ ਤੋਂ ਨਿਵਾਸ ਦੇਊਂ, ਹੋਇ ਨ ਉਦਾਸ ਯਹੀ ਮੇਰੇ ਚਿਤ ਚਉ ਰੀ। ਖਾਊਂ ਨ ਖਿਲਾਊਂ ਮਰ ਜਾਊਂ ਤੋ ਸਿਖਾਇ ਜਾਊਂ, ਪੂਤ ਨਾਤੀਅਨ ਕੋ ਮੈਂ ਆਪਨੋ ਸੁਭਾਉ ਰੀ। ਚਮੜੀ ਉਤਰੇ ਤੋ ਦਮੜੀ ਨ ਦੀਜੈ ਕਾਹੂੰ, ਮਾਯਾ ਕੋ ਸ਼ੂਮ ਕਹੈ ਬੈਠੀ ਗੀਤ ਗਾਉ ਰੀ॥੧॥ ਪੰਦਰਾਂ ਕ੍ਰੋੜ ਸਤ ਲੱਖ ਤੇ ਹਜ਼ਾਰ ਬਾਰਾਂ, ਏਨਾ ਧਨ ਹੋਂਦੇ ਸ਼ੂਮ ਆਖੇ ਕਿੱਥੋਂ ਖਾਵਾਂਗੇ। ਪੁੱਤ੍ਰਾਂ ਨੂੰ ਆਖੇ ਲਿਆਵੋ ਮੁੰਜ ਅਤੇ ਵੱਟੋ ਵਾਣ, ਰਾਤ ਦੇ ਗੁਜ਼ਾਰੇ ਜੋਗਾ ਮੁੱਲ ਵੱਟ ਲਿਆਵਾਂਗੇ। ਕਲ ਇੱਕ ਦਾਣਾ ਕੀੜਾ ਲੈ ਗਿਆ ਸੀ ਮਲੋ ਮਲੀ, ਉਸ ਦੇ ਅੰਦੇਸੇ ਵਿੱਚ ਰੋਟੀ ਨ ਪਕਾਵਾਂਗੇ। ਡੁੱਲ੍ ਪਿਆ ਤੇਲ ਸ਼ੂਮ ਸਿਰ ਨੂੰ ਘਸਾਵੇ ਲੋਕੋ, ਏਨਾਂ ਨੁਕਸਾਨ ਅਸੀਂ ਕਿਕੂੰ ਜ਼ਰ ਜਾਵਾਂਗੇ॥੨॥ ਸ਼ੂਮਣੀ ਨੂੰ ਸ਼ੂਮ ਆਖੇ, ਦੱਸ ਖਾਂ ਸਤਾਬੀ ਮੈਨੂੰ, ਦੀਪਕ ਉਕਾਸਨੇ ਦਾ ਢੰਗ ਤੇਰਾ ਕਿਹੜਾ ਨੀ? ਲੱਗਦਾ ਹੈ ਤੇਲ ਜੀਦੇ ਨਾਲ ਦੀਵਾ ਸੀਕਨੀ ਹੈ, ਉਜੜੂਗਾ ਘਰ ਨਾਲੇ ਉਜੜੂਗਾ ਵੇਹੜਾ ਨੀ। ਦਿਨੇ ਦਿਨੇ ਰੋਟੀ ਖਾ ਕੇ ਸੌਣਾ ਪੈਣਾ ਚੰਗਾ ਹੁੰਦਾ, ਚੰਦ੍ਰਮਾ ਦੀ ਰਾਤ ਤੂੰ ਤਾਂ ਕੱਤ ਲੈ ਬਥੇਰਾ ਨੀ। ਤੇਲ ਬਾਬੇ ਵਾਰੇ ਦਾ ਮੁਕਾਵੀਂ ਨ ਤੂੰ ਦੇਖੀਂ ਕਿਤੇ, ਅੱਧਾ ਮਾਸਾ ਦੀਵੇ ਪਾ ਕੇ ਚੁਕਦੇ ਅੰਧੇਰਾ ਨੀ॥੩॥ {ਸ੍ਰੀ ਰਾਮਚੰਦਰ ਜੀ ਨੇ, ਜਦੋਂ ਹੰਕਾਰੀ ਰਾਵਨ ਮਾਰਿਆ ਤਾਂ ਉਸ ਦੇ ਘਰ ਵਾਲੀ ਭਲੀ ਮਦੋਦਰੀ ਨੇ, ਚਾਰ ਰੱਤੀਆਂ ਸੋਨਾ, ਭਗਵਾਨ ਜੀ ਤੋਂ ਮੰਗਿਆ, ਭਗਵਾਨ ਜੀ ਕਿਹਾ, "ਮੈਂ ਤਾਂ ਲੰਕਾ ਭਭੀਖਣ ਜੀ ਨੂੰ ਦੇ ਚੁੱਕਾ ਹਾਂ", ਇਸ ਨੂੰ ਹੰਕਾਰੀ ਜਾਣ ਕੇ, ਸੋਨਾ ਭੀ ਨਾ ਦਿਤਾ। ਅੰਤ ਸਮੇਂ ਕੁੱਝ ਭੀ ਨਾਲ ਨਹੀਂ ਜਾਂਦਾ। ਮਾਇਆ ਲਈ ਜੀਵ ਜੋ ਪਾਪ ਕਰਦਾ, ਦੁੱਖ ਪਾਉਂਦਾ ਹੈ। ਹਾਂ ਮਾਇਆ ਨਾਲ ਜਾਂਦੀ ਹੈ ਜਿਵੇਂ ਰਾਇ ਬੁਲਾਰ ਜੀ ਨੇ ਆਪਣੀ ੭੫੦੦ ਏਕੜ ਸਾਰੀ ਜਾਇਦਾਦ, ਧੰਨ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿਤੀ। ਜਿਵੇਂ ਬਾਬੇ ਟੋਡਰ ਮੱਲ ਸਾਹਿਬ ਜੀ ਨੇ ਖੜ੍ਹੀਆਂ ਮੋਹਰਾਂ ਵਿਛਾ ਕੇ, ਪਰਮਪੂਜਨੀਕ ਮਾਤਾ ਗੁਜਰੀ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਜੀ ਦਾ ਸਸਕਾਰ, ਸਤਿਕਾਰ ਅਤਿਅੰਤ ਪਿਆਰ ਨਾਲ ਕੀਤਾ। ਬਾਬਾ ਨਗਾਹੀਆ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਘੋੜਾ ਦਿਤਾ, ਫੱਤਾ ਦੇ ਨਾ ਸਕਿਆ। ਪਾਪਾ ਬਾਝਹੁ. ਹੋਵੈ ਨਾਹੀ; ਮੁਇਆ. ਸਾਥਿ ਨ ਜਾਈ॥ ਜਿਹੜੇ ਮਾਇਆ ਦੀ ਪ੍ਰਾਪਤੀ ਲਈ ਪਾਪ ਕੀਤੇ ਉਹ ਨਾਲ ਜਾਂਦੇ ਹਨ, ਪਰ ਮਾਇਆ ਨਾਲ ਨਹੀਂ ਜਾਂਦੀ। ਮਾਇਆ ਇਕੱਤ੍ਰ ਕਰਨ ਦੀ ਸਿੱਖਿਆ ਹਰ ਪ੍ਰਾਣੀ ਨੂੰ ਸੰਸਾਰ ਤੋਂ ਮਿਲਦੀ ਹੈ। ਲੋਭ ਲਹਿਰ ਨਾਲ, ਹਲਕ ਕੇ ਦੂਜਿਆਂ ਨੂੰ ਦਾੜ੍ ਕੇ ਹਲਕਾ ਕੇ ਵਿਗਾੜਦਾ ਹੈ। ਪਾਪ ਕਤਲ ਕਰਦਾ ਹੈ। ਯਥਾ:- ਲੋਭ ਲਹਰਿ. ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਵਾਹਿਗੁਰੂ ਜੀ ਚੇਤੇ ਨਹੀਂ ਆਉਂਦੇ, ਤ੍ਰਿਪਤੀ ਨਹੀਂ ਹੁੰਦੀ। ਯਥਾ:- ਮਾਇਆ. ਮਨਹੁ ਨ ਵੀਸਰੈ; ਮਾਂਗੈ ਦੰਮਾ ਦੰਮ॥ ਸੋ ਪ੍ਰਭੁ. ਚਿਤਿ ਨ ਆਵਈ; ਨਾਨਕ. ਨਹੀ ਕਰੰਮਿ॥) ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ

Sri Satguru Jagjit Singh Ji eLibrary NamdhariElibrary@gmail.com

ਆਵੈ; ਮਾਇਆ ਪਾਛੈ ਪਾਵੈ॥) ਕੋਟਿ ਜੋਰੇ. ਲਾਖ ਕ੍ਰੋਰੇ; ਮਨੁ ਨ ਹੋਰੇ॥ ਪਰੈ ਪਰੈ ਹੀ ਕਉ; ਲੁਝੀ ਹੇ॥੧॥ ਇਸ ਲਈ ਮਹਾਰਾਜ ਸਾਹਿਬ ਨੇ ਕਿਹਾ, ਕਾਚਾ ਧਨੁ; ਸੰਚਹਿ ਮੂਰਖ ਗਾਵਾਰ॥ ਲੋਭੀ ਜੀਵ ਪਾਪ ਕਰਕੇ ਮਾਇਆ ਇਕੱਠੀ ਕਰਦਾ ਹੈ, ਮਾਇਆ ਦੇ ਹੁੰਦਿਆ ਗੁਰੂ ਪੰਥ ਸ੍ਰਬੱਤ ਦੇ ਭਲੇ ਦੀ ਸੇਵਾ ਨਹੀਂ ਕਰ ਸਕਦਾ। ਪੂਰਨ ਗੁਰੂ ਜੀ ਲਈ ਦਸਵੰਧ ਤਾਂ ਦੇਣਾ ਹੀ ਹੈ, ਜੋ ਸ੍ਰਬੱਤ ਦੇ ਭਲੇ ਸ਼ੁਭ ਕਰਜਾਂ 'ਤੇ ਲੱਗੇ। ਪੂਰਨ ਗੁਰੂ ਜੀ ਲਈ ਸਭ ਕੁੱਝ ਕੁਰਬਾਨ ਕਰਨ ਨੂੰ ਕਹਿ ਰਹੇ ਹਨ:- ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਭਾਵੇਂ ਦਾਤਾਂ ਨੂੰ ਬਰਬਾਦ ਕਰਕੇ, ਅਕ੍ਰਿਤਘਣ ਹੋ ਰਿਹਾ ਹੈ, ਅਕਿਰਤਘਣਾ ਕਾ; ਕਰੇ ਉਧਾਰੁ॥ ਅਨੁਸਾਰ ਇਸ ਦੇ ਉਧਾਰ ਲਈ, ਉਪਾਅ ਦਸਦੇ ਹਨ, ਕਿਉਂ ਜੋ ਇਹ, ਸਦਾ ਸਦਾ ਇਹੁ ਭੂਲਨਹਾਰੁ॥ ਹੈ। ਨਾਨਕ.ਰਾਖਨਹਾਰੁ ਅਪਾਰੁ॥) ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥ ਵਾਹਿਗੁਰੂ ਜੀ ਮਾਤਾ ਪਿਤਾਜੀ ਹਨ। ਭਾਵੇਂ ਰਾਜੇ ਨੂੰ ਪਤਾ ਹੈ ਕਿ ਬਾਗ਼ ਤਾਂ ਮੇਰਾ ਹੀ ਹੈ, ਪਰ ਫਿਰ ਭੀ ਮਾਲੀ ਤੋਂ ਫੁੱਲ ਦੀ ਪ੍ਰੇਮ ਭੇਟਾ ਲੈ ਕੇ, ਪ੍ਰਸੰਨ ਹੋ ਜਾਂਦਾ ਹੈ, ਇਉਂ ਜਿਸ ਵਾਹਿਗੁਰੂ ਜੀ ਕੀ ਜ਼ਿੰਦ ਜਾਇਦਾਦ ਪ੍ਰਵਾਰ ਸਭ ਬਸਤੁ ਹੈ, (ਤਿਸੁ)ਤਿਨ੍ਹਾਂ ਦੇ ਆਗੈ (ਰਾਖੈ)ਰੱਖ ਦੇਵੇ, ਭਾਵ ਆਪਣੇ ਪ੍ਰੀਤਮ ਗੁਰੂਜੀ ਤੋਂ ਸ੍ਵੰਸ ਕੁਰਬਾਨ ਕਰੇ, ਜਿਵੇਂ ਵਾਹਿਗੁਰੂ ਮਹੱਲੇ ਦਸਵੇਂ ਜੀ ਨੇ ਵਾਹਿਗੁਰੂ ਜੀ ਤੋਂ ਕੀਤਾ। ਆਪਜੀ ਤੋਂ ਰੱਬ ਪੀਰ ਬੁੱਧੂਸ਼ਾਹ ਜੀ ਨੇ ਕੀਤਾ। ਪਰਾਈ ਅਮਾਣ.ਕਿਉ ਰਖੀਐ; ਦਿਤੀ ਹੀ ਸੁਖੁ ਹੋਇ॥

ਪ੍ਰਭ ਕੀ ਆਗਿਆ; ਮਾਨੈ ਮਾਥੈ॥) ਰਬ ਕੀ ਰਜਾਇ.ਮੰਨੇ ਸਿਰ ਉਪਰਿ; ਕਰਤਾ ਮੰਨੇ ਆਪੁ ਗਵਾਵੈ॥) ਪ੍ਰਭ ਕੀ ਆਗਿਆ; ਆਤਮ ਹਿਤਾਵੈ॥ ਅਨੁਸਾਰ (ਪ੍ਰਭ)ਵਾਹਿਗੁਰੂ ਸਤਿਗੁਰੂ ਸਾਹਿਬਜੀ ਕੀ ਆਗਿਆ ਨੂੰ, ਆਪਣੇ ਸਿਰ ਮਾਥੈ 'ਤੇ (ਮਾਨੈ)ਮੰਨੇ, ਰੱਬ ਰੂਪ ਪੀਰ ਬੁੱਧੂਸ਼ਾਹ ਜੀ, ਪੰਜਾਂ ਪਿਆਰਿਆਂ ਵਾਂਗ। ਫੁਰਮਾਨੁ ਤੇਰਾ.ਸਿਰੈ ਊਪਰਿ; ਫਿਰਿ ਨ ਕਰਤ ਬੀਚਾਰ॥ ਤੁਹੀ ਦਰੀਆ.ਤੁਹੀ ਕਰੀਆ; ਤੁਝੈ ਤੇ ਨਿਸਤਾਰ॥) ਆਗਿਆ ਮਹਿ ਭੂਖ.ਸੋਈ ਕਰਿ ਸੂਖਾ; ਸੋਗ ਹਰਖ.ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ. ਮਾਥੈ ਲੇ ਮਾਨਿਓ॥) ਜੇ ਭੁਖ ਦੇਹਿ.ਤ ਇਤ ਹੀ ਰਾਜਾ; ਦੁਖ ਵਿਚਿ ਸੂਖ ਮਨਾਈ॥੩॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥) ਉਸ ਤੇ ਚਉਗੁਨ; ਕਰੈ ਨਿਹਾਲੁ॥ ਨਾਨਕ ਸਾਹਿਬੁ; ਸਦਾ ਦਇਆਲੁ॥੨॥) ਦੀਨ ਦਇਆਲ ਸਦਾ ਕਿਰਪਾਲ॥ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ ਦਾ ਬਖ਼ਸ਼ਿਆ ਸਭ ਕੁੱਝ, ਵਾਹਿਗੁਰ ਜੀ ਦੇ ਅੱਗੇ ਰੱਖਣ ਤੋਂ, ਪੂਰੇ ਗੁਰੂਜੀ ਦੀ ਆਗਿਆ ਸਿਰ ਮੱਥੇ'ਤੇ ਮੰਨਣ ਤੋਂ, ਤੁਮ੍ ਦਇਆਲ ਕਿਰਪਾਲ ਕ੍ਰਿਪਾ ਨਿਧਿ; ਪਤਿਤ ਪਾਵਨ ਗੋਸਾਈ॥) ਭਗਤਿ ਵਛਲ; ਸਦਾ ਕਿਰਪਾਲ॥) ਪ੍ਰਭ ਬਖਸੰਦ.ਦੀਨ ਦਇਆਲ॥) ਸਤਿਗੁਰੂ ਸਦਾ ਦਇਆਲੁ ਹੈ ਭਾਈ; ਅਨੁਸਾਰ ਸਦਾ ਅਨੰਤ ਕਲਾਵਾਨ ਅਨੰਤ ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਵਿਆਪਕ (ਦਇਆਲੁ)ਅਮੁੱਕ ਦਇਆ ਹੀ ਦਇਆ ਦੇ ਘਰ, (ਸਾਹਿਬੁ)ਮਾਲਕ ਵਾਹਿਗੁਰੂ ਜੀ, ਉਸ ਕਾਂ ਕੁੱਤੇ ਅਕ੍ਰਿਤਘਣਤਾ ਵਾਲੀ ਦੁਖੱਲੀ ਅਵਸਥਾ (ਤੇ)ਤੋਂ,(ਚਉਗੁਨ)ਚੌਗੁਣਾਂ ਭਾਵ ਬਹੁਤੇ ਤੋਂ ਬਹੁਤਾ (ਨਿਹਾਲੁ)ਪ੍ਰਸੰਨ ਹੀ ਪ੍ਰਸੰਨ (ਕਰੈ)ਕਰ ਦਿੰਦੇ ਹਨ॥੨॥ ਜੇ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇ॥) ਬਗੁਲੇ ਤੇ ਫੁਨਿ ਹੰਸੁਲਾ ਹੋਵੈ; ਜੇ ਤੂ ਕਰਹਿ ਦਇਆਲਾ॥) ਨਾਨਕ.ਵੇਖੈ ਨਦਰਿ ਕਰਿ; ਚੜੈ ਚਵਗਣ ਵੰਨੁ॥) ਚੜੈ ਸਵਾਇਆ ਨਿਤ ਨਿਤ ਰੰਗਾ; ਘਟੈ ਨਾਹੀ.ਤੋਲੀਜਾ ਹੇ॥

ਕਬੀਰ. ਬੈਸਨੋ ਹੂਆ, ਤ ਕਿਆ ਭਇਆ; ਮਾਲਾ ਮੇਲੀਂ ਚਾਰਿ॥ ਬਾਹਰਿ ਕੰਚਨੁ ਬਾਰਹਾ; ਭੀਤਰਿ ਭਰੀ ਭੰਗਾਰ॥੧੪੫॥) ਬੈਸਨੋ ਸੋ; ਜਿਸੁ ਊਪਰਿ ਸੁ ਪ੍ਰਸੰਨ॥ ਬਿਸਨ ਕੀ ਮਾਇਆ ਤੇ; ਹੋਇ ਭਿੰਨ॥ ਕਰਮ ਕਰਤ; ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ; ਨਿਰਮਲ ਧਰਮ॥ ਕਾਹੂ ਫਲ ਕੀ; ਇਛਾ ਨਹੀ ਬਾਛੈ॥ ਕੇਵਲ ਭਗਤਿ;

Sri Satguru Jagjit Singh Ji eLibrary NamdhariElibrary@gmail.com

ਕੀਰਤਨ ਸੰਗਿ ਰਾਚੈ॥ ਮਨ ਤਨ ਅੰਤਰਿ; ਸਿਮਰਨ ਗੋਪਾਲ॥ ਸਭ ਊਪਰਿ; ਹੋਵਤ ਕਿਰਪਾਲ॥ ਆਪਿ ਦ੍ਰਿੜੈ; ਅਵਰਹ ਨਾਮੁ ਜਪਾਵੈ॥ ਨਾਨਕ. ਓਹੁ ਬੈਸਨੋ; ਪਰਮ ਗਤਿ ਪਾਵੈ॥੨॥ ਸਹੀ ਵੈਸਨੂੰ ਤਾਂ ਇਹ ਹੈ ਜੋ ਮਹਾਰਾਜ ਸਾਹਿਬ ਜੀ ਫ਼ੁਰਮਾਉਂਦੇ ਹਨ। ਪਰ ਜੋ ਗੁਰੂ ਸਾਹਿਬ ਦੇ ਕਹੇ ਅਨੁਸਾਰ, ਇਨ੍ਹਾਂ ਸ਼ੁਭ ਗੁਣਾਂ ਵਾਲਾ ਵੈਸਨੂੰ ਨਾ ਹੋਣਾ, ਪਖੰਡੀ ਵੈਸਨੂੰ ਬਣ ਜਾਣਾ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਲੋਕਾਂ ਨੂੰ ਕਹਿਣਾ ਅਸੀਂ ਸ਼ਰਾਬ ਮਾਸ ਨਹੀਂ ਵਰਤਦੇ। (ਬੈਸਨੋ)ਵੈਸਨੂੰ (ਹੂਆ)ਬਣ ਗਿਆ (ਤ)ਤਾਂ (ਕਿਆ)ਕੀ (ਭਇਆ)ਹੋਇਆ? ਤੁਲਸੀ, ਚੰਦਨ, ਕਾਲਾ- ਫ਼ਲ਼ ਅਤੇ ਕਾਲੀ ਉਨ ਦੀਆਂ ਜੇਕਰ ਇਹ ਚਾਰਿ ਮਾਲਾ ਗਲ 'ਚ (ਮੇਲੀਂ)ਪਾ ਲਈਆਂ ਤਾਂ ਕੀ ਹੋ ਗਿਆ? ਸਤਿਜੁੱਗ 'ਚ ਸੋਨੇ ਦੀ ਮਾਲਾ, ਤ੍ਰੇਤੇ 'ਚ ਚਾਂਦੀ ਦੀ, ਦੁਆਪਰ 'ਚ ਤਾਂਬੇ ਦੀ, ਕਲਿਜੁੱਗ 'ਚ ਸੂਤ ਕਾਠ ਜਾਂ ਲੋਹੇ ਦੀ ਮਾਲ਼ਾ ਰੱਖਦੇ ਹਨ। ਜੇ ਚੌਹਾਂ ਜੁਗਾਂ ਦੀਆਂ ਚਾਰ ਮਾਲ਼ਾ ਪਾ ਲਈਆਂ ਤਾਂ ਕੀ ਹੋ ਗਿਆ? ਪੁਰਾਤਨ ਮਤਿ ਅਨੁਸਾਰ ਬ੍ਰਾਹਮਣ ਦੀ ਰੁਦ੍ਰਾਖੀ, ਖੱਤ੍ਰੀ ਦੀ ਮੂੰਗੇ ਦੀ, ਸ਼ੂਦ੍ਰ ਕੱਚ ਦੀ, ਵੈਸ ਫੁੱਲਾਂ ਦੀ ਮਾਲਾ ਰੱਖਦੇ ਸਨ। ਇਹ ਚਾਰ ਮਾਲਾਂ ਪਾ ਲਈਆਂ ਤਾਂ ਕੀ ਹੋ ਗਿਆ? (ਚਾਰਿ)ਸੁੰਦਰ ਚਾਰ ਮਾਲ਼ਾਂ ਗਲ਼ 'ਚ ਪਾ ਲਈਆਂ ਤਾਂ ਕੀ ਹੋ ਗਿਆ? ਸਹੀ ਸੱਚੀ ਮਾਲ਼ਾ:- ਹਰਿ ਹਰਿ ਅਖਰ ਦੁਇ; ਇਹ ਮਾਲਾ॥ ਜਪਤ ਜਪਤ; ਭਏ ਦੀਨ ਦਇਆਲਾ॥੧॥

ਬਾਹਰਿ ਕੰਚਨੁ ਬਾਰਹਾ; ਭੀਤਰਿ ਭਰੀ ਭੰਗਾਰ॥੧੪੫॥ (ਬਾਹਰਿ)ਬਾਹਰੋਂ (ਬਾਰਹਾ)ਬਾਰਾਂ ਵੰਨ੍ਹੀ ਦਾ ਸੁੱਧ (ਕੰਚਨੁ)ਸੋਨਾ ਬਣ ਗਿਆ। (ਭੀਤਰਿ)ਅੰਦਰ, ਪਾਪਾਂ ਹੰਗਤਾ ਔਗੁਣਾਂ ਦੋਸ਼ਾਂ ਕਪਟ ਰੂਪੀ (ਭੰਗਾਰ)ਲਾਖ ਭਰੀ ਹੋਈ ਹੈ॥੧੪੫॥ ਯਥਾ:- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥) ਕਰੈ ਦੁਹਕਰਮ; ਦਿਖਾਵੈ ਹੋਰੁ॥ ਰਾਮ ਕੀ ਦਰਗਹ; ਬਾਧਾ ਚੋਰੁ॥) ਦਿਲਹੁ ਮੁਹਬਤਿ ਜਿੰਨ੍ਹ; ਸੇਈ ਸਚਿਆ॥ ਜਿਨ੍ਹ ਮਨਿ ਹੋਰੁ ਮੁਖਿ ਹੋਰੁ; ਸਿ ਕਾਂਢੇ ਕਚਿਆ॥) ਮਨ ਹਠਿ ਜੋ ਕਮਾਵੈ, ਤਿਲੁ. ਨ ਲੇਖੈ ਪਾਵੈ; ਬਗੁਲ ਜਿਉ ਧਿਆਨੁ ਲਾਵੈ, ਮਾਇਆ ਰੇ ਧਾਰੀ॥ ਪਖੰਡ ਨਾਲ ਸਮਾਧੀ ਲਾਉਂਦਾ ਹੈ ਅਤੇ ਕਹਿੰਦਾ, "ਮੈਂ ਪੰਜੇ ਗਿਆਨ ਇੰਦ੍ਰੇ ਪੰਜੇ ਕਰਮ ਇੰਦ੍ਰੇ ਮਨ ਤੇ ਬੁੱਧ, ਇਹ ਮੈਂ ਵੱਸ ਕਰ ਲਏ ਹਨ। ਲੋਕਾਂ ਨੂੰ ਠੱਗਣ ਲਈ ਸਮਾਧੀ ਲਾਉਂਦਾ ਹੈ। ਯਥਾ:- ਪ੍ਰਭਾਤੀ ਭਗਤ ਬੇਣੀ ਜੀ ਕੀ ੴ ਸਤਿਗੁਰ ਪ੍ਰਸਾਦਿ॥ ਤਨਿ ਚੰਦਨੁ; ਮਸਤਕਿ ਪਾਤੀ॥ ਰਿਦ ਅੰਤਰਿ; ਕਰ ਤਲ ਕਾਤੀ॥ ਠਗ ਦਿਸਟਿ; ਬਗਾ ਲਿਵ ਲਾਗਾ॥ ਦੇਖਿ ਬੈਸਨੋ; ਪ੍ਰਾਨ ਮੁਖ ਭਾਗਾ॥੧॥ ਕਲਿ ਭਗਵਤ; ਬੰਦ ਚਿਰਾਂਮੰ॥ ਕ੍ਰੂਰ ਦਿਸਟਿ; ਰਤਾ ਨਿਸਿ ਬਾਦੰ॥੧॥ ਰਹਾਉ॥ ਨਿਤਪ੍ਰਤਿ; ਇਸਨਾਨੁ ਸਰੀਰੰ॥ ਦੁਇ ਧੋਤੀ; ਕਰਮ ਮੁਖਿ ਖੀਰੰ॥ ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ ਹਿਰਨ ਕੀ ਬਾਨੀ॥੨॥ ਸਿਲ ਪੂਜਸਿ; ਚਕ੍ਰ ਗਣੇਸੰ॥ ਨਿਸਿ ਜਾਗਸਿ; ਭਗਤਿ ਪ੍ਰਵੇਸੰ॥ ਪਗ ਨਾਚਸਿ; ਚਿਤੁ ਅਕਰਮੰ॥ ਏ ਲੰਪਟ; ਨਾਚ ਅਧਰਮੰ॥੩॥ ਮ੍ਰਿਗ ਆਸਣੁ; ਤੁਲਸੀ ਮਾਲਾ॥ ਕਰ ਊਜਲ; ਤਿਲਕੁ ਕਪਾਲਾ॥ ਰਿਦੈ ਕੂੜੁ; ਕੰਠਿ ਰੁਦ੍ਰਾਖੰ॥ ਰੇ ਲੰਪਟ; ਕ੍ਰਿਸਨੁ ਅਭਾਖੰ॥੪॥ ਜਿਨਿ; ਆਤਮ ਤਤੁ ਨ ਚੀਨ੍ਹਿਆ॥ ਸਭ ਫੋਕਟ ਧਰਮ ਅਬੀਨਿਆ॥ ਕਹੁ ਬੇਣੀ; ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ; ਬਾਟ ਨ ਪਾਵੈ॥੫॥੧॥

ਕਬੀਰ. ਰੋੜਾ ਹੋਇ ਰਹੁ ਬਾਟ ਕਾ; ਤਜਿ ਮਨ ਕਾ ਅਭਿਮਾਨੁ॥ ਐਸਾ ਕੋਈ ਦਾਸੁ ਹੋਇ; ਤਾਹਿ ਮਿਲੈ ਭਗਵਾਨੁ॥੧੪੬॥) ਅਪੁਨੇ ਸੰਤ. ਤੁਧੁ ਖਰੇ ਪਿਆਰੇ; ਤੂ. ਸੰਤਨ ਕੇ ਪ੍ਰਾਨਾ ਜੀਉ॥ ਅਨੁਸਾਰ ਵਾਹਿਗੁਰੂ ਜੀ, ਆਪ ਹੀ ਆਪਣੇ ਪਿਆਰਿਆਂ ਸੰਤਾਂ ਭਗਤਾਂ ਦੇ ਸਰੂਪ 'ਚ ਪ੍ਰਗਟ ਹੁੰਦੇ ਹਨ। ਭਗਤ ਸ੍ਰੀ ਕਬੀਰ ਸਾਹਿਬ ਜੀ ਦੇ

Sri Satguru Jagjit Singh Ji eLibrary NamdhariElibrary@gmail.com

ਸਰੂਪ 'ਚ, ਆਪ ਅਕਾਲ ਪੁਰਖ ਹੀ ਪ੍ਰਗਟੇ ਹਨ। ਪ੍ਰੇਮੀਆਂ ਪੁੱਛਿਆ, "ਕ੍ਰਿਪਾ ਕਰੋ ਜੀ, ਵਾਹਿਗੁਰੂ ਜੀ ਦੀ ਪ੍ਰਾਪਤੀ ਕਿਵੇਂ ਹੋਵੇ"? ਉਹ ਭੀ ਕੋਈ ਸੁਭਾਗਾ ਸਮਾਂ ਹੋਵੇਗਾ, ਜਦੋਂ ਸ੍ਰੀ ਕਬੀਰ ਸਾਹਿਬ ਜੀ ਵਿਸਮਾਦ ਰੰਗ 'ਚ, ਇਲਾਹੀ ਬਾਣੀ ਦਾ ਕੀਰਤਨ ਕਰਦੇ ਹੋਣਗੇ। ਪਰਮਪੂਜਨੀਕ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਕਿਹਾ, "ਹੇ ਮਨ! ਤੂੰ (ਬਾਟ)ਰਸਤੇ (ਕਾ)ਦਾ ਰੋੜਾ ਹੋਇ ਰਹੁ! ਮਨ (ਕਾ)ਦਾ (ਅਭਿਮਾਨੁ)ਹੰਕਾਰ (ਤਜਿ)ਛੱਡ ਦੇ! ਇਉਂ ਵਾਹਿਗੁਰੂ ਜੀ ਦੀ ਪ੍ਰੇਮਾ ਭਗਤੀ ਦੇ ਰਸਤੇ ਦਾ ਰੋੜਾ ਹੋ ਕੇ ਰਹਿਣਾ ਕਰ। ਜਿਵੇਂ ਰਸਤੇ ਦਾ ਰੋੜਾ, ਠੋਕਰਾਂ ਸਹਾਰਦਾ ਹੈ, ਤਿਵੇਂ ਤੂੰ ਭੀ, ਕੁਬੋਲ ਸਹਾਰਨਾ ਕਰ, ਭੁੱਖ ਉਨੀਂਦ੍ਰਾ ਤ੍ਰੇਹ ਸਹਾਰ। ਕੋਈ ਧੱਕੇ ਮਾਰੇ ਕਸ਼ਟ ਦੇਵੇ ਹਰ ਹਾਲਤ 'ਚ ਸ਼ਾਂਤ ਰਹਿ। ਯਥਾ:- ਦੇਵਗੰਧਾਰੀ॥ ਅਬ ਹਮ ਚਲੀ; ਠਾਕੁਰ ਪਹਿ ਹਾਰਿ॥ ਜਬ ਹਮ. ਸਰਣਿ ਪ੍ਰਭੂ ਕੀ ਆਈ; ਰਾਖੁ ਪ੍ਰਭੂ. ਭਾਵੈ ਮਾਰਿ॥ ਰਹਾਉ॥ ਲੋਕਨ ਕੀ ਚਤੁਰਾਈ ਉਪਮਾ; ਤੇ ਬੈਸੰਤਰਿ ਜਾਰਿ॥ ਕੋਈ ਭਲਾ ਕਹਉ. ਭਾਵੈ ਬੁਰਾ ਕਹਉ; ਹਮ. ਤਨੁ ਦੀਓ ਹੈ ਢਾਰਿ॥੧॥ ਜੋ ਆਵਤ ਸਰਣਿ. ਠਾਕੁਰ ਪ੍ਰਭੁ ਤੁਮਰੀ; ਤਿਸੁ. ਰਾਖਹੁ ਕਿਰਪਾ ਧਾਰਿ॥ ਜਨ ਨਾਨਕ. ਸਰਣਿ ਤੁਮਾਰੀ ਹਰਿ ਜੀਉ; ਰਾਖਹੁ ਲਾਜ ਮੁਰਾਰਿ॥੨॥੪॥) ਫਰੀਦਾ. ਜੋ. ਤੈ ਮਾਰਨਿ ਮੁਕੀਆਂ; ਤਿਨ੍ਹਾ. ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ; ਪੈਰ. ਤਿਨ੍ਹਾ ਦੇ ਚੁੰਮਿ॥) ਫਰੀਦਾ. ਬੁਰੇ ਦਾ ਭਲਾ ਕਰਿ; ਗੁਸਾ. ਮਨਿ ਨ ਹਢਾਇ॥ ਦੇਹੀ. ਰੋਗੁ ਨ ਲਗਈ; ਪਲੈ ਸਭੁ ਕਿਛੁ ਪਾਇ॥ ਮਨ 'ਚ ਗੁੱਸਾ ਹੰਕਾਰ ਛੱਡ ਦੇ।

ਐਸਾ ਕੋਈ ਦਾਸੁ ਹੋਇ; ਤਾਹਿ ਮਿਲੈ ਭਗਵਾਨੁ॥੧੪੬॥ ਹੇ ਪਿਆਰਿਓ! ਐਸਾ ਜੇ ਕੋਈ ਵਾਹਿਗੁਰੂ ਜੀ ਦਾ ਦਾਸੁ ਹੰਗਤਾ ਰਹਿਤ (ਹੋਇ)ਹੋਵੇ, (ਤਾਹਿ)ਤਿਸ ਨੂੰ (ਭਗਵਾਨੁ)ਸਭ ਤੇ ਵਡਾ ਸਤਿਗੁਰੁ ਨਾਨਕੁ; ਵਾਹਿਗੁਰੂ ਜੀ (ਮਿਲੈ)ਮਿਲਦੇ ਹਨ॥੧੪੬॥ ਹੰਕਾਰ ਦੇ ਤਿਆਗ ਸਹਿਨਸ਼ੀਲਤਾ ਰੱਖਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਹੰਕਾਰ ਤਿਆਗਣੇ ਕਰਕੇ ਵਾਹਿਗੁਰੂ ਜੀ ਮਿਲ ਜਾਂਦੇ ਹਨ।

ਕਬੀਰ. ਰੋੜਾ ਹੂਆ ਤ ਕਿਆ ਭਇਆ; ਪੰਥੀ ਕਉ ਦੁਖੁ ਦੇਇ॥ ਐਸਾ ਤੇਰਾ ਦਾਸੁ ਹੈ; ਜਿਉ ਧਰਨੀ ਮਹਿ ਖੇਹ॥੧੪੭॥ ਜਿਵੇਂ ਰਸਤੇ 'ਤੇ ਕੋਈ ਚੱਲਦਾ ਉਸ ਦੇ ਰੋੜੇ ਦੀ ਠੋਕਰ ਵੱਜਦੀ ਹੈ। ਰੋੜਾ ਬਣ ਕੇ ਅਭਿਮਾਨ ਨਾ ਕਰੇ ਤਾਂ ਵਾਹਿਗੁਰੂ ਜੀ ਆ ਕੇ ਮਿਲਦੇ ਹਨ। ਸ੍ਰਬ ਵਿਆਪੀ ਜੀ ਦੇ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਰੋੜਾ (ਹੂਆ)ਹੋਇਆ ਤ (ਕਿਆ)ਕੀ (ਭਇਆ)ਹੋਇਆ? ਜੇ ਹੰਕਾਰ ਨ ਛੱਡਿਆ, ਜਿਵੇਂ ਵਾਹਿਗੁਰੂ ਜੀ ਦੇ ਰਸਤੇ ਦੇ ਰਾਹੀ ਸਾਊ ਸ਼ੀਲ ਪੰਥੀ (ਕਉ)ਨੂੰ ਦੁਖੁ (ਦੇਇ)ਦਿੰਦਾ ਹੈ, ਇਉਂ ਤੂੰ ਭੀ ਰੋੜੇ ਵਾਂਗ ਦੁੱਖ ਦੇਵੇਂ ਅਥਵਾ ਕੁਬੋਲ ਕਹੇਂ, ਧੱਕੇ ਮਾਰੇਂ ਕਿਉਂਕਿ ਰੋੜਾ ਬਣ ਕੇ, ਗੁਣ ਤਾਂ ਕੁੱਝ ਧਾਰੇ. ਪਰ ਹੰਗਤਾ ਨ ਛੱਡੀ। ਹੰਕਾਰ ਦੇ ਤਿਆਗ ਸਹਿਨਸ਼ੀਲਤਾ ਰੱਖਣ ਦਾ ਉਪਦੇਸ਼ ਹੈ। ਹੰਕਾਰ ਤਿਆਗਣੇ ਕਰਕੇ ਵਾਹਿਗੁਰੂ ਜੀ ਮਿਲ ਜਾਂਦੇ ਹਨ।

ਐਸਾ ਤੇਰਾ ਦਾਸੁ ਹੈ; ਜਿਉ ਧਰਨੀ ਮਹਿ ਖੇਹ॥੧੪੭॥ ਪੂਰਨ ਭਗਤ ਜੀ ਕਹਿੰਦੇ ਹਨ। ਹੇ ਅਕਾਲ ਪੁਰਖ ਵਾਹਿਗੁਰੂ ਜੀ! ਹੰਗਤਾ ਸਹਿਤ ਰੋੜਾ ਭੀ ਪਰਵਾਣ ਨਹੀਂ, ਪਰ (ਤੇਰਾ)ਆਪ ਜੀ ਦਾ ਐਸਾ ਦਾਸੁ (ਹੈ)ਹੋਵੇ (ਜਿਉ)ਜਿਵੇਂ (ਧਰਨੀ)ਧਰਤੀ (ਮਹਿ)ਵਿੱਚ ਖੇਹ ਹੁੰਦੀ ਹੈ॥੧੪੭॥

ਕਬੀਰ. ਖੇਹ ਹੂਈ ਤਉ ਕਿਆ ਭਇਆ; ਜਉ ਉਡਿ ਲਾਗੈ ਅੰਗ॥ ਹਰਿ ਜਨੁ. ਐਸਾ ਚਾਹੀਐ; ਜਿਉ ਪਾਨੀ ਸਰਬੰਗ॥੧੪੮॥ ਰੋੜਾ ਤਾਂ ਅੜਿੱਕਾ ਲਾਉਂਦਾ ਸੀ, ਪਰ ਖੇਹ ਅੜਿੱਕਾ ਨਹੀਂ ਲਾਉਂਦੀ। ਫਿਰ ਕਹਿੰਦੇ ਹਨ, ਜੇ ਖੇਹ ਬਣ ਗਿਆ, ਅਸੀਂ ਸਾਰਿਆਂ ਦੀ ਚਰਨ ਧੂੜ ਹਾਂ। ਇਹ ਭੀ ਗ੍ਰੀਬੀ ਧਾਰ ਲਈ, ਕਿਸੇ ਨੂੰ ਕਸ਼ਟ ਨਹੀਂ ਦਿੰਦਾ, ਰੋੜੇ ਤੋਂ ਹੇਠਲੀ ਬਰੀਕ ਅਵਸਥਾ 'ਚ ਆ ਗਿਆ। ਪਰ ਫੇਰ ਭੀ ਕਹਿੰਦੇ ਇਸ 'ਚ ਭੀ ਦੋਸ਼ ਹੈ।

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਲਾ ਜੇ ਖੇਹ ਭੀ (ਹੂਈ)ਹੋ ਗਿਆ, ਜਿਵੇਂ ਭੇਖ ਧਾਰ ਲਿਆ, ਗ਼ਰੀਬੀ 'ਚ ਰਹਿੰਦਾ ਖੇਹ ਬਣਿਆਂ (ਤਉ)ਤਾਂ ਭੀ (ਕਿਆ)ਕੀ (ਭਇਆ)ਹੋਇਆ? (ਜਉ)ਜੇ ਕਰ ਖੇਹ ਉਡਿ ਕੇ (ਅੰਗ)ਅੰਗਾਂ ਨੂੰ (ਲਾਗੈ)ਲੱਗਦੀ ਹੈ। ਖੇਹ ਦੇ ਅੰਗਾਂ ਨੂੰ ਲੱਗਣ ਵਾਂਗ, ਜੇ ਕੋਈ ਆ ਕੇ ਪ੍ਰੇਮ ਕਰਨ ਲੱਗ ਪਿਆ, ਉਸ ਨਾਲ ਪ੍ਰੇਮ ਕਰਨ ਲੱਗ ਗਿਆ। ਮੋਹ ਕਰਨ ਵਾਲੇ ਨਾਲ ਵਿਕਾਰੀ ਹੋ ਗਿਆ। ਜੇ ਕਿਸੇ ਨੇ ਫਿੱਕਾ ਬੋਲਿਆ, ਤਾਂ ਸਿਰ ਵੱਢਣ ਨੂੰ ਤਿਆਰ ਹੋ ਗਿਆ। ਜੇ ਸ਼ਰਾਬ ਪੀਣ ਵਾਲਾ ਆ ਗਿਆ ਤਾਂ ਸ਼ਰਾਬ ਪੀ ਲਈ, ਮੀਟ ਖਾ ਲਿਆ। ਕਹਿੰਦੇ ਜੇ ਅਸੀਂ ਸੌ ਬੱਕਰਾ ਖਾ ਲਈਏ ਤਾਂ ਭੀ ਅਸੀਂ ਨਿਰਲੇਪ ਹਾਂ। ਯਥਾ:- ਅਹੰ ਬ੍ਰਹਮ ਅਸਮੀ, ਨਿਸ਼ੰਗ ਭੋਗ ਲੱਛਮੀ। ਅਹੰ ਬ੍ਰਹਮ ਅੱਕਰੇ; ਨਿਸੰਗ ਖਾ ਬੱਕਰੇ। ਸੁੱਖੇ ਵਾਲੇ ਨਾਲ ਸੁੱਖਾ ਪੀ ਲਿਆ। ਹੰਗਤਾ ਨ ਛੱਡੀ, ਸਿਰ 'ਚ ਸੁਆਹ ਪਾ ਲਈ। ਯਥਾ:- ਅਲੁ ਮਲੁ ਖਾਈ ਸਿਰਿ ਛਾਈ ਪਾਈ॥ ਮੂਰਖਿ ਅੰਧੈ ਪਤਿ ਗਵਾਈ॥ ਇਹ ਭੀ ਪ੍ਰਵਾਣ ਨਹੀਂ।

ਹਰਿ ਜਨੁ. ਐਸਾ ਚਾਹੀਐ; ਜਿਉ ਪਾਨੀ ਸਰਬੰਗ॥੧੪੮॥ (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ ਦੇ (ਜਨੁ)ਪਿਆਰੇ ਭਗਤ ਜੀ (ਐਸਾ)ਐਸੇ (ਚਾਹੀਐ)ਚਾਹੀਦੇ ਹਨ, (ਜਿਉ)ਜਿਵੇਂ ਪਾਨੀ (ਸਰਬੰਗ)ਸਾਰੇ ਅੰਗਾਂ ਨੂੰ ਸ਼ੁੱਧ ਪਵਿੱਤ੍ਰ ਕਰਦਾ ਹੈ। ਸਾਰਿਆਂ ਨੂੰ ਪਿਆਰਾ ਹੈ, ਅਸੀਂ ਪਾਣੀ ਪੀਂਦੇ ਹਾਂ, ਦਿਲ ਨੂੰ ਸ਼ਾਂਤੀ ਦਿੰਦਾ ਹੈ, ਹਾਜ਼ਮਾ ਠੀਕ ਰੱਖਦਾ, ਪੇਟ ਨੂੰ ਸਾਫ਼ ਰੱਖਦਾ ਹੈ। ਮੀਂਹ ਨਾਲ ਸਾਰੇ ਵਾਤਾਵਰਨ ਨੂੰ ਸਾਫ਼ ਕਰਦਾ ਹੈ॥੧੪੮॥ ਪਾਣੀ ਵਾਂਗ ਰੰਗਾਂ ੨ ਦੇ ਪਰਉਪਕਾਰ ਕਰ ਲਵੇ। ਅਪਨਾ ਬਿਗਾਰਿ; ਬਿਰਾਨਾ ਸਾਂਢੈ॥ ਫਿਰ ਭੀ ਜੇ ਹੰਗਤਾ ਨਾ ਛੱਡੇ ਤਾਂ,

ਕਬੀਰ. ਪਾਨੀ ਹੂਆ ਤ ਕਿਆ ਭਇਆ; ਸੀਰਾ ਤਾਤਾ ਹੋਇ॥ ਹਰਿ ਜਨੁ. ਐਸਾ ਚਾਹੀਐ; ਜੈਸਾ. ਹਰਿ ਹੀ ਹੋਇ॥੧੪੯॥ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪ੍ਰਮਾਤਮਾ ਜੀ ਨੂੰ ਪ੍ਰਾਪਤ ਕਰਨ ਲਈ, ਗੁਰਮਤਿ ਮਾਰਗ 'ਤੇ ਚੱਲਣ ਵਾਲੇ, ਜੋ ਗੁਰਸੇਵਕ ਜੀ ਹਨ, ਜੇ ਭਲਾ (ਪਾਨੀ)ਪਾਣੀ ਵਾਲਾ ਸੁਭਾਅ ਭੀ (ਹੂਆ)ਹੋ ਗਿਆ, ਪਾਣੀ ਵਾਂਗ ਪਰਉਪਕਾਰੀ ਬਣ ਗਏ। ਤ ਫੇਰ (ਕਿਆ)ਕੀ (ਭਇਆ)ਹੋਇਆ? ਫੇਰ ਭੀ ਉਹ ਗੱਲ ਪ੍ਰਾਪਤ ਨਹੀਂ ਜੇ ਹੰਗਤਾ ਨਹੀਂ ਛੱਡੀ, ਕਿਉਂ ਜੋ ਪਾਣੀ ਦਾ ਸੁਭਾਅ (ਸੀਰਾ)ਠੰਢਾ (ਤਾਤਾ)ਤੱਤਾ (ਹੋਇ)ਹੁੰਦਾ ਹੈ। ਜੇ ਪਾਣੀ ਵਾਂਗ ਸੁਭਾਅ ਬੜਾ ਭਾਰੀ ਠੰਢਾ ਕਰ ਲਿਆ, ਭਜਨ ਸਿਮਰਨ ਵੱਲੋਂ ਠੰਢਾ ਹੋ ਗਿਆ। ਕਿਸੇ ਵੇਲੇ ਪਾਣੀ ਜੰਮ ਭੀ ਜਾਂਦਾ ਹੈ, ਇਸ ਤਰ੍ਹਾਂ ਭਜਨ ਸਿਮਰਨ ਵੱਲੋਂ ਜੜ੍ਹ ਹੋ ਗਿਆ। ਤੱਤੇ ਹੋਣ ਵਾਂਗ ਤਮੋ- ਗੁਣੀ ਹੋ ਗਿਆ, ਕ੍ਰੋਧ 'ਚ ਆ ਕੇ ਜੀਆਂ ਨੂੰ ਕਤਲ ਕਰਨ ਲੱਗ ਗਿਆ, ਇਹ ਭੀ ਪਾਣੀ ਬਣੇ ਦਾ ਕੋਈ ਲਾਭ ਨਹੀਂ ਹੈ। ਹੁਣ ਪ੍ਰਾਪਤੀ ਕਹਿ ਰਹੇ ਹਨ।

ਹਰਿ ਜਨੁ. ਐਸਾ ਚਾਹੀਐ; ਜੈਸਾ. ਹਰਿ ਹੀ ਹੋਇ॥੧੪੯॥ ਹੇ ਪਿਆਰਿਓ! (ਹਰਿ)ਵਾਹਿਗੁਰੂ ਜੀ ਦਾ (ਜਨੁ)ਪਿਆਰੇ ਸੇਵਕ ਭਗਤ, (ਐਸਾ)ਐਸੇ ਹੋਣੇ (ਚਾਹੀਐ)ਚਾਹੀਦੇ ਹਨ, (ਹਰਿ)ਵਾਹਿਗੁਰੂ ਜੀ ਜੈਸਾ ਸਰੂਪ ਹੀ ਹੋਇ ਜਾਣ॥੧੪੯॥ ਜਿਵੇਂ ਧੰਨ ਬਾਬਾ ਘਨਈਆ ਸਾਹਿਬ ਜੀ। ਯਥਾ:- ਹਰਿ ਕਾ ਚਿਹਨੁ. ਸੋਈ ਹਰਿ ਜਨ ਕਾ; ਹਰਿ ਆਪੇ. ਜਨ ਮਹਿ. ਆਪੁ ਰਖਾਂਤਿ॥) ਹਰਿ ਹਰਿਜਨ. ਦੁਈ ਏਕ ਹੈ; ਬਿਬ ਬਿਚਾਰ. ਕਛੁ ਨਾਹਿ॥ ਜਲ ਤੇ ਉਪਜ, ਤਰੰਗ ਜਿਉ; ਜਲ ਹੀ ਬਿਖੈ ਸਮਾਹਿ॥)

Sri Satguru Jagjit Singh Ji eLibrary NamdhariElibrary@gmail.com

ਊਚ ਭਵਨ ਕਨ ਕਾਮਨੀ; ਸਿਖਰਿ ਧਜਾ ਫਹਰਾਇ॥ ਤਾ ਤੇ ਭਲੀ ਮਧੂਕਰੀ; ਸੰਤ ਸੰਗ ਗੁਨ ਗਾਇ॥੧੫੦॥ ਵਾਹਿਗੁਰੂ ਜੀ ਦੇ ਸਿਮਰਨ ਭਜਨ ਬਿਨਾ, ਚੱਕ੍ਰਵਰਤੀ ਬਾਦਸ਼ਾਹੀ ਭੀ ਨਿਸਫ਼ਲ ਦੱਸਦੇ ਹਨ। (ਊਚ)ਉੱਚੇ (ਭਵਨ)ਘਰ ਰਾਜਦੁਆਰੇ ਹੋਣ, (ਕਨ)ਅੰਨ ਪਦਾਰਥ (ਕਨ)ਸੋਨਾ ਖੁੱਲਾ ਹੋਵੇ, (ਕਨ)ਸੋਨੇ ਨਾਲ ਲੱਦੀ, ਸੋਨੇ ਰੰਗੀ ਲਾਲ ਚੇਹਰੇ ਵਾਲੀ ਅਤਿਅੰਤ ਸੁੰਦਰ (ਕਾਮਨੀ)ਇਸਤ੍ਰੀ ਹੋਵੇ, (ਸਿਖਰਿ)ਉੱਚੇ ਰਾਜ ਦੁਆਰੇ ਮੰਦਰਾਂ 'ਤੇ (ਧਜਾ)ਨਿਸ਼ਾਨ (ਫਹਰਾਇ)ਝੂਲਦੇ ਹੋਣ। ਹੇ ਭਾਈ! (ਤਾ)ਤਿਸ (ਤੇ)ਨਾਲੋਂ, (ਮਧੂਕਰੀ)ਮੰਗ ਕੇ ਖਾਣੀ ਰੋਟੀ (ਭਲੀ)ਚੰਗੀ ਹੈ। ਸੰਤ ਜੀ ਦੇ (ਸੰਗਿ)ਨਾਲ, ਸਦਾ ਰਹਿ ਕੇ, ਵਾਹਿਗੁਰੂ ਜੀ ਦੇ ਗੁਨ (ਗਾਇ)ਗਾਉਣਾ ਕਰੇ॥੧੫੦॥ ਭਾਵਅਰਥ:- ਮਹਾਂਪੁਰਸ਼ਾਂ ਦੇ ਆਸ਼ੇ ਬੜੇ ਉੱਚੇ ਹਨ। ਸੁਲਤਾਨੁ ਹੋਵਾ. ਮੇਲਿ ਲਸਕਰ; ਤਖਤਿ ਰਾਖਾ ਪਾਉ॥ ਹੁਕਮੁ ਹਾਸਲੁ ਕਰੀ ਬੈਠਾ; ਨਾਨਕਾ. ਸਭ ਵਾਉ॥ ਮਤੁ. ਦੇਖਿ ਭੂਲਾ ਵੀਸਰੈ; ਤੇਰਾ. ਚਿਤਿ ਨ ਆਵੈ ਨਾਉ॥) ਊਚੇ ਮੰਦਰ; ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥) ਜੇ ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਗੁਰ. ਸੁਖੁ ਨ ਪਾਵਈ; ਫਿਰਿ ਫਿਰਿ ਜੋਨੀ ਪਾਹਿ॥) ਇਨ੍ਹਾਂ ਦੀ ਪ੍ਰਾਪਤੀ ਲਈ ਜੀਵ ਦਾ ਮਨ ਤੜਫ਼ ਰਿਹਾ ਹੈ, ਪਰ ਇਨ੍ਹਾਂ ਨੂੰ ਪ੍ਰਾਪਤ ਕਰਕੇ ਕੋਈ ਭੀ ਸੁਖੀ ਨਹੀਂ ਹੋਇਆ। ਜਿਵੇਂ ਚਿੱਤ੍ਰਬੀਰਜ ਰਾਜੇ ਨੇ ਲੱਖ ਰਾਣੀ ਵਿਆਹੀ, ਇੱਕ ਰਾਣੀ ਦੇ ਬੱਚਾ ਹੋਇਆ, ਦੂਜੀਆਂ ਨੇ ਈਰਖਾ ਨਾਲ ਮਰਵਾ ਦਿਤਾ। ਇਨ੍ਹਾਂ ਗੱਲਾਂ 'ਚ ਜ਼ਿੰਦਗੀ ਵਿਅਰਥ ਚਲੀ ਜਾਂਦੀ ਹੈ। ਜੇ ਚੱਕ੍ਰਵਰਤੀ ਬਾਦਸ਼ਾਹ ਨੂੰ ਯਥਾਰਥ ਸਮਝ ਹੋਵੇ ਕਿ ਮੇਰੇ ਕੋਲ ਜੋ ਦਰਬ ਮਾਲ ਹੈ, ਇਹ ਸਭ ਚਲੇ ਜਾਣ ਵਾਲਾ ਹੈ। ਇਸ 'ਚ ਖੱਚਤ ਹੋ ਕੇ ਆਪਣੀ ਜ਼ਿੰਦਗੀ ਬਰਬਾਦ ਨਹੀਂ ਕਰਨੀ। ਮਾਂਧਾਤਾ ਗੁਣ; ਰਵੈ ਜੇਨ ਚਕ੍ਰਵੈ ਕਹਾਇਓ॥ ਚੱਕ੍ਰਵਰਤੀ ਪਾਤਿਸ਼ਾਹ ਮਾਂਧਾਤਾ ਜੀ ਵਾਂਗ ਵਾਹਿਗੁਰੂ ਜੀ ਦੇ ਗੁਣ ਹੀ ਗਾਵੇ। ਜੇ ਕੋਈ ਪਿਆਰਾ ਵਾਹਿਗੁਰੂ ਜੀ ਦੀ ਪ੍ਰਾਪਤੀ ਵੱਲ ਲੱਗਦਾ ਹੈ, ਤਾਂ ਅੰਗੀਕਾਰ ਕਰਦੇ ਹਨ। ਯਥਾ:- ਅੰਗੀਕਾਰੁ. ਓਹੁ ਕਰੇ ਤੇਰਾ; ਕਾਰਜ ਸਭਿ ਸਵਾਰਣਾ॥ ਭਾਵੇਂ ਮੰਗ ਕੇ ਪ੍ਰਛਾਦਾ ਛਕ ਲਵੇ, ਪਰ ਵਾਹਿਗੁਰੂ ਜੀ ਦੇ ਗੁਣ ਗਾਉਂਦਾ ਰਹੇ, ਬੰਦਗੀ ਕਰਨ 'ਚ ਵਿਘਨ ਨ ਪਵੇ। ਪਰ ਸਾਨੂੰ ਤਾਂ ਰੱਜਵੇਂ ਪਦਾਰਥ ਮਿਲਦੇ ਹਨ ਤਾਂ ਭੀ ਬੰਦਗੀ ਨਹੀਂ ਕਰਦੇ।

ਕਬੀਰ. ਪਾਟਨ ਤੇ ਊਜਰੁ ਭਲਾ; ਰਾਮ ਭਗਤ. ਜਿਹ ਠਾਇ॥ ਰਾਮ ਸਨੇਹੀ ਬਾਹਰਾ; ਜਮਪੁਰੁ ਮੇਰੇ ਭਾਂਇ॥੧੫੧॥ ਵਾਹਿਗੁਰੂ ਬ੍ਰਹਮ ਸਰੂਪ ਧੰਨ ਭਗਤ ਸਾਹਿਬ ਜੀ ਵਾਹਿਗੁਰੂ ਜੀ ਦੀ ਪ੍ਰੇਮਾ- ਭਗਤੀ ਨੂੰ ਬਹੁਤ ੨ ਬਹੁਤ ਹੀ ਉੱਚਾ ਦੱਸ ਰਹੇ ਹਨ। ਆਪ ਜੀ ਦੇ ਰੰਗਾ ਰੰਗ ਇਲਾਹੀ ਮਹਾਂ ਵਿਸਮਾਦ ਖ਼ਿਆਲ ਹਨ। ਕਬੀਰ ਸਾਹਿਬ ਜੀ ਸੱਚੇ ਅਮੋਲਕ ਬਚਨ ਫ਼ੁਰਮਾਉਂਦੇ ਹਨ:- ਜਿਸ ਸ਼ਹਿਰ 'ਚ ਗਾਈਆਂ ਕਤਲ ਹੁੰਦੀਆਂ ਹਨ, ਵੇਸਵਾ ਦੇ ਨਾਚ ਗਾਣੇ, ਵਿਭਚਾਰ, ਸਿਗ੍ਰਟ ਬੀੜੀ ਸ਼ਰਾਬ ਨਸ਼ੇ ਦੇ ਪ੍ਰਵਾਹ ਚੱਲਦੇ ਹਨ। ਘੁੱਗ ਵਸਦੇ ਸੁੰਦਰ ਸੋਹਣੇ (ਪਾਟਨ)ਸ਼ਹਿਰ (ਤੇ)ਤੋਂ, (ਊਜਰੁ)ਉਜਾੜ ਅਤਿਅੰਤ ਹੀ ਭਲੇ ਸੇ ਭਲਾ ਹੈ। (ਜਿਹ)ਜਿਸ (ਠਾਇ)ਜਗ੍ਹਾ ਉਜਾੜ 'ਚ, (ਰਾਮ)ਵਿਆਪਕ ਵਾਹਿਗੁਰੂ ਜੀ ਦੀ ਪ੍ਰੇਮਾ (ਭਗਤ)ਭਗਤੀ ਹੁੰਦੀ ਹੋਵੇ। (ਰਾਮ)ਵਾਹਿਗੁਰੂ ਜੀ ਦੇ (ਸਨੇਹੀ)ਪਿਆਰੇ ਤੋਂ (ਬਾਹਰਾ)ਬਿਨਾ, ਘੁੱਗ ਵਸਦਾ ਸੁੰਦਰ ਸੋਹਣਾ ਸ਼ਹਿਰ, ਹੋਵੇ, (ਮੇਰੇ)ਦਾਸਨ ਦਾਸ ਦੇ (ਭਾਂਇ)ਭਾ ਦਾ, ਉਹ (ਜਮਪੁਰੁ)ਜਮਪੁਰੀ ਹੈ॥੧੫੧॥ ਯਥਾ:- ਜਿਥੈ; ਨਾਮੁ ਜਪੀਐ ਪ੍ਰਭ ਪਿਆਰੇ॥ ਸੇ ਅਸਥਲ; ਸੋਇਨ ਚਉਬਾਰੇ॥ ਜਿਥੈ. ਨਾਮੁ ਨ ਜਪੀਐ ਮੇਰੇ ਗੋਇਦਾ; ਸੇਈ ਨਗਰ ਉਜਾੜੀ ਜੀਉ॥) ਕਬੀਰ. ਜਹ ਜਹ ਹਉ ਫਿਰਿਓ; ਕਉਤਕ ਠਾਓ ਠਾਇ॥ ਇਕ ਰਾਮ ਸਨੇਹੀ ਬਾਹਰਾ; ਊਜਰੁ ਮੇਰੈ ਭਾਂਇ॥੧੪॥) ਕਉਤਕ ਕੋਡ ਤਮਾਸਿਆ; ਚਿਤਿ. ਨ ਆਵਸੁ ਨਾਉ॥ ਨਾਨਕ. ਕੋੜੀ ਨਰਕ ਬਰਾਬਰੇ; ਉਜੜੁ ਸੋਈ ਥਾਉ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਗੰਗ ਜਮੁਨ ਕੇ ਅੰਤਰੇ; ਸਹਜ ਸੁੰਨ ਕੇ ਘਾਟ॥ ਤਹਾ ਕਬੀਰੈ. ਮਟੁ ਕੀਆ; ਖੋਜਤ ਮੁਨਿ ਜਨ ਬਾਟ॥੧੫੨॥ ਗੰਗਾ ਜਮਨਾ ਨਦੀਆਂ ਵਿੱਚਕਾਰ ਸਹਜਸੁੰਨ ਘਾਟ ਹੈ, ਉੱਥੇ ਬੈਠ ਕੇ ਬੰਦਗੀ ਦੀ ਮਹਾਨਤਾ ਮੰਨਦੇ ਹਨ। ਪਰ ਕਬੀਰ ਸਾਹਿਬ ਜੀ ਨੇ ਕਮਾਲ ਕਰ ਦਿਤੀ, "ਦਾਸਨ ਦਾਸਾਂ ਨੂੰ ਓੱਥੇ ਜਾਣ ਦੀ ਲੋੜ ਨਹੀਂ, ਸਾਨੂੰ ਮਹਾਰਾਜ ਨੇ, ਰਾਮ ਪਿਆਰੀ ਸਤਿਸੰਗਤ ਜੀ ਹੀ ਅਤੇ ਗੁਰੂ ਤੀਰਥ ਬਖ਼ਸ਼ੇ ਹਨ, ਜਿੱਥੇ ਕਥਾ ਕੀਰਤਨ ਲੰਗਰ ਬੰਦਗੀ ਸੁਖ ਮਿਲਦਾ ਹੈ।

ਕਬੀਰ. ਗੰਗ ਜਮੁਨ ਕੇ ਅੰਤਰੇ; ਸਹਜ ਸੁੰਨ ਕੇ ਘਾਟ॥ ਤਹਾ ਕਬੀਰੈ. ਮਟੁ ਕੀਆ; ਖੋਜਤ ਮੁਨਿ ਜਨ ਬਾਟ॥੧੫੨॥ ਗੁਰਮਤਿ ਮਰਯਾਦਾ ਪੂਰਨ ਦ੍ਰਿੜ ਪ੍ਰਪੱਕ ਕਰਵਾ ਰਹੇ ਹਨ। ਗੰਗਾ ਜਮਨਾ ਗੋਦਾਵਰੀ ਸਰਸੁਤੀ; ਤੇ ਕਰਹਿ ਉਦਮੁ. ਧੂਰਿ ਸਾਧੂ ਕੀ ਤਾਈ॥ ਕਿਲਵਿਖ ਮੈਲੁ ਭਰੇ. ਪਰੇ ਹਮਰੈ ਵਿਚਿ; ਹਮਰੀ ਮੈਲੁ. ਸਾਧੂ ਕੀ ਧੂਰਿ ਗਵਾਈ॥੧॥ ਅਨੁਸਾਰ ਦਾਸਨ ਦਾਸ, ਗੰਗਾ ਜਮਨਾ 'ਚ ਇਸ਼ਨਾਨ ਦੀ ਮਹਾਨਤਾ ਨਹੀਂ ਮੰਨਦਾ। ਗੰਗਾ ਜਮਨਾ ਦੀ ਉਪਾਸ਼ਨਾ ਨਹੀਂ ਕਰਦਾ। ਯਥਾ:- ਗੰਗਾ ਗਇਆ ਗੋਦਾਵਰੀ; ਸੰਸਾਰ ਕੇ ਕਾਮਾ॥ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਗੰਗ ਜਮੁਨ (ਕੇ)ਦੇ (ਅੰਤਰੇ)ਫ਼ਰਕ 'ਤੇ ਹੋ ਗਿਆ ਹੈ, ਭਾਵ ਇਨ੍ਹਾਂ ਦੀ ਪੂਜਾ ਨਹੀਂ ਕਰਦਾ, ਇਨ੍ਹਾਂ 'ਚ ਇਸ਼ਨਾਨ ਦੀ ਮਹਾਨਤਾ ਨਹੀਂ ਮੰਨਦਾ, ਸੁਆਸ ੨ ਨਾਮੁ ਜਪਣ ਜਪਾਉਣ ਦੀ ਮਹਾਂ ੨ ਮਹਾਨਤਾ ਮੰਨਦਾ ਹੈ। ਇੱਕ ਅਕਾਲ ਪੁਰਖ ਜੀ ਦੀ ਪ੍ਰੇਮਾ- ਭਗਤੀ ਕਰਕੇ, ਵਾਹਿਗੁਰੂ ਜੀ (ਕੇ)ਦਾ ਜਿੱਥੇ (ਸਹਜ)ਸ਼ਾਂਤ ਰੂਪ (ਸੁੰਨ)ਅਫ਼ੁਰ (ਘਾਟ)ਅਸਥਾਨ, (ਤਹਾ)ਤਿੱਥੇ, ਦਾਸਨ ਦਾਸ ਕਬੀਰੈ ਨੇ (ਮਟੁ)ਵਸਣਾ (ਕੀਆ)ਕੀਤਾ ਹੈ। ਜਿੱਥੇ ਕੋਈ ਸੰਕਲਪ ਵਿਕਲਪ ਨਹੀਂ। ਅਫ਼ੁਰ ਅਵਸਥਾ 'ਚ ਪਹੁੰਚਣ ਲਈ, ਜਿਸ (ਬਾਟ)ਰਸਤੇ ਨੂੰ (ਮੁਨਿ)ਮੰਨਣਸ਼ੀਲ ਸਾਊ ਮੁਨੀ (ਜਨ)ਪਿਆਰੇ ਭਗਤ ਜਨ (ਖੋਜਤ)ਖੋਜਦੇ ਹਨ॥੧੫੨॥ ਯਥਾ:- ਅੰਤਰਿ ਸੁੰਨੰ. ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥ ਚਉਥੇ ਸੁੰਨੈ. ਜੋ ਨਰੁ ਜਾਣੈ; ਤਾ ਕਉ. ਪਾਪੁ ਨ ਪੁੰਨੰ॥) ਸੁੰਨ ਮੰਡਲ; ਇਕੁ ਜੋਗੀ ਬੈਸੇ॥ ਨਾਰਿ ਨ ਪੁਰਖੁ; ਕਹਹੁ ਕੋਊ ਕੈਸੇ॥) ਹਰਖ ਅਨੰਤ; ਸੋਗ ਨਹੀ ਬੀਆ॥ ਸੋ ਘਰੁ; ਗੁਰਿ ਨਾਨਕ ਕਉ ਦੀਆ॥) ਸਹਜ ਗੁਫਾ ਮਹਿ; ਆਸਣੁ ਬਾਧਿਆ॥ ਜੋਤਿ ਸਰੂਪ; ਅਨਾਹਦੁ ਵਾਜਿਆ॥) ਜਬ ਅਕਾਰੁ ਇਹੁ; ਕਛੁ ਨ ਦ੍ਰਿਸਟੇਤਾ॥) ਜਬ ਆਪਨ ਆਪ; ਆਪਿ ਪਾਰਬ੍ਰਹਮ॥) ਜਹ ਏਕਹਿ ਏਕ; ਏਕ ਭਗਵੰਤਾ॥) ਜਹ ਆਪਨ ਆਪੁ; ਆਪਿ ਪਤੀਆਰਾ॥)

ਕਬੀਰ. ਜੈਸੀ ਉਪਜੀ ਪੇਡ ਤੇ; ਜਉ. ਤੈਸੀ ਨਿਬਹੈ ਓੜਿ॥ ਹੀਰਾ ਕਿਸ ਕਾ ਬਾਪੁਰਾ; ਪੁਜਹਿ. ਨ ਰਤਨ ਕਰੋੜਿ॥੧੫੩॥ ਵਾਹਿਗੁਰੂ ਬ੍ਰਹਮ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਵਰ ਜੋਨਿ; ਤੇਰੀ ਪਨਿਹਾਰੀ॥ ਇਸੁ ਧਰਤੀ ਮਹਿ; ਤੇਰੀ ਸਿਕਦਾਰੀ॥) ਸਗਲ ਜੋਨਿ ਮਹਿ; ਤੂ ਸਿਰਿ ਧਰਿਆ॥) ਭਈ ਪਰਾਪਤਿ; ਮਾਨੁਖ ਦੇਹੁਰੀਆ॥ ਅਨੁਸਾਰ, ਜੈਸੀ ਨਰ ਨਰਾਇਣੀ ਅਮੋਲਕ, ਅਰੋਗ ਕੰਚਨ ਦੇਹੀ, ਮਾਤਾ ਜੀ ਦੇ ਉਦਰ (ਪੇਡ)ਮੁੱਢ, (ਤੇ)ਤੋਂ (ਉਪਜੀ)ਪੈਦਾ ਹੋਈ, (ਜਉ)ਜੇਕਰ (ਤੈਸੀ)ਉਸੇ ਤਰ੍ਹਾਂ, ਪਾਪ ਵਿਕਾਰ ਔਗੁਣਾਂ ਰਹਿਤ, (ਓੜਿ)ਆਖਰੀ ਸੁਆਸ ਤੱਕ (ਨਿਬਹੈ)ਨਿਭ ਜਾਵੇ। ਗੁਰਪ੍ਰਸਾਦਿ ਅੰਮ੍ਰਿਤ ਛਕ ਕੇ, ਚੋਰੀ ਯਾਰੀ ਕਤਲ ਡਾਕੇ ਵਿਭਚਾਰ ਨ ਕਰੇ, ਨਸ਼ੇ ਨ ਵਰਤੇ। ਪੂਰਨ ਦ੍ਰਿੜ ਪਰਪੱਕ ਧਰਮ ਕਮਾਵੇ। ਧਰਮ ਦੇ ਦਸ ਚਿੰਨ:- [1]ਖਿਮਾ [2]ਅਹਿੰਸਾ [3]ਦਇਆ [4]ਮ੍ਰਿਦ; [5]ਸਤਬਚਨ [6]ਤਪ ਦਾਨ। [7]ਸੀਲ ਸੰਤੋਖ ਤ੍ਰਿਸਨਾ ਬਿਨਾ; ਧਰਮ ਚਿੰਨ੍ ਦਸ ਜਾਨ। [1]ਕਿਸੇ ਦੀ ਗ਼ਲਤੀ ਨੂੰ ਦਿਲੋਂ ਮੁਆਫ਼ ਕਰਨਾ ਖਿਮਾ ਹੈ। [2]ਜੀਵ ਹੱਤਿਆ ਦਾ ਤਿਆਗ [3]ਜੀਆਂ 'ਤੇ ਤਰਸ ਕਰਕੇ

Sri Satguru Jagjit Singh Ji eLibrary NamdhariElibrary@gmail.com

ਉਨ੍ਹਾਂ ਨੂੰ ਸੁਖ ਦੇਣਾ ਦਇਆ ਹੈ ਜੀ। ੪ਕੋਮਲ ਨਰਮ ਵਰਤਣਾ, ੫ਹਮੇਸ਼ਾ ਸੱਚੇ ਬਚਨ ਬੋਲਣੇ। ੬ਗੁਰੁ ਸੇਵਾ ਤਪਾਂ ਦਾ ਸ਼੍ਰੋਮਣੀ ਸ੍ਰੇਸ਼ਟ ਤਪ ਹੈ। ੭ਸਾਊ ਗੁਰਮੁਖਿ। ਪਰਾਇਆ ਰੂਪ ਨਹੀਂ ਦੇਖਣਾ, ਝੂਠ ਨਹੀਂ ਬੋਲਣਾ, ਨਿੰਦਾ ਨਹੀਂ ਕਰਨੀ ਆਦਿ ਇਨਾਂ ਅਸੂਲਾਂ ਤੇ ਚੱਲੇ। ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।) ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥) ਮਿਥਿਆ; ਨਾਹੀ ਰਸਨਾ ਪਰਸ॥) ਪਰਮਪਵਿੱਤ੍ਰ ਪਰਮਪੂਜਨੀਕ ਸ਼ੁਭ ਸੱਚੇ ਸੁੱਚੇ ਉੱਚੇ ਮਹਾਨ ਪਰਉਪਕਾਰੀ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ ਦੇ ਅੱਖਰ ੨ ਨੂੰ ਵਾਹਿਗੁਰੂ ਗੁਰੂ ਮੰਨ ਕੇ, ਅੱਖਰ ੨ ਦਾ ਧਿਆਨ ਧਾਰ ਕੇ, ਮੰਨੇ ਪੂਜੇ, ਸੁਆਸ ੨ ਵਾਹਿਗੁਰੂ ਵਾਹਿਗੁਰੂ ਜਪੇ, ਜਪਾਵੇ ਧਿਆਵੇ ਬਲਿ ਬਲਿ ਜਾਵੇ, ਘੋਲ ਘੁਮਾਵੇ, ਸ੍ਰਬੱਤ ਦੇ ਭਲੇ ਹਿਤ, ਅਪਣਾ ਸਭ ਕੁੱਝ ਕੁਰਬਾਨ ਕਰ ਦੇਵੇ। ਤਾਂ ਫਿਰ ਕੀ ਹੋਵੇਗਾ?

ਹੀਰਾ ਕਿਸ ਕਾ ਬਾਪੁਰਾ; ਪੁਜਹਿ. ਨ ਰਤਨ ਕਰੋੜਿ॥੧ਪ੩॥ ਹੀਰਾ ਕਿਸ (ਕਾ)ਦਾ (ਬਾਪੁਰਾ)ਵਿਚਾਰਾ ਹੈ, (ਕਰੋੜਿ)ਕ੍ਰੋੜਾਂ ਹੀ ਰਤਨ ਮੁੱਲ ਪਾ ਕੇ, ਉਸ ਦੇ ਬਰਾਬਰ (ਨ)ਨਹੀਂ (ਪੁਜਹਿ)ਪਹੁੰਚ ਸਕਦੇ॥੧ਪ੩॥ ਯਥਾ:- ਪਾਤਾਲ ਪੁਰੀਆ ਏਕ ਭਾਰ; ਹੋਵਹਿ ਲਾਖ ਕਰੋੜਿ॥ ਤੇਰੇ ਲਾਲ ਕੀਮਤਿ ਤਾ ਪਵੈ; ਜਾਂ ਸਿਰੈ ਹੋਵਹਿ ਹੋਰਿ॥ ਐਸੇ ਉੱਚੇ ਜੀਵਨ ਵਾਲੇ ਮਹਾਂਪੁਰਸ਼ ਨੂੰ ਪੱਲੜੇ ਦੇ ਇੱਕ ਪਾਸੇ, ਸਜਾਇਆ ਜਾਵੇ, ਦੂਜੇ ਪਾਸੇ ਲੱਖਾਂ ਕ੍ਰੋੜਾਂ ਹੀਰੇ ਜਵਾਹਰਾਤ ਪਾਏ ਜਾਣ, ਉਹ ਭੀ ਬਰਾਬਰ ਪੁੱਜ ਨਹੀਂ ਸਕਦੇ।

ਕਬੀਰ. ਜੈਸੀ ਉਪਜੀ ਪੇਡ ਤੇ; ਜਉ. ਤੈਸੀ ਨਿਬਹੈ ਓੜਿ॥੨:- ਪਰਮਪੂਜਨੀਕ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੈਸੀ (ਪੇਡ)ਮੁੱਢ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਤਾਬਿਆ, ਪੰਜਾਂ ਪਿਆਰਿਆਂ ਦੁਆਰਾ ਅੰਮ੍ਰਿਤ ਛਕ ਕੇ, ਸਤਿਗੁਰ ਕੈ ਜਨਮੇ; ਗਵਨੁ ਮਿਟਾਇਆ॥ ਪੰਜ ਪਿਆਰੇ ਕਹਿੰਦੇ ਹਨ, "ਹੇ ਪਿਆਰੇ ਖ਼ਾਲਸਾ ਜੀ! ਹੁਣ ਤੋਂ ਆਪ ਜੀ ਦੀ ਗੁਰੂ ਘਰ 'ਚ ਨਵੀਂ ਜ਼ਿੰਦਗੀ (ਉਪਜੀ)ਪੈਦਾ ਹੋਈ ਹੈ। ਜ਼ਾਤ ਪਾਤ ਗੋਤ ਪਾਪ ਸਭ ਨਾਸ਼ ਹੋ ਚੁੱਕੇ ਹਨ। ਜਿਸ ਤਰ੍ਹਾਂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਪੰਜ ਕਕਾਰ ਬਖ਼ਸੇ ਹਨ। ਜ਼ਿਆਦਾ ਤੋਂ ਜ਼ਿਆਦਾ ਨਿੱਤਨੇਮ ਕਰਨਾ, ਚੋਰੀ ਯਾਰੀ ਨਿੰਦਿਆ ਚੁਗਲੀ ਮੰਦ ਕਰਮ ਨਹੀਂ ਕਰਨੇ। ਜੂਠਾ ਨਹੀਂ ਖਾਣਾ, ਤੰਬਾਕੂ ਨਹੀਂ ਵਰਤਣਾ, ਬੱਜਰ ਕੁਰਿਹਤਾਂ ਤੋਂ ਬਚਣਾ ਇਹ ਸ਼ੁਭ ਸਿੱਖਿਆ ਦ੍ਰਿੜ ਕਰਵਾਉਂਦੇ ਹਨ। ਉਸ ਵੇਲੇ ਵਰ ਮਿਲ ਜਾਂਦਾ ਹੈ। ਅੰਮ੍ਰਿਤ ਛਕ ਕੇ, ਜੈਸੀ (ਪੇਡ)ਮੁੱਢ ਤੋਂ ਗੁਰੂ ਘਰ 'ਚ ਨਵੀਂ ਜ਼ਿੰਦਗੀ (ਉਪਜੀ)ਪੈਦਾ ਹੋਈ ਹੈ। (ਤੇ)ਉਹ (ਜਉ)ਜਿਸ ਤਰ੍ਹਾਂ ਅੰਮ੍ਰਿਤ ਛਕ ਕੇ ਪਾਕ ਹੁੰਦਾ ਹੈ, ਉਸ ਤੋਂ ਬਾਦ ਸੰਸਾਰ ਨਾਲ ਵਰਤਦਿਆਂ, ਗੁਰੂ ਗ੍ਰੰਥ ਸਾਹਿਬ ਜੀ, ਪੰਜਾਂ ਪਿਆਰਿਆਂ ਦੀ ਆਗਿਆ 'ਚ ਚੱਲੇ। (ਓੜਿ)ਆਖਰ ਤੱਕ (ਤੈਸੀ)ਉਸ ਤਰ੍ਹਾਂ ਮਹਾਰਾਜ ਨਾਲ ਸੱਚੀ ਪ੍ਰੀਤੀ (ਨਿਬਹੈ)ਨਿਭ ਜਾਵੇ। ਜਿਸ ਤਰ੍ਹਾਂ ਪੰਜ ਪਿਆਰੇ ਉਪਦੇਸ਼ ਦਿੰਦੇ ਹਨ, ਅੱਖਾਂ ਨਾਲ ਰੂਪ ਨਾ ਦੇਖੇ, ਸੁਆਸ ੨ ਨਾਮ ਜਪੇ, ਸਭ ਦੀ ਚਰਨ- ਧੂੜ ਬਣੇ। ਫਿਰ ਐਸੀ ਉੱਚੀ ਅਵਸਥਾ ਪ੍ਰਾਪਤ ਹੁੰਦੀ ਹੈ।

ਹੀਰਾ ਕਿਸ ਕਾ ਬਾਪੁਰਾ; ਪੁਜਹਿ ਨ ਰਤਨ ਕਰੋੜਿ॥੧ਪ੩॥੨:- ਹੀਰਾ ਮਨੁਖਾ ਜਨਮ ਕਿਸ (ਕਾ)ਦਾ (ਬਾਪੁਰਾ)ਵਿਚਾਰਾ ਹੈ? ਇੱਕ ਬੰਦਾ ਉਸ ਦੇ ਤੁੱਲ ਹੋ ਸਕੇ, ਕ੍ਰੋੜਾਂ ਰਤਨ ਵਾਂਗ ਦੇਵ ਦੇਹੀਆਂ ਭੀ ਉਨ੍ਹਾਂ ਦੇ ਬਰਾਬਰ ਨਹੀਂ ਪਹੁੰਚ ਸਕਦੀਆਂ।

ਕਬੀਰ. ਜੈਸੀ ਉਪਜੀ ਪੇਡ ਤੇ; ਜਉ ਤੈਸੀ ਨਿਬਹੈ ਓੜਿ॥੩:- (ਪੇਡ) ਮੁੱਢ ਬ੍ਰਹਮ ਸਰੂਪ ਧੰਨ ਗੁਰੂ ਹਰਿਗੋਵਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪ ਜੀ ਦਾ ੧੬ਪ੨ ਬਿ: 'ਚ ਅਵਤਾਰ ਹੋਇਆ, ਗਿਆਰਾਂ ਵਰ੍ਹੇ ਦੀ ਉਮਰ 'ਚ ਗੁਰਤਾ ਬਿਰਾਜਮਾਨ ਹੋਏ। ੧੬੬੩ ਬਿ: ਸੰਮਤ ਨੂੰ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੂੰ ਲਹੌਰ ਜ਼ਾਲਮਾਂ ਨੇ ਉੱਬਲਦੀ ਦੇਗ਼ 'ਚ ਬਿਠਾਇਆ, ਤੱਤਾ ਰੇਤਾ ਸੀਸ 'ਤੇ ਪਾਇਆ, ਸੜਦੀ ਮੱਚਦੀ ਲੋਹ 'ਤੇ

Sri Satguru Jagjit Singh Ji eLibrary NamdhariElibrary@gmail.com

ਬਿਠਾਇਆ, ਅਕਹਿ ਅਸਹਿ ਕਸ਼ਟ ਕੁਬੋਲ ਸਹਾਰਦਿਆਂ, ਸ਼ਹੀਦੀ ਦਿਤੀ। ਗੁਰੂ ਪਿਤਾ ਜੀ ਦੀ ਸ਼ਹੀਦੀ ਬਾਦ. ਧੰਨ ਗੁਰੂ ਹਰਿਗੋਵਿੰਦ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਬੜੇ ਹੀ ਪਰਨ ਕੀਤੇ, "ਮੰਦਕਰਮੀ ਵਿਭਚਾਰੀ, ਗੁਰ ਨਿੰਦਕ, ਗੁਰ ਦ੍ਰੋਹੀ ਸਾਕਤ ਸੰਤ ਦੋਖੀ ਆਦਿ ਸਾਰੇ ਦੋਸ਼ ਮੈਨੂੰ ਲੱਗਣ, ਜੇਕਰ ਪਾਪੀ ਸੰਤ ਦੋਖੀ ਚੰਦੂ ਦੇ ਨੱਕ 'ਚ ਨਕੇਲ ਨਾ ਪਾਵਾਂ। ਉਨਾ ਚਿਰ ਨਾ ਮੈਂ ਰੱਜ ਕੇ ਸੌਣਾ, ਨਾ ਹੀ ਰੱਜ ਕੇ ਖਾਣਾ"। ਸਤਿਗੁਰੂ ਮਹਾਰਾਜ ਨੇ ਭਾਰੀ ਬੀਰ ਰਸੀ ਬੋਲੇ ਕਹੇ। ਸੱਚੇ ਪਾਤਿਸ਼ਾਹ ਜੀ ਨੇ ਅਕਾਲ ਤਖ਼ਤ ਫ਼ੌਜਾਂ ਰਚੀਆਂ। ਮਹਾਰਾਜ ਤਖ਼ਤ 'ਤੇ ਸਜਦੇ ਹਨ, ਉੱਪਰ ਸੁਨਹਿਰੀ ਛਤਰ ਝੁਲਦਾ ਹੈ, ਸੱਜੇ ਖੱਬੇ ਦੋ ਚੌਰਦਾਰ ਚੌਰ ਕਰਦੇ ਹਨ। ਅਕਾਲ ਤਖ਼ਤ ਸਾਹਿਬ ਜੀ ਵਿਖੇ, ਅਬਦੁਲਾ ਤੇ ਨੱਥਾ ਢਾਡੀ ਜੋਧਿਆਂ ਦੀਆਂ ਵਾਰਾਂ ਗਾਉਂਦੇ ਹਨ। ਸਤਿਗੁਰੂ ਸਾਹਿਬ ਜੀ ਵੱਡੇ ੨ ਇਨਾਮ ਬਖ਼ਸ਼ਦੇ ਹਨ। ਮਹਾਰਾਜ ਨੇ ਢਾਡੀਆਂ 'ਤੇ ਖੁਸ਼ ਹੋ ਕੇ, ਹਾਥੀ. ਹੋਰ ਫ਼ੌਜੀ ਬਖ਼ਸ਼ੇ, ਜੋ ਹਮੇਸ਼ਾਂ ਹੀ ਉਨ੍ਹਾਂ ਦੇ ਨਾਲ ਰਹਿੰਦੇ। ਪ੍ਰੇਮੀਆਂ ਨੂੰ ਦਰਸ਼ਨਾਂ ਦਾ ਬੜਾ ਹੀ ਸੁਭਾਗਾ ਸਮਾਂ ਪ੍ਰਾਪਤ ਹੁੰਦਾ। ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ ਨਿਹਾਲ ਹੁੰਦੇ। ਸਭ ਦੇ ਮਨ ਸ਼ਾਂਤ ਹੋ ਜਾਂਦੇ, ਕਿਉਂ ਜੋ ਸਤਿਗੁਰੂ ਸਾਹਿਬ ਜੀ ਹੁਣ ਬੀਰ ਰਸ 'ਚ ਹਨ। ਧਰਮਯੁੱਧ ਦੀਆਂ ਤਿਆਰੀਆਂ ਕਰ ਰਹੇ ਹਨ। ਯਥਾ:- ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥ ਸਭ ਨੂੰ ਹੁਕਮ ਕੀਤਾ, "ਭਾਈ ਜਿਹੜਾ ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੀ ਸਦਾ ਭਾਰੀ ਖੁਸ਼ੀ ਚਾਹੁੰਦਾ ਹੈ, ਉਹ ਘੋੜੇ ਸ਼ਸ਼ਤਰ ਭੇਟਾ ਲਿਆਵੇ। ਭਾਵੇਂ ਮੁਲਕ 'ਚ ਬੜੀ ਭਾਰੀ ਗ੍ਰੀਬੀ ਸੀ, ਬੇਅੰਤ ਪ੍ਰੇਮ ਭੇਟਾਵਾਂ ਹਾਜ਼ਰ ਹੋਣ ਲੱਗੀਆਂ। ਪ੍ਰੇਮੀਆਂ ਨੇ ਆਪਣੇ ਬੱਚੇ ਗੁਰੂ ਚਰਨ- ਕਮਲਾਂ 'ਚ ਭੇਟਾ ਕਰ ਦਿਤੇ। ਪ੍ਰੇਮੀਂ ਮਾਲ ਡੰਗਰ ਊਠ ਘੋੜੇ ਸ਼ਸ਼ਤ੍ਰ ਲਿਆਂਉਂਦੇ ਹਨ। ਪ੍ਰੇਮੀਂ ਰਾਜੇ ਮਹਾਰਾਜੇ ਭੀ ਆ ਕੇ ਨਮਸਕਾਰਾਂ ਕਰਨ ਲੱਗੇ। ਮਹਾਰਾਜ ਜੀ ਦੇ, ਮਹਾਨ ਸੁੰਦਰ ਹੀ ਸੁੰਦਰ ਦਰਸ਼ਨ ਕਰਨ ਵਾਲੇ ਦੰਗ ਰਹਿ ਜਾਂਦੇ। ਜਿਹੜੇ ਦਰਸ਼ਨ ਕਰਨ ਆਉਂਦੇ, ਉਹ ਘਰ ਨੂੰ ਜਾਣ ਦਾ ਫ਼ੁਰਨਾ ਹੀ ਛੱਡ ਦਿੰਦੇ। ਦੋ ਪ੍ਰੇਮੀਂ ਭਾਈ ਮੋਹਨ ਤੇ ਗੁਪਾਲਾ ਜੀ, ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਅਤੇ ਢਾਡੀ ਵਾਰਾਂ ਸੁਣਦੇ ਹਨ। ਬੀਰ- ਰਸੀ ਯੋਧੇ ਮਾਈ ਭਾਈ ਗੁਰੂ ਦੇ ਦੀਵਾਨ 'ਚ ਸਜ ਰਹੇ ਹਨ। ਕਬੀਰ. ਜੈਸੀ ਉਪਜੀ ਪੇਡ ਤੇ; ਜਉ ਤੈਸੀ ਨਿਬਹੈ ਓੜਿ॥ ਕਬੀਰ ਸਾਹਿਬ ਜੀ ਦੇ ਕਹੇ ਅਨੁਸਾਰ (ਪੇਡ)ਮੁੱਢ ਪੂਰਨ ਬ੍ਰਹਮ ਸਰੂਪ ਧੰਨ ਸਤਿਗੁਰੂ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਮਹਾਰਾਜ ਜੀ ਦੇ ਬੀਰ- ਰਸੀ ਦਰਸ਼ਨ ਕਰਕੇ, ਭਾਈ ਮੋਹਨ ਤੇ ਗੁਪਾਲਾ ਜੀ ਦੇ ਹਿਰਦੇ 'ਚ ਪ੍ਰੀਤੀ ਪੈਦਾ ਹੋਈ। ਦੋਹਾਂ ਨੇ ਮਿਲ ਕੇ ਮਤਾ ਕੀਤਾ, "ਜਿਨਾ ਚਿਰ ਜੱਗ 'ਤੇ ਜਿਉਣਾ ਹੈ, ਮਹਾਰਾਜ ਸਾਹਿਬ ਜੀ ਦੀ ਨਿਸ਼ਕਾਮ ਸੇਵਾ ਹੀ ਕਰਨੀ ਹੈ, ਮਹਾਰਾਜ ਆਪ ਹੀ, ਐਸੀ ਬਿਧੀ ਬਣਾ ਦੇਣ, ਆਪਣੇ ਸੀਸ, ਮਹਾਰਾਜ ਸਾਹਿਬ ਦੇ ਲੇਖੇ ਲੱਗ ਜਾਣ, ਭਾਵ ਪੂਰਨ ਗੁਰੂ ਜੀ ਲਈ ਸ਼ਹੀਦੀ ਪਾਈਏ। ਅੰਤਮ ਸਮੇਂ ਮਹਾਰਾਜ ਸਾਹਿਬ ਦੇ ਦਰਸ਼ਨ ਹੋ ਜਾਣ"। ਜਦੋਂ ਪਾਪੀ ਸ਼ਾਹਜਹਾਨ ਬਾਦਸ਼ਾਹ ਦੇ ਹੁਕਮ ਨਾਲ, ਮੁਗਲਸਖਾਨ ੭੦੦੦ ਫ਼ੌਜ ਲੈ ਕੇ ਚੜ੍ ਕੇ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਆਇਆ। ਲੋਹ ਗੜ੍ ਸਾਹਿਬ ਕਿਲੇ ਵਿਖੇ, ਦੋਵੇਂ ਪ੍ਰੇਮੀਂ ੨੫ ਸਿੰਘਾਂ ਸਮੇਤ ਬਹੁਤ ਬਹਾਦਰੀ ਨਾਲ ਲੜੇ, ਕਰਾਰੇ ਫੱਟ ਲੱਗੇ, ਪ੍ਰੇਮੀ ਸਿੱਖ ਚੁੱਕ ਕੇ, ਸੱਚੇ ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਚ ਲਿਆਏ, ਸੱਚੇ ਸਤਿਗੁਰੂ ਸਾਹਿਬ ਜੀ ਨੇ ਮਿਹਰ ਦੀ ਨਿਗ੍ਹਾ ਪਾ ਕੇ, ਨਿਹਾਲ ੩ ਕਰ ਦਿਤੇ। ਯਥਾ:- ਨਾਨਕ ਨਦਰੀ; ਨਦਰਿ ਨਿਹਾਲ॥

ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ ਆਪਣੇ ਰੁਮਾਲ ਨਾਲ ਇਨ੍ਹਾਂ ਦੇ ਸੁੰਦਰ ਸੋਹਣੇ ਸਨਮੁਖ ਸੱਚੇ ਚੇਹਰੇ ਪੂੰਜੇ, ਪੂਰਨ ਅਗਮ ਵਿਸਮਾਦ ਪਿਆਰ ਦੇ ਕੇ, ਪੂਰਨ ਪ੍ਰੇਮ 'ਚ ਢਲ਼ ਕੇ ਕਿਹਾ, "ਨਿਹਾਲ ਨਿਹਾਲ ਨਿਹਾਲ! ਭਾਈ ਸਿੱਖੋ! ਵਰ ਮੰਗੋ। " ਪ੍ਰੇਮੀਆਂ ਕਿਹਾ, "ਆਪ ਜੀ ਦੇ ਦਾਸਨ ਦਾਸ ਮੂਰਖ ਬੱਚੇ, ਆਪੋ ਵਿੱਚੀਂ ਬਚਨ

Sri Satguru Jagjit Singh Ji eLibrary NamdhariElibrary@gmail.com

ਕਰਦੇ ਸਾਂ, ਗੁਰੂ ਪ੍ਰਮੇਸਰ ਜੀ ਲਈ ਸ਼ਹੀਦ ਹੋਈਏ ਤੇ ਅੰਤਮ ਸਮੇਂ ਸੱਚੇ ਸਤਿਗੁਰੂ ਸਾਹਿਬ ਜੀ ਦਰਸ਼ਨ ਬਖ਼ਸ਼ਣ। ਆਪ ਜੀ ਅੰਤਰਜਾਮੀ ਹੋਂ, ਆਪ ਜੀ ਨੇ ਮਹਾਨ ਕ੍ਰਿਪਾ ਕਰਕੇ ਦਾਸਾਂ ਦੀ ਇਹ ਸ਼ੁਭ ਇੱਛਾ ਪੂਰੀ ਕਰ ਦਿਤੀ ਹੈ। ਜਦੋਂ ੨ ਭੀ ਆਪ ਜੀ ਆਪਣੇ ਸ਼ੁਭ ਸੱਚੇ ਪੂਰਨ ਅਵਤਾਰ ਧਾਰੋਂ, ਤਦੋਂ ੨ ਦਾਸਨ ਦਾਸਾਂ ਗ਼ੀਬਾਂ ਨੂੰ ਭੀ, ਆਪਣੇ ਨਾਲ ਲਿਆਇਆ ਕਰੋ ਜੀ। ਬਾਰ ੨ ਆਪ ਜੀ ਤੋਂ ਆਪਣੇ ਸਿਰ ਵਾਰਦੇ ਰਹੀਏ ਜੀ। ਜਿਤਨੇ ਸਿੱਖ ਮੱਚਦੇ ਧਰਮ- ਜੰਗ 'ਚ ਸ਼ਹੀਦ ਹੋਏ ਹਨ, ਸਮੂਹ ਪਿਆਰਿਆਂ ਨੂੰ ਆਪਣੇ ਸੱਚੇ ਚਰਨ ਕਮਲਾਂ 'ਚ ਸਦਾ ਹੀ ਰੱਖਣਾ ਜੀ" ਇਹ ਪ੍ਰੇਮ ਬਿਨੰਤੀ ਸੁਣ ਕੇ, ਗੁਰੂ ਪਿਤਾ ਜੀ ਰੋਮ ੨ ਕਰਕੇ ਭਾਰੀ ਪ੍ਰਸੰਨ ਹੋਏ, ਫ਼ੁਰਮਾਇਆ, "ਚੰਗਾ ਭਾਈ! ਅਕਾਲ ਪੁਰਖੁ ਜੀ ਇਹ ਸ਼ੁਭ ਕਾਮਨਾ ਪੂਰੀ ਕਰਨ"। ਹੁਣ ਕਬੀਰ ਸਾਹਿਬ ਜੀ ਦੇ ਹੁਕਮ ਅਨੁਸਾਰ ਜੈਸੀ ਉਪਜੀ ਪੇਡ ਤੇ ਜੈਸੀ ਪ੍ਰੀਤੀ ਸਤਿਗੁਰੂ ਹਰਿਗੋਵਿੰਦ ਸਾਹਿਬ ਦੇ ਦਰਸ਼ਨ ਕਰਦਿਆਂ ਢਾਡੀ ਕਥਾ ਕੀਰਤਨ ਸੁਣਦਿਆਂ, ਇਨ੍ਹਾਂ ਸਨਮੁਖ ਗੁਰਮੁਖਾਂ ਜੀ ਦੇ ਦਿਲ 'ਚ ਗੂੜ੍ਹੀ ਗੁਰੂ ਪ੍ਰੀਤੀ (ਉਪਜੀ)ਪੈਦਾ ਹੋਈ ਸੀ। ਜਉ ਤੈਸੀ ਨਿਬਹੈ ਓੜਿ॥ ਉਸੇ ਤਰ੍ਹਾਂ ਹੀ ਇਨਾਂ ਪ੍ਰੇਮੀਆਂ ਦੀ ਅੰਤ ਤੱਕ ਨਿਭ ਗਈ। ਯਥਾ:- ਮੇਰੀ ਪ੍ਰੀਤਿ; ਗੋਬਿੰਦ ਸਿਉ. ਜਿਨਿ ਘਟੈ॥ ਮੈ ਤਉ. ਮੋਲਿ ਮਹਗੀ ਲਈ; ਜੀਅ ਸਟੈ॥੧॥) ਰਾਮ ਜਪਤ; ਤਨੁ ਜਰਿ ਕੀ ਨ ਜਾਇ॥ ਰਾਮ ਨਾਮ; ਚਿਤੁ ਰਹਿਆ ਸਮਾਇ॥) ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸ੍ਰੂਤ; ਪ੍ਰਭੁ ਚਰਨਨ ਮਹਿ॥) ਕਹਾ ਭਇਓ; ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ; ਤਉ ਡਰਪੈ ਤੇਰੋ ਜਨੁ॥) ਸਾਚੀ ਪ੍ਰੀਤਿ.ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥) ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥) ਮੀਨੁ ਪਕਰਿ.ਫਾਂਕਿਓ ਅਰੁ ਕਾਟਿਓ; ਰਾਂਧਿ ਕੀਓ ਬਹੁ ਬਾਨੀ॥ ਖੰਡ ਖੰਡ ਕਰਿ. ਭੋਜਨੁ ਕੀਨੋ; ਤਊ.ਨ ਬਿਸਰਿਓ ਪਾਨੀ॥ (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ. ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥

ਹੀਰਾ ਕਿਸ ਕਾ ਬਾਪੁਰਾ; ਪੁਜਹਿ ਨ ਰਤਨ ਕਰੋੜਿ॥੧੫੩॥ ਕੀਮਤੀ ਪੱਥਰ ਹੀਰਾ, ਕਿਸ (ਕਾ)ਦਾ (ਬਾਪੁਰਾ)ਵਿਚਾਰਾ ਹੈ, (ਕਰੋੜਿ)ਕ੍ਰੋੜਾਂ ਰਤਨ ਭੀ, ਐਸੇ ਅਮਰ ਪਰਮ ਪਾਕ ਸ਼ਹੀਦਾਂ ਦੇ ਬਰਾਬਰ (ਨ)ਨਹੀਂ (ਪੁਜਹਿ)ਪੁੱਜ ਸਕਦੇ॥੧੫੩॥ ਐਸੇ ਵਿਸਮਾਦ ਨਿਸ਼ਕਾਮੀ, ਗੁਰੂ ਪ੍ਰਮੇਸਰ ਜੀ ਦੇ ਸੱਚੇ ਚਰਨਕਮਲਾਂ ਜੀ ਦੇ ਖ਼ਾਸ ਪ੍ਰੇਮੀ ਜੀਵਨ ਮੁਕਤ ਮਹਾਂਪੁਰਸ਼ਾਂ ਨੇ, ਇਹ ਸ਼ੁਭ ਅਮੋਲਕ ਬਚਨ ਕਮਾਏ:- ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥

ਕਬੀਰਾ. ਏਕੁ ਅਚੰਭਉ ਦੇਖਿਓ; ਹੀਰਾ ਹਾਟ ਬਿਕਾਇ॥ ਬਨਜਨਹਾਰੇ ਬਾਹਰਾ; ਕਉਡੀ ਬਦਲੈ ਜਾਇ॥੧੫੪॥ (ਕਬੀਰਾ)ਭਗਤ ਕਬੀਰ ਸਾਹਿਬ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾ ਰਹੇ ਹਨ:- (ਏਕੁ)ਇੱਕ ਬੜਾ (ਅਚੰਭਉ)ਅਸਚਰਜ (ਦੇਖਿਓ)ਦੇਖਿਆ ਹੈ, ਰਾਜਨ ਕੇ ਰਾਜਾ. ਮਹਾਰਾਜਨ ਕੇ ਮਹਾਰਾਜਾ ;) ਸਜਣੁ ਸਚਾ ਪਾਤਿਸਾਹੁ; ਸਿਰਿ ਸਾਂਹਾਂ ਦੈ ਸਾਹੁ॥) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਭ ਤੇ ਵਡਾ ਸਤਿਗੁਰੁ ਨਾਨਕੁ; ਦੇਵ ਸਾਹਿਬ ਜੀ ਦੀ ਸਾਧਸੰਗਤ ਰੂਪੀ ਹਾਟ 'ਤੇ, ਐਸੋ ਹੀਰਾ; ਨਿਰਮਲ ਨਾਮ॥ ਅਨੁਸਾਰ ਵਾਹਿਗੁਰੂ ਜੀ ਦੇ ਪਰਮਪਵਿੱਤ੍ਰ ਨਾਮ ਜੀ ਰੂਪੀ ਹੀਰਾ ਜੀ, (ਬਿਕਾਇ)ਵਿਕ ਰਹੇ ਹਨ, ਸਿਰ ਵੱਟੇ। ਯਥਾ:- ਤਿਹਟੜੇ ਬਾਜਾਰ; ਸਉਦਾ ਕਰਨਿ ਵਣਜਾਰਿਆ॥) ਹੱਟ ਖੁੱਲ ਗਈ, ਧੰਨ ਸਤਿਗੁਰੂ ਨਾਨਕ ਸਾਹਿਬ ਜੀ ਦੀ, ਸੌਦਾ ਲੈਣਗੇ ਨਸੀਬਾਂ ਵਾਲੇ। ਨਾਨਕ. ਸੇਵਕੁ ਸੋਈ ਆਖੀਐ; ਜੋ. ਸਿਰੁ ਧਰੇ ਉਤਾਰਿ॥ ਅਨੁਸਾਰ ਗੁਰੂ ਸਾਹਿਬ ਜੀ ਨੂੰ ਸੀਸ ਅਰਪ ਕੇ

Sri Satguru Jagjit Singh Ji eLibrary NamdhariElibrary@gmail.com

ਖ਼੍ਰੀਦਣ ਵਾਲੇ, ਉੱਤਮ ਗੁਰਸੇਵਕ ਜੀ ਤੋਂ (ਬਾਹਰਾ)ਬਿਨਾ, ਰਸ ਕਸ ਨਸ਼ੇ ਪਦਾਰਥ ਵਿਸ਼ਿਆਂ ਔਗੁਣਾਂ ਪਾਪਾਂ ਮਾਇਆ ਰੂਪੀ ਕਉਡੀ ਕਉਡੀ, (ਬਦਲੈ)ਬਦਲੇ (ਜਾਇ)ਜਾਂਦਾ ਹੈ॥੧੫੪॥

ਦ੍ਰਿਸਟਾਂਤ:- ਇੱਕ ਪਖੰਡੀ ਬਾਵੇ ਦੀ ਗੋਦੜੀ 'ਚ ਅਮੋਲਕ ਲਾਲ ਸੀ, ਚਾਅ ਨਾਲ ਨੱਚਦਾ ਰਹਿੰਦਾ ਸੀ। ਠੱਗਾਂ ਸੋਚਿਆ, ਇਸ ਕੋਲੇ ਕੋਈ ਅਮੋਲਕ ਚੀਜ਼ ਹੈ, ਜਿਵੇਂ ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾ ਰਹੇ ਹਨ:- ਧਨੁ ਧਰਤੀ ਵਿਚਿ ਦਬੀਐ; ਮਸਤਕਿ ਪਰਵਾਣੈ॥ ਉਸ ਨਾਲ ਲੱਗ ਕੇ ਸੇਵਾ ਕਰਨ ਲੱਗ ਗਏ। ਢੰਗ ਨਾਲ ਉਨ੍ਹਾਂ ਨੇ ਇੱਕ ਠੱਗ ਨੂੰ ਕਿਹਾ, ਪੈਸੇ ਦੀਆਂ ਕੌਡੀਆਂ ਲੈ ਕੇ ਆ। ਉਹ ਪੈਸੇ ਦੀਆਂ ਕੌਡੀਆਂ ਲੈ ਆਇਆ, ਕਹਿੰਦੇ ਕਿੰਨੀਆਂ? ਕਹਿੰਦਾ ਬਾਰਾਂ, ਕਹਿੰਦੇ ਬਾਵਾ ਜੀ ਗਿਣੋ, ਜਦੋਂ ਗਿਣੀਆਂ ਤਾਂ ਗਿਆਰਾਂ ਹੋਈਆਂ, ਬਾਵਾ ਜੀ ਕਹਿੰਦੇ, "ਮੈਂ ਜਾ ਕੇ ਪੂਰੀਆਂ ਕਰ ਕੇ ਲਿਆਉਂਦਾ ਹਾਂ। ਕਹਿੰਦੇ ਬਾਵਾ ਜੀ ਛੇਤੀ ੨ ਜਾਉ, ਛੇਤੀ ੨ ਮੁੜ ਆਉ, ਗੋਦੜੀ ਇੱਥੇ ਰੱਖ ਜਾਉ। ਠੱਗ ਗੋਦੜੀ 'ਚੋਂ ਲਾਲ ਕੱਢਿ ਕੇ ਭੱਜ ਗਏ। ਬਾਵਾ ਜੀ ਆਏ, ਗੋਦੜੀ ਸੱਖਣੀ ਦੇਖ ਕੇ, ਗਸ਼ ਖਾ ਕੇ ਡਿੱਗੇ, ਮਰ ਗਏ। ਇਉਂ ਲਾਲ ਕਉਡੀ ਬਦਲੇ ਚਲਿਆ ਗਿਆ। ਤਿਵੇਂ ਸਾਰੇ ਇੰਦ੍ਰੇ, ਭੁੱਖੇ ਬਾਜ ਵਾਂਗ, ਆਪੋ ਆਪਣੇ ਵਿਸ਼ੇ ਨੂੰ ਭੱਜਦੇ ਹਨ। ਰਸਨਾ ਸੁਆਦ ਲੈਂਦੀ ਹੈ, ਕੰਨ ਵਿਸ਼ੇ ਵਿਕਾਰ ਦੀਆਂ ਗੱਲਾਂ ਸੁਣਦੇ ਹਨ, ਅੱਖਾਂ ਪਰਾਇਆ ਰੂਪ ਦੇਖਦੀਆਂ ਹਨ, ਜ਼ਬਾਨ ਝੂਠ ਬੋਲਦੀ ਹੈ, ਚਮੜੀ ਸਪਰਸ 'ਚ ਲੱਗੀ, ਪੈਰ ਕੁਸੰਗਤ 'ਚ ਜਾਂਦੇ, ਹੱਥ ਗ਼ਲਤ ਕੰਮ ਪਾਪ ਕਰਦੇ, ਇਹ ਸਭ ਕਉਡੀ ਮਾਇਆ ਹੈ। ਜਿਵੇਂ ਭਗਤ ਰਵਿਦਾਸ ਸਾਹਿਬ ਜੀ ਨੇ ਕਿਹਾ, ਮ੍ਰਿਗ ਮੀਨ ਭ੍ਰਿੰਗ, ਪਤੰਗ ਕੁੰਚਰ; ਏਕ ਦੋਖ ਬਿਨਾਸ॥ ਪੰਚ ਦੋਖ ਅਸਾਧ ਜਾ ਮਹਿ; ਤਾ ਕੀ ਕੇਤਕ ਆਸ॥) ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਅਨੁਸਾਰ ਹੀਰਾ ਨਾਮ ਛੱਡ ਕੇ ਇੰਦ੍ਰੇ ਵਿਸ਼ੇ ਵਿਕਾਰਾਂ ਰੂਪ ਕਉਡੀ ਦਾ ਵਣਜ ਕਰ ਰਹੇ ਹਨ।) ਗੁਰ ਬਿਨੁ. ਕਿਨਿ ਸਮਝਾਈਐ; ਮਨੁ ਰਾਜਾ ਸੁਲਤਾਨੁ॥ ਅਨੁਸਾਰ ਮਨ ਚੱਕ੍ਰਵਰਤੀ ਬਾਦਸ਼ਾਹ ਬਣਿਆਂ ਬੈਠਾ ਹੈ। ਥਾਨ ਬਿਹੂਨ; ਉਠਿ ਉਠਿ ਫਿਰਿ ਧਾਵੈ॥) ਕਬਹੂ ਜੀਅੜਾ. ਊਭਿ ਚੜਤੁ ਹੈ; ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ. ਥਿਰੁ ਨ ਰਹਤੁ ਹੈ; ਚਾਰੇ ਕੁੰਡਾ ਭਾਲੇ॥ ਕਿਉਂਕਿ ਮਹਾਰਾਜ ਜੀ ਦੇ ਚਰਨ- ਕਮਲ ਅੰਦਰ ਭੀ ਅਤੇ ਬਾਹਰ ਭੀ ਹਨ। ਅੰਤਰਮੁਖ ਹੋ ਕੇ ਸੰਸਾਰ ਦੇ ਫ਼ੁਰਨੇ ਛੱਡ ਕੇ ਇਕਾਗ੍ਰ ਹੋ ਕੇ, ਗੁਰੂ ਸਾਹਿਬ ਦੇ ਚਰਨ- ਕਮਲਾਂ ਨੂੰ, ਪ੍ਰੀਤਿ ਰੂਪੀ ਜ਼ਬਾਨ ਨਾਲ ਨਹੀਂ ਚੱਟਦਾ। ਯਥਾ:- ਮਾਈ; ਚਰਨ ਗੁਰ ਮੀਠੇ॥ ਵਡੈ ਭਾਗਿ ਦੇਵੈ ਪਰਮੇਸਰੁ; ਕੋਟਿ ਫਲਾ ਦਰਸਨ ਗੁਰ ਡੀਠੇ॥) ਮਨ ਨੂੰ ਮਹਾਰਾਜ ਜੀ ਦੇ, ਗੁਰ ਕਾ ਸਬਦੁ. ਰਤੰਨੁ ਹੈ; ਨਾਮ ਰਤਨ ਦੀ ਕਦਰ ਨਹੀਂ। ਮਨ ਅੰਦਰ ਨਹੀਂ ਟਿਕਦਾ, ਬਾਹਰ ਭੱਜਿਆ ਫਿਰਦਾ ਹੈ। ਇਹ ਰਸ ਕਸ ਨਸ਼ੇ ਵਿਸ਼ੇ ਪਦਾਰਥ ਵਿਸ਼ਿਆਂ ਔਗੁਣਾਂ ਪਾਪਾਂ ਕਉਡੀ ਬਦਲੇ ਜਾ ਰਿਹਾ ਹੈ। ਯਥਾ:- ਰੈਣਿ ਗਵਾਈ ਸੋਇ ਕੈ; ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥੧॥) ਹੀਰਾ ਲਾਲੁ ਅਮੋਲਕੁ ਹੈ ਭਾਰੀ; ਬਿਨੁ ਗਾਹਕ. ਮੀਕਾ ਕਾਖਾ॥) ਅੰਨੇ ਵਸਿ. ਮਾਣਕੁ ਪਇਆ; ਘਰਿ ਘਰਿ. ਵੇਚਣ ਜਾਇ॥ ਓਨਾ. ਪਰਖ ਨ ਆਵਈ; ਅਢੁ. ਨ ਪਲੈ ਪਾਇ॥)

ਜਿਵੇਂ ਹੁਣ ਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਗੱਦੀ ਬਿਰਾਜਮਾਨ ਹੋ ਕੇ, ਸਿਰ ਦੇ ਕੇ ਖ਼੍ਰੀਦਣ ਵਾਲ਼ੇ ਗੁਰਸਿੱਖ ਦੇ ਦਿਲ ਦਿਮਾਗ਼ 'ਚ, ਚੌਵੀ ਘੰਟੇ ਗੁਰਬਾਣੀ ਭੇਜ ਕੇ, ਹੀਰਾ ਨਿਰਮਲ ਨਾਮ ਬਖ਼ਸ਼ਦੇ ਰਹਿੰਦੇ ਹਨ। ਪਰ ਬਨਜਨਹਾਰੇ ਬਿਨਾ, ਕਉਡੀ ਬਦਲੇ ਜਾਂਦਾ ਹੈ। ਜਿਸ ਤਰ੍ਹਾਂ ਜੀਵ ਸਤਿਸੰਗਤ 'ਚ ਭੀ ਆ ਗਿਆ, ਫੇਰ ਪਰਾਇਆ ਰੂਪ ਹੀ ਦੇਖਦਾ ਰਿਹਾ, ਜਾਂ ਫਿਰ ਸੌਂ ਗਿਆ, ਜਾਂ ਕਿਸੇ ਨਾਲ ਝਗੜਾ ਹੀ ਕਰ ਲਿਆ। ਸੇਵਾ ਕੋਈ ਨ ਕੀਤੀ ਜਾਂ ਗੋਲਕ ਹੀ ਚੋਰੀ ਕਰ ਲਈ। ਗੁਰੂ ਘਰ ਚੋਂ ਸੋਹਣੀ ਜੈਕਟ ਜਾਂ ਜੁੱਤੀ ਹੀ ਚੋਰੀ ਕਰ ਲਈ। ਕੜਾਹ ਪ੍ਰਸਾਦ ਤੇ ਲਾਲਚ

Sri Satguru Jagjit Singh Ji eLibrary NamdhariElibrary@gmail.com

ਕਰ ਲਿਆ। ਕੀਰਤਨ ਕਰਨ ਦਾ, ਇੱਕ ਘੰਟੇ ਦਾ ਮੈਂ ਦਸ ਹਜ਼ਾਰ ਰੁਪਏ ਲੈਣਾ ਹੈ। ਜੇ ਕਹਿੰਦੇ ਭਾਈ ਸਾਹਿਬ ਜੀ ਇੱਕ ਸਬਦ ਹੋਰ ਪੜ੍ਹ ਦਿਉ ਤਾਂ ਕਹਿੰਦਾ ਪੰਜ ਹਜ਼ਾਰ ਹੋਰ ਲਵਾਂਗਾ।

ਮਹਾਂ ਵਿਸਮਾਦ ਅਮੋਲਕ ਸਾਖੀ:- ਰਤਨ ਜਵੇਹਰ ਨਾਮ॥ ਅਮੋਲਕ ਹੀਰਾ ਰਤਨ ਜਵੇਹਰ ਲਾਲ ਨਾਮੁ ਜੀ ਨੂੰ, ਜੌਹਰੀ ਬਣ ਕੇ, ਤਨ ਮਨ ਧਨ ਸਿਰ, ਪੂਰਨ ਗੁਰੂ ਜੀ ਨੂੰ ਦੇ ਕੇ, ਵਣਜਣ ਵਾਲੇ, ਧਨਵੰਤ ਨਾਮ ਕੇ ਵਣਜਾਰੇ॥ ਧੰਨ ਧੰਨ ਧੰਨ ਵਾਹਿਗੁਰੂ ਮਹੱਲਾ ਤੀਜਾ ਜੀ ਦੀ ਸਾਖੀ:- ਤਿਹਟੜੇ ਬਾਜਾਰ; ਸਉਦਾ ਕਰਨਿ ਵਣਜਾਰਿਆ॥ ਸਚੁ ਵਖਰੁ ਜਿਨੀ ਲਦਿਆ; ਸੇ ਸਚੜੇ ਪਾਸਾਰ॥੧੭॥ ਧੰਨ ਗੁਰੂ ਅਮਰਦਾਸ ਸਾਹਿਬ ਸੱਚੇ ਪਾਤਿਸ਼ਾਹ ਜੀ, ਬਾਰਾਂ ਸਾਲ ਗੁਰੂ ਦੁਆਰੇ ਦਾ ਜਲ ਢੋਇਆ। ਯਥਾ:- ਜਲ ਢੋਇਓ. ਸਤਿਗੁਰ ਕੇ ਦੁਆਰੇ; ਇਹ ਬਿਧਿ. ਪਾਇਓ ਮੋਖ ਦੁਆਰੇ। ਸਤਿਗੁਰ ਬੈਠਾ ਅਮਰ ਸਰੂਪ ਹੋਇ; ਗੁਰਮੁਖ ਪਾਈ ਦਾਤ ਇਲਾਹੀ॥ ਸਤਿਗੁਰੂ ਅੰਗਦ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਇਸ਼ਨਾਨ ਲਈ, ਬਿਆਸ ਤੋਂ ਜਲ ਲੈਣ ਜਾਂਦੇ। ਜਦੋਂ ਸ੍ਰੀ ਖ਼ਡੂਰ ਸਾਹਿਬ ਜੀ ਤੋਂ ਤੁਰਦੇ, ਪਿਆਰੇ ਪ੍ਰੀਤਮ ਜੀ ਨੂੰ ਡੰਡਉਤ ਕਰਕੇ ਨਮਸਕਾਰ ਕਰਦੇ, ਚਿਹਰਾ ਪ੍ਰੀਤਮ ਜੀ ਵੱਲ ਰੱਖ ਕੇ ਤੁਰਦੇ। ਇਸ ਤਰ੍ਾਂ ਭੁੱਖ ਉਨੀਂਦ੍ਰਾ, ਤ੍ਰੇਹ, ਕੁਬੋਲ ਸਹਾਰੇ, ਬੜੀ ਸਖ਼ਤ ਮਸੱਕਤ ਕੀਤੀ। ਤਰਕਾਂ ਮਾਰਦੇ ਕਿ ਚਿੱਟਾ ਦਾਹੜਾ, ਚਿੱਟੇ ਕੇਸ, ਟੁੱਕਰਾਂ ਲਈ, ਕੁੜਮਾਂ ਘਰੇ ਰੁਲ਼ ਰਿਹਾ ਹੈ। ਜੇ ਕੋਈ ਬੱਚਾ ਸੇਵਾ ਨੂੰ ਕਹਿੰਦਾ, ਹੱਥ ਜੋੜਦੇ, ਨਮਸਕਾਰ ਕਰਦੇ, ਭੱਜ ਕੇ ਸ਼ੁਭ ਸੱਚੀ ਸੇਵਾ ਕਰ ਦਿੰਦੇ। ਜਿਵੇਂ ਜੁਲਾਹੇ ਦੀ ਕੁੰਭਲ 'ਚ ਡਿੱਗੇ, ਬੜੀ ਕਰੜੀ ਪਰਖ ਹੋਈ। ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਉੱਬਲਦੀ ਦੇਗ 'ਚ ਬੈਠ ਕੇ ਤੱਤੇ ਰੇਤੇ ਤੇ ਬੈਠ ਕੇ, ਤੱਤਾ ਰੇਤਾ ਸੀਸ ਤੇ ਪੁਆ ਕੇ ਸੜਦੀ ਬਲਦੀ ਮੱਚਦੀ ਲੋਹ ਤੇ ਖੜ ਕੇ, ਐਸੋ ਹੀਰਾ; ਨਿਰਮਲ ਨਾਮ॥ ਸੰਸਾਰ 'ਤੇ ਰੱਖ ਲਿਆ ਅਤੇ ਸੰਸਾਰ ਨੂੰ ਸਦਾ ਲਈ ਬਖ਼ਸ਼ ਰਹੇ ਹਨ। ਐਸੀ ਘਾਲਣਾ ਕਮਾਈ ਕੀਤੀ, ਸਤਿਗੁਰੂ ਤੇਗਬਹਾਦਰ ਸਾਹਿਬ ਜੀ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿਲਾਂ ਵਿਚਕਾਰ ਬੈਠੇ, ਗੁਰਬਾਣੀ ਉਚਾਰੀ ਆਪਣੇ ਸੀਸ ਸਾਹਿਬ ਜੀ ਬਲੀਦਾਨ ਦਿਤੇ। ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਸਾਹਿਬਜ਼ਾਦੇ ਮਾਤਾ ਪਿਤਾ ਸਿੱਖ ਸਿੱਖਣੀਆਂ ਫ਼ੌਜ਼ ਖਜ਼ਾਨੇ ਸ੍ਰਬੰਸ ਕੁਰਬਾਨ ਕੀਤਾ। ਯਥਾ:- ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ. ਨ ਕੀਜੈ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ. ਜੂਝਨ ਕੋ ਦਾਉ॥੧॥ ਸੂਰਾ. ਸੋ ਪਹਿਚਾਨੀਐ; ਜੁ. ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥) ਗੁਰ ਕਉ; ਕੁਰਬਾਨੁ ਜਾਉ ਹਾਂ॥) ਕੰਚਨ ਸਿਉ; ਪਾਈਐ ਨਹੀ ਤੋਲਿ॥ ਮਨੁ ਦੇ; ਰਾਮੁ ਲੀਆ ਹੈ ਮੋਲਿ॥) ਤਨੁ ਮਨੁ ਧਨੁ ਸਭੁ. ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥

ਕਬੀਰਾ. ਜਹਾ ਗਿਆਨੁ, ਤਹ ਧਰਮੁ ਹੈ; ਜਹਾ ਝੂਠੁ, ਤਹ ਪਾਪੁ॥ ਜਹਾ ਲੋਭੁ ਤਹ ਕਾਲੁ ਹੈ; ਜਹਾ ਖਿਮਾ ਤਹ ਆਪਿ॥੧੫੫॥ ਭਗਤ ਸ੍ਰੀ ਕਬੀਰ ਸਾਹਿਬ ਸਤਿਗੁਰੂ ਗ੍ਰੰਥ ਸਾਹਿਬ ਜੀ ਫ਼ੁਰਮਾਉਂਦੇ ਹਨ:- {ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਦਾ ਮਨ ਸਭ ਦੀ ਚਰਨ- ਧੂੜ ਬਣਿਆਂ ਹੈ। ਯਥਾ:- ਬ੍ਰਹਮਗਿਆਨੀ; ਸਗਲ ਕੀ ਰੀਨਾ॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਗਰੀਬੀ; ਗਦਾ ਹਮਾਰੀ॥ ਖੰਨਾ; ਸਗਲ ਰੇਨੁ ਛਾਰੀ॥ ਧੰਨ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਮਹਾਰਾਜ ਜੀ ਵੱਡੇ ਪਰਉਪਕਾਰ ਉਮਾਹ ਸਹਿਤ, ਸੰਸਾਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਹਰਿਮੰਦਰ ਸਾਹਿਬ ਜੀ, ਅਮੋਲਕ ਗੁਰੂ ਮਰਯਾਦਾ ਬਖ਼ਸ਼ ਰਹੇ ਹਨ। ਮਹਾਰਾਜ ਸਾਹਿਬ ਅੰਦਰ, ਭਾਣਾ ਮੰਨਣ ਮੰਨਾਉਣ ਲਿਵ ਲਾਉਣ, ਲੁਆਉਣ,

Sri Satguru Jagjit Singh Ji eLibrary NamdhariElibrary@gmail.com

ਨਾਮ ਜਪਣ ਜਪਾਉਣ, ਗੁਰੂ ਪ੍ਰੇਮਾ- ਭਗਤੀ ਗੁਰੂ ਸੇਵਾ, ਸ੍ਰਬੱਤ ਦਾ ਭਲਾ ਕਰਨ ਕਰਾਉਣ, ਅਸੰਖ ਗੁਣਾਂ ਸਹਿਤ ਪੂਰਨ ਬ੍ਰਹਮਗਿਆਨ ਹੀ ਬ੍ਰਹਮਗਿਆਨ ਹੈ, ਭਾਵ ਆਪ ਜੀ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਹਨ। ਨਿਰਗੁਨ ਬ੍ਰਹਮ ਜੀ, ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ੍ਰੀਬੀ ਸਹਿਨਸ਼ੀਲਤਾ ਇਕਾਗ੍ਰਤਾ ਸ਼ਾਂਤੀ ਆਦਿਕ ਅਸੰਖ ਗੁਣਾਂ ਸਹਿਤ, ਆਪ ਜੀ ਦੇ ਅੰਦਰ ਬਾਹਰ ਭਰਪੂਰ ਹੋ ਰਹੇ ਹਨ। ਆਪਣੇ ਆਤਮਾ ਨੂੰ ਆਪ ਨਮਸਕਾਰ ਕਰ ਰਹੇ ਹਨ। ਯਥਾ:- ਆਪਸ ਕਉ; ਆਪਹਿ ਆਦੇਸੁ॥ ਤਿਹੁ ਗੁਣ ਕਾ; ਨਾਹੀ ਪਰਵੇਸੁ॥ ਵਾਹਿਗੁਰੂ ਨਿਰਗੁਨ ਬ੍ਰਹਮ ਜੀ, ਆਪਣੇ ਰਚੇ ਅਸੰਖ ਸੂਰਜ ਚੰਦ ਤਾਰੇ ਮੰਡਲ ਬਿਜਲੀਆਂ ਅਗਨੀਆਂ ਟਿਟਿਆਣਿਆਂ ਕੋਟਾਨ ਕੋਟ ਬ੍ਰਹਮੰਡਾਂ ਦੀ ਰਚਨਾ ਸਰਗੁਨ ਸਰੂਪ ਦੇ ਪਸਾਰੇ ਸਹਿਤ, ਸਤਿਗੁਰੂ ਅਰਜਨ ਦੇਵ ਸਾਹਿਬ ਮਹਰਾਜ ਜੀ ਨੂੰ, ਨਿਮਖ ੨ ਨਮਸਕਾਰ ਕਰ ਰਹੇ ਹਨ।}

ਕਬੀਰਾ. ਜਹਾ ਗਿਆਨੁ, ਤਹ ਧਰਮੁ ਹੈ; ਜਹਾ ਝੂਠੁ, ਤਹ ਪਾਪੁ॥ ਐਸੇ ਦਾਤੇ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਰਿਦੇ 'ਚ (ਜਹਾ)ਜਿੱਥੇ, ਮ੍ਰਿਤਕ ਨੂੰ ਜੀਵਾਲਣ, ਸੁੱਕੇ ਨੂੰ ਹਰਾ ਕਰਨ, ਅੱਗ 'ਚ ਸੜਦੇ ਨੂੰ ਬਚਾਉਣ, ਸ੍ਰਬੱਤ ਦੇ ਭਲੇ ਦਾ ਗਿਆਨੁ ਹੈ, (ਤਹ)ਤਿੱਥੇ ਹੀ ਪੂਰਨ ਧਰਮੁ ਹੈ। (ਜਹਾ)ਜਿੱਥੇ ਝੂਠੁ ਹੈ, (ਤਹ)ਤਿੱਥੇ ਹੀ ਮਹਾਂ ਮਹਾਂ ਪਾਪੁ ਹੈ। ਤਾਂ ਹੀ ਮਹਾਰਾਜ ਦੀ ਮਹਿਮਾ ਰੱਬ ਸਰੂਪ ਹੀ ਬਣੀ ਹੈ:- ਕੁਲਿ ਸੋਢੀ. ਗੁਰ ਰਾਮਦਾਸ ਤਨੁ; ਧਰਮ ਧੁਜਾ ਅਰਜੁਨੁ ਹਰਿ ਭਗਤਾ॥ ਧਰਮ ਇਹ ਹੈ:- ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥ ਧਰਮ ਦੇ ਚਿੰਨ੍ ਨਿਸ਼ਾਨ:- [1]ਖਿਮਾ [2]ਅਹਿੰਸਾ [3]ਦਇਆ [4]ਮ੍ਰਿਦ; [5]ਸਤਬਚਨ [6]ਤਪ ਦਾਨ। [7]ਸੀਲ ਸੰਤੋਖ ਤ੍ਰਿਸਨਾ ਬਿਨਾ; ਧਰਮ ਚਿੰਨ੍ ਦਸ ਜਾਨ। [1]ਕਿਸੇ ਦੀ ਗ਼ਲਤੀ ਨੂੰ ਦਿਲੋਂ ਮੁਆਫ਼ ਕਰਨਾ ਖਿਮਾ ਹੈ। [2]ਜੀਵ ਹੱਤਿਆ ਦਾ ਤਿਆਗ, [3]ਜੀਆਂ 'ਤੇ ਤਰਸ ਕਰਕੇ. ਉਨ੍ਹਾਂ ਨੂੰ ਸੁਖ ਦੇਣਾ ਦਇਆ ਹੈ ਜੀ। [4]ਕੋਮਲ ਨਰਮ ਵਰਤਣਾ, [5]ਹਮੇਸ਼ਾ ਸੱਚੇ ਬਚਨ ਬੋਲਣੇ। [6]ਗੁਰੁ ਸੇਵਾ ਤਪਾਂ ਦਾ ਸ਼ੋ੍ਮਣੀ ਸ੍ਰੇਸ਼ਟ ਤਪ ਹੈ। [7]ਸਾਊ ਗੁਰਮੁਖਿ।

;ਜਹਾ ਝੂਠੁ, ਤਹ ਪਾਪੁ॥ 'ਤੇ ਸਾਖੀ ਪ੍ਰਿਥੀਚੰਦ ਜੀ:- ਵਾਹਿਗੁਰੂ ਸਤਿਗੁਰੂ ਮਹੱਲੇ ਚੌਥੇ ਜੀ ਦੇ ਤਾਏ ਜੀ ਦੇ ਸਪੁੱਤ੍ ਭਾਈ ਸਹਾਰੀ ਜੀ, ਸ੍ਰੀ ਅੰਮ੍ਰਿਤਸਰ ਸਾਹਿਬ ਜੀ ਪਹੁੰਚੇ। ਪ੍ਰੇਮ ਬੇਨਤੀ ਕੀਤੀ, "ਹੇ ਗ੍ਰੀਬ ਨਿਵਾਜ ਮਹਾਰਾਜ ਸਾਹਿਬ ਸੱਚੇ ਪਾਤਿਸਾਹ ਜੀ! ਦਾਸਨ ਦਾਸ ਦੇ ਬੱਚੇ ਦੀ ਸ਼ਾਦੀ ਹੈ। ਕ੍ਰਿਪਾ ਕਰਕੇ ਦਰਸ਼ਨ ਬਖ਼ਸ਼ੋ ਜੀ"। ਸਤਿਗੁਰੂ ਰਾਮਦਾਸ ਮਹਾਰਾਜ ਜੀ ਕਿਹਾ, "ਇੱਥੇ ਸਿੱਖੀ ਦਾ ਧੁਰਾ ਹੈ, ਅੱਠੇ ਪਹਰ ਲੰਗਰ ਚੱਲਦਾ ਹੈ, ਬੇਅੰਤ ਸਿੱਖ ਸੰਗਤਾਂ ਆਉਂਦੀਆਂ ਹਨ। ਇੱਥੇ ਸਤਿਸੰਗਤਾਂ ਨੂੰ ਬਹੁਤ ਜ਼ਿਆਦਾ ਪ੍ਰੇਮ ਪ੍ਰਚਾਰ ਦੀ ਲੋੜ ਹੈ। ਇਸ ਲਈ ਦਾਸਨ ਦਾਸ ਨਹੀਂ ਜਾ ਸਕਦਾ, ਦਾਸ ਦੇ ਜਾਣ ਤੋਂ, ਸਤਿਸੰਗਤਾਂ ਪਿੱਛੇ ਆਉਣਗੀਆਂ, ਬੱਚੀ ਵਾਲਿਆਂ 'ਤੇ ਬੋਝ ਪਵੇਗਾ, ਉਨ੍ਹਾਂ ਨੂੰ ਕਰਜ਼ਾ ਲੈ ਕੇ ਸਤਿਸੰਗਤ ਜੀ ਦੀ ਸ਼ੁਭ ਸੇਵਾ ਕਰਨੀ ਪਵੇਗੀ"। ਮਹਾਰਾਜ ਨੇ ਪ੍ਰਿਥੀਚੰਦ ਜੀ ਨੂੰ ਕਿਹਾ, "ਹੇ ਪਿਆਰੇ ਬੱਚੇ! ਆਪਣੇ ਤਾਏ ਜੀ ਨਾਲ, ਲਹੌਰ ਵਿਆਹ ਜਾਉ"। ਕਹਿੰਦਾ, "ਨਹੀਂ ਜੀ! ਗਰਮੀ ਬਹੁਤ ਹੈ"। ਫੇਰ ਮਹਾਂਦੇਵ ਜੀ ਨੂੰ ਕਿਹਾ, ਉਹ ਕਹਿੰਦਾ, "ਮੈਂ ਨਹੀਂ ਜਾਣਦਾ ਤਾਇਆ ਕੌਣ ਹੁੰਦਾ ਹੈ?"। ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੂੰ ਕਿਹਾ, ਤਾਂ ਮਹਾਰਾਜ ਨੇ ਕਿਹਾ, "ਤੂ ਚਉ. ਸਜਣ ਮੈਡਿਆ; ਡੇਈ. ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ. ਪਸੀ ਦੀਦਾਰੁ॥ ਸਤਿਗੁਰੂ ਮਹਾਰਾਜ ਜੀ ਬੜੇ ਹੀ ਚਾਅ ਨਾਲ ਗਏ, ਦੋ ਵਰ੍ੇ ਲਹੌਰ ਰਹੇ, ਸਤਿਗੁਰੂ ਰਾਮਦਾਸ ਜੀ ਦੇ ਅਵਤਾਰ ਅਸਥਾਨ ਦੀ ਸ਼ੁਭ ਸੱਚੀ ਸੇਵਾ ਕਰਵਾਈ। ਸਤਿਸੰਗਤਾਂ ਬਹੁਤ ੨ ਆਉਂਦੀਆਂ, ਮਹਾਰਾਜ ਸਾਹਿਬ ਦੋ ਵੇਲੇ ਅੰਮ੍ਰਿਤ ਕਥਾ ਕੀਰਤਨ ਕਰਦੇ, ਸਿੱਖੀ ਦਾ ਬਹੁਤ ਭਾਰੀ ਪ੍ਰਚਾਰ ਹੋਇਆ। ਤੈ ਜਨਮਤ ਗੁਰਮਤਿ; ਬ੍ਰਹਮੁ ਪਛਾਣਿਓ॥ ਅਨੁਸਾਰ ਭਾਵੇਂ ਅਜੇ ਮਹਾਰਾਜ ਗੁਰਤਾਗੱਦੀ ਬਿਰਾਜਮਾਨ ਨਹੀਂ ਹੋਏ, ਪਰ ਫ਼ੇਰ ਭੀ ਬਹੁਤ ਪਰਉਪਕਾਰ ਕਰ ਰਹੇ ਹਨ, ਕਿਉਂਕਿ ਗੁਰੂ ਨਾਨਕ ਦੇਵ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਜੀ ਦੀ ਗੁਰਗੱਦੀ ਦਾ ਭਾਰ, ਸਿਰ 'ਤੇ ਚੁੱਕਣਾ ਹੈ। ਧੰਨ ਗੁਰੂ ਰਾਮਦਾਸ ਸਾਹਿਬ ਜੀ ਦਾ ਹੁਕਮ ਸੀ, "ਹੇ ਪਿਆਰੇ ਬੱਚੇ! ਜਦੋਂ ਦਾਸਨ ਦਾਸ ਬੁਲਾਵੇ, ਤਦੋਂ ਆਉਣਾ"। ਇਸ ਲਈ ਵਾਪਿਸ ਨਹੀਂ ਆ ਸਕਦੇ, ਹੁਕਮ ਮੰਨ ਰਹੇ ਹਨ, ਪਰ ਪ੍ਰੇਮ ਵੈਰਾਗ 'ਚ ਉਡੀਕ ਰਹੇ ਹਨ। ਯਥਾ:- ਉਡੀਨੀ ਉਡੀਨੀ ਉਡੀਨੀ॥ ਕਬ ਘਰਿ ਆਵੈ ਰੀ॥ ਮਹਾਰਾਜ ਸਾਹਿਬ ਜੀ ਦਰਸ਼ਨ ਬਿਨਾ ਰਹਿ ਨਹੀਂ ਸਕਦੇ। ਯਥਾ:- ਹਉ. ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥ ਮਹਾਰਾਜ ਸਾਹਿਬ ਜੀ ਹਰ ਵੇਲੇ ਉਡੀਕ ਕਰਦੇ, ਕਦੋਂ ਕੋਈ ਚਿੱਠੀ ਆਵੇ, ਸਤਿਗੁਰੂ ਸਾਹਿਬ ਦੇ ਦਰਸ਼ਨ ਕਰਾਂ, ਪਰ ਸਤਿਗੁਰੂ ਜੀ ਕਰੜੀ ਪਰਖ ਕਰ ਰਹੇ ਹਨ। ਧੰਨ ਗੁਰੂ ਅਰਜਨ ਦੇਵ ਜੀ ਨੇ ਪਹਿਲੀ ਚਿੱਠੀ ਲਿਖੀ:- ਮਾਝ ਮਹਲਾ ਪ ਚਉਪਦੇ ਘਰੁ ੧॥ ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ॥ ਬਿਲਪ ਕਰੇ; ਚਾਤ੍ਰਿਕ ਕੀ ਨਿਆਈ॥ ਤ੍ਰਿਖਾ. ਨ ਉਤਰੈ, ਸਾਂਤਿ ਨ ਆਵੈ; ਬਿਨੁ ਦਰਸਨ. ਸੰਤ ਪਿਆਰੇ ਜੀਉ॥੧॥ ਹਉ ਘੋਲੀ. ਜੀਉ ਘੋਲਿ ਘੁਮਾਈ; ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥ ਪ੍ਰਿਥੀਚੰਦ ਜੀ ਨੇ ਚਿੱਠੀ ਗੁਪਤ ਕਰ ਲਈ। ਫੇਰ ਦੂਜੀ ਚਿੱਠੀ ਲਿਖੀ:- ਤੇਰਾ ਮੁਖੁ ਸੁਹਾਵਾ ਜੀਉ; ਸਹਜ ਧੁਨਿ ਬਾਣੀ॥ ਚਿਰੁ ਹੋਆ ਦੇਖੇ ਸਾਰਿੰਗਪਾਣੀ॥ ਧੰਨੁ ਸੁ ਦੇਸੁ. ਜਹਾ ਤੂੰ ਵਸਿਆ; ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ ਹਉ ਘੋਲੀ ਹਉ ਘੋਲਿ ਘੁਮਾਈ; ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥ ਉਹ ਭੀ ਗੁਪਤ ਕਰ ਲਈ। ਫੇਰ ਤੀਜੀ ਲਿਖੀ ਸਿੱਖ ਨੂੰ ਕਿਹਾ, "ਆਪ ਜੀ ਨੇ, ਸਤਿਗੁਰੂ ਸਾਹਿਬ ਜੀ ਨੂੰ ਚਿੱਠੀ ਹੱਥੀਂ ਫੜਾਉਣੀ"। ਸਿੱਖ ਨੇ ਚਿੱਠੀ ਸਤਿਗੁਰੂ ਜੀ ਨੂੰ ਫੜਾ ਦਿਤੀ, ਜਦੋਂ ਸਤਿਗੁਰੂ ਜੀ ਨੇ ਦੇਖਿਆ ਕਿ ਤੀਜੀ ਚਿੱਠੀ ਹੈ, ਇਕ ਘੜੀ. ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਮੋਹਿ. ਰੈਣਿ ਨ ਵਿਹਾਵੈ. ਨੀਦ ਨ ਆਵੈ; ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥ ਹਉ ਘੋਲੀ ਜੀਉ ਘੋਲਿ ਘੁਮਾਈ; ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥ ਚਿੱਠੀ ਪੜ੍ਹ ਕੇ ਧੰਨ ਗੁਰੂ ਰਾਮਦਾਸ ਜੀ ਦੇ ਨੇਤ੍ਰਾਂ 'ਚੋਂ ਜਲ ਆ ਗਿਆ। ਧੰਨ ਬਾਬਾ ਬੁੱਢਾ ਸਾਹਿਬ ਜੀ ਨੂੰ ਭੇਜ ਕੇ ਬੁਲਾਇਆ। ਤਾਂ ਦਰਸ਼ਨ ਕਰਦਿਆਂ ਹੀ ਉਚਾਰਿਆ, ਭਾਗੁ ਹੋਆ; ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ; ਘਰ ਮਹਿ ਪਾਇਆ॥ ਸੇਵ ਕਰੀ. ਪਲੁ ਚਸਾ ਨ ਵਿਛੁੜਾ; ਜਨ ਨਾਨਕ. ਦਾਸ ਤੁਮਾਰੇ ਜੀਉ॥੪॥ ਹਉ ਘੋਲੀ. ਜੀਉ ਘੋਲਿ ਘੁਮਾਈ; ਜਨ ਨਾਨਕ. ਦਾਸ ਤੁਮਾਰੇ ਜੀਉ॥ ਰਹਾਉ॥੧॥੮॥ ਗੁਰਤਾ ਬਿਰਾਜਮਾਨ ਹੋਣ ਤੋਂ ਪਹਿਲਾਂ ਹੀ ਗੁਰਬਾਣੀ ਉਚਾਰਨ ਲੱਗ ਗਏ। ਧਾ ਕੇ ਸਤਿਗੁਰੂ ਰਾਮਦਾਸ ਜੀ ਦੇ ਚਰਨ- ਕਮਲਾਂ ਨੂੰ ਲਪਟ ਗਏ। ਸਤਿਗੁਰੂ ਜੀ ਨੇ ਡੌਲਿਆਂ ਤੋਂ ਫੜ ਕੇ, ਛਾਤੀ ਨਾਲ ਲਾ ਲਏ। ਯਥਾ:- ਮੇਰੈ ਮਨਿ ਤਨਿ ਪ੍ਰੀਤਿ ਲਗਾਈ ਸਤਿਗੁਰਿ; ਹਰਿ ਮਿਲਿਓ. ਲਾਇ ਝਪੀੜਾ॥ ਸੱਚੀ ਗੱਲ ਪ੍ਰਗਟ ਹੋ ਗਈ ਕਿ ਚਿੱਠੀਆਂ ਪ੍ਰਿਥੀਚੰਦ ਜੀ ਨੇ ਹੀ ਲਕੋਈਆਂ ਹਨ। ਉਸੇ ਵੇਲੇ ਪ੍ਰਿਥੀਚੰਦ ਜੀ ਨੂੰ ਬੁਲਾ ਕੇ ਪੁੱਛਿਆ, ਕਹਿੰਦਾ "ਜੀ ਮੈਨੂੰ ਤਾਂ ਚਿੱਠੀਆਂ ਬਾਰੇ ਪਤਾ ਹੀ ਨਹੀਂ"। ਸਤਿਗੁਰੂ ਸਾਹਿਬ ਜੀ ਨੇ ਪ੍ਰੇਮੀਂ ਸਿੱਖ ਤੋਂ ਇਸ ਦਾ ਚੋਲ਼ਾ ਮੰਗਾ ਕੇ, ਇਸ ਦੇ ਸਾਹਮਣੇ ਕੀਤਾ, ਰਾਖਿ ਲੇਹੁ ਨਾਨਕੁ, ਜਨੁ ਤੁਮਰਾ; ਜਿਉ ਪਿਤਾ ਪੂਤ ਕਿਰਪਾਲਾ॥ ਅਨੁਸਾਰ ਅਤਿਅੰਤ ਹੀ ਪ੍ਰੇਮ ਨਾਲ ਕਿਹਾ, " ਹੇ ਪਿਆਰੇ ਬੱਚੇ! ਇਸ 'ਚੋਂ ਆਪਣੇ ਪਿਆਰੇ ਛੋਟੇ ਭਰਾਤਾ ਮਹੱਲੇ ਪੰਜਵੇਂ ਜੀ ਦੀ ਰਚੀ, ਅਕਾਲੀ ਬਾਣੀ ਜੀ ਦੀਆਂ ਦੋ ਚਿੱਠੀਆਂ ਕੱਢ ਦੇ, ਆਪਣੀ ਗ਼ਲਤੀ ਮੰਨ ਲੈ, ਸਭ ਮੁਆਫ਼, ਅੱਗੇ ਤੋਂ ਗ਼ਲਤੀ ਨਹੀਂ ਕਰਨੀ"। ਯਥਾ:- ਪਿਛਲੇ ਅਉਗੁਣ. ਬਖਸਿ ਲਏ; ਪ੍ਰਭੁ. ਆਗੈ ਮਾਰਗਿ ਪਾਵੈ॥੨॥ ਕਹਿੰਦਾ, "ਇਹ ਕੋਈ ਹੁੰਡੀ ਸੀ, ਜਿਸ ਤੋਂ ਮੈਂ ਪੈਸੇ ਲੈਣੇ ਸਨ, ਮੈਨੂੰ ਕੀ ਪਤਾ? ਆਪੇ ਹੀ ਤੁਸੀਂ ਮੇਰੀ ਜ਼ੇਬ 'ਚ ਪਾ ਦਿਤੀ ਹੈ, ਹੁਣ ਆਪੇ ਹੀ ਕੱਢੀ ਜਾਂਦੇ ਹੋ"। ਝੂਠ ਬੋਲ ਕੇ ਮਹਾਂ ਪਾਪ ਕੀਤਾ। ਯਥਾ:- ;ਜਹਾ ਝੂਠੁ ਤਹ ਪਾਪੁ॥ ਕਿਸੇ ਨਾਲ ਭੀ ਵੈਰ ਕਰਨਾ, ਬਹੁਤ ਵੱਡੀ ਗ਼ਲਤੀ ਹੈ। ਯਥਾ:- ਨਿਰਵੈਰੈ ਸੰਗਿ. ਵੈਰੁ ਰਚਾਵੈ; ਹਰਿ ਦਰਗਹ. ਓਹੁ ਹਾਰੈ॥)

Sri Satguru Jagjit Singh Ji eLibrary NamdhariElibrary@gmail.com

ਨਿਰਾਹਾਰ ਨਿਰਵੈਰ ਸੁਖਦਾਈ॥ ਤਾ ਕੀ ਕੀਮਤਿ; ਕਿਨੈ ਨ ਪਾਈ॥ ਇਸ ਤਰ੍ਹਾਂ ਸੰਸਾਰ 'ਚ ਜਿੱਥੇ ਝੂਠ ਹੈ ਉੱਥੇ ਮਹਾਂ ਪਾਪ ਹੀ ਪਾਪ ਹੋ ਰਿਹਾ ਹੈ। ਚੋਰੀ ਵਿਭਚਾਰ ਮਸੂਮਾਂ ਦਾ ਕਤਲ ਕਰਕੇ ਝੂਠ ਬੋਲ ਦਿਤਾ। ਕਲਜੁਗਿ. ਰਥੁ ਅਗਨਿ ਕਾ; ਕੂੜੁ. ਅਗੈ ਰਥਵਾਹੁ॥) ਸਰਮੁ ਧਰਮੁ ਦੁਇ. ਛਪਿ ਖਲੋਏ; ਕੂੜੁ ਫਿਰੈ ਪਰਧਾਨੁ. ਵੇ ਲਾਲੋ॥) ਕੁਫਰ ਗੋਅ ਕੁਫਰਾਣੈ; ਪਇਆ ਦਝਸੀ॥) ਜਿਹੜਾ ਝੂਠ ਬੋਲਦਾ ਉਹ ਝੂਠ ਦਾ ਘਰ ਬਣਿਆਂ, ਇੱਥੇ ਅਤੇ ਨਰਕ 'ਚ ਪੈ ਕੇ ਸੜੇਗਾ। ਝੂਠ ਨੇ ਪੂਰਾਂ ਦੇ ਪੂਰ ਡੋਬ ਦਿਤੇ ਹਨ। ਕੂੜ ਬੋਲਣ ਨੂੰ ਮਹਾਰਾਜ ਮਨ੍ਹਾ ਕਰਦੇ ਹਨ। ਯਥਾ:- ਕੂੜੁ ਬੋਲਿ; ਮੁਰਦਾਰੁ ਖਾਇ॥ ਅਵਰੀ ਨੋ; ਸਮਝਾਵਣਿ ਜਾਇ॥ ਮੁਠਾ ਆਪਿ; ਮੁਹਾਏ ਸਾਥੈ॥ ਨਾਨਕ; ਐਸਾ ਆਗੂ ਜਾਪੈ॥) ਕੂੜੁ ਮਿਠਾ; ਕੂੜੁ ਮਾਖਿਉ ਕੂੜੁ ਡੋਬੇ ਪੂਰੁ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਜਿੱਥੇ ਆਤਮ ਗਿਆਨ ਹੈ, ਉੱਥੇ ਹੀ ਧਰਮ ਹੈ, ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ ਦੇ ਅੰਦਰ ਬਾਹਰ ਸ੍ਰਬ ਵਿਆਪੀ ਮਹਾਂ ਵਿਸਮਾਦ ਪੂਰਨ ਬ੍ਰਹਮਗਿਆਨ ਹੈ, ਇਸ ਲਈ ਬ੍ਰਹਮਗਿਆਨ ਦੀ ਦਾਤਿ ਬਖ਼ਸ਼ ਕੇ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਬਣਾਉਂਦੇ ਹਨ, ਤਾਂ ਹੀ ਮਹਾਰਾਜ ਸਾਹਿਬ ਜੀ ਧਰਮ ਕਮਾਉਂਦਿਆਂ ਉੱਬਲਦੀ ਦੇਗ 'ਚ ਬੈਠ ਰਹੇ ਹਨ, ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਆਪਣੇ ਪਰਮਪਵਿਤ੍ਰ ਸੀਸ 'ਤੇ ਪੁਆ ਰਹੇ ਹਨ, ਸੜਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਮਹਾਰਾਜ ਸਾਹਿਬ ਜੀ ਦੇ ਰਿਦੇ 'ਚ ਵਿਆਪਕ ਧਰਮ ਹੈ। ਯਥਾ:- ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ.ਅਰਜੁਨੁ ਹਰਿ ਭਗਤਾ॥) ਪਾਪੀ ਚੰਦੂ ਦੇ ਦਿਲ 'ਚ ਝੂਠ ਮਹਾਂ ਪਾਪ ਹੈ, ਮਹਾਰਾਜ ਸਾਹਿਬ ਜੀ ਨੂੰ ਕਸ਼ਟ ਦਿਤੇ ਹਨ।

ਜਹਾ ਲੋਭੁ ਤਹ ਕਾਲੁ ਹੈ; ਜਹਾ ਖਿਮਾ ਤਹ ਆਪਿ॥੧੫॥ (ਜਹਾ)ਜਿੱਥੇ, ਮਹਾਂ ਪਾਪੀ ਚੰਡਾਲ ਚੰਦੂ ਦੇ ਮਨ 'ਚ ਲੋਭੁ ਪ੍ਰਬਲ ਹੈ (ਤਹ)ਤਿੱਥੇ ਕਾਲੁ ਹੈ। ਅੰਦਰ ਲੋਭ ਹਲ਼ਕ ਪੈਦਾ ਹੋਣ ਤੋਂ, ਦੂਜਿਆਂ ਅੰਦਰ ਲੋਭ ਹਲ਼ਕ ਪੈਦਾ ਕਰਦਾ ਹੈ, ਮੁਲਕ, ਮੁਲਕ 'ਤੇ ਚੜ੍ਹਾਈ ਕਰਦਾ ਹੈ। ਲੋਭ ਕਰਕੇ ਬਹੁਤ ਕਤਲ ਜ਼ੁਲਮ ਹੁੰਦੇ ਹਨ। ਜਿਵੇਂ ਕਤਲ ਕਰਕੇ ਜੱਜ ਨੂੰ ਵੱਢੀ ਦੇ ਕੇ ਛੁੱਟ ਜਾਂਦੇ ਹਨ। ਯਥਾ:- ਲੋਭ ਲਹਰਿ. ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥) ਲੋਭੀ ਕਾ. ਵੇਸਾਹੁ ਨ ਕੀਜੈ; ਜੇ ਕਾ. ਪਾਰਿ ਵਸਾਇ॥ ਅੰਤਿ ਕਾਲਿ. ਤਿਥੈ ਧੁਹੈ; ਜਿਥੈ. ਹਥੁ ਨ ਪਾਇ॥) ਲੋਭ ਵਿਕਾਰ ਜਿਨਾ ਮਨੁ ਲਾਗਾ; ਹਰਿ ਵਿਸਰਿਆ ਪੁਰਖੁ ਚੰਗੇਰਾ॥ ਓਇ ਮਨਮੁਖ ਮੂੜ ਅਗਿਆਨੀ ਕਹੀਅਹਿ ਤਿਨ ਮਸਤਕਿ ਭਾਗੁ ਮੰਦੇਰਾ॥) (ਜਹਾ)ਜਿੱਥੇ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਦੇ ਅੰਦਰ, ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤ ਕਲਾਂ ਵਾਲੀ ਖਿਮਾ ਹੀ ਖਿਮਾ ਹੈ, (ਤਹ)ਤਿੱਥੇ, ਮਹਾਰਾਜ ਅਕਾਲ ਪੁਰਖ ਧੰਨ ਗੁਰੂ ਨਾਨਕ ਦੇਵ ਜੀ ਆਪਿ ਹੀ ਪ੍ਰਤੱਖ ਵਸ ਰਹੇ ਹਨ॥੧੫॥ ਯਥਾ:- ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸ੍ਰਬੱਤ ਦਾ ਭਲਾ।) ਬੁਰੇ ਨਾਲ ਸਭ ਕਰਨ ਬੁਰਿਆਈ, ਮੁਆਫ਼ ਕਰਨ ਕਈ ਸਿਆਣੇ। ਬੁਰੇ ਨਾਲ ਫਿਰ ਨੇਕੀ ਕਰਨੀ, ਧੰਨ ਗੁਰੂ ਨਾਨਕ ਜਾਣੇ।) ਅਠਸਠਿ ਤੀਰਥ ਸਗਲ ਪੁੰਨ; ਜੀਅ ਦਇਆ ਪਰਵਾਨੁ॥ ਇਹ ਮਹਾਰਾਜ ਨੇ ਨਿਯਮ ਦੇ ਬਚਨ ਕਹੇ ਹਨ। ਖਿਮਾ ਦਾ ਅਰਥ, ਆਤਮਿਕ ਸ਼ਕਤੀ, ਸ੍ਰੀਰਕ ਸ਼ਕਤੀ, ਫ਼ੌਜਾਂ ਦਾ ਬਲ ਅਥਾਹ ਸ਼ਕਤੀ ਹੋਵੇ, ਕੋਈ ਮਾੜਾ ਬਿਅਦਬੀ ਗ਼ਲਤੀ ਕਰੇ, ਉਸ ਨੂੰ ਵਡੇ ਦਿਲ ਨਾਲ਼ ਮੁਆਫ਼ ਕਰ ਦੇਣਾ ਖਿਮਾ ਹੈ। ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ, ਸ੍ਰੀ ਗੋਇੰਦਵਾਲ ਸਾਹਿਬ ਵਿਖੇ, ਜਦੋਂ ਸੱਚਖੰਡ ਗਏ, ਪ੍ਰਿਥੀਚੰਦ ਜੀ ਨੇ ਸਤਿਗੁਰੂ ਅਰਜਨ ਦੇਵ ਜੀ ਨੂੰ ਬਹੁਤ ਗਾਲ਼ਾਂ ਕੱਢੀਆਂ। ਸਤਿਗੁਰੂ ਸਾਹਿਬ ਜੀ ਨੇ, ਉੱਕਾ ਹੀ ਗੁੱਸਾ ਨਹੀਂ ਕੀਤਾ, ਪੂਰਨ ਖਿਮਾ'ਚ ਲੀਣ ਰਹੇ, ਵਾਹਿਗੁਰੂ ਮਹੱਲੇ ੪ ਜੀ ਦੇ ਦਸੈਹਰੇ 'ਤੇ, ਬਾਬੇ ਬੁੱਢੇ ਸਾਹਿਬ ਜੀ ਨੇ ਸਤਿਗੁਰੂ ਮਹੱਲੇ ਪੰਜਵੇਂ ਜੀ ਨੂੰ ਸਿਰੋਪਾ ਦਿਤਾ, ਉਹ ਭੀ ਸਤਿਗੁਰੂ ਜੀ ਨੇ ਆਪਣੇ ਸਿਰ 'ਤੇ ਰੱਖ ਕੇ, ਪ੍ਰਿਥੀਚੰਦ ਜੀ ਨੂੰ ਦੇ ਦਿਤਾ। ਇਸ ਲਈ ਸਤਿਗੁਰੂ ਜੀ ਖਿਮਾ ਦੇ ਕੋਟਾਨ ਕੋਟਿ ਸਮੁੰਦ੍ ਬ੍ਰਹਮ ਹੀ ਬ੍ਰਹਮ ਹਨ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਮਹਾਰਾਜ ਦੀ, ਚਰਨੀਂ ਲੱਗ ਜਾਣਾ ਇਹ ਆਪਣੇ ਜੀਅ 'ਤੇ ਖਿਮਾ ਕਰਨੀ ਹੈ। ਯਥਾ:- ਪ੍ਰਾਨੀ; ਪਰਮ ਪੁਰਖ ਪਗ ਲਾਗੋ॥ ਸੋਵਤ ਕਹਾ ਮੋਹ ਨਿੰਦ੍ਰਾ ਮੈ; ਕਬਹੂੰ ਸੁਚਿਤ ਹ੍ਵੈ ਜਾਗੋ॥ (੭੧੦ ਸ੍ਰੀ ਦਸਮ) ਭਟਕਣਾ ਮਿਟ ਜਾਂਦੀ ਹੈ, ਇਕਾਗ੍ਰਤਾ ਸੁਖ ਸ਼ਾਂਤੀ ਖਿਮਾ ਪ੍ਰਾਪਤ ਹੁੰਦੀ ਹੈ। ਆਪਣੇ ਆਪ 'ਤੇ ਖਿਮਾ ਕਰਨੀ ਇਹ ਹੈ, ਸਦਾ ਸਤਿਸੰਗਤ ਜੀ 'ਚ ਰਹਿਣਾ, ਕੁਸੰਗਤ ਵਾਲੇ ਪਾਸੇ ਨਹੀਂ ਜਾਣਾ, ਸਾਰੇ ਕੁਕਰਮ ਤਿਆਗਣੇ। ਖਿਮਾ ਬਿਨਾ, ਜਨਮਾਂ ੨ ਦਾ ਵਿਛੁੜਿਆ ਜੀਵ, ਹਰ ਵੇਲੇ ਮਨ ਤਨ ਕਰਕੇ ਤੜਫ਼ਦਾ ਭੱਜਿਆ ਫ਼ਿਰਦਾ ਹੈ। ਅਗਲੀਆਂ ਜੂਨਾਂ 'ਚ ਭੀ ਉਸੇ ਤਰ੍ਹਾਂ ਹੀ ਭੱਜਿਆ ਫਿਰੇਗਾ। ਯਥਾ:- ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥ ਮਹਾਰਾਜ ਸਾਹਿਬ ਦੀ ਕ੍ਰਿਪਾ ਨਾਲ ਤਨ ਮਨ ਧਨ ਸਭ ਕੁੱਝ ਮਹਾਰਾਜ ਨੂੰ ਅਰਪਣਾ ਚਾਹੀਦਾ ਹੈ। ਯਥਾ:- ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥ ਉਸ ਤੇ ਚਉਗੁਨ; ਕਰੈ ਨਿਹਾਲੁ॥ ਨਾਨਕ ਸਾਹਿਬੁ; ਸਦਾ ਦਇਆਲੁ॥੨॥

{ਖਿਮਾ ਸੀਗਾਰ ਕਰੇ ਪ੍ਰਭ ਖੁਸੀਆ; ਮਨਿ ਦੀਪਕ. ਗੁਰ ਗਿਆਨੁ ਬਲਈਆ॥ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਸਤਿਗੁਰੂ ਪ੍ਰਭੂ ਜੀ ਦਾਸਨ ਦਾਸੀ 'ਤੇ ਲੱਖਾਂ ਖੁਸ਼ੀਆਂ (ਕਰੇ)ਕਰਕੇ, ਖਿਮਾ ਆਦਿ ਸ਼ੁਭ ਗੁਣਾਂ ਦੇ ਸ਼ਿੰਗਾਰ ਸਹਿਤ, ਸ਼ਿੰਗਾਰ ਰਹੇ ਹਨ। ਦਾਸਨ ਦਾਸੀ ਦੇ ਮਨ ਅੰਦਰ ਗੁਰਾਂ ਦਾ ਬਾਲ਼ਿਆ, ਗਿਆਨ ਰੂਪੀ ਦੀਵਾ (ਬਲਈਆ)ਬਲ਼ ਰਿਹਾ ਹੈ)

ਖਿਮਾ ਗਹੀ.ਸਚੁ ਸੰਚਿਓ; ਖਾਇਓ ਅੰਮ੍ਰਿਤੁ ਨਾਮ॥ ਖਰੀ ਕ੍ਰਿਪਾ ਠਾਕੁਰ ਭਈ; ਅਨਦ ਸੂਖ ਬਿਸ੍ਰਾਮ॥ ਪਰਮਪੂਜਨੀਕ ਸੱਚੇ ਸਤਿਗੁਰੂ ਪੰਜਵੇਂ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਜਿਨ੍ਹਾਂ ਗੁਰਮੁਖਾਂ 'ਤੇ (ਠਾਕੁਰ)ਮਾਲਕ ਵਾਹਿਗੁਰੂ ਜੀ ਦੀ (ਖਰੀ)ਸ਼ੁੱਧ, ਪੂਰਨ ਕ੍ਰਿਪਾ ਹੋਈ ਹੈ, ਉਨ੍ਹਾਂ ਨੇ ਸੱਚੇ ਸਤਿਗੁਰਾਂ ਤੋਂ ਖਿਮਾ (ਗਹੀ)ਗ੍ਰੈਹਣ ਕੀਤੀ। ਉਨ੍ਹਾਂ ਨੇ ਪਰਮਪੂਜਨੀਕ ਸੱਚੇ ਨਾਮ ਗੁਰਸਬਦ, ਅਪਣੇ ਰਿਦੇ ਦਿਮਾਗ਼ 'ਚ, (ਸੰਚਿਓ)ਇਕੱਤ੍ਰ ਕੀਤੇ ਹਨ, ਭਾਵ ਵਸਾਏ ਹਨ। ਅੰਮ੍ਰਿਤੁ ਨਾਮ ਜਪ ੨ ਕੇ, ਅੰਮ੍ਰਿਤ ਬ੍ਰਹਮਾਨੰਦ- ਰਸ (ਖਾਇਓ)ਖਾਣਾ ਛਕਣਾ ਕੀਤਾ ਹੈ। ਉਨ੍ਹਾਂ ਦਾ ਸੁਖ ਅਨੰਦ ਸਰੂਪ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਚ (ਬਿਸ੍ਰਾਮ)ਨਿਵਾਸ, ਟਿਕਾਅ ਹੋਇਆ ਹੈ।

ਖਿਮਾ ਗਹੀ; ਬ੍ਰਤੁ ਸੀਲ ਸੰਤੋਖੰ॥ ਰੋਗੁ ਨ ਬਿਆਪੈ; ਨਾ ਜਮ ਦੋਖੰ॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫੁਰਮਾਉਂਦੇ ਹਨ:- ਉਹ ਜੋਗੀ ਮੇਰੇ ਮਨ 'ਚ ਭਾਉਂਦਾ ਹੈ, ਜਿਸ ਨੇ ਖਿਮਾ (ਗਹੀ)ਗ੍ਰੈਹਣ ਕੀਤੀ ਹੈ, ਉਸ ਨੇ (ਸੀਲ)ਨਰਮ ਸਾਊ ਸੁਭਾਅ ਸਹਿਤ, ਸੰਤੋਖ ਰੂਪੀ ਵਰਤ ਰੱਖਿਆ ਹੈ। ਉਸ ਦੇ ਤਨ ਨੂੰ ਰੋਗ ਅਤੇ ਮਨ ਨੂੰ ਹਉਮੈ ਦਾ ਰੋਗ ਨਹੀਂ (ਬਿਆਪੈ)ਲੱਗਦਾ, ਅਤੇ ਨ ਹੀ ਜਮਾ ਦਾ ਦੁੱਖ ਹੁੰਦਾ ਹੈ।

ਖੋਜਤ ਖੋਜਤ; ਅੰਮ੍ਰਿਤੁ ਪੀਆ॥ ਖਿਮਾ ਗਹੀ; ਮਨੁ ਸਤਗੁਰਿ ਦੀਆ॥ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫ਼ੁਰਮਾਉਂਦੇ ਹਨ:- ਦਾਸਨ ਦਾਸ ਨੇ ਸਤਿਗੁਰੂ ਅਕਾਲ ਪੁਰਖ ਜੀ ਨੂੰ ਆਪਣਾ ਮਨ ਦਿਤਾ ਹੈ, ਅਕਾਲ ਪੁਰਖ ਜੀ ਤੋਂ ਖਿਮਾ (ਗਹੀ)ਪ੍ਰਾਪਤ ਕੀਤੀ। ਵਾਹਿਗੁਰੂ ਜੀ ਨੂੰ ਖੋਜਦਿਆਂ ੨ ਪਰਮਪਵਿੱਤ੍ਰ ਅੰਮ੍ਰਿਤ ਨਾਮ ਪੀਤਾ)

ਖਰਚੁ ਖਜਾਨਾ ਨਾਮ ਧਨੁ; ਇਆ ਭਗਤਨ ਕੀ ਰਾਸਿ॥ ਖਿਮਾ ਗਰੀਬੀ ਅਨਦ ਸਹਜ; ਜਪਤ ਰਹਹਿ ਗੁਣਤਾਸ॥ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਾਨ ਜੀ ਨੇ ਆਪਣੇ ਪਿਆਰੇ ਭਗਤਾਂ ਨੂੰ ਨਾਮ ਧਨ ਰੂਪੀ ਖਜ਼ਾਨਾ ਬਖ਼ਸ਼ਿਆ ਹੈ। ਇਹੋ ਹੀ ਭਗਤਾਂ ਦੀ ਸੱਚੀ (ਰਾਸਿ)ਪੂੰਜੀ ਹੈ, ਇਸ ਨਾਮ ਧਨ ਰੂਪੀ ਖਜ਼ਾਨੇ ਨੂੰ ਭਗਤ ਮਹਾਂਪੁਰਸ਼ ਆਪ

Sri Satguru Jagjit Singh Ji eLibrary NamdhariElibrary@gmail.com

ਖਾਂਦੇ ਅਤੇ ਪ੍ਰੇਮੀਆਂ ਨੂੰ ਵੰਡਣ ਰੂਪ ਆਪ ਖਰਚਦੇ ਹਨ। ਪਰਮਪੂਜਨੀਕ ਪਿਆਰੇ ਭਗਤ ਮਹਾਂਪੁਰਸ਼ ਖਿਮਾ ਗ਼ਰੀਬੀ ਅਨੰਦ (ਸਹਜ)ਸ਼ਾਂਤੀ ਸਹਿਤ, (ਗੁਣਤਾਸ)ਗੁਣਾਂ ਦੇ ਖਜ਼ਾਨੇ ਵਾਹਿਗੁਰੂ ਜੀ ਨੂੰ, ਆਪ ਤਿਆਗ ਕੇ ਪੂਰਨ ਪ੍ਰੇਮ ਇਕਾਗ੍ਰਤਾ ਸਹਿਤ, ਸੁਆਸ ੨ ਜਪਦੇ ਜਪਾਉਂਦੇ ਰਹਿੰਦੇ ਹਨ।

ਹਰਿ ਹਰਿ ਸੀਗਾਰੁ ਬਨਾਵਹੁ ਹਰਿ ਜਨ; ਹਰਿ ਕਾਪੜੁ ਪਹਿਰਹੁ. ਖਿਮ ਕਾ॥ ਧੰਨ ਵਾਹਿਗੁਰੂ ਪਰਮਪੂਜਨੀਕ ਸੱਚੇ ਸਤਿਗੁਰੂ ਚੌਥੇ ਪਾਤਿਸਾਹ ਜੀ ਫੁਰਮਾਉਂਦੇ ਹਨ:- ਹੇ ਵਾਹਿਗੁਰੂ ਜੀ ਦੇ ਜਨ ਪਿਆਰਿਓ! ਹਰੀ ਜੀ ਦੀ ਪ੍ਰਾਪਤੀ ਲਈ, ਖਿਮਾ ਦਾ ਕੱਪੜਾ ਪਹਿਨਣਾ ਕਰੋ। ਹਰਿ ਹਰਿ ਹਰਿ ਦਾ ਜਾਪ, ਰੋਮ ੨ ਕਰਕੇ ਕਰਨ ਰੂਪ, ਸ਼ੁਭ ਸੀਗਾਰ ਬਨਾਉਣਾ ਕਰੋ।

ਸੂਹਾ ਵੇਸੁ ਸਭੁ ਉਤਾਰਿ ਧਰੇ; ਗਲਿ ਪਹਿਰੈ ਖਿਮਾ ਸੀਗਾਰੁ॥ ਜੀਵ ਰੂਪੀ ਇਸਤ੍ਰੀ (ਸੂਹਾ)ਕਸੁੰਭੀ ਦੇ ਕੱਚੇ ਰੰਗ ਵਾਂਗ, ਵਿਸ਼ਿਆਂ ਔਗੁਣਾਂ ਪਾਪਾਂ ਦੇ ਕੱਚੇ ਰੰਗ ਵਾਲਾ (ਵੇਸੁ)ਪਹਿਰਾਵਾ ਸਭੁ (ਉਤਾਰਿ)ਲਾਹ ਧਰੇ, ਭਾਵ ਵਿਸ਼ੇ ਪਾਪ ਤਿਆਗ ਦੇਵੇ। ਗਲ਼ ’ਚ ਗਹਿਣਿਆਂ ਦੇ ਸ਼ਿੰਗਾਰ ਵਾਂਗ, ਆਪਣੇ (ਗਲਿ) ਅੰਤਹਕਰਨ ਭਾਵ ਰੋਮ ੨ ’ਚ ਖਿਮਾ ਰੂਪੀ ਸਿੰਗਾਰ ਪਹਿਨਣਾ ਕਰੇ।

ਸੋ ਸੰਨਿਆਸੀ. ਜੋ ਸਤਿਗੁਰ ਸੇਵੈ; ਵਿਚਹੁ ਆਪੁ ਗਵਾਏ॥ ਛਾਦਨ ਭੋਜਨ ਕੀ ਆਸ, ਨ ਕਰਈ; ਅਚਿੰਤੁ ਮਿਲੈ ਸੋ ਪਾਏ॥ ਬਕੈ ਨ ਬੋਲੈ. ਖਿਮਾ ਧਨੁ ਸੰਗ੍ਰਹੈ; ਤਾਮਸੁ ਨਾਮਿ ਜਲਾਏ॥ ਧਨੁ ਗਿਰਹੀ. ਸੰਨਿਆਸੀ ਜੋਗੀ; ਜਿ ਹਰਿ ਚਰਣੀ ਚਿਤੁ ਲਾਏ॥੭॥ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਖਿਮਾ ਆਦਿ ਸ਼ੁਭ ਗੁਣ ਧਾਰਨ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਉੱਤਮ ਉੱਚਾ ਉਪਦੇਸ਼ ਬਖ਼ਸ਼ਦੇ ਹਨ:- ਹੇ ਭਾਈ! ਉਹ ਸੰਨਿਆਸੀ ਹੈ, ਜਿਹੜਾ ਆਪਣੇ ਦਿਲ ’ਚੋਂ ਹੰਕਾਰ ਗੁਆ ਕੇ, ਸੱਚੇ ਸਤਿਗੁਰਾਂ ਨੂੰ ਹਰ ਸਮੇਂ (ਸੇਵੈ)ਯਾਦ ਕਰੇ, ਸੱਚੇ ਸਤਿਗੁਰਾਂ ਦੀ ਸ਼ੁਭ ਸੱਚੀ (ਸੇਵੈ)ਸੇਵਾ ਕਰੇ। (ਛਾਦਨ)ਬਸਤ੍ਰ (ਭੋਜਨ)ਪਦਾਰਥਾਂ ਦੀ ਇੱਛਾ ਨ ਕਰੇ, ਜੋ ਕੁੱਝ (ਅਚਿੰਤੁ)ਨਿਰਯਤਨ ਸਾਦਾ ਬਸਤ੍ਰ ਭੋਜਨ ਮਿਲੇ, ਉਹ ਹੀ ਖ਼ੁਸ਼ੀ ਖ਼ੁਸ਼ੀ ਪ੍ਰਾਪਤ ਕਰੇ। ਆਪਣੀ ਵਡਿਆਈ ਨਿੰਦਾ ਈਰਖਾ ਫਿੱਕੇ ਬਚਨ ਨ (ਬਕੈ)ਬੋਲੇ, ਦੁਨਿਆਵੀ ਧਨ ਦੀ ਬਜਾਏ ਖਿਮਾ ਰੂਪੀ ਧਨ (ਸੰਗ੍ਰਹੈ)ਇਕੱਤ੍ਰ ਕਰੇ, ਨਾਮ ਅਭਿਆਸ ਕਰਕੇ, (ਤਾਮਸੁ)ਤਮੋ ਗੁਣ ਕ੍ਰੋਧ ਸਾੜ ਦੇਵੇ। ਉਹ ਗ੍ਰਿਸਤੀ ਜੋਗੀ ਧੰਨ ੨ ਹੈ, ਜਿਹੜਾ ਵਾਹਿਗੁਰੂ ਜੀ ਦੇ ਸੱਚੇ ਚਰਨ-ਕਮਲਾਂ ’ਚ ਚਿੱਤ ਲਾਉਂਦਾ ਹੈ।

ਰਾਮ ਰਵੰਤਾ ਜਾਣੀਐ; ਇਕ ਮਾਈ ਭੋਗੁ ਕਰੇਇ॥ ਤਾ ਕੇ ਲਖਣ ਜਾਣੀਅਹਿ; ਖਿਮਾ ਧਨੁ ਸੰਗ੍ਰਹੇਇ॥੩॥ ਵਾਹਿਗੁਰੂ ਧੰਨ ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਫੁਰਮਾਉਂਦੇ ਹਨ:- ਜਿਹੜਾ ਗੁਰਮੁਖ ਇੱਕ ਮਾਇਆ ਦਾ ਭੋਗੁ ਪਾਉਣਾ ਕਰੇ, ਮਾਇਆ ਨਾਸ ਕਰੇ, ਖਿਮਾ ਨਾਮ ਰੂਪੀ ਧਨ ਨੂੰ (ਸੰਗ੍ਰਹੇਇ)ਇਕੱਤ੍ਰ ਕਰੇ, ਤਿਸ ਦੇ ਇਹ ਸ਼ੁਭ ਲੱਖਣ ਜਾਣੀਦੇ ਹਨ ਕਿ ਉਹ ਰਾਮ ’ਚ (ਰਵੰਤਾ)ਲੀਣ ਜਾਨਣਾ ਕਰੀਏ।

ਗੁਰ ਕਾ ਸਬਦੁ. ਮਨੈ ਮਹਿ ਮੁੰਦ੍ਰਾ; ਖਿੰਥਾ ਖਿਮਾ ਹਢਾਵਉ॥ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ, ਭਰਥਰੀ ਜੋਗੀ ਨੂੰ ਦਰਸ਼ਨ ਉਪਦੇਸ਼ ਬਖ਼ਸ਼ਦਿਆਂ ਇਉਂ ਨਿਹਾਲ ਕਰਦੇ ਹਨ:- ਹੇ ਭਰਥਰੀ ਜੋਗੀ ਜੀ! ਦਾਸਨ ਦਾਸ ਨੇ ਸੱਚੇ ਸਤਿਗੁਰਾਂ ਦਾ ਪਰਮਪਵਿੱਤ੍ਰ ਪਰਮਪੂਜਨੀਕ ਉੱਤਮ ਸਬਦ ਕੰਨਾਂ ਦੁਆਰਾ ਸੁਣ ਕੇ ਜੋ ਮਨ ’ਚ ਵਸਾਇਆ ਹੈ, ਇਹੋ ਹੀ ਮੁੰਦ੍ਰਾ ਪਾਈ ਹੈ। ਇਹੋ ਹੀ ਖਿਮਾ ਰੂਪੀ (ਖਿੰਥਾ)ਗੋਦੜੀ ਹੰਢਾਉਣਾ ਕਰਦਾ ਹੈ।

ਸਤ ਸੰਤੋਖਿ; ਰਹਹੁ ਜਨ ਭਾਈ॥ ਖਿਮਾ ਗਹਹੁ; ਸਤਿਗੁਰ ਸਰਣਾਈ॥ ਆਤਮੁ ਚੀਨਿ. ਪਰਾਤਮੁ ਚੀਨਹੁ; ਗੁਰ ਸੰਗਤਿ ਇਹੁ ਨਿਸਤਾਰਾ ਹੇ॥੮॥ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫੁਰਮਾਉਂਦੇ ਹਨ:- ਹੇ ਭਾਈ (ਜਨ)ਪਿਆਰੇ ਭਗਤ ਜਨੋ! ਸੱਚੇ ਸਤਿਗੁਰਾਂ ਦੀ ਸੱਚੀ ਸ਼ਰਨ ਪੈ ਕੇ, ਸੱਚ ਅਤੇ ਸੰਤੋਖ ਸਹਿਤ ਰਹਿਣਾ

Sri Satguru Jagjit Singh Ji eLibrary NamdhariElibrary@gmail.com

ਕਰੋ ਅਤੇ ਖਿਮਾ ਆਦਿ ਸ਼ੁਭ ਗੁਣ (ਗਹਹੁ)ਗ੍ਰਹਣ ਕਰੋ। ਸਾਰਿਆਂ ਨੂੰ ਆਪਣਾ (ਆਤਮੁ)ਆਪਣਾ ਆਪ ਭਾਵ ਆਪਣੇ ਮਿੱਤ੍ਰ ਪਿਆਰੇ (ਚੀਨਿ)ਪਛਾਣ ਕੇ (ਪਰਾਤਮੁ)ਵਾਹਿਗੁਰੂ ਜੀ ਨੂੰ (ਚੀਨਹੁ)ਪਛਾਣੋ। ਗੁਰੂ ਜੀ ਦੀ ਸਤਿਸੰਗਤ ਦੁਆਰਾ ਇਹੁ ਹੀ ਮੁਕਤੀ ਹੈ।

ਸਚੁ ਵਰਤੁ ਸੰਤੋਖੁ ਤੀਰਥੁ; ਗਿਆਨੁ ਧਿਆਨੁ ਇਸਨਾਨੁ॥ ਦਇਆ ਦੇਵਤਾ. ਖਿਮਾ ਜਪਮਾਲੀ; ਤੇ ਮਾਣਸ ਪਰਧਾਨ॥ ਪਰਮਪੂਜਨੀਕ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫੁਰਮਾਉਂਦੇ ਹਨ:- ਹੇ ਭਾਈ! ਕਰਮ ਕਾਂਡ ਤਿਆਗ ਕੇ, ਸੱਚ ਦੀ ਪ੍ਰਾਪਤੀ ਕਰਨੀ ਹੀ ਸੱਚਾ ਤੀਰਥ ਹੈ, ਸੰਤੋਖ ਦੀ ਪ੍ਰਾਪਤੀ ਕਰਨੀ ਹੀ ਵਰਤ ਹੈ। ਵਾਹਿਗੁਰੂ ਜੀ ਦਾ ਸੱਚਾ ਗਿਆਨ, ਸੱਚਾ ਧਿਆਨ ਧਾਰਨਾ ਹੀ ਸੱਚ ਰੂਪੀ ਤੀਰਥ ਦਾ ਇਸਨਾਨ ਹੈ। ਦਇਆ ਕਰਨੀ ਹੀ ਸੱਚ ਰੂਪੀ ਦੇਵਤੇ ਦੀ ਪੂਜਾ ਹੈ। ਖਿਮਾ ਕਰਨੀ ਮਾਲ਼ਾ ਹੈ। ਇਨ੍ਹਾਂ ਸ਼ੁਭ ਗੁਣਾਂ ਨੂੰ ਧਾਰਨ ਵਾਲੇ ਜੋ (ਮਾਣਸ)ਮਨੁੱਖ ਹਨ (ਤੇ)ਉਹ ਸਾਰਿਆਂ 'ਤੋਂ (ਪਰਧਾਨ)ਮੁਖੀ ਹਨ।

ਵਾਹਿਗੁਰੂ॥ ¹ਅਲਪ ²ਅਹਾਰ. ³ਸੁਲਪ ਸੀ ਨਿੰਦ੍ਰਾ; ਦਯਾ ਛਿਮਾ ਤਨ ਪ੍ਰੀਤਿ॥ ¹ਥੋੜਾ, ²ਭੋਜਨ, ³ਥੋੜੀ ਸੀ। ਵਾਹਿਗੁਰੂ॥ ਪਰਮਪੂਜਨੀਕ ਸੱਚੇ ਸਤਿਗੁਰੂ ਧੰਨ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਸੱਚੇ ਪਾਤਿਸਾਹ ਜੀ ਨੇ ਪਰਮ ਕ੍ਰਿਪਾਲਤਾ ਕਰਕੇ, ਰਾਜੇ ਜੈ ਸਿੰਘ ਜੀ ਨੂੰ, ਖਿਮਾ ਆਦਿ ਗੁਣ ਧਾਰਨ ਬਾਰੇ ਇਉਂ ਸ਼ੁਭ ਸੱਚਾ ਸੁੱਚਾ ਉੱਚਾ ਪਰਮਪਵਿੱਤ੍ਰ ਉਪਦੇਸ਼ ਬਖ਼ਸ਼ਿਆ:- ਕਰਨੀ ਛਿਮਾ; ¹ਮਹਾਤਮ ਜਾਨ। ਛਿਮਾ ਕਰਨ ਹੀ ਦੈਬੋ ਦਾਨ। ਛਿਮਾ ਸਕਲ ਤੀਰਥ ਇਸ਼ਨਾਨ। ਛਿਮਾ ਕਰਤ ਨਰ ਕੀ ²ਕਲਯਾਨ। ਛਿਮਾ ਸਮਾਨ ਮਹਾਨ ਗੁਨ ਨਾਹੀ। ਯਾਂ ਤੇ ਛਿਮਾ ਧਰਹੁ ਮਨ ਮਾਹੀ। ³ਸਦਗੁਨ ਕੋ ਨਹਿ ਤਯਾਗਨ ਕੀਜੈ। ਸਦਾ ਰਿਦੇ ਮਹਿ ⁴ਇਸਥਿਰ ਕੀਜੈ। ¹ਮਹਾਤਮਾ ਪੁਣਾ, ਵਡਿਆਈ¹ ਫਲ¹, ²ਮੁਕਤੀ, ³ਸ਼ੁਭ ਗੁਣ, ⁴ਟਿਕਾਉਣਾ ਕਰੋ।

ਵਾਹਿਗੁਰੂ॥ ਖਿਮਾ ਵਿਹੂਣੇ. ਖਪਿ ਗਏ; ਖੂਹਣਿ ਲਖ ਅਸੰਖ॥ ਗਣਤ. ਨ ਆਵੈ; ਕਿਉ ਗਣੀ. ਖਪਿ ਖਪਿ ਮੁਏ ਬਿਸੰਖ॥ ਜਿਸ ਮਨ ਅੰਦਰ ਖਿਮਾ ਨਹੀਂ ਫ਼ੁਰਦੀ, ਉਹ ਪੱਥਰ ਦਿਲ ਹਰ ਵੇਲੇ ਅਪਣੇ ਮਨ 'ਚ, ਸੜਦਾ ਹੀ ਰਹਿੰਦਾ ਹੈ। ਐਸੇ ਖਿਮਾ- ਹੀਣ ਜੀਵ, ਆਪ ਤਬਾਹ ਹੋਏ, ਸੰਸਾਰ ਨੂੰ ਭੀ ਤਬਾਹ ਕੀਤਾ। ਖਿਮਾ ਹੀਣ ਜੀਵ ਆਪੋ ਵਿੱਚੀ ਸਦ ਲੜਦੇ ਹੀ ਰਹਿੰਦੇ ਹਨ। ਬੇਅੰਤ ਖਿਮਾ ਹੀਣ ਰਾਜੇ, ਰਾਜਿਆਂ ਨਾਲ ਭਿੜ ਕੇ ਆਪਣੀਆਂ ਫੌਜ਼ਾਂ ਸਮੇਤ ਨਾਸ ਹੋਏ। ਬੇਅੰਤ ਖਿਮਾ ਹੀਣ ਜੀਵਾਂ ਨੇ ਜ਼ੋਰ ਜ਼ੁਲਮ ਧੱਕਾ ਕਰਦਿਆਂ, ਬੇਅੰਤ ਜੀਵਾਂ ਤੇ ਬੇਅੰਤ ਹੀ ਜ਼ੁਲਮ ਕੀਤੇ। ਖਿਮਾ ਦੇ ਦਾਤੇ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਪਹਿਲੇ ਪਾਤਿਸਾਹ ਜੀ ਫੁਰਮਾਉਂਦੇ ਹਨ:- (ਅਸੰਖ)ਅਣਗਿਣਤ ਲੱਖਾਂ ਖੂਹਣੀਆਂ ਜੀਵ ਖਿਮਾ ਕਮਾਉਣ (ਵਿਹੂਣੇ)ਬਿਨਾ, ਆਪਣੇ ਆਪ ਕ੍ਰੋਧ 'ਚ ਅਥਵਾ ਆਪੋ ਵਿੱਚੀਂ ਲੜ ੨ ਕੇ ਖਪ ਗਏ ਹਨ। ਉਨ੍ਹਾਂ ਦੀ ਗਿਣਤੀ ਨਹੀਂ ਆਉਂਦੀ, ਕਿਵੇਂ (ਗਣੀ)ਗਿਣਾਂ? (ਬਿਸੰਖ)ਬੇਅੰਤ ਹੀ ਖਪ ੨ ਕੇ ਮਰ ਗਏ ਹਨ।

ਖਸਮੁ ਪਛਾਣੈ ਆਪਣਾ; ਖੂਲੈ. ਬੰਧੁ ਨ ਪਾਇ॥ ਸਬਦਿ ਮਹਲੀ. ਖਰਾ ਤੂ; ਖਿਮਾ ਸਚੁ ਸੁਖ ਭਾਇ॥) ;ਜਹਾ ਖਿਮਾ ਤਹ ਆਪਿ॥ ਅਨੁਸਾਰ ਰੋਮ ੨ ਕਰਕੇ, ਖਿਮਾ ਕਮਾ ਕੇ, ਆਪਣੇ ਅੰਦਰ ਖਿਮਾ ਵਸਾ ਕੇ, ਜਿਹੜਾ ਪ੍ਰੇਮੀ ਆਪਣੇ (ਖਸਮੁ)ਮਾਲਕ ਜੀ ਨੂੰ ਪਛਾਣੇ, ਉਸ ਦੇ ਹੰਗਤਾ ਮਮਤਾ, ਚੌਰਾਸੀ ਭੋਗਣ ਦੇ ਬੰਧਨ ਖੁੱਲ ਜਾਂਦੇ ਹਨ, ਫੇਰ ਬੰਧਨ ਨਹੀਂ ਪੈਂਦੇ। ਹੇ (ਮਹਲੀ)ਗੁਰਸੇਵਕ ਜੀ! ਆਪ ਜੀ ਗੁਰਸਬਦ ਅਤੇ ਖਿਮਾ ਨਾਲ (ਭਾਇ)ਪ੍ਰੇਮ ਕਰਕੇ, ਖਿਮਾ ਦੇ ਖਰੇ ਸੱਚੇ ਸੁਖ ਨੂੰ ਪ੍ਰਾਪਤ ਕਰ।}

ਕਬੀਰ. ਮਾਇਆ ਤਜੀ, ਤ ਕਿਆ ਭਇਆ; ਜਉ. ਮਾਨੁ ਤਜਿਆ ਨਹੀ ਜਾਇ॥ ਮਾਨ. ਮੁਨੀ ਮੁਨਿਵਰ ਗਲੇ; ਮਾਨੁ. ਸਭੈ ਕਉ ਖਾਇ॥੧੫੬॥ ਇੱਕ ਮਾਨੀ, ਬੜਾ ਹੰਕਾਰ ਕਰਦਾ ਸੀ, ਕਿ ਮੈਂ ਬੜਾ ਹੀ ਤਿਆਗੀ ਹਾਂ,

Sri Satguru Jagjit Singh Ji eLibrary NamdhariElibrary@gmail.com

ਮਾਇਆ ਨੂੰ ਹੱਥ ਨਹੀਂ ਲਾਉਂਦਾ। ਪੱਲਾ ਸਾਹਮਣੇ ਕਰ ਦਿੰਦਾ ਕਿ ਇਸ 'ਚ ਬੰਨ੍ ਦਿਉ। ਪਰਥਾਇ ਸਾਖੀ ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਸਾਡਾ ਕਲਜੁੱਗੀ ਜੀਆਂ ਦਾ ਮਾਣ ਮੇਟਣ ਲਈ, ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰੇ ਜੀਓ! ਮਾਇਆ (ਤਜੀ)ਛੱਡ ਦਿਤੀ, ਤ (ਕਿਆ)ਕੀ (ਭਇਆ)ਹੋਇਆ? ਕੋਈ ਖ਼ਾਸ ਗੱਲ ਨਹੀਂ। (ਜਉ)ਜੇ ਕਰ ਮਾਨੁ (ਤਜਿਆ)ਛੱਡਿਆ ਨਹੀ (ਜਾਇ)ਜਾਂਦਾ। ਯਥਾ:- ਹਮ ਬਡ ਕਬਿ ਕੁਲੀਨ; ਹਮ ਪੰਡਿਤ. ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ. ਸੂਰ ਹਮ ਦਾਤੇ; ਇਹ ਬੁਧਿ. ਕਬਹਿ ਨ ਨਾਸੀ॥ ਚਰਨ- ਧੂੜ ਬਣ ਕੇ, ਮਾਨ ਤਿਆਗਣ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ ਰਹੇ ਹਨ:- ਮਨ ਤੂੰ.ਮਤ ਮਾਣੁ ਕਰਹਿ, ਜਿ ਹਉ ਕਿਛੁ ਜਾਣਦਾ; ਗੁਰਮੁਖਿ ਨਿਮਾਣਾ ਹੋਹੁ॥ ਅੰਤਰਿ ਅਗਿਆਨੁ.ਹਉ ਬੁਧਿ ਹੈ; ਸਚਿ ਸਬਦਿ ਮਲੁ ਖੋਹੁ॥) ਮਾਨੁ. ਨ ਕੀਜੈ, ਸਰਣਿ ਪਰੀਜੈ; ਦਰਸਨ ਕਉ ਬਲਿਹਾਰੀ॥) ਮਾਨੁ. ਨ ਕੀਜੈ ਸਰਣਿ ਪਰੀਜੈ; ਕਰੈ ਸੁ ਭਲਾ ਮਨਾਈਐ॥ ਸੁਣਿ ਮੀਤਾ.ਜੀਉ ਪਿੰਡੁ ਸਭੁ ਤਨੁ ਅਰਪੀਜੈ; ਇਉ ਦਰਸਨੁ ਹਰਿ ਜੀਉ ਪਾਈਐ॥) ਮਾਨਨਿ.ਮਾਨੁ ਵਞਾਈਐ; ਹਰਿ ਚਰਣੀ ਲਾਗੋ ਰਾਮ॥ ਛੋਡਿ ਸਿਆਨਪ ਚਾਤੁਰੀ; ਦੁਰਮਤਿ ਬੁਧਿ ਤਿਆਗੋ.ਰਾਮ॥ ਨਾਨਕ.ਪਉ ਸਰਣਾਈ ਰਾਮ ਰਾਇ; ਥਿਰੁ ਹੋਇ ਸੁਹਾਗੋ ਰਾਮ॥) ਸਾਧੋ; ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ; ਤਾ ਤੇ. ਅਹਿਨਿਸਿ ਭਾਗਉ॥੧॥ ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ; ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ. ਰਹੈ ਅਤੀਤਾ; ਤਿਨਿ. ਜਗਿ ਤਤੁ ਪਛਾਨਾ॥੧॥) ਸੁਣਿ ਸਖੀਏ. ਮਿਲਿ ਉਦਮੁ ਕਰੇਹਾ; ਮਨਾਇ ਲੈਹਿ. ਹਰਿ ਕੰਤੈ॥ ਮਾਨੁ ਤਿਆਗਿ. ਕਰਿ ਭਗਤਿ ਠਗਉਰੀ; ਮੋਹਹ ਸਾਧੂ ਮੰਤੈ॥) ਤਿਆਗੀਐ ਗੁਮਾਨੁ ਮਾਨੁ. ਪੇਖਤਾ ਦਇਆਲ ਲਾਲ; ਹਾਂ ਹਾਂ. ਮਨ ਚਰਨ ਰੇਨ॥ ਇਹ ਭੀ ਮਾਣ ਹੈ ਕਿ ਅਸੀਂ ਵੱਡੇ ਹਾਂ।

ਮਾਨ. ਮੁਨੀ ਮੁਨਿਵਰ ਗਲੇ; ਮਾਨੁ. ਸਭੈ ਕਉ ਖਾਇ॥੧੫੬॥ ਮੁਨੀ (ਮੁਨਿ+ਵਰ) (ਵਰ)ਸ੍ਰੇਸ਼ਟ (ਮੁਨਿ)ਮੁਨੀ, ਮਾਨ 'ਚ (ਗਲੇ) ਗਲ਼ ਗਏ। ਮਾਨੁ (ਸਭੈ)ਸਾਰਿਆਂ ਨੂੰ, (ਕਉ)ਨੂੰ (ਖਾਇ)ਖਾ ਜਾਂਦਾ ਹੈ॥੧੫੬॥ ਜਿਵੇਂ ਮਹਾਰਾਜ ਸਾਹਿਬ ਨੇ ਨਿਮ੍ਰਤਾ ਨਾਲ ਕਿਹਾ ਹੈ, ਜਤਨ ਬਹੁਤੁ. ਮੈ ਕਰਿ ਰਹਿਓ; ਮਿਟਿਓ ਨ. ਮਨ ਕੋ ਮਾਨੁ॥ ਦੁਰਮਤਿ ਸਿਉ, ਨਾਨਕ. ਫਧਿਓ; ਰਾਖਿ ਲੇਹੁ ਭਗਵਾਨ॥) ਮਾਣ ਸਾਰਿਆਂ ਦੇ ਸ਼ੁਭ ਗੁਣ ਖਾ ਜਾਂਦਾ ਹੈ। ਇਸ 'ਤੇ ਟੂਕ:- ਇੱਕ ਮਾਨੀ ਜੋਗੀ ਲਗਾਤਾਰ ਸਮਾਧੀ 'ਚ ਬੈਠਦਾ, ਲੋਕ ਮੱਥਾ ਟੇਕਣ ਆਉਂਦੇ, ਰਾਜਾ ਭੀ ਸ਼ਰਧਾਲੂ ਬਣ ਗਿਆ। ਰਾਜ ਦਰਬਾਰ 'ਚ ਭੀ ਬੜਾ ਮਾਣ ਹੋਣ ਲੱਗਾ। ਜੋਗੀ ਨੇ ਰਾਜੇ ਨੂੰ ਕਿਹਾ, "ਮੈਂ ਬਿਨਾ ਅਹਾਰ ਛਕੇ, ਛੇ ਮਹੀਨੇ ਲਗਾਤਾਰ ਸਮਾਧੀ 'ਚ ਬੈਠ ਸਕਦਾ ਹਾਂ"। ਰਾਜੇ ਕਿਹਾ "ਠੀਕ ਹੈ ਜੀ", ਛੇ ਮਹੀਨੇ ਸਮਾਧੀ 'ਚ ਬੈਠਾ ਰਿਹਾ। ਜਦੋਂ ਜੋਗੀ ਜੀ ਨੇ ਸਮਾਧੀ ਤੋਂ ਉੱਠੇ, ਬਾਹਰ ਨਿਕਲੇ, ਸਭ ਨੇ ਗਲ਼ 'ਚ ਹਾਰ ਪਾਏ ਮੱਥਾ ਟੇਕਿਆ, ਵਾਜੇ ਢੋਲ ਵਜਾਏ। ਮਾਣ ਦਾ ਭੁੱਖਾ, ਛੇ ਮਹੀਨੇ ਲਈ ਫੇਰ ਬੈਠ ਗਿਆ। ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਅਨੁਸਾਰ ਪੂਰਨ ਬ੍ਰਹਮ ਗਿਆਨੀ ਮਹਾਂਪੁਰਸ਼, ਆਏ, ਉਨ੍ਹਾਂ ਕੋਲ ਰਾਜੇ ਨੇ ਜੋਗੀ ਦੀ ਸਿਫ਼ਤ ਕੀਤੀ, ਮਹਾਂਪੁਰਸ਼ਾਂ ਬੜੇ ਹੀ ਧੀਰਜ ਨਾਲ ਕਿਹਾ, "ਹੇ ਰਾਜਨ! ਜਿਸ ਦਿਨ ਉਸ ਨੇ ਭੋਰੇ 'ਚੋਂ ਨਿਕਲਣਾ ਹੈ, ਉਸ ਤੋਂ ਕੁੱਝ ਦਿਨ ਪਹਿਲਾਂ ਮੁਨਿਆਦੀ ਕਰਵਾ ਦਿਉ, ਇਸ ਹਫ਼ਤੇ ਜੋਗੀ ਜੀ ਨੇ ਨਹੀਂ ਨਿਕਲਣਾ, ਅਗਲੇ ਹਫ਼ਤੇ ਦਰਸ਼ਨ ਦੇਣਗੇ"। ਜਦੋਂ ਜੋਗੀ ਜੀ ਨੇ ਨਿਕਲ ਕੇ ਦੇਖਿਆ, ਇੱਥੇ ਕੋਈ ਭੀ ਨਹੀਂ ਆਇਆ, ਧਨ ਪਦਾਰਥ ਕਰਕੇ, ਮੇਰਾ ਆਦਰ ਸਤਿਕਾਰ ਨਹੀਂ ਹੋਇਆ, ਉਸ ਵੇਲੇ ਗੇੜਾ ਖਾ ਕੇ ਡਿੱਗ ਮੋਇਆ।

Sri Satguru Jagjit Singh Ji eLibrary NamdhariElibrary@gmail.com

ਕਬੀਰ. ਸਾਚਾ ਸਤਿਗੁਰੁ. ਮੈ ਮਿਲਿਆ; ਸਬਦੁ ਜੁ ਬਾਹਿਆ ਏਕੁ॥ ਲਾਗਤ ਹੀ ਭੁਇ ਮਿਲਿ ਗਇਆ; ਪਰਿਆ ਕਲੇਜੇ ਛੇਕੁ॥੧੫੭॥ ਪੂਰਨ ਬ੍ਰਹਮ ਜੀ ਦੇ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਮੈ)ਦਾਸਨ ਦਾਸ ਨੂੰ (ਸਾਚਾ)ਸੱਚੇ ਸਤਿਗੁਰੁ ਸੁਆਮੀ ਰਾਮਾਨੰਦ ਜੀ. ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਧੰਨ ਸਤਿਗੁਰੂ ਨਾਨਕ ਦੇਵ ਜੀ (ਮਿਲਿਆ)ਮਿਲੇ। ਜਦੋਂ ਉਨ੍ਹਾਂ ਨੇ ਆਪਣੀ ਖਿਮਾ ਰੂਪੀ ਕਮਾਣ 'ਚੋਂ, (ਏਕੁ)ਇੱਕ ਸਬਦੁ ਰੂਪੀ ਤੀਰ ਅਥਵਾ ਪ੍ਰੇਮ ਰੂਪੀ ਤੀਰ (ਜੁ)ਜਦੋਂ ਬਾਹਿਆ, ਜੋ ਦਾਸਨ ਦਾਸ ਦੇ ਰਿਦੇ 'ਚ ਲੱਗਿਆ, ਦਾਸਨ ਦਾਸ, ਵਿਆਪਕ ਨਿਮ੍ਰਤਾ, ਵਿਆਪਕ ਹਲੀਮੀ, ਵਿਆਪਕ ਗ਼ਰੀਬੀ ਸਹਿਨਸ਼ੀਲਤਾ, ਰੂਪ (ਭੁਇ)ਧਰਤੀ 'ਚ ਮਿਲ ਗਿਆ, ਦਾਸਨ ਦਾਸ ਦੇ (ਕਲੇਜੇ)ਹਿਰਦੇ 'ਚ, ਪ੍ਰੇਮ ਰੂਪੀ ਛੇਕੁ (ਪਰਿਆ)ਪੈ ਗਿਆ॥੧੫੭॥ ਯਥਾ:- ਕਬੀਰ. ਮਾਰੇ ਬਹੁਤੁ ਪੁਕਾਰਿਆ; ਪੀਰ ਪੁਕਾਰੈ ਅਉਰ॥ ਲਾਗੀ ਚੋਟ ਮਰੰਮ ਕੀ; ਰਹਿਓ ਕਬੀਰਾ ਠਉਰ॥੧੮੨॥) ਕਬੀਰ. ਗੂੰਗਾ ਹੂਆ ਬਾਵਰਾ; ਬਹਰਾ ਹੂਆ ਕਾਨ॥ ਪਾਵਹੁ ਤੇ. ਪਿੰਗੁਲ ਭਇਆ; ਮਾਰਿਆ ਸਤਿਗੁਰ ਬਾਨ॥੧੯੩॥) ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ ਕਰੇਜੇ ਛੇਕੁ॥੧੯੪॥

ਕਬੀਰ. ਸਾਚਾ ਸਤਿਗੁਰੁ. ਕਿਆ ਕਰੈ; ਜਉ. ਸਿਖਾ ਮਹਿ ਚੂਕ॥ ਅੰਧੇ. ਏਕ ਨ ਲਾਗਈ; ਜਿਉ. ਬਾਂਸੁ ਬਜਾਈਐ ਫੂਕ॥੧੫੮॥ ਵਾਹਿਗੁਰੂ ਜੀ ਦੇ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹਰਖ ਅਨੰਤ; ਸੋਗ ਨਹੀ ਬੀਆ॥ ਸੋ ਘਰੁ; ਗੁਰਿ ਨਾਨਕ ਕਉ ਦੀਆ॥) ਜਾ ਕਉ. ਹਰਿ ਰੰਗੁ ਲਾਗੋ ਇਸੁ ਜੁਗ ਮਹਿ; ਸੋ ਕਹੀਅਤ ਹੈ ਸੂਰਾ॥ ਪੰਜਾਂ ਵਿਕਾਰਾਂ ਨੂੰ ਜਿੱਤਣ ਵਾਲੇ ਪੂਰੇ ਸਤਿਗੁਰੂ ਮਹਾਰਾਜ ਸਾਹਿਬ ਜੀ, ਨਿਰਗੁਨ ਬ੍ਰਹਮ ਦੇ ਸਰਗੁਨ ਅਵਤਾਰ, ਪ੍ਰੇਮਾ ਭਗਤੀ ਦੇ ਦਾਤੇ ਖਿਮਾ ਨਿਧਾਨ, (ਸਾਚਾ)ਸੱਚੇ ਸਤਿਗੁਰੁ ਸਾਹਿਬ ਜੀ (ਕਿਆ)ਕੀ (ਕਰੈ)ਕਰਨ? (ਜਉ)ਜਦੋਂ ਸਿਖਾ (ਮਹਿ)'ਚ, ਸ਼ੁਭ ਸੱਚਾ ਉਪਦੇਸ਼ ਮੰਨਣ ਕਮਾਉਣ 'ਚ, ਭੁੱਲ (ਚੂਕ)ਚੁੱਕ ਹੋਵੇ, ਮਹਾਰਾਜ ਸਾਹਿਬ ਜੀ ਤੋਂ ਬੇਮੁਖ ਹੋ ਜਾਣ। ਹੰਕਾਰ ਕਰਕੇ (ਅੰਧੇ)ਅੰਨੇ ਅਗਿਆਨੀ ਜ਼ਾਲਮ ਨੂੰ, (ਏਕ)ਇੱਕ ਭੀ ਗੁਰਉਪਦੇਸ਼ (ਨ)ਨਹੀਂ (ਲਾਗਈ)ਲੱਗਦਾ। (ਜਿਉ)ਜਿਵੇਂ ਬਾਂਸੁ 'ਚ ਫੂਕ (ਬਜਾਈਐ)ਮਾਰੀਦੀ ਹੈ, ਬਾਂਸ ਖੋਖਲਾ ਹੋਣ ਕਰਕੇ, ਇੱਕ ਪਾਸੇ ਫ਼ੂਕ ਮਾਰੋ, ਦੂਜੇ ਪਾਸੇ ਬਾਹਰ ਨਿਕਲ ਜਾਂਦੀ ਹੈ। ਇਧਰਲੇ ਕੰਨ ਮਹਾਰਾਜ ਸਾਹਿਬ ਬਚਨ ਸੁਣਾਉਣ, ਦੂਜੇ ਕੰਨ ਕੱਢ ਦਿਤੇ। ਸੁਣੀ ਅਣ ਸੁਣੀ ਕਰ ਦਿਤੀ। ਯਥਾ:- ਸਤਿਗੁਰ ਕਾ ਫੁਰਮਾਇਆ. ਮੰਨਿ ਨ ਸਕੀ; ਦੁਤਰੁ. ਤਰਿਆ ਨ ਜਾਇ॥) ਪੰਚਾਂ ਦਾ ਕਹਿਆ ਸਿਰ ਮੱਥੇ, ਪਨਾਲਾ ਓੱਥੇ ਦਾ ਓੱਥੇ। ਅਣਅਧਿਕਾਰੀਆਂ ਬਾਰੇ ਕਿਹਾ ਹੈ, ਸਾਵਧਾਨਤਾ ਨਾਲ ਪੂਰੇ ਸਤਿਗੁਰੂ ਸਾਹਿਬ ਜੀ ਦਾ ਸ਼ੁਭ ਸੱਚਾ ਉਪਦੇਸ਼ ਪਿਆਰੇ ਦਇਆ ਸਿੰਘ ਸਾਹਿਬ, ਧਰਮ ਸਿੰਘ ਸਾਹਿਬ ਜੀ, ਬਾਬੇ ਮਨੀ ਸਿੰਘ ਸਾਹਿਬ ਜੀ ਵਰਗੇ ਸੂਰਵੀਰ ਬਹਾਦਰ ਯੋਧਿਆਂ ਵਾਂਗ ਮੰਨਣਾ ਪੂਜਣਾ ਨਮਸਕਾਰਨਾ ਚਾਹੀਦਾ ਹੈ। ਦ੍ਰਿਸ਼ਟਾਂਤ:- ਜਿਵੇਂ ਲਲਾਰੀ ਨੂੰ ਬਸਤ੍ਰ ਦਿਤੇ ਬਿਨਾ, ਰੰਗਿਆ ਨਹੀਂ ਜਾਂਦਾ। ਜੇ ਕਿਸੇ ਦੇ ਸਿਰ 'ਤੇ ਪੱਗ ਬੰਨ੍ਹੀ ਹੋਵੇ, ਲਿਲਾਰੀ ਨੂੰ ਕਹੇ,"ਮੇਰੀ ਪੱਗ ਰੰਗ। ਉਹ ਕਹੇ, "ਪੱਗ ਲਾਹ ਕੇ ਦੇ" ਕਹੇ, "ਲਾਹ ਕੇ ਨਹੀਂ ਦੇਣੀ"। ਇਉਂ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਪਾਸ ਸਾਧਸੰਗਤ ਰੂਪ ਮੱਟੀ ਹੈ, ਸਤਿਗੁਰੂ ਸਾਹਿਬ ਜੀ ਆਪ ਹੀ ਨਾਮ 'ਚ ਰੋਮ ਰੋਮ ਕਰਕੇ ਰੰਗੇ ਲਲਾਰੀ ਹਨ, ਪ੍ਰੇਮ ਰੂਪ ਜਲ ਹੈ, ਨਾਮ ਰੂਪ ਰੰਗ ਹੈ, ਜੇਕਰ ਸਿੱਖ ਆਪਣਾ ਤਨ ਮਨ ਧਨ ਗੁਰੂ ਪ੍ਰਮੇਸਰ ਜੀ ਨੂੰ ਅਰਪਦਾ ਹੈ, ਤਾਂ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਇਸ ਨੂੰ ਨਾਮ ਰੰਗ ਚਾੜ੍ਹ ਕੇ ਨਿਹਾਲ ਕਰ ਦਿੰਦੇ ਹਨ। ਪਰ ਜੇ ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਤਨ ਮਨ ਧਨ ਸਿਰ ਨਹੀਂ ਅਰਪਦਾ ਤਾਂ ਇਉਂ

Sri Satguru Jagjit Singh Ji eLibrary NamdhariElibrary@gmail.com

ਸਮਝੋ:- ਕਬੀਰ. ਸਾਚਾ ਸਤਿਗੁਰੁ, ਕਿਆ ਕਰੈ; ਜਉ ਸਿਖਾ ਮਹਿ ਚੂਕ॥) ਸਤਿਗੁਰ ਸੱਚਾ ਕਿਆ ਕਰੇ; ਸਿਖ ਦੇ ਨਾ ਭੇਤ।)

ਕਬੀਰ. ਹੈ ਗੈ ਬਾਹਨ ਸਘਨ ਘਨ; ਛਤ੍ਰਪਤੀ ਕੀ ਨਾਰਿ॥ ਤਾਸੁ ਪਟੰਤਰ ਨ ਪੁਜੈ; ਹਰਿ ਜਨ ਕੀ ਪਨਿਹਾਰਿ॥੧੫੯॥ {ਬਹੁਤ ਪਿਆਰੀ ਘਣੀ ਡੂੰਘੀ ਪ੍ਰੀਤ ਨਾਲ ਵਾਹਿਗੁਰੂ ਜੀ ਦੇ ਪਿਆਰਿਆਂ ਦੀ ਸ਼ੁਭ ਸੱਚੀ ਸੇਵਾ ਦੀ ਮਹਾਂ ਵਿਸਮਾਦ ਮਹਾਨਤਾ ਦੱਸ ਰਹੇ ਹਨ। ਚੱਕ੍ਰਵਰਤੀ ਬਾਦਸ਼ਾਹੀਆਂ ਸਾਰੇ ਸੁਖ ਪ੍ਰਾਪਤ ਹੋਣ, ਪਰ ਜੇ ਇਨ੍ਹਾਂ ਸੁਖਾਂ ਨੂੰ ਪ੍ਰਾਪਤ ਹੋ ਕੇ, ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਸਿਮਰਨ ਭੁੱਲਿਆ ਹੈ, ਐਸੇ ਸੁਖ ਨਾਲੋਂ ਤਾਂ ਭਿੱਖਿਆ ਮੰਗ ਕੇ ਖਾਣੀ, ਖ਼ਰੀ ਤੋਂ ਖ਼ਰੀ ਚੰਗੀ ਹੈ, ਜੇਕਰ ਵਾਹਿਗੁਰੂ ਜੀ ਦਾ ਸਿਮਰਨ ਕਰਦਿਆਂ ਜ਼ਿੰਦਗੀ ਬਿਤੀਤ ਹੋਵੇ। ਇਸ ਦੇ ਨਾਲ ਸਾਰਿਆਂ ਨੂੰ ਹੀ ਸੁਖ ਹੁੰਦਾ, ਜਿਹੜਾ ਭੀ ਜੀਵ. ਮਾਤ ਲੋਕ 'ਚ ਆਇਆ ਹੈ, ਉਹ ਆਪਣਾ ਜਨਮ, ਸਿਮਰਨ ਬਿਨਾ ਵਿਅਰਥ ਨ ਗੁਆਵੇ। ਸੰਸਾਰ 'ਚ ਉਲਝੇ ਜੀਵ ਦੀ ਰੱਛਿਆ ਰਿਆਇਤ ਪੱਖ ਕਰ ਰਹੇ ਹਨ। ਯਥਾ:- ਅੰਗੀਕਾਰੁ. ਓਹੁ ਕਰੇ ਤੇਰਾ; ਕਾਰਜ ਸਭਿ ਸਵਾਰਣਾ॥) ਜਹਾਂ ਜਹਾਂ ਖ਼ਾਲਸਾ ਜੀ ਸਾਹਿਬ; ਤਹਾਂ ਤਹਾਂ ਰੱਛਿਆ ਰਿਆਇਤ॥ ਮਹਾਰਾਜ ਸਾਹਿਬ ਜੀ ਦਾ ਸਿਮਰਨ ਕਰਕੇ, ਨਿਹਾਲ ਹੋਵੇ, ਚਉਰਾਸੀ ਲੱਖ ਜੂਨ, ਜਮਾ ਦੀ ਚੋਟ ਤੋਂ ਸੁਤੰਤ੍ਰ ਕਰ ਰਹੇ ਹਨ। ਵਿਸ਼ੇ ਪਾਪਾਂ 'ਚ ਲੱਗ ਕੇ, ਪਾਪੀ. ਸਿਮਰਨ ਛੱਡ ਦਿੰਦਾ ਹੈ। ਵਾਹਿਗੁਰੂ ਜੀ ਦੇ ਜਨ ਜੀ, ਭਜਨ ਕਰਦੇ ਹਨ, ਪਾਣੀ ਭਰਨ ਵਾਲੀ ਉਨ੍ਹਾਂ ਦੀ ਸੇਵਾ ਕਰਦੀ ਹੈ, ਹਰਿ ਜਨ ਦੀ ਪਨਿਹਾਰ ਸੇਵਾ ਸਿਮਰਨ ਕਰਕੇ ਤ੍ਰਿਪਤ ਹੋ ਰਹੀ ਹੈ। ਯਥਾ:- ਹਰਿ ਜਨ ਕੀ ਸੇਵਾ ਜੋ ਕਰੇ; ਇਤ ਊਤਹਿ ਛੂਟੈ॥੪॥ ਪਟਰਾਣੀ ਵਿਕਾਰਾਂ 'ਚ ਖੱਚਤ ਹਾਰ ਸ਼ਿੰਗਾਰ 'ਚ ਲੱਗੀ ਹੈ} ਪੂਰਨ ਬ੍ਰਹਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਅਮੋਲਕ ਬਚਨ ਫ਼ੁਰਮਾਉਂਦੇ ਹਨ:- ਚੱਕ੍ਰਵਰਤੀ ਬਾਦਸ਼ਾਹ ਹੋਵੇ, ਜਿਸ ਕੋਲ (ਘਨ)ਬਹੁਤ (ਸਘਨ)ਜ਼ਿਆਦਾ (ਹੈ)ਘੋੜੇ (ਗੈ)ਹਾਥੀਆਂ ਦੀ ਫ਼ੌਜ, (ਬਾਹਨ)ਅਸਵਾਰੀਆਂ ਹੋਣ। ਐਸੇ (ਛਤ੍ਰਪਤੀ)ਛਤ੍ਰਾਂ ਦੇ ਪਤੀ (ਕੀ)ਦੀ (ਨਾਰਿ)ਪਟਰਾਣੀ, (ਤਾਸੁ)ਤਿਸ ਦਾਸੀ ਦੇ (ਪਟੰਤਰ)ਬਰਾਬਰ, (ਨ)ਨਹੀਂ (ਪੁਜੈ)ਪੁਜ ਸਕਦੀ, ਜੋ (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਅਜਪਾ ਜਾਪ ਵਾਹਿਗੁਰੂ ਜੀ ਦੇ (ਜਨ)ਪਿਆਰੇ ਭਗਤ ਜੀ (ਕੀ)ਦੀ (ਪਨਿਹਾਰਿ)ਪਾਣੀ ਭਰਨ ਵਾਲੀ ਹੈ॥੧੫੯॥ ਯਥਾ:- ਜਾ ਦਿਨ ਜਗਤ ਮਾਨ, ਟਹਿਲ ਕਹੀ ਰਸਾਇ; ਗਿਆਨ ਧਿਆਨ ਕੋਟਿ ਜੋਗ ਜਗ ਨ ਸਮਾਨ ਹੈ॥ ਜਿਸ ਦਿਨ ਜਗਤ ਦੇ ਮਾਨਨੀਯ ਪ੍ਰਭੂ ਜੀ ਨੇ, (ਰਸਾਇ)ਪ੍ਰੇਮ 'ਚ ਰਸ ਕੇ, ਪਰਮ- ਪ੍ਰਸੰਨ ਹੋ ਕੇ, ਸੇਵਾ ਟਹਿਲ ਕਰਨੀ ਫ਼ੁਰਮਾਈ, ਉਸ ਸੁਭਾਗੇ ਦਿਨ ਦੇ ਬਰਾਬਰ, ਕ੍ਰੋੜਾਂ ਦੁਨਿਆਵੀ ਗਿਆਨ ਧਿਆਨ ਜੋਗ ਜੱਗ ਰਾਜ ਆਦਿ ਨਹੀਂ ਹਨ। ਜਾ ਦਿਨ ਭਈ ਪਨਿਹਾਰੀ, ਜਗਨ ਨਾਥ ਜੀ ਕੀ; ਤਾ ਸਮ ਨ ਛਤ੍ਰਧਾਰੀ ਕੋਟਿਨ ਕੋਟਾਨ ਹੈ॥ ਜਿਸ ਦਿਨ ਜਗਤ ਦੇ ਮਾਲਕ ਪ੍ਰਭੂ ਜੀ ਦੀ ਪਾਣੀ ਭਰਨ ਵਾਲੀ ਸੇਵਾ ਪ੍ਰਾਪਤ ਹੋਈ, ਉਸ ਦਿਨ ਦੇ ਸੁਖ ਤੁਲ ਕਰੋੜਾਨ ਕਰੋੜ ਛਤ੍ਰਪਤੀ ਰਾਜ ਵੀ ਨਹੀਂ ਹੋ ਸਕਦੇ। {ਜਲ ਢੋਇਓ, ਸਤਿਗੁਰ ਕੇ ਦੁਆਰੇ। ਇਹ ਬਿਧ, ਪਾਇਓ ਮੋਖ ਦੁਆਰੇ। ਸਤਿਗੁਰੂ ਅਮਰਦਾਸ ਜੀ ਨੇ ਦੂਜੇ ਪਾਤਿਸਾਹ ਜੀ ਦੇ ਚਰਨਾਂ 'ਚ ਬਾਰਾਂ ਸਾਲ ਜਲ ਢੋਣ ਦੀ ਸੇਵਾ ਕੀਤੀ ਸੀ।} ਜਾ ਦਿਨ ਪਿਸਨਹਾਰੀ ਭਈ. ਜਗਜੀਵਨ ਕੀ; ਅਰਥ ਧਰਮ ਕਾਮ ਮੋਖ ਦਾਸਨ ਦਾਸਾਨ ਹੈ॥ ਜਿਸ ਦਿਨ ਜਗਤ ਦੇ ਜੀਵਨ ਪ੍ਰਭੂ ਜੀ ਦੇ ਦਰ ਤੇ ਦਾਣੇ ਪੀਹਣਹਾਰੀ ਹੋਣ ਦੀ ਸੇਵਾ ਪ੍ਰਾਪਤ ਹੋ ਗਈ ਤਾਂ ਚਾਰੇ ਪਦਾਰਥ (ਧਰਮ ਅਰਥ ਕਾਮ ਮੋਖ) ਦਾਸਾਂ ਦੇ ਦਾਸ ਹੋ ਗਏ, ਭਾਵ ਪ੍ਰਾਪਤ ਹੋ ਗਏ। ਛਿਰਕਾਰੀ ਪਨਿਹਾਰੀ ਪੀਸਨਹਾਰੀ ਕੋ ਜੋ ਸੁਖ ਪ੍ਰੇਮਨੀ ਪਿਆਰੀ ਕੋ ਅਕਥ ਉਨਮਾਨ ਹੈ॥ ਵਾਹਿਗੁਰੂ ਜੀ ਦੀ ਪਿਆਰੀ (ਪ੍ਰੇਮਨੀ)ਪ੍ਰੇਮਣ ਨੂੰ ਛਿੜਕਾਉ ਕਰਨ, ਪਾਣੀ ਭਰਨ ਅਤੇ ਦਾਣੇ

Sri Satguru Jagjit Singh Ji eLibrary NamdhariElibrary@gmail.com

ਪੀਹਣ ਵਾਲੀ ਦੀ ਵਡਿਆਈ ਪ੍ਰਾਪਤ ਹੋ ਗਈ, ਉਸ ਦੇ ਸੁਖ ਦਾ (ਉਨਮਾਨ)ਅੰਦਾਜਾ ਲਾਉਣਾ ਵੀ ਕਹਿਣ ਕਥਨ ਤੋਂ ਪਰੇ ਹੈ।}

ਕਬੀਰ. ਨ੍ਰਿਪ ਨਾਰੀ, ਕਿਉ ਨਿੰਦੀਐ; ਕਿਉ. ਹਰਿ ਚੇਰੀ ਕੌ ਮਾਨੁ॥ ਓਹੁ ਮਾਂਗ ਸਵਾਰੈ ਬਿਖੈ ਕਉ; ਓਹੁ ਸਿਮਰੈ ਹਰਿ ਨਾਮੁ॥੧੬੦॥ ਸ੍ਰੀ ਕਬੀਰ ਸਾਹਿਬ ਜੀ ਪਰਮ ਮਨੋਹਰ ਅਮੋਲਕ ਬਚਨ ਫ਼ੁਰਮਾਉਂਦੇ ਹਨ:- (ਨ੍ਰਿਪ)ਰਾਜੇ ਦੀ (ਨਾਰੀ)ਪਟਰਾਣੀ, ਕਿਉ (ਨਿੰਦੀਐ)ਨਿੰਦੀ ਜਾਂਦੀ ਹੈ? (ਹਰਿ)ਵਾਹਿਗੁਰੂ ਜੀ ਦੇ ਜਨਾਂ ਦੀ (ਚੇਰੀ)ਦਾਸੀ (ਕਉ)ਨੂੰ, ਕਿਉ ਇਨਾ ਆਦਰ ਮਾਨੁ ਦਿਤਾ ਜਾਂਦਾ ਹੈ? ਓਹ ਪਟਰਾਣੀ, (ਬਿਖੈ)ਵਿਸ਼ੇ ਪ੍ਰਾਪਤੀ (ਕਉ)ਲਈ, (ਮਾਂਗ)ਚੀਰ (ਸਵਾਰੈ)ਸਵਾਰਦੀ ਹੈ। ਰੰਗਾਂ ੨ ਦੀਆਂ ਸੁਗੰਧੀਆਂ ਹੀਰੇ ਜਵਾਹਰਾਤ ਪਾ ਕੇ ਸ਼ਿੰਗਾਰ ਲਾਉਂਦੀ ਹੈ, ਪਤੀ ਰਾਜੇ ਨੂੰ ਪ੍ਰਸੰਨ ਕਰਨ ਲਈ। ਪਰ ਪਤੀ ਹਰੀ ਜੀ ਦੇ ਭਗਤਾਂ ਦੀ ਸਤਿਸੰਗ ਸੇਵਾ ਕਰਨ ਵਾਲੀ (ਓਹ)ਦਾਸਨ ਦਾਸੀ, ਰੁੱਖਾ ਮਿੱਸਾ ਖਾ ਕੇ, (ਹਰਿ)ਵਾਹਿਗੁਰੂ ਜੀ ਦੇ ਸੱਚੇ ਪਰਮਪਵਿੱਤ੍ਰ ਨਾਮੁ ਜੀ ਨੂੰ ਹਰ ਵੇਲੇ (ਸਿਮਰੈ)ਯਾਦ ਕਰਦੀ ਹੈ, ਅਪਣੇ ਪ੍ਰਾਣਾਂ ਤੋਂ ਪਿਆਰੇ ਪਤੀ ਅਕਾਲ ਪੁਰਖੁ ਜੀ ਨੂੰ ਪ੍ਰਸੰਨ ਕਰਨ ਲਈ, ਹੰਕਾਰ ਵਿਕਾਰ ਔਗੁਣ ਕੁਸੰਗ ਤਿਆਗ ਕੇ, ਸੇਵਾ ਸਿਮਰਨ ਕਰਦੀ ਹੈ। ਇਹ ਸ਼ੁਭ ਅਮੋਲਕ ਹੁਕਮ ਕਮਾਉਂਦੀ ਹੈ। ਯਥਾ:- ਹੋਇ ਨਿਮਾਣੀ. ਸੇਵ ਕਮਾਵਹਿ; ਤਾ ਪ੍ਰੀਤਮ ਹੋਵਹਿ ਮਨਿ ਪਿਆਰੀ॥੧॥ ॥੧੬੦॥

ਕਬੀਰ. ਥੂਨੀ ਪਾਈ ਥਿਤਿ ਭਈ; ਸਤਿਗੁਰ ਬੰਧੀ ਧੀਰ॥ ਕਬੀਰ. ਹੀਰਾ ਬਨਜਿਆ; ਮਾਨਸਰੋਵਰ ਤੀਰ॥੧੬੧॥ ਸ੍ਰੀ ਕਬੀਰ ਸਾਹਿਬ ਜੀ ਸ਼ੁੱਭ ਅਮੋਲਕ ਬਚਨ ਫ਼ੁਰਮਾਉਂਦੇ ਹਨ:- ਦਾਸਨ ਦਾਸ ਗ਼ਰੀਬ ਦੀ ਬ੍ਰਿਤੀ ਬੁੱਧੀ ਵਿਸ਼ਿਆਂ ਵਿਕਾਰਾਂ ਔਗੁਣਾਂ ਦੋਸ਼ਾਂ 'ਚ ਰੁੜ੍ ਰਹੀ ਸੀ। ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਪੂਰਨ ਭਗਵਾਨ ਅਨਤਕਲਾਵਾਨ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਕ੍ਰਿਪਾ ਕਰਕੇ, ਗੁਰਮਤਿ ਸਿੱਖਿਆ, ਪ੍ਰੀਤੀ, ਗੁਰਬਾਣੀ, ਬ੍ਰਹਮਵਿੱਦਿਆ, ਸੱਚੀ ਵਿਆਪਕ ਸਰਨ, ਗੁਰੂ ਪ੍ਰੇਮਾ- ਭਗਤੀ, ਸ਼ਾਂਤੀ ਖਿਮਾ ਆਦਿ ਅਨੰਤ ਸ਼ੁਭ ਗੁਣਾਂ ਰੂਪੀ (ਥੂਨੀ)ਥੰਮ੍ਹੀ ਪਾਈ, ਗੁਰੂ ਚਰਨ- ਕਮਲਾਂ 'ਚ ਬ੍ਰਿਤੀ ਬੁੱਧੀ (ਥਿਤਿ)ਇਸਥਿੱਤ (ਭਈ)ਹੋ ਗਈ। (ਸਤਿਗੁਰ)ਸਤਿਗੁਰਾਂ ਨੇ ਕ੍ਰਿਪਾ ਕਰਕੇ, ਮਹਾਂ ਵਿਸਮਾਦ (ਧੀਰ)ਧੀਰਜਤਾ (ਬੰਧੀ)ਬੰਨ੍ਹੀ। ਯਥਾ:- ਸਤਸੰਗਤਿ ਸਾਧ. ਪਾਈ ਵਡਭਾਗੀ; ਮਨੁ ਚਲਤੌ. ਭਇਓ ਅਰੂੜਾ॥)

ਕਬੀਰ. ਹੀਰਾ ਬਨਜਿਆ; ਮਾਨਸਰੋਵਰ ਤੀਰ॥੧੬੧॥ ਭਗਤ ਸ੍ਰੀ ਕਬੀਰ ਸਾਹਿਬ ਜੀ ਅਮੋਲਕ ਸੱਚੇ ਬਚਨ ਫ਼ੁਰਮਾਉਂਦੇ ਹਨ:- {ਹਰ ਪ੍ਰਾਣੀ ਦੇ ਅੰਦਰ ਬਾਹਰ ਵਿਆਪਕ ਮਹਾਰਾਜ ਸਾਹਿਬ ਜੀ, ਸਤਿ ਸੰਤੋਖ ਦਇਆ ਧਰਮ ਹਲੀਮੀ ਗਰੀਬੀ ਸ਼ਾਂਤੀ ਖਿਮਾ ਧੀਰਜ ਪ੍ਰੇਮ ਇਕਾਗ੍ਰਤਾ ਆਦਿ ਅਸੰਖ ਸ਼ੁਭ ਗੁਣਾਂ ਰੂਪੀ ਹੀਰਿਆਂ ਸਹਿਤ, ਮਾਨਸਰੋਵਰ ਹਨ। ਯਥਾ:- ਸਰਬ ਕਲਾ ਭਰਪੂਰ ਪ੍ਰਭ;) ਜਿਮੀ ਜਮਾਨ ਕੇ ਬਿਖੈ; ਸਮੱਸਤ ਏਕ ਜੋਤ ਹੈ॥ ਨ ਘਾਟ ਹੈ. ਨ ਬਾਢ ਹੈ; ਨ ਘਾਟ ਬਾਢ. ਹੋਤ ਹੈ॥} ਮਾਨਸਰੋਵਰ 'ਤੇ ਹੰਸ ਰਹਿੰਦੇ ਹਨ, ਉੱਚੋਂ ਹੀਰੇ ਚੁਗਦੇ ਹਨ। ਯਥਾ:- ਸਰਵਰ ਅੰਦਰਿ. ਹੀਰਾ ਮੋਤੀ; ਸੋ. ਹੰਸਾ ਕਾ ਖਾਣਾ॥) (ਮਾਨਸਰੋਵਰ)ਸਤਿਗੁਰੂ ਸਾਹਿਬ ਜੀ, ਸਤਿਸੰਗਤ ਜੀ ਦੇ (ਤੀਰ)ਪਾਸੋਂ, ਦਾਸਨ ਦਾਸ ਕਬੀਰ ਨੇ, ਐਸੋ ਹੀਰਾ; ਨਿਰਮਲ ਨਾਮ॥ ਹੀਰਾ ਨਾਮੁ, ਤਨ ਮਨ ਧਨ ਸਿਰ ਦੇ ਕੇ, (ਬਨਜਿਆ)ਖ੍ਰੀਦਿਆ ਹੈ॥੧੬੧॥ ਯਥਾ:- ਕੰਚਨ ਸਿਉ; ਪਾਈਐ ਨਹੀ ਤੋਲਿ॥ ਮਨੁ ਦੇ; ਰਾਮੁ ਲੀਆ ਹੈ ਮੋਲਿ॥ ਸਤਿਗੁਰੂ ਸਾਹਿਬ ਮਾਨਸਰੋਵਰ ਕੈਸੇ ਹਨ? ਸਰਗੁਨ ਸਰੂਪ 'ਚ ਗੁਰਤਾ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਹਨ।

ਕਬੀਰ. ਹਰਿ ਹੀਰਾ, ਜਨ ਜਉਹਰੀ; ਲੇ ਕੈ ਮਾਂਡੈ ਹਾਟ॥ ਜਬ ਹੀ ਪਾਈਅਹਿ ਪਾਰਖੂ; ਤਬ ਹੀਰਨ ਕੀ ਸਾਟ॥੧੬੨॥ ੧:- ਜਿਵੇਂ ਜੌਹਰੀ. ਅਮੋਲਕ ਹੀਰੇ ਦੀ ਪਰਖ ਕਰਕੇ, ਮੁੱਲ ਲੈ ਕੇ ਆਪਣੀ ਹੱਟੀ 'ਤੇ ਸਜਾਉਂਦਾ

Sri Satguru Jagjit Singh Ji eLibrary NamdhariElibrary@gmail.com

ਹੈ। ਹੱਟੀ ’ਤੇ, ਜਦ ਕੋਈ ਪਰਖ ਵਾਲਾ ਗਾਹਕ ਆ ਜਾਵੇ, ਤਾਂ ਉਸ ਦਾ ਮੁੱਲ ਮਿਲਦਾ ਹੈ। ਇਉਂ ਸਤਿਗੁਰੂ ਮਹਾਰਾਜ ਸਾਹਿਬ ਜੀ, ਸਾਧਸੰਗਤ ਰੂਪੀ ਹੱਟੀ ’ਤੇ, ਹਰੀ ਰੂਪੀ ਹੀਰਾ ਸਜਾਉਂਦੇ ਹਨ। ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ) ਸਰਬ ਕਲਾ ਭਰਪੂਰ ਪ੍ਰਭ; ਅਨਤ ਗੁਣਾਂ ਦੇ ਅਸੰਖ ਪ੍ਰਕਾਸ਼ ਅਜਪਾ ਜਾਪ ਨਿਰਗੁਨ ਬ੍ਰਹਮ ਜੀ, ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਹੀਰਾ ਰੂਪ ਹਨ। ਜਿਵੇਂ ਹੀਰਾ ਹਨੇਰੇ ’ਚ ਪ੍ਰਕਾਸ਼ਦਾ ਹੈ, ਵਾਹਿਗੁਰੂ ਹੀਰਾ ਜੀ, ਔਗੁਣਾਂ ਪਾਪਾਂ ਵਿਕਾਰਾਂ ਜ਼ੋਰ ਜ਼ੁਲਮ ਦੇ ਹਨ੍ਹੇਰੇ ’ਚ, ਸਭ ਦੀ ਚਰਨ- ਧੂੜਿ ਬਨਣ ਰੂਪ ਬ੍ਰਹਮਗਿਆਨ ਦਾ ਪ੍ਰਕਾਸ਼ ਕਰਦੇ ਹਨ। ਧੰਨੁ ਧੰਨੁ; ਧੰਨੁ ਜਨੁ ਆਇਆ॥ ਜਿਸੁ ਪ੍ਰਸਾਦਿ; ਸਭੁ ਜਗਤੁ ਤਰਾਇਆ॥) ਹਰਿ ਕੇ ਜਨ ਸਤਿਗੁਰ ਸਤਪੁਰਖਾ; ਬਿਨਉ ਕਰਉ ਗੁਰ ਪਾਸਿ॥ ਅਨੁਸਾਰ (ਜਨ)ਸਤਿਗੁਰੂ ਸਹਿਬ ਜੀ, ਹਰੀ ਜੀ ਹੀਰੇ ਨੂੰ ਪਰਖਣ ਵਾਲੇ ਜਉਹਰੀ ਹਨ। ਮਹਾਰਾਜ ਸਾਹਿਬ ਜੀ, ਅਕਾਲ ਪੁਰਖ ਜੀ ਨੂੰ, ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥ ਅਨੁਸਾਰ, ਤਨ ਮਨ ਧਨ ਸਭ ਕੁੱਝ ਅਰਪ ਕੇ, ਹਰਿ ਹੀਰਾ ਜੀ, ਨੂੰ ਅਕਾਲ ਪੁਰਖ ਜੀ ਤੋਂ (ਲੇ)ਲੈ (ਕੈ)ਕੇ, ਸਾਧਸੰਗਤ ਰੂਪੀ (ਹਾਟ)ਹੱਟੀ ਤੇ (ਮਾਂਡੈ)ਸਜਾਉਂਦੇ ਹਨ। ਯਥਾ:- ਤਨੁ ਮਨੁ ਦੀਜੈ ਸਜਣਾ; ਐਸਾ ਹਸਣੁ ਸਾਰੁ॥

ਜਬ ਹੀ ਪਾਈਅਹਿ ਪਾਰਖੂ; ਤਬ ਹੀਰਨ ਕੀ ਸਾਟ॥੧੬੨॥੧:- (ਜਬ) ਜਦੋਂ ਹਰੀ ਜੀ ਹੀਰੇ ਦੇ ਪਾਰਖੂ ਗੁਰਸਿੱਖ (ਪਾਈਅਹਿ)ਪਾਈਦੇ ਹਨ। (ਤਬ)ਤਦੋਂ (ਹੀਰਨ)ਹੀਰਿਆਂ (ਕੀ)ਦਾ (ਸਾਟ)ਵੱਟਾ ਮੁੱਲ ਮਿਲਦਾ ਹੈ॥੧੬੨॥ ਜਿਵੇਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਮਹਾਰਾਜ ਉਬਲਦੀ ਦੇਗ ’ਚ ਬੈਠੇ ਨੌਵੇਂ ਪਾਤਿਸ਼ਾਹ ਜੀ ਨੇ ਸੀਸ ਕੁਰਬਾਨ ਕੀਤਾ। ਦਸਵੇਂ ਪਾਤਿਸ਼ਾਹ ਜੀ ਨੇ ਬੇਅੰਤ ਕੁਰਬਾਨੀਆਂ ਕੀਤੀਆਂ। ਸਤਿਗੁਰੂ ਮਹਾਰਾਜ ਸਾਹਿਬ ਜੀ ਅਨੇਕਾਂ ਕੁਰਬਾਨੀਆਂ ਵੱਟੇ, ਹਰਿ ਹੀਰਾ, ਅਕਾਲ ਪੁਰਖ ਜੀ ਤੋਂ ਲੈ ਕੇ, ਸਾਧਸੰਗਤ ਰੂਪੀ ਹੱਟੀ ਤੇ ਸਜਾਉਂਦੇ ਹਨ। ਜਬ ਹੀ ਪਾਈਅਹਿ ਪਾਰਖੂ; ਜਦੋਂ ਨਾਮ ਹੀਰੇ ਨੂੰ ਪਰਖਣ ਵਾਲੇ ਗੁਰਸਿੱਖ ਪਾਰਖੂ, ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥ ਅਨੁਸਾਰ ਸਤਿਗੁਰਾਂ ਦੇ ਚਰਨਾਂ ’ਚ ਆਉਂਦੇ ਹਨ। ਤਬ ਹੀਰਨ ਕੀ ਸਾਟ॥੧੬੨॥ (ਤਬ)ਤਦੋਂ (ਹੀਰਨ)ਹੀਰਿਆਂ (ਕੀ)ਦਾ (ਸਾਟ)ਮੁੱਲ ਮਿਲਦਾ ਹੈ। ਯਥਾ:- ਮਾਤਰ ਪਿਤਰ ਤਿਆਗਿ ਕੈ; ਮਨੁ ਸੰਤਨ ਪਾਹਿ ਬੇਚਾਇਓ॥) ਤਨੁ ਮਨੁ ਧਨੁ ਸਭੁ, ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥) ਨਾਨਕ. ਸੇਵਕੁ ਸੋਈ ਆਖੀਐ; ਜੋ. ਸਿਰੁ ਧਰੇ ਉਤਾਰਿ॥ ਸਤਿਗੁਰੂ ਸਾਹਿਬ ਜੀ ਨੇ ਸੀਸ ਮੰਗੇ, ਪਿਆਰੇ ਦਇਆ ਸਿੰਘ ਜੀ ਨੇ ਕਿਹਾ, “ਮਹਾਰਾਜ ਲੱਖ ਸੀਸ ਹੁੰਦੇ, ਲੱਖ ਹੀ ਕੁਰਬਾਨ ਕਰ ਦਿੰਦਾ। ਇਹ ਸੀਸ ਆਪ ਜੀ ਦਾ ਹੀ ਹੈ। ਪੰਜ ਪਿਆਰੇ ਪੰਜ ਮੁਕਤੇ ਬੇਅੰਤ ਪ੍ਰੇਮੀਆਂ ਨੇ ਸੀਸ ਅਰਪੇ। ਸਾਢੇ ਸੱਤ ਮਹੀਨੇ ਅਨੰਦਗੜ੍ਹ ਕਿਲੇ ਦਾ ਘੇਰਾ, ਭੁਖ ਉਨੀਂਦਰਾ ਤ੍ਰੈਹ, ਵੈਰੀ ਨਾਲ ਜੰਗ, ਵੈਰੀ ਦਾ ਪੁਰਜਾ ੨ ਕੱਟ ਕੇ ਸ਼ਹੀਦ ਹੋਏ। ਇਹ ਹੈ ਸਤਿਗੁਰੂ ਜੌਹਰੀ ਆਪਣੇ ਸਾਧਸੰਗਤ ਰੂਪ ਹੱਟੀ ’ਤੇ ਹੀਰਾ ਸਜਾਉਂਦੇ ਹਨ। ਪਾਰਖੂ ਗੁਰਸਿੱਖ ਹੀਰੇ ਦਾ ਮੁੱਲ ਮੋੜ ਦਿੰਦੇ ਹਨ। ਨਾ ਤਾ ਸਤਿਗੁਰੂ ਸਾਹਿਬ ਵਾਂਗ, ਕਿਸੇ ਨੇ ਕੁਰਬਾਨੀ ਦਿਤੀ ਹੈ, ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ ਚਾਰ ਧਰਮਯੁੱਧ ਲੜੇ ਜਿੱਤੇ। ਸਭ ਤੋਂ ਮੂਹਰੇ ਹੋ ਕੇ ਮਹਾਰਾਜ ਸਾਹਿਬ ਜੰਗ ਲੜਦੇ। ਆਪਣੀ ਸਿੱਖੀ ਲਈ, ਧਰਮਯੁੱਧ ਲੜਦਾ, ਕੋਈ ਮੁਸਕਲ ਹੀ ਦੇਖਿਆ ਜਾਵੇਗਾ। ਮਹਾਰਾਜ ਸਾਹਿਬ ਜੀ ਨੇ ਵੱਡੀ ਤੋਂ ਵੱਡੀ ਘਾਲਣਾ ਘਾਲੀ। ਭਗਤ ਕਬੀਰ ਸਾਹਿਬ ਦਾ ਦ੍ਰਿਸਟਾਂਤ ਲਿਆ ਜਾਵੇ। ਹੋਇ ਬਿਰਕਤ ਬਨਾਰਸੀ; ਰਹਿੰਦਾ ਰਾਮਾਨੰਦ ਗੁਸਾਈ॥ ਅੰਮ੍ਰਿਤ ਵੇਲੇ ਉਠਕੇ ਜਾਂਦਾ ਗੰਗਾ ਨ੍ਹਾਵਣ ਤਾਈ॥ ਅਗੋਂ ਹੀ ਦੇ ਜਾਇਕੇ ਲੰਮਾ ਪਿਆ ਕਬੀਰ ਤਿਥਾਈ॥ ਪੈਰੀਂ ਟੁੰਬ ਉਠਾਲਿਆ ਬੋਲਹੁ ਰਾਮ ਸਿਖ ਸਮਝਾਈ॥ ਜਿਉਂ ਲੋਹਾ ਪਾਰਸ ਛੁਹੇ ਚੰਦਨ ਵਾਸ ਨਿੰਮ ਮਹਿਕਾਈ॥ ਪਸੂ

Sri Satguru Jagjit Singh Ji eLibrary NamdhariElibrary@gmail.com

ਪਰੇਤਹੁੰ ਦੇਵ ਕਰ; ਪੂਰੇ ਸਤਿਗੁਰ ਦੀ ਵਡਿਆਈ॥ ਅਚਰਜ ਨੋ ਅਚਰਜ ਮਿਲੈ ਵਿਸਮਾਦੇ ਵਿਸਮਾਦ ਮਿਲਾਈ॥ ਝਰਣਾ ਝਰਦਾ ਨਿਝਰਹੁੰ ਗੁਰਮੁਖ ਬਾਣੀ ਅਘੜ ਘੜਾਈ॥ ਰਾਮ ਕਬੀਰੈ ਭੇਦ ਨ ਭਾਈ॥੧੫॥ (ਵਾਰ ੧੦)
ਇਸ ਤਰ੍ਹਾਂ ਜੌਹਰੀ ਹੀਰੇ ਨੂੰ ਪ੍ਰਾਪਤ ਕਰਦੇ ਹਨ। ਗਾਹਕ ਹੀ ਮੁੱਲ ਦੇ ਸਕਦਾ ਹੈ। ਵਿਣੁ ਗਾਹਕ ਗੁਣੁ ਵੇਚੀਐ; ਤਉ ਗੁਣੁ ਸਹਘੋ ਜਾਇ॥ ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ॥ ਜਿਵੇਂ ਸ੍ਰੀ ਪਟਨੇ ਸਾਹਿਬ ਜੀ ਵਿਖੇ ਭਾਈ ਮਰਦਾਨਾ ਜੀ ਸਾਲਸ ਰਾਏ ਜੌਹਰੀ ਪਾਸ ਲਾਲ ਲੈ ਕੇ ਗਏ ਸੀ। ਉਸ ਨੇ ਸੌ ਰੁਪਿਆ ਦਰਸ਼ਨੀ ਭੇਟਾ ਦਿੱਤਾ। ਉਸ ਨੂੰ ਕੀਮਤੀ ਲਾਲ ਦੀ ਪਰਖ ਸੀ। ਇਸ ਤਰ੍ਹਾਂ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਤੋਂ ਹੀਰਾ ਪ੍ਰਾਪਤ ਕਰਨ ਵਾਲੇ ਪਾਰਖੂ ਗੁਰਸਿੱਖਾਂ ਨੇ ਜਿਵੇਂ ਬਾਬਾ ਮਨੀ ਸਿੰਘ ਜੀ ਨੇ ਬੰਦ ੨ ਕਟਵਾਏ ਅਤੇ ਕਹਿ ਰਹੇ ਹਨ। ਤਨ ਗੰਦਗੀ ਦੀ ਕੋਠੜੀ ਹਰਿ ਹੀਰਿਆਂ ਦੀ ਖਾਣ। ਜੇ ਸਿਰ ਦਿਤਿਆਂ ਹਰਿ ਮਿਲੇ ਤਾਂ ਭੀ ਸਸਤਾ ਜਾਣ। ਪਾਰਖੂਆਂ ਨੇ ਗੁਰੂ ਮਹਾਰਾਜ ਜੀ ਲਈ, ਧਰਮ ਲਈ ਖੋਪਰੇ ਲੁਹਾਏ, ਬਾਬਾ ਸੁਬੇਗ ਸਿੰਘ ਜੀ ਸ਼ਾਹਬਾਜ ਸਿੰਘ ਜੀ ਚਰਖੜੀ 'ਤੇ ਚੜੇ ਭਾਈ ਮਤੀਦਾਸ ਜੀ ਆਰੇ ਨਾਲ ਚੀਰੇ ਗਏ, ਭਾਈ ਦਿਆਲਾ ਜੀ ਦੇਗ 'ਚ ਉਬਾਲ਼ੇ ਗਏ, ਭਾਈ ਸਤੀਰਾਮ ਜੀ ਰੂੰ 'ਚ ਲਪੇਟ ਕੇ ਸਾੜੇ ਗਏ। ਬਾਬਾ ਦੀਪ ਸਿੰਘ ਸਾਹਿਬ ਜੀ ਤਲੀ 'ਤੇ ਸੀਸ ਰੱਖ ਕੇ ਲੜੇ। ਅਨੇਕਾਂ ਸ਼ਹੀਦ ਹੋਏ ਜਿਨਾਂ ਨੇ ਗੁਰਬਾਣੀ ਹੀਰੇ ਦਾ ਬਹੁਤ ਭਾਰੀ ਮੁੱਲ ਦਿਤਾ।

ਕਬੀਰ. ਹਰਿ ਹੀਰਾ, ਜਨ ਜਉਹਰੀ; ਲੇ ਕੈ ਮਾਂਡੈ ਹਾਟ॥ ਜਬ ਹੀ. ਪਾਈਅਹਿ ਪਾਰਖੂ; ਤਬ ਹੀਰਨ ਕੀ ਸਾਟ॥੧੬੨॥੨:- ਗੁਰਸਿਖ ਨਾਮ ਹਰੀ ਹੀਰੇ ਦੀ ਪਰਖ ਵਾਲੇ ਜੌਹਰੀ ਜਨ ਗੁਰਸਿੱਖ, ਤਨ ਮਨ ਧਨ ਸਿਰ ਸਾਰੀ ਜ਼ਿੰਦਗੀ ਸਤਿਗੁਰਾਂ ਨੂੰ ਅਰਪ ਕੇ, ਹਰੀ ਹੀਰਾ ਸਤਿਗੁਰੂ ਸਾਹਿਬ ਤੋਂ ਲੈ ਕੇ, ਸਾਧਸੰਗਤ ਰੂਪੀ ਹੱਟ 'ਤੇ (ਮਾਂਡੈ)ਸਜਦੇ ਹਨ। ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਗੁਰਤਾ ਸਿੰਘਾਸਣ 'ਤੇ ਬਿਰਾਜਦੇ ਹਨ। ਸੱਜੇ ਖੱਬੇ ਦੋ ਚੌਰਦਾਰ ਚੌਰ ਕਰਦੇ ਹਨ। ਕੂੜਿਆਰ. ਕੂੜਿਆਰੀ ਜਾਇ ਰਲੇ; ਸਚਿਆਰ ਸਿਖ. ਬੈਠੇ ਸਤਿਗੁਰ ਪਾਸਿ॥ ਅਨੁਸਾਰ ਸਿੱਖ, ਮਹਾਰਾਜ ਸਾਹਿਬ ਦੇ ਦਰਬਾਰ 'ਚ ਸਜ ਕੇ ਰੋਮ ੨ ਦੇ ਕੰਨਾਂ ਨਾਲ ਕਥਾ ਕੀਰਤਨ ਗੁਰੂ ਸਾਹਿਬ ਜੀ ਦੇ ਪਰਮਪਵਿੱਤ੍ਰ ਸੱਚੇ ਮੁਖਾਰਬਿੰਦ ਤੋਂ ਵਿਚਾਰ ਸੁਣਦੇ ਹਨ। ਗੁਰੂ ਪ੍ਰਮੇਸਰ ਜੀ ਦੇ ਚਿਹਰੇ ਦੇ ਦਰਸ਼ਨ ਕਰਕੇ ਇਕਾਗ੍ਰ ਹੋ ਜਾਂਦੇ ਹਨ। (ਜਬ)ਜਦੋਂ ਹੀ ਗੁਰਸਿੱਖ ਜੌਹਰੀ ਜਨ ਮਹਾਰਾਜ ਦੇ ਪਿਆਰੇ ਸੰਤ ਭਗਤ ਸ਼ਹੀਦ ਗੁਰਮੁਖਿ ਪਾਰਖੂ (ਪਾਈਅਹਿ)ਪਾਈਦੇ ਹਨ। (ਤਬ)ਤਦੋਂ (ਹੀਰਨ)ਹੀਰਿਆਂ (ਕੀ)ਦਾ (ਸਾਟ)ਮੁੱਲ ਮਿਲਦਾ ਹੈ। ਮਹਾਰਾਜ ਸਾਹਿਬ ਦੇ ਦਰਸ਼ਨ ਕਰਦਿਆਂ ੨ ਵਿਸਮਾਦ ਚਰਨਾਂ 'ਚ ਲੀਣ ਹੋ ਜਾਂਦੇ ਹਨ। ਯਥਾ:- ਅਵਿਲੋਕਉ; ਰਾਮ ਕੋ ਮੁਖਾਰਬਿੰਦ॥) ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥)

ਕਬੀਰ. ਕਾਮ ਪਰੇ, ਹਰਿ ਸਿਮਰੀਐ; ਐਸਾ ਸਿਮਰਹੁ ਨਿਤ॥ ਅਮਰਾ ਪੁਰ ਬਾਸਾ ਕਰਹੁ; ਹਰਿ. ਗਇਆ ਬਹੋਰੈ ਬਿਤ॥੧੬੩॥ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਵੇਂ ਮੁਕੱਦਮਾ ਔਖਾ (ਕਾਮ)ਕੰਮ (ਪਰੇ)ਪਇਆਂ, ਵਾਹਿਗੁਰੂ ਜੀ (ਸਿਮਰੀਐ)ਯਾਦ ਕਰੀਦੇ ਹਨ, (ਐਸਾ)ਇਸ ਤਰ੍ਹਾਂ ਨਿਤ ੨ ਹੀ ਐਸਾ (ਸਿਮਰਹੁ)ਸਿਮਰਨ ਕਰੋ ਜੀ। ਯਥਾ:- ਜਿਨੀ ਨਾਮੁ ਵਿਸਾਰਿਆ; ਸੇ ਹੋਤ ਦੇਖੇ ਖੇਹ॥ ਪੁਤ੍ਰ ਮਿਤ੍ਰ ਬਿਲਾਸ ਬਨਿਤਾ; ਤੂਟਤੇ ਏ ਨੇਹ॥੧॥) ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ ਹੋਤ; ਪਰਾਪਤਿ ਸੁਆਮੀ॥) ਕਰਮ ਕਰਤ; ਹੋਵੈ ਨਿਹਕਰਮ॥ ਤਿਸੁ ਬੈਸਨੋ ਕਾ; ਨਿਰਮਲ ਧਰਮ॥) ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ ਕਬਹੂੰ ਨ ਟਰੋ॥ ਨ ਡਰੋ. ਅਰਿ ਸੋ ਜਬ ਜਾਇ ਲਰੋ; ਨਿਸਚੈ ਕਰ ਆਪਨੀ ਜੀਤ ਕਰੋ॥ (ਸ੍ਰੀ ਦਸਮ ੯੯)

Sri Satguru Jagjit Singh Ji eLibrary NamdhariElibrary@gmail.com

ਅਮਰਾ ਪੁਰ ਬਾਸਾ ਕਰਹੁ; ਹਰਿ. ਗਇਆ ਬਹੋਰੈ ਬਿਤ॥੧੬੩॥ (ਅਮਰਾ)ਮਰਨ ਰਹਿਤ ਅਮਰ (ਪੁਰ)ਪੂਰਨ ਅਕਾਲ ਪੁਰਖ ਵਾਹਿਗੁਰੂ ਨਿਰਗੁਨ ਬ੍ਰਹਮ ਜੀ 'ਚ, ਬਾਸਾ ਕਰਹੁ ਜੀ। ਯਥਾ:- ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ, ਨਿੰਦਾ ਔਗੁਣਾਂ ਵਿਕਾਰਾਂ ਵਿਸ਼ੇ ਪਾਪਾਂ 'ਚ, ਗਇਆ ਗੁਆਚਿਆ, ਸ਼ੁਭ ਗੁਣਾਂ ਰੂਪੀ (ਬਿਤ)ਧਨ, (ਬਹੋਰੈ)ਮੋੜ ਦੇਣਗੇ, ਭਾਵ ਸ਼ੁਭ ਗੁਣ ਬਖ਼ਸ਼ਸ਼ ਦੇਣਗੇ॥੧੬੩॥

ਕਬੀਰ. ਸੇਵਾ ਕਉ, ਦੁਇ ਭਲੇ; ਏਕੁ ਸੰਤੁ, ਇਕੁ ਰਾਮੁ॥ ਰਾਮੁ ਜੁ ਦਾਤਾ ਮੁਕਤਿ ਕੋ; ਸੰਤੁ ਜਪਾਵੈ ਨਾਮੁ॥੧੬੪॥ ਅਸਚਰਜ ਵਿਸਮਾਦ ਰੰਗ 'ਚ ਰੰਗੇ ਭਗਤ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਦਾਸਨ ਦਾਸ ਵਾਹਿਗੁਰੂ ਅਕਾਲ ਪੁਰਖ ਨਿਰਗੁਨ ਸਰਗੁਨ ਜੀ ਦਾ ਉਪਾਸ਼ਕ ਹੈ। ਨਿਰਗੁਨ ਜੀ ਦੇ ਸਰਗੁਨ ਸਰੂਪ ਵਾਹਿਗੁਰੂ ਸਤਿਗੁਰੂ ਸਾਹਿਬ ਜੀ ਹਨ। ਨਿਰਗੁਨ ਸਰੂਪ ਦੇ ਸਰਗੁਨ ਸਰੂਪ (ਏਕੁ)ਇੱਕ (ਸੰਤੁ)ਸਤਿਗੁਰੂ ਸਾਹਿਬ ਜੀ ਅਤੇ ਇਕੁ (ਰਾਮੁ)ਨਿਰਗੁਨ ਬ੍ਰਹਮ ਜੀ ਸੇਵਾ (ਕਉ)ਨੂੰ (ਦੁਇ)ਦੋਵੇਂ (ਭਲੇ)ਚੰਗੇ ਹਨ। ਯਥਾ:- ਹਰਿ ਕੀ ਤੁਮ ਸੇਵਾ ਕਰਹੁ; ਦੂਜੀ ਸੇਵਾ. ਕਰਹੁ ਨ ਕੋਇ ਜੀ॥ ਹਰਿ ਕੀ ਸੇਵਾ ਤੇ, ਮਨਹੁ ਚਿੰਦਿਆ ਫਲੁ ਪਾਈਐ; ਦੂਜੀ ਸੇਵਾ, ਜਨਮੁ ਬਿਰਥਾ ਜਾਇ ਜੀ॥) ਰੇ ਮਨ. ਟਹਲ ਹਰਿ; ਸੁਖ ਸਾਰ॥ ਅਵਰ ਟਹਲਾ ਝੂਠੀਆ; ਨਿਤ ਕਰੈ ਜਮੁ ਸਿਰਿ ਮਾਰ॥) ਰਾਮੁ ਰੂਪ (ਸੰਤੁ)ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਵਾਹਿਗੁਰੂ ਨਾਮੁ (ਜਪਾਵੈ)ਜਪਾਉਂਦੇ ਹਨ। ਜਪਾ ਕੇ ਸਤਿਗੁਰੂ ਮਹਾਰਾਜ ਸਾਹਿਬ ਜੀ ਨਾਮੁ ਮੁਕਤਿ (ਕੋ)ਦੇ ਜੁ (ਦਾਤਾ)ਦਾਤੇ ਹਨ॥੧੬੪॥ ਯਥਾ:- ਸਤਿਗੁਰੁ ਦਾਤਾ ਰਾਮ ਨਾਮ ਕਾ; ਹੋਰੁ ਦਾਤਾ ਕੋਈ ਨਾਹੀ॥) ਆਪਿ ਮੁਕਤੁ; ਮੁਕਤੁ ਕਰੈ ਸੰਸਾਰੁ॥ ਨਾਨਕ. ਤਿਸੁ ਜਨ ਕਉ; ਸਦਾ ਨਮਸਕਾਰੁ॥

ਕਬੀਰ. ਜਿਹ ਮਾਰਗਿ ਪੰਡਿਤ ਗਏ; ਪਾਛੈ ਪਰੀ ਬਹੀਰ॥ ਇਕ ਅਵਘਟ ਘਾਟੀ ਰਾਮ ਕੀ; ਤਿਹ ਚੜਿ ਰਹਿਓ ਕਬੀਰ॥੧੬੫॥ ਵਾਹਿਗੁਰੂ ਜੀ ਦੇ ਸਰਗੁਨ ਅਵਤਾਰ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪੱਤ੍ਰੀ ਕੱਢ ਕੇ ਮਾਇਆ ਠੱਗਣ, ਝੂਠ ਕਪਟ ਨਿਉਂਦੇ ਸ਼ਰਾਧ ਖੋਏ ਪੇੜੇ ਦੱਛਣਾ, ਪੈਸੇ ਲੈ ਕੇ ਫੇਰੇ ਕਰਨ, ਤਾਗੇ ਤਵੀਤ ਟੂਣੇ ਮੰਤ੍ਰ ਪੜ੍ ਕੇ ਗਰੀਬ ਭੋਲੇ ਲੋਕਾਂ ਨੂੰ ਡਰਾ ਕੇ ਛਲਣ, ਆਪ ਕਰਮ ਕਾਂਡ ਕਰਨ ਕਰਾਉਣ, ਮੂਰਤੀ ਪੂਜਾ, ਰਾਜਮੇਧ, ਗੋਮੇਧ, ਅਸਵਮੇਧ ਜੱਗ ਕਰਨ ਕਰਾਉਣ ਦੇ (ਜਿਹ)ਜਿਸ, ਖੋਟੇ (ਮਾਰਗਿ)ਰਸਤੇ (ਪੰਡਿਤ)ਵਿੱਦਵਾਨ ਗਏ, ਉਨ੍ਹਾਂ ਦੇ (ਪਾਛੈ)ਪਿੱਛੇ, ਬਹੁਤੇ ਕਪਟੀਆਂ ਦੀ ਬਹੀਰ (ਪਰੀ)ਪੈ ਗਈ, ਭਾਵ ਇਸ ਦੇ ਮਗਰ ਹੋਰ ਭੀ ਬਹੁਤ ਪਖੰਡੀ ਦੁਨੀਆਂ ਨੂੰ ਛਲਣ ਲੱਗੇ। ਯਥਾ:- ਜਗਤ ਕੀ ਭੇਡਾ ਚਾਲ ਚਲਤੇ ਕੇ ਪਾਛੈ ਚਲੇ। ਪਰਮਾਰਥ ਨ ਸੰਭਾਲ, ਦੇਖੋ ਜਗ ਕੀ ਮੂੜ੍ਤਾ।) ਸਾਈ ਪੁਤ੍ਰੀ ਜਜਮਾਨ ਕੀ; ਸਾ ਤੇਰੀ. ਏਤੁ ਧਾਨਿ ਖਾਧੈ. ਤੇਰਾ ਜਨਮੁ ਗਇਆ॥) ਗਣਿ ਗਣਿ ਜੋਤਕੁ; ਕਾਂਡੀ ਕੀਨੀ॥ ਪੜੈ ਸੁਣਾਵੈ; ਤਤੁ. ਨ ਚੀਨੀ॥) ਰਾਹੂ ਕੇਤੂ ਦੋਇ ਬੈਲ ਹਮਾਰੇ ਸਾਝਸਤੀ ਹੈ ਖੇਤੀ। ਪੱਤ੍ਰੀ ਹਮਾਰੀ ਬੜੀ ਸ਼ਿਕਾਰਨ ਮਾਰ ਲਿਆਵੇ ਛੇਤੀ। ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਸਹੀ ਸੱਚੇ ਸਾਊ ਪੰਡਿਤ ਜੀ ਨੂੰ ਨਮਸਕਾਰ ਕਰ ਰਹੇ ਹਨ:- ਚਹੁ ਵਰਨਾ ਕਉ; ਦੇ ਉਪਦੇਸੁ॥ ਨਾਨਕ. ਉਸੁ ਪੰਡਿਤ ਕਉ; ਸਦਾ ਅਦੇਸੁ॥) ਕਹੁ ਕਬੀਰ; ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ; ਕਹੀਅਤੁ ਹੈ ਹਮਾਰੈ॥

ਇਕ ਅਵਘਟ ਘਾਟੀ ਰਾਮ ਕੀ; ਤਿਹ ਚੜਿ ਰਹਿਓ ਕਬੀਰ॥੧੬੫॥ ਇਕ ਜਿਹੜੇ, ਜਿਹ ਮਾਰਗਿ ਪੰਡਿਤ ਗਏ ਇਨ੍ਹਾਂ ਨੇ ਪ੍ਰਮਾਤਮਾ ਨੂੰ ਮਿਲਣਾ ਸੀ। ਪਰ ਇਹ, ਪਡੀਆ ਕਵਨ ਕੁਮਤਿ; ਤੁਮ ਲਾਗੇ॥ ਬੂਡਹੁਗੇ ਪਰਵਾਰ ਸਕਲ ਸਿਉ; ਰਾਮੁ. ਨ ਜਪਹੁ ਅਭਾਗੇ॥ ਪੂਜਾ ਦੇ ਧਾਨ ਝੂਠ ਲੋਭ 'ਚ ਡੁੱਬ ਗਏ। ਯਥਾ:- ਹਰਿ ਹਰਿ

Sri Satguru Jagjit Singh Ji eLibrary NamdhariElibrary@gmail.com

ਕਰਹਿ. ਨਿਤ ਕਪਟੁ ਕਮਾਵਹਿ; ਹਿਰਦਾ ਸੁਧੁ ਨ ਹੋਈ॥ ਰਾਮ ਜੀ (ਕੀ)ਦੀ ਪ੍ਰਾਪਤੀ ਦੇ ਰਸਤੇ 'ਚ, ਬੰਬ ਸੁੱਟ ਕੇ, ਨਿਰਦੋਸ਼ ਜੀਆਂ ਨੂੰ ਫੂਕਣ, ਚਾਹ ਕੌਫ਼ੀ ਬੀਅਰ ਸ਼ਰਾਬ ਮਾਸ ਡਰੱਗ ਬੀੜਾ ਗਾਲ਼ਾਂ ਚੋਰੀ ਯਾਰੀ ਰਸਨਾ ਇੰਦ੍ਰਿਆਂ ਦੇ ਸੁਆਦ, ਗਾੜ੍ਹੀ ਨੀਂਦ ਦੇ ਸੁਖ, ਫ਼ੈਸ਼ਨ ਆਪਣੀ ਵਡਿਆਈ ਆਪ ਕਰਨ ਕਰਾਉਣ, ਮਾਣ ਦੀ ਇੱਛਾ, ਸੁਆਦ ਦੇ ਵਸੀਕਾਰ ਹੋ ਕੇ ਹੋਰ ੨ ਛਕੀ ਜਾਣਾ, ਦੁਸ਼ਮਣ ਮਿੱਤ੍ਰ ਦੁੱਖ ਸੁਖ ਖੁਸ਼ੀ ਗਮੀ, ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ ਤ੍ਰਿਸ਼ਨਾ, ਆਪਣੀ ਪੂਜਾ ਕਰਾਉਣ, ਪੱਥਰ ਪੂਜਾ ਸਮੂਹ ਔਗੁਣ ਰੂਪ ਜੋ ਇਕ (ਅਵਘਟ)ਔਖੀ ਘਾਟੀ ਹੈ, (ਤਿਹ)ਤਿਸ 'ਤੇ, ਦਾਸਨ ਦਾਸ ਕਬੀਰ ਚੜਿ (ਰਹਿਓ)ਰਿਹਾ ਹੈ, ਦਾਸਨ ਦਾਸ ਨੇ ਇਹ ਸਾਰਾ ਜਿਹੜਾ ਕੂੜ ਕਪਟ ਔਖੀ ਘਾਟੀ ਸੀ ਰਾਮ ਦੀ ਪ੍ਰਾਪਤੀ 'ਚ ਇਹ ਸਭ ਛੱਡ ਦਿਤਾ। ਤਾਗੇ ਤਵੀਤ ਟੂਣੇ ਪੱਥਰ ਪੂਜਾ ਨਹੀਂ ਕਰਦਾ ਪੱਤ੍ਰੀ ਨਹੀਂ ਖੋਲਦਾ, ਰਾਹੂ ਕੇਤੂ ਬੈਲ ਕਹਿ ਕੇ ਦੁਨੀਆਂ ਨੂੰ ਛਲਦਾ ਨਹੀਂ ਹਾਂ, ਕੇਵਲ ਅਕਾਲ ਪੁਰਖ ਦੀ ਪੂਜਾ ਕਰਦਾ ਹੈ। ਇਹ ਜ਼ਹਿਰ ਰੂਪ ਪੂਜਾ ਦਾ ਧਾਨ ਛੱਡ ਕੇ ਫਿਰ ਮਾਣ ਦਾ ਭੀ ਤਿਆਗ ਕਰਨਾ ਹੈ। ਜਾ ਕੈ ਈਦਿ ਬਕਰੀਦਿ, ਕੁਲ ਗਉ ਰੇ ਬਧੁ ਕਰਹਿ; ਮਾਨੀਅਹਿ ਸੇਖ ਸਹੀਦ ਪੀਰਾ॥ ਜਾ ਕੈ ਬਾਪ ਵੈਸੀ ਕਰੀ; ਪੂਤ ਐਸੀ ਸਰੀ ਤਿਹੁ ਰੇ ਲੋਕ ਪਰਸਿਧ ਕਬੀਰਾ॥੨॥ ਪੂਰਨ ਭਗਤ ਰਾਮ ਸਰੂਪ ਸ੍ਰੀ ਕਬੀਰ ਸਾਹਿਬ ਜੀ ਨੇ ਆਪਣੀ ਸ਼ਾਦੀ 'ਤੇ ਗਊਆਂ ਕਤਲ ਨਹੀਂ ਹੋਣ ਦਿਤੀਆਂ।

ਕਬੀਰ. ਦੁਨੀਆ ਕੇ ਦੋਖੇ ਮੂਆ; ਚਾਲਤ ਕੁਲ ਕੀ ਕਾਨਿ॥ ਤਬ ਕੁਲੁ. ਕਿਸ ਕਾ ਲਾਜਸੀ; ਜਬ. ਲੇ ਧਰਹਿ ਮਸਾਨਿ॥੧੬੬॥ ਕਬੀਰ ਸਾਹਿਬ ਜੀ ਸੱਚੇ ਬਚਨ ਫ਼ੁਰਮਾਉਂਦੇ ਹਨ:- ਚੋਰੀਆਂ ਡਾਕੇ ਮੁਕੱਦਮੇ ਕਲੇਸ਼ ਸਾਡੀ ਕੁਲ ਦਾ ਜੱਦੀ ਕੰਮ ਹੈ। ਆਪਣੀ ਕੁਲ (ਕੀ)ਦੀ, ਜੀਆਂ ਨੂੰ ਮਾਰਨ ਮੰਦ ਕਰਮ ਕਰਨ ਰੂਪ (ਕਾਨਿ)ਕਨੋਡ ਅਨੁਸਾਰ (ਚਾਲਤ)ਚੱਲਦਿਆਂ, ਵਾ ਦੁਨੀਆ (ਕੇ)ਦੇ (ਦੋਖੇ)ਦੋਸ਼ ਕਲੰਕ ਖੱਟ ਕੇ (ਮੂਆ)ਮਰ ਗਿਆ। ਫਲਾਨੇ ਦੀ ਧੀ ਨੂੰਹ ਖ਼ਰਾਬ ਹਨ, ਦੁਨੀਆਂ ਦੇ ਦੋਸ਼ ਦੇਖਦਾ ੨ ਹੀ ਮਰ ਗਿਆ। ਚਾਲਤ ਕੁਲ ਕੀ ਕਾਨਿ॥ ਕਹਿੰਦੇ ਸਾਡੀ ਕੁਲ 'ਚ ਕਦੇ ਕਿਸੇ ਨੇ ਸਤਿਸੰਗਤ ਨਹੀਂ ਕੀਤੀ, ਜੇ ਮੈ ਸਤਿਸੰਗਤ ਸੇਵਾ ਕਰਾਂਗਾ ਝਾੜੂ ਫੇਰਾਂਗਾ ਪਾਣੀ ਭਰਾਂਗਾ, ਤਾਂ ਮੇਰੀ ਕੁਲ ਨੂੰ ਇਹ ਕਾਣ ਲੱਗੇਗੀ ਬਈ ਸਰਦਾਰਾਂ ਦਾ ਪੁੱਤ ਹੋ ਕੇ ਜੂਠੇ ਭਾਂਡੇ ਮਾਂਜਦਾ ਹੈ।

ਤਬ ਕੁਲੁ. ਕਿਸ ਕਾ ਲਾਜਸੀ; ਜਬ. ਲੇ ਧਰਹਿ ਮਸਾਨਿ॥੧੬੬॥ (ਤਬ)ਤਦੋਂ ਕਿਸ (ਕਾ)ਦੀ ਕੁਲੁ (ਲਾਜਸੀ)ਲੱਜਿਆ ਨੂੰ ਪ੍ਰਾਪਤ ਹੋਵੇਗੀ? ਮਰਨ ਤੋਂ (ਜਬ)ਜਦੋਂ ਤੈਨੂੰ (ਲੇ)ਲੈ ਕੇ (ਮਸਾਨਿ)ਸਮਸ਼ਾਨ ਭੂਮੀ 'ਚ (ਧਰਹਿ)ਧਰਨਗੇ॥੧੬੬॥ ਉਦੋਂ ਲੱਜਿਆ ਇਹ ਪ੍ਰਾਪਤ ਹੋਵੇਗੀ:- ਜਿਹ ਕੁਲਿ ਪੂਤੁ; ਨ ਗਿਆਨ ਬੀਚਾਰੀ॥ ਬਿਧਵਾ; ਕਸ ਨ ਭਈ ਮਹਤਾਰੀ॥੧॥ ਜਿਹ ਨਰ; ਰਾਮ ਭਗਤਿ ਨਹਿ ਸਾਧੀ॥ ਜਨਮਤ; ਕਸ ਨ ਮੁਓ ਅਪਰਾਧੀ॥ ਸੋ ਚੰਗੇ ਕੰਮ ਕਰਨੇ ਭਜਨ ਸਿਮਰਨ ਕਰਨ ਤੋਂ ਕਹਿੰਦਾ ਸੀ ਕਿ ਮੇਰੀ ਕੁਲ ਨੂੰ ਕਾਨ ਲੱਗੇਗੀ ਪਰ ਜਦੋਂ ਮਰ ਗਿਆ ਉਸ ਵੇਲੇ ਕੁਲ ਨੂੰ ਲੱਜਾ ਲੱਗ ਹੀ ਗਈ।

ਭਾਈ ਭੈਣ ਭਾਣਜੇ ਕਸ਼ਟ ਮੇ ਨ ਸਹਾਇਕ ਕੋਊ, ਸੰਪਤਿ ਹਜ਼ਾਰੋਂ ਧਰੀ ਰਹੈਗੀ ਮਕਾਨ ਮੇ।
ਚੰਪਕ ਚੰਬੇਲੀ ਚੋਆ ਚੰਦਨ ਚਢਾਵੈ ਚਾਰੁ ਚੀਰ, ਚੀਰ ਚੀਲ ਕਾਕ ਖਾਵੈਂਗੇ ਮਦਾਨ ਮੇ।
ਕੇਸਰੀ ਨਿਹਾਲ ਖਜਾਲ ਕਾਲ ਕੋ ਨ ਰੇ ਮੂਢ! ਜੇਤੇ ਬਡੇ ਹੂਏ ਦੇਖ! ਮੂਏ ਸੋ ਜਹਾਨ ਮੇ।
ਜਾਮਿਨੀ ਬਸੇਰਾ ਹੈ, ਘਨੇਰਾ ਕਜੋਂ ਬਖੇਰਾ ਕੀਨ? ਅੰਤ ਕੋ ਤੋਂ ਡੇਰਾ ਤੇਰਾ ਲਾਗੈਗੋ ਮਸਾਨ ਮੇ।

ਕਬੀਰ. ਡੂਬਹਿਗੋ ਰੇ ਬਾਪੁਰੇ; ਬਹੁ ਲੋਗਨ ਕੀ ਕਾਨਿ॥ ਪਾਰੋਸੀ ਕੇ ਜੋ ਹੂਆ; ਤੂ ਅਪਨੇ ਭੀ ਜਾਨੁ॥੧੬੭॥ ਕਬੀਰ ਸਾਹਿਬ ਜੀ ਸੱਚੇ ਬਚਨ ਫ਼ੁਰਮਾਉਂਦੇ ਹਨ:- (ਬਹੁ)ਬਹੁਤੇ (ਲੋਗਨ)ਲੋਕਾਂ (ਕੀ)ਦੀ

Sri Satguru Jagjit Singh Ji eLibrary NamdhariElibrary@gmail.com

(ਕਾਨਿ)ਕਨੋਡ ਲੱਜਾ ਮੰਨਣੇ ਕਰਕੇ (ਰੇ)ਹੇ (ਬਾਪੁਰੇ)ਤੁੱਛ ਜੀਵ! ਸੰਸਾਰ ਸਮੁੰਦ੍ਰ ਦੇ, ਵਿਸ਼ੇ ਔਗੁਣ ਜਲ 'ਚ (ਡੂਬਹਿਗੋ)ਡੁੱਬ ਜਾਵੇਂਗਾ। ਬੱਚੇ ਦੀ ਸ਼ਾਦੀ ਨੂੰ ਜੇ ਲੋਕਾਂ ਨੂੰ ਸ਼ਰਾਬ ਮੀਟ ਨ ਦਿਤਾ, ਤਾਂ ਲੋਕ ਕੀ ਕਹਿਣਗੇ? ਇਹ ਲੋਕਾਂ ਦੀ ਕਾਨ ਕਨੋਡ ਮੰਨਣੀ। ਬਹੁਤੇ ਲੋਕਾਂ ਦੀ ਕਾਨ ਕਨੋਡ ਹੁੰਦੀ ਕਿ ਇਹ ਚੌਧਰੀ ਹੋ ਕੇ ਸੰਗਤ 'ਚ ਕਿਉਂ ਜਾਂਦਾ ਹੈ, ਹੱਥੀਂ ਸੇਵਾ ਕਿਉਂ ਕਰਦਾ ਹੈ, ਇਹ ਤਾਂ ਗ਼ੀਬਾਂ ਦਾ ਕੰਮ ਹੈ। ਬਹੁਤੇ ਲੋਕਾਂ ਦੇ ਸਮਾਜਕ ਰਿਵਾਜ ਬਹੁਤ ਭੈੜੇ ਹਨ। ਲੋਕਾਂ ਦੀ ਕਾਨ ਕਨੋਡ ਛੱਡਣ ਦਾ ਸ਼ੁਭ ਸੱਚਾ ਉਪਦੇਸ਼ ਹੈ:- ਪਰਹਰੁ; ਲੋਭੁ ਅਰੁ ਲੋਕਾਚਾਰੁ॥ ਪਰਹਰੁ; ਕਾਮੁ ਕ੍ਰੋਧੁ ਅਹੰਕਾਰੁ॥) ਪ੍ਰਥਮੇ ਤਿਆਗੀ; ਹਉਮੈ ਪ੍ਰੀਤਿ॥ ਦੁਤੀਆ ਤਿਆਗੀ; ਲੋਗਾ ਰੀਤਿ॥)

ਪਾਰੋਸੀ ਕੇ ਜੋ ਹੂਆ; ਤੂ ਅਪਨੇ ਭੀ ਜਾਨੁ॥੧੬੭॥ (ਪਾਰੋਸੀ)ਗੁਆਂਢੀ (ਕੇ)ਦੇ ਘਰ 'ਚ, ਜੋ (ਹੂਆ)ਹੋਇਆ ਹੈ, ਉਹ ਮੌਤ ਦਾ ਸਮਾਂ, ਤੂ ਅਪਨੇ ਸਿਰ ਪਰ ਭੀ (ਜਾਨੁ)ਜਾਨਣਾ ਕਰ॥੧੬੭॥ ਯਥਾ:- ਇਕਿ ਬਿਨਸੈ. ਇਕ ਅਸਥਿਰੁ ਮਾਨੈ; ਅਚਰਜੁ. ਲਖਿਓ ਨ ਜਾਈ॥) ਕਾਲੁ ਬਿਆਲੁ ਜਿਉ. ਪਰਿਓ ਡੋਲੈ; ਮੁਖੁ ਪਸਾਰੇ ਮੀਤ॥ ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ; ਸਮਝਿ ਰਾਖਉ ਚੀਤਿ॥) ਮਿਰਤੁ ਹਸੈ, ਸਿਰ ਊਪਰੇ; ਪਸੂਆ ਨਹੀ ਬੂਝੈ॥ ਬਾਦ ਸਾਦ ਅਹੰਕਾਰ ਮਹਿ; ਮਰਣਾ ਨਹੀ ਸੂਝੈ॥੧॥) ਕਬੀਰ. ਸਤੀ ਪੁਕਾਰੈ. ਚਿਹ ਚੜੀ; ਸੁਨੁਹੋ ਬੀਰ ਮਸਾਨ॥ ਲੋਗੁ ਸਬਾਇਆ. ਚਲਿ ਗਇਓ; ਹਮ ਤੁਮ ਕਾਮੁ ਨਿਦਾਨ॥) ਬਾਦਿਸਾਹ ਸਾਹ; ਵਾਪਾਰੀ ਮਰਨਾ॥ ਜੋ ਦੀਸੈ; ਸੋ ਕਾਲਹਿ ਖਰਨਾ॥)

ਕਬੀਰ. ਭਲੀ ਮਧੂਕਰੀ; ਨਾਨਾ ਬਿਧਿ ਕੋ ਨਾਜੁ॥ ਦਾਵਾ. ਕਾਹੂ ਕੋ ਨਹੀ; ਬਡਾ ਦੇਸੁ ਬਡ ਰਾਜੁ॥੧੬੮॥ ਕੀ ਸਾਰਿਆਂ ਨੂੰ ਮੰਗਣ ਦੀ ਖੁਲ੍ ਦਿਤੀ ਹੈ? ਨਹੀਂ ਜੀ। ਸ਼੍ਰੀ ਕਬੀਰ ਸਾਹਿਬ ਜੀ ਸੱਚੇ ਬਚਨ ਫ਼ੁਰਮਾਉਂਦੇ ਹਨ:- ਪਰਛਾਦਾ ਛਕ ਕੇ ਬੰਦਗੀ ਕਰਨ ਲਈ, ਕਈਆਂ ਬੂਹਿਆਂ 'ਤੇ ਜਾ ਕੇ, (ਮਧੂਕਰੀ)ਡਾਲੀ, ਰੋਟੀ ਮੰਗਣੀ (ਭਲੀ)ਚੰਗੀ ਹੈ, ਜਿਸ 'ਚ (ਨਾਨਾ)ਬਹੁਤ (ਬਿਧਿ)ਤਰ੍ਹਾਂ (ਕੋ)ਦਾ (ਨਾਜੁ)ਅਨਾਜ ਹੁੰਦਾ ਹੈ, ਬਹੁਤਿਆਂ ਘਰਾਂ ਦਾ ਭੋਜਨ ਹੋਣੇ ਕਰਕੇ, ਛਕਣ ਛਕਾਉਣ ਵਾਲੇ 'ਚੋਂ, (ਕਾਹੂ)ਕਿਸੇ (ਕੋ)ਦਾ ਕੋਈ ਦਾਵਾ ਨਹੀ, ਬਈ ਇਹ ਅਸਾਡਾ ਹੈ। ਕਿਉਂਕਿ ਅਕਾਲ ਪੁਰਖ ਵਾਹਿਗੁਰੂ ਜੀ ਦਾ ਬਹੁਤ ਬਡਾ ਦੇਸੁ ਅਤੇ ਬਹੁਤ (ਬਡ)ਵੱਡਾ (ਰਾਜੁ)ਪ੍ਰਕਾਸ਼ ਹੈ। ਇੱਕ ਬੂਹਾ ਬੰਦ ਤਾਂ ਹਜ਼ਾਰਾਂ ਬੂਹੇ ਖੁਲ੍ਹੇ ਹਨ, ਭਾਵ ਨਿਰਦ੍ਵਾਵੇ ਰਹਿਣ ਵਾਲਾ ਮਧੂਕਰੀ ਦਾ ਅਧਿਕਾਰੀ ਹੈ, ਜੇ ਖ਼ੂਬ ਬੰਦਗੀ ਕਰਦੇ ਹੋਣ॥੧੬੮॥ ਜਿਵੇਂ ਫ਼ਕੀਰ ਸਾਂਈ ਬੰਦਗੀ ਕਰੇ, ਸਿਰਫ਼ ਪ੍ਰਛਾਦੇ ਨਾਲ ਹੀ ਵਾਸਤਾ ਹੋਵੇ। ਦੇਣ ਵਾਲਾ ਸਤੀ ਦ੍ਵਾਵਾ ਨਾ ਰੱਖੇ ਕਿ ਮੇਰਾ ਅੰਨ ਹੈ, ਮੈਂ ਦੇ ਰਿਹਾ ਹਾਂ, ਦੇਣ ਵਾਲਾ ਸਤੀ ਇਹ ਲੋਚੇ, ਮਹਾਰਾਜ ਸਾਹਿਬ ਜੀ ਦਾ ਬਖ਼ਸ਼ਿਆ ਪਦਾਰਥ ਹੈ, ਆਪ ਦਾਤਾ ਨ ਬਣੇ। ਯਥਾ:- ਜੇ ਕੋ ਹੋਇ ਬਹੈ; ਦਾਤਾਰੁ॥ ਤਿਸੁ ਦੇਨਹਾਰੁ; ਜਾਨੈ ਗਾਵਾਰੁ॥) ਦਦਾ. ਦਾਤਾ ਏਕੁ ਹੈ; ਸਭ ਕਉ ਦੇਵਨਹਾਰ॥ ਦੇਂਦੇ. ਤੋਟਿ ਨ ਆਵਈ; ਅਗਨਤ ਭਰੇ ਭੰਡਾਰ॥) ਮਧੂਕਰੀ ਮੰਗਣ ਵਾਲਾ ਸੰਤੋਖੀ ਹੋਵੇ, ਦੇਣ ਵਾਲਾ ਸਤੀ ਹੋਵੇ, ਕੇਵਲ ਭਜਨ ਦਾ ਹੀ ਪ੍ਰਯੋਜਨ ਹੋਵੇ। ਯਥਾ:- ਇਆ ਸੁਖ ਤੇ ਭਿਖ੍ਯਾ ਭਲੀ; ਜਉ ਹਰਿ ਸਿਮਰਤ ਦਿਨ ਜਾਹਿ॥੧੧੨॥ ਨਿਰਦ੍ਵਾਵੇ ਰਹਿ ਕੇ ਬੰਦਗੀ ਕਰਨ ਵਾਲਾ ਰੱਬ ਦਾ ਫ਼ਕੀਰ ਸਾਂਈ, ਜਿਸ ਨੂੰ ਕਿਸੇ ਪ੍ਰਕਾਰ ਦਾ ਦ੍ਵਾਵਾ ਨਹੀਂ, ਮਧੂਕਰੀ ਮੰਗਦੇ ਨੂੰ, ਜੇ ਕੋਈ ਬੁਰਾ ਕਹੇ ਤਾਂ ਭੀ ਸ਼ਾਂਤ ਰਹੇ। ਜੇ ਕਿਸੇ ਪ੍ਰੇਮੀ ਨੇ ਬੰਦਗੀ ਕਰਨੀ ਹੋਵੇ, ਤਾਂ ਉਸ ਦਾ ਪੱਖ ਹੈ। ਇਸ ਢੰਗ ਨਾਲ, ਸੰਤੋਖ ਨਾਲ ਛਕ ਕੇ ਖ਼ੂਬ ਬੰਦਗੀ ਹੋ ਸਕਦੀ ਹੈ।

ਕਬੀਰ. ਦਾਵੈ ਦਾਝਨੁ ਹੋਤੁ ਹੈ; ਨਿਰਦਾਵੈ ਰਹੈ ਨਿਸੰਕ॥ ਜੋ ਜਨੁ. ਨਿਰਦਾਵੈ ਰਹੈ; ਸੋ ਗਨੈ ਇੰਦ੍ਰ ਸੋ ਰੰਕ॥੧੬੯॥ ਕਬੀਰ ਸਾਹਿਬ ਜੀ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਜਿਹੜਾ ਹੰਕਾਰੀ, ਹੰਗਤਾ ਸਹਿਤ, ਕਿਸੇ ਨੂੰ ਕਤਲ ਕਰਨ, ਕਿਸੇ ਨੂੰ ਪਕੜਨ ਜ਼ੋਰ ਜ਼ੁਲਮ ਦਾ (ਦਾਵੈ)ਦ੍ਵਾਵਾ ਕਰਦਾ ਹੈ। ਉਸ ਦਾ, ਅੱਗ ਅਥਵਾ ਔਗੁਣਾਂ

Sri Satguru Jagjit Singh Ji eLibrary NamdhariElibrary@gmail.com

ਵਿਕਾਰਾਂ, ਜਮਪੁਰੀ ਦੀ ਅੱਗ 'ਚ (ਦਾਝਨੁ)ਸੜਨਾ (ਹੋਤੁ)ਹੁੰਦਾ ਹੈ। ਜਿਵੇਂ ਸੁਲਹੀ ਨੇ ਅਪਨੀ ਦਾੜ੍ਹੀ ਖਿੱਚੀ, ਦ੍ਾਵਾ ਕੀਤਾ, "ਜੇ ਮੈਂ ਪਿਉ ਦਾ ਪੁੱਤ ਹੋਇਆ ਤਾਂ ਸਤਿਗੁਰੂ ਅਰਜਨ ਦੇਵ ਮਹਾਰਾਜ ਜੀ ਨੂੰ ਫੜ ਕੇ ਕੈਦ ਕਰਾਂਗਾ"। ਜਦੋਂ ਧੰਨ ਗੁਰੂ ਅਰਜਨ ਦੇਵ ਜੀ ਨੂੰ ਪਤਾ ਲੱਗਿਆ ਤਾਂ ਮਹਾਰਾਜ ਨੇ ਇਹ ਸ਼ਬਦ ਉਚਾਰਿਆ:- ਗਰੀਬਾ ਉਪਰਿ; ਜਿ ਖਿੰਜੈ ਦਾੜੀ॥ ਪਾਰਬ੍ਰਹਮਿ; ਸਾ ਅਗਨਿ ਮਹਿ ਸਾੜੀ॥ ਜਦੋਂ ਮਹਾਰਾਜ ਸਾਹਿਬ 'ਤੇ ਚੜ੍ ਕੇ ਆਇਆ, ਪ੍ਰਿਥੀਚੰਦ ਨੂੰ ਮਿਲਿਆ ਤਾਂ ਪ੍ਰਿਥੀਚੰਦ ਬਹੁਤ ਖੁਸ਼ ਹੋਇਆ, ਪ੍ਰਿਥੀਚੰਦ ਕਿਹਾ, "ਮੈਂ ਇੱਟਾਂ ਦਾ ਆਵਾ ਪਕਾਇਆ ਹੈ, ਚੱਲ ਤੈਨੂੰ ਦਿਖਾਵਾਂ"। ਸ਼ਰਾਬ ਨਾਲ ਰੱਜਿਆ, ਭੱਜ ਕੇ ਆਵੇ ਉੱਪਰ ਚੜ੍ਦਿਆਂ ਹੀ, ਵਿੱਚ ਜਾ ਡਿੱਗਾ, ਗਲ਼ 'ਚ ਗੰਡਾਸਾ ਸੀ, ਗੰਡਾਸੇ ਨਾਲ ਗਲ਼ ਕੱਟਿਆ ਗਿਆ, ਅੱਗ 'ਚ ਪੈ ਕੇ ਸੜ ਗਿਆ। ਮਹਾਰਾਜ ਸਾਹਿਬ ਜੀ ਨੂੰ ਫੜਨ, ਸ਼ਹੀਦ ਕਰਨ ਦਾ ਦਾਅਵਾ ਕਰਦਾ ਸੀ। ਜਿਹੜੇ ਗੁਰਮੁਖਿ ਭਜਨਾਨੰਦੀ ਮਹਾਂਪੁਰਸ਼, ਪਦਾਰਥ ਮਾਇਆ ਘਰ ਜਾਇਦਾਦ ਹੰਕਾਰ ਔਗੁਣਾਂ ਪਾਪਾਂ ਸਭ ਤਰ੍ਾਂ ਦੇ (ਨਿਰਦਾਵੈ)ਦ੍ਾਵੇ ਰਹਿਤ (ਰਹੈ)ਰਹਿੰਦੇ ਹਨ, ਉਹ ਗੁਰਮੁਖਿ ਮਹਾਂਪੁਰਸ਼ (ਨਿਸੰਕ)ਸ਼ੰਕੇ ਰਹਿਤ, ਨਿਰਭਉ ਨਿਰਲੇਪ ਬ੍ਰਹਮ 'ਚ ਲੀਣ ਰਹਿੰਦੇ ਹਨ। ਯਥਾ:- ਦੁਨੀਆ ਵਿਚਿ ਪਰਾਹੁਣਾ; ਦਾਵਾ ਛਡਿ ਰਹੇ ਲਾ ਦਾਵੈ॥

ਜੋ ਜਨੁ. ਨਿਰਦਾਵੈ ਰਹੈ; ਸੋ ਗਨੈ ਇੰਦ੍ ਸੋ ਰੰਕ॥੧੬੯॥ (ਜੋ)ਜਿਹੜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ (ਜਨੁ)ਪਿਆਰਾ ਭਗਤ, ਔਗੁਣ ਹੰਕਾਰ ਕਤਲ ਵਿਕਾਰ ਪਾਪ ਦੇ (ਨਿਰਦਾਵੈ)ਦ੍ਾਵੇ ਰਹਿਤ (ਰਹੈ)ਰਹਿੰਦਾ ਹੈ। (ਸੋ)ਉਹ (ਗਨੈ)ਗਿਣਦਾ ਹੈ, ਇੰਦ੍ ਭੀ (ਸੋ)ਉਹੀ ਹੈ, (ਰੰਕ)ਕੰਗਾਲ ਭੀ (ਸੋ)ਉਹੀ ਹੈ, ਭਾਵ ਦੋਹਾਂ ਨੂੰ ਇਕੋ ਜਿਹਾ ਸਮਝਦਾ ਹੈ॥੧੬੯॥ ਯਥਾ:- ਤੈਸਾ ਰੰਕੁ; ਤੈਸਾ ਰਾਜਾਨੁ॥ ਅਥਵਾ (ਸੋ)ਉਸ ਰੰਕ ਨੂੰ ਭੀ (ਇੰਦ੍)ਵਾਹਿਗੁਰੂ (ਸੋ)ਜੇਹਾ (ਗਨੈ)ਵੀਚਾਰੇ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਵਾਹਿਗੁਰੂ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਸੱਚੇ ਪਤਿਸ਼ਾਹ ਜੀ, ਜਦੋਂ ਸ੍ਰੀ ਹਜ਼ੂਰ ਸਾਹਿਬ ਜੀ ਨੂੰ ਜਾਂਦਿਆਂ ਦਾਦੂ ਦੁਆਰੁ ਪਹੁੰਚੇ। ਭਜਨਾਨੰਦੀ ਮਹਾਂਪੁਰਸ਼ਾਂ ਨਾਲ ਬਚਨ ਬਿਲਾਸ ਕਰਦਿਆਂ, ਜੈਤਰਾਮ ਜੀ ਨੇ ਮਹਾਰਾਜ ਜੀ ਨੂੰ ਪ੍ਰੇਮ ਬੇਨਤੀ ਕੀਤੀ, "ਦਾਦੂ ਦਾਵ੍ਾ ਦੂਰ ਕਰ; ਬਿਨ ਦ੍ਾਵੇ ਦਿਨ ਕੱਟ। ਜੇ ਕੋਈ ਚੱਕੇ ਇਟ ਢੀਮ; ਤਿਸ ਨੂੰ ਹੱਥ ਨਾ ਚੱਕ। ਕੇਤੀ ਸੌਦਾ ਕਰ ਗਈ; ਇਸ ਪਸਾਰੀ ਦੀ ਹੱਟ। ਆਪ ਜੀ ਨੂੰ ਕਿਨੇ ਕਸ਼ਟ ਸਹਾਰਨੇ ਪਏ, ਚਾਰ ਸਾਹਿਬਜ਼ਾਦੇ ਮਾਤਾ ਪਿਤਾ ਜੀ ਸ਼ਹੀਦ ਹੋ ਗਏ"। ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਕਿਹਾ, "ਭਾਈ ਸਾਧੂਆਂ ਦਾ ਨਿਵਿਰਤੀ ਪੱਖ ਠੀਕ ਹੈ। ਬੀਰ ਰਸ ਧਰਮਯੁੱਧ ਕੁਰਬਾਨੀਆਂ ਕੀਤੇ ਬਿਨਾ, ਗੁਰਬਾਣੀ ਜੱਗ ਤੋਂ ਅਲੋਪ ਹੋ ਜਾਵੇਗੀ। ਧਰਮ ਨਹੀਂ ਚੱਲੇਗਾ। ਇਸ ਕਰਕੇ ਜਿਨ੍ਾਂ ਨੇ ਧਰਮ ਰੱਖਣਾ ਗਊ ਗਰੀਬ ਦੀ ਰੱਖਿਆ ਕਰਨੀ ਹੈ, ਜ਼ਾਲਮਾਂ ਨੂੰ ਸੋਧਣਾ, ਉਨ੍ਾਂ ਨੂੰ ਸ਼ਸ਼ਤ੍ਰਧਾਰੀ ਜੱਥੇਬੰਦ ਹੋਣਾ ਪਵੇਗਾ। ਯਥਾ:- ਹਮ ਇਹ ਕਾਜ; ਜਗਤ ਮੋ ਆਏ॥ ਧਰਮ ਹੇਤ; ਗੁਰਦੇਵ ਪਠਾਏ॥ ਜਹਾਂ ਤਹਾਂ; ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ; ਪਕਰਿ ਪਛਾਰੋ॥੪੨॥ ਯਾਹੀ ਕਾਜ; ਧਰਾ ਹਮ ਜਨਮੰ॥ ਸਮਝ ਲੇਹੁ; ਸਾਧੂ ਸਭ ਮਨਮੰ॥ ਧਰਮ ਚਲਾਵਨ; ਸੰਤ ਉਬਾਰਨ॥ ਦੁਸਟ ਸਭਨ ਕੋ; ਮੂਲ ਉਪਾਰਨਿ॥੪੩॥ ਧਰਮ ਵਿਰੋਧੀ ਸੰਸਾਰ 'ਤੇ ਭਾਰ ਬਣੇ ਹੋਏ ਹਨ। ਯਥਾ:- ਕਬੀਰ. ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥ ਜ਼ੁਲਮ ਦਾ ਦ੍ਾਵਾ ਕਰਨ ਵਾਲੇ ਜ਼ਾਲਮਾਂ ਨੂੰ ਸੋਧਣ ਲਈ, ਧਰਮ ਦੇ ਦ੍ਾਵੇ ਦੀ ਲੋੜ ਹੈ। ਇਸ ਲਈ ਮਹਾਰਾਜ ਸਾਹਿਬ ਜੀ ਨੇ ਕਿਹਾ, "ਦਾਦੂ ਦ੍ਾਵਾ ਰੱਖ ਕੇ; ਕਲਿ ਕਾ ਲੀਜੈ ਭਾਇ। ਜੇ ਕੋ ਮਾਰੇ ਈਂਟ ਢੇਮ; ਪੱਥਰ ਹਨੈ ਰਸਾਇ। ਦਾਦੂ ਦ੍ਾਵਾ ਰੱਖ ਕੇ; ਜ਼ਾਲਮਾਂ ਲਈਏ ਲੁੱਟ। ਇੱਕੋ ਰਹਸੀ ਖ਼ਾਲਸਾ; ਹੋਰ ਸਭ ਮਰਸੀ ਬੁੱਟ। ਜੋ ਤੁਸੀਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਕਹਿੰਦੇ ਹੋਂ, ਨਾਨਕ ਜਨਨੀ ਧੰਨੀ ਮਾਇ॥ ਉਨ੍ਾਂ ਦੀ ਮਾਤਾ ਧੰਨ ਹੈ, ਜਿਨ੍ਾਂ

Sri Satguru Jagjit Singh Ji eLibrary NamdhariElibrary@gmail.com

ਦੇ ਲਾਲਾਂ ਨੇ ਐਡੀ ਵੱਡੀ ਕੁਰਬਾਨੀ ਦਿਤੀ ਹੈ। ਜਿਨੇ ਭੀ ਸਿੱਖ ਸ਼ਹੀਦ ਹੋਏ, ਸਦਾ ਲਈ ਅਮਰ ਵਿਆਪਕ 'ਚ ਲੀਣ ਹਨ। ਇਸ ਲਈ ਧਰਮ ਦੀ ਰੱਖਿਆ ਲਈ ਸ਼ਸ਼ਤ੍ਰਧਾਰੀ ਹੋਣਾ ਧਰਮ ਦਾ ਦ੍ਾਵਾ ਅਤੀ ਹੀ ਜ਼ਰੂਰੀ ਹੈ। ਭਗਤ ਸ੍ਰੀ ਨਾਮਦੇਵ ਸਾਹਿਬ ਜੀ ਨੂੰ ਵਾਹਿਗੁਰੂ ਜੀ ਹਾਜ਼ਰ ਪਰਗਟ ਸਨ। ਵਾਹਿਗੁਰੂ ਜੀ ਕੁੱਤੇ ਦੇ ਰੂਪ 'ਚ, ਭਗਤ ਜੀ ਘਰ ਗਏ, ਰੋਟੀਆਂ ਚੁੱਕ ਕੇ ਬਾਹਰ ਭੱਜੇ, ਭਗਤ ਜੀ ਘਿਉ ਦਾ ਕੁੱਜਾ ਲੈ ਕੇ, ਮਗਰ ੨ ਭੱਜੇ, ਕਹਿੰਦੇ, "ਹੇ ਬੀਠਲ ਜੀ! ਰੁੱਖਾ ਨ ਖਾਉ"। ਭਗਵਾਨ ਜੀ ਅੱਗੇ ਜਾ ਕੇ ਖੜ੍ ਗਏ, ਪਿਆਰ ਨਾਲ ਕਹਿੰਦੇ, "ਤੂੰ ਦਾਸ ਨੂੰ ਬਹੁਤ ਬਦਨਾਮ ਕਰਦਾ ਹੈਂ, ਕੁੱਤਿਆਂ 'ਚੋਂ ਪ੍ਰਗਟ ਕਰਦਾ ਹੈਂ"। ਜਦੋਂ ਸਲੇਮਸ਼ਾਹ ਬਾਦਸ਼ਾਹ ਨੇ, ਭਗਤ ਨਾਮਦੇਵ ਜੀ ਨੂੰ ਮੁਸਲਮਾਨ ਬਣਾਉਣਾ ਚਾਹਿਆ, ਮਾਂ ਕਿਹਾ, "ਪੁੱਤ ਕੋਈ ਗੱਲ ਨਹੀਂ, ਕਲਮਾਂ ਪੜ੍ ਕੇ ਅਪਣੀ ਜਾਨ ਬਚਾਅ"। ਭਗਤ ਨਾਮਦੇਵ ਜੀ ਕਿਹਾ, "ਨ ਹਉ ਤੇਰਾ ਪੂੰਗੜਾ; ਨ ਤੂ ਮੇਰੀ ਮਾਇ॥ ਪਿੰਡੁ ਪੜੈ; ਤਉ ਹਰਿ ਗੁਨ ਗਾਇ॥ ਨ ਤੂੰ ਮੇਰੀ ਮਾਂ, ਨ ਮੈ ਤੇਰਾ ਪੁੱਤ, ਸ਼ਹੀਦ ਹੋ ਜਾਊਂ, ਪਰ ਮੁਸਲਮਾਨ ਨਹੀਂ ਬਣਨਾ। ਇਸ ਪ੍ਰਕਾਰ ਸਾਹਿਬਜ਼ਾਦਿਆਂ ਨੂੰ ਹੰਕਾਰੀ ਵਜ਼ੀਦੇ ਕਿਹਾ, "ਤੁਹਾਨੂੰ ਬਹੁਤ ਉੱਚੇ ਰੁਤਬੇ. ਸੁੰਦਰ ਬੇਗਮਾਂ, ਹਰ ਪ੍ਰਕਾਰ ਦੇ ਸੁਖ ਮਿਲਣਗੇ"। ਬਾਬਾ ਫ਼ਤੇਹ ਸਿੰਘ ਸਾਹਿਬ ਜੀ ਜਵਾਬ ਦਿਤਾ, "ਅਸੀਂ ਤੇਰੇ ਇਸ ਲਾਲਚ ਨੂੰ ਛਿੱਤਰ ਮਾਰਦੇ ਹਾਂ। ਸਾਡੇ ਪਰਮਪੂਜਨੀਕ ਦਾਦੇ ਜੀ ਨੂੰ ਭੀ ਪਾਪੀ ਔਰੰਗਜ਼ੇਬ ਨੇ ਕਿਹਾ ਸੀ, "ਤੁਹਾਡੇ ਨਾਲ ਮੈਂ ਆਪਣੀ ਲੜਕੀ ਦੀ ਸ਼ਾਦੀ ਕਰ ਦਿਆਂਗਾ", ਧੰਨ ਗੁਰੂ ਤੇਗਬਹਾਦਰ ਸਾਹਿਬ ਜੀ ਨੇ ਕਿਹਾ, "ਧੀਆਂ ਸਭ ਦੀਆਂ ਸਾਂਝੀਆਂ ਹੁੰਦੀਆਂ ਹਨ, ਦਾਸਨ ਦਾਸ ਇਹ ਗੱਲ ਸੁਣਨੀ ਨਹੀਂ ਚਾਹੁੰਦਾ"। ਦੀਨ ਕਬੂਲ ਨਹੀਂ ਕੀਤਾ, ਤਿਲਕ ਜੰਞੂ; ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ; ਕਲੂ ਮਹਿ ਸਾਕਾ॥ ਅਸੀਂ ਭੀ ਉਨ੍ਾਂ ਦੇ ਪੋਤ੍ੇ ਹਾਂ, ਇਸਲਾਮ ਕਬੂਲ ਨਹੀਂ ਕਰਾਂਗੇ"। ਸੋ ਅੰਮ੍ਰਿਤ ਗੁਰਬਾਣੀ ਸੰਸਾਰ ਨੂੰ ਬਖ਼ਸ਼ਣ ਲਈ, ਸਤਿਗੁਰੂ ਸਾਹਿਬ ਜੀ ਨੇ ਸ੍ਰਬੰਸ ਕੁਰਬਾਨ ਕੀਤਾ। ਧਰਮ ਕਾਇਮ ਰੱਖਣ ਲਈ ਧਰਮ ਦਾ ਦ੍ਾਵਾ ਕਰਨਾ ਹੀ ਪੈਂਦਾ ਹੈ, ਝੂਠੀ ਮਾਇਆ ਦੇ ਦ੍ਾਵੇ ਛੱਡਣੇ ਹਨ।

ਕਬੀਰ. ਪਾਲਿ ਸਮੁਹਾ ਸਰਵਰੁ ਭਰਾ; ਪੀ ਨ ਸਕੈ ਕੋਈ ਨੀਰੁ॥ ਭਾਗ ਬਡੇ. ਤੈ ਪਾਇਓ; ਤੂੰ ਭਰਿ ਭਰਿ ਪੀਉ ਕਬੀਰ॥੧੭੦॥ ੧:- ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ ਸਾਡੇ ਅੰਦਰ ਬਾਹਰ ਹਰ ਸਮੇਂ ਭਰਪੂਰ ਹੋ ਰਹੇ ਹਨ। ਜਿਨ੍ਾਂ ਦੀ ਪਰਮਪਵਿਤ੍ ਉੱਜਲ ਜੋਤਿ ਨਾਲ ਅਸੀਂ ਜਿਉਂ ਰਹੇ ਹਾਂ। ਯਥਾ:- ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥ ਐਸੇ ਵਾਹਿਗੁਰੂ (ਸਰਵਰੁ)ਸਮੁੰਦ੍, ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਨਿਰਗੁਨ ਬ੍ਰਹਮ ਜੀ, (ਸਮੁਹਾ)ਸਭ ਅੰਦਰ ਗ੍ਰੀਬੀ ਹਲੀਮੀ ਖਿਮਾ ਸਹਿਨਸ਼ੀਲਤਾ ਨਿਮ੍ਰਤਾ ਸ਼ਾਂਤੀ ਸਤਿ ਸੰਤੋਖ ਅਸੰਖ ਸ਼ੁਭ ਗੁਣ ਅੰਮ੍ਰਿਤ ਬ੍ਰਹਮਾਨੰਦ ਰਸ ਨਾਲ, ਭਾਵੇਂ (ਪਾਲਿ)ਵੱਟਾਂ ਤੱਕ ਨੱਕੋ ਨੱਕ (ਭਰਾ)ਭਰੇ ਹੋਏ ਹਨ। ਹਰ ਪ੍ਰਾਣੀ ਦਾ ਰਿਦਾ ਰੂਪ (ਸਰਵਰੁ)ਸ੍ਰੋਵਰ, ਅਥਵਾ ਸਤਿਸੰਗਤਿ ਰੂਪ ਸ੍ਰੋਵਰ (ਸਮੁਹਾ)ਸਾਰਾ ਅੰਮ੍ਰਿਤ ਬ੍ਰਹਮਾਨੰਦ ਰਸ ਨਾਲ (ਪਾਲਿ)ਵੱਟ ਤੱਕ ਲੱਬਾ ਲੱਬ (ਭਰਾ)ਭਰਿਆ ਪਿਆ ਹੈ। ਫਿਰ ਭੀ ਕੋਈ ਹੰਕਾਰੀ, (ਨੀਰੁ)ਬ੍ਰਹਮਾਨੰਦ ਰਸ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕ੍ਰਿਪਾ, ਸਬਦ ਅਭਿਆਸ ਬਿਨਾ, ਪੀ (ਨ)ਨਹੀਂ (ਸਕੈ)ਸਕਦਾ। ਹੇ ਕਬੀਰ! (ਤੈ)ਤੂੰ ਧੰਨ ਗੁਰੂ ਨਾਨਕ ਸਾਹਿਬ ਜੀ ਦੁਆਰਾ ਬਡੇ (ਭਾਗ)ਭਾਗਾਂ ਕਰਕੇ ਲੱਬਾ ਲੱਬਾ ਭਰਪੂਰ ਬ੍ਰਹਮ ਰੂਪ ਅੰਮ੍ਰਿਤ ਸ੍ਰੋਵਰ, ਗੁਰਪ੍ਰਸਾਦਿ (ਪਾਇਓ)ਪਾਉਣਾ ਕੀਤੇ ਹਨ। ਤੂੰ ਪ੍ਰੇਮ ਪਿਆਲੇ ਭਰਿ ਭਰਿ ਕੇ, ਅੰਮ੍ਰਿਤ (ਪੀਉ)ਪੀਣਾ ਕਰ॥ ॥੧੭੦॥ ਯਥਾ:- ਅੰਤਰਿ ਖੂਹਟਾ. ਅੰਮ੍ਰਿਤਿ ਭਰਿਆ; ਸਬਦੇ. ਕਾਢਿ ਪੀਐ ਪਨਿਹਾਰੀ॥) ਘਰ ਹੀ

Sri Satguru Jagjit Singh Ji eLibrary NamdhariElibrary@gmail.com

ਮਹਿ. ਅੰਮ੍ਰਿਤੁ ਭਰਪੂਰੁ ਹੈ; ਮਨਮੁਖਾ. ਸਾਦੁ ਨ ਪਾਇਆ॥ ਜਿਉ ਕਸਤੂਰੀ. ਮਿਰਗੁ ਨ ਜਾਣੈ; ਭ੍ਰਮਦਾ. ਭਰਮਿ ਭੁਲਾਇਆ॥

ਕਬੀਰ. ਪਰਭਾਤੇ ਤਾਰੇ ਖਿਸਹਿ; ਤਿਉ ਇਹੁ ਖਿਸੈ ਸਰੀਰੁ॥ ਏ ਦੁਇ ਅਖਰ. ਨਾ ਖਿਸਹਿ; ਸੋ. ਗਹਿ ਰਹਿਓ ਕਬੀਰੁ॥੧੭੧॥ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- (ਪਰਭਾਤੇ)ਅੰਮ੍ਰਿਤ ਵੇਲੇ ਸੂਰਜ ਚੜ੍ਹਨ ਤੋਂ ਤਾਰੇ (ਖਿਸਹਿ)ਅਲੋਪ ਹੋ ਜਾਂਦੇ ਹਨ। (ਤਿਉ)ਤਿਵੇਂ ਕਾਲ ਰੂਪੀ ਸੂਰਜ ਚੜ੍ਹਨ ਤੋਂ, ਇਹੁ ਸਰੀਰੁ (ਖਿਸੈ)ਅਲੋਪ ਹੋ ਜਾਂਦਾ ਹੈ। ਬੇਅੰਤ ਹੀ ਬ੍ਰਹਮੰਡਾਂ 'ਚ, ਬੇਅੰਤ ਜੀਵ ਹੁਣ ਮਰ ਰਹੇ ਹਨ। ਕਿਧਰੇ ਚਿਖਾ 'ਚ ਪਾ ਕੇ ਸਾੜੇ ਜਾ ਰਹੇ ਹਨ। ਕਿਧਰੇ ਕਬਰਾਂ 'ਚ ਪਾ ਕੇ ਦੱਬੇ ਜਾ ਰਹੇ ਹਨ। ਬਰਖਸਿ ਬਾਣੀ; ਬੁਦਬੁਦਾ ਹੇਰਿ॥ ਜਿਵੇਂ ਵਰਖਾ ਹੋਣ ਤੋਂ, ਇੱਕ ਕਣੀ ਨਾਲ ਬੁਦਬਦਾ ਬਣਦਾ ਹੈ, ਦੂਜੀ ਨਾਲ ਟੁੱਟ ਜਾਂਦਾ ਹੈ। ਇਉਂ ਸ੍ਰੀਰ ਅਲੋਪ ਹੋ ਰਹੇ ਹਨ।

ਏ ਦੁਇ ਅਖਰ. ਨਾ ਖਿਸਹਿ; ਸੋ. ਗਹਿ ਰਹਿਓ ਕਬੀਰੁ॥੧੭੧॥ ਨਿਹਚਲੁ ਸਚੁ. ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਅਨੁਸਾਰ ਅਕਾਲ ਪੁਰਖ ਜੀ, ਖ਼ੁਦਾ ਜੀ 'ਚ ਲੀਣ, ਖ਼ੁਦਾ ਜੀ ਦਾ ਬੰਦਾ ਪੂਰਨ ਭਗਤ ਜੀ, (ਏ)ਇਹ (ਦੁਇ)ਦੋ ਪਰਮ ਪਵਿੱਤ੍ਰ ਅਖਰ, (ਖਿਸਹਿ)ਅਲੋਪ (ਨਾ)ਨਹੀਂ ਹੁੰਦੇ। (ਸੋ)ਉਨ੍ਹਾਂ ਨੂੰ ਦਾਸਨ ਦਾਸ ਕਬੀਰੁ (ਗਹਿ)ਪਕੜ ਦ੍ਰਿੜ ਪ੍ਰਪੱਕ ਕਰ (ਰਹਿਓ)ਰਹਿਆ ਹੈ, ਭਾਵ ਅਕਾਲ ਪੁਰਖ ਜੀ, ਖ਼ੁਦਾ ਜੀ 'ਚ ਲੀਣ, ਖ਼ੁਦਾ ਜੀ ਦੇ ਬੰਦੇ ਪੂਰਨ ਭਗਤ ਜੀ ਨੂੰ, ਦਾਸਨ ਦਾਸ ਹਰ ਸਮੇਂ, ਰੋਮ ਰੋਮ ਕਰਕੇ ਜਪ ਧਿਆ ਰਿਹਾ ਹੈ। ਅਥਵਾ ਨਿਰਗੁਨ ਸਰਗੁਨ ਦੋ ਅੱਖਰ ਹਨ, ਅਲੋਪ ਨਹੀਂ ਹੁੰਦੇ। ਉਨ੍ਹਾਂ ਨੂੰ ਦਾਸਨ ਦਾਸ ਗ੍ਰਹਿਣ ਕਰ ਰਿਹਾ ਹੈ, ਭਾਵ ਨਿਰਗੁਨ ਸਰਗੁਨ ਦੀ ਏਕਤਾ ਕਰ ਰਿਹਾ ਹੈ। ਮੈਂ ਇਨ੍ਹਾਂ ਤੋਂ ਵੱਖ ਨਹੀਂ ਹੋ ਸਕਦਾ, ਇਹ ਮੇਰੇ ਨਾਲੋਂ ਵੱਖ ਨਹੀਂ ਹੋ ਸਕਦੇ। ਅਥਵਾ (ਵਾਹਿ+ਗੁਰੂ) ਵਾਹਿ ਗੁਰੂ (ਏ)ਇਹ (ਦੁਇ)ਦੋ ਅਖਰ (ਨਾ)ਨਹੀਂ (ਖਿਸਹਿ)ਅਲੋਪ ਹੁੰਦੇ। (ਸੋ)ਉਨ੍ਹਾਂ ਨੂੰ ਦਾਸਨ ਦਾਸ ਕਬੀਰੁ (ਗਹਿ)ਪਕੜ ਦ੍ਰਿੜ ਪ੍ਰਪੱਕ ਕਰ (ਰਹਿਓ)ਰਹਿਆ ਹੈ, ਭਾਵ ਹਰ ਸਮੇਂ ਅਜਪਾ ਜਾਪ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਜਪ ਰਿਹਾ ਹੈ॥੧੭੧॥ ਯਥਾ:- ਕਹੁ ਕਬੀਰ; ਅਖਰ ਦੁਇ ਭਾਖਿ॥ ਹੋਇਗਾ ਖਸਮੁ; ਤ ਲੇਇਗਾ ਰਾਖਿ॥) ਹਰਿ ਹਰਿ ਅਖਰ ਦੁਇ ਇਹ ਮਾਲਾ॥ ਜਪਤ ਜਪਤ ਭਏ ਦੀਨ ਦਇਆਲਾ॥੧॥

ਕਬੀਰ. ਕੋਠੀ ਕਾਠ ਕੀ; ਦਹ ਦਿਸਿ ਲਾਗੀ ਆਗਿ॥ ਪੰਡਿਤ ਪੰਡਿਤ ਜਲਿ ਮੂਏ; ਮੂਰਖ ਉਬਰੇ ਭਾਗਿ॥੧੭੨॥ ੧:- ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਏਹੁ ਸੰਸਾਰੁ. ਤਿਸੈ ਕੀ ਕੋਠੀ; ਜੋ ਪੈਸੈ. ਸੋ ਗਰਬਿ ਜਰੈ॥) ਇਹੁ ਜਗੁ. ਸਚੈ ਕੀ ਹੈ ਕੋਠੜੀ; ਸਚੇ ਕਾ ਵਿਚਿ ਵਾਸੁ॥ ਅਨੁਸਾਰ ਸੱਚੇ ਵਾਹਿਗੁਰੂ ਜੀ ਦੀ. ਕਾਠ (ਕੀ)ਦੀ ਕੋਠੀ, ਨਾਸ਼ਵੰਤ ਸੰਸਾਰ ਹੈ, ਉੱਤ੍ਰ ਦੱਖਣ ਪੂਰਬ ਪੱਛਮ ਤੇ ਉੱਤ੍ਰ ਪੂਰਬ ਵਿਚਾਲੇ ਈਸਾਨ ਕੋਣ, ਪੂਰਬ ਦੱਖਣ ਵਿਚਾਲੇ ਅਗਨਿ ਕੋਣ, ਦੱਖਣ ਪੱਛਮ ਵਿਚਾਲੇ ਨੈਰਿਤੀ ਕੋਣ, ਪੱਛਮ ਉੱਤ੍ਰ ਵਿਚਾਲੇ ਵਾਇਵੀ ਕੋਣ। ਜ਼ਮੀਨ ਤੇ ਅਸਮਾਨ ਇਹ (ਦਹ)ਦਸ (ਦਿਸਿ)ਦਿਸ਼ਾਂ 'ਚ, ਤ੍ਰਿਸਨਾ ਈਰਖਾ, ਬੱਜਰ ਪਾਪ, ਕਾਮ ਕ੍ਰੋਧ ਹੰਕਾਰ ਫੈਸ਼ਨ ਆਗਿ ਲਾਗੀ ਹੈ। ਯਥਾ:- ਕਲਜੁਗਿ. ਰਥੁ ਅਗਨਿ ਕਾ; ਕੂੜੁ. ਅਗੈ ਰਥਵਾਹੁ॥) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ.ਬਾਹ ਪਕਰਿ; ਸਤਿਗੁਰਿ ਨਿਸਤਾਰਾ॥)

Sri Satguru Jagjit Singh Ji eLibrary NamdhariElibrary@gmail.com

ਪੰਡਿਤ ਪੰਡਿਤ ਜਲਿ ਮੂਏ; ਮੂਰਖ ਉਬਰੇ ਭਾਗਿ॥੧੭੨॥੧. ਸੋ ਪੰਡਿਤੁ; ਜੋ ਤਿਹਾਂ ਗੁਣਾ ਕੀ ਪੰਡ ਉਤਾਰੈ॥ ਅਨਦਿਨੁ ਏਕੋ ਨਾਮੁ ਵਖਾਣੈ॥) ਕਹੁ ਕਬੀਰ; ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥) ਸੋ ਪੰਡਿਤੁ; ਜੋ ਮਨੁ ਪਰਬੋਧੈ॥ ਰਾਮ ਨਾਮੁ; ਆਤਮ ਮਹਿ ਸੋਧੈ॥ ਰਾਮ ਨਾਮ; ਸਾਰੁ ਰਸੁ ਪੀਵੈ॥ ਉਸੁ ਪੰਡਿਤ ਕੈ; ਉਪਦੇਸਿ ਜਗੁ ਜੀਵੈ॥ ਹਰਿ ਕੀ ਕਥਾ; ਹਿਰਦੈ ਬਸਾਵੈ॥ ਸੋ ਪੰਡਿਤੁ; ਫਿਰਿ ਜੋਨਿ ਨ ਆਵੈ॥ ਬੇਦ ਪੁਰਾਨ; ਸਿਮ੍ਰਿਤਿ ਬੂਝੈ ਮੂਲੁ॥ ਸੂਖਮ ਮਹਿ; ਜਾਨੈ ਅਸਥੂਲੁ॥ ਚਹੁ ਵਰਨਾ ਕਉ; ਦੇ ਉਪਦੇਸੁ॥ ਨਾਨਕ. ਉਸੁ ਪੰਡਿਤ ਕਉ; ਸਦਾ ਅਦੇਸੁ॥੪॥ ਐਸੇ ਨੇਕ ਵਿੱਦਵਾਨ ਗੁਰਮੁਖਿ ਪੰਡਿਤ ਪੰਡਿਤ, ਇਸ ਅੱਗ ਤੋਂ (ਭਾਗਿ)ਭੱਜ ਕੇ, (ਉਬਰੇ)ਬਚ ਗਏ। ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਨੁਸਾਰ ਮੂਰਖ ਗੁਰ ਨਿੰਦਕ, ਵੈਰ 'ਚ ਦ੍ਰਿੜ, ਇਸ ਅੱਗ 'ਚ, ਜਲਿ ਕੇ (ਮੂਏ)ਮਰ ਸੜ ਗਏ॥੧੭੨॥

ਕਬੀਰ. ਕੋਠੀ ਕਾਠ ਕੀ; ਦਹ ਦਿਸਿ ਲਾਗੀ ਆਗਿ॥੨:- ਵਾ:- ਇਸ ਦੇਹ ਰੂਪੀ ਕਾਠ ਦੀ ਕੋਠੀ ਨੂੰ, ਦਸੋ ਦਿਸਾ 'ਚ ਇਹ ਅੱਗ ਲੱਗੀ ਹੈ, ਜੋ ਦਸੇ ਇੰਦ੍ਰੇ ਦਸੋ ਦਿਸਾਂ ਨੂੰ ਆਪੋ ਅਪਣੇ ਵਿਸ਼ੇ ਨੂੰ ਭੁੱਖੇ ਬਾਜ਼ ਵਾਗ ਭੱਜਦੇ ਹਨ। ਅੱਖਾਂ ਰੂਪ ਵੈਰ ਈਰਖਾ ਦਵੈਤ ਵਿਕਾਰ ਦ੍ਰਿਸਟੀ ਆਦਿ ਨਾਲ ਦੇਖਦੀਆਂ ਹਨ। ਕੰਨ ਹਰ ਵੇਲੇ ਵਿਸ਼ੇ ਵਿਕਾਰ ਦੀਆਂ ਗੱਲਾ ਸੁਨਣ ਵਿੱਚ ਲੱਗੇ ਹੋਏ ਹਨ। ਨੱਕ ਪਰ ਇਸਤ੍ਰੀ ਦੀ ਦੁਰਗੰਧੀ ਲੈਂਦਾ ਹੈ। ਰਸਨਾ ਪਦਾਰਥਾਂ ਦੇ ਰਸ ਕਸ 'ਚ ਲੱਗੀ ਹੈ। ਯਥਾ:- ਜਿਹਬਾ ਸੁਆਦੀ; ਲੀਲਿਤ ਲੋਹ॥ ਜ਼ਬਾਨ ਗੰਦੇ ਗਾਣੇ ਗਾਉਣ 'ਚ ਲੱਗੀ ਹੈ। ਚਮੜੀ ਸਪਰਸ 'ਚ ਖੱਚਤ ਹੈ। ਹੱਥ ਗ਼ਲਤ ਦਸਖਤ, ਚੋਰੀ ਠੱਗੀ ਚ ਲੱਗੇ ਹਨ। ਪੈਰ ਕੁਸੰਗਤ ਚ ਜਾਂਦੇ ਹਨ। ਸੋ ਦੇਹ ਰੂਪੀ ਕਾਠ ਦੀ ਕੋਠੀ ਨੂੰ, ਦਸਾਂ ਇੰਦ੍ਰਿਆਂ ਦੇ ਵਿਸ਼ੇ ਰੂਪ ਆਗਿ (ਦਹ)ਦਸ (ਦਿਸਿ)ਤਰਫ਼ ਲਾਗੀ ਹੈ।

ਪੰਡਿਤ ਪੰਡਿਤ ਜਲਿ ਮੂਏ; ਮੂਰਖ ਉਬਰੇ ਭਾਗਿ॥੧੭੨॥ ਪੱਤ੍ਰੀ ਖੋਲ੍ ਕੇ, ਗਣਿ ਗਣਿ ਜੋਤਕੁ ਕਾਂਡੀ ਕੀਨੀ॥ ਪੜੈ ਸੁਣਾਵੈ ਤਤੁ ਨ ਚੀਨੀ॥ ਕਪਾਹੁ ਦੇਵਤੇ ਦੀ ਨਿਰਾਜਗੀ ਹੈ ਰਾਹੁ ਕੇਤੂ ਦਾ ਵਿਘਨ ਹੈ। ਇਸ ਤਰ੍ਹਾਂ ਕਪਟ ਛਲ ਨਾਲ, ਦੁਨੀਆਂ 'ਚ ਠੱਗੀ ਮਾਰਨ ਵਾਲੇ, ਜਿਨ੍ਹਾਂ ਦਾ ਕੰਮ, ਕੇਵਲ ਪੂਜਾ ਦੇ ਧਾਨ ਨਿਉਂਦੇ ਖੋਏ ਪੇੜੇ ਅਮੀਰਾਂ ਦੇ ਦੁਆਰੇ ਤੇ ਜਾ ਕੇ ਭਿੱਖਿਆ ਮੰਗਣਾ ਹੀ ਹੈ। ਐਸੇ ਵਿੱਦਿਆ ਦਾ ਅਭਿਮਾਨ ਕਰਨ ਵਾਲੇ ਪੰਡਿਤ ਪੰਡਿਤ ਆਪੋ ਵਿਚੀਂ ਵਾਦ- ਵਿਵਾਦ ਝਗੜਾ ਕਰਕੇ, ਤ੍ਰਿਸਨਾ ਈਰਖਾ, ਬੱਜਰ ਪਾਪ, ਕਾਮ ਕ੍ਰੋਧ ਹੰਕਾਰ ਫੈਸ਼ਨ ਦੀ ਅੱਗ 'ਚ (ਜਲਿ)ਸੜ ਕੇ (ਮੂਏ)ਮਰ ਗਏ। ਯਥਾ:- ਹਮ ਬਡ ਕਬਿ ਕੁਲੀਨ; ਹਮ ਪੰਡਿਤ. ਹਮ ਜੋਗੀ ਸੰਨਿਆਸੀ॥ ਗਿਆਨੀ ਗੁਨੀ. ਸੂਰ ਹਮ ਦਾਤੇ; ਇਹ ਬੁਧਿ. ਕਬਹਿ ਨ ਨਾਸੀ॥੨॥ ਹਮ ਮੂਰਖ ਮੁਗਧ ਸਰਣਾਗਤੀ; ਮਿਲੁ ਗੋਵਿੰਦ ਰੰਗਾ ਰਾਮ ਰਾਜੇ॥) ਹਉ ਮੂਰਖੁ. ਕਾਰੈ ਲਾਈਆ; ਨਾਨਕ ਹਰਿ ਕੰਮੇ॥) ਪੰਡਿਤੁ ਹੋਇ ਕੈ; ਬੇਦੁ ਬਖਾਨੈ॥ ਮੂਰਖੁ ਨਾਮਦੇਉ; ਰਾਮਹਿ ਜਾਨੈ॥ ਅਨੁਸਾਰ ਐਸੇ ਜੋ ਸੰਸਾਰ ਵੱਲੋਂ ਮੂਰਖ ਹਨ, ਸੰਸਾਰ ਉਨ੍ਹਾਂ ਨੂੰ ਮੂਰਖ ਕਹਿੰਦਾ ਹੈ। ਬਈ ਉਹ ਮਾਇਆ ਗ੍ਰਹਿਣ ਨਹੀਂ ਕਰਦੇ, ਔਗੁਣ ਵਿਕਾਰ ਇਕੱਠੇ ਨਹੀਂ ਕਰਦੇ, ਸੰਸਾਰ ਦੀ ਨਿਗ੍ਹਾ 'ਚ ਮੂਰਖ ਹਨ। ਐਸੇ ਮੂਰਖ ਇਸ ਅੱਗ ਤੋਂ (ਭਾਗਿ)ਭੱਜ ਕੇ, (ਉਬਰੇ)ਬਚ ਗਏ।

ਕਬੀਰ. ਸੰਸਾ ਦੂਰਿ ਕਰੁ; ਕਾਗਦ ਦੇਹ ਬਿਹਾਇ॥ ਬਾਵਨ ਅਖਰ. ਸੋਧਿ ਕੈ; ਹਰਿ ਚਰਨੀ. ਚਿਤੁ ਲਾਇ॥੧੭੩॥ ਪੂਰਨ ਬ੍ਰਹਮ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ, ਹੁਣ ਗੁਰਤਾ ਬਿਰਾਜਮਾਨ ਪਰਮਪੂਜਨੀਕ ਸੱਚੇ ਸਤਿਗੁਰੂ ਗਰੰਥ ਸਾਹਿਬ ਜੀ ਅਮੋਲਕ ਬਚਨ ਫ਼ੁਰਮਾਉਂਦੇ ਹਨ:- ਬਾਵਨ ਅੱਖਰੀ ਗਉੜੀ ਕਬੀਰ ਜੀ ਅੰਗ ੩੪੦, ਬਾਵਨ ਅਖਰੀ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ੨੫੦ ਅੰਗ, 'ਚ ਬਵੰਜਾ ਅੱਖਰਾਂ ਦੁਆਰਾ, ਜੋ ਸ਼ੁਭ ਸੱਚਾ ਉਪਦੇਸ਼ ਹੈ, ਇਹ (ਬਾਵਨ)ਬਵੰਜਾ ਅਖਰ, (ਸੋਧਿ)ਵਿਚਾਰ ਮੰਨ, ਦਿਲ ਰੋਮਿ ਰੋਮਿ 'ਚ

Sri Satguru Jagjit Singh Ji eLibrary NamdhariElibrary@gmail.com

ਵਸਾ (ਕੈ)ਕੇ, (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਅਜਪਾ ਜਾਪ ਪੂਰਨ ਵਾਹਿਗੁਰੂ ਜੀ ਦੇ, ਗੁਰਸਬਦ ਜੀ ਰੂਪੀ (ਚਰਨੀ)ਚਰਨ- ਕਮਲਾਂ 'ਚ, ਚਿਤੁ ਲਾਇ ਕੇ, ਦਿਲ 'ਚੋਂ ਸੰਸਾ ਦੂਰਿ ਕਰੁ ਦੇਵੋ। ਯਥਾ:- ਕਰਮੀ. ਸਹਜੁ ਨ ਊਪਜੈ; ਵਿਣੁ ਸਹਜੈ, ਸਹਸਾ ਨ ਜਾਇ॥ ਨਹ ਜਾਇ ਸਹਸਾ, ਕਿਤੈ ਸੰਜਮਿ; ਰਹੇ ਕਰਮ ਕਮਾਏ॥ ਸਹਸੈ ਜੀਉ ਮਲੀਣੁ ਹੈ; ਕਿਤੁ ਸੰਜਮਿ. ਧੋਤਾ ਜਾਏ॥ ਮੰਨੁ ਧੋਵਹੁ. ਸਬਦਿ ਲਾਗਹੁ; ਹਰਿ ਸਿਉ. ਰਹਹੁ ਚਿਤੁ ਲਾਇ॥ ਕਹੈ ਨਾਨਕੁ. ਗੁਰ ਪਰਸਾਦੀ ਸਹਜੁ ਊਪਜੈ; ਇਹੁ ਸਹਸਾ ਇਵ ਜਾਇ॥੧੮॥) ਬਧੇ ਬਿਕਾਰ ਲਿਖੇ ਬਹੁ ਕਾਗਰ॥ ਅਨੁਸਾਰ ਪਿਛਲੇ ਪਾਪ ਕਰਮ ਦੇ, ਲਿਖੇ (ਕਾਗਦ)ਕਾਗਜ਼ ਜਲ 'ਚ (ਬਿਹਾਇ)ਰੋੜ (ਦੇਹ)ਦੇ। ਯਥਾ:- ਧਰਮਰਾਇ ਦਰਿ. ਕਾਗਦ ਫਾਰੇ; ਜਨ ਨਾਨਕ. ਲੇਖਾ ਸਮਝਾ॥ ਜਿਵੇਂ ਪਿਆਰੇ ਮਹਾਂ ਸਿੰਘ ਸਾਹਿਬ ਜੀ ਨੇ ਬਿਦਾਵਾ ਪੜਵਾਇਆ। ਅਥਵਾ, ਗੈਂਡਾ ਮਾਰਿ ਹੋਮ ਜਗ ਕੀਏ; ਦੇਵਤਿਆ ਕੀ ਬਾਣੇ॥ ਦੇਵਤਿਆਂ ਦੀ ਬਾਣੀ ਯੁਜਰ ਵੇਦ 'ਚ ਗੈਂਡਾ, ਗਊ, ਘੋੜਾ, ਰਾਜੇ ਆਦਿਕਾਂ ਨੂੰ ਮਾਰ ਕੇ, ਇਨ੍ਹਾਂ ਦੇ ਮਿਹਦੇ ਦਾ ਹਵਨ ਕਰਕੇ, ਜੱਗ ਕਰਨੇ ਕਥਨ ਕੀਤੇ ਹਨ। ਜੀਆਂ ਨੂੰ ਮਾਰਨ, ਫੋਕਟ ਪਾਪ ਕਰਮ ਜੱਗ ਆਦਿ ਦੀ ਸਿੱਖਿਆ ਵਾਲੇ ਕਾਗਜ਼ ਜਲ 'ਚ (ਬਿਹਾਇ)ਰੋੜ੍ (ਦੇਹ)ਦੇ।

ਕਬੀਰ. ਸੰਤੁ, ਨ ਛਾਡੈ ਸੰਤਈ; ਜਉ. ਕੋਟਿਕ ਮਿਲਹਿ ਅਸੰਤ॥ ਮਲਿਆਗਰੁ. ਭੁਯੰਗਮ ਬੇਢਿਓ; ਤ. ਸੀਤਲਤਾ ਨ ਤਜੰਤ॥੧੭੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦਇਆਲ ਕ੍ਰਿਪਾਲ ਕ੍ਰਿਪਾ ਨਿਧਿ, ਸੰਤੁ ਜੀ ਆਪਣਾ (ਸੰਤਈ)ਸੰਤਪੁਣਾ ਖਿਮਾ ਗ੍ਰੀਬੀ ਨਿਮ੍ਰਤਾ ਦਇਆ ਸ਼ਾਂਤੀ ਸਹਿਨਸੀਲਤਾ ਦਾ ਸੁਭਾਵ (ਨ)ਨਹੀਂ (ਛਾਡੈ)ਤਿਆਗਦੇ, (ਜਉ)ਜੇਕਰ (ਕੋਟਿਕ)ਕ੍ਰੋੜਾਂ ਹੀ, ਅਸੰਤੁ ਅਨਾੜੀ ਕਦੇ ਨ ਬੂਝੈ॥ ਅਨੁਸਾਰ (ਅਸੰਤ)ਨਾਮਹੀਣ ਨਾਸਤਕ ਅਕ੍ਰਿਤਘਣ (ਮਿਲਹਿ)ਮਿਲਣ। ਜਿਵੇਂ (ਮਲਿਆਗਰੁ)ਬਾਵਨਚੰਦਨ (ਭੁਯੰਗਮ)ਸੱਪਾਂ ਨਾਲ (ਬੇਢਿਓ)ਵਲਿਆ ਹੁੰਦਾ ਹੈ, ਭਾਵ ਉਸ ਨੂੰ ਸੱਪ ਲਿਪਟੇ ਹੁੰਦੇ ਹਨ, ਕਿਉਂਕਿ ਜ਼ਹਿਰ ਤੋਂ ਸ਼ਾਂਤੀ ਮਿਲਦੀ ਹੈ। (ਤ)ਤਾਂ ਭੀ ਬਾਵਨਚੰਦਨ ਆਪਣੀ (ਸੀਤਲਤਾ)ਠੰਢ (ਨ)ਨਹੀਂ (ਤਜੰਤ)ਛੱਡਦਾ॥੧੭੪॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਸਰੂਪ ਅਰਥ:- ਸ੍ਰੀ ਕਬੀਰ ਸਾਹਿਬ ਜੀ ਅਨੁਸਾਰ (ਸੰਤੁ)ਵਾਹਿਗੁਰੂ ਸਰੂਪ ਸ਼ਾਂਤ ਆਤਮਾ ਸੁਆਸ ੨, ਰੋਮ ੨ ਕਰਕੇ, ਅੰਮ੍ਰਿਤ ਰੂਪ ਨਾਮ ਜਪਣ ਜਪਾਉਣ ਵਾਲੇ, ਹਮਰੋ ਭਰਤਾ. ਬਡੋ ਬਿਬੇਕੀ; ਆਪੇ ਸੰਤੁ ਕਹਾਵੈ॥ ਅਨੁਸਾਰ ਪੂਰਨ ਸੰਤ, ਸੱਚੇ ਸਤਿਗੁਰੂ ਪੂਰਨ ਬ੍ਰਹਮ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਨੇ, ਆਪਣਾ (ਸੰਤਈ)ਸੰਤ ਸੁਭਾਅ (ਨ)ਨਹੀਂ (ਛਾਡੈ)ਛੱਡਦੇ, (ਜਉ)ਭਾਵੇਂ (ਕੋਟਿਕ)ਕ੍ਰੋੜਾਂ (ਅਸੰਤ)ਸੰਤ ਦੋਖੀ ਆਪ ਜੀ ਨਾਲ (ਮਿਲਹਿ)ਮਿਲ ਕੇ, ਵੈਰ ਤੇ ਸਿੱਖੀ ਦਾ ਵਿਰੋਧ ਕਰਦੇ। ਜਿਸ ਤਰ੍ਹਾਂ (ਮਲਿਆਗਰੁ)ਚੰਦਨ ਭਾਵੇਂ (ਭੁਯੰਗਮ)ਸੱਪਾਂ ਨਾਲ (ਬੇਢਿਓ)ਵਲਿਆ ਹੁੰਦਾ ਹੈ ਭਾਵ ਸੱਪ ਉਸ ਦੁਆਲੇ ਲਿਪਟੇ ਹੁੰਦੇ ਹਨ, ਕਿਉਂਕਿ ਜ਼ਹਿਰ ਦੀ ਤਪਸ਼ ਮਿਟਦੀ ਹੈ, (ਤ)ਪਰ ਚੰਦਨ ਫੇਰ ਭੀ ਆਪਣੀ (ਸੀਤਲਤਾ)ਠੰਢ (ਨ)ਨਹੀਂ (ਤਜੰਤ)ਛੱਡਦਾ, ਉਸੇ ਤਰ੍ਹਾਂ ਹੀ ਠੰਢਾ ਰਹਿੰਦਾ ਹੈ। ਜਾ ਕੈ ਅੰਤਰਿ; ਬਸੈ ਪ੍ਰਭੁ ਆਪਿ॥ ਨਾਨਕ ਤੇ ਜਨ; ਸਹਜਿ ਸਮਾਤਿ॥੫॥ ਅਨੁਸਾਰ ਬ੍ਰਹਮ ਸਰੂਪ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਦਾ ਇਸ ਸਹਿਜ ਅਵਸਥਾ ਵਾਲਾ ਮਹਾਨ ਪਰਉਪਕਾਰੀ ਪਰਮ ਉੱਚਾ ਸੁੱਚਾ ਸੱਚਾ ਸੁਭਾਅ ਹੈ। ਘੋਰ ਪਾਪੀ ਜੀਆਂ ਨੂੰ ਅੰਮ੍ਰਿਤ ਗੁਰਬਾਣੀ ਤੇ ਆਪਣੀ ਕੁਰਬਾਨੀ ਦੁਆਰਾ, ਤਪਤਿ ਮਾਹਿ; ਠਾਢਿ ਵਰਤਾਈ॥) ਠਾਢਿ ਪਾਈ; ਕਰਤਾਰੇ॥ ਅਨੁਸਾਰ ਪੂਰਨ ਠੰਢ ਸ਼ਾਂਤੀ ਇਕਾਗ੍ਰਤਾ ਸਹਿਜ ਅਵਸਥਾ ਬਖ਼ਸ਼ ਕੇ, ਪੂਰਨ ਸੱਚੇ ਵਾਹਿਗੁਰੂ ਜੀ 'ਚ ਲੀਨਤਾ

Sri Satguru Jagjit Singh Ji eLibrary NamdhariElibrary@gmail.com

ਬਖ਼ਸ਼ੀ ਹੈ॥੧੭੪॥ ਯਥਾ:- ਸਾਧ ਕੁਸੰਗਤ ਮਹਿ ਰਹੈ; ਤ੍ਰਿਸਨਾ ਵਿਕਾਰ ਨ ਲਗੰਤ। ਜਿਉ ਚੰਦਨ ਸਰਪਨ ਵਿਖੇ; ਸੀਤਲਤਾ ਨ ਤਜੰਤ। ਇਸ ਤਰ੍ਹਾਂ ਸੰਤ ਮਹਾਂਪੁਰਸ਼ ਨੂੰ ਕ੍ਰੋੜਾਂ ਨਾਸਤਕ ਨਾਮਹੀਣ ਪੁਰਸ਼ ਮਿਲਣ, ਬਈ ਤੇਰਾ ਸੰਤਪੁਣਾ ਚੁੱਕ ਹੀ ਦੇਣਾ ਹੈ, ਜਿਵੇਂ ਵਾਹਿਗੁਰੂ ਪੰਜਵੇਂ ਪਾਤਿਸ਼ਾਹ ਜੀ ਨੂੰ ਚੰਦੂ ਨੇ ਬੜਾ ਹੀ ਜੋਰ ਲਾਇਆ, ਤੱਤੀ ਲੋਹ ਤੇ ਖੜੇ ਕੀਤੇ ਗਰਮ ਰੇਤੇ ਤੇ ਬਿਠਾਏ, ਗਰਮ ਰੇਤਾ ਸੀਸ 'ਤੇ ਪਾਇਆ, ਉਬਲਦੀ ਦੇਗ 'ਚ ਬਿਠਾਏ, ਸੰਤਪੁਣਾ ਨਹੀਂ ਛੱਡਿਆ ਭਾਣਾ ਮੰਨਿਆਂ। ਯਥਾ:- ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥) ਨਾ ਕੋ ਮੇਰਾ ਦੁਸਮਨੁ ਰਹਿਆ; ਨਾ ਹਮ ਕਿਸ ਕੇ ਬੈਰਾਈ॥ ਬ੍ਰਹਮੁ ਪਸਾਰੁ ਪਸਾਰਿਓ ਭੀਤਰਿ; ਸਤਿਗੁਰ ਤੇ ਸੋਝੀ ਪਾਈ॥) ਨਾ ਕੋ ਬੈਰੀ ਨਹੀ ਬਿਗਾਨਾ; ਸਗਲ ਸੰਗਿ ਹਮ ਕਉ ਬਨਿ ਆਈ॥ ਮਹਾਰਾਜ ਸੱਚੇ ਪਾਤਿਸ਼ਾਹ ਜੀ ਨੂੰ ਚੰਦੂ ਦੇ ਕ੍ਰੋਧ ਦੇ ਦੁਰਬਚਨ ਗਰਮ ਨਹੀਂ ਕਰ ਸਕੇ। ਸਿਪਾਹੀ ਤਲਵਾਰਾਂ ਦਿਖਾ ਕੇ ਡਰਾ ਨਹੀਂ ਸਕੇ। ਇਸੇ ਤਰ੍ਹਾਂ ਜੇਠ ਦੀ ਸਖਤ ਗਰਮੀ ਜਮੀਨ ਅਸਮਾਨ ਤਪ ਰਹੇ ਸਨ, ਲੱਕੜਾਂ ਤੇਜ ਡਾਹ ਕੇ ਲੋਹ ਤਪਾਈ ਗਈ, ਦੇਗ ਉਬਾਲੀ ਗਈ, ਰੇਤਾ ਤੱਤਾ ਕੀਤਾ ਗਿਆ, ਪਰ ਐਨੇ ਭਾਰੀ ਕਸ਼ਟ ਮਹਾਰਾਜ ਸਾਹਿਬ ਜੀ ਨੂੰ ਗਰਮ ਨਾ ਕਰ ਸਕੇ। ਆਪਣੇ ਪਿਆਰਿਆਂ ਨੂੰ ਕੁਰਬਾਨੀ ਦੇਣ ਦਾ ਸਬਕ ਸਿਖਾਇਆ ਕਿ ਐਸਾ ਜੀਵਨ ਬਣਾਉ। ਜਿਵੇਂ ਚੰਦਨ ਸੱਪਾਂ ਦਾ ਵਲ੍ਹਿਆ ਭੀ, ਠੰਢ ਨਹੀਂ ਛੱਡਦਾ, ਮਹਾਰਾਜ ਸਾਹਿਬ ਜੀ ਨੇ ਕਮਾ ਕੇ ਦੱਸਿਆ। ਮਹਾਰਾਜ ਸਾਹਿਬ ਤੋਂ ਵਰੋਸਾਉਣ ਵਾਲੇ ਮਹਾਂਪੁਰਸ਼ ਭੀ ਇਸ ਅਵਸਥਾ ਨੂੰ ਨਹੀਂ ਛੱਡਦੇ, ਭਾਵੇਂ ਕਿੰਨੇ ਭੀ ਵਿਕਾਰੀ ਲੋਕ ਝਗੜੇ ਕਲੇਸ਼ ਕਰਨ, ਪ੍ਰਮੇਸਰ 'ਚ ਲੀਣ ਰਹਿੰਦੇ ਹਨ। ਸਮਦ੍ਰਿਸ਼ਟੀ ਵਾਲੇ ਤੱਤ ਬੇਤੇ ਮਹਾਂਪੁਰਸ਼, ਪਰਮ ਸੰਤ ਬਾਬਾ ਘਨਈਆ ਸਾਹਿਬ ਜੀ ਤੀਰ ਗੋਲ਼ੇ ਗੋਲ਼ੀਆਂ ਦੀ ਵਰਖਾ ਹੁੰਦੀ ਤੋਂ ਮੱਚਦੇ ਜੰਗ ਚ, ਵੈਰੀਆਂ ਦੇ ਮੂੰਹ 'ਚ ਪਾਣੀ ਪਾਉਂਦੇ, ਮੱਲ੍ਹਮ ਪੱਟੀ ਕਰਦੇ ਸਨ। ਹੁਣ ਤੱਕ ਭੀ ਉਨ੍ਹਾਂ ਦੀ ਸੰਪ੍ਰਦਾ 'ਚ ਜਦੋਂ ਕਿਸੇ ਨੂੰ ਸੇਵਾ ਸੰਭਾਲਣੀ ਹੋਵੇ, ਤਦੋਂ ਉਸ ਨੂੰ ਝਾੜੂ, ਮੱਲ੍ਹਮ ਦੀ ਡੱਬੀ ਇੱਕ ਕਟੋਰਾ ਦਿੰਦੇ ਹਨ। ਝਾੜੂ:- ਗੁਰੂ ਘਰ 'ਚ ਝਾੜੂ ਦੇਣਾ। ਡੱਬੀ:- ਮੱਲ੍ਹਮ ਪੱਟੀ ਦੀ ਮੁਫ਼ਤ ਸੇਵਾ ਕਰਨੀ। ਕਟੋਰਾ:- ਸਭ ਨੂੰ ਜੀ ਆਇਆਂ ਕਹਿ ਕੇ ਲੰਗਰ ਜਲ ਛਕਾਉਣਾ, ਸੰਸਾਰ ਵੱਲੋਂ ਜਿਉਂਦੇ ਮਰ ਕੇ, ਸੱਚੀ ਸੇਵਾ ਕਰਨੀ। ਯਥਾ:- ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ; ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ; ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ; ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ; ਪੁਗ ਖਲੋਵਣਾ॥੧੮॥

ਕਬੀਰ. ਮਨੁ ਸੀਤਲੁ ਭਇਆ; ਪਾਇਆ ਬ੍ਰਹਮਗਿਆਨੁ॥ ਜਿਨਿ ਜੁਆਲਾ ਜਗੁ ਜਾਰਿਆ; ਸੁ ਜਨ ਕੇ ਉਦਕ ਸਮਾਨਿ॥੧੭੫॥ ਪਰਮਪੂਜਨੀਕ ਪੂਰਨ ਬ੍ਰਹਮ ਸਰੂਪ, ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ, ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਦਾਸਨ ਦਾਸ ਦਾ ਮਨੁ (ਸੀਤਲੁ)ਠੰਢਾ (ਭਇਆ)ਹੋ ਗਿਆ ਹੈ। ਸੁਆਮੀ ਰਾਮਾਨੰਦ ਜੀ ਵਾਹਿਗੁਰੂ ਗੁਰੂ ਨਾਨਕ ਦੇਵ ਜੀ ਦੁਆਰਾ ਦਾਸਨ ਦਾਸ ਨੇ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਅਨੁਸਾਰ ਸਭ ਦੀ ਚਰਨ- ਧੂੜਿ ਬਨਣ ਰੂਪ, ਪੂਰਨ ਬ੍ਰਹਮਗਿਆਨੁ ਭਾਵ ਆਤਮਗਿਆਨ ਪਾਇਆ ਹੈ।
(ਜਿਨਿ)ਜਿਸ ਈਰਖਾ ਤ੍ਰਿਸਨਾ ਮਾਇਆ ਦੀ ਇੱਛਾ, ਦੁਸਮਣੀ ਦ੍ਵੈਤ ਨਿੰਦਾ ਸਮੂਹ ਪਾਪਾਂ ਔਗੁਣਾਂ, ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਰੂਪੀ (ਜੁਆਲਾ)ਅੱਗ ਨੇ, ਸਾਰੇ ਜਗੁ ਨੂੰ (ਜਾਰਿਆ)ਸਾੜ ਦਿਤਾ ਹੈ। ਯਥਾ:- ਅਗਨਿ ਸਾਗਰ; ਬੂਡਤ ਸੰਸਾਰਾ॥) ਕਾਮਿ ਕਰੋਧਿ ਜਲੈ ਸਭੁ ਕੋਈ॥ (ਸੁ)ਉਹ ਮਾਇਆ ਅਗਨੀ, (ਜਨ)ਸੇਵਕ ਦਾਸਨ ਦਾਸ (ਕੇ)ਦੇ ਲਈ, (ਉਦਕ)ਅੰਮ੍ਰਿਤ (ਸਮਾਨਿ)ਬਰਾਬਰ ਹੈ, ਜਿਹੜੀ ਮਾਇਆ ਅਗਨੀ ਸੰਸਾਰ ਨੂੰ

Sri Satguru Jagjit Singh Ji eLibrary NamdhariElibrary@gmail.com

ਸਾੜ ਰਹੀ ਹੈ, ਉਹ ਦਾਸੀ ਬਣਕੇ, ਦਾਸਨ ਦਾਸ ਦੇ ਕਾਰਜ ਸਵਾਰਦੀ ਹੈ। ਯਥਾ:- ਮਾਇਆ ਦਾਸੀ ਭਗਤਾ ਕੀ ਕਾਰ ਕਮਾਵੈ॥ ਜਿਵੇਂ ਮਹਾਰਾਜ ਦੇ ਪਿਆਰੇ ਜਨ, ਗੁਰਦੁਆਰੇ ਹਸਪਤਾਲ ਸੜਕਾਂ ਸਕੂਲ ਗ਼ੀਬਾਂ ਦੀ ਸੇਵਾ ਕਰਦੇ ਹਨ। ਜਿਵੇਂ ਪਾਣੀ ਸੁਖ ਦਿੰਦਾ, ਇਸ ਤਰ੍ਹਾਂ ਮਾਇਆ ਸੁਖਮਈ ਬਣਦੀ ਹੈ। ਉਨ੍ਹਾਂ 'ਤੇ ਕੋਈ ਅਸਰ ਨਹੀਂ ਕਰਦੀ। ਜਿਵੇਂ ਗੁਰਮੁਖਿ ਪਿਆਰੇ, ਸਤਿਗੁਰੂ ਨਾਨਕ ਦੇਵ ਜੀ ਦੇ ਖ਼ਾਸ ਪ੍ਰੇਮੀ ਰਾਏ ਬੁਲਾਰ ਜੀ ਨੇ, ਆਪਣੀ ੭੫੦੦ ਏਕੜ ਜ਼ਮੀਨ ਘਰ ਬਾਰ ਸਭ ਕੁੱਝ, ਧੰਨ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿਤਾ। ਮਹਾਰਾਜ ਦੇ ਪਿਆਰੇ ਮਾਇਆ ਨੂੰ ਆਪਣੀ ਨਹੀਂ ਮੰਨਦੇ, ਹੀਓ ਮਹਰਾਜ ਰੀ ਮਾਇਓ॥ ਮਹਾਰਾਜ ਦੀ ਮੰਨ ਕੇ ਮਹਾਰਾਜ ਦੀ ਸੇਵਾ ਲੰਗਰ 'ਚ ਲਾਉਂਦੇ ਹਨ। ਮਾਇਆ ਉਨ੍ਹਾਂ ਲਈ ਅੰਮ੍ਰਿਤ, ਬਾਕੀਆਂ ਲਈ ਨਾਗਣੀ ਹੈ। ਬ੍ਰਹਮਗਿਆਨੀ ਸਗਲ ਕੀ ਰੀਨਾ॥) ਬ੍ਰਹਮਗਿਆਨੀ; ਊਚ ਤੇ ਊਚਾ॥ ਮਨਿ ਅਪਨੈ ਹੈ; ਸਭ ਤੇ ਨੀਚਾ॥) ਬ੍ਰਹਮਗਿਆਨੀ ਕੈ ਗਰੀਬੀ ਸਮਾਹਾ॥ ਬ੍ਰਹਮਗਿਆਨੀ ਪਰਉਪਕਾਰ ਉਮਾਹਾ॥ ਜਦੋਂ ਸਤਿਗੁਰਾਂ ਦਾ ਬਖ਼ਸ਼ਿਆ ਬ੍ਰਹਮਗਿਆਨ ਪ੍ਰਾਪਤ ਕਰ ਲਿਆ, ਤਾਂ ਜਿਸ ਅੱਗ ਨੇ ਸੰਸਾਰ ਨੂੰ ਸਾੜਿਆ ਹੈ, ਉਹ ਜਨਾ ਨੂੰ ਅੰਮ੍ਰਿਤ ਬ੍ਰਹਮਾਨੰਦ ਰਸ ਬਖ਼ਸ਼ਦੀ ਹੈ। ਕਿਉਂਕਿ ਦਾਸੀ ਬਣ ਕੇ ਸੇਵਾ ਕਮਾਉਂਦੀ ਹੈ। ਭਾਵ ਮਾਇਆ ਹਾਵੀ ਨਹੀਂ ਪੈਂਦੀ। ਜੀਵ ਨੂੰ ਹਾਵੀ ਹੋ ਕੇ, ਭੜਕਾਉਂਦੀ ਦੁੱਖ ਸੰਤਾਪ ਦਿੰਦੀ ਹੈ। ਯਥਾ:- ਮਾਇਆ; ਐਸੀ ਮੋਹਨੀ ਭਾਈ॥ ਜੇਤੇ ਜੀਅ; ਤੇਤੇ ਡਹਕਾਈ॥

ਕਬੀਰ. ਸਾਰੀ ਸਿਰਜਨਹਾਰ ਕੀ; ਜਾਨੈ ਨਾਹੀ ਕੋਇ॥ ਕੈ ਜਾਨੈ ਆਪਨ ਧਨੀ; ਕੈ ਦਾਸੁ ਦੀਵਾਨੀ ਹੋਇ॥੧੭੬॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਸਿਰਜਨਹਾਰ)ਰਚਨਹਾਰ ਕਰਤਾਰ ਨਿਰਗੁਨ ਬ੍ਰਹਮ ਵਾਹਿਗੁਰੂ ਜੀ (ਕੀ)ਦੀ ਇਹ ਸਾਰੀ ਰਚਨਾ, (ਸਾਰੀ)ਬਾਜੀ ਹੈ। ਇਸ ਭੇਦ ਨੂੰ (ਕੋਇ)ਕੋਈ ਦੂਜਾ ਬਣ ਕੇ, ਨਾਹੀ (ਜਾਨੈ)ਜਾਣਦਾ। (ਕੈ)ਜਾਂ ਤਾਂ (ਧਨੀ)ਮਾਲਕ ਵਾਹਿਗੁਰੂ ਸਿਰਜਨਹਾਰ ਜੀ (ਆਪਨ)ਆਪਣੇ ਆਪ (ਜਾਨੈ)ਜਾਣਦੇ ਹਨ, (ਕੈ)ਜਾਂ ਉਨ੍ਹਾਂ 'ਚ ਲੀਨ ਹੋਏ ਦੀਵਾਨੀ ਮਸਤਾਨੀ ਅਵਸਥਾ 'ਚ ਲੀਣ ਹੋਇ, ਦਿਵਾਨੇ ਮਸਤਾਨੇ (ਜਾਨੈ)ਜਾਣਦੇ ਹਨ। ਯਥਾ:- ਤਉ ਦੇਵਾਨਾ ਜਾਣੀਐ; ਜਾ. ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥)॥ ਮਗਨੁ ਭਇਓ ਪ੍ਰਿਅ ਪ੍ਰੇਮ ਸਿਉ; ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ ਸਭ ਲੋਅ ਮਹਿ; ਨਾਨਕ ਅਧਮ ਪਤੰਗ॥) ਕਬੀਰ. ਤੂੰ ਤੂੰ ਕਰਤਾ ਤੂ ਹੂਆ; ਮੁਝ ਮਹਿ ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥) ਚਿਤ ਨ ਭਯੋ ਹਮਰੋ; ਆਵਨ ਕਹ॥ ਚੁਭੀ ਰਹੀ ਸੂਤ; ਪ੍ਰਭੁ ਚਰਨਨ ਮਹਿ॥ (ਸ੍ਰੀ ਦਸਮ ਪਥ) ਮਨ ਬਾਣੀ ਰੋਮ ੨ ਕਰਕੇ ਸੁਰਤੀ ਬਿਰਤੀ ਹਰ ਖ਼ਿਆਲ 'ਚ ਨਿਰਗੁਨ ਬ੍ਰਹਮ ਜੀ 'ਚ ਲੀਨ ਹੋ ਜਾਣਾ, ਰੋਮ ੨ ਕਰਕੇ ਅਜਪਾ ਜਾਪ ਹੋਣਾ, ਸਾਰੇ ਇੰਦ੍ਰੇ ਜਾਪ 'ਚ ਲੱਗ ਜਾਣੇ, ਕੰਨਾਂ ਦੁਆਰਾ ਹਰ ਵੇਲੇ ਵਾਹਿਗੁਰੂ ੨ ਸੁਣਨਾ। ਯਥਾ:- ਨੇਤ੍ਰੀ ਸਤਿਗੁਰੁ ਪੇਖਣਾ; ਸ੍ਰਵਣੀ ਸੁਨਣਾ ਗੁਰ ਨਾਉ॥) ਰਸਨਾ ਰਮਤ ਸੁਨਤ ਸੁਖੁ ਸ੍ਰਵਨਾ; ਚਿਤ ਚੇਤੇ ਸੁਖੁ ਹੋਈ॥ ਕਹੁ ਭੀਖਨ. ਦੁਇ ਨੈਨ ਸੰਤੋਖੇ; ਜਹ ਦੇਖਾਂ ਤਹ ਸੋਈ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥) ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥੧॥ ਰਹਾਉ॥ ਦਰਸਨੁ ਪੇਖਿ ਭਏ ਨਿਰਬਿਖਈ; ਪਾਏ ਹੈ ਸਗਲੇ ਥੋਕ॥ ਆਨ ਬਸਤੁ ਸਿਉ. ਕਾਜੁ ਨ ਕਛੂਐ; ਸੁੰਦਰ ਬਦਨ ਅਲੋਕ॥੧॥ ਸਿਆਮ ਸੁੰਦਰ ਤਜਿ. ਆਨ ਜੁ ਚਾਹਤ; ਜਿਉ ਕੁਸਟੀ ਤਨਿ ਜੋਕ॥ ਸੂਰਦਾਸ ਮਨੁ. ਪ੍ਰਭਿ ਹਥਿ ਲੀਨੋ; ਦੀਨੋ ਇਹੁ ਪਰਲੋਕ॥੨॥੧॥੮॥) ਦੀਵਾਨੀ ਅਵਸਥਾ 'ਚ ਦੇਹ ਦਾ ਚੇਤਾ ਭੁੱਲ ਜਾਣਾ,

Sri Satguru Jagjit Singh Ji eLibrary NamdhariElibrary@gmail.com

ਤੇ ਕੇਵਲ ਮਹਾਰਾਜ ਸਾਹਿਬ ਜੀ ਲੂੰ ੨ 'ਚ ਵਸ ਕੇ, ਰਸਨਾ ਤੇ ਬੈਠ ਕੇ, ਰੋਮ ੨ ਕਰਕੇ ਜਾਪ ਕਰਦੇ ਹਨ। ਯਥਾ:- ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਨਾਨਕ ਜਨ ਕਾ; ਦਾਸਨਿ ਦਸਨਾ॥ ਐਸੀ ਦਿਵਾਨੀ ਅਵਸਥਾ, ਜੇ ਮਹਾਰਾਜ ਤੇ ਘਟਾ ਕੇ ਕਹੀਏ, ਮਹਾਰਾਜ ਉਬਲਦੀ ਦੇਗ 'ਚ ਬੈਠੇ, ਤੱਤੇ ਰੇਤੇ ਤੇ ਬੈਠੇ, ਤੱਤਾ ਰੇਤਾ ਸੀਸ ਤੇ ਪੁਆਇਆ, ਸੜਦੀ ਬਲਦੀ ਮੱਚਦੀ ਲੋਹ ਤੇ ਖੜੇ। ਨੌਵੇਂ ਜਾਮੇ 'ਚ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ, ਗੁਰਬਾਣੀ ਉਚਾਰ ਰਹੇ ਹਨ। ਯਥਾ:- ਗੁਨ ਗੋਬਿੰਦ ਗਾਇਓ ਨਹੀ; ਜਨਮੁ ਅਕਾਰਥ ਕੀਨ॥ ਦਸਵੇਂ ਜਾਮੇ ਅੰਦਰ ਮਹਾਰਾਜ ਜੀ ਸ੍ਵਬੰਸ ਕੁਰਬਾਨ ਕਰ ਰਹੇ ਹਨ। ਸਾਹਿਬਜ਼ਾਦਿਆਂ ਨੂੰ ਸ਼ਹੀਦ ਹੁੰਦਿਆਂ ਦੇਖ ਕੇ ਕਰਤਾਰ ਦਾ ਸ਼ੁਕਰ ਕਰ ਰਹੇ ਹਨ। ਹੇ ਅਕਾਲ ਪੁਰਖ ਵਾਹਿਗੁਰੂ! ਆਪ ਜੀ ਦੀ ਅਮਾਨਤ ਸੀ, ਆਪ ਜੀ ਦੇ ਚਰਨ- ਕਮਲਾਂ 'ਚ ਆ ਗਈ ਹੈ। ਯਥਾ:- ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥ ਇਸ ਦਿਵਾਨੀ ਅਵਸਥਾ 'ਚ ਦੁਸਮਣ ਮਿੱਤ੍ਰ ਬਰਾਬਰ, ਹਰਖ ਸੋਗ ਤੋਂ ਨਿਰਲੇਪਤਾ, ਰਾਜੇ ਰੰਕ 'ਚ ਬਰਾਬਰੀ ਹੈ। ਜਿਵੇਂ ਦਸਵੇਂ ਪਾਤਿਸ਼ਾਹ ਜੀ ਨੇ ਕਿਹਾ, ਮੈ ਹੋ; ਪਰਮ ਪੁਰਖ ਕੋ ਦਾਸਾ॥ ਦੇਖਨਿ ਆਯੋ ਜਗਤ ਤਮਾਸਾ॥ ਸੋ ਮਹਾਰਾਜ ਜੀ ਨੇ ਜਗਤ ਤਮਾਸ਼ਾ ਕਰਕੇ ਸਮਝਿਆ, ਧਰਮ ਲਈ ਸਭ ਕੁੱਝ ਕੁਰਬਾਨ ਕਰ ਦਿਤਾ, ਪ੍ਰਵਾਹ ਨਹੀਂ ਕੀਤੀ। ਇਹ ਸਾਰੀ ਜੋ ਸਿਰਜਨਹਾਰ ਦੀ ਬਾਜੀ ਹੈ, ਇਸ ਨੂੰ ਜਾਂ ਤਾਂ ਮਹਾਰਾਜ ਜੀ ਆਪ ਜਾਣਦੇ ਹਨ, ਜਾਂ ਮਹਾਰਾਜ ਸਾਹਿਬ ਜੀ ਦੇ ਦਾਸਨ ਦਾਸ ਜਿਨਾਂ ਦੀ ਦਿਵਾਨੀ ਅਵਸਥਾ ਉਹ ਜਾਣਦੇ ਹਨ। ਯਥਾ:- ਬਾਜੀਗਰਿ; ਜੈਸੇ ਬਾਜੀ ਪਾਈ॥ ਨਾਨਾ ਰੂਪ; ਭੇਖ ਦਿਖਲਾਈ॥ ਸਾਂਗੁ ਉਤਾਰਿ; ਥੰਮ੍ਹਿਓ ਪਾਸਾਰਾ॥ ਤਬ ਏਕੋ ਏਕੰਕਾਰਾ॥ ਜਿਵੇਂ ਬਾਜੀਗਰ ਗੁਥਲੀ ਚੋਂ ਪੁਤਲੀਆਂ ਨੂੰ ਕੱਢਦਾ ਹੈ, ਪੜਦੇ ਉਹਲੇ ਬੈਠ ਕੇ ਤਾਰ ਖਿੱਚ ਕੇ ਉਨ੍ਹਾਂ ਨੂੰ ਟਪਾਉਂਦਾ ਨਚਾਉਂਦਾ, ਇਸੇ ਤਰ੍ਹਾਂ ਅਕਾਲ ਪੁਰਖ ਬਾਜੀਗਰ ਨਿਰਗੁਨ ਬ੍ਰਹਮ ਜੀ ਆਪਣੇ ਨਿਰਗੁਨ ਸਰੂਪ 'ਚੋਂ ਅਸੰਖ ਬ੍ਰਹਮੰਡ ਸੂਰਜ ਚੰਦ ਤਾਰੇ ਮੰਡਲ ਧਰਤੀਆਂ ਅਕਾਸ਼ ਅਸੰਖ ਖਾਣੀਆਂ ਬਾਣੀਆਂ ਕੋਟਿ ਬ੍ਰਹਮੰਡ ਦੀ ਰਚਨਾ ਨੂੰ ਪ੍ਰਗਟ ਕਰਦੇ ਹਨ। ਸਾਰੀ ਰਚਨਾ 'ਚ ਵਸਦੇ ਹਨ, ਸਾਰੀ ਰਚਨਾ ਉਨ੍ਹਾਂ 'ਚ ਵਸਦੀ ਹੈ। ਸਾਰਾ ਪ੍ਰਬੰਧ ਉਨ੍ਹਾਂ ਦੇ ਹੁਕਮ 'ਚ ਹੁੰਦਾ ਹੈ। ਯਥਾ:- ਭੈ ਵਿਚਿ ਸੂਰਜੁ; ਭੈ ਵਿਚਿ ਚੰਦੁ॥ ਕੋਹ ਕਰੋੜੀ ਚਲਤ; ਨ ਅੰਤੁ॥ ਸਾਰੀ ਰਚਨਾ ਉਨ੍ਹਾਂ ਦੇ ਹੁਕਮ 'ਚ ਚੇਸ਼ਟਾ ਕਰਦੀ ਹੈ। ਸਾਰੀ ਰਚਨਾ ਨੂੰ ਆਪਣੇ ਆਸਰੇ ਚਲਾ ਰਹੇ ਹਨ, ਜਦੋਂ ਉਨ੍ਹਾਂ ਨੂੰ ਭਾਵੇ, ਤਿਸੁ ਭਾਵੈ; ਤਾ ਕਰੇ ਬਿਸਥਾਰੁ॥ ਤਿਸੁ ਭਾਵੈ ਤਾ ਏਕੰਕਾਰੁ॥ ਅਨੁਸਾਰ ਸਾਰੀ ਰਚਨਾ ਨੂੰ ਆਪਣੇ 'ਚ ਲੀਣ ਕਰ ਲੈਂਦੇ ਹਨ।

ਕਬੀਰ. ਭਲੀ ਭਈ, ਜੋ ਭਉ ਪਰਿਆ; ਦਿਸਾ ਗਈ ਸਭ ਭੂਲਿ॥ ਓਰਾ ਗਰਿ. ਪਾਨੀ ਭਇਆ; ਜਾਇ ਮਿਲਿਓ ਢਲਿ ਕੂਲਿ॥੧੭੭॥ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਬੜੀ ਹੀ ਉੱਚੀ ਅਵਸਥਾ ਕਥਨ ਕਰਦੇ ਹਨ। (ਭਲੀ)ਬੜੀ ਚੰਗੀ ਗੱਲ (ਭਈ)ਹੋਈ, ਜੋ ਮਹਾਰਾਜ ਸਾਹਿਬ ਜੀ ਦਾ (ਭਉ)ਡਰ ਦਿਲ 'ਚ (ਪਰਿਆ)ਪੈ ਗਿਆ। ਮਹਾਰਾਜ ਸਾਹਿਬ ਜੀ ਦਾ ਡਰ ਦਿਲ 'ਚ ਵਸ ਗਿਆ, ਇਸ ਅਵਸਥਾ 'ਚ ਚੰਗੇ ਗੁਣਾਂ ਦਾ ਧਾਰਨੀ ਬਣ ਜਾਂਦਾ ਹੈ, ਜੇ ਮੈਂ ਅੱਖਾਂ ਨਾਲ ਰੂਪ ਦੇਖਾਂਗਾ, ਕੰਨਾਂ ਨਾਲ ਨਿੰਦਾ ਸੁਣਾਂਗਾ, ਜ਼ਬਾਨ ਨਾਲ ਝੂਠ ਗ਼ਲਤ ਬੋਲਾਂਗਾ, ਸ਼ਰੀਰ ਕਰਕੇ ਵਿਕਾਰ ਕਤਲ ਜ਼ੋਰ ਜ਼ੁਲਮ ਕਰਾਂਗਾ, ਤਾਂ ਮਹਾਰਾਜ ਸਹਿਬ ਮੇਰੇ ਸਿਰ 'ਤੇ, ਮੈਨੂੰ ਦੇਖ ਰਹੇ ਹਨ, ਸਖ਼ਤ ਸਜ਼ਾ ਦੇਣਗੇ। ਯਥਾ:- ਜੇ. ਤੈ ਰਬੁ ਵਿਸਾਰਿਆ; ਤ. ਰਬਿ, ਨ ਵਿਸਰਿਓਹਿ॥ ਡਰ ਪੈਦਾ ਹੋਣ ਤੋਂ ਚਉਰਾਸੀ ਦੇ ਗੇੜੇ, ਜਮਾਂ ਦਾ ਡਰ ਚੁੱਕਿਆ ਜਾਂਦਾ ਹੈ। ਯਥਾ:- ਡਡਾ. ਡਰ ਉਪਜੇ; ਡਰੁ ਜਾਈ॥ ਤਾ ਡਰ ਮਹਿ ਡਰੁ; ਰਹਿਆ ਸਮਾਈ॥ ਨਿਡਰ ਹੂਆ; ਡਰੁ ਉਰ ਹੋਇ ਭਾਗੈ॥) ਭਉ ਬੇੜਾ; ਜੀਉ ਚੜਾਊ॥ ਕਹੁ ਨਾਨਕ; ਦੇਵੈ ਕਾਹੂ॥) ;ਦਿਸਾ ਗਈ ਸਭ ਭੂਲਿ॥ ਮਨ ਜੋ ਕਾਮ ਕ੍ਰੋਧ ਲੋਭ ਮੋਹ ਹੰਕਾਰ, ਆਪਣੇ ਖਾਣ ਪੀਣ,

Sri Satguru Jagjit Singh Ji eLibrary NamdhariElibrary@gmail.com

ਇੰਦ੍ਰਿਆਂ ਦੇ ਵਿਸ਼ਿਆਂ, ਆਪਣੇ ਮਹਿਮਾ, ਆਪਣੇ ਸਬੰਧੀਆਂ, ਪਰਾਈਆਂ ਜਨਾਨੀਆਂ, ਡਾਕੇ ਕਤਲ ਕੁਸੰਗਤ, ਆਪਣੇ ਆਪ ਨੂੰ ਵਿੱਦਵਾਨ ਸੰਤ ਭਗਤ, ਜੱਥੇਦਾਰ ਕਹਾਉਣ ਆਦਿ, ਮਨ ਦੇ ਭੱਜਣ ਦੀਆਂ (ਸਭ)ਸਾਰੀਆਂ (ਦਿਸਾ)ਦਿਸਾਂ ਭੁਲਿ (ਗਈਂ)ਗਈਆਂ। ਕੇਵਲ ਸਤਿਗੁਰੂ ਮਹਾਰਾਜ ਸਾਹਿਬ ਦੇ ਚਰਨ- ਕਮਲ ਅੰਦਰ ਬਾਹਰ ਦਿਸ ਰਹੇ ਹਨ। ਯਥਾ:- ਦਰਸਨ ਦੇਖਤ ਹੀ. ਸੁਧਿ ਕੀ ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ. ਮਤਿ ਮੈ ਨ ਮਤਿ ਹੈ। ਦਿਸਾ ਕੋਈ ਚੇਤੇ ਨਹੀਂ, ਫ਼ੁਰਨਾ ਕਿਸੇ ਹੋਰ ਖਲਾਰੇ 'ਚ ਨਹੀਂ ਜਾਂਦਾ। ਮਹਾਰਾਜ ਦਾ ਡਰ ਪੈਣ ਨਾਲ ਮਹਾਰਾਜ 'ਚ ਲੀਨਤਾ ਹੋ ਗਈ। ਮਹਾਰਾਜ ਦੇ ਡਰ 'ਚ ਐਸੀ ਇਕਾਗ੍ਰਤਾ ਸ਼ਾਂਤੀ ਬਣਦੀ ਹੈ, ਜੋ ਕਬੀਰ ਸਾਹਿਬ ਜੀ ਨੂੰ ਪ੍ਰਾਪਤ ਹੈ। ਅਸੰਖ ਪ੍ਰਕਾਸ਼ ਸਰੂਪ ਮਹਾਰਾਜ ਅੰਦਰ ਬਾਹਰ ਆਪਣੇ ਵਿਸਮਾਦ ਰੰਗ ਦੇ ਦਰਸ਼ਨ ਇਕਾਗ੍ਰਤਾ ਸ਼ਾਂਤੀ, ਤਿਥੈ ਨਾਦ ਬਿਨੋਦ; ਕੋਡ ਅਨੰਦੁ॥ ਅਜਪਾ ਜਾਪ ਹਿਰਦੇ 'ਚੋਂ ਮੁਖ 'ਚ ਅੰਮ੍ਰਿਤ, ਰੰਗਾਂ ੨ ਦੀ ਵਿਸਮਾਦਤਾਈ ਬਖ਼ਸ਼ਦੇ ਹਨ। ਇਹ ਭੈ ਪੈਣ ਦੀ ਬਹੁਤ ਵੱਡੀ ਗੱਲ ਹੈ। ਯਥਾ:- ਜਿਨਾ ਭਉ. ਤਿਨ੍ ਨਾਹਿ ਭਉ; ਮੁਚੁ ਭਉ. ਨਿਭਵਿਆਹ॥ ਨਾਨਕ. ਏਹੁ ਪਟੰਤਰਾ; ਤਿਤੁ ਦੀਬਾਣਿ ਗਇਆਹ॥੧॥)

ਓਰਾ ਗਰਿ. ਪਾਨੀ ਭਇਆ; ਜਾਇ ਮਿਲਿਓ ਢਲਿ ਕੂਲਿ॥੧੭੭॥ ਜਿਵੇਂ ਬਰਫ਼ ਦਾ (ਓਰਾ)ਗੜਾ ਸੂਰਜ ਦੀ ਕਿਰਨ ਲੱਗਣ ਤੋਂ (ਗਰਿ)ਗਲ਼ ਕੇ ਪਾਨੀ (ਭਇਆ)ਹੋਇਆ, ਢਲਿ ਕੇ (ਕੂਲਿ)ਚਸ਼ਮੇ ਸਮੁੰਦ੍ਰ ਚ (ਜਾਇ)ਜਾ (ਮਿਲਿਓ)ਮਿਲਦਾ ਹੈ॥੧੭੭॥ ਪ੍ਰਮਾਤਮਾ ਜੀ ਦਾ ਡਰ ਵਿਸਾਰ ਕੇ, ਜਿਹੜਾ ਜੀਵ ਗੜੇ ਵਾਂਗ, ਹੰਕਾਰ ਕਰਕੇ ਜੜ੍ ਹੋ ਰਿਹਾ ਸੀ, ਉਹ ਸਤਿਗੁਰੂ ਮਹਾਰਾਜ ਸਾਹਿਬ ਰੂਪੀ ਸੂਰਜ ਦੇ, ਸਤਿ ਸੰਤੋਖ ਦਇਆ ਧਰਮ ਵੀਚਾਰ ਭੈ ਪੈਣ ਕਰਕੇ, ਪ੍ਰੇਮ 'ਚ ਢਲ਼ ਕੇ, ਨਿਰਗੁਨ ਬ੍ਰਹਮ 'ਚ ਲੀਣ ਹੋ ਗਿਆ। ਜੇ ਬੰਦਾ ਮਹਾਰਾਜ ਸਾਹਿਬ ਦਾ ਡਰ ਨਹੀਂ ਧਾਰਦਾ, ਫਿਰ ਗੁਨਾਹ ਕਰਨ ਨਾਲ ਦੁਖ ਭੋਗਣੇ ਪੈਂਦੇ ਹਨ। ਡਰ ਹੀ ਡਰ ਭਾਸਦਾ ਹੈ। ਯਥਾ:- ਸਗਲ ਸਮਗ੍ਰੀ. ਡਰਹਿ ਬਿਆਪੀ; ਬਿਨੁ ਡਰ. ਕਰਣੈਹਾਰਾ॥) ਭਉ ਮੁਚੁ ਭਾਰਾ; ਵਡਾ ਤੋਲੁ॥ ਮਨ ਮਤਿ ਹਉਲੀ; ਬੋਲੇ ਬੋਲੁ॥ ਸਿਰਿ ਧਰਿ ਚਲੀਐ; ਸਹੀਐ ਭਾਰੁ॥ ਨਦਰੀ ਕਰਮੀ ਗੁਰ ਬੀਚਾਰੁ॥੧॥ ਭੈ ਬਿਨੁ; ਕੋਇ ਨ ਲੰਘਸਿ ਪਾਰਿ॥ ਭੈ ਭਉ ਰਾਖਿਆ; ਭਾਇ ਸਵਾਰਿ॥) ਡਰ ਨਹੀਂ ਧਾਰਦਾ ਤਾਂ ਦਸੋ ਦਿਸਾਂ ਨੂੰ ਭੱਜਦਾ ਹੈ। ਯਥਾ:- ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥) ਕੋਟਿ ਜੋਰੇ ਲਾਖ ਕ੍ਰੋਰੇ; ਮਨੁ ਨ ਹੋਰੇ॥ ਪਰੈ ਪਰੈ ਹੀ ਕਉ; ਲੁਝੀ ਹੇ॥੧॥) ਕਬਹੂ ਜੀਅੜਾ ਊਭਿ ਚੜਤੁ ਹੈ; ਕਬਹੂ ਜਾਇ ਪਇਆਲੇ॥ ਲੋਭੀ ਜੀਅੜਾ.ਥਿਰੁ ਨ ਰਹਤੁ ਹੈ; ਚਾਰੇ ਕੁੰਡਾ ਭਾਲੇ॥੨॥

ਕਬੀਰਾ. ਧੂਰਿ ਸਕੇਲਿ ਕੈ; ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ; ਅੰਤਿ. ਖੇਹ ਕੀ ਖੇਹ॥੧੭੮॥ ਪਰਮਪੂਜਨੀਕ ਵਾਹਿਗੁਰੂ (ਕਬੀਰਾ)ਪੂਰਨ ਭਗਤ ਕਬੀਰ ਸਾਹਿਬ ਜੀ, ਪੂਰਨ ਬੈਰਾਗ ਕਥਨ ਕਰਦੇ ਹਨ:- (ਪੁਰੀਆ)ਪੂਰਨ ਪ੍ਰਮੇਸਰ ਜੀ ਨੇ, ਪੰਜਾਂ ਤੱਤਾਂ ਰੂਪੀ (ਧੂਰਿ)ਮਿੱਟੀ (ਸਕੇਲਿ)ਇਕੱਠੀ (ਕੈ)ਕਰਕੇ, ਇਹ ਦੇਹ (ਬਾਂਧੀ)ਬੰਨ੍ਣਾ ਕੀਤੀ ਹੈ। ਇਹ ਦੇਹ ਚਾਰਿ (ਦਿਵਸ)ਦਿਨ (ਕੋ)ਦੇ (ਪੇਖਨਾ)ਦਿਖਾਵਾ ਤਮਾਸ਼ਾ ਵਾਂਗ ਹੈ, ਜਿਵੇਂ ਤਮਾਸ਼ਾ ਦੇਖਣ ਮਾਤ੍ ਹੁੰਦਾ ਹੈ, ਫਿਰ ਉਹ ਖ਼ਤਮ ਹੋ ਜਾਂਦਾ ਹੈ, ਤਿਵੇਂ ਇਹ ਦੇਹ, ਚਾਰ ਦਿਨ ਦੇ ਤਮਾਸ਼ੇ ਵਾਂਗ ਹੈ, ਅੰਤਿ ਨੂੰ (ਖੇਹ)ਮਿੱਟੀ (ਕੀ)ਦੀ (ਖੇਹ)ਮਿੱਟੀ ਹੋ ਜਾਂਦੀ ਹੈ॥੧੭੮॥ ਯਥਾ:- ਮਾਟੀ ਸਿਉ. ਮਾਟੀ ਰਲੀ; ਨਾਗਾ ਉਠਿ ਜਾਈ॥) ਮਾਟੀ ਮਾਟੀ; ਹੋਈ ਏਕ॥ ਰੋਵਨਹਾਰੇ ਕੀ; ਕਵਨ ਟੇਕ॥) ਤੂ ਕਾਂਇ ਗਰਬਹਿ; ਬਾਵਲੀ॥ ਜੈਸੇ ਭਾਦਉ ਖੂੰਬ ਰਾਜੁ; ਤੂ ਤਿਸ ਤੇ ਖਰੀ ਉਤਾਵਲੀ॥) ਦਿਵਸ ਚਾਰਿ ਕੀ. ਕਰਹੁ ਸਾਹਿਬੀ; ਜੈਸੇ ਬਨ ਹਰ ਪਾਤ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਸੂਰਜ ਚਾਂਦ ਕੈ; ਉਦੈ ਭਈ ਸਭ ਦੇਹ॥ ਗੁਰ ਗੋਬਿੰਦ ਕੇ ਬਿਨੁ ਮਿਲੇ; ਪਲਟਿ ਭਈ ਸਭ ਖੇਹ॥੧੭੯॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਵੇਂ ਸੂਰਜ ਚੰਦ ਚੜ੍ਹਨ ਵੇਲ਼ੇ ਸੋਹਣੇ ਹੁੰਦੇ ਹਨ, ਸੂਰਜ, (ਚਾਂਦ)ਚੰਦ੍ਰਮਾ (ਕੈ)ਦੇ (ਉਦੈ)ਚੜ੍ਹਨ ਵਾਂਗ, ਅਤਿਅੰਤ ਹੀ ਸੋਹਣੀਆਂ (ਸਭ)ਸਾਰੀਆਂ (ਦੇਹ)ਦੇਹਾਂ, (ਉਦੈ)ਪ੍ਰਗਟ (ਭਈ)ਹੋਈਆਂ ਹਨ, ਸੋਹਣੀਆਂ ਤਾਂ ਹੁੰਦੀਆਂ ਹਨ ਕਿਉਂਕਿ ਉਦਰ'ਚ, ਪਰਾ ਬਾਣੀ ਦੁਆਰਾ ਬੱਚਾ ਸਿਮਰਨ ਕਰਦਾ ਹੈ।

ਗੁਰ ਗੋਬਿੰਦ ਕੇ ਬਿਨੁ ਮਿਲੇ; ਪਲਟਿ ਭਈ ਸਭ ਖੇਹ॥੧੭੯॥ (ਗੁਰ)ਪੂਜਨੀਕ ਵੱਡੇ (ਗੋਬਿੰਦ)ਅਕਾਲ ਪੁਰਖ ਗੁਰੂ ਪ੍ਰਮੇਸਰ ਜੀ (ਕੇ)ਦੇ ਮਿਲੇ ਤੋਂ ਬਿਨੁ, (ਸਭ)ਸਾਰੀਆਂ ਦੇਹਾਂ ਪਲਟਿ ਕੇ (ਖੇਹ)ਮਿੱਟੀ (ਭਈ)ਹੋ ਜਾਂਦੀਆਂ ਹਨ॥੧੭੯॥ ਜਿਵੇਂ ਸੂਰਜ ਚੰਦ ਚੜ੍ ਕੇ, ਛਿਪ ਜਾਂਦੇ ਹਨ। ਸੂਰਜ ਚੰਦ ਦੇ ਛਿਪਣ ਵਾਂਗ ਦੇਹਾਂ ਭੀ ਅਲੋਪ ਹੋ ਜਾਂਦੀਆਂ ਹਨ। ਯਥਾ:- ਜੋ ਜਨਮੈ; ਸੋ ਜਾਨਹੁ ਮੂਆ॥) ਸਿਮਰਨ ਕਰਨ ਦਾ, ਪੂਰਨ ਵੈਰਾਗਮਈ ਉਪਦੇਸ਼ ਹੈ, ਮਾਤਾ ਜੀ ਦੇ ਉਦਰ 'ਚ, ਪਰਾ ਬਾਣੀ ਦੁਆਰਾ ਬੱਚਾ, ਸਿਮਰਨ ਕਰਦਾ ਹੈ, ਇਸ ਕਰਕੇ, ਜੰਮਣ ਸਮੇਂ ਬੱਚਾ ਬਹੁਤ ਹੀ ਸੋਹਣਾ ਹੁੰਦਾ ਹੈ। ਸਿਮਰਨ ਬਿਨਾ ਦੇਹਾਂ ਖੇਹ ਹੋ ਜਾਂਦੀਆਂ ਹਨ।

ਜਹ ਅਨਭਉ. ਤਹ ਭੈ ਨਹੀ; ਜਹ ਭਉ. ਤਹ ਹਰਿ ਨਾਹਿ॥ ਕਹਿਓ ਕਬੀਰ. ਬਿਚਾਰਿ ਕੈ; ਸੰਤ ਸੁਨਹੁ. ਮਨ ਮਾਹਿ॥੧੮੦॥ (ਜਹ) ਜਿੱਥੇ ਜਿਸ ਗੁਰਮੁਖਿ ਮਹਾਪੁਰਸ਼ ਸਤਿਗੁਰੂ ਜੀ ਦੇ ਹਿਰਦੇ 'ਚ, ਅੰਦਰ ਬਾਹਰ, ਅਚਲ ਮੂਰਤਿ. ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥ (ਅਨਭਉ)ਭੈ ਤੋਂ ਰਹਿਤ, ਸਰਬ ਕਲਾ ਭਰਪੂਰ ਪ੍ਰਭ; ਜੀ ਵਸਦੇ ਹਨ। (ਤਹ)ਤਿੱਥੇ ਮਹਾਰਾਜ ਸਾਹਿਬ ਜੀ ਦੇ ਦਿਲ 'ਚ, ਜਮਾਂ ਔਗੁਣਾਂ ਪਾਪਾਂ ਵਿਕਾਰਾਂ ਰੋਗਾਂ ਵੈਰੀਆਂ ਦਾ (ਭੈ)ਡਰ ਨਹੀ ਹੈ। ਯਥਾ:- ਨਿਰਭਉ ਜਪੈ; ਸਗਲ ਭਉ ਮਿਟੈ॥ ਭਾਵੇਂ ਉਬਲ਼ਦੀ ਦੇਗ 'ਚ ਬੈਠ ਰਹੇ ਹਨ, ਭਾਵੇਂ ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ। ਭਾਵੇਂ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਪੰਜ ਦਿਨ ਭੁੱਖ ਉਨੀਂਦ੍ਰਾ ਤ੍ਰੇਹ ਸਹਾਰ ਰਹੇ ਹਨ, ਭਾਵੇਂ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠ ਰਹੇ ਹਨ, ਭਾਵੇਂ ਸੀਸ ਕੁਰਬਾਨ ਕਰ ਰਹੇ ਹਨ। ਭਾਵੇਂ ਦਸਮੇਂ ਜਾਮੇਂ ਅੰਦਰ ਧਰਮ- ਯੁੱਧ ਲੜ ਰਹੇ ਹਨ, ਭਾਵੇਂ ਚਮਕੌਰ ਗੜ੍ਹੀ 'ਚ, ਲੱਖਾਂ ਵੈਰੀ ਮਹਾਰਾਜ ਸੱਚੇ ਪਾਤਿਸ਼ਾਹ ਜੀ ਨੂੰ ਘੇਰੀ ਬੈਠੇ ਹਨ। ਮਹਾਰਾਜ ਸਾਹਿਬ ਜੀ ਉੱਚੀ ਅਟਾਰੀ 'ਚੋਂ ਛੇਤੀ ੨ ਤੀਰ ਚਲਾ ਰਹੇ ਹਨ। (ਜਹ)ਜਿੱਥੇ ਦੁਸ਼ਮਣ ਕਾਲ਼ ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਚੁਗ਼ਲੀ ਵੈਰ ਦੋਸ਼ਾਂ ਦਾ (ਭਉ)ਡਰ ਹੈ, (ਤਹ)ਤਿੱਥੇ (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਨਾਹਿ)ਨਹੀਂ ਹਨ। ਯਥਾ:- ਭੈ ਕਾਹੂ ਕਉ. ਦੇਤ ਨਹਿ; ਨਹਿ. ਭੈ ਮਾਨਤ ਆਨਿ॥ ਕਹੁ ਨਾਨਕ. ਸੁਨਿ ਰੇ ਮਨਾ; ਗਿਆਨੀ ਤਾਹਿ ਬਖਾਨਿ॥੧੬॥) ਆਪਿ ਨ ਡਰਉ; ਨ ਅਵਰ ਡਰਾਵਉ॥ ਜਿਵੇਂ ਭਾਈ ਸਾਲੋ ਜੀ ਦੇ ਪੋਤ੍ਰੇ ਦੁਨੀਚੰਦ ਦੇ ਦਿਲ 'ਚ ਡਰ ਸੀ, ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਕਿਹਾ, "ਮੇਰੇ ਦੂਲੇ ਸ਼ੇਰ ਬਹਾਦਰ ਦੁਨੀਚੰਦ ਜੀ, ਜਸਵਾਰੀਆਂ ਦੇ ਹਾਥੀ ਦੀਆਂ ਤਵੀਆਂ ਵਿੰਨ੍ਣਗੇ" ਡਰਦੇ ਨੂੰ ਮੈਦਾਨ ਲੱਗ ਗਏ, ੨੦੦ ਜੁਆਨ ਲੈ ਕੇ ਰਾਤ ਨੂੰ ਚੋਰੀ ਭੱਜ ਆਇਆ।

ਕਹਿਓ ਕਬੀਰ. ਬਿਚਾਰਿ ਕੈ; ਸੰਤ ਸੁਨਹੁ. ਮਨ ਮਾਹਿ॥੧੮੦॥ ਦਾਸਨ ਦਾਸ ਕਬੀਰ ਨੇ, ਬਿਚਾਰਿ (ਕੈ)ਕੇ (ਕਹਿਓ)ਕਿਹਾ ਹੈ, ਹੇ ਸੁਆਸ ੨ ਨਾਮ ਜਪਣ ਵਾਲੇ ਸੰਤ ਮਹਾਂਪੁਰਸ਼ੋ! ਪ੍ਰੇਮ ਬੇਨਤੀ ਮਨ (ਮਾਹਿ)ਅੰਦਰ (ਸੁਨਹੁ)ਸੁਨਣਾ ਕਰੋ॥੧੮੦॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਜਿਨਹੁ ਕਿਛੂ ਜਾਨਿਆ ਨਹੀ; ਤਿਨ. ਸੁਖ ਨੀਦ ਬਿਹਾਇ॥ ਹਮਹੁ ਜੁ ਬੂਝਾ ਬੂਝਨਾ; ਪੂਰੀ ਪਰੀ ਬਲਾਇ॥੧੮੧॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਭਗਤ ਰਵਿਦਾਸ ਸਾਹਿਬ ਜੀ, ਬਾਬਾ ਮਨੀ ਸਿੰਘ ਸਾਹਿਬ ਜੀ ਵਾਂਗ (ਜਿਨਹੁ)ਜਿਨ੍ਹਾਂ ਗੁਰਮੁਖਿ ਪਿਆਰਿਆਂ ਨੇ, ਆਪਣੇ ਆਪ ਨੂੰ (ਕਿਛੂ)ਕੁੱਝ ਥੋੜੇ ਮਾਤ੍ਰ ਭੀ ਨਹੀ ਜਾਨਿਆ, ਭਾਵ ਪਰਾਇਆ ਰੂਪ ਦੇਖਣਾ, ਚੋਰੀ ਯਾਰੀ ਪਾਪ ਔਗੁਣ ਕਰਨਾ, (ਕਿਛੂ)ਕੁੱਝ ਥੋੜੇ ਮਾਤ੍ਰ ਭੀ ਨਹੀ ਜਾਨਿਆ, ਅਥਵਾ (ਜਿਨਹੁ)ਜਿਨ੍ਹਾਂ ਗੁਰਮੁਖਾਂ ਵਿਰਾਗੀ ਤਿਆਗੀ ਸੰਤਾਂ ਮਹਾਂਪੁਰਸ਼ਾਂ ਨੇ, ਜ਼ਮੀਨ ਜਾਇਦਾਦ ਘਰ ਬਾਰ ਬੱਚੇ ਬੱਚੀਆਂ ਰਾਜ ਭਾਗ (ਕਿਛੂ)ਕੁੱਝ ਥੋੜੇ ਮਾਤ੍ਰ ਭੀ ਆਪਣਾ ਨਹੀ ਜਾਨਿਆ। ਸੀਸ ਅਰਪ ਕੇ. ਬਿਨਾ ਸਿਰ ਦੇ ਸੇਵਾ ਕੀਤੀ, ਮਨ ਕਰਕੇ ਸਭ ਕੁੱਝ ਮਹਾਰਾਜ ਸਾਹਿਬ ਜੀ ਨੂੰ ਅਰਪ ਦਿਤਾ। ਯਥਾ:- ਤੈ ਸਾਹਿਬ ਕੀ ਬਾਤ.ਜਿ ਆਖੈ; ਕਹੁ ਨਾਨਕ.ਕਿਆ ਦੀਜੈ॥ ਸੀਸੁ ਵਢੇ ਕਰਿ.ਬੈਸਣੁ ਦੀਜੈ; ਵਿਣੁ ਸਿਰ.ਸੇਵ ਕਰੀਜੈ॥) ਜਿਸ ਕੀ ਆਸਾ. ਤਿਸ ਹੀ ਸਉਪਿ ਕੈ; ਏਹੁ ਰਹਿਆ ਨਿਰਬਾਣੁ॥) ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥) ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ. ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥) ਤੂ ਚਉ. ਸਜਣ ਮੈਡਿਆ; ਡੇਈ. ਸਿਸੁ ਉਤਾਰਿ॥ (ਤਿਨ)ਤਿਨ੍ਹਾਂ ਦੀ ਆਯੂ ਸੁਖ ਦੀ ਨੀਦ ਨਾਲ (ਬਿਹਾਇ)ਬਿਤੀਤ ਹੁੰਦੀ ਹੈ। ਅਥਵਾ (ਤਿਨ)ਤਿਨ੍ਹਾਂ ਦੀ ਸਮਾਧੀ ਰੂਪੀ ਨੀਦ, ਸੁਖ ਨਾਲ (ਬਿਹਾਇ)ਬਿਤੀਤ ਹੁੰਦੀ ਹੈ। ਜਿਹੜੇ ਜੀਅ ਜ਼ੋਰ ਜ਼ੁਲਮ ਪਾਪ ਕੁਕਰਮ ਕਰਦੇ ਹਨ, ਉਨ੍ਹਾਂ ਦੀ ਨੀਂਦ ਦੁਖੱਲੀ ਹੁੰਦੀ ਹੈ, ਕਿਉਂ ਜੋ ਕੀਤੇ ਮੰਦ ਕਰਮ, ਸ੍ਰੀਰ ਨੂੰ ਬਿਕਰਾਲ ਭਿਆਨਕ ਬਣਾ ਦਿੰਦੇ ਹਨ, ਸੁਖ ਦੀ ਨੀਂਦ ਬਿਤੀਤ ਨਹੀਂ ਹੁੰਦੀ, ਸਾਰੀ ਰਾਤ ਕਲੱਬਾਂ 'ਚ ਜਾ ਕੇ ਨੱਚਦੇ ਟੱਪਦੇ ਹਨ, ਮਨ ਬਾਣੀ ਸ੍ਰੀਰ 'ਚ ਰੋਗ ਪੀੜਾ ਹੋਣ ਤੋਂ ਹਾਇ ੨ ਕਰਦੇ ਹਨ। ਯਥਾ:- ਹਾਇ ਹਾਇ ਕਰੇ. ਦਿਨੁ ਰਾਤਿ; ਮਾਇਆ ਦੁਖਿ ਮੋਹਿਆ ਜੀਉ॥) ਸੁਪਨੈ. ਸੁਖੁ ਨ ਦੇਖਨੀ; ਬਹੁ ਚਿੰਤਾ ਪਰਜਾਲੇ॥) (ਹਮਹੁ)ਅਸਾਂ ਜੁ ਲੁੱਟ ਮਾਰ ਜ਼ੋਰ ਜ਼ੁਲਮ ਰਿਸ਼ਵਤ ਠੱਗੀ ਵਿਸ਼ੇ ਵਿਕਾਰਾਂ ਰੂਪੀ ਬਲਾ ਨੂੰ (ਬੂਝਾ)ਬੁੱਝਣਾ ਹੀ (ਬੂਝਨਾ)ਬੁੱਝਣਾ ਕੀਤਾ ਹੈ, ਭਾਵ ਬਲਾ ਨੂੰ ਸੱਦ ਲਿਆ ਹੈ। ਇਹ ਸਾਨੂੰ ਔਗੁਣਾਂ ਵਿਕਾਰਾਂ ਦੀ ਪੂਰੀ (ਬਲਾਇ)ਬਲਾ (ਪਰੀ)ਪਈ, ਚੁੰਬੜੀ ਹੋਈ ਹੈ। ਜਿਵੇਂ ਕਿਹਾ ਹੈ, ਜਾਂਦੀਏ ਬਲਾਏ ਦੁਪੈਹਰਾ ਕੱਟ ਜਾ। ਬਲਾ ਨੂੰ ਇਹ ਬੁੱਝਣਾ ਪੁੱਛਣਾ ਕੀਤਾ ਹੈ, ਹਾਲ ਕਿਰਾਏ 'ਤੇ ਲੈ ਕੇ, ਵਿਆਹ ਰਚਾਉਂਦੇ ਹਾਂ, ਸ਼ਰਾਬ ਮਾਸ ਖਾਂਦੇ ਖੁਆਉਂਦੇ ਹਾਂ, ਧਨ ਲੁਟਾਉਂਦੇ ਹਾਂ, ਧਰਮ ਗੁਆਉਂਦੇ ਹਾਂ, ਕੰਜਰੀਆਂ ਨੱਚਾਉਂਦੇ ਹਾਂ, ਕੰਜਰ ਕਹਾਉਂਦੇ ਹਾਂ, ਗੁਰੂ ਜੀ ਨੂੰ ਮੂਲ ਨ ਭਾਉਂਦੇ ਹਾਂ।

ਕਬੀਰ. ਮਾਰੇ ਬਹੁਤੁ ਪੁਕਾਰਿਆ; ਪੀਰ ਪੁਕਾਰੈ ਅਉਰ॥ ਲਾਗੀ ਚੋਟ ਮਰੰਮ ਕੀ; ਰਹਿਓ ਕਬੀਰਾ ਠਉਰ॥੧੮੨॥) ਚਰਨ ਕਮਲ ਕੀ ਮਉਜ ਮਹਿ; ਰਹਉ ਅੰਤਿ ਅਰੁ ਆਦਿ॥) ਕਬੀਰ. ਚਰਨ ਕਮਲ ਕੀ ਮਉਜ ਕੋ; ਕਹਿ ਕੈਸੇ ਉਨਮਾਨ॥ ਕਹਿਬੇ ਕਉ ਸੋਭਾ ਨਹੀ; ਦੇਖਾ ਹੀ ਪਰਵਾਨੁ॥ ਅਨੁਸਾਰ ਭਗਤ ਕਬੀਰ ਸਾਹਿਬ ਜੀ, ਵਹਿਗੁਰੂ ਅਕਾਲ ਪੁਰਖ ਜੀ ਦੇ ਚਰਨ- ਕਮਲਾਂ 'ਚ ਹਰ ਸਮੇਂ ਲੀਣ ਹਨ। ਪ੍ਰੇਮੀ ਜਨ ਆਪ ਜੀ ਦੇ ਪਰਮਪਵਿੱਤ੍ਰ ਸੱਚੇ ਸੁੰਦਰ ਦਰਸ਼ਨ ਕਰਕੇ, ਕਥਾ ਕੀਰਤਨ ਗੁਰਬਾਣੀ ਅਰਥ ਬਚਨ ਸੁਣ ਕੇ ਨਿਹਾਲ ਹੋ ਰਹੇ ਹਨ। ਆਪ ਜੀ ਨੂੰ ਪ੍ਰੇਮ ਬੇਨਤੀ ਕੀਤੀ, "ਹੇ ਗੁਰਮੁਖਿ ਪਿਆਰੇ ਮਹਾਂਪੁਰਸ਼ ਜੀਓ! ਆਪ ਜੀ ਦੇ ਦਾਸਨ ਦਾਸਾਂ ਦਾ ਮਨ, ਅੰਤਰਮੁਖ ਨਹੀਂ ਹੁੰਦਾ ਜੀ। ਜਿਸ ਕਰਕੇ ਬਹੁਤ ਪੀੜ ਕਸ਼ਟ ਬਣਿਆਂ ਹੀ ਰਹਿੰਦਾ ਹੈ"। ਕਬਹੂ ਜੀਅੜਾ. ਊਭਿ ਚੜਤੁ ਹੈ; ਕਬਹੂ. ਜਾਇ ਪਇਆਲੇ॥ ਲੋਭੀ ਜੀਅੜਾ. ਥਿਰੁ ਨ ਰਹਤੁ ਹੈ; ਚਾਰੇ ਕੁੰਡਾ

Sri Satguru Jagjit Singh Ji eLibrary NamdhariElibrary@gmail.com

ਭਾਲੇ॥੨॥ ਅਨੁਸਾਰ ਮਨ ਦੇ ਬਾਹਰ ਭੱਜਣੇ ਕਰਕੇ, ਸ਼ਰੀਰ ਕਰਕੇ ਭੀ ਭੱਜੇ ਫਿਰਦੇ ਹਾਂ। ਅਠੇ ਪਹਰ ਇਕਤੈ ਲਿਵੈ; ਮੰਨੇਨਿ ਹੁਕਮੁ ਅਪਾਰੁ॥) ਆਠ ਪਹਰ; ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ; ਸੇਈ ਜਨ ਪੂਰੇ॥) ਬ੍ਰਹਮ ਮਹਿ ਜਨੁ; ਜਨ ਮਹਿ ਪਾਰਬ੍ਰਹਮੁ॥ "ਅਨੁਸਾਰ ਆਪ ਜੀ ਚੌਵੀ ਘੰਟੇ, ਮਹਾਰਾਜ ਸਾਹਿਬ ਜੀ ਦੇ ਸੱਚੇ ਚਰਨ ਕਮਲਾਂ 'ਚ ਲੀਣ ਰਹਿੰਦੇ ਹੋਂ ਜੀ, ਇਹ ਵਿਸਮਾਦ ਅਵਸਥਾ ਕਿਵੇਂ ਪ੍ਰਾਪਤ ਹੋਈ ਹੈ"? ਹੇ ਪ੍ਰੇਮੀ ਜਨੋਂ! ਔਗੁਣਾਂ ਵਿਕਾਰਾਂ, ਹਉਮੈ ਰੋਗੁ ਕਠਿਨ; ਤਨਿ ਪੀਰਾ॥ ਅਨੁਸਾਰ ਹਉਮੈ ਦੀ (ਪੀਰ)ਪੀੜ ਦੇ ਮਾਰੇ, (ਕਬੀਰ)ਦਾਸਨ ਦਾਸ ਗ਼ੀਬ ਨੇ, ਪਰਮਪੂਜਨੀਕ ਸੁਆਮੀ ਰਾਮਾਨੰਦ ਜੀ, ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਸਨਮੁਖ ਬਹੁਤੁ ਪੁਕਾਰਿਆ ਹੈ, ਹੁਣ ਭੀ (ਅਉਰ)ਹੋਰ (ਪੁਕਾਰੈ)ਪੁਕਾਰ ਰਿਹਾ ਹੈ, ਬਈ ਬਹੁਤ ਕਸ਼ਟ ਹੀ ਕਸ਼ਟ ਹਨ। ਯਥਾ:- ਜਮਿ ਜਮਿ ਮਰੈ; ਮਰੈ. ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥)

ਲਾਗੀ ਚੋਟ ਮਰੰਮ ਕੀ; ਰਹਿਓ ਕਬੀਰਾ ਠਉਰ॥੧੮੨॥ ਸੁਣੀ ਪੁਕਾਰ ਦਾਤਾਰ ਪ੍ਰਭ; ਅਨੁਸਾਰ ਮਹਾਰਾਜ ਨੇ ਦਾਸਨ ਦਾਸ ਦੀ ਪੁਕਾਰ ਸੁਣੀ। ਮਹਾਰਾਜ ਸਤਿਗੁਰੂ ਸੂਰਮੇ ਜੀ ਨੇ, ਆਪਣੇ ਸ੍ਰਬ ਵਿਆਪੀ ਸੱਚੇ ਧਰਮ ਰੂਪੀ ਧਨੁਖ ਦੇ, ਦ੍ਰਿੜ ਨਿਸਚੇ ਰੂਪੀ ਚਿੱਲੇ 'ਚੋਂ, ਗੁਰਸ਼ਬਦ ਰੂਪੀ ਤੀਰ, ਦਾਸਨ ਦਾਸ ਦੇ ਦਿਲ 'ਤੇ ਮਾਰਿਆ, ਗੁਰਸ਼ਬਦ ਤੀਰ ਦੀ (ਕੀ)ਦੀ ਚੋਟ, (ਮਰੰਮ)ਨਰਮ ਅਸਥਾਨ ਦਿਲ 'ਚ, (ਲਾਗੀ)ਲੱਗੀ, ਭਾਵ ਦਿਲ 'ਚ ਪ੍ਰੇਮ ਦਾ ਛੇਕ ਪੈ ਗਿਆ। ਯਥਾ:- ਮੇਰੈ ਮਨਿ; ਪ੍ਰੇਮੁ ਲਗੋ ਹਰਿ ਤੀਰ॥ ਦਾਸਨ ਦਾਸ ਕਬੀਰਾ (ਠਉਰ)ਟਿਕਾਣੇ ਨਿਰਗੁਨ 'ਚ (ਰਹਿਓ)ਰਹਿ ਗਿਆ ਭਾਵ ਹਿੱਲ ਹੀ ਨਹੀਂ ਸਕਿਆ, ਮਹਾਂ ਵਿਸਮਾਦ ਅਚੱਲ ਅਜਪਾ ਜਾਪ ਨਿਰਗੁਨ ਬ੍ਰਹਮ ਜੀ 'ਚ, ਲੀਣ ਹੋ ਕੇ ਸੰਕਲਪ ਵਿਕਲਪ ਰਹਿਤ ਅਫ਼ੁਰ ਅਵਸਥਾ 'ਚ ਲੀਣ ਹੋ ਗਿਆ॥੧੮੨॥ ਯਥਾ:- ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ ਕਰੇਜੇ ਛੇਕੁ॥

ਪ੍ਰੇਮ ਮਈ ਸ਼ੁਭ ਸਿੱਖਿਆ:- ਦੂਖ ਤਿਸੈ ਪਹਿ ਆਖੀਅਹਿ; ਸੂਖ ਜਿਸੈ ਹੀ ਪਾਸਿ॥ ਅਨੁਸਾਰ ਪੂਰੇ ਸੂਰੇ ਪੱਕੇ ਸੱਚੇ ਸਤਿਗੁਰੂ ਸਾਹਿਬ ਜੀ ਪਾਸ, ਪ੍ਰੇਮ ਬੇਨਤੀ ਸਹਿਤ ਦੁੱਖ ਦੱਸਣ ਤੋਂ, ਪਰਮਪੂਜਨੀਕ ਸਮ੍ਰੱਥ ਸਤਿਗੁਰੂ ਮਹਾਰਾਜ ਸਾਹਿਬ ਜੀ, ਦੁੱਖ ਨਿਵਿਰਤ ਕਰਕੇ ਸੁਖ ਬਖ਼ਸ਼ਦੇ ਹਨ। ਦੁੱਖ ਹਨ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ. ਰਾਖਿ ਲੇਹੁ; ਆਪਨ ਕਰਿ ਕਰਮ॥

ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ ਲੇਇ ਉਸਾਸ॥ ਚੋਟ ਸਹਾਰੈ. ਸਬਦ ਕੀ; ਤਾਸੁ ਗੁਰੂ ਮੈ ਦਾਸ॥੧੮੩॥ 'ਤੇ ਪ੍ਰੇਮ ਪ੍ਰਚਾਰ:- ਵਾਹਿਗੁਰੂ ਮਹੱਲਾ ਦੂਜਾ ਜੀ, ਗੁਰਸਬਦ ਦੀ ਚੋਟ ਸਹਾਰਦਿਆਂ, ਧੰਨ ਵਾਹਿਗੁਰੂ ਗੁਰੂ ਨਾਨਕ ਦੇਵ ਜੀ ਸੱਚੇ ਪਾਤਿਸ਼ਾਹ ਜੀ ਦਾ ਹੁਕਮ ਸਿਰ ਮੱਥੇ 'ਤੇ ਮੰਨਦਿਆਂ ਬੜੀ ਕਰੜੀ ਪਰਖ 'ਚ ਪੂਰੇ ਉਤਰੇ। ਯਥਾ:- ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ ਮਾਥੈ ਲੇ ਮਾਨਿਓ॥ ਮੁਰਦਾ ਖਾਣ ਤੱਕ ਬਚਨ ਮੰਨੇ। ਭਰ ਜੁਆਨੀ ਦੀ ਅਵਸਥਾ 'ਚ, ਸੰਸਾਰ ਵੱਲੋਂ ਜੀਵਤ ਭਾਵ ਤੋਂ ਮਰ ਕੇ, ਸਤਿਗੁਰੂ ਨਾਨਕ ਸਾਹਿਬ ਜੀ ਦੇ ਬਚਨ ਕਮਾਏ। ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ, ਗੁਰਸਬਦ ਦੀ ਚੋਟ ਸਹਾਰਦਿਆਂ, ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ.ਅਰਜੁਨੁ ਹਰਿ ਭਗਤਾ॥ ਜੀ ਉੱਬਲਦੀ ਦੇਗ਼ 'ਚ ਬੈਠ ਰਹੇ ਹਨ। ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਗੁਰਸਬਦ ਦੀ ਚੋਟ ਸਹਾਰਦਿਆਂ, ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਗੁਰਬਾਣੀ ਉਚਾਰ ਰਹੇ ਹਨ। ਆਪਣਾ ਸੀਸ ਕੁਰਬਾਨ ਕਰ ਰਹੇ ਹਨ। ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ

Sri Satguru Jagjit Singh Ji eLibrary NamdhariElibrary@gmail.com

ਮਹਾਰਾਜ ਗੁਰਸਬਦ ਦੀ ਚੋਟ ਨੂੰ ਸਹਾਰਦਿਆਂ, ਆਪਣੇ ਅੱਖਾਂ ਦੇ ਸਾਹਮਣੇ ਆਪਣੇ ਦਿਲ ਜਾਨ ਪਿੰਡ ਪ੍ਰਾਨ, ਖ਼ਾਲਸਾ ਮੇਰੋ; ਸਤਿਗੁਰੁ ਪੂਰਾ॥ ਖ਼ਾਲਸਾ ਮੇਰੋ; ਸ੍ਵਜਨ ਸ਼ੂਰਾ॥੭॥ ਖ਼ਾਲਸੇ ਜੀ ਨੂੰ ਅਤੇ ਆਪਣੇ ਸਾਹਿਬਜ਼ਾਦਿਆਂ ਨੂੰ ਕੁਰਬਾਨੀ ਦਿੰਦਿਆਂ ਦੇਖ ਕੇ, ਇਸ ਸ਼ਬਦ ਦੀ ਚੋਟ ਸਹਾਰ ਰਹੇ ਹਨ:- ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ, ਸੋ ਤੇਰਾ॥ ਤੇਰਾ. ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥ ਸ਼ਬਦ ਦੀ ਚੋਟ ਸਹਾਰਨ ਬਾਰੇ ਮਹਾਰਾਜ ਸਾਹਿਬ ਜੀ ਦੇ ਸਿੱਖ ਸਿੱਖਣੀਆਂ ਲਹੌਰ ਵਿਖੇ, ਮੀਰ ਮੰਨੂ ਦੇ ਕਸ਼ਟਾਂ ਨੂੰ ਸਹਾਰਦਿਆਂ, ਸਵਾ ੨ ਮਣ ਦੇ ਪੀਸਣੇ ਪੀਸੇ, ਜ਼ਾਲਮਾਂ ਨੇ ਬੱਚਿਆਂ ਦੇ ਟੋਟੇ ੨ ਕਰਕੇ ਗਲ਼ਾ 'ਚ ਹਾਰ ਪਾਏ, ਨੇਜਿਆਂ 'ਤੇ ਟੰਗੇ, ਸਬਰ ਦੇ ਪਿਆਲੇ ਪੀਤੇ। ਸਿੰਘਾਂ 'ਤੇ ਭੀ ਬੜੇ ਕਸ਼ਟ ਤਸ਼ੱਦਦ ਹੋਏ, ਸ਼ਬਦ ਦੀ ਚੋਟ ਨੂੰ ਸਹਾਰਦਿਆਂ ਭਾਣੇ ਰਜ਼ਾ 'ਚ ਰਹਿਣਾ, ਜ਼ਾਲਮ, ਭਾਈ ਮਨੀ ਸਿੰਘ ਸਾਹਿਬ ਜੀ ਦੇ ਬੰਦ ੨ ਕੱਟ ਰਹੇ ਹਨ, ਭਾਈ ਦਇਆਲਾ ਸਾਹਿਬ ਜੀ, ਦੇਗ 'ਚ ਉਬਾਲ਼ੇ ਜਾ ਰਹੇ ਹਨ। ਭਾਈ ਸਤੀਰਾਮ ਸਾਹਿਬ ਜੀ ਰੂੰ 'ਚ ਵਲੇਟ ਕੇ ਸਾੜੇ ਜਾ ਰਹੇ ਹਨ। ਸ਼ਬਦ ਦੀ ਚੋਟ ਸਹਾਰਦਿਆਂ, ਬਾਬਾ ਜ਼ੋਰਾਵਰ ਸਿੰਘ ਸਾਹਿਬ ਬਾਬਾ ਫ਼ਤੇਹ ਸਿੰਘ ਸਾਹਿਬ ਜੀ ਸਰਹੰਦ ਦੀਆਂ ਨੀਹਾਂ ਅੰਦਰ ਖੜ੍ਹੇ, ਜੈਕਾਰੇ ਗਜਾ ਰਹੇ ਹਨ। ਸ਼ਬਦ ਦੀ ਚੋਟ ਨੂੰ ਸਹਾਰਨਾ ਸਤਿਗੁਰੂ ਸਾਹਿਬ ਜੀ ਦੀ ਬਹੁਤ ਵੱਡੀ ਨਦਰ ਹੈ। ਜਿੱਥੇ ਮਹਾਰਾਜ ਸਾਹਿਬ ਜੀ ਆਪ ਹੀ ਵਸਦੇ ਹਨ, ਉੱਥੇ ਹੀ ਸ਼ਬਦ ਦੀ ਚੋਟ ਨੂੰ ਸਹਾਰਨ ਦੀ ਸਮਰੱਥਾ ਬਖ਼ਸ਼ਦੇ ਹਨ। ਸਤਿਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਗੱਦੀ ਬਿਰਾਜਮਾਨ ਹੋ ਕੇ, ਆਪਣੇ ਪ੍ਰੇਮੀਆਂ ਦੇ ਦਿਲ ਦਿਮਾਗ 'ਚ ਹਰ ਵੇਲੇ ਗੁਰਬਾਣੀ ਭੇਜ ਕੇ ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਕਰਦੇ ਹਨ।}

ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ ਲੇਇ ਉਸਾਸ॥ ਚੋਟ ਸਹਾਰੈ. ਸਬਦ ਕੀ; ਤਾਸੁ ਗੁਰੂ ਮੈ ਦਾਸ॥੧੮੩॥ ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ, ਗੁਰਸ਼ਬਦ ਜੀ ਦੀ ਬਹੁਤ ਵੱਡੀ ਮਹਾਂ ਮਹਾਂ ਵਿਸਮਾਦ ਮਹਿਮਾ ਫ਼ੁਰਮਾਉਂਦੇ ਹਨ:- ਜੇ ਕੋਈ ਬੰਦਾ (ਸੇਲ)ਬਰਛਾ ਮਾਰੇ, ਉਸ (ਕੀ)ਦੀ ਚੋਟ ਸਹਾਰਨੀ (ਸੁਹੇਲੀ)ਸੌਖੀ ਹੈ। ਬਰਛੇ ਦੇ (ਲਾਗਤ)ਲੱਗਦਿਆਂ ਹੀ, (ਉਸਾਸ)ਹੌਂਕਾ (ਲੇਇ)ਲੈ ਸਕੀਦਾ ਹੈ। ਜਿਹੜਾ ਗੁਰਮੁਖਿ ਮਹਾਂਪੁਰਸ਼, ਗੁਰੂ ਸਾਹਿਬ ਜੀ ਦੇ ਗੁਰ ਸਬਦ ਜੀ ਰੂਪੀ ਸੇਲੇ (ਕੀ)ਦੀ ਚੋਟ, (ਸਹਾਰੈ)ਸਹਾਰਦਾ ਹੈ, (ਮੈ)ਦਾਸਨ ਦਾਸ, (ਤਾਸੁ)ਤਿਸ ਗੁਰੂ ਜੀ ਦਾ ਦਾਸਨ ਦਾਸ ਹੈ॥੧੮੩॥ ਗੁਰੂ ਸਾਹਿਬ ਜੀ, ਇਸ ਦੇ ਗੁਰ ਸਬਦ ਰੂਪੀ ਸੇਲੇ ਦੀ ਚੋਟ ਮਾਰ ਕੇ, ਜੀਵਤ ਭਾਵ ਤੋਂ ਮਾਰ ਦਿੰਦੇ ਹਨ। ਸਹਾਰਨ ਦਾ ਮਤਲਵ ਜੀਵਤ ਭਾਵ ਤੋਂ ਮਰ ਜਾਵੇ। ਯਥਾ:- ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ।) ਜੀਵਤ ਮਰੈ; ਬੁਝੈ ਪ੍ਰਭ ਸੋਇ॥) ਜਿਵੇਂ ਮਰਿਆ ਜੀਵ ਸੰਕਲਪ ਵਿਕਲਪ ਨਹੀਂ ਉਠਾਉਂਦਾ, ਮਾਇਆ ਸੰਸਾਰ ਵਿਕਾਰ ਮੋਹ ਮਮਤਾ ਵੈਰ ਦਾ ਕੋਈ ਸੰਕਲਪ ਨ ਉਠਾਵੇ। ਫੇਰ ਮਗਰੋਂ ਕੋਈ ਹਉਕਾ ਨ ਲਵੇ, ਭਾਵ ਮਾਤਾ ਪਿਤਾ ਭੈਣ ਭਰਾ ਬੱਚੇ ਬੱਚੀਆਂ ਘਰ ਵਾਲੀ ਜ਼ਮੀਨ ਜ਼ਾਇਦਾਦ ਦੌਲਤ ਹੋਰ ਕੋਈ ਭੀ ਸੰਸਾਰ ਦੀ ਚੀਜ਼ ਚੇਤੇ ਨ ਕਰੇ। ਜਿਵੇਂ ਸਤਿਗੁਰੂ ਅਮਰਦਾਸ ਜੀ ਨੇ ਬਾਰਾਂ ਵਰ੍ਹੇ ਗੁਰੂ ਘਰ ਦਾ ਜਲ ਢੋਇਆ। ਬਾਰਾਂ ਵਰ੍ਹੇ ਬਾਅਦ ਮਹਾਰਾਜ ਜੀ ਨੂੰ ਗੁਰਤਾ ਦੀ ਦਾਤਿ ਪ੍ਰਾਪਤ ਹੋਈ। ਮਹਾਰਾਜ ਜੀ ਨੇ ਗੁਰੂ ਅੰਗਦਦੇਵ ਮਹਾਰਾਜ ਜੀ ਦੇ ਗੁਰਸਬਦ ਦੀ ਚੋਟ ਸਹਾਰੀ। ਗੁਰਸ਼ਬਦ ਦੀ ਚੋਟ ਸਹਾਰਨ ਵਾਲਿਆਂ, ਇਹ ਸ੍ਰੀ ਮੁਖਵਾਕ ਕਮਾਏ:- ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ; ਦਾਤਿ ਤੇਰੀ. ਦਾਤਾਰ॥) ਜੇ ਜੇ ਸਹਿਤ; ਜਾਤਨ ਸੰਦੇਹਿ॥ ਪ੍ਰਭ ਕੋ ਸੰਗਿ ਨ ਛੋਡਤ ਨੇਹ॥ ਤੇ ਤੇ; ਪਰਮਪੁਰੀ ਕਹ ਜਾਹੀ॥ ਤਿਨ ਹਰਿ ਸਿਉ; ਅੰਤਰੁ ਕਛੁ ਨਾਹੀ॥) ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਮੁਲਾਂ ਮੁਨਾਰੇ ਕਿਆ ਚਢਹਿ; ਸਾਂਈ. ਨ ਬਹਰਾ ਹੋਇ॥ ਜਾ ਕਾਰਨਿ. ਤੂੰ ਬਾਂਗ ਦੇਹਿ; ਦਿਲ ਹੀ ਭੀਤਰਿ ਜੋਇ॥੧੮੪॥) ਅਵਲਿ ਅਲਹ. ਨੂਰੁ ਉਪਾਇਆ; ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ. ਸਭੁ ਜਗੁ ਉਪਜਿਆ; ਕਉਨ ਭਲੇ. ਕੋ ਮੰਦੇ॥) ਹਿੰਦੂ ਤੁਰਕ ਕੋਊ, ਰਾਫਜੀ ਇਮਾਮਸਾਫੀ; ਮਾਨਸ ਕੀ ਜਾਤ ਸਭੈ. ਏਕੈ ਪਹਚਾਨਬੋ॥ ਅਨੁਸਾਰ ਪਰਮਪੂਜਨੀਕ ਸੱਚੇ ਭਗਤ ਕਬੀਰ ਸਹਿਬ ਜੀ ਪ੍ਰਮਾਤਮਾ ਖ਼ੁਦਾ ਸਰੂਪ ਹੋਣ ਕਾਰਨ, ਧਰਮ ਦੇ ਮਲਾਹ ਮੁਲਾਂ ਨੂੰ ਸਵਾਰਨ ਲਈ ਸ਼ੁਭ ਸੱਚਾ ਉਪਦੇਸ਼ ਦੇ ਰਹੇ ਹਨ, ਧਰਮ ਦੇ ਮਲਾਹ ਸਵਰਨੇ ਕਰਕੇ, ਸਭ ਪਰਜਾ ਦਾ ਭਲਾ ਹੋ ਜਾਵੇ। ਹੇ ਮੁਲਾਂ! ਮੁਨਾਰੇ 'ਤੇ (ਕਿਆ)ਕੀ ਉੱਚਾ (ਚਢਹਿ)ਚੜ੍ਹਦਾ ਹੈਂ? ਉੱਚੀ ੨ ਬਾਂਗ ਦਿੰਦਾ ਹੈਂ। (ਸਾਂਈ)ਮਾਲਕ ਖ਼ੁਦਾ ਜੀ (ਬਹਰਾ)ਬੋਲ਼ੇ, (ਨ)ਨਹੀਂ (ਹੋਇ)ਹਨ। ਅੰਦਰ ਬਾਹਰ ਅਸੰਖ ਸ਼ੁਭ ਗੁਣਾਂ ਦੇ ਦਾਤੇ ਅਸੰਖ ਪ੍ਰਕਾਸ਼ ਸਰੂਪ ਅਜਪਾ ਜਾਪ ਨਿਰਗੁਨ ਬ੍ਰਹਮ ਜੀ, ਸਭ ਦੇ ਅੰਦਰ ਬਾਹਰ ਭਰਪੂਰ ਹੋ ਕੇ, ਸੁਣ ਦੇਖ ਰਹੇ ਹਨ। ਯਥਾ:- ਅੰਤੁ ਨ. ਵੇਖਣਿ; ਸੁਣਣਿ. ਨ ਅੰਤੁ॥) ਸਰਬ ਨੈਨ; ਆਪਿ ਪੇਖਨਹਾਰਾ॥) ਸਭੁ ਕਿਛੁ ਸੁਣਦਾ ਵੇਖਦਾ. ਕਿਉ ਮੁਕਰਿ ਪਇਆ ਜਾਇ॥) ਤੁਮ ਪੂਰਨ. ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥) ਘਟ ਘਟ ਕੇ; ਅੰਤਰ ਕੀ ਜਾਨਤ॥ ਭਲੇ ਬੁਰੇ ਕੀ; ਪੀਰ ਪਛਾਨਤ॥)

ਜਾ ਕਾਰਨਿ. ਤੂੰ ਬਾਂਗ ਦੇਹਿ; ਦਿਲ ਹੀ ਭੀਤਰਿ ਜੋਇ॥੧੮੪॥ ਕਹੂੰ ਹਿੰਦੂ ਹੋਇ ਕੈ. ਗਾਇਤ੍ਰੀ ਕੋ ਗੁਪਤ ਜਪਿਓ, ਕਹੂੰ ਤੁਰਕ ਹੋਇ ਕੈ. ਪੁਕਾਰੇ ਬਾਂਗ ਦੇਤ ਹੋ॥ (ਜਾ)ਜਿਨ੍ਹਾਂ ਦੀ ਪ੍ਰਾਪਤੀ (ਕਾਰਨਿ)ਲਈ, (ਤੂੰ)ਆਪ ਜੀ ਬਾਂਗ (ਦੇਹਿ)ਦੇ ਰਹੇ ਹੋਂ, ਉਨ੍ਹਾਂ ਨੂੰ ਦਿਲ ਦੇ (ਭੀਤਰਿ)ਵਿੱਚ ਹੀ (ਜੋਇ)ਦੇਖਣਾ ਕਰੋ ਜੀ॥੧੮੪॥ ਸਾਡੇ ਸਾਰਿਆਂ ਲਈ ਸ਼ੁਭ ਸੱਚਾ ਉਪਦੇਸ਼ ਹੈ, ਪਰਮ ਪਿਆਰੇ ਸੱਚੇ ਵਾਹਿਗੁਰੂ ਜੀ ਦਿਲ 'ਚ ਹੀ ਹਨ। ਯਥਾ:- ਦਿਲ ਮਹਿ ਖੋਜਿ, ਦਿਲੈ ਦਿਲਿ ਖੋਜਹੁ; ਏਹੀ ਠਉਰ ਮੁਕਾਮਾ॥ ਦਿਲ 'ਚੋਂ ਹੀ ਵਾਹਿਗੁਰੂ ਜੀ ਨੂੰ ਪ੍ਰਗਟ ਕਰਨ ਦਾ ਸ਼ੁਭ ਸੱਚਾ ਉਪਦੇਸ਼ ਹੈ।

ਸੇਖ ਸਬੂਰੀ ਬਾਹਰਾ; ਕਿਆ. ਹਜ ਕਾਬੇ ਜਾਇ॥ ਕਬੀਰ. ਜਾ ਕੀ ਦਿਲ, ਸਾਬਤਿ ਨਹੀ; ਤਾ ਕਉ. ਕਹਾਂ ਖੁਦਾਇ॥੧੮੫॥ {ਬ੍ਰਹਮਣ. ਛੱਤ੍ਰੀ. ਵੈਸ. ਸੂਦਰ ਇਹ ਚਾਰ ਜ਼ਾਤਾਂ ਹਨ, ਮੁਸਲਮਾਨਾਂ 'ਚ ਸੇਖ਼. ਪਠਾਣ. ਮੁਗਲ. ਸਈਅਦ ਚਾਰ ਜ਼ਾਤਾਂ ਹਨ। ਸੇਖ ਉੱਚੀ ਜ਼ਾਤੀ ਹੈ। ਮੁਸਲਮਾਨ ਮੱਕੇ ਸ਼ਰੀਫ਼ ਦੀ ਹੱਜ ਨੂੰ ਜਾਂਦੇ ਹਨ, ਮੱਕਾ ਸ਼ਹਿਰ ਦਾ ਨਾਮ, ਕਾਬਾ ਮੰਦਰ ਦਾ ਨਾਮ ਹੈ। ਉੱਥੇ ਪੱਥਰ ਦੇ ਸ਼ਿਵਲਿੰਗ 'ਤੇ ਪਾਣੀ ਪਾਉਂਦੇ ਹਨ। ਉਸ ਪਾਣੀ ਨਾਲ, ਉਜੂ ਕਰਦੇ ਹਨ। ਉੱਥੋਂ ਦੋ ਕੁ ਮੀਲ ਤੇ ਇੱਕ ਸਈਅਦ, ਪਹਾੜੀ 'ਤੇ ਝੰਡੀ ਲਹਿਰਾਉਂਦਾ ਹੈ, ਜਿਸ ਨੂੰ ਝੰਡੀ ਦਿਸ ਪੈਂਦੀ ਹੈ, ਉਹ ਕਹਿੰਦਾ ਮੇਰਾ ਹੱਜ ਪੂਰਾ ਹੋ ਗਿਆ।} ਹੇ ਉੱਚੀ ਜ਼ਾਤੀ ਵਾਲੇ ਸੇਖ! ਤੂੰ ਨਿਰਗੁਨ ਵਿਆਪਕ ਸੰਤੋਖ ਸਹਿਤ, ਆਤਮ (ਸਬੂਰੀ)ਤ੍ਰਿਪਤੀ (ਬਾਹਰਾ)ਬਿਨਾ, (ਕਿਆ)ਕਿਸ ਲਈ ਕਾਬੇ ਦੀ (ਹਜ)ਜ਼ਿਆਰਤ ਕਰਨ ਲਈ (ਜਾਇ)ਜਾਂਦਾ ਹੈ? ਵਿਆਪਕ ਸੰਤੋਖ 'ਚ ਲੀਣਤਾ ਆਤਮ- ਤ੍ਰਿਪਤੀ ਹੀ ਕਾਬੇ ਦੀ ਹੱਜ ਹੈ।

ਕਬੀਰ. ਜਾ ਕੀ ਦਿਲ, ਸਾਬਤਿ ਨਹੀ; ਤਾ ਕਉ. ਕਹਾਂ ਖੁਦਾਇ॥੧੮੫॥ ਪਰਮਪੂਜਨੀਕ ਸੱਚੇ ਪੱਕੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਾ)ਜਿਸ ਸੇਖ ਦੇ ਦਿਲ (ਕੀ)ਦੀ, ਆਤਮ (ਸਬੂਰੀ)ਤ੍ਰਿਪਤੀ (ਸਾਬਤਿ)ਪੂਰੀ ਸਹੀ ਸੱਚੀ ਨਹੀ, ਮਹਾਰਾਜ ਜੀ ਦੇ ਸਨਮੁਖ, ਦਿਲ ਸਾਬਤਿ ਨਹੀਂ। ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਈਰਖਾ ਬਖ਼ੀਲੀ ਵੈਰ ਔਗੁਣਾਂ ਨਾਲ ਦਿਲ ਫੱਟੜ ਹੈ, (ਤਾ)ਤਿਸ (ਕਉ)ਨੂੰ (ਕਹਾਂ)ਕਿੱਥੇ (ਖੁਦਾਇ)ਵਾਹਿਗੁਰੂ ਜੀ ਪ੍ਰਾਪਤ ਹੋਣੇ ਹਨ?॥੧੮੫॥ ਪੂਰਨ ਸੰਤੋਖ ਤ੍ਰਿਪਤੀ ਸਹਿਤ ਸਬਰ ਸਬੂਰੀ ਬਿਨਾ, ਹੱਜ ਕਾਬੇ ਜਾ ਕੇ ਕੀ ਕਰੇਗਾ? ਜਿਸ ਦਾ ਦਿਲ ਵਾਹਿਗੁਰੂ ਜੀ ਦੇ ਸਨਮੁਖ, ਪੂਰਨ ਦ੍ਰਿੜ ਪੱਕਾ ਮਜ਼ਬੂਤ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੈ। ਉਸ ਨੂੰ ਪ੍ਰਾਪਤੀ ਨਹੀਂ ਹੋ ਸਕਦੀ। ਉਪਦੇਸ਼ ਹੈ ਕਿ ਜਿਵੇਂ ਭਾਈ ਮਤੀਦਾਸ ਜੀ ਭਾਈ ਸਤੀਦਾਸ ਜੀ ਭਾਈ ਦਿਆਲਾ ਜੀ ਦਾ ਦਿਲ, ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਸਨਮੁਖ, ਪੂਰਨ ਸਬਰ ਸੰਤੋਖ ਸਹਿਤ ਸ੍ਰਬ ਵਿਆਪੀ ਜੀ 'ਚ ਲੀਣ, ਦ੍ਰਿੜ ਪ੍ਰਪੱਕ ਰਿਹਾ। ਇਨ੍ਹਾਂ ਸ਼ੁਭ ਸੱਚੇ ਗੁਣਾਂ ਕਰਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਹੈ।

(ਅੱਲਹ) ਕਬੀਰ. ਅਲਹ ਕੀ ਕਰਿ ਬੰਦਗੀ; ਜਿਹ ਸਿਮਰਤ. ਦੁਖੁ ਜਾਇ॥ ਦਿਲ ਮਹਿ. ਸਾਂਈ ਪਰਗਟੈ; ਬੁਝੈ. ਬਲੰਤੀ ਨਾਂਇ॥੧੮੬॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਬੋਲੈ ਸੇਖ ਫਰੀਦੁ; ਪਿਆਰੇ ਅਲਹ ਲਗੇ॥ ਅਨੁਸਾਰ ਹੇ ਪਿਆਰੇ ਜੀ! (ਅਲਹ)ਖ਼ੁਦਾ ਵਾਹਿਗੁਰੂ ਜੀ (ਕੀ)ਦੀ (ਬੰਦਗੀ)ਭਗਤੀ ਕਰਿ, ਜਿਵੇਂ ਧ੍ਰੂ ਭਗਤ ਜੀ, ਸਮੂਹ ਭਗਤਾਂ ਨੇ ਕੀਤੀ। (ਜਿਹ)ਜਿਨ੍ਹਾਂ ਦਾ ਅਮੋਲਕ ਦੁਰਲੱਭ ਭਜਨ (ਸਿਮਰਤ)ਸਿਮਰਦਿਆਂ, ਯਾਦ ਕਰਦਿਆਂ ਅਭਿਆਸ ਕਰਦਿਆਂ, ਜੰਮਣ ਮਰਨ ਸਭ ਤਰ੍ਹਾਂ ਦਾ ਦੁਖੁ ਚਲਿਆ (ਜਾਇ)ਜਾਂਦਾ ਹੈ। ਯਥਾ:- ਰਾਮ ਜਪਉ ਜੀਅ; ਐਸੇ ਐਸੇ॥ ਧ੍ਰੂ ਪ੍ਰਹਿਲਾਦ ਜਪਿਓ; ਹਰਿ ਜੈਸੇ॥) ਰੁਕਮਾਂਗਦ ਕਰਤੂਤਿ; ਰਾਮੁ ਜੰਪਹੁ ਨਿਤ ਭਾਈ॥) ਹਰਿ ਕਾ ਨਾਮੁ ਜਪਤ; ਦੁਖੁ ਜਾਇ॥ ਨਾਨਕ ਬੋਲੈ; ਸਹਜਿ ਸੁਭਾਇ॥) ਅਗਿਆਨ ਭਰਮੁ; ਬਿਨਸੈ ਦੁਖ ਡੇਰਾ॥ ਜਾ ਕੈ ਹ੍ਰਿਦੈ; ਬਸਹਿ ਗੁਰ ਪੈਰਾ॥

ਦਿਲ ਮਹਿ. ਸਾਂਈ ਪਰਗਟੈ; ਬੁਝੈ. ਬਲੰਤੀ ਨਾਂਇ॥੧੮੬॥) ਦਿਲ ਮਹਿ ਖੋਜਿ, ਦਿਲੈ ਦਿਲਿ ਖੋਜਹੁ; ਏਹੀ ਠਉਰ ਮੁਕਾਮਾ॥) ਬੰਦੇ ਖੋਜੁ ਦਿਲ. ਹਰ ਰੋਜ; ਨਾ ਫਿਰੁ ਪਰੇਸਾਨੀ ਮਾਹਿ॥) ਨਉ ਨਿਧਿ; ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ; ਇਸ ਕਾ ਬਿਸ੍ਰਾਮੁ॥ ਅਨੁਸਾਰ ਦਿਲ (ਮਹਿ)'ਚ (ਸਾਂਈ)ਖ਼ੁਦਾ ਮਾਲਕ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ, ਦਿਲ ਦੀ ਸਫ਼ਾਈ ਭੋਲੇ ਭਾਵ ਨਾਲ, (ਪਰਗਟੈ)ਪ੍ਰਗਟ ਹੋ ਜਾਂਦੇ ਹਨ। ਯਥਾ:- ਕਹੁ ਕਬੀਰ; ਭਗਤਿ ਕਰਿ ਪਾਇਆ॥ ਭੋਲੇ ਭਾਇ; ਮਿਲੇ ਰਘੁਰਾਇਆ॥) ਭੋਲਾ ਭਾਉ; ਗੋਬਿੰਦੁ ਮਿਲਾਵੈ॥) ਰਿਦੈ ਇਖਲਾਸੁ; ਨਿਰਖਿ ਲੇ ਮੀਰਾ॥ ਆਪੁ ਖੋਜਿ ਖੋਜਿ; ਮਿਲੇ ਕਬੀਰਾ॥੪॥੭॥) (ਨਾਂਇ)ਨਾਮ ਸਿਮਰਨ ਜਲ ਕਰਕੇ, ਹੰਸੁ ਹੇਤੁ ਲੋਭੁ ਕੋਪੁ; ਚਾਰੇ ਨਦੀਆ ਅਗਿ॥ ਤ੍ਰਿਸ਼ਨਾ ਈਰਖਾ ਦੀ (ਬਲੰਤੀ)ਬਲਦੀ (ਨਾਂਇ)ਅੱਗ (ਬੁਝੈ)ਬੁਝ ਜਾਵੇਗੀ॥੧੮੬॥ ਯਥਾ:- ਬਲਦੀ ਜਲਿ ਨਿਵਰੈ, ਕਿਰਪਾ ਤੇ; ਆਪੇ. ਜਲ ਨਿਧਿ ਪਾਇਦਾ॥੪॥ ਸਿਮਰਨ ਬੰਦਗੀ ਬਾਰੇ ਉਤਸ਼ਾਹਤ ਕਰ ਰਹੇ ਹਨ, ਜਿਸ ਕਰਕੇ ਵਾਹਿਗੁਰੂ ਜੀ ਪ੍ਰਗਟ ਹੋਣ।

ਕਬੀਰ. ਜੋਰੀ ਕੀਏ ਜੁਲਮੁ ਹੈ; ਕਹਤਾ ਨਾਉ ਹਲਾਲੁ॥ ਦਫਤਰਿ. ਲੇਖਾ ਮਾਂਗੀਐ; ਤਬ ਹੋਇਗੋ ਕਉਨੁ ਹਵਾਲੁ॥੧੮੭॥ ਪਰਮਪੂਜਨੀਕ ਸੱਚੇ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜੋਰੀ)ਜੋਰ (ਕੀਏ)ਕਰਕੇ, ਧੱਕੇ ਨਾਲ ਜ਼ਬਰਦਸਤੀ, ਕਿਸੇ ਦਾ ਸਤ ਤੋੜਨਾ, ਦੇਸਾਂ ਨੂੰ ਬੰਬਾਂ ਨਾਲ ਫ਼ੂਕਣਾ, ਬੱਕਰਿਆਂ ਗਾਈਆਂ ਨੂੰ ਮਾਰਨਾ, ਬੜਾ ਭਾਰੀ (ਜੁਲਮੁ)ਪਾਪ ਹੈ। ਇਸ ਦਾ (ਨਾਉ)ਨਾਮ (ਹਲਾਲੁ)ਹੱਕ (ਕਹਤਾ)ਕਹਿੰਦਾ ਹੈਂ। ਪਰ ਇਹ ਯਾਦ ਰੱਖ, ਇਹ ਹਲਾਲ ਨਹੀਂ, ਇਹ ਸਰਾ- ਸਰ ਜ਼ੁਲਮ ਹੀ ਜ਼ੁਲਮ ਹੈ। ਧੱਕੇ ਨਾਲ ਢਾਈ ਛੁਰੀਆਂ ਫੇਰ ਕੇ ਮਾਰਨਾ ਫੇਰ ਕਹਿਣਾ ਕਿ ਹਲਾਲ ਹੈ। ਉਹ ਹਲਾਲ ਨਹੀਂ ਹੋ ਸਕਦਾ।

ਦਫਤਰਿ. ਲੇਖਾ ਮਾਂਗੀਐ; ਤਬ ਹੋਇਗੋ ਕਉਨੁ ਹਵਾਲੁ॥੧੮੭॥ ਜਦੋਂ ਵਾਹਿਗੁਰੂ ਜੀ ਦੇ ਦਫਤਰਿ 'ਚ, ਗਊ ਗ਼ੀਬ ਨੂੰ ਕਤਲ ਕੀਤੇ, ਜ਼ੋਰ ਜ਼ੁਲਮ ਦਾ (ਲੇਖਾ)ਹਿਸਾਬ (ਮਾਂਗੀਐ)ਮੰਗਿਆ ਜਾਵੇਗਾ, (ਤਬ)ਤਦੋਂ (ਕਉਨੁ)ਕੀ (ਹਵਾਲੁ)ਹਾਲ (ਹੋਇਗੋ)ਹੋਵੇਗਾ? ਬੜਾ ਹੀ ਔਖਾ ਦੁਖੱਲਾ ਹਾਲ ਹੋਵੇਗਾ॥੧੮੭॥ ਕੁਰਾਣਸ਼ਰੀਫ਼ ਜੀ

Sri Satguru Jagjit Singh Ji eLibrary NamdhariElibrary@gmail.com

’ਚ ਭੀ ਲਿਖਿਆ ਹੈ, ਅੱਖ ਕੱਢਣ ਵਾਲੇ ਨੂੰ ਅੱਖ ਕਢਾਉਣੀ ਪੰਦੀ ਹੈ, ਜਿਸ ਦੇ ਹੱਥ ਵੱਢਦਾ ਹੈ, ਉਹ ਭੀ ਉਸ ਦੇ ਹੱਥ ਵੱਢਦਾ ਹੈ, ਸਿਰ ਵੱਢਣ ਵਾਲਾ, ਸਿਰ ਵੱਢਾਉਂਦਾ ਹੈ। ਯਥਾ:- ਜ਼ੰਬੂਰ ਅੰਜ਼ੀਲ ਤੌਰੇਤ ਤੌਰੇਤ ਫੁਰਕਾਨ। ਚਾਰੇ ਕੂਕਣ ਜ਼ੋਰ ਹਰਾਮ। ਜੈਸਾ ਜ਼ੁਲਮ, ਵੈਸੀ ਹੀ ਸਜ਼ਾ ਮਿਲੇਗੀ। ਜਿਵੇਂ ਢਾਈ ਛੁਰੀਆਂ ਫੇਰ ਕੇ ਮਾਰਿਆ, ਤਿਵੇਂ ਹੀ ਬੱਕਰੇ ਦੇ ਕੋਹਣ ਵਾਲੀ ਹਾਲਤ ਹੋਵੇਗੀ। ਯਥਾ:- ਅਹਿ ਕਰੁ ਕਰੇ, ਸੁ ਅਹਿ ਕਰੁ ਪਾਏ; ਕੋਈ ਨ ਪਕੜੀਐ, ਕਿਸੈ ਥਾਇ॥) ਪਉੜੀ॥ ਆਪੀਨੈ ਭੋਗ ਭੋਗਿ ਕੈ; ਹੋਇ ਭਸਮੜਿ. ਭਉਰੁ ਸਿਧਾਇਆ॥ ਵਡਾ ਹੋਆ ਦੁਨੀਦਾਰੁ; ਗਲਿ ਸੰਗਲੁ ਘਤਿ ਚਲਾਇਆ॥ ਅਗੈ. ਕਰਣੀ ਕੀਰਤਿ ਵਾਚੀਐ; ਬਹਿ ਲੇਖਾ ਕਰਿ ਸਮਝਾਇਆ॥) ਪਉਦੀ- ਈ- ਥਾਉ ਨ ਹੋਵੀ ਪਉਦੀਈ; ਹੁਣਿ ਸੁਣੀਐ ਕਿਆ ਰੂਆਇਆ॥ ਮਨਿ ਅੰਧੈ; ਜਨਮੁ ਗਵਾਇਆ॥੩॥

ਕਬੀਰ. ਖੂਬੁ ਖਾਨਾ ਖੀਚਰੀ; ਜਾ ਮਹਿ ਅੰਮ੍ਰਿਤੁ ਲੋਨੁ॥ ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥੧੮੮॥ ਆਪ ਜੀ ਆਪਣੇ ਵਿਸਮਾਦ ਰੰਗ ਚ, ਅਕਾਲ ਪੁਰਖ ਜੀ ਨਾਲ ਯੱਕਰੰਗੇ ਲੀਣ ਬੈਠੇ ਹਨ। ਮੀਂਹ ਪੈ ਕੇ ਹਟਿਆ, ਬੜੀ ਠੰਢੀ ਹਵਾ ਦੇ ਝੁਲਾਰੇ ਆਉਂਦੇ ਹਨ। ਮਸ਼ਖਰੇ ਖ਼ਿਆਲ ’ਚ, ਸ਼ਿਕਾਰੀਆਂ ਕਿਹਾ, “ਆਉ ਜੀ! ਸ਼ਿਕਾਰ ਖੇਡਣ ਚੱਲੀਏ”। ਪਰਥਾਇ ਸਾਖੀ ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥ ਅਨੁਸਾਰ ਵਾਹਿਗੁਰੂ ਬ੍ਰਹਮ ਸਰੂਪ ਪਰਮਪੂਜਨੀਕ ਸ਼੍ਰੋਮਣੀ ਸੱਚੇ ਪੱਕੇ ਭਗਤ ਪੂਰਨ ਮਹਾਂਪੁਰਸ਼ ਕਬੀਰ ਸਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! (ਖੀਚਰੀ)ਖਿਚੜੀ (ਖਾਨਾ)ਪਦਾਰਥ (ਖੂਬੁ)ਬੜਾ ਹੀ ਚੰਗਾ ਹੈ (ਜਾ)ਜਿਸ (ਮਹਿ)’ਚ (ਅੰਮ੍ਰਿਤੁ)ਘਿਉ (ਲੋਨੁ)ਲੂਣ ਮੂੰਗੀ ਚੌਲ਼ ਪਾ ਕੇ, ਮੱਠੀ ੨ ਅੱਗ ’ਤੇ ਬਣਾਈ ਜਾਂਦੀ ਹੈ। ਯਥਾ:- ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥) ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਰੋਗਾਂ ਤੋਂ ਬਚਣ,ਬੰਦਗੀ ਲਈ ਸਾਦਾ ਖਾਣਾ ਬਹੁਤ ਅੰਮ੍ਰਿਤ ਸਰੂਪ ਹੈ।

ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥੧੮੮॥ ਹੇ ਭਾਈ! (ਹੇਰਾ)ਸ਼ਿਕਾਰ ਕਰਕੇ ਮਾਰੇ ਜੀਅ ਦੇ ਮਾਸ ਦੀ ਰੋਟੀ ਖਾਣ (ਕਾਰਨੇ)ਕਰਕੇ, ਆਪਣਾ ਗਲਾ ਕਉਨੁ (ਕਟਾਵੈ)ਵਢਾਵੇ?॥੧੮੮॥ ਕਿਉਂਕਿ ਜਿਸ ਦਾ ਅਸੀਂ ਸ਼ਿਕਾਰ ਖੇਡਾਂਗੇ, ਉਹ ਸਾਨੂੰ ਭੀ ਇਸ ਤਰ੍ਹਾਂ ਹੀ ਵੱਢ ਕੇ ਖਾਵੇਗਾ। ਯਥਾ:- ਅਹਿ ਕਰੁ ਕਰੇ, ਸੁ ਅਹਿ ਕਰੁ ਪਾਏ; ਕੋਈ ਨ ਪਕੜੀਐ. ਕਿਸੈ ਥਾਇ॥) ਜੇਹਾ ਬੀਜੈ. ਸੋ ਲੁਣੈ; ਕਰਮਾ ਸੰਦੜਾ ਖੇਤੁ॥) ਜੈਸਾ ਕੋਈ ਕਰਮ ਬੀਜਦਾ ਹੈ, ਉਸ ਨੂੰ ਉਹ ਵੱਢਣਾ ਪੈਂਦਾ ਹੈ। ਜੇ ਅਸੀਂ ਸ਼ਿਕਾਰ ਦੀ ਰੋਟੀ ਖਾਵਾਂਗੇ ਤਾਂ ਸਾਨੂੰ ਗਲ਼ ਵਢਾਉਣਾ ਪਵੇਗਾ। ਇਹ ਮਹਿੰਗਾ ਸੌਦਾ ਹੈ। ਸ਼ਿਕਾਰ ਖੇਡ ਕੇ ਜੀਅ ਮਾਰਨੇ ਇਹ ਮਹਾਂ ਮਹਾਂ ਸੇ ਮਹਾਂ ਪਾਪ ਹੈ। ਮਾਸ ਖਾਣ ਨਾਲ ਸ਼ਰੀਰ ’ਚ ਵਿਕਾਰ ਰੋਗ ਪੈਦਾ ਹੁੰਦੇ ਹਨ। ਯਥਾ:- ਬਾਬਾ; ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ. ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥) ਉਨ ਬਿਸਮਿਲ. ਉਨ ਝਟਕਾ ਕੀਆ; ਦਇਆ ਦੁਹੂੰ ਤੇ ਭਾਗੀ। ਕਹਤ ਕਬੀਰ. ਸੁਨਹੁ ਰੇ ਸੰਤਹੁ; ਆਗ ਦੋਊ ਘਰਿ ਲਾਗੀ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਗੁਰਪ੍ਰਸਾਦਿ ਸਾਦਾ ਛਕਣਾ ਬਹੁਤ ਹੀ ਗੁਣਕਾਰੀ ਤੰਦਰੁਸਤ ਹੈ। ਮਹਾਤਮਾ ਜੀ ਜਾਂ ਹੋਰ ਕਿਸੇ ਨੂੰ ਭੀ ਧੱਕੇ ਨਾਲ ਪਦਾਰਥ ਨਾ ਛਕਾਉ, ਧੱਕਾ ਕਰਨਾ ਸਿਹਤ ਦੇ ਬਿਲਕੁਲ ਹੀ ਉਲਟ ਹੈ। ਇੱਕ ਤਾਂ ਉਮਰ ਵਡੇਰੀ ਹੋਵੇ, ਦੂਜਾ ਖਾਣ ਪੀਣ ਦਾ ਧੱਕਾ ਕੀਤਾ ਜਾਵੇ, ਤੀਜਾ ਵਰਜ਼ਿਸ਼ ਨਾ ਹੋਵੇ। ਸੋ ਧੱਕੇ ਨਾਲ ਛਕਾਉਣ ਦਾ ਪਾਪ ਲੱਗਦਾ ਹੈ। ਪਰਮਪੂਜਨੀਕ ਧੰਨ ਸੱਚੇ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਦੇ ਨੂਰੀ ਦਰਸ਼ਨ, ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ, ਅਕਬਰ ਨੇ ਕੀਤੇ। ਨੂਰੀ ਚਿਹਰਾ ਦੇਖ ਕੇ, ਬਹੁਤ ਹੈਰਾਨੀ ਹੋਈ, ਬਈ ਐਨੀ ਲੰਮੀ ਉਮਰ ’ਚ, ਚਿਹਰਾ ਐਨਾ ਲਾਲ ਜਮਾਲ ਵਾਲਾ ਕਿਉਂ ਹੈ? ਸੰਸਾਰੀ ਸੋਚਣੀ ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਸੋਚਿਆ ਬਈ ਇਹ ਚੰਗੀ ਤੋਂ ਚੰਗੀ ਖ਼ੁਰਾਕ ਖਾਂਦੇ ਹੋਣਗੇ। ਪਰਮਪੂਜਨੀਕ ਸੱਚੇ ਸਤਿਗੁਰਾਂ ਪੁੱਛਿਆ,"ਬਾਦਸ਼ਾਹ ਕੀ ਛਕਣਾ ਹੈ?" ਹੱਥ ਜੋੜ ਕੇ ਕਿਹਾ,"ਜੋ ਤੁਸੀਂ ਛਕਦੇ ਹੋਂ"। ਕੋਟਾਨਿ ਕੋਟਿ ਬ੍ਰਹਮੰਡਾਂ ਦੇ ਮਾਲਕ ਵਾਹਿਗੁਰੂ ਬ੍ਰਹਮ ਧੰਨ ਨਿਰੰਕਾਰ ਸੱਚੇ ਸਤਿਗੁਰੂ ਨਾਨਕ ਦੇਵ ਜੀ ਦੇ ਤੀਜੇ ਅਵਤਾਰ ਸਤਿਗੁਰੂ ਸਾਹਿਬ ਜੀ, ਆਪ ਜੋ ਅਲੂਣਾ ਦਲੀਆ ਛਕਦੇ ਸਨ, ਉਹ ਹੀ ਛਕਾਇਆ। ਅਕਬਰ ਛਕ ਕੇ ਨਿਹਾਲ ਹੋਇਆ ਤੇ ਕਿਹਾ, "ਮੈਂ ਸਾਰੀ ਜ਼ਿੰਦਗੀ 'ਚ ਐਨਾ ਸੁਆਦਲਾ ਭੋਜਨ ਨਹੀਂ ਛਕਿਆ"। ਪਿਛਲੀ ਉਮਰ 'ਚ ਦੁੱਧ ਘਿਉ ਮਿੱਠਾ ਤਲ਼ੀ ਚੀਜ਼ ਬੰਦ ਕਰਨੀ ਚਾਹੀਦੀ ਹੈ। ਗੁਰਬਾਣੀ ਦੇ ਅਭਿਆਸ ਤੋਂ ਬਿਨਾ ਰੂਹ ਤਰਸਦੀ ਬਿਲਪਦੀ ਹੈ। ਮਃ ੩॥ ਕਿਆ ਗਭਰੂ ਕਿਆ ਬਿਰਧਿ ਹੈ; ਮਨਮੁਖ ਤ੍ਰਿਸਨਾ ਭੁਖ ਨ ਜਾਇ॥ ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਆਪ ਸਾਦਾ ਛਕ ਕੇ, ਸਾਦਾ ਛਕਣ ਦਾ ਧੀਰਜ ਦਿਤਾ ਹੈ। ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸੁਆਸ ੨ ਧਿਆਨ ਧਾਰ ਕੇ, ਰੋਮ ੨ ਕਰਕੇ ਨਮਸਕਾਰ ਕਰਨੀ ਚਾਹੀਦੀ ਹੈ। ਸਾਦਾ ਛਕਣ ਬਾਰੇ, ਹੇਠ ਲਿਖੇ ਇਕੱਲੇ ੨ ਪਦ ਦਾ ਖ਼ਾਸ ਪ੍ਰੇਮ ਨਾਲ ਬਾਰ ੨ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ; ਤੇ ਬਿਖੂ ਸਮਾਨ॥੨॥) ਫਰੀਦਾ ਰੋਟੀ ਮੇਰੀ ਕਾਠ ਕੀ, ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥) ਅਧੁ ਗੁਲ੍ਹਾ ਚਿੜੀ ਕਾ ਚੁਗਣੁ; ਗੈਣਿ ਚੜੀ ਬਿਲਲਾਇ॥ ਖਸਮੈ ਭਾਵੈ ਓਹਾ ਚੰਗੀ; ਜਿ ਕਰੇ ਖੁਦਾਇ ਖੁਦਾਇ॥) ਹਰਣੀ ਹੋਵਾ ਬਨਿ ਬਸਾ; ਕੰਦ ਮੂਲ ਚੁਣਿ ਖਾਉ॥ ਗੁਰ ਪਰਸਾਦੀ ਮੇਰਾ ਸਹੁ ਮਿਲੈ; ਵਾਰਿ ਵਾਰਿ ਹਉ ਜਾਉ ਜੀਉ॥੧॥ ਉਪ੍ਰੋਕਤ ਪਦਾਂ ਅਨੁਸਾਰ ਸਾਦਾ ਪਦਾਰਥ ਛਕਣ ਨਾਲ ਸ਼ੀਰ ਰਿਸਟ ਪੁਸਟ ਤੰਦਰੁਸਤ ਰਹਿੰਦਾ ਹੈ। ਸ਼ੀਰ ਨੂੰ ਸਾਦਾ ਸੰਤੁਲਤ ਭੋਜਨ ਦੇ ਕੇ, ਖ਼ੂਬ ਵਰਜ਼ਿਸ਼ ਕਰਕੇ ਮਜ਼ਬੂਤ ਕੀਤਾ ਜਾਵੇ। ਆਪਣੇ ਬਲ ਦੇ ਹੰਕਾਰ ਦੀ ਨਵਿਰਤੀ ਲਈ ਗੁਰਬਾਣੀ ਦਾ ਖ਼ੂਬ ਅਭਿਆਸ ਕੀਤਾ ਜਾਵੇ। ਹੇ ਪ੍ਰੇਮੀ ਜੀਓ! ਰੱਬ ਜੀ ਦੇ ਰਾਹ ਤੇ ਚੱਲਣ ਵਾਲੇ ਵਿਰਲੇ ਹੀ ਬੰਦੇ ਹਨ। ਜਿਵੇਂ ਆੜ ਪੰਛੀ ਆਪਣਾ ਪੋਟਾ ਭਰ ਲੈਂਦਾ ਹੈ, ਫੇਰ ਉੱਡ ਨਹੀਂ ਸਕਦਾ, ਉਸ ਨੂੰ ਸ਼ਿਕਾਰੀ ਜਾਲ਼ 'ਚ ਫਸਾ ਲੈਂਦਾ ਹੈ, ਜਾਂ ਸੋਟਾ ਮਾਰ ਕੇ ਮਾਰ ਲੈਂਦਾ ਹੈ। ਤੂ ਕੈਸੇ ਆੜਿ ਫਾਥੀ ਜਾਲਿ॥ ਇਸ ਤਰ੍ਹਾਂ ਜ਼ਿਆਦਾ ਖਾਣ ਨਾਲ ਜੀਵ ਰੂਪੀ ਪੰਛੀ, ਬੈਰਾਗ ਵਿਵੇਕ ਰੂਪੀ ਖੰਭਾਂ ਨਾਲ, ਹਉਮੈ ਦੇ ਤਿਆਗ ਰੂਪੀ ਉਡਾਰੀ ਨਹੀਂ ਮਾਰ ਸਕਦਾ। ਉਸ ਨੂੰ ਕਾਲ਼ ਰੂਪੀ ਸ਼ਿਕਾਰੀ ਮਾਰ ਲੈਂਦਾ ਹੈ। ਯਥਾ:- ਖਾਣਾ ਪੀਣਾ ਪਵਿਤ੍ਰ ਹੈ; ਦਿਤੋਨੁ ਰਿਜਕੁ ਸੰਬਾਹਿ॥ ਅਨੁਸਾਰ ਭਾਈ ਮਲਿਆਗਰ ਸਿੰਘ ਜੀ ਵਾਂਗ ਬਹੁਤ ਹੀ ਸੰਤੋਖ ਨਾਲ ਛਕੇ। ਸੋ ਨਿਉਂਦੇ ਜੇ ਸੰਤੋਖ ਨਾਲ ਨਾ ਛਕੇ ਜਾਣ ਤਾਂ ਹੋਸ਼ ਮਾਰ ਲੈਂਦੇ ਹਨ, ਬ੍ਰਹਮ ਵਿੱਦਿਆ ਨਹੀਂ ਪੜ੍ਹਨ ਦਿੰਦੇ। ਕਥਾ ਕੀਰਤਨ ਭਜਨ ਰੌਲ਼ ਲਾਉਣ ਸਮੇਂ ਨੀਂਦ ਆਉਂਦੀ ਹੈ, ਨਿਉਂਦੇ ਛਕਦਿਆਂ ੨ ਅਖੀਰ ਸ਼ੀਰ ਰੋਗੀ ਹੋ ਜਾਂਦੇ ਹਨ। ਪੂਜਾ ਦੇ ਧਾਨ ਜ਼ਹਿਰ ਨੂੰ, ਅੰਮ੍ਰਿਤ ਬਨਾਉਣ ਵਾਲੇ ਪਰਮਪੂਜਨੀਕ ਮਹਾਂਪੁਰਸ਼ਾਂ ਦਾ ਦ੍ਰਿਸਟਾਂਤ:- ਸੇਵਾ ਦੇ ਸੂਰਜ ਸਿਮਰਨ ਦੇ ਅਵਤਾਰ ਮਾਇਆ ਦੇ ਤਿਆਗੀ, ਪੂਰਨ ਮਹਾਂਪੁਰਸ਼ ਸੰਤ ਬਾਬਾ ਗੁਰਮੁਖਿ ਸਿੰਘ ਜੀ ਪਟਿਆਲੇ ਵਾਲਿਆਂ ਪਾਸ, ਜਦੋਂ ਕੋਈ ਪ੍ਰੇਮੀ ਜਾਂਦਾ, ਫੁੱਲੀਆਂ ਦਾ ਪ੍ਰਸ਼ਾਦ ਦੇਣ ਸਮੇਂ ਕਹਿੰਦੇ, "ਲੈ ਸਾਊ ਜ਼ਹਿਰ। " ਉਸ 'ਚੋਂ ਭੀ ਅੱਧਾ ਪ੍ਰਸ਼ਾਦ ਵਾਪਿਸ ਮੋੜ ਲੈਂਦੇ। ਗਏ ਪ੍ਰੇਮੀ ਨੂੰ ਇਹ ਸੰਸਕਾਰ ਪੱਕ ਜਾਂਦਾ, ਬਈ ਪੂਜਾ ਦਾ ਧਾਨ ਜ਼ਹਿਰ ਹੈ, ਉਹ ਹੀ ਪ੍ਰੇਮੀ ਕਾਮਯਾਬ ਹੋ ਜਾਂਦਾ। ਜਿਹੜੇ ਪੂਜਾ ਦੇ ਧਾਨ ਨੂੰ ਆਪਣੀ ਐਸ਼ ਪ੍ਰਸਤੀ 'ਚ ਲਾਉਂਦੇ ਹਨ, ਉਹ ਮਸੰਦ ਬਣਦੇ ਹਨ। ਇੱਕ ਵਾਰੀ ਬਾਬਾ ਗੁਰਮੁਖਿ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ, "ਪ੍ਰੇਮੀਓ! ਇਹ ਇੱਟਾਂ ਚੁੱਕ ਕੇ ਦੂਜੇ ਪਾਸੇ ਸੁੱਟੋ"। ਅਗਲੇ ਦਿਨ ਫੇਰ ਉਸੇ ਜਗ੍ਹਾ ਸੁੱਟਵਾ ਦਿੱਤੀਆਂ। ਪ੍ਰੇਮੀਆਂ ਦੇ ਪੁੱਛਣ ਤੋਂ ਬਾਬਾ ਜੀ ਨੇ ਬੜੇ ਸਨਿਗਧ ਪ੍ਰੇਮ ਨਾਲ ਉੱਤ੍ਰ ਦਿੱਤਾ, "ਭਾਈ ਤੁਸੀਂ ਪੂਜਾ ਦਾ ਧਾਨ ਖਾ ਕੇ, ਵਿਹਲੇ

Sri Satguru Jagjit Singh Ji eLibrary NamdhariElibrary@gmail.com

ਰਹਿ ਕੇ ਗੱਲਾਂ ਕਰਨੀਆਂ ਸਨ। ਇਸ ਕਰਕੇ ਤੁਹਾਨੂੰ ਇਸ ਸੇਵਾ 'ਚ ਲਾ ਕੇ ਵਾਹਿਗੁਰੂ ਮੰਤ੍ਰ ਦਾ ਅਭਿਆਸ ਕਰਾਇਆ ਹੈ"। ਐਸੇ ਦੀਨ ਦਇਆਲ ਮਹਾਂਪੁਰਸ਼ ਹੁਕਮ ਕਰਦੇ, "ਭਾਈ! ਜਦੋਂ ਬਸਤ੍ਰ ਫਟੇ ਟਾਕੀ ਲਾਉ, ਬਾਰ ੨ ਲਾਉਂਦੇ ਜਾਉ, ਆਈ ਮਾਇਆ ਸੇਵਾ 'ਚ ਪਾਉਂਦੇ ਜਾਉ"। ਬਾਬਾ ਜੀ ਦੇ ਪ੍ਰੇਮੀ ਨਵੇਂ ਬਸਤ੍ਰ ਨੂੰ ਭੀ ਟਾਕੀ ਲਾਉਂਦੇ ਹਨ। ਬਈ ਕੋਈ ਬਸਤ੍ਰ ਟਾਕੀ ਤੋਂ ਬਿਨਾ ਨਾ ਰਹੇ। ਪੂਰਨ ਮਹਾਂਪੁਰਸ਼ਾਂ ਦੇ ਇਸ ਗੁਣ ਤੋਂ ਅਲੌਕਿਕ ਇਲਾਹੀ ਸਿੱਖਿਆ ਮਿਲਦੀ ਹੈ, ਕਿ ਗੁਰੂ ਘਰ ਦੀ ਕੋਈ ਭੀ ਚੀਜ਼ ਖ਼ਰਾਬ ਨਹੀਂ ਹੋਣ ਦੇਣੀ। ਜੇ ਕੋਈ ਪ੍ਰੇਮੀਂ ਇਹ ਕਹੇ ਕਿ ਸਤਿਸੰਗਤ ਜੀ ਦਾ ਸੁੱਚਮ ਨਾਲ ਤਿਆਰ ਕੀਤਾ ਪਦਾਰਥ ਹੈ, ਉੱਤ੍ਰ:- ਪਰਮ ਪੂਜਨੀਕ ਪੂਰਨ ਬ੍ਰਹਮ ਗਿਆਨੀ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਵਾਲੇ, ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਸਾਹਿਬ ਜੀ ਖ਼ਾਲਸਾ ਜੀ ਨੂੰ ਜੱਥੇ ਸਮੇਤ ਆਪਣੇ ਪਿੰਡ ਸਰਹਾਲੀ ਵਿਖੇ ਮੰਗਵਾਉਂਦੇ। ਸੰਤ ਬਾਬਾ ਤਾਰਾ ਸਿੰਘ ਜੀ ਨਾਲ ਰਹਿਣ ਵਾਲੇ ਸਿੰਘ ਸਾਦਾ ਲੰਗਰ ਛਕਦੇ। ਆਪਣੇ ਪਾਸ ਰਹਿਣ ਵਾਲੇ ਸਿੰਘਾਂ ਨੂੰ ਬਾਹਰੋਂ ਆਇਆ ਦੁੱਧ ਘਿਉ ਨਾ ਛਕਣ ਦਿੰਦੇ। ਲੰਗਰ ਭਾਵੇਂ ਸਾਦਾ ਹੀ ਸੀ, ਪਰ ਸਾਰੇ ਸਿੰਘਾਂ ਦੇ ਚਿਹਰੇ ਲਾਲ ਸਨ। ਇੱਕ ਵਾਰੀ ਜੱਥੇ ਸੰਗਤ ਜੀ ਦੇ ਛਕਣ ਲਈ ਜਲੇਬੀਆਂ ਬਣੀਆਂ, ਸਿੰਘਾਂ ਨੇ ਪਰਮ ਪਿਆਰ ਸਤਿਕਾਰ ਉਤਸ਼ਾਹ ਨਾਲ ਸੰਤਾਂ ਮਹਾਂਪੁਰਸ਼ਾਂ ਨੂੰ ਪ੍ਰੇਮ ਬੇਨਤੀ ਕੀਤੀ,"ਬਾਬਾ ਜੀ! ਅੱਜ ਪਰਮਪੂਜਨੀਕ ਬਾਬਾ ਤਾਰਾ ਸਿੰਘ ਜੀ ਨੂੰ ਭੀ ਛਕਾਈਏ"। ਸੰਤਾਂ ਕਿਹਾ, "ਉਨ੍ਹਾਂ ਨੇ ਨਹੀਂ ਛਕਣੀਆਂ"। ਪਰ ਫੇਰ ਭੀ ਪੰਜਾਂ ਸਿੰਘਾਂ ਨੇ ਸੰਤ ਬਾਬਾ ਤਾਰਾ ਸਿੰਘ ਜੀ ਪਾਸ ਜਾ ਕੇ ਹੱਥ ਜੋੜ ਪੂਰਨ ਪ੍ਰੇਮ ਸਹਿਤ ਪ੍ਰੇਮ ਬੇਨਤੀ ਕੀਤੀ, "ਬਾਬਾ ਜੀ! ਸੰਤਾਂ ਮਹਾਂਪੁਰਸ਼ਾਂ ਵੱਲੋਂ ਪ੍ਰੇਮ ਬੇਨਤੀ ਹੈ ਕਿ ਆਪ ਜੀ ਜੱਥੇ ਸਮੇਤ ਜਲੇਬੀਆਂ ਛਕੋ"। ਤਾਂ ਅੱਗੋਂ ਹੱਥ ਜੋੜ ਸਿਰ ਝੁਕਾ ਪ੍ਰੇਮ ਨਿਮ੍ਰਤਾ ਨਾਲ ਕਿਹਾ, "ਕੀ ਹੁਣ ਦਾਸਨ ਦਾਸ ਭੀ ਪ੍ਰੇਮ ਬੇਨਤੀ ਕਰ ਸਕਦਾ ਹੈ?" "ਜੀ ਹੁਕਮ ਕਰੋ," "ਦਾਸਨ ਦਾਸ ਦੀ ਪ੍ਰੇਮ ਬੇਨਤੀ ਸੰਤਾਂ ਮਹਾਂਪੁਰਖਾਂ ਨੂੰ ਕਰ ਦਿਉ, ਬਈ ਪਿਛੇ ਭੀ ਆਪ ਜੀ ਦਾ ਦਿਤਾ ਛਕਦੇ ਸੀ, ਹੁਣ ਭੀ ਆਪ ਜੀ ਦਾ ਦਿਤਾ ਖਾਂਦੇ ਹਾਂ, ਅੱਗੇ ਨੂੰ ਭੀ ਆਪ ਜੀ ਦਾ ਦਿਤਾ ਹੀ ਖਾਵਾਂਗੇ"। ਇੱਕ ਵਾਰੀ ਪਰਮਪੂਜਨੀਕ ਸੰਤ ਬਾਬਾ ਤਾਰਾ ਸਿੰਘ ਜੀ ਪਿੰਡ ਮਹਿਤੇ ਲੰਗਰ 'ਚ ਗਏ। ਇੱਕ ਪੂੜੇ 'ਤੇ ਖੀਰ ਪਾ ਕੇ ਪ੍ਰਸ਼ਾਦ ਦਿੱਤਾ ਗਿਆ, ਸੰਤਾਂ ਮਹਾਂਪੁਰਖਾਂ ਨੇ ਸੇਵਾਦਾਰ ਸਿੰਘ ਨੂੰ ਦੇ ਦਿਤਾ, ਆਪ ਨਹੀਂ ਖਾਧਾ, ਇਸ ਦਾ ਨਾਮ ਸੰਤੋਖ ਹੈ। ਵਾਹਿਗੁਰੂ ਜੀ ਦੀ ਪ੍ਰਾਪਤੀ ਲਈ, ਪਦਾਰਥ ਛਕਣ ਦਾ ਲਾਲਚ ਤਿਆਗ ਕੇ, ਸ਼ੁੱਧ ਸੋਧਿਆ ਪਦਾਰਥ ਸੰਤੋਖ ਸੰਜਮ ਨਾਲ ਵੰਡ ਕੇ ਛਕਣਾ ਚਾਹੀਦਾ ਹੈ। ਇਹ ਖ਼ਾਸ ਮੰਨਣ ਯੋਗ ਪ੍ਰੇਮ ਬੇਨਤੀ ਹੈ, ਵੰਡ ਕੇ ਛਕਿਆ ਪਦਾਰਥ ਅਤਿਅੰਤ ਹੀ ਸੁਆਦ ਲੱਗਦਾ ਹੈ।

ਕਬੀਰ. ਗੁਰੁ ਲਾਗਾ ਤਬ ਜਾਨੀਐ; ਮਿਟੈ ਮੋਹੁ ਤਨ ਤਾਪ॥ ਹਰਖ ਸੋਗ. ਦਾਝੈ ਨਹੀ; ਤਬ ਹਰਿ. ਆਪਹਿ ਆਪ॥੧੮੯॥ ਪ੍ਰੇਮੀ ਸਤਿਸੰਗੀ ਬ੍ਰਹਮ ਸਰੂਪ ਭਗਤ ਜੀ ਦੇ ਦਰਸ਼ਨ ਕਰਕੇ, ਨਿਹਾਲ ਹੋ ਰਹੇ ਹਨ। ਪ੍ਰਮਾਤਮਾ ਜੀ ਕਬੀਰ ਸਾਹਿਬ ਜੀ ਦੇ ਸਰੂਪ 'ਚ, ਆਪਣੇ ਪਿਆਰਿਆਂ ਦੇ ਨਾਲ, ਪਿਆਰੀ ਗੋਸ਼ਟ ਕਰ ਰਹੇ ਹਨ। ਯਥਾ:- ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਪ੍ਰੇਮੀਆਂ ਪੁੱਛਿਆ, "ਹੇ ਮਹਾਂਪੁਰਸ਼ ਜੀਓ! ਕ੍ਰਿਪਾ ਕਰੋ, ਗੁਰੂ ਸਾਹਿਬ ਜੀ ਦੇ ਉਪਦੇਸ਼ 'ਚ, ਗੁਰੂ ਸੇਵਾ 'ਚ, ਗੁਰੂ ਜੀ ਦੇ ਚਰਨ- ਕਮਲਾਂ 'ਚ ਲੱਗੇ, ਗੁਰਸੇਵਕ ਜੀ 'ਚ ਕੀ ਗੁਣ ਹੁੰਦੇ ਹਨ? ਵਾਹਿਗੁਰੂ ਜੀ ਦੀ ਪ੍ਰਾਪਤੀ ਦੇ ਸੁਲੱਛਣ ਕੀ ਹਨ? ਵਿਸਮਾਦ ਰੰਗ 'ਚ ਕ੍ਰਿਪਾ ਕਰਕੇ ਪਰਮਪੂਜਨੀਕ ਪੂਰਨ ਭਗਤ ਕਬੀਰ ਸਾਹਿਬ ਜੀ, ਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ ਨਾਲ ਲੱਗ ਕੇ, ਗੁਰੂ ਸਾਹਿਬ ਜੀ ਦੀ ਸੇਵਾ ਬੰਦਗੀ 'ਚ ਲੱਗ ਕੇ, ਆਪਸ ਕਉ; ਆਪਹਿ ਆਦੇਸੁ॥ ਤਿਹੁ ਗੁਣ ਕਾ; ਨਾਹੀ ਪਰਵੇਸੁ॥ ਬਹੁਤ ਹੀ ਉੱਚੀ ਅਵਸਥਾ ਪ੍ਰਾਪਤ ਕਰਨ ਲਈ, ਉਤਸ਼ਾਹਤ ਕਰ ਰਹੇ ਹਨ:- ਹੇ ਪਿਆਰਿਓ! (ਗੁਰੁ)ਗੁਰ

Sri Satguru Jagjit Singh Ji eLibrary NamdhariElibrary@gmail.com

ਨਾਨਕ ਦੇਵ; ਗੋਵਿੰਦ ਰੂਪ॥ ਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ ਨਾਲ (ਲਾਗਾ)ਲੱਗਿਆ ਅਥਵਾ ਪੂਰਨ ਗੁਰੂ ਜੀ ਨੂੰ ਪ੍ਰਾਪਤਿ (ਤਬ)ਤਾਂ (ਜਾਨੀਐ)ਜਾਣੀਏ, ਜੇ ਕਰ ਪ੍ਰੇਮੀ ਗੁਰਸੇਵਕ ਜੀ ਦਾ ਆਪਣੇ ਘਰ ਵਿਕਾਰਾਂ ਮਾਇਆ ਸ਼ਰੀਰ, ਸਬੰਧੀਆਂ ਦਾ ਮੋਹ (ਮਿਟੈ)ਮਿਟ ਜਾਵੇ, ਤਨ ਦੇ, [1]ਆਧੀ ਬਿਆਧੀ[2] ਉਪਾਧੀ[3] ਤਾਪ ਮਿਟ ਜਾਣ। ਜਿਵੇਂ ਵਾਹਿਗੁਰੂ ਮਹੱਲੇ ਤੀਜੇ ਜੀ ਨੇ ਮਹੱਲੇ ਦੂਜੇ ਜੀ ਦੇ ਸੱਚੇ ਚਰਨ- ਕਮਲਾਂ ਨਾਲ ਲੱਗ ਕੇ, ਸ਼ੁਭ ਸੱਚੀ ਸੇਵਾ ਰੋਮਿ ਰੋਮਿ ਦੇ ਪਿਆਰ ਨਾਲ ਕੀਤੀ, ਆਪਣੇ ਸ਼ਰੀਰ ਸਬੰਧੀਆਂ ਦਾ ਮੋਹ ਨਹੀਂ ਕੀਤਾ। ਅਪਨੇ ਪਿਆਰੇ ਸਿੱਖਾਂ ਦੇ ਆਧੀ ਬਿਆਧੀ ਉਪਾਧੀ ਤਾਪ ਨਿਵਿਰਤ ਕੀਤੇ। ([1]ਆਧੀ)ਮਨ ਕਰਕੇ ਕਾਮ ਕ੍ਰੋਧ ਫ਼ੁਰਨੇ ਆਧੀ ਹੈ, ([2]ਬਿਆਧੀ)ਵਾਈ, ਪਿਤ ਗਰਮੀ, ਕਫ਼ ਬਲ਼ਗਮ, ਰੁਧ੍ਰ ਖ਼ੂਨ ਦੇ ਵਿਗਾੜ ਕਰਕੇ. ਸ਼ਰੀਰ ਦੀ ਖ਼ਿਲਤ ਵਿਗੜਨ ਤੋਂ ਰੋਗ ਹੋ ਜਾਣਾ ਬਿਆਧੀ ਹੈ, ([3]ਉਪਾਧੀ)ਹੰਕਾਰ ਨਾਲ ਕਤਲ ਕੁਕਰਮ ਕਰਨੇ ਉਪਾਧੀ ਹੈ। ਕੌੜਾ ਬੋਲਣਾ ਬਾਣੀ ਦਾ ਰੋਗ ਹੈ। ਉਪ੍ਰੋਕਤ ਰੋਗਾਂ ਦੀ ਨਿਵਿਰਤੀ ਵਾਲਾ ਸਮਝਿਆ ਜਾਂਦਾ ਹੈ ਕਿ ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸੇਵਾ ਭਗਤੀ ਚਰਨਾਂ 'ਚ ਲੱਗਿਆ ਹੈ।

ਹਰਖ ਸੋਗ. ਦਾਝੈ ਨਹੀ; ਤਬ ਹਰਿ. ਆਪਹਿ ਆਪ॥੧੮੯॥ ਜਦੋਂ ਗੁਰਸੇਵਕ ਜੀ ਨੂੰ, ਘਰ 'ਚ ਬੱਚਾ ਜੰਮਣ, ਆਦਰ ਮਾਣ ਸਤਿਕਾਰ ਧਨ ਕੁਰਸੀ ਮਿਲਣ ਤੋਂ (ਹਰਖ)ਖੁਸ਼ੀ ਅਤੇ ਸਨੇਹੀ ਮਾਇਆ ਪਦਾਰਥ ਦੇ ਵਿਜੋਗ ਕਰਕੇ, ਸ਼ਰੀਰ ਨੂੰ ਰੋਗ ਲੱਗਣ ਤੋਂ ਸੋਗ ਨਹੀ (ਦਾਝੈ)ਸਾੜਦੇ, (ਤਬ)ਤਦੋਂ (ਹਰਿ)ਵਾਹਿਗੁਰੂ ਜੀ, ਆਪਹਿ ਆਪਿ ਹੀ ਅੰਦਰ ਬਾਹਰ ਵਸ ਰਹੇ ਹਨ। ਤਦੋਂ ਗੁਰਸੇਵਕ ਜੀ, ਹਰਿ ਆਪਹਿ ਆਪਿ ਹੀ, ਹਰੀ ਜੀ ਦਾ ਸਰੂਪ ਹੋ ਜਾਂਦੇ ਹਨ॥੧੮੯॥ ਯਥਾ:- ਹਰਖ ਸੋਗ ਜਾ ਕੈ ਨਹੀ; ਬੈਰੀ ਮੀਤ ਸਮਾਨ॥ ਕਹੁ ਨਾਨਕ. ਸੁਨਿ ਰੇ ਮਨਾ; ਮੁਕਤਿ. ਤਾਹਿ ਤੈ ਜਾਨ॥) ਹਰਖ ਸੋਗ ਦੁਹੁ ਮਾਹਿ ਨਿਰਾਲਾ; ਕਰਣੈਹਾਰੁ ਪਛਾਤਾ॥) ਹਰਖ ਅਨੰਤ; ਸੋਗ ਨਹੀ ਬੀਆ॥ ਸੋ ਘਰੁ; ਗੁਰਿ ਨਾਨਕ. ਕਉ ਦੀਆ॥

ਕਬੀਰ. ਰਾਮ ਕਹਨ ਮਹਿ ਭੇਦੁ ਹੈ; ਤਾ ਮਹਿ ਏਕੁ ਬਿਚਾਰੁ॥ ਸੋਈ ਰਾਮੁ. ਸਭੈ ਕਹਹਿ; ਸੋਈ ਕਉਤਕਹਾਰ॥੧੯੦॥ ਜੀ ਨਾਮ ਕਿਵੇਂ ਜਪੀਏ? ਵਾਹਿਗੁਰੂ ਬ੍ਰਹਮ ਜੀ ਦੇ ਸਰਗੁਨ ਅਵਤਾਰ, ਧੰਨ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਰਾਮ ਪਿਆਰੇ ਪ੍ਰੇਮੀ ਸਤਿਸੰਗੀਓ! (ਰਾਮ) ਵਾਹਿਗੁਰੂ ੨ ਕਹਨ (ਮਹਿ)'ਚ, ਬਹੁਤ ਹੀ (ਭੇਦੁ)ਫ਼ਰਕ ਹੈ। (ਤਾ)ਤਿਸ (ਮਹਿ)'ਚ, (ਏਕੁ)ਇੱਕ ਅਦ੍ਵੈਤ ਸਰੂਪ ਵਾਹਿਗੁਰੂ ਜੀ ਦੇ ਪਰਮ ਮਨੋਹਰ ਸੁੰਦਰ ਦਰਸ਼ਨਾਂ ਵਾਲੀ ਬ੍ਰਹਮ ਬਿਚਾਰੁ ਹੈ। ਸੋਈ (ਰਾਮੁ)ਵਿਆਪਕ ਵਾਹਿਗੁਰੂ ਬ੍ਰਹਮ ਜੀ ਨੂੰ, ਅਪਣੀ ਵਡਿਆਈ, ਪੂਜਾ ਦੇ ਧਨ ਪਦਾਰਥ, ਕਾਮਨਾ ਦੀ ਪ੍ਰਾਪਤੀ ਲਈ (ਸਭੈ)ਸਾਰੇ (ਕਹਹਿ)ਕਹਿੰਦੇ ਹਨ, ਜਿਨ੍ਹਾਂ ਨੂੰ ਨਿਸਚਾ ਭਰੋਸਾ ਦਰਸ਼ਨਾਂ ਦੀ ਪ੍ਰਾਪਤੀ ਨਹੀਂ। ਯਥਾ:- ਰਾਮ ਰਾਮ ਸਭੁ ਕੋ ਕਹੈ; ਕਹਿਐ. ਰਾਮੁ ਨ ਹੋਇ॥ ਗੁਰ ਪਰਸਾਦੀ ਰਾਮੁ ਮਨਿ ਵਸੈ ਤਾ ਫਲੁ ਪਾਵੈ ਕੋਇ॥) ਹਰਿ ਹਰਿ ਕਰਹਿ. ਨਿਤ ਕਪਟੁ ਕਮਾਵਹਿ; ਹਿਰਦਾ ਸੁਧੁ ਨ ਹੋਈ॥) ਹਰਿ ਹਰਿ ਜਪਨਾ, ਪਰਾਇਆ ਮਾਲ਼ ਅਪਨਾ। (ਸੋਈ)ਉਸ ਵਾਹਿਗੁਰੂ ਜੀ ਨੂੰ, ਕੋਟਿ ਬ੍ਰਹਮੰਡ ਦੀ ਰਚਨਾ ਰਚਨ, ਲੈ ਕਰਨ ਦਾ (ਕਉਤਕਹਾਰ)ਤਮਾਸ਼ਾ ਕਰਨ ਵਾਲੇ, ਸਦਾ ਨਿਰਲੇਪ ਜਾਣ ਕੇ, ਪੂਰਨ ਗੁਰੂ ਜੀ ਅਥਵਾ ਗੁਰ ਸੇਵਕ ਜੀ ਕਹਿੰਦੇ ਯਾਦ ਕਰਦੇ ਹਨ। ਜਿਵੇਂ ਵਾਹਿਗੁਰੂ ਹਰੀ ਸਰੂਪ ਮਹੱਲਾ ਪੰਜਵਾਂ ਜੀ, ਹਰੀ ਸਿਮਰਨ'ਚ ਵਿਸਮਾਦ ਲੀਣਤਾ ਸਹਿਤ ਫ਼ੁਰਮਾ ਰਹੇ ਹਨ, ਦਾਸਨ ਦਾਸ ਗ਼ਰੀਬ ਨੂੰ, ਗੁਰਪ੍ਰਸਾਦਿ, ਰੋਮਿ ਰੋਮਿ ਕਰਕੇ ਹਰਿ ਸਿਮਰਨਿ ਕਰਦਿਆਂ, ਹਰਿ ਜੀ ਦੇ ਸਰਗੁਨ ਸਰੂਪ. ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਅਨੰਤ ਸਰੂਪ, ਅੰਦਰ ਬਾਹਰ ਹਰ ਸਮੇਂ ਦਰਸ਼ਨ ਬਖ਼ਸ਼ ਰਹੇ ਹਨ, ਭਾਵ ਗੁਰੂ ਪਿਤਾਜੀ ਅਨੇਕਾਂ ਸਰੂਪ ਧਾਰ ਕੇ, ਦਰਸ਼ਨ ਬਖ਼ਸ਼ ਰਹੇ ਹਨ। ਉਨ੍ਹਾਂ ਪਰਮ ਪਾਕ ਸੁੰਦਰ ਸਰੂਪਾਂ ਦੇ ਰੋਮ ੨ 'ਤੇ, ਮਨੋਹਰ ਸੁੰਦਰ ਚੇਹਰੇ ਹਨ, ਜਿਨ੍ਹਾਂ ਦੁਆਰਾ

Sri Satguru Jagjit Singh Ji eLibrary NamdhariElibrary@gmail.com

ਆਪਿ, ਵਾਹਿਗੁਰੂ ਨਿਰਗੁਨ ਵਿਆਪਕ ਪ੍ਰਕਾਸ਼ਕ ਅਸੰਖ ਨੂਰ ਹੀ ਨੂਰ, ਅਜਪਾ ਜਾਪ ਵਾਹਿਗੁਰੂ ਸਿਮਰਨ'ਚ ਲੀਨ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥ ਜਦੋਂ ਗੁਰਪ੍ਰਸਾਦਿ ਬ੍ਰਹਮਜੀ ਦੀ ਸਾਖਿਆਤਤਾ ਹੁੰਦੀ ਹੈ, ਤਦੋਂ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮਜੀ, ਆਪਣੇ ਸਰਗੁਨ ਸਰੂਪ ਦੇ ਸਾਰੇ ਅਕਾਰਾਂ ਸਹਿਤ, ਜਾਪ ਕਰਦੇ ਦਿਸਦੇ ਹਨ, ਭਾਵ ਨਿਰਗੁਨ ਸਰਗੁਨ ਜੀ ਹਰ ਸਮੇਂ ਆਪਣਾ ਜਾਪ ਆਪ ਹੀ ਕਰਦੇ ਦਰਸ਼ਨ ਬਖ਼ਸ਼ਦੇ ਹਨ। ਯਥਾ:- ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥)

ਇੱਕ ਨਿਰੋਲ ਪ੍ਰਾਪਤੀ ਲਈ, ਰਾਮ ੨ ਕਹਿੰਦੇ ਹਨ। ਇਸ 'ਤੇ ਦ੍ਰਿਸ਼ਟਾਂਤ:- ਇੱਕ ਦੁਕਾਨਦਾਰ ਨੇ ਪਿੰਜਰੇ 'ਚ ਤੋਤਾ ਰੱਖਿਆ ਸੀ। ਮਹਾਤਮਾ ਜੀ ਗਏ, ਤੋਤਾ ਕਹਿੰਦਾ,"ਰਾਮ ਰਾਮ ਰਾਮ ਰਾਮ"। ਤੋਤਾ ਕਹਿੰਦਾ, "ਮਹਾਤਮਾ ਜੀ! ਦਾਸਨ ਦਾਸ ਰਾਮ ੨ ਕਹਿੰਦਾ ਹੈ, ਪਿੰਜਰੇ ਦੇ ਬੰਧਨ ਕਿਉਂ ਨਹੀਂ ਕੱਟੇ ਜਾਂਦੇ? ਮਹਾਤਮਾ ਜੀ ਕਹਿੰਦੇ "ਆਪ ਜੀ ਚੂਰੀ ਲਈ ਰਾਮ ੨ ਕਹਿੰਦੇ ਹੋਂ, ਨਿਸ਼ਕਾਮ ਨਿਸ਼ਕਪਟ ਹੋ ਕੇ ਰਾਮ ਜੀ ਦਾ ਧਿਆਨ ਧਾਰ ਕੇ, ਰਾਮ ੨ ਜਪੋ, ਸੱਚ- ਮੁੱਚ ਬੰਧਨ ਚੁੱਕੇ ਜਾਣਗੇ। ਕਹਿੰਦਾ, "ਤਰੀਕਾ ਦੱਸੋ"? ਕਹਿੰਦੇ, "ਅੱਖਾਂ ਮੀਚ ਕੇ ਦਿਲ 'ਚ ਰਾਮ ੨ ਕਹੀ ਜਾਈ। ਮਾਲਕ ਦੇਖ ਕੇ ਕਹੇਗਾ, "ਤੋਤਾ ਬਿਮਾਰ ਹੋ ਗਿਆ"। "ਪਿੰਜਰੇ ਦਾ ਬੂਹਾ ਖੋਲ ਦੇਵੇਗਾ, ਜਦੋਂ ਕੋਲੇ ਕੋਈ ਨ ਹੋਇਆ, ਉਡਾਰੀ ਮਾਰ ਜਾਈਂ"। ਇਉਂ ਧਿਆਨ ਟਿਕਾਕੇ ਕੁੱਝ ਸਮਾਂ ਰਾਮ ੨ ਜਪਿਆ, ਮਾਲਕ ਨੇ ਦੇਖਿਆ ਤੋਤਾ ਤਾਂ ਬਿਮਾਰ ਹੋ ਗਿਆ, ਪਿੰਜਰੇ ਦਾ ਬੂਹਾ ਖੋਲ੍ ਦਿਤਾ, ਤੋਤੇ ਦੇਖਿਆ ਕੋਲ ਕੋਈ ਨਹੀਂ, ਝੱਟ ਹੀ ਉੱਡ ਗਿਆ। ਦੂਜੇ ਦਿਨ ਮਹਾਤਮਾ ਜੀ ਉੱਥੇ ਆਏ, ਨੇੜੇ ਦਰੱਖਤ 'ਤੇ ਬੈਠੇ ਤੋਤੇ ਕਿਹਾ, "ਰਾਮ ਨਾਮ ਸਤਿ ਹੈ, ਸਤਿ ਬੋਲੇ ਗਤਿ ਹੈ, ਪਰ ਕੁੰਜੀ ਮਹਾਤਮਾ ਜੀ ਹੱਥ ਹੈ"। ਯਥਾ:- ਅਨਹਦ ਬਾਣੀ ਪੂੰਜੀ॥ ਸੰਤਨ ਹਥਿ ਰਾਖੀ ਕੂੰਜੀ॥

ਕਬੀਰ. ਰਾਮੈ ਰਾਮ ਕਹੁ; ਕਹਿਬੇ ਮਾਹਿ ਬਿਬੇਕ॥ ਏਕੁ. ਅਨੇਕਹਿ ਮਿਲਿ ਗਇਆ; ਏਕ ਸਮਾਨਾ ਏਕ॥੧੯੧॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਰਾਮੈ) ਰਾਮ ਰਾਮ (ਰਾਮ) ਰਾਮ ਰਾਮ ਬਾਰ ੨ (ਕਹੁ) ਕਹਿਣਾ ਕਰ, ਇਹ ਰਾਮ ੨ ਹਰ ਵੇਲੇ (ਕਹਿਬੇ) ਕਹਿਣ (ਮਾਹਿ) ਵਿੱਚ, ਬੜਾ ਹੀ ਪੂਰਨ ਬ੍ਰਹਮ (ਬਿਬੇਕ) ਵਿਚਾਰ ਹੈ।

ਏਕੁ. ਅਨੇਕਹਿ ਮਿਲਿ ਗਇਆ; ਏਕ ਸਮਾਨਾ ਏਕ॥੧੯੧॥ (ਅਨੇਕਹਿ)ਅਨੇਕਾਂ ਪ੍ਰੇਮੀ, ਰਾਮ ਨਾਮ ਕਹਿ ਕੇ, (ਏਕ ਏਕੁ)ਇੱਕੋ ਇੱਕ, ਅਦ੍ਵੈਤ ਬ੍ਰਹਮ ਜੀ 'ਚ, ਮਿਲਿ (ਗਇਆ)ਗਏ ਹਨ, (ਏਕ)ਇੱਕੋ (ਏਕ)ਇੱਕ ਬ੍ਰਹਮ ਜੀ 'ਚ, ਰੋਮ ੨ ਕਰਕੇ (ਸਮਾਨਾ)ਲੀਣ ਹੋ ਗਏ॥੧੯੧॥ ਯਥਾ:- ਮਗਨੁ ਭਇਓ.ਪ੍ਰਿਅ ਪ੍ਰੇਮ ਸਿਉ;ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ.ਸਭ ਲੋਅ ਮਹਿ;ਨਾਨਕ.ਅਧਮ ਪਤੰਗ॥) ਹਰਿ ਕੇ ਸੰਗ;ਬਸੇ ਹਰਿ ਲੋਕ॥ ਤਨੁ ਮਨੁ ਅਰਪਿ.ਸਰਬਸੁ ਸਭੁ ਅਰਪਿਓ;ਅਨਦ ਸਹਜ ਧੁਨਿ ਝੋਕ॥

ਕਬੀਰ. ਜਾ ਘਰ. ਸਾਧ ਨ ਸੇਵੀਅਹਿ; ਹਰਿ ਕੀ ਸੇਵਾ. ਨਾਹਿ॥ ਤੇ ਘਰ. ਮਰਹਟ ਸਾਰਖੇ; ਭੂਤ ਬਸਹਿ. ਤਿਨ ਮਾਹਿ॥੧੯੨॥ ੧:- ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਨਾਨਕ ਜਨ ਕਾ; ਦਾਸਨਿ ਦਸਨਾ॥ ਵਾਹਿਗੁਰੂ ਜੀ, ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਸਾਧ ਦੀ ਅਮੋਲਕ ਰਸਨਾ ਰੋਮ ੨ ਹਿਰਦੇ 'ਚ ਵਸ ਕੇ, ਦੁਨੀਆਂ 'ਤੇ ਸ਼ੁਭ ਗੁਰਮਤਿ ਮਰਯਾਦਾ ਕਾਇਮ ਕਰਨ ਲਈ, ਘਰ ੨ 'ਚ ਮਹਾਰਜ ਸਾਹਿਬ ਜੀ ਦੀ ਬੰਦਗੀ ਲਈ, ਵਿਗੜੇ ਸੰਸਾਰ ਨੂੰ ਸਵਾਰਨ ਲਈ, ਆਪ ਆਪਣੀ ਗੁਰਬਾਣੀ ਉਚਰਵਾ ਰਹੇ ਹਨ:- {(ਸਾਧ) ਸ੍ਰੇਸ਼ਟ

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੁੜਨ ਵਾਲੇ, ਜੋੜਨ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਹਰ ਵੇਲੇ ਦਿਲ ਦਿਮਾਗ਼ ਸੁਰਤੀ ਬ੍ਰਿਤੀ ਸੋਚਣੀ ਚਿਤਵਣੀ 'ਚ ਗੁਰਬਾਣੀ ਜੀ ਦੀ ਪ੍ਰਾਪਤੀ ਕਰਨ ਕਰਾਉਣ ਵਾਲੇ, ਗੁਰਬਾਣੀ ਜੀ ਦਾ ਸ਼ੁੱਧ ਉਚਾਰਨ ਸਿੱਖਣ ਸਿਖਾਉਣ ਵਾਲੇ, ਕਥਾ ਕੀਰਤਨ ਸਿੱਖਣ ਸਿਖਾਉਣ ਵਾਲੇ, ਨਿਰਗੁਨ ਬ੍ਰਹਮ ਜੀ 'ਚ ਲੀਣ, ਸਾਧ ਕੀ ਸੋਭਾ; ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥ ਪੂਰਨ ਬ੍ਰਹਮ ਅਵਸਥਾ ਨੂੰ ਪ੍ਰਾਪਤ, ਸਾਧ ਬ੍ਰਹਮਗਿਆਨੀ ਮਹਾਂਪੁਰਸ਼ ਗੁਰਸਿਖ ਸੰਤ ਭਗਤ ਗੁਰਸੇਵਕ ਸਾਧ ਜੀ ਹਨ।} (ਜਾ)ਜਿਸ ਘਰ 'ਚ, ਸਾਧ ਬ੍ਰਹਮਗਿਆਨੀ ਮਹਾਂਪੁਰਸ਼ ਗੁਰਸਿਖ ਸੰਤ ਭਗਤ (ਨ)ਨਹੀਂ (ਸੇਵੀਅਹਿ)ਚੇਤੇ ਮੰਨੇ ਪੂਜੇ ਜਾਂਦੇ, ਭਾਵ ਸੇਵਾ ਨਹੀਂ ਕੀਤੀ ਜਾਂਦੀ (ਹਰਿ)ਹਰੀ ਅਕਾਲ ਪੁਰਖ ਵਾਹਿਗੁਰੂ ਜੀ (ਕੀ)ਦੀ ਸੇਵਾ ਭਗਤੀ ਨਾਹਿ ਹੁੰਦੀ। (ਤੇ)ਉਹ ਘਰ, (ਮਰਹਟ)ਸ਼ਮਸ਼ਾਨ ਭੂਮੀ (ਸਾਰਖੇ)ਵਰਗੇ ਹਨ। (ਤਿਨ)ਤਿਨ੍ਹਾਂ ਘਰਾਂ (ਮਾਹਿ)'ਚ, ਭੂਤ (ਬਸਹਿ)ਵਸਦੇ ਹਨ। ਕਿਉਂਕਿ ਨੂੰਹ ਧੀਅ ਸਹੁਰਾ ਬੱਚੇ ਬੱਚੀਆਂ ਇਕੱਠੇ ਬੈਠ ਕੇ ਟੈਲੀਵੀਜ਼ਨਾਂ 'ਚ ਮਾੜੇ ਦ੍ਰਿਸ਼ ਦੇਖਦੇ ਹਨ। ਗੰਦੇ ਗਾਣੇ ਸੁਣਦੇ ਹਨ। ਬੱਚਿਆਂ ਨੂੰ ਗੰਦੀਆਂ ਆਦਤਾਂ ਆਪ ਪਾਉਂਦੇ ਹਨ। ਯਥਾ:- ਕਲਿ ਮਹਿ ਪ੍ਰੇਤ.ਜਿਨ੍ਹੀ, ਰਾਮੁ ਨ ਪਛਾਤਾ; ਸਤਜੁਗਿ ਪਰਮਹੰਸ ਬੀਚਾਰੀ॥) ਕਲੀ ਅੰਦਰਿ ਨਾਨਕਾ; ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ. ਧੀਅ ਜਿੰਨੂਰੀ; ਜੋਰੂ. ਜਿੰਨਾ ਦਾ ਸਿਕਦਾਰੁ॥੧॥) ਹਰਿ ਕੇ ਨਾਮ ਹੀਨ; ਬੇਤਾਲ॥) ਸੋ ਘਰ 'ਚ ਬਾਬਾ ਬੁੱਢਾ ਜੀ ਜੈਸੇ ਮਹਾਂਪੁਰਸ਼ਾਂ ਦੀ ਸੇਵਾ ਅਤੇ ਵਾਹਿਗੁਰੂ ਜੀ ਦੀ ਸੇਵਾ ਪ੍ਰੇਮਾ- ਭਗਤੀ ਕਰਨੀ ਚਾਹੀਦੀ ਹੈ।

ਕਬੀਰ. ਜਾ ਘਰ ਸਾਧ ਨ ਸੇਵੀਅਹਿ; ਹਰਿ ਕੀ ਸੇਵਾ. ਨਾਹਿ॥ ਤੇ ਘਰ. ਮਰਹਟ ਸਾਰਖੇ; ਭੂਤ ਬਸਹਿ. ਤਿਨ ਮਾਹਿ॥੧੯੨॥ ੨:- ਪਰਮਪੂਜਨੀਕ ਸੱਚੇ ਭਗਤ ਸ਼੍ਰੀ ਕਬੀਰ ਸਹਿਬ ਜੀ ਫ਼ੁਰਮਾਉਂਦੇ ਹਨ:- (ਜਾ)ਜਿਸ ਹਿਰਦੇ ਰੂਪੀ ਘਰ 'ਚ, (ਸਾਧ)ਨਿਰਗੁਨ ਬ੍ਰਹਮ ਜੀ (ਸਾਧ)ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ (ਨ)ਨਹੀਂ (ਸੇਵੀਅਹਿ)ਸੇਵਾ ਕੀਤੀ ਜਾਂਦੀ, (ਸੇਵੀਅਹਿ)ਯਾਦ ਨਹੀਂ ਕੀਤੇ ਜਾਂਦੇ, (ਹਰਿ) ਵਾਹਿਗੁਰੂ ਅਕਾਲ ਪੁਰਖ ਜੀ (ਕੀ)ਦੀ ਸੇਵਾ ਭਗਤੀ (ਨਾਹਿ)ਨਹੀਂ ਕੀਤੀ ਜਾਂਦੀ (ਤੇ)ਉਹ, ਹਿਰਦੇ ਘਰ (ਮਰਹਟ)ਸ਼ਮਸ਼ਾਨ ਭੂਮੀ (ਸਾਰਖੇ) ਵਰਗੇ ਹਨ। (ਤਿਨ)ਤਿਨ੍ਹਾਂ ਦੇ ਰਿਦੇ ਘਰਾਂ (ਮਾਹਿ)'ਚ ਔਗੁਣ ਪਾਪ ਕਾਮ ਕ੍ਰੋਧ ਲੋਭ ਮੋਹ ਹੰਕਾਰ, ਕੈਂਸਰ ਏਡਜ਼ ਆਦਿ ਭਿਆਨਕ ਬੀਮਾਰੀਆਂ ਭੈੜੇ ਜ਼ਿਰਮ ਕੀਟਾਣੂ ਰੂਪੀ ਭੂਤ (ਬਸਹਿ)ਵਸਦੇ ਹਨ॥੧੯੨॥ ਯਥਾ:- ਇਸੁ ਦੇਹੀ ਅੰਦਰਿ. ਪੰਚ ਚੋਰ ਵਸਹਿ; ਕਾਮੁ ਕ੍ਰੋਧੁ ਲੋਭੁ ਮੋਹੁ ਅਹੰਕਾਰਾ॥)

ਕਬੀਰ. ਗੂੰਗਾ ਹੂਆ ਬਾਵਰਾ; ਬਹਰਾ ਹੂਆ ਕਾਨ॥ ਪਾਵਹੁ ਤੇ. ਪਿੰਗੁਲ ਭਇਆ; ਮਾਰਿਆ ਸਤਿਗੁਰ ਬਾਨ॥੧੯੩॥ ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ. ਕਰੇਜੇ ਛੇਕੁ॥) ਕਬੀਰ. ਸਾਚਾ ਸਤਿਗੁਰੁ ਮੈ ਮਿਲਿਆ; ਸਬਦੁ ਜੁ ਬਾਹਿਆ ਏਕੁ॥ ਲਾਗਤ ਹੀ ਭੁਇ ਮਿਲਿ ਗਇਆ; ਪਰਿਆ ਕਲੇਜੇ ਛੇਕੁ॥੧੫੭॥ ਅਨੁਸਾਰ, ਬ੍ਰਹਮ ਸਰੂਪ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਸਤਿਗੁਰ ਪਹਿਲੇ ਪਾਤਿਸ਼ਾਹ ਜੀ, ਸਤਿਗੁਰ ਰਾਮਾਨੰਦ ਜੀ ਨੇ, ਧੁਰ ਕੇ ਬਾਣੀ ਜੀ ਰੂਪੀ ਕਮਾਣ 'ਚੋਂ, ਪ੍ਰੇਮ ਰੂਪੀ (ਬਾਨ)ਤੀਰ, ਦਾਸਨ ਦਾਸ ਦੇ ਮਾਰਿਆ, ਦਾਸਨ ਦਾਸ ਹੰਗਤਾ ਵਿਸ਼ੇ ਵਿਕਾਰ ਨਿੰਦਾ ਚੁਗਲੀ ਸੰਸਾਰੀ ਗੱਲਾਂ ਕਰਨ ਵੱਲੋਂ ਗੂੰਗਾ (ਹੂਆ)ਹੋ ਗਿਆ। ਮਾਇਕੀ ਸਿਆਣਪਾਂ ਠੱਗੀ ਧੋਖਾ ਫ਼ਰੇਬ ਵੱਲੋਂ (ਬਾਵਰਾ)ਮਸਤਾਨਾ ਹੋ ਗਿਆ। ਯਥਾ:- ਮੈ ਬਉਰੀ; ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ॥) ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥ (ਕਾਨ)ਕੰਨਾਂ ਤੋਂ (ਬਹਰਾ)ਬੋਲ਼ਾ (ਹੂਆ)ਹੋ ਗਿਆ ਹੈ, ਕੰਨਾਂ ਨਾਲ ਨਿੰਦਾ ਵਿਸ਼ੇ ਵਿਕਾਰ ਦੇ ਗਾਣੇ, ਸੰਸਾਰ ਦੀਆਂ ਈਰਖਾ

Sri Satguru Jagjit Singh Ji eLibrary NamdhariElibrary@gmail.com

ਬਖੀਲੀ ਅਨੇਕ ਪ੍ਰਕਾਰ ਦੀਆਂ ਹੰਗਤਾਂ ਦੀਆਂ ਮੰਦੀਆਂ ਗੱਲਾਂ ਬਿਲਕੁਲ ਹੀ ਨਹੀਂ ਸੁਣਦਾ। ਯਥਾ:- ਮੇਰੇ ਮੋਹਨ; ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ; ਬੋਲਤ ਬੋਲ ਅਜਾਏ॥) ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥) (ਪਾਵਹੁ)ਪੈਰਾਂ (ਤੇ)ਤੋਂ (ਪਿੰਗੁਲ)ਪਿੰਗਲਾ (ਭਇਆ)ਹੋ ਗਿਆ ਹੈ, ਭਾਵ ਪੈਰ ਕੁਸੰਗਤ ਵੱਲ ਪਰ ਗ੍ਰਿਹ ਵਿਕਾਰੀ ਨਹੀਂ ਹੁੰਦੇ। ਯਥਾ:- ਮਿਥਿਆ ਚਰਨ; ਪਰ ਬਿਕਾਰ ਕਉ ਧਾਵਹਿ॥ ਇਹ ਦੋਸ਼ ਨਹੀਂ ਹਨ। {ਹੰਗਤਾ ਵਿਸ਼ੇ ਵਿਕਾਰ ਨਿੰਦਾ ਚੁਗਲੀ ਸੰਸਾਰੀ ਗੱਲਾਂ ਕਰਨ ਵੱਲੋਂ ਗੁੰਗੇ ਹੋ ਕੇ, ਆਪ ਜੀ ਸਨਮੁਖ ਹਰ ਸਮੇਂ ਕੀਰਤਨ ਹੀ ਕੀਰਤਨ ਕਰਦੇ ਹਨ। ਯਥਾ:- ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥ ਹਰ ਵੇਲੇ ਕੰਨਾਂ ਕਰਕੇ, ਸੰਸਾਰੀ ਗੱਲਾਂ ਸੁਣਨ ਵੱਲੋਂ ਬੋਲੇ ਹਨ, ਪਰ ਰੋਮ ੨ ਦੇ ਕੰਨਾਂ ਕਰਕੇ ਵਾਹਿਗੁਰੂ ਜੀ ਦਾ ਜਾਪ ਹੀ ਸੁਣਦੇ ਹਨ। ਯਥਾ:- ਜੋ ਬੋਲਤ ਹੈ. ਮ੍ਰਿਗ ਮੀਨ ਪੰਖੇਰੂ; ਸੁ ਬਿਨੁ. ਹਰਿ ਜਾਪਤ ਹੈ ਨਹੀ ਹੋਰ॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਕੋਟਿ ਕਰਨ. ਦੀਜਹਿ ਪ੍ਰਭ ਪ੍ਰੀਤਮ; ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥) ਭਾਵ ਸੰਸਾਰ 'ਚ ਵਿਸ਼ੇ ਵਿਕਾਰਾਂ ਵੱਲ ਚੱਲਣ ਤੋਂ ਪੈਰ ਪਿੰਗਲੇ ਹੋ ਗਏ ਹਨ। ਪਰ ਸਤਿਸੰਗਤ ਜੀ ਵੱਲ ਨੂੰ ਤੁਰ ਕੇ ਜਾਂਦੇ ਹਨ। ਚਾਅ ਉਤਸ਼ਾਹ ਨਾਲ ਸਾਧੂ ਸੰਤਾਂ ਦੀ ਭੱਜ ੨ ਕੇ ਸੇਵਾ ਕਰਦੇ ਹਨ। ਸਤਿਗੁਰੂ ਸਾਹਿਬ ਜੀ ਦੀਆਂ ਪ੍ਰਕਰਮਾਂ ਕਰਦੇ ਹਨ।}

ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ. ਕਰੇਜੇ ਛੇਕੁ॥੧੯੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਾ ਕਉ. ਹਰਿ ਰੰਗੁ ਲਾਗੋ ਇਸੁ ਜੁਗ ਮਹਿ; ਸੋ ਕਹੀਅਤ ਹੈ ਸੂਰਾ॥) ਵਾਹਿਗੁਰੂ ਜੀ ਦੇ ਰੰਗ ਅਨੰਦ 'ਚ ਲੀਣ, ਗੁਰਸਿੱਖ ਦੇ ਵਿਕਾਰਾਂ ਨੂੰ ਮਾਰਨ ਵਾਲੇ ਸਤਿਗੁਰ ਸੂਰਮੇ ਜੀ ਨੇ, ਆਪਣੀ ਗੁਰਬਾਣੀ ਰੂਪੀ ਕਮਾਣ 'ਚੋਂ (ਜੁ)ਜਿਹੜਾ ਏਕੁ ਪ੍ਰੇਮ ਰੂਪੀ (ਬਾਨੁ)ਤੀਰ, ਦਾਸਨ ਦਾਸ ਦੇ (ਬਾਹਿਆ)ਮਾਰਿਆ। (ਲਾਗਤ)ਲੱਗਦਿਆਂ ਹੀ, ਨਿਮ੍ਰਤਾ ਰੂਪੀ (ਭੁਇ)ਧਰਤੀ 'ਤੇ (ਗਿਰਿ)ਡਿੱਗ (ਪਰਿਆ)ਪਿਆ। ਯਥਾ:- ਸੁਖੀ ਬਸੈ ਮਸਕੀਨੀਆ; ਆਪੁ ਨਿਵਾਰਿ ਤਲੇ॥) (ਕਰੇਜੇ)ਕਾਲ਼ਜੇ 'ਚ ਪ੍ਰੇਮ ਵੈਰਾਗ ਦਾ ਛੇਕੁ (ਪਰਾ)ਪੈ ਗਿਆ॥੧੯੪॥ ਭਾਵ ਨਰਮ ਅਸਥਾਨ ਵਿੰਨ੍ਹਿਆ ਗਿਆ। ਯਥਾ:- ਲਾਗੀ ਚੋਟ ਮਰੰਮ ਕੀ; ਰਹਿਓ ਕਬੀਰਾ ਠਉਰ॥

ਕਬੀਰ. ਨਿਰਮਲ ਬੂੰਦ ਅਕਾਸ ਕੀ; ਪਰਿ ਗਈ ਭੂਮਿ ਬਿਕਾਰ॥ ਬਿਨੁ ਸੰਗਤਿ. ਇਉ ਮਾਂਨਈ; ਹੋਇ ਗਈ ਭਠ ਛਾਰ॥੧੯੫॥) ਹਰਿ ਕੇ ਨਾਮ; ਕਬੀਰ ਉਜਾਗਰ॥ ਜਨਮ ਜਨਮ ਕੇ; ਕਾਟੇ ਕਾਗਰ॥ ਅਨੁਸਾਰ ਪੂਰਨ ਬ੍ਰਹਮ ਸਰੂਪ, ਸ੍ਰੀ ਕਬੀਰ ਸਾਹਿਬ ਜੀ, ਸਤਿਸੰਗਤ ਜੀ ਦੀ ਮਹਾਂ ਮਹਾਂ ਵਿਸਮਾਦ ਮਹਿਮਾ ਕਹਿ ਰਹੇ ਹਨ:- ਕਹੁ ਕਬੀਰ; ਇਹ ਕਹੀਐ ਕਾਹਿ॥ ਸਾਧਸੰਗਤਿ. ਬੈਕੁੰਠੈ ਆਹਿ॥ ਹੇ ਪਿਆਰਿਓ! ਸਤਿਸੰਗਤ ਜੀ ਦੀ ਅਧਿਕ ਮਹਿਮਾ ਹੈ, ਜਿਵੇਂ ਅਕਾਸ (ਕੀ)ਦੀ (ਨਿਰਮਲ)ਉਜਲ ਬੂੰਦ, ਫ਼ਸਲ ਨ ਹੋਣੇ ਕਰਕੇ (ਬਿਕਾਰ)ਨਿਕੰਮੀ ਕਾਲਰੀ (ਭੂਮਿ)ਧਰਤੀ 'ਤੇ (ਪਰਿ)ਪੈ ਗਈ।

ਬਿਨੁ ਸੰਗਤਿ. ਇਉ ਮਾਂਨਈ; ਹੋਇ ਗਈ ਭਠ ਛਾਰ॥੧੯੫॥ ਉਪਜਾਊ ਧਰਤੀ ਦੀ ਸੰਗਤਿ ਤੋਂ (ਬਿਨੁ)ਬਿਨਾ, ਇਉ (ਮਾਂਨਈ)ਮੰਨੀ ਗਈ, ਭਠ ਵਿੱਚ ਪੈ ਕੇ (ਛਾਰ)ਸੁਆਹ ਹੋਇ ਗਈ॥੧੯੫॥

ਕਬੀਰ. ਨਿਰਮਲ ਬੂੰਦ ਅਕਾਸ ਕੀ; ਪਰਿ ਗਈ ਭੂਮਿ ਬਿਕਾਰ॥੨:- ਰੱਬ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਸੁ ਪਾਨੀ ਤੇ; ਜਿਨਿ ਤੂ ਘਰਿਆ॥ ਮਾਟੀ ਕਾ ਲੇ; ਦੇਹੁਰਾ ਕਰਿਆ॥

Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਇਹ ਬੰਦਾ (ਅਕਾਸ)ਵਿਆਪਕ ਬ੍ਰਹਮ ਜੀ (ਕੀ)ਦੀ (ਨਿਰਮਲ)ਉੱਜਲ ਬੂੰਦ ਹੈ, ਵਾਹੁ ਖਸਮ ਤੂ ਵਾਹੁ; ਜਿਨਿ ਰਚਿ ਰਚਨਾ. ਹਮ ਕੀਏ॥) ਏਕੁ ਪਿਤਾ. ਏਕਸ ਕੇ ਹਮ ਬਾਰਿਕ; ਤੂ ਮੇਰਾ ਗੁਰ ਹਾਈ॥) ਹਰਿ ਜੀ ਮਾਤਾ. ਹਰਿ ਜੀ ਪਿਤਾ; ਹਰਿ ਜੀਉ ਪ੍ਰਤਿਪਾਲਕ॥ ਵਾਹਿਗੁਰੂ ਜੀ ਮਾਤਾ ਪਿਤਾ ਜੀ ਹਨ, ਉਨ੍ਹਾਂ ਨੇ ਆਪਣੇ ਸਰੂਪ 'ਚੋਂ ਸਾਰੀ ਰਚਨਾ ਪ੍ਰਗਟ ਕੀਤੀ ਹੈ, ਇਹ ਜੀਵ ਮਾਤਾ ਦੇ ਗਰਭ 'ਚ ਪੁੱਠਾ ਲਮਕਦਿਆਂ, ਦਸ ਮਹੀਨੇ ਪਰਾ ਬਾਣੀ ਦੁਆਰਾ, ਨਿਰਮਲ ਉੱਜਲ ਜਾਪ ਕਰਦਾ ਹੈ। ਉਰਧ ਤਪੁ. ਅੰਤਰਿ ਕਰੇ ਵਣਜਾਰਿਆ ਮਿਤਰਾ; ਖਸਮ ਸੇਤੀ ਅਰਦਾਸਿ॥) ਵਿਚਹੁ ਗਰਭੈ; ਨਿਕਲਿ ਆਇਆ॥ ਖਸਮੁ ਵਿਸਾਰਿ; ਦੁਨੀ ਚਿਤੁ ਲਾਇਆ॥ ਆਵੈ ਜਾਇ ਭਵਾਈਐ ਜੋਨੀ; ਰਹਣੁ. ਨ ਕਿਤਹੀ ਥਾਇ ਭਇਆ॥੩॥) ਪਰਿ ਗਈ ਭੂਮਿ ਬਿਕਾਰ॥ ਇਹ ਨਿਰਮਲ ਬੂੰਦ ਦੇ ਕਾਲਰੀ ਧਰਤੀ 'ਚ ਪੈਣ ਵਾਂਗ, ਵਾਹਿਗੁਰੂ ਜੀ ਦੀ ਅੰਸ 'ਚੋਂ ਪੈਦਾ ਹੋਈ ਜੀਵ ਰੂਪੀ ਬੂੰਦ, ਕੁਸੰਗਤ (ਬਿਕਾਰ)ਖੋਟੀ ਕਾਰ ਵਾਲੀ (ਬਿਕਾਰ)ਵਿਗਾੜ ਵਾਲੀ, ਕੁਸੰਗਤ ਰੂਪ (ਭੂਮਿ)ਕਾਲਰੀ ਧਰਤੀ 'ਚ ਪੈ ਗਈ, ਭਾਵ ਜੂਏ ਬਾਜ਼ ਸਾਕਤ ਨਿੰਦਕ ਚੋਰ ਯਾਰ ਖੋਟੇ ਪੁਰਖਾਂ ਦੀ ਕੁਸੰਗਤ ਹੋ ਗਈ।

ਬਿਨੁ ਸੰਗਤਿ. ਇਉ ਮਾਂਨਈ; ਹੋਇ ਗਈ ਭਠ ਛਾਰ॥੧੯੫॥੨:- (ਬਿਨੁ)ਬਿਨਾ ਗੁਰੂ ਜੀ ਦੀ ਸੰਗਤਿ ਜੀ ਤੋਂ ਇਉ (ਮਾਂਨਈ)ਮੰਨੀ ਗਈ, ਮਾਨੋ ਇਹ ਜਿਹੜੀ ਬੂੰਦ ਬੰਦਾ ਸੀ, ਕੁਸੰਗਤ ਰੂਪੀ ਭਠ 'ਚ ਪੈ ਕੇ, ਭਾਵ ਕਾਮ ਕ੍ਰੋਧ ਲੋਭ ਮੋਹ ਹੰਕਾਰ ਈਰਖਾ ਨਿੰਦਾ ਚੋਰੀ ਯਾਰੀ ਕਤਲ ਕਰਕੇ, ਜ਼ਿੰਦਗੀ (ਛਾਰ)ਸੁਆਹ ਹੋਇ ਗਈ॥੧੯੫॥ ਭਾਵ ਹਰ ਵੇਲੇ ਜੂਆ ਸ਼ਰਾਬ ਤੰਬਾਕੂ ਪੀਂਦਿਆਂ, ਬੰਬ ਸੁੱਟ ੨ ਕੇ ਦੁਨੀਆਂ ਨੂੰ ਫੂਕਦਿਆਂ, ਇਹ ਜੀਵ ਆਪ ਹੀ ਤਬਾਹ ਹੋ ਜਾਂਦਾ ਹੈ। ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਦੁਨੀਆਂ ਨੂੰ ਸਾੜਦੇ ਫੂਕਦੇ ਆਖਰ ਨੂੰ ਆਪ ਹੀ ਜ਼ਹਿਰ ਜਾਂ ਗੋਲੀ ਮਾਰ ਕੇ ਮਰ ਜਾਂਦੇ ਹਨ। ਜਿਵੇਂ ਨੈਪੋਲੀਅਨ ਬੋਨਾ ਪਾਰਟ, ਹਿਟਲਰ ਆਦਿ। ਸੋ ਗੁਰਮੁਖਿ ਪਿਆਰੀ ਸਤਿਸੰਗਤ ਜੀ ਦੀ ਮਹਿਮਾ ਅਧਿਕ ਤੋਂ ਅਧਿਕ ਹੈ:- ਸੰਗਤਿ ਕਾ ਗੁਨੁ. ਬਹੁਤੁ ਅਧਿਕਾਈ; ਪੜਿ. ਸੁਆ ਗਨਕ ਉਧਾਰੇ॥) ਸਾਧ ਸੰਗਤਿ ਅਸਥਾਨ; ਜਗਮਗ ਨੂਰ ਹੈ। ਲਖ ਲਖ ਸਸੀਅਰ ਭਾਨੁ; ਕਿਰਨ ਠਰੂਰ ਹੈ। ਹੇ ਪਿਆਰਿਓ! ਸਤਿਸੰਗਤ ਜੀ ਦੀ ਸ਼ੁਭ ਸੱਚੀ ਸੇਵਾ ਕਰੋ ਹਰ ਵੇਲੇ ਸਤਿਸੰਗਤ 'ਚ ਹੀ ਰਹੋ। ਯਥਾ:- ਕਾਟਿ ਸਿਲਕ. ਜਿਸੁ ਮਾਰਗਿ ਪਾਏ; ਸੋ ਵਿਚਿ ਸੰਗਤਿ. ਵਾਸਾ ਪਾਇਦਾ॥੧੨॥) ਸਦਾ ਸਤਿਸੰਗਤ ਜੀ 'ਚ ਰਹਿਣ ਵਾਲਾ, ਇਹ ਲੋਕ ਸੁਖੀਏ; ਪਰਲੋਕ ਸੁਹੇਲੇ॥ ਵਾਹਿਗੁਰੂ ਜੀ ਸਰੂਪ ਹੀ ਹੋ ਜਾਂਦਾ ਹੈ।

ਕਬੀਰ. ਨਿਰਮਲ ਬੂੰਦ ਅਕਾਸ ਕੀ; ਲੀਨੀ ਭੂਮਿ ਮਿਲਾਇ॥ ਅਨਿਕ ਸਿਆਨੇ ਪਚਿ ਗਏ; ਨਾ ਨਿਰਵਾਰੀ ਜਾਇ॥੧੯੬॥ ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ, ਸਤਿਸੰਗਤ ਜੀ ਦੀ ਅਧਿਕ ਤੋਂ ਅਧਿਕ ਮਹਿਮਾ ਫ਼ੁਰਮਾਉਂਦੇ ਹਨ:- ਖੇਤਿ ਮਿਆਲਾ ਉਚੀਆ; ਘਰੁ ਉਚਾ ਨਿਰਣਉ॥ ਜਦੋਂ ਜਿਮੀਂਦਾਰ (ਉਚਾ)ਉੱਚੇ (ਘਰੁ)ਅਕਾਸ਼ ਦਾ ਨਿਰਨਾ ਕਰਦਾ ਹੈ, ਹੁਣ ਬੱਦਲ ਵਰਸਣ ਵਾਲਾ ਹੈ, ਤਾਂ ਆਪਣੇ ਖੇਤ ਦੀਆਂ ਵੱਟਾਂ ਉੱਚੀਆਂ ਕਰ ਲੈਂਦਾ ਹੈ। ਜਿਹੜੀ ਉੱਪਰੋਂ ਅਕਾਸੀ ਬੂੰਦ ਪੈਂਦੀ ਹੈ, ਉਸ ਨੂੰ ਬਾਹਰ ਨਹੀਂ ਨਿਕਲਣ ਦਿੰਦਾ। ਅਕਾਸ (ਕੀ)ਦੀ (ਨਿਰਮਲ)ਉਜਲ ਬੂੰਦ, (ਭੂਮਿ)ਧਰਤੀ ਨੇ ਆਪਣੇ 'ਚ ਮਿਲਾਇ (ਲੀਨੀ)ਲਈ। ਜਦੋਂ ਧਰਤੀ 'ਚ ਬੂੰਦ ਮਿਲ ਗਈ, (ਅਨਿਕ)ਅਨੇਕਾਂ ਸਿਆਨੇ (ਪਚਿ)ਸੜ ਗਏ, ਉਹ (ਨਿਰਵਾਰੀ)ਹਟਾਈ (ਨਾ)ਨਹੀਂ (ਜਾਇ)ਜਾਂਦੀ, ਖੇਤੀ ਨੂੰ ਹਰੀ ਭਰੀ ਪ੍ਰਫੁਲਤ ਕਰ ਦਿੰਦੀ ਹੈ॥੧੯੬॥

ਕਬੀਰ. ਨਿਰਮਲ ਬੂੰਦ ਅਕਾਸ ਕੀ; ਲੀਨੀ ਭੂਮਿ ਮਿਲਾਇ॥ ਅਨਿਕ ਸਿਆਨੇ ਪਚਿ ਗਏ; ਨਾ ਨਿਰਵਾਰੀ ਜਾਇ॥੧੯੬॥੨:- ਵਾਹਿਗੁਰੂ ਪੂਰਨ ਬ੍ਰਹਮ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ

Sri Satguru Jagjit Singh Ji eLibrary NamdhariElibrary@gmail.com

ਹਨ:- (ਅਕਾਸ)ਪਾਰਬ੍ਰਹਮ ਸਰੂਪ ਧੰਨ ਗੁਰੂ ਪ੍ਰਮੇਸਰ ਜੀ (ਕੀ)ਦੀ, ਗੁਰਮਤਿ ਉਪਦੇਸ਼ ਰੂਪੀ (ਨਿਰਮਲ)ਉੱਜਲ, ਬੂੰਦ, ਗੁਰਸੇਵਕ ਜੀ ਨੇ, ਆਪਣੀ ਅਥਾਹ ਸ਼ਰਧਾ ਰੂਪੀ (ਭੂਮਿ)ਧਰਤੀ 'ਚ, ਮਿਲਾਇ (ਲੀਨੀ)ਲਈ। ਕੈਸੀ ਅਥਾਹ ਸ਼ਰਧਾ ਹੈ:- ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥) ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥) ਸੁਤਿਆ. ਗੁਰੁ ਸਾਲਾਹੀਐ; ਉਠਦਿਆ ਭੀ. ਗੁਰੁ ਆਲਾਉ॥ ਕੋਈ. ਐਸਾ ਗੁਰਮੁਖਿ ਜੇ ਮਿਲੈ; ਹਉ. ਤਾ ਕੇ ਧੋਵਾ ਪਾਉ॥) ਉਹ ਮਹਾਂਪੁਰਸ਼ ਸਤਿਸੰਗਤ ਜੀ 'ਚ, ਗੁਰੂ ਚਰਨ- ਕਮਲਾਂ 'ਚ, ਰੋਮ ਰੋਮ ਕਰਕੇ ਲੀਣ ਹੋ ਗਏ, ਉਨ੍ਹਾਂ ਨੂੰ ਨਿਖੇੜਨ ਲਈ (ਅਨਿਕ)ਅਨੇਕਾਂ ਸਿਆਨੇ (ਪਚਿ)ਸੜ ਗਏ, ਉਨ੍ਹਾਂ ਦੀ ਜੋ ਮਹਾਰਾਜ ਨਾਲ ਏਕਤਾ ਅਭੇਦਤਾ ਸੀ, ਬੂੰਦ ਦੇ ਵੱਖਰੇ ਹੋਣ ਵਾਂਗ ਵੱਖਰੇ ਨਹੀਂ ਹੋਏ, ਜਿਵੇਂ ਛੋਟੇ ਸਾਹਿਬਜ਼ਾਦਿਆਂ ਨੂੰ ਬੜੇ ਲਾਲਚ ਦੇ ਰਹੇ, "ਤੁਹਾਨੂੰ ਜਗੀਰਾਂ ਮਿਲਣਗੀਆਂ, ਸੂਬੇ ਬਣਾਇਆ ਜਾਵੇਗਾ, ਬੜੇ ਸੁਖ ਅਰਾਮ ਮਿਲਣਗੇ"। ਸਾਹਿਬਜ਼ਾਦਿਆਂ ਉੱਤ੍ਰ ਦਿਤਾ, "ਸਾਡੇ ਪਰਮਪੂਜਨੀਕ ਬਾਬੇ ਵਾਹਿਗੁਰੂ ਮਹੱਲੇ ਨੌਵੇਂ ਜੀ ਦੇ ਬਾਬੇ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਉੱਬਲਦੀ ਦੇਗ 'ਚ ਬੈਠੇ ਹਨ, ਸਾਡੇ ਦਾਦੇ ਜੀ ਨੇ ਸੀਸ ਕੁਰਬਾਨ ਕੀਤਾ,ਕੁਰਬਾਨੀ ਦੀ ਰੀਤ ਸਾਡੇ ਪਹਿਲਾਂ ਹੀ ਚੱਲੀ ਆਈ ਹੈ, ਇਹ ਦੁਨਿਆਵੀ ਸੁਖਾਂ ਦੀ ਸਾਨੂੰ ਲੋੜ ਨਹੀਂ। ਉਨ੍ਹਾਂ ਦੀ ਗੁਰੂ ਚਰਨਾਂ 'ਚ ਲੀਣਤਾ ਸੀ, ਇਸ ਲਈ ਉਨ੍ਹਾਂ ਨੂੰ ਸਤਿਸੰਗਤ ਗੁਰੂ ਚਰਨਾਂ 'ਚੋਂ ਵੱਖਰੇ ਨਹੀਂ ਕਰ ਸਕੇ। ਜਿਵੇਂ ਬਾਬਾ ਬੰਦਾ ਸਿੰਘ ਸਾਹਿਬ ਜੀ ਬਹਾਦਰ ਜੀ ਦਾ ਮਾਸ ਗਰਮ ਜੰਬੂਰਾਂ ਨਾਲ ਤੋੜ ਰਹੇ ਹਨ, ਉਨ੍ਹਾਂ ਦੇ ਪਿਆਰੇ ਬੱਚੇ ਦਾ ਕਾਲਜਾ ਕੱਢ ਕੇ, ਉਨ੍ਹਾਂ ਦੇ ਮੂੰਹ 'ਚ ਦੇ ਰਹੇ ਹਨ। ਪਰ ਜਿਹੜੀ ਉਨ੍ਹਾਂ ਨੇ ਆਪਣੀ ਬੁੱਧੀ ਰੂਪੀ ਧਰਤੀ 'ਚ, ਸਤਿਗੁਰੂ ਗੋਵਿੰਦ ਸਿੰਘ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਗੁਰਬਾਣੀ, ਉਪਦੇਸ਼ ਰੂਪੀ ਨਿਰਮਲ ਬੂੰਦ, ਗੁਰੂ ਸਾਹਿਬ ਜੀ ਦੇ ਸਰੂਪ ਦਾ ਧਿਆਨ ਦਿਲ 'ਚ ਵਸਾ ਲਿਆ, ਉਨ੍ਹਾਂ ਦੇ ਦਿਲ 'ਚੋਂ ਕੱਢ ਨਹੀਂ ਸਕੇ। ਐਸੇ ਮਹਾਂਪੁਰਸ਼ਾਂ ਨੂੰ ਰੋਮ ੨ ਕਰਕੇ ਨਮਸਕਾਰ ਹੈ।

ਕਬੀਰ. ਹਜ ਕਾਬੇ ਹਉ ਜਾਇ ਥਾ; ਆਗੈ ਮਿਲਿਆ ਖੁਦਾਇ॥ ਸਾਂਈ ਮੁਝ ਸਿਉ, ਲਰਿ ਪਰਿਆ; ਤੁਝੈ.ਕਿਨਿ ਫੁਰਮਾਈ ਗਾਇ॥੧੯੭॥ { ਮੰਦਰ ਦੀ ਕੰਧ 'ਚ ਜੜਿਆ ਸੱਤ ਇੰਚ ਕਾਲਾ ਪੱਥਰ ਅਸਵਦ ਹੈ।} ਹਾਜ਼ੀ ਕਾਬੇ ਮੰਦਰ ਦੀਆਂ, ਸੱਤ ਪ੍ਰਕਰਮਾਂ ਕਰਦਾ, ਪੱਥਰ ਅਸਵਦ ਨੂੰ ਹਰ ਵਾਰੀ ਚੁੰਮਦਾ ਹੈ। ਦਸਵੀਂ ਥਿੱਤ ਨਾਹਰ ਨੂੰ ਕੁਰਬਾਨੀ ਦਾ ਦਿਨ ਮੰਨਦੇ ਹਨ, ਉਸ 'ਚ ਮੁਜਜ ਲਿਖਾ ਮੁਕਾਮ ਪੁਰ ਨਿਵਾਜ਼ ਪੜ੍ਹ ਕੇ, ਸੈਤਾਨ ਦੇ ਥੰਮ੍ ਪਾਸ ਜਾ ਕੇ, ਪੱਥਰ ਮਾਰੇ। ਪਹੁੰਚ ਕੇ ਬੱਕਰਾ ਦੁੰਬਾ ਗਊ ਅਥਵਾ ਊਠ ਨੂੰ ਕਾਬੇ ਵੱਲ ਸਿਰ ਕਰਕੇ ਲਿਟਾਵੇ, ਪਸ਼ੂ ਦੇ ਸੱਜੇ ਪਾਸੇ ਖੜ੍ਕੇ ਅੱਲਾ ਹੂ ਅਕਬਰ ਕਹਿ ਕੇ ਗਲ਼ ਤੇ ਛੁਰੀ ਚਲਾਵੇ, ਵੱਡਾ ਜ਼ੁਲਮ ਕਹਾਵੇ, ਕਸਾਈ ਬਣ ਜਾਵੇ।} ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥ ਅਨੁਸਾਰ ਕਬੀਰ ਸਾਹਿਬ ਜੀ ਆਪ ਅੱਲਾਹ ਪਾਕ ਖ਼ੁਦਾ ਸਰੂਪ ਹਨ। ਮੰਨੈ; ਸਗਲ ਭਵਣ ਕੀ ਸੁਧਿ॥) ਨਉ ਖੰਡ ਪ੍ਰਿਥਮੀ. ਇਸੁ ਤਨ ਮਹਿ ਰਵਿਆ; ਨਿਮਖ ਨਿਮਖ ਨਮਸਕਾਰਾ॥ ਅਨੁਸਾਰ ਕੋਟਿ ਬ੍ਰਹਮੰਡ ਦਾ ਪਸਾਰਾ ਭਗਤ ਕਬੀਰ ਸਾਹਿਬ ਜੀ ਨੂੰ ਆਪਣੇ ਅੰਦਰ ਦਿਸ ਰਿਹਾ ਹੈ। ਦਿਬ ਦ੍ਰਿਸਟੀ ਨਾਲ ਜੋ ਕੁੱਝ ਕਾਬੇ ਹੁੰਦਾ ਹੈ, ਉਨ੍ਹਾਂ ਨੂੰ ਪਤਾ ਹੈ। ਦਿਬ ਦ੍ਰਿਸਟੀ ਨਾਲ ਕਹਿ ਰਹੇ ਹਨ। (ਹਉ)ਦਾਸਨ ਦਾਸ ਕਾਬੇ ਦਾ ਹਜ ਕਰਨ (ਜਾਇ)ਜਾ ਰਿਹਾ (ਥਾ)ਸੀ, (ਆਗੈ)ਅੱਗੇ ਰਸਤੇ 'ਚ ਦਾਸਨ ਦਾਸ ਨੂੰ (ਖੁਦਾਇ) ਖ਼ੁਦਾ ਅੱਲਾ ਪਾਕ ਵਾਹਿਗੁਰੂ ਜੀ, (ਮਿਲਿਆ)ਮਿਲੇ। (ਸਾਂਈ)ਖ਼ੁਦਾ ਜੀ (ਮੁਝ)ਦਾਸਨ ਦਾਸ (ਸਿਉ) ਨਾਲ, (ਲਰਿ)ਲੜ (ਪਰਿਆ)ਪਏ, (ਤੁਝੈ)ਤੈਨੂੰ (ਕਿਨਿ)ਕਿਸ ਨੇ ਇਹ (ਗਾਇ)ਜਗ੍ਹਾ (ਫੁਰਮਾਈ)ਦੱਸੀ ਹੈ? ਇਹ (ਕਿਨਿ)ਕਿਸ ਨੇ ਦੱਸਿਆ ਹੈ? ਕਿ ਤੂੰ ਮੱਕੇ ਜਾ ਕੇ ਕਾਬੇ (ਗਾਇ)ਗਊ ਕਤਲ ਕਰੇਂ। "ਵਾਹਿਗੁਰੂ ਜੀ

Sri Satguru Jagjit Singh Ji eLibrary NamdhariElibrary@gmail.com

ਵੱਲੋਂ ਬਚਨ ਹਨ, ਦਾਸਨ ਦਾਸ ਸ਼ੁਬ ਵਿਆਪੀ ਹੈ, ਸਾਰੇ ਜੀਅ ਦਾਸਨ ਦਾਸ ਦੇ ਹੀ ਪੈਦਾ ਕੀਤੇ ਹਨ, ਦਾਸਨ ਦਾਸ ਇਨ੍ਹਾਂ ਦਾ ਪਾਲਣਹਾਰ ਹੈ”॥੧੯੭॥

ਕਬੀਰ. ਹਜ ਕਾਬੈ ਹੋਇ ਹੋਇ ਗਇਆ; ਕੇਤੀ ਬਾਰ ਕਬੀਰ॥ ਸਾਂਈ ਮੁਝ ਮਹਿ ਕਿਆ ਖਤਾ ਮੁਖਹੁ ਨ ਬੋਲੈ ਪੀਰ॥੧੯੮॥ ਪਰਮਪੂਜਨੀਕ ਵਾਹਿਗੁਰੂ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਅਮੋਲਕ ਬਚਨ ਫੁਰਮਾਉਂਦੇ ਹਨ:- ਹੇ (ਕਬੀਰ)ਸਾਰਿਆਂ ਤੋਂ ਵੱਡੇ ਖ਼ੁਦਾ ਅੱਲਾਪਾਕ ਜੀ! ਦਾਸਨ ਦਾਸ ਕਬੀਰ (ਕੇਤੀ)ਕਿਨੀ ਬਾਰ, ਕਾਬੈ ਦਾ ਹਜ ਕਰਨ ਲਈ, ਮੱਕੇ ਹੋਇ ਹੋਇ ਕੇ, ਦਿਬ ਦ੍ਰਿਸਟੀ ਨਾਲ ਗਇਆ ਹੈ। ਹੇ (ਪੀਰ)ਪੂਜਨੀਕ ਵੱਡੇ ਸਾਂਈ ਜੀ! (ਮੁਝ)ਦਾਸਨ ਦਾਸ (ਮਹਿ)ਵਿੱਚ (ਕਿਆ)ਕੀ (ਖਤਾ)ਗੁਨਾਹ ਹੈ? ਜੋ ਆਪ ਜੀ (ਮੁਖਹੁ)ਮੁਖੋਂ (ਨ)ਨਹੀਂ (ਬੋਲੈ)ਬੋਲਦੇ॥੧੯੮॥ ਜੀਆਂ ਨੂੰ ਮਾਰਨ ਤੋਂ, ਪਰਮ ਪਿਆਰੇ ਵਾਹਿਗੁਰੂ ਜੀ ਪ੍ਰਸੰਨ ਨਹੀਂ ਹੁੰਦੇ।

ਕਬੀਰ. ਜੀਅ ਜੁ ਮਾਰਹਿ ਜੋਰੁ ਕਰਿ; ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ. ਜਬ ਕਾਢਿਹੈ; ਹੋਇਗਾ ਕਉਨੁ ਹਵਾਲੁ॥੧੯੯॥ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਕਥਨ ਕਰਦੇ ਹਨ, ਖ਼ੁਦਾ ਜੀ ਨੇ ਕਿਹਾ, “ਹੇ ਕਬੀਰ! (ਜੁ)ਜਿਹੜੇ ਜੀਭ ਦੇ ਸੁਆਦੀ, ਗਊ ਊਠ ਦੁੰਬੇ ਆਦਿ (ਜੀਅ)ਜੀਆਂ ਨੂੰ (ਜੋਰੁ)ਜ਼ੁਲਮ (ਕਰਿ)ਕਰਕੇ , (ਮਾਰਹਿ)ਮਾਰਦੇ ਹਨ, (ਜੁ)ਜਿਸ ਨੂੰ ਹਲਾਲੁ (ਕਹਤੇ)ਕਹਿੰਦੇ (ਹਹਿ)ਹਨ। ਬਈ ਅਸੀਂ ਢਾਈ ਛੁਰੀਆਂ ਫੇਰ ਕੇ ਖ਼ੁਦਾ ਜੀ ਖੁਸ਼ ਕਰ ਲਏ ਹਨ। ਸਭ ਜੀਆਂ ਦੇ ਮਾਤਾ ਪਿਤਾ ਪਾਲਣਹਾਰ (ਦਈ)ਖ਼ੁਦਾ ਜੀ (ਜਬ)ਜਦੋਂ (ਦਫਤਰੁ)ਦਰਗਾਹ ’ਚ, ਹਿਸਾਬ (ਕਾਢਿਹੈ)ਕੱਢਣਗੇ, ਉਦੋਂ (ਕਉਨੁ)ਕਿਹੜਾ (ਹਵਾਲੁ)ਹਾਲ ਹੋਇਗਾ ?॥੧੯੯॥ ਜੈਸਾ ਜੀਆਂ ਨੂੰ ਹਲਾਲ ਕਰਦੇ ਹਨ, ਵੈਸੇ ਉਨ੍ਹਾਂ ’ਤੇ ਭੀ ਉਸੇ ਤਰ੍ਹਾਂ ਹੀ ਢਾਈ ਛੁਰੀਆਂ ਫੇਰੀਆਂ ਜਾਣਗੀਆਂ। ਯਥਾ:- ਅਹਿ ਕਰੁ ਕਰੇ. ਸੁ ਅਹਿ ਕਰੁ ਪਾਏ; ਕੋਈ ਨ ਪਕੜੀਐ. ਕਿਸੈ ਥਾਇ॥) ਠਾਕੁਰੁ; ਲੇਖਾ ਮਗਨਹਾਰੁ॥) ਲੇਖਾ ਲੀਜੈ; ਤਿਲ ਜਿਉ ਪੀੜੀ॥) ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ; ਦੇਇ ਸਜਾਏ॥ ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ॥੫॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ. ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ. ਮੁਹੈ ਮੁਹਿ ਖਾਇ॥) ਅਨਦਿਨੁ ਬਧੇ ਮਾਰੀਅਨਿ; ਫਿਰਿ. ਵੇਲਾ ਨਾ ਲਹੰਨਿ॥੧॥ ਅਨਿਕ ਸਜਾਂਈ. ਗਣਤ ਨ ਆਵੈ; ਗਰਭੈ ਗਰਭਿ ਭ੍ਰਮਾਹਿ॥

ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ ਖੁਦਾਇ॥ ਦਫਤਰਿ ਲੇਖਾ ਨੀਕਸੈ; ਮਾਰ ਮੁਹੈ ਮੁਹਿ ਖਾਇ॥੨੦੦॥ ਵਾਹਿਗੁਰੂ ਜੀ ਦੇ ਅਵਤਾਰ ਸ੍ਰੀ ਕਬੀਰ ਸਾਹਿਬ ਜੀ ਫੁਰਮਾਉਂਦੇ ਹਨ:- ਡੰਗਰਾਂ ਨੂੰ ਬੇਰਹਿਮੀ ਨਾਲ ਕਤਲ ਕਰਕੇ, ਗ਼ਲਤ ਸੋਚਦੇ ਹਨ, ਕਿ ਖ਼ੁਦਾ ਜੀ ਸਾਡੇ ’ਤੇ ਖੁਸ਼ ਹੁੰਦੇ ਹਨ। ਐਸਾ ਜੋ ਹਿੱਕ ਦਾ (ਜੋਰੁ)ਧੱਕਾ (ਕੀਆ)ਕੀਤਾ, ਸੋ ਮਹਾਂ ਘੋਰ ਭਿਆਨਕ ਜੁਲਮੁ ਹੈ, ਐਸੇ ਕੀਤੇ ਜ਼ੁਲਮੁ ਦਾ, ਪੂਰਨ ਖੁਦਾਇ ਜੀ ਜਬਾਬੁ (ਲੇਇ)ਲੈਣਗੇ। ਕੀਤੇ ਭਿਆਨਕ ਪਾਪਾਂ ਦਾ, ਵਾਹਿਗੁਰੂ ਜੀ ਦੇ (ਦਫਤਰਿ)ਦਰਗਾਹ ’ਚ, ਜਦੋਂ ਲੇਖਾ, (ਨੀਕਸੈ)ਨਿਕਲੇਗਾ, ਤਾਂ ਜਮਾ ਪਾਸੋਂ (ਮੁਹੈ)ਮੂੰਹ ਹੀ (ਮੁਹਿ)ਮੂੰਹ ’ਤੇ ਚੋਟਾਂ (ਖਾਇ)ਖਾਣਗੇ॥੨੦੦॥ ਯਥਾ:- ਆਸਾ॥ ਰੋਜਾ ਧਰੈ ਮਨਾਵੈ ਅਲਹੁ; ਸੁਆਦਤਿ ਜੀਅ ਸੰਘਾਰੈ॥ ਆਪਾ ਦੇਖਿ ਅਵਰ ਨਹੀ ਦੇਖੈ; ਕਾਹੇ ਕਉ ਝਖ ਮਾਰੈ॥੧॥) ਛਾਡਿ ਕਤੇਬ ਰਾਮ ਭਜੁ ਬਉਰੇ; ਜੁਲਮ ਕਰਤ ਹੈ ਭਾਰੀ॥ ਕਬੀਰੈ ਪਕਰੀ ਟੇਕ ਰਾਮ ਕੀ; ਤੁਰਕ ਰਹੇ ਪਚਿ ਹਾਰੀ॥੪॥੮॥) ਪ੍ਰਭਾਤੀ॥ ਬੇਦ ਕਤੇਬ ਕਹਹੁ ਮਤ ਝੂਠੇ; ਝੂਠਾ ਜੋ ਨ ਬਿਚਾਰੈ॥ ਜਉ ਸਭ ਮਹਿ ਏਕੁ ਖੁਦਾਇ ਕਹਤ ਹਉ; ਤਉ ਕਿਉ ਮੁਰਗੀ ਮਾਰੈ॥੧॥ ਮੁਲਾਂ; ਕਹਹੁ ਨਿਆਉ ਖੁਦਾਈ॥ ਤੇਰੇ ਮਨ ਕਾ; ਭਰਮੁ ਨ ਜਾਈ॥੧॥ ਰਹਾਉ॥ ਪਕਰਿ ਜੀਉ ਆਨਿਆ; ਦੇਹ ਬਿਨਾਸੀ, ਮਾਟੀ ਕਉ ਬਿਸਮਿਲਿ ਕੀਆ॥ ਜੋਤਿ ਸਰੂਪ ਅਨਾਹਤ ਲਾਗੀ; ਕਹੁ ਹਲਾਲੁ ਕਿਆ ਕੀਆ॥੨॥ ਕਿਆ ਉਜੂ ਪਾਕੁ ਕੀਆ ਮੁਹੁ ਧੋਇਆ; ਕਿਆ ਮਸੀਤਿ

Sri Satguru Jagjit Singh Ji eLibrary NamdhariElibrary@gmail.com

ਸਿਰੁ ਲਾਇਆ॥ ਜਉ ਦਿਲ ਮਹਿ ਕਪਟੁ ਨਿਵਾਜ ਗੁਜਾਰਹੁ; ਕਿਆ ਹਜ ਕਾਬੈ ਜਾਇਆ॥੩॥ ਤੂੰ ਨਾਪਾਕੁ ਪਾਕੁ ਨਹੀ ਸੂਝਿਆ; ਤਿਸ ਕਾ ਮਰਮੁ ਨ ਜਾਨਿਆ॥ ਕਹਿ ਕਬੀਰ ਭਿਸਤਿ ਤੇ ਚੂਕਾ; ਦੋਜਕ ਸਿਉ ਮਨੁ ਮਾਨਿਆ॥੪॥੪॥) ਭੈਰਉ ਮਹਲਾ ੫॥ ਵਰਤ ਨ ਰਹਉ; ਨ ਮਹ ਰਮਦਾਨਾ॥ ਤਿਸੁ ਸੇਵੀ; ਜੋ ਰਖੈ ਨਿਦਾਨਾ॥੧॥ ਏਕੁ ਗੁਸਾਈ; ਅਲਹੁ ਮੇਰਾ॥ ਹਿੰਦੂ ਤੁਰਕ; ਦੁਹਾਂ ਨੇਬੇਰਾ॥੧॥ ਰਹਾਉ॥ ਹਜ ਕਾਬੈ ਜਾਉ ਨ ਤੀਰਥ ਪੂਜਾ॥ ਏਕੋ ਸੇਵੀ; ਅਵਰੁ ਨਾ ਦੂਜਾ॥੨॥ ਪੂਜਾ ਕਰਉ ਨ ਨਿਵਾਜ ਗੁਜਾਰਉ॥ ਏਕ ਨਿਰੰਕਾਰ ਲੇ; ਰਿਦੈ ਨਮਸਕਾਰਉ॥੩॥ ਨਾ ਹਮ ਹਿੰਦੂ; ਨ ਮੁਸਲਮਾਨ॥ ਅਲਹ ਰਾਮ ਕੇ; ਪਿੰਡ ਪਰਾਨ॥੪॥ ਕਹੁ ਕਬੀਰ; ਇਹੁ ਕੀਆ ਵਖਾਨਾ॥ ਗੁਰ ਪੀਰ ਮਿਲਿ; ਖੁਦਿ ਖਸਮੁ ਪਛਾਨਾ॥੫॥੩॥) ਸੇਖ ਸਬੂਰੀ ਬਾਹਰਾ; ਕਿਆ ਹਜ ਕਾਬੈ ਜਾਇ॥ ਕਬੀਰ ਜਾ ਕੀ ਦਿਲ ਸਾਬਤਿ ਨਹੀ; ਤਾ ਕਉ ਕਹਾਂ ਖੁਦਾਇ॥੧੮੫॥) ਕਬੀਰ. ਜੋਰੀ ਕੀਏ ਜੁਲਮੁ ਹੈ; ਕਹਤਾ ਨਾਉ ਹਲਾਲੁ॥ ਦਫਤਰਿ. ਲੇਖਾ ਮਾਂਗੀਐ; ਤਬ ਹੋਇਗੋ ਕਉਨੁ ਹਵਾਲੁ॥੧੮੭॥) ਕਬੀਰ ਜੀਅ ਜੁ ਮਾਰਹਿ ਜੋਰੁ ਕਰਿ ਕਹਤੇ ਹਹਿ ਜੁ ਹਲਾਲੁ॥ ਦਫਤਰੁ ਦਈ ਜਬ ਕਾਢਿਹੈ ਹੋਇਗਾ ਕਉਨੁ ਹਵਾਲੁ॥੧੯੯॥) ਜਾ ਕੈ ਈਦਿ ਬਕਰੀਦਿ, ਕੁਲ ਗਊ ਰੇ ਬਧੁ ਕਰਹਿ; ਮਾਨੀਅਹਿ ਸੇਖ ਸਹੀਦ ਪੀਰਾ॥)) ;ਸੋ ਗਹਿਰ ਗਭੀਰਾ ਗਉਹਰੁ ਜੀਉ॥ ਭਗਤ ਕਬੀਰ ਸਾਹਿਬ ਜੀ ਦਾ ਆਸ਼ਾ ਬੜਾ ਹੀ ਉੱਚਾ ਸੁੱਚਾ ਦੀਰਘ ਹੈ, ਕਿ ਜਿਹੜੇ ਬੰਦੇ, ਜੀਅ ਬਧਹੁ. ਸੁ ਧਰਮੁ ਕਰਿ ਥਾਪਹੁ; ਅਧਰਮੁ ਕਹਹੁ ਕਤ ਭਾਈ॥ ਆਪਸ ਕਉ ਮੁਨਿਵਰ ਕਰਿ ਥਾਪਹੁ; ਕਾ ਕਉ ਕਹਹੁ ਕਸਾਈ॥ ਅਨੁਸਾਰ ਜੀਆਂ ਨੂੰ ਮਾਰ ਕੇ, ਧਰਮ ਕਰਕੇ ਮੰਨਦੇ ਹਨ, ਕਿ ਅਸੀਂ ਇਹ ਕੁਰਬਾਨੀ ਦੇ ਕੇ, ਖ਼ੁਦਾ ਨੂੰ ਖੁਸ਼ ਕਰ ਲਿਆ ਹੈ। ਇਹ ਪਾਪ ਕੰਮ ਕਰਨ ਨਾਲ, ਖ਼ੁਦਾ ਜੀ ਖੁਸ਼ ਹੋਣ ਦੀ ਬਜਾਏ ਨਰਾਜ਼ ਹੁੰਦੇ ਹਨ। ਹਾਂ ਜੀ ਅਪਣਾ ਸਭ ਕੁੱਝ ਖ਼ੁਦਾ ਜੀ ਤੋਂ ਕੁਰਬਾਨ ਕਰਕੇ, ਅਪਣੀ ਕੁਰਬਾਨੀ ਦੇਣ ਤੋਂ, ਮਹਾਰਾਜ ਸਾਹਿਬ ਜੀ ਖੁਸ਼ ਹੁੰਦੇ ਹਨ। ਜਿਵੇਂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਆਪ ਉੱਬਲਦੀ ਦੇਗ 'ਚ ਬੈਠੇ ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆਇਆ, ਕੁਰਬਾਨੀ ਦਿਤੀ। ਨੌਵੇਂ ਪਾਤਿਸ਼ਾਹ ਜੀ ਨੇ ਸੀਸ ਕੁਰਬਾਨ ਕੀਤਾ। ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੇ ਮਾਤਾ ਪਿਤਾ ਚਾਰੇ ਸਾਹਿਬਜ਼ਾਦੇ ਸਿੰਘ ਸਿੰਘਣੀਆਂ ਖ਼ੁਦਾ ਦੇ ਨਾਮ 'ਤੇ ਸਭ ਕੁੱਝ ਕੁਰਬਾਨ ਕੀਤਾ। ਇਹ ਗੁਰਬਾਣੀ ਜੀ ਨੂੰ ਕਮਾਉਣੇ ਕਰਕੇ ਖ਼ੁਦਾ ਜੀ ਸਦਾ ਪਰਮ ਪ੍ਰਸੰਨ ਹੁੰਦੇ ਹਨ:- ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥੧॥ ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥) ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥) ਨਾਨਕ. ਸੇਵਕੁ ਸੋਈ ਆਖੀਐ; ਜੋ. ਸਿਰੁ ਧਰੇ ਉਤਾਰਿ॥) ਸਰਬ ਕੀ ਰੇਣ; ਹੋਵੀਜੈ॥ ਆਪੁ ਮਿਟਾਇ; ਮਿਲੀਜੈ॥) ਕਹੁ ਨਾਨਕ; ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥) ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ; ਜਾ ਗੁਰ ਕਾ ਸਬਦੁ ਸੁਣੀ॥) ਆਠ ਪਹਰ ਕਰਿ ਜੋੜਿ ਰਹੁ; ਤਉ ਭੇਟੈ ਹਰਿ ਰਾਇ ਰੀ॥) ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ॥) ਸਾਚੁ ਕਹੌ. ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ. ਤਿਨ ਹੀ ਪ੍ਰਭੁ ਪਾਇਓ॥) ਮੁਰਦਾ ਹੋਇ. ਮੁਰੀਦ; ਨ. ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ; ਭਰਮ ਭਉ ਖੋਵਣਾ।) ਜੀਵਤ ਮਰੈ; ਬੁਝੈ ਪ੍ਰਭ ਸੋਇ॥ ਜੀਵਤ ਭਾਵ ਤੋਂ ਮਰੇ, ਸ਼ਰੀਰ ਕਰਕੇ ਹੰਕਾਰ ਨਿੰਦਾ ਚੁਗਲੀ ਤਿਆਗੇ, ਅੱਖਾਂ ਨਾਲ ਪਰਾਇਆ ਰੂਪ ਨ ਦੇਖੇ, ਜ਼ਬਾਨ ਨਾਲ ਝੂਠ ਨਾ ਬੋਲੇ, ਨਸ਼ੇ ਕੁਸੰਗਤ ਤਿਆਗੇ, ਸਤਿਸੰਗਤ ਪਰਉਪਕਾਰ ਕਰੇ। ਇਹ ਪ੍ਰਾਪਤੀ ਦੇ ਗੁਣ ਦੱਸੇ ਹਨ। ਇਨ੍ਹਾਂ ਸ਼ੁਭ ਗੁਣਾਂ ਲਈ,

Sri Satguru Jagjit Singh Ji eLibrary NamdhariElibrary@gmail.com

ਜਿਉਂਦੇ ਸੰਸਾਰ ਵੱਲੋਂ ਮਰਨੇ ਕਰਕੇ ਜਾਂ ਧਰਮ ਹਿਤ ਕੁਰਬਾਨੀ ਦੇਣ ਤੋਂ ਮਹਾਰਾਜ ਸਾਹਿਬ ਜੀ ਪ੍ਰਸੰਨ ਹੁੰਦੇ ਹਨ। ਸੋ ਖ਼ੁਦਾ ਜੀ ਦੇ ਪਰਮ ਪਾਕ ਨਾਮੁ 'ਤੇ, ਜੀਆਂ ਨੂੰ ਮਾਰਨ ਤੋਂ, ਮਹਾਰਾਜ ਜੀ ਨੇ ਪ੍ਰਸੰਨ ਤਾਂ ਕੀ ਹੋਣਾ? ਸਗੋਂ ਲੇਖਾ ਲੈਂਦੇ ਡੰਡ ਦਿੰਦੇ ਹਨ। ਮੱਕੇ ਦੀ ਹੱਜ, ਗੰਗਾ ਕਾਂਸ਼ੀ ਮਥਰਾ ਹਰਿਦੁਆਰ ਜਾਣ ਦੀ ਲੋੜ ਨਹੀਂ, ਗੰਗਾ ਗਇਆ ਗੋਦਾਵਰੀ ਸੰਸਾਰ ਦੇ ਕੰਮ ਹਨ। ਯਥਾ:- ਗੰਗਾ ਗਇਆ ਗੋਦਾਵਰੀ ਸੰਸਾਰ ਕੇ ਕਾਮਾ॥ ਸਤਿਗੁਰਾਂ ਦੇ ਮਤਿ ਅਨੁਸਾਰ ਨਾਮ ਹੀ ਤੀਰਥ ਹੈ। ਤੀਰਥਿ ਨਾਵਣ ਜਾਉ; ਤੀਰਥੁ ਨਾਮੁ ਹੈ॥ ਤੀਰਥੁ ਸਬਦ ਬੀਚਾਰੁ; ਅੰਤਰਿ ਗਿਆਨੁ ਹੈ॥) ਗੁਰਸਿਖੀ ਸੋ ਥਾਨੁ ਭਾਲਿਆ; ਲੈ ਧੂਰਿ ਮੁਖਿ ਲਾਵਾ॥ ਅਨੁਸਾਰ ਪ੍ਰੇਮੀ ਗੁਰਸਿੱਖਾਂ ਨੇ ਪਰਮਪੂਜਨੀਕ ਸੱਚੇ ਸਤਿਗੁਰਾਂ ਦੀ, ਪਰਮਪਵਿੱਤ੍ਰ ਛੋਹ ਨੂੰ ਪ੍ਰਾਪਤ, ਤੀਰਥਾਂ ਨੂੰ ਭਾਲ ਕੇ, ਪਰਮਪਵਿੱਤ੍ਰ ਧੂੜੀ ਆਪਣੇ ਮੱਥੇ ਨੂੰ ਲਾਉਣੀ ਹੈ। ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਤੀਰਥਾਂ 'ਤੇ ਲੰਗਰ ਕਥਾ ਕੀਰਤਨ, ਭਜਨ ਸਿਮਰਨ ਦੇ ਪ੍ਰਵਾਹ ਚਲਦੇ ਹਨ। ਗੁਰੂ ਤੀਰਥਾਂ 'ਤੇ ਸਬਦ ਕੀਰਤਨ ਗੁਰੂ ਸੇਵਾ ਭਗਤੀ, ਗੁਰਬਾਣੀ ਕਥਾ ਕੀਰਤਨ ਸਿੱਖਣ ਸਿਖਾਉਣ ਲਈ ਜਾਣਾ ਹੈ। ਯਥਾ:- ਬੇਦ ਪੁਰਾਨ ਸਭ ਦੇਖੇ ਜੋਇ॥ ਊਹਾਂ ਤਉ ਜਾਈਐ; ਜਉ ਈਹਾਂ ਨ ਹੋਇ॥੨॥) ਪ੍ਰਭਾਤੀ॥ ਅਲਹੁ ਏਕੁ ਮਸੀਤਿ ਬਸਤੁ ਹੈ; ਅਵਰੁ ਮੁਲਖੁ. ਕਿਸੁ ਕੇਰਾ॥ ਹਿੰਦੂ ਮੂਰਤਿ ਨਾਮ ਨਿਵਾਸੀ; ਦੁਹ ਮਹਿ. ਤਤੁ ਨ ਹੇਰਾ॥੧॥ ਅਲਹ ਰਾਮ; ਜੀਵਉ ਤੇਰੇ ਨਾਈ॥ ਤੂ ਕਰਿ ਮਿਹਰਾਮਤਿ ਸਾਈ॥੧॥ ਰਹਾਉ॥ ਦਖਨ ਦੇਸਿ ਹਰੀ ਕਾ ਬਾਸਾ; ਪਛਿਮਿ ਅਲਹ ਮੁਕਾਮਾ॥ ਦਿਲ ਮਹਿ ਖੋਜਿ. ਦਿਲੈ ਦਿਲਿ ਖੋਜਹੁ; ਏਹੀ ਠਉਰ ਮੁਕਾਮਾ॥੨॥ ਬ੍ਰਹਮਨ ਗਿਆਸ ਕਰਹਿ ਚਉਬੀਸਾ; ਕਾਜੀ ਮਹ ਰਮਜਾਨਾ॥ ਗਿਆਰਹ ਮਾਸ ਪਾਸ ਕੈ ਰਾਖੇ; ਏਕੈ ਮਾਹਿ ਨਿਧਾਨਾ॥੩॥ ਕਹਾ ਉਡੀਸੇ ਮਜਨੁ ਕੀਆ; ਕਿਆ ਮਸੀਤਿ ਸਿਰੁ ਨਾਂਏਂ॥ ਦਿਲ ਮਹਿ ਕਪਟੁ ਨਿਵਾਜ ਗੁਜਾਰੈ; ਕਿਆ ਹਜ ਕਾਬੈ ਜਾਂਏਂ॥੪॥ ਏਤੇ ਅਉਰਤ ਮਰਦਾ ਸਾਜੇ; ਏ ਸਭ ਰੂਪ ਤੁਮ੍ਹਾਰੇ॥ ਕਬੀਰੁ ਪੂੰਗਰਾ. ਰਾਮ ਅਲਹ ਕਾ; ਸਭ ਗੁਰ ਪੀਰ ਹਮਾਰੇ॥੫॥ ਕਹਤੁ ਕਬੀਰੁ. ਸੁਨਹੁ ਨਰ ਨਰਵੈ; ਪਰਹੁ ਏਕ ਕੀ ਸਰਨਾ॥ ਕੇਵਲ ਨਾਮੁ ਜਪਹੁ ਰੇ ਪ੍ਰਾਨੀ; ਤਬ ਹੀ ਨਿਹਚੈ ਤਰਨਾ॥੬॥੨॥

ਕਬੀਰ. ਲੇਖਾ ਦੇਨਾ ਸੁਹੇਲਾ; ਜਉ ਦਿਲ ਸੂਚੀ ਹੋਇ॥ ਉਸੁ ਸਾਚੇ ਦੀਬਾਨ ਮਹਿ; ਪਲਾ. ਨ ਪਕਰੈ ਕੋਇ॥੨੦੧॥ ਵਾਹਿਗੁਰੂ ਆਪ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਪ੍ਰੇਮੀ ਸਤਿਸੰਗੀ ਜੀਓ! ਵਾਹਿਗੁਰੂ ਜੀ ਦੀ ਸੱਚੀ ਦਰਗਾਹ 'ਚ, ਲੇਖਾ ਲਿਆ ਜਾਂਦਾ ਹੈ। ਯਥਾ:- ਲੇਖਾ ਲੀਜੈ; ਤਿਲ ਜਿਉ ਪੀੜੀ॥) ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ; ਦੇਇ ਸਜਾਏ॥ ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ॥੫॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ ਮੁਹੈ ਮੁਹਿ ਖਾਇ॥) ਅਨਦਿਨੁ ਬਧੇ ਮਾਰੀਅਨਿ; ਫਿਰਿ. ਵੇਲਾ ਨਾ ਲਹੰਨਿ॥੧॥ ਜੀਵ ਜੀਆਂ ਦਾ ਕਤਲ ਕਰਦੇ ਹਨ, ਮਾਰ ਕੇ ਕੋਹ ੨ ਕੇ ਖਾਂਦੇ ਹਨ। ਨਸ਼ੇ ਚੋਰੀ ਯਾਰੀ ਮੰਦ ਕਰਮ ਕਰਦੇ ਹਨ, ਜੀਆਂ ਨੂੰ ਅੱਗਾਂ ਲਾ ਕੇ ਸਾੜਦੇ ਫ਼ੂਕਦੇ ਹਨ। ਉਨ੍ਹਾਂ ਨੂੰ ਵਾਹਿਗੁਰੂ ਜੀ ਦੀ ਦਰਗਾਹ 'ਚ ਲੇਖਾ ਦੇਣਾ ਪੈਂਦਾ ਹੈ। ਵਾਹਿਗੁਰੂ ਜੀ ਦੀ ਦਰਗਾਹ 'ਚ ਲੇਖਾ ਦੇਨਾ (ਸੁਹੇਲਾ)ਸੌਖਾ ਹੁੰਦਾ ਹੈ, (ਜਉ)ਜੇਕਰ ਦਿਲ ਦੀ (ਸੂਚੀ)ਪਵਿੱਤ੍ਰਤਾਈ, ਸਫ਼ਾਈ (ਹੋਇ)ਹੋਵੇ। ਦਿਲ 'ਚ ਵਾਹਿਗੁਰੂ ਨਿਰਗੁਨ ਬ੍ਰਹਮ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਜੀ ਦੀ (ਸੂਚੀ)ਸੁੱਚੀ ਜੋਤਿ ਪ੍ਰਗਟ ਹੋਇ ਜਾਵੇ। ਯਥਾ:- ਗੁਰ ਸਾਖੀ; ਜੋਤਿ ਪਰਗਟੁ ਹੋਇ॥) (ਉਸੁ)ਪਰਮਪੂਜਨੀਕ ਵਾਹਿਗੁਰੂ ਜੀ ਦੇ (ਸਾਚੇ)ਸੱਚੇ (ਦੀਬਾਨ)ਕਚਹਿਰੀ ਦਰਗਾਹ (ਮਹਿ)'ਚ, (ਕੋਇ)ਕੋਈ ਭੀ ਪਲਾ (ਨ)ਨਹੀਂ (ਪਕਰੈ)ਫੜਦਾ, ਭਾਵ ਪੱਲਾ ਫੜ ਕੇ, ਇਉਂ ਨਹੀਂ ਕਹਿੰਦਾ ਅਰੇ ਨੀਚ ਕਿੱਧਰ ਜਾਤੇ ਹੋਂ? ਇੱਧਰ ਆਉ, ਬਹੁਤ ਮਾਰ ਪੈਂਦੀ ਹੈ, ਇਉਂ ਕੋਈ ਪੱਲਾ ਨਹੀਂ ਪਕੜਦਾ, ਭਾਵ ਨਿਰਾਦਰੀ ਨਾਲ ਕੋਈ ਰੋਕਦਾ ਨਹੀਂ॥੨੦੧॥

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਨੇ ਫ਼ੁਰਮਾਇਆ ਹੈ, ਦਾਸਨ ਦਾਸ ਦਿਬ ਦ੍ਰਿਸ਼ਟੀ ਨਾਲ ਹੱਜ ਕਾਬੇ ਗਿਆ, ਮਹਾਰਾਜ ਸਾਹਿਬ ਜੀ ਮੇਰੇ ਨਾਲ ਲੜ ਪਏ, ਮਹਾਰਾਜ ਸਾਹਿਬ ਜੀ ਨੇ ਕਿਹਾ, "ਤੈਨੂੰ ਇੱਥੇ ਆਉਣਾ ਕਿਸ ਨੇ ਦੱਸਿਆ? ਦਾਸਨ ਦਾਸ ਨਾਲ ਬੋਲੇ ਨਹੀਂ। ਅੱਗੇ ਮਹਾਰਾਜ ਸਾਹਿਬ ਜੀ ਬੋਲ ਕੇ ਦੱਸਦੇ ਹਨ, ਆਪ ਜੀ ਇੱਥੇ ਆਉਂਦੇ ਹੋਂ, ਇੱਥੇ ਜੀਆਂ ਨੂੰ ਜ਼ੋਰ ਜ਼ੁਲਮ ਕਰਕੇ ਮਾਰਿਆ ਜਾਂਦਾ ਹੈ, ਜਿਸ ਨੂੰ ਹਲਾਲ ਕਿਹਾ ਜਾਂਦਾ ਹੈ। ਜ਼ੋਰ ਕਰਨਾ ਜ਼ੁਲਮ ਹੈ, ਸੱਚੀ ਦਰਗਾਹ 'ਚ ਲੇਖਾ ਲਿਆ ਜਾਵੇਗਾ। ਹੇ ਭਗਤ ਕਬੀਰ ਸਾਹਿਬ ਜੀ! ਲੇਖਾ ਦੇਣਾ ਤਾਂ ਸੁਹੇਲਾ ਹੋ ਸਕਦਾ ਹੈ, ਜੇ ਜੀਆਂ ਨੂੰ ਨਾ ਮਾਰੇ"। ਵਾਹਿਗੁਰੂ ਜੀ ਦੇ ਸੱਚੇ ਦੀਵਾਨ 'ਚ ਕੋਈ ਪੱਲਾ ਨਹੀਂ ਪਕੜਦਾ, ਅਰੇ ਨੀਚ ਇੱਧਰ ਆਉ, ਕਹਾਂ ਜਾ ਰਹੇ ਹੋਂ, ਸਾਰੇ ਹੀ ਨਮਸਕਾਰਾਂ ਕਰਦੇ ਹਨ। ਯਥਾ:- ਜਿਥੈ ਓਹੁ ਜਾਇ. ਤਿਥੈ ਓਹੁ ਸੁਰਖਰੂ; ਉਸ ਕੈ ਮੁਹਿ ਡਿਠੈ. ਸਭ ਪਾਪੀ ਤਰਿਆ॥) ਨਾਨਕ. ਧਰਮ ਐਸੇ ਚਵਹਿ, ਕੀਤੋ ਭਵਨੁ ਪੁਨੀਤ॥੧੦॥) ਜਮਕਾਲੁ ਮਿਲੈ, ਦੇ ਭੇਟ; ਸੇਵਕੁ ਨਿਤ ਹੋਈ॥ ਬੜੇ ਹੀ ਪ੍ਰੇਮ ਪਿਆਰ ਸਤਿਕਾਰ ਨਾਲ ਵਾਹਿਗੁਰੂ ਜੀ ਦੀ ਬੰਦਗੀ ਕਰਨ, ਜ਼ੋਰ ਜ਼ੁਲਮ ਕਰਨ ਤੋਂ ਮਨਾਹੀ ਕੀਤੀ ਹੈ।

ਕਬੀਰ. ਧਰਤੀ ਅਰੁ ਆਕਾਸ ਮਹਿ; ਦੁਇ ਤੂੰ ਬਰੀ ਅਬਧ॥ ਖਟ ਦਰਸਨ ਸੰਸੇ ਪਰੇ; ਅਰੁ ਚਉਰਾਸੀਹ ਸਿਧ॥੨੦੨॥ ਨਾਮੁ ਰੰਗ 'ਚ ਹਰੇ ਭਰੇ ਪ੍ਰੇਮੀ ਸਨਮੁਖ ਗੁਰਮੁਖਾਂ ਮਹਾਂਪੁਰਸ਼ਾਂ ਨੇ ਆਪ ਜੀ ਪਾਸ ਪ੍ਰੇਮ ਬੇਨਤੀ ਕੀਤੀ, "ਹੇ ਮਹਾਰਾਜ ਕਬੀਰ ਸਾਹਿਬ ਜੀਓ! ਦ੍ਵੈਤ ਮਾਇਆ ਬਹੁਤ ਪ੍ਰਬਲ ਹੈ, ਛੇ ਦਰਸ਼ਨ ਚਉਰਾਸੀ ਸਿੱਧ ਨਾਨ੍ਹਾ ਭੇਖ ਇਸ ਨੇ ਮੋਹਿਤ ਕਰ ਲਏ ਹਨ। ਯਥਾ:- ਮੋਹਨੀ ਮੋਹਤ ਰਹੈ; ਨ ਹੋਰੀ॥) ਪੂਜਾ ਚਕ੍ਰ ਬਰਤ ਨੇਮ ਤਪੀਆ; ਊਹਾ. ਗੈਲਿ ਨ ਛੋਰੀ॥੧॥ ਪਰਮਪੂਜਨੀਕ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਉੱਤ੍ਰ ਫ਼ੁਰਮਾਉਂਦੇ ਹਨ:- ਧਰਤੀ (ਅਰੁ)ਅਤੇ ਆਕਾਸ (ਮਹਿ)ਵਿੱਚ ਵਿਆਪਕ, ਹੇ (ਅਬਧ)ਨਾਸ਼ ਰਹਿਤ ਅਬਿਨਾਸੀ ਵਾਹਿਗੁਰੂ ਜੀ (ਤੂੰ)ਆਪ ਜੀ ਨੇ (ਦੁਇ)ਦ੍ਵੈਤ (ਬਰੀ)ਵਿਆਹੀ ਅਧੀਨ ਕੀਤੀ ਹੋਈ ਹੈ।

ਖਟ ਦਰਸਨ ਸੰਸੇ ਪਰੇ; ਅਰੁ ਚਉਰਾਸੀਹ ਸਿਧ॥੨੦੨॥ ਜੋਗੀ ਜੰਗਮ ਸਰੇਵੜੇ ਸੰਨਿਆਸੀ ਤੇ ਦਰਵੇਸ਼ ਬਿਪਰ। ਇਹ (ਖਟ)ਛੇ ਦਰਸਨ (ਅਰੁ)ਅਤੇ ਚਉਰਾਸੀਹ ਸਿਧ ਏਸ ਦ੍ਵੈਤ ਮਾਇਆ ਦੇ ਸੰਸੇ ਵਿੱਚ (ਪਰੇ)ਪਏ ਹੋਏ ਹਨ। ਉੱਚੇ ਆਸਣ 'ਤੇ ਬੈਠਦੇ ਹਨ, ਕਿ ਸਾਨੂੰ ਕੋਈ ਆ ਕੇ ਮੱਥਾ ਟੇਕੇ। ਆਪਣੀ ਮੰਨਤਾ ਪੂਜਾ ਕਰਾਉਣੀ ਮਾਇਆ ਹੈ। ਸੋ ਪਿਆਰਿਓ! ਠੀਕ ਹੈ ਮਾਇਆ ਪ੍ਰਬਲ ਹੈ, ਪਰ ਜੋ ਸੱਚੇ ਪਿਤਾ ਪੂਰਨ ਪ੍ਰਮਾਤਮਾ ਦੀ ਸੱਚੀ ਸ਼ਰਨ ਪੈਂਦੇ ਹਨ, ਉਨ੍ਹਾਂ 'ਤੇ ਮਾਇਆ ਦਾ ਕੋਈ ਜ਼ੋਰ ਨਹੀਂ ਪੈਂਦਾ। (ਆਖੀਂ ਬੋਲੋ) ਕਿਤਹਿ ਅਸਥਾਨਿ. ਤੂ ਟਿਕਨੁ ਨ ਪਾਵਹਿ; ਇਹ ਬਿਧਿ ਦੇਖੀ ਆਖੀ॥ ਸੰਤਾ ਬਿਨੁ. ਤੈ ਕੋਇ ਨ ਛਾਡਿਆ; ਸੰਤ ਪਰੇ. ਗੋਬਿਦ ਕੀ ਪਾਖੀ॥੧॥ ਹੁਣ ਗੁਰਤਾ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਜੀ ਦੀ ਸੱਚੀ ਚਰਨ ਸ਼ਰਨ ਪੈਣ ਤੋਂ, ਆਪੇ ਹੀ ਦੁਬਿਧਾ ਮਾਰ ਕੇ ਪਤਿ ਰੱਖਦੇ ਹਨ। ਯਥਾ:- ਗੁਰਿ; ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ; ਸੋ ਬ੍ਰਹਮ ਬੀਚਾਰੀ॥) ਸੰਤ ਸਰਨਿ. ਜੋ ਜਨੁ ਪਰੈ; ਸੋ ਜਨੁ. ਉਧਰਨਹਾਰ॥ ॥) ਨਾਨਕ ਕੀ. ਲਜ ਪਾਤਿ ਗੁਰੂ ਹੈ; ਸਿਰੁ ਬੇਚਿਓ. ਸਤਿਗੁਰ ਆਗੇ॥)

ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ. ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥੨੦੩॥ ਵਾਹੁ ੨ ਵਾਹਿਗੁਰੂ ਜੀ ਦੇ ਅਵਤਾਰ ਸ਼ੋ੍ਮਣੀ ਭਗਤ, ਸ੍ਰੀ ਕਬੀਰ ਸਾਹਿਬ ਜੀ ਦੇ ਅੰਦਰ ਅਪਣੱਤ ਮੇਰ ਹੰਗਤਾ ਦਵੈਤ ਦਾ ਕਿੱਡਾ ਭਾਰੀ ਤਿਆਗ ਹੈ, ਹਜ਼ੂਰ ਫ਼ੁਰਮਾ ਰਹੇ ਹਨ:- ਹੇ ਵਾਹਿਗੁਰੂ ਸਾਹਿਬ ਜੀਓ! ਧਨ ਪਦਾਰਥ ਮਿੱਤ੍ਰ, ਨਾਮ ਰੂਪੀ ਧਨ ਵਾ ਸ਼ੁਭ ਗੁਣਾਂ ਰੂਪੀ ਧਨ ਦਾਸਨ ਦਾਸ ਨੂੰ ਜੋ ਕਿਛੁ ਭੀ ਪ੍ਰਾਪਤ ਹੈ, (ਸੋ)ਉਹ

Sri Satguru Jagjit Singh Ji eLibrary NamdhariElibrary@gmail.com

ਸਭ, (ਤੇਰਾ)ਆਪ ਜੀ ਦਾ ਹੀ ਹੈ, (ਮੁਝ)ਦਾਸਨ ਦਾਸ ਦੇ ਦਿਲ (ਮਹਿ)'ਚ, (ਮੇਰਾ)ਦਾਸਨ ਦਾਸ ਦਾ ਕਿਛੁ ਭੀ ਨਹੀ ਹੈ।

ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥੨੦੩॥ ਇਹ ਸਭ ਕੁੱਝ (ਤੇਰਾ)ਆਪ ਜੀ ਦਾ ਬਖ਼ਸ਼ਿਆ ਹੋਣੇ ਕਰਕੇ, (ਤੁਝ)ਆਪ ਜੀ (ਕਉ)ਨੂੰ (ਸਉਪਤੇ)ਆਪ ਜੀ ਤੋਂ ਕੁਰਬਾਨ ਕਰਦਿਆਂ, (ਮੇਰਾ)ਦਾਸਨ ਦਾਸ ਦਾ ਕਿਆ ਮੁੱਲ (ਲਾਗੈ)ਲੱਗਦਾ ਹੈ? ਭਾਵ ਮੇਰਾ ਕੁੱਝ ਭੀ ਮੁੱਲ ਨਹੀਂ ਲੱਗਦਾ॥੨੦੩॥ ਯਥਾ:- ਮਾਈ ਬਾਪ ਪੁਤ੍ਰ ਸਭਿ; ਹਰਿ ਕੇ ਕੀਏ॥ ਸਭਨਾ ਕਉ ਸਨਬੰਧੁ; ਹਰਿ ਕਰਿ ਦੀਏ॥੧॥ ਹਮਰਾ ਜੋਰੁ ਸਭੁ; ਰਹਿਓ ਮੇਰੇ ਬੀਰ॥ ਹਰਿ ਕਾ ਤਨੁ ਮਨੁ ਸਭੁ; ਹਰਿ ਕੈ ਵਸਿ ਹੈ ਸਰੀਰ॥੧॥) ਤੁਧੁ ਆਗੈ ਅਰਦਾਸਿ ਹਮਾਰੀ; ਜੀਉ ਪਿੰਡੁ ਸਭੁ ਤੇਰਾ॥ ਕਹੁ ਨਾਨਕ.ਸਭ ਤੇਰੀ ਵਡਿਆਈ; ਕੋਈ ਨਾਉ ਨ ਜਾਣੈ ਮੇਰਾ॥) ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥ ਉਸ ਤੇ ਚਉਗੁਨ; ਕਰੈ ਨਿਹਾਲੁ॥ ਨਾਨਕ ਸਾਹਿਬੁ; ਸਦਾ ਦਇਆਲੁ॥੨॥) ਜਿਵੇਂ ਬਾਬੇ ਮਤੀਦਾਸ ਸਾਹਿਬ ਜੀ ਦੇ ਪਰਮਪਵਿੱਤ੍ਰ ਸ਼ੁਭ ਸੱਚੇ ਸੀਸ'ਤੇ ਆਰਾ ਵਗ ਰਿਹਾ ਹੈ, ਪਾਪ ਪੁੰਨ ਤੋਂ ਨਿਰਲੇਪ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਜੀ ਦੇ ਪਰਮਪੂਜਨੀਕ ਮਿੱਠੇ ਸੱਚੇ ਚਰਨਕਮਲਾਂ 'ਚ ਲੀਣ, ਸੁਮੇਰ ਪਰਬਤ ਵਾਂਗ ਅਚੱਲ ਕਸ਼ਟ ਸਹਿ ਰਹੇ ਹਨ। (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥ ਬ੍ਰਹਮ ਗਿਆਨੀ ਬਾਬਾ ਮਤੀਦਾਸ ਜੀ ਵੱਲੋਂ ਗੁਰੂ ਪਿਆਰ ਸਤਿਕਾਰ'ਚ ਲੀਣ ਬਚਨ:- ਰੋਮ ਰੋਮ ਵਿੱਚ ਮੈਂਕੜੇ, ਵਸੇ ਪ੍ਰੀਤਮ ਆਪ। ਆਰਾ ਮੈਨੂੰ ਭਾਉਂਦਾ; ਧਰਮ ਛੱਡਣਾ ਪਾਪ। ਟੁਕੜੇ ਇਸ ਸ੍ਰੀਰ ਦੇ, ਕਰੋ ਜੇ ਲੱਖ ਕ੍ਰੋੜ। ਤਾਂ ਭੀ ਧਰਮ ਨ ਛੱਡ ਸਾਂ; ਦੀਨ ਤੇਰਾ ਨਹੀਂ ਲੋੜ। ਆਰਾ ਪਿਆਰਾ ਲਗਤ ਹੈ; ਕਾਰਾ ਕਰੋ ਬਨਾਇ। ਸਿਰ ਜਾਇ ਤਾਂ ਜਾਇ; ਮੇਰਾ ਸਿੱਖੀ ਸਿਦਕ ਨ ਜਾਇ। ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ, ਜਦੋਂ ਸ੍ਰੀ ਹੱਟ ਸਾਹਿਬ ਕਰ ਰਹੇ ਸਨ, ਉਸ ਵੇਲੇ ਮਹਾਰਾਜ ਸਾਹਿਬ ਜੀ ਨੇ ਤੇਰਾ ਤੇਰਾ ਕਹਿ ਕੇ ਨਿਰਯਤਨ ਹੀ ਗ੍ਰੀਬਾਂ ਦੀਆਂ ਝੋਲ਼ੀਆਂ ਭਰੀਆਂ, ਸ੍ਰੀ ਹੱਟ ਸਾਹਿਬ ਜੀ ਦੇ ਚਾਰੇ ਬੂਹੇ ਖੋਲ੍ ਕੇ, ਸਭ ਕੁੱਝ ਗ੍ਰੀਬਾਂ ਨੂੰ ਲੁਟਾ ਦਿਤਾ, ਸਤਿਗੁਰੂ ਦਸਵੇਂ ਪਾਤਿਸਾਹ ਜੀ ਨੇ, ਸ੍ਰੀ ਚਮਕੌਰ ਸਾਹਿਬ ਜੀ ਵਿਖੇ, ਆਪਣੇ ਪਿਆਰੇ ਦਿਲ ਜਾਨ ਸਾਹਿਬਜ਼ਾਦਿਆਂ, ਸੂਰਬੀਰ ਬਹਾਦਰਾਂ ਯੋਧਿਆਂ ਨੂੰ, ਨੇਤ੍ਰਾਂ ਸਾਹਮਣੇ ਸ਼ਹੀਦ ਹੁੰਦਿਆਂ ਦੇਖ ਕੇ, ਇਹ ਮਹਾਂ ਵਿਸਮਾਦ ਸ਼ੁਕਰ ਕੀਤਾ:- ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥੨੦੩॥ ਇਸ ਤਰ੍ਹਾਂ ਸੂਰਬੀਰ ਸਿਰਲੱਥ ਯੋਧੇ ਸਿੰਘਾਂ ਨੇ ਤਨ ਮਨ ਧਨ ਸਿਰ ਸਤਿਗੁਰੂ ਦਸਵੇਂ ਪਾਤਿਸਾਹ ਜੀ ਨੂੰ ਅਰਪਦਿਆਂ, ਸਤਿਗੁਰਾਂ ਦੇ ਸਨਮੁਖ ਇਹ ਤੁਕਾਂ ਪੜ੍ਹੀਆਂ ਕਮਾਈਆਂ, ਪੂਰਨ ਗੁਰੂ ਜੀ ਹਿਤ ਸ਼ਹੀਦੀਆਂ ਪਾਈਆਂ, ਧੰਨ ਕਮਾਈਆਂ। ਗੁਰੂ ਪਿਆਰੀ ਸਾਧਸੰਗਤ ਜੀਓ! ਗੁਰਬਾਣੀ ਜੈਸਾ ਸੁਖਦਾਇਕ ਗੁਰੂ ਜੀ, ਗੁਰਬਾਣੀ ਜੀ ਹੀ ਹਨ। ਗੱਲ ਕਰਨੀ ਬੜੀ ਸੌਖੀ ਹੈ, ਸਿਰ ਦੇਣਾ ਬੜਾ ਹੀ ਔਖਾ ਹੈ। ਸਿਰ ਦੇ ਕੇ ਹੰਕਾਰ ਤਿਆਗਣਾ, ਹੋਰ ਭੀ ਬੜਾ ਭਾਰੀ ਔਖਾ ਹੈ। ਸਤਿਗੁਰਾਂ ਨੇ ਗੁਰਬਾਣੀ ਜੀ ਦੁਆਰਾ, ਸਿਰ ਦੇਣ ਦੀ ਪਰਮ ਉੱਚੀ ਸੁੱਚੀ ਕੁਰਬਾਨੀ ਵਾਲੀ ਅਵਸਥਾ ਬਖ਼ਸ਼ ਕੇ, ਸਿਰ ਦਿਤੇ ਦੀ ਹੰਗਤਾ ਦੀ ਨਿਵਿਰਤੀ ਲਈ, ਗੁਰਬਾਣੀ ਜੀ ਬਖ਼ਸ਼ੇ ਹਨ। ਜੋ ਸਤਿਗੁਰਾਂ ਬਿਨਾ, ਹੋਰ ਕੋਈ ਭੀ ਨਹੀਂ ਬਖ਼ਸ਼ ਸਕਿਆ। ਸਤਿਗੁਰਾਂ ਨੇ ਆਪ ਸ੍ਵਬੰਸ ਦੇਣ ਤੱਕ, ਮਹਾਨ ਕੁਰਬਾਨੀ ਹੀ ਕੁਰਬਾਨੀ ਦਿਤੀ ਹੈ। ਜਿਸ ਕਰਕੇ ਸਭ ਦਾ ਮਾਣ

Sri Satguru Jagjit Singh Ji eLibrary NamdhariElibrary@gmail.com

ਨਿਵਿਰਤ ਹੁੰਦਾ ਹੈ। ਸਿਰ ਦੇਣ ਤੱਕ ਕੁਰਬਾਨੀ ਦੇਣ ਵਾਲੇ ਸੂਰਬੀਰ ਯੋਧੇ, ਲੂੰ ੨ ਕਰਕੇ ਸਤਿਗੁਰਾਂ ਦੀ ਕੁਰਬਾਨੀ, ਗੁਰੂ ਗ੍ਰੰਥ ਸਾਹਿਬ ਜੀ ਗੁਰਬਾਣੀ ਜੀ ਨੂੰ ਸਦਾ ਨਮਸਕਾਰ ਕਰਦੇ ਆਏ ਹਨ, ਕਰਦੇ ਹਨ, ਕਰਦੇ ਰਹਿਣਗੇ। ਯਥਾ:- ਗੁਰੂ ਗ੍ਰੰਥ ਕਲਜੁਗ ਭਇਓ; ਗੁਰੂ ਰੂਪ ਮਹਾਨ॥ ਦਸ ਪਾਤਿਸਾਹੀਆਂ ਰੂਪ ਇਹੁ; ਗੁਰੂ ਗ੍ਰੰਥ ਜੀ ਜਾਨ॥

ਕਬੀਰ. ਤੂੰ ਤੂੰ ਕਰਤਾ, ਤੂ ਹੂਆ; ਮੁਝ ਮਹਿ. ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥੨੦੪॥ ਪਰਮਪੂਜਨੀਕ ਸ੍ਰੀ ਕਬੀਰ ਸਾਹਿਬ ਜੀ ਦੇ, ਦਗ ਦਗ ਕਰਦੇ ਮਸਤਕ ਦੇ ਦਰਸ਼ਨ ਕਰਕੇ, ਪ੍ਰੇਮੀ ਸਤਿਸੰਗੀ ਬਲ ੨ ਜਾ ਰਹੇ ਹਨ। ਯਥਾ:- ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ॥ ਨਾਨਕ ਉਧਰੇ; ਤਿਨ ਕੈ ਸਾਥੇ॥) ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥ ਵਿਸਮਾਦ ਰੰਗ 'ਚ ਦੋਵੇਂ ਹੱਥ ਜੋੜ, ਸਿਰ ਝੁਕਾ ਕੇ ਪੁੱਛਦੇ ਹਨ,"ਹੇ ਪੂਰਨ ਭਗਤ ਮਹਾਂਪੁਰਸ਼ ਜੀਓ! ਵਾਹਿਗੁਰੂ ਜੀ ਦੇ ਜਪਣ ਦਾ ਆਪ ਜੀ ਨੂੰ ਕੈਸਾ ਅਨੰਦ ਹੈ, ਦਾਸਨ ਦਾਸਾਂ ਨੂੰ ਭੀ ਪ੍ਰੇਮ ਮਿਲਾਪ ਬਖ਼ਸ਼ੋ ਜੀ"। ਯਥਾ:- ਸੰਤ ਸਹਾਈ ਰਾਮ ਕੇ; ਕਰਿ ਕਿਰਪਾ ਦੀਆ ਮਿਲਾਇ॥ ਵਾਹਿਗੁਰੂ ਕਬੀਰ ਸਾਹਿਬ ਜੀ, ਵਾਹਿਗੁਰੂ ਜੀ ਦੇ ਸਨਮੁਖ ਪ੍ਰਾਪਤੀ ਦੇ ਸੁਲੱਛਣ ਫ਼ੁਰਮਾ ਰਹੇ ਹਨ:- ਹੇ ਅਕਾਲ ਪੁਰਖ ਵਾਹਿਗੁਰੂ ਜੀਉ! ਦਾਸਨ ਦਾਸ (ਤੂੰ)ਆਪ ਜੀ ਵਾਹਿਗੁਰੂ (ਤੂੰ)ਆਪ ਜੀ ਵਾਹਿਗੁਰੂ (ਕਰਤਾ)ਕਰਦਾ, ਭਾਵ ਪੂਰਨ ਪ੍ਰੇਮ ਸਹਿਤ ਵਾਹਿਗੁਰੂ ਵਾਹਿਗੁਰੂ ਅਭਿਆਸ ਕਰਦਾ (ਤੂ)ਆਪ ਜੀ ਦਾ ਸਰੂਪ ਹੀ, (ਹੂਆ)ਹੋ ਗਿਆ, (ਮੁਝ)ਦਾਸਨ ਦਾਸ (ਮਹਿ)ਵਿੱਚ (ਹੂੰ)ਹੰਕਾਰ (ਨ)ਨਹੀਂ (ਰਹਾ)ਰਿਹਾ। ਆਪ ਜੀ ਦੀ ਮਹਾਨ ਬਖ਼ਸ਼ਿਸ਼ ਦੁਆਰਾ, ਆਪ ਹੀ ਜਣਾ ਰਹੇ ਹੋਂ ਜੀ, ਆਪ ਜੀ, ਦਾਸਨ ਦਾਸ ਅੰਦਰ ਅਪਨਾ ਜਾਪ ਆਪ ਹੀ ਕਰ ਰਹੇ ਹੋਂ ਜੀ। ਯਥਾ:- ਆਪੈ ਜਪਹੁ; ਆਪਨਾ ਜਾਪੁ॥) ਗੁਰਮੁਖਿ ਰੋਮਿ ਰੋਮਿ; ਹਰਿ ਧਿਆਵੈ॥) ਜਿਹਵਾ ਏਕ. ਹੋਇ ਲਖ ਕੋਟੀ; ਲਖ ਕੋਟੀ ਕੋਟਿ ਧਿਆਵੈਗੋ॥) ਇਕ ਦੂ ਜੀਭੌ ਲਖ ਹੋਹਿ; ਲਖ ਹੋਵਹਿ ਲਖ ਵੀਸ॥ ਲਖੁ ਲਖੁ ਗੇੜਾ ਆਖੀਅਹਿ; ਏਕੁ ਨਾਮੁ ਜਗਦੀਸ॥) ਲਾਖ ਜਿਹਵਾ. ਦੇਹੁ ਮੇਰੇ ਪਿਆਰੇ; ਮੁਖੁ. ਹਰਿ ਆਰਾਧੇ ਮੇਰਾ ਰਾਮ॥ ਇਹ ਅਸੰਖ ਜ਼ਬਾਨਾਂ ਦੁਆਰਾ ਆਪਣਾ ਜਾਪ, ਆਪ ਹੀ ਦਾਸ ਦੇ ਰਿਦੇ ਰੋਮ ੨ 'ਚ ਵਸ ਕੇ, ਆਪ ਹੀ ਕਰ ਰਹੇ ਹੋਂ ਜੀ। ਯਥਾ:- ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੧੯॥੬੯॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੨੦॥੭੦॥ (ਸ੍ਰੀ ਦਸਮ ੧੭) ਪਰਮਪੂਜਨੀਕ ਮਹੱਲਾ ਦਸਵਾਂ ਜੀ, ਗੁਰਮੁਖਿ ਪਿਆਰੇ ਦਇਆ ਸਿੰਘ ਸਾਹਿਬ ਜੀ, ਪਿਆਰੇ ਧਰਮ ਸਾਹਿਬ ਸਿੰਘ ਜੀ, ਬਾਬਾ ਮਾਨ ਸਿੰਘ ਸਾਹਿਬ ਜੀ, ਬਾਬਾ ਆਲਮ ਸਿੰਘ ਸਾਹਿਬ ਜੀ, ਪਿਆਰੇ ਹਿੰਮਤ ਸਿੰਘ ਸਾਹਿਬ ਜੀ, ਪਿਆਰੇ ਮੋਹਕਮ ਸਿੰਘ ਸਾਹਿਬ ਜੀ, ਬਾਬਾ ਸੰਤ ਸਿੰਘ ਸਾਹਿਬ ਜੀ, ਬਾਬਾ ਮਦਨ ਸਿੰਘ ਸਾਹਿਬ ਜੀ, ਬਾਬਾ ਕੋਠਾ ਸਿੰਘ ਸਾਹਿਬ ਜੀ ਆਦਿ ਮੁਖੀ ਮੁਸਾਹਿਬ ਪ੍ਰੇਮੀਆਂ ਨੂੰ ਦਰਸ਼ਨ ਬਖ਼ਸ਼ ਰਹੇ ਹਨ। ਮਹਾਰਾਜ ਸਾਹਿਬ ਜੀ ਨੂੰ ਇਨ੍ਹਾਂ ਪ੍ਰੇਮੀਆਂ 'ਤੇ ਬੜਾ ਭਾਰੀ ਮਾਣ ਹੈ, ਹਰ ਔਕੜ ਕਸ਼ਟ ਬਿਪਤਾ 'ਚ, ਇਹ ਖ਼ਾਲਸੇ ਦਾਸਨ ਦਾਸ ਦਾ ਸਾਥ ਦੇਣਗੇ, ਅਪਣੇ ਸੀਸ ਕੁਰਬਾਨ ਕਰਨਗੇ। ਤਾਂ ਹੀ ਪੂਰਨ ਪ੍ਰੇਮ ਪੂਰਨ ਸਤਿਕਾਰ ਪੂਰਨ ਗ਼ੀਬੀ ਨਾਲ ਫ਼ੁਰਮਾ ਰਹੇ ਹਨ:- ਇਨਹੀ ਕੀ ਕ੍ਰਿਪਾ ਕੇ, ਸਜੇ ਹਮ ਹੈ; ਨਹੀ. ਮੋ ਸੇ ਗਰੀਬ ਕਰੋਰ ਪਰੇ॥੨॥ (ਸ੍ਰੀ ਦਸਮ ੨੧੬) ਖ਼ਾਲਸਾ ਮੇਰੋ ਪਿੰਡ ਪ੍ਰਾਨ॥ ਖ਼ਾਲਸਾ ਮੇਰੀ ਜਾਨ ਕੀ ਜਾਨ॥੫॥) ਖ਼ਾਲਸਾ ਮੇਰੋ ਸਤਿਗੁਰੁ ਪੂਰਾ॥ ਖ਼ਾਲਸਾ ਮੇਰੋ ਸ੍ਵਜਨ ਸੂਰਾ॥੭॥ ਵਾਹਿਗੁਰੂ ਵਾਹਿਗੁਰੂ ਮਹਾਰਾਜ ਸਾਹਿਬ ਜੀ ਬੈਠੇ, ਵਿਸਮਾਦ ਰੰਗ 'ਚ, ਆਪ ਮੁਹਾਰਾ ਹੀ ਤੁਹੀ ਤੁਹੀ ਜਪਣ ਲੱਗੇ, ਪਿਆਰੇ ਦਇਆ ਸਿੰਘ ਜੀ ਦਾ ਮਨ ਬਹੁਤ ਇਕਾਗ੍ਰ ਸੀ, ਪਿਆਰੇ ਦਇਆ ਸਿੰਘ ਜੀ ਦਿਲ 'ਚ ਤੁਹੀ ਤੁਹੀ ਕਹੀ ਜਾਂਦੇ ਹਨ, ਨਾਲੇ ਗਿਣੀ ਜਾਂਦੇ ਹਨ,

Sri Satguru Jagjit Singh Ji eLibrary NamdhariElibrary@gmail.com

ਲਗਾਤਰ ਮਹਾਰਾਜ ਸਾਹਿਬ ਜੀ ਵਿਸਮਾਦ ਅਪਨਾ ਜਾਪ ਆਪ ਜਪਦੇ ਰਹੇ। ਯਥਾ:- ਆਪੈ ਜਪਹੁ; ਆਪਨਾ ਜਾਪੁ॥ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਪਿਆਰੇ ਦਇਆ ਸਿੰਘ ਜੀ ਨੂੰ ਪੁੱਛਿਆ, "ਭਾਈ ਕਿੰਨੀ ਵਾਰੀਂ ਹੋ ਗਿਆ"। "ਜੀ ਸਾਹਿਬ ਜੀ ਇਹ ਜਾਪ ਸੋਲ਼ਾਂ ਹਜ਼ਾਰ ਵਾਰੀਂ ਹੋ ਗਿਆ"। ਮਹਾਰਾਜ ਸਾਹਿਬ ਜੀ ਨੇ ਕਿਹਾ, "ਚੰਗਾ ਭਾਈ! ਸੋਲ਼ਾਂ ਵਾਰੀ ਲਿਖ ਲਵੋ"। ਮਹਾਰਾਜ, ਸਰਬੀ ਰੰਗੀ ਰੂਪੀ ਤੂੰ ਹੈ; ਹਨ। ਯਥਾ:- ਜਲਸ ਤੁਹੀ॥ ਥਲਸ ਤੁਹੀ॥ ਨਦਿਸ ਤੁਹੀ॥ ਨਦਸ ਤੁਹੀ॥੧੩॥੬੩॥ ਬ੍ਰਿਛਸ ਤੁਹੀ॥ ਪਤਸ ਤੁਹੀ॥ ਛਿਤਸ ਤੁਹੀ॥ ਉਰਧਸ ਤੁਹੀ॥੧੪॥੬੪॥ ਭਜਸ ਤੁਅੰ॥ ਭਜਸ ਤੁਅੰ॥ ਰਟਸ ਤੁਅੰ॥ ਠਟਸ ਤੁਅੰ॥੧੫॥੬੫॥ ਜਿਮੀ ਤੁਹੀ॥ ਜਮਾ ਤੁਹੀ॥ ਮਕੀ ਤੁਹੀ॥ ਮਕਾ ਤੁਹੀ॥੧੬॥੬੬॥ ਅਭੂ ਤੁਹੀ॥ ਅਭੈ ਤੁਹੀ॥ ਅਛੂ ਤੁਹੀ॥ ਅਛੈ ਤੁਹੀ॥੧੭॥੬੭॥ ਜਤਸ ਤੁਹੀ॥ ਬ੍ਰਤਸ ਤੁਹੀ॥ ਗਤਸ ਤੁਹੀ॥ ਮਤਸ ਤੁਹੀ॥੧੮॥੬੮॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੧੯॥੬੯॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥ ਤੁਹੀ ਤੁਹੀ॥੨੦॥੭੦॥ (ਸ੍ਰੀ ਦਸਮ ੧੬) ਰਸਨਾ ਜਪਤੀ ਤੂਹੀ ਤੂਹੀ॥ ਮਾਤ ਗਰਭ ਤੁਮ ਹੀ ਪ੍ਰਤਿਪਾਲਕ ਮ੍ਰਿਤ ਮੰਡਲ ਇਕ ਤੁਹੀ॥੧॥) ਤੂੰ ਮੇਰਾ ਪਿਤਾ; ਤੂੰਹੈ ਮੇਰਾ ਮਾਤਾ॥ ਤੂੰ ਮੇਰਾ ਬੰਧਪੁ; ਤੂੰ ਮੇਰਾ ਭ੍ਰਾਤਾ॥ ਤੂੰ ਮੇਰਾ ਰਾਖਾ, ਸਭਨੀ ਥਾਈ; ਤਾ ਭਉ ਕੇਹਾ ਕਾੜਾ ਜੀਉ॥੧॥) ਤੂ ਮੇਰਾ ਪਿਤਾ; ਤੂਹੈ ਮੇਰਾ ਮਾਤਾ॥ ਤੂ ਮੇਰੇ ਜੀਅ ਪ੍ਰਾਨ ਸੁਖਦਾਤਾ॥ ਤੂ ਮੇਰਾ ਠਾਕੁਰੁ; ਹਉ ਦਾਸੁ ਤੇਰਾ॥ ਤੁਝ ਬਿਨੁ; ਅਵਰੁ ਨਹੀ ਕੋ ਮੇਰਾ॥) ਰਸਨਾ ਜਪਤੀ; ਤੂਹੀ ਤੂਹੀ॥ ਮਾਤ ਗਰਭ. ਤੁਮ ਹੀ ਪ੍ਰਤਿਪਾਲਕ; ਮ੍ਰਿਤ ਮੰਡਲ ਇਕ ਤੁਹੀ॥

ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥੨੦੪॥ ਜਿਸ ਵੇਲੇ ਆਪ ਜੀ ਨੇ ਕ੍ਰਿਪਾ ਕੀਤੀ, ਗੁਰਿ; ਦੁਬਿਧਾ ਜਾ ਕੀ ਹੈ ਮਾਰੀ॥ ਕਹੁ ਨਾਨਕ; ਸੋ ਬ੍ਰਹਮ ਬੀਚਾਰੀ॥ ਦਾਸਨ ਦਾਸ ਦੇ ਰਿਦੇ 'ਚ ਵਸ ਕੇ, ਆਪੈ ਜਪਹੁ ਆਪਨਾ ਜਾਪੁ॥ ਕੀਤਾ, (ਜਬ)ਜਦੋਂ (ਆਪਾ)ਹੰਕਾਰ, (ਪਰ)ਪਰਾਇਆ, ਦਿਲ ਦਿਮਾਗ਼ ਰੋਮ ੨ (ਕਾ)ਦਾ ਮਿਟਿ ਗਇਆ, (ਜਤ)ਜਿਧਰ (ਦੇਖਉ)ਦੇਖਦਾ ਹਾਂ, (ਤਤ)ਤਿੱਥੇ (ਤੂ)ਆਪ ਜੀ ਹੀ ਹੋਂ ਜੀ॥੨੦੪॥ ਯਥਾ:- ਤੁਧੁ ਬਿਨੁ; ਦੂਜਾ ਨਾਹੀ ਕੋਇ॥) ਨਾ ਕੋ ਬੈਰੀ. ਨਹੀ ਬਿਗਾਨਾ; ਸਗਲ ਸੰਗਿ. ਹਮ ਕਉ ਬਨਿ ਆਈ॥) ਨਾ ਕੋ. ਮੇਰਾ ਦੁਸਮਨੁ ਰਹਿਆ; ਨਾ. ਹਮ ਕਿਸ ਕੇ ਬੈਰਾਈ॥ ਬ੍ਰਹਮੁ ਪਸਾਰੁ. ਪਸਾਰਿਓ ਭੀਤਰਿ; ਸਤਿਗੁਰ ਤੇ. ਸੋਝੀ ਪਾਈ॥ ਪਰਮਪੂਜਨੀਕ ਸੰਤ ਬਾਬਾ ਗੁਰਬਚਨ ਸਿੰਘ ਜੀ ਖ਼ਾਲਸਾ ਜੀ ਬ੍ਰਹਮਗਿਆਨੀ ਨੇ ਇੱਕ ਵਾਰੀ ਦਾਸਨ ਦਾਸ ਨੂੰ ਬੁਲਾਇਆ 'ਤੇ ਸਿੰਘਾਂ ਦੇ ਨਾਮ ਗਿਣੇ 'ਤੇ ਕਿਹਾ, "ਇਹ ਪ੍ਰੇਮੀ, ਮੁਸਲਮਾਨ ਜ਼ਾਤੀ 'ਚੋਂ, ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਚ ਰਹਿ ਰਹੇ ਹਨ। ਆਪਣੇ ਮਨ 'ਚ, ਇਨ੍ਹਾਂ ਨਾਲ ਕੋਈ ਜ਼ਾਤੀ ਵੰਡ ਵਿਤਕਰਾ ਨਹੀਂ। ਇਹ ਧੰਨ ਗੁਰੂ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਨਿਰਵੈਰ ਅੱਖਰ ਵਰਤਿਆ ਹੈ। ਨਿਰਾਹਾਰ ਨਿਰਵੈਰ ਸੁਖਦਾਈ॥ ਤਾ ਕੀ ਕੀਮਤਿ; ਕਿਨੈ ਨ ਪਾਈ॥) ਤੂੰ ਨਿਰਵੈਰੁ; ਸੰਤ ਤੇਰੇ ਨਿਰਮਲ॥ ਜਿਨ ਦੇਖੇ; ਸਭ ਉਤਰਹਿ ਕਲਮਲ॥) ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਇਹ ਅਵਸਥਾ ਜਣਾਈ ਹੈ, ਸਿਮਰਨ ਕਰਦਿਆਂ ਧਿਆਤਾ ਧਿਆਨ ਧੇ ਦੀ ਤ੍ਰਿਕੁਟੀ ਮਿਟ ਚੁੱਕੀ ਹੈ, ਧਿਆਤਾ ਮੇਰਾ ਅੰਤਹਕਰਨ ਹੈ, ਮੇਰਾ ਧਿਆਨ ਲੱਗਿਆ ਹੈ, ਜਿਨਾ 'ਚ ਧਿਆਨ ਲੱਗਿਆ ਉਹ ਹੁਣ ਵੱਖਰੇ ਨਹੀਂ ਰਹੇ। ਜਿਵੇਂ ਪਾਣੀ ਦੀ ਬੂੰਦ ਸਮੁੰਦ੍ਰ 'ਚ ਸੁੱਟੀਏ, ਅਕਸ ਮਾਤ੍ਰ ਹੀ ਸਮੁੰਦ੍ਰ ਰੂਪ ਹੀ ਹੋ ਜਾਂਦੀ ਹੈ, ਉਸ ਨੂੰ ਕੋਈ ਵੱਖਰੀ ਨਹੀਂ ਕਰ ਸਕਦਾ। ਇਹ ਕਬੀਰ ਸਾਹਿਬ ਜੀ ਦੀ ਬੜੀ ਵਿਸਮਾਦ ਅਵਸਥਾ ਹੈ:- ਕਿਆ ਜਾਨਉ. ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥੬੨॥ ਘਰ ਘਰ ਕਬੀਰ ਸਾਹਿਬ ਜੀ ਦਾ ਜਾਪ ਹੋ ਰਿਹਾ ਹੈ, ਪਰ

Sri Satguru Jagjit Singh Ji eLibrary NamdhariElibrary@gmail.com

ਫੇਰ ਭੀ, ;ਜਤ ਦੇਖਉ ਤਤ ਤੂ॥ ਮਹਾਂ ਮਹਾਂ ਵਿਸਮਾਦ ਅਵਸਥਾ 'ਚ ਲੀਣ ਹਨ। ਯਥਾ:- ਮਨਿ ਸਾਚਾ; ਮੁਖਿ ਸਾਚਾ ਸੋਇ॥ ਅਵਰੁ ਨ ਪੇਖੈ; ਏਕਸੁ ਬਿਨੁ ਕੋਇ॥ ਨਾਨਕ. ਇਹ ਲਛਣ; ਬ੍ਰਹਮਗਿਆਨੀ ਹੋਇ॥੧॥

ਕਬੀਰ. ਬਿਕਾਰਹ ਚਿਤਵਤੇ; ਝੂਠੇ ਕਰਤੇ ਆਸ॥ ਮਨੋਰਥੁ. ਕੋਇ ਨ ਪੂਰਿਓ; ਚਾਲੇ ਊਠਿ ਨਿਰਾਸ॥੨੦੫॥ ਵਿਸਮਾਦ ਰੰਗ 'ਚ ਰੰਗੇ, ਪੂਰਨ ਬ੍ਰਹਮ ਸਰੂਪ, ਪਰਮਪੂਜਨੀਕ ਭਗਤ ਸ੍ਰੀ ਕਬੀਰ ਸਹਿਬ ਜੀ ਫ਼ੁਰਮਾ ਰਹੇ ਹਨ:- ਕੂੜੁ ਬੋਲਿ; ਮੁਰਦਾਰੁ ਖਾਇ॥ ਅਨੁਸਾਰ ਜਿਹੜੇ ਝੂਠੇ ਵਿਕਾਰੀ, (ਬਿਕਾਰਹ)ਵਿਕਾਰਾਂ, (ਬਿਕਾਰਹ)ਖੋਟੀਆਂ ਕਾਰਾਂ, ਜੀਆਂ ਨੂੰ ਮਾਰਨਾ ਕੋਹਣਾ ਖੋਹਣਾ ਲੁੱਟਣਾ ਖੋਟੇ ਪਾਪ (ਚਿਤਵਤੇ)ਚਿਤਵਦੇ ਸਨ, ਉਹ ਝੂਠੇ ਸਨ, ਆਸ (ਕਰਤੇ)ਕਰਦੇ ਸਨ, ਸਾਨੂੰ ਬ੍ਰਹਮ ਲੋਕ, ਇੰਦ੍ਰ ਪਦਵੀ ਦੀ ਪ੍ਰਾਪਤੀ ਹੋਵੇਗੀ, ਸਾਨੂੰ ਬਹਿਸ਼ਤ 'ਚ ਹੂਰਾਂ, ਅੰਗੂਰਾਂ ਦੀ ਸ਼ਰਾਬ ਮਿਲੇਗੀ, ਅਮੀਰ ਬਣ ਕੇ ਸੁਖ ਭੋਗਾਂਗੇ। ਉਨ੍ਹਾਂ ਦਾ (ਮਨੋਰਥੁ)ਮਨ ਦਾ ਸੰਕਲਪ, (ਕੋਇ)ਕੋਈ ਭੀ (ਪੂਰਿਓ)ਪੂਰਾ (ਨ)ਨਹੀਂ ਹੋਇਆ ਇਸ ਫ਼ਾਨੀ ਸੰਸਾਰ ਤੋਂ, ਨਿਰਾਸ ਊਠਿ ਕੇ (ਚਾਲੇ) ਚੱਲੇ ਹਨ॥੨੦੫॥ ਯਥਾ:- ਚਲੇ ਜੁਆਰੀ; ਦੁਇ ਹਥ ਝਾਰਿ॥ ਵਿਸ਼ੇ ਵਿਕਾਰ 'ਚ ਲੱਗ ਕੇ ਖੱਚਤ ਹੋ ਗਏ। ਯਥਾ:- ਬਿਖਿਆ ਮਹਿ; ਕਿਨ ਹੀ. ਤ੍ਰਿਪਤਿ ਨ ਪਾਈ॥ ਜਿਉ ਪਾਵਕੁ. ਈਧਨਿ ਨਹੀ ਧ੍ਰਾਪੈ; ਬਿਨੁ ਹਰਿ. ਕਹਾ ਅਘਾਈ॥) ਬਿਖਿਆ ਕੈ ਧਨਿ; ਸਦਾ ਦੁਖੁ ਹੋਇ॥ ਨਾ ਸਾਥਿ ਜਾਇ; ਨ ਪਰਾਪਤਿ ਹੋਇ॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਵਿਕਾਰਾਂ ਦੀ ਚਿਤਵਨੀ ਦਿਲ ਦਿਮਾਗ਼ ਨੂੰ ਸਾੜਦੀ ਹੈ। ਸਾਡੇ ਦਿਲ 'ਚ ਅੰਮ੍ਰਿਤ ਹੈ, ਇਹ ਚਿਤਵਨੀ ਅੰਮ੍ਰਿਤ ਨੂੰ ਸਾੜਦੀ ਹੈ, ਅੰਮ੍ਰਿਤ ਮੁਖ 'ਚ ਨਹੀਂ ਆਉਣ ਦਿੰਦੀ, ਇਹ ਵਿਕਾਰਾਂ ਦੀ ਚਿਤਵਨੀ ਤੋਂ ਮਨ੍ਹਾ ਕਰਦੇ ਹਨ। ਵਿਕਾਰਾਂ ਕਰਕੇ ਜੀਵ ਦਾ ਕੋਈ ਭੀ ਮਨੋਰਥ ਪੂਰਾ ਨਹੀਂ ਹੁੰਦਾ, ਸੰਸਾਰ ਤੋਂ ਨਿਰਾਸਾ ਉੱਠ ਕੇ ਚਲਿਆ ਜਾਂਦਾ ਹੈ।

ਕਬੀਰ. ਹਰਿ ਕਾ ਸਿਮਰਨੁ, ਜੋ ਕਰੈ; ਸੋ ਸੁਖੀਆ. ਸੰਸਾਰਿ॥ ਇਤ ਉਤ. ਕਤਹਿ ਨ ਡੋਲਈ; ਜਿਸ. ਰਾਖੈ ਸਿਰਜਨਹਾਰ॥੨੦੬॥) ਮਾਇਆ ਮੋਹ ਪਰੀਤਿ ਧ੍ਰਿਗੁ; ਸੁਖੀ. ਨ ਦੀਸੈ ਕੋਇ॥) ਨਾਨਕ; ਦੁਖੀਆ ਸਭੁ ਸੰਸਾਰੁ॥) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥) ਦੁਖ ਕੀਆ ਪੰਡਾ ਖੁਲੀਆ; ਸੁਖੁ. ਨ ਨਿਕਲਿਓ ਕੋਇ॥ ਦੁਖ ਵਿਚਿ. ਜੀਉ ਜਲਾਇਆ; ਦੁਖੀਆ ਚਲਿਆ ਰੋਇ॥) ਬਿਨੁ ਹਰਿ ਸਿਮਰਨ; ਸੁਖੁ ਨਹੀ ਪਾਇਆ॥ ਆਨ ਰੰਗ ਫੀਕੇ; ਸਭ ਮਾਇਆ॥ ਉਪ੍ਰੋਕਤ ਪ੍ਰਮਾਣਾਂ ਅਨੁਸਾਰ ਸੰਸਾਰ 'ਚ, ਸਭ ਕੋਈ ਦੁਖੀ ਹੈ। ਹੇ ਪਰਮਪੂਜਨੀਕ ਭਗਤ ਸਾਹਿਬ ਜੀਓ! ਕੀ ਸੰਸਾਰ 'ਚ ਕੋਈ ਸੁਖੀ ਭੀ ਹੈ। ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਕਾ)ਦਾ ਸਿਮਰਨੁ, ਜੋ ਪ੍ਰੇਮੀ ਜੀ (ਕਰੈ)ਕਰਦੇ ਹਨ, (ਸੋ)ਉਹ ਸੰਸਾਰਿ 'ਚ ਭਾਰੀ (ਸੁਖੀਆ)ਸੁਖੀ ਹਨ। ਯਥਾ:- ਮਾਰੂ ਮਹਲਾ ਪ॥ ਪਾਂਚ ਬਰਖ ਕੋ ਅਨਾਥੁ ਧ੍ਰੂ ਬਾਰਿਕੁ; ਹਰਿ ਸਿਮਰਤ ਅਮਰ ਅਟਾਰੇ॥ ਪੁਤ੍ਰ ਹੇਤਿ. ਨਾਰਾਇਣੁ ਕਹਿਓ; ਜਮਕੰਕਰ ਮਾਰਿ ਬਿਦਾਰੇ॥੧॥ ਮੇਰੇ ਠਾਕੁਰ; ਕੇਤੇ ਅਗਨਤ ਉਧਾਰੇ॥ ਮੋਹਿ ਦੀਨ ਅਲਪ ਮਤਿ ਨਿਰਗੁਣ; ਪਰਿਓ ਸਰਣਿ ਦੁਆਰੇ॥੧॥ ਰਹਾਉ॥ ਬਾਲਮੀਕੁ ਸੁਪਚਾਰੋ ਤਰਿਓ; ਬਧਿਕ ਤਰੇ ਬਿਚਾਰੇ॥ ਏਕ ਨਿਮਖ. ਮਨ ਮਾਹਿ ਅਰਾਧਿਓ; ਗਜਪਤਿ ਪਾਰਿ ਉਤਾਰੇ॥੨॥ ਕੀਨੀ ਰਖਿਆ. ਭਗਤ ਪ੍ਰਹਿਲਾਦੈ; ਹਰਨਾਖਸ ਨਖਹਿ ਬਿਦਾਰੇ॥ ਬਿਦਰੁ ਦਾਸੀ ਸੁਤੁ. ਭਇਓ ਪੁਨੀਤਾ; ਸਗਲੇ ਕੁਲ ਉਜਾਰੇ॥੩॥ ਕਵਨ ਪਰਾਧ. ਬਤਾਵਉ ਅਪੁਨੇ; ਮਿਥਿਆ ਮੋਹ ਮਗਨਾਰੇ॥ ਆਇਓ ਸਾਮ ਨਾਨਕ ਓਟ ਹਰਿ ਕੀ; ਲੀਜੈ ਭੁਜਾ ਪਸਾਰੇ॥੪॥੨॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਏਕ

Sri Satguru Jagjit Singh Ji eLibrary NamdhariElibrary@gmail.com

ਨਿਮਖ; ਜੋ ਸਿਮਰਨ ਮਹਿ ਜੀਆ॥ ਕੋਟਿ ਦਿਨਸ ਲਾਖ; ਸਦਾ ਥਿਰੁ ਥੀਆ॥) ਸੁਖਾ ਕੀ ਮਿਤਿ.ਕਿਆ ਗਣੀ; ਜਾ ਸਿਮਰੀ ਗੋਵਿੰਦੁ॥ ਜਿਨ ਚਾਖਿਆ.ਸੇ ਤ੍ਰਿਪਤਾਸਿਆ; ਉਹ ਰਸੁ ਜਾਣੈ ਜਿੰਦੁ॥ ਸੰਤਾ ਸੰਗਤਿ ਮਨਿ ਵਸੈ; ਪ੍ਰਭੁ ਪ੍ਰੀਤਮੁ ਬਖਸਿੰਦੁ॥ ਜਿਨਿ ਸੇਵਿਆ ਪ੍ਰਭੁ ਆਪਣਾ; ਸੋਈ ਰਾਜ ਨਰਿੰਦੁ॥) ਸੋ ਸੁਖੀਆ.ਸੋ ਸਦਾ ਸੁਹੇਲਾ; ਜੋ. ਗੁਰ ਮਿਲਿ.ਗਾਇ ਗੁਨੀ॥) ਮਾਈ; ਮੇਰੇ ਮਨ ਕੋ ਸੁਖੁ॥ ਕੋਟਿ ਅਨੰਦ ਰਾਜ ਸੁਖੁ ਭੁਗਵੈ; ਹਰਿ ਸਿਮਰਤ.ਬਿਨਸੈ ਸਭ ਦੁਖੁ॥) ਬਿਨਵੰਤਿ ਨਾਨਕੁ.ਗੁਰ ਚਰਣ ਲਾਗੇ; ਵਾਜੇ ਅਨਹਦ ਤੂਰੇ॥ ਬਾਕੀ, ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥ ਸੰਸਾਰ ਅੱਗ ਦਾ ਸਮੁੰਦ੍ਰ ਹੈ। ਇਸ 'ਚ ਸਾਰੇ ਹੀ ਦੁਖੀ ਹਨ। ਸਿਮਰਨ ਕਰਨ ਵਾਲੇ ਨੂੰ ਸੁਖੀ ਦੱਸਦੇ ਹਨ।

ਇਤ ਉਤ. ਕਤਹਿ ਨ ਡੋਲਈ; ਜਿਸ. ਰਾਖੈ ਸਿਰਜਨਹਾਰ॥੨੦੬॥ ਜਿਸ ਨੂੰ (ਸਿਰਜਨਹਾਰ)ਸਭ ਤੇ ਵਡਾ ਸਤਿਗੁਰੁ ਨਾਨਕੁ; ਦੇਵ ਅਕਾਲ ਪੁਰਖ ਜੀ, ਕੁਸੰਗਤ ਵਿਸ਼ੇ ਵਾਸ਼ਨਾ ਵਿਕਾਰਾਂ ਔਗੁਣਾਂ ਬੱਜਰ ਪਾਪਾਂ ਦੋਸ਼ਾਂ ਤੋਂ (ਰਾਖੈ) ਰੱਖਦੇ ਹਨ। ਉਹ (ਇਤ)ਇਸ ਲੋਕ ਦੇ ਕਲੱਬਾਂ 'ਚ ਨਾਚ ਗਾਣੇ ਨਸ਼ੇ ਵਿਕਾਰ ਨਿੰਦਿਆ ਚੁਗਲੀ ਕਰਨ ਸੁਣਨ, ਰਾਜ ਕੁਰਸੀ ਚੋਰੀਆਂ ਡਾਕੇ ਭਾਵ ਜਿਨੇ ਭੀ ਮਾੜੇ ਔਗੁਣ ਹਨ, ਪਦਾਰਥਾਂ ਮਾਇਆ (ਉਤ)ਬ੍ਰਹਮ ਲੋਕ ਦੇ ਪਦਾਰਥਾਂ ਭੋਗਾਂ, ਸੁਰਗ ਦੀਆਂ ਅਪੱਛਰਾਂ ਇੰਦ੍ਰ ਪਦਵੀ ਵਿਸ਼ੇ ਵਾਸ਼ਨਾ 'ਚ (ਕਤਹਿ)ਕਿਸੇ ਪ੍ਰਕਾਰ (ਨ)ਨਹੀਂ (ਡੋਲਈ)ਡੋਲਦੇ॥੨੦੬॥ ਜਿਵੇਂ ਰੁਕਮਾਂਗਦ ਰਾਜਾ ਜੀ ਬਹੁਤ ਧਰਮਾਤਮਾ ਪ੍ਰਮਾਤਮਾ ਸਰੂਪ ਹੀ ਹੋਏ ਹਨ, ਇਨ੍ਹਾਂ ਦਾ ਜ਼ਿਕਰ ਮਹਾਰਾਜ ਸਾਹਿਬ ਜੀ ਨੇ ਬਾਣੀ 'ਚ ਕੀਤਾ ਹੈ:- ਰੁਕਮਾਂਗਦ ਕਰਤੂਤਿ; ਰਾਮੁ ਜੰਪਹੁ ਨਿਤ ਭਾਈ॥ ਸਿਰਲੱਥ ਯੋਧੇ ਬਾਬਾ ਦੀਪ ਸਿੰਘ ਸਾਹਿਬ ਜੀ ਸ਼ਹੀਦ ਨੇ ਚੰਬੇ ਵਾਲੇ ਰਾਜੇ ਦੀ ਨੌਜਵਾਨ ਬੱਚੀ ਨੂੰ ਦੇਖ ਕੇ ਅਡੋਲ ਰਹਿਣਾ:- ਜਿਵੇਂ ਅਹਿਮਦਸ਼ਾਹ ਅਬਦਾਲੀ ਨੇ, ਹਿੰਦ 'ਚੋਂ ਅਠਾਰਾਂ ਹਜ਼ਾਰ, ਬਾਈ ਹਜ਼ਾਰ, ਤੀਹ ਹਜ਼ਾਰ ਬੀਬੀਆਂ ਲੁੱਟੀਆਂ, ਗਜ਼ਨੀ 'ਚ ਟਕੇ ੨ ਨੂੰ ਵੇਚੀਆਂ। ਕੈਦਣਾਂ ਬੀਬੀਆਂ ਨੂੰ ਛਡਾਉਣ ਲਈ, ਇੱਕ ਵਾਰੀ ਪਿੰਡ ਬੱਲੋਕੇ ਦਰਿਆ ਦੇ ਪੱਤਣ 'ਤੇ ਜਾ ਕੇ, ਸੱਤਾਂ ਦਿਨਾਂ ਦੇ ਭੁੱਖਿਆਂ ਸਿੰਘਾਂ ਨੇ ਵੈਰੀ 'ਤੇ ਜ਼ਬਰਦਸਤ ਹੱਲਾ ਕੀਤਾ, ਬਹੁਤ ਕਟਾ ਵੱਢੀ ਕੀਤੀ। ਗਿਲਜ਼ਿਆਂ ਨੂੰ ਮਾਰ ਕੇ, ਅਠਾਰਾਂ ਹਜ਼ਾਰ ਬੀਬੀਆਂ ਛੁਡਾਈਆਂ, ਬੱਚੀਆਂ ਕਿਹਾ,"ਜਿਹੜੇ ਮਾਪੇ ਸਾਨੂੰ ਬਚਾਅ ਨਹੀਂ ਸਕੇ, ਅਸੀਂ ਉਨ੍ਹਾਂ ਪਾਸ ਨਹੀਂ ਜਾਣਾ ਚਾਹੁੰਦੀਆਂ। ਅਸੀਂ ਦਲਾਂ 'ਚ ਰਹਿ ਕੇ ਸੇਵਾ ਕਰਾਂਗੀਆਂ"। ਸਿੰਘ ਸਾਹਿਬਾਂ ਜੀ ਕਿਹਾ, "ਨਹੀਂ ਬੱਚੀਓ! ਆਪਣੇ ਕੋਲ਼ ਰੱਖਣਾ ਖ਼ਾਲਸੇ ਦਾ ਧਰਮ ਨਹੀਂ"। ਆਪਣੀਆ ਧੀਆਂ ਭੈਣਾ ਸਮਝ ਕੇ ਪੂਰਨ ਸਤਿਕਾਰ ਨਾਲ, ਉਨ੍ਹਾਂ ਨੂੰ ਉਨ੍ਹਾਂ ਦੇ ਘਰੀਂ ਪਹੁੰਚਾਇਆ। ਚੰਬੇ ਵਾਲੇ ਰਾਜੇ ਦੀ ਨੌਜੁਆਨ ਅਤਿਅੰਤ ਸੁੰਦਰ ਬੱਚੀ ਨੂੰ ਦੇਖ ਕੇ ਸਭ ਦਾ ਮਨ ਡੋਲ ਜਾਂਦਾ ਸੀ, ਰਾਜੇ ਪਾਸ ਛੱਡਣ ਲਈ, ਜੱਥੇਦਾਰ ਸਾਹਿਬ ਜੀ ਨੇ, ਜਤੀ ਸਤੀ ਨਿਰਮਲ ਪੂਰਨ ਸ਼ੁੱਧ ਖ਼ਾਲਸੇ ਬਾਬੇ ਦੀਪ ਸਿੰਘ ਸਾਹਿਬ ਜੀ ਸੂਰਬੀਰ ਬਹਾਦਰ ਜੀ ਦੀ ਡਿਊਟੀ ਲਾਈ। ਇਸ ਬੀਬੀ ਜੀ ਨੇ ਬਾਬੇ ਜੀ ਅੱਗੇ ਦੋਵੇਂ ਹੱਥ ਜੋੜ ਕੇ ਪ੍ਰੇਮ ਬੇਨਤੀ ਕੀਤੀ, "ਸਾਡਾ ਜੀਵਨ ਨਰਕ ਨਾਲੋਂ ਭੀ ਭੈੜਾ ਲੰਘਣਾਂ ਸੀ, ਆਪ ਜੀ ਨੇ ਬਹੁਤ ਭਾਰੀ ਪਰਉਕਾਰ ਕੀਤਾ ਹੈ, ਮੈਨੂੰ ਅਪਣੀ ਦਾਸਨ ਦਾਸੀ ਬਣਾਉ ਜੀ" ਸਿਰਲੱਥ ਯੋਧੇ ਬਾਬਾ ਜੀ, ਚੰਬੇ ਛੱਡ ਕੇ ਆਏ, ਚਿੱਤ ਅਡੋਲ ਰਿਹਾ। ਬਾਬਾ ਜੀ ਜਤ ਸਤ 'ਚ ਕਾਇਮ ਰਹੇ। ਯਥਾ:- ਕਬੀਰ. ਸੁਰਗ ਨਰਕ ਤੇ, ਮੈ ਰਹਿਓ; ਸਤਿਗੁਰ ਕੇ ਪਰਸਾਦਿ॥) ਕਵਨੁ ਨਰਕੁ. ਕਿਆ ਸੁਰਗੁ ਬਿਚਾਰਾ; ਸੰਤਨ ਦੋਊ ਰਾਦੇ॥) ਮਿਥਿਆ; ਨਾਹੀ ਰਸਨਾ ਪਰਸ॥ ਮਨ ਮਹਿ ਪ੍ਰੀਤਿ; ਨਿਰੰਜਨ ਦਰਸ॥ ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤ ਸੰਗਿ ਹੇਤ॥ ਕਰਨ. ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥ ਗੁਰ ਪ੍ਰਸਾਦਿ; ਬਿਖਿਆ ਪਰਹਰੈ॥ ਮਨ ਕੀ ਬਾਸਨਾ; ਮਨ ਤੇ ਟਰੈ॥ ਇੰਦ੍ਰੀ ਜਿਤ; ਪੰਚ ਦੋਖ ਤੇ ਰਹਤ॥ ਨਾਨਕ ਕੋਟਿ ਮਧੇ; ਕੋ

Sri Satguru Jagjit Singh Ji eLibrary NamdhariElibrary@gmail.com

ਐਸਾ ਅਪਰਸ॥੧॥ ਇਹ ਸ਼ੁਭ ਗੁਣ ਉਨ੍ਹਾਂ ਮਹਾਂਪੁਰਸ਼ਾਂ 'ਚ ਹਨ, ਵਿਸ਼ੇ ਵਾਸਨਾ ਲਈ ਕਦੇ ਭੀ ਨਹੀਂ ਡੋਲਦੇ। ਸ੍ਰੀਰ ਕਰਕੇ ਤਾਂ ਉਨ੍ਹਾਂ ਨੇ ਕੀ ਡੋਲਣਾ? ਮਨ 'ਚ ਮਹਾਰਾਜ ਜੀ, ਮਨ ਮਹਿ ਆਪਿ; ਮਨ ਅਪੁਨੇ ਮਾਹਿ॥ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਵਸ ਜਾਂਦੇ ਹਨ, ਮਹਾਰਾਜ ਸਾਹਿਬ ਜੀ ਐਸੀ ਕ੍ਰਿਪਾ ਕਰਦੇ ਹਨ, ਉਨ੍ਹਾਂ ਨੂੰ ਕਿਸੇ ਗ਼ਲਤ ਸੰਕਲਪ ਦਾ ਭਾਰ ਭੀ ਨਹੀਂ ਪੈਣ ਦਿੰਦੇ, ਸਤਿਗੁਰੂ ਗ੍ਰੰਥ ਸਾਹਿਬ ਜੀ ਹਰ ਵੇਲੇ ਸਿਰ 'ਤੇ ਹਨ। ਹਰ ਵੇਲੇ ਦਿਲ ਦਿਮਾਗ 'ਚ ਗੁਰਬਾਣੀ ਜੀ ਭੇਜ ਕੇ ਹਿਰਦੇ ਰੋਮ ੨ 'ਚ ਵਸ ਕੇ ਨਿਰਗੁਨ ਜੀ 'ਚ ਲੀਣਤਾ ਬਖ਼ਸ਼ ਕੇ ਤ੍ਰਿਪਤੀ ਕਰਦੇ ਰਹਿੰਦੇ ਹਨ। ਬ੍ਰਹਮ ਲੋਕ ਕੋ ਭੋਗ ਜੋ ਕਾਗ ਬਿਸਟ ਸਮ ਜਾਣ। ਜਿਵੇਂ ਕਾਂ ਬਿਸਟਾ ਖਾਂਦਾ ਹੈ ਉਸ ਦੀ ਬਿਠ ਬਿਸਟਾ ਦਾ ਬਿਸਟਾ ਹੁੰਦੀ ਹੈ। ਇਸ ਤਰ੍ਹਾਂ ਮਹਾਂਪੁਰਸ਼ ਇਸ ਲੋਕ ਦਾ ਤਾਂ ਕੀ, ਬ੍ਰਹਮ ਲੋਕ ਦੇ ਪਦਾਰਥਾਂ 'ਤੇ ਭੀ ਨਹੀਂ ਡੋਲਦੇ। ਉਨ੍ਹਾਂ ਨੂੰ ਕਾਗ ਬਿਸਟ ਸਮ ਸਮਝਦੇ ਹਨ॥੨੦੬॥

ਕਬੀਰ. ਘਾਣੀ ਪੀੜਤੇ; ਸਤਿਗੁਰ. ਲੀਏ ਛਡਾਇ॥ ਪਰਾ ਪੂਰਬਲੀ ਭਾਵਨੀ; ਪਰਗਟੁ ਹੋਈ ਆਇ॥੨੦੭॥ ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ, ਸਤਿਗੁਰੂ ਸਾਹਿਬ ਜੀ ਦਾ ਅਤਿਅੰਤ ਹੀ ਪ੍ਰਤਾਪ ਜਣਾ ਰਹੇ ਹਨ:- ਅੰਦਰ ਬਾਹਰ ਸਤਿ ਸੰਤੋਖ ਆਦਿ ਅਸੰਖ ਸ਼ੁਭ ਗੁਣਾਂ ਦੇ ਪ੍ਰਕਾਸ਼ ਸਰੂਪ ਸਤਿਗੁਰੂ ਨਿਰਗੁਨ ਬ੍ਰਹਮ ਜੀ, ਆਪ ਜੀ ਨੂੰ ਸੁੰਦਰ ਦਰਸ਼ਨ ਬਖ਼ਸ਼ ਕੇ, ਅਜਪਾ ਜਾਪ ਗੁਰਬਾਣੀ ਉਚਾਰਨ ਦਾ ਬਲ ਬਖ਼ਸ਼ ਰਹੇ ਹਨ। ਹੰਗਤਾ ਨਿਵਿਰਤ ਹੋ ਚੁੱਕੀ ਹੈ। ਹੇ ਭਾਈ! ਦਾਸਨ ਦਾਸ, ਹੋਰ ਅਨੇਕ ਜੀਵ, ਨਰਕ ਮਾਤਾ ਦੇ ਗਰਭ ਕਾਮ ਕ੍ਰੋਧ ਲੋਭ ਮੋਹ ਹੰਕਾਰ ਨਿੰਦਾ ਚੁਗ਼ਲੀ ਵੈਰ ਈਰਖਾ ਬਖ਼ੀਲੀ ਇੰ੍ਦਿਆਂ ਦੇ ਵਿਸ਼ੇ ਸੁਆਦ ਰੂਪ ਕਸ਼ਟਾਂ ਦੀ ਘਾਣੀ 'ਚ (ਪੀੜਤੇ)ਪੀੜੀਦੇ, ਧੰਨ ਸਤਿਗੁਰ ਨਾਨਕ ਦੇਵ ਸਾਹਿਬ ਜੀ ਨੇ ਕ੍ਰਿਪਾ ਕਰਕੇ, ਛਡਾਇ ਲੀਏ ਹਨ। ਜਿਵੇਂ ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੇ ੫੨ ਉਮਰ ਕੈਦੀ ਰਾਜਿਆਂ ਨੂੰ ਗਵਾਲੀਅਰ ਕਿਲੇ 'ਚੋਂ ਛੁਡਾਇਆ। ਯਥਾ:- ਸਤਿਗੁਰ ਕੀਨੋ; ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥) ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥) ਅਨਿਕ ਪਾਪ ਮੇਰੇ. ਪਰਹਰਿਆ; ਬੰਧਨ ਕਾਟੇ. ਮੁਕਤ ਭਏ॥ ਅੰਧ ਕੂਪ. ਮਹਾ ਘੋਰ ਤੇ; ਬਾਹ ਪਕਰਿ ਗੁਰਿ, ਕਾਢਿ ਲੀਏ॥) ਮਹਲਾ ੫॥ ਕਬੀਰ. ਕੂਕਰੁ ਭਉਕਨਾ; ਕਰੰਗ ਪਿਛੈ ਉਠਿ ਧਾਇ॥ ਕਰਮੀ ਸਤਿਗੁਰੁ ਪਾਇਆ; ਜਿਨਿ. ਹਉ ਲੀਆ ਛਡਾਇ॥੨੦੯॥) ਸਤਿਗੁਰੁ ਮੇਰਾ. ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥ ਕਾਟਿਆ ਰੋਗੁ. ਮਹਾ ਸੁਖੁ ਪਾਇਆ; ਹਰਿ ਅੰਮ੍ਰਿਤੁ ਮੁਖਿ ਨਾਮੁ ਦੀਆ॥੧॥) ਸੰਤ ਬਾਬਾ ਅਜੀਤ ਸਿੰਘਜੀ ਨਥਲਪੁਰੀਏ ਪੂਰਨ ਬ੍ਰਹਮਗਿਆਨੀ ਜੀ, ਵਾਹਿਗੁਰੂ ਗੁਰੂ ਜੀ ਦੇ ਅਥਾਹ ਪ੍ਰੇਮ 'ਚ, ਮਹਾਂ ਮਹਾਂ ਵਿਸਮਾਦ ਲੀਣ ਹੋ ਕੇ, ਪੂਰਨ ਗੁਰੂ ਜੀ ਦੀ ਮਹਿਮਾ ਪਰਉਪਕਾਰ ਦੀ ਪੜ੍ਦੇ ਇਹ ਵਾਰ:- ਸਤਿਗੁਰੁ ਗੁਣੀ ਨਿਧਾਨੁ ਹੈ; ਗੁਣ ਕਰਿ ਬਖਸੇ ਅਵਗੁਣਿਆਰੇ॥ ਸਤਿਗੁਰੁ ਪੂਰਾ ਵੈਦੁ ਹੈ; ਪੰਜੇ ਰੋਗ ਅਸਾਧ ਨਿਵਾਰੇ॥ ਸੁਖ ਸਾਗਰੁ ਗੁਰੁਦੇਉ ਹੈ; ਸੁਖ ਦੇ ਮੇਲਿ ਲਏ ਦੁਖਿਆਰੇ॥ ਗੁਰ ਪੂਰਾ ਨਿਰਵੈਰੁ ਹੈ; ਨਿੰਦਕ ਦੋਖੀ ਬੇਮੁਖ ਤਾਰੇ॥ ਗੁਰੁ ਪੂਰਾ ਨਿਰਭਉ ਸਦਾ; ਜਨਮ ਮਰਣ ਜਮ ਡਰੈ ਉਤਾਰੇ॥ ਸਤਿਗੁਰੁ ਪੁਰਖੁ ਸੁਜਾਣੁ ਹੈ; ਵਡੇ ਅਜਾਣ ਮੁਗਧ ਨਿਸਤਾਰੇ॥ ਸਤਿਗੁਰੁ ਆਗੂ ਜਾਣੀਐ; ਬਾਹ ਪਕੜਿ ਅੰਧਲੇ ਉਧਾਰੇ॥ ਮਾਣੁ ਨਿਮਾਣੇ ਸਦ ਬਲਿਹਾਰੇ॥੧੯॥ (ਵਾਰ ੨੬)

ਪਰਾ ਪੂਰਬਲੀ ਭਾਵਨੀ; ਪਰਗਟੁ ਹੋਈ ਆਇ॥੨੦੭॥ ਜਦੋਂ ਸਾਨੂੰ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਨਰਕ ਔਗੁਣਾ ਦੋਸ਼ਾਂ ਵਿਕਾਰਾਂ ਦੀ ਘਾਣੀ 'ਚ ਪੀੜੀਂਦਿਆਂ ਨੂੰ ਛੁਡਾਇਆ, ਮਹਾਰਾਜ ਜੀ ਨੇ ਆਪਣੇ ਅਸੰਖ ਪ੍ਰਕਾਸ਼ ਸਰੂਪ ਨਿਰਗੁਨ ਬ੍ਰਹਮ ਜੀ 'ਚ ਲੀਣਤਾ ਸਹਿਤ ਸੁੰਦਰ ਦਰਸ਼ਨ ਬਖ਼ਸ਼ੇ। ਯਥਾ:- ਦਰਸਨੁ ਦੇਖਤ; ਦੋਖ ਨਸੇ॥) ਸਤਿਗੁਰ ਦਰਸਨਿ; ਅਗਨਿ ਨਿਵਾਰੀ॥ ਸਤਿਗੁਰ ਭੇਟਤ; ਹਉਮੈ ਮਾਰੀ॥) ਦਰਸਨ ਦੇਖਤ ਹੀ. ਸੁਧਿ ਕੀ

Sri Satguru Jagjit Singh Ji eLibrary NamdhariElibrary@gmail.com

ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ. ਮਤਿ ਮੈ ਨ ਮਤਿ ਹੈ। ਪੂਰਨ ਗੁਰੂ ਜੀ ਦੇ ਸੁੰਦਰ ਦਰਸ਼ਨਾਂ ਦੀ (ਪੂਰਬਲੀ)ਪਹਿਲੀ ਝਲਕ ਨਾਲ, (ਪਰਾ)ਵਾਹਿਗੁਰੂ ਜੀ ਦੀ ਜੋਤਿ ਅਤੇ ਗੁਰੂ ਜੀ 'ਤੇ, ਅਥਾਹ ਸ਼ਰਧਾ ਭਾਵਨੀ (ਆਇ)ਆ ਕੇ ਪਰਗਟੁ ਹੋਈ॥੨੦੭॥ ਯਥਾ:- ਰਾਮ. ਹਮ; ਸਤਿਗੁਰ ਪਾਰਬ੍ਰਹਮ ਕਰਿ ਮਾਨੇ॥) ਗੁਰ ਕੀ ਰੇਣੁ; ਨਿਤ ਮਜਨੁ ਕਰਉ॥ ਜਨਮ ਜਨਮ ਕੀ; ਹਉਮੈ ਮਲੁ ਹਰਉ॥) ਸਤਿਗੁਰ ਕੇ ਚਰਨ; ਧੋਇ ਧੋਇ ਪੀਵਾ॥ ਗੁਰ ਨਾਨਕ; ਜਪਿ ਜਪਿ ਸਦ ਜੀਵਾ॥) ਗੁਰ ਕਉ ਕੁਰਬਾਨੁ ਜਾਉ ਹਾਂ॥) ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥) ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥) ਸੁਤਿਆ. ਗੁਰੁ ਸਾਲਾਹੀਐ; ਉਠਦਿਆ ਭੀ. ਗੁਰੁ ਆਲਾਉ॥ ਕੋਈ. ਐਸਾ ਗੁਰਮੁਖਿ ਜੇ ਮਿਲੈ; ਹਉ. ਤਾ ਕੇ ਧੋਵਾ ਪਾਉ॥

ਕਬੀਰ. ਟਾਲੈ ਟੋਲੈ, ਦਿਨੁ ਗਇਆ; ਬਿਆਜੁ ਬਢੰਤਉ ਜਾਇ॥ ਨਾ ਹਰਿ ਭਜਿਓ. ਨ ਖਤੁ ਫਟਿਓ; ਕਾਲੁ ਪਹੂੰਚੋ ਆਇ॥੨੦੮॥ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥) ਅਸੰਖ ਮੂਰਖ ਅੰਧ ਘੋਰ॥ ਅਸੰਖ ਚੋਰ ਹਰਾਮਖੋਰ॥ ਅਸੰਖ ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਪਿਛਲੇ ਕੋੜਾਂ ਜਨਮਾਂ ਦੇ ਪਾਪਾਂ ਕਾਰਨ, ਮਨੁੱਖਾ ਜਨਮ 'ਚ ਆ ਕੇ, ਕਤਲ ਕਰਕੇ, ਝੂਠ ਬੋਲ ਕੇ (ਟਾਲੈ)ਟਾਲਮ (ਟੋਲੈ)ਟੋਲੇ ਕਰਦਿਆਂ, ਹੀਲੇ ਬਹਾਨੇ ਲਾਉਂਦਿਆਂ, ਨਸ਼ਿਆਂ ਵਿਭਚਾਰ 'ਚ, ਉਮਰ ਰੂਪੀ ਦਿਨੁ ਚਲਿਆ ਗਇਆ। ਜਨਮਾਂ ੨ ਦੇ ਕੀਤੇ ਪਾਪ ਜਮ੍ਹਾਂ ਹਨ, ਹੁਣ ਫੇਰ ਮਨੁਖਾ ਜਨਮ 'ਚ ਆ ਕੇ, ਪਾਪ ਕਰ ਰਿਹਾ ਹੈ। ਜਿਵੇਂ ਧਨ ਤੇ ਹੋਰ ਵਿਆਜ ਵਧਦਾ ਜਾਂਦਾ ਹੈ, ਇਸ ਤਰ੍ਹਾਂ ਮੂਲ ਭੀ ਜਨਮਾਂ ੨ ਦੇ ਪਾਪ ਹਨ, ਉਨ੍ਹਾਂ ਤੇ ਹੁਣ ਪਾਪ ਰੂਪ ਬਿਆਜੁ (ਬਢੰਤਉ)ਵਧਦਾ (ਜਾਇ)ਜਾ ਰਿਹਾ ਹੈ।

ਨਾ ਹਰਿ ਭਜਿਓ. ਨ ਖਤੁ ਫਟਿਓ; ਕਾਲੁ ਪਹੂੰਚੋ ਆਇ॥੨੦੮॥ ਲਖ ਚਉਰਾਸੀਹ. ਭ੍ਰਮਤੇ ਭ੍ਰਮਤੇ; ਦੁਲਭ ਜਨਮੁ. ਅਬ ਪਾਇਓ॥ ਅਨੁਸਾਰ ਦੁਲੱਭ ਮਨੁਖਾ ਜਨਮੁ ਨੂੰ ਪ੍ਰਾਪਤ ਹੋ ਕੇ, ਪਾਪ ਕਰਮ ਕਰਦਿਆਂ ਟਾਲੇ ਟੋਲੇ ਕਰਦਿਆਂ ਉਮਰ ਰੂਪੀ ਦਿਨ ਚਲਿਆ ਗਿਆ, ਜਦੋਂ ਪੁੱਠੇ ਪਾਸੇ ਵਿਸ਼ੇ ਵਿਕਾਰਾਂ ਮੰਦ ਕਰਮਾਂ 'ਚ ਲੱਗਿਆ ਹੈ। ਨਾ ਤਾਂ ਇਸ ਨੇ (ਹਰਿ)ਵਾਹਿਗੁਰੂ ਅਕਾਲ ਪੁਰਖ ਜੀ ਦਾ (ਭਜਿਓ)ਭਜਨ ਕੀਤਾ, ਬਧੇ ਬਿਕਾਰ ਲਿਖੇ ਬਹੁ ਕਾਗਰ॥ ਅਨੁਸਾਰ ਪਿਛਲੇ ਜਨਮਾਂ ਦਾ ਪਾਪ ਕਰਮਾਂ ਦੇ (ਖਤੁ)ਪੱਤ੍ਰ ਨ (ਫਟਿਓ)ਫਟਿਆ। (ਆਇ)ਆ ਕੇ ਸਿਰ 'ਤੇ ਕਾਲੁ (ਪਹੂੰਚੋ)ਪਹੁੰਚ ਗਿਆ॥੨੦੮॥ ਜਿਵੇਂ ਬਾਬੇ ਮਹਾਂ ਸਿੰਘ ਜੀ ਨੇ ਬੇਅੰਤ ਹੀ ਫੱਟ ਸਹਾਰੇ, ਜਿਨ੍ਹਾਂ ਨੂੰ ਦੇਖ ਕੇ, ਧੰਨ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਵੈਰਾਗ ਕੀਤਾ। ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੇ ਉਨ੍ਹਾਂ ਦੇ ਸਾਹਮਣੇ ਬਿਦਾਵਾ ਪਾੜ ਦਿਤਾ। ਉਨ੍ਹਾਂ ਦਾ ਖਤ ਫਟ ਗਿਆ। ਯਥਾ:- ਧਰਮਰਾਇ ਦਰਿ. ਕਾਗਦ ਫਾਰੇ; ਜਨ ਨਾਨਕ. ਲੇਖਾ ਸਮਝਾ॥

ਮਹਲਾ ੫॥ ਕਬੀਰ. ਕੂਕਰੁ ਭਉਕਨਾ; ਕਰੰਗ ਪਿਛੈ ਉਠਿ ਧਾਇ॥ ਕਰਮੀ ਸਤਿਗੁਰੁ ਪਾਇਆ; ਜਿਨਿ. ਹਉ ਲੀਆ ਛਡਾਇ॥੨੦੯॥ ਮਹੱਲੇ ਪਹਿਲੇ ਜੀ ਦੇ (੫)ਪੰਜਵੇਂ (ਮਹਲਾ) ਸਰੂਪ, ਧੰਨ ਗੁਰੂ ਅਰਜਨ ਦੇਵ ਸਾਹਿਬ ਜੀ, ਕਬੀਰ ਸਾਹਿਬ ਜੀ ਨੂੰ ਸਿਰੋਪਾ ਬਖ਼ਸ਼ਦੇ ਹਨ:- ਹੇ ਕਬੀਰ ਸਾਹਿਬ ਜੀ! ਕਲਜੁੱਗੀ ਜੀਵ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵੈਰ ਵਿਕਾਰ ਨਿੰਦਿਆ ਚੁਗ਼ਲੀ ਵਿਸ਼ੇ ਵਿਕਾਰਾਂ ਦੇ ਗਾਣੇ (ਭਉਕਨਾ)ਭਉਕਣ ਵਾਲਾ ਕੂਕਰੁ ਹੈ, ਪਰ ਇਸਤ੍ਰ ਰੂਪੀ ਕਰੰਗ ਪਿਛੈ, ਉਠਿ ਕੇ (ਧਾਇ)ਦੌੜਦਾ ਹੈ। ਯਥਾ:- ਸਉ ਓਲਾਮ੍ਹੇ. ਦਿਨੈ ਕੇ;

Sri Satguru Jagjit Singh Ji eLibrary NamdhariElibrary@gmail.com

ਰਾਤੀ ਮਿਲਨ੍ਹਿ ਸਹੰਸ॥ ਸਿਫਤਿ ਸਲਾਹਣੁ. ਛਡਿ ਕੈ; ਕਰੰਗੀ ਲਗਾ ਹੰਸੁ॥ ਕਰੰਗ ਚੁੰਡਣ ਵਾਂਗ ਪਰ ਇਸਤ੍ਰੀ ਨਾਲ ਮੰਦ ਕਰਮ ਕਰਦਾ ਹੈ। ਵਿਸ਼ੇ ਵਿਕਾਰ ਦੀਆਂ ਕੌੜੀਆਂ ਗੱਲਾਂ ਕਰਕੇ, ਦੂਜਿਆਂ ਨੂੰ ਕੱਟਦਾ ਹੈ। ਯਥਾ:- ਅੰਤਰਿ ਲੋਭੁ ਭਉਕੈ ਜਿਸੁ ਕੁਤਾ॥) ਏਕੁ ਸੁਆਨੁ ਦੁਇ ਸੁਆਨੀ ਨਾਲਿ॥ ਭਲਕੇ ਭਉਕਹਿ ਸਦਾ ਬਇਆਲਿ॥ ਜਦੋਂ ਕਦੋਂ ਵਿਸ਼ੇ ਦੀ ਗੱਲ ਕਰਕੇ ਹੱਸਦਾ ਹੈ, ਮਾਨੋ ਕੁੱਤਾ ਦੰਦੀਆਂ ਚਿੜਾ ਰਿਹਾ ਹੈ। ਜਿਵੇਂ ਕੁੱਤਾ ਉਤਾਂਹ ਨੂੰ ਮੂੰਹ ਕਰਕੇ, ਭਉਂਕਦਾ ਹੈ, ਤਿਵੇਂ ਬ੍ਰਹਮ ਲੋਕ ਸੁਰਗ ਲੋਕ ਦੀ ਇੱਛਾ ਕਰਕੇ ਭਉਕਣਾ ਕਰਦਾ ਹੈ।

ਕਰਮੀ ਸਤਿਗੁਰੁ ਪਾਇਆ; ਜਿਨਿ. ਹਉ ਲੀਆ ਛਡਾਇ॥੨੦੯॥ ਦਾਸਨ ਦਾਸ ਗ੍ਰੀਬ ਨੇ (ਕਰਮੀ)ਮਿਹਰਵਾਨਗੀ ਕਰਨ ਵਾਲੇ, ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਸਤਿਗੁਰੁ ਸਾਹਿਬ ਜੀ (ਪਾਇਆ)ਪਾਏ ਹਨ। ਯਥਾ:- ਕਸੇ ਕੋ ਦੀਦ ਦੀਦਾਰੇ ਮੁਕੱਦਸ। ਮੁਰਾਦੇ ਉਮਰ ਰਾ ਹਾਸਿਲ ਨਿਕੋ ਕਰਦ॥੬॥ ਜਿਨਾਂ ਲੇਖ ਧੁਰੇ ਦੇ ਜਾਗਣ ਦਰਸ ਗੁਰਾਂ ਦੇ ਪਾਂਦੇ ਓਹ। ਸਫਲ ਜਨਮ ਹੋ ਗਿਆ ਤਿਨ੍ਹਾਂ ਦਾ ਬਾਕੀ ਲੇਸ ਨ ਰਾਈ ਏ। (ਜਿਨਿ)ਜਿਨ੍ਹਾਂ ਨੇ ਮਹਾਂ ਮਹਾਂ ਵਿਸਮਾਦ ਕ੍ਰਿਪਾ ਕਰਕੇ, (ਹਉ)ਦਾਸਨ ਦਾਸ ਗ੍ਰੀਬ ਨੂੰ ਇਨ੍ਹਾਂ ਦੋਸ਼ਾਂ ਤੋਂ ਛਡਾਇ ਲੀਆ ਹੈ॥੨੦੯॥ ਯਥਾ:- ਸਤਿਗੁਰ; ਕੀਨੋ ਪਰਉਪਕਾਰੁ॥ ਕਾਢਿ ਲੀਨ; ਸਾਗਰ ਸੰਸਾਰ॥) ਸਤਿਗੁਰੁ ਮੇਰਾ ਸਦਾ ਦਇਆਲਾ; ਮੋਹਿ ਦੀਨ ਕਉ ਰਾਖਿ ਲੀਆ॥) ਗ੍ਰੀਬੀ ਦੀ ਹੱਦ ਜਣਾਈ ਹੈ ਭਾਵ ਇਨ੍ਹਾਂ ਦੋਸ਼ਾਂ ਤੋਂ ਬਚਣਾ ਜੀਵ ਦਾ ਆਪਣਾ ਕੋਈ ਚਾਰਾ ਨਹੀਂ ਹੈ। ਯਥਾ:- ਜਿਸੁ ਠਾਕੁਰ ਸਿਉ; ਨਾਹੀ ਚਾਰਾ॥ ਤਾ ਕਉ ਕੀਜੈ; ਸਦ ਨਮਸਕਾਰਾ॥ ਗੁਰ ਪੂਰੇ ਜੀ ਨੂੰ ਹਰ ਵੇਲੇ ਨਮਸਕਾਰ ਕਰਨੀ ਹੈ। ਸਤਿਗੁਰੂ ਸਾਹਿਬ ਜੀ ਦੇ ਅੱਗੇ ਬਾਂਹ ਖੜ੍ਹੀ ਕਰਕੇ ਪੁਕਾਰ ਕਰਨੀ ਹੈ। ਯਥਾ:- ਊਪਰਿ ਭੁਜਾ ਕਰਿ, ਮੈ. ਗੁਰ ਪਹਿ ਪੁਕਾਰਿਆ; ਤਿਨਿ. ਹਉ ਲੀਆ ਉਬਾਰੀ॥ ਇਸ ਲਈ ਆਪ ਨਹੀਂ ਕੁੱਝ ਬਣਨਾ, ਮਹਾਰਾਜ ਸਾਹਿਬ ਜੀ ਦੀ ਕ੍ਰਿਪਾ ਹੁੰਦੀ ਹੈ। ਹੁਣ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਇਨ੍ਹਾਂ ਦੋਸ਼ਾਂ ਤੋਂ ਕੱਢ ਰਹੇ ਹਨ।

ਮਹਲਾ ੫॥ ਕਬੀਰ ਧਰਤੀ ਸਾਧ ਕੀ; ਤਸਕਰ ਬੈਸਹਿ ਗਾਹਿ॥ ਧਰਤੀ. ਭਾਰਿ ਨ ਬਿਆਪਈ; ਉਨ ਕਉ ਲਾਹੂ ਲਾਹਿ॥੨੧੦॥ ੧:- ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਰਾਮਕਲੀ ਦੀ ਦੂਜੀ ਵਾਰ ਅੰਗ ੯੬੫ 'ਤੇ, ਆਪਣੇ ਵੀਹਵੇਂ ਸਲੋਕ ਦੇ ਅਰੰਭ 'ਚ ਇਹ ਸਲੋਕ, ਭਾਈ ਗੁਰਦਾਸ ਸਾਹਿਬ ਜੀ ਤੋਂ ਲਿਖਾਇਆ। ਪਰਮਪੂਜਨੀਕ ਮਹੱਲੇ ੧ ਜੀ ਦੇ (੫)ਪੰਜਵੇਂ (ਮਹਲਾ)ਸਰੂਪ, ਸੱਚੇ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਕਬੀਰ ਸਾਹਿਬ ਨੂੰ ਸਿਰੋਪਾਉ ਬਖ਼ਸ਼ਿਸ਼ ਕਰਦੇ ਹਨ, ਜਿਨ੍ਹਾਂ ਨੂੰ ਸਿਰੋਪਾਉ ਬਖ਼ਸ਼ਿਆ ਜਾਵੇ, ਉਹ ਉਨ੍ਹਾਂ ਦਾ ਹੀ ਹੋ ਜਾਂਦਾ ਹੈ, ਇਸ ਲਈ ਅਰੰਭ 'ਚ ਪੂਰਨ ਭਗਤ ਜੀ ਦਾ ਨਾਮ ਲਿਖਾ ਰਹੇ ਹਨ। ਹੇ ਵਾਹਿਗੁਰੂ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ! ਦਾਸਨਦਾਸ ਕੁਕਰ ਦੀ (ਧਰਤੀ)ਦੇਹ, ਬੁੱਧੀ (ਸਾਧ)ਅਕਾਲਪੁਰਖੁ ਜੀ (ਕੀ)ਦੀ ਹੈ, ਭਾਵ ਅਕਾਲ ਪੁਰਖੁ ਜੀ ਨੂੰ ਅਰਪ ਦਿਤੀ ਹੈ। ਦਾਸਨਦਾਸ ਪੰਜ ਵਿਕਾਰਾਂ (ਤਸਕਰ)ਚੋਰਾਂ ਨੂੰ (ਗਾਹਿ)ਦਬਾ ਕੇ, ਅਕਾਲ ਪੁਰਖੁ ਜੀ ਦੇ ਸੱਚੇ ਪਾਕ ਚਰਨ- ਕਮਲਾਂ 'ਚ, ਗੁਰਪ੍ਰਸਾਦਿ (ਬੈਸਹਿ)ਬੈਠ ਰਿਹਾ ਹੈ। ਯਥਾ:- ਪੰਚ ਮਾਰਿ; ਪਾਵਾ ਤਲਿ ਦੀਨੇ॥ ਹਰਿ ਸਿਮਰਨਿ; ਮੇਰਾ ਮਨੁ ਤਨੁ ਭੀਨੇ॥ (ਧਰਤੀ)ਦੇਹ, ਬੁੱਧੀ ਨੂੰ ਵਿਕਾਰਾਂ ਦਾ ਭਾਰਿ (ਨ)ਨਹੀਂ (ਬਿਆਪਈ)ਵਿਆਪਦਾ, ਕਿਉਂ ਜੋ ਅਕਾਲਪੁਰਖੁ ਜੀ ਨੇ (ਉਨ)ਉਨ੍ਹਾਂ ਵਿਸ਼ੇ ਵਿਕਾਰਾਂ (ਕਉ)ਨੂੰ (ਲਾਹੂ)ਲਾਹੁਣ ਵਾਲੇ ਹੋ ਕੇ, ਲਾਹਿ ਦਿਤਾ ਹੈ॥੨੧੦॥

ਮਹਲਾ ੫॥ ਕਬੀਰ. ਧਰਤੀ ਸਾਧ ਕੀ; ਤਸਕਰ ਬੈਸਹਿ ਗਾਹਿ॥ ਧਰਤੀ. ਭਾਰਿ ਨ ਬਿਆਪਈ; ਉਨ ਕਉ ਲਾਹੂ ਲਾਹਿ॥੨੧੦॥੨:- ਤੇ ਤਸਕਰ. ਜੋ ਨਾਮੁ ਨ ਲੇਵਹਿ; ਵਾਸਹਿ ਕੋਟ ਪੰਚਾਸਾ॥) ਨਾਮੁ ਦੁਰਾਇ ਚਲੈ; ਸੋ ਚੋਰੁ॥) ਜਿਹੜੇ ਨਾਮ ਨਹੀਂ ਜਪਦੇ, ਉਹ (ਤਸਕਰ)ਚੋਰ, ਸਭ ਤੋਂ (ਕਬੀਰ)ਵੱਡੇ (ਸਾਧ)ਅਕਾਲ ਪੁਰਖ

Sri Satguru Jagjit Singh Ji eLibrary NamdhariElibrary@gmail.com

ਵਾਹਿਗੁਰੂ ਜੀ (ਕੀ)ਦੀ ਧਰਤੀ ਨੂੰ (ਗਾਹਿ)ਦਬਾ ਕੇ (ਬੈਸਹਿ)ਬੈਠ ਗਏ ਹਨ। ਅਕਾਲ ਪੁਰਖ ਜੀ ਨੇ ਗੁਰੂ ਅਵਤਾਰ 'ਚ ਪ੍ਰਗਟ ਹੋ ਕੇ, ਡਾਕੂ ਧਾੜਵੀ ਅਕ੍ਰਿਤਘਣ ਨੂੰ ਅੰਮ੍ਰਿਤ ਕਥਾ ਕੀਰਤਨ ਸ਼ੁਭ ਉਪਦੇਸ਼ ਸੁਣਾ ਕੇ, ਵਰ ਦੇ ਕੇ ਪੂਰਨ ਸੰਤ ਬਣਾ ਦਿਤੇ। ਹੁਣ ਧਰਤੀ ਨੂੰ ਉਨ੍ਹਾਂ ਦਾ ਭਾਰਿ (ਨ)ਨਹੀਂ (ਬਿਆਪਈ)ਵਿਆਪਦਾ, (ਉਨ)ਉਨ੍ਹਾਂ (ਕਉ)ਨੂੰ ਭੀ (ਲਾਹੂ)ਲਾਹਾ ਹੀ (ਲਾਹਿ)ਲਾਹਾ ਹੋ ਗਿਆ॥੨੧੦॥

ਮਹਲਾ ੫॥ ਕਬੀਰ. ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥੩:- ਹੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀਓ! ਸ੍ਰੀ ਨਨਕਾਣਾ ਸਾਹਿਬ ਜੀ, ਸਾਧ ਸਾਧ ਰੂਪ; ਅਪਨਾ ਤਨੁ ਧਾਰਿਆ॥) ਧੰਨ ਗੁਰੂ ਨਾਨਕ ਦੇਵ ਸਾਹਿਬ ਜੀ (ਕੀ)ਦੀ ਧਰਤੀ ਨੂੰ (ਤਸਕਰ)ਮੰਦ ਕਰਮੀ ਦੁਸ਼ਟ ਹੰਕਾਰੀ ਨਰੈਣੂ ਹੋਰ ਗੁੰਡੇ (ਗਾਹਿ)ਦਬਾ ਕੇ (ਬੈਸਹਿ)ਬੈਠ ਗਏ।

ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥ ਬਾਬਾ ਲਛਮਣ ਸਿੰਘ ਜੀ ਤੇ ਬਾਬਾ ਕਰਮ ਸਿੰਘ ਜੀ ਦੇ ਜੱਥੇ, ਗੁਰਮੁਖਾਂ ਮਹਾਂਪੁਰਸ਼ਾਂ ਨੇ ਆਪਣੇ ਅੰਗ ੨ ਕਟਾਏ, ਗੰਡਾਸੀਆਂ ਨਾਲ ਵੱਢੇ ਗਏ, ਤੇਲ ਪਾ ਕੇ ਸਾੜੇ ਗਏ, ਜੰਡਾਂ ਨਾਲ ਪੁੱਠੇ ਲਟਕਾ ਕੇ ਸਾੜੇ ਗਏ, ਸ਼ਹੀਦੀਆਂ ਹੀ ਸ਼ਹੀਦੀਆਂ ਦਿਤੀਆਂ, (ਉਨ)ਉਨ੍ਹਾਂ ਦੁਸ਼ਟਾਂ (ਕਉ)ਨੂੰ (ਲਾਹੂ)ਲਾਹੁਣ ਵਾਲੇ ਹੋ ਕੇ ਲਾਹਿ ਦਿਤਾ, ਸ੍ਰੀ ਨਨਕਾਣਾ ਸਾਹਿਬ ਜੀ ਦੀ ਧਰਤੀ ਅਜ਼ਾਦ ਕਰਾ ਦਿਤੀ। ਅੰਗਰੇਜ਼ਾਂ ਨੇ ਚਾਬੀਆਂ ਸਿੰਘਾਂ ਨੂੰ ਦੇ ਦਿਤੀਆਂ, ਧਰਤੀ ਨੂੰ ਹੁਣ ਉਨ੍ਹਾਂ ਦਾ ਭਾਰਿ (ਨ)ਨਹੀਂ (ਬਿਆਪਈ)ਲੱਗਦਾ, ਧਰਤੀ ਸੁਤੰਤ੍ਰ ਕਰਾ ਲਈ।

ਮਹਲਾ ੫॥ ਕਬੀਰ. ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ॥ ਧਰਤੀ ਭਾਰਿ ਨ ਬਿਆਪਈ ਉਨ ਕਉ ਲਾਹੂ ਲਾਹਿ॥੨੧੦॥੪:- ਵਾਹਿਗੁਰੂ ਸਤਿਗੁਰੂ ਨਾਨਕ ਦੇਵ ਜੀ ਦੇ (ਪ)ਪੰਜਵੇਂ (ਮਹਲਾ)ਸਰੂਪ ਧੰਨ ਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਕਬੀਰ ਸਾਹਿਬ ਨੂੰ ਸਿਰੋਪਾਉ ਬਖ਼ਸ਼ਿਸ਼ ਕਰਦੇ ਹਨ:- ਹੇ ਸ਼੍ਰੋਮਣੀ ਭਗਤ ਕਬੀਰ ਸਾਹਿਬ ਜੀ! ਦਾਸਨ ਦਾਸ ਦੀ (ਧਰਤੀ)ਦੇਹੀ (ਧਰਤੀ)ਬੁੱਧੀ, ਜਾਇਦਾਦ, ਸਾਧ ਰੂਪ; ਅਪਨਾ ਤਨੁ ਧਾਰਿਆ॥ ਅਨੁਸਾਰ, (ਸਾਧ)ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ (ਕੀ)ਦੀ ਹੈ, ਭਾਵ ਸਤਿਗੁਰੂ ਸਾਹਿਬ ਜੀ ਨੂੰ ਸਭ ਕੁੱਝ ਸਮਰਪਣ ਕੀਤਾ ਹੈ, ਸਤਿਗੁਰੂ ਮਹਾਰਾਜ ਸਾਹਿਬ ਦਾ ਐਸਾ ਪ੍ਰਤਾਪ ਹੋਇਆ, (ਸਾਧ)ਸਤਿਗੁਰੂ ਮਹਾਰਾਜ ਸਾਹਿਬ ਜੀ, (ਤਸਕਰ)ਕਾਮ ਕ੍ਰੋਧ ਲੋਭ ਮੋਹ ਹੰਕਾਰ ਨੂੰ (ਗਾਹਿ)ਦਬਾ ਕੇ, ਦਾਸਨ ਦਾਸ ਦੀ ਦੇਹੀ ਬੁੱਧੀ ਰੂਪੀ ਧਰਤੀ 'ਚ (ਬੈਸਹਿ)ਬੈਠ ਗਏ ਹਨ, ਲੂੰ ੨ 'ਚ ਵਸ ਗਏ ਹਨ, ਇਸ ਲਈ ਹੁਣ ਇਹ ਬੁੱਧੀ ਰੂਪੀ ਧਰਤੀ ਅਥਵਾ ਗੁਰੂ ਘਰ ਦੀ ਧਰਤੀ ਨੂੰ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰਾਂ ਚੋਰਾਂ ਦਾ ਭਾਰਿ (ਨ)ਨਹੀਂ (ਬਿਆਪਈ)ਲੱਗੇਗਾ, ਕਿਉਂ ਜੋ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ (ਉਨ)ਉਨ੍ਹਾਂ ਚੋਰਾਂ (ਕਉ)ਨੂੰ (ਲਾਹੂ)ਲਾਹੁਣ ਵਾਲੇ ਹੋ ਕੇ (ਲਾਹਿ)ਲਾਹ ਦਿਤਾ ਹੈ॥੨੧੦॥ ਇਹ ਸਭ ਸਤਿਗੁਰੂ ਮਹਾਰਾਜ ਸਾਹਿਬ ਜੀ ਦਾ ਪ੍ਰਤਾਪ ਹੈ।

ਮਹਲਾ ੫॥ ਕਬੀਰ. ਧਰਤੀ ਸਾਧ ਕੀ; ਤਸਕਰ ਬੈਸਹਿ ਗਾਹਿ॥ ਧਰਤੀ. ਭਾਰਿ ਨ ਬਿਆਪਈ; ਉਨ ਕਉ. ਲਾਹੂ ਲਾਹਿ॥੨੧੦॥੫:- ਵਾਹਿਗੁਰੂ ਸ਼ਾਂਤੀ ਦੇ ਦਾਤੇ ਖੰਡ ਬ੍ਰਹਮੰਡ ਦੇ ਉਧਾਰਨਹਾਰ ਅਕਾਲ ਪੁਰਖ ਦੀ ਇੱਕ ਲਿਵ 'ਚ ਉੱਬਲਦੀ ਦੇਗ 'ਚ ਬੈਠੇ ਗੁਰਬਾਣੀ ਜੀ ਬਖ਼ਸ਼ ਰਹੇ ਹਨ, ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (ਪ)ਪੰਜਵੇਂ (ਮਹਲਾ)ਸਰੂਪ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਭਗਤ ਕਬੀਰ ਸਾਹਿਬ ਗੁਰਮੁਖ ਪਿਆਰੇ ਜੀਓ! ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥) ਰੋਮ ਰੋਮ. ਕੋਟਿ ਬ੍ਰਹਮਾਂਡ ਕੋ ਨਿਵਾਸ ਜਾਸੁ; ਮਾਨਸ ਔਤਾਰ ਧਾਰਿ, ਦਰਸੁ ਦਿਖਾਏ ਹੈ॥ (ਕਬਿਤ ੩੫) ਸਾਧ ਰੂਪ;

Sri Satguru Jagjit Singh Ji eLibrary NamdhariElibrary@gmail.com

ਅਪਨਾ ਤਨੁ ਧਾਰਿਆ॥) ਸਾਧ ਕੀ ਸੋਭਾ; ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥) ਇਹ ਧਰਤੀ (ਸਾਧ)ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ (ਕੀ)ਦੀ ਹੈ। ਇਸ ਨੂੰ ਭੂਮੀਆ ਚੋਰ ਲਾਜਵਰਦ ਦੇਵਲੂਤ ਸੱਜਣ ਠੱਗ ਕੌਡਾ ਰਾਖ਼ਸ਼ ਆਦਿ (ਤਸਕਰ)ਚੋਰ (ਗਾਹਿ)ਦਬਾ ਕੇ (ਬੈਸਹਿ)ਬੈਠੇ ਸਨ। ਇਨ੍ਹਾਂ ਦਾ ਧਰਤੀ ਨੂੰ ਭਾਰਿ (ਨ)ਨਹੀਂ (ਬਿਆਪਈ)ਲੱਗੇਗਾ, ਕਿਉਂ ਜੋ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਮਹਾਰਾਜ ਨੇ ਆਪਣੀ, ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਅਨੁਸਾਰ ਅਮੋਲਕ ਰਸਨਾ ਦੁਆਰਾ ਕੀਰਤਨ ਗੁਰਸ਼ਬਦ ਵਿਚਾਰ ਸੁਣਾ ਕੇ, ਇਨ੍ਹਾਂ ਰਾਖ਼ਸ਼ਾਂ ਚੋਰਾਂ ਨੂੰ (ਲਾਹੂ)ਲਾਹੁਣ ਵਾਲੇ ਹੋ ਕੇ (ਲਾਹਿ)ਲਾਹ ਦਿਤਾ, ਅਥਵਾ ਗੁਰਮੁਖ ਬਣਾ ਦਿਤਾ। ਯਥਾ:- ਸਤਿਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ॥) ਪਸੂ ਪਰੇਤ ਮੁਗਧ ਕਉ ਤਾਰੇ; ਪਾਹਨ ਪਾਰਿ ਉਤਾਰੈ॥ ਨਾਨਕ ਦਾਸ ਤੇਰੀ ਸਰਣਾਈ; ਸਦਾ ਸਦਾ ਬਲਿਹਾਰੈ॥) ਪਸ਼ੂਆਂ ਪਰੇਤਾਂ ਮੁਗਧਾਂ ਪੱਥਰਾਂ ਨੂੰ ਮਹਾਰਾਜ ਸਾਹਿਬ ਜੀ ਨੇ ਤਾਰ ਦਿਤਾ, ਗੁਰਮੁਖ ਬਣਾ ਦਿਤਾ। ਹੁਣ ਧਰਤੀ ਨੂੰ ਇਨ੍ਹਾਂ ਦਾ ਭਾਰਿ ਨਹੀਂ (ਬਿਆਪਈ)ਲੱਗੇਗਾ, ਗੁਰਬਾਣੀ ਬਖ਼ਸ਼ ਕੇ ਮਹਾਰਾਜ ਸਾਹਿਬ ਜੀ ਨੇ ਪਾਪਾਂ ਦੇ ਭਾਰ ਲਾਹ ਦਿਤੇ ਹਨ, ਜਿਹੜੇ ਚੋਰ ਡਾਕੂ ਆਦਮਖੋਰ ਜੀਆਂ ਨੂੰ ਮਾਰਦੇ ਕੋਂਹਦੇ ਵੱਢਦੇ ਟੁੱਕਦੇ ਖੋਂਹਦੇ ਕਤਲ ਕਰਦੇ ਸਨ, (ਉਨ)ਉਨ੍ਹਾਂ (ਕੋ)ਨੂੰ ਭੀ (ਲਾਹੂ ਲਾਹਿ)ਲਾਹੇ ਹੀ ਲਾਹੇ ਬਣ ਗਏ, ਕਿਉਂਕਿ ਉਹੀ ਉਲਟ ਕੇ ਸੰਤ ਬਣ ਗਏ, ਧਰਤੀ ਨੂੰ ਸਵਾਰਨ ਲੱਗ ਗਏ, ਆਪ ਬੰਦਗੀ ਕਰਨ ਲੱਗੇ, ਹੋਰਨਾ ਨੂੰ ਬੰਦਗੀ 'ਚ ਲਾਉਣ ਲੱਗੇ।

ਛੇਵਾਂ ਅਰਥ:- ਹੇ ਗੁਰਮੁਖ ਪਿਆਰੇ ਭਗਤ ਕਬੀਰ ਸਾਹਿਬ ਜੀਓ! (ਸਾਧ) ਸਾਧ ਰੂਪ; ਅਪਨਾ ਤਨੁ ਧਾਰਿਆ॥) ਸਾਧ ਕੀ ਸੋਭਾ; ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥) ਸਤਿਗੁਰੂ ਨਾਨਕ ਦੇਵ ਸਾਹਿਬ ਜੀ (ਕੀ)ਦੀ (ਧਰਤੀ)ਸਾਧਸੰਗਤ ਹੈ। ਯਥਾ:- ਸਤਿਗੁਰੁ ਧਰਤੀ ਧਰਮ ਹੈ; ਤਿਸੁ ਵਿਚਿ ਜੇਹਾ ਕੋ ਬੀਜੇ, ਤੇਹਾ ਫਲੁ ਪਾਏ॥ ਗੁਰਸਿਖੀ ਅੰਮ੍ਰਿਤੁ ਬੀਜਿਆ; ਤਿਨ ਅੰਮ੍ਰਿਤ ਫਲੁ ਹਰਿ ਪਾਏ॥) ਕਹੁ ਕਬੀਰ; ਇਹ ਕਹੀਐ ਕਾਹਿ॥ ਸਾਧਸੰਗਤਿ. ਬੈਕੁੰਠੈ ਆਹਿ॥) ਸਾਧ ਸੰਗਤਿ ਅਸਥਾਨ; ਜਗਮਗ ਨੂਰ ਹੈ। ਲਖ ਲਖ ਸਸੀਅਰ ਭਾਨੁ; ਕਿਰਨ ਠਰੂਰ ਹੈ।) ਸੰਗਤਿ ਕਾ ਗੁਨੁ ਬਹੁਤੁ ਅਧਿਕਾਈ; ਪੜਿ ਸੂਆ ਗਨਕ ਉਧਾਰੇ॥) ਇਸ ਨੂੰ (ਤਸਕਰ)ਚੋਰ ਡਾਕੂ ਧਾੜਵੀ (ਗਾਹਿ)ਦਬਾ ਕੇ (ਬੈਸਹਿ)ਬੈਠ ਜਾਂਦੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਦਰਸ਼ਨ ਕਰਦੇ ਹਨ। ਯਥਾ:- ਤੇ ਨੇਤ੍ਰ ਭਲੇ ਪਰਵਾਣੁ ਹਹਿ. ਮੇਰੀ ਜਿੰਦੁੜੀਏ; ਜੋ. ਸਾਧੂ ਸਤਿਗੁਰੁ ਦੇਖਹਿ ਰਾਮ॥ ਸਤਿਗੁਰੂ ਮਹਾਰਾਜ ਨੇ ਸਤਿਸੰਗਤ 'ਚ ਬੈਠਣ ਦਾ ਸਭ ਨੂੰ ਆਦਰ ਮਾਣ ਸਤਿਕਾਰ ਪ੍ਰੇਮ ਅਧਿਕਾਰ ਬਖ਼ਸ਼ਿਆ ਹੈ। ਭਾਵੇਂ ਇਹ ਚੋਰ, ਗੁਰੂ ਦੀ ਧਰਤੀ ਸਤਿਸੰਗਤ 'ਚ ਆ ਕੇ ਬੈਠਦੇ ਹਨ। ਧਰਤੀ ਨੂੰ ਇਨ੍ਹਾਂ ਚੋਰਾਂ ਦਾ ਭਾਰਿ (ਨ)ਨਹੀਂ (ਬਿਆਪਈ)ਲੱਗਦਾ, ਭਾਵੇਂ ਭਾਰੇ ਮੰਦੇ ਅਕ੍ਰਿਤਘਣ ਮੂਰਖ ਅੰਧ ਘੋਰ ਹਨ। ਯਥਾ:- ਭਾਰੇ ਭੂਈ ਅਕਿਰਤਘਣ; ਮੰਦੀ ਹੂ ਮੰਦੇ॥ (ਵਾਰ ੩੫) ਅਸੰਖ ਮੂਰਖ; ਅੰਧ ਘੋਰ॥ ਅਸੰਖ; ਚੋਰ ਹਰਾਮਖੋਰ॥ ਅਸੰਖ; ਅਮਰ ਕਰਿ ਜਾਹਿ ਜੋਰ॥ ਅਸੰਖ ਗਲ ਵਢ; ਹਤਿਆ ਕਮਾਹਿ॥ (ਉਨ)ਉਨ੍ਹਾਂ (ਕੋ)ਨੂੰ ਜਿਹੜੇ ਚੋਰ ਹਨ, ਕਥਾ ਕੀਰਤਨ ਭਜਨ ਸਿਮਰਨ ਗੁਰੂ ਇਤਹਾਸ ਸਿੱਖਿਆ ਸੁਨਣ ਦਾ (ਲਾਹੂ ਲਾਹਿ)ਲਾਹਾ ਹੀ ਲਾਹਾ ਹੈ। ਕਿਉਂ ਜੋ ਉਹ ਸਤਿਸੰਗਤ ਕਰਕੇ ਸੁਧਰ ਜਾਂਦੇ ਹਨ। ਮਹਾਰਾਜ ਸਾਹਿਬ ਜੀ ਤੋਂ ਸਿੱਖਿਆ ਪ੍ਰਾਪਤ ਕਰਕੇ ਬੇਅੰਤ ਡਾਕੂ ਤਰੇ ਹਨ। ਜਿਵੇਂ ਕੌਡਾ ਰਾਕਸ਼. ਦੇਵਲੂਤ. ਭੂਮੀਆ ਚੋਰ. ਬਾਬਾ ਬਿਧੀਚੰਦ ਸਾਹਿਬ ਜੀ, ਅਨੇਕਾਂ ਹੀ ਮਹਾਂਪੁਰਸ਼ ਬਣ ਗਏ। ਯਥਾ:- ਪਿਛਲੇ ਅਉਗੁਣ. ਬਖਸਿ ਲਏ ਪ੍ਰਭੁ; ਆਗੈ. ਮਾਰਗਿ ਪਾਵੈ॥)

ਦ੍ਰਿਸਟਾਂਤ:- ਸੰਤ ਬਾਬਾ ਅਤਰ ਸਿੰਘ ਸਾਹਿਬ ਜੀ, ਮਸਤੂਆਣੇ ਵਾਲੇ ਮਹਾਂਪੁਰਸ਼ ਢਢੋਗਲ ਪਿੰਡ ਵਿਖੇ ਬੜੇ ਪ੍ਰੇਮ 'ਚ ਰਸ ੨ ਕੇ ਵਿਸਮਾਦ ਰੰਗ 'ਚ, ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥) ਅਨੁਸਾਰ

Sri Satguru Jagjit Singh Ji eLibrary NamdhariElibrary@gmail.com

ਪ੍ਰੇਮ ਸਹਿਤ ਸਿੱਧੀਆਂ ਧਾਰਨਾ 'ਚ ਕੀਰਤਨ ਕਰਦੇ ਸਨ, ਅੱਲਾ ਵਾਹਿਗੁਰੂ ਹਰੀ ਦਾ ਨਾਮ ਇੱਕ ਹੈ, ਭਰਮਾਂ 'ਚ ਪੈ ਗਈ ਦੁਨੀਆਂ। ਮੁਸਲਮਾਨ ਜ਼ਾਤੀ ਦੇ ਸ਼ਿਕਾਰੀ ਸ਼ਿਕਾਰ ਖੇਡ ਰਹੇ ਸਨ। ਉਨ੍ਹਾਂ ਸੁਣਿਆਂ, ਕਹਿੰਦੇ, "ਬਈ ਅਵਾਜ਼ ਬੜੀ ਹੀ ਮਿੱਠੀ ਹੈ. ਬੜਾ ਵਿਸਮਾਦ ਰਸ ਹੈ, ਕਦੇ ਭੀ ਅਜੇਹੀ ਮਿੱਠੀ ਅਵਾਜ਼ ਨਹੀਂ ਸੁਣੀਂ, ਕਮਾਈ ਵਾਲੇ ਮਹਾਂਪੁਰਸ਼ ਹਨ। ਯਥਾ:- ਪ੍ਰਭ ਜੀ ਬਸਹਿ; ਸਾਧ ਕੀ ਰਸਨਾ॥ ਉਹ ਆ ਕੇ ਸਤਿਸੰਗਤ 'ਚ ਬੈਠ ਗਏ, ਨਿੱਤ ਹੀ ਆਉਣ ਲੱਗ ਗਏ। ਦੇਗ਼ ਭੀ ਕਰਾਉਣ ਲੱਗ ਗਏ। ਯਥਾ:- ਲਗੀ ਲਾਗਿ; ਸੰਤ ਸੰਗਾਰਾ॥) ਸੰਤ ਸਹਾਈ ਰਾਮ ਕੇ; ਕਰਿ ਕਿਰਪਾ ਦੀਆ ਮਿਲਾਇ॥) ਸੰਤ ਸਹਾਈ ਜੀਅ ਕੇ; ਭਵਜਲ ਤਾਰਣਹਾਰ॥ ਮਹਾਂਪੁਰਸ਼ਾਂ ਦੇ ਬੋਲ ਸੁਣ ਕੇ, ਪੱਗਰੀ- ਖੂਬੁ ਤੇਰੀ ਪਗਰੀ; ਮੀਠੇ ਤੇਰੇ ਬੋਲ॥ ਉਨ੍ਹਾਂ ਦਾ ਮਨ ਪ੍ਰੇਮ 'ਚ ਰਸ ਗਿਆ। ਇੱਕ ਦਿਨ ਨੇੜੇ ਹੋ ਕੇ, ਪ੍ਰੇਮ ਬੇਨਤੀ ਕੀਤੀ, "ਬਾਬਾ ਜੀ! ਆਪ ਦੇ ਭੀ ਪੰਜ ਕਕਾਰ ਹਨ, ਬਾਕੀ ਸਿੰਘਾਂ ਦੇ ਭੀ ਹਨ, ਇਸ 'ਚ ਫ਼ਰਕ ਕੀ ਹੁੰਦਾ ਹੈ? ਮਹਾਂਪੁਰਸ਼ਾਂ ਨੇ ਹੱਸ ਕੇ ਕਿਹਾ, ਕਿ ਮਹਾਰਾਜ ਸਾਹਿਬ ਜੀ ਨੇ ਬਾਣੀ 'ਚ ਇਹ ਬਖ਼ਸ਼ਿਸ਼ ਕੀਤੀ ਹੈ, ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ ਆਪ ਕਉ; ਅਵਰੁ ਭਲਾ ਸੰਸਾਰੁ॥) ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥) ਸਰਬ ਕੀ; ਰੇਣ ਹੋਵੀਜੈ॥ ਆਪੁ ਮਿਟਾਇ; ਮਿਲੀਜੈ॥) ਸਰਬ ਕੀ ਰੇਨ; ਜਾ ਕਾ ਮਨੁ ਹੋਇ॥ ਕਹੁ ਨਾਨਕ; ਤਾ ਕੀ ਨਿਰਮਲ ਸੋਇ॥੩॥ ਜਿਸ ਮਹਾਂਪੁਰਸ਼ ਦਾ ਮਨ ਸਾਰਿਆਂ ਦੀ ਚਰਨ- ਧੂੜ ਬਣਿਆਂ ਹੋਵੇ, ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨਾਲ ਜੁੜਿਆ ਹੈ, ਗੁਰੂ ਗ੍ਰੰਥ ਸਾਹਿਬ ਜੀ ਦਿਲ ਦਿਮਾਗ਼ 'ਚ ਗੁਰਬਾਣੀ ਭੇਜਦੇ ਹਨ, ਰੋਮ ੨ 'ਚ ਵਸਦੇ ਹਨ ਅਤੇ ਜਿਹੜਾ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਦਾ ਹੈ, ਉਹ ਮਹਾਂਪੁਰਸ਼ ਹੈ। ਇਸ ਤਰ੍ਹਾਂ ਮਹਾਂਪੁਰਸ਼ਾਂ ਦੇ ਨਾਲ ਲੱਗ ਕੇ ਸ਼ਿਕਾਰੀ ਮੁਸਲਮਾਨ ਭੀ ਤਰ ਗਏ।

ਮਹਲਾ ੫॥ ਕਬੀਰ. ਚਾਵਲ ਕਾਰਨੇ; ਤੁਖ ਕਉ ਮੁਹਲੀ ਲਾਇ॥ ਸੰਗਿ ਕੁਸੰਗੀ ਬੈਸਤੇ; ਤਬ ਪੂਛੈ ਧਰਮਰਾਇ॥੨੧੧॥ ਪ੍ਰੇਮ ਬਿਨੈ:- ਵਾਹੁ ਵਾਹੁ ਵਾਹਿਗੁਰੂ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ, ੯੬੫ ਅੰਗ 'ਤੇ ਇਹ ਸਲੋਕ ਭਾਈ ਗੁਰਦਾਸ ਸਾਹਿਬ ਜੀ ਤੋਂ ਲਿਖਵਾਇਆ। ਵਾਹਿਗੁਰੂ ਸ਼ਹੀਦਾਂ ਦੇ ਸਿਰਤਾਜ ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ, ਹੁਣ ਉੱਬਲਦੀ ਦੇਗ ਅੰਦਰ ਬੈਠ ਰਹੇ ਹਨ, ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਐਸਾ ਦਾਤਾ; ਸਤਿਗੁਰੁ ਕਹੀਐ॥) ਤੁਮ ਬਡ ਦਾਤੇ; ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥ ਆਪਣੇ ਪਿਆਰੇ ਭਗਤ ਕਬੀਰ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਵਾਹਿਗੁਰੂ ਮਹੱਲਾ (੫)ਪੰਜਵਾਂ ਜੀ ਫ਼ੁਰਮਾ ਰਹੇ ਹਨ:- ਹੇ ਭਗਤ ਕਬੀਰ ਸਾਹਿਬ ਜੀ! (ਚਾਵਲ)ਚੌਲ਼ ਦੀ ਪ੍ਰਾਪਤੀ (ਕਾਰਨੇ)ਲਈ, ਚੌਲ਼ ਦੇ ਉੱਪਰ (ਤੁਖ)ਫ਼ੂਸ (ਕਉ)ਨੂੰ ਮੁਹਲੀ (ਲਾਇ)ਲਾਈ ਜਾਂਦੀ ਹੈ, ਕੁੱਟਿਆ ਜਾਂਦਾ ਹੈ, ਫਿਰ ਚੌਲ਼ਾਂ ਉੱਪਰੋਂ ਫ਼ੂਸ ਲਹਿ ਜਾਂਦਾ ਹੈ। ਜਿਸ ਤਰ੍ਹਾਂ ਚੌਲ਼ ਦੀ ਸੰਗਤ ਕਰਨ ਨਾਲ, ਤੁਖ ਨੂੰ ਮੁਹਲੀਆਂ ਵੱਜਦੀਆਂ ਹਨ। ਯਥਾ:- ਤਿਲ ਤੇਲ ਕੇ ਸੰਗ ਲਏ ਦੁੱਖ ਕੋ, ਰਸ ਸੰਗਤਿ ਤੇ ਜੱਗ ਈਖ ਪੀੜਾਏ॥ ਫਲ ਸੰਗਤ ਪਾਦਪ ਈਟ ਸਹੇ, ਅਰ ਗੰਧ ਕੋ ਸੰਗਹਿ ਫ਼ੂਲ ਤਪਾਏ॥ ਕਰ ਤੰਦੁਲ ਸੰਗਤ ਕੋ ਜੱਗ ਮੈਂ, ਪੁਨ ਸੀਸ ਬਿਖੈ ਤੁਖ ਮੂਸਲ ਖਾਏ॥ ਤਿਲ ਈਖ ਸਮੰ ਕਰ ਖੋਟਨ ਸੰਗਤ, ਯਾ ਜਗ ਮੈ ਦੁਖ ਕੌਨ ਨ ਪਾਏ॥ (ਭਾਵਰਸਾਮ੍ਰਿਤ) ਤਥਾ:- ਸਿੰਘਨ ਕੇ ਬਨ ਮੈ ਬਸੀਏ, ਧਸੀਏ ਜਲ ਮਹਿ ਬਿਛੂਆ ਗਹਿ ਲੀਜੈ॥ ਗਿਰ ਤੋ ਗਿਰੀਏ ਅੱਗ ਮਹਿ ਜਰੀਐ, ਸਾਂਪ ਕੇ ਮੁਖ ਮੈ ਆਂਗੁਲੀ ਦੀਜੈ॥ ਕੰਨੇ ਖਜੂਰਾ ਪ੍ਰਵੇਸ ਕਰੈ, ਆਰੀ ਕੇ ਸਾਥ ਨਿਤ ਤਨ ਚਰੀਜੈ॥ ਏਤਨ ਸੰਕਟ ਸੀਸ ਸਹੋ, ਪਰ ਮੂਰਖ ਮਿਤ੍ਰ ਕੋ ਸੰਗ ਨ ਕੀਜੈ॥) ਤਥਾ:- ਨੀਚ ਸੰਗ ਕੀਜੈ ਨਹੀ

Sri Satguru Jagjit Singh Ji eLibrary NamdhariElibrary@gmail.com

ਸੁਨਹੋ ਮੀਤ ਕੁਮਾਰ॥ ਭੇਡ ਪੂਛ ਭਾਦੋ ਨਦੀ ਗਹਿ; ਕੋ ਉਤਰਿਓ ਪਾਰ॥ (ਸ੍ਰੀ ਦਸਮ) ਤਥਾ:- ਖੋਟਨ ਕੀ ਸੰਗਤ ਕਰੇ, ਕਰੇ ਲੋਭ ਜੱਗ ਜੋਇ॥ ਸੁਨੋ ਸਕਲ ਸਾਚੀ ਕਹੋਂ; ਦੁਖੀ ਹੋਇਗਾ ਸੋਇ॥

ਸੰਗਿ ਕੁਸੰਗੀ ਬੈਸਤੇ; ਤਬ ਪੂਛੈ ਧਰਮਰਾਇ॥੨੧੧॥ ਜਿਹੜੇ (ਕੁਸੰਗੀ)ਕੁਸੰਗੀਆਂ ਦੇ ਅਥਵਾ ਮਾਇਆ ਕਾਮ ਕ੍ਰੋਧ ਹੰਕਾਰ ਵਿਕਾਰ ਬੈਰ ਦੋਸ਼ ਕੁਸੰਗੀਆਂ ਦੇ (ਸੰਗਿ)ਸਾਥ (ਬੈਸਤੇ)ਬੈਠਦੇ ਹਨ, (ਤਬ)ਤਦੋਂ (ਧਰਮਰਾਇ)ਧਰਮਰਾਜਾ (ਪੂਛੈ)ਪੁੱਛਦਾ ਡੰਡ ਦਿੰਦਾ ਹੈ॥੨੧੧॥ ਯਥਾ:- ਜਬ ਲਗੁ; ਮੋਹ ਮਗਨ ਸੰਗਿ ਮਾਇ॥ ਤਬ ਲਗੁ; ਧਰਮਰਾਇ ਦੇਇ ਸਜਾਇ॥ ਜਿਵੇਂ ਤੁਖ ਦੇ ਮੋਹਲੇ ਵੱਜਦੇ ਹਨ, ਤਿਵੇਂ ਉਨ੍ਹਾਂ ਨੂੰ ਭੀ ਧਰਮਰਾਜਾ ਦੇ ਮੋਹਲੇ ਵੱਜਦੇ ਹਨ। ਜਿਵੇਂ ਜੇ ਕੋਈ, ਸ਼ਰਾਬੀਆਂ ਸਿਗ੍ਰਟ ਬੀੜੀ ਵਾਲੇ ਜੂਏਬਾਜ਼ਾਂ ਕੋਲ਼ੇ ਬੈਠਦਾ ਹੈ, ਉਸ'ਤੇ ਉਨ੍ਹਾਂ ਦਾ ਅਸਰ ਪੈ ਕੇ ਉਧਰ ਹੀ ਲੱਗ ਜਾਂਦਾ ਹੈ। ਜਿਵੇਂ ਇੱਕ ਕੁਸੰਗੀ ਸ਼ਰਾਬ ਕੱਢਦਾ ਸੀ, ਕਿਸੇ ਸੋਫ਼ੀ ਬੰਦੇ ਨੇ ਸੋਚਿਆ ਕਿ ਮੈਂ ਦੇਖਣਾ ਸ਼ਰਾਬ ਕਿਵੇਂ ਕੱਢਦੇ ਹਨ? ਪੁਲੀਸ ਨੇ ਛਾਪਾ ਮਾਰ ਲਿਆ, ਸ਼ਰਾਬ ਕੱਢਣ ਵਾਲੇ ਦੇ ਮਨ 'ਚ ਤਾਂ ਪਹਿਲਾਂ ਹੀ ਸੀ ਕਿ ਜੇ ਪੁਲੀਸ ਨੇ ਛਾਪਾ ਮਾਰਿਆ ਮੈਂ ਤਾਂ ਭੱਜ ਜਾਣਾ ਹੈ। ਉਹ ਤਾਂ ਫਟਾ- ਫਟ ਭੱਜ ਗਿਆ, ਦੇਖਣ ਵਾਲਾ ਭੱਜ ਨਾ ਸਕਿਆ, ਕਹਿੰਦਾ, "ਮੇਰਾ ਕਿਹੜਾ ਕਸੂਰ ਹੈ? ਪੁਲੀਸ ਨੇ ਉਸ ਨੂੰ ਮੌਕੇ ਤੇ ਫੜ ਲਿਆ, ਉਹ ਕਹਿੰਦਾ, "ਮੈਂ ਤਾਂ ਸ਼ਰਾਬ ਕੱਢੀ ਨਹੀਂ, ਮੈਂ ਤਾਂ ਦੇਖਦਾ ਸੀ"। ਕਹਿੰਦੇ, "ਸਾਨੂੰ ਤਾਂ ਮੁਜ਼ਰਮ ਚਾਹੀਦਾ, ਮੌਕੇ ਤੇ ਤੂੰ ਹਾਜ਼ਰ ਹੈ, ਝੂਠ ਬੋਲਦਾ ਹੈਂ", ਉਸ ਨੂੰ ਡੰਡੇ ਮਾਰਨ ਲੱਗੇ। ਇਸ ਲਈ ਬਹੁਤ ਉੱਚੀ ਦ੍ਰਿਸਟੀ ਨਾਲ ਕਹਿ ਰਹੇ ਹਨ:- ਕਬੀਰ. ਮਨੁ ਪੰਖੀ ਭਇਓ; ਉਡਿ ਉਡਿ ਦਹ ਦਿਸ ਜਾਇ॥ ਜੋ. ਜੈਸੀ ਸੰਗਤਿ ਮਿਲੈ; ਸੋ. ਤੈਸੋ ਫਲੁ ਖਾਇ॥੯੬॥) ਕਬੀਰ. ਸਾਕਤ ਸੰਗੁ ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ. ਕਛੁ ਲਾਗੈ ਦਾਗੁ॥੧੩੧॥ ਅਨੁਸਾਰ ਜਿਹੜਾ ਕੁਸੰਗੀ ਦੀ ਕੁਸੰਗਤ ਕਰਦਾ ਹੈ, ਉਸ ਨੂੰ ਦਾਗ਼ ਲੱਗਦਾ ਹੈ, ਧਰਮਰਾਜਾ ਡੰਡ ਦਿੰਦਾ ਹੈ। ਯਥਾ:- ਲੋਭੀ ਕਾ. ਵੇਸਾਹੁ ਨ ਕੀਜੈ; ਜੇ ਕਾ. ਪਾਰਿ ਵਸਾਇ॥ ਅੰਤਿ ਕਾਲਿ. ਤਿਥੈ ਧੁਹੈ; ਜਿਥੈ. ਹਥੁ ਨ ਪਾਇ॥) ਸਰਵਰੁ ਹੰਸਿ ਨ ਜਾਣਿਆ; ਕਾਗ ਕੁਪੰਖੀ ਸੰਗਿ॥ ਸਾਕਤ ਸਿਉ ਐਸੀ ਪ੍ਰੀਤਿ ਹੈ; ਬੂਝਹੁ ਗਿਆਨੀ ਰੰਗਿ॥) ਕਬੀਰ. ਮਾਰੀ ਮਰਉ ਕੁਸੰਗ ਕੀ; ਕੇਲੇ ਨਿਕਟਿ ਜੁ ਬੇਰਿ॥ ਉਹ ਝੂਲੈ. ਉਹ ਚੀਰੀਐ; ਸਾਕਤ ਸੰਗੁ ਨ ਹੇਰਿ॥੮੮॥)

ਨਾਮਾ ਮਾਇਆ ਮੋਹਿਆ; ਕਹੈ ਤਿਲੋਚਨੁ ਮੀਤ॥ ਕਾਹੇ ਛੀਪਹੁ ਛਾਇਲੈ; ਰਾਮ ਨ ਲਾਵਹੁ ਚੀਤੁ॥੨੧੨॥ ਵਾਹਿਗੁਰੂ ਮਹੱਲਾ ਪੰਜਵਾਂ ਜੀ ਗੁਰਮੁਖਿ ਪਿਆਰੇ ਭਾਈ ਗੁਰਦਾਸ ਸਾਹਿਬ ਜੀ ਨੂੰ ਮਹਾਂ ਵਿਸਮਾਦ ਅਮੋਲਕ ਸ਼ੁਭ ਬਚਨ ਗੁਰਬਾਣੀ ਜੀ ਲਿਖਾ ਰਹੇ ਹਨ। ਪਰਮਪੂਜਨੀਕ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ, ਗਲਿ ਮਿਲਿ ਚਾਲੇ ਏਕੈ ਭਾਈ॥) ਏਕੁ ਪਿਤਾ. ਏਕਸ ਕੇ ਹਮ ਬਾਰਿਕ; ਤੂ. ਮੇਰਾ ਗੁਰ ਹਾਈ॥ ਬੜੇ ਪਰਮ ਪਿਆਰ ਸਤਿਕਾਰ ਨਾਲ ਮਿਲ ਕੇ ਗੁਰੂ ਭਗਤੀ ਕਰਦੇ ਵਿਸਮਾਦ ਹੁੰਦੇ। ਇੱਕ ਦੂਜੇ ਨੂੰ ਦੇਖ ਕੇ, ਹਰੇ ਭਰੇ ਹੁੰਦੇ। ਯਥਾ:- ਮੇਰਾ ਮਨੁ; ਸਾਧ ਜਨਾਂ ਮਿਲਿ ਹਰਿਆ॥) ਆਵੈ ਸਾਹਿਬੁ ਚਿਤਿ; ਤੇਰਿਆ ਭਗਤਾ ਡਿਠਿਆ॥ ਬੜੇ ਪਿਆਰ ਸਤਿਕਾਰ ਨਾਲ ਭਗਤ ਤ੍ਰਿਲੋਚਨ ਜੀ ਚਾਅ ਉਮਾਹ ਨਾਲ, ਭਗਤ ਨਾਮਦੇਵ ਜੀ ਦੇ ਸੁੰਦਰ ਦਰਸ਼ਨਾਂ ਨੂੰ ਆਏ। ਤਾਂ ਕੀ ਦੇਖ ਰਹੇ ਹਨ? ਭਗਤ ਨਾਮਦੇਵ ਜੀ ਅਮਰੇ ਠੇਕ ਰਹੇ ਹਨ। ਪ੍ਰੇਮ ਪਿਆਰ ਨਾਲ ਰਸ ਭਰ ਕੇ, ਦਾਸਨ ਦਾਸ ਤਿਲੋਚਨੁ (ਕਹੈ)ਕਹਿ ਰਿਹਾ ਹੈ, "ਹੇ ਪਰਮਪੂਜਨੀਕ (ਮੀਤ)ਮਿੱਤ੍ਰ ਭਗਤ (ਨਾਮਾ)ਨਾਮਦੇਵ ਜੀ! ਆਪ ਜੀ ਮਾਇਆ ਦੇ (ਮੋਹਿਆ)ਮੋਹੇ ਹੋਂ"।

Sri Satguru Jagjit Singh Ji eLibrary NamdhariElibrary@gmail.com

ਕਾਹੇ ਛੀਪਹੁ ਛਾਇਲੈ; ਰਾਮ ਨ ਲਾਵਹੁ ਚੀਤੁ॥੨੧੨॥ ਆਪ ਜੀ (ਕਾਹੇ)ਕਿਸ ਲਈ? (ਛਾਇਲੈ)ਚਾਦਰਾਂ ਅਮਰੇ (ਛੀਪਹੁ)ਠੇਕ ਰਹੇ ਹੋਂ? (ਰਾਮ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ 'ਚ ਚੀਤ ਕਿਉਂ (ਨ)ਨਹੀਂ (ਲਾਵਹੁ)ਲਾਉਂਦੇ?॥੨੧੨॥

ਨਾਮਾ ਕਹੈ. ਤਿਲੋਚਨਾ; ਮੁਖ ਤੇ. ਰਾਮੁ ਸੰਮ੍ਹਾਲਿ॥ ਹਾਥ ਪਾਉ ਕਰਿ. ਕਾਮੁ ਸਭੁ; ਚੀਤੁ ਨਿਰੰਜਨ ਨਾਲਿ॥੨੧੩॥ ਭਗਤ (ਨਾਮਾ)ਨਾਮਦੇਵ ਜੀ ਨੇ ਬੜੇ ਹੀ ਪਿਆਰ ਸਤਿਕਾਰ ਨਾਲ (ਕਹੈ)ਕਿਹਾ, "ਹੇ ਗੁਰਮੁਖਿ ਰਾਮ ਪਿਆਰੇ ਭਗਤ ਸ਼੍ਰੀ ਤਿਲੋਚਨਾ ਜੀ ਪਿਆਰੇ! ਜਿਨੇ ਕਦਮ ਰੱਖੇ ਹਨ, ਦਾਸਨ ਦਾਸ ਦੇ ਸਿਰ ਮੱਥੇ 'ਤੇ ਰੱਖੇ ਹਨ। ਮੁਖ (ਤੇ)ਦੇ ਨਾਲ (ਰਾਮੁ)ਵਾਹਿਗੁਰੂ ੨ (ਸੰਮ੍ਹਾਲਿ)ਯਾਦ ਕਰੋ, ਸਿਮਰਨਾ ਕਰੋ ਜੀ।

ਹਾਥ ਪਾਉ ਕਰਿ. ਕਾਮੁ ਸਭੁ; ਚੀਤੁ ਨਿਰੰਜਨ ਨਾਲਿ॥੨੧੩॥ ਜ਼ਿੰਦਗੀ ਦੇ ਨਿਰਵਾਹ ਲਈ, ਧਰਮ-ਕ੍ਰਿਤ ਦੇ, ਸਭੁ (ਕਾਮੁ)ਕੰਮ, (ਹਾਥ)ਹੱਥਾਂ (ਪਾਉ)ਪੈਰਾਂ ਨਾਲ ਕਰਨਾ ਕਰਿ ਜੀ। ਹਰ ਵੇਲੇ (ਚੀਤੁ)ਚਿੱਤ (ਨਿਰੰਜਨ)ਸੁੱਧ ਸਰੂਪ ਵਾਹਿਗੁਰੂ ਜੀ ਨਾਲਿ ਜੋੜ ਕੇ ਰੱਖਣਾ ਕਰੋ ਜੀ ਪਿਆਰੇ॥੨੧੩॥ ਯਥਾ:- ਆਨੀਲੇ ਕਾਗਦੁ. ਕਾਟੀਲੇ ਗੂਡੀ; ਆਕਾਸ ਮਧੇ ਭਰਮੀਅਲੇ॥ ਪੰਚ ਜਨਾ ਸਿਉ. ਬਾਤ ਬਤਊਆ; ਚੀਤੁ. ਸੁ ਡੋਰੀ ਰਾਖੀਅਲੇ॥੧॥ ਮਨੁ ਰਾਮ ਨਾਮਾ; ਬੇਧੀਅਲੇ॥ ਜੈਸੇ ਕਨਿਕ ਕਲਾ; ਚਿਤੁ ਮਾਂਡੀਅਲੇ॥੧॥ ਰਹਾਉ॥ ਆਨੀਲੇ ਕੁੰਭੁ. ਭਰਾਈਲੇ ਊਦਕ; ਰਾਜ ਕੁਆਰਿ ਪੁਰੰਦਰੀਏ॥ ਹਸਤ ਬਿਨੋਦ. ਬੀਚਾਰ ਕਰਤੀ ਹੈ; ਚੀਤੁ ਸੁ ਗਾਗਰਿ ਰਾਖੀਅਲੇ॥੨॥ ਮੰਦਰੁ ਏਕੁ. ਦੁਆਰ ਦਸ ਜਾ ਕੇ; ਗਊ ਚਰਾਵਨ ਛਾਡੀਅਲੇ॥ ਪਾਂਚ ਕੋਸ ਪਰ. ਗਊ ਚਰਾਵਤ; ਚੀਤੁ ਸੁ ਬਛਰਾ ਰਾਖੀਅਲੇ॥੩॥ ਕਹਤ ਨਾਮਦੇਉ. ਸੁਨਹੁ ਤਿਲੋਚਨ; ਬਾਲਕੁ ਪਾਲਨ ਪਉਢੀਅਲੇ॥ ਅੰਤਰਿ ਬਾਹਰਿ. ਕਾਜ ਬਿਰੂਧੀ; ਚੀਤੁ ਸੁ ਬਾਰਿਕ ਰਾਖੀਅਲੇ॥੪॥੧॥)

ਚੀਤੁ ਨਿਰੰਜਨ ਨਾਲਿ॥ ਅਪਨਾ ਚਿੱਤ ਨਿਰੰਜਨ ਜੀ ਨਾਲ ਜੋੜ ਕੇ, ਹੱਥਾਂ ਪੈਰਾਂ ਨਾਲ, ਨਿਰੰਜਨ ਦੀ ਪ੍ਰਾਪਤੀ ਵਾਲੇ ਸ਼ੁਭ ਸੱਚੇ ਨਿਸ਼ਕਾਮ ਧਰਮ (ਕਾਮੁ)ਕੰਮ ਕਰੋ ਜੀ ਪਿਆਰੇ! ਯਥਾ:- ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥) ਸ੍ਵੈਯਾ॥ ਦੇਹ ਸਿਵਾ. ਬਰ ਮੋਹਿ ਇਹੈ; ਸੁਭ ਕਰਮਨ ਤੇ. ਕਬਹੂੰ ਨ ਟਰੋ॥ ਨ ਡਰੋ. ਅਰਿ ਸੋ ਜਬ ਜਾਇ ਲਰੋ; ਨਿਸਚੈ ਕਰ. ਆਪਨੀ ਜੀਤ ਕਰੋ॥ ਅਰੁ ਸਿਖ ਹੌ. ਆਪਨੇ ਹੀ ਮਨ ਕੋ; ਇਹ ਲਾਲਚ. ਹਉ ਗੁਨ ਤਉ ਉਚਰੋ॥ ਜਬ ਆਵ ਕੀ ਅਉਧ ਨਿਦਾਨ ਬਨੈ; ਅਤ ਹੀ ਰਨ ਮੈ. ਤਬ ਜੂਝ ਮਰੋ॥ (ਸ੍ਰੀ ਦਸਮ ੯੯) ਸਾਹਿਬ ਸ੍ਰੀ ਹਜ਼ੂਰ ਜੀ ਨੇ ਗੁਰਸਿੱਖਾਂ ਤੇ ਬਹੁਤ ਵੱਡੀ ਕ੍ਰਿਪਾ ਕੀਤੀ ਹੈ, ਧਰਮ-ਕ੍ਰਿਤ ਕਰੋ ਨਾਮ ਜਪੋ ਵੰਡ ਛਕੋ। ਸ਼ੁਭ ਕਾਰਜ ਕਰਨ ਨੂੰ ਕਹਿ ਰਹੇ ਹਨ। ਊਠਤ ਬੈਠਤ; ਸੋਵਤ ਧਿਆਈਐ॥ ਮਾਰਗਿ ਚਲਤ; ਹਰੇ ਹਰਿ ਗਾਈਐ॥) ਕਾਰਜਿ ਕਾਮਿ ਬਾਟ ਘਾਟ ਜਪੀਜੈ॥) ਹਰ ਵੇਲੇ ਹੀ ਨਾਮ ਜਪਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਯਥਾ:- ਊਠਤ ਬੈਠਤ; ਸੋਵਤ ਨਾਮ॥ ਕਹੁ ਨਾਨਕ; ਜਨ ਕੈ ਸਦ ਕਾਮ॥) ਪਰਉਪਕਾਰ ਕਰਨਾ ਬਹੁਤ ਹੀ ਜ਼ਰੂਰੀ ਹੈ, ਪਰਉਪਕਾਰ ਧਰਮ- ਕ੍ਰਿਤ ਕਰਕੇ ਗੁਰੂ ਜੀ ਨੂੰ ਦਸਵੰਧ ਦੇਣਾ ਜੀ। ਜੀਉ ਪਿੰਡੁ ਸਭੁ ਤਿਸ ਦਾ; ਦੇ ਖਾਜੈ. ਆਖਿ ਗਵਾਈਐ॥ ਜੇ. ਲੋੜਹਿ ਚੰਗਾ ਆਪਣਾ; ਕਰਿ ਪੁੰਨਹੁ. ਨੀਚੁ ਸਦਾਈਐ॥) ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥੧॥) ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ; ਗੰਗਾ ਕਾ ਨੀਰੁ॥) ਖਤ੍ਰੀ ਸੋ; ਜੁ ਕਰਮਾ ਕਾ ਸੂਰੁ॥ ਪੁੰਨ ਦਾਨ ਕਾ; ਕਰੈ ਸਰੀਰੁ॥ ਖੇਤੁ ਪਛਾਣੈ; ਬੀਜੈ ਦਾਨੁ॥ ਸੋ ਖਤ੍ਰੀ; ਦਰਗਹ ਪਰਵਾਣੁ॥) ਜਿਸ ਕੀ ਬਸਤੁ; ਤਿਸੁ ਆਗੈ ਰਾਖੈ॥ ਪ੍ਰਭ ਕੀ ਆਗਿਆ; ਮਾਨੈ ਮਾਥੈ॥ ਉਸ ਤੇ ਚਉਗੁਨ; ਕਰੈ ਨਿਹਾਲੁ॥ ਨਾਨਕ ਸਾਹਿਬੁ; ਸਦਾ ਦਇਆਲੁ॥੨॥

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਪਰਮਪੂਜਨੀਕ ਭਗਤ ਸ੍ਰੀ ਨਾਮਦੇਵ ਜੀ ਭਗਤ ਤ੍ਰਿਲੋਚਨ ਜੀ ਮਿਲ ਕੇ ਬੰਦਗੀ ਕਰਦੇ ਸਨ, ਇਸ ਲਈ ਇਹ ਸ਼ੁਭ ਸਿੱਖਿਆ ਹੈ ਕਿ ਹਰ ਪ੍ਰਾਣੀ ਹਰ ਪਰਿਵਾਰ ਸਾਰੇ ਜੀਅ ਜੰਤ ਮਿਲ ਕੇ ਬਾਣੀ ਪੜ੍ਹਨ, ਸਿਮਰਨ ਕਰਨ। ਧਨੁ ਧੰਨੁ ਸਤਸੰਗਤਿ. ਜਿਤੁ ਹਰਿ ਰਸੁ ਪਾਇਆ; ਮਿਲਿ ਜਨ ਨਾਨਕ. ਨਾਮੁ ਪਰਗਾਸਿ॥) ਹਰਿ ਹਰਿ ਨਾਮੁ ਮਿਲੈ. ਤ੍ਰਿਪਤਾਸਹਿ; ਮਿਲਿ ਸੰਗਤਿ. ਗੁਣ ਪਰਗਾਸਿ॥੨॥ ਜੀਆਂ ਦੀ ਜਦੋਂ ਗੁਰੂ ਭਗਤੀ ਕਰਨ 'ਚ ਮਿਲਤ ਹੁੰਦੀ ਹੈ, ਅਚਿੰਤ ਹੀ ਸ਼ੁਭ ਗੁਣ ਪ੍ਰਾਪਤ ਹੁੰਦੇ ਹਨ। ਇਸ ਲਈ ਮਿਲ ਕੇ ਬੰਦਗੀ ਕਰਨੀ ਚਾਹੀਦੀ ਹੈ। ਇਸ 'ਚ ਭਗਤ ਨਾਮਦੇਵ ਜੀ ਤ੍ਰਿਲੋਚਨ ਭਗਤ ਜੀ ਨੂੰ ਉੱਤ੍ਰ ਦਿੰਦੇ ਹਨ। ਸਾਸਿ ਸਾਸਿ; ਸਿਮਰਹੁ ਗੋਬਿੰਦ॥ ਮਨ ਅੰਤਰ ਕੀ; ਉਤਰੈ ਚਿੰਦ॥ ਜ਼ਿੰਦਗੀ ਦਾ ਕੋਈ ਸੁਆਸ ਭੀ ਸਿਮਰਨ ਤੋਂ ਖਾਲੀ ਨਹੀਂ ਜਾਣ ਦੇਣਾ ਚਾਹੀਦਾ। ਆਮ ਸੰਸਾਰ 'ਚ ਜਦੋਂ ਜੀਵ ਮਾਇਕੀ ਧੰਦੇ ਉਪਜੀਵਕਾ ਰੋਜ਼ੀ ਲਈ ਕੰਮ ਕਰਦੇ ਹਨ, ਉਹ ਸਿਮਰਨ ਨਹੀਂ ਕਰਦੇ। ਇਸ ਤੋਂ ਸਭ ਨੂੰ ਸਿੱਖਿਆ ਹੈ ਕਿ ਹਰ ਵੇਲੇ, ਨਾਮ ਜਪੋ। ਯਥਾ:- ਊਠਤ ਬੈਠਤ; ਸੋਵਤ ਧਿਆਈਐ॥ ਮਾਰਗਿ ਚਲਤ; ਹਰੇ ਹਰਿ ਗਾਈਐ॥) ਕੰਮ ਦਾ ਬਹਾਨਾ ਲਾ ਕੇ ਨਾਮ ਜਪਣ ਤੋਂ ਜਵਾਬ ਨ ਦੇਵੋ। ਜੇ ਅਸੀਂ ਕੰਮ ਧੰਦਾ ਕਰਦੇ, ਜਾਪ ਕਰਦੇ ਹਾਂ ਫ਼ਿਰ ਤਾਂ ਮਹਾਰਾਜ ਦੀ ਬੜੀ ਵੱਡੀ ਕ੍ਰਿਪਾ ਹੈ। ਇਸ ਦਾ ਮਤਲਵ ਇਹ ਨਹੀਂ ਕਿ ਕੰਮ ਧੰਦੇ 'ਚ, ਜਾਪ ਕਰਨ ਨੂੰ ਕਿਹਾ ਹੈ, ਵਿਹਲਿਆਂ ਨੇ ਤਾਂ ਕਰਨਾ ਹੀ ਹੈ। ਕੰਮ ਦਾ ਬਹਾਨਾ ਲਾ ਕੇ ਅਸੀਂ ਜਾਪ ਕਰਨ ਤੋਂ ਜਵਾਬ ਦਿੰਦੇ ਹਾਂ। ਪਰ ਯਾਦ ਰੱਖੋ ਜਦੋਂ ਕੰਮ ਕਰਦਿਆਂ ਕਿਸੇ ਨੂੰ ਗਾਲ਼ ਕੱਢਦੇ ਕੌੜਾ ਬੋਲਦੇ ਹਾਂ, ਕਿਨਾ ਛੇਤੀ ਬੋਲਦੇ ਹਾਂ, ਉਦੋਂ ਨਹੀਂ ਸੋਚਦੇ ਬਈ ਅਸੀਂ ਕੰਮ ਕਰਦੇ ਫਿੱਕਾ ਨਹੀਂ ਬੋਲ ਸਕਦੇ। ਇਸ ਤਰ੍ਹਾਂ ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਕ੍ਰਿਪਾ ਨਾਲ ਕੰਮ ਧੰਦਾ ਕਰਦਿਆਂ ਜਾਪ ਕਰੋ ਜੀ ਪਿਆਰੇ। ਇਸ ਦਾ ਭਾਵ ਹਰ ਸਮੇਂ ਜਾਪ ਕਰੋ, ਜਿਵੇਂ ਗੁਰਮੁਖਿ ਪਿਆਰੇ ਨੰਦਲਾਲ ਸਿੰਘ ਜੀ ਫ਼ੁਰਮਾਉਂਦੇ ਹਨ:- ਗਲ ਦਸਤੇ ਮਾ ਹਮੇਸ਼ਾ; ਪੈਕਾਰ ਮੇਰਵੱਦ। ਮਨ ਚੂੰ ਕੁਨਮ ਕਿ ਦਿਲ ਬਸੂਏ ਯਾਰ ਮੇਰਵੱਦ॥) ਅਰਥ:- ਭਾਵੇ ਹੱਥ ਹਮੇਸ਼ਾ ਮੇਰਾ ਧੰਦਿਆਂ ਵੱਲ ਧਾਂਦਾ ਹੈ, ਚਾਰਾ ਕੋਈ ਨਾ ਚੱਲਦਾ ਸਹੀਓ, ਚਿੱਤ ਪੀਆ ਵੱਲ ਧਾਂਦਾ ਏ।

ਮਹਲਾ ੫॥ ਕਬੀਰਾ. ਹਮਰਾ ਕੋ ਨਹੀ; ਹਮ. ਕਿਸ ਹੂ ਕੇ ਨਾਹਿ॥ ਜਿਨਿ. ਇਹੁ ਰਚਨੁ ਰਚਾਇਆ; ਤਿਸ ਹੀ ਮਾਹਿ ਸਮਾਹਿ॥੨੧੪॥ ਪਰਮਪੂਜਨੀਕ ਨਿਰਗੁਨ ਬ੍ਰਹਮ ਜੀ, ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਹਲੀਮੀ ਗ੍ਰੀਬੀ ਖਿਮਾ ਅਸੰਖ ਸ਼ੁਭ ਗੁਣਾਂ ਦੇ, ਅਸੰਖ ਪ੍ਰਕਾਸ਼ ਸਰੂਪ ਸਭ ਦੇ ਅੰਦਰ ਬਾਹਰ, ਹਰ ਸਮੇਂ ਅਨਤ ਕਲਾਂ ਸਹਿਤ ਭਰਪੂਰ, ਅਜਪਾ ਜਾਪ ਕਰ ਰਹੇ ਹਨ। ਉਨ੍ਹਾਂ ਨੇ, ਮਹਾਂ ਮਹਾਂ ਅਗਮ ਅਨਤ ਕਲਾਵਾਨ ਕ੍ਰਿਪਾ ਕਰਕੇ, ਵਾਹਿਗੁਰੂ ਮਹੱਲੇ ਪੰਜਵੇਂ ਜੀ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਅਵਤਾਰ ਧਾਰਿਆ ਹੈ। ਯਥਾ:- ਧਰਨਿ ਗਗਨ. ਨਵ ਖੰਡ ਮਹਿ; ਜੋਤਿ ਸ੍ਵਰੂਪੀ. ਰਹਿਓ ਭਰਿ॥ ਭਨਿ ਮਥੁਰਾ. ਕਛੁ ਭੇਦੁ ਨਹੀ; ਗੁਰੁ ਅਰਜੁਨੁ. ਪਰਤਖ੍ਹ ਹਰਿ॥ ਵਾਹਿਗੁਰੂ ਧੰਨ ਸਤਿਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਸੱਚੇ ਪਾਤਿਸ਼ਾਹ ਜੀ, ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (ਪ)ਪੰਜਵੇਂ (ਮਹਲਾ)ਸਰੂਪ ਅਕਾਲ ਪੁਰਖ ਮਹਾਰਾਜ ਸਾਹਿਬ ਜੀ, ਆਪਣੇ ਪਿਆਰੇ ਭਗਤਿ ਸ੍ਰੀ ਕਬੀਰ ਸਾਹਿਬ ਜੀ ਨੂੰ, ਅਪਣੇ ਨਿਰਗੁਨ ਸਰੂਪ 'ਚੋਂ ਪ੍ਰਗਟ ਕਰਕੇ, ਪੂਰਨ ਹਿਤ ਨਾਲ, ਪਿਆਰੀ ਚਰਚਾ ਕਰਦੇ ਹਨ। ਯਥਾ:- ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਸਿਰੋਪਾਉ ਬਖ਼ਸ਼ ਰਹੇ ਹਨ। ਹੇ ਭਗਤ ਕਬੀਰ ਸਾਹਿਬ ਜੀ! (ਹਮਰਾ) ਦਾਸਨ ਦਾਸ ਦਾ (ਕੋ)ਕੋਈ ਭੀ ਨਹੀ ਹੈ। (ਹਮ)ਸਾਰੇ ਜੀਵ, (ਕਿਸਹੂ)ਕਿਸੇ (ਕੇ)ਦੇ (ਨਾਹਿ)ਨਹੀਂ ਹਨ।

ਜਿਨਿ. ਇਹੁ ਰਚਨੁ ਰਚਾਇਆ; ਤਿਸ ਹੀ ਮਾਹਿ ਸਮਾਹਿ॥੨੧੪॥ (ਜਿਨਿ) ਜਿਨਾਂ ਨੇ ਇਹੁ ਕੋਟਿ ਬ੍ਰਹਮੰਡ ਦਾ ਰਚਨੁ, ;ਕਰਤ ਨ ਲਾਗੀ ਵਾਰ॥ ਖਿਨ ਵਿੱਚ ਹੀ ਆਪਣੇ ਨਿਰਗੁਨ ਸਰੂਪ ਚੋਂ (ਰਚਾਇਆ)ਰਚਣਾ

Sri Satguru Jagjit Singh Ji eLibrary NamdhariElibrary@gmail.com

ਕੀਤਾ ਹੈ। ਜੋ ਅੰਦਰ ਬਾਹਰ ਅਸੰਖ ਪ੍ਰਕਾਸ਼ ਨੂਰ ਹੀ ਨੂਰ ਭਰਪੂਰ ਹੋ ਰਹੇ ਹਨ। (ਤਿਸ)ਤਿਨ੍ਹਾਂ ਦੇ (ਮਾਹਿ)ਵਿੱਚ ਹੀ, ਦਾਸਨ ਦਾਸ (ਸਮਾਹਿ)ਸਮਾ ਰਿਹਾ ਹੈ॥੨੧੪॥ ਇਸ ਲਈ ਜਿਨ੍ਹਾਂ ਨੇ ਸਾਨੂੰ ਰਚਿਆ ਹੈ, ਜਿਨ੍ਹਾਂ ਨੇ ਇਹ ਅਮੋਲਕ ਦਾਤਾਂ ਬਖ਼ਸ਼ੀਆਂ ਹਨ, ਉਨ੍ਹਾਂ 'ਚ ਸਮਾਉਣਾ ਚਾਹੀਦਾ ਹੈ। ਮਹਾਰਾਜ ਸਾਹਿਬ ਜੀ ਸਤਿ ਬਕਤੇ ਹਨ, ਸਤਿ ਸਤਿ ਸਤਿ ਸਤਿ ਜਣਾਇਆ ਹੈ, ਮਹਾਰਾਜ ਸਾਹਿਬ ਜੀ ਪਿਆਰ 'ਚ ਰਸ ਕੇ ਭੀ ਕਹਿ ਰਹੇ ਹਨ:- ਸਭੁ ਕੋ ਮੀਤੁ, ਹਮ ਆਪਨ ਕੀਨਾ; ਹਮ. ਸਭਨਾ ਕੇ ਸਾਜਨ॥ ਦੂਰਿ ਪਰਾਇਓ. ਮਨ ਕਾ ਬਿਰਹਾ; ਤਾ. ਮੇਲੁ ਕੀਓ ਮੇਰੈ ਰਾਜਨ॥

ਕਬੀਰਾ. ਹਮਰਾ ਕੋ ਨਹੀ; ਹਮ. ਕਿਸ ਹੂ ਕੇ ਨਾਹਿ॥ 'ਤੇ ਪ੍ਰਮਾਣ:- ਨਾ ਕੋ ਮੇਰਾ; ਹਉ ਕਿਸੁ ਕੇਰਾ॥ ਸਾਚਾ ਠਾਕੁਰੁ; ਤ੍ਰਿਭਵਣਿ ਮੇਰਾ॥) ਕਾ ਕੀ ਮਾਈ; ਕਾ ਕੋ ਬਾਪ॥ ਨਾਮ ਧਾਰੀਕ; ਝੂਠੇ ਸਭਿ ਸਾਕ॥) ਜੋ ਜਨਮੈ; ਸੋ ਜਾਨਹੁ ਮੂਆ॥) ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ. ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ, ਨ ਪਤੀਣੋਹਿ॥) ਜੈਸੇ ਰੈਣਿ ਪਰਾਹੁਣੇ; ਉਠਿ ਚਲਸਹਿ ਪਰਭਾਤਿ॥ ਕਿਆ ਤੂੰ ਰਤਾ. ਗਿਰਸਤ ਸਿਉ; ਸਭ ਫੁਲਾ ਕੀ ਬਾਗਾਤਿ॥) ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥) ਇਹ ਸਾਰੇ ਸਨੇਹ, ਟੁੱਟ ਜਾਂਦੇ ਹਨ। ਇਹ ਸਾਥ ਪੂਰੇ ਨਹੀਂ ਨਿਭਦੇ। ਸਮੇਂ ੨ ਅਨੁਸਾਰ ਸਾਰੇ ਹੀ ਚਲੇ ਜਾਂਦੇ ਹਨ। ਯਥਾ:- ਪੁਤ੍ਰ ਮਿਤ੍ਰ ਬਿਲਾਸ ਬਨਿਤਾ; ਤੂਟਤੇ ਏ ਨੇਹ॥) ਬਿਰਖੈ ਹੇਠਿ; ਸਭਿ ਜੰਤ ਇਕਠੇ॥ ਇਕਿ ਤਤੇ; ਇਕਿ ਬੋਲਨਿ ਮਿਠੇ॥ ਅਸਤੁ ਉਦੋਤੁ ਭਇਆ. ਉਠਿ ਚਲੇ; ਜਿਉ ਜਿਉ ਅਉਧ ਵਿਹਾਣੀਆ॥ ਜਿਹੜਾ ਇਨ੍ਹਾਂ ਨੂੰ ਸੱਚੇ ਮੰਨ ਕੇ ਸਨੇਹ ਕਰਦਾ ਹੈ, ਉਹ ਧੋਖੇ 'ਚ ਹੈ। ਇਸ ਲਈ ਪਿਆਰ ਨਾਲ ਕਿਹਾ, ਸਾਡਾ ਕੋਈ ਨਹੀਂ ਹੈ। ;ਹਮ ਕਿਸ ਹੂ ਕੇ ਨਾਹਿ॥ ਇਹ ਖੁਸ਼ਕ ਬਚਨ ਨਹੀਂ, ਸੱਚੇ ਬਚਨ ਕਹੇ ਹਨ। ਕਿਉਂਕਿ ਮਹਾਰਾਜ ਜੀ ਫ਼ੁਰਮਾ ਰਹੇ ਹਨ ਕਿ ਦਾਸਨ ਦਾਸ ਨੇ, ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥) ਜੀ ਨੂੰ ਆਪਣਾ ਮਨ ਤਨ ਜ਼ਿੰਦ ਜਾਨ, ਅਰਪ ਦਿੱਤਾ ਹੈ। ਯਥਾ:- ਤਨੁ ਮਨੁ ਅਰਪੈ ਹੈ ਇਹੁ ਜਿਸ ਕਾ॥) ਤਨੁ ਮਨੁ ਧਨੁ ਸਭੁ. ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥) ਤੂ. ਚਉ ਸਜਣ ਮੈਡਿਆ; ਡੇਈ. ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ. ਪਸੀ ਦੀਦਾਰੁ॥) ਨਾਨਕ. ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥) ਆਪਣੇ ਆਪ ਨੂੰ ਕੁੱਝ ਨ ਮੰਨੀਏ ਤਾਂ ਹੀ ਅਸੀਂ, ਸਤਿਗੁਰੂ ਸਾਹਿਬ ਜੀ ਦੇ ਹੋ ਸਕਦੇ ਹਾਂ। ਇਸ ਲਈ ਮਹਾਰਾਜ ਜੀ ਦੀ, ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸਭਾਗਾ॥ ਬੜੀ ਉੱਚੀ ਅਵਸਥਾ ਹੈ। ਸਤਿਗੁਰਾਂ ਨੇ ਸਾਡੇ ਲਈ ਉੱਬਲਦੀ ਦੇਗ 'ਚ ਬੈਠਣਾ ਕੀਤਾ। ਸੀਸ ਕੁਰਬਾਨ ਕੀਤਾ, ਸ੍ਰਬੰਸ ਕੁਰਬਾਨ ਕੀਤਾ, ਗੁਰਬਾਣੀ ਗੁਰ ਮਰਯਾਦਾ ਬਖ਼ਸ਼ੀ। ਸਤਿਗੁਰੂ ਸਾਹਿਬ ਜੀ ਹੀ ਸਾਡੇ ਹਨ। ਇਸ ਲਈ ਪੂਰਨ ਗੁਰੂ ਜੀ ਦੇ ਚਾਕਰ ਗ਼ੁਲਾਮ ਬਣੀਏ। ਯਥਾ:- ਹਮ ਚਾਕਰ. ਗੋਬਿੰਦ ਕੇ; ਠਾਕੁਰੁ ਮੇਰਾ ਭਾਰਾ॥ ਕਰਨ ਕਰਾਵਨ ਸਗਲ ਬਿਧਿ; ਸੋ ਸਤਿਗੁਰੂ ਹਮਾਰਾ॥) ਪੂਰਨ ਗੁਰੂ ਜੀ ਨਾਲ ਜੋੜੋ, ਕੱਚਿਆਂ ਦੰਭੀਆਂ ਨਾਲੋਂ ਤੋੜੋ। ਯਥਾ:- ਨਾਨਕ. ਕਚੜਿਆ ਸਿਉ ਤੋੜਿ; ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ; ਓਇ ਮੁਇਆ. ਨ ਜਾਹੀ ਛੋੜਿ॥) ਸਤ ਸੰਤੋਖੀ ਸਤਿਗੁਰੁ ਪੂਰਾ॥ ਸਤਿਗੁਰੂ ਸਾਹਿਬ ਜੀ ਦੇ ਅੰਦਰ ਬਾਹਰ ਅਸੰਖ ਗੁਣਾਂ ਦੇ ਪ੍ਰਕਾਸ਼ ਸਹਿਤ, ਅਜਪਾ ਜਾਪ ਕਰਦਿਆਂ, ਨਿਰਗੁਨ ਬ੍ਰਹਮ ਜੀ ਭਰਪੂਰ ਹੋ ਰਹੇ ਹਨ। ਅੰਦਰ ਗੁਰਬਾਣੀ ਬਾਹਰ ਗੁਰਬਾਣੀ, ਅੰਦਰ ਬਾਹਰ ਅਜਪਾ ਜਾਪ ਹੋ ਰਿਹਾ ਹੈ। ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥ ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਤੱਤਾਂ 'ਚੋਂ ਜਾਪ ਸੁਣ ਰਿਹਾ ਹੈ। ਯਥਾ:- ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ, ਗੁਰਮੁਖਿ; ਰੋਮਿ ਰੋਮਿ ਹਰਿ

Sri Satguru Jagjit Singh Ji eLibrary NamdhariElibrary@gmail.com

ਧਿਆਵੈ॥ ਅਵਸਥਾ, ਉੱਬਲਦੀ ਦੇਗ 'ਚ ਬੈਠਣ ਸਮੇਂ, ਤੱਤੇ ਰੇਤੇ 'ਤੇ ਬੈਠਣ ਸਮੇਂ, ਤੱਤਾ ਰੇਤਾ ਸੀਸ 'ਤੇ ਪੈਣ ਸਮੇਂ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਨ ਸਮੇਂ ਕਮਾ ਕੇ ਦਿਖਾਈ ਹੈ। ਮਨ ਨੂੰ ਟਿਕਾਉਣ ਲਈ ਗੁਰੂ ਪ੍ਰਮੇਸਰ ਜੀ ਦੀ ਕੁਰਬਾਨੀ ਨੂੰ ਚੇਤੇ ਕਰਨਾ ਹੈ। ਹੁਣ ਮਹਾਰਾਜ ਸਾਹਿਬ ਜੀ ਉੱਬਲਦੀ ਦੇਗ 'ਚ ਬੈਠ ਰਹੇ ਹਨ, ਹੁਣ ਤੱਤੇ ਰੇਤੇ 'ਤੇ ਬੈਠ ਕੇ, ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ। ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਇਸ ਲਈ ਮਹਾਰਾਜ ਸਾਹਿਬ ਜੀ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਹਨ। ਸਤਿ ਬਕਤੇ ਸਤਿ ਸੰਤੋਖੀ ਸਤਿਗੁਰੂ ਜੀ ਸਹੀ ਬਚਨ ਕਹਿ ਰਹੇ ਹਨ। ਸੋ ਗਹਿਰ ਗਭੀਰਾ ਗਉਹਰੁ ਜੀਉ॥ ਪਰਮਪੂਜਨੀਕ ਸਤਿਗੁਰੂ ਮਹੱਲੇ ਪੰਜਵੇਂ ਜੀ ਦੀ ਰਮਜ਼ 'ਚ ਬੜੀ ਹੀ ਗਹਿਰ ਗੰਭੀਰਤਾ ਹੈ। ਮਹਲਾ ੫॥ ਕਬੀਰਾ ਹਮਰਾ ਕੋ ਨਹੀ; ਹਮ ਕਿਸ ਹੂ ਕੇ ਨਾਹਿ॥ ਮਹਾਰਾਜ ਪੰਜਵੇਂ ਪਾਤਿਸ਼ਾਹ ਜੀ ਰੋਮ ੨ ਕਰਕੇ ਅਕਾਲ ਪੁਰਖ ਜੀ 'ਚ ਲੀਣ ਹਨ, ਜੋ ਪ੍ਰੇਮੀ ਉਪ੍ਰੋਕਤ ਗੁਰਸਬਦ ਦਾ ਅਭਿਆਸ ਕਰਦੇ ਹਨ, ਉਹ ਆਪਣਾ ਤਨ ਮਨ ਸਿਰ ਅੱਖਾਂ ਨੱਕ ਜ਼ਬਾਨ ਚਮੜੀ ਹੱਥ ਪੈਰ ਸੁਪੱਤ੍ਰ ਪਰਿਵਾਰ ਜਾਇਦਾਦ ਘਰਬਾਰ ਸਭ ਕੁੱਝ ਸਤਿਗੁਰੂ ਮਹਾਰਜ ਸਾਹਿਬ ਜੀ ਨੂੰ ਅਰਪ ਕੇ, ਵਾਹਿਗੁਰੂ ਜੀ ਦਾ ਸਿਮਰਨ ਅਭਿਆਸ ਕਰਨ, ਮਹਾਰਾਜ ਜੀ 'ਚ ਰੋਮ ੨ ਕਰਕੇ ਲੀਣ ਹੋਣ। ਕਬੀਰਾ ਹਮਰਾ ਕੋ ਨਹੀ; ਆਪਣਾ ਕੁੱਝ ਭੀ ਨਾ ਮੰਨਣ, ਭਾਵ ਸਾਡਾ ਕੋਈ ਇੰਦ੍ਰਾ ਸ੍ਰੀਰ ਘਰਬਾਰ ਪਰਿਵਾਰ ਨਹੀਂ ਹੈ, ਭਾਵ ਸਭ ਕੁੱਝ ਵਾਹਿਗੁਰੂ ਸਾਹਿਬ ਜੀ ਦਾ ਹੀ ਹੈ। ਸਭ ਨੇ ਵਿਛੋੜਾ ਦੇਣਾ ਹੈ, ਸ੍ਰੀਰ ਇੰਦ੍ਰਿਆਂ ਸਬੰਧੀਆਂ ਨੇ ਭੀ ਵਿਛੋੜਾ ਦੇਣਾ ਹੈ, ਜਦੋਂ ਵਿਛੋੜਾ ਦਿੰਦੇ ਹਨ, ਬੰਦੇ ਨੂੰ ਬੜੀ ਸੱਟ ਵੱਜਦੀ ਹੈ। ਉਦੋਂ ਬਹੁਤ ਰੋਂਦਾ ਹੈ। ਇਹ ਸ੍ਰੀਰ ਵਿਕਾਰਾਂ ਦੁੱਖਾਂ ਦਾ ਹੈ ਭੰਡਾਰ। ਸਭ ਅਰਪੀਏ ਗੁਰਾਂ ਨੂੰ, ਭਲੀ ਕਰਨ ਗੁਰੂ ਕਰਤਾਰ। ਸਤਿਗੁਰੂ ਜੀ ਸਤਿ ਬਕਤੇ ਹਨ, ਯਥਾਰਥ ਗੱਲ ਜਣਾਈ ਹੈ, ਕਿ ਭਾਈ, ਕੋਈ ਕਾਹੂ ਕੋ ਨਹੀ; ਸਭ ਦੇਖੀ ਠੋਕਿ ਬਜਾਇ॥) ਕਤੰਚ ਮਾਤਾ. ਕਤੰਚ ਪਿਤਾ; ਕਤੰਚ ਬਨਿਤਾ ਬਿਨੋਦ ਸੁਤਹ॥ ਕਤੰਚ ਭ੍ਰਾਤ ਮੀਤ ਹਿਤ ਬੰਧਵ; ਕਤੰਚ ਮੋਹ ਕੁਟੰਬ੍ਹਤੇ॥ ਕੋਈ ਕਿਸੇ ਦਾ ਨਹੀਂ ਕਿਉਂਕਿ ਸਾਰੇ ਵਿਛੋੜਾ ਦੇ ਕੇ ਚਲੇ ਜਾ ਰਹੇ ਹਨ। ਵਾਹੁ ਖਸਮ ਤੂ ਵਾਹੁ; ਜਿਨਿ. ਰਚਿ ਰਚਨਾ ਹਮ ਕੀਏ॥ ਆਪਣਾ ਕੁੱਝ ਨਹੀਂ ਮੰਨ ਰਹੇ, ਜਿੱਥੇ ਆਪਣਾ ਮੰਨਦੇ ਹਨ, ਉੱਥੇ ਹੀ ਝਗੜੇ ਕਲੇਸ਼ ਹੁੰਦੇ ਹਨ। ਆਪਣੇ ਆਪ ਨੂੰ ਜੀਵ ਥਾਪਦਾ ਤਾਂ ਸੋਗ ਹੁੰਦਾ ਹੈ। ਜੇ ਆਪਣੇ ਆਪ ਨੂੰ ਨਹੀਂ ਥਾਪਦਾ ਤਾਂ ਸੋਗ ਨਹੀਂ ਹੁੰਦਾ। ਯਥਾ:- ਸੋਗੁ. ਨ ਬਿਆਪੈ, ਆਪੁ ਨ ਥਾਪੈ; ਸਾਧਸੰਗਤਿ. ਬੁਧਿ ਪਾਈ॥ ਇਸ ਲਈ ਬੜੇ ਉੱਚੇ ਆਸ਼ੇ ਨੂੰ ਲੈ ਕੇ ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ। ਸਾਡਾ ਕੋਈ ਨਹੀਂ ਦਾ ਭਾਵ, ਕਿਸੇ ਦਾ ਭੀ ਕੋਈ ਨਹੀਂ ਹੈ। ਨ ਨੇਤ੍ਰ ਸਾਡੇ ਹਨ ਇਹ ਭੀ ਚਲੇ ਜਾਣੇ ਹਨ, ਨ ਕੰਨ ਸਾਡੇ ਹਨ, ਨਾ ਸ੍ਰੀਰ ਸਾਡਾ ਹੈ, ਨਾ ਜ਼ਬਾਨ ਸਾਡੀ ਹੈ, ਨਾ ਹੱਥ ਪੈਰ, ਕੋਈ ਭੀ ਸਾਡਾ ਨਹੀਂ। ਘਰਬਾਰ ਜ਼ਮੀਨ ਜਾਇਦਾਦ ਸਾਡਾ ਕੁੱਝ ਭੀ ਨਹੀਂ। ਜੇ ਸਭ ਕੁੱਝ ਅਪਣਾ ਮੰਨਦੇ ਹਾਂ, ਤਾਂ ਅੱਖਾਂ ਰੂਪ ਦੇਖਣ ਵੱਲ ਹੀ ਭੱਜੀਆਂ ਰਹਿੰਦੀਆਂ ਹਨ, ਹੰਕਾਰ ਕ੍ਰੋਧ ਵੈਰ ਦ੍ਰਿਸ਼ਟੀ ਨਾਲ ਦੇਖਦੀਆਂ ਹਨ। ਯਥਾ:- ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ॥ ਰਸਨਾ ਸੋਈ; ਲੋਭਿ ਮੀਠੈ ਸਾਦਿ॥ ਮਨੁ ਸੋਇਆ; ਮਾਇਆ ਬਿਸਮਾਦਿ॥ ਚਮੜੀ ਵਿਕਾਰ 'ਚ ਲੱਗਦੀ ਹੈ। ਜ਼ਬਾਨ ਵਿਸ਼ੇ ਵਿਕਾਰ ਦੇ ਗਾਣੇ ਗਾਉਂਦੀ, ਕੂੜ ਬੋਲਦੀ ਹੈ। ਯਥਾ:- ਕੂੜੁ ਬੋਲਿ; ਮੁਰਦਾਰੁ ਖਾਇ॥

ਕਬੀਰ. ਕੀਚੜਿ ਆਟਾ ਗਿਰਿ ਪਰਿਆ; ਕਿਛੂ. ਨ ਆਇਓ ਹਾਥ॥ ਪੀਸਤ ਪੀਸਤ ਚਾਬਿਆ; ਸੋਈ ਨਿਬਹਿਆ ਸਾਥ॥੨੧੫॥ ਇੱਕ ਬਜ਼ੁਰਗ ਮਾਈ ਜੀ ਕਿਸੇ ਘਰੇ, ਚੱਕੀ 'ਤੇ ਭੁੱਜੇ ਛੋਲੇ ਜੌਂ ਘਾਟ ਪੀਂਹਦੀ ਸੀ। ਇੱਕ ਦਿਨ ਚੱਕੀ ਪੀਂਹਦਿਆਂ, ਭੁੱਜੇ ਦਾਣੇ ਚੱਬੀ ਗਈ, ਦਾਣੇ ਪੀਹ ਕੇ, ਬਾਹਰ ਨਿਕਲੀ, ਮੀਂਹ 'ਚ ਤਿਲਕ ਗਈ। ਸਾਰਾ ਆਟਾ ਚਿੱਕੜ 'ਚ ਡਿੱਗ ਪਿਆ। ਇਹ ਕੌਤਕ ਦੇਖਦਿਆਂ ਹੀ, ਸ੍ਰੀ ਕਬੀਰ ਜੀ ਨੇ ਗੁਰਬਾਣੀ ਜੀ

Sri Satguru Jagjit Singh Ji eLibrary NamdhariElibrary@gmail.com

ਉਚਾਰੇ। ਜਿਸ 'ਚ ਸਿੱਖਿਆ ਹੀ ਸਿੱਖਿਆ ਹੈ। ਯਥਾ:- ਸਗਲ ਬੋਲਨ ਕੇ ਮਾਹਿ ਬੀਚਾਰ॥ ਸ੍ਰੀ ਕਬੀਰ ਸਾਹਿਬ ਜੀ ਦੀ ਪ੍ਰਮਾਤਮਾ ਜੀ 'ਚ, ਐਸੀ ਏਕਤਾ ਅਭੇਦਤਾ ਹੈ, ਜਿਸ ਤਰ੍ਹਾਂ ਚਸ਼ਮਾ ਆਪੇ ਵਹਿੰਦਾ ਹੈ, ਇਸ ਤਰ੍ਹਾਂ ਨਿਰਯਤਨ ਗੁਰਬਾਣੀ ਜੀ ਉਚਾਰ ਰਹੇ ਹਨ। ਯਥਾ:- ਹਉ ਆਪਹੁ. ਬੋਲਿ ਨ ਜਾਣਦਾ; ਮੈ. ਕਹਿਆ ਸਭੁ ਹੁਕਮਾਉ ਜੀਉ॥) ਬੇਸੁਮਾਰ ਅਥਾਹ; ਅਗਨਤ ਅਤੋਲੈ॥ ਜਿਉ ਬੁਲਾਵਹੁ; ਤਿਉ. ਨਾਨਕ ਦਾਸ ਬੋਲੈ॥) ਬੋਲਾਇਆ ਬੋਲੀ ਤੇਰਾ॥ ਤੂ ਸਾਹਿਬੁ; ਗੁਣੀ ਗਹੇਰਾ॥ ਪਰਮਪੂਜਨੀਕ ਪੂਰਨ ਸੱਚੇ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- "ਜਿਵੇਂ ਬਜ਼ੁਰਗ ਮਾਈ ਜੀ ਦਾ ਆਟਾ, ਚਿੱਕੜ 'ਚ ਡਿੱਗਿਆ ਹੈ, ਇਉਂ ਨਾਮਹੀਣ ਦਾ, ਧਨ ਪਦਾਰਥ ਸੁਆਸਾਂ ਰੂਪੀ ਆਟਾ, ਸ਼ਰਾਬ ਮਾਸ, ਟੀ ਪਾਰਟੀ ਵੇਸਵਾ ਨਾਚ ਗਾਣੇ ਕਲੱਬਾਂ ਸਿਨਮੇ ਪਾਰਟੀ ਬਾਜ਼ੀ ਮੁਕੱਦਮੇ ਵਿਸ਼ੇ ਪਾਪ ਜ਼ੁਲਮ ਔਗੁਣ ਕੁਸੰਗਤ ਰੂਪ (ਕੀਚੜਿ)ਚਿੱਕੜ 'ਚ (ਗਿਰਿ)ਡਿੱਗ (ਪਰਿਆ)ਪਿਆ ਹੈ। (ਕਿਛੂ)ਕੁੱਝ ਭੀ ਹਾਥ (ਨ)ਨਹੀਂ (ਆਇਓ)ਆਇਆ, ਸਗੋਂ ਵਿਸ਼ੇ ਵਿਕਾਰ ਹੰਕਾਰ 'ਚ ਅੰਨ੍ਹਾ ਹੋ ਜਾਂਦਾ ਹੈ। ਬਿਖਿਆ ਦੇ ਧਨ ਨੂੰ ਇਕੱਠਾ ਕਰਨ 'ਚ ਜੀਵ ਨੂੰ ਸਦਾ ਦੁੱਖ ਹੁੰਦਾ ਹੈ। ਨਾ ਨਾਲ ਜਾਂਦਾ ਹੈ, ਨ ਪ੍ਰਾਪਤ ਹੁੰਦਾ ਹੈ। ਯਥਾ:- ਬਿਖਿਆ ਕੈ ਧਨਿ; ਸਦਾ ਦੁਖੁ ਹੋਇ॥ ਨਾ ਸਾਥਿ ਜਾਇ; ਨ ਪਰਾਪਤਿ ਹੋਇ॥) ਕੇਤੇ; ਖਪਿ ਤੁਟਹਿ ਵੇਕਾਰ॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) (ਬੂਝੀ ਪੋਲਾ) ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ ਤ੍ਰਿਸਨ. ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ. ਕਛੂ ਨ ਸੂਝੀ॥ ਬਿਖਿਆ ਮਹਿ; ਕਿਨਹੀ.ਤ੍ਰਿਪਤਿ ਨ ਪਾਈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ; ਬਿਨੁ ਹਰਿ.ਕਹਾ ਅਘਾਈ॥) ਸਉ ਮਣੁ ਹਸਤੀ ਘਿਉ ਗੁੜੁ ਖਾਵੈ; ਪੰਜਿ ਸੈ ਦਾਣਾ ਖਾਇ॥ ਡਕੈ ਫੂਕੈ ਖੇਹ ਉਡਾਵੈ; ਸਾਹਿ ਗਇਐ ਪਛੁਤਾਇ॥) ਖਾਣਾ ਪੀਣਾ ਹਸਣਾ ਸਉਣਾ; ਵਿਸਰਿ ਗਇਆ ਹੈ ਮਰਣਾ॥ ਖਸਮੁ ਵਿਸਾਰਿ. ਖੁਆਰੀ ਕੀਨੀ; ਧ੍ਰਿਗੁ ਜੀਵਣੁ. ਨਹੀ ਰਹਣਾ॥) ਪਾਰਟੀਆਂ 'ਚ ਮੁਰਗੇ ਖਾਂਦੇ ਹਨ। ਪੀਏ ਪਿਆਲੇ, ਔ ਖਾਇ ਕਬਾਬ। ਦੇਖੋ ਰੇ ਲੋਕੋ, ਜੁ ਹੋਤੇ ਖਰਾਬ॥ (ਸ੍ਰੀ ਗੁਰੂ ਨਾਨਕ ਪ੍ਰਕਾਸ਼)

ਪੀਸਤ ਪੀਸਤ ਚਾਬਿਆ; ਸੋਈ ਨਿਬਹਿਆ ਸਾਥ॥੨੧੫॥ ਜਿਵੇਂ ਮਾਤਾ ਜੀ ਨੇ (ਪੀਸਤ)ਪੀਂਹਦਿਆ ੨ ਚੱਬਿਆ ਸੀ। ਇਉਂ (ਪੀਸਤ)ਪੀਂਹਦਿਆ (ਪੀਸਤ)ਪੀਂਹਦਿਆ, ਭਾਵ ਧਰਮ- ਕਿਰਤ ਕਰਦਿਆਂ ੨, ਚਾਬਿਆ ਭਾਵ ਨਾਮ ਅਭਿਆਸ ਕੀਤਾ, (ਸੋਈ)ਉਹ ਹੀ (ਸਾਥ)ਨਾਲ (ਨਿਬਹਿਆ)ਨਿਭਿਆ ਭਾਵ ਸਫ਼ਲ ਹੋਇਆ, ਬਾਕੀ ਸਭ ਕੁੱਝ ਖ਼ਰਾਬ ਹੋ ਗਿਆ। ਯਥਾ:- ਊਠਤ ਬੈਠਤ. ਹਰਿ ਹਰਿ ਧਿਆਈਐ; ਅਨਦਿਨੁ ਸੁਕ੍ਰਿਤੁ ਕਰੀਐ॥੧॥) ਹਾਥ ਪਾਉ ਕਰਿ ਕਾਮੁ ਸਭੁ; ਚੀਤੁ ਨਿਰੰਜਨ ਨਾਲਿ॥) ਊਠਤ ਬੈਠਤ ਸੋਵਤੇ; ਹਰਿ ਹਰਿ ਹਰਿ ਚੇਤ॥੧॥ ਰਹਾਉ॥ ਪੰਚ ਚੋਰ ਆਗੈ ਭਗੇ; ਜਬ ਸਾਧਸੰਗੇਤ॥) ਸਗਲ ਉਦਮ ਮਹਿ; ਉਦਮੁ ਭਲਾ॥ ਹਰਿ ਕਾ ਨਾਮੁ; ਜਪਹੁ ਜੀਅ ਸਦਾ॥) ਸੁਤਿਆ.ਗੁਰੁ ਸਾਲਾਹੀਐ; ਉਠਦਿਆ ਭੀ.ਗੁਰੁ ਆਲਾਉ॥ ਕੋਈ. ਐਸਾ ਗੁਰਮੁਖਿ, ਜੇ ਮਿਲੈ; ਹਉ ਤਾ ਕੇ.ਧੋਵਾ ਪਾਉ॥) ਇਸੇ ਤਰ੍ਹਾਂ ਮਹਾਰਾਜ ਜੀ ਦੇ ਨਿਮਿੱਤ ਪੀਸਤ ੨ ਚਾਬਿਆ ਵਾਂਗ, ਨਾਮ ਜਪਦਿਆਂ ੨, ਧਰਮ- ਕ੍ਰਿਤ ਕਰਦਿਆਂ ੨, ਧਰਮ- ਕ੍ਰਿਤ ਕਰਕੇ, ਜੋ ਦਸਵੰਧ ਦਿਤਾ। ਗੁਰਦੁਆਰੇ ਧਰਮਸ਼ਾਲਾ ਸਕੂਲ ਕਾਲਜ ਬਣਾਏ, ਧਰਮ ਦੇ ਸ਼ੁਭ ਕਾਰਜ ਕੀਤੇ, ਉਹ ਹੀ ਨਾਲ ਜਾਂਦੇ ਹਨ। ਬਾਕੀ ਇੱਥੇ ਲੰਗੋਟੀ ਤੋੜ ਲੈਂਦੇ ਹਨ। ਯਥਾ:- ਕਬੀਰ. ਕਉਡੀ ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ. ਨ ਕਛੂ ਮਿਲਿਓ; ਲਈ ਲੰਗੋਟੀ ਤੋਰਿ॥) ਨਾਂਗੇ ਆਵਨੁ; ਨਾਂਗੇ ਜਾਨਾ॥ ਕੋਇ ਨ ਰਹਿ ਹੈ; ਰਾਜਾ ਰਾਨਾ॥ ਨਾਲ ਕੁੱਝ ਭੀ ਨਹੀਂ ਜਾਂਦਾ, ਧੰਨ ਬਾਬਾ ਰਾਏ ਬੁਲਾਰ ਸਾਹਿਬ ਬੀਰ ਬਹਾਦਰ ਜੀ। ਭਾਵੇਂ ਮੁਸਲਮਾਨ ਮੁਹੰਮਦ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਜੀ ਦਾ ਮੁਰੀਦ ਸੀ, ਹੈਰਾਨੀ ਦੀ ਗੱਲ ਹੈ ਕਿ ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਨਾਮ 'ਤੇ, ਸਰੋਵਰ ਲੁਆਇਆ। ਤਨ ਮਨ ੭੫੦੦ ਏਕੜ ਜ਼ਮੀਨ, ਧੰਨ ਗੁਰੂ ਨਾਨਕ ਦੇਵ ਜੀ ਦੇ ਨਾਮ ਲੁਆ ਦਿਤੀ।

ਕਬੀਰ. ਮਨੁ ਜਾਨੈ ਸਭ ਬਾਤ; ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ; ਹਾਥਿ ਦੀਪੁ. ਕੂਏ ਪਰੈ॥੨੧੬॥ {ਸਤਿਗੁਰੂ ਮਹਾਰਾਜ ਸਾਹਿਬ ਜੀ ਨੇ, ਓਲ੍ਹਾ ਨਹੀਂ ਰੱਖਿਆ, ਗੁਰਬਾਣੀ 'ਚ ਬਹੁਤ ਮਿੱਠੇ ਪਿਆਰੇ ਸ਼ੁਭ ਸੱਚੇ ਅਮੋਲਕ ਮਹਾਂ ਮਹਾਂ ਵਿਸਮਾਦ ਗੁਰਮਤਿ ਉਪਦੇਸ਼ ਬਖ਼ਸ਼ੇ ਹਨ:- ਪਰ ਤ੍ਰਿਅ ਰਾਵਣਿ ਜਾਹਿ; ਸੇਈ ਤਾ ਲਾਜੀਅਹਿ॥ ਜੋ ਪਰਾਈਆਂ ਇਸਤ੍ਰੀਆਂ ਨਾਲ, ਮੰਦ ਕਰਮ ਕਰਦੇ ਹਨ, ਤਲੇ ਜਾਂਦੇ ਹਨ, ਲੱਜਿਆ ਨੂੰ ਪ੍ਰਾਪਤ ਹੁੰਦੇ ਹਨ। ਪਰ ਨਿੰਦਾ ਪਰ ਮਲੁ. ਮੁਖ ਸੁਧੀ; ਅਗਨਿ ਕ੍ਰੋਧੁ ਚੰਡਾਲੁ॥ ਪਰਾਈ ਨਿੰਦਾ ਕਰਨੀ, ਮੂੰਹ 'ਚ ਨਿਰੀ ਮੈਲ਼ ਖਾਣੀ ਹੈ। ਪਰ ਤ੍ਰਿਅ ਰੂਪੁ; ਨ ਪੇਖੈ ਨੇਤ੍ਰ॥ ਸਾਧ ਕੀ ਟਹਲ; ਸੰਤ ਸੰਗਿ ਹੇਤ॥) ਬਾਬਾ; ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ. ਤਨੁ ਪੀੜੀਐ; ਮਨ ਮਹਿ ਚਲਹਿ ਵਿਕਾਰ॥ ਸ਼ੁਭ ਉਪਦੇਸ਼, ਹੇ ਭਾਈ! ਗੁਰਮਤਿ ਦਾ ਖਾਣਾ ਛੱਡ ਕੇ, ਦੁਰਮਤਿ ਦਾ ਖਾਣਾ, ਹੋਰ ਤਰ੍ਹਾਂ ਬਹੁਤਾ ੨ ਖਾਣਾ ਖੁਸੀ ਨੂੰ ਖੁਆਰੀ 'ਚ ਬਦਲ ਦਿੰਦਾ ਹੈ। ਜਿਸ ਦੇ ਖਾਣੇ ਕਰਕੇ ਸ੍ਰੀਰ 'ਚ ਕਸ਼ਟ ਵਿਸ਼ੇ ਵਿਕਾਰ ਦੀਆਂ ਪੀੜਾਂ ਹੁੰਦੀਆਂ ਹਨ। ਸਾਕਤ ਦਾ ਪੁੱਠਾ ਸੁਭਾਅ ਹੈ, ਨਾ ਖਾਣ ਵਾਲੀਆਂ ਚੀਜ਼ਾਂ ਖਾ ਕੇ ਹਲ਼ਕ ਰਿਹਾ ਹੈ। ਯਥਾ:- ਪਰ ਧਨ ਪਰ ਤਨ, ਪਰ ਤੀ ਨਿੰਦਾ; ਅਖਾਧਿ ਖਾਹਿ ਹਰਕਾਇਆ॥) ਤੇਜ਼ ਮਿੱਠਾ ਤੇਜ਼ ਕਉੜਾ ਦੋਵੇਂ ਹੀ ਰੋਗ ਲਾਉਂਦੇ ਹਨ। ਧੜਾ- ਧੜ ਜੀਆਂ ਨੂੰ ਸ਼ੂਗਰ ਲੱਗ ਰਹੀ ਹੈ। ਸ੍ਰੀਰ ਨਾਲ ਭੋਗ ਕੀਤੇ ਤਾਂ ਰੋਗ ਪੈਦਾ ਹੋ ਗਏ। ਬੇਅੰਤ ਜੀਅ ਪਾਪਾਂ ਵਿਕਾਰਾਂ ਔਗੁਣਾਂ ਕਰਕੇ ਖ਼ਰਾਬ ਹੋ ਰਹੇ ਹਨ। ਧੰਨ ਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:- ਮਿਠਾ ਕਉੜਾ; ਦੋਵੈ ਰੋਗ॥ ਨਾਨਕ; ਅੰਤਿ ਵਿਗੁਤੇ ਭੋਗ॥) ਖਸਮੁ ਵਿਸਾਰਿ; ਕੀਏ ਰਸ ਭੋਗ॥ ਤਾਂ ਤਨਿ; ਉਠਿ ਖਲੋਏ ਰੋਗ॥) ਬਹੁ ਸਾਦਹੁ; ਦੁਖੁ ਪਰਾਪਤਿ ਹੋਵੈ॥ ਭੋਗਹੁ ਰੋਗ; ਸੁ ਅੰਤਿ ਵਿਗੋਵੈ॥ ਹਰਖਹੁ ਸੋਗੁ. ਨ ਮਿਟਈ ਕਬਹੂ; ਵਿਣੁ ਭਾਣੇ. ਭਰਮਾਇਦਾ॥ ਭਾਵੇਂ ਮਹਾਂਪੁਰਸ਼ਾਂ ਦੁਆਰਾ ਸਤਿਸੰਗਤ 'ਚ ਰਹਿ ਕੇ ਸਾਰੀ ਸਿੱਖਿਆ ਸੁਣੀ ਹੈ। ਤਜਿ ਸਾਦ; ਸਹਜ ਸੁਖੁ ਹੋਈ॥ ਘਰ ਛਡਣੇ; ਰਹੈ ਨ ਕੋਈ॥ ਪਤਾ ਹੈ, ਸੰਸਾਰ ਛੱਡ ਜਾਣਾ, ਗੁਰਸ਼ਬਦ ਪੜ੍ਹਦਾ ਵਿਚਾਰਦਾ, ਭਾਵੇਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀਆਂ ਰੌਲ਼ਾ ਲਾਉਂਦਾ, ਫੇਰ ਭੀ ਸਾਰੀਆਂ ਗੱਲਾਂ ਜਾਣਦਾ ਹੀ ਅਉਗਨੁ ਪਾਪ ਕਰਦਾ ਹੈ। ਇੱਕ ਭੋਲ਼ਾ ਹੋਵੇ, ਕਿਸੇ ਗੱਲ ਦਾ ਪਤਾ ਹੀ ਨਹੀਂ, ਸਿੱਖਿਆ ਨਹੀਂ ਮਿਲੀ, ਇੱਕ ਨੂੰ ਖ਼ੂਬ ਸਿੱਖਿਆ ਮਿਲੀ ਹੈ। ਸਿੱਖਿਆ ਪ੍ਰਾਪਤ ਕਰਕੇ ਫਿਰ ਗਲਤੀ ਕਰਦਾ ਉਹ ਦੂਣੀ ਸਜ਼ਾ ਦਾ ਹੱਕਦਾਰ ਹੈ। ਯਥਾ:- ਬਿਨੁ ਸਤਿਗੁਰ ਸੇਵੇ. ਬਹੁਤਾ ਦੁਖੁ ਲਾਗਾ; ਜੁਗ ਚਾਰੇ ਭਰਮਾਈ॥ ਸਤਿਗੁਰੂ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਸੇਵਾ ਕੀਤੀ ਬਿਨਾ ਚਹੁੰ ਜੁਗਾਂ ਅੰਦਰ ਭਰਮਣਾ ਪੈਂਦਾ ਹੈ। ਯਥਾ:- ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਭਾਂਤ ਭਾਂਤ; ਭੱਛਤ ਪਕਵਾਨਾ॥ ਉਪਜਤ ਰੋਗ ਦੇਹ; ਤਿਨ ਨਾਨਾ॥ (ਸ੍ਰੀ ਦਸਮ ੧੮੫) ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ:- ਜਿਹੜੇ ਜੀਵ ਤਰ੍ਹਾਂ ੨ ਦੇ ਤਲ਼ੇ ਪਦਾਰਥ ਛਕਦੇ ਹਨ, ਉਨ੍ਹਾਂ ਦੇ ਸ੍ਰੀਰ 'ਤੇ ਨਾਨ੍ਹਾਂ ਰੋਗ ਪੈਦਾ ਹੁੰਦੇ ਹਨ। ਜਿਵੇਂ ਪਤਾ ਸ਼ਰਾਬ ਪੀਣ ਨਾਲ ਫੇਫੜੇ ਗਲ਼ ਜਾਂਦੇ ਸ਼ੂਗਰ ਹੁੰਦੀ ਹੈ। ਤਮਾਕੂ ਪੀਣ ਨਾਲ ਕੈਂਸਰ ਆਦਿ ਬਿਮਾਰੀਆਂ ਲੱਗ ਜਾਂਦੀਆਂ, ਸੋਨਾ ਪਾਉਣ ਨਾਲ ਚੋਰ ਨੱਕ ਕੰਨ ਵੱਢ ਲੈਂਦੇ ਵਿਸ਼ੇ ਵਿਕਾਰ ਵਧਦੇ ਹਨ। ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ; ਹੋਤ ਪਰਾਪਤਿ ਸੁਆਮੀ॥ ਸ਼ੁਭ ਮਾਰਗ ਛੱਡ ਕੇ, ਕਹਿਣਾ, "ਮੈਂ ਘੰਟਾ ਕਥਾ ਕੀਰਤਨ ਕਰਨ ਦੇ ਦਸ ਹਜ਼ਾਰ ਰੁਪੈ ਲੈਣੇ ਹਨ", ਜੇ ਪ੍ਰੇਮੀ ਕਹਿਣ "ਜੀ ਮਹਾਂਪੁਰਸ਼ੋ! ਕ੍ਰਿਪਾ ਕਰਕੇ ਇੱਕ ਹੋਰ ਸ਼ਬਦ ਪੜ੍ਹ ਦਿਉ", ਤਾਂ ਕਹਿੰਦਾ, "ਪੰਜ ਹਜ਼ਾਰ ਹੋਰ ਲਵਾਂਗੇ"। ਕਥਾ ਕੀਰਤਨ ਸ੍ਰੀ ਅਖੰਡ ਪਾਠ ਸਾਹਿਬ ਸਹਿਜ ਪਾਠ ਕਰਕੇ ਜੋ ਪੂਜਾ ਦਾ ਧਾਨ ਹੈ, ਸ਼ਰਾਬ ਮਾਸ ਪਾਨ ਪਰ ਗ੍ਰਿਹ ਵਿਕਾਰ ਤੇ ਖਰਚ ਕਰਨਾ,

Sri Satguru Jagjit Singh Ji eLibrary NamdhariElibrary@gmail.com

ਗੁਰੂ ਕੀ ਗੋਲਕ ਚੁਰਾਉਣੀ ਇਹ ਵਿਸ਼ਿਆਂ ਦੇ ਖੂਹ 'ਚ ਪੈ ਰਿਹਾ ਹੈ। ਯਥਾ:- ਅੰਧ ਕੂਪ ਮਹਿ. ਪਤਿਤ ਹੋਤ ਜਗੁ; ਸੰਤਹੁ. ਕਰਹੁ ਪਰਮ ਗਤਿ ਮੋਰੀ॥}

ਕਬੀਰ. ਮਨੁ ਜਾਨੈ ਸਭ ਬਾਤ; ਜਾਨਤ ਹੀ ਅਉਗਨੁ ਕਰੈ॥ ਕਾਹੇ ਕੀ ਕੁਸਲਾਤ; ਹਾਥਿ ਦੀਪੁ. ਕੂਏ ਪਰੈ॥੨੧੬॥ ਗੁਰੂ ਸਾਹਿਬ ਜੀ ਦੇ ਪੂਰਨ ਭਗਤ, ਪੂਰਨ ਕਰਨੀ ਕਮਾਈ ਬੰਦਗੀ ਭਾਉ- ਭਗਤੀ ਵਾਲੇ ਮਹਾਤਮਾ ਜੀ ਪਾਸ ਰਹਿ ਕੇ, ਕਿਸੇ ਨੇ ਪੂਰਨ ਗੁਰਮਤਿ ਸਿੱਖਿਆ ਪ੍ਰਾਪਤ ਕੀਤੀ। ਉਹ ਮਾੜੇ ਕੰਮਾਂ 'ਚ ਲੱਗ ਕੇ ਦੁਨੀਆਂ ਨੂੰ ਛਲਣ ਠੱਗਣ ਲੱਗ ਗਿਆ। ਪਰਥਾਇ ਸਾਖੀ ਮਹਾਪੁਰਖ ਬੋਲਦੇ; ਸਾਝੀ ਸਗਲ ਜਹਾਨੈ॥) ਖਤ੍ਰੀ ਬ੍ਰਾਹਮਣ ਸੂਦ ਵੈਸ; ਉਪਦੇਸੁ ਚਹੁ ਵਰਨਾ ਕਉ ਸਾਝਾ॥ ਅਨੁਸਾਰ ਸਭ ਨੂੰ ਸਵਾਰਨ ਲਈ, ਸ਼ੁਭ ਸੱਚਾ ਉਪਦੇਸ਼ ਬਖ਼ਸ਼ਦੇ ਹਨ। ਜੇ ਕਿਸੇ ਦੇ ਮੂੰਹ 'ਤੇ ਚੋਰ ਯਾਰ ਕਿਹਾ ਜਾਵੇ, ਤਾਂ ਉਹ ਲੜ ਪੈਂਦਾ ਹੈ। ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ ਆਪਣੇ ਮਨ ਨੂੰ ਉਪਦੇਸ਼ਦੇ ਹਨ:- ਮਨੁ (ਸਭ)ਸਾਰੀਆਂ (ਬਾਤ)ਗੱਲਾਂ (ਜਾਨੈ)ਜਾਣਦਾ ਹੈ। (ਜਾਨਤ)ਜਾਣਦਾ ਹੀ, ਅਉਗਨੁ (ਕਰੈ)ਕਰਦਾ ਹੈ। (ਕਾਹੇ)ਕਿਸ ਤਰ੍ਹਾਂ (ਕੀ)ਦਾ (ਕੁਸਲਾਤ)ਸੁਖ ਹੋਵੇ, ਆਪਣੇ ਮਨ ਰੂਪੀ ਹਾਥਿ 'ਚ, ਸਤਿਗੁਰ ਸਬਦਿ; ਉਜਾਰੋ ਦੀਪਾ॥ ਗੁਰਸ਼ਬਦ ਰੂਪੀ (ਦੀਪੁ)ਦੀਵਾ ਫੜ ਕੇ, ਸ਼ਰਾਬ ਮਾਸ, ਵੇਸਵਾ ਨਾਚ ਗਾਣੇ ਕਲੱਬਾਂ ਸਿਨਮੇ ਪਾਰਟੀ ਬਾਜ਼ੀ ਮੁਕੱਦਮੇ ਟੀ ਪਾਰਟੀ ਵਿਸ਼ੇ ਪਾਪ ਜ਼ੋਰ ਜ਼ੁਲਮ ਔਗੁਣ ਕੁਸੰਗਤ ਮੋਹ ਵੈਰ ਔਗੁਣਾਂ ਰੂਪੀ (ਕੂਏ)ਖੂਹ 'ਚ (ਪਰੈ)ਡਿੱਗ ਰਿਹਾ ਹੈ॥੨੧੬॥ ਯਥਾ:- ਜਾਨਿ ਬੂਝ ਕੈ ਬਾਵਰੇ; ਤੈ. ਕਾਜੁ ਬਿਗਾਰਿਓ॥ ਪਾਪ ਕਰਤ. ਸੁਕਚਿਓ ਨਹੀ; ਨਹ. ਗਰਬੁ ਨਿਵਾਰਿਓ॥) ਕਬੀਰ. ਦੀਨੁ ਗਵਾਇਆ ਦੁਨੀ ਸਿਉ; ਦੁਨੀ. ਨ ਚਾਲੀ ਸਾਥਿ॥ ਪਾਇ ਕੁਹਾੜਾ ਮਾਰਿਆ; ਗਾਫਲਿ ਅਪੁਨੈ ਹਾਥ॥

ਕਬੀਰ. ਲਾਗੀ ਪ੍ਰੀਤਿ ਸੁਜਾਨ ਸਿਉ; ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ. ਕਿਉ ਬਨੈ; ਜਾ ਕੇ ਜੀਅ ਪਰਾਨ॥੨੧੭॥ ਪਰਮਪੂਜਨੀਕ ਸੱਚੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਸੱਚੀ ਪ੍ਰੀਤਿ (ਸੁਜਾਨ) ਸ੍ਰੇਸ਼ਟ ਜਾਣੀ ਜਾਣ, ਸਭ ਦੇ ਅੰਦਰ ਬਾਹਰ ਹਰ ਸਮੇਂ, ਅਜਪਾ ਜਾਪ ਕਰ ਰਹੇ, ਅਸੰਖ ਸ਼ੁਭ ਗੁਣਾਂ ਦੇ ਅਸੰਖ ਤੇਜ਼ ਪ੍ਰਕਾਸ਼ ਨੂਰ ਭਰਪੂਰ ਅੰਤਰਜਾਮੀ, ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ (ਸਿਉ)ਨਾਲ ਦਾਸਨ ਦਾਸ ਦੀ, ਰੋਮ ੨ ਕਰਕੇ ਪ੍ਰੀਤੀ (ਲਾਗੀ)ਲੱਗ ਗਈ ਹੈ। ਯਥਾ:- ਆਪੇ ਲਾਇਓ; ਅਪਨਾ ਪਿਆਰੁ॥) ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥) ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ ਪ੍ਰੀਤਿ ਨ ਤੋਰਉ॥) ਮੂ ਲਾਲਨ ਸਿਉ; ਪ੍ਰੀਤਿ ਬਨੀ॥ ਰਹਾਉ॥ ਤੋਰੀ ਨ ਤੂਟੈ. ਛੋਰੀ ਨ ਛੂਟੈ; ਐਸੀ ਮਾਧੋ ਖਿੰਚ ਤਨੀ॥੧॥ ਦਿਨਸੁ ਰੈਨਿ. ਮਨ ਮਾਹਿ ਬਸਤੁ ਹੈ; ਤੂ ਕਰਿ ਕਿਰਪਾ ਪ੍ਰਭ. ਅਪਨੀ॥੨॥ ਜਿਹੜੇ (ਅਜਾਨੁ)ਅਨਜਾਣ ਅਗਿਆਨੀ ਲੋਗੁ, ਦਾਸਨ ਦਾਸ ਨੂੰ ਵਾਹਿਗੁਰੂ ਜੀ ਦੀ ਪ੍ਰੀਤੀ ਵੱਲੋਂ (ਬਰਜੈ) ਰੋਕਦੇ ਹਨ। (ਤਾ) ਤਿਨ੍ਹਾਂ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਜੀ (ਸਿਉ)ਨਾਲੋਂ, (ਟੂਟੀ)ਟੁੱਟੀ ਕਿਉ (ਬਨੈ)ਬਣੇ? (ਜਾ)ਜਿਨ੍ਹਾਂ (ਕੇ)ਦੇ (ਜੀਅ)ਜ਼ਿੰਦਗੀ, ਮਨ ਚਿੱਤ (ਪਰਾਨ)ਸੁਆਸ ਦਿਤੇ ਹਨ॥੨੧੭॥ ਜਿਨ੍ਹਾਂ ਦੀ ਸੱਤਾ ਨਾਲ ਸੁਆਸ ਚੱਲ ਰਹੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸੱਤਾ ਨਾਲ ਅਸੀਂ ਬੋਲਦੇ ਵੇਖਦੇ ਤੁਰਦੇ ਫਿਰਦੇ ਉਨ੍ਹਾਂ ਤੋਂ ਬਿਨਾ ਮੁਰਦੇ ਹਾਂ। ਯਥਾ:- ਪ੍ਰਾਨ ਸੁਖਦਾਤਾ ਜੀਅ ਸੁਖਦਾਤਾ; ਤੁਮ ਕਾਹੇ ਬਿਸਾਰਿਓ ਅਗਿਆਨਥ॥ ਹੁਣ ਅਸੀਂ ਆਪਣੇ ਜੀਅ ਪ੍ਰਾਣ ਉਨ੍ਹਾਂ ਨੂੰ ਸਮਝ ਲਿਆ। ਉਹ ਸਾਡੇ ਲੂੰ ੨ 'ਚ ਲੀਣ ਹੋ ਗਏ, ਹੁਣ ਜੀਵਨ ਐਸਾ ਬਣ ਗਿਆ, ਆਖਾ ਜੀਵਾ; ਵਿਸਰੈ ਮਰਿ ਜਾਉ॥ ਉਨ੍ਹਾਂ ਨੂੰ ਵਿਸਰਨੇ ਕਰਕੇ ਸਾਡਾ ਮਰਨਾ ਹੁੰਦਾ ਹੈ, ਜਿਹੜੇ ਸਾਨੂੰ ਵਰਜਦੇ ਉਹ ਅਣਜਾਣ ਲੋਕ ਹਨ। ਜਿਵੇਂ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਨੂੰ ਸਾਢੇ ਸੱਤ ਮਹੀਨੇ ਦਾ ਘੇਰਾ ਪਿਆ, ਜਿਹੜੇ ਸੂਰਬੀਰ ਬਹਾਦਰ ਯੋਧੇ ਸੁਣਦੇ, ਉਹ ਇਕੱਠੇ ਹੋ ਕੇ ਮਤਾ ਕਰਦੇ, ਬਈ ਆਪਾਂ ਇਕੱਠੇ ਹੋ ਕੇ

Sri Satguru Jagjit Singh Ji eLibrary NamdhariElibrary@gmail.com

ਅਨੰਦਪੁਰ ਸਾਹਿਬ ਜੀ ਜਾ ਕੇ ਸਤਿਗੁਰੂ ਸੱਚੇ ਪਾਤਿਸ਼ਾਹ ਜੀ ਨੂੰ ਸੀਸ ਅਰਪੀਏ, ਮਹਾਰਾਜ ਸਾਹਿਬ ਜੀ ਤੋਂ ਕੁਰਬਾਨ ਹੋਈਏ। ਜਦੋਂ ਤਿਆਰ ਹੋ ਕੇ ਜਾਣ ਲੱਗਦੇ ਉਹਨਾ ਦੇ ਹਿਤੂ ਸਨੇਹੀ ਰਿਸ਼ਤੇਦਾਰ ਮਾਤਾ ਪਿਤਾ ਭੈਣ ਭਰਾ, ਉਨ੍ਹਾਂ ਨੂੰ ਜਾਣ ਤੋਂ ਵਰਜਦੇ। ਪਰ ਉਹ ਇਹ ਸ਼ਬਦ ਪੜਦੇ, ਕਬੀਰ. ਲਾਗੀ ਪ੍ਰੀਤਿ ਸੁਜਾਨ ਸਿਉ; ਬਰਜੈ ਲੋਗੁ ਅਜਾਨੁ॥ ਤਾ ਸਿਉ ਟੂਟੀ ਕਿਉ ਬਨੈ; ਜਾ ਕੇ ਜੀਅ ਪਰਾਨ॥੨੧੭॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥ ਇਉਂ ਜਿਹੜਾ ਬੰਦਗੀ 'ਚ ਲੱਗਦਾ ਹੈ, ਵਿਰਲੇ ਗੁਰਮੁਖਾਂ ਨੂੰ ਛੱਡ ਕੇ, ਉਸ ਨੂੰ ਬਹੁਤ ਸਾਰੇ ਲੋਕ ਰੋਕਦੇ ਹਨ। ਕਬੀਰ ਸਾਹਿਬ ਜੀ ਨੇ ਪ੍ਰਮਾਤਮਾ ਜੀ ਦੀ ਬੰਦਗੀ ਵਾਲਿਆਂ ਲਈ ਬਖ਼ਸ਼ਿਸ਼ ਕੀਤੀ ਹੈ, ਜਦੋਂ ਉਨ੍ਹਾਂ ਨੂੰ ਕੋਈ ਰੋਕੇ ਜਾਂ ਉਸ ਦਾ ਮਨ ਹੀ ਇੱਧਰੋਂ ਪਿੱਛੇ ਹਟੇ, ਤਾਂ ਫਿਰ ਇਸ ਸਲੋਕ ਦਾ ਅਭਿਆਸ ਕਰਨ ਤਾਂ ਮਨ ਤਕੜਾ ਹੋ ਕੇ ਬੰਦਗੀ 'ਚ ਲੱਗ ਜਾਵੇਗਾ।

ਕਬੀਰ. ਕੋਠੇ ਮੰਡਪ ਹੇਤੁ ਕਰਿ; ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ; ਘਨੀ ਤ ਪਉਨੇ ਚਾਰਿ॥੨੧੮॥ ਪਰਮਪੂਜਨੀਕ ਸੱਚੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਕੋਠੇ)ਮਕਾਨ, ਉੱਚੇ (ਮੰਡਪ)ਮਹਲ ਗੁੰਬਦਾਂ ਨਾਲ ਸਵਾਰ ਸਵਾਰਿ ਕੇ, (ਹੇਤੁ)ਮੋਹ ਪਿਆਰ ਕਰਿ ਕੇ, ਸਵਾਰ ਸਵਾਰਿ ਕੇ ਚਿੱਤ ਜੋੜ ਕੇ, (ਕਾਹੇ)ਕਿਉਂ (ਮਰਹੁ) ਮਰ ਰਹੇ ਹੋਂ, ਭਾਵ ਇਨ੍ਹਾਂ ਦੇ ਸੰਸੇ ਫ਼ਿਕਰ ਚਿੰਤਾ ਰੋਗ ਮਰਨ ਦਾ ਕਾਰਨ ਹਨ? ਜਿਸ ਚਿਖਾ 'ਤੇ ਤੈਨੂੰ ਸਾੜਿਆ ਜਾਂ ਕਬਰ 'ਚ ਦੱਬਿਆ ਜਾਣਾ, ਉਹ ਤਾਂ ਤੇਰਾ (ਕਾਰਜੁ)ਕੰਮ, ਕੇਵਲ ਸਾਢੇ ਤੀਨਿ ਹਥ, (ਘਨੀ)ਬਹੁਤੀ ਹੋਵੇਗੀ ਤ ਪਉਨੇ ਚਾਰਿ ਹੱਥ ਹੋਵੇਗੀ॥੨੧੮॥ ਐਡੇ ਵੱਡੇ ੨ ਉੱਚੇ ਮੰਦਰ ਬਣਾਉਦਿਆਂ ਨਾਲ ਕੀ ਗਿਆ? ਯਥਾ:- ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥੪੬॥ ਹੇ ਭਾਈ, ਊਚੇ ਮੰਦਰ; ਸਾਲ ਰਸੋਈ॥ ਏਕ ਘਰੀ ਫੁਨਿ ਰਹਨੁ ਨ ਹੋਈ॥੧॥) ਯਥਾ:- ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥ {ਪਰਮਪੂਜਨੀਕ ਭਗਤ ਸਾਹਿਬ ਜੀ ਦਾ ਪਰਉਪਕਾਰੀ ਸ੍ਰਬੱਤ ਦੇ ਭਲੇ ਦਾ ਆਸ਼ਾ, ਜੀਵ ਦਾ ਮਨ ਤਨ ਰੋਮ ੨ ਸ੍ਰਬ ਵਿਆਪੀ ਨਿਰਗੁਨ ਨਿਰੰਕਾਰ ਨਿਰੰਜਨ ਜੀ 'ਚ ਜੋੜਨੇ ਦਾ ਹੈ। ਯਥਾ:- ਮੋਤੀ ਤ. ਮੰਦਰ ਊਸਰਹਿ; ਰਤਨੀ ਤ. ਹੋਹਿ ਜੜਾਉ॥ ਕਸਤੂਰਿ ਕੁੰਗੂ. ਅਗਰਿ ਚੰਦਨਿ; ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ; ਤੇਰਾ. ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ; ਜੀਉ ਜਲਿ ਬਲਿ ਜਾਉ॥ ਮੈ. ਆਪਣਾ ਗੁਰੁ ਪੂਛਿ ਦੇਖਿਆ; ਅਵਰੁ ਨਾਹੀ ਥਾਉ॥੧॥ ਕੋਠੇ ਮੰਡਪ ਮਾੜੀਆਂ 'ਚ ਚਿੱਤ ਲਾ ਕੇ, ਅੰਤ ਪ੍ਰੇਤ ਬਨਣਾ ਪੈਂਦਾ ਹੈ। ਯਥਾ:- ਅੰਤਿ ਕਾਲਿ. ਜੋ ਮੰਦਰ ਸਿਮਰੈ; ਐਸੀ ਚਿੰਤਾ ਮਹਿ. ਜੇ ਮਰੈ॥ ਪ੍ਰੇਤ ਜੋਨਿ; ਵਲਿ ਵਲਿ ਅਉਤਰੈ॥) ਕੋਠੇ ਮੰਡਪ ਮਾੜੀਆ; ਏਤੁ. ਨ ਲਾਏ ਚਿਤੁ॥ ਮਿਟੀ ਪਈ ਅਤੋਲਵੀ; ਕੋਇ. ਨ ਹੋਸੀ ਮਿਤੁ॥੫੭॥ ਇਨ੍ਹਾਂ ਦੇ ਪਿਆਰ ਦੇ ਵਸੀਕਾਰ ਹੋ ਕੇ, ਹਰ ਵੇਲੇ ਹੀ, ਇਨ੍ਹਾਂ ਦਾ ਸੰਸਾ ਕਰੀ ਜਾਂਦਾ ਹੈ। ਬਹੁਤ ਸਾਰੇ ਅਨਿਆਂ, ਜ਼ੋਰ ਜ਼ੁਲਮ, ਵੱਢੀਆਂ, ਕਲਮ ਕਸਾਈ ਬਣਦਾ ਹੈ। ਜੇ ਕੋਈ ਕਤਲ ਕਰਕੇ, ਜੱਜ ਨੂੰ ਪੈਸੇ ਦੇ ਦਿੰਦਾ ਹੈ, ਉਸ ਨੂੰ ਮੁਆਫ਼ ਕਰ ਦਿੰਦਾ ਹੈ। ਇਉਂ ਅਨੇਕਾਂ ਪ੍ਰਕਾਰ ਬੱਜਰ ਪਾਪਾਂ ਦੇ ਰੰਗਾਂ ਢੰਗਾਂ ਦੇ ਨਾਲ, ਪਾਪਾ ਬਾਝਹੁ. ਹੋਵੈ ਨਾਹੀ; ਮੁਇਆ. ਸਾਥਿ ਨ ਜਾਈ॥ ਮਾਇਆ ਇਕੱਠੀ ਕਰਕੇ ਕੋਠੇ ਮੰਡਪਾਂ ਦਾ ਹੇਤ ਕਰਕੇ ਇਨ੍ਹਾਂ ਨੂੰ ਸਵਾਰ ੨ ਕੇ ਕਿਸ ਲਈ ਮਰ ਰਹੇ ਹੋਂ? ਇਹ ਚਿਤਾਵਨੀ ਦੇ ਰਹੇ ਹਨ, ਜਿਨ੍ਹਾਂ ਦੇ ਹੇਤ 'ਚ ਆਪ ਜੀ ਮਰ ਰਹੇ ਹੋਂ। ਇਨ੍ਹਾਂ ਨੂੰ ਬਣਾਉਣ ਲਈ, ਕੀਤੇ ਪਾਪ ਨਾਲ ਜਾਣਗੇ। ਕੋਠੇ ਮੰਡਪਾਂ ਦੇ ਹੇਤ 'ਚ ਵਿਛੁੜੇ ਪ੍ਰਾਣੀ ਨੂੰ ਚਿਤਾਵਨੀ ਦਿਤੀ ਹੈ, ਇਨ੍ਹਾਂ ਦਾ ਹੇਤ ਛੱਡ, ਕਿਉਂਕਿ ਇਹ ਛੱਡਣੇ ਹਨ। ਯਥਾ:- ਤਜਿ ਸਾਦ; ਸਹਜ ਸੁਖੁ ਹੋਈ॥ ਘਰ ਛਡਣੇ; ਰਹੈ ਨ ਕੋਈ॥}

Sri Satguru Jagjit Singh Ji eLibrary NamdhariElibrary@gmail.com

ਕਬੀਰ. ਜੋ ਮੈ ਚਿਤਵਉ, ਨਾ ਕਰੈ; ਕਿਆ ਮੇਰੇ ਚਿਤਵੇ ਹੋਇ॥ ਅਪਨਾ ਚਿਤਵਿਆ. ਹਰਿ ਕਰੈ; ਜੋ. ਮੇਰੇ ਚਿਤਿ ਨ ਹੋਇ॥੨੧੯॥ ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਦੀ ਅਵਸਥਾ ਬੜੀ ਹੀ ਸੱਚੀ ਸੁੱਚੀ ਉੱਚੀ ਹੈ। ਯਥਾ:- ਅਬ ਤਉ. ਜਾਇ ਚਢੇ ਸਿੰਘਾਸਨਿ; ਮਿਲੇ ਹੈ. ਸਾਰਿੰਗ ਪਾਨੀ॥ ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥) ਮੈ ਬਉਰੀ; ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ॥) ਦਿਵਸ ਰੈਨਿ. ਤੇਰੇ ਪਾਉ ਪਲੋਸਉ; ਕੇਸ ਚਵਰ ਕਰਿ ਫੇਰੀ॥੧॥ ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ; ਆਗੈ ਬਦਨੁ ਪਸਾਰਿ॥) ਕਬੀਰ ਕੂਕਰੁ. ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ. ਤਹ ਜਾਉ॥) ਕਹਿ ਕਬੀਰ. ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥ ਆਪ ਸਾਹਿਬ ਜੀ ਅਕਾਲ ਪੁਰਖ ਜੀ ਨਾਲ ਇੱਕਮਿੱਕ ਬੜੀ ਉੱਚੀ ਅਵਸਥਾ ਟਿਕਾਅ 'ਚ ਬੋਲ ਰਹੇ ਹਨ। ਪ੍ਰਮਾਤਮਾ ਜੀ ਨਾਲ ਯੱਕਰੰਗੀ ਹਨ, ਆਪ ਜੀ ਦਾ ਕਹਿਆ ਦਰਗਹ 'ਚ ਪਰਵਾਣ ਹੈ। ਯਥਾ:- ਜਾ ਕਾ ਕਹਿਆ; ਦਰਗਹ ਚਲੈ॥) ਕੀਤਾ ਲੋੜਨਿ. ਸੋਈ ਕਰਾਇਨਿ; ਦਰਿ ਫੇਰੁ ਨ ਕੋਈ ਪਾਇਦਾ॥ ਮਹਾਰਾਜ ਸਾਹਿਬ ਜੀ ਦੀ ਰਜ਼ਾ ਭਾਣੇ ਸ਼ੁਕਰ 'ਚ, ਐਨੇ ਜਿਆਦਾ ਹਨ, ਸੰਕਲਪ ਵਿਕਲਪ ਮਿਟ ਚੁੱਕੇ ਹਨ। ਯਥਾ:- ਅੰਤਰਿ ਸੁੰਨੰ. ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥) ਹਰਿ ਹਰਿਜਨ. ਦੁਈ ਏਕ ਹੈ; ਬਿਬ ਬਿਚਾਰ. ਕਛੁ ਨਾਹਿ॥ ਜਲ ਤੇ ਉਪਜ, ਤਰੰਗ ਜਿਉ; ਜਲ ਹੀ ਬਿਖੈ ਸਮਾਹਿ॥) ਰਾਮ ਕਬੀਰਾ. ਏਕ ਭਏ ਹੈ; ਕੋਇ. ਨ ਸਕੈ ਪਛਾਨੀ॥ ਮਹਾਰਾਜ ਸਾਹਿਬ ਜੀ ਨਾਲ ਸਭ ਨੂੰ ਜੋੜਨ ਲਈ, ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜੋ (ਮੈ)ਦਾਸਨ ਦਾਸ (ਚਿਤਵਉ)ਚਿਤਵਦਾ ਹੈ, ਉਹ ਮਹਾਰਾਜ ਸਾਹਿਬ ਜੀ (ਨਾ)ਨਹੀਂ (ਕਰੈ)ਕਰਦੇ , ਮੇਰੇ (ਚਿਤਵੇ)ਚਿਤਵਣ ਨਾਲ (ਕਿਆ)ਕੀ (ਹੋਇ)ਹੋਵੇਗਾ? ਭਾਵ ਕੁੱਝ ਭੀ ਨਹੀਂ ਹੋਵੇਗਾ, ਭਾਵ ਵਾਹਿਗੁਰੂ ਜੀ, ਬੇਵਜੀਰ ਬਡੇ ਧੀਰ ਹਨ। ਇੱਕ ਨਿਮਖ 'ਚ ਅਨੰਤ ਬ੍ਰਹਮੰਡਾਂ ਨੂੰ ਰਚਦਿਆਂ ਲੈਅ ਕਰਦਿਆਂ, ਨਿਰਲੇਪ ਭੀ ਹਨ। ਕਿਧਰੇ ਆਪਣੀ ਮੌਜ ਨਾਲ ਵਰਖਾ ਕਰ ਰਹੇ, ਕਿਧਰੇ ਹਨ੍ਹੇਰੀਆਂ ਵਗਾ ਰਹੇ ਹਨ, ਕਿਧਰੇ ਸਨੋਅ ਪਾ ਰਹੇ ਹਨ, ਕਿਤੇ ਅੱਗਾਂ ਲੱਗ ਰਹੀਆਂ ਹਨ, ਬੰਬ ਚੱਲ ਰਹੇ ਹਨ। ਇਸ ਤਰ੍ਹਾਂ ਕੋਟਿ ਬ੍ਰਹਮੰਡ ਦੀ ਰਚਨਾ 'ਚ, ਅਨੰਤ ਜੀਅ ਪੈਦਾ ਹੁੰਦੇ ਹਨ, ਅਨੰਤ ਜੀਅ ਜਿਉਂ ਰਹੇ ਹਨ, ਅਨੰਤ ਜੀਅ ਮਰ ਰਹੇ ਹਨ। ਸ੍ਰੀ ਕਬੀਰ ਸਾਹਿਬ ਜੀ ਰਜ਼ਾ ਅਨੁਸਾਰ ਬੋਲ ਰਹੇ ਹਨ। ਕਿ ਕੋਟਿ ਬ੍ਰਹਮੰਡ ਦੇ ਪਸਾਰੇ ਦੇ ਮਾਲਕ, ਇਸ 'ਚ ਵਿਆਪਕ ਪ੍ਰਕਾਸ਼ਕ ਪ੍ਰੇਰਕ ਹੋ ਰਹੇ ਹਨ।

ਅਪਨਾ ਚਿਤਵਿਆ. ਹਰਿ ਕਰੈ; ਜੋ. ਮੇਰੇ ਚਿਤਿ ਨ ਹੋਇ॥੨੧੯॥ (ਹਰਿ)ਸ੍ਰਬ ਵਿਆਪੀ ਸਰਬ ਪ੍ਰਕਾਸ਼ਕ ਹਰੀ ਅਸੰਖ ਗੁਣਾਂ ਦੇ ਨੂਰ ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਨਿਰਗੁਨ ਬ੍ਰਹਮ ਜੀ ਅਪਨਾ ਚਿਤਵਿਆ ਆਪ ਹੀ (ਕਰੈ)ਕਰਦੇ ਹਨ। ਜੋ ਮੇਰੇ ਚਿਤਿ ਚ, (ਨ)ਨਹੀਂ (ਹੋਇ)ਹੁੰਦਾ॥੨੧੯॥ ਮਹਾਰਾਜ ਸਾਹਿਬ ਹਰੀ ਪ੍ਰਭੂ ਅਕਾਲ ਪੁਰਖ ਜੀ ਆਪਣਾ ਹੀ ਚਿਤਵਿਆ ਪੂਰਾ ਕਰਦੇ ਹਨ। ਜੋ ਸੁਪਨੇ ਮਾਤ੍ਰ ਭੀ ਮੇਰੇ ਚੇਤੇ ਨਹੀਂ ਹੁੰਦਾ। ਯਥਾ:- ਫਰੀਦਾ. ਦਰੀਆਵੈ ਕੰਨੈ ਬਗੁਲਾ; ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ; ਅਚਿੰਤੇ ਬਾਜ ਪਏ॥ ਬਾਜ ਪਏ. ਤਿਸੁ ਰਬ ਦੇ; ਕੇਲਾਂ ਵਿਸਰੀਆਂ॥ ਜੋ. ਮਨਿ ਚਿਤਿ, ਨ ਚੇਤੇ ਸਨਿ; ਸੋ ਗਾਲੀ. ਰਬ ਕੀਆਂ॥੯੯॥) ਅਨਿਕ ਉਪਾਵ ਚਿਤਵੀਅਹਿ ਬਹੁਤੇਰੇ; ਸਾ ਹੋਵੈ. ਜਿ ਬਾਤ ਹੋਵੈਨੀ॥ ਅਪਨਾ ਭਲਾ. ਸਭੁ ਕੋਈ ਬਾਛੈ; ਸੋ ਕਰੇ. ਜਿ ਮੇਰੈ ਚਿਤਿ ਨ ਚਿਤੈਨੀ॥੨॥ ਭਾਣੇ ਅਨੁਸਾਰ ਰਹਿ ਰਹੇ ਹਨ। ਇਸ ਅਵਸਥਾ 'ਚ ਮਨ ਦਾ ਟਿਕਾਅ ਹੁੰਦਾ ਹੈ। ਕਿ ਆਪਣੀ ਹੰਗਤਾ ਚਿਤਵਣੀ ਛੱਡਣੀ ਹੈ,ਜਦੋਂ ਬੰਦਾ ਆਪਣੀ ਹੰਗਤਾ ਦੀ ਚਿਤਵਣੀ ਕਰਦਾ ਹੈ,ਸੁਖ ਨਹੀਂ ਹੁੰਦਾ। ਯਥਾ:- ਰਾਗੁ ਗਉੜੀ ਮਾਲਾ ਮਹਲਾ ਪ ੧ੑ ਸਤਿਗੁਰ ਪ੍ਰਸਾਦਿ॥ ਪਾਇਓ ਬਾਲ ਬੁਧਿ

Sri Satguru Jagjit Singh Ji eLibrary NamdhariElibrary@gmail.com

ਸੁਖੁ ਰੇ॥ ਹਰਖ ਸੋਗ ਹਾਨਿ ਮਿਰਤੁ, ਦੂਖ ਸੁਖ; ਚਿਤਿ ਸਮਸਰਿ ਗੁਰ ਮਿਲੇ॥੧॥ ਰਹਾਉ॥ ਜਉ ਲਉ. ਹਉ ਕਿਛੁ ਸੋਚਉ ਚਿਤਵਉ; ਤਉ ਲਉ ਦੁਖਨੁ ਭਰੇ॥ ਜਉ ਕ੍ਰਿਪਾਲੁ ਗੁਰੁ ਪੂਰਾ ਭੇਟਿਆ; ਤਉ ਆਨਦ ਸਹਜੇ॥੧॥ ਜੇਤੀ ਸਿਆਨਪ ਕਰਮ ਹਉ ਕੀਏ; ਤੇਤੇ ਬੰਧ ਪਰੇ॥ ਜਉ ਸਾਧੂ ਕਰੁ ਮਸਤਕਿ ਧਰਿਓ; ਤਬ ਹਮ ਮੁਕਤ ਭਏ॥੨॥ ਜਉ ਲਉ ਮੇਰੋ ਮੇਰੋ ਕਰਤੋ; ਤਉ ਲਉ ਬਿਖੁ ਘੇਰੇ॥ ਮਨੁ ਤਨੁ ਬੁਧਿ ਅਰਪੀ ਠਾਕੁਰ ਕਉ; ਤਬ ਹਮ ਸਹਜਿ ਸੋਏ॥੩॥ ਜਉ ਲਉ ਪੋਟ ਉਠਾਈ ਚਲਿਅਉ; ਤਉ ਲਉ ਡਾਨ ਭਰੇ॥ ਪੋਟ ਡਾਰਿ ਗੁਰੁ ਪੂਰਾ ਮਿਲਿਆ; ਤਉ ਨਾਨਕ ਨਿਰਭਏ॥੪॥੧॥੧੫੯॥) ਜਬ ਲਗੁ ਜਾਨੈ; ਮੁਝ ਤੇ ਕਛੁ ਹੋਇ॥ ਤਬ ਇਸ ਕਉ; ਸੁਖੁ ਨਾਹੀ ਕੋਇ॥ ਜਬ ਇਹ ਜਾਨੈ; ਮੈ ਕਿਛੁ ਕਰਤਾ॥ ਤਬ ਲਗੁ; ਗਰਭ ਜੋਨਿ ਮਹਿ ਫਿਰਤਾ॥ ਇਸ ਲਈ ਸਭ ਦੀ ਚਰਨ- ਧੂੜ ਬਣੇ, ਸਭ ਤੋਂ ਨੀਵਾਂ ਹੋ ਕੇ ਮਹਾਰਾਜ ਸਾਹਿਬ ਜੀ ਦੇ ਪਰਾਇਣ ਰਹੇ, ਫਿਰ ਪ੍ਰਾਪਤੀ ਹੈ।

ਮਃ ੩॥ ਚਿੰਤਾ ਭਿ ਆਪਿ ਕਰਾਇਸੀ; ਅਚਿੰਤੁ ਭਿ ਆਪੇ ਦੇਇ॥ ਨਾਨਕ. ਸੋ ਸਾਲਾਹੀਐ; ਜਿ. ਸਭਨਾ ਸਾਰ ਕਰੇਇ॥੨੨੦॥ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਆਪਣੇ ਪਿਆਰੇ ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਜੋ ਉਨ੍ਹਾਂ ਨੇ ਬਚਨ ਕਹੇ ਹਨ, ਉਨ੍ਹਾਂ ਨੂੰ ਫੁੱਲ ਚੜ੍ਹਾ ਰਹੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਜਨਾਂ; ਹਰਿ ਮਾਂ ਪਿਉ ਬੇਟਾ॥ ਹਨ। ਸ੍ਰੀ ਕਬੀਰ ਸਾਹਿਬ ਜੀ, ਗੁਰੂ ਅਮਰਦਾਸ ਸਾਹਿਬ ਜੀ ਇੱਕ ਜੋਤਿ ਹਨ, ਇਸ ਲਈ ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਪਿਆਰਿਓ! "ਸ੍ਰੀ ਭਗਤ ਕਬੀਰ ਸਾਹਿਬ ਜੀ ਨੇ, ਜੋ ਅਮੋਲਕ ਸੁੰਦਰ ਬਚਨ ਫ਼ੁਰਮਾਏ ਹਨ, ਇਨ੍ਹਾਂ ਨੂੰ ਕਮਾਉਣੇ ਕਰਕੇ, ਪ੍ਰਮਾਤਮਾ ਜੀ ਜੋ ਚਿਤਵਦੇ ਹਨ, ਉਹ ਕਰਦੇ ਹਨ। ਜੋ ਮੈਂ ਚਿਤਵਦਾ ਉਹ ਨਹੀਂ ਕਰਦੇ, ਮੇਰੇ ਚਿਤਵੇ ਫਿਰ ਕੀ ਹੋਣਾ ਹੈ? ਆਪਣਾ ਚਿਤਵਿਆ ਵਾਹਿਗੁਰੂ ਜੀ ਆਪ ਹੀ ਕਰ ਰਹੇ ਹਨ, ਜੋ ਮੇਰੇ ਚਿੱਤ ਸੁਪਨੇ 'ਚ ਭੀ ਨਹੀਂ ਹੁੰਦਾ। ਇਉਂ ਹੋਰ ਸਾਰੀਆਂ ਚਿਤਵਣੀਆਂ ਛੱਡ ਕੇ ਮਨ ਅਨਸਾਰੀ ਹੋ ਜਾਵੇ। ਯਥਾ:- ਹਮ ਚੇਰੀ ਹੋਇ. ਲਗਹ ਗੁਰ ਚਰਣੀ; ਜਿਨਿ. ਹਰਿ ਪ੍ਰਭ ਮਾਰਗੁ ਪੰਥੁ ਦਿਖਾਇਆ॥੧॥ ਅਨੁਸਾਰੀ ਹੋਣ ਤੋਂ, ਮਹਾਰਾਜ ਸਾਹਿਬ ਜੀ ਇਹ ਅਵਸਥਾ ਬਖ਼ਸ਼ਦੇ ਹਨ:-

ਮਃ ੩॥ ਚਿੰਤਾ ਭਿ. ਆਪਿ ਕਰਾਇਸੀ; ਅਚਿੰਤੁ ਭਿ. ਆਪੇ ਦੇਇ॥ ਧੰਨ ਗੁਰੂ ਨਾਨਕ ਸਾਹਿਬ ਜੀ ਦੇ (੩)ਤੀਜੇ (ਮਃ)ਸਰੂਪ, ਧੰਨ ਸਤਿਗੁਰੂ ਸ੍ਰੀ ਗੁਰੂ ਅਮਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ, ਕਿ ਵਾਹਿਗੁਰੂ ਅਕਾਲ ਪੁਰਖ ਜੀ ਆਪਣੀ (ਚਿੰਤਾ)ਚਿਤਵਣੀ ਸਿਮਰਨੀ (ਭਿ)ਭੀ ਆਪਿ ਹੀ (ਕਰਾਇਸੀ)ਕਰਾਉਂਦੇ ਸੀ, ਕਰਾਉਂਦੇ ਹਨ ਅਤੇ ਕਰਾਉਣਗੇ। ਸਿਮਰਨ ਕਰਾ ਕੇ ਅਚਿੰਤੁ ਪਦਵੀ (ਭਿ)ਭੀ ਆਪੇ ਹੀ (ਦੇਇ)ਬਖ਼ਸ਼ਦੇ ਹਨ। ਯਥਾ:- ਸੇ ਸਿਮਰਹਿ; ਜਿਨ ਆਪਿ ਸਿਮਰਾਏ॥ ਨਾਨਕ ਤਾ ਕੈ; ਲਾਗਉ ਪਾਏ॥) ਚਿੰਤ ਅਚਿੰਤਾ ਸੋਚ ਅਸੋਚਾ; ਸੋਗੁ ਲੋਭੁ ਮੋਹੁ ਥਾਕਾ॥ ਹਉਮੈ ਰੋਗ ਮਿਟੇ ਕਿਰਪਾ ਤੇ; ਜਮ ਤੇ ਭਏ ਬਿਬਾਕਾ॥੩॥ ਗੁਰ ਕੀ ਟਹਲ, ਗੁਰੂ ਕੀ ਸੇਵਾ; ਗੁਰ ਕੀ ਆਗਿਆ ਭਾਣੀ॥ ਕਹੁ ਨਾਨਕ. ਜਿਨਿ ਜਮ ਤੇ ਕਾਢੇ; ਤਿਸੁ ਗੁਰ ਕੈ ਕੁਰਬਾਣੀ॥

ਨਾਨਕ. ਸੋ ਸਾਲਾਹੀਐ; ਜਿ. ਸਭਨਾ ਸਾਰ ਕਰੇਇ॥੨੨੦॥ ਤੀਜੇ ਸਤਿਗੁਰੂ ਨਾਨਕ ਦੇਵ ਜੀ ਫ਼ੁਰਮਾਉਂਦੇ ਹਨ:- (ਸੋ) ਐਸੇ ਵਾਹਿਗੁਰੂ ਜੀ, ਜਿਹੜੇ ਆਪ ਹੀ ਆਪਣਾ ਸਿਮਰਨ ਕਰਾਉਂਦੇ ਹਨ, ਆਪ ਹੀ ਅਚਿੰਤ ਪਦਵੀ ਬਖ਼ਸ਼ਦੇ ਹਨ। ਉਨ੍ਹਾਂ ਨੂੰ ਇਕੱਠੇ ਹੋ ਕੇ ਕੀਰਤਨ ਦੁਆਰਾ, ਅਥਵਾ ਬੋਲ, ਕਵਿਤਾ ਕਵੀਸ਼ਰੀ, ਲਿਖ ਕੇ, ਹਰ ਸਮੇਂ ਬਚਨਾ ਦੁਆਰਾ, ਅਥਵਾ ਗਾ ਕੇ (ਸਾਲਾਹੀਐ) ਸਲਾਹੁਣਾ ਕਰੀਏ, (ਜਿ) ਜੋ ਸਭਨਾ ਦੀ ਸਾਰ ਸੰਭਾਲ (ਕਰੇਇ) ਕਰਦੇ ਹਨ॥੨੨੦॥ ਯਥਾ:- ਸੈਲ ਪਥਰ ਮਹਿ.ਜੰਤ ਉਪਾਏ; ਤਾ ਕਾ ਰਿਜਕੁ.ਆਗੈ ਕਰਿ ਧਰਿਆ॥) ਪਾਖਣਿ ਕੀਟੁ.ਗੁਪਤੁ ਹੋਇ ਰਹਤਾ; ਤਾ ਚੋ.ਮਾਰਗੁ ਨਾਹੀ॥ ਕਹੈ ਧੰਨਾ.ਪੂਰਨ ਤਾਹੂ ਕੋ; ਮਤ ਰੇ.ਜੀਅ

Sri Satguru Jagjit Singh Ji eLibrary NamdhariElibrary@gmail.com

ਡਰਾਂਹੀ॥) (ਲੱਗਨਿ) ਪ੍ਰਤਿਪਾਲਿ ਮਾਤਾ ਉਦਰਿ ਰਾਖੈ; ਲਗਨਿ ਦੇਤ ਨ ਸੇਕ॥ ਸੋਈ ਸੁਆਮੀ.ਈਹਾ ਰਾਖੈ; ਬੂਝੁ ਬੁਧਿ ਬਿਬੇਕ॥) ਸਲੋਕ ਮਃ੨॥ ਨਾਨਕ.ਚਿੰਤਾ ਮਤਿ ਕਰਹੁ; ਚਿੰਤਾ ਤਿਸ ਹੀ ਹੇਇ॥ ਜਲ ਮਹਿ.ਜੰਤ ਉਪਾਇਅਨੁ; ਤਿਨਾ ਭਿ.ਰੋਜੀ ਦੇਇ॥ ਓਥੈ.ਹਟੁ ਨ ਚਲਈ; ਨਾ ਕੋ ਕਿਰਸ ਕਰੇਇ॥ ਸਉਦਾ.ਮੂਲਿ ਨ ਹੋਵਈ; ਨਾ ਕੋ ਲਏ.ਨ ਦੇਇ॥ ਜੀਆ ਕਾ ਆਹਾਰੁ ਜੀਅ; ਖਾਣਾ ਏਹੁ ਕਰੇਇ॥ ਵਿਚਿ ਉਪਾਏ ਸਾਇਰਾ; ਤਿਨਾ ਭਿ ਸਾਰ ਕਰੇਇ॥ ਨਾਨਕ.ਚਿੰਤਾ ਮਤ ਕਰਹੁ; ਚਿੰਤਾ ਤਿਸ ਹੀ ਹੇਇ॥੧॥

ਮਃ ੫॥ ਕਬੀਰ. ਰਾਮੁ ਨ ਚੇਤਿਓ; ਫਿਰਿਆ ਲਾਲਚ ਮਾਹਿ॥ ਪਾਪ ਕਰੰਤਾ. ਮਰਿ ਗਇਆ; ਅਉਧ ਪੁੰਨੀ. ਖਿਨ ਮਾਹਿ॥੨੨੧॥ ਵਾਹਿਗੁਰੂ (ਮਃ)ਮਹੱਲਾ (੫)ਪੰਜਵਾਂ ਜੀ, ਸ੍ਰੀ ਰਾਮਸਰ ਜੀ ਵਿਖੇ, ਸ਼ੁੱਧ ਉਚਾਰਨ ਬੋਲ ਕੇ, ਭਾਈ ਗੁਰਦਾਸ ਸਾਹਿਬ ਜੀ ਨੂੰ ਗੁਰਬਾਣੀ ਜੀ ਲਿਖਵਾ ਰਹੇ ਹਨ। ਅਪਣੇ ਅੰਦਰ ਬਾਹਰ ਗੁਰਬਾਣੀ ਜੀ ਦੇ ਦਰਸ਼ਨ ਕਰਕੇ, ਪੂਰਨ ਵਿਸਮਾਦ ਇਕਾਗ੍ਰਤਾ ਸਤਿਕਾਰ ਸਹਿਤ, ਸ਼ੁੱਧ ੩ ਲਿਖ ਰਹੇ ਹਨ। ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਅਨੁਸਾਰ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਭਗਤ ਕਬੀਰ ਸਾਹਿਬ ਜੀ ਨਾਲ ਗੋਸਟ ਕਰਦਿਆਂ, ਸਿਰੋਪਾਉ ਬਖ਼ਸ਼ ਰਹੇ ਹਨ। ਹੇ ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ! ਪਾਪੀ ਜੀਵ ਦੀ ਇਹ ਹਾਲਤ ਹੈ, ਇਸ ਨੇ (ਰਾਮੁ)ਵਾਹਿਗੁਰੂ ਅਕਾਲ ਪੁਰਖ ਜੀ (ਚੇਤਿਓ)ਚੇਤੇ (ਨ)ਨਹੀਂ ਕੀਤੇ, ਜੀਆਂ ਨੂੰ ਮਾਰਦਾ ਲੁੱਟਦਾ ਕਤਲ ਡਾਕੇ ਮਾਰਦਾ, ਲਾਲਚ (ਮਾਹਿ)'ਚ ਹੀ, ਹਲ਼ਕਿਆ ਭਟਕਦਾ ਫਿਰਿਆ। ਯਥਾ:- ਲੋਭ ਲਹਰਿ. ਸਭੁ ਸੁਆਨੁ ਹਲਕੁ ਹੈ; ਹਲਕਿਓ ਸਭਹਿ ਬਿਗਾਰੇ॥ ਵਾਹਿਗੁਰੂ ਜੀ ਚੇਤੇ ਨਹੀਂ ਆਉਂਦੇ, ਤ੍ਰਿਪਤੀ ਨਹੀਂ ਹੁੰਦੀ। ਯਥਾ:- ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥) ਕੋਟਿ ਜੋਰੇ. ਲਾਖ ਕ੍ਰੋਰੇ; ਮਨੁ ਨ ਹੋਰੇ॥ ਪਰੈ ਪਰੈ ਹੀ ਕਉ; ਲੁਝੀ ਹੇ॥੧॥) ਜਿਉ ਕੂਕਰੁ ਹਰਕਾਇਆ; ਧਾਵੈ ਦਹ ਦਿਸ ਜਾਇ॥ ਲੋਭੀ ਜੰਤੁ. ਨ ਜਾਣਈ; ਭਖੁ ਅਭਖੁ ਸਭ ਖਾਇ॥) ਪਉੜੀ॥ ਮਹਾ ਭਇਆਨ ਉਦਿਆਨ; ਨਗਰ ਕਰਿ ਮਾਨਿਆ॥ ਝੂਠ ਸਮਗ੍ਰੀ ਪੇਖਿ; ਸਚੁ ਕਰਿ ਜਾਨਿਆ॥ ਕਾਮ ਕ੍ਰੋਧਿ ਅਹੰਕਾਰਿ; ਫਿਰਹਿ ਦੇਵਾਨਿਆ॥ ਸਿਰਿ ਲਗਾ ਜਮ ਡੰਡੁ; ਤਾ ਪਛੁਤਾਨਿਆ॥ ਬਿਨੁ ਪੂਰੇ ਗੁਰਦੇਵ; ਫਿਰੈ ਸੈਤਾਨਿਆ॥੯॥) ਅੰਤਰਿ ਲੋਭੁ; ਫਿਰਹਿ ਹਲਕਾਏ॥ ਨਿੰਦਾ ਕਰਹਿ; ਸਿਰਿ ਭਾਰੁ ਉਠਾਏ॥ ਮਾਇਆ ਮੂਠਾ; ਚੇਤੈ ਨਾਹੀ॥ ਭਰਮੇ ਭੂਲਾ; ਬਹੁਤੀ ਰਾਹੀ॥੨॥)

ਪਾਪ ਕਰੰਤਾ. ਮਰਿ ਗਇਆ; ਅਉਧ ਪੁੰਨੀ. ਖਿਨ ਮਾਹਿ॥੨੨੧॥ ਡਾਕਾ ਮਾਰਦਾ ਪਕੜਿਆ ਗਿਆ, ਭੋਰਾ ੨ ਵੱਢ ਕੇ ਟੁਕੜੇ ਕਰ ਦਿਤਾ। ਪਾਪ (ਕਰੰਤਾ)ਕਰਦਾ ੨ ਹੀ, ਕੁਮੌਤ ਮਰਿ ਗਇਆ। (ਖਿਨ)ਅਕਸ ਮਾਤ੍ਰ (ਮਾਹਿ)'ਚ ਹੀ (ਅਉਧ)ਉਮਰ (ਪੁਨੀ)ਪੂਰੀ ਹੋ ਗਈ॥੨੨੧॥ ਯਥਾ:- ਫਰੀਦਾ. ਭੰਨੀ ਘੜੀ ਸਵੰਨਵੀ; ਟੁਟੀ ਨਾਗਰ ਲਜੁ॥ ਅਜਰਾਈਲੁ ਫਰੇਸਤਾ; ਕੈ ਘਰਿ ਨਾਠੀ ਅਜੁ॥੬੮॥ ਫਰੀਦਾ. ਭੰਨੀ ਘੜੀ ਸਵੰਨਵੀ; ਟੂਟੀ ਨਾਗਰ ਲਜੁ॥ ਜੋ ਸਜਣ. ਭੁਇ ਭਾਰੁ ਥੇ; ਸੇ. ਕਿਉ ਆਵਹਿ ਅਜੁ॥੬੯॥ ਦੌਲਤ ਸਾਰੀ ਇੱਥੇ ਹੀ ਰਹਿ ਗਈ। ਯਥਾ:- ਪ੍ਰਾਨ ਗਏ; ਕਹੁ ਕਾਂ ਕੀ ਮਾਇਆ॥ ਜਿਹੜੇ ਜੀਵ ਮਾਰੇ ਕੋਹੇ ਸਨ, ਉਹ ਪਾਪ ਨਾਲ ਲੱਦ ਕੇ, ਤੁਰਿਆ। ਯਥਾ:- ਮਾਇਆ ਮੋਹੁ. ਅਗਿਆਨੁ ਹੈ; ਬਿਖਮੁ ਅਤਿ ਭਾਰੀ॥ ਪਥਰ ਪਾਪ ਬਹੁ ਲਦਿਆ; ਕਿਉ ਤਰੀਐ ਤਾਰੀ॥) ਆਵਾ ਗਵਣੁ ਸਿਰਜਿਆ; ਤੂ ਥਿਰੁ ਕਰਣੈਹਾਰੋ॥ ਜੰਮਣੁ ਮਰਣਾ ਆਇ ਗਇਆ; ਬਧਿਕੁ ਜੀਉ ਬਿਕਾਰੋ॥ ਭੂਡਤੈ. ਨਾਮੁ ਵਿਸਾਰਿਆ; ਬੂਡਤੈ. ਕਿਆ ਤਿਸੁ ਚਾਰੋ॥ ਗੁਣ ਛੋਡਿ. ਬਿਖੁ ਲਦਿਆ; ਅਵਗੁਣ ਕਾ ਵਣਜਾਰੋ॥) ਨੰਗਾ ਦੋਜਕਿ ਚਾਲਿਆ; ਤਾ ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਕਾਇਆ ਕਾਚੀ ਕਾਰਵੀ; ਕੇਵਲ ਕਾਚੀ ਧਾਤੁ॥ ਸਾਬਤੁ ਰਖਹਿ. ਤ ਰਾਮ ਭਜੁ; ਨਾਹਿ ਤ. ਬਿਨਠੀ ਬਾਤ॥੨੨੨॥ ਧੰਨ ਵਾਹਿਗੁਰੂ ਸਰੂਪ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਰਕਤ ਬਿੰਦ ਦੇ ਮੇਲ ਤੋਂ ਪੈਦਾ ਹੋਇਆ ਬ੍ਰੀਕ ਤੋਂ ਬ੍ਰੀਕ ਕ੍ਰਿਮ, ਜੋ ਮਾਈਕ੍ਰੋਸਕੋਪ ਨਾਲ ਦਿਸਦਾ ਹੈ, ਇਸ ਬ੍ਰੀਕ ਤੋਂ ਬ੍ਰੀਕ ਕ੍ਰਿਮ ਤੋਂ ਪੈਦਾ ਹੋਈ (ਕਾਇਆ)ਦੇਹ, ਕੇਵਲ ਮਿੱਟੀ ਦੀ ਕਾਚੀ (ਕਾਰਵੀ)ਮਟਕੀ, (ਧਾਤੁ)ਚਲਾਇਮਾਨ (ਕਾਚੀ)ਨਾਸ਼ਵੰਤ ਹੈ। ਯਥਾ:- ਅਮਰ ਜਾਨਿ. ਸੰਚੀ ਇਹ ਕਾਇਆ; ਇਹ ਮਿਥਿਆ ਕਾਚੀ ਗਗਰੀ॥) ਮਿਥਿਆ ਤਨੁ ਧਨੁ; ਕੁਟੰਬੁ ਸਬਾਇਆ॥) ਕਾਚੀ ਪਿੰਡੀ. ਸਬਦੁ ਨ ਚੀਨੈ; ਉਦਰੁ ਭਰੈ. ਜੈਸੇ ਢੋਰੈ॥) ਕਾਚ ਗਗਰੀਆ; ਅੰਭ ਮਝਰੀਆ॥ ਗਰਬਿ ਗਰਬਿ; ਉਆਹੂ ਮਹਿ ਪਰੀਆ॥)

ਸਾਬਤੁ ਰਖਹਿ. ਤ ਰਾਮ ਭਜੁ; ਨਾਹਿ ਤ. ਬਿਨਠੀ ਬਾਤ॥੨੨੨॥ ਅਮਰ ਭਏ; ਅਮਰਾਪਦੁ ਪਾਇਆ॥ ਸਾਧਸੰਗਿ; ਨਾਨਕ ਹਰਿ ਧਿਆਇਆ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥ ਹੇ ਭਾਈ! ਇਸ ਦੇਹ ਨੂੰ, ਔਗੁਣਾਂ ਪਾਪਾਂ ਵਿਕਾਰਾਂ ਕਾਲ਼ ਦੇ ਭੰਨਣ ਤੋਂ ਸਾਬਤੁ (ਰਖਹਿ)ਰੱਖਣੀ ਚਾਹੁੰਦਾ ਹੈਂ। (ਤ)ਤਾਂ (ਰਾਮ)ਸੱਚੇ ਵਾਹਿਗੁਰੂ ਅਕਾਲ ਪੁਰਖ ਜੀ ਨੂੰ ਸੁਆਸ ੨ (ਭਜੁ)ਯਾਦ ਕਰ, (ਨਾਹਿ)ਨਹੀਂ ਤ (ਬਿਨਠੀ)ਨਾਸ ਹੋਣ ਵਾਲੀ (ਬਾਤ)ਗੱਲ ਹੈ, ਭਾਵ ਔਗੁਣ ਪਾਪ ਵਿਕਾਰ ਕਾਲ਼ ਇਸ ਨੂੰ ਭੰਨ ਦੇਣਗੇ॥੨੨੨॥

ਕਬੀਰ. ਕੇਸੋ ਕੇਸੋ ਕੂਕੀਐ; ਨ ਸੋਈਐ ਅਸਾਰ॥ ਰਾਤਿ ਦਿਵਸ ਕੇ ਕੂਕਨੇ; ਕਬਹੂ ਕੇ ਸੁਨੈ ਪੁਕਾਰ॥੨੨੩॥ ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! (ਕੇਸੋ)ਵਾਹਿਗੁਰੂ (ਕੇਸੋ)ਵਾਹਿਗੁਰੂ (ਕੂਕੀਐ)ਉਚਾਰਨਾ ਕਰੀਏ, (ਅਸਾਰ)ਨਾਸ਼ਵੰਤ ਸੰਸਾਰ 'ਚ, (ਅਸਾਰ)ਬੇਸੰਭਾਲ ਹੋ ਕੇ, ਨੀਂਦ 'ਚ, ਨ (ਸੋਈਐ)ਸੌਣਾ ਕਰੀਏ। ਯਥਾ:- ਰਾਮ ਰਾਮ ਬੋਲਿ ਬੋਲਿ; ਖੋਜਤੇ ਬਡਭਾਗੀ॥) ਰਾਮ ਰਾਮਾ; ਰਾਮਾ ਗੁਨ ਗਾਵਉ॥) ਹਰਿ ਗੁਣ ਗਾਉ ਮਨਾ; ਸਤਿਗੁਰੁ ਸੇਵਿ ਪਿਆਰਿ॥) ਹਰਿ ਹਰਿ ਨਾਮੁ. ਬੋਲਹੁ ਦਿਨੁ ਰਾਤੀ; ਸਭਿ ਕਿਲਬਿਖ ਕਾਟੈ. ਇਕ ਪਲਕਾ॥ ਹਰਿ ਹਰਿ ਦਇਆਲੁ ਹੋਵੈ, ਜਿਸੁ ਉਪਰਿ; ਸੋ ਗੁਰਮੁਖਿ. ਹਰਿ ਜਪਿ ਜਿਣਕਾ॥) ਕਬੀਰ. ਸੂਤਾ ਕਿਆ ਕਰਹਿ; ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ ਗੋਰ ਮਹਿ; ਸੋ ਕਿਉ ਸੋਵੈ ਸੁਖ॥੧੨੭॥ ਕਬੀਰ. ਸੂਤਾ ਕਿਆ ਕਰਹਿ; ਉਠਿ ਕਿ. ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ; ਲਾਂਬੇ ਗੋਡ ਪਸਾਰਿ॥੧੨੮॥ ਕਬੀਰ. ਸੂਤਾ ਕਿਆ ਕਰਹਿ; ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ; ਤਾ ਹੀ ਕੇ ਸੰਗਿ ਲਾਗੁ॥੧੨੯॥

ਰਾਤਿ ਦਿਵਸ ਕੇ ਕੂਕਨੇ; ਕਬਹੂ ਕੇ ਸੁਨੈ ਪੁਕਾਰ॥੨੨੩॥ ਰਾਤਿ (ਦਿਵਸ)ਦਿਨ, ਮਹਾਰਾਜ ਜੀ (ਕੇ)ਦੇ ਅੱਗੇ, ਪ੍ਰੇਮ ਬੇਨਤੀਆਂ, ਨਾਮ ਲਗਾਤਾਰ (ਕੂਕਨੇ)ਬੋਲਣੇ ਕਰਕੇ, (ਕਬਹੂ)ਕਦੇ ਨ ਕਦੇ (ਕੇ)ਤਾਂ ਪੁਕਾਰ (ਸੁਨੈ)ਸੁਣਨਗੇ ਹੀ॥੨੨੩॥ ਯਥਾ:- ਚਲਤ ਬੈਸਤ ਸੋਵਤ ਜਾਗਤ; ਗੁਰ ਮੰਤ੍ਰ. ਰਿਦੈ ਚਿਤਾਰਿ॥ ਚਰਣ ਸਰਣ ਭਜੁ ਸੰਗਿ ਸਾਧੂ; ਭਵ ਸਾਗਰ ਉਤਰਹਿ ਪਾਰਿ॥) ਸੁਤਿਆ.ਗੁਰੁ ਸਾਲਾਹੀਐ; ਉਠਦਿਆ ਭੀ ਗੁਰੁ ਆਲਾਉ॥ ਕੋਈ ਐਸਾ ਗੁਰਮੁਖਿ.ਜੇ ਮਿਲੈ; ਹਉ ਤਾ ਕੇ ਧੋਵਾ ਪਾਉ॥) ਸੇਵੀ ਸਤਿਗੁਰੁ ਆਪਣਾ; ਹਰਿ ਸਿਮਰੀ.ਦਿਨ ਸਭਿ ਰੈਣ॥ ਆਪੁ ਤਿਆਗਿ ਸਰਣੀ ਪਵਾਂ; ਮੁਖਿ ਬੋਲੀ ਮਿਠੜੇ ਵੈਣ॥) ਦਿਨੁ ਰਾਤੀ ਆਰਾਧਹੁ ਪਿਆਰੋ; ਨਿਮਖ.ਨ ਕੀਜੈ ਢੀਲਾ॥ ਸੰਤ ਸੇਵਾ ਕਰਿ.ਭਾਵਨੀ ਲਾਈਐ; ਤਿਆਗਿ ਮਾਨੁ ਹਾਠੀਲਾ॥

ਇਸ ਤਰ੍ਹਾਂ ਅਸੰਖ ਪ੍ਰਕਾਸ਼ ਸਰੂਪ ਵਾਹਿਗੁਰੂ ਜੀ ਨੂੰ ਚੇਤੇ ਕਰਨ ਦਾ ਅਸੰਖ ਮਣਾ ਅਨੰਦ ਹੈ। ਮਹਾਰਾਜ ਸਾਹਿਬ ਪੰਜਵੇਂ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ:- ਲਾਖ ਜਿਹਵਾ. ਦੇਹੁ ਮੇਰੇ ਪਿਆਰੇ; ਮੁਖੁ. ਹਰਿ ਆਰਾਧੇ ਮੇਰਾ ਰਾਮ॥

Sri Satguru Jagjit Singh Ji eLibrary NamdhariElibrary@gmail.com

ਕਬੀਰ. ਕਾਇਆ ਕਜਲੀ ਬਨੁ ਭਇਆ; ਮਨੁ ਕੁੰਚਰੁ. ਮਯ ਮੰਤੁ॥ ਅੰਕਸੁ ਗ੍ਯਾਨੁ ਰਤਨੁ ਹੈ; ਖੇਵਟੁ ਬਿਰਲਾ ਸੰਤੁ॥੨੨੪॥ ਜਿਵੇਂ ਕੇਲਿਆਂ ਦੇ ਜੰਗਲ ਨੂੰ ਹਾਥੀ ਆਪਣੇ ਮਸਤੀ 'ਚ, ਤਬਾਹ ਕਰ ਦਿੰਦਾ ਹੈ, ਤਿਵੇਂ ਵਾਹਿਗੁਰੂ ਜੀ ਦੇ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਇਹ ਜੀਵ ਮਾਤਾ ਜੀ ਦੇ ਗਰਭ 'ਚ ਪੁੱਠਾ ਲਮਕਦਾ, ਪਰਾ ਬਾਣੀ ਦੁਆਰਾ ਜਾਪ ਅਤੇ ਅਰਦਾਸਿ ਕਰਦਾ ਹੈ। ਯਥਾ:- ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ॥ ਉਰਧ ਤਪੁ ਅੰਤਰਿ ਕਰੇ ਵਣਜਾਰਿਆ ਮਿਤ੍ਰਾ ਖਸਮ ਸੇਤੀ ਅਰਦਾਸਿ॥ ਜਾਪ ਅਰਦਾਸ ਕਰਨੇ ਕਰਕੇ, ਜੰਮਦਾ ਬਹੁਤ ਹੀ ਸੋਹਣਾ ਸ਼ੁਭ ਗੁਣਾਂ ਸਹਿਤ ਹੁੰਦਾ ਹੈ, ਹੰਕਾਰ ਵਿਕਾਰ ਦੋਸ਼ ਪਾਪ ਇਸ ਨੂੰ ਬਰਬਾਦ ਕਰਦੇ ਹਨ। ਸ਼ੁਭ ਗੁਣਾਂ ਸਹਿਤ (ਕਾਇਆ)ਦੇਹ, ਸ਼ੁਭ ਗੁਣਾਂ ਰੂਪੀ (ਕਜਲੀ)ਕੇਲਿਆਂ ਦਾ (ਬਨੁ)ਜੰਗਲ (ਭਇਆ)ਹੈ, ਮਨੁ ਰੂਪੀ (ਕੁੰਚਰੁ)ਹਾਥੀ, ਹੰਗਤਾ ਰੂਪੀ (ਮਯ)ਸ਼ਰਾਬ 'ਚ (ਮੰਤੁ)ਮਸਤ ਹੋ ਕੇ, ਇਸ ਦੇਹ ਰੂਪੀ ਜੰਗਲ਼ ਦੇ, ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗਰੀਬੀ ਖਿਮਾ ਆਦਿ ਕੇਲਿਆਂ ਨੂੰ ਤਬਾਹ ਕਰ ਰਿਹਾ ਹੈ।

ਅੰਕਸੁ ਗ੍ਯਾਨੁ ਰਤਨੁ ਹੈ; ਖੇਵਟੁ ਬਿਰਲਾ ਸੰਤੁ॥੨੨੪॥ ਜਿਵੇਂ ਹੰਕਾਰੀ ਹਾਥੀ ਨੂੰ ਮਹਾਵਤ ਲੋਹੇ ਦੇ ਕੁੰਡੇ ਮਾਰ ਕੇ ਵੱਸ ਕਰ ਲੈਂਦਾ ਹੈ। ਇਉਂ ਹੰਗਤਾ ਮਮਤਾ ਰੂਪੀ ਸ਼ਰਾਬ ਪੀ ਕੇ, ਮਸਤ ਹੋਏ ਮਨ ਰੂਪੀ ਅਮੋੜ ਹਾਥੀ ਨੂੰ ਵੱਸ ਕਰਨ ਲਈ, ਰਤਨੁ ਰੂਪ ਗੁਰਸ਼ਬਦ ਦਾ (ਗ੍ਯਾਨੁ)ਗਿਆਨ ਰੂਪੀ (ਅੰਕਸੁ)ਕੁੰਡਾ ਲੈ ਕੇ, ਵੱਸ ਕਰਨ ਵਾਲੇ, (ਖੇਵਟੁ)ਮਹਾਵਤ ਰੂਪ (ਬਿਰਲਾ)ਵਿਰਲੇ ਸੰਤੁ ਪੂਰਨ ਗੁਰੂ, ਗੁਰਸੇਵਕ ਜੀ ਹਨ, ਇਨ੍ਹਾਂ ਦੇ ਸੱਚੇ ਚਰਨ- ਕਮਲ ਪੂਜੋ ਜੀ ਪਿਆਰੇ॥੨੨੪॥ ਯਥਾ:- ਕੋਟਿ ਮਧੇ; ਕੋਈ ਸੰਤੁ ਦਿਖਾਇਆ॥ ਨਾਨਕੁ; ਤਿਨ ਕੈ ਸੰਗਿ ਤਰਾਇਆ॥) ਕੋਟਿ ਮਧੇ ਕੋ ਵਿਰਲਾ ਸੇਵਕੁ; ਹੋਰਿ ਸਗਲੇ ਬਿਉਹਾਰੀ॥) ਨਿਸਿ ਦਿਨੁ. ਮਾਇਆ ਕਾਰਨੇ; ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ; ਨਾਰਾਇਨੁ ਜਿਹ ਚੀਤਿ॥੨੪॥

ਕਬੀਰ. ਰਾਮ ਰਤਨੁ ਮੁਖੁ ਕੋਥਰੀ; ਪਾਰਖ ਆਗੈ ਖੋਲਿ॥ ਕੋਈ ਆਇ ਮਿਲੈਗੋ ਗਾਹਕੀ; ਲੇਗੋ ਮਹਗੇ ਮੋਲਿ॥੨੨੫॥ ਪਰਮਪੂਜਨੀਕ ਸ਼੍ਰੋਮਣੀ ਮਹਾਂਪੁਰਸ਼ ਭਗਤ ਕਬੀਰ ਸਾਹਿਬ ਜੀ ਆਪਣੇ ਆਪ ਨੂੰ ਸਾਵਧਾਨ ਸੰਬੋਧਨ ਕਰਦੇ ਹਨ, ਹੇ ਦਾਸਨ ਦਾਸ ਕਬੀਰ! ਆਪਣੀ ਬੁੱਧੀ ਰੂਪੀ (ਕੋਥਰੀ) ਕੋਠੜੀ 'ਚ, (ਰਾਮ)ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਪਰਮਪੂਜਨੀਕ ਅਜਪਾ ਜਾਪ ਵਾਹਿਗੁਰੂ ਜੀ ਦੇ, ਹਰਿ ਹਰਿ ਨਾਮੁ ਰਤੰਨੁ ਹੈ; ਗੁਰੁ ਤੁਠਾ ਦੇਵੈ ਮਾਇ॥ ਅਨੁਸਾਰ ਨਾਮ ਰੂਪੀ ਰਤਨੁ ਨੂੰ ਸੰਭਾਲ ਕੇ ਰੱਖ। ਆਪਣਾ ਮੁਖੁ, ਖ਼ਾਸ ਪ੍ਰੇਮੀ ਰੱਬ ਜੀ ਦਾ ਖ਼ਰੇ ਪਿਆਰੇ, ਤਨ ਮਨ ਧਨ ਦੇ ਕੇ, ਵਾਹਿਗੁਰੂ ਨਾਮ ਰੂਪੀ ਰਤਨ ਨੂੰ (ਪਾਰਖ)ਪਰਖਣ ਵਾਲੇ, ਗੁਰਮੁਖਿ ਜੌਹਰੀ ਆਗੈ (ਖੋਲਿ)ਖੋਲਣਾ ਕਰ। ਯਥਾ:- ਸੰਤੁ ਮਿਲੈ; ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ; ਮਸਟਿ ਕਰਿ ਰਹੀਐ॥ ਬਾਬਾ ਬੋਲਨਾ; ਕਿਆ ਕਹੀਐ॥ ਜੈਸੇ; ਰਾਮ ਨਾਮ ਰਵਿ ਰਹੀਐ॥੧॥ ਰਹਾਉ॥ ਸੰਤਨ ਸਿਉ ਬੋਲੇ; ਉਪਕਾਰੀ॥ ਮੂਰਖ ਸਿਉ ਬੋਲੇ; ਝਖ ਮਾਰੀ॥੨॥ ਕਬੀਰ. ਏਕ ਘੜੀ ਆਧੀ ਘਰੀ; ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ; ਜੋ ਕੀਨੇ ਸੋ ਲਾਭ॥ ਜਿਵੇਂ ਪੰਜਾਂ ਪਿਆਰਿਆਂ ਬੇਅੰਤ ਸਿੱਖ ਸਿੱਖਣੀਆਂ ਨੇ ਆਪਣੇ ਸੀਸ ਅਰਪੇ, ਇਸ ਤਰ੍ਹਾਂ ਦਾ, ਨਾਮ ਰੂਪੀ ਰਤਨ ਨੂੰ ਖ੍ਰੀਦਣ ਵਾਲਾ ਕੋਈ (ਗਾਹਕੀ)ਗਾਹਕ, (ਆਇ)ਆ ਕੇ (ਮਿਲੈਗੋ)ਮਿਲੇਗਾ, ਅਪਣੇ ਸਿਰ ਵੱਟੇ ਮਹਗੇ ਮੋਲਿ (ਲੇਗੋ)ਲੈ ਲਵੇਗਾ॥ ਇਸ ਤੋਂ ਪ੍ਰੇਮ ਭਾਵ ਇਹ ਹੈ, ਕਿ ਮਹਾਰਾਜ ਜੀ ਦੇ ਜੋ ਦਾਸ ਸੇਵਕ ਜੀ ਹਨ, ਉਹ ਨਾਮ ਰੂਪੀ ਰਤਨ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਪ੍ਰਾਪਤ ਕਰਨ ਲਈ, ਆਪਣਾ ਤਨ ਮਨ ਧਨ ਸ੍ਵੈਂਸ ਜ਼ਿੰਦ ਜਾਨ ਸਭ ਕੁੱਝ ਸਮਰਪਣ ਕਰਨ 'ਚ ਦੇਰੀ ਨਾ ਕਰਨ। ਯਥਾ:- ਹਉ ਮਨੁ ਅਰਪੀ. ਸਭੁ ਤਨੁ ਅਰਪੀ; ਅਰਪੀ ਸਭਿ ਦੇਸਾ॥ ਹਉ ਸਿਰੁ ਅਰਪੀ. ਤਿਸੁ ਮੀਤ ਪਿਆਰੇ; ਜੋ ਪ੍ਰਭ ਦੇਇ ਸਦੇਸਾ॥) ਤੈ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਕੀ. ਬਾਤ ਜਿ ਆਖੈ; ਕਹੁ ਨਾਨਕ. ਕਿਆ ਦੀਜੈ॥ ਸੀਸੁ ਵਢੇ ਕਰਿ. ਬੈਸਣੁ ਦੀਜੈ; ਵਿਣੁ ਸਿਰ. ਸੇਵ ਕਰੀਜੈ॥ ਕਿਉ ਨ ਮਰੀਜੈ. ਜੀਅੜਾ ਨ ਦੀਜੈ; ਜਾ. ਸਹੁ ਭਇਆ ਵਿਡਾਣਾ॥) ਮੇਰੀ ਪ੍ਰੀਤਿ ਗੋਬਿੰਦ ਸਿਉ; ਜਿਨਿ ਘਟੈ॥ ਮੈ ਤਉ ਮੋਲਿ ਮਹਗੀ ਲਈ; ਜੀਅ ਸਟੈ॥) ਕੰਚਨ ਸਿਉ; ਪਾਈਐ ਨਹੀ ਤੋਲਿ॥ ਮਨੁ ਦੇ; ਰਾਮੁ ਲੀਆ ਹੈ ਮੋਲਿ॥) ਨਾਮੁ ਸੁਨਤ; ਜਨੁ ਬਿਛੂਅ ਡਸਾਨਾ॥) ਵਿਣੁ ਗਾਹਕ. ਗੁਣੁ ਵੇਚੀਐ; ਤਉ ਗੁਣੁ. ਸਹਘੋ ਜਾਇ॥) ਰਾਮ ਰਾਮ ਰਾਮ; ਰਮੇ ਰਮਿ ਰਹੀਐ॥ ਸਾਕਤ ਸਿਉ; ਭੂਲਿ ਨਹੀ ਕਹੀਐ॥ ਅਨੁਸਾਰ ਸਾਕਤ ਨੂੰ ਸੁਣ ਕੇ ਬਿੱਛੂ ਦਾ ਡੰਗ ਵੱਜ ਜਾਵੇਗਾ, ਝਗੜਾ ਕਲੇਸ਼ ਹੋ ਜਾਵੇਗਾ। ਜਿਥੈ ਬੋਲਣਿ ਹਾਰੀਐ; ਤਿਥੈ ਚੰਗੀ ਚੁਪ॥ ਅਨੁਸਾਰ ਵਿਸਮਾਦਤਾਈ 'ਚ ਚੁੱਪ ਰਹਿ ਕੇ, ਵਾਹਿਗੁਰੂ ੨ ਜਪੀ ਜਾਉ ਜੀ। ਅਮੋਲਕ ਅੰਮ੍ਰਿਤ ਰਸ 'ਚ ਰਸਿਆਂ, ਸਮਾਂ ਅਮੋਲਕ ਬਣੇਗਾ। ਯਥਾ:- ਸਾਈ ਘੜੀ ਸੁਲਖਣੀ; ਸਿਮਰਤ ਹਰਿ ਨਾਮ॥

ਕਬੀਰ. ਰਾਮ ਨਾਮੁ ਜਾਨਿਓ ਨਹੀ; ਪਾਲਿਓ ਕਟਕੁ ਕੁਟੰਬੁ॥ ਧੰਧੇ ਹੀ ਮਹਿ. ਮਰਿ ਗਇਓ; ਬਾਹਰਿ ਭਈ ਨ ਬੰਬ॥੨੨੬॥ ਵਾਹਿਗੁਰੂ ਪਰਮਪੂਜਨੀਕ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਦੁਰਬਚਨ ਭੇਦ ਭਰਮੰ; ਸਾਕਤ ਪਿਸਨੰਤ ਸੁਰਜਨਹ॥ ਅਨੁਸਾਰ ਵਾਹਿਗੁਰੂ ਜੀ ਦੇ ਨਾਮ ਤੋਂ ਭੁੱਲੇ ਹੋਏ ਸਾਕਤ ਨੇ (ਰਾਮ)ਅੰਦਰ ਬਾਹਰ ਅਸੰਖ ਸ਼ੁਭ ਗੁਣਾ ਦੇ ਅਸੰਖ ਪ੍ਰਕਾਸ਼ ਸਰੂਪ, ਸਰਬ ਕਲਾ ਭਰਪੂਰ ਪ੍ਰਭ; ਬ੍ਰਹਮ ਜੀ ਦੇ ਪਰਮਪਵਿੱਤ੍ਰ ਸੱਚੇ ਨਾਮੁ ਨੂੰ ਜਪਣਾ ਜਪਾਉਣਾ ਨਹੀ (ਜਾਨਿਓ)ਜਾਣਿਆਂ। ਰਾਮ ਵਾਹਿਗੁਰੂ ਜੀ ਨੂੰ ਆਪਣੇ, ਹਰਿ ਜੀ ਮਾਤਾ. ਹਰਿ ਜੀ ਪਿਤਾ; ਹਰਿ ਜੀਉ ਪ੍ਰਤਿਪਾਲਕ॥ ਵਾਹਿਗੁਰੂ ਜੀ ਦੀ ਸਾਖਿਆਤਤਾ ਨਹੀਂ ਕੀਤੀ। (ਕਟਕੁ)ਕੰਡੇ ਵਾਂਗ ਦੁੱਖ ਸਹਾਰ ਕੇ, ਆਪਣੇ (ਕੁਟੰਬੁ)ਪਰਵਾਰ ਪੋਤ੍ਰੇ ਦੋਹਤ੍ਰੇ (ਕਟਕੁ)ਫ਼ੌਜ ਨੂੰ ਹੀ (ਪਾਲਿਓ)ਪਾਲ਼ਿਆ, ਭਾਵ ਉਨ੍ਹਾਂ ਨੂੰ ਗੁਰਸੇਵਕ ਪ੍ਰੇਮੀ ਨੇਕ ਸਾਊ ਨਹੀਂ ਬਣਾਇਆ, ਗੁਰਭਗਤੀ ਸੇਵਾ ਸਿਮਰਨ 'ਚ ਨਹੀਂ ਲਾਇਆ, ਕੌੜਤੁੰਮੇ ਸੱਪ ਬਣਾਇਆ।

ਧੰਧੇ ਹੀ ਮਹਿ. ਮਰਿ ਗਇਓ; ਬਾਹਰਿ ਭਈ ਨ ਬੰਬ॥੨੨੬॥ ਵੱਡੇ ਪਾਪ ਜ਼ੋਰ ਜ਼ੁਲਮ ਮਾਇਕੀ (ਧੰਧੇ)ਧੰਦਿਆਂ ਦੇ (ਮਹਿ)ਵਿੱਚ ਹੀ, ਮਰਿ (ਗਇਓ)ਗਿਆ। ਮਰੇ ਦੀ ਬਾਹਰਿ ਕੋਈ ਭੀ (ਬੰਬ)ਅਵਾਜ ਨ (ਭਈ)ਆਈ, ਅਕਸ- ਮਾਤ੍ਰ ਹੀ ਮਰ ਗਿਆ, ਅਵਾਜ਼ ਹੀ ਨਹੀਂ ਕੱਢੀ ਭਾਵ ਥਾਂ ਹੀ ਰਹਿ ਗਿਆ॥੨੨੬॥ ਮਰਨ ਬਾਅਦ ਸੰਸਾਰ ਨੂੰ ਜਸ ਰੂਪੀ ਨਗਾਰੇ ਦੀ ਚੋਟ ਪ੍ਰਗਟ ਨ ਹੋਈ। ਮਹੱਲੇ ਦਸਵੇਂ ਜੀ ਨੇ ਕਿਹਾ ਹੈ:- ਕਬਹੂੰ. ਰਣ ਜੂਝੋ ਨਹੀ; ਕਛੁ ਦੈ. ਜਸੁ ਨਹਿ ਲੀਨ॥ ਗਾਂਵ ਬਸਤਿ. ਜਾਨਯੋ ਨਹੀ; ਜਮ ਸੋ. ਕਿਨ ਕਹਿ ਦੀਨ॥ (ਸ੍ਰੀ ਦਸਮ ੭੨) ਜਮ ਨੇ ਆ ਕੇ ਫੜ ਲਿਆ, ਕਿਸੇ ਜੰਗ 'ਚ ਨਹੀਂ ਜੂਝਿਆ, ਕੁੱਝ ਦਾਨ ਦੇ ਕੇ ਭੀ ਜਸ ਨਹੀਂ ਲਿਆ, ਨੱਗਰ 'ਚ ਵਸਦੇ ਨੂੰ ਭੀ ਕੋਈ ਜਾਣਦਾ ਨਹੀਂ ਸੀ, ਜਮ ਨੂੰ ਕਿਸ ਨੇ ਦੱਸ ਦਿਤਾ। ਇਸ ਕਰਕੇ ਜਿਹੜੀ ਮਾੜੀ ਮੋਟੀ ਜਿਹੀ ਲੰਗੋਟੀ ਪਾਈ ਸੀ, ਉਹ ਭੀ ਵਿਚਾਰੇ ਦੀ ਤੋੜ ਲਈ, ਕਬੀਰ ਕਉਡੀ ਕਉਡੀ ਜੋਰਿ ਕੈ; ਜੋਰੇ ਲਾਖ ਕਰੋਰਿ॥ ਚਲਤੀ ਬਾਰ ਨ ਕਛੁ ਮਿਲਿਓ; ਲਈ ਲੰਗੋਟੀ ਤੋਰਿ॥) ਆਵਨ ਆਏ. ਸ੍ਰਿਸਟਿ ਮਹਿ; ਬਿਨੁ ਬੂਝੇ. ਪਸੁ ਢੋਰ॥ ਸਿੱਖਿਆ ਬਹੁਤ ਹੀ ਡੂੰਘੀ ਹੈ। ਕਬੀਰ ਸਾਹਿਬ ਜੀ ਐਸੀ ਬਖ਼ਸ਼ਸ਼ ਕਰਦੇ ਹਨ ਕਿ ਚਉਰਾਸੀ ਲੱਖ ਜੂਨ ਭੋਗ ਕੇ, ਭਈ ਪਰਾਪਤਿ; ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ; ਇਹ ਤੇਰੀ ਬਰੀਆ॥ ਇਸ ਨੂੰ ਪ੍ਰਾਪਤ ਹੋ ਕੇ, ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ; ਗੰਗਾ ਕਾ ਨੀਰੁ॥) ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ॥ ਆਪ ਨਾਮ ਜਪਣਾ ਸੀ ਤੇ ਬੱਚਿਆਂ ਨੂੰ ਜਪਾਉਣਾ ਸੀ ਜਿਸ ਕਰਕੇ ਮਹਾਰਾਜ ਸਾਹਿਬ ਜੀ ਦੀ ਬਹੁਤ ਵੱਡੀ ਬਖ਼ਸ਼ਿਸ਼ ਹੁੰਦੀ। ਨਾਮ ਨ ਜਪਣੇ ਕਰਕੇ ਓਲਾਮ੍ਹੇ ਹੀ ਓਲਾਮ੍ਹੇ ਮਿਲਦੇ ਹਨ। ਯਥਾ:- ਸਉ ਓਲਾਮ੍ਹੇ. ਦਿਨੈ ਕੇ; ਰਾਤੀ ਮਿਲਨ੍ਹਿ ਸਹੰਸ॥ ਸਿਫਤਿ ਸਲਾਹਣੁ. ਛਡਿ ਕੈ; ਕਰੰਗੀ ਲਗਾ ਹੰਸੁ॥) ਭਾਰੇ ਭੁਈ

Sri Satguru Jagjit Singh Ji eLibrary NamdhariElibrary@gmail.com

ਅਕਿਰਤਘਣ; ਮੰਦੀ ਹੂ ਮੰਦੇ॥) ਕਲੀ ਅੰਦਰਿ ਨਾਨਕਾ; ਜਿੰਨਾਂ ਦਾ ਅਉਤਾਰੁ॥ ਪੁਤੁ ਜਿਨੂਰਾ. ਧੀਅ ਜਿੰਨੂਰੀ ; ਜੋਰੂ. ਜਿੰਨਾ ਦਾ ਸਿਕਦਾਰੁ॥੧॥) ਕਬੀਰ. ਜਾ ਘਰ ਸਾਧ ਨ ਸੇਵੀਅਹਿ; ਹਰਿ ਕੀ ਸੇਵਾ ਨਾਹਿ॥ ਤੇ ਘਰ. ਮਰਹਟ ਸਾਰਖੇ; ਭੂਤ ਬਸਹਿ ਤਿਨ ਮਾਹਿ॥) ਸ਼ੁਭ ਸਿੱਖਿਆ ਹੈ ਹਰ ਵੇਲੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਆਸ ੨ ਨਮਸਕਾਰ ਕਰਕੇ ਵਾਹਿਗੁਰੂ ੨ ਜਪੀਏ।

ਕਬੀਰ. ਆਖੀ ਕੇਰੇ ਮਾਟੁਕੇ; ਪਲੁ ਪਲੁ ਗਈ ਬਿਹਾਇ॥ ਮਨੁ. ਜੰਜਾਲੁ ਨ ਛੋਡਈ; ਜਮ ਦੀਆ ਦਮਾਮਾ ਆਇ॥੨੨੭॥ ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- 24 ਸੈਕੰਡ ਦਾ ਇੱਕ ਪਲ ਹੈ, ਪਲੁ ਪਲੁ ਕਾਲ 'ਚ, ਪਰਾਏ ਰੂਪਾਂ ਨੂੰ ਵਿਕਾਰ ਦ੍ਰਿਸ਼ਟੀ ਨਾਲ ਦੇਖਦਿਆਂ (ਆਖੀ)ਅੱਖਾਂ (ਕੇਰੇ)ਦੇ (ਮਾਟੁਕੇ)ਮਟੱਕੇ ਮਾਰਦਿਆਂ, ਪਲੁ ਪਲੁ ਕਾਲ 'ਚ, ਅੱਖਾਂ ਦੇ (ਮਾਟੁਕੇ)ਮਟੱਕੇ 'ਚ ਭਾਵ ਅਕਸਮਾਤ੍ ਛੇਤੀ ਹੀ ਸਾਰੀ ਉਮਰ ਬਿਅਰਥ ਸੇਵਾ ਬੰਦਗੀ ਪਰਉਪਕਾਰ ਬਿਨਾ (ਬਿਹਾਇ)ਬਿਤੀਤ ਹੋ ਗਈ। ਯਥਾ:- ਅਖੀ ਸੂਤਕੁ ਵੇਖਣਾ; ਪਰ ਤ੍ਰਿਅ ਪਰ ਧਨ ਰੂਪੁ॥ ਸਤਿਗੁਰਾਂ ਦੇ ਬਚਨ ਨ ਮੰਨੇ।

ਮਨੁ. ਜੰਜਾਲੁ ਨ ਛੋਡਈ; ਜਮ ਦੀਆ ਦਮਾਮਾ ਆਇ॥੨੨੭॥ ਮਨੁ, ਹਉਮੈ ਪਾਪਾਂ ਔਗੁਣਾਂ ਦੇ (ਜੰਜਾਲੁ)ਬੰਧਨ (ਨ)ਨਹੀਂ (ਛੋਡਈ)ਛੱਡਦਾ, ਅੰਤ ਨੂੰ ਜਮ ਨੇ ਆਇ ਕੇ ਮੌਤ ਦਾ (ਦਮਾਮਾ)ਨਗਾਰਾ ਵਜਾ (ਦੀਆ)ਦਿਤਾ॥੨੨੭॥ ਨਾਮ ਜਪੇ ਜਪਾਏ ਬਿਨਾ, ਜ਼ਿੰਦਗੀ ਬੜੀ ਹੀ ਦੁਖੱਲੀ ਵਿਅਰਥ ਹੈ। ਯਥਾ:- ਕਕੈ. ਕੇਸ ਪੁੰਡਰ ਜਬ ਹੂਏ; ਵਿਣੁ ਸਾਬੂਣੈ ਉਜਲਿਆ॥ ਜਮ ਰਾਜੇ ਕੇ ਹੇਰੂ ਆਏ; ਮਾਇਆ ਕੈ ਸੰਗਲਿ. ਬੰਧਿ ਲਇਆ॥੫॥) ਬਾਰਿਕ ਤੇ ਬਿਰਧਿ ਭਇਆ; ਹੋਨਾ ਸੋ ਹੋਇਆ॥ ਜਾ ਜਮੁ ਆਇ ਝੋਟ ਪਕਰੈ; ਤਬਹਿ ਕਾਹੇ ਰੋਇਆ॥) ਕਹੁ ਕਬੀਰ; ਤਬ ਹੀ ਨਰੁ ਜਾਗੈ॥ ਜਮ ਕਾ ਡੰਡੁ; ਮੂੰਡ ਮਹਿ ਲਾਗੈ॥) ਉਘਰਿ ਗਈਆਂ ਖਿਨਹਿ ਭੀਤਰਿ; ਜਮਹਿ ਗ੍ਰਾਸੇ ਝੋਟ॥

ਕਬੀਰ. ਤਰਵਰ ਰੂਪੀ ਰਾਮੁ ਹੈ; ਫਲ ਰੂਪੀ ਬੈਰਾਗੁ॥ ਛਾਇਆ ਰੂਪੀ ਸਾਧੁ ਹੈ; ਜਿਨਿ ਤਜਿਆ ਬਾਦੁ ਬਿਬਾਦੁ॥੨੨੮॥ ੧:- ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਬਿਆਪਿਕ ਰਾਮ; ਸਗਲ ਸਾਮਾਨ॥) ਸਰਬ ਕਲਾ ਭਰਪੂਰ ਪ੍ਰਭ;) ਜਿਮੀ ਜਮਾਨ ਕੇ ਬਿਖੈ; ਸਮੱਸਤ ਏਕ ਜੋਤ ਹੈ॥ ਨ ਘਾਟ ਹੈ. ਨ ਬਾਢ ਹੈ; ਨ ਘਾਟ ਬਾਢ. ਹੋਤ ਹੈ॥ ਸਤਿ ਸੰਤੋਖ ਦਇਆ ਧਰਮ ਵੀਚਾਰ ਗ਼ੀਬੀ ਨਿਮ੍ਰਤਾ ਹਲੀਮੀ ਸਹਿਣਸ਼ੀਲਤਾ ਇਕਾਗ੍ਰਤਾ ਆਦਿ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ, ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਅਨੁਸਾਰ ਅਜਪਾ ਜਾਪ ਸਰੂਪ ਆਪਣਾ ਜਾਪ ਆਪ ਕਰਨ ਵਾਲੇ (ਰਾਮੁ) ਸਭ ਦੇ ਅੰਦਰ ਬਾਹਰ ਤਿੰਨਾਂ ਗੁਣਾਂ ਤੋਂ ਭਿੰਨ, ਰੂਪ ਰੰਗ ਰੇਖ ਭੇਖ ਜਾਤਿ ਪਾਤਿ ਰਹਿਤ, ਅਨਤਕਲਾਵਾਨ ਅਸੰਖ ਨੂਰ ਪ੍ਰਕਾਸ਼ ਹੀ ਪ੍ਰਕਾਸ਼ ਸਹਿਤ ਅਨੰਤ ਬ੍ਰਹਮੰਡ 'ਚ, ਅਨਤ ਕਲਾਂ ਸਹਿਤ ਭਰਪੂਰ ਅਜਪਾ ਜਾਪ ਨਿਰਗੁਨ ਬ੍ਰਹਮ ਜੀ, ਜਿਨ੍ਹਾਂ 'ਚ ਹੁਣ, ਕੋਟਿ ਬ੍ਰਹਮੰਡ ਧਰਤੀਆਂ ਹਵਾਵਾਂ ਅਗਨੀਆਂ ਅਕਾਸ਼ ਤਾਰੇ ਅੰਬਰ, ਚੰਦ੍ਰਮੇਂ ਸੂਰਜ ਦੇਵੀ ਦੇਵਤੇ ਅਸੰਖ ਭਗਤ ਸੰਤ ਗੁਰਮੁਖਿ ਮਹਾਂਪੁਰਸ਼ ਸਾਰੀ ਰਚਨਾ ਵਸ ਰਹੀ ਹੈ। ਸਾਰੀ ਰਚਨਾ 'ਚ ਆਪ ਵਸ ਰਹੇ ਹਨ। ਯਥਾ:- ਕੇਤੇ ਇੰਦ ਚੰਦ. ਸੂਰ ਕੇਤੇ; ਕੇਤੇ ਮੰਡਲ ਦੇਸ॥ ਕੇਤੇ ਸਿਧ ਬੁਧ. ਨਾਥ ਕੇਤੇ; ਕੇਤੇ ਦੇਵੀ ਵੇਸ॥ ਕੇਤੇ ਦੇਵ ਦਾਨਵ. ਮੁਨਿ ਕੇਤੇ; ਕੇਤੇ ਰਤਨ ਸਮੁੰਦ॥ ਕੇਤੀਆ ਖਾਣੀ. ਕੇਤੀਆ ਬਾਣੀ; ਕੇਤੇ ਪਾਤ ਨਰਿੰਦ॥ ਕੇਤੀਆ ਸੁਰਤੀ. ਸੇਵਕ ਕੇਤੇ; ਨਾਨਕ ਅੰਤੁ ਨ. ਅੰਤੁ॥) ਪਾਤਾਲਾ ਪਾਤਾਲ ਲਖ; ਆਗਾਸਾ ਆਗਾਸ॥ ਇਹ ਸਾਰੀ ਰਚਨਾ, ਰਾਮ ਜੀ ਦੇ ਸਰਗੁਨ

Sri Satguru Jagjit Singh Ji eLibrary NamdhariElibrary@gmail.com

ਸਰੂਪ ਜੀ ਦਾ ਪਸਾਰਾ ਹੈ। ਯਥਾ:- ਨਿਰਗੁਣੁ ਸਰਗੁਣੁ; ਆਪੇ ਸੋਈ॥ ਐਸੇ ਰਾਮ ਜੀ (ਤਰਵਰ) ਬ੍ਰਿਛ (ਰੂਪੀ) ਰੂਪ (ਹੈ) ਹਨ। ਯਥਾ:- ਹਮ ਪੰਖੀ. ਮਨ ਕਰਹਲੇ; ਹਰਿ ਤਰਵਰੁ ਪੁਰਖੁ ਅਕਾਲਿ॥ ਇਨ੍ਹਾਂ ਦੇ ਸ਼ਰਧਾ ਸ਼ਾਂਤੀ ਖਿਮਾ ਨਿਮ੍ਰਤਾ ਹਲੀਮੀ ਗ੍ਰੀਬੀ ਅਨੇਕ ਅਸੰਖ ਗੁਣਾਂ ਰੂਪੀ ਜੜ੍ਹਾਂ ਹਨ। ਪ੍ਰੇਮ ਰੂਪੀ ਅੰਕੁਰ ਹੈ, ਸਤਿ ਸੰਤੋਖ ਦਇਆ ਧਰਮ ਵੀਚਾਰ ਸ਼ੁਭ ਗੁਣਾਂ ਰੂਪੀ ਅਨੇਕ ਹੀ ਪੱਤੇ ਹਨ। ਪ੍ਰੇਮਾ- ਭਗਤੀ ਰੂਪੀ ਤੁਚਾ ਹੈ, ਬੈਰਾਗ ਵਿਵੇਕ ਖਟ ਸੰਮਤੀ ਮੋਖ ਇੱਛਾ ਸ੍ਰਵਣ ਮੰਨਣ ਨਿਧਿਆਸਣ ਆਦਿ ਟਾਹਣੀਆਂ ਹਨ, ਬ੍ਰਹਮਗਿਆਨ ਧਰਮ ਸਹਜ ਧੀਰਜ ਨਿਰਵਿਕਾਰਤਾ ਨਿਰਅਭਿਮਾਨਤਾ ਨਿਸ਼ਕਾਮਤਾ ਆਦਿ ਅਸੰਖ ਗੁਣ ਫੁੱਲ ਹਨ, ਬੈਰਾਗੁ ਰੂਪੀ ਫਲ ਹੈ। ਨਿਰਗੁਣੁ ਸਰਗੁਣੁ; ਆਪੇ ਸੋਈ॥ ਕੋਟਿ ਬ੍ਰਹਮੰਡ (ਰਾਮ) ਵਿਆਪਕ ਬ੍ਰਹਮ ਰੂਪੀ ਬ੍ਰਿੱਛ 'ਚ ਟਿਕੇ ਹੋਏ ਹਨ, ਅਸੀਂ ਸਾਰੇ ਹੀ ਵਿਆਪਕ 'ਚ ਰਹਿ ਰਹੇ ਹਾਂ। ਸ੍ਰਬ ਦੀ ਚਰਨ- ਧੂੜਿ ਬਣੇ (ਸਾਧੁ) ਸ੍ਰੇਸ਼ਟ ਮਹਾਂਪੁਰਸ਼ ਜੀ, ਵਿਆਪਕ ਬ੍ਰਹਮ ਰੂਪੀ ਬ੍ਰਿੱਛ ਤੋਂ ਵੈਰਾਗ ਰੂਪੀ ਫ਼ਲ ਖਾਂਦੇ ਹਨ। ਬੈਰਾਗ ਰੂਪੀ ਫ਼ਲ ਦਾ ਭਾਵ ਇਹ ਹੈ, ਜ਼ਬਾਨ ਆਪਣੀ ਵਡਿਆਈ ਆਪ ਨਹੀਂ ਕਰਦੀ, ਮਾਣ ਨਹੀਂ ਕਰਦੇ, ਪਾਪਾਂ ਵਿਕਾਰਾਂ ਵੱਲੋਂ ਬੈਰਾਗੀ ਰਹਿੰਦੇ ਹਨ। ਇੰਦ੍ਰਿਆਂ ਦੇ ਵਿਸ਼ਿਆਂ ਤੋਂ ਬੈਰਾਗੀ ਰਹਿੰਦੇ ਹਨ। ਯਥਾ:- ਹਮਰਾ ਮਨੁ. ਬੈਰਾਗ ਬਿਰਕਤੁ ਭਇਓ; ਹਰਿ ਦਰਸਨ ਮੀਤ ਕੈ ਤਾਈ॥) ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥) ਮੈ ਨੀਰੇ. ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ ਦ੍ਰਿਸਟਿ ਨ ਕਰੈ ਰੁਚਾਂਗੈ॥) ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਹਉ ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ ਨੀਰੁ ਵਹੇ ਵਹਿ. ਚਲੈ ਜੀਉ॥) ਪ੍ਰਭ ਮੇਰੇ ਓਇ; ਬੈਰਾਗੀ ਤਿਆਗੀ॥ ਵਿਸ਼ੇ ਵਿਕਾਰ ਦੀਆਂ ਗੱਲਾਂ ਸੁਨਣ ਵੱਲੋਂ ਭੀ ਬੈਰਾਗੀ ਹਨ, ਨਹੀਂ ਸੁਣਦੇ। ਯਥਾ:- ਮੇਰੇ ਮੋਹਨ; ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ; ਬੋਲਤ ਬੋਲ ਅਜਾਏ॥ ਸੰਸਾਰ ਨੂੰ ਨੇਤ੍ਰਾਂ ਕਰਕੇ ਵਿਕਾਰ ਵੈਰ ਕ੍ਰੋਧ ਦ੍ਵੈਤ ਦ੍ਰਿਸਟੀ ਨਾਲ ਨਹੀਂ ਦੇਖਦੇ। ਅੱਖਾਂ ਦੇ ਗ਼ਲਤ ਵਿਸ਼ਿਆਂ ਤੋਂ ਬੈਰਾਗ ਰੱਖਦੇ ਹਨ। ਰਸਨਾ ਸੁਆਦਾਂ ਤੋਂ ਬੈਰਾਗ ਰੱਖਦੀ ਹੈ। ਜ਼ਬਾਨ ਝੂੱਠ ਬੋਲਣੋ ਬੈਰਾਗ ਰੱਖਦੀ ਹੈ। ਪੈਰ ਕੁਸੰਗਤ ਵੱਲ ਨਹੀਂ ਜਾਂਦੇ, ਹੱਥ ਚੋਰੀ ਨਹੀਂ ਕਰਦੇ, ਸ੍ਰੀਰ ਕਰਕੇ ਮੰਦਕਰਮ ਨਹੀਂ ਕਰਦੇ, ਚਾਅ ਨਾਲ ਸ਼ੁਭ ਕਾਰਜ ਹੀ ਕਰਦੇ ਹਨ।

ਛਾਇਆ ਰੂਪੀ ਸਾਧੁ ਹੈ; ਜਿਨਿ ਤਜਿਆ ਬਾਦੁ ਬਿਬਾਦੁ॥੨੨੯॥ ੨:- ਨਿਰਗੁਨ ਬ੍ਰਹਮ ਜੀ ਦੀ (ਛਾਇਆ)ਅਕਸ, ਭੀ (ਸਾਧੁ)ਨਿਰਗੁਨ ਬ੍ਰਹਮ ਜੀ ਹੀ ਹਨ। ਨਿਰਗੁਨ ਬ੍ਰਹਮ ਜੀ ਤੋਂ ਵੈਰਾਗ ਰੂਪੀ ਫ਼ਲ ਛਕਣ ਵਾਲੇ, ਨਿਰਗੁਨ ਬ੍ਰਹਮ ਜੀ ਦੀ (ਛਾਇਆ)ਅਕਸ ਨਿਰਗੁਨ ਬ੍ਰਹਮ ਸਰੂਪ (ਸਾਧੁ)ਸ੍ਰੇਸ਼ਟ ਮਹਾਂਪੁਰਸ਼ (ਸਾਧੁ)ਸਤਿਗੁਰੂ ਮਹਾਰਾਜ ਸਾਹਿਬ ਜੀ (ਹੈ)ਹਨ। ਯਥਾ:- ਸਾਧ ਕੀ ਸੋਭਾ; ਸਾਧ ਬਨਿ ਆਈ॥ ਨਾਨਕ ਸਾਧ ਪ੍ਰਭ; ਭੇਦੁ ਨ ਭਾਈ॥ (ਜਿਨਿ)ਜਿਨ੍ਹਾਂ ਨੇ ਦੁਨੀਆਂ ਦੇ (ਬਾਦੁ)ਵਿਅਰਥ (ਬਿਬਾਦੁ)ਝਗੜਾ (ਤਜਿਆ)ਛੱਡਿਆ ਹੈ। ਯਥਾ:- ਮਿਟਿ ਗਏ ਬੈਰ; ਭਏ ਸਭ ਰੇਨ॥ ਅੰਮ੍ਰਿਤ ਨਾਮੁ; ਸਾਧਸੰਗਿ ਲੈਨ॥) ਹੋਇ ਰਹੇ; ਸਭ ਕੀ ਪਗ ਛਾਰੁ॥) ਆਪੁ ਛੋਡਿ. ਸੇਵਾ ਕਰਨਿ; ਜੀਵਤ ਮੁਏ ਰਹੰਨਿ॥) ਬ੍ਰਹਮਗਿਆਨੀ; ਸਗਲ ਕੀ ਰੀਨਾ॥) ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥ ਐਸੇ ਸ਼ੁਭ ਗੁਣਾਂ ਵਾਲੇ ਮਹਾਂਪੁਰਸ਼ ਵਾਹਿਗੁਰੂ ਨਿਰਗੁਨ ਬ੍ਰਹਮ ਬ੍ਰਿਛ ਦੀ ਛਾਂ ਰੂਪ ਨਿਰਗੁਨ ਬ੍ਰਹਮ ਸਰੂਪ ਹੀ ਹਨ। ਯਥਾ:- ਜਿਨ੍ਹੀ ਸਖੀ. ਸਹੁ ਰਾਵਿਆ; ਸੇ ਅੰਬੀ ਛਾਵੜੀਏਹਿ ਜੀਉ॥ ਉਹ ਮਹਾਂਪੁਰਸ਼ਾਂ ਅਤੇ ਸਤਿਗੁਰੂ ਮਹਾਰਾਜ ਸਾਹਿਬ ਜੀ ਬ੍ਰਹਮ ਜੀ ਦੀ ਛਾਂ ਬ੍ਰਹਮ ਸਰੂਪ ਹੀ ਹਨ। ਜਿਨ੍ਹਾਂ ਦੇ ਦਰਸ਼ਨ ਕਰਕੇ ਮਨ ਸ਼ਾਂਤ ਹੁੰਦੇ ਹਨ, ਪ੍ਰੇਮੀਆਂ ਦੇ ਵਿਕਾਰ ਮਿਟਦੇ ਹਨ। ਜਿਵੇਂ ਬ੍ਰਿੱਛ ਦੀ ਛਾਂ ਹੇਠਾਂ ਗਰਮੀ ਦੇ ਸਤਾਏ ਸੁਖ ਲੈਂਦੇ ਹਨ। ਉਨ੍ਹਾਂ ਦੀ ਸ਼ਾਂਤੀ ਰੂਪੀ ਛਾਂ 'ਚ ਆ ਕੇ, ਸੜ ਰਹੇ ਜੀਵ ਸ਼ਾਂਤੀ

Sri Satguru Jagjit Singh Ji eLibrary NamdhariElibrary@gmail.com

ਪ੍ਰਾਪਤ ਕਰਦੇ ਹਨ। ਭਾਵ ਸਤਿਗੁਰੂ ਸਾਹਿਬ ਜੀ 'ਤੇ ਮਹਾਰਾਜ ਸਾਹਿਬ ਜੀ ਦਾ ਧਿਆਨ ਧਾਰਨ ਵਾਲੇ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਿਲ ਦਿਮਾਗ 'ਚ ਗੁਰਬਾਣੀ ਇਕਾਗ੍ਰਤਾ ਭੇਜਦੇ ਹਨ। ਉਹ ਸਤਿਗੁਰੂ ਸਾਹਿਬ ਜੀ ਦੇ ਪਿਆਰੇ ਗੁਰੂ ਸਾਹਿਬ ਜੀ ਤੋਂ ਵਰੋਸਾਏ ਗੁਰੂ ਸਾਹਿਬ ਜੀ ਦੇ ਸੇਵਕ ਭਗਤ ਦਾਸ ਨਿਰਗੁਨ ਬ੍ਰਹਮ ਸਰੂਪ ਹੀ ਹਨ। ਉਨ੍ਹਾਂ ਨੂੰ ਧਰਮ ਰੂਪੀ ਫੁੱਲ ਲੱਗੇ ਹਨ, ਜੋ ਪ੍ਰੇਮਾ- ਭਗਤੀ ਰੂਪੀ ਸੁਗੰਧੀ ਬਖ਼ਸ਼ਦੇ ਹਨ, ਪਤਿ ਰੂਪੀ ਪੱਤ੍ਰੇ ਹਨ। ਸਤਿ ਸੰਤੋਖ ਵੀਚਾਰ ਧੀਰਜ ਪਰਉਪਕਾਰ ਅਨੇਕ ਸ਼ੁਭ ਗੁਣਾਂ ਰੂਪੀ ਫ਼ਲ ਲੱਗੇ ਹਨ। ਉਨ੍ਹਾਂ ਦੀ ਚਰਨ ਸ਼ਰਨ 'ਚ, ਰਹਿ ਕੇ ਸੇਵਾ ਕਰਕੇ ਨਿਹਾਲ ਹੋਵੋ ਜੀ। ਯਥਾ:- ਆਵਨੁ ਜਾਨੁ; ਨ ਹੋਵੀ ਤੇਰਾ॥ ਨਾਨਕ. ਤਿਸੁ ਜਨ ਕੇ; ਪੂਜਹੁ ਸਦ ਪੈਰਾ॥੨੨੮॥

ਕਬੀਰ. ਐਸਾ ਬੀਜੁ ਬੋਇ; ਬਾਰਹ ਮਾਸ ਫਲੰਤ॥ ਸੀਤਲ ਛਾਇਆ. ਗਹਿਰ ਫਲ; ਪੰਖੀ ਕੇਲ ਕਰੰਤ॥੨੨੯॥ ਪਰਮਪੂਜਨੀਕ ਭਗਤ ਕਬੀਰ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਭਾਈ! ਆਪਣੀ ਰਿਦੇ ਰੂਪੀ ਧਰਤੀ 'ਚ, ਅਥਵਾ, ਸਤਿਗੁਰੁ ਧਰਤੀ ਧਰਮ ਹੈ ਤਿਸੁ ਵਿਚਿ ਜੇਹਾ ਕੋ ਬੀਜੇ ਤੇਹਾ ਫਲੁ ਪਾਏ॥ ਅਨੁਸਾਰ ਧਰਮ ਦੀ ਧਰਤੀ ਸਤਿਗੁਰੂ ਜੀ ਅੰਦਰ ਅਥਵਾ ਕੋਟਿ ਬ੍ਰਹਮੰਡ ਦੀ ਰਚਨਾ ਅੰਦਰ, ਵਾਹਿਗੁਰੂ ਨਾਮ ਅਜਪਾ ਜਾਪ ਰੂਪੀ, ਐਸਾ ਬੀਜੁ (ਬੋਇ)ਬੀਜਣਾ ਕਰ, ਜੋ (ਬਾਰਹ)ਬਾਰਾਂ (ਮਾਸ)ਮਹੀਨੇ ਵਧਦਾ (ਫਲੰਤ)ਫ਼ਲਦਾ ਹੈ। ਵਿਸਮਾਦ ਰੰਗ 'ਚ ਉੱਠਦਿਆਂ ਬੈਠਦਿਆਂ ਜਾਗਦਿਆਂ ਸੌਂਦਿਆਂ ਹਰ ਵੇਲੇ ਜਾਪ ਹੁੰਦਾ ਰਹੇ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਕ੍ਰਿਪਾ ਕਰਕੇ ਆਪਣਾ ਜਾਪ ਆਪ ਹੀ ਕਰੀ ਕਰਾਈ ਜਾਣ, ਰਿਦੇ 'ਚੋਂ ਮੂੰਹ 'ਚ ਅੰਮ੍ਰਿਤ ਭੇਜੀ ਜਾਣ। ਯਥਾ:- ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥) ਅਜਪਾ ਜਪ ਹੈਂ॥) ਊਠਤ ਬੈਠਤ; ਸੋਵਤ ਨਾਮ॥ ਕਹੁ ਨਾਨਕ; ਜਨ ਕੈ ਸਦ ਕਾਮ॥

ਸੀਤਲ ਛਾਇਆ. ਗਹਿਰ ਫਲ; ਪੰਖੀ ਕੇਲ ਕਰੰਤ॥੨੨੯॥ ਜਿਸ ਬ੍ਰਿੱਛ ਦੀ ਸ਼ਰਧਾ ਰੂਪੀ ਜੜ, ਪ੍ਰੇਮ ਰੂਪੀ ਅਕੂਰ, ਪ੍ਰੇਮਾ- ਭਗਤੀ ਰੂਪੀ ਛਿੱਲ, ਕਰੁਣਾ ਮੁਦਤਾ ਮੈਤ੍ਰੀ ਉਪੇਖਿਆ, ਨਿਮ੍ਰਤਾ ਹਲੀਮੀ ਗ਼ਰੀਬੀ ਇਕਾਗ੍ਰਤਾ ਸ਼ਹਿਨਸ਼ੀਲਤਾ ਦਇਆ ਖਿਮਾ ਟਾਹਣੀਆਂ, ਸਤਿ ਸੰਤੋਖ ਧਰਮ ਵੀਚਾਰ ਧੀਰਜ ਪਰਉਪਕਾਰ ਅਨੇਕ ਸ਼ੁਭ ਗੁਣਾਂ ਰੂਪੀ ਪੱਤ੍ਰੇ ਹਨ। ਜਿਸ ਦੀ ਸ਼ਾਂਤੀ ਰੂਪ (ਸੀਤਲ)ਠੰਢੀ (ਛਾਇਆ)ਛਾਂ ਹੈ, (ਗਹਿਰ)ਨਿਰਹੱਲ ਅਬਿਨਾਸੀ ਨਿਰਗੁਨ ਨਿਰੰਕਾਰ ਨ੍ਰਿਵਿਕਾਰ, ਬ੍ਰਹਮ ਸਰੂਪੀ ਫਲ ਹੈ। ਜਿਹੜੇ ਮਹਾਂਪੁਰਸ਼ ਵੈਰਾਗ ਬਿਬੇਕ ਰੂਪੀ ਖੰਭਾਂ ਨਾਲ, ਸੰਸਾਰ ਵੱਲੋਂ ਉਡਾਰੀ ਮਾਰ ਕੇ, ਗੁਰੂ ਸਾਹਿਬ ਜੀ ਦੇ ਦੇਸ਼ ਨਿਰੰਕਾਰ 'ਚ, ਸਦਾ ਲੀਣ ਰਹਿੰਦੇ ਹਨ, ਐਸੇ ਮਹਾਂਪੁਰਸ਼ ਰੂਪ (ਪੰਖੀ)ਪੰਛੀ, ਸਤਿ ਸੰਤੋਖ ਵੀਚਾਰ ਧੀਰਜ ਪਰਉਪਕਾਰ ਅਨੇਕ ਸ਼ੁਭ ਗੁਣਾਂ ਰੂਪੀ ਫ਼ਲ ਛਕਣ ਦਾ (ਕੇਲ)ਬ੍ਰਹਮਾਨੰਦ- ਰਸ ਅਨੰਦ (ਕਰੰਤ)ਕਰਦੇ ਹਨ॥੨੨੯॥ ਯਥਾ:- ਪਰੰਦਏ; ਨ ਗਿਰਾਹ ਜਰ॥ ਦਰਖਤ ਆਬ; ਆਸ ਕਰ॥ ਦਿਹੰਦ ਸੁਈ॥ ਏਕ ਤੁਈ. ਏਕ ਤੁਈ॥ ਸੋ ਬਾਰਾਂ ਮਹੀਨੇ ਫ਼ਲਣ ਵਾਲਾ ਸੰਸਾਰ ਨੂੰ ਤਾਰਨ ਵਾਲਾ ਬੀਜ, ਧੰਨ ਵਾਹਿਗੁਰੂ ਮਹੱਲੇ ਪਹਿਲੇ ਜੀ ਨੇ ਆਪ ਹੀ ਪੰਜਵੇਂ ਜਾਮੇ 'ਚ, ਉੱਬਲਦੀ ਦੇਗ਼ 'ਚ ਬੈਠੇ ਹਨ, ਤੱਤੀ ਤਵੀ 'ਤੇ ਖੜ੍ਹੇ, ਮੱਚਦੇ ੨ ਰੇਤੇ 'ਤੇ ਬੈਠੇ, ਮੱਚਦਾ ੨ ਰੇਤਾ ਪਰਮਪੂਜਨੀਕ ਪਰਮਪਵਿੱਤ੍ਰ ਸੀਸ ਸਾਹਿਬ ਜੀ 'ਤੇ ਪੁਆਇਆ। ਨੌਵੇਂ ਜਾਮੇ 'ਚ ਲੋਹੇ ਦੇ ਤੰਗ ਪਿੰਜਰੇ 'ਚ, ਤਿੱਖੇ ਕਿੱਲਾਂ ਵਿਚਕਾਰ ਬੈਠੇ ਹਨ। ਆਪਣਾ ਸੀਸ ਬਲੀਦਾਨ ਦਿਤਾ ਹੈ, ਦਸਵੇਂ ਜਾਮੇ ਅੰਦਰ ਸ੍ਰਬੰਸ ਕੁਰਬਾਨ ਕੀਤਾ, ਸਿੱਖ ਸਿੱਖਣੀਆਂ ਮਾਤਾ ਪਿਤਾ ਚਾਰੇ ਸਾਹਿਬਜ਼ਾਦੇ ਫੌਜਾਂ ਖਜ਼ਾਨੇ ਸਭ ਕੁੱਝ ਕੁਰਬਾਨ ਕਰ ਦਿਤਾ। ਆਪ ਜ਼ਾਲਮਾਂ ਦੇ ਸਨਮੁਖ ਹੋ ਕੇ, ਧਰਮਯੁੱਧ ਜਿੱਤੇ, ਬੜੀ ਹੀ ਸੂਰਬੀਰਤਾ ਬਹਾਦਰੀ ਕੀਤੀ। ਗੁਰੂ ਪਿਆਰਿਆਂ ਨੇ ਕੁਰਬਾਨੀਆਂ ਹੀ ਕੁਰਬਾਨੀਆਂ ਕੀਤੀਆਂ, ਅਮੋਲਕ ਸੁੰਦਰ ਇਤਹਾਸ ਬਣਾਇਆ। ਵਾਹਿਗੁਰੂ ਪਹਿਲੇ ਪਾਤਿਸ਼ਾਹ ਜੀ ਤੋਂ ਲੈ ਕੇ, ਹੁਣ ਤੱਕ ਬੇਅੰਤ ਹੀ

Sri Satguru Jagjit Singh Ji eLibrary NamdhariElibrary@gmail.com

ਪ੍ਰੇਮੀਆਂ ਨੇ, ਬੇਅੰਤ ਕੁਰਬਾਨੀਆਂ ਹੀ ਕੁਰਬਾਨੀਆਂ ਦਿਤੀਆਂ, ਆਪ ਕੁਰਬਾਨੀਆਂ ਦੇ ਕੇ ਬੜੀ ਵੱਡੀ ਘਾਲਣਾ ਘਾਲ ਕੇ, ਮਹਾਰਾਜ ਸਾਹਿਬ ਜੀ ਨੇ ਆਪ ਐਸਾ ਗੁਰਬਾਣੀ ਰੂਪੀ ਬੀਜੁ (ਬੋਇ)ਬੀਜਿਆ ਹੈ, ਜੋ ਹੁਣ ਗੁਰੂ ਗ੍ਰੰਥ ਸਾਹਿਬ ਜੀ ਸਰੂਪ (ਬਾਰਹ)ਬਾਰਾਂ (ਮਾਸ)ਮਹੀਨੇ (ਫਲੰਤ)ਫ਼ਲ ਰਹੇ ਹਨ।

ਸੀਤਲ ਛਾਇਆ. ਗਹਿਰ ਫਲ; ਪੰਖੀ ਕੇਲ ਕਰੰਤ॥੨੨੯॥ ਗੁਰੂ ਗ੍ਰੰਥ ਸਾਹਿਬ ਜੀ ਦੀ (ਸੀਤਲ)ਠੰਢੀ (ਛਾਇਆ)ਛਾਂ ਹੈ, (ਗਹਿਰ)ਗੰਭੀਰ ਵਾਹਿਗੁਰੂ ਬ੍ਰਹਮ ਨਿਰਹੱਲ ਬ੍ਰਹਮਾਨੰਦ ਫਲ ਲੱਗੇ ਹਨ, ਗੁਰਸਿੱਖ ਪ੍ਰੇਮੀ (ਪੰਖੀ)ਪੰਛੀ (ਕੇਲ)ਅਨੰਦ ਮਾਣਨਾ (ਕਰੰਤ)ਕਰਦੇ ਹਨ॥੨੨੯॥

ਕਬੀਰ. ਦਾਤਾ ਤਰਵਰੁ ਦਯਾ ਫਲੁ; ਉਪਕਾਰੀ ਜੀਵੰਤ॥ ਪੰਖੀ ਚਲੇ ਦਿਸਾਵਰੀ; ਬਿਰਖਾ ਸੁਫਲ ਫਲੰਤ॥੨੩੦॥ ਪਰਮਪੂਜਨੀਕ ਸੱਚੇ ਭਗਤ ਵਾਹਿਗੁਰੂ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਧੰਨ ਵਾਹਿਗਰੂ, ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥) ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ ਹਰਿ ਨਮਸਕਰਾ॥ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਸਾਹਿਬ ਜੀ. ਸਤਿ ਸੰਤੋਖ ਦਇਆ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ਼ੀਬੀ ਇਕਾਗ੍ਰਤਾ ਸ਼ਾਂਤੀ ਸਹਿਨਸ਼ੀਲਤਾ ਖਿਮਾ ਧੀਰਜ ਆਦਿ ਅਨੇਕ ਸ਼ੁਭ ਗੁਣਾਂ ਦੇ (ਤਰਵਰੁ) (ਤਰ+ਵਰੁ) (ਵਰੁ)ਸ੍ਰੇਸਟ (ਤਰ)ਬ੍ਰਿੱਛ, ਨਾਮ ਜੀਅ ਦਾਨ ਪ੍ਰੇਮਾ- ਭਗਤੀ ਦੇ (ਦਾਤਾ)ਦਾਤੇ, ਮਹਾਨ (ਉਪਕਾਰੀ)ਪਰਉਪਕਾਰੀ ਸਦਾ (ਜੀਵੰਤ)ਜਿਉਂਦੇ ਹਨ, ਜਿਨ੍ਹਾਂ ਨੂੰ ਦਯਾ ਰੂਪੀ, ਖ਼ੂਬ ਮਿਠਾ ਅਮਰ ਅੰਮ੍ਰਿਤ ਫਲੁ ਲੱਗਾ ਹੈ, ਦਯਾ ਦਾ ਭਾਵ, ਫਲ਼ ਦੇਣ ਲੱਗਿਆਂ, ਦਯਾ ਕਰਕੇ, ਦੇਈ ਹੀ ਦੇਈ ਜਾਂਦੇ ਹਨ। ਆਪਣੇ ਸਿੱਖ ਦੇ ਦਿਲ ਦਿਮਾਗ਼ 'ਚ, ਅੰਦਰ ਬਾਹਰ ਹਰ ਵੇਲੇ, ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਕਰਦੇ ੨ ਹੀ ਰਹਿੰਦੇ ਹਨ। ਇਹ ਦਾਤਿ ਦੇਣ ਲੱਗਿਆਂ, ਭੁਲਨਹਾਰ ਜਾਣਕੇ, ਇਸ ਦੇ ਔਗੁਣ ਨਹੀਂ ਦੇਖਦੇ। ਯਥਾ:- ਸਦਾ ਸਦਾ ਇਹੁ ਭੂਲਨਹਾਰੁ॥ ਨਾਨਕ ਰਾਖਨਹਾਰੁ ਅਪਾਰੁ॥ ਹਰ ਵੇਲੇ ਦਾਤ ਦੇ ਰਹੇ ਹਨ। ਯਥਾ:- ਤੁਮ ਬਡ ਦਾਤੇ; ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥ ਜਿਵੇਂ ਕਬੀਰ. ਦਾਤਾ ਤਰਵਰੁ ਦਯਾ ਫਲੁ, ਧੰਨ ਵਾਹਿਗੁਰੂ ਗੁਰੂ ਨਾਨਕ ਦੇਵ ਸਾਹਿਬ ਸੱਚੇ ਪਾਤਿਸ਼ਾਹ ਦਾਤੇ ਸਤਿਗੁਰੂ ਜੀ ਨੇ ਤੇਰਾ ਤੇਰਾ ਕਹਿ ਕੇ, ਗ਼ੀਬਾਂ ਦੀਆਂ ਝੋਲ਼ੀਆਂ ਭਰੀਆਂ। ਯਥਾ:- ਸਤਿਗੁਰੁ ਮੇਰਾ ਸਦਾ ਸਦਾ; ਨਾ ਆਵੈ ਨਾ ਜਾਇ॥ ਓਹੁ ਅਬਿਨਾਸੀ ਪੁਰਖੁ ਹੈ; ਸਭ ਮਹਿ ਰਹਿਆ ਸਮਾਇ॥) ਸਤਿਗੁਰੁ ਦਾਤਾ. ਰਾਮ ਨਾਮ ਕਾ; ਹੋਰੁ ਦਾਤਾ ਕੋਈ ਨਾਹੀ॥ ਜੀਅ ਦਾਨੁ ਦੇਇ ਤ੍ਰਿਪਤਾਸੇ; ਸਚੈ ਨਾਮਿ ਸਮਾਹੀ॥) ਸਤਿਗੁਰੁ ਦਾਤਾ. ਸਭਨਾ ਵਥੁ ਕਾ; ਪੂਰੈ ਭਾਗਿ ਮਿਲਾਵਣਿਆ॥) ਜੈਦੇਉ ਨਾਮਾ. ਬਿਪ ਸੁਦਾਮਾ; ਤਿਨ ਕਉ ਕ੍ਰਿਪਾ ਭਈ ਹੈ ਅਪਾਰ॥ ਕਹਿ ਕਬੀਰ. ਤੁਮ ਸੰਮ੍ਰਥ ਦਾਤੇ; ਚਾਰਿ ਪਦਾਰਥ. ਦੇਤ ਨ ਬਾਰ॥੨॥੭॥) ਦਦਾ. ਦਾਤਾ ਏਕੁ ਹੈ; ਸਭ ਕਉ ਦੇਵਨਹਾਰ॥ ਦੇਂਦੇ. ਤੋਟਿ ਨ ਆਵਈ; ਅਗਨਤ ਭਰੇ ਭੰਡਾਰ॥

ਪੰਖੀ ਚਲੇ ਦਿਸਾਵਰੀ; ਬਿਰਖਾ ਸੁਫਲ ਫਲੰਤ॥੨੩੦॥ ਜਿਵੇਂ ਬ੍ਰਿੱਛ ਤੋਂ ਪੰਛੀ ਫ਼ਲ ਛਕਦਾ ਹੈ, ਉਹ ਆਪ ਤਾਂ ਤ੍ਰਿਪਤ ਹੋ ਜਾਂਦਾ ਪਰ ਉਹ ਦੂਜਿਆਂ ਨੂੰ ਤ੍ਰਿਪਤ ਨਹੀਂ ਕਰ ਸਕਦਾ। ਐਸਾ ਦਾਤਾ; ਸਤਿਗੁਰੁ ਕਹੀਐ॥ ਅਨੁਸਾਰ ਧੰਨ ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ, ਐਸੇ ਸਦਾ ਜਿਉਂਦੇ ਅਮਰ ਅਟਲ ਅਚਲ ਮੂਰਤਿ ਅਨਭਉ ਪ੍ਰਕਾਸ, ਸਰੂਪ ਮਹਾਨ ਪਰਉਪਕਾਰੀ ਸਦਾ ਜਾਗਦੇ ਜਗਮਗਾਉਂਦੇ ਬ੍ਰਿੱਛ ਹਨ, ਜਿਨ੍ਹਾਂ ਨੂੰ ਦਇਆ ਰੂਪੀ ਫ਼ਲ ਲੱਗਾ ਹੈ, ਸਤਿਗੁਰੂ ਮਹਾਰਾਜ ਸਾਹਿਬ ਜੀ ਅੱਗੇ ਹੋਰ ਬਖਸ਼ਿਸ਼ ਕਰੀ ੨ ਹੀ ਜਾਂਦੇ ਹਨ, ਇਹੀ ਦਇਆ ਰੂਪੀ ਫ਼ਲ ਹੈ। ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਨੇ ਬੇਅੰਤ ਜੀਅ ਤਾਰੇ ਹਨ। ਯਥਾ:- ਤੇਰੇ ਨਾਮ ਅਵਿਲੰਬਿ ਬਹੁਤੁ ਜਨ ਉਧਰੇ; ਨਾਮੇ ਕੀ ਨਿਜ ਮਤਿ ਏਹ॥ ਇਸ ਦਇਆ ਰੂਪੀ ਫ਼ਲ ਨੂੰ ਛਕਣ ਵਾਲੇ ਗੁਰਸੇਵਕ ਰੂਪੀ (ਪੰਖੀ)ਪੰਛੀ, ਅਮਰ ਹੋ ਕੇ, (ਦਿਸਾਵਰੀ)ਹੋਰ ਦੇਸ਼ ਨੂੰ ਚਲੇ ਜਾਂਦੇ ਹਨ, ਹੋਰਨਾਂ ਜੀਆਂ ਨੂੰ ਅਮਰ ਫ਼ਲ

Sri Satguru Jagjit Singh Ji eLibrary NamdhariElibrary@gmail.com

ਖੁਆ ਕੇ, ਅਮਰ ਕਰਨ ਲਈ। (ਬਿਰਖਾ)ਸਤਿਗੁਰੂ ਮਹਾਰਾਜ ਸਾਹਿਬ ਜੀ (ਸੁਫਲ)ਸਫ਼ਲ (ਫਲੰਤ)ਫ਼ਲਦੇ ਹਨ॥੨੩੦॥ ਸਤਿਗੁਰੂ ਮਹਾਰਾਜ ਸਾਹਿਬ ਤੋਂ ਅੰਮ੍ਰਿਤ ਫ਼ਲ ਛਕ ਕੇ, ਅਮਰ ਹੋ ਕੇ ਹੋਰਨਾਂ ਨੂੰ ਅਮਰ ਫਲ ਛਕਾ ਕੇ, ਅਮਰ ਕਰਦੇ ਹਨ, ਜਿਵੇਂ ਦੀਵੇ ਤੋਂ ਦੀਵਾ ਜਗਦਾ ਹੈ। ਯਥਾ:- ਗੁਰਸਿਖਹੁ ਗੁਰਸਿਖ ਹੈ; ਪੀਰ ਪੀਰਹੁੰ ਕੋਈ॥

ਪੰਖੀ ਚਲੇ ਦਿਸਾਵਰੀ; ਬਿਰਖਾ ਸੁਫਲ ਫਲੰਤ॥੨੩੦॥੨:- ਸਤਿਗੁਰੂ ਸਾਹਿਬ ਜੀ ਤੋਂ ਦਯਾ ਰੂਪੀ ਅੰਮ੍ਰਿਤ ਬ੍ਰਹਮਾਨੰਦ ਰਸ ਫਲ਼ ਛਕ ਕੇ, ਭਾਵ ਦਇਆ ਦਾ ਗੁਣ ਗ੍ਰਹਿਣ ਕਰਕੇ, ਅਮਰ ਹੋ ਕੇ, (ਦਿਸਾਵਰੀ)ਵਿਦੇਸ਼ੀ (ਪੰਖੀ)ਪੰਛੀ ਗੁਰਸਿੱਖ, ਨਿਰਗੁਨ ਬ੍ਰਹਮ ਜੀ'ਚ, ਚਲੇ ਭਾਵ ਲੀਣ ਹੋ ਗਏ। ਅਸੀਸ ਦਿੰਦੇ ਹਨ ਹੇ ਪਰਉਪਕਾਰੀ (ਬਿਰਖਾ)ਬ੍ਰਿੱਛ, ਸਤਿਗੁਰੂ ਮਹਾਰਾਜ ਸਾਹਿਬ ਜੀ! ਅਨੇਕ ਸ਼ੁਭ ਗੁਣਾਂ ਰੂਪੀ (ਸੁਫਲ)ਚੰਗੇ ਫਲਾਂ ਸਹਿਤ ਸਦਾ ਹੀ (ਫਲੰਤ)ਫ਼ਲਦੇ ਰਹੋ ਜੀ॥੨੩੦॥ ਜਿਵੇਂ ਕੋਈ ਭੁੱਖਾ ਤਿਹਾਇਆ ਅੰਨ ਪਦਾਰਥ ਪ੍ਰਾਪਤ ਕਰਕੇ, ਛਕਾਉਣ ਵਾਲੇ ਨੂੰ ਅਸੀਸਾਂ ਦਿੰਦਾ ਇਉਂ ਅਸੀਸਾਂ ਹੀ ਅਸੀਸਾਂ ਦਿੰਦੇ ਹਨ।

ਕਬੀਰ. ਸਾਧੂ ਸੰਗੁ ਪਰਾਪਤੀ; ਲਿਖਿਆ ਹੋਇ ਲਿਲਾਟ॥ ਮੁਕਤਿ ਪਦਾਰਥੁ ਪਾਈਐ; ਠਾਕ ਨ ਅਵਘਟ ਘਾਟ॥੨੩੧॥ ਪਰਮਪੂਜਨੀਕ ਵਾਹਿਗੁਰੂ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਨ੍ਹਾਂ (ਸਾਧੂ)ਸਤਿਗੁਰੂ ਮਹਾਰਾਜ ਜੀ ਦੇ, ਦਗ ੨ ਕਰਦੇ (ਲਿਲਾਟ)ਮਸਤਕ 'ਤੇ, ਵਾਹਿਗੁਰੂ ਜੀ ਦੀ ਪਰਾਪਤੀ ਦਾ ਲੇਖ ਲਿਖਿਆ (ਹੋਇ)ਹੋਵੇ, ਭਾਵ ਮਸਤਕ ਦੇ ਦੁਰਲੱਭ ਦਰਸ਼ਨ ਅਤੇ (ਸੰਗੁ)ਸੰਗਤ ਕਰਕੇ, ਭਾਵ ਤਨ ਮਨ ਧਨ ਕਰਕੇ ਮਿਲਾਪ ਕਰਕੇ, ਪ੍ਰੀਤਮ; ਪ੍ਰੇਮ ਭਗਤਿ ਕੇ ਦਾਤੇ॥ ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਕਿਉਂ ਜੋ ਸਤਿਗੁਰੂ ਸਾਹਿਬ ਜੀ ਦੇ ਮੱਥੇ 'ਤੇ, ਵਾਹਿਗੁਰੂ ਜੀ ਪ੍ਰਗਟ ਹੋ ਰਹੇ ਹਨ। ਯਥਾ:- ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ॥ ਨਾਨਕ ਉਧਰੇ; ਤਿਨ ਕੈ ਸਾਥੇ॥ ਗੁਰਸੇਵਕ ਜੀ, ਸਤਿਗੁਰਾਂ ਦੇ ਚਰਨ- ਕਮਲਾਂ 'ਚ ਰਹਿ ਕੇ, ਮਨ ਬਾਣੀ ਸ੍ਰੀਰ ਕਰਕੇ, ਆਗਿਆਕਾਰੀ ਅਨੁਸਾਰੀ ਗ਼ੁਲਾਮ ਬਣਕੇ, ਜੀਵਤ ਭਾਵ ਤੋਂ ਮਰ ਕੇ, ਸਤਿਗੁਰੂ ਸਾਹਿਬ ਜੀ ਦੇ, ਮਹਾਂ ਵਿਸਮਾਦ ਚੇਹਰੇ ਨੂੰ ਤੱਕਦੇ ਹਨ। ਹਰ ਵੇਲੇ ਚਾਅ ਉਤਸ਼ਾਹ ਨਾਲ ਖਿੜੇ ਮੱਥੇ ਸ਼ੁਭ ਸੱਚੀ ਸੇਵਾ ਕਰਦੇ ਹਨ, ਤੇ ਸੰਗ ਛੱਡ ਕੇ ਨਹੀਂ ਜਾਂਦੇ। ਅਮੋਲਕ ਬੋਲ ਕਥਾ ਕੀਰਤਨ ਸੁਣ ਕੇ, ਵਾਹਿਗੁਰੂ ਜੀ ਦੀ ਪ੍ਰਾਪਤੀ ਹੁੰਦੀ ਹੈ। ਯਥਾ:- ਜਨ ਨਾਨਕੁ. ਹਾਟਿ ਵਿਹਾਝਿਆ; ਹਰਿ ਗੁਲਮ ਗੁਲਾਮੀ॥) ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ; ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥) ਗੁਰ ਕੈ ਗ੍ਰਿਹਿ; ਸੇਵਕੁ ਜੋ ਰਹੈ॥ ਗੁਰ ਕੀ ਆਗਿਆ; ਮਨ ਮਹਿ ਸਹੈ॥ ਆਪਸ ਕਉ ਕਰਿ; ਕਛੁ ਨ ਜਨਾਵੈ॥ ਹਰਿ ਹਰਿ ਨਾਮੁ; ਰਿਦੈ ਸਦ ਧਿਆਵੈ॥ ਮਨੁ ਬੇਚੈ; ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ; ਕਾਰਜ ਰਾਸਿ॥ ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ ਹੋਤ; ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ; ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ; ਗੁਰ ਕੀ ਮਤਿ ਲੇਇ॥੨॥

ਮੁਕਤਿ ਪਦਾਰਥੁ ਪਾਈਐ; ਠਾਕ ਨ ਅਵਘਟ ਘਾਟ॥੨੩੧॥ ਸਤਿਗੁਰਾਂ ਦੇ ਚਰਨ- ਕਮਲਾਂ ਨਾਲ ਲੱਗਣੇ ਕਰਕੇ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵੈਰ ਰਾਗ ਦ੍ਵੈਸ਼ ਔਗੁਣ (ਅਵਘਟ)ਔਖੇ ਘਾਟ, ਵਾਹਿਗੁਰੂ ਜੀ ਦੇ ਮਿਲਣ 'ਚ, (ਠਾਕ)ਰੁਕਾਵਟ (ਨ)ਨਹੀਂ ਕਰਦੇ, ਅਥਵਾ ਜਮਪੁਰੀ ਦੇ ਸਿਰਧਾਰ ਪਹਾੜ ਔਖੇ ਘਾਟ, (ਮੁਕਤਿ)ਜੀਵਨ ਮੁਕਤੀ ਅਤੇ ਪ੍ਰੇਮ ਗ਼ੀਬੀ ਖਿਮਾ ਧੀਰਜ ਸ਼ਾਂਤੀ ਪ੍ਰੇਮਾ- ਭਗਤੀ ਨਾਮ ਸਿਮਰਨ ਬ੍ਰਹਮਗਿਆਨ ਸੰਤੋਖ ਨਿਮ੍ਰਤਾ ਸਹਿਤ ਨਿਰਗੁਨ 'ਚ ਲੀਣਤਾ ਰੂਪ ਬ੍ਰਹਮਾਨੰਦ ਪਦਾਰਥੁ (ਪਾਈਐ)ਪਾਈਦਾ ਹੈ। ਪੂਰੇ ਗੁਰੂ ਜੀ ਦੀ ਚਰਨ- ਸ਼ਰਨ ਰਹਿੰਦਿਆਂ, ਕ੍ਰੋੜਾਂ ਅਪਰਾਧ ਮਿਟ ਜਾਂਦੇ ਹਨ, ਅਨੇਕਾਂ ਬਿਘਨਾਂ ਤੋਂ ਰੱਖਦੇ ਹਨ। ਯਥਾ:- ਕੋਟਿ ਅਪ੍ਰਾਧ; ਸਾਧਸੰਗਿ ਮਿਟੈ॥ ਸੰਤ ਕ੍ਰਿਪਾ ਤੇ; ਜਮ ਤੇ ਛੁਟੈ॥) ਅਨਿਕ ਬਿਘਨ ਤੇ; ਸਾਧੂ ਰਾਖੈ॥ ਹਰਿ ਗੁਨ ਗਾਇ; ਅੰਮ੍ਰਿਤ

Sri Satguru Jagjit Singh Ji eLibrary NamdhariElibrary@gmail.com

ਰਸੁ ਚਾਖੈ॥) ਕੋਟਿ ਅਪ੍ਰਾਧੀ.ਸੰਤ ਸੰਗਿ ਉਧਰੈ; ਜਮੁ. ਤਾ ਕੈ ਨੇੜਿ ਨ ਆਵੈ॥ ਜਨਮ ਜਨਮ ਕਾ ਬਿਛੁੜਿਆ ਹੋਵੈ; ਤਿਨ੍. ਹਰਿ ਸਿਉ ਆਣਿ ਮਿਲਾਵੈ॥) ਕਬੀਰ. ਸਾਧੂ ਕੀ ਸੰਗਤਿ ਰਹਉ; ਜਉ ਕੀ ਭੂਸੀ ਖਾਉ॥ ਹੋਨਹਾਰੁ ਸੋ ਹੋਇਹੈ; ਸਾਕਤ ਸੰਗਿ. ਨ ਜਾਉ॥੨੩੧॥

ਕਬੀਰ. ਏਕ ਘੜੀ ਆਧੀ ਘਰੀ; ਆਧੀ ਹੂੰ ਤੇ ਆਧ॥ ਭਗਤਨ ਸੇਤੀ ਗੋਸਟੇ; ਜੋ ਕੀਨੇ ਸੋ ਲਾਭ॥੨੩੨॥ ਜਿਨਾਂ ਮਹਾਂਪੁਰਸ਼ਾਂ ਦੇ ਮਸਤਕ 'ਤੇ ਵਾਹਿਗੁਰੂ ਜੀ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੈ, ਮਾਤਰ ਪਿਤਰ ਤਿਆਗਿ ਕੈ; ਮਨੁ ਸੰਤਨ ਪਾਹਿ ਬੇਚਾਇਓ॥ ਅਨੁਸਾਰ ਸਭ ਸਬੰਧੀ ਤਿਆਗ ਕੇ, ਉਨ੍ਹਾਂ ਦੀ ਸਤਿਸੰਗਤ ਜੀ 'ਚ ਸਦਾ ਹੀ ਰਹੀਏ। ਯਥਾ:- ਕਬਹੂ; ਸਾਧਸੰਗਤਿ ਇਹੁ ਪਾਵੈ॥ ਉਸੁ ਅਸਥਾਨ ਤੇ; ਬਹੁਰਿ. ਨ ਆਵੈ॥ ਅੰਤਰਿ ਹੋਇ; ਗਿਆਨ ਪਰਗਾਸੁ॥ ਉਸੁ ਅਸਥਾਨ ਕਾ; ਨਹੀ ਬਿਨਾਸੁ॥ ਉਨ੍ਹਾਂ ਦੇ ਪਰਉਪਕਾਰੀ ਚਰਨ- ਕਮਲਾਂ 'ਚ ਰਹਿੰਦਿਆਂ, ਉਨ੍ਹਾਂ ਦੀ ਸ਼ੁਭ ਸੱਚੀ ਸੇਵਾ ਕਰਦਿਆਂ, ਉਨ੍ਹਾਂ ਨੂੰ ਤਨ ਮਨ ਧਨ ਜ਼ਿੰਦ ਅਰਪਦਿਆਂ, ਉਨ੍ਹਾਂ ਦੇ ਆਗਿਆਕਾਰੀ ਅਨੁਸਾਰੀ ਹੋ ਕੇ, ਮੁੱਲ ਖ਼ਰੀਦੀ ਲਾਲੇ ਗੋਲੇ ਬਣ ਕੇ, ਉਨ੍ਹਾਂ ਦੀ ਸੇਵਾ ਕਰੀਏ, ਪੱਖਾ ਕਰੀਏ, ਚੱਕੀ ਪੀਸੀਏ, ਚਰਨ ਚਾਪੀ ਕਰੀਏ, ਚਰਨ ਧੋਈਏ ਬਲ ੨ ਜਾਈਏ, ਅਨੇਕ ਤਰ੍ਹਾਂ ਅਹਿਸਾਨ ਮੰਨੀਏ। ਯਥਾ:- ਸੇਵਾ ਕਰਉ. ਦਾਸ ਦਾਸਨ ਕੀ; ਅਨਿਕ ਭਾਂਤਿ. ਤਿਸੁ ਕਰਉ ਨਿਹੋਰਾ॥ ਸਦਾ ਦਰਸ਼ਨ ਕਰਕੇ ਨਿਹਾਲ ਹਰੇ ਹੋਈਏ। ਯਥਾ:- ਮੇਰਾ ਮਨੁ; ਸਾਧ ਜਨਾਂ ਮਿਲਿ ਹਰਿਆ॥ ਪਰਮਪੂਜਨੀਕ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਕਹਿੰਦੇ ਹਨ:- { ਮਹਾਂਪੁਰਸ਼ ਸਤਿਗੁਰੂ ਮਹਾਰਾਜ ਸਾਹਿਬ ਜੀ, ਆਪਣੀ ਮੌਜ ਅਨੁਸਾਰ ਅਜਪਾ ਜਾਪ 'ਚ ਲੀਣ ਇਕਾਗ੍ਰਤਾ ਵਿਸਮਾਦਤਾਈ 'ਚ ਲੀਣ ਰਹਿੰਦੇ ਹਨ, ਆਪਣੇ ਅਨੰਦ 'ਚ ਐਸੇ ਮਗਨ ਹਨ, ਜਦੋਂ ਉਨ੍ਹਾਂ ਦੀ ਮੌਜ ਹੈ, ਉਦੋਂ ਹੀ ਬਚਨ ਕਰਦੇ ਹਨ। ਯਥਾ:- ਓਇ. ਵੇਪਰਵਾਹ ਨ ਬੋਲਨੀ; ਹਉ ਮਲਿ ਮਲਿ ਧੋਵਾ. ਤਿਨ ਪਾਇ॥) ਅਨਹਤ ਬਾਣੀ ਥਾਨੁ ਨਿਰਾਲਾ॥) ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥) ਆਵਨੁ ਜਾਨੁ; ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ; ਪੂਜਹੁ ਸਦ ਪੈਰਾ॥} ਜਾਨ ਤੋੜ ਕੇ ਸੇਵਾ ਕਰਨ ਤੋਂ ਜਦੋਂ ਮਹਾਂਪੁਰਸ਼ ਖੁਸ਼ ਹੋਣ, ਸੱਠ ਪਲ ਦੀ (ਏਕ)ਇੱਕ ਘੜੀ (ਹੂੰ)ਤੋਂ ਆਧੀ (ਘਰੀ)ਘੜੀ ਤੀਹ ਪਲ, (ਆਧੀ)ਅੱਧੀ ਘੜੀ ਤੀਹ ਪਲ (ਤੇ)ਤੋਂ ਭੀ (ਆਧ)ਅੱਧੀ ਘੜੀ ੧੫ ਪਲ ਭਾਵ ਥੋੜੇ ਤੋਂ ਥੋੜਾ ਸਮਾਂ। (ਭਗਤਨ)ਭਗਤਾਂ ਮਹਾਂਪੁਰਸ਼ਾਂ (ਸੇਤੀ)ਨਾਲ (ਗੋਸਟੇ)ਹੇਤ ਚਰਚਾ, ਜੋ (ਕੀਨੇ)ਕੀਤੀ ਜਾਵੇ, ਸੋ ਮਹਾਂ ਵਿਸਮਾਦ ਲਾਭ ਹੀ ਲਾਭ ਹੈ॥੨੩੨॥ ਯਥਾ:- ਸੰਤੁ ਮਿਲੈ; ਕਿਛੁ ਸੁਨੀਐ ਕਹੀਐ॥ ਮਿਲੈ ਅਸੰਤੁ; ਮਸਟਿ ਕਰਿ ਰਹੀਐ॥ ਬਾਬਾ ਬੋਲਨਾ; ਕਿਆ ਕਹੀਐ॥ ਜੈਸੇ; ਰਾਮ ਨਾਮ ਰਵਿ ਰਹੀਐ॥੧॥ ਰਹਾਉ॥ ਸੰਤਨ ਸਿਉ ਬੋਲੇ; ਉਪਕਾਰੀ॥ ਮੂਰਖ ਸਿਉ ਬੋਲੇ; ਝਖ ਮਾਰੀ॥੨॥ ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਗੁਰਤਾ ਗੱਦੀ ਬਿਰਾਜਮਾਨ ਹਨ, ਗੁਰੂ ਸਾਹਿਬ ਜੀ ਦੁਆਰਾ ਜਾਂ ਗੁਟਕੇ ਪੋਥੀ ਸਾਹਿਬਾਨ ਜੀ ਦੁਆਰਾ ਗੁਰਬਾਣੀ ਪੜ੍ਹਨੀ ਸੁਣਨੀ, ਕਥਾ ਕੀਰਤਨ ਕਰਨਾ ਸੁਨਣਾ, ਮਿਲਤ 'ਚ ਜਾਂ ਇਕੱਲਿਆਂ ਬਾਣੀ ਪੜ੍ਹਨੀ ਸੁਨਣੀ, ਇਹ ਦਸਾਂ ਪਾਤਿਸ਼ਾਹਾਂ ਤੇ ਭਗਤਾਂ ਜੀ ਨਾਲ ਗੋਸਟ ਹੈ। ਜਦੋਂ ਪ੍ਰੇਮੀ ਗੁਰਬਾਣੀ ਜੀ ਪੜ੍ਹਦਾ ਹੈ, ਤਾਂ ਉਹ ਆਪਣੇ ਕੰਨਾਂ ਦੁਆਰਾ ਸੁਣਦਾ ਭੀ ਹੈ, ਮਾਨੋ ਮਹਾਰਾਜ ਸਾਹਿਬ ਜੀ ਆਪ ਹੀ ਬੋਲ ਰਹੇ ਹਨ, ਪੇਖੈ ਬੋਲੈ; ਸੁਣੈ ਸਭੁ ਆਪਿ॥ ਆਪ ਹੀ ਸੁਣ ਰਹੇ ਹਨ, ਤਾਂ ਗੁਰਬਾਣੀ ਜੋ ਸਤਿਗੁਰਾਂ ਭਗਤਾਂ ਮਹਾਂਪੁਰਸ਼ਾਂ ਜੀ ਦਾ ਉਪਦੇਸ਼ ਹੈ। ਅਸੀਂ ਜਦੋਂ ਗੁਰਬਾਣੀ ਜੀ ਪੜ੍ਹਦੇ ਸੁਣਦੇ ਹਾਂ, ਉਸ ਵੇਲੇ ਦਸਾਂ ਪਾਤਿਸ਼ਾਹਾਂ ਤੇ ਭਗਤਾਂ ਨਾਲ ਗੋਸਟ ਕਰਦੇ ਹਾਂ। ਗੁਰਤਾ ਬਿਰਾਜਮਾਨ ਸਤਿਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਆਪਣੇ ਪ੍ਰੇਮੀ ਜੀ ਦੇ ਦਿਮਾਗ਼ 'ਚ ਅਥਾਹ ਗੁਰਬਾਣੀ ਅੰਮ੍ਰਿਤ ਦੀ ਵਰਖਾ ਕਰਕੇ ਉਸ ਨੂੰ ਅੰਦਰ ਬਾਹਰ ਨਿਰੰਕਾਰ ਜੀ ਦੇ ਦਰਸ਼ਨ ਰੋਮ ੨ 'ਚ ਬਖ਼ਸ਼ ਕੇ, ਅਮੋਲਕ

Sri Satguru Jagjit Singh Ji eLibrary NamdhariElibrary@gmail.com

ਦਾਤ ਬਖ਼ਸ਼ਦਿਆਂ, ਭਗਤਾਂ ਮਹਾਂਪੁਰਸ਼ਾਂ ਦੀ ਦਸਾਂ ਪਾਤਿਸ਼ਾਹਾਂ ਜੀ ਦੀ ਸਾਖਿਆਤਤਾ ਕਰਾਉਂਦੇ ਹਨ। ਇਹ ਭੀ ਗੁਰਮੁਖਾਂ ਦੀ ਬਹੁਤ ਉੱਚੀ ਅਵਸਥਾ ਹੈ, ਕਿ ਉਨ੍ਹਾਂ ਨੂੰ ਪੰਜ ਪਿਆਰੇ ਮਹਾਰਾਜ ਦੇ ਅਨਿੰਨ ਸੇਵਕ ਸੰਤ ਭਗਤ ਸ਼ਹੀਦ ਮਹਾਂਪੁਰਸ਼ ਦਰਸ਼ਨ ਦਿੰਦੇ ਹਨ। ਦਰਸ਼ਨ ਦੇਣ ਤੋਂ ਉਨ੍ਹਾਂ ਨਾਲ ਜੋ ਗੋਸਟ ਕਰਨੀ ਇਹ ਭੀ ਬੜੀ ਅਮੋਲਕ ਗੋਸਟ ਹੈ। ਇਸ 'ਤੇ ਸਾਖੀ:- ਗੁਰਮੁਖਿ ਪਿਆਰੇ ਮਹਾਂਪੁਰਸ਼ ਧੰਨ ਭਾਈ ਪਿਰਾਣਾ ਜੀ- {ਮਹਾਰਾਜ ਸਾਹਿਬ ਮਹੱਲੇ ਪੰਜਵੇਂ ਜੀ ਦੇ ਅਨਿੰਨ ਭਗਤ ਨਿਸ਼ਕਪਟ ਨਿਸ਼ਕਾਮੀ ਪ੍ਰੇਮੀ ਸੇਵਕ ਸਨ, ਸਤਿਗੁਰੂ ਮਹਾਰਾਜ ਦੇ ਸ਼ਹੀਦੀ ਦੇਣ ਸਮੇਂ, ਬਾਬਾ ਬਿਧੀਚੰਦ ਜੀ ਭਾਈ ਪਿਰਾਣਾ ਜੀ ਭਾਈ ਜੇਠਾ ਜੀ ਭਾਈ ਲੰਢਾਹਾ ਜੀ ਭਾਈ ਪੈੜਾ ਜੀ ਨਾਲ ਗਏ ਸਨ। ਸਤਿਗੁਰੂ ਮਹਾਰਾਜ ਸਾਹਿਬ ਜੀ ਇਨ੍ਹਾਂ ਪੰਜਾਂ ਪਿਆਰਿਆਂ ਨੂੰ ਬਹੁਤ ਵੱਡਾ ਆਦਰ ਸਤਿਕਾਰ ਦਿੰਦੇ ਸਨ। ਇਨ੍ਹਾਂ ਨੂੰ ਗੁਰੂ ਸਾਹਿਬ ਜੀ 'ਤੇ ਬਹੁਤ ਵੱਡਾ ਭਰੋਸਾ ਸੀ, ਇਹ ਪਿਆਰੇ ਗੁਰੂ ਸਾਹਿਬ ਜੀ ਤੋਂ ਜ਼ਿੰਦ ਜਾਨ ਕੁਰਬਾਨ ਕਰਦੇ ਸਨ, ਭਾਵੇਂ ਇਨ੍ਹਾਂ ਦਾ ਆਸ਼ਾ ਗੁਰੂ ਸਾਹਿਬ ਜੀ ਤੋਂ ਕੁਰਬਾਨ ਹੋਣ ਦਾ ਸੀ, ਪਰ ਗੁਰੂ ਸਾਹਿਬ ਜੀ ਨੇ, ਜੋ ਜ਼ੁਲਮ ਦੇ ਨਾਸ ਵਾਸਤੇ ਪ੍ਰੋਗ੍ਰਾਮ ਉਲੀਕਿਆ ਸੀ, ਪਹਿਲਾਂ ਜ਼ੁਲਮ ਨੂੰ ਨਾਸ਼ ਕਰਨ ਲਈ, ਸ਼ਾਂਤ ਰਸ 'ਚ ਰਹਿ ਕੇ ਅਪਨੀ ਸ਼ਹੀਦੀ ਦੇਣੀ, ਸਬਰ ਦਾ ਪਿਆਲਾ ਉੱਛਲ ਕੇ, ਬੀਰ- ਰਸ ਧਾਰਦਾ ਹੈ। ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਨੂੰ ਹੁਕਮ ਸੀ, ਅਕਾਲ ਤਖ਼ਤ ਰਚਣਾ, ਫ਼ੌਜਾਂ ਰਚਣੀਆਂ, ਜ਼ੁਲਮ ਦਾ ਨਾਸ਼ ਕਰਨਾ। ਮੂਰਖ ਗੰਢੁ ਪਵੈ; ਮੁਹਿ ਮਾਰ॥ ਇਸ ਲਈ ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਆਗਮਨ ਸਮਾਂ ਵਿਚਾਰ ਕੇ, ਇਨ੍ਹਾਂ ਗੁਰਮੁਖਾਂ ਦੀਆਂ ਡਿਊਟੀਆਂ ਲਾਈਆਂ, "ਤੁਸੀਂ ਸਤਿਗੁਰੂ ਮਹਾਰਾਜ ਸਾਹਿਬ ਮਹੱਲੇ ਛੇਵੇਂ ਜੀ ਦੇ ਚਰਨ- ਕਮਲਾਂ 'ਚ, ਸਦਾ ਹੀ ਰਹਿਣਾ, ਚਾਅ ਨਾਲ ਸ਼ੁਭ ਸੱਚੀ ਸੇਵਾ ਕਰਨੀ। ਇਸ ਲਈ ਭਾਈ ਪਿਰਾਣਾ ਜੀ, ਸਤਿਗੁਰੂ ਛੇਵੇਂ ਪਾਤਿਸ਼ਾਹ ਜੀ ਦੇ ਸਮੇਂ ਬਾਹਰ ਲੱਕੜਾਂ ਲੈਣ ਜਾਂਦੇ। ਵੇਖੋ! ਕੈਸੀ ਸਖ਼ਤ ਮਿਹਨਤ ਸੀ, ਭਾਵੇਂ ਬ੍ਰਹਮਗਿਆਨੀ ਮਹਾਂਪੁਰਸ਼ ਹਨ, ਗੁਰੂ ਕੇ ਲੰਗਰ ਦੀਆਂ ਲੱਕੜਾਂ ਢੋਣ 'ਚ ਬਹੁਤ ਵੱਡਾ ਫਖ਼ਰ ਤੇ ਮਾਣ ਸਮਝਦੇ ਹਨ। ਲੱਕੜਾਂ ਦਾ ਭਾਰ ਲਿਆਉਂਦੇ, ਜਿਨਾ ਸਮਾਂ ਚਿੱਤ ਕਰਦਾ, ਬਾਹਰ ਇਕਾਂਤ 'ਚ ਬੈਠ ਕੇ ਸਿਮਰਨ ਕਰਦੇ, ਜਿਨ੍ਹਾਂ ਨੇਤ੍ਰਾਂ ਨਾਲ ਆਪਣੇ ਪ੍ਰੀਤਮ ਜੀ ਨੂੰ ਉਬਲਦੀ ਦੇਗ਼ 'ਚ ਬੈਠਿਆਂ ਦੇਖਿਆ, ਤੱਤੇ ਰੇਤੇ ਤੇ ਬੈਠਿਆਂ ਦੇਖਿਆ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਿਆਂ ਦੇਖਿਆ, ਉਹ ਦ੍ਰਿਸ਼ ਜਦੋਂ ਸਾਹਮਣੇ ਆ ਜਾਂਦੇ, ਆਪ ਜੀ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ, ਗਲ਼ਾ ਰਸ ਨਾਲ ਭਰ ਜਾਂਦਾ, ਨੇਤ੍ਰਾਂ 'ਚੋਂ ਜਲ ਵਹਿ ਤੁਰਦਾ, ਬਹੁਤ ਹੀ ਵੈਰਾਗ ਕਰਦੇ। ਯਥਾ:- ਮੈ ਰੋਵੰਦੀ. ਸਭੁ ਜਗੁ ਰੁਨਾ; ਰੁੰਨੜੇ ਵਣਹੁ ਪੰਖੇਰੂ॥) ਹਉ. ਰਹਿ ਨ ਸਕਾ, ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ ਚਲੈ ਜੀਉ॥} ਇੱਕ ਸ਼ਾਹੂਕਾਰ, ਭਾਈ ਪਿਰਾਣੇ ਜੀ ਦੇ ਕੋਲੇ ਆ ਕੇ ਬੈਠ ਗਿਆ, ਪੁੱਛਿਆ, "ਭਾਈ! ਕੀ ਕਾਰਨ ਹੈ"? ਕਹਿੰਦਾ, "ਜੀ ਮੈਨੂੰ ਸਖ਼ਤ ਬੁਖ਼ਾਰ ਹੈ" ਭਾਈ ਪਿਰਾਣੇ ਜੀ ਨੇ, ਉਸ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਸੁਣਾਇਆ, ਜਲ ਛਕਾਇਆ ਫ਼ੇਰ ਉਸ ਨੂੰ ਅੱਖੀਂ ਦੇਖੀ, ਸਤਿਗੁਰੂ ਸਾਹਿਬ ਪੰਜਵੇਂ ਪਾਤਿਸ਼ਾਹ ਜੀ ਮਹਾਰਾਜ ਦੀ ਸ਼ਹੀਦੀ ਦੀ ਘਣੀ ਵੈਰਾਗਮਈ ਸਾਖੀ ਸੁਣਾਈ। ਉਸ ਦੇ ਬੀਮਾਰ ਸ਼ਰੀਰ 'ਚ ਜਾਨ ਪੈ ਗਈ, ਉਸ ਨੇ ਮਹਾਰਾਜ ਸਾਹਿਬ ਜੀ ਦੀ ਕੁਰਬਾਨੀ ਸੁਣ ਕੇ ਬੜਾ ਹੀ ਵੈਰਾਗ ਕੀਤਾ। ਭਾਈ ਪਿਰਾਣਾ ਜੀ ਨੇ ਉਸ ਨੂੰ ਪੁੱਛਿਆ, "ਕੀ ਤੁਸੀਂ ਹੁਣ ਤੁਰ ਸਕਦੇ ਹੋਂ"? ਕਹਿੰਦਾ, "ਜੀ ਮੈਂ ਬਿਸਤ੍ਰਾ ਚੁੱਕ ਕੇ ਨਹੀਂ ਤੁਰ ਸਕਦਾ" ਜਨਮ ਮਰਣ. ਦੁਹਹੁ ਮਹਿ ਨਾਹੀ; ਜਨ ਪਰਉਪਕਾਰੀ ਆਏ॥ ਅਨੁਸਾਰ ਮਹਾਨ ਪਰਉਕਾਰੀ, ਭਾਈ ਸਾਹਿਬ ਜੀ ਨੇ ਬਿਸਤ੍ਰਾ ਚੁੱਕਿਆ, ਭਾਈ ਸਾਹਿਬ ਜੀ ਨੇ ਸ੍ਰੀ ਸੁਖਮਨੀ ਸਾਹਿਬ ਜੀ ਦਾ ਅੰਮ੍ਰਿਤ ਪਾਠ ਅਰੰਭ ਕਰ ਦਿਤਾ, ਪਾਠ ਸੁਣਦੇ ਜਾ ਰਹੇ ਹਨ। ਜਦੋਂ ਉਸ ਦੇ ਘਰੇ ਚਲੇ ਗਏ, ਉਸ ਕਿਹਾ, "ਜੀ ਸੇਵਾ ਦੱਸੋ? ਭਾਈ ਸਾਹਿਬ ਜੀ ਕਿਹਾ, "ਇਸ ਸੇਵਾ ਦਾ ਇਵਜ਼ ਕੁੱਝ ਨਹੀਂ"। ਦਿਬਦ੍ਰਿਸ਼ਟ ਨਾਲ ਦੇਖਿਆ, ਇਨ੍ਹਾਂ ਦੀ ਉਮਰ ਕੇਵਲ ਅੱਠ ਦਿਨ ਬਾਕੀ

Sri Satguru Jagjit Singh Ji eLibrary NamdhariElibrary@gmail.com

ਹੈ। ਤਾਂ ਕਿਹਾ, “ਭਾਈ ਦਾਸਨ ਦਾਸ ਦੀ ਉਮਰ ਕੇਵਲ ਤਿੰਨ ਦਿਨ ਬਾਕੀ ਹੈ, ਤੁਸੀਂ ਅੱਠ ਦਿਨ ਬਾਅਦ ਚੜ੍ਹਾਈ ਕਰ ਜਾਣੀ ਹੈ। ਯਥਾ:- ਮਨ ਮਹਿ; ਸਤਿਗੁਰ ਧਿਆਨੁ ਧਰਾ॥ ਅਨੁਸਾਰ ਸਤਿਗੁਰੂ ਮਹਾਰਾਜ ਸਾਹਿਬ ਜੀ ਦੀ ਸ਼ਹੀਦੀ ਦਾ ਧਿਆਨ ਧਾਰ ਕੇ ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ, ਹੁਣ ਉੱਬਲਦੀ ਦੇਗ਼ ਅੰਦਰ ਬੈਠ ਰਹੇ ਹਨ, ਹੁਣ ਤੱਤੇ ਤੱਤੇ ਰੇਤੇ ਤੇ ਬੈਠ ਕੇ ਤੱਤਾ ਰੇਤਾ ਆਪਣੇ ਪਰਮਪਵਿੱਤ੍ਰ ਸੀਸ ’ਤੇ ਪੁਆ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ ’ਤੇ ਖੜ੍ ਰਹੇ ਹਨ। ਅੱਠ ਦਿਨ ਰੱਜ ਕੇ, ਗੁਰੂ ਸਾਹਿਬ ਜੀ ਦੀ ਸ਼ਹੀਦੀ ਜਪਣੀ, ਵਾਹਿਗੁਰੂ ੨ ਜਪਣਾ। ਆਪ ਜੀ ਨੂੰ ਅੱਗੇ ਕਸ਼ਟ ਨਹੀਂ ਹੋਣਗੇ ਭਲਾ ਹੋ ਜਾਵੇਗਾ। ਆਪ ਨੂੰ ਪੁੱਛਿਆ ਜਾਵੇਗਾ, ਕਿ ਤੁਸੀਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਦਾ ਜਾਪ ਜਪਿਆ ਹੈ। ਯਥਾ:- ਨਿਵਰੇ ਦੂਤ ਦੁਸਟ ਬੈਰਾਈ; ਗੁਰ ਪੂਰੇ ਕਾ ਜਪਿਆ ਜਾਪੁ॥ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਸੁਣਿਆਂ ਨਾਲ ਪੰਜਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਦੀ ਸਾਖੀ ਸੁਣੀ, ਇਸ ਲਈ ਤੁਹਾਨੂੰ ਕੁੱਝ ਸਮਾਂ ਸਤਿਸੰਗਤ ਦਾ ਮਿਲੇਗਾ, ਜਾਂ ਤੁਸੀਂ ਇਸ ਵੱਟੇ ਸੁਰਗ ਚਾਹੁੰਦੇ ਹੋਂ, ਤੁਸੀਂ ਕਹਿਣਾ. “ਜੀ! ਸਾਨੂੰ ਸਤਿਸੰਗਤ ਦਾ ਸਮਾਂ ਦਿਉ”। ਮਰਨ ਮਗਰੋਂ ਇਨ੍ਹਾਂ ਸਤਿਸੰਗਤ ਹੀ ਮੰਗੀ, ਇਨ੍ਹਾਂ ਨੂੰ ਸਤਿਸੰਗਤ ਜੀ ’ਚ ਲੈ ਗਏ। ਯਥਾ:- ਸੂਖ ਮਹਲ; ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ; ਭਗਤ ਪਿਆਰੇ॥ ਸਹਜ ਕਥਾ; ਪ੍ਰਭ ਕੀ ਅਤਿ ਮੀਠੀ॥ ਵਿਰਲੈ ਕਾਹੂ; ਨੇਤ੍ਰਹੁ ਡੀਠੀ॥੧॥ ਭਗਤਾਂ ਦੇ ਦੇਸ਼ ’ਚ, ਲੈ ਗਏ। ਯਥਾ:- ਨਿਰੰਕਾਰ ਕੈ ਦੇਸਿ ਜਾਹਿ; ਤਾ ਸੁਖਿ ਲਹਹਿ ਮਹਲੁ॥ ਬਈ ਤੇਰਾ ਸਮਾਂ ਥੋੜਾ ਛੇਤੀ ਮੁੜ ਆਈ। ਜਮਦੂਤ ਸਤਿਸੰਗਤ ਜੀ ’ਚ ਜਾ ਨਹੀਂ ਸਕਦੇ ਸਨ। ਕਿਉਂਕਿ, ਸਲੋਕੁ॥ ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ॥ ਣਾ ਹਉ ਣਾ ਤੂੰ, ਣਹ ਛੁਟਹਿ; ਨਿਕਟਿ ਨ ਜਾਈਅਹੁ ਦੂਤ॥੧॥ ਉਹ ਸ਼ਾਹੂਕਾਰ ਸਤਿਸੰਗਤ ’ਚ ਚਲਿਆ ਗਿਆ। ਪਰ ਇਸ ਨੂੰ ਮਹਾਰਾਜ ਪੰਜਵੇਂ ਪਾਤਿਸ਼ਾਹ ਜੀ ਦਾ ਨਾਮ ਜਪਾ ਕੇ ਬਾਬੇ ਪਿਰਾਣੇ ਜੀ ਨੇ ਸਮਝ ਸੋਝੀ ਬਖ਼ਸ਼ੀ ਸੀ, ਹੁਣ ਉੱਥੇ ਜਾ ਕੇ ਮੁੜਨ ਨੂੰ ਕਿਸ ਦਾ ਚਿੱਤ ਕਰਦਾ ਹੈ, ਭਾਈ ਪਿਰਾਣੇ ਜੀ ਨੂੰ ਜਾ ਕੇ ਸ਼ਾਹੂਕਾਰ ਨੇ ਨਮਸਕਾਰ ਕੀਤੀ, ’ਤੇ ਉਨ੍ਹਾਂ ਨੇ ਕਿਹਾ ਹੁਣ ਧੀਰਜ ਕਰੋ। ਯਥਾ:- ਧੀਰਜ ਮਨਿ ਭਏ ਹਾਂ॥ ਹੁਣ ਤੁਸੀਂ ਜਾਣਾ ਨਹੀਂ, ਕਹਿੰਦਾ ਜੀ ਮੈਨੂੰ ਲੈਣ ਆ ਜਾਣਗੇ, ਕਹਿੰਦੇ ਨਹੀਂ ਇੱਥੇ ਨਹੀਂ ਆ ਸਕਦੇ, ਬੱਸ ਪੰਜਵੇਂ ਪਾਤਿਸ਼ਾਹ ਜੀ ਦੀ ਸ਼ਹੀਦੀ ਜਪੀ ਜਾਉ ਤੇ ਮੌਜ਼ ਲਉ। ਯਥਾ:- ਆਵਣ ਜਾਣ ਰਹੇ; ਮਿਲੇ ਸਾਧਾ॥ ਸੋ ਐਸਾ ਹੀ ਹੋਇਆ, ਐਸੇ ਮਹਾਂਪੁਰਸ਼ ਹਨ ਜਿਹੜੇ ਦੁਨੀਆਂ ਨੂੰ ਤਾਰਦੇ ਹਨ। ਕਿਉਂਕਿ ਜੀਵ ਸੰਸਾਰ ਘੁੰਮਣ ਘੇਰੀ ’ਚ ਪਿਆ ਹੈ। ਅਗਨਿ ਸਾਗਰ; ਬੂਡਤ ਸੰਸਾਰਾ॥ ਨਾਨਕ. ਬਾਹ ਪਕਰਿ; ਸਤਿਗੁਰਿ ਨਿਸਤਾਰਾ॥ ਸਤਿਗੁਰੂ ਸਾਹਿਬ ਜੀ ਇਸ ਨੂੰ ਬਾਹੋਂ ਫੜ ਕੇ ਕੱਢਦੇ ਹਨ। ਧੰਨ ਵਾਹਿਗੁਰੂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ ਧੰਨ ਭਾਈ ਪਿਰਾਣਾ ਜੀ।

ਕਬੀਰ. ਭਾਂਗ ਮਾਛੁਲੀ ਸੁਰਾ ਪਾਨਿ; ਜੋ ਜੋ ਪ੍ਰਾਨੀ ਖਾਂਹਿ॥ ਤੀਰਥ ਬਰਤ ਨੇਮ ਕੀਏ; ਤੇ ਸਭੈ ਰਸਾਤਲਿ ਜਾਂਹਿ॥੨੩੩॥ {ਜੇ ਕਾਸਾਈ ਉਧਰਿਆ; ਜੀਆ ਘਾਇ ਨ ਖਾਈਐ ਭੰਗਾ॥ ਗੁਰਮੁਖਿ ਭਾਈ ਗੁਰਦਾਸ ਸਾਹਿਬ ਜੀ (ਭੰਗਾ)ਮਾਸ ਨੂੰ ਕਹਿੰਦੇ ਹਨ। ਮਾਸੁ ਖਾਨਿ ਗਲ ਵਢਿ ਕੈ ਹਾਲੁ ਤਿਨਾੜਾ ਕਉਣੁ ਹੋਵਸੀ॥} ਪਰਮ ਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਰਾਮ ਪਿਆਰੇ ਸਤਿਸੰਗੀਓ! (ਜੋ)ਜਿਹੜੇ (ਜੋ)ਜਿਹੜੇ ਪ੍ਰਾਨੀ, (ਭਾਂਗ)ਭੰਗ ਸੁੱਖਾ, ਮਾਸ, ਤੰਬਾਕੂ ਦੇ ਸੁੱਕੇ ਪੱਤੇ, ਮਾਛੁਲੀ (ਖਾਂਹਿ)ਖਾਂਦੇ ਚੱਬਦੇ ਹਨ, (ਸੁਰਾ)ਸ਼ਰਾਬ ਪੀਂਦੇ, ਪਾਨਿ ਖਾਂਦੇ ਹਨ। (ਤੀਰਥ)ਤੀਰਥਾਂ ’ਤੇ ਇਸਨਾਨ ਪੁੰਨ ਦਾਨ ਕੀਤੇ ਹੋਣ, ੨੪ ਇਕਾਦਸੀਆਂ,ਰਾਮ ਨੌਮੀ ਕ੍ਰਿਸ਼ਨ ਅਸਟਮੀ ਗਨੇਸ਼

Sri Satguru Jagjit Singh Ji eLibrary NamdhariElibrary@gmail.com

ਚੌਦੇਂ ਬਾਵਨ ਦੁਆਦਸੀ ਆਦਿ ਅਨੇਕਾਂ ਹੀ ਬਰਤ ਰੱਖੇ ਹੋਣ, (ਨੇਮ)ਯਮ ਨੇਮ ਆਸਣ ਧਾਰਨਾ ਧਿਆਨ ਸਮਾਧ ਆਦਿਕ ਜੋਗ ਦੇ ਅੱਠ ਅੰਗ (ਕੀਏ)ਕੀਤੇ ਹੋਏ, ਮੇਰਾ ਨੇਮ ਹੈ ਕਿ ਮੈਂ ਹਰ ਸਾਲ ਗੰਗਾ ਜੀ 'ਤੇ ਆ ਕੇ ਇਸਨਾਨ ਕਰਾਂਗਾ, ਮੈਂ ਜੁੱਤੀ ਨਹੀਂ ਪਾਉਣੀ, ਮੈਂ ਲਸਣ ਗੰਢਾ ਨਹੀਂ ਖਾਣਾ, ਇਸ ਤਰ੍ਹਾਂ ਦਾ ਕੋਈ ਭੀ ਨੇਮ (ਕੀਏ)ਕੀਤੇ ਹੋਣ, (ਤੇ)ਉਹ (ਸਭੈ)ਸਾਰੇ, ਅਤਲ ਵਿਤਲ ਸੁਤਲ ਮਹਾਤਲ ਤਲਾਤਲ ਰਸਾਤਲਿ ਨਰਕ 'ਚ (ਜਾਂਹਿ)ਜਾਂਦੇ ਹਨ। ਯਥਾ:- ਵਰਤੁ ਨੇਮੁ;ਨਿਤਾਪ੍ਰਤਿ ਪੂਜਾ॥ ਬਿਨੁ ਬੂਝੇ; ਸਭੁ ਭਾਉ ਹੈ ਦੂਜਾ॥) ਅਖਾਧਿ ਖਾਹਿ; ਹਰਕਾਇਆ॥) ਪਾਨ ਸੁਪਾਰੀ ਖਾਤੀਆ; ਮੁਖਿ ਬੀੜੀਆ ਲਾਈਆ॥ ਹਰਿ ਹਰਿ. ਕਦੇ ਨ ਚੇਤਿਓ; ਜਮਿ ਪਕੜਿ ਚਲਾਈਆ॥)

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਜ਼ਾਲਮ ਬਾਬਰ ਨੇ ਜਦੋਂ ਏਮਨਾਬਾਦ ਸ਼ਹਿਰ 'ਤੇ ਹਮਲਾ ਕੀਤਾ, ਇਸ ਨੇ ਸਤਿਗੁਰੂ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਅੱਗੇ, ਭੰਗ ਦੀਆਂ ਸੱਤ ਮੁਠਾਂ ਰੱਖ ਕੇ ਕਿਹਾ, "ਪੀਰ ਜੀ! ਭੰਗ ਛਕੋ" ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਅਕਾਲ ਪੁਰਖ ਸਰੂਪ ਹਨ, ਕਿਹਾ, "ਭਉ ਤੇਰਾ ਭਾਂਗ; ਖਲੜੀ ਮੇਰਾ ਚੀਤੁ॥ ਮੈ ਦੇਵਾਨਾ; ਭਇਆ ਅਤੀਤੁ॥ "ਹੇ ਵਾਹਿਗੁਰੂ ਜੀ! ਆਪ ਜੀ ਦਾ (ਭਉ)ਡਰ, ਦਾਸਨ ਦਾਸ ਨੇ ਧਾਰਿਆ ਹੈ, ਇਹ ਹੀ ਮੇਰੀ ਭੰਗ ਹੈ, ਚਿੱਤ ਰੂਪੀ ਖੱਲੜੀ 'ਚ ਰੱਖੀ ਹੋਈ ਹੈ। ਮੈ ਦੇਵਾਨਾ; ਭਇਆ ਅਤੀਤੁ॥ ਦਾਸਨ ਦਾਸ ਸੰਸਾਰ ਤੋਂ (ਦੇਵਾਨਾ)ਮਸਤਾਨਾ (ਅਤੀਤੁ)ਅਸੰਗ ਨਿਰਲੇਪ ਹੋ ਗਿਆ ਹੈ। ਹੇ ਬਾਬਰ ਜਾਬਰ! ਭੰਗ ਪੀਣ ਵਾਲੇ ਕਾਮਲ ਫ਼ਕੀਰ ਨਹੀਂ ਹੁੰਦੇ। ਕਈ ਅਪਰਾਧੀ ਆਪਣਾ ਦੂਸ਼ਣ ਲੁਕਾਣ ਲਈ ਹੇਠ ਲਿਖੀਆਂ ਪੰਗਤੀਆਂ ਪੜ੍ਹਕੇ ਆਖਦੇ ਹਨ ਕਿ ਦਸਮੇਸ਼ ਪਿਤਾ ਜੀ ਨੇ ਪ੍ਰਭੂ ਪਾਸੋਂ ਭੰਗ ਦਾ ਪਿਆਲਾ ਮੰਗਿਆ ਹੈ ਅਤੇ ਮਹਾਰਾਜ ਸਾਹਿਬ ਜੀ ਭੰਗ ਅਤੇ ਅਫ਼ੀਮ ਆਦਿ ਨਸ਼ੇ ਵਰਤਦੇ ਸਨ। ਪਰ ਇਹ ਗੱਲ ਬਿਲਕੁਲ ਗੁਰਮਤਿ ਤੋਂ ਵਿਰੁਧ ਹੈ। ਜਿਸ ਤਰ੍ਹਾਂ ਗਿਆਨੀ ਗਿਆਨ ਸਿੰਘ ਜੀ ਆਪ ਅਫ਼ੀਮ ਖਾਂਦੇ ਸਨ। ਭੈੜੀ ਨਿਕੰਮੀ ਨਿਕਾਰੀ ਕੰਗਾਲ ਕਰਨ ਵਾਲੀ ਅਫ਼ੀਮ ਦੀ ਲੋਰ 'ਚ ਆ ਕੇ, ਉਸ ਨੇ ਦਸਮੇਸ਼ ਪਿਤਾ ਜੀ ਬਾਰੇ ਸਰਾ- ਸਰ ਗ਼ਲਤ ਹੀ ਲਿਖ ਦਿਤਾ। ਗੁਰੂ ਸਾਹਿਬ ਜੀ ਕੋਈ ਵੀ ਨਸ਼ੇ ਵਾਲੀ ਚੀਜ਼ ਅੰਗੀਕਾਰ ਨਹੀਂ ਕਰਦੇ ਸਨ ਅਤੇ ਨਾ ਹੀ ਖ਼ਾਲਸੇ ਨੂੰ ਕਿਸੇ ਨਸ਼ੇ ਵਾਲੀ ਵਸਤੂ ਦਾ ਸੇਵਨ ਕਰਨਾ ਫ਼ੁਰਮਾਇਆ ਹੈ। ਉਨ੍ਹਾਂ ਦਾ ਤਾਂ ਖ਼ਾਲਸੇ ਨੂੰ ਇਹ ਹੁਕਮ ਹੈ:- ਮਦਰਾ ਦਹਤਾ ਸਪਤਿ ਕੁਲ ਭੰਗ ਦਹੈ ਤਨ ਅਨੇਕ॥ ਸਤ ਕੁਲ ਜਗਤ ਜੂਠ ਦਹੈ ਨਿੰਦਾ ਦਹੈ ਅਨੇਕ॥ (ਮਦਰਾ)ਸ਼ਰਾਬ ਪੀਣ ਵਾਲੇ ਦੀਆਂ ਸੱਤ ਕੁਲਾਂ ਨਰਕ ਜਾਂਦੀਆਂ ਹਨ ਅਤੇ ਉਸ ਦੇ ਸ੍ਰੀਰ ਦੇ ਜ਼ਰਾਸੀਮ, ਉਹ ਸੱਤਾਂ ਕੁਲਾਂ ਤੱਕ ਜਾਂਦੇ ਹਨ। (ਭੰਗ)ਸੁੱਖਾ ਪੀਣ ਵਾਲਾ ਆਪਣੇ ਸ੍ਰੀਰ ਨੂੰ (ਦਹੈ)ਨਾਸ ਕਰਦਾ ਹੈ। ਇਸ ਲਈ ਮਹਾਰਾਜ ਸਾਹਿਬ ਜੀ ਨੇ ਭੰਗ ਤੋਂ ਭੀ ਮਨ੍ਹਾ ਕੀਤਾ ਹੈ। ਇਸ ਤਰ੍ਹਾਂ ਮਹਾਰਾਜ ਦੇ ਹਕਾਇਤਾਂ 'ਚ ਬਚਨ ਹਨ, ਬਿਦਿਹ ਸਾਕੀਯਾ; ਸਾਗ਼ਰੇ ਸਬਜ਼ ਰੰਗ॥ (ਸ੍ਰੀ ਦਸਮ ੧੩੯੯) ਹੇ (ਸਾਕੀਯਾ)ਸਤਿਗੁਰੂ ਸਾਹਿਬ ਜੀ! ਦਾਸਨ ਦਾਸ ਨੂੰ (ਸਬਜ਼)ਹਰੇ ਰੰਗ ਦਾ ਪ੍ਰੇਮ ਰੂਪੀ (ਸਾਗ਼ਰੇ)ਪਿਆਲਾ (ਬਿਦਿਹ)ਦੇਣਾ ਕਰੋ ਜੀ। ਸਬਜ਼ ਰੰਗ ਹਰੇ ਸੁੱਖੇ ਨੂੰ ਨਹੀਂ ਕਿਹਾ, ਹੇ ਵਾਹਿਗੁਰੂ ਅਕਾਲ ਪੁਰਖ ਜੀ! ਸਾਨੂੰ ਆਪਣਾ ਹਰਾ ਰੰਗ ਪ੍ਰੇਮ ਬਖ਼ਸ਼ੋ। ਬਿੰਦ੍ਰਾਬਨ ਰਹਿਣ ਵਾਲਾ, ਇੱਕ ਹਜ਼ੂਰ ਸਾਹਿਬ ਪੁਜਾਰੀ ਬਣਿਆਂ, ਉਹ ਆਪ ਭੰਗ ਘੋਟਦਾ ਸੀ, ਪੀਣ ਤੋਂ ਪਹਿਲਾਂ ਭੋਗ ਲੁਆ ਲੈਂਦਾ, ਕਈ ਸਾਲ ਲਗਾਉਂਦਾ ਰਿਹਾ, ਜਿਸ ਤੋਂ ਭੰਗ ਦੇ ਭੋਗ ਲੱਗਣ ਦੀ ਗੱਲ ਤੁਰੀ, ਗੁਰੂ ਮਰਯਾਦਾ ਨਹੀਂ ਹੈ। ਭੈੜੇ ਤੋਂ ਭੈੜੇ ਨਸ਼ੇ ਸੰਸਾਰ ਨੂੰ ਨਰਕ ਬਣਾ ਰਹੇ ਹਨ। ਜਿਵੇਂ ਸ਼ਹਿਰਾਂ ਦੇ ਸ਼ਹਿਰ ਮੁਲਕਾਂ ਦੇ ਮੁਲਕ ਤੰਬਾਕੂ ਦੇ ਸਾੜੇ ਪਏ ਹਨ। ਹਰ ਜਗ੍ਹਾ ਤੰਬਾਕੂ ਦੀ ਬਦਬੋ ਹੈ। ਕੋਈ ਭੀ ਦਫ਼ਤਰ, ਕੋਈ ਭੀ ਜਗ੍ਹਾ ਤੰਬਾਕੂ ਦੀ ਬਦਬੋ ਤੋਂ ਬਿਨਾ ਨਹੀਂ। ਸਾਰੇ ਸੰਸਾਰ ਤੇ ਵੇਖੀਏ, ਸ਼ਰਾਬ ਨਾਲ ਕੀ ਬੁਰਾ ਹਾਲ ਹੁੰਦਾ ਹੈ? ਕਹਿਣ

Sri Satguru Jagjit Singh Ji eLibrary NamdhariElibrary@gmail.com

ਕਥਨ 'ਚ ਨਹੀਂ ਆ ਸਕਦਾ, ਜਿਨੇ ਜ਼ੁਲਮ ਹੁੰਦੇ ਹਨ ਭੈੜੇ ਨਸ਼ਿਆਂ ਕਰਕੇ। ਅਫ਼ੀਮ ਨਾਲ ਭੀ ਬਹੁਤ ਹੀ ਬੁਰਾ ਹਾਲ ਹੋ ਰਿਹਾ ਹੈ। ਮਾਸ ਨਾਲ ਭੀ ਜੀਆਂ ਦੀ ਬਰਬਾਦੀ ਹੋ ਰਹੀ ਹੈ। ਮਹਾਰਾਜ ਸਾਹਿਬ ਜੀ 'ਤੇ ਭੀ ਸ਼ੰਕਾ ਕਰਦੇ ਹਨ, ਕਿ ਭੰਗ ਪੀਤੀ? ਜੇ ਕਰ ਸਾਰਾ ਪ੍ਰਵਾਰ ਭੰਗ ਸ਼ਰਾਬ ਅਫ਼ੀਮ ਤਮਾਕੂ ਮਾਸ ਨਸ਼ੇ ਵਰਤਦਾ ਹੋਵੇ, ਹਿਸਾਬ ਲਾਉ ਕਿ ਪ੍ਰਵਾਰ ਦੀ ਕੀ ਗਤੀ ਹੋਵੇਗੀ? ਇਸੇ ਤਰ੍ਹਾਂ ਕੋਟਿ ਬ੍ਰਹਮੰਡ ਦੀ ਰਚਨਾ ਸਤਿਗੁਰੂ ਮਹਾਰਾਜ ਸਾਹਿਬ ਜੀ ਦਾ ਪ੍ਰਵਾਰ ਹੈ। ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਸੁਖੀ ਬਸੈ; ਮੋਰੋ ਪਰਿਵਾਰਾ॥ ਅਨੁਸਾਰ ਅਪਨੇ ਪਰਵਾਰ ਨੂੰ ਸਵਾਰਨ ਲਈ ਸ਼ੁਭ ਸਿੱਖਿਆ ਦੇ ਰਹੇ ਹਨ। ਇਨ੍ਹਾਂ ਨਸ਼ਿਆਂ ਦਾ ਤਿਆਗ ਕਰਨਾ ਅਤੀ ਹੀ ਜ਼ਰੂਰੀ ਹੈ ਜੀ।

ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਵਾਹੁ ਵਾਹੁ ਕੈਸੀ ਮਹਾਂ ਮਹਾਂ ਵਿਸਮਾਦ ਅਵਸਥਾ ਹੈ! ਜਿਵੇਂ ਸਹੀ ਸੱਚੀਆਂ ਪਤੀਬ੍ਰਤਾ ਬੀਬੀਆਂ, ਪਤੀ ਜੀ ਅੱਗੇ ਨੇਤ੍ਰ ਨੀਵੇਂ ਕਰਕੇ ਰੱਖਦੀਆਂ ਹਨ, ਆਪਣੇ ਸਾਜਨ ਪਤੀ ਜੀ ਨੂੰ ਹਿਰਦੇ 'ਚ ਰੱਖਦੀਆਂ ਹਨ। ਸਭ ਰਸ ਆਪਣੇ ਪਤੀ ਦੇ ਨਾਲ ਖੇ੍ਲਦੀਆਂ ਹਨ, ਪਰ ਫੇਰ ਭੀ ਆਪਣਾ ਆਪ ਕਿਸੇ ਨੂੰ ਨਹੀਂ ਜਣਾਉਂਦੀਆਂ, ਕਿ ਅਸੀਂ ਪਤੀਬ੍ਰਤਾ ਹਾਂ, ਕਿਉਂ ਨਹੀਂ ਜਣਾਉਂਦੀਆਂ ਕਿਉਂਕਿ ਉਹ ਆਪਦੇ ਗੁਣਾਂ ਦੀ ਬਜਾਏ, ਪਤੀ ਜੀ ਦੇ ਗੁਣ ਹੀ ਗਾਉਂਦੀਆਂ ਹਨ। ਉਨ੍ਹਾਂ ਅੰਦਰ ਆਪਾ- ਭਾਵ ਨਹੀਂ ਹੁੰਦਾ, ਕੇਵਲ ਪਤੀ ਜੀ ਦਾ ਧਿਆਨ ਪੂਰਨ ਪ੍ਰਪੱਕ ਦ੍ਰਿੜ ਹੁੰਦਾ ਹੈ। ਪਤੀ ਦੀ ਸਿਫ਼ਤ ਹੀ ਸਿਫ਼ਤ ਕਰਦੀਆਂ ਹਨ। ਇਉਂ ਬਹੁਤ ਹੀ ਉੱਚੀ ਸੱਚੀ ਅਵਸਥਾ ਵਾਲੇ ਮਹਾਂਪੁਰਸ਼ ਸੰਤ ਬਾਬਾ ਹਰਨਾਮ ਸਿੰਘ ਸਾਹਿਬ ਜੀ ਰਾਮਪੁਰਖੇੜੇ ਵਾਲੇ, ਚਾਲ਼ੀ ਵਰ੍ਹੇ ਭਾਵੇਂ ਭਾਬੀਆਂ ਭਰਜਾਈਆਂ 'ਚ ਰਹੇ, ਪਰ ਪੈਰਾਂ ਵੱਲ ਹੀ ਤੱਕਦੇ ਸਨ। ਜਿਵੇਂ ਸ੍ਰੀ ਲਛਮਣ ਜੀ ਜਤੀ ਹੋਏ ਹਨ, ਸੀਤਾ ਜੀ ਨੂੰ ਮਾਤਾ ਸਮਾਨ ਸਮਝਦੇ, ਕਦੇ ਚਿਹਰੇ ਵੱਲ ਨਹੀਂ ਝਾਕੇ। ਇਸ ਤਰ੍ਹਾਂ ਇੱਕ ਵਾਰੀ ਬਾਬਾ ਬਿਸ਼ਨ ਸਿੰਘ ਸਾਹਿਬ ਜੀ ਮੁਰਾਲ਼ੇ ਵਾਲਿਆਂ ਨੂੰ, ਵਿਦਿਆਰਥੀਆਂ ਕਿਹਾ,"ਜੀ ਬਾਬਾ ਜੀ! ਅੱਜ ਦਿਵਾਲ਼ੀ ਹੈ, ਉਤਾਂਹ ਤਾਂ ਵੇਖੋ ਜੀ! ਬਾਹਰ ਬਹੁਤ ਹੀ ਸੋਹਣੇ ਦੀਵੇ ਜਗਮਗਾ ਰਹੇ ਹਨ"। ਆਪ ਜੀ ਕਿਹਾ,"ਗੁਰਮੁਖੋ! ਪੂਰਨ ਗੁਰੂ ਜੀ ਦੀ ਕ੍ਰਿਪਾ ਹੋ ਰਹੀ ਹੈ, ਅੰਦਰ ਬਾਹਰ ਆਪ ਹੀ ਵਸ ਰਹੇ ਹਨ, ਬਾਹਰ ਦੇਖਣ ਦੀ ਇੱਛਾ ਹੀ ਨਹੀਂ ਰਹੀ"। ਯਥਾ:- ਬਾਹਰਿ ਢੂਢਨ ਤੇ, ਛੂਟਿ ਪਰੇ; ਗੁਰਿ. ਘਰ ਹੀ ਮਾਹਿ ਦਿਖਾਇਆ ਥਾ॥ ਅਨਭਉ ਅਚਰਜ ਰੂਪੁ ਪ੍ਰਭ ਪੇਖਿਆ; ਮੇਰਾ ਮਨੁ. ਛੋਡਿ ਨ ਕਤਹੂ ਜਾਇਆ ਥਾ॥ ਗੁਰਮੁਖਿ ਮਹਾਂਪੁਰਸ਼ਾਂ ਦਾ ਪੱਕਾ ਨਿਯਮ ਸੀ, ਅੰਦਰ ਬਾਹਰ ਗੁਰਸ਼ਬਦ ਜੀ ਦੀ ਸਾਖਿਆਤਤਾ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੋਂ ਗੁਰਬਾਣੀ ਪ੍ਰਾਪਤ ਕਰਕੇ, ਮਹਾਂ ਮਹਾਂ ਵਿਸਮਾਦ ਮੌਜ 'ਚ ਸਦਾ ਹੀ ਲੀਣ ਰਹਿੰਦੇ। ਮਹਾਰਾਜ ਸਾਹਿਬ ਜੀ ਦੀ ਕ੍ਰਿਪਾ ਬਿਨਾ, ਨੇਤ੍ਰ ਨੀਚੇ ਨਹੀਂ ਹੁੰਦੇ, ਭੁੱਖੇ ਬਾਜ ਵਾਂਗ ਪਰ ਤ੍ਰਿਅ ਸਰੂਪ ਦੇਖਣ ਵੱਲ ਭੱਜਦੇ ਹਨ। ਇੱਕ ਵਾਰੀ ਸੰਤ ਬਾਬਾ ਸੁੰਦਰ ਸਿੰਘ ਸਾਹਿਬ ਜੀ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬੱਧਣੀ ਕਲਾਂ ਵਿਖੇ, ਅੰਮ੍ਰਿਤ ਕਥਾ ਕਰਦੇ ਸਨ, ਬਜ਼ੁਰਗ ਭੋਲ਼ੀਆਂ ਮਾਈਆਂ 'ਚੋਂ ਇੱਕ ਮਾਈ ਕਿਹਾ,"ਬਾਬਾ ਜੀ ਨੇਤ੍ਰਹੀਣ ਹਨ, ਦੂਜੀ ਸੱਚਿਆਰੇ ਮਾਤਾ ਜੀ ਕਹਿੰਦੇ, "ਨਹੀਂ ੨ ਭੋਲ਼ੀਏ! ਮਹਾਂਪੁਰਸ਼ਾਂ ਦਾ ਨਿਯਮ ਹੈ, ਬਈ ਉਤਾਂਹ ਨਹੀਂ ਝਾਕਣਾ। ਧੰਨ ਸਤਿਗੁਰੂ ਤੇਗਬਹਾਦਰ ਸਾਹਿਬ ਸੱਚੇ ਪਾਤਿਸ਼ਾਹ ਜੀ ਦਾ ਦ੍ਰਿਸ਼ਟਾਂਤ:- ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਸ਼੍ਰੀ ਅਕਾਲ ਤਖ਼ਤ ਸਾਹਿਬ ਜੀ 'ਤੇ ਆ ਕੇ, ਆਪਣੇ ਪਰਮਪੂਜਨੀਕ ਪਿਤਾ ਮਹੱਲੇ ਛੇਵੇਂ ਜੀ ਦੇ ਸੁੰਦਰ ਪਰਮ- ਪਾਕ ਦਰਸ਼ਨ ਕਰਕੇ, ਅੰਦਰ ਫ਼ੋਟੋ ਖਿੱਚ ਲੈਂਦੇ, ਧਿਆਨ 'ਚ ਟਿਕਾਅ

Sri Satguru Jagjit Singh Ji eLibrary NamdhariElibrary@gmail.com

ਕੇ, ਅਫ਼ੁਰ ਸਮਾਧੀ 'ਚ ਬੈਠ ਕੇ, ਵਾਹਿਗੁਰੂ ਮੰਤ੍ਰ ਦਾ ਅਜਪਾ ਜਾਪ ਕਰਦੇ, ਗੁਰੂ ਪ੍ਰੀਤਮ ਜੀ ਨੂੰ ਅਫ਼ੁਰ ਸਮਾਧੀ ਅੰਦਰ ਤੱਕਦੇ। ;ਲੇ ਸਾਜਨ ਘਟ ਮਾਹਿ॥ ਮਹਾਂ ਮਹਾਂ ਵਿਸਮਾਸ ਗੁਰਮੁਖਿ ਅਵਸਥਾ ਹੈ।}

ਨੀਚੇ ਲੋਇਨ. ਕਰਿ ਰਹਉ; ਲੇ ਸਾਜਨ ਘਟ ਮਾਹਿ॥ (ਸਾਜਨ)ਸਤਿਗੁਰੂ ਸਾਹਿਬ ਜੀ ਨੂੰ (ਘਟ)ਰਿਦੇ (ਮਾਹਿ)'ਚ (ਲੇ)ਲੈ ਕੇ, ਦਾਸਨ ਦਾਸੀ ਆਪਣੇ (ਲੋਇਨ)ਨੇਤ੍ਰ ਸਤਿਗੁਰੂ ਸਾਹਿਬ ਜੀ ਦੇ ਚਰਨ- ਕਮਲਾਂ ਦੀਆਂ ਤਲੀਆਂ ਦੇ ਨੀਚੇ (ਕਰਿ)ਕਰਕੇ ਭਾਵ ਨੀਚੇ ਰੱਖ ਕੇ (ਰਹਉ)ਰਹਿੰਦੀ ਹੈ। ਯਥਾ:- ਮੂ ਥੀਆਉ ਸੇਜ; ਨੈਣਾ ਪਿਰੀ ਵਿਛਾਵਣਾ॥) ਅਖੀ ਕਾਢਿ. ਧਰੀ ਚਰਣਾ ਤਲਿ; ਸਭ ਧਰਤੀ ਫਿਰਿ ਮਤ ਪਾਈ॥) ਚਰਨ ਕਮਲਾਂ ਦੀਆਂ ਤਲੀਆਂ ਦੇ ਥੱਲੇ ਰੱਖਣ ਕਰਕੇ, ਪਰਾਇਆ ਸਰੂਪ ਨਹੀਂ ਦੇਖ ਸਕਦੇ, ਵਿਕਾਰ ਵੈਰ ਹੰਕਾਰ ਦ੍ਵੈਤ ਦ੍ਰਿਸ਼ਟੀ ਨਾਲ ਨਹੀਂ ਦੇਖ ਸਕਦੇ, ਗੁਰ ਬ੍ਰਹਮ ਹੀ ਗੁਰ ਬ੍ਰਹਮ ਦੇਖਦੇ ਹਨ। ਯਥਾ:- ਸਭੁ ਦਿਨਸੁ ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥

ਸਭ ਰਸ. ਖੇਲਉ ਪੀਅ ਸਉ; ਕਿਸੀ. ਲਖਾਵਉ ਨਾਹਿ॥੨੩੪॥ ਦਾਸਨ ਦਾਸੀ ਆਪਣੇ ਸਾਜਨ ਸਤਿਗੁਰੂ ਸਾਹਿਬ ਜੀ ਨੂੰ ਰਿਦੇ 'ਚ ਲੈ ਕੇ, (ਪੀਅ)ਪਤੀ ਸਤਿਗੁਰੂ ਸਾਹਿਬ ਜੀ (ਸਉ)ਨਾਲ, ਨਾਮ ਜਪ ੨ ਕੇ ਬ੍ਰਹਮਾਨੰਦ ਰਸ, ਅੰਮ੍ਰਿਤ ਕਥਾ ਕੀਰਤਨ, ਦਰਸ਼ਨ ਦੇ (ਸਭ)ਸਾਰੇ (ਰਸ)ਅਨੰਦ ਰੰਗ (ਖੇਲਉ)ਖੇ੍ਲਦਾ ਮਾਣਦਾ ਹੈ। (ਕਿਸੀ)ਕਿਸੇ ਨੂੰ ਆਪਾ (ਨਾਹਿ)ਨਹੀਂ (ਲਖਾਵਉ)ਜਣਾਉਂਦਾ॥੨੩੪॥ ਜਿਵੇਂ ਪਤੀਬ੍ਰਤਾ ਆਪਣੇ ਗੁਣ ਜਣਾਉਣ ਦੀ ਬਜਾਏ, ਆਪਣੇ ਪਤੀ ਜੀ ਦੇ ਗੁਣ ਗਾਉਂਦੀ ਹੈ। ਅਵਸਥਾ ਦੱਸਣ ਦਾ ਢੰਗ ਇਹ ਹੈ, ਦਦਾ. ਦਾਤਾ ਏਕੁ ਹੈ; ਸਭ ਕਉ ਦੇਵਨਹਾਰ॥ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਦਾਸਨ ਦਾਸੀ ਨੂੰ ਇਹ ਪੂਰਨ ਅਗਮ ਮਹਾਂ ਵਿਸਮਾਦ ਅਵਸਥਾ ਬਖ਼ਸ਼ ਰਹੇ ਹਨ, ਜੋ ਹੁਣ ਦਿਮਾਗ਼ 'ਚ ਗੁਰਬਾਣੀ ਅਰਥ ਦਿਖਾ ਰਹੇ ਹਨ। ਇਹ ਮਨੋਹਰ ਬਚਨ ਸੁਣ ਕੇ ਪ੍ਰੇਮ ਦੀ ਲਾਗ ਲੱਗਦੀ ਹੈ। ਯਥਾ:- ਲਗੀ ਲਾਗਿ; ਸੰਤ ਸੰਗਾਰਾ॥ ਜਿਵੇਂ ਪਤੀਬ੍ਰਤਾ, ਦੂਜੀਆਂ ਬੱਚੀਆਂ ਨੂੰ ਪਤੀਬ੍ਰਤਾ ਬਣਨ ਦਾ ਬੜੇ ਰੰਗ ਢੰਗ ਦਾ ਉਪਦੇਸ਼ ਬਖ਼ਸ਼ਦੀ ਹੈ। ਉਸ ਦੇ ਦਰਸ਼ਨ ਕਰਕੇ ਦੂਜੀਆਂ ਬੀਬੀਆਂ ਨੂੰ ਖ਼ਿਆਲ ਆਉਂਦਾ ਬਈ ਇਸ ਦੇ ਨੇਤ੍ਰ ਕੈਸੇ ਸੁੰਦਰ ਹਨ, ਇਸ ਦੇ ਸਰੂਪ ਦੀ ਕੈਸੀ ਸੁੰਦਰ ਨੁਹਾਰ ਹੈ, ਸਾਡੀ ਭੀ ਐਸੀ ਸੁੰਦਰ ਨੁਹਾਰ ਬਣੇ। ਇਸ ਤਰ੍ਾਂ ਪੂਰਨ ਮਹਾਤਮਾ ਜੀ ਦੇ ਦਰਸ਼ਨ ਕਰਕੇ ਜਿਹੜੇ ਗੁਰਸੇਵਕ ਹਨ, ਉਨ੍ਾਂ ਨੂੰ ਭੀ ਇਹ ਪ੍ਰੇਮ ਲਗਨ ਲੱਗਦੀ ਹੈ, ਕਿ ਜੈਸੇ ਮਹਾਂਪੁਰਸ਼ ਮਹਾਰਾਜ ਸਾਹਿਬ ਜੀ ਲੀਣ ਵਿਸਮਾਦ ਹਨ, ਵਿਸਮਾਦ ਚੇਹਰਾ ਵਿਸਮਾਦ ਇਕਾਗ੍ਰਤਾ ਹੈ। ਸਾਡਾ ਭੀ ਜੀਵਨ ਇਸ ਤਰ੍ਾਂ ਦਾ ਹੋਵੇ। ਜਦੋਂ ਇਸ ਅਵਸਥਾ 'ਚ ਟਿਕਾਅ ਹੋ ਗਿਆ, ਨੀਚੇ ਲੋਇਣ ਕਰ ਲਏ, ਸਾਜਨ ਨੂੰ ਹਿਰਦੇ 'ਚ ਵਸਾ ਲਿਆ, ਸਾਰੇ ਰਸ ਮਾਲਕ ਦੀ ਕ੍ਰਿਪਾ ਨਾਲ ਮਾਣਦੇ ਹਨ, ਆਪਾ ਕਿਸੇ ਨੂੰ ਨਹੀਂ ਜਣਾਉਂਦੇ ਫਿਰ ਅਗਲੀ ਅਵਸਥਾ ਇਸ ਅਵਸਥਾ ਤੋਂ ਬਾਅਦ ਪ੍ਰਾਪਤ ਹੁੰਦੀ ਹੈ ਕਿਉਂਕਿ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਲੜ ਲੱਗ ਕੇ ਅੰਮ੍ਰਿਤ ਬ੍ਰਹਮਾਨੰਦ ਰਸ ਨੂੰ ਪੀਂਦਿਆਂ ੨, ਜਿਵੇਂ ਪਹਿਲਵਾਨ ਖ਼ੁਰਾਕ ਖਾ ਕੇ ਵਰਜ਼ਿਸ ਕਰਕੇ ਬਲਵਾਨ ਹੋ ਜਾਂਦਾ, ਇਸ ਤਰ੍ਾਂ ਅਵਸਥਾ ਬਲਵਾਨ ਹੋ ਜਾਂਦੀ ਹੈ। ਬਈ ਪਹਿਲਾਂ ਸਰਗੁਨ ਦੀ ਉਪਾਸ਼ਨਾ ਕਰਕੇ, ਸਰਗੁਨ ਸਰੂਪ ਦਿਲ 'ਚ ਟਿਕਾਏ, ਫਿਰ ਅੱਗੇ ਨਿਰਗੁਨ ਸਰਗੁਨ ਦੀ ਏਕਤਾ ਲਖਤਾ ਹੋ ਗਈ।

ਆਠ ਜਾਮ ਚਉਸਠਿ ਘਰੀ; ਤੁਅ ਨਿਰਖਤ ਰਹੈ ਜੀਉ॥ ਨੀਚੇ ਲੋਇਨ ਕਿਉ ਕਰਉ; ਸਭ ਘਟ ਦੇਖਉ ਪੀਉ॥੨੩੫॥ ਸਨਮੁਖ ਕਹਿ ਰਹੇ ਹਨ:- ਹੇ ਪਰਮਪੂਜਨੀਕ ਪਰਮ ਪਿਆਰੇ ਵਾਹਿਗੁਰੂ ਜੀ! (ਆਠ)ਅੱਠੇ (ਜਾਮ)ਪਹਿਰ (ਚਉਸਠਿ)ਚੌਹਟ (ਘਰੀ)ਘੜੀਆਂ ਭਾਵ ਸਾਰੀ ਰਾਤ ਤੇ ਸਾਰਾ ਦਿਨ, ਦਾਸਨ ਦਾਸੀ ਦਾ (ਜੀਉ)ਰਿਦਾ (ਤੁਅ)ਆਪ ਜੀ ਦੇ ਸੁੰਦਰ ਸੱਚੇ ਦਰਸ਼ਨ (ਨਿਰਖਤ)ਦੇਖਦਾ (ਰਹੈ)ਰਹਿੰਦਾ ਹੈ। ਆਪਣੇ

Sri Satguru Jagjit Singh Ji eLibrary NamdhariElibrary@gmail.com

(ਲੋਇਨ)ਨੇਤ੍ਰਾਂ ਨੂੰ (ਨੀਚੇ)ਨੀਵੇਂ ਕਿਉ (ਕਰਉ)ਕਰਾਂ? ਜਦੋਂ ਆਪ ਜੀ ਦੀ ਦਾਸਨ ਦਾਸੀ ਸਭ (ਘਟ)ਘਟਾਂ 'ਚ, ਹੇ ਪ੍ਰਾਣਾਂ ਤੋਂ ਪਿਆਰੇ (ਪੀਉ)ਪਤੀ ਪ੍ਰਮਾਤਮਾ ਜੀ! ਆਪ ਜੀ ਨੂੰ ਵਿਆਪਕ (ਦੇਖਉ)ਦੇਖਦੀ ਹੈ॥੨੩੫॥ ਯਥਾ:- ਤੁਧੁ ਬਿਨੁ; ਦੂਜਾ ਨਾਹੀ ਕੋਇ॥ ਤੂ ਕਰਤਾਰੁ; ਕਰਹਿ ਸੋ ਹੋਇ॥) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥) ਜਲਿ ਥਲਿ ਮਹੀਅਲਿ ਪੂਰਿਆ; ਸੁਆਮੀ ਸਿਰਜਨਹਾਰੁ॥ ਅਨਿਕ ਭਾਂਤਿ ਹੋਇ ਪਸਰਿਆ; ਨਾਨਕ ਏਕੰਕਾਰੁ॥) ਜਬ. ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥) ਜਹ ਜਹ ਦੇਖਾ ਤਹ ਨਰਹਰੀ॥੧॥

ਸੁਨੁ ਸਖੀ. ਪੀਅ ਮਹਿ ਜੀਉ ਬਸੈ; ਜੀਅ ਮਹਿ ਬਸੈ ਕਿ ਪੀਉ॥ ਜੀਉ ਪੀਉ ਬੂਝਉ ਨਹੀ; ਘਟ ਮਹਿ ਜੀਉ ਕਿ ਪੀਉ॥੨੩੬॥ ਜਿਵੇਂ ਪਤੀ ਦੀ ਚਾਹਵਾਨ ਨੌਜੁਆਨ, ਬਜ਼ੁਰਗ ਪਤੀਬ੍ਰਤਾ ਤੋਂ ਪਤੀ ਜੀ ਦੀ ਪ੍ਰਾਪਤੀ ਬਾਰੇ ਪੁੱਛਦੀ ਹੈ, ਤਿਵੇਂ ਆਪ ਜੀ ਤੋਂ ਕਿਸੇ ਸਾਊ ਮਹਾਤਮਾ ਜੀ ਨੇ ਪ੍ਰਾਪਤੀ ਬਾਰੇ ਪੁੱਛਿਆ, ਮਹਾਤਮਾ ਦੇ ਬਚਨਾਂ ਨੂੰ ਆਪ ਜੀ ਨੇ ਇਉਂ ਫ਼ੁਰਮਾ ਰਹੇ ਹਨ:- ਹੇ ਸਖੀ ਕਬੀਰ ਸਾਹਿਬ ਜੀ! ਦੇ ਕੰਨੁ ਸੁਣਹੁ ਅਰਦਾਸਿ ਜੀਉ॥ ਕੰਨ ਦੇ ਕੇ (ਸੁਨੁ)ਸੁਨਣਾ ਕਰੋ ਜੀ। ਦਾਸਨ ਦਾਸੀ ਨੂੰ ਦੱਸੋ (ਪੀਅ)ਪਤੀ ਪ੍ਰਮਾਤਮਾ (ਮਹਿ)ਵਿਖੇ, (ਜੀਉ)ਜੀਅ (ਬਸੈ)ਵਸਦਾ ਹੈ (ਕਿ)ਜਾਂ ਜੀਅ (ਮਹਿ)ਵਿੱਚ (ਪੀਉ)ਪਤੀ ਪ੍ਰਮਾਤਮਾ ਜੀ (ਬਸੈ)ਵਸਦੇ ਹਨ।

ਜੀਉ ਪੀਉ ਬੂਝਉ ਨਹੀ; ਘਟ ਮਹਿ ਜੀਉ ਕਿ ਪੀਉ॥੨੩੬॥ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਐਸੀ ਸ੍ਰਬ ਵਿਆਪੀ ਮਹਾਂ ਮਹਾਂ ਵਿਸਮਾਦ ਅਵਸਥਾ ਪ੍ਰਾਪਤ ਹੈ:- ਜਿਵੇਂ ਸਮੁੰਦ੍ਰ ਦਾ ਥਾਹ ਲੈਣ ਲਈ, ਇੱਕ ਲੂਣ ਦੀ ਡਲੀ ਸਮੁੰਦ੍ਰ 'ਚ ਸੁੱਟ ਦੇਈਏ। ਯਥਾ:- ਚੱਲੀ ਪੂਤਲੀ ਲੂਣ ਕੀ, ਥਾਹ ਸਮੁੰਦ ਕਾ ਲੈਣ; ਅਨਾਥ ਆਪ ਆਪੈ ਭਈ, ਪਲਟ ਕਹੈ ਕੋ ਬੈਨ॥ ਸਮੁੰਦ੍ਰ ਤੇ ਪੂਤਲੀ ਵੱਖਰੇ ਹਨ, ਜਦੋਂ ਲੂਣ ਦੀ ਡਲੀ ਸਮੁੰਦ੍ਰ 'ਚ ਸੁੱਟੀ, ਉਹ ਸਮੁੰਦ੍ਰ ਰੂਪ ਹੀ ਹੋ ਗਈ, ਇਉਂ ਕਬੀਰ ਸਾਹਿਬ ਜੀ ਦੱਸਦੇ ਹਨ ਕਿ ਹੇ ਸਖੀ! ਜਿਨ੍ਹਾਂ ਚਿਰ ਆਪਾ ਭਾਵ ਹੈ, ਉਨਾ ਚਿਰ ਵੱਖਰਾਪੁਣਾਂ ਹੈ, ਜਦੋਂ ਆਪਾ ਭਾਵ ਮਿਟ ਗਿਆ। ਜਦੋਂ ਅੰਦਰ ਬਾਹਰ ਸਤਿ ਸੰਤੋਖ ਨਿਮ੍ਰਤਾ ਆਦਿ ਅਸੰਖ ਗੁਣਾਂ ਦੇ ਅਸੰਖ ਪ੍ਰਕਾਸ਼ ਸਰੂਪ ਵਾਹਿਗੁਰੂ ਨਿਰਗੁਨ ਬ੍ਰਹਮ ਜੀ ਸਾਖਿਆਤ ਹੋ ਜਾਂਦੇ ਹਨ, ਉੱਥੇ ਆਪਾ ਭਾਵ ਨਹੀਂ ਰਹਿੰਦਾ। ਯਥਾ:- ਕਹੁ ਨਾਨਕ; ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥) ਆਪੁ ਗਇਆ ਤਾ ਆਪਹਿ ਭਏ॥ ਕ੍ਰਿਪਾ ਨਿਧਾਨ ਕੀ ਸਰਨੀ ਪਏ॥) ਖੁਦੀ ਮਿਟੀ. ਤਬ ਸੁਖ ਭਏ; ਮਨ ਤਨ ਭਏ ਅਰੋਗ॥ ਨਾਨਕ. ਦ੍ਰਿਸਟੀ ਆਇਆ; ਉਸਤਤਿ ਕਰਨੈ ਜੋਗੁ॥) ਜਬ ਇਹੁ; ਹੂਆ ਸਗਲ ਕੀ ਰੀਨਾ॥ ਤਾ ਤੇ ਰਮਈਆ; ਘਟਿ ਘਟਿ ਚੀਨਾ॥) ਕਹਿ ਕਬੀਰ. ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥) ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ ਤੇਹਾ ਕਰੀ ਸੀਗਾਰੁ॥੧॥ ਜਾਂ ਤਿਸੁ ਭਾਵੈ ਤਾਂ ਕਰੇ ਭੋਗੁ॥ ਤਨੁ ਮਨੁ ਸਾਚੇ ਸਾਹਿਬ ਜੋਗੁ॥੧॥) ਜਿਉ ਜਲ ਮਹਿ ਜਲੁ; ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ ਮਿਟਿ ਗਏ ਗਵਨ; ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ; ਸਦ ਕੁਰਬਾਨ॥੮॥੧੧॥ ਪਰਮਪੂਜਨੀਕ ਪੂਰਨ ਭਗਤ ਜੀ, ਪੂਰਨ ਏਕਤਾ ਅਭੇਦਤਾ 'ਚ ਬੋਲ ਰਹੇ ਹਨ:- ਹੇ ਸਖੀ! ਜੀਉ ਕੌਣ ਹੈ? ਪੀਉ ਜੀ ਵੱਖਰੇ ਕੌਣ ਹਨ? ਇਹ ਗੱਲ ਮੈਂ ਨਹੀ (ਬੂਝਉ)ਬੁੱਝਦੀ, ਜਾਣਦੀ (ਘਟ)ਹਿਰਦੇ (ਮਹਿ)ਵਿੱਚ (ਜੀਉ)ਜੀਅ ਹੈ ਕਿ (ਪੀਉ)ਪ੍ਰਮਾਤਮਾ ਜੀ ਹਨ॥੨੩੬॥ ਧਨ ਪਿਰ; ਏਕੈ ਸੰਗਿ ਬਸੇਰਾ॥ ਹੈ। ਜਿਵੇਂ ਮੰਦਰ 'ਚ ਬਹੁਤ ਵਿਅਕਤੀ ਵੱਖਰੇ ਹੋਣ, ਇਉਂ ਰਿਦੇ 'ਚ ਜੀਉ ਪੀਉ, ਵੱਖਰੇ ੨ ਹੋਣ ਤਾਂ ਕਿਹਾ ਜਾਵੇ। ਮਿਟਿ ਗਏ ਬੈਰ; ਭਏ ਸਭ ਰੇਨ॥ ਅੰਮ੍ਰਿਤ ਨਾਮੁ; ਸਾਧਸੰਗਿ ਲੈਨ॥ ਸਭ ਦੀ ਚਰਨ- ਧੂੜ ਹੋਣੇ ਕਰਕੇ, ਮਹਾਰਾਜ ਸਾਹਿਬ ਜੀ ਅੰਦਰ ਬਾਹਰ ਇੱਕ ਰਸ ਬੱਝਵੇਂ ਪ੍ਰਕਾਸ਼ ਨਿਰਗੁਨ ਅਜਪਾ ਜਾਪ ਸਰੂਪ ਜੀ ਸਾਖਿਆਤ ਹੋ ਰਹੇ ਹਨ ਅਤੇ ਵਾਹਿਗੁਰੂ ਜੀ ਦੇ ਅਨੇਕਾਂ ਹੀ ਸਰਗੁਨ ਸਰੂਪ

Sri Satguru Jagjit Singh Ji eLibrary NamdhariElibrary@gmail.com

ਬਾਹਰ ਹਨ। ਅੰਦਰ ਗੁਰਬਾਣੀ ਗੁਰਸ਼ਬਦ ਅਰਥ ਬਾਹਰ ਗੁਰਬਾਣੀ ਗੁਰਸ਼ਬਦ ਅਰਥ, ਆਪਾ ਭਾਵ ਮੋਹ ਅਕਾਰ ਨਹੀਂ ਹੈ। ਯਥਾ:- ਸਰਗੁਨ ਨਿਰਗੁਨ ਨਿਰੰਕਾਰ; ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ; ਆਪੇ ਹੀ ਫਿਰਿ ਜਾਪਿ॥੧॥) ਜਬ ਅਕਾਰੁ ਇਹੁ; ਕਛੁ ਨ ਦ੍ਰਿਸਟੇਤਾ॥) ਅਰਬਦ ਨਰਬਦ ਧੁੰਧੂਕਾਰਾ॥ ਧਰਣਿ ਨ ਗਗਨਾ; ਹੁਕਮੁ ਅਪਾਰਾ॥) ਅੰਤਰਿ ਸੁੰਨੰ. ਬਾਹਰਿ ਸੁੰਨੰ; ਤ੍ਰਿਭਵਣ ਸੁੰਨ ਮਸੁੰਨੰ॥ ਚਉਥੇ ਸੁੰਨੈ, ਜੋ ਨਰੁ ਜਾਣੈ; ਤਾ ਕਉ. ਪਾਪੁ ਨ ਪੁੰਨੰ॥) ਅਬ ਮਨੁ; ਉਲਟਿ ਸਨਾਤਨੁ ਹੂਆ॥ ਤਬ ਜਾਨਿਆ; ਜਬ ਜੀਵਤ ਮੂਆ॥ ਸੋ ਸ੍ਰੀਰ ਕਰਕੇ ਤਾਂ ਕਿਸੇ ਵਿਕਾਰ 'ਚ ਕੀ ਪ੍ਰਵਿਰਤ ਹੋਣਾ? ਮਨ ਕੋਈ ਕਾਮਨਾ ਨਹੀਂ ਕਰ ਰਿਹਾ। ਮਨ ਨਿਰਸੰਕਲਪ ਹੋ ਗਿਆ ਹੈ। ਮਨ ਨੂੰ ਸੰਕਲਪ ਭੀ ਇੱਕ ਬਹੁਤ ਵੱਡਾ ਬੋਝ ਲੱਗਦਾ। ਰੋਮ ਰੋਮ ਮਹਿ ਬਸਹਿ ਮੁਰਾਰਿ॥ ਵਾਲੀ ਅਵਸਥਾ ਹੈ। ਦੇਖਿਆ; ਤਿਹੂੰ ਲੋਕ ਕਾ ਪੀਉ॥ ਅਚਰਜੁ ਭਇਆ; ਜੀਵ ਤੇ ਸੀਉ॥ ਇਹ ਵਿਸਮਾਦ ਰੰਗ ਵਿੱਚ ਵਿਸਮਾਦ ਹੀ ਪ੍ਰਸ਼ਨ ਹੈ, ਵਿਸਮਾਦ ਹੀ ਉੱਤ੍ਰ ਹੈ। ਨੀਚੇ ਲੋਇਨ ਕਰਿ ਰਹਉ; ਲੇ ਸਾਜਨ ਘਟ ਮਾਹਿ॥ ਸਰਗੁਨ ਸਰੂਪ ਜੀ ਦੀ ਉਪਾਸ਼ਨਾ ਕੀਤੀ, ਤੇ ਉਨ੍ਹਾਂ ਨਾਲ ਸਾਰੇ ਅਨੰਦ ਮਾਣਦੇ ਰਹੇ, ਆਪਾ ਨਹੀਂ ਜਣਾਇਆ, ਮਹਾਂ ਵਿਸਮਾਦ ਸਿਫ਼ਤ ਹੀ ਸਿਫ਼ਤ ਕਰਦੇ ਰਹੇ। ਸਿਫ਼ਤ ਕਰਦਿਆਂ ੨ ਨਿਰਾਲੀ ਬਖ਼ਸ਼ਸ਼, ਗੁਰਪ੍ਰਸਾਦਿ ਇਹ ਮਹਾਂ ਮਹਾਂ ਵਿਸਮਾਦ ਅਵਸਥਾ ਪ੍ਰਾਪਤ ਹੋ ਗਈ, ਜੀਉ ਪੀਉ ਬੂਝਉ ਨਹੀ; ਘਟ ਮਹਿ ਜੀਉ ਕਿ ਪੀਉ॥ ਵਿਸਮਾਦ ਰੰਗ ਹੈ, ਕੌਣ ਉੱਤ੍ਰ ਦੇਵੇ? ਅਜਪਾ ਜਾਪ ਦੇ ਦਾਤੇ, ਸਤਿ ਸੰਤੋਖ ਦਇਆ ਧਰਮ ਵੀਚਾਰ, ਨਿਮ੍ਰਤਾ ਗ੍ਰੀਬੀ ਖਿਮਾ ਧੀਰਜ ਸ਼ਾਂਤੀ ਨ੍ਰਿਵਿਕਾਰਤਾ ਆਦਿ ਅਸੰਖ ਗੁਣਾਂ ਦੀਆਂ ਅਨਤ ਕਲਾਂ ਦੇ ਠਾਕੁਰ ਵਾਹਿਗੁਰੂ ਪੂਰਨ ਭਗਤ ਜੀ, ਅਜਪਾ ਜਾਪ ਦੇ ਵਿਸਮਾਦ ਰੰਗ'ਚ, ਸੁਖ ਸਰੂਪ ਬ੍ਰਹਮਜੀ'ਚ ਲੀਨ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥ ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥) ਮਗਨੁ ਭਇਓ.ਪ੍ਰਿਅ ਪ੍ਰੇਮ ਸਿਉ; ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ.ਸਭ ਲੋਅ ਮਹਿ; ਨਾਨਕ.ਅਧਮ ਪਤੰਗ॥) ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ.ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥

ਕਬੀਰ. ਬਾਮਨੁ ਗੁਰੂ ਹੈ ਜਗਤ ਕਾ; ਭਗਤਨ ਕਾ. ਗੁਰੁ ਨਾਹਿ॥ ਅਰਝਿ ਉਰਝਿ ਕੈ. ਪਚਿ ਮੂਆ; ਚਾਰਉ ਬੇਦਹੁ ਮਾਹਿ॥੨੩੭॥) ਮੂਰਖ ਬਾਮਣ; ਪ੍ਰਭੂ ਸਮਾਲਿ॥ ਦੇਖਤ ਸੁਨਤ; ਤੇਰੈ ਹੈ ਨਾਲਿ॥ ਅਨੁਸਾਰ ਇੱਕ ਮੂਰਖ ਬ੍ਰਾਹਮਣ ਨੇ, ਭਗਤ ਸ੍ਰੀ ਕਬੀਰ ਸਾਹਿਬ ਜੀ ਨੂੰ ਕਿਹਾ,"ਮੈਨੂੰ ਗੁਰੂ ਧਾਰ ਲੈ, ਅਸੀਂ ਚੌਹਾਂ ਜੁੱਗਾਂ ਦੇ ਗੁਰੂ ਹਾਂ"। ਆਪ ਜੀ ਨੇ ਨਾਂਹ ਕਹੀ, ਕਹਿੰਦਾ, "ਤੂੰ ਜੁਲਾਹਾ ਹੈਂ, ਮੈਂ ਤੇਰੇ 'ਤੇ ਕ੍ਰਿਪਾ ਕਰਦਾ ਸੀ, ਤੂੰ ਫੇਰ ਭੀ ਮੈਨੂੰ ਗੁਰੂ ਨਹੀਂ ਧਾਰਦਾ"। ਪਰਮਪੂਜਨੀਕ ਪੂਰਨ ਬ੍ਰਹਮ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਵਿਸਮਾਦ ਰੰਗ 'ਚ ਉੱਤ੍ਰ ਦਿੰਦੇ ਹਨ:- ਕਹੁ ਰੇ ਪੰਡਿਤ; ਬਾਮਨ ਕਬ ਕੇ ਹੋਏ॥ ਬਾਮਨ ਕਹਿ ਕਹਿ; ਜਨਮੁ ਮਤ ਖੋਏ॥੧॥ ਰਹਾਉ॥ ਜੌ ਤੂੰ ਬ੍ਰਾਹਮਣੁ; ਬ੍ਰਹਮਣੀ ਜਾਇਆ॥ ਤਉ ਆਨ ਬਾਟ; ਕਾਹੇ ਨਹੀ ਆਇਆ॥੨॥ ਤੁਮ ਕਤ ਬ੍ਰਾਹਮਣ; ਹਮ ਕਤ ਸੂਦ॥ ਹਮ ਕਤ ਲੋਹੂ; ਤੁਮ ਕਤ ਦੂਧ॥੩॥) ਚਉਕੜਿ ਮੁਲਿ ਅਣਾਇਆ; ਬਹਿ ਚਉਕੈ ਪਾਇਆ॥ ਸਿਖਾ ਕੰਨਿ ਚੜਾਈਆ; ਗੁਰੁ ਬ੍ਰਾਹਮਣੁ ਥਿਆ॥ ਓਹੁ ਮੁਆ. ਓਹੁ ਝੜਿ ਪਇਆ; ਵੇਤਗਾ ਗਇਆ॥ ਅਨੁਸਾਰ ਕੰਨਾ ਬਾਟੀ ਕੁਰਰੂ; ਤੂੰ ਮੇਰਾ ਚੇਲਾ. ਮੈਂ ਤੇਰਾ ਗੁਰਰੂ। ਸਿੱਖਾ ਕੰਨ 'ਚ ਚੜ੍ਹਾ ਕੇ. ਜੰਞੂ ਪਾ ਕੇ, ਕਹਿੰਦਾ ਬਈ ਮੈਂ ਤੇਰਾ ਗੁਰੂ ਹਾਂ। ਪਰ ਭਗਤ ਸਾਹਿਬ ਜੀ ਕਹਿੰਦੇ, ਬਾਮਨੁ ਧੱਕੇ ਨਾਲ ਜਗਤ (ਕਾ)ਦਾ ਗੁਰੂ ਬਣਿਆਂ ਹੈ। ਯਥਾ:- ਕਾਚੇ ਗੁਰ ਤੇ; ਮੁਕਤਿ ਨ ਹੂਆ॥) (ਭਗਤਨ)ਭਗਤਾਂ ਮਹਾਂ ਪੁਰਖਾਂ (ਕਾ)ਦਾ (ਗੁਰੁ)ਗੁਰੂ ਨਾਹਿ ਹੈ, ਕਿਉਂਕਿ ਭਗਤ ਜਨ ਪ੍ਰੇਮਾ- ਭਗਤੀ ਸਹਿਤ ਪ੍ਰਮਾਤਮਾ ਜੀ 'ਚ ਸਦਾ ਲੀਣ ਹਨ।

Sri Satguru Jagjit Singh Ji eLibrary NamdhariElibrary@gmail.com

ਅਰਝਿ ਉਰਝਿ ਕੈ. ਪਚਿ ਮੂਆ; ਚਾਰਉ ਬੇਦਹੁ ਮਾਹਿ॥੨੩੭॥ ਵੇਦਾਂ 'ਚ, ਅੱਸੀ ਹਜ਼ਾਰ ਸੁਰਤੀ ਕਰਮਕਾਂਡ ਦਾ ਕਥਨ ਕਰਦੀ ਹੈ, ਗੋਮੇਧ ਜੱਗ ਅਸਮੇਧ ਜੱਗ ਰਾਜਮੇਧ ਜੱਗ ਤਾਮਸੀ ਜੱਗ ਕਰਨ ਕਰਾਉਣ, ਵਹਿਮ ਭਰਮ ਨਿਖਿਧ ਕੰਮ ਕਰਨ ਕਰਾਉਣ ਕਰਕੇ, (ਚਾਰਉ)ਚੌਹਾਂ (ਬੇਦਹੁ)ਵੇਦਾਂ (ਮਾਹਿ)ਵਿੱਚ (ਅਰਝਿ)ਫਸ (ਉਰਝਿ)ਉਲਝ (ਕੈ)ਕੇ, ਈਰਖਾ ਹੰਗਤਾ ਦੀ ਅੱਗ 'ਚ, (ਪਚਿ)ਸੜ ਕੇ (ਮੂਆ)ਮਰ ਗਿਆ॥੨੩੭॥

ਹਾਥੀ ਬਿੰਦੀ ਨਹੀਂ ਲਾਉਣੀ- ਹਰਿ ਹੈ ਖਾਂਡੁ. ਰੇਤੁ ਮਹਿ ਬਿਖਰੀ; ਹਾਥੀ. ਚੁਨੀ ਨ ਜਾਇ॥ ਬੁੱਝਾਈ- ਕਹਿ ਕਬੀਰ. ਗੁਰਿ ਭਲੀ ਬੁਝਾਈ; ਕੀਟੀ ਹੋਇ ਕੈ ਖਾਇ॥੨੩੮॥ ਦ੍ਰਿਸਟਾਂਤ:- ਰੇਤੇ 'ਚ ਮਿਲੀ ਖੰਡ, ਹਾਥੀ ਤੋਂ ਚੁਣੀ ਨਹੀਂ ਜਾਂਦੀ, ਕੀੜੀ ਖਾਂਦੀ ਹੈ, ਰੱਬ ਸਰੂਪ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਅਸੰਖ ਪ੍ਰਕਾਸ਼ ਸਰੂਪ, ਹਰ ਪ੍ਰਾਣੀ ਦੇ ਅੰਦਰ ਬਾਹਰ ਭਰਪੂਰ ਹੋ ਰਹੇ, ਅਜਪਾ ਜਾਪ ਵਾਹਿਗੁਰੂ ਜੀ ਖਾਂਡੁ ਸਰੂਪ (ਹੈ)ਹਨ, (ਰੇਤੁ)ਮਾਇਆ (ਮਹਿ)ਵਿੱਚ, ਖੰਡ ਵਾਂਗ (ਬਿਖਰੀ)ਮਿਲ਼ੇ ਹੋਏ ਹਨ। ਯਥਾ:- ਮਾਇਆ ਬ੍ਰਹਮ; ਰਮੈ ਸਭ ਸੰਗ॥ ਹੰਕਾਰੀ ਮਨ ਰੂਪੀ ਹਾਥੀ ਤੋਂ ਹਰੀ ਰੂਪੀ ਖੰਡ ਚੁਨੀ (ਨ)ਨਹੀਂ (ਜਾਇ)ਜਾਂਦੀ। ਭਾਵ ਹਰੀ ਜੀ ਨੂੰ ਹੰਕਾਰੀ ਹਾਥੀ ਜੀਵ ਪ੍ਰਾਪਤ ਨਹੀਂ ਕਰ ਸਕਦਾ।

ਬੁੱਝਾਈ- ਕਹਿ ਕਬੀਰ. ਗੁਰਿ ਭਲੀ ਬੁਝਾਈ; ਕੀਟੀ ਹੋਇ ਕੈ ਖਾਇ॥੨੩੮॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ (ਕਹਿ)ਫ਼ੁਰਮਾਉਂਦੇ ਹਨ:- (ਗੁਰਿ)ਸਤਿਗੁਰੂ ਸਾਹਿਬ ਜੀ ਨੇ, ਇਹ, ਅਤਿਅੰਤ ਹੀ (ਭਲੀ)ਚੰਗੀ ਸਿੱਖਿਆ (ਬੁਝਾਈ)ਸਮਝਾਈ ਹੈ, (ਕੀਟੀ)ਕੀੜੀ ਗੁਰਸੇਵਕ ਜੀ ਛੋਟੇ ਤੋਂ ਛੋਟੇ ਹੋਇ ਕੈ, ਭਾਵ ਗ਼ਰੀਬੀ ਨਿਮ੍ਰਤਾ ਖਿਮਾ ਧਾਰ ਕੇ (ਖਾਇ)ਖਾਣਾ ਕਰਨ॥੨੩੮॥ ਯਥਾ:- ਤਉ ਕਿਛੁ ਪਾਈਐ; ਜਉ ਹੋਈਐ ਰੇਨਾ॥) ਨੀਚਹੁ ਨੀਚ ਸਦਾਵਣਾ; ਕੀੜੀ ਹੋਇ. ਨ ਆਪੁ ਗਣਾਏ॥ ਗੁਰਮੁਖਿ ਮਾਰਗਿ ਚਲਣਾ; ਇਕਤੁ ਖੱਡੁ ਸਹੰਸ ਸਮਾਏ॥ ਘਿਅ ਸਕਰ ਦੀ ਵਾਸੁ ਲੈ; ਜਿਥੈ ਧਰੀ. ਤਿਥੈ ਚਲਿ ਜਾਏ॥ ਡੁਲੈ ਖੰਡੁ ਜੁ ਰੇਤੁ ਵਿਚਿ; ਖੰਡੂ ਦਾਣਾ ਚੁਣਿ ਚੁਣਿ ਖਾਏ॥) ਸੁਖੀ ਬਸੈ ਮਸਕੀਨੀਆ; ਆਪੁ ਨਿਵਾਰਿ ਤਲੇ॥ ਬਡੇ ਬਡੇ ਅਹੰਕਾਰੀਆ; ਨਾਨਕ. ਗਰਬਿ ਗਲੇ॥੧॥) ਪੈਰੀਂ ਪੈ. ਪਾਖਾਕ ਹੋਇ; ਤਿਸੁ ਪਾਖਾਕ. ਪਾਕੁ ਪਤੀਆਣੈ॥ ਗੁਰਮੁਖਿ ਪੰਥੁ ਅਗੰਮੁ ਹੈ; ਮਰਿ ਮਰਿ ਜੀਵੈ ਜਾਇ ਪਛਾਣੈ॥

ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥ ॥੨੩੯॥ ਹੇ ਰਾਮ ਜੀ ਦੇ ਕੂਕਰ ਕਬੀਰ! (ਜਉ)ਜੇਕਰ (ਤੁਹਿ)ਤੈਨੂੰ (ਪਿਰੰਮ)ਪਿਆਰੇ ਪਤੀ (ਸਾਧ)ਨਿਰਗੁਨ ਬ੍ਰਹਮ ਵਾਹਿਗੁਰੂ ਜੀ (ਕੀ)ਦੀ ਪ੍ਰਾਪਤੀ ਦੀ ਸ਼ੁਭ (ਸਾਧ)ਸਧਰ ਸ਼ੁਭ ਇੱਛਾ ਹੈ ਅਥਵਾ ਪਿਆਰੇ ਵਾਹਿਗੁਰੂ ਜੀ ਦਾ (ਸਾਧ)ਸ੍ਰੇਸ਼ਟ ਪੁਰਖ ਬਣਨ ਦੀ ਸ਼ੁਭ ਇੱਛਾ ਹੈ, ਤਾਂ ਆਪਣਾ ਪ੍ਰਤੱਖ ਸੀਸੁ (ਕਾਟਿ)ਵੱਢ (ਕਰਿ)ਕਰਕੇ, ਸੱਚੇ ਸਤਿਗੁਰੂ ਸਾਹਿਬ ਨੂੰ ਅਰਪਣ ਰੂਪ (ਗੋਇ)ਬਾਜ਼ੀ ਖੇਡਣਾ ਕਰ ਅਥਵਾ ਗੁਰੂ ਪ੍ਰੀਤਮ ਜੀ ਦੀ ਪ੍ਰੇਮਾ- ਭਗਤੀ ਰੂਪੀ ਤਲਵਾਰ ਦੀ, ਨਿਮ੍ਰਤਾ ਰੂਪੀ ਧਾਰ ਨਾਲ, ਹੰਕਾਰ ਰੂਪੀ ਸਿਰ ਵੱਢਣ ਰੂਪੀ (ਗੋਇ)ਬਾਜ਼ੀ ਖੇਡਣਾ ਕਰ। ਯਥਾ:- ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਗਗਨ ਦਮਾਮਾ ਬਾਜਿਓ; ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥੧॥ ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ; ਕਬਹੂ. ਨ ਛਾਡੈ ਖੇਤੁ॥) ਕਬੀਰ.ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ. ਹਰਿ

Sri Satguru Jagjit Singh Ji eLibrary NamdhariElibrary@gmail.com

ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥) ਗੁਰ ਕਉ; ਕੁਰਬਾਨੁ ਜਾਉ ਹਾਂ॥) ਗੁਰ ਅਪੁਨੇ ਊਪਰਿ; ਬਲਿ ਜਾਈਐ॥) ਤੂ ਚਉ ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥)

ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥ ॥੨੩੯॥ ਸਿਰ ਦੇਣ ਰੂਪ ਬਾਜ਼ੀ ਨੂੰ (ਖੇਲਤ)ਖੇ੍ਲਦਿਆਂ (ਖੇਲਤ)ਖੇ੍ਲਦਿਆਂ, ਸਿਰ ਕੁਰਬਾਨ ਕਰਨ ਰੂਪ (ਹਾਲ)ਮਸਤੀ ਚੜ੍ਹਾਉਣਾ ਕਰਿ, ਜੋ (ਕਿਛੁ)ਕੁੱਝ (ਹੋਇ)ਹੋਵੇ ਤਾ ਹੋਇ ਜਾਵੇ, ਭਾਵ ਭਾਵੇਂ ਆਪਣਾ ਅੰਗ ੨ ਵੱਢਿਆ ਜਾਵੇ, ਘਰ ਬਾਰ ਉੱਜੜ ਜਾਵੇ, ਬੱਚਾ ੨ ਸਭ ਪ੍ਰਵਾਰ ਕੁਰਬਾਨ ਹੋ ਜਾਵੇ, ਸਾਰਾ ਜੱਗ ਰੁੜ੍ ਜਾਵੇ॥੨੩੯॥

ਸਿੱਖ ਰਾਜ ਦੇ ਬਾਨੀ ਮਹਾਨ ਸੂਰਬੀਰ ਯੋਧੇ ਜ਼ੁਲਮ ਦੇ ਨਾਸਕ, ਸੁੱਚੇਨੰਦ ਦੇ ਨੱਕ 'ਚ ਨਕੇਲ ਪਾਉਣ ਵਾਲੇ ਜ਼ਾਲਮ ਵਜੀਦੇ ਨੂੰ ਮਾਰਕੇ, ਸਰਹਿੰਦ ਕਿਲਾ ਢਾਹੁਣ ਵਾਲੇ, ਸਰਹਿੰਦ ਦੀ ਇੱਟ ਨਾਲ ਇੱਟ ਖੜਕਾਉਣ ਵਾਲੇ, ਬਜ਼ਾਰਾਂ 'ਚ ਹਲ਼ ਵਗਾਉਣ ਵਾਲੇ, ਪਰਮਪੂਜਨੀਕ ਯੋਧੇ ਸ਼ਹੀਦ ਬਾਬਾ ਗੁਰਬਖਸ਼ ਸਿੰਘ ਸਾਹਿਬ ਜੀ (ਬੰਦਾ ਸਿੰਘ ਬਹਾਦਰ ਜੀ) ਦੀ ਮਹਾਨ ਦਲੇਰ ਕੁਰਬਾਨੀ ਸ਼ਹੀਦੀ ਦਾ ਪਰਮਪਵਿੱਤ੍ਰ ਦ੍ਰਿਸ਼ਟਾਂਤ:- ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੇ ਲਾਡਲੇ ਸੱਤ ਸੌ ਸਿੰਘਾਂ ਸਮੇਤ, ਸੂਰਬੀਰ ਬਹਾਦਰ ਬੰਦਾ ਸਿੰਘ ਸਾਹਿਬ ਜੀ ਗ੍ਰਿਫ਼ਤਾਰ ਕੀਤੇ, ਸੱਤ ਸੌ ਸਿੰਘਾਂ ਨੂੰ ਸ਼ਹੀਦ ਕਰਨ ਤੋਂ ਪਹਿਲਾਂ ਦਿੱਲੀ ਦੇ ਬਜ਼ਾਰਾਂ 'ਚ, ਜਲੂਸ ਕੱਢਿਆ ਗਿਆ, ਜਿਸ 'ਚ ਹੋਰ ਭੀ ਸ਼ਹੀਦਾਂ ਸਿੰਘਾਂ ਦੇ ਸਿਰ ਬਰਛਿਆਂ ਤੇ ਟੰਗੇ ਹੋਏ ਸਨ। ਪ ਮਾਰਚ ੧੭੧੬ ਈ: ਨੂੰ ਦਿੱਲੀ ਦੇ ਤ੍ਰਿਪੋਲੀਆ ਦਰਵਾਜ਼ੇ ਵੱਲ, ਕੋਤਵਾਲੀ ਸਾਹਮਣੇ ਸਿੰਘਾਂ ਦਾ ਕਤਲੇਆਮ ਸ਼ੁਰੂ ਹੋਇਆ। ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਦੇ ਪੂਰਨ ਪ੍ਰੇਮੀ ਸੂਰਵੀਰ ਯੋਧੇ ਜਪੀ ਤਪੀ ਨਿਰਮਲ ਸਾਊ ਭੋਲ਼ੇ, ਨਿੱਤਨੇਮੀ ਸਿਮਰਨ ਅਭਿਆਸੀ ਸਿੱਖਾਂ ਨੇ ਹਾਏ ਸੀ ਤੱਕ ਨਾ ਉਚਾਰੀ। ਸਬਰ ਸ਼ੁਕਰ 'ਚ ਸੁਮੇਰ ਪਰਬਤ ਵਾਂਗ ਅਚੱਲ ਅਡੋਲ ਅਬੋਲ ਰਹਿ ਕੇ, ਹੱਸ ੨ ਕੇ ਕੁਰਬਾਨੀ ਦਿਤੀ। ਸੂਰਬੀਰ ਬਾਬੇ ਬੰਦਾ ਸਿੰਘ ਜੀ ਨੂੰ ਕਿਹਾ, "ਦੀਨ ਕਬੂਲ ਕਰ, ਮੁਆਫ਼ੀ ਮੰਗ ਨਹੀਂ ਤਾਂ ਤੇਰੇ ਚਾਰ ਸਾਲਾ ਤੜਫ਼ਦੇ ੨ ਬੱਚੇ ਦਾ ਕਾਲਜਾ, ਤੇਰੇ ਸਾਹਮਣੇ ਕੱਢ ਕੇ, ਤੇਰੇ ਮੁਖ 'ਚ ਦੇਵਾਂਗੇ, ਫੇਰ ਤੇਰੀਆਂ ਅੱਖਾਂ ਕੱਢਾਂਗੇ, ਹੱਥ ਪੈਰ ਵੱਢਾਂਗੇ, ਲੋਹੇ ਦੀਆਂ ਦਗ਼ਦੀਆਂ ਲਾਲ ਚਿਮਟੀਆਂ ਨਾਲ, ਤੇਰੇ ਸ਼ਰੀਰ ਦੀਆਂ ਬੋਟੀਆਂ ਕੱਢਾਂਗੇ, ਹਾਥੀ ਪਿੱਛੇ ਬੰਨ੍ ਕੇ ਧੂਹਾਂਗੇ।"ਵਾਹਿਗੁਰੂ ਜੀ ਦੇ ਪਰਮਪੂਜਨੀਕ ਅਵਤਾਰ ਭਗਤ ਸ੍ਰੀ ਕਬੀਰ ਸਾਹਿਬ ਜੀ ਦੇ ਫ਼ੁਰਮਾਏ ਅਮੋਲਕ ਸੱਚੇ ਅਟਲ ਬਚਨਾਂ ਨੂੰ ਬਾਬੇ ਬੰਦਾ ਸਿੰਘ ਬਹਾਦਰ ਜੀ ਨੇ ਦਲੇਰੀ ਨਾਲ ਕਮਾਇਆ, ਬਾਬੇ ਜੀ ਨੂੰ ਪੂਰਨ (ਪਿਰੰਮ)ਪਿਆਰੇ ਸੱਚੇ ਸਤਿਗੁਰੂ ਦਸਵੇਂ ਪਾਤਿਸ਼ਾਹ ਜੀ ਦੀ, ਪਰਮ ਪ੍ਰਸੰਨਤਾ ਲੈਣ (ਕੀ)ਦੀ ਸੱਚੀ (ਸਾਧ)ਸਧਰ ਇੱਛਾ ਸੀ, ਇਸ ਲਈ ਆਪਣਾ ਸੀਸੁ ਕਾਟਿ (ਕਰਿ)ਕਰਕੇ, ਸੀਸ ਅਰਪਣ ਰੂਪ ਸੱਚੀ ਬਾਜ਼ੀ ਖੇਡੀ, ਸਿਰ ਵੱਢ ਕੇ ਅਰਪਣ ਰੂਪ ਬਾਜ਼ੀ (ਖੇਲਤ)ਖੇ੍ਡਦਿਆਂ (ਖੇਲਤ)ਖੇ੍ਡਦਿਆਂ, ਸਤਿਗੁਰੂ ਸਾਹਿਬ ਤੋਂ ਆਪਣਾ ਸ੍ਵੰਸ ਕੁਰਬਾਨ ਕਰਨ ਰੂਪ (ਹਾਲ)ਮਸਤੀ ਚੜ੍ਹਾਉਣਾ ਕੀਤੀ। ; ਜੋ ਕਿਛੁ ਹੋਇ ਤ ਹੋਇ॥੨੩੯॥ ਅਨੁਸਾਰ ਭਾਵੇ ਨੇੜ੍ਾਂ ਦੇ ਸਾਹਮਣੇ ਬੱਚੇ ਦਾ ਕਾਲਜਾ ਕੱਢ ਕੇ ਮੂੰਹ 'ਚ ਦਿਤਾ, ਉਪ੍ਰੋਕਤ ਸਾਰੀਆਂ ਸਜ਼ਾਵਾਂ ਦਿੱਤੀਆਂ, ਪਰ ਫੇਰ ਭੀ ਉਪ੍ਰੋਕਤ ਸਲੋਕ ਜੀ ਕਮਾਇ, ਇਉਂ ਹਉਮੈ ਤਿਆਗ ਕੇ ਅੱਠੇ ਪਹਿਰ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੁੜ ਕੇ, ਆਪਣਾ ਸ੍ਵੰਸ ਕੁਰਬਾਨ ਕਰਕੇ ਨਿਹਾਲ ੩ ਹੋਣਾ ਚਾਹੀਦਾ ਹੈ ਜੀ।

ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਪਾਕੇ ਸੇਤੀ ਖੇਲੁ॥ ਕਾਚੀ ਸਰਸਉਂ. ਪੇਲਿ ਕੈ; ਨਾ ਖਲਿ ਭਈ. ਨ ਤੇਲੁ॥੨੪੦॥ {ਪੱਕੇ ਸਤਿਗੁਰੂ ਸਾਹਿਬ ਜੀ, ਸ੍ਵੱਤ ਦੇ ਭਲੇ ਹਿਤ. ਉੱਬਲਦੀ ਦੇਗ਼ ਅੰਦਰ ਬੈਠੇ, ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ। ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਨੌਵੇਂ ਜਾਮੇ ਅੰਦਰ ਲੋਹੇ ਦੇ ਤੰਗ ਪਿੰਜਰੇ 'ਚ ਬੈਠ ਕੇ, ਰੋਮ ੨ ਕਰਕੇ ਵਾਹਿਗੁਰੂ ੨ ਜਪ ਰਹੇ ਹਨ, ਆਪਣਾ ਸੀਸ ਕੁਰਬਾਨ

Sri Satguru Jagjit Singh Ji eLibrary NamdhariElibrary@gmail.com

ਕਰ ਰਹੇ ਹਨ। ਦਸਵੇਂ ਜਾਮੇ ਅੰਦਰ ਸ੍ਰਬੰਸ ਕੁਰਬਾਨ ਕਰ ਰਹੇ ਹਨ। ਗੁਰੂ ਪੰਥ ਨੂੰ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਤੇ ਖੰਡੇ ਬਾਟੇ ਦਾ ਅੰਮ੍ਰਿਤ ਬਖ਼ਸ਼ ਰਹੇ ਹਨ। ਸਿੱਖ ਦੇ ਵਿਕਾਰਾਂ ਨੂੰ ਮੇਟਣ ਵਾਲੇ ਹਨ, ਆਪਣੇ ਮਨ ਇੰਦ੍ਰਿਆਂ ਨੂੰ ਜਿੱਤਣ ਵਾਲੇ ਹਨ। ਗੁਰਮੁਖਿ ਰੋਮਿ ਰੋਮਿ; ਹਰਿ ਧਿਆਵੈ॥ ਦੀ ਅਵਸਥਾ ਨੂੰ ਪ੍ਰਾਪਤ ਹਨ। ਅਜਪਾ ਜਾਪੁ. ਨ ਵੀਸਰੈ; ਆਦਿ ਜੁਗਾਦਿ ਸਮਾਇ॥) ਸਭੈ ਘਟ. ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥ ਪੱਕੇ ਸਤਿਗੁਰੂ ਪ੍ਰਮੇਸਰ ਸਰੂਪ ਹਨ। ਸਲੋਕੁ॥ ਗੁਰਦੇਵ ਮਾਤਾ. ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰਦੇਵ ਸਖਾ. ਅਗਿਆਨ ਭੰਜਨੁ; ਗੁਰਦੇਵ ਬੰਧਿਪ ਸਹੋਦਰਾ॥ ਗੁਰਦੇਵ ਦਾਤਾ. ਹਰਿ ਨਾਮੁ ਉਪਦੇਸੈ; ਗੁਰਦੇਵ ਮੰਤੁ ਨਿਰੋਧਰਾ॥ ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ; ਗੁਰਦੇਵ ਪਾਰਸ ਪਰਸ ਪਰਾ॥ ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰੁ; ਗੁਰ ਗਿਆਨ ਮਜਨੁ ਅਪਰੰਪਰਾ॥ ਗੁਰਦੇਵ ਕਰਤਾ. ਸਭਿ ਪਾਪ ਹਰਤਾ; ਗੁਰਦੇਵ. ਪਤਿਤ ਪਵਿਤ ਕਰਾ॥ ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ; ਗੁਰਦੇਵ ਮੰਤੁ. ਹਰਿ ਜਪਿ ਉਧਰਾ॥ ਗੁਰਦੇਵ ਸੰਗਤਿ. ਪ੍ਰਭ ਮੇਲਿ ਕਰਿ ਕਿਰਪਾ; ਹਮ ਮੂੜ ਪਾਪੀ. ਜਿਤੁ ਲਗਿ ਤਰਾ॥ ਗੁਰਦੇਵ ਸਤਿਗੁਰੁ ਪਾਰਬ੍ਰਹਮੁ ਪਰਮੇਸਰੁ; ਗੁਰਦੇਵ ਨਾਨਕ. ਹਰਿ ਨਮਸਕਰਾ॥੧॥}

ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਪਾਕੇ ਸੇਤੀ ਖੇਲੁ॥ ਪਰਮਪੂਜਨੀਕ ਵਾਹਿਗੁਰੂ ਸਰੂਪ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਿਆਰੇ ਜੀ! (ਜਉ)ਜੇਕਰ (ਤੁਹਿ)ਆਪ ਜੀ ਨੂੰ (ਸਾਧ)ਸਧਰ ਸ਼ੁਭ ਇੱਛਾ ਹੈ, (ਪਿਰੰਮ)ਪਿਆਰੇ ਵਾਹਿਗੁਰੂ ਜੀ ਦੇ ਦਰਸ਼ਨ (ਕੀ)ਦੀ, ਤਾਂ (ਪਾਕੇ)ਪੱਕੇ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ (ਸੇਤੀ)ਨਾਲ, ਅਪਣਾ ਸਿਰ ਅਰਪਣ ਰੂਪ ਪ੍ਰੇਮ ਦੀ ਖੇਲੁ ਖੇਡ। ਯਥਾ:- ਨਾਨਕ. ਕਚੜਿਆ ਸਿਉ ਤੋੜਿ; ਢੂਢਿ ਸਜਣ ਸੰਤ ਪਕਿਆ॥ ਓਇ ਜੀਵੰਦੇ ਵਿਛੁੜਹਿ; ਓਇ. ਮੁਇਆ ਨ ਜਾਹੀ ਛੋੜਿ॥) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਕਬੀਰ. ਜਉ ਤੁਹਿ ਸਾਧ ਪਿਰੰਮ ਕੀ; ਸੀਸੁ ਕਾਟਿ ਕਰਿ ਗੋਇ॥ ਖੇਲਤ ਖੇਲਤ ਹਾਲ ਕਰਿ; ਜੋ ਕਿਛੁ ਹੋਇ ਤ ਹੋਇ॥

ਕਾਚੀ ਸਰਸਉਂ. ਪੇਲਿ ਕੈ; ਨਾ ਖਲਿ ਭਈ. ਨ ਤੇਲੁ॥੨੪੦॥ (ਕਾਚੀ)ਕੱਚੀ (ਸਰਸਉਂ)ਸਰੋਂ ਨੂੰ (ਪੇਲਿ)ਪੀੜ (ਕੈ)ਕੇ, ਉਸ 'ਚੋਂ ਨਾ ਖਲਿ (ਭਈ)ਨਿੱਕਲਦੀ ਹੈ, ਨ ਤੇਲੁ ਨਿੱਕਲਦਾ ਹੈ॥੨੪੦॥ ਇਸੇ ਤਰ੍ਹਾਂ ਕਾਚੇ ਗੁਰ ਤੇ; ਮੁਕਤਿ ਨ ਹੂਆ॥ ਜੋ ਕੱਚਾ ਗੁਰੂ ਹੈ ਉਸ ਦੇ ਆਪਣੇ ਪਾਪ ਹੰਕਾਰ ਵਿਕਾਰ ਮਿਟੇ ਨਹੀਂ, ਇਨ੍ਹਾਂ ਦੇ ਤਿਆਗ ਦਾ ਕੀ ਉਪਦੇਸ਼ ਦੇਵੇਗਾ? ਜਿਵੇਂ ਕੱਚਾ ਵੈਦ ਹੋਵੇ, ਜਖ਼ਮ ਨੂੰ ਸਾਫ਼ ਕਰੇ ਬਿਨਾ, ਸਿਉਂ ਦੇਵੇ ਤਾਂ ਜਖ਼ਮ ਭਰ ਕੇ ਪੱਕ ਜਾਂਦਾ ਹੈ। ਇਸੇ ਤਰ੍ਹਾਂ ਜਿਹੜੇ ਕੱਚੇ ਗੁਰੂ ਹਨ, ਉਹ ਆਪ ਵਿਕਾਰਾਂ 'ਚ ਖੱਚਤ ਹਨ, ਜਿਵੇਂ ਕੱਚਾ ਪਾਰਾ ਖਾਣ ਦੇ ਨਾਲ ਆਂਦਰਾਂ ਫਟ ਜਾਂਦੀਆਂ ਹਨ, ਬੰਦੇ ਦਾ ਜੀਵਨ ਖ਼ਰਾਬ ਹੋ ਜਾਂਦਾ ਹੈ, ਇਸ ਤਰ੍ਹਾਂ ਕੱਚੇ ਗੁਰੂ ਦੇ ਉਪਦੇਸ਼ ਨਾਲ ਕਲਿਆਣ ਨਹੀਂ ਹੋ ਸਕਦੀ। ਇਹ ਕੱਚਾ ਪਾਰਾ ਖਾਣ, ਕੱਚੀ ਸਰੋਂ ਪੀੜਨ ਵਾਂਗ ਹੈ, ਸਤਿ ਸੰਤੋਖ ਦਇਆ ਧਰਮ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਮ੍ਰਤਾ ਸਹਿਨਸ਼ੀਲਤਾ ਗ੍ਰੀਬੀ ਸ਼ੁਭ ਗੁਣਾਂ ਰੂਪੀ ਖਲ਼ ਪ੍ਰਾਪਤ ਨਹੀਂ ਹੁੰਦੀ, ਨ ਹੀ ਵਾਹਿਗੁਰੂ ਜੀ ਦੇ ਦਰਸ਼ਨ ਰੂਪੀ ਤੇਲ ਪ੍ਰਾਪਤ ਹੁੰਦਾ ਹੈ।

ਢੂੰਢਤ ਡੋਲਹਿ. ਅੰਧ ਗਤਿ; ਅਰੁ ਚੀਨ੍ਹਤ ਨਾਹੀ. ਸੰਤ॥ ਕਹਿ ਨਾਮਾ. ਕਿਉ ਪਾਈਐ; ਬਿਨੁ ਭਗਤਹੁ ਭਗਵੰਤੁ॥੨੪੧॥) ਨਾਮੇ ਨਾਰਾਇਨ; ਨਾਹੀ ਭੇਦੁ॥ ਅਨੁਸਾਰ ਨਾਰਾਇਨ ਸਰੂਪ ਭਗਤ ਸ੍ਰੀ ਨਾਮਦੇਵ ਸਾਹਿਬ ਜੀ ਫ਼ੁਰਮਾਉਂਦੇ ਹਨ:- ਨਿਗੁਰਾ, ਵਿਚਾਰ ਰੂਪੀ ਨਿਗ੍ਹਾ ਰਹਿਤ, ਵੈਰਾਗ ਬਿਬੇਕ ਰੂਪੀ ਨੇਤ੍ਰਾਂ ਰਹਿਤ (ਅੰਧ)ਅੰਧੇ ਦੀ

Sri Satguru Jagjit Singh Ji eLibrary NamdhariElibrary@gmail.com

(ਗਤਿ)ਤਰ੍ਹਾਂ, ਔਗੁਣਾਂ ਪਾਪਾਂ ਵਿਕਾਰਾਂ 'ਚ (ਡੋਲਹਿ)ਡੋਲਦੇ, ਰਾਮ ਜੀ ਨੂੰ (ਢੂੰਢਤ)ਖੋਜਦੇ ਹਨ, (ਅਰੁ)ਅਤੇ ਅੰਨ੍ਹੇ ਇਹ ਹਨ, ਜੋ (ਸੰਤ)ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਨਾਹੀ (ਚੀਨਤ)ਜਾਣਦੇ, ਭਾਵ ਸਤਿਗੁਰੂ ਮਹਾਰਾਜ ਸਾਹਿਬ ਜੀ ਅਤੇ ਪੂਰਨ ਮਹਾਤਮਾ 'ਤੇ ਪੂਰਨ ਸ਼ਰਧਾ ਭਰੋਸਾ ਨਿਸਚਾ ਨਹੀਂ ਰੱਖਦੇ। ਉਨ੍ਹਾਂ ਦੀ ਸੇਵਾ ਨਹੀਂ ਕਰਦੇ, ਉਪਦੇਸ਼ ਨਹੀਂ ਸੁਣਦੇ, ਆਗਿਆ ਨਹੀਂ ਮੰਨਦੇ।

ਕਹਿ ਨਾਮਾ. ਕਿਉ ਪਾਈਐ; ਬਿਨੁ ਭਗਤਹੁ ਭਗਵੰਤੁ॥੨੪੧॥ ਭਗਤ (ਨਾਮਾ)ਨਾਮਦੇਵ ਜੀ (ਕਹਿ)ਫ਼ੁਰਮਾਉਂਦੇ ਹਨ:- ਭਾਈ ਅਕਾਲ ਪੁਰਖ ਵਾਹਿਗੁਰੂ ਜੀ ਦੀ ਪ੍ਰੇਮਾ- ਭਗਤੀ ਬਿਨੁ, ਜਾਂ ਗੁਰੂ (ਭਗਤਹੁ)ਭਗਤਾਂ ਜੀ ਦੀ ਸਤਿਸੰਗਤ ਸੇਵਾ ਬਿਨੁ (ਭਗਵੰਤੁ)ਅਕਾਲ ਪੁਰਖ ਵਾਹਿਗੁਰੂ ਜੀ ਨੂੰ (ਕਿਉ)ਕਿਵੇਂ (ਪਾਈਐ)ਪਾਈਏ? ਭਾਵ ਨਹੀਂ ਪਾਏ ਜਾ ਸਕਦੇ॥੨੪੧॥ ਗੁਰੂ ਪ੍ਰੇਮਾ- ਭਗਤੀ ਦੁਆਰਾ, ਗੁਰੂ ਪਿਆਰੇ ਭਗਤਾਂ ਜੀ ਦੀ ਸਤਿਸੰਗਤ ਕਰਕੇ ਭਗਵੰਤ ਜੀ ਦੀ ਪ੍ਰਾਪਤੀ ਹੁੰਦੀ ਹੈ।

ਹਰਿ ਸੋ ਹੀਰਾ. ਛਾਡਿ ਕੈ; ਕਰਹਿ. ਆਨ ਕੀ ਆਸ॥ ਤੇ ਨਰ. ਦੋਜਕ ਜਾਹਿਗੇ; ਸਤਿ ਭਾਖੈ ਰਵਿਦਾਸ॥੨੪੨॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ ਪ੍ਰੇਮ ਪ੍ਰਚਾਰ:- ਪੂਰਨ ਬ੍ਰਹਮ ਸਰੂਪ ਭਗਤ ਸ੍ਰੀ ਨਾਮਦੇਵ ਜੀ ਨੂੰ ਦੇਵੀ ਜੀ ਨੇ ਕਿਹਾ, "ਵਰ ਮੰਗ", ਇਨ੍ਹਾਂ ਕਿਹਾ, "ਮੁਕਤੀ ਦਿਉ, "ਕਹਿੰਦੇ ਮੁਕਤੀ ਨਹੀਂ ਦੇ ਸਕਦੀ" ਭਗਤ ਜੀ ਨੇ ਉਲਾਂਭਾ ਦਿਤਾ, "ਤੂ ਕਹੀਅਤ ਹੀ; ਆਦਿ ਭਵਾਨੀ॥ ਮੁਕਤਿ ਕੀ ਬਰੀਆ; ਕਹਾ ਛਪਾਨੀ॥) ਪਾਰਸਨਾਥ ਨੇ ਸਾਰੀ ਦੁਨੀਆਂ ਸ਼ਸ਼ਤ੍ਰਾਂ ਅਤੇ ਸ਼ਾਸ਼ਤ੍ਰਾਂ ਨਾਲ ਜਿੱਤ ਲਈ। ਦੇਵੀ ਜੀ ਦੀ ਭਗਤੀ ਕਰਕੇ ਅਪਣਾ ਮਨ ਨ ਜਿੱਤ ਸਕੇ, ਕਟਾਛਰਾਜ ਤੀਰਥ 'ਤੇ ਚਿਖਾ ਬਣਾ ਕੇ ਸੜ ਗਏ। ਭਾਵੇਂ ਐਡੀ ਵੱਡੀ ਦੇਵੀ ਦੀ ਉਪਾਸ਼ਨਾ ਕੀਤੀ ਸੀ ਪਰ ਫੇਰ ਭੀ ਅਪਨੇ ਮਨ ਨੂੰ ਨਹੀਂ ਜਿੱਤ ਸਕੇ। ਯਥਾ:- ਦੇਵੀ ਦੇਵਾ ਪੂਜੀਐ. ਭਾਈ; ਕਿਆ ਮਾਗਉ. ਕਿਆ ਦੇਹਿ॥ ਪਾਹਣੁ ਨੀਰਿ ਪਖਾਲੀਐ. ਭਾਈ; ਜਲ ਮਹਿ ਬੂਡਹਿ ਤੇਹਿ॥} ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਰਵਿਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- (ਹਰਿ)ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ ਸਭ ਦੇ ਮਾਤਾ ਪਿਤਾ ਹਰੀ (ਸੋ)ਸਰੀਖੇ ਅਮੋਲਕ ਹੀਰਾ ਛਾਡਿ ਕੈ, (ਆਨ)ਦਵੈਤ (ਆਨ)ਹੋਰ ਦੇਵੀ ਦੇਵਤਿਆਂ ਦੀ ਭੂਤ ਪ੍ਰੇਤ ਉਪਾਸ਼ਨਾ, ਵਿਕਾਰਾਂ ਸਾਕਤਾਂ ਨਸ਼ਿਆਂ ਕੁਕਰਮਾ ਕੁਸੰਗੀਆਂ, (ਕੀ)ਦੀ ਆਸ (ਕਰਹਿ)ਕਰਦੇ ਹਨ, (ਤੇ)ਉਹ (ਨਰ)ਪੁਰਸ਼ (ਦੋਜਕ)ਨਰਕ ਨੂੰ (ਜਾਹਿਗੇ)ਜਾਣਗੇ, ਦਾਸਨ ਦਾਸ ਰਵਿਦਾਸ, ਇਹ (ਸਤਿ)ਸੱਚੀ ਗੱਲ (ਸਤਿ)ਨਿਸਚੇ ਕਰਕੇ (ਭਾਖੈ)ਆਖਦਾ ਹੈ॥੨੪੨॥

ਕਬੀਰ. ਜਉ ਗ੍ਰਿਹੁ ਕਰਹਿ, ਤ ਧਰਮੁ ਕਰੁ; ਨਾਹੀ ਤ. ਕਰੁ ਬੈਰਾਗੁ॥ ਬੈਰਾਗੀ. ਬੰਧਨੁ ਕਰੈ; ਤਾ ਕੋ ਬਡੋ ਅਭਾਗੁ॥੨੪੩॥ ਪਹਿਲਾ ਅਰਥ:- ਪਹਿਲੇ ਅਰਥ 'ਚ ਵੈਰਾਗੀ ਜੀ ਨੂੰ ਵੈਰਾਗ ਦ੍ਰਿੜ ਕਰਵਾ ਰਹੇ ਹਨ, ਦੂਜੇ ਅਰਥ 'ਚ ਗ੍ਰਿਸਤੀ ਨੂੰ ਵੈਰਾਗ ਸ਼ੁਭ ਸੱਚਾ ਧਰਮ ਪਰਉਪਕਾਰ ਨਾਮ ਜਪਣ ਜਪਾਉਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ;) ਸਰਬ ਕਲਾ ਭਰਪੂਰ ਪ੍ਰਭ; ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਸ੍ਰਬ ਵਿਆਪੀ ਮਹਾਂ ਵਿਸਮਾਦ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਫ਼ੁਰਮਾਉਂਦੇ ਹਨ:- ਹੇ ਭਾਈ! (ਜਉ)ਜੇਕਰ (ਗ੍ਰਿਹੁ)ਘਰ (ਕਰਹਿ)ਕਰੇਂ ਤ, ਹੰਗਤਾ ਔਗੁਣ ਵਿਕਾਰ ਤਿਆਗ ਰੂਪ ਪੂਰਨ ਬੈਰਾਗੁ ਸਹਿਤ, ਸੁਆਸ ੨ ਨਾਮੁ ਜਪਣ ਜਪਾਉਣ, ਅਤਿਅੰਤ ਪਿਆਰਾ ਪਰਉਪਕਾਰੀ ਸਿੱਖੀ ਧਰਮੁ ਕਮਾਉਣ ਰੂਪ (ਗ੍ਰਿਹੁ)ਘਰ

Sri Satguru Jagjit Singh Ji eLibrary NamdhariElibrary@gmail.com

ਬਨਾਉਣਾ ਕਰੁ, ਨਾਹੀ ਤ, ਜੇਕਰ ਧਰਮੁ ਬੈਰਾਗੁ ਨੂੰ ਘਰ ਨਹੀਂ ਬਣਾਉਂਦਾ, ਜੇਕਰ ਬੈਰਾਗੀ ਹੋ ਕੇ, ਔਗੁਣਾਂ ਵਿਕਾਰਾਂ ਪਾਪਾਂ ਦੇ ਬੰਧਨੁ (ਕਰੈ)ਕਰੇ ਭਾਵ ਕੁਕਰਮਾਂ 'ਚ ਪੈ ਜਾਵੇ, (ਤਾ)ਤਿਸ (ਕੋ)ਦੇ (ਬਡੋ)ਵੱਡੇ (ਅਭਾਗੁ)ਖੋਟੇ ਭਾਗ ਹਨ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਗੁਰਪ੍ਰਸਾਦਿ ਪੂਰਨ ਪ੍ਰੇਮ ਦ੍ਰਿੜਤਾ ਸਹਿਤ. ਪੂਰਨ ਵੈਰਾਗ ਧਰਮ ਦ੍ਰਿੜ ਕਰਾਉਂਦੇ ਹਨ, ਵੈਰਾਗੀ ਹੋਵੇ ਵੈਰਾਗ ਦ੍ਰਿੜ ਪ੍ਰਪੱਕ ਕਰੇ, ਜੇ ਗੁਰੂ ਸੇਵਾ ਕਰਦਾ ਹੋਵੇਗਾ ਤਾਂ ਛੱਡ ਕੇ ਗ੍ਰਿਸਤ 'ਚ ਨ ਲੱਗੇ, ਹਰਿ ਜਪਦਿਆਂ ਖਿਨ ਮਾਤ੍ਰ ਭੀ ਢਿੱਲ ਨਹੀਂ ਕਰਨੀ ਜੀ। ਯਥਾ:- ਹਰਿ ਜਪਦਿਆ.ਖਿਨੁ ਢਿਲ ਨ ਕੀਜਈ, ਮੇਰੀ ਜਿੰਦੁੜੀਏ; ਮਤੁ ਕਿ ਜਾਪੈ, ਸਾਹੁ ਆਵੈ ਕਿ ਨ ਆਵੈ ਰਾਮ॥) ਜੋ ਉਪਜਿਓ. ਸੋ ਬਿਨਸਿ ਹੈ; ਪਰੋ ਆਜੁ ਕੇ ਕਾਲ॥ ਨਾਨਕ.ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥) ਸੇਖ ਹੈਯਾਤੀ ਜਗਿ; ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ; ਕੇਤੇ ਬੈਸਿ ਗਇਆ॥੫॥) ਕੰਧੀ ਉਤੈ ਰੁਖੜਾ; ਕਿਚਰਕੁ ਬੰਨੈ ਧੀਰੁ॥ ਫਰੀਦਾ.ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥) ਗੰਢੇਦਿਆਂ ਛਿਅ ਮਾਹ; ਤੁੜੰਦਿਆ ਹਿਕੁ ਖਿਨੋ॥੭॥) ਪੁਤ੍ਰ ਕਲਤ੍ਰ; ਗਿਰਸਤ ਕਾ ਫਾਸਾ॥ ਹੋਨੁ ਨ ਪਾਈਐ; ਰਾਮ ਕੇ ਦਾਸਾ॥) ਤਨੁ ਧਨੁ ਕਲਤੁ; ਸਭੁ ਦੇਖੁ ਅਭਿਮਾਨਾ॥ ਬਿਨੁ ਨਾਵੈ; ਕਿਛੁ ਸੰਗਿ ਨ ਜਾਨਾ॥੧॥ ਰਹਾਉ॥ ਕੀਚਹਿ ਰਸ ਭੋਗ; ਖੁਸੀਆ ਮਨ ਕੇਰੀ॥ ਧਨੁ ਲੋਕਾਂ; ਤਨੁ ਭਸਮੈ ਢੇਰੀ॥) ਕਬੀਰ. ਰਾਮ ਨਾਮੁ ਜਾਨਿਓ ਨਹੀ; ਪਾਲਿਓ ਕਟਕੁ ਕੁਟੰਬੁ॥ ਧੰਧੇ ਹੀ ਮਹਿ. ਮਰਿ ਗਇਓ; ਬਾਹਰਿ ਭਈ ਨ ਬੰਬ॥) ਹਰਿ ਸਾਜਨੁ ਪੁਰਖੁ. ਵਿਸਾਰਿ ਕੈ; ਲਗੀ ਮਾਇਆ ਧੋਹੁ॥ ਪੁਤ੍ਰ ਕਲਤ੍ਰ ਨ ਸੰਗਿ ਧਨਾ; ਹਰਿ ਅਵਿਨਾਸੀ ਓਹੁ॥ ਪਲਚਿ ਪਲਚਿ ਸਗਲੀ ਮੁਈ; ਝੂਠੈ ਧੰਧੈ ਮੋਹੁ॥ ਇਕਸੁ ਹਰਿ ਕੇ ਨਾਮ ਬਿਨੁ; ਅਗੈ ਲਈਅਹਿ ਖੋਹਿ॥ ॥੨੪੩॥

ਕਬੀਰ. ਜਉ ਗ੍ਰਿਹੁ ਕਰਹਿ, ਤ ਧਰਮੁ ਕਰੁ; ਨਾਹੀ ਤ ਕਰੁ ਬੈਰਾਗੁ॥ {ਗੁਰਬਾਣੀ ਸੰਥਾ ਕਰਨ, ਕਰਾਉਣ ਕੀਰਤਨ ਕਰਨ, ਅੱਗੇ ਸਿਖਾਉਣ ਨਿਸਕਾਮ ਕਰਮ ਗੁਰੂ ਭਗਤੀ ਰੂਪੀ ਧਰਮ ਕਮਾਵੇ, ਭਾਵ ਬਹੁਤ ਡੂੰਘਾ ਹੈ, ਗ੍ਰਿਹਸਤ ਧਰਮ 'ਚ ਵਿਕਾਰਾਂ 'ਚ ਟੁੱਟ ਕੇ ਰੋਗੀ ਸੋਗੀ ਦੁਖੀ ਨ ਹੋਵੇ। ਯਥਾ:- ਕੇਤੇ; ਖਪਿ ਤੁਟਹਿ ਵੇਕਾਰ॥) ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥ ਇਸ 'ਚ ਖੱਚਤ ਨਹੀਂ ਹੋਣਾ, ਧਰਮ ਕਮਾਉਣਾ ਹੈ, ਪੁੰਨ ਦਾਨ ਕਰਕੇ ਆਪਣਾ ਸ੍ਰੀਰ ਅਰਪ ਦੇਵੇ, ਉਹ ਗੰਗਾ ਦੇ ਪਾਣੀ ਵਾਂਗ ਉੱਜਲ ਹੈ। ਯਥਾ:- ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ; ਗੰਗਾ ਕਾ ਨੀਰੁ॥ ਗ੍ਰਿਹਸਤੀ ਇਨ੍ਹਾਂ ਬਚਨਾਂ ਨੂੰ ਕਮਾਵੇ। ਯਥਾ:- ਇਕਿ ਗਿਰਹੀ ਸੇਵਕ ਸਾਧਿਕਾ; ਗੁਰਮਤੀ ਲਾਗੇ॥ ਨਾਮੁ ਦਾਨੁ ਇਸਨਾਨੁ ਦ੍ਰਿੜੁ; ਹਰਿ ਭਗਤਿ ਸੁ ਜਾਗੇ॥) ਅਨਦਿਨੁ ਕੀਰਤਨੁ; ਕੇਵਲ ਬਖ੍ਯਾਨੁ॥ ਗ੍ਰਿਹਸਤ ਮਹਿ; ਸੋਈ ਨਿਰਬਾਨੁ॥) ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥) ਕਬੀਰ. ਜਾ ਘਰ ਸਾਧ ਨ ਸੇਵੀਅਹਿ; ਹਰਿ ਕੀ ਸੇਵਾ ਨਾਹਿ॥ ਤੇ ਘਰ ਮਰਹਟ ਸਾਰਖੇ; ਭੂਤ ਬਸਹਿ ਤਿਨ ਮਾਹਿ॥੧੯੨॥) ਇਸੁ ਭੇਖੈ ਥਾਵਹੁ. ਗਿਰਹੋ ਭਲਾ; ਜਿਥਹੁ ਕੋ ਵਰਸਾਇ॥ ਜਿੱਥੋਂ ਕੋਈ ਵਰੋਸਾਵੇ ਉਹ ਗ੍ਰਿਹਸਤ, ਪਖੰਡੀ ਭੇਖੀ ਨਾਲੋਂ ਕ੍ਰੋੜਾਂ ਅਰਬਾਂ ਗੁਣਾਂ ਚੰਗਾ ਹੈ। ਇਹ ਨ ਹੋਵੇ, ਕੋਈ ਪਾਣੀ ਮੰਗੇ, ਪੱਥਰ ਮਾਰੇ, ਐਸਾ ਗ੍ਰਿਹਸਤ ਚੰਗਾ ਨਹੀਂ। ਯਥਾ:- ਪਾਨੀ ਕੇ ਮਾਂਗਤ. ਪਾਥਰ ਮਾਰਤ; ਨਾਰਿ ਕਿਧੌ ਘਰ ਨਾਹਰ ਆਨੀ॥ (ਸ੍ਰੀ ਦਸਮ ੬੬੬) ਜੇ ਗ੍ਰਿਹਸਤ ਕਰਨਾ ਤਾਂ ਗੁਰੂ ਸੇਵਾ ਪੁੰਨ ਦਾਨ ਭਜਨ ਕਰੇ, ਇਹ ਸਿੱਖਿਆ ਬੜੀ ਹੀ ਵਿਸਮਾਦ ਹੈ, ਸੰਸਾਰ 'ਤੇ ਕਲਜੁੱਗ ਵਰਤ ਰਿਹਾ ਹੈ, ਗ੍ਰਿਹਸਤੀ ਜਿਨੇ, ਜੀਅ ਪੈਦਾ ਕਰਦਾ ਹੈ, ਜੇ ਆਪ ਧਰਮ ਨਹੀਂ ਕਰਦਾ, ਬੱਚਿਆਂ ਨੂੰ ਧਰਮ 'ਚ ਨਹੀਂ ਲਾਉਂਦਾ, ਉਹ ਸਾਰੇ ਪੁੱਠੇ ਪਾਸੇ ਲੱਗਦੇ ਹਨ। ਬਦਚਲਣੀ ਫੈਸ਼ਨ ਹੋਰ ਵਿਸ਼ੇ ਨਸ਼ੇ 'ਚ, ਸੰਸਾਰ ਨਰਕ

Sri Satguru Jagjit Singh Ji eLibrary NamdhariElibrary@gmail.com

ਬਣ ਰਿਹਾ ਹੈ। ਇਨ੍ਹਾਂ ਦੋਸ਼ਾਂ ਕਰਕੇ ਥਾਂ ੨ ਜੰਗ ਲੱਗ ਰਹੇ ਹਨ। ਇਸ ਲਈ ਜਿਵੇਂ ਕਿਸੇ ਸਿਆਣੇ ਕਿਹਾ ਹੈ,"ਜੇ ਤੁਸੀਂ ਸਾਰੇ ਚਾਹੁੰਦੇ ਹੋਂ! ਕਿ ਸਾਰਾ ਸ਼ਹਿਰ ਸਾਫ਼ ਹੋ ਜਾਵੇ, ਤਾਂ ਤੁਸੀਂ ਸਾਰੇ ਆਪੋ ਅਪਣਾ ਘਰ ਬੂਹਾ ਚੰਗੀ ਤਰ੍ਹਾਂ ਸਾਫ਼ ਕਰ ਲਵੋ, ਸਾਰਾ ਸ਼ਹਿਰ ਹੀ ਸਾਫ਼ ਹੋ ਜਾਵੇਗਾ। ਇਉਂ ਹਰ ਗ੍ਰਿਹਸਤੀ ਨੂੰ, ਸਤਿਗੁਰੂ ਸਾਹਿਬ ਜੀ ਦਾ ਪੂਰਨ ਧਰਮ- ਕਮਾਉਣ ਦਾ ਸ਼ੁਭ ਸੱਚਾ ਉਪਦੇਸ਼ ਹੈ। ਹਰ ਗ੍ਰਿਸਤੀ ਧਰਮ ਕਮਾਵੇ ਤਾਂ ਸਾਰੇ ਸੰਸਾਰ 'ਤੇ ਧਰਮ ਦੀ ਪ੍ਰਧਾਨਤਾ ਹੋਵੇ, ਜਿੱਥੇ ਕਿ ਹੁਣ ਕੂੜ ਦੀ ਪ੍ਰਧਾਨਤਾ ਹੋ ਰਹੀ ਹੈ। ਯਥਾ:- ਕਾਜੀਆ ਬਾਮਣਾ ਕੀ ਗਲ ਥਕੀ; ਅਗਦੁ ਪੜੈ ਸੈਤਾਨੁ. ਵੇ ਲਾਲੋ॥ ਜਿਵੇਂ ਪੂਰਨ ਗੁਰਮੁਖਿ ਭਾਈ ਸਾਧੂ ਜੀ, ਬੀਬੀ ਵੀਰੋ ਜੀ ਨੇ, ਆਪਣੇ ਮਹਾਂਬਲੀ ਯੋਧੇ ਸੂਰਬੀਰ ਬਹਾਦਰ ਪੰਜੇ ਸਪੁੱਤ੍ਰ, ਆਪਣੇ ਪਿਆਰੇ ਭਤੀਜੇ ਮਹਾਂਬਲੀ ਯੋਧੇ ਸੂਰਬੀਰ ਬਹਾਦਰ ਸ੍ਰੀ ਗੁਰੂ ਦਸਵੇਂ ਪਾਤਿਸਾਹ ਜੀ ਦੇ ਸੱਚੇ ਚਰਨ- ਕਮਲਾਂ 'ਚ ਅਰਦਾਸ ਕਰਨੇ:- ਸੱਚੇ ਸਤਿਗੁਰੂ ਛੇਵੇਂ ਪਾਤਿਸਾਹ ਜੀ ਦੀ ਲਾਇਕ ਸਪੁੱਤ੍ਰੀ ਜੀ, ਸਤਿਗੁਰੂ ਪੰਜਵੇਂ ਪਾਤਿਸਾਹ ਜੀ ਦੀ ਪਿਆਰੀ ਪੋਤ੍ਰੀ ਜੀ, ਸਤਿਗੁਰੂ ਚਉਥੇ ਪਾਤਿਸਾਹ ਜੀ ਦੀ ਪਿਆਰੀ ਪੜੋਤੀ ਜੀ, ਸਤਿਗੁਰੂ ਨੌਵੇਂ ਪਾਤਿਸਾਹ ਜੀ ਦੇ ਪਿਆਰੇ ਭੈਣ ਜੀ, ਅਜਪਾ ਜਾਪ ਵਾਹਿਗੁਰੂ ਦਸਵੇਂ ਪਾਤਿਸਾਹ ਜੀ ਦੇ ਪਿਆਰੇ ਭੂਆ ਬੀਬੀ ਵੀਰੋ ਜੀ ਨੇ ਆਪਣੇ ਪਰਮਪੂਜਨੀਕ ਭਰਾ ਗੁਰੂ ਨੌਵੇਂ ਪਾਤਿਸਾਹ ਜੀ ਦੀ ਵੈਰਾਗਮਈ ਸ਼ਹੀਦੀ ਹੋਣ ਮਗਰੋਂ ਭਾਰੀ ਦੁੱਖ ਮੰਨਿਆ। ਜਿਸ ਜ਼ੁਲਮੀ ਤਖ਼ਤ ਨੇ ਮੇਰੇ ਪਰਮਪੂਜਨੀਕ ਦਾਦਾ ਪੰਜਵੇਂ ਪਾਤਿਸਾਹ ਜੀ ਨੂੰ ਅਤੇ ਪਰਮਪੂਜਨੀਕ ਭਰਾ ਨੌਵੇਂ ਪਾਤਿਸ਼ਾਹ ਜੀ ਨੂੰ ਸ਼ਹੀਦ ਕੀਤਾ ਹੈ। ਇਹ ਜ਼ੁਲਮੀ ਤਖ਼ਤ ਉਲਟਾਉਣਾ ਚਾਹੀਦਾ ਹੈ। ਆਪਣੇ ਪੰਜੇ ਸਪੁੱਤ੍ਰ ਮਹਾਂਬਲੀ ਯੋਧੇ ਸੂਰਬੀਰ ਬਹਾਦਰ, ਆਪਣੇ ਪਿਆਰੇ ਭਤੀਜੇ ਸ੍ਰੀ ਗੁਰੂ ਦਸਵੇਂ ਪਾਤਿਸਾਹ ਜੀ ਦੇ ਸੱਚੇ ਚਰਨ- ਕਮਲਾਂ 'ਚ ਭੇਟਾ ਕੀਤੇ, ਜੋ ਪੰਜਾਂ ਪਾਂਡਵਾਂ ਤੋਂ ਭੀ ਅਧਿਕ ਬਹਾਦਰ ਸਨ। ਜਿਨ੍ਹਾਂ ਨੇ ਭੰਗਾਣੀ ਦੇ ਯੁੱਧ 'ਚ ਬਹੁਤ ਹੀ ਬਹਾਦਰੀ ਦਿਖਾਈ ਸ਼ਹੀਦੀ ਪਾਈ ਸੀ। ਸੱਚੇ ਸਤਿਗੁਰੂ ਸਾਹਿਬ ਜੀ ਨੇ, ਇਨ੍ਹਾਂ ਦੇ ਧਰਮ- ਜੰਗ ਨੂੰ ਬੜਾ ਭਾਰੀ ਸਲਾਹਿਆ। ਪਹਿਲੇ ਦਾ ਨਾਮ ਸੰਗੋਸ਼ਾਹ ਸੀ। ਇਸ ਨੂੰ ਸ਼ਾਹ ਸੰਗਰਾਮ (ਸੰਗਰਾਮ) ਜੰਗ ਦਾ (ਸ਼ਾਹ) ਬਾਦਸ਼ਾਹ ਕਿਹਾ ਹੈ। ੨ਜੀਤ ਮੱਲ ਸਾਹਿਬ ਜੀ। ੩ਗੰਗਾ ਰਾਮ ਸਾਹਿਬ ਜੀ। ੪ਗੁਲਾਬ ਚੰਦ ਸਾਹਿਬ ਜੀ। ੫ਮਾਹਰੀ ਚੰਦ ਸਾਹਿਬ ਜੀ। ਕਾਮਨਾ ਦੀ ਮੈਲ਼ ਤਿਆਗ ਕੇ, ਗੁਰੂ ਜੀ ਨੂੰ ਸਭ ਕੁੱਝ ਅਰਪਣ ਦਾ ਨਾਮੁ ਅਰਦਾਸਿ ਹੈ ਜੀ। ਵੱਡਭਾਗੇ ਮਨੀਰਾਮ ਜੀ ਨੇ ਪੰਜ ਸਪੁੱਤ੍ਰ ਅਰਦਾਸ ਕਰਨੇ:- ਮੁਲਤਾਨ ਪਾਸ ਅਲੀਪੁਰ ਨਾਮੇ ਪਿੰਡ ਦੇ ਰਹਿਣ ਵਾਲੇ, ਭਾਈ ਮਾਈਦਾਸ ਜੀ ਰਾਜਪੂਤ ਸ਼ੁਭ ਕਰਮੀ ਨੇਕ ਮਹਾਂਪੁਰਖ ਹੋਏ ਹਨ। ਉਨ੍ਹਾਂ ਦੇ ਘਰ ਵੱਡਭਾਗੇ ਮਨੀਰਾਮ ਜੀ ਪੈਦਾ ਹੋਏ। ਇਨ੍ਹਾਂ ਦੇ ਪੰਜ ਸਪੁੱਤ੍ਰ ਸਨ। ਭਾਈ ਮਨੀਰਾਮ ਸਾਹਿਬ ਜੀ ਦੇ ਮਨ ਅੰਦਰ, ਵਾਹਿਗੁਰੂ ਪੰਜਵੇਂ ਪਾਤਿਸਾਹ, ਨੌਵੇਂ ਪਾਤਿਸਾਹ ਜੀ ਦੀ ਸ਼ਹੀਦੀ ਦਾ ਭਾਰੀ ਵੈਰਾਗ ਤੇ ਦੁੱਖ ਸੀ। ਇਨ੍ਹਾਂ ਨੇ ਪੰਜੇ ਸਪੁੱਤ੍ਰ ਅਨੰਦਪੁਰ ਸਾਹਿਬ ਜੀ ਲਿਆ ਕੇ, ਸੱਚੇ ਸਤਿਗੁਰੂ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਤੇ ਪਾ ਦਿਤੇ, ਕਿਹਾ,"ਹੇ ਮਹਾਰਾਜ ਜੀ! ਇਹ ਆਪ ਜੀ ਨੇ ਹੀ ਦਿਤੇ ਹਨ। ਇਸ ਕਰਕੇ ਆਪ ਜੀ ਦੇ ਸੱਚੇ ਚਰਨ- ਕਮਲਾਂ 'ਚ, ਇਨ੍ਹਾਂ ਨੂੰ ਅਰਦਾਸਿ ਕਰਦਾ ਹਾਂ ਜੀ। ਇਹ ਪ੍ਰੇਮ ਭੇਟਾ ਪ੍ਰਵਾਨ ਕਰੋ ਜੀ। ਦਾਸਨ ਦਾਸ 'ਤੇ ਮਿਹਰ ਰੱਖਿਓ ਜੀ। " ਸਤਿਗੁਰੂ ਜੀ ਨੇ ਆਪ ਪੰਜਾਂ ਪਿਆਰਿਆਂ 'ਚ ਲੱਗ ਕੇ, ਇਨ੍ਹਾਂ ਪੰਜਾਂ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਇਆ। ਗੁਰਮਤਿ ਦੁਆਰਾ ਇਹ ਨਾਮ ਬਖ਼ਸ਼ੇ, ਵੱਡੇ ਦਾ ਨਾਮ ਭਾਈ ਬਚਿੱਤ੍ਰ ਸਿੰਘ ਸਾਹਿਬ ਜੀ ਰੱਖਿਆ, ਜਿਨ੍ਹਾਂ ਨੇ ਕੇਸਰੀਚੰਦ ਜਸਵਾਰੀਏ ਦੇ ਹਾਥੀ ਦੇ ਮੱਥੇ ਦੀਆਂ ਫ਼ੌਲਾਦੀ ਤਵੀਆਂ ਨਾਗਣੀ ਨਾਲ ਵਿੰਨ੍ਹੀਆਂ। ਦੂਜੇ ਬਾਬਾ ਉਦੈ ਸਿੰਘ ਜੀ ਨੇ ਰਣ ਤੱਤੇ 'ਚ, ਸੱਚੇ ਸਤਿਗੁਰੂ ਸਾਹਿਬ ਜੀ ਦੀ ਆਗਿਆ ਪਾ ਕੇ, ਐਨੀ ਤੇਜ਼ੀ ਨਾਲ ਘੋੜਾ ਵੈਰੀ ਵੱਲ ਭਜਾਇਆ, ਦੇਖਣ ਵਾਲੇ ਹੈਰਾਨ ਸਨ, ਬਈ ਇਹ ਐਨੀ ਫ਼ੌਜ ਸਾਹਮਣੇ ਜਾ ਕੇ ਸ਼ਹੀਦ ਹੋ ਜਾਏਗਾ, ਪਰ ਇਸ ਨੇ ਕੇਸਰੀਚੰਦ ਨੂੰ ਵੰਗਾਰ ਕੇ, ਉਸ ਨਾਲ

Sri Satguru Jagjit Singh Ji eLibrary NamdhariElibrary@gmail.com

ਦੋ ਹੱਥ ਕਰਕੇ, ਸਿਰ ਵੱਢ ਕੇ ਬਰਛੇ 'ਤੇ ਟੰਗ ਲਿਆਂਦਾ। ਸੱਚੇ ਸਤਿਗੁਰੂ ਸਾਹਿਬ ਜੀ ਨੇ ਛਾਤੀ ਨਾਲ ਲਾ ਕੇ ਪਿਆਰ ਦਿੱਤਾ, ਵਾਹ! ਮੇਰੇ ਲਾਲ ਜੀ, ਸ਼ਾਬਾਸ਼! ਆਪ ਜੀ ਨੇ ਅੱਜ ਖ਼ਾਲਸਾ ਆਦਰਸ਼ ਨੂੰ ਪ੍ਰਤੱਖ ਕਰ ਦਿਖਲਾਇਆ ਹੈ। ਤੀਜੇ ਗੁਰਮੁਖਿ ਭਾਈ ਅਨਿਕ ਸਿੰਘ ਸਾਹਿਬ ਜੀ, ਚੌਥੇ ਭਾਈ ਅਜ਼ਬ ਸਿੰਘ ਸਾਹਿਬ ਜੀ, ਪੰਜਵੇਂ ਭਾਈ ਅਜ਼ਾਇਬ ਸਿੰਘ ਸਾਹਿਬ ਜੀ। ਪੰਜੇ ਹੀ ਬਹੁਤ ਚੜ੍ਹਦੀ ਕਲਾ ਵਾਲੇ ਯੋਧੇ ਸਨ। ਇਸ ਤਰ੍ਹਾਂ ਦੀਆਂ ਅਰਦਾਸਾਂ ਨਿਤਾ- ਪ੍ਰਤੀ ਹੁੰਦੀਆਂ ਸਨ। ਗੁਰ ਮਰਯਾਦਾ ਅਨੁਸਾਰ ਪਤੀ ਸਤੀ ਮਿਲ ਕੇ ਬਾਣੀ ਪੜ੍ਹਨ ਅਰਥ ਵੀਚਾਰਨ, ਆਪਣੇ ਨਾਲ ਬੱਚਿਆਂ ਨੂੰ ਬਿਠਾਉਣ, ਇੱਕ ੨ ਪਉੜੀ ਕਰਕੇ ਪਾਠ ਕਰਨ। ਇਕੱਠੇ ਸਿਮਰਨ ਕਰਨ, ਸਾਦਾ ਪਹਿਨਣ ਤੇ ਸਾਦਾ ਹੀ ਖਾਣ। ਕੇਤੇ; ਖਪਿ ਤੁਟਹਿ ਵੇਕਾਰ॥ ਅਨੁਸਾਰ ਸ੍ਰੀਰ ਵਿਸ਼ਿਆਂ 'ਚ ਖਪਿ ੨ ਕੇ ਟੁੱਟ ਜਾਂਦੇ ਹਨ। ਇਸ ਕਰਕੇ ਵਿਕਾਰ ਮੇਟਣ ਵਾਲੇ ਸ਼ਬਦਾਂ ਪਦਾਂ ਦਾ ਅਭਿਆਸ ਕਰਨ। ਯਥਾ:- ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਬਿਖਿਆ ਮਹਿ; ਕਿਨਹੀ ਤ੍ਰਿਪਤਿ.ਨ ਪਾਈ॥ ਜਿਉ ਪਾਵਕੁ.ਈਧਨਿ ਨਹੀ ਧ੍ਰਾਪੈ; ਬਿਨੁ ਹਰਿ.ਕਹਾ ਅਘਾਈ॥) ਜਿਨ੍ਹਾ ਅੰਤਰਿ ਕਪਟੁ ਵਿਕਾਰੁ ਹੈ; ਤਿਨਾ ਰੋਇ ਕਿਆ ਕੀਜੈ॥) ਬਿਖਿਆ ਕੈ ਧਨਿ; ਸਦਾ ਦੁਖੁ ਹੋਇ॥ ਨਾ ਸਾਥਿ ਜਾਇ; ਨ ਪਰਾਪਤਿ ਹੋਇ॥ ਪਤੀ ਸਤੀ ਇਹ ਭੁੱਲ ਨਾ ਕਰਨ ਕਿ ਸਾਡਾ ਸੰਜੋਗ ਕੇਵਲ ਵਿਕਾਰਾਂ ਲਈ ਹੀ ਹੈ। ਧਨ ਪਿਰੁ ਏਹਿ ਨ ਆਖੀਅਨਿ; ਬਹਨਿ ਇਕਠੇ ਹੋਇ॥ ਏਕ ਜੋਤਿ ਦੁਇ ਮੂਰਤੀ; ਧਨ ਪਿਰੁ ਕਹੀਐ ਸੋਇ॥੩॥ ਸੱਚੇ ਪਾਤਿਸਾਹ ਜੀ ਦੀ ਅੰਮ੍ਰਿਤ ਗੁਰਬਾਣੀ ਜੀ ਦਾ ਖ਼ੂਬ ਅਭਿਆਸ ਕਰਕੇ ਵਿਕਾਰ ਤਿਆਗ ਕੇ ਪਤੀ ਸਤੀ ਇੱਕ ਜੋਤਿ ਹੋ ਜਾਣ। ਯਥਾ:- ਸਿੱਖ ਸਿੱਖਣੀ ਮਿਲ ਬਹੈ, ਚਰਚਾ ਕਰੈ ਅਪਾਰ॥ ਭਜਨ ਸਿਖਾਵੇ ਪੁੱਤ੍ਰ ਕੋ; ਹਰਿ ਭਜ ਬਾਰੰ ਬਾਰ॥}

ਕਬੀਰ. ਜਉ ਗ੍ਰਿਹੁ ਕਰਹਿ, ਤ ਧਰਮੁ ਕਰੁ; ਨਾਹੀ ਤ. ਕਰੁ ਬੈਰਾਗੁ॥ ਬੈਰਾਗੀ. ਬੰਧਨੁ ਕਰੈ; ਤਾ ਕੋ ਬਡੋ ਅਭਾਗੁ॥੨੪੩॥੨:- ਪਰਮਪੂਜਨੀਕ ਅਜਪਾ ਜਾਪ ਵਾਹਿਗੁਰੂ ਜੀ ਦੇ ਅਵਤਾਰ ਸ਼੍ਰੋਮਣੀ ਭਗਤ ਸ੍ਰੀ ਕਬੀਰ ਸਾਹਿਬ ਜੀ ਅਕਾਲ ਪੁਰਖ ਜੀ 'ਚ ਲੀਣ ਹੋ ਕੇ, ਹਰ ਖ਼ਿਆਲ 'ਚ, ਹਰ ਸਮੇਂ ਹਰ ਪ੍ਰਾਣੀ ਨੂੰ, ਅਕਾਲ ਪੁਰਖ ਜੀ 'ਚ ਲੀਣ ਹੋਣ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ਦੇ ਹਨ:- (ਜਉ)ਜੇਕਰ (ਗ੍ਰਿਹੁ)ਗ੍ਰਿਹਸਥੀ ਜੀਵਨ (ਕਰਹਿ)ਕਰੇਂ ਤ, ਅਤਿਅੰਤ ਪਿਆਰਾ ਸਿੱਖੀ ਧਰਮੁ ਧਾਰਨਾ ਕਰੁ, ਜੇਕਰ ਧਰਮ ਨਾਹੀ ਕਮਾ ਸਕਦਾ ਤ, ਹੰਗਤਾ ਸਭ ਔਗੁਣ ਤਿਆਗ ਕੇ, ਪੂਰਨ ਬੈਰਾਗੁ ਸਹਿਤ ਬੰਦਗੀ ਗੁਰੂ ਸੇਵਾ ਪਰਉਪਾਰ ਕਰੁ। ਜੇਕਰ ਬੈਰਾਗੀ ਹੋ ਕੇ, ਔਗੁਣਾਂ ਵਿਕਾਰਾਂ ਪਾਪਾਂ ਦੇ ਬੰਧਨੁ ਕਰੈ, ਭਾਵ ਕੁਕਰਮਾਂ 'ਚ ਪੈ ਜਾਵੇ, (ਤਾ)ਤਿਸ (ਕੋ)ਦੇ (ਬਡੋ)ਵੱਡੇ (ਅਭਾਗੁ)ਖੋਟੇ ਭਾਗ ਹਨ। ਨਾਰ ਮਰੇ ਘਰ ਸੰਪਤ ਨਾਸੀ, ਮੂੰਡ ਮੁਡਾਏ. ਭਏ ਸੰਨਿਆਸੀ। ਅਨੁਸਾਰ ਇਸਤ੍ਰੀ ਮਰਨ ਦੁੱਖੋਂ, ਬੈਰਾਗੀ ਬਣਿਆਂ, ਕਈ ਚੇਲੀਆਂ ਬਣਾ ਲਈਆਂ, ਵਿਕਾਰਾਂ ਦੀ ਜ਼ਹਿਰ ਨਾਲ ਮਰ ਜਾਵੇਗਾ। ਯਥਾ:- ਗਲਾ ਉਪਰਿ. ਤਪਾਵਸੁ ਨ ਹੋਈ; ਵਿਸੁ ਖਾਧੀ. ਤਤਕਾਲ ਮਰਿ ਜਾਏ॥ ॥੨੪੩॥

ਸਾਖੀ:- ਵਾਹਿਗੁਰੂ ਮਹੱਲਾ ਪਹਿਲਾ ਜੀ ਭੱਦਰਖੰਡ ਵਿਖੇ ਪੁੱਜੇ, ਰਾਜੇ ਕੌਲਨਾਭ ਜੀ ਨੇ ਮੰਤ੍ਰੀਆਂ ਸਮੇਤ, ਮਹਾਨ ਪਰਉਪਕਾਰੀ ਸੱਚੇ ਚਰਨ- ਕਮਲਾਂ 'ਤੇ ਪ੍ਰੇਮ ਭੇਟਾ ਰੱਖ ਕੇ, ਮੱਥਾ ਟੇਕਿਆ। ਯਥਾ:- ਗੁਰੁ ਪਰਮੇਸੁਰੁ ਪੂਜੀਐ; ਮਨਿ ਤਨਿ ਲਾਇ ਪਿਆਰੁ॥ ਘਣੀ ਨਿਮ੍ਰਤਾ ਬੇਨਤੀ ਪੂਰਬਕ ਕਿਹਾ ਕਿ,"ਹੇ ਗ਼ਰੀਬ ਨਿਵਾਜ ਮਹਾਰਾਜ ਸਾਹਿਬ ਜੀਉ! ਚੌਹਾਂ ਆਸ਼੍ਰਮਾਂ 'ਚੋਂ ਵੱਡਾ ਕਿਹੜਾ ਹੈ?"। ਗੁਰ ਉੱਤ੍ਰ:- "ਮੂਲ ਬਿਟਵ ਕੋ; ਗ੍ਰਿਹਸਤ ਪਛਾਨੋ। ਆਸ਼੍ਰਮ ਅਪਰ ਜਿ ਸਾਖਾ ਮਾਨਹੁ। ਯਾਂ ਕੋ ਲਖਹੁ; ਸਮੁੰਦ੍ਰ ਸਮਾਨਾ। ਮੁਕਤਾਦਿਕ ਨਿਕਸਤ ਹੈ ਨਾਨਾ। ਰਾਜੇ ਨੇ ਪ੍ਰੇਮ ਬੇਨਤੀ ਕੀਤੀ, "ਗ੍ਰਿਹਸਤ ਧਰਮ ਦੇ ਕਿਹੜੇ ੨ ਅਸੂਲ ਹਨ"। ਗੁਰ ਉੱਤ੍ਰ:- ਵੰਡ ਖਾਏ; ਅਰੁ ਦਾਨ ਕਰੋਈ।

Sri Satguru Jagjit Singh Ji eLibrary NamdhariElibrary@gmail.com

ਛੁਛ ਨ ਫਿਰੈ; ਅਭਾਜਾਗਤ ਜੋਈ। ਨੀਰ ਕੂਪ ਜੋ ਨਿਕਸਤ ਨਾਹੀ। ਠਹਿਰਤ ਗੰਦਾ ਹ੍ਵੈ ਤਿਸ ਮਾਹੀ। ਨਿਕਸਤ ਰਹੈ ਨੀਰ ਜੇ ਤਾਹੂੰ। ਮਧੁਰ ਹੋਇ ਜਾਨੋ ਸਭ ਕਾਹੂੰ। ਤਿਉਂ ਗ੍ਰਿਹਸਤੀ ਕੀ ਰੀਤ ਸੁਹਾਈ। ਕਰਹਿ ਜੇ ਨਰ ਇਤ ਉਤ ਸੁਖ ਪਾਈ। (ਗੁਰੂ ਨਾਨਕ ਪ੍ਰਕਾਸ਼) ਜੈਸੇ ਮਛ ਕਛ ਬਗ ਹੰਸ; ਮੁਕਤਾ ਪਾਖਾਨ ਅੰਮ੍ਰਿਤ ਬਿਖੈ; ਪ੍ਰਗਾਸ ਉਦਧਿ ਸੈ ਜਾਨੀਐ। ਜੈਸੇ ਤਾਰੋ ਤਾਰੀ ਤਉ ਆਰਸੀ ਸਨਾਹ ਸਸਤ੍ਰ; ਲੋਹ ਏਕ ਸੇ ਅਨੇਕ ਰਚਨਾ ਬਖਾਨੀਐ। ਭਾਂਜਨ ਬਿਬਿਧਿ ਜੈਸੇ. ਹੋਤ ਏਕ ਮਿਰਤਕਾ ਸੈ; ਖੀਰ ਨੀਰ ਬਿੰਜਨਾਦਿ. ਅਉਖਦ ਸਮਾਨੀਐ। ਤੈਸੇ ਦਰਸਨ ਬਹੁ ਬਰਨ ਆਸ੍ਰਮ ਧ੍ਰਮ ਸਕਲ; ਗ੍ਰਿਹਸਤੁ ਕੀ ਸਾਖਾ ਉਨਮਾਨੀਐ॥੩੭੫॥ ਗ੍ਰਿਹਸਤ- ਧਰਮ ਦੀ ਮਹਿਮਾ ਭਾਈ ਗੁਰਦਾਸ ਜੀ ਇਉਂ ਫੁਰਮਾਉਂਦੇ ਹਨ:- ਜਿਵੇਂ ਮੱਛੀਆਂ ਕੱਛੂ ਬਗਲੇ ਹੰਸ ਮੋਤੀ ਮੂੰਗੇ ਆਦਿ ਪੱਥਰ ਅੰਮ੍ਰਿਤ, ਜ਼ਹਿਰ ਦਾ ਪ੍ਰਗਾਸ ਸਮੁੰਦ੍ਰ ਤੋਂ ਜਾਣਿਆਂ ਜਾਂਦਾ ਹੈ। ਜਿਵੇਂ ਕੁੰਜੀ ਤਲਵਾਰ ਸੰਜੋਅ ਸ਼ਸ਼ਤ੍ਰ ਆਦਿ ਦੀ ਕਈ ਤਰ੍ਹਾਂ ਦੀ ਰਚਨਾ, ਇੱਕ ਲੋਹੇ ਤੋਂ ਦੱਸੀ ਜਾਂਦੀ ਹੈ। ਜਿਵੇਂ ਇੱਕ ਮਿੱਟੀ ਤੋਂ ਕਈ ਤਰ੍ਹਾਂ ਦੇ ਭਾਂਡੇ ਬਣਦੇ ਹਨ। ਜਿਨ੍ਹਾਂ 'ਚ ਦੁੱਧ ਪਾਣੀ ਭੋਜਨ ਦਵਾਈਆਂ ਪਦਾਰਥਾਂ ਦੀ ਸਮਾਈ ਹੁੰਦੀ ਹੈ। ਤਿਵੇਂ ਬਹੁ ਪ੍ਰਕਾਰੀ ਦਰਸ਼ਨ ਸਾਸਤ੍ਰ, ਚਾਰੇ ਵਰਨ, ਚਾਰੇ ਆਸ਼ਰਮ. ਆਦਿ ਸਾਰੇ ਹੀ ਧਰਮ, ਗ੍ਰਿਹਸਤ ਧਰਮ ਦੀਆਂ ਸਾਖਾਂ ਜਾਣੀਆਂ ਜਾਂਦੀਆਂ ਹਨ, ਭਾਵ ਇਨ੍ਹਾਂ ਸਭਨਾ ਦੀ ਹੋਂਦ ਗ੍ਰਿਹਸਤ ਧਰਮ ਕਰਕੇ ਹੀ ਹੈ। ਜੈਸੇ ਸਰਿ ਸਰਿਤਾ ਸਕਲ ਮੈ. ਸਮੁੰਦ੍ਰ ਬਡੋ; ਮੇਰ ਮੈ. ਸੁਮੇਰ ਬਡੋ; ਜਗਤੁ ਬਖਾਨ ਹੈ। ਤਰਵਰ ਬਿਖੈ. ਜੈਸੇ ਚੰਦਨ ਬਿਰਖੁ ਬਡੋ; ਧਾਤ ਮੈ ਕਨਕ. ਅਤਿ ਉਤਮ ਕੈ ਮਾਨ ਹੈ। ਪੰਛੀਅਨ ਮੈ ਹੰਸ, ਮ੍ਰਿਗ ਰਾਜਨ ਮੈ ਸਾਰਦੂਲ; ਰਾਗਨ ਮੈ ਸਿਰੀਰਾਗੁ, ਪਾਰਸ ਪਖਾਨ ਹੈ। ਗਿਆਂਨਨ ਮੈ ਗਿਆਨੁ ਅਰੁ ਧਿਆਨਨ ਮੈ ਧਿਆਨ ਗੁਰ; ਸਕਲ ਧਰਮ ਮੈ ਗ੍ਰਿਹਸਤੁ ਪ੍ਰਧਾਨ ਹੈ॥੩੭੬॥

ਸਾਖੀ ਅਰੰਭ:- ਗੁਰਪ੍ਰਸਾਦਿ ਵਾਹਿਗੁਰੂ। ਬਾਬੇ ਤਾਰੇ ਚਾਰਿ ਚਕਿ; ਨਉ ਖੰਡਿ ਪ੍ਰਿਥਮੀ ਸਚਾ ਢੋਆ॥ ਅਨੁਸਾਰ ਧੰਨ ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਪੰਜ ਵੱਡੀਆਂ ਉਦਾਸੀਆਂ ਧਾਰ ਕੇ, ਖੰਡ ਬ੍ਰਹਮੰਡ ਦਾ ਉਧਾਰ ਕਰਕੇ, ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ ਆ ਬਿਰਾਜੇ। ਯਥਾ:- ਪਹਿਰ ਸੰਸਾਰੀ ਕਪੜੇ; ਮੰਜੀ ਬੈਠ ਕੀਆ ਅਵਤਾਰਾ॥ ਅੰਮ੍ਰਿਤ ਵੇਲੇ ਸਵਾ ਪਹਿਰ ਦੇ ਤੜਕੇ. ਰਾਵੀ 'ਚ ਇਸ਼ਨਾਨ ਕਰਕੇ, ਸ੍ਰਬ ਵਿਆਪੀ ਦਾ ਧਿਆਨ ਧਾਰਦੇ, ਸਿਮਰਨ 'ਚ ਲੀਨ ਹੋ ਜਾਂਦੇ। ਯਥਾ:- ਅਕਾਲ ਮੂਰਤਿ ਹੈ ਸਾਧ ਸੰਤਨ ਕੀ; ਠਾਹਰ ਨੀਕੀ ਧਿਆਨ ਕਉ॥੧॥) ਗੁਰ ਮੂਰਤਿ. ਗੁਰ ਸਬਦੁ ਹੈ; ਸਾਧਸੰਗਤਿ ਮਿਲਿ. ਅੰਮ੍ਰਿਤ ਵੇਲਾ॥ ਅੰਮ੍ਰਿਤ ਵੇਲੇ ਚਾਰ ਘੜੀ ਰਾਤ ਰਹਿੰਦੀ ਤੋਂ, ਧਰਮਸ਼ਾਲਾ 'ਚ ਆ ਕੇ ਸਜਦੇ, ਵਾਹਿਗੁਰੂ ਗੁਰਸ਼ਬਦ ਕੀਰਤਨ ਹੁੰਦਾ। ਸੁਨਣ ਵਾਲਿਆਂ ਦੇ ਮਨ 'ਚ ਪ੍ਰੇਮ ਉਪਜਦਾ। ਸਮੂਹ ਪ੍ਰੇਮੀ ਗੁਰੂ ਪ੍ਰਮੇਸਰ ਜੀ ਦੇ ਦਗ ੨ ਕਰਦੇ, ਨੂਰੋ ਨੂਰ ਚੇਹਰੇ ਨੂੰ ਤੱਕਦੇ, ਸਭ ਦੇ ਮਨ ਮਹਾਂ ਮਹਾਂ ਵਿਸਮਾਦ ਇਕਾਗ੍ਰ ਹੋ ਜਾਂਦੇ। ਯਥਾ:- ਚੰਦ ਚਕੋਰ ਪਰੀਤ ਹੈ; ਲਾਇ ਤਾਰ ਨਿਹਾਲੇ।) ਪ੍ਰਗਟੇ ਗੁਪਾਲ; ਮਹਾਂਤ ਕੈ ਮਾਥੇ॥ ਜਿਉਂ ਹੀ ਮਹਾਰਾਜ ਸਾਹਿਬ ਜੀ ਦੇ ਅੰਦਰ ਵਾਹਿਗੁਰੂ ਮੰਤ੍ਰ ਜਾਪ ਹੁੰਦਾ, ਮਹਾਰਾਜ ਸਾਹਿਬ ਜੀ, ਦਿਲ ਦਿਮਾਗ਼ 'ਚ ਗੁਰਬਾਣੀ ਭੇਜਦੇ, ਸਭ ਦੇ ਰਿਦਿਆਂ ਚੋਂ ਮੂੰਹ 'ਚ ਅੰਮ੍ਰਿਤ ਭੇਜਦੇ। ਸਾਰੀ ਸਭਾ ਵਿਸਮਾਦ ਹੋ ਜਾਂਦੀ। ਪ੍ਰੇਮੀ ਜੋ ਭੀ ਮਹਾਰਾਜ ਸਾਹਿਬ ਜੀ ਦੇ ਸੱਚੇ ਚਰਨ- ਕਮਲਾਂ 'ਚ ਪ੍ਰੇਮ ਬੇਨਤੀਆਂ ਕਰਦੇ, ਸਾਹਿਬ ਜੀ ਬੜੇ ਹੀ ਪਿਆਰ ਨਾਲ ਸੁਣਦੇ। ਕੋਮਲ ਬਾਣੀ; ਸਭ ਕਉ ਸੰਤੋਖੈ॥) ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਅਨੁਸਾਰ ਸਭ ਨੂੰ ਉੱਤ੍ਰ ਦੇ ਕੇ ਪੂਰਨ ਤ੍ਰਿਪਤ ਕਰਦੇ।

ਸਤਿਗੁਰੂ ਸਾਹਿਬ ਜੀ ਦੇ ਦਰਸ਼ਨ ਕਰਕੇ, ਇੱਕ ਪ੍ਰੇਮੀ ਨੂੰ ਪ੍ਰਮਾਤਮਾ ਜੀ ਨੂੰ ਮਿਲਣ ਦੀ ਸ਼ੁਭ ਇੱਛਾ ਜਾਗੀ, ਪ੍ਰੇਮ ਬੇਨਤੀ ਕੀਤੀ, "ਹੇ ਗ਼ੀਬ ਨਿਵਾਜ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ! "ਦਾਸਨ ਦਾਸ ਫ਼ਕੀਰ ਬਣੇ ਜਾਂ ਗ੍ਰਿਹਸਤ ਧਰਮ ਧਾਰੇ, ਜਾਂ ਸਿੱਖੀ ਧਾਰੇ, ਜਿਵੇਂ ਰਜ਼ਾ ਹੋਵੇ, ਤਿਵੇਂ ਹੀ ਦਾਸ ਕਰੇਗਾ", ਸਤਿਗੁਰੂ ਮਹਾਰਾਜ

Sri Satguru Jagjit Singh Ji eLibrary NamdhariElibrary@gmail.com

ਸਾਹਿਬ ਜੀ ਕਿਹਾ, "ਭਾਈ! ਇਹ ਪ੍ਰੇਮ ਪੱਤ੍ਰਕਾ, ਸ੍ਰੀ ਸੁਲਤਾਨਪੁਰ ਸਾਹਿਬ ਜੀ ਲੈ ਕੇ ਜਾ, ਓੱਥੇ ਪ੍ਰਸਿੱਧ ਪ੍ਰੇਮੀ ਸਿੱਖ ਵਸਦਾ ਹੈ, ਉਸ ਨੂੰ ਦੇਵੀਂ, ਪਰ ਯਾਦ ਰੱਖੀਂ ਇਸ 'ਚ, ਜੋ ਹੁਕਮ ਲਿਖਿਆ ਹੈ, ਉਸ ਤੋਂ ਮਾਇਆ ਲੈ ਕੇ, ਫੇਰ ਕੁੱਝ ਛਕਣਾ। ਸਿੱਖ ਬੜੇ ਚਾਅ ਉਤਸ਼ਾਹ ਨਾਲ ਹੁਕਮ ਮੰਨਦਿਆਂ, ਸ੍ਰੀ ਸੁਲਤਾਨਪੁਰ ਸਾਹਿਬ ਜੀ ਵਿਖੇ ਪਹੁੰਚਾ। ਸਿੱਖ ਬੜੇ ਪਿਆਰ ਦੇ ਨਾਲ ਮਿਲਿਆ, ਬਹੁਤੇ ਪ੍ਰੇਮ ਦੇ ਨਾਲ ਸੀਸ ਨਿਵਾਇਆ। ਮਾਨੋਂ ਗੁਰੂ ਨਾਨਕ ਸਾਹਿਬ ਜੀ ਦੇ ਦਰਸ਼ਨ ਮੰਨੇ, ਸਹਿਤ ਆਦਰ ਦੇ ਪਲੰਘੇ 'ਤੇ ਬਿਠਾਇਆ, ਬੜੇ ਹੀ ਪ੍ਰੇਮ ਨਾਲ ਚਰਨ- ਕਮਲ ਧੋਤੇ। ਬਹੁਤ ਪਿਆਰ ਨਾਲ ਭੋਜਨ ਤਿਆਰ ਕੀਤਾ, ਕਿਹਾ, "ਲਉ ਜੀ ਛਕੋ, ਥਕਾਵਟ ਦੂਰ ਹੋ ਜਾਵੇਗੀ"। ਸਿੱਖ ਕਿਹਾ, "ਦਾਸਨ ਦਾਸ ਨੂੰ ਗੁਰੂ ਪ੍ਰੀਤਮ ਜੀ ਦਾ ਹੁਕਮ ਹੈ, ਇਸ ਹੁਕਮਨਾਮੇ 'ਚ ਜੋ ਮਾਇਆ ਲਿਖੀ ਹੈ, ਇਹ ਪਹਿਲਾਂ ਲੈਣੀ ਹੈ ਫਿਰ ਭੋਜਨ ਛਕਣਾ ਹੈ"। ਇਹ ਸੁਣ ਕੇ ਸਿੱਖ ਨੂੰ ਬੜਾ ਹੀ ਸੰਸਾ ਉਪਜਿਆ। ਘਰ 'ਚ ਗ਼ਰੀਬੀ ਬਹੁਤ ਜ਼ਿਆਦਾ ਸੀ, ਪੈਸੇ ਕਿੱਥੋਂ ਦੇਵੇ, ਸੋਚਦਾ ਰਿਹਾ ਬਈ ਛੇਤੀ ਕੰਮ ਹੋਣਾ ਚਾਹੀਦਾ, ਸਿੱਖ ਘਰ 'ਚ ਭੁੱਖਾ ਬੈਠਾ ਹੈ। ਘਰ ਵਾਲੀ ਨੇ ਇੱਕ ਬੜਾ ਸੋਹਣਾ ਸੁਝਾਅ ਦਿਤਾ, "ਪ੍ਰੇਸ਼ਾਨ ਨ ਹੋਵੋ, ਦੋ ਆਪਾਂ ਤੀਜੀ ਆਪਣੀ ਬੱਚੀ, ਸ਼ਾਹੂਕਾਰ ਪਾਸ ਮਜ਼ਦੂਰੀ ਕਰਾਂਗੇ, ਕਰਜ਼ਾ ਲੈ ਕੇ ਦੇ ਦਿੰਦੇ ਹਾਂ, ਪੈਸੇ ਵਿਆਜ ਸਮੇਤ ਮੋੜ ਦੇਵਾਂਗੇ"। ਸ਼ਾਹੂਕਾਰ ਤੋਂ ਢਾਈ ਸੌ ਦਮੜਾ ਲਿਆਂਦਾ, ਦੋ ਸੌ ਦਮੜਾ ਮਹਾਰਾਜ ਸਾਹਿਬ ਜੀ ਨੇ ਮੰਗਿਆ ਸੀ, ਪ੦ ਦਮੜੇ ਸਿੱਖ ਨੂੰ ਪ੍ਰੇਮ ਭੇਟਾ ਕਰ ਦਿਤੇ। ਪ੍ਰਸ਼ਾਦ ਛਕਿਆ, ਰਾਤ ਰਿਹਾ, ਅਗਲੇ ਦਿਨ ਸਵੇਰੇ ਵਾਪਿਸ ਆਉਂਦਿਆਂ ਰਸਤੇ 'ਚ ਇੱਕ ਪੂਰਨ ਮਹਾਂਪੁਰਸ਼ਾਂ ਪਾਸ ਪਹੁੰਚਿਆ। ਇੱਕ ਸ਼ਾਹੂਕਾਰ, ਮਹਾਂਪੁਰਸ਼ਾਂ ਨੂੰ ਕੀਮਤੀ ਦੁਸ਼ਾਲਾ ਮਾਇਆ ਮਿੱਠੇ ਭੋਜਨ ਭੇਟਾ ਕਰਕੇ, ਚਲਿਆ ਗਿਆ। ਸੰਤ ਆਪਣੇ ਪ੍ਰੇਮ ਟਿਕਾਅ 'ਚ ਬੰਦਗੀ ਕਰਦੇ ਰਹੇ। ਇੱਕ ਲਾਲਚੀ ਆਇਆ, ਦੇਖਿਆ ਦੁਸ਼ਾਲਾ ਬੜਾ ਹੀ ਕੀਮਤੀ ਹੈ, ਮਹਾਂਪੁਰਸ਼ਾਂ ਕੋਲੋਂ ਦੁਸ਼ਾਲਾ ਮਾਇਆ ਮਠਿਆਈ ਚੁੱਕ ਲਈ। ਮਹਾਂਪੁਰਸ਼ਾਂ ਨੇ, ਦੇਣ ਵਾਲੇ ਨੂੰ ਸ਼ੁਭ ਬਚਨ ਕਹੇ, "ਤੇਰਾ ਭਲਾ ਹੋਵੇ, ਭਾਈ ਸ਼ਾਬਾਸ਼"! ਚੁੱਕਣ ਵਾਲੇ ਨੂੰ ਕਿਹਾ, "ਭਲਾ ਹੋਵੇ" ਅਨੰਦ 'ਚ ਹੀ ਵਿਸਮਾਦ ਰਹੇ। ਪਦਾਰਥ ਆਏ ਤੋਂ ਖੁਸ਼ ਨਹੀਂ ਹੋਏ, ਗਏ ਤੋਂ ਨਰਾਜ਼ ਨਹੀਂ ਹੋਏ। ਯਥਾ:- ਆਵਤ ਹਰਖ. ਨ ਜਾਵਤ ਦੂਖਾ; ਨਹ ਬਿਆਪੈ. ਮਨ ਰੋਗਨੀ॥) ਮਾਇਆ ਹੋਈ ਨਾਗਨੀ; ਜਗਤਿ ਰਹੀ ਲਪਟਾਇ॥ ਅਨੁਸਾਰ ਨਾਗਣੀ ਸਮਝਦੇ ਸਨ। ਹਰਖ ਸੋਗ ਜਾ ਕੈ ਨਹੀ; ਬੈਰੀ ਮੀਤ ਸਮਾਨ॥ ਕਹੁ ਨਾਨਕ. ਸੁਨਿ ਰੇ ਮਨਾ; ਮੁਕਤਿ ਤਾਹਿ ਤੈ ਜਾਨ॥) ਚੇਰੀ; ਤੈ ਸੁਮਤਿ ਕਹਾਂ ਤੇ ਪਾਈ॥ ਜਾ ਤੇ; ਭ੍ਰਮ ਕੀ ਲੀਕ ਮਿਟਾਈ॥ ਭ੍ਰਮ ਦੀ ਲੀਕ ਮਿਟ ਚੁੱਕੀ ਸੀ। ਇਸ ਕਰਕੇ, ਹਰਖ ਸੋਗ ਤੋਂ ਨਿਰਾਲੇ ਸਨ। ਸਿੱਖ ਨੇ ਇਹ ਕੌਤਕ ਅੱਖੀਂ ਵੇਖਿਆ, ਮਹਾਂਪੁਰਸ਼ਾਂ ਨੂੰ ਨਮਸਕਾਰ ਕੀਤੀ, ਵਾਪਸ ਆ ਰਿਹਾ ਹੈ। ਰਾਤ ਕੱਟਣ ਲਈ, ਇੱਕ ਬ੍ਰਿੱਛ ਹੇਠਾਂ ਡੇਰਾ ਕੀਤਾ, ਬ੍ਰਿੱਛ ਉੱਪਰ ਕਬੂਤਰ ਕਬੂਤਰੀ ਰਹਿੰਦੇ ਸਨ। ਇਨ੍ਹਾਂ ਦੋਹਾਂ ਨੇ ਕਿਹਾ, "ਇੱਕ ਪ੍ਰਾਹੁਣਾ ਆਪਣੇ ਘਰੇ ਆਇਆ ਹੈ, ਇਸ ਦੀ ਪ੍ਰਾਹੁਣਚਾਰੀ ਕਰੀਏ, ਚੁੰਝਾਂ 'ਚ ਧੁਖਦੀਆਂ ਮੀਂਗਣਾਂ ਲਿਆਏ। ਆਪਣਾ ਆਲ੍ਹਣਾ ਥੱਲੇ ਸੁੱਟ ਦਿਤਾ, ਮੀਂਗਣਾ ਵਿੱਚ ਸੁੱਟ ਦਿਤੀਆਂ, ਅੱਗ ਬਲ ਗਈ, ਉਸ ਦੇ ਭੋਜਨ ਲਈ, ਪਹਿਲਾਂ ਕਬੂਤਰੀ ਵਿੱਚ ਡਿੱਗੀ, ਫੇਰ ਕਬੂਤਰ ਡਿੱਗਿਆ। ਯਥਾ:- ਪੁੰਨ ਦਾਨ ਕਾ; ਕਰੇ ਸਰੀਰੁ॥ ਸੋ ਗਿਰਹੀ; ਗੰਗਾ ਕਾ ਨੀਰੁ॥ ਇਹ ਸਾਨੂੰ ਛਕ ਲੈਣਗੇ, ਸਿੱਖ ਨੇ ਨਹੀਂ ਛਕੇ, ਇਹ ਭੀ ਬੜੀ ਹੈਰਾਨੀ ਵਾਲੀ ਗੱਲ ਦੇਖ! ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਕਿਹਾ, "ਭਾਈ! ਆਪ ਜੀ ਅੱਖੀਂ ਦੇਖ ਆਇ ਹੋਂ, ਨਿਸ਼ਾ ਹੋ ਗਈ ਹੈ, ਜੇ ਸਿੱਖ ਬਣਨਾ ਹੈ, ਤਾਂ ਉਸ ਸੁਲਤਾਨਪੁਰੀਏ ਪ੍ਰੇਮੀ ਜੈਸਾ ਸਿੱਖ ਬਣ, ਸਭ ਕੁੱਝ ਗੁਰੂ ਸਾਹਿਬ ਜੀ ਦਾ ਸਮਝਿਆ। ਯਥਾ:- ਮਃ ੪॥ ਗੁਰ ਸਤਿਗੁਰ ਕਾ. ਜੋ ਸਿਖੁ ਅਖਾਏ; ਸੁ ਭਲਕੇ ਉਠਿ. ਹਰਿ ਨਾਮੁ ਧਿਆਵੈ॥ ਉਦਮੁ ਕਰੇ. ਭਲਕੇ ਪਰਭਾਤੀ; ਇਸਨਾਨੁ ਕਰੇ. ਅੰਮ੍ਰਿਤ ਸਰਿ ਨਾਵੈ॥ ਉਪਦੇਸਿ ਗੁਰੂ. ਹਰਿ ਹਰਿ ਜਪੁ ਜਾਪੈ; ਸਭਿ ਕਿਲਵਿਖ

Sri Satguru Jagjit Singh Ji eLibrary NamdhariElibrary@gmail.com

ਪਾਪ. ਦੋਖ ਲਹਿ ਜਾਵੈ॥ ਫਿਰਿ ਚੜੈ ਦਿਵਸੁ. ਗੁਰਬਾਣੀ ਗਾਵੈ; ਬਹਦਿਆ ਉਠਦਿਆ. ਹਰਿ ਨਾਮੁ ਧਿਆਵੈ॥ ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ; ਸੋ ਗੁਰਸਿਖੁ. ਗੁਰੂ ਮਨਿ ਭਾਵੈ॥ ਜਿਸਨੋ. ਦਇਆਲੁ ਹੋਵੈ ਮੇਰਾ ਸੁਆਮੀ; ਤਿਸੁ ਗੁਰਸਿਖ. ਗੁਰੂ ਉਪਦੇਸੁ ਸੁਣਾਵੈ॥ ਜਨੁ ਨਾਨਕੁ. ਧੂੜਿ ਮੰਗੈ, ਤਿਸੁ ਗੁਰਸਿਖ ਕੀ; ਜੋ ਆਪਿ ਜਪੈ. ਅਵਰਹ ਨਾਮੁ ਜਪਾਵੈ॥੨॥ ਜੇ ਆਪ ਜੀ ਫ਼ਕੀਰ ਬਣਨਾ ਚਾਹੁੰਦੇ ਹੋਂ, ਤਾਂ ਖੁਸ਼ੀ ਗ਼ਮੀ ਤੋਂ ਨਿਰਲੇਪ ਰਹਿਣਾ, ਜਿਵੇਂ ਰਸਤੇ 'ਚ ਪੂਰਨ ਸੰਤ ਜੀ ਬੈਠੇ ਦੇਖੇ ਸਨ, ਜੇ ਆਪ ਜੀ ਗ੍ਰਿਸਤੀ ਬਣਨਾ ਹੈ, ਤਾਂ ਕਬੂਤਰ ਕਬੂਤਰੀ ਵਾਲੀ ਮਰਯਾਦਾ ਦੇਖੀ ਹੈ। ਸੁਣ ਕੇ ਪ੍ਰੇਮੀ ਸਿੱਖ ਨੇ ਪ੍ਰੇਮ ਬੇਨਤੀ ਕੀਤੀ ਕਿ, "ਮਹਾਰਾਜ ਸੱਚੇ ਪਾਤਿਸ਼ਾਹ ਜੀ! ਦਾਸਨ ਦਾਸ ਨੀਚ ਕੀਟ ਹੰਕਾਰੀ ਵਿਕਾਰੀ ਜੀਵ ਕੁੱਝ ਭੀ ਕਰਨ ਜੋਗਾ ਨਹੀਂ ਹੈ, ਸਰਨ ਪਏ ਦੀ ਰੱਖਿਆ ਕਰੋ ਲੱਜਿਆ ਰੱਖੋ, ਕ੍ਰਿਪਾ ਕਰੋ ਜੀ, ਆਪ ਜੀ ਸ੍ਰਬ ਕਲਾ ਸਮਰੱਥ ਹੋਂ ਜੀ! ਯਥਾ:- ਸਰਨਿ ਪਰੇ ਕੀ; ਰਾਖੁ ਦਇਆਲਾ॥ ਨਾਨਕ; ਤੁਮਰੇ ਬਾਲ ਗੁਪਾਲਾ॥ ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਕ੍ਰਿਪਾ ਕੀਤੀ, ਸੱਚੇ ਚਰਨ- ਕਮਲ ਧੋ ਕੇ ਪਿਆਏ, ਵਾਹਿਗੁਰੂ ਮੰਤ੍ਰ ਮੂਲ ਮੰਤ੍ਰ ਸਾਹਿਬ ਜੀ ਬਖ਼ਸ਼ੇ, ਸ਼ੁਭ ਸੱਚਾ ਉਪਦੇਸ਼ ਬਖ਼ਸ਼ਿਆ, "ਹੇ ਭਾਈ! ਨਿਸ਼ਕਪਟ ਹੋ ਕੇ ਧਰਮ- ਕ੍ਰਿਤ ਪਰਉਪਕਾਰ ਕਰਨੇ, ਸੁਆਸ ੨ ਨਾਮ ਜਪਣਾ ਜਪਾਉਣਾ, ਹੰਕਾਰ ਤਿਆਗਣਾ। ਗੁਰਸਿੱਖਾਂ ਦੀ ਸੇਵਾ ਮਨ ਨੀਵਾਂ ਕਰਕੇ ਕਰਨੀ"। ਯਥਾ:- ਜਾ ਰਹਣਾ ਨਾਹੀ. ਐਤੁ ਜਗਿ; ਤਾ. ਕਾਇਤੁ ਗਾਰਬਿ ਹੰਢੀਐ॥) ਸਰਬ ਕੀ; ਰੇਣ ਹੋਵੀਜੈ॥ ਆਪੁ ਮਿਟਾਇ; ਮਿਲੀਜੈ॥) ਚਾਰਿ ਪਦਾਰਥ; ਜੇ ਕੋ ਮਾਗੈ॥ ਸਾਧ ਜਨਾ ਕੀ; ਸੇਵਾ ਲਾਗੈ॥) ਜੇ ਲੋੜਹਿ ਚੰਗਾ ਆਪਣਾ; ਕਰਿ ਪੁੰਨਹੁ. ਨੀਚੁ ਸਦਾਈਐ॥) ਭਾਉ ਭਗਤਿ ਕਰਿ; ਨੀਚੁ ਸਦਾਏ॥ ਤਉ ਨਾਨਕ ਮੋਖੰਤਰੁ ਪਾਏ॥ ਸੱਚੇ ਸਤਿਗੁਰਾਂ ਜੀ ਕਿਹਾ, "ਮਨ ਭਾਉਂਦਾ ਸਮਾਂ ਏੱਥੇ ਕਰਤਾਰਪੁਰ ਸਾਹਿਬ ਜੀ ਹੀ ਰਹੋ, ਸੇਵਾ ਬੰਦਗੀ ਕਰੋ"। ਦੀਨ ਦਇਆਲ ਕ੍ਰਿਪਾਲ ਸੁਖ ਸਾਗਰ; ਸਰਬ ਘਟਾ ਭਰਪੂਰੀ ਰੇ॥ ਸਤਿਗੁਰੂ ਮਹਾਰਾਜ ਸਾਹਿਬ ਜੀ ਦਾ ਬਚਨ ਮੰਨਦਾ ਦਰਸ਼ਨ ਕਰਦਾ, ਕੀਰਤਨ ਸੁਣਦਾ ਸੇਵਾ ਕਰਦਾ, ਮਹਾਰਾਜ ਸਾਹਿਬ ਜੀ ਦੀ ਪੂਰਨ ਕ੍ਰਿਪਾ ਨਾਲ ਚਰਨ- ਕਮਲਾਂ 'ਚ, ਲਿਵ ਲੱਗ ਗਈ। ਰਿਦੇ 'ਚੋਂ ਮੁਖ 'ਚ, ਅੰਮ੍ਰਿਤ ਆਉਣ ਲੱਗ ਗਿਆ, ਬ੍ਰਿਤੀ ਬ੍ਰਹਮਾਕਾਰ ਹੋ ਗਈ। ਸਦਾ ਵਿਸਮਾਦ ਨਿਹਾਲ ੩ ਹੋ ਗਿਆ। ਯਥਾ:- ਨਾਨਕ ਨਦਰੀ; ਨਦਰਿ ਨਿਹਾਲ॥) ਗੁਰਮੁਖਿ ਜਨਮੁ ਸਫਲੁ ਹੈ; ਜਿਸ ਨੋ. ਆਪੇ ਲਏ ਮਿਲਾਇ॥ ਨਾਨਕ ਨਦਰੀ ਨਦਰਿ ਕਰੇ; ਤਾ ਨਾਮ ਧਨੁ ਪਲੈ ਪਾਇ॥) ਕੋਈ ਕਰੈ ਉਪਾਵ ਅਨੇਕ ਬਹੁਤੇਰੇ; ਬਿਨੁ ਕਿਰਪਾ. ਨਾਮੁ ਨ ਪਾਵੈ॥ ਜਨ ਨਾਨਕ ਕਉ. ਹਰਿ ਕਿਰਪਾ ਧਾਰੀ; ਮਤਿ ਗੁਰਮਤਿ ਨਾਮੁ ਦ੍ਰਿੜਾਵੈ॥

ਕੁੱਲ ਸਲੋਕ ੨੪੩, ਜਿਨ੍ਹਾਂ 'ਚੋਂ, ਵਾਹਿਗੁਰੂ ਮਹੱਲੇ ਪੰਜਵੇਂ ਜੀ ਦੇ ੨੦੯, ੨੧੦, ੨੧੧, ੨੧੪, ੨੨੧ ਹਨ। ਵਾਹਿਗੁਰੂ ਮਹੱਲੇ ਤੀਜੇ ਜੀ ਦਾ ੨੨੦ ਵਾਂ ਸਲੋਕ ਹੈ। ੨੧੨ ਭਗਤ ਤ੍ਰਿਲੋਚਨ ਜੀ, ੨੧੩, ੨੪੧ ਭਗਤ ਨਾਮਦੇਵ ਜੀ ਦੇ ਸਲੋਕ ਹਨ।) ੨੪੨ ਵਾਂ ਸਲੋਕ ਭਗਤ ਰਵਿਦਾਸ ਸਾਹਿਬ ਜੀ ਦਾ ਹੈ ਜੀ। ਰਾਜਨ ਕੇ ਰਾਜਾ, ਭਗਤ ਕਬੀਰ ਜੀਉ ਕੇ ੨੩੬ ਸਲੋਕ ਹਨ, ਸ੍ਰੀ ਰਾਗੁ ਤੋਂ ਪ੍ਰਭਾਤੀ ਤੱਕ ੨੯੫ ਸਬਦ ਹਨ, ਕੁੱਲ ਪ੩੧ ਸਬਦ ਸਲੋਕ ਹਨ ਜੀ, ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਸ੍ਰੀ ਕਬੀਰ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਗੁਰਪ੍ਰਸਾਦਿ ਸੰਪੂਰਨੰ।

Sri Satguru Jagjit Singh Ji eLibrary NamdhariElibrary@gmail.com

ਸਲੋਕ ਸੇਖ ਫਰੀਦ ਕੇ; ੴ ਸਤਿਗੁਰ ਪ੍ਰਸਾਦਿ॥ ਅਰੰਭ:-

ਪਰਮਪੂਜਨੀਕ ਵਾਹਿਗੁਰੂ ਭਗਤ ਸ੍ਰੀ ਫ਼ਰੀਦ ਸਾਹਿਬ ਜੀ (ਫ਼ਰੀਦ)ਅਦੁਤੀ ਲਾਸਾਨੀ, ਜਿਨ੍ਹਾਂ ਦੇ ਤੁੱਲ ਹੋਰ ਕੋਈ ਭੀ ਨ ਹੋਵੇ, ਤਿਨ੍ਹਾਂ ਦਾ ਜਸ, ਪੂਰਨ ਵਾਹਿਗੁਰੂ ਜੀ ਹਰ ਸਮੇਂ ਕਰ ਰਹੇ ਹਨ:- ਥੋੜ੍ਹੇ ਜਿਹੇ ਪਾਣੀ'ਚ, ਕਿਤਨੇ ਤੁਪਕੇ ਹੁੰਦੇ ਹਨ, ਕੋਟਾਨ ਕੋਟਿ ਬ੍ਰਹਮੰਡਾਂ ਦੇ ਕੋਟਾਨਿ ਕੋਟਿ ਸਮੁੰਦ੍ਰਾਂ ਨਦੀਆਂ ਦਰਿਆਵਾਂ ਨੱਦਾਂ 'ਚ, ਕ੍ਰੋੜਾਂ ਤਰ੍ਹਾਂ ਦਾ ਪਾਣੀ ਹੈ। ਯਥਾ:- ਕਈ ਕੋਟਿ; ਪਵਣ ਪਾਣੀ ਬੈਸੰਤਰ॥) ਅਨਿਕ ਪਵਨ ਪਾਵਕ ਅਰੁ ਨੀਰ॥ ਕੋਟਾਨਿ ਕੋਟਿ ਤਰ੍ਹਾਂ ਦੇ ਪਾਣੀ ਦੇ ਤੁਪਕਿਆਂ ਸਮੇਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਆਪਣੇ ਸਰਗੁਨ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਵਾਹਿਗੁਰੂ ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਭਰਪੂਰ ਪ੍ਰਕਾਸ਼ਕ ਨਿਰਗੁਨ ਬ੍ਰਹਮ ਜੀ, ਪੂਰਨ ਭਗਤ ਜੀ ਨੂੰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਧੰਨ ਹਨ। ਕਰਤਾ ਪੁਰਖ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਨੇ, ਆਪਨੇ ਪਰਮ ਪਾਕ ਨਿਰਗੁਨ ਸਰੂਪ ਜੀ'ਚੋਂ, ਹੁਕਮੀ; ਸਹਜੇ ਸ੍ਰਿਸਟਿ ਉਪਾਈ॥ ਅਨੁਸਾਰ ਸਹਿਜੇ ਹੀ, ਅਨਿਕ ਪਵਨ ਪਾਵਕ ਅਰੁ ਨੀਰ॥) ਕਈ ਕੋਟਿ; ਪਵਣ ਪਾਣੀ ਬੈਸੰਤਰ॥ ਅਨੁਸਾਰ ਕੋਟਾਨ ਕੋਟਿ ਤਰ੍ਹਾਂ ਦੀ ਅਗਨੀ ਰਚੀ ਹੈ, ਆਪ ਜੀ ਦੇ ਨਿਰਗੁਨ ਸਰੂਪ ਜੀ ਅਗਨੀ ਦੇ ਪ੍ਰਕਾਸ਼ਕ ਆਸਰਾ, ਇਸ 'ਚ ਵਸ ਰਹੇ ਹਨ। ਜਦੋਂ ਚਾਹੁਣ ਇਸ ਨੂੰ ਸਮਾਪਤ ਕਰ ਲੈਂਦੇ ਹਨ। ਯਥਾ:- ਭਣਤਿ ਨਾਨਕੁ.ਜਬ ਖੇਲ ਉਝਾਰੈ; ਤਬ ਏਕੈ ਏਕੰਕਾਰਾ॥ ਕੋਟਾਨਿ ਕੋਟਿ ਅਗਨੀਆਂ ਸਹਿਤ, ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਆਪਣੇ ਇਸ ਸਰਗੁਨ ਸਰੂਪ ਜੀ ਸਮੇਤ, ਸਤਿ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਤੇਜ਼ ਪ੍ਰਕਾਸ਼ ਸਹਿਤ, ਪਰਮਪੂਜਨੀਕ ਵਾਹਿਗੁਰੂ, ਰੂਪੁ ਨ ਰੇਖ.ਨ ਰੰਗੁ ਕਿਛੁ; ਤ੍ਰਿਹੁ ਗੁਣ ਤੇ.ਪ੍ਰਭ ਭਿੰਨ॥ ਨਿਰਗੁਨ ਬ੍ਰਹਮ ਜੀ, ਪੂਰਨ ਭਗਤ ਜੀ ਨੂੰ ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਧੰਨ ਹਨ। ਸਾਹਿਬੁ ਮੇਰਾ ਨੀਤ ਨਵਾ; ਸਦਾ ਸਦਾ ਦਾਤਾਰੁ॥ ਪਰਮਪੂਜਨੀਕ ਧੰਨ ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਦੇ ਇਲਾਹੀ ਸੱਚੇ ਹੁਕਮ ਨਾਲ, ਅਸੰਖ ਸੁੰਦਰ ਅੰਬਰਾਂ 'ਚ, ਅਸੰਖ ਹੀ ਸੁੰਦਰ ਸੋਹਣੇ ਚੰਦ੍ਰਮੇਂ ਹੁਣ ਚੜ੍ਹੇ ਹੋਏ ਹਨ। ਯਥਾ:- ਕਈ ਕੋਟਿ; ਸਸੀਅਰ ਸੂਰ ਨਖ੍ਹਤ੍ਰ॥ ਆਪ ਜੀ ਅਪਨੇ ਨਿਰਗੁਨ ਪ੍ਰਕਾਸ਼ ਦੁਆਰਾ, ਅਨੰਤ ਚੰਦ੍ਰਮਿਆਂ ਨੂੰ ਹਰ ਸਮੇਂ ਪ੍ਰਕਾਸ਼ ਰਹੇ ਹਨ। ਯਥਾ:- ਕੋਟਿ ਚੰਦ੍ਰਮੇ; ਕਰਹਿ ਚਰਾਕ॥ ਉਨ੍ਹਾਂ ਦਾ ਅਕਸ ਹੀਰੇ ਜਵਾਹਰਾਤਾਂ, ਲਾਲਾਂ'ਤੇ ਪੈ ਰਿਹਾ ਹੈ। ਉਨ੍ਹਾਂ ਸੁੰਦਰ ਅੰਬਰਾਂ ਚੰਦ੍ਰਮਿਆਂ ਦੇ ਪੈ ਰਹੇ ਹੀਰੇ ਜਵਾਹਰਾਤਾਂ'ਤੇ ਅਕਸ ਅਤੇ ਉਨ੍ਹਾਂ ਜਵਾਹਰਾਤਾਂ ਸਮੇਤ ਕ੍ਰੋੜਾਂ ਬ੍ਰਹਮੰਡਾਂ ਦੇ ਪਸਾਰੇ ਆਪਣੇ ਸਰਗੁਨ ਸਰੂਪ ਜੀ'ਚ ਵਸ ਕੇ, ਇਸ ਨੂੰ ਆਪਣੇ ਆਸਰੇ ਟਿਕਾਅ ਕੇ, ਇਸ ਸਰਗੁਨ ਸਰੂਪ ਜੀ ਸਮੇਤ, ਝਿਲਮਿਲਿ ਝਿਲਕੈ; ਚੰਦੁ ਨ ਤਾਰਾ॥ ਸੂਰਜ ਕਿਰਣਿ ਨ ਬਿਜੁਲਿ ਗੈਣਾਰਾ॥ ਅਕਥੀ ਕਥਉ.ਚਿਹਨੁ ਨਹੀ ਕੋਈ; ਪੂਰਿ ਰਹਿਆ ਮਨਿ ਭਾਇਦਾ॥ ਵਾਹਿਗੁਰੂ ਵਿਸਮਾਦ ਨਿਰਗੁਨ ਬ੍ਰਹਮ ਜੀ, ਆਪਣੇ ਨਿਰਮਲ ਸਰਗੁਨ ਸਰੂਪ ਪੂਰਨ ਭਗਤ ਜੀ ਨੂੰ, ਹਰ ਸਮੇਂ ਜਪਦੇ ਹਨ, ਧੰਨ ਹਨ ਧੰਨ ਹਨ ਧੰਨ ਹਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਧੰਨ ਹਨ। ਵਾਹਿਗੁਰੂ॥ ਜਿਤਨੀ ਵਾਹਿਗੁਰੂ ਜੀ ਨੇ ਜਣਾਈ ਹੈ, ਤਿਤਨੀ ਹੀ ਕਹੀ ਹੈ, ਜੋ ਅਣਜਾਣੀ ਰਚਨਾ ਧੰਨ ਧੰਨ ਪਰਮਪੂਜਨੀਕ ਸੱਚੇ ਵਾਹਿਗੁਰੂ, ਸ਼੍ਰੋਮਣੀ ਭਗਤਿ ਸ੍ਰੀ ਫ਼ਰੀਦ ਸਾਹਿਬ ਜੀ ਨੂੰ ਜਪ ਰਹੀ ਹੈ, ਉਹ ਗਿਣੀ ਨਹੀਂ ਜਾਂਦੀ। ਯਥਾ:-

Sri Satguru Jagjit Singh Ji eLibrary NamdhariElibrary@gmail.com

ਜੇਤੀ ਪ੍ਰਭੂ ਜਨਾਈ; ਰਸਨਾ ਤੇਤ ਭਨੀ॥ ਅਨਜਾਨਤ ਜੋ ਸੇਵੈ; ਤੇਤੀ.ਨਹ ਜਾਇ ਗਨੀ॥) ਇਸਲਾਮ ਦੇ ਦੂਜੇ ਖਲੀਫੇ ਉਮਰ ਦੀ ਸੰਤਾਨ ਚੋਂ, ਸ਼ੇਖ ਜਲਾਲੁੱਦੀਨ ਸੁਲੈਮਾਨ ਘਰੇ, ਮਾਤਾ ਮਰਿਯਮ ਦੇ ਉਦਰ ਤੋਂ, ਚਾਵਲੀ ਮਸ਼ਾਯਖ ਪਿੰਡ ਚ, ਪੂਰਨ ਮਹਾਤਮਾ ਬ੍ਰਹਮ ਸਰੂਪ ਬਾਬਾ ਫਰੀਦ ਸਾਹਿਬ ਜੀ ਪ੍ਰਗਟੇ। ਆਪ ਜੀ ਖ੍ਵਾਜਾ ਕੁਤਬੁਦੀਨ ਬਖਤਯਾਰ ਕਾਕੀ ਦੇ ਮੁਰੀਦ ਹੋਏ. ਆਪ ਜੀ ਵੱਡੇ ਵਿਦ੍ਵਾਨ, ਹੰਕਾਰ ਵਿਕਾਰ ਦੇ ਮਹਾਂ ਤਿਆਗੀ, ਪਰਮ ਤਪਸ੍ਵੀ ਅਰ ਕਰਤਾਰ ਜੀ ਦੇ ਅਨੰਨ ਉਪਾਸਕ ਪੂਰਨ ਪ੍ਰੇਮੀ ਪੂਰਨ ਲਾਸਾਨੀ ਭਗਤ ਹਨ। ਆਪ ਜੀ ਨੇ ਪਾਕਪਟਨ ਚ ਰਹਾਇਸ਼ ਕੀਤੀ। ਆਪ ਜੀ ਦੀ ਸ਼ਾਦੀ ਨਾਸ਼ਿਰੁੱਦੀਨ ਮਹ਼ਮੂਦ ਬਾਦਸ਼ਾਹ ਦਿੱਲੀ ਦੀ ਸਪੁੱਤ੍ਰੀ ਆਗਿਆਕਾਰੀ ਹਜ਼ਬਰਾ ਨਾਲ ਹੋਈ, ਜਿਨਾਂ ਨੂੰ ਦਰਵੇਸ਼ੀ ਲਿਬਾਸ ਪਹਿਨਾਕੇ ਅਪਣੇ ਸਾਥ ਰੱਖਿਆ। ਪਾਕਪਟਨ ਚ ਸੱਚਖੰਡ ਪਹੁੰਚੇ, ਆਪ ਜੀ ਦੀ ਗੱਦੀ ਪੁਰ ਵੱਡਾ ਬੇਟਾ ਦੀਵਾਨ ਬਦਰੁੱਦੀਨ ਸੁਲੈਮਾਨ ਜੀ ਬੈਠੇ। ਗੁਲਸ਼ਨੇ ਔਲੀਆ ਚ ਆਪ ਜੀ ਦੀ ਉਮਰ ੧੨੦ ਵਰ੍ਹੇ ਲਿਖੀ ਹੈ। ਸ਼੍ਰੀ ਗੁਰੂ ਨਾਨਕਦੇਵ ਜੀ ਦੀ ਮੁਲਾਕਾਤ "ਸ਼ੇਖ ਬ੍ਰਹਮ" (ਸ਼ੇਖ ਇਬਰਾਹੀਮ ਜੀ) ਨਾਲ ਦੋ ਵਾਰ ਹੋਈ. ਪੁਰਾਣੀਆਂ ਸਾਖੀਆਂ, ਨਾਨਕ ਪ੍ਰਕਾਸ਼ ਚ ਭੀ ਸ਼ੇਖਬ੍ਰਹਮ ਹੀ ਨਾਮ ਆਉਂਦਾ ਹੈ। ਯਥਾ:- "ਸ਼ੇਖ ਫਰੀਦ ਪਟਨ ਹੈ ਜਹਿੰਵਾ, ਸ਼ੇਖਬ੍ਰਹਮ ਤਬ ਬਸਈ ਤਹਿੰਵਾ। ਤਿਹ ਕੇ ਮਿਲਨ ਹੇਤ ਗਤਿਦਾਈ। ਦੋਇ ਕੋਸ ਪਰ ਬੈਠੇ ਜਾਈ."(ਨਾਨਕ ਪ੍ਰਕਾਸ਼ ਉਤ੍ਰਾਰਦ ਅੰਗ ੩੩) ਆਪ ਜੀ ਸੰਮਤ ੧੬੧੦ ਚ ਵਾਹਿਗੁਰੂ ਜੀ ਲੀਣ ਹੋਏ, ਇਸ ਲਈ ਗੁਰੂ ਨਾਨਕ ਸ੍ਵਾਮੀ ਜੀ ਦੇ ਸਮਕਾਲੀ ਸਨ। ਆਪ ਜੀ ਦੀ ਅਮਰਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਚ ਦਰਜ ਹੈ। ਅਗਮ ਅਗਾਧ ਜਸ ਜਾਪ ਅਸਤੋਤ੍ਰ ਸੰਪੂਰਨੰ।

ਸਲੋਕ ਸੇਖ ਫਰੀਦ ਕੇ; ੴ ਸਤਿਗੁਰ ਪ੍ਰਸਾਦਿ॥

ਜਿਤੁ ਦਿਹਾੜੈ. ਧਨ ਵਰੀ; ਸਾਹੇ ਲਏ ਲਿਖਾਇ॥ ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਜੀ ਨੇ ਜਦੋਂ ਪਾਕਪਟਨ ਵਿਖੇ ਪਰਮਪਵਿੱਤ੍ਰ ਸ਼ੁਭ ਸੱਚੇ ਚਰਨ- ਕਮਲ ਪਾਏ, ਉਸ ਵੇਲ਼ੇ ਫ਼ਰੀਦ ਸਾਹਿਬ ਜੀ ਦੀ ਗੱਦੀ 'ਤੇ, ਸੇਖ਼ ਇਬ੍ਰਾਹੀਮ ਜੀ ਸੂਫ਼ੀ ਫ਼ਕੀਰ ਸਨ। ਉਨ੍ਹਾਂ ਦਾ ਨਾਮ ਜਨਮ ਸਾਖੀ 'ਚ, ਸੇਖ਼ਬ੍ਰਹਮ ਕਰਕੇ ਮਸ਼ਹੂਰ ਹੈ। ਇਹ ਫ਼ਰੀਦ ਸਾਹਿਬ ਜੀ ਦੇ ਪੋਤੇ ਚੇਲੇ ਸਨ। ਇਨ੍ਹਾਂ ਨੇ ਬਹੁਤ ਸਿਮਰਨ ਸੇਵਾ ਕੀਤੀ। ਵਿੱਦਵਾਨਾਂ ਨੇ ਸੇਖ਼ਬ੍ਰਹਮ ਜੀ ਦੀ ਬਾਣੀ ਮੰਨੀ ਹੈ। ਪਰਮਪੂਜਨੀਕ ਮਹੱਲਾ ੧. ਜੀ ਇਨ੍ਹਾਂ ਨੂੰ ਪਾਕਪਟਨ ਵਿਖੇ ਮਿਲੇ, ਅਤੇ ਆਪ ਜੀ ਨਾਲ ਪ੍ਰੇਮ ਚਰਚਾ ਹੋਈ। ਇਹ ਬਾਣੀ ਉਚਾਰੀ:- ਮਃ ੧॥ ਸਚ ਕੀ ਕਾਤੀ; ਸਚੁ ਸਭੁ ਸਾਰੁ॥ ਘਾੜਤ ਤਿਸ ਕੀ; ਅਪਰ ਅਪਾਰ॥ ਸਬਦੇ ਸਾਣ; ਰਖਾਈ ਲਾਇ॥ ਗੁਣ ਕੀ ਥੇਕੈ ਵਿਚਿ; ਸਮਾਇ॥ ਤਿਸ ਦਾ ਕੁਠਾ ਹੋਵੈ ਸੇਖੁ॥ ਲੋਹੂ ਲਬੁ; ਨਿਕਥਾ ਵੇਖੁ॥ ਹੋਇ ਹਲਾਲੁ; ਲਗੈ ਹਕਿ ਜਾਇ॥ ਨਾਨਕ; ਦਰਿ ਦੀਦਾਰਿ ਸਮਾਇ॥੨॥ ਸੇਖ਼ ਉੱਚੀ ਜ਼ਾਤੀ ਹੈ। ਮਹੱਲਾ ੧. ਜੀ ਜਦੋਂ ਬਗ਼ਦਾਦ ਗਏ, ਸਤਾਈਵਾਂ ਦਸਤਗੀਰ ਪੀਰ ਸੀ, ਜਿਹੜਾ ਭੀ ਗੱਦੀ ਬੈਠਦਾ ਉਸ ਦਾ ਨਾਮ ਦਸਤਗੀਰ ਪੀਰ ਹੁੰਦਾ। ਮਹਾਰਾਜ ਸਾਹਿਬ ਜੀ ਓਥੇ ਜਾ ਕੇ ਕੀਰਤਨ ਕਰਨ ਲੱਗ ਪਏ, ਮੁਸਲਮਾਨਾਂ ਦੀ ਸ਼ਰ੍ਹਾ 'ਚ ਕੀਰਤਨ ਕਰਨਾ ਮਨ੍ਹਾ ਸੀ। ਇਸ ਲਈ ਸਾਰਾ ਬਗ਼ਦਾਦ ਸ਼ਹਿਰ ਮਹਾਰਾਜ ਸਾਹਿਬ ਜੀ ਦੇ ਪੱਥਰ ਮਾਰਨ ਆਇਆ। ਸਤਿਗੁਰੂ ਨਾਨਕ ਦੇਵ ਜੀ ਨੇ, ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦਾ ਜੈਕਾਰਾ ਗਜਾਇਆ, ਸਾਰੇ ਓਥੇ ਹੀ ਸੁੰਨ ਹੋ ਗਏ। ਫੇਰ ਸਾਰੇ ਗੁਰੂ ਸਾਹਿਬ ਜੀ ਦੇ ਚਰਨ- ਕਮਲਾਂ 'ਤੇ ਆ ਪਏ, ਮੁਆਫ਼ੀ ਮੰਗੀ। ਗੁਰੂ ਸਾਹਿਬ ਜੀ ਦੀ ਬਗ਼ਦਾਦ ਵਿਖੇ ਚਰਚਾ ਹੋਈ ਸੀ। ਇਸ ਤਰ੍ਹਾਂ ਸੇਖ਼ ਫ਼ਰੀਦ ਜੀ ਦੀ ਗੱਦੀ 'ਤੇ ਸੇਖ਼ਬ੍ਰਹਮ ਜੀ(ਸੇਖ਼ ਇਬ੍ਰਾਹੀਮ ਜੀ) ਨੇ ਸੇਖ਼ ਫ਼ਰੀਦ ਸਾਹਿਬ ਜੀ ਦੇ ਨਾਮ 'ਤੇ ਬਾਣੀ ਉਚਾਰਨ ਕੀਤੀ ਹੈ। ਜਿਵੇਂ ਸਤਿਗੁਰੂ ਸਾਹਿਬਾਨ ਜੀ ਨੇ ਆਪ ਗੁਰਬਾਣੀ ਉਚਾਰੀ, ਪਰਮਪੂਜਨੀਕ ਮਹੱਲੇ ਪਹਿਲੇ ਜੀ ਦਾ ਪਰਮ ਪਾਕ ਨਾਮ ਹੀ ਲਿਖਿਆ ਹੈ। ਸਤਿਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਇਨ੍ਹਾਂ ਦੀ ਪ੍ਰੇਮਾਭਗਤੀ ਕਮਾਈ ਬੈਰਾਗ ਭਾ

Sri Satguru Jagjit Singh Ji eLibrary NamdhariElibrary@gmail.com

ਗਿਆ। ਭਗਤਾਂ ਨਾਲ ਰਲ਼ਾ ਕੇ ਸੇਖ਼ ਫ਼ਰੀਦ ਜੀ ਦੀ ਬਾਣੀ ਅੰਗੀਕਾਰ ਕੀਤੀ ਹੈ। ਸੱਚੇ ਸਤਿਗੁਰਾਂ ਨੇ ਪਿਆਰੇ ਭਗਤਾਂ ਨੂੰ ਪ੍ਰਗਟ ਕਰਕੇ, ਸ੍ਰੀ ਅੰਮ੍ਰਿਤਸਰ ਰਾਮਸਰ ਵਿਖੇ, ਪਿਆਰੇ ਭਗਤਾਂ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਕਰਵਾਈ। ਸੱਚੇ ਸਤਿਗੁਰੂ ਅਰਜਨ ਦੇਵ ਜੀ ਨੇ ਕ੍ਰਿਪਾ ਕਰਕੇ, ਪਰਮਪੂਜਨੀਕ ਭਾਈ ਗੁਰਦਾਸ ਜੀ ਨੂੰ ਸਾਰੇ ਭਗਤਾਂ ਦੇ ਦਰਸ਼ਨ ਕਰਵਾਏ ਸਨ। ਪਰਮਪੂਜਨੀਕ ਭਗਤਾਂ ਦੀ ਬਾਣੀ ਅਤੇ ਗੁਰੂ ਸਾਹਿਬ ਜੀ ਦੀ ਬਾਣੀ ਦੀ ਏਕਤਾ ਅਭੇਦਤਾ ਹੈ। ਯਥਾ:- ਮਹਲਾ ੫॥ ਗੋਬਿੰਦ ਗੋਬਿੰਦ ਗੋਬਿੰਦ ਸੰਗਿ; ਨਾਮਦੇਉ ਮਨੁ ਲੀਣਾ॥ ਆਢ ਦਾਮ ਕੋ ਛੀਪਰੋ; ਹੋਇਓ ਲਾਖੀਣਾ॥੧॥ ਰਹਾਉ॥ ਬੁਨਨਾ ਤਨਨਾ ਤਿਆਗਿ ਕੈ; ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ; ਭਇਓ ਗੁਨੀਯ ਗਹੀਰਾ॥੧॥ ਰਵਿਦਾਸੁ ਢੁਵੰਤਾ ਢੋਰ ਨੀਤਿ; ਤਿਨ੍ਹ ਤਿਆਗੀ ਮਾਇਆ॥ ਪਰਗਟੁ ਹੋਆ ਸਾਧਸੰਗਿ; ਹਰਿ ਦਰਸਨੁ ਪਾਇਆ॥੨॥ ਸੈਨੁ ਨਾਈ ਬੁਤਕਾਰੀਆ; ਓਹੁ ਘਰਿ ਘਰਿ ਸੁਨਿਆ॥ ਹਿਰਦੇ ਵਸਿਆ ਪਾਰਬ੍ਰਹਮੁ; ਭਗਤਾ ਮਹਿ ਗਨਿਆ॥੩॥ ਇਹ ਬਿਧਿ ਸੁਨਿ ਕੈ ਜਾਟਰੋ; ਉਠਿ ਭਗਤੀ ਲਾਗਾ॥ ਮਿਲੇ ਪ੍ਰਤਖਿ ਗੁਸਾਈਆ; ਧੰਨਾ ਵਡਭਾਗਾ॥੪॥੨॥) ਹਰਿ ਕੇ ਨਾਮ, ਕਬੀਰ ਉਜਾਗਰ॥ ਜਨਮ ਜਨਮ ਕੇ; ਕਾਟੇ ਕਾਗਰ॥੧॥) ਨਾਮਾ ਛੀਬਾ.ਕਬੀਰੁ ਜੁਲਾਹਾ; ਪੂਰੇ ਗੁਰ ਤੇ ਗਤਿ ਪਾਈ॥ ਬ੍ਰਹਮ ਕੇ ਬੇਤੇ. ਸਬਦੁ ਪਛਾਣਹਿ; ਹਉਮੈ ਜਾਤਿ ਗਵਾਈ॥ ਸੁਰਿ ਨਰ.ਤਿਨ ਕੀ ਬਾਣੀ ਗਾਵਹਿ; ਕੋਇ ਨ ਮੇਟੈ ਭਾਈ॥੩॥ ਦੈਤ ਪੁਤੁ ਕਰਮ ਧਰਮ ਕਿਛੁ ਸੰਜਮ ਨ ਪੜੈ; ਦੂਜਾ ਭਾਉ ਨ ਜਾਣੈ॥ ਸਤਿਗੁਰੁ ਭੇਟਿਐ ਨਿਰਮਲੁ ਹੋਆ; ਅਨਦਿਨੁ ਨਾਮੁ ਵਖਾਣੈ॥ ਏਕੋ ਪੜੈ ਏਕੋ ਨਾਉ ਬੂਝੈ; ਦੂਜਾ ਅਵਰੁ ਨ ਜਾਣੈ॥੪॥) {ਧੰਨ ਹਨ ਧੰਨ ਹਨ ਧੰਨ ਹਨ, ਪਰਮਪੂਜਨੀਕ ਵਾਹਿਗੁਰੂ ਭਗਤ ਸ੍ਰੀ ਫ਼ਰੀਦ ਸਾਹਿਬ ਜੀ ਧੰਨ ਹਨ, ਰੋਮ ੨ ਕਰਕੇ ਅਨਿਕ ਬਾਰ ਸਦਾ ਡੰਡਉਤ ਬੰਦਨ ਨਮਸਕਾਰ ਬਲਿਹਾਰ। ਸ੍ਰੀ ਰਾਮਸਰ ਸਾਹਿਬ ਜੀ ਵਿਖੇ, ਪਰਮਪੂਜਨੀਕ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ, ਪੂਰਨ ਪਿਆਰ ਅਦਬ ਸਤਿਕਾਰ ਸਹਿਤ, ਸ੍ਰਬ ਵਿਆਪੀ ਮਹਾਂ ਵਿਸਮਾਦ ਮਹਾਨ ਕ੍ਰਿਪਾ ਕਰਕੇ, ਵਾਹਿਗੁਰੂ ਸਰੂਪ ਪੂਰਨ ਭਗਤ ਸ੍ਰੀ ਫ਼ਰੀਦ ਸਾਹਿਬ ਜੀ ਨੂੰ ਪ੍ਰਗਟ ਕਰਕੇ, ਪਿਆਰੇ ਭਗਤ ਜੀ ਦੀ ਅਮੋਲਕ ਰਸਨਾ, ਰੋਮ ਰੋਮ 'ਚ ਵਸ ਕੇ, ਪੂਰਨ ਵੈਰਾਗਮਈ ਗੁਰਬਾਣੀ ਸਲੋਕ ਉਚਰਵਾਏ, ਗੁਰਮੁਖਿ ਭਾਈ ਗੁਰਦਾਸ ਸਾਹਿਬ ਜੀ ਨੇ ਆਦਿ ਅੰਗ ੧੩੭੭ ਤੋਂ ੧੩੮੪ ਤੱਕ ਕੁੱਲ ੧੩੦ ਸਲੋਕ ਲਿਖੇ। ਆਪਣੇ ਦਿਲ ਜਾਨ ਪਿਆਰੇ ਜੀ ਨੂੰ, ਇਹ ਸੱਚੀ ਪਾਤਿਸਾਹੀ ਬਖ਼ਸ਼ੀ। ਯਥਾ:- ਪਾਤਿਸਾਹੀ. ਭਗਤ ਜਨਾ ਕਉ ਦਿਤੀਅਨੁ; ਸਿਰਿ ਛਤੁ ਸਚਾ ਹਰਿ ਬਣਾਇ॥}

ਸਲੋਕ ਸੇਖ ਫਰੀਦ ਕੇ; ਪਰਮਪੂਜਨੀਕ ਮਹਾਂਪੁਰਸ਼ ਵਾਹਿਗੁਰੂ ਬ੍ਰਹਮ ਸਰੂਪ ਭਗਤ ਬਾਬੇ ਸੇਖ ਫਰੀਦ ਸਾਹਿਬ ਜੀ ਕੇ (ਸਲੋਕ) ਦੋਹਰੇ ਨੇੜੇ ਕਵਿਤਾ- ਪਦ ਛੰਦ ਹੈ। ੧ਓ ਸਤਿਗੁਰ ਪ੍ਰਸਾਦਿ॥ ਪਰਮਪੂਜਨੀਕ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬਜੀ 'ਚ ੧ਓ ਸਤਿਗੁਰ ਪ੍ਰਸਾਦਿ॥ ਪੰਜ ਸੌ ਪੱਚੀ ਵਾਰ ਆਉਂਦੇ ਹਨ। {ਸ੍ਰੀ ਦਮਦਮੀ ਟਕਸਾਲ ਅਨੁਸਾਰ, ੧ਓ ਜੀ ਦਾ ਸ਼ੁੱਧ ਉਚਾਰਨ ਇੱਕ ਓਅੰਕਾਰ, ਬਾਰ ੨ ਪੜ੍ ਕੇ ਸ਼ੁੱਧ ਪਕਾਉ। ਹੋਰਨਾ ਨੂੰ ਆਪਣੇ ਮਗਰ ਬਾਰ ੨ ਕਹਾ ਕੇ, ਸ਼ੁੱਧ ਉਚਾਰਨ ਪਕਵਾਉ ਜੀ। ਪਰਮਪੂਜਨੀਕ (੧ਓ) ਇੱਕ ਪ੍ਰਕਾਸ਼ ਸਰੂਪ, ਸਰਬ ਕਲਾ ਭਰਪੂਰ ਪ੍ਰਭ; ਨਿਰਗੁਨ ਵਾਹਿਗੁਰੂ ਨਿਰੰਕਾਰ ਜੀ ਦੇ ਸਰਗੁਨ ਸਰੂਪ, ਸਤਿਗੁਰ ਮਹੱਲਾ ਪੰਜਵਾਂ ਪੂਰਨ ਬ੍ਰਹਮ ਜੀ, ਆਪ ਉੱਬਲਦੀ ਦੇਗ'ਚ ਬੈਠ ਰਹੇ ਹਨ। ਆਪ ਜੀ ਨੂੰ (ਪ੍ਰਸਾਦਿ)ਕ੍ਰਿਪਾ ਹੀ ਕ੍ਰਿਪਾ ਭਾਵ ਸ੍ਰਬ ਵਿਆਪੀ ਮਹਾਂ ਵਿਸਮਾਦ ਅਗਮ ਅਪਾਰ ਕ੍ਰਿਪਾ ਸਰੂਪ, ੧ਓ ਵਾਹਿਗੁਰੂ ਜੀ, ਅਜਪਾ ਜਾਪ ਕਰਦਿਆਂ ਅੰਦਰ ਬਾਹਰ ਪ੍ਰਗਟ ਹੋ ਰਹੇ ਹਨ। ਯਥਾ:- ਜਲ ਥਲ ਮਾਹੇ; ਆਪਹਿ ਆਪ॥ ਆਪੈ ਜਪਹੁ; ਆਪਨਾ ਜਾਪੁ॥) ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਗੁਰੂ ਪ੍ਰਮੇਸਰ ਜੀ ਆਪਣੇ ਪਰਮਪੂਜਨੀਕ ਗੁਰਦੇਵ ਜੀ ਦਾ ਆਦਿ 'ਚ, ਮਹਾਂ ਵਿਸਮਾਦ ਰੰਗਲਾ ਅਨੰਦੀ (ਮੰਗਲ)ਜਸ ਕਰਦੇ ਹਨ। ਪਰਮਪੂਜਨੀਕ (੧ਓ) ਇੱਕ

Sri Satguru Jagjit Singh Ji eLibrary NamdhariElibrary@gmail.com

ਅਦ੍ਵੈਤ ਰੂਪ (ਓਅੰਕਾਰ)ਸ੍ਵਅ ਪ੍ਰਕਾਸ਼ਕ, ਵਾਹਿਗੁਰੂ ਬ੍ਰਹਮ ਨਿਰਗੁਨ ਨਿਰੰਕਾਰ ਜੀ ਦੇ ਸਰਗੁਨ ਸਰੂਪ ਦਸਾਂ ਹੀ ਪਾਤਿਸ਼ਾਹਾਂ ਦੀ ਜਾਗਦੀ ਇੱਕ ਜੋਤਿ, ਗੁਰਤਾ ਬਿਰਾਜਮਾਨ (ਸਤਿਗੁਰ)ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਇੰਦ੍ਰਿਆਂ ਦੇ (ਪ੍ਰ+ਸਾਦਿ) (ਸਾਦਿ)ਸੁਆਦ ਤੋਂ (ਪ੍ਰ)ਪਰੇ ਭਾਵ ਰਹਿਤ, ਨਿਰੇ (ਪ੍ਰਸਾਦਿ)ਅਨੰਦ ਹੀ ਅਨੰਦ ਸਰੂਪ, ਅਗਮ ਅਪਾਰ ਨਿਰੇ (ਪ੍ਰਸਾਦਿ)ਕ੍ਰਿਪਾ ਹੀ ਕ੍ਰਿਪਾ ਪ੍ਰਕਾਸ਼ ਸਰੂਪ ਹਨ। ਜੋ ਹਰ ਵੇਲੇ ਅੱਗ ਦੇ ਸਮੁੰਦ੍ਰ ਸੰਸਾਰ 'ਤੇ, ਕ੍ਰਿਪਾ ਹੀ ਕ੍ਰਿਪਾ ਕਰਦੇ ਹਨ, ਹਰ ਸਮੇਂ ਸੰਸਾਰ'ਚ ਲੱਗੀ ਅੱਗ ਨੂੰ, ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਕਰਕੇ, ਬੁਝਾਉਂਦੇ ਰਹਿੰਦੇ ਹਨ। ਹੰਕਾਰੀ ਵਿਕਾਰੀ ਮੰਦ- ਕਰਮੀ ਗਲ਼ੇ ਸੜੇ ਦਾਸਨ ਦਾਸ ਜੈਸੇ, ਕੋੜ੍ਹੀ ਜੀਵ 'ਤੇ ਭੀ ਕ੍ਰਿਪਾ ਕਰਕੇ, ਉਸ ਨੂੰ ਗੁਰਬਾਣੀ ਜੀ ਬਖ਼ਸ਼ ਕੇ ਨਿਹਾਲ ਕਰਦੇ ਰਹਿੰਦੇ ਹਨ। ਗੁਰੂ ਪ੍ਰਮੇਸਰ ਜੀ, ਸਦਾ ਸਦਾ; ਇਹੁ ਭੂਲਨਹਾਰੁ॥ ਜੀਵ ਨੂੰ ਬਖ਼ਸ਼ਣ ਲੱਗਿਆਂ, ਇਸ ਦੇ ਔਗੁਣ ਦੀ ਵੀਚਾਰ ਨਹੀਂ ਕਰਦੇ, ਝੱਟ- ਪੱਟ ਹੀ ਬਖ਼ਸ਼ ਲੈਂਦੇ ਹਨ ਜੀ। ਯਥਾ:- ਗੁਣੁ ਅਵਗੁਣੁ ਮੇਰਾ. ਕਿਛੁ ਨ ਬੀਚਾਰਿਆ; ਬਖਸਿ ਲੀਆ. ਖਿਨ ਮਾਹੀ॥ ਆਪਣੀ ਅਗਮ ਅਪਾਰ ਕ੍ਰਿਪਾ ਦੁਆਰਾ, ਹਰ ਰਿਦੇ ਹਰ ਘਰ, ਅਨੰਤ ਬ੍ਰਹਮੰਡ ਦੇ ਪਸਾਰੇ ਨੂੰ ਸੱਚਖੰਡ ਬਣਾਉਂਦੇ ਹਨ ਜੀ। (ਸਤਿਗੁਰ)ਸਭ ਤੇ ਵਡਾ ਸਤਿਗੁਰੁ ਨਾਨਕੁ; ਅਨੁਸਾਰ (ਗੁਰ)ਵੱਡੇ (ਗੁਰ)ਪਰਮਪੂਜਨੀਕ (ਸਤਿ)ਸੱਚੇ (ਗੁਰ)ਨਿਰੇ ਪ੍ਰਕਾਸ਼ ਹੀ ਪ੍ਰਕਾਸ਼ (ੴ) ਦ੍ਵੈਤ ਰਹਿਤ, ਇੱਕ ਵਾਹਿਗੁਰੂ ਜੀ, ਗੁਰਤਾ ਬਿਰਾਜਮਾਨ ਸੱਚੇ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਂ ਵਿਸਮਾਦ ਅਗਮ ਅਪਾਰ ਸੱਚੀ (ਪ੍ਰਸਾਦਿ)ਕ੍ਰਿਪਾ ਹੀ ਕ੍ਰਿਪਾ ਨਾਲ ਪ੍ਰਾਪਤ ਹੁੰਦੇ ਹਨ ਜੀ।

ਜਿਤੁ ਦਿਹਾੜੈ. ਧਨ ਵਰੀ; ਸਾਹੇ ਲਏ ਲਿਖਾਇ॥ ਪੂਰਨ ਵੈਰਾਗਮਈ ਪਹਿਲੇ ਸਲੋਕ 'ਚ, ਸ੍ਰੀਰ ਦੀ ਅਨਿਸਥਿਰਤਾ, ਮਰਨ ਦੇ ਕਸ਼ਟ ਦਾ ਦ੍ਰਿਸ਼ ਦਿਖਾ ਰਹੇ ਹਨ, ਜਿਸ ਨੂੰ ਦੇਖ ਕੇ ਜੀਵ ਭੈੜੇ ਔਗੁਣਾਂ ਦਾ ਤਿਆਗ ਕਰੇ, ਗੁਰੂ ਕਰਤਾਰ ਜੀ ਦੀ ਪਰਮ ਪਿਆਰੀ ਬੰਦਗੀ ਕਰਕੇ ਨਿਹਾਲ ਹੋਵੇ। ਜਿਵੇਂ ਬੱਚੀ ਦੀ ਮੰਗਣੀ, ਫੇਰ ਸਾਹੇ ਦਾ ਦਿਨ ਸੋਧਿਆ ਲਿਖਿਆ ਜਾਂਦਾ ਹੈ। ਸਾਹੇ ਵਾਲੇ ਦਿਨ, ਲਾੜਾ ਵਰ ਕੇ ਲੈ ਜਾਂਦਾ ਹੈ। ਪੇਕਾ ਘਰ ਛੱਡ ਕੇ, ਸਹੁਰੇ ਘਰ ਚਲੀ ਜਾਂਦੀ ਹੈ। ਇਸ ਰੂਪਕ ਅਲੰਕਾਰ 'ਚ, ਸਾਡੀ ਜ਼ਿੰਦ ਲੜਕੀ ਨੂੰ ਜਮ ਲਾੜੇ ਨੇ, ਜਿਵੇਂ ਵਿਆਹੁਣਾ ਹੈ, ਤਿਵੇਂ ਫ਼ੁਰਮਾ ਰਹੇ ਹਨ:- (ਜਿਤੁ)ਜਿਸ (ਦਿਹਾੜੈ)ਦਿਨ, ਜ਼ਿੰਦ ਰੂਪ (ਧਨ)ਲਾੜੀ ਨੇ, ਕਾਲ਼ ਲਾੜੇ ਨਾਲ (ਵਰੀ)ਵਿਆਹੀ ਜਾਣਾ ਹੈ, ਉਹ (ਸਾਹੇ)ਵਿਆਹ ਦੇ ਦਿਨ, ਜ਼ਿੰਦ ਰੂਪ (ਧਨ)ਲਾੜੀ ਨੇ, ਵਾਹਿਗੁਰੂ ਜੀ ਤੋਂ ਲਿਖਾਇ ਲਏ ਹਨ।

ਮਲਕੁ ਜਿ ਕੰਨੀ ਸੁਣੀਦਾ; ਮੁਹੁ ਦੇਖਾਲੇ ਆਇ॥ ਜਿਵੇਂ ਲਾੜਾ ਅਨੰਦ ਕਾਰਜ ਵਾਲੇ ਦਿਨ, ਜੰਞ ਲੈ ਕੇ ਆਉਂਦਾ ਹੈ, ਇਉਂ ਕਾਲ਼ ਰੂਪੀ (ਮਲਕੁ)ਪਾਤਿਸ਼ਾਹ ਲਾੜਾ, (ਜਿ)ਜਿਹੜਾ ਕੰਨੀ ਸੁਣੀਦਾ ਹੈ, ਜ਼ਿੰਦ ਨੂੰ ਵਿਆਹੁਣ ਲਈ ਆਇ ਕੇ, ਮੁਹੁ (ਦੇਖਾਲੇ)ਦਿਖਾਵੇਗਾ।

ਹੱਡਾਂ- ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥ ਜੀਵ ਦੇ ਹਡਾ (ਕੂ)ਨੂੰ (ਕੜਕਾਇ)ਭੰਨ ੨ ਕੇ, ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣਾਂ ਵਿਕਾਰਾਂ, ਜੂਨਾਂ 'ਚ ਕਸ਼ਟ ਭੋਗ ਰਹੀ ਨਿਮਾਣੀ ਜਿੰਦੁ, (ਕਢੀਐ)ਕੱਢੀ ਜਾਵੇਗੀ। ਯਥਾ:- ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥ ਜਿਸ ਕੇ ਜੀਅ ਪਰਾਣ ਹਹਿ; ਕਿਉ ਸਾਹਿਬੁ ਮਨਹੁ ਵਿਸਾਰੀਐ॥) ਰਾਣਾ ਰਾਉ.ਨ ਕੋ ਰਹੈ; ਰੰਗੁ ਨ ਤੁੰਗੁ ਫਕੀਰੁ॥ ਵਾਰੀ ਆਪੋ ਆਪਣੀ; ਕੋਇ ਨ ਬੰਧੈ ਧੀਰ॥) ਰਾਵਣ ਸੇ. ਮਹਰਾਵਣ ਸੇ; ਘਟਕਾਨਹੁ ਸੇ.ਪਲ ਬੀਚ ਪਛਾਰੇ॥ (ਸ੍ਰੀ ਦਸਮ ੪ਪ) ਰਾਜਾ ਪਰਜਾ. ਸਮ ਕਰਿ ਮਾਰੈ; ਐਸੋ ਕਾਲੁ ਬਿਡਾਨੀ ਰੇ॥੨॥) ਦਿਨ ਤੇ ਪਹਰ. ਪਹਰ ਤੇ ਘਰੀਆਂ; ਆਵ ਘਟੈ ਤਨੁ ਛੀਜੈ॥

Sri Satguru Jagjit Singh Ji eLibrary NamdhariElibrary@gmail.com

ਕਾਲੁ ਅਹੇਰੀ ਫਿਰੈ ਬਧਿਕ ਜਿਉ; ਕਹਹੁ. ਕਵਨ ਬਿਧਿ ਕੀਜੈ॥੧॥ ਸੋ ਦਿਨੁ; ਆਵਨ ਲਾਗਾ॥ ਮਾਤ ਪਿਤਾ ਭਾਈ ਸੁਤ ਬਨਿਤਾ; ਕਹਹੁ. ਕੋਊ ਹੈ ਕਾ ਕਾ॥)

ਚੱਲਨੀ– ਸਾਹੇ ਲਿਖੇ. ਨ ਚਲਨੀ; ਜਿੰਦੂ ਕੂੰ. ਸਮਝਾਇ॥ ਹੇ ਜੀਵ! ਕਾਲ਼ ਲਾੜੇ ਨੇ, ਆਪ ਜੀ ਦੀ ਜ਼ਿੰਦ ਲਾੜੀ ਨੂੰ ਵਿਆਹੁਣਾ ਹੈ, ਭਾਵ ਆਪ ਜੀ ਦੇ ਸ਼ਰੀਰੋਂ, ਜ਼ਿੰਦ ਨੂੰ ਕੱਢਣਾ ਹੈ, ਆਪ ਜੀ ਦੀ ਜ਼ਿੰਦ ਲਾੜੀ ਦੇ ਕਾਲ਼ ਲਾੜੇ ਨਾਲ (ਸਾਹੇ)ਵਿਆਹ ਦੇ ਦਿਨ, ਵਾਹਿਗੁਰੂ ਜੀ ਦੇ ਲਿਖੇ, (ਨ)ਨਹੀਂ (ਚਲਨੀ)ਚੱਲਣਗੇ ਭਾਵ ਦੂਰ ਨਹੀਂ ਹੋਣਗੇ, ਨਿਸਚੇ ਕਰਕੇ ਮੌਤ ਆਵੇਗੀ, ਇਸ ਲਈ ਜਿੰਦੂ (ਕੂੰ)ਨੂੰ (ਸਮਝਾਇ)ਸਮਝਾਉਣਾ ਕਰ, ਜ਼ੋਰ ਜ਼ੁਲਮ ਪਾਪ ਨ ਕਰੋ ਜੀ। ਯਥਾ:– ਛਣਿ ਘਾਲੇ. ਸਭ ਦਿਵਸ ਸਾਸ; ਨਹ ਬਢਨ ਘਟਨ ਤਿਲੁ ਸਾਰ॥ ਜੀਵਨ ਲੋਰਹਿ ਭਰਮ ਮੋਹ; ਨਾਨਕ. ਤੇਊ ਗਵਾਰ॥੧॥ ਇਸ ਲਈ, ਪ੍ਰੀਤਮ; ਪ੍ਰੇਮ ਭਗਤਿ ਕੇ ਦਾਤੇ॥ ਸਤਿਗੁਰੂ ਸਾਹਿਬ ਜੀ ਨੂੰ, ਤਨੁ ਮਨੁ ਧਨੁ ਸਭੁ.ਸਉਪਿ ਗੁਰ ਕਉ; ਹੁਕਮਿ ਮੰਨਿਐ ਪਾਈਐ॥ ਅਨੁਸਾਰ ਤਨ ਮਨ ਧਨ ਸਿਰ ਅਰਪ ਕੇ, ਜੋਬਨ ਵਿੱਦਿਆ ਵਡਿਆਈ ਹਕੂਮਤ ਮਨ ਬਾਣੀ ਸ਼ਰੀਰ ਦਾ ਸਭੁ ਹੰਕਾਰ ਛੱਡ। ਯਥਾ:– ਕਬੀਰ.ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ. ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥) ਪੂਰਨ ਗੁਰੂ ਜੀ ਦੇ ਸੱਚੇ ਚਰਨ–ਕਮਲਾਂ ਨਾਲ ਲੱਗ ਕੇ, ਅਕਾਲ ਪੁਰਖ ਨਾਲ, ਜੇ ਵਿਆਹ ਕਰਾਵੇਂਗੀ ਫੇਰ ਕਾਲ਼ ਲਾੜਾ ਤੇਰੇ ਨੇੜੇ ਨਹੀਂ ਆ ਸਕੇਗਾ। ਯਥਾ:– ਕਹਿ ਕਬੀਰ.ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥) ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ; ਤੇਹਾ ਕਰੀ ਸੀਗਾਰੁ॥੧॥) ਮੈ ਬਉਰੀ; ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ; ਕਰਉ ਸਿੰਗਾਰੁ॥

ਜਿੰਦੁ ਵਹੁਟੀ. ਮਰਣੁ ਵਰੁ; ਲੈ ਜਾਸੀ ਪਰਣਾਇ॥ ਜਿੰਦੁ ਰੂਪੀ ਵਹੁਟੀ ਨੂੰ, (ਮਰਣੁ)ਕਾਲ਼ ਰੂਪ (ਵਰੁ)ਲਾੜਾ (ਪਰਣਾਇ)ਵਿਆਹ ਕੇ, ਲੈ (ਜਾਸੀ)ਜਾਵੇਗਾ। ਓਸ, ਕਿਸੇ ਦੀ ਬਾਤ ਨਹੀਂ ਸੁਨਣੀ। ਯਥਾ:– ਕਬੀਰ. ਗਹਗਚਿ ਪਰਿਓ ਕੁਟੰਬ ਕੈ; ਕਾਂਠੈ. ਰਹਿ ਗਇਓ ਰਾਮੁ॥ ਆਇ ਪਰੇ ਧਰਮਰਾਇ ਕੇ; ਬੀਚਹਿ ਧੂਮਾ ਧਾਮ॥) ਨਿੰਦਕੁ.ਜਮਦੂਤੀ ਆਇ ਸੰਘਾਰਿਓ; ਦੇਵਹਿ ਮੂੰਡ ਊਪਰਿ ਮਟਾਕ॥) ਲਿਖਿਆ ਆਇਆ ਗੋਵਿੰਦ ਕਾ, ਵਣਜਾਰਿਆ ਮਿਤ੍ਰਾ; ਉਠਿ ਚਲੇ ਕਮਾਣਾ ਸਾਥਿ॥ ਇਕ ਰਤੀ ਬਿਲਮ. ਨ ਦੇਵਨੀ,ਵਣਜਾਰਿਆ ਮਿਤ੍ਰਾ; ਓਨੀ ਤਕੜੇ ਪਾਏ ਹਾਥ॥ ਲਿਖਿਆ ਆਇਆ.ਪਕੜਿ ਚਲਾਇਆ; ਮਨਮੁਖ ਸਦਾ ਦੁਹੇਲੇ॥ ਜਿਨੀ ਪੂਰਾ ਸਤਿਗੁਰੁ ਸੇਵਿਆ; ਸੇ ਦਰਗਹ ਸਦਾ ਸੁਹੇਲੇ॥ ਕਰਮ ਧਰਤੀ ਸਰੀਰੁ.ਜੁਗ ਅੰਤਰਿ; ਜੋ ਬੋਵੈ ਸੋ ਖਾਤਿ॥ ਕਹੁ ਨਾਨਕ.ਭਗਤ ਸੋਹਹਿ ਦਰਵਾਰੇ; ਮਨਮੁਖ ਸਦਾ ਭਵਾਤਿ॥)

ਹੱਥੀਂ। ਗਲ਼ਿ ਲੱਲਾ ਭਾਰਾ ਬੋਲੋ– ਆਪਣ ਹਥੀ. ਜੋਲਿ ਕੈ; ਕੈ ਗਲਿ ਲਗੈ ਧਾਇ॥ ਜਿਵੇਂ ਲਾੜੀ ਸਹੁਰੇ ਘਰ ਜਾਣ ਸਮੇਂ, ਭੱਜ ਕੇ ਮਾਤਾ ਪਿਤਾ ਜੀ ਦੇ ਗਲਿ ਲੱਗਦੀ ਹੈ, ਤਿਵੇਂ ਜੀਵ ਰੂਪੀ ਇਸਤ੍ਰੀ, ਕਾਲ਼ ਲਾੜੇ ਦੇ ਵਿਆਹੁਣ ਤੋਂ, ਇਸ ਲੋਕ ਰੂਪੀ ਪੇਕਾ ਘਰ ਤਿਆਗਣ ਸਮੇਂ, ਆਪਣੇ ਬਚਾਅ ਲਈ, ਪੈਰਾਂ ਨਾਲ (ਜੋਲਿ)ਤੁਰ ਕੇ, (ਆਪਣ)ਆਪਣੇ (ਹਥੀ)ਹੱਥਾਂ ਨਾਲ, (ਕੈ)ਕਿਸ ਦੇ ਗਲਿ ਨਾਲ (ਧਾਇ)ਭੱਜ ਕੇ ਲੱਗੇਗੀ? ਭਾਵ ਨਹੀਂ ਲੱਗ ਸਕੇਗੀ, ਘਟ ਫੁਟੇ. ਕੋਊ ਬਾਤ ਨ ਪੂਛੈ; ਕਾਢਹੁ ਕਾਢਹੁ ਹੋਈ॥੨॥ ਵਾਲੀ ਮੰਦੀ ਹਾਲਤ ਹੋਵੇਗੀ।

ਨਿੱਕੀ– ਵਾਲਹੁ ਨਿਕੀ ਪੁਰਸਲਾਤ; ਕੰਨੀ. ਨ ਸੁਣੀਆਇ॥ (ਪੁਰਸਲਾਤ)ਜਮ ਮਾਰਗ ਦੀ ਵਾਟ (ਵਾਲਹੁ)ਵਾਲੋਂ ਭੀ (ਨਿਕੀ)ਬ੍ਰੀਕ ਤੋਂ ਬਹੁਤੀ ਹੀ ਬ੍ਰੀਕ ਹੈ, ਤੂੰ ਇਹ ਅਵਾਜ਼ ਗੁਰੂ ਪੀਰਾਂ, ਪੂਰਨ ਮਹਾਪੁਰਸ਼ਾਂ ਦੁਆਰਾ, ਅਪਣੇ ਕੰਨੀ (ਨ)ਨਹੀਂ (ਸੁਣੀਆਇ)ਸੁਣ ਰਿਹਾ। ਯਥਾ:– ਵਾਟ ਹਮਾਰੀ; ਖਰੀ ਉਡੀਣੀ॥ ਖੰਨਿਅਹੁ ਤਿਖੀ; ਬਹੁਤੁ ਪਿਈਣੀ॥ ਉਸੁ ਊਪਰਿ; ਹੈ ਮਾਰਗੁ ਮੇਰਾ॥ ਸੇਖ ਫਰੀਦਾ; ਪੰਥੁ ਸਮ੍ਹਾਰਿ ਸਵੇਰਾ॥) ਪੁਰਸਲਾਤ

Sri Satguru Jagjit Singh Ji eLibrary NamdhariElibrary@gmail.com

ਕਾ ਪੰਥੁ ਦੁਹੇਲਾ॥ ਸੰਗਿ ਨ ਸਾਥੀ; ਗਵਨੁ ਇਕੇਲਾ॥੨॥) ਜਿਹ ਮਾਰਗਿ; ਇਹੁ ਜਾਤ ਇਕੇਲਾ॥ ਤਹ ਹਰਿ ਨਾਮੁ ਸੰਗਿ; ਹੋਤ ਸੁਹੇਲਾ॥ (ਪੜਿ, ਝਾੜਾ ਭਾਰਾ ਨਹੀਂ ਬੋਲਣਾ) ਆਗੈ. ਬਿਮਲ ਨਦੀ; ਅਗਨਿ ਬਿਖੁ ਝੇਲਾ॥ ਤਿਥੈ.ਅਵਰੁ ਨ ਕੋਈ; ਜੀਉ ਇਕੇਲਾ॥ ਭਤ ਭਤ ਅਗਨਿ ਸਾਗਰੁ ਦੇ ਲਹਰੀ; ਪੜਿ ਦਝਹਿ ਮਨਮੁਖ ਤਾਈ ਹੇ॥) ਜਿਹ ਪੈਡੈ; ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ; ਸੰਗਿ ਉਜੀਆਰਾ॥ ਪਾਪੀ ਦੇ ਜਮਪੁਰੀ ਨੂੰ ਜਾਣ ਵੇਲੇ, (ਜਿਹ)ਜਿਸ (ਪੈਡੈ)ਰਸਤੇ'ਚ, (ਮਹਾ)ਵੱਡਾ (ਅੰਧ)ਅੰਨ੍ਹਾ (ਗੁਬਾਰਾ)ਅੰਧੇਰਾ ਹੈ। ਜਹ ਮਹਾ ਭਇਆਨ; ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ; ਤੁਮ ਊਪਰਿ ਛਾਮ॥ ਜਮ ਮਾਰਗ ਨਰਕ ਦੀ ਅਗਨੀ ਉੱਪਰ, ਤਲਵਾਰ ਦੀ ਧਾਰੋਂ ਤਿੱਖਾ ਦੋਵੀਂ ਪਾਸੀਂ ਤਿੱਖੇ ਕੰਡਿਆਂ ਵਾਲੇ, ਦੁੱਖਾਂ ਦੇ ਪੁਲ ਦੀ ਛੋਟੀ ਤੰਗ ਜਗ੍ਹਾ ਹੈ, ਹਿੰਦੂ ਮਤਿ ਅਨੁਸਾਰ ਪੁੰਨੀ ਪੁਰਖ ਲੰਘ ਜਾਂਦੇ ਹਨ, ਪਾਪੀ ਲੰਘ ਨਹੀਂ ਸਕਦੇ, ਨਰਕ ਦੀ ਅੱਗ 'ਚੋਂ। ਮੁਸਲਮਾਨ ਮਤਿ 'ਚ, ਨਰਕ ਦੇ ਸਿਰ 'ਤੇ ਇੱਕ ਪੁਲ ਹੈ, ਜੋ ਵਾਲੋਂ ਨਿੱਕਾ ਤਲਵਾਰ ਦੀ ਧਾਰੋਂ ਤਿੱਖਾ ਹੈ।

ਪਵੰਦੀ- ਈ, ਖੜ੍ਹਾ- ਫਰੀਦਾ. ਕਿੜੀ ਪਵੰਦੀਈ; ਖੜਾ. ਨ ਆਪੁ ਮੁਹਾਇ॥੧॥ ਹੇ ਦਾਸਨ ਦਾਸ ਗ਼ਰੀਬ ਫਰੀਦਾ! ਪੂਰਿਆਂ ਗੁਰਾਂ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਪੂਰਨ ਮਹਾਪੁਰਸ਼ਾਂ ਦੁਆਰਾ, ਜੋ ਉਪਜਿਓ. ਸੋ ਬਿਨਸਿ ਹੈ; ਪਰੋ ਆਜੁ ਕੇ ਕਾਲ॥ ਨਾਨਕ.ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥ ਅਨੁਸਾਰ (ਕਿੜੀ)ਅਵਾਜ਼ (ਪਵੰਦੀਈ)ਪੈ ਰਹੀ ਹੈ। ਔਗੁਣਾਂ ਵਿਸ਼ਿਆਂ ਪਦਾਰਥਾਂ ਦੋਸ਼ਾਂ ਕੁਸੰਗਤ 'ਚ ਖੜਾ, ਆਪਣੇ ਆਪੁ ਨੂੰ ਨ (ਮੁਹਾਇ)ਲੁਟਾ। ਯਥਾ:- ਪੂਰੇ ਗੁਰ ਕਾ; ਸੁਨਿ ਉਪਦੇਸੁ॥ ਪਾਰਬ੍ਰਹਮੁ; ਨਿਕਟਿ ਕਰਿ ਪੇਖੁ॥ ਸਾਸਿ ਸਾਸਿ; ਸਿਮਰਹੁ ਗੋਬਿੰਦ॥ ਮਨ ਅੰਤਰ ਕੀ; ਉਤਰੈ ਚਿੰਦ॥ ਆਸ ਅਨਿਤ; ਤਿਆਗਹੁ ਤਰੰਗ॥ ਸੰਤ ਜਨਾ ਕੀ; ਧੂਰਿ ਮਨ ਮੰਗ॥ ਆਪੁ ਛੋਡਿ; ਬੇਨਤੀ ਕਰਹੁ॥ ਸਾਧ ਸੰਗਿ; ਅਗਨਿ ਸਾਗਰੁ ਤਰਹੁ॥ ਹਰਿ ਧਨ ਕੇ; ਭਰਿ ਲੇਹੁ ਭੰਡਾਰ॥ ਨਾਨਕ; ਗੁਰ ਪੂਰੇ ਨਮਸਕਾਰ॥੧॥

ਗੱਾਖੜੀ, ਚੱਲਾਂ। ਭਤਿ ਪੋਲਾ- ਫਰੀਦਾ. ਦਰ ਦਰਵੇਸੀ ਗਾਖੜੀ; ਚਲਾਂ ਦੁਨੀਆਂ ਭਤਿ॥ ਬੰਨ੍ਹਿ ਉਠਾਈ ਪੋਟਲੀ; ਕਿਥੈ ਵੰਞਾ ਘਤਿ॥੨॥ ਹੇ ਫਰੀਦਾ! ਵਾਹਿਗੁਰੂ ਜੀ ਦੇ ਦਰ ਦੀ ਪੂਰਨ (ਦਰਵੇਸੀ)ਫ਼ਕੀਰੀ ਬੜੀ ਹੀ (ਗਾਖੜੀ)ਕਠਨ ਤੋਂ ਕਠਨ ਹੈ, ਕਿਉਂਕਿ ਔਗੁਣਾਂ ਪਾਪਾਂ ਵਿਕਾਰਾਂ ਮੰਦ- ਕਰਮਾਂ ਵੱਲੋਂ ਜਿਉਂਦੇ ਹੀ ਮਰਨਾ ਪੈਂਦਾ ਹੈ। ਤੂੰ ਤਾਂ ਦੁਨੀਆਂ (ਭਤਿ)ਵਾਂਗ ਹੀ (ਚਲਾਂ)ਚੱਲ ਰਿਹਾ ਹੈਂ। ਤੇਰੇ 'ਚ ਕੋਈ ਭੀ ਸ਼ੁਭ ਗੁਣ ਨਹੀਂ, ਜੀਵਨ ਗਿਰਿਆ ਵਿਕਾਰੀ ਹੈ, ਧਨ ਪਾਪ ਇੱਕਠੇ ਕਰ ਰਿਹਾ ਹੈਂ, ਆਪਣੀ ਵਡਿਆਈ ਆਪ ਕਰ ਰਿਹਾ ਹੈਂ, ਵੱਡਾ ਪੂਜਨੀਕ ਕਹਾਉਂਦਾ ਹੈਂ। ਅਨੇਕ ਪ੍ਰਕਾਰ ਦੇ ਕਪਟ ਛਲ ਕਰਕੇ ਦੁਨੀਆਂ ਨੂੰ ਛਲ ਰਿਹਾ ਹੈਂ। ਤੂੰ ਪਾਪਾਂ ਔਗੁਣਾਂ ਦੋਸ਼ਾਂ ਵਿਕਾਰਾਂ ਦੀ (ਪੋਟਲੀ)ਪੰਡ ਬੰਨ੍ਹਿ ਕੇ (ਉਠਾਈ)ਚੁੱਕੀ ਹੋਈ ਹੈ। ਹੇ ਵਾਹਿਗੁਰੂ ਜੀ! ਆਪ ਜੀ ਨੂੰ ਛੱਡ ਕੇ, ਹੋਰ ਕਿਥੈ (ਵੰਞਾ)ਜਾਵਾਂ, ਐਨੇ ਪਾਪ (ਘਤਿ)ਸੁੱਟ ਪਾਵਾਂ। ਯਥਾ:- ਲੋਕੁ. ਅਵਗਣਾ ਕੀ ਬੰਨ੍ਹੈ ਗੰਠੜੀ; ਗੁਣ. ਨ ਵਿਹਾਝੈ ਕੋਇ॥ ਗੁਣ ਕਾ ਗਾਹਕੁ. ਨਾਨਕਾ; ਵਿਰਲਾ ਕੋਈ ਹੋਇ॥) ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ; ਤੇਤੇ ਅਉਗਣ ਹਮਾਰੇ॥ ਦਇਆ ਕਰਹੁ.ਕਿਛੁ ਮਿਹਰ ਉਪਾਵਹੁ; ਡੁਬਦੇ ਪਥਰ ਤਾਰੇ॥) ਸਭਿ ਅਵਗਣ; ਮੈ ਗੁਣੁ ਨਹੀ ਕੋਈ॥ ਕਿਉ ਕਰਿ; ਕੰਤ ਮਿਲਾਵਾ ਹੋਈ॥ ਪਰਮਪੂਜਨੀਕ ਧੰਨ ਸੱਚੇ ਭਗਤ ਸਾਹਿਬ ਜੀ ਦੀ ਪ੍ਰੇਮਾ- ਭਗਤੀ ਕਰਦਿਆਂ, ਵਾਹਿਗੁਰੂ ਜੀ ਦੇ ਸਨਮੁਖ ਘਣੀ ਤੋਂ ਘਣੀ, ਅਤਿਅੰਤ ਘਣੀ ਨਿਮ੍ਰਤਾ ਦੇ ਸਬਦ ਕਹਿ ਰਹੇ ਹਨ। ਇਨ੍ਹਾਂ'ਚ ਬੜਾ ਭਾਰੀ ਮਹਾਂ ਸੁਖ ਅੰਮ੍ਰਿਤ ਬ੍ਰਹਮਾਨੰਦ ਇਕਾਗ੍ਰਤਾ ਟਿਕਾਅ ਸ਼ਾਂਤੀ, ਵਹਿਗੁਰੂ ਜੀ ਦੇ ਸਰੂਪ ਦੀ ਸਾਖਿਆਤਤਾ ਹੈ। ਇਤਨੀ ਘਣੀ ਨਿਮ੍ਰਤਾ ਦੇ ਬਚਨ ਹੋਰ ਕਿਸੇ ਭੀ ਅਵਤਾਰ ਪੈਗੰਬਰ ਜੀ ਨੇ ਨਹੀਂ ਕਹੇ ਜੀ, ਨਮਸਕਾਰ॥੨॥

Sri Satguru Jagjit Singh Ji eLibrary NamdhariElibrary@gmail.com

ਦਰਵੇਸੀ ਕਿਉਂ ਕਠਨ ਹੈ? ਭਗਤਾ ਕੀ; ਚਾਲ ਨਿਰਾਲੀ॥ ਚਾਲਾ ਨਿਰਾਲੀ. ਭਗਤਾਹ ਕੇਰੀ; ਬਿਖਮ ਮਾਰਗਿ ਚਲਣਾ॥ ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ; ਬਹੁਤੁ. ਨਾਹੀ ਬੋਲਣਾ॥ ਖੰਨਿਅਹੁ ਤਿਖੀ. ਵਾਲਹੁ ਨਿਕੀ; ਏਤੁ ਮਾਰਗਿ ਜਾਣਾ॥) ਗੁਰਸਿਖੀ ਬਾਰੀਕ ਹੈ; ਖੰਡੇ ਧਾਰ ਗਲੀ ਅਤਿ ਭੀੜੀ॥ ਓਥੈ. ਟਿਕੈ ਨ ਭੁਣਹਣਾ; ਚੱਲ ਨ ਸਕੈ ਉਪਰ ਕੀੜੀ॥ ਵਾਲਹੁੰ ਨਿਕੀ ਆਖੀਐ; ਤੇਲ ਤਿਲਹੁੰ ਲੈ ਕੋਲੂ ਪੀੜੀ॥) ਇਕੁ ਫਿਕਾ ਨ ਗਾਲਾਇ; ਸਭਨਾ ਮੈ ਸਚਾ ਧਣੀ॥ ਅਨੁਸਾਰ ਇੱਕ ਭੀ ਫਿੱਕਾ ਬਚਨ ਨ ਬੋਲਣਾ। ਕੋਈ ਭਲਾ ਕਹਉ. ਭਾਵੈ ਬੁਰਾ ਕਹਉ; ਹਮ. ਤਨੁ ਦੀਓ ਹੈ ਢਾਰਿ॥੧॥ ਪਰਾਇਆ ਰੂਪ ਮੰਦ- ਦ੍ਰਿਸ਼ਟੀ ਨਾਲ ਨਹੀਂ ਦੇਖਣਾ, ਝੂਠ ਉੱਕਾ ਹੀ ਨਹੀਂ ਬੋਲਣਾ, ਪਰਾਈ ਨਿੰਦਾ ਨਹੀਂ ਕਰਨੀ, ਮਨ ਬਾਣੀ ਸ੍ਰੀਰ ਕਰਕੇ ਜਿਉਂਦੇ ਮਰਨਾ, ਜਿਵੇਂ ਮੁਰਦਾ ਕੋਈ ਸੰਕਲਪ ਨਹੀਂ ਉਠਾ ਸਕਦਾ। ਮਾੜਾ ਸੰਕਲਪ ਨਹੀਂ ਉਠਾਉਣਾ। ਵਿਸ਼ੇ ਵਿਕਾਰ ਦੀ ਗੱਲ ਕਰਕੇ ਹੱਸਣਾ ਤਾਂ ਕੀ ਹੈ, ਗੱਲ ਕਰਨੀ ਸੁਣਨੀ ਹੀ ਨਾਹੀ। ਕਿਸੇ ਦਾ ਮਨ ਨਹੀਂ ਢਾਹੁਣਾ। ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਮਹਾਂ ਵਿਸਮਾਦ, ਅਨੰਤ ਸ਼ੁਭ ਗੁਣਾਂ ਦੇ ਸ਼ਿੰਗਾਰ ਸਹਿਤ ਰਹਿਣਾ। ਅੱਠੇ ਪਹਿਰ ਹੱਥ ਜੋੜ ਕੇ ਨਿਮਖ ੨ ਠਾਕੁਰ ਜੀ ਨੂੰ ਨਮਸਕਾਰ ਕਰਨੀ, ਇਹ ਪੂਰਨ ਦਰਵੇਸ਼ੀ ਹੈ। ਖਾਣਾ ਵੀ ਦਰਵੇਸਾਂ ਵਾਲਾ, ਬਿਲਕੁਲ ਸਾਦਾ ਤੋਂ ਸਾਦਾ ਖਾਣਾ। ਯਥਾ:- ਥੋੜਾ ਸਵਣਾ ਖਾਵਣਾ; ਥੋੜਾ ਬੋਲਨੁ ਗੁਰਮਤਿ ਪਾਏ। ਭੁੱਖ ਨਾਲੋਂ ਚੌਥਾ ਹਿੱਸਾ ਘੱਟ ਛਕਣਾ। ਯਥਾ:- ਫਰੀਦਾ. ਰੋਟੀ ਮੇਰੀ ਕਾਠ ਕੀ,ਲਾਵਣੁ ਮੇਰੀ ਭੁਖ॥) ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ.ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥) ਸ਼ਿਕਾਰ[1]- ਕਬੀਰ. ਖੂਬੁ ਖਾਨਾ ਖੀਚਰੀ; ਜਾ ਮਹਿ ਅੰਮ੍ਰਿਤੁ ਲੋਨੁ॥੧ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥ ਪਹਿਨਣਾ ਵੀ ਫ਼ਕੀਰਾਂ ਵਾਲਾ ਹੈ। ਪੈਨਣਾ ਰਖੁ ਪਤਿ ਪਰਮੇਸੁਰ; ਫਿਰਿ. ਨਾਗੇ ਨਹੀ ਥੀਵਨਾ॥ ਇੰਦ੍ਰਿਆਂ ਦੇ ਵਿਸ਼ੇ ਤਿਆਗਣੇ ਸੁਖ ਲਾਲਚ ਛੱਡਣੇ। ਓਨਿ ਛਡੇ ਲਾਲਚ ਦੁਨੀ ਕੇ; ਅੰਤਰਿ ਲਿਵ ਲਾਈ॥

ਕਿੱਝੁ ਬੁੱਝੈ ਸੁੱਝੈ ਗੁੱਝੀ- ਕਿਝੁ ਨ ਬੁਝੈ. ਕਿਝੁ ਨ ਸੁਝੈ; ਦੁਨੀਆ ਗੁਝੀ ਭਾਹਿ॥ ਦੱਝਾਂ- ਸਾਂਈਂ ਮੇਰੈ. ਚੰਗਾ ਕੀਤਾ; ਨਾਹੀ ਤ. ਹੰ ਭੀ ਦਝਾਂ ਆਹਿ॥੩॥ ਹੇ ਪਰਮ ਪਿਆਰੇ ਸਾਂਈ ਮਾਲਕ ਅਕਾਲ ਪੁਰਖ ਖ਼ੁਦਾ ਜੀ! ਦਾਸਨ ਦਾਸ ਨੂੰ (ਕਿਝੁ)ਕਿੱਛੁ (ਨ)ਨਹੀਂ (ਬੁਝੈ)ਬੁੱਝਦਾ, (ਕਿਝੁ)ਕਿਛੁ ਭੀ (ਨ)ਨਹੀਂ (ਸੁਝੈ)ਸੁੱਝਦਾ, ਕਿ ਇਹ ਦੁਨੀਆ, ਈਰਖਾ ਤ੍ਰਿਸਨਾ ਫੈਸ਼ਨ ਮੰਦ- ਕਰਮ ਰੋਗ ਸੁਆਦ ਨਸ਼ੇ ਵਿਸ਼ੇ ਕ੍ਰੋਧ ਲੋਭ ਮੋਹ ਧ੍ਰੋਹ ਹੰਕਾਰ ਜ਼ੋਰ ਜ਼ੁਲਮ ਨਿੰਦਾ ਆਦਿ ਔਗੁਣਾਂ ਦੀ ਗੁਝੀ (ਭਾਹਿ)ਅੱਗ ਹੈ। ਯਥਾ:- ਹੰਸੁ ਹੇਤੁ ਲੋਭੁ ਕੋਪੁ;ਚਾਰੇ ਨਦੀਆ ਅਗਿ॥ ਪਵਹਿ ਦਝਹਿ. ਨਾਨਕਾ;ਤਰੀਐ ਕਰਮੀ ਲਗਿ॥

ਦੱਝਾਂ- ਸਾਂਈਂ ਮੇਰੈ. ਚੰਗਾ ਕੀਤਾ; ਨਾਹੀ ਤ. ਹੰ ਭੀ ਦਝਾਂ ਆਹਿ॥੩॥ ਮੇਰੈ (ਸਾਂਈ)ਮਾਲਕ ਜੀ ਨੇ ਇਹ ਬਹੁਤ ਹੀ ਚੰਗਾ ਕੀਤਾ, ਜੋ ਮਹਾਂ ਵਿਸਮਾਦ ਪੂਰਨ ਕ੍ਰਿਪਾ ਕਰਕੇ ਜਣਾ ਦਿਤਾ, ਕਿ ਇਹ ਸੰਸਾਰ ਅੱਗ ਦਾ ਸਮੁੰਦ੍ਰ ਹੈ, ਜਿਨ੍ਹਾਂ ਔਗੁਣਾਂ ਕੁਸੰਗੀਆਂ ਵਿਕਾਰਾਂ ਨੂੰ ਤੂੰ ਪਰਮ ਮਿੱਤ੍ਰ ਮੰਨਦਾ ਹੈਂ, ਇਹ ਤੇਰੇ ਵੈਰੀ ਹਨ। ਯਥਾ:- ਰਾਮੁ ਸੰਗੀ; ਤਿਸੁ ਗਤਿ ਨਹੀ ਜਾਨਹਿ॥ ਪੰਚ ਬਟਵਾਰੇ; ਸੇ ਮੀਤ ਕਰਿ ਮਾਨਹਿ॥) ਸੰਗਿ ਸਹਾਈ; ਸੁ ਆਵੈ ਨ ਚੀਤਿ॥ ਜੋ ਬੈਰਾਈ; ਤਾ ਸਿਉ ਪ੍ਰੀਤਿ॥ ਨਾਹੀ ਤ, ਦੁਨੀਆ ਗੁਝੀ ਭਾਹਿ 'ਚ, (ਹੰ)ਦਾਸਨ ਦਾਸ ਦਾ, (ਦਝਾਂ)ਸੜਨਾ (ਆਹਿ)ਹੁੰਦਾ ਭਾਵ ਇਸ 'ਚ ਦਾਸਨ ਦਾਸ ਨੇ ਭੀ ਸੜ ਜਾਣਾ ਸੀ, ਮਹਾਰਾਜ ਸਾਹਿਬ ਜੀ ਨੇ ਅੱਗ ਦੇ ਸਮੁੰਦ੍ਰ ਤੋਂ ਬਾਹੋਂ ਫੜ ਕੇ ਕੱਢ ਲਿਆ ਹੈ। ਯਥਾ:- ਅਗਨਿ ਸਾਗਰ;ਬੂਡਤ ਸੰਸਾਰਾ॥ ਨਾਨਕ.ਬਾਹ ਪਕਰਿ; ਸਤਿਗੁਰਿ ਨਿਸਤਾਰਾ॥) ਊਪਰਿ ਭੁਜਾ ਕਰਿ. ਮੈ ਗੁਰ ਪਹਿ ਪੁਕਾਰਿਆ; ਤਿਨਿ. ਹਉ ਲੀਆ ਉਬਾਰੀ॥

Sri Satguru Jagjit Singh Ji eLibrary NamdhariElibrary@gmail.com

ਬੁੱਕ ਭਰੀਂ– ਫਰੀਦਾ. ਜੇ ਜਾਣਾ ਤਿਲ ਥੋੜੜੇ; ਸੰਮਲਿ ਬੁਕੁ ਭਰੀ॥ ਕਰੀਂ– ਜੇ ਜਾਣਾ. ਸਹੁ ਨੰਢੜਾ; ਤਾਂ ਥੋੜਾ ਮਾਣੁ ਕਰੀ॥੪॥ ਹੇ ਦਾਸਨ ਦਾਸ ਗ਼ਰੀਬ ਫਰੀਦਾ! ਜੇ ਤੂੰ ਇਹ (ਜਾਣਾ)ਜਾਣਦਾ ਹੈਂ ਕਿ (ਤਿਲ)ਪਦਾਰਥ ਸੁਆਸ (ਥੋੜੜੇ)ਥੋੜੇ ਹਨ, ਇਹ ਅਕਾਲ ਪੁਰਖ ਜੀ ਨੂੰ ਅਰਪਣੇ ਹਨ, ਇਨ੍ਹਾਂ ਨੂੰ ਆਪਣੇ ਆਪ ਵਰਤਣ ਲਈ, (ਸੰਮਲਿ)ਸਮਾਲ ਕੇ ਬੁਕੁ ਭਰੀ, ਸੰਮਲਿ ਕੇ ਬੁੱਕ ਭਰਨ ਦਾ ਭਾਵ ਤਿਲ ਬੁਕੁ ਚੋਂ ਬਾਹਰ ਡਿੱਗਦੇ ਹਨ, ਭਾਵ ਪਦਾਰਥ ਸੁਆਸ ਨਸ਼ਿਆਂ ਵਿਸ਼ਿਆਂ ਵੇਸਵਾ ਕਲੱਬਾਂ ਐਬ ਵੈਲਾਂ 'ਚ, ਨ ਡਿੱਗਣ, ਵਿਅਰਥ ਨ ਜਾਣ, ਗੁਰੂ ਸੇਵਾ ਸਿਮਰਨ ਪਰਉਪਕਾਰ 'ਚ ਲਾਉਣੇ ਬਹੁਤ ਹੀ ਜ਼ਰੂਰੀ ਹਨ, ਇੱਕ ਭੀ ਸੁਆਸ ਸਿਮਰਨ ਬਿਨਾ ਬਿਅਰਥ ਨ ਜਾਵੇ। ਯਥਾ:– ਜੋ ਦਮੁ. ਚਿਤਿ ਨ ਆਵਈ ਸੋ ਦਮੁ; ਬਿਰਥਾ ਜਾਇ॥

ਕਰੀਂ– ਜੇ ਜਾਣਾ. ਸਹੁ ਨੰਢੜਾ; ਤਾਂ ਥੋੜਾ ਮਾਣੁ ਕਰੀ॥੪॥ ਜੇ ਤੂੰ (ਜਾਣਾ)ਜਾਣਦਾ ਹੈਂ ਕਿ (ਸਹੁ)ਮਾਲਕ ਪਤੀ ਨਿਰਗੁਣ ਬ੍ਰਹਮ ਜੀ, ਦਾਨਾ ਦਾਤਾ ਸੀਲਵੰਤੁ; ਨਿਰਮਲੁ ਰੂਪੁ ਅਪਾਰੁ॥ ਅਨੁਸਾਰ (ਨੰਢੜਾ)ਨਿਮ੍ਰਤਾ ਵਾਲੇ, ਨਿਮ੍ਰਤਾ ਹੀ ਨਿਮ੍ਰਤਾ ਸਰੂਪ ਹਨ। ਉਨ੍ਹਾਂ ਦੀ ਪ੍ਰਾਪਤੀ ਲਈ, ਮਾਣੁ ਥੋੜਾ ਕਰੀ ਭਾਵ ਮਾਣ ਉੱਕਾ ਹੀ ਨ ਕਰੀਂ। ਸਤ ਸੰਤੋਖ ਨਿਮ੍ਰਤਾ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਨਿਰਗੁਣ ਬ੍ਰਹਮ ਜੀ, ਤੇਰੇ ਪ੍ਰੇਰਕ ਪ੍ਰਕਾਸ਼ਕ ਹਨ, ਤੈਨੂੰ ਜ਼ਿੰਦ ਜਾਨ ਪ੍ਰਾਣ ਦੇ ਰਹੇ ਹਨ। ਇਨ੍ਹਾਂ ਦੀ ਪਵਿੱਤ੍ਰ ਜੋਤਿ ਨਾਲ ਤੇਰਾ ਆਖਣ ਵੇਖਣ ਬੋਲਣ ਸਭ ਕਿਛ ਹੋ ਰਿਹਾ ਹੈ। ਯਥਾ:– ਆਖਣੁ ਵੇਖਣੁ ਸਭੁ; ਸਾਹਿਬ ਤੇ ਹੋਇ॥) ਤੇਰੋ ਕੀਆ.ਤੁਝਹਿ ਕਿਆ ਅਰਪਉ; ਸਭ ਕਿਛ ਮਹਾਰਾਜ ਨੂੰ ਅਰਪ ਕੇ, ਅਰਪੇ ਦਾ ਮਾਣ ਨਹੀਂ ਕਰਨਾ। ਯਥਾ:– ਜੇ ਲੋੜਹਿ ਚੰਗਾ ਆਪਣਾ; ਕਰਿ ਪੁੰਨਹੁ ਨੀਚੁ ਸਦਾਈਐ॥) ਭਾਉ ਭਗਤਿ ਕਰਿ; ਨੀਚੁ ਸਦਾਏ॥ ਤਉ ਨਾਨਕ; ਮੋਖੰਤਰੁ ਪਾਏ॥)

ਛਿੱਜਣਾ– ਜੇ ਜਾਣਾ. ਲੜੁ ਛਿਜਣਾ; ਪੀਡੀ ਪਾਈਂ ਗੰਢਿ॥ ਜੇਵੱਡੁ, ਸੱਭੁ ਜੱਗੁ ਡਿੱਠਾ– ਤੈ ਜੇਵਡੁ. ਮੈ ਨਾਹਿ ਕੋ; ਸਭੁ ਜਗੁ ਡਿਠਾ ਹੰਢਿ॥੫॥ ਪਰਮਪੂਜਨੀਕ ਬਾਬਾ ਫ਼ਰੀਦ ਸਾਹਿਬ ਜੀ ਪੂਰਨ ਪ੍ਰੇਮ 'ਚ ਲੀਨ ਹੋ ਕੇ, ਸਨਮੁਖ ਫ਼ੁਰਮਾ ਰਹੇ ਹਨ:– (ਮੈ)ਦਾਸਨ ਦਾਸੀ ਦੇ, ਹੇ (ਨਾਹਿ)ਪਤੀ ਵਾਹਿਗੁਰੂ ਜੀ! (ਤੈ)ਆਪ ਜੀ (ਜੇਵਡੁ)ਜਿੱਡੇ ਵੱਡੇ (ਕੋ)ਕੋਈ ਵੀ (ਨਾਹਿ)ਨਹੀਂ ਹਨ, ਦਾਸਨ ਦਾਸੀ ਨੇ, ਸਭੁ ਜਗੁ (ਹੰਢਿ)ਫਿਰ ਕੇ (ਡਿਠਾ)ਦੇਖ ਲਿਆ ਹੈ, ਆਪ ਜੀ (ਜੇ)ਜੇਕਰ ਇਹ (ਜਾਣਾ)ਜਾਣਦੇ ਹੋਂ, ਦਾਸਨ ਦਾਸੀ ਭੋਲੀ ਨਿਗੁਣੀ ਆਪ ਜੀ ਦਾ, ਪ੍ਰੇਮ ਰੂਪੀ ਲੜੁ, ਘੁੱਟ ਦ੍ਰਿੜ ਕਰਕੇ ਫੜਨਾ ਨਹੀਂ ਜਾਣਦੀ, ਦਾਸਨ ਦਾਸੀ ਤੋਂ ਪ੍ਰੇਮ ਰੂਪੀ (ਲੜੁ)ਪੱਲਾ (ਛਿਜਣਾ) ਛੁੱਟ ਜਾਣਾ ਹੈ, ਤਾਂ ਆਪ ਜੀ ਨੇ, ਆਪੇ ਲਾਇਓ; ਅਪਨਾ ਪਿਆਰੁ॥ ਅਨੁਸਾਰ, (ਪੀਡੀ)ਘੁੱਟ ਕੇ, ਪ੍ਰੀਤ ਰੂਪੀ ਗੰਢਿ, ਕ੍ਰਿਪਾ ਕਰਕੇ (ਪਾਈਂ)ਪਾਉਣਾ ਕਰਨੀ ਜੀ।

ਤੈ ਜੇਵਡੁ. ਮੈ ਨਾਹਿ ਕੋ; 'ਤੇ ਪ੍ਰਮਾਣ:– ਪਉੜੀ॥ ਵੇਕੀ ਸ੍ਰਿਸਟਿ ਉਪਾਈਅਨੁ; ਸਭ ਹੁਕਮਿ ਆਵੈ ਜਾਇ ਸਮਾਹੀ॥ ਆਪੇ ਵੇਖਿ ਵਿਗਸਦਾ; ਦੂਜਾ ਕੋ ਨਾਹੀ॥ ਜਿਉ ਭਾਵੈ ਤਿਉ ਰਖੁ ਤੂ; ਗੁਰ ਸਬਦਿ ਬੁਝਾਹੀ॥ ਸਭਨਾ ਤੇਰਾ ਜੋਰੁ ਹੈ; ਜਿਉ ਭਾਵੈ ਤਿਵੈ ਚਲਾਹੀ॥ ਤੁਧੁ ਜੇਵਡ ਮੈ ਨਾਹਿ ਕੋ; ਕਿਸੁ ਆਖਿ ਸੁਣਾਈ॥੨॥ ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥) ਗਿਆਨੁ ਧਿਆਨੁ ਕਿਛੁ ਕਰਮੁ ਨ ਜਾਣਾ; ਸਾਰ ਨ ਜਾਣਾ ਤੇਰੀ॥ ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ.ਕਲ ਰਾਖੀ ਮੇਰੀ॥) ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸਰਬ ਜੀਆ ਕਾ ਦਾਤਾ ਰੇ॥

ਫਰੀਦਾ. ਜੇ ਤੂ ਅਕਲਿ ਲਤੀਫੁ; ਕਾਲੇ. ਲਿਖੁ ਨ ਲੇਖ॥ ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰਿ ਦੇਖੁ॥੬॥) ਉਥਾਨਕਾ:– ਇੱਕ ਅਫ਼ੀਸਰ ਉਪਦੇਸ਼ ਲੈਣ ਆਇਆ, ਜੋ ਨਿਆਂ ਦੀ ਬਜਾਏ, ਅਪਣਾ ਫ਼ੈਸਲਾ, ਵੱਢੀ ਦੇਣ ਵਾਲੇ ਕਾਤਲ ਦੇ ਹੱਕ 'ਚ ਲਿਖ ਦਿੰਦਾ। ਮੈਂ ਸੜਕ ਬਣਾਈ ਹੈ, ਕਾਗ਼ਜਾਂ 'ਚ ਲਿਖ ਦੇਣਾ, ਲਿਖ ਕੇ,

Sri Satguru Jagjit Singh Ji eLibrary NamdhariElibrary@gmail.com

ਭੋਲ਼ੇ ਬੰਦੇ ਤੋਂ ਸਾਈਨ ਕਰਾ ਕੇ, ਕਿਸੇ ਦੀ ਚੀਜ਼, ਅਪਣੇ ਕਬਜ਼ੇ ਕਰ ਲੈਣੀ, ਕਾਲ਼ੇ ਲੇਖ ਲਿਖਣੇ ਹਨ। (ਫਰੀਦਾ)ਜੇ ਤੂ (ਅਕਲਿ)ਬੁੱਧੀ (ਲਤੀਫੁ)ਚਤਰ ਦਾਨਾ ਸਿਆਣਾ ਨੇਕ ਕ੍ਰਿਪਾਲ ਸਾਊ ਹੈਂ, ਤਾਂ ਚੋਰੀ ਯਾਰੀ ਨਿੰਦਾ ਕਤਲ ਠੱਗੀ ਵੱਢੀ ਲੈਣੀ ਪਰਾਇਆ ਹੱਕ ਖਾਣ ਤੰਬਾਕੂ ਸ਼ਰਾਬ ਮਾਸ ਨਸ਼ੇ ਵਰਤਣ ਜੂਆ ਖੇਡਣ, ਨਿਰਦੋਸ਼ ਜੀਆਂ ਨੂੰ ਬੰਬਾਂ ਨਾਲ ਸਾੜਨ ਆਦਿ ਅਨੇਕ ਬੱਜਰ ਪਾਪ ਕਰਨ ਰੂਪ ਕਾਲੇ ਲੇਖੁ ਨ ਲਿਖੁ॥ ਅਥਵਾ ਅਪਨੇ ਮਨ 'ਚ ਮੰਦੇ ਕੰਮ ਕਰਨ ਦੇ ਜੋ ਸੰਕਲਪ ਹਨ, ਇਹ ਭੀ ਕਾਲ਼ੇ ਲੇਖ ਲਿਖਣੇ ਹਨ, ਇਹ ਭੀ ਕਾਲੇ ਲੇਖੁ ਨ ਲਿਖੁ।

ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥੬॥ ਪਰਮ ਪਿਆਰੇ ਅਕਾਲ ਜੀ ਦੇ ਅੱਗੇ, ਸਿਰੁ ਨੀਂਵਾਂ (ਕਰਿ)ਕਰਕੇ, (ਸਿਰੁ)ਹੰਕਾਰ ਨੀਂਵਾਂ (ਕਰਿ)ਕਰਕੇ, (ਆਪਨੜੇ)ਅਪਣੇ (ਗਿਰੀਵਾਨ)ਦਿਲ, ਸ਼ੁਭ ਵਿਚਾਰ ਰੂਪੀ ਬੁੱਕਲ, (ਮਹਿ)ਵਿੱਚ, ਸ਼ੁਭ ਵੀਚਾਰ ਕਰਕੇ, ਲੰਮੀ ਨਦਰ ਕਰਕੇ ਅਪਨੇ ਅੰਦਰ ਝਾਤੀ ਮਾਰ ਕੇ ਦੇਖੁ- ਮੈਂ ਜੋ ਕਾਲੇ ਪਾਪ ਕਰ ਰਿਹਾ ਹਾਂ, ਇਸ ਦਾ ਮਹਾਂ ਮਹਾਂ ਕਸ਼ਟ ਮੈਨੂੰ ਭੋਗਣਾ ਪਵੇਗਾ, ਦੂਜਿਆਂ ਦੇ ਔਗੁਣ ਦੇਖਣ ਦੀ ਥਾਂ, ਅੰਤਰਮੁਖ ਬ੍ਰਿਤੀ ਕਰਕੇ ਅਪਣੇ ਹੀ ਔਗੁਣ ਦੇਖੁ। ਅਥਵਾ (ਸਿਰੁ)ਹੰਕਾਰ ਨੀਂਵਾਂ (ਕਰਿ)ਕਰਕੇ, ਖਿਮਾ ਨਿਮ੍ਰਤਾ ਸਹਿਤ ਹੋ ਕੇ, (ਆਪਨੜੇ)ਅਪਣੇ (ਗਿਰੀਵਾਨ)ਦਿਲ (ਮਹਿ)ਵਿੱਚ, ਵਾਹਿਗੁਰੂ ਜੀ ਨੂੰ ਸਭ ਅੰਦਰ ਦੇਖੁ॥੬॥

ਮੁੱਕੀਆਂ- ਫਰੀਦਾ. ਜੋ ਤੈ ਮਾਰਨਿ ਮੁਕੀਆਂ; ਤਿਨ੍ਹਾ. ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ; ਪੈਰ ਤਿਨ੍ਹਾ ਦੇ ਚੁੰਮਿ॥੭॥ ਹੇ ਫਰੀਦਾ! (ਜੋ)ਜਿਹੜੇ ਬੰਦੇ (ਤੈ)ਤੈਨੂੰ ਮੁਕੀਆਂ ਮਾਰਨਿ, ਤਿਨ੍ਹਾ ਨੂੰ (ਘੁੰਮਿ)ਮੁੜ ਕੇ, ਨ (ਮਾਰੇ)ਮਾਰਨਾ ਕਰ, ਨਮਸਕਾਰ ਕਰ। ਤਿਨ੍ਹਾ ਦੇ (ਆਪਨੜੇ)ਆਪਣੇ ਘਰਿ (ਜਾਈਐ)ਜਾ ਕੇ, ਤਿਨ੍ਹਾ ਦੇ ਪੈਰ (ਚੁੰਮਿ)ਚੁੰਮਣਾ ਕਰ। ਯਥਾ:- ਹਰਖ ਸੋਗ.ਜਾ ਕੈ ਨਹੀ; ਬੈਰੀ ਮੀਤ ਸਮਾਨ॥ ਕਹੁ ਨਾਨਕ.ਸੁਨਿ ਰੇ ਮਨਾ; ਮੁਕਤਿ ਤਾਹਿ ਤੈ ਜਾਨ॥) ਸਹਣ ਸੀਲ ਸੰਤੰ; ਸਮ ਮਿਤ੍ਰਸ਼ੁ ਦੁਰਜਨਹ॥ ਨਾਨਕ.ਭੋਜਨ ਅਨਿਕ ਪ੍ਰਕਾਰੇਣ; ਨਿੰਦਕ. ਆਵਧ ਹੋਇ ਉਪਤਿਸਟਤੇ॥੨੭॥) ਸਾਜਨੁ ਦੁਸਟੁ; ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨ; ਅਵਰੁ ਨ ਜਾਨੈ॥) ਗੁਰ ਉਪਦੇਸਿ.ਸਾਧ ਕੀ ਸੰਗਤਿ; ਬਿਨਸਿਓ ਸਗਲ ਸੰਤਾਪੁ॥ ਮਿਤ੍ਰ ਸਤ੍ਰ ਪੇਖਿ.ਸਮਤੁ ਬੀਚਾਰਿਓ; ਸਗਲ ਸੰਭਾਖਨ ਜਾਪੁ॥੧॥ ਤਪਤਿ ਬੁਝੀ.ਸੀਤਲ ਆਘਾਨੇ; ਸੁਨਿ ਅਨਹਦ.ਬਿਸਮ ਭਏ ਬਿਸਮਾਦ॥ ਅਨਦੁ ਭਇਆ ਨਾਨਕ ਮਨਿ ਸਾਚਾ; ਪੂਰਨ ਪੂਰੇ ਨਾਦ॥

ਫਰੀਦਾ. ਜੋ ਤੈ ਮਾਰਨਿ ਮੁਕੀਆਂ; ਤਿਨ੍ਹਾ. ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ; ਪੈਰ ਤਿਨ੍ਹਾ ਦੇ ਚੁੰਮਿ॥੭॥ ੨. ਹੇ ਫਰੀਦਾ! ਜੋ ਮਹਾਰਾਜ ਦੇ ਪਿਆਰੇ ਦਰਵੇਸ਼, ਵਾਹਿਗੁਰੂ ਗੁਰੂ ਜੀ, (ਤੈ)ਤੈਨੂੰ, ਸੰਸਾਰ ਵੱਲੋਂ ਮੁਕੀਆਂ ਵੈਰਾਗ ਦੀਆਂ ਗੱਲਾਂ ਮਾਰਨਿ ਸੁਨਾਉਣ, (ਘੁੰਮਿ)ਉਲਟ ਕੇ ਤਿਨ੍ਹਾ ਨਾਲ, ਗ਼ਲਤ ਗੱਲ ਨ (ਮਾਰੇ)ਮਾਰਨਾ ਕਰ, ਸਤ ਬਚਨ ਕਹਿ ਕੇ ਨਮਸਕਾਰ ਕਰ। ਯਥਾ:- ਇਹੁ ਜਗੁ; ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ; ਕਿਹ ਬਿਚਾਰਿ॥੧॥ ਧਨੁ ਦਾਰਾ; ਸੰਪਤਿ ਗ੍ਰੇਹ॥ ਕਛੁ ਸੰਗਿ ਨ ਚਾਲੈ; ਸਮਝ ਲੇਹ॥) ਦ੍ਰਿਸਟਿਮਾਨ ਹੈ ਸਗਲ ਮਿਥੇਨਾ॥ ਇਕੁ ਮਾਗਉ ਦਾਨੁ ਗੋਬਿਦ ਸੰਤ ਰੇਨਾ॥) ਜੋ ਦੀਸੈ ਸੋ ਚਾਲਸੀ; ਕਿਸ ਕਉ ਮੀਤੁ ਕਰੇਉ॥) ਕਿਸੁ ਨਾਲਿ ਕੀਚੈ ਦੋਸਤੀ; ਸਭੁ ਜਗੁ ਚਲਣਹਾਰੁ॥) ਜੋ ਉਪਜਿਓ ਸੋ ਬਿਨਸਿ ਹੈ; ਪਰੋ ਆਜੁ ਕੇ ਕਾਲ॥ ਨਾਨਕ.ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥) ਜੋ ਵੈਰਾਗੀ ਮਹਾਂਪੁਰਸ਼ ਵੈਰਾਗ ਦੇ ਬਚਨ ਸੁਣਾਉਣ, ਪਰਵਦਗਾਰ ਅਪਾਰ; ਅਗਮ ਬੇਅੰਤ ਤੂ॥ ਜਿਨਾ ਪਛਾਤਾ ਸਚੁ; ਚੁੰਮਾ ਪੈਰ ਮੂੰ॥ ਅਨੁਸਾਰ ਤਿਨ੍ਹਾ ਦੇ ਪੈਰ ਚੁੰਮਿ ਕੇ, (ਆਪਨੜੇ)ਆਪਣੇ (ਘਰਿ)ਨਿਰਗੁਣ ਬ੍ਰਹਮ ਜੀ 'ਚ ਲੀਨ ਹੋ ਜਾਈਐ।

Sri Satguru Jagjit Singh Ji eLibrary NamdhariElibrary@gmail.com

ਖੱਟਣ ਰੱਤਾ- ਫਰੀਦਾ. ਜਾਂ ਤਉ ਖਟਣ ਵੇਲ; ਤਾਂ ਤੂ ਰਤਾ ਦੁਨੀ ਸਿਉ॥ ਲੱਦਿਆ- ਮਰਗ ਸਵਾਈ ਨੀਹਿ; ਜਾਂ ਭਰਿਆ ਤਾਂ ਲਦਿਆ॥੮॥) ਪ੍ਰਭ ਮੇਰੇ ਓਇ ਬੈਰਾਗੀ ਤਿਆਗੀ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥ ਅਨੁਸਾਰ ਪੂਰਨ ਵੈਰਾਗੀ ਤਿਆਗੀ ਬ੍ਰਹਮ ਬਾਬਾ ਫ਼ਰੀਦ ਸਾਹਿਬ ਜੀ ਨਾਮਹੀਣ ਜੀਵ ਦੀ ਜ਼ਿੰਦਗੀ ਦੇ ਸਾਰੇ ਨਕਸ਼ੇ ਨੂੰ ਬਹੁਤ ਥੋੜੇ ਅੱਖਰਾਂ 'ਚ ਬਿਆਨ ਕਰਦੇ ਹਨ:- ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥੧॥ ਮਿਲੁ ਜਗਦੀਸ; ਮਿਲਨ ਕੀ ਬਰੀਆ॥ ਚਿਰੰਕਾਲ; ਇਹ ਦੇਹ ਸੰਜਰੀਆ॥) ਕਬੀਰ.ਮਾਨਸ ਜਨਮੁ ਦੁਲੰਭੁ ਹੈ; ਹੋਇ ਨ ਬਾਰੈ ਬਾਰ॥ ਜਿਉ ਬਨ ਫਲ ਪਾਕੇ.ਭੁਇ ਗਿਰਹਿ; ਬਹੁਰਿ.ਨ ਲਾਗਹਿ ਡਾਰ॥ ਉਪ੍ਰੋਕਤ ਫ਼ੁਰਮਾਣਾਂ ਅਨੁਸਾਰ ਪਸ਼ੂ ਪ੍ਰੇਤ ਪੱਥਰ ਬ੍ਰਿੱਛ ਕੀਟ ਪਤੰਗ ਆਦਿ ਚੌਰਾਸੀ ਲੱਖ ਜੂਨ ਤੇ ਕਈ ਜੂਨਾਂ ਬਾਰ ੨ ਭੋਗਣ ਤੋਂ ਮਗਰੋਂ, ਭਈ ਪਰਾਪਤਿ; ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ; ਇਹ ਤੇਰੀ ਬਰੀਆ॥) ਲਖ ਚਉਰਾਸੀਹ ਜੂਨਿ ਵਿਚਿ; ਉਤਮੁ ਜੂਨਿ ਸੁ ਮਾਣਸ ਦੇਹੀ। ਅਨੁਸਾਰ ਦੁਰਲੱਭ ਮਨੁੱਖਾ ਦੇਹੀ ਗੋਵਿੰਦਜੀ ਨੂੰ ਮਿਲਣ ਲਈ ਮਿਲੀ ਹੈ।} ਹੇ ਫਰੀਦਾ! ਅਮੋਲਕ ਮਨੁੱਖਾ ਜਨਮ ਪ੍ਰਾਪਤ ਕਰਕੇ, ਬਾਲਕ ਅਵਸਥਾ ਤੋਂ ਲੈ ਕੇ (ਜਾਂ)ਜਦੋਂ (ਤਉ)ਤੇਰਾ, ਨਾਮ ਜਪਣ ਜਪਾਉਣ ਸੇਵਾ ਸਿਮਰਨ ਲਾਹਾ ਖਟਣ ਦਾ (ਵੇਲ)ਸਮਾਂ ਸੀ, ਤਾਂ ਤੂ (ਦੁਨੀ)ਮਾਇਆ ਵਿਕਾਰ ਧਨ ਪਦਾਰਥ ਸ਼ਰੀਰ ਇੰਦ੍ਰਿਆਂ ਦੇ ਵਿਸ਼ਿਆਂ, ਜ਼ੋਰ ਜ਼ੁਲਮ ਘੋਰ ਪਾਪਾਂ (ਸਿਉ)ਨਾਲ (ਰਤਾ)ਰੰਗਿਆ ਰਿਹਾ। ਯਥਾ:- ਮਾਇਆ ਹੋਈ ਨਾਗਨੀ; ਜਗਤਿ ਰਹੀ ਲਪਟਾਇ॥) ਮਾਇਆ; ਐਸੀ ਮੋਹਨੀ ਭਾਈ॥ ਜੇਤੇ ਜੀਅ; ਤੇਤੇ ਡਹਕਾਈ॥੧॥) ਖਸਮੁ ਵਿਸਾਰਿ; ਦੁਨੀ ਚਿਤੁ ਲਾਇਆ॥) ਮਾਇਆ.ਮਨਹੁ ਨ ਵੀਸਰੈ; ਮਾਂਗੈ ਦੰਮਾ ਦੰਮ॥ ਸੋ ਪ੍ਰਭੁ.ਚਿਤਿ ਨ ਆਵਈ; ਨਾਨਕ.ਨਹੀ ਕਰੰਮਿ॥

ਲੱਦਿਆ- ਮਰਗ ਸਵਾਈ ਨੀਹਿ; ਜਾਂ ਭਰਿਆ ਤਾਂ ਲਦਿਆ॥੮॥ ਬਾਲਕ ਅਵਸਥਾ ਤੋਂ ਲੈ ਕੇ ਮਰਨ ਪ੍ਰਯੰਤ, ਸਾਰੀ ਜ਼ਿੰਦਗੀ ਨਸ਼ਿਆਂ ਵਿਸ਼ਿਆਂ ਚੋਰੀ ਯਾਰੀ ਮੰਦਕਰਮਾਂ 'ਚ ਵਿਅਰਥ ਗੁਆ ਲਈ। ਏਸ ਮਾਇਆ ਦੇ (ਨੀਹਿ)ਪ੍ਰੇਮ ਕਰਕੇ (ਸਵਾਈ)ਸਾਰੀ ਜ਼ਿੰਦਗੀ, ਪਾਪਾਂ ਨਾਲ (ਜਾਂ)ਜਦੋਂ ਭਰਿਆ ਤਾਂ (ਮਰਗ)ਮੌਤ ਹੋ ਗਈ, ਪਾਪਾਂ ਦਾ ਲਦਿਆ, ਫੱਟੇ ਤੇ ਲਦਿਆ ਗਿਆ, ਸ਼ਮਸ਼ਾਨ ਭੂਮੀ ਨੂੰ ਲੈ ਗਏ। ਯਥਾ:- ਜਿਉ ਆਇਆ, ਤਿਉ ਜਾਵਹਿ ਬਉਰੇ; ਜਿਉ ਜਨਮੇ. ਤਿਉ ਮਰਣੁ ਭਇਆ॥) ਆਵਨ ਆਏ ਸ੍ਰਿਸਟਿ ਮਹਿ; ਬਿਨੁ ਬੂਝੇ. ਪਸੁ ਢੋਰ॥

ਦਾੜ੍ਹੀ- ਦੇਖੁ ਫਰੀਦਾ. ਜੁ ਥੀਆ; ਦਾੜੀ ਹੋਈ ਭੂਰ॥ ਅਗਹੁ ਨੇੜਾ ਆਇਆ; ਪਿਛਾ ਰਹਿਆ ਦੂਰਿ॥੯॥ ਮੌਤ ਦਾ ਦ੍ਰਿਸ਼ ਦਿਖਾਉਂਦਿਆਂ, ਰੋਗ ਸੋਗ ਵਿਜੋਗ ਲੋਭ ਮੋਹ ਚਿੰਤਾ ਵਿਕਾਰ ਹੰਕਾਰ ਦੁੱਖ ਕਲੇਸ਼ ਆਦਿ ਔਗੁਣ ਮੇਟਣ ਲਈ, ਪੂਰਨ ਵੈਰਾਗਮਈ ਗੁਰਬਾਣੀ ਉਚਾਰਦਿਆਂ, ਆਪਣੇ ਆਪ ਨੂੰ ਸਾਵਧਾਨ ਕਰਦੇ ਹਨ! ਹੇ ਦਾਸਨ ਦਾਸ ਗ਼ੀਬ ਫਰੀਦਾ! ਲੰਮੀ ਨਿਗ੍ਹਾ ਮਾਰ ਕੇ ਦੇਖੁ, ਜੁ (ਥੀਆ)ਹੋਇਆ ਹੈ, ਤੇਰੀ ਦਾੜ੍ਹੀ (ਭੂਰ)ਚਿੱਟੀ (ਹੋਈ)ਹੋ ਗਈ ਹੈ। (ਅਗਹੁ)ਮਰਨ ਦਾ ਕਸ਼ਟ, ਧਰਮ ਰਾਜੇ ਦੇ ਡੰਡ, ਜਮਪੁਰੀ ਦਾ ਰਸਤਾ, ਚੌਰਾਸੀ ਦੇ ਗੇੜੇ 'ਚ ਪੈਣ ਦਾ ਸਮਾਂ (ਨੇੜਾ)ਨੇੜੇ (ਆਇਆ)ਆ ਗਿਆ, (ਪਿਛਾ)ਜਨਮ ਦਾ ਸਮਾਂ ਬਹੁਤ ਦੂਰਿ (ਰਹਿਆ)ਰਹਿ ਗਿਆ ਹੈ। ਯਥਾ:- ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ ਨ ਪਤੀਣੋਹਿ॥) ਫਰੀਦਾ. ਸਿਰੁ ਪਲਿਆ. ਦਾੜੀ ਪਲੀ; ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥

Sri Satguru Jagjit Singh Ji eLibrary NamdhariElibrary@gmail.com

ਸੱਕਰ,ਵਿਸੁ ਪੋਲਾ- ਦੇਖੁ ਫਰੀਦਾ. ਜਿ ਥੀਆ; ਸਕਰ ਹੋਈ ਵਿਸੁ॥ ਸਾਂਈ ਬਾਝਹੁ ਆਪਣੇ; ਵੇਦਣ ਕਹੀਐ ਕਿਸੁ॥੧੦॥ ਹੇ ਦਾਸਨ ਦਾਸ ਫਰੀਦਾ! ਦੇਖੁ (ਜਿ)ਜੋ (ਥੀਆ)ਹੋਇਆ, ਜਵਾਨ ਅਵਸਥਾ 'ਚ, ਸੁਆਦ ਔਗੁਣ ਪਾਪ ਨਸ਼ੇ ਵਿਸ਼ੇ ਭੋਗ, ਰੰਗਾਂ ੨ ਦੇ ਤਲ਼ੇ ਪਦਾਰਥ, ਸਕਰ ਵਾਂਗ ਮਿੱਠੇ ਮੰਨ ਕੇ ਭੋਗੇ ਸਨ, ਉਹ ਹੁਣ (ਵਿਸੁ)ਜ਼ਹਿਰ (ਹੋਈ)ਬਣ ਗਈ। ਕਿਉਂਕਿ, ਖਸਮੁ ਵਿਸਾਰਿ; ਕੀਏ ਰਸ ਭੋਗ॥ ਤਾਂ ਤਨਿ; ਉਠਿ ਖਲੋਏ ਰੋਗ॥) ਮੀਠੀ ਕਰਿ ਕਰਿ; ਬਿਖਿਆ ਖਾਇ॥ ਬੰਦਗੀ ਬਿਨਾ, ਪਹਿਲੀ ਉਮਰ 'ਚ, ਨਸ਼ਿਆਂ ਵਿਸ਼ਿਆਂ ਜੂਆ ਸ਼ਰਾਬ ਕੁਕਰਮ ਕੁਸੰਗਤ 'ਚ ਲੱਗੇ ਰਹੇ, ਬ੍ਰਿਧ ਅਵਸਥਾ 'ਚ ਬੜਾ ਹੀ ਦੁੱਖ ਦਿੰਦੇ ਹਨ। ਕਿਉਂ ਜੋ ਬੰਦਗੀ ਬਿਨਾ, ਬਿਨੁ ਸਿਮਰਨ ਜੋ ਜੀਵਨ (ਬਲਨਾ)ਬਤੀਤ ਕਰਨਾ ਹੈ, ਲੰਮੀ ਉਮਰ ਵਾਲੇ ਸੱਪ ਦੇ ਸ਼ਰੀਰ 'ਚ ਜ਼ਹਿਰ ਬਹੁਤ ਕੁੜੱਤਣ ਹੁੰਦੀ ਹੈ। ਯਥਾ:- ਬਿਨੁ ਸਿਮਰਨ. ਜੋ ਜੀਵਨੁ ਬਲਨਾ; ਸਰਪ ਜੈਸੇ ਅਰਜਾਰੀ॥ ਨਵ ਖੰਡਨ ਕੋ ਰਾਜੁ ਕਮਾਵੈ; ਅੰਤਿ ਚਲੈਗੋ ਹਾਰੀ॥੧॥) ਤੁਮੀ ਤੁਮਾ ਵਿਸੁ; ਅਕੁ ਧਤੂਰਾ ਨਿਮੁ ਫਲੁ॥ ਮਨਿ ਮੁਖਿ ਵਸਹਿ ਤਿਸੁ; ਜਿਸੁ ਤੂੰ. ਚਿਤਿ ਨ ਆਵਹੀ॥

ਸਾਂਈ ਬਾਝਹੁ ਆਪਣੇ; ਵੇਦਣ ਕਹੀਐ ਕਿਸੁ॥੧੦॥ ਆਪਣੇ (ਸਾਂਈ)ਮਾਲਕ ਅਕਾਲ ਪੁਰਖ ਜੀ (ਬਾਝਹੁ)ਬਿਨਾ ਔਗੁਣਾਂ ਵਿਕਾਰਾਂ ਬਿਮਾਰੀਆਂ ਦੀ (ਵੇਦਣ)ਪੀੜਾ, ਕਿਸੁ ਪਾਸ (ਕਹੀਐ)ਕਹੀਏ। ਭਾਵ ਵਾਹਿਗਰੂ ਜੀ ਬਿਨਾ ਕੋਈ ਭੀ ਪੀੜਾ ਮੇਟਣ ਨੂੰ ਸਮਰੱਥ ਨਹੀਂ। ਪੀੜਾਂ ਇਹ ਹਨ:- ਨਾਨਕ; ਦੁਖੀਆ ਸਭੁ ਸੰਸਾਰੁ॥) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥) ਦੁਖ ਕੀਆ ਪੰਡਾ ਖੁਲੀਆ; ਸੁਖੁ. ਨ ਨਿਕਲਿਓ ਕੋਇ॥ ਦੁਖ ਵਿਚਿ. ਜੀਉ ਜਲਾਇਆ; ਦੁਖੀਆ ਚਲਿਆ ਰੋਇ॥)

ਅੱਖੀਂ- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ; ਹੋਰ ਕਰੇਂਦੀ ਵੰਨ॥੧੧॥ ਹੇ ਦਾਸਨ ਦਾਸ ਫਰੀਦਾ! ਤੇਰੀਆਂ (ਅਖੀ)ਅੱਖਾਂ, ਵਿਕਾਰ ਵੈਰ ਦੋਖ ਦ੍ਰਿਸ਼ਟੀ ਨਾਲ ਦੇਖਿ ੨ ਕੇ, (ਪਤੀਣੀਆਂ)ਕਮਜ਼ੋਰ ਮੈਲ਼ੀਆਂ ਹੋ ਗਈਆਂ, ਧੁੰਦਲਾ ਦਿਸਣ ਲੱਗ ਗਿਆ। ਮੰਦੀਆਂ ਭੈੜੀਆਂ ਵਿਕਾਰੀ ਗੱਲਾਂ ਸੁਣਿ ਸੁਣਿ ਕੇ, ਕੰਨ (ਰੀਣੇ)ਕਮਜ਼ੋਰ ਬੋਲ਼ੇ ਹੋ ਗਏ ਹਨ। ਜਿਵੇਂ (ਸਾਖ)ਖੇਤੀ (ਪਕੰਦੀ)ਪੱਕਣ 'ਤੇ (ਆਈਆ)ਆਈ, ਹਰੇ ਰੰਗ ਤੋਂ, ਹੋਰ ਫਿੱਕਾ ਉਦਾਸ (ਵੰਨ)ਰੰਗ (ਕਰੇਂਦੀ)ਕਰਦੀ ਹੈ, ਇਉਂ ਖੇਤੀ ਦੇਹ ਪੱਕਣ 'ਤੇ ਆਈ, ਕਮਜ਼ੋਰ ਬ੍ਰਿਧ ਅਵਸਥਾ ਮਰਨ ਕਿਨਾਰੇ ਆਈ ਨੇ, ਜਿਰੜੀਆਂ ਬਲਗਮ ਖੰਘ ਰੋਗਾਂ ਪਲੱਤਣਾਂ ਉਦਾਸੀਆਂ ਪੀੜਾਂ ਦਾ ਹੋਰ ਰੰਗ ਕਰ ਲਿਆ। ਯਥਾ:- ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥) ਫਰੀਦਾ. ਸਿਰੁ ਪਲਿਆ. ਦਾੜੀ ਪਲੀ; ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥

ਫਰੀਦਾ. ਕਾਲੀਂ ਜਿਨ੍ਹੀ ਨ ਰਾਵਿਆ; ਧਉਲੀ ਰਾਵੈ ਕੋਇ॥ ਕਰਿ ਸਾਂਈ ਸਿਉ ਪਿਰਹੜੀ; ਰੰਗੁ ਨਵੇਲਾ ਹੋਇ॥੧੨॥ ਵਾਹਿਗੁਰੂ ਬ੍ਰਹਮ ਸਰੂਪ ਧੰਨ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- (ਜਿਨੀ)ਜਿਨ੍ਹਾਂ ਨੇ (ਕਾਲੀਂ)ਕਾਲ਼ਿਆਂ ਕੇਸਾਂ ਜੁਆਨੀ 'ਚ, ਵਾਹਿਗੁਰੂ ਨਾਮੁ (ਨ)ਨਹੀਂ (ਰਾਵਿਆ)ਉਚਾਰਿਆ, ਅਥਵਾ ਵਾਹਿਗੁਰੂ

Sri Satguru Jagjit Singh Ji eLibrary NamdhariElibrary@gmail.com

ਦਾ ਅਨੰਦ ਨਹੀਂ (ਰਾਵਿਆ)ਮਾਣਿਆਂ ਉਨ੍ਹਾਂ 'ਚੋਂ, ਹੈ ਕੋਈ; ਰਾਮ ਪਿਆਰੋ ਗਾਵੈ॥ ਅਨੁਸਾਰ (ਕੋਇ)ਕੋਈ ਪਿਆਰਾ ਜੋ ਚਿੱਟੇ ਕੇਸਾਂ ਵਾਲੀ (ਧਉਲੀ)ਚਿੱਟੀ ਬ੍ਰਿਧ ਅਵਸਥਾ 'ਚ, ਨਾਮੁ (ਰਾਵੈ)ਉਚਾਰੇ ਅਥਵਾ ਵਾਹਿਗੁਰੂ ਦਾ ਅਨੰਦ (ਰਾਵੈ)ਮਾਣੇ, ਭਾਵ ਜੇ ਕਾਲ਼ੀ ਜੁਆਨੀ 'ਚ ਨਾਮੁ ਨਹੀਂ ਜਪਿਆ, ਤਾਂ ਨਿਰਾਸ ਨ ਹੋਵੇ, ਬ੍ਰਿਧ ਅਵਸਥਾ 'ਚ ਬਰ ਜ਼ਰੂਰ ਨਾਮ ਜਪੇ॥ ਕਾਲੀਂ ਜੁਆਨੀ ਧਉਲੀ ਬ੍ਰਿਧ ਅਵਸਥਾ 'ਚ, (ਸਾਂਈ)ਮਾਲਕ ਰੱਬ ਜੀ (ਸਿਉ)ਨਾਲ (ਪਿਰਹੜੀ)ਪ੍ਰੀਤੀ ਕਰਨੇ (ਕਰਿ)ਕਰਕੇ, ਸ੍ਰਬ ਵਿਆਪੀ ਮਹਾਂ ਵਿਸਮਾਦ (ਨਵੇਲਾ)ਸੁੰਦਰ ਨਵੀਨ ਨਾਮੁ ਰੰਗੁ, (ਰੰਗੁ)ਅਨੰਦ ਹੋਇ ਜਾਂਦਾ ਹੈ॥੧੨॥

ਮਃ ੩॥ ਫਰੀਦਾ. ਕਾਲੀ ਧਉਲੀ ਸਾਹਿਬੁ ਸਦਾ ਹੈ; ਜੇ ਕੋ ਚਿਤਿ ਕਰੇ॥ ਆਪਣਾ ਲਾਇਆ ਪਿਰਮੁ. ਨ ਲਗਈ; ਜੇ ਲੋਚੈ ਸਭੁ ਕੋਇ॥ ਏਹੁ ਪਿਰਮੁ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੧੩॥ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਮਹੱਲੇ ਪਹਿਲੇ ਜੀ ਦੇ (੩)ਤੀਜੇ (ਮਃ)ਸਰੂਪ, ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਆਪਣੇ ਪਿਆਰੇ ਭਗਤ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਜੋ ਉਨ੍ਹਾਂ ਨੇ ਉਪ੍ਰੋਕਤ ਸਲੋਕ 'ਚ, ਬਚਨ ਕਹੇ ਹਨ, ਉਨ੍ਹਾਂ ਨੂੰ ਫੁੱਲ ਚੜ੍ਹਾ ਰਹੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਜਨਾਂ; ਹਰਿ ਮਾਂ ਪਿਉ ਬੇਟਾ॥ ਹਨ। ਸ੍ਰੀ ਫ਼ਰੀਦ ਸਾਹਿਬ ਜੀ, ਗੁਰੂ ਅਮਰਦਾਸ ਸਾਹਿਬ ਜੀ ਇੱਕ ਜੋਤਿ ਹਨ, ਇਸ ਲਈ ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਪਿਆਰਿਓ! "ਸ੍ਰੀ ਭਗਤ ਫਰੀਦਾ ਸਾਹਿਬ ਜੀ ਨੇ, ਕਾਲੀ ਧਉਲੀ ਨਾਮ ਜਪਣ ਲਈ, ਜੋ ਅਮੋਲਕ ਸੁੰਦਰ ਬਚਨ ਫ਼ੁਰਮਾਏ ਹਨ, ਸੋ ਸਹੀ ਨਿਸਚੇ ਸੱਚੇ ਹਨ, ਮੰਨਣੇ ਪੂਜਣੇ ਕਮਾਉਣੇ ਨਮਸਕਾਰਨੇ ਧਿਆਉਣੇ ਚਾਹੀਦੇ ਹਨ, (ਕਾਲੀ)ਕਾਲ਼ਿਆਂ ਕੇਸਾਂ ਵਾਲੀ ਜੁਆਨੀ (ਧਉਲੀ)ਚਿੱਟੀ ਬ੍ਰਿਧ ਅਵਸਥਾ 'ਚ, (ਸਾਹਿਬੁ)ਮਾਲਕ ਅਕਾਲ ਪੁਰਖ ਜੀ ਸਦਾ ਹੀ (ਹੈ)ਹਨ, ਜੇ (ਕੋ)ਕੋਈ ਪ੍ਰੇਮੀ ਪਰਮਪੂਜਨੀਕ ਸੱਚੇ ਚਰਨ- ਕਮਲਾਂ 'ਚ ਅਪਣਾ ਚਿਤਿ ਲਾਉਣਾ ਕਰੇ॥

ਆਪਣਾ ਲਾਇਆ ਪਿਰਮੁ. ਨ ਲਗਈ; ਜੇ ਲੋਚੈ ਸਭੁ ਕੋਇ॥ ਏਹੁ ਪਿਰਮੁ ਪਿਆਲਾ. ਖਸਮ ਕਾ; ਜੈ ਭਾਵੈ. ਤੈ ਦੇਇ॥੧੩॥ ਜੇ ਸਭੁ (ਕੋਇ)ਕੋਈ (ਲੋਚੈ)ਚਾਹੇ, ਕਿ ਪ੍ਰੇਮ ਲੱਗ ਜਾਵੇ, ਆਪਣਾ ਲਾਇਆ (ਪਿਰਮੁ)ਪ੍ਰੇਮ (ਨ)ਨਹੀਂ (ਲਗਈ)ਲੱਗਦਾ। ਏਹੁ (ਪਿਰਮੁ)ਪ੍ਰੇਮ ਪਿਆਲਾ, (ਖਸਮ)ਮਾਲਕ ਜੀ (ਕਾ)ਦਾ ਹੈ। ਯਥਾ:- ਆਪਨ ਬਾਪੈ ਨਾਹੀ.ਕਿਸੀ ਕੋ; ਭਾਵਨ ਕੋ ਹਰਿ ਰਾਜਾ॥ (ਜੈ)ਜਿਸ ਨੂੰ ਦੇਣਾ (ਭਾਵੈ)ਭਾਵੇ, (ਤੈ)ਤਿਸ ਨੂੰ ਦੇਇ ਦਿੰਦੇ ਹਨ॥੧੩॥ ਪੂਰਨ ਹੰਗਤਾ ਦੇ ਤਿਆਗ ਦੀ ਸ਼ੁਭ ਸੱਚੀ ਮਹਾਂ ਮਹਾਂ ਵਿਸਮਾਦ ਸਿੱਖਿਆ ਹੈ, ਪ੍ਰੇਮ ਪਿਆਲਾ ਲੈਣ ਵਾਲਾ ਹੰਗਤਾ ਨ ਕਰੇ ਕਿ ਦਾਸਨ ਦਾਸ ਨੇ ਅਪਣੇ ਜ਼ੋਰ ਯਤਨ ਨਾਲ਼ ਪ੍ਰਾਪਤ ਕੀਤਾ ਹੈ। ਮਃ ੩॥ ਫਰੀਦਾ. ਕਾਲੀ ਧਉਲੀ ਸਾਹਿਬੁ ਸਦਾ ਹੈ; ਪਰਮਪੂਜਨੀਕ ਮਹਲਾ ੩ ਸਾਹਿਬ ਜੀ ਨੇ ੫੦ ਸਾਲ ਤੱਕ ਧਰਮਕ੍ਰਿਤ ਖੇਤੀ ਕੀਤੀ, ੫੦ ਤੋਂ ੭੦ ਤੱਕ ੨੦ ਸਾਲ ਤੀਰਥ ਯਾਤ੍ਰਾ, ਪੂਰਨ ਸਾਧੂਆਂ ਦੀ ਸ਼ੁਭ ਸੱਚੀ ਸੇਵਾ ਬੜੀ ਹੀ ਭਾਵਨਾ ਨਾਲ਼ ਕੀਤੀ। ੭੨ ਵੇਂ ਸਾਲ 'ਚ, ਵਾਹਿਗੁਰੂ ਮਹਲੇ ੨ ਜੀ ਦੀ ਚਰਨ ਸ਼ਰਨ ਆਏ, ਬਾਰਾਂ ਸਾਲ ਦਿਨ ਰਾਤ ਸੇਵਾ ਕੀਤੀ, ਗੁਰੂ ਘਰ ਦਾ ਜਲ ਢੋਇਆ। ਜਲ ਢੋਇਓ ਸਤਿਗੁਰ ਕੇ ਦੁਆਰੇ ਇਹ ਬਿਧਿ ਪਾਇਓ ਮੋਖ ਦੁਆਰੇ॥ ਸ੍ਰੀ ਖਡੂਰ ਸਾਹਿਬ ਜੀ ਵਿਖੇ, ਰਾਤ ਬਾਰਾਂ ਵਜੇ ਤੋਂ ਮਗਰੋਂ ਉੱਠਦੇ, ਬਿਆਸ 'ਚੋਂ ਜਲ ਦੀ ਇੱਕ ਗਾਗਰ ਲਿਆ ਕੇ, ਪਰਮਪੂਜਨੀਕ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਦਾ ਪਰਮ ਪਵਿੱਤ੍ਰ ਇਸ਼ਨਾਨ ਕਰਾਉਂਦੇ, ਭਾਵੇਂ ਉਮਰ ਵਡੇਰੀ ਸੀ, ਐਨੀ ਜ਼ਿਆਦਾ ਮਸੱਕਤ ਕੀਤੀ, ਠੰਢ ਨਾਲ ਪਰਮਪਵਿੱਤ੍ਰ ਸੱਚੇ ਚਰਨ- ਕਮਲ, ਹਸਤ- ਕਮਲ ਫਟ ਜਾਂਦੇ। ਭਾਵੇਂ ਬਸਤ੍ਰ ਫਟੇ ਹੁੰਦੇ, ਫੇਰ ਭੀ ਪ੍ਰਵਾਹ ਨਾ ਕਰਦੇ। ਆਪਣੇ ਪੇਟ ਨੂੰ ਭੁੱਖਾ ਰੱਖ ਕੇ,

Sri Satguru Jagjit Singh Ji eLibrary NamdhariElibrary@gmail.com

ਸ਼ੁਭ ਸੱਚੀ ਸੇਵਾ ਕਰਦੇ, ਬਈ ਸੇਵਾ ’ਚ ਆਲਸ ਨਾ ਆਵੇ। ਤਰ ਤੀਬਰ ਤਰ ਤਮ ਵੈਰਾਗ ਦੀ ਦਸ਼ਾ ਦੇਖ ਕੇ, ਪ੍ਰੇਮੀ ਰੋ ਹੀ ਪੈਂਦੇ। ਚਉਰਾਸੀਹਵੇਂ ਸਾਲ ’ਚ ਗੁਰਤਾ ਪ੍ਰਾਪਤ ਕੀਤੀ।

ਵਾਹਿਗੁਰੂ॥ ਗੁਰਤਾ ਗੱਦੀ ਬਿਰਾਜਮਾਨ:– ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਦੂਜੇ ਪਾਤਿਸਾਹ ਜੀ ਨੇ ਸ਼ੁਭ ਸੇਵਾ ’ਤੇ ਭਾਰੀ ਪ੍ਰਸੰਨ ਹੋ ਕੇ, ਆਪਣੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ, ਸ੍ਰੀ ਖਡੂਰ ਸਾਹਿਬ ਜੀ ਵਿਖੇ, ਗੁਰੂ ਨਾਨਕਸ਼ਾਹੀ ਸੰਮਤ ੮੩ ਅਤੇ ੧੬੦੯ ਬਿ: ਚੇਤ ਸ਼ੁਦੀ ੧, ੨੫ ਮਾਰਚ ੧੫੫੨ ਈ: ਨੂੰ, ਗੁਰ ਚੇਲਾ; ਚੇਲਾ ਗੁਰ ਹੋਈ॥੧੧॥ (ਵਾਰ ੧੧) ਅਨੁਸਾਰ ਗੁਰੂ ਤੋਂ ਚੇਲੇ ਬਣ ਕੇ, ਆਪ ਸੱਚੇ ਸਤਿਗੁਰੂ ਦੂਜੇ ਪਾਤਿਸਾਹ ਜੀ ਨੇ ਮੱਥਾ ਟੇਕ ਕੇ ਗੁਰਤਾ ਬਖ਼ਸ਼ ਕੇ, ਖੰਡਾਂ ਬ੍ਰਹਮੰਡਾਂ ‘ਚ ਮਹਿਮਾ ਫੈਲਾਅ ਕੇ ਨਿਹਾਲ ੜ ਕਰ ਦਿਤੇ, ਪਰਮਪੂਜਨੀਕ ਬਾਬੇ ਬੁੱਢੇ ਸਾਹਿਬ ਜੀ ਨੇ ਚੰਦਨ ਕੇਸਰ ਘਸਾ ਕੇ ਗੁਰਤਾ ਦਾ ਤਿਲਕ ਲਾਇਆ। ਯਥਾ:– ਸਤਿਗੁਰ ਬੈਠਾ ਅਮਰ ਸਰੂਪ ਹੋਏ; ਗੁਰਮੁਖਿ ਪਾਈ ਦਾਤਿ ਇਲਾਹੀ॥) ਭਲੇ ਅਮਰਦਾਸ ਗੁਣ ਤੇਰੇ; ਤੇਰੀ ਉਪਮਾ.ਤੋਹਿ ਬਨਿ ਆਵੈ॥ ਸੌ ਸਾਲ ਤੋਂ ਵੱਡੀ ਉਮਰ ’ਚ, ਸ੍ਰੀ ਕਿੱਲੀ ਸਾਹਿਬ ਜੀ ਨੂੰ ਫੜ ਕੇ ਖੜ੍ਹੇ ਹੋ ਕੇ ੮੪ ਸ੍ਰੀ ਜਪੁ ਜੀ ਸਾਹਿਬ ਜੀ ਦੇ ਪਰਮਪਵਿੱਤ੍ਰ ਅੰਮ੍ਰਿਤ ਪਾਠ ਨਿੱਤ ਹੀ ਕਰਦੇ। ਸੋ ਆਪ ਜੀ ਨੇ ਜਿਉਂਦੇ ਮਰ ਕੇ, ਪਰਮਪੂਜਨੀਕ ਸੱਚੇ ਸਤਿਗੁਰਾਂ ਦੀ ਸ਼ੁਭ ਸੱਚੀ ਸੇਵਾ ਸਿਮਰਨ ਕਰਨ ਦਾ ਸਬਕ ਸਿਖਾਇਆ। ਸੋ ਜੇ ਕਾਲ਼ੀ ਜੁਆਨੀ ’ਚ ਨਾਮੁ ਨਹੀਂ ਜਪਿਆ, ਤਾਂ ਨਿਰਾਸ ਨ ਹੋਵੋ, ਬ੍ਰਿਧ ਅਵਸਥਾ ’ਚ ਬਰਜ਼ਰੂਰ ਨਾਮ ਜਪਣਾ ਕਰੋ॥

ਕੱਜਲ। ਬਹਿ ਠੁ ਪੋਲਾ– ਫਰੀਦਾ. ਜਿਨ੍ ਲੋਇਣ, ਜਗੁ ਮੋਹਿਆ; ਸੇ ਲੋਇਣ. ਮੈ ਡਿਠੁ॥ ਕਜਲ ਰੇਖ. ਨ ਸਹਦਿਆ; ਸੇ ਪੰਖੀ ਸੂਇ ਬਹਿਠੁ॥੧੪॥ ਇੱਕ ਵੇਸਵਾ ਦੀ ਗੋਲੀ ਨੇ, ਸੁਰਮਾਂ ਬ੍ਰੀਕ ਨ ਪੀਸਿਆ, ਵੇਸਵਾ ਨੇ ਅੱਖਾਂ ’ਚ ਪਾਇਆ, ਰੜਕਣ ਤੋਂ, ਗੋਲੀ ਨੂੰ ਕੁੱਟ ਰਹੀ ਸੀ, ਵਾਹਿਗੁਰੂ ਬ੍ਰਹਮ ਸਰੂਪ ਧੰਨ ਬਾਬਾ ਫ਼ਰੀਦ ਸਾਹਿਬ ਜੀ ਕੋਲ ਦੀ ਲੰਘ ਰਹੇ ਸਨ। ਓਹੀ ਵੇਸਵਾ ਮਰ ਗਈ, ਅਪਵਿੱਤ੍ਰ ਜਾਣ ਕੇ, ਚੰਡਾਲਾਂ ਨੇ ਧੂਹ ਕੇ ਬਾਹਰ ਸੁੱਟ ਦਿਤੀ। ਉਸ ਦੇ ਕਰੰਗ ’ਚ, ਚਿੜੀ ਨਾਲੋਂ ਛੋਟੇ ਪਿੱਦੇ ਨੇ ਅਪਣੇ ਬੱਚੇ ਦੇ ਦਿਤੇ, ਕਰੰਗ ਅੰਦਰ ਬੈਠੇ ਬੱਚਿਆਂ ਨੇ, ਅਪਣੀਆਂ ਚੁੰਝਾਂ ਅੱਖਾਂ ਵਿੱਚਦੀ ਬਾਹਰ ਕੱਢੀਆਂ, ਆਪ ਜੀ ਬਾਹਰ ਟਹਿਲਣ ਗਏ, ਦੇਖ ਕੇ ਪੂਰਨ ਵੈਰਾਗ ਹੋ ਗਿਆ, ਔਗੁਣਾਂ ਵਿਕਾਰਾਂ ਪਾਪਾਂ ਹੰਗਤਾ ਰਹਿਤ, ਪੂਰਨ ਪ੍ਰੇਮ ਵੈਰਾਗ ’ਚ ਲੀਣ ਹੋ ਕੇ, ਸ੍ਰਬ ਵਿਆਪੀ ਮਹਾਂ ਵਿਸਮਾਦ ਵੈਰਾਗ ਹੀ ਵੈਰਾਗ ਸਹਿਤ, ਅਕਾਲ ਪੁਰਖ ਜੀ ਦੇ ਸਨਮੁਖ ਘਣੀ ਤੋਂ ਘਣੀ ਗ਼ਰੀਬੀ ਨਾਲ ਪ੍ਰੇਮ ਬੇਨਤੀ ਸਹਿਤ, ਪੂਰਨ ਵੈਰਾਗਮਈ ਇਹ ਸਲੋਕ ਉਚਾਰਿਆ:– ਹੇ ਅਕਾਲ ਪੁਰਖ ਜੀ! (ਜਿਨ੍)ਜਿਨ੍ਹਾਂ, ਵਿਕਾਰੀ ਸੁੰਦਰ (ਲੋਇਣ)ਨੇਤ੍ਰਾਂ ਨੇ, ਹੰਕਾਰੀ ਵਿਕਾਰੀ ਪਲੀਤ ਮੰਦਕਰਮੀ ਜਗੁ ਠੱਗਿਆ (ਮੋਹਿਆ)ਛਲ਼ਿਆ ਸੀ, (ਸੇ)ਉਹ (ਲੋਇਣ)ਨੇਤ੍ਰ, (ਮੈ)ਦਾਸਨ ਦਾਸ ਫਰੀਦਾ ਨੇ (ਡਿਠੁ)ਦੇਖੇ ਹਨ, (ਕਜਲ)ਸੁਰਮੇਂ ਦੀ (ਰੇਖ)ਲਕੀਰ ਨ (ਸਹਦਿਆ)ਸਹਾਰਦਿਆਂ, ਵੇਸਵਾ ਨੇ ਅਪਨੀ ਗੋਲੀ ਕੁੱਟੀ ਸੀ, (ਪੰਖੀ)ਪੰਛੀ ਦੇ (ਸੂਇ)ਬੱਚੇ, ਚੁੰਝਾਂ ਕੱਢੀ (ਬਹਿਠੁ)ਬੈਠੇ ਹਨ॥੧੪॥)

ਫਰੀਦਾ. ਕੂਕੇਦਿਆਂ ਚਾਂਗੇਦਿਆ; ਮਤੀ ਦੇਦਿਆ ਨਿਤ॥ ਜੋ ਸੈਤਾਨਿ ਵੰਞਾਇਆ; ਸੇ. ਕਿਤ ਫੇਰਹਿ ਚਿਤ॥੧੫॥ ਵਾਹਿਗੁਰੂ ਬ੍ਰਹਮ ਸਰੂਪ ਧੰਨ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:– ਸਾਧੋ; ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ; ਤਾ ਤੇ ਅਹਿਨਿਸਿ ਭਾਗਉ॥) ਕਾਮ ਕ੍ਰੋਧ ਹੰਕਾਰ ਲੋਭ ਹਠ; ਮੋਹ.ਨ ਮਨ ਸੋ ਲਜਾਵੈ॥ ਤਬ ਹੀ.ਆਤਮ ਤਤ ਕੋ ਦਰਸੇ; ਪਰਮ ਪੁਰਖ ਕਹ ਪਾਵੈ॥ ਅਨੁਸਾਰ ਸਤਿਗੁਰੂ ਪਰਮੇਸਰ ਜੀ ਦੇ ਉੱਚੀ ਸ਼ੁਭ ਉਪਦੇਸ਼ (ਕੂਕੇਦਿਆਂ)ਕੂਕਦਿਆਂ, ਅੰਮ੍ਰਿਤ ਕਥਾ ਕੀਰਤਨ ਵੈਰਾਗਮਈ ਉੱਚੀ ਮਿੱਠੀ ਧੁਨ ’ਚ (ਚਾਂਗੇਦਿਆ)ਬੋਲਦਿਆਂ ਸੁਣਾਉਂਦਿਆਂ। ਨਿਤ ਨਿਤ ਹੀ ਸ਼ੁਭ ਸੱਚਾ ਉਪਦੇਸ਼ (ਮਤੀ)ਸ਼ੁਭ ਮਤਿ

Sri Satguru Jagjit Singh Ji eLibrary NamdhariElibrary@gmail.com

ਦੇਦਿਆ, ਜੋ (ਸੈਤਾਨਿ)ਕੁਕਰਮੀ ਚੰਚਲ ਵਿਕਾਰੀ ਹੰਕਾਰੀ, ਸੈਤਾਨਿ ਮਨ ਨੇ (ਸੈਤਾਨਿ)ਕਾਮ ਨੇ (ਵੰਞਾਇਆ)ਭਟਕਾਇਆ ਖ਼ਰਾਬ ਕੀਤਾ ਹੈ। (ਸੇ)ਉਹ (ਕਿਤ)ਕਿਸ ਲਈ ਚਿਤ ਨੂੰ ਮਹਾਰਾਜ ਸਾਹਿਬ ਵੱਲ (ਫੇਰਹਿ)ਫੇਰਦਾ ਹੈ, ਭਾਵ ਕੁਸੰਗ ਵਿਸ਼ੇ ਵਿਕਾਰ ਵੱਲੋਂ ਉਲਟਾ ਕੇ ਮਨ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਸਿਮਰਨ ਵੱਲ ਨਹੀਂ ਲਾਉਂਦਾ। ਪਾਗ਼ਲ ਹੋ ਜਾਂਦਾ ਹੈ। ਰਾਜੇ ਦਸ਼ਰਥ ਜੀ ਦੇ ਪਿਤਾ ਅਜੈ ਰਾਜੇ ਜੀ ਦੇ ਘਰੇ ਇੰਦੋਮਤੀ ਸੁੰਦਰ ਇਸਤ੍ਰੀ ਵਸਦੀ ਸੀ, ਚੜ੍ਹਾਈ ਕਰ ਗਈ, ਇਸ ਨੇ ਰਾਜ ਆਪਣੇ ਸਪੁੱਤ੍ਰ ਦਸ਼ਰਥ ਜੀ ਨੂੰ ਦੇ ਦਿਤਾ, ਆਪ ਪਾਗ਼ਲ ਭੇਖਾਰੀ ਫ਼ਕੀਰ ਬਣ ਕੇ ਘਰ ੨ ਭਿੱਖਿਆ ਮੰਗਦਾ ਫਿਰਿਆ। ਯਥਾ:- ਅਜੈ ਸੁ ਰੋਵੈ; ਭੀਖਿਆ ਖਾਇ॥ ਐਸੀ ਦਰਗਹ ਮਿਲੈ ਸਜਾਇ॥ ਵਸ਼ਿਸ਼ਟ ਮੁਨੀ ਜੀ ਕਿਹਾ, "ਹੇ ਰਾਜਨ! ਇਉਂ ਨ ਕਰ, ਇੱਕ ਪਹਿਰ ਸਿਮਰਨ ਕਰ, ਇੰਦੁਮਤੀ ਦੇ ਦਰਸ਼ਣ ਕਰਾ ਦੇਊਂ", ਪਰ ਸਿਮਰਨ ਨ ਕਰ ਸਕਿਆ।

ਦੱਭੁ- ਫਰੀਦਾ. ਥੀਉ ਪਵਾਹੀ ਦਭੁ॥ ਜੇ ਸਾਂਈ ਲੋੜਹਿ ਸਭੁ॥) ਛਿਜ- ਹਿ, ਲਤਾੜੀ- ਅਹਿ- ਇਕੁ ਛਿਜਹਿ, ਬਿਆ ਲਤਾੜੀਅਹਿ॥) ਸਾਂਈ- ਤਾਂ; ਸਾਈ ਦੈ ਦਰਿ ਵਾੜੀਅਹਿ॥੧੬॥ ਕਿਸੇ ਪ੍ਰੇਮੀ ਨੇ ਪ੍ਰੇਮ ਬੇਨਤੀ ਕੀਤੀ, "ਹੇ ਬਾਬਾ ਫਰੀਦ ਸਾਹਿਬ ਜੀ! ਜਿਵੇਂ ਆਪ ਜੀ 'ਤੇ ਵਾਹਿਗੁਰੂ ਅੱਲਾ ਪਾਕ ਦੀ ਕ੍ਰਿਪਾ ਹੋਈ ਹੈ। ਸੰਤ ਸਹਾਈ ਪ੍ਰੇਮ ਕੇ; ਹਉ ਤਿਨ ਕੈ ਲਾਗਾ ਪਾਇ॥ ਅਨੁਸਾਰ ਦਾਸਨ ਦਾਸ 'ਤੇ ਭੀ ਕ੍ਰਿਪਾ ਕਰੋ, ਸਾਰਿਆਂ'ਚ ਮਹਾਰਾਜ ਦੀ ਜੋਤਿ ਹੀ ਦਿਸ ਪਵੇ" ਤਾਂ ਆਪਣੇ ਆਪ ਨੂੰ ਸਹਿਨਸੀਲਤਾ ਪੂਰਨ ਗ੍ਰੀਬੀ ਦਾ ਸ਼ੁਭ ਸੱਚਾ ਉਪਦੇਸ਼ ਦੇ ਰਹੇ ਹਨ:- ਹੇ ਦਾਸਨ ਦਾਸ ਗ੍ਰੀਬ ਕੁਕਰ ਫਰੀਦਾ! ਜੇ ਸਭੁ 'ਚ (ਸਾਂਈ)ਮਾਲਕ ਵਿਆਪਕ ਪ੍ਰਕਾਸ਼ਕ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਰੱਬ ਜੀ ਨੂੰ ਦੇਖਣਾ (ਲੋੜਹਿ)ਚਾਹੁੰਦਾ ਹੈ, (ਪਵਾਹੀ)ਰਸਤੇ ਦੀ ਦਭੁ ਵਾਂਗ (ਥੀਉ)ਹੋ ਜਾ, ਭਾਵ ਜੀਵਤ ਭਾਵ ਤੋਂ ਮਰ ਜਾ। ਸਫ਼ ਬਨਾਉਣ ਲਈ ਇਕੁ (ਛਿਜਹਿ)ਕੱਟੀ ਜਾਂਦੀ ਹੈ (ਬਿਆ)ਦੂਜਾ (ਲਤਾੜੀਅਹਿ)ਲਤਾੜੀ ਜਾਂਦੀ ਹੈ। ਲਿਤੜ ੨ ਕੇ ਸਫ਼ ਬੁਣਦੇ ਹਨ, ਸਫ ਬਣ ਜਾਵੇ, ਤਾਂ (ਸਾਈ)ਮਾਲਕ ਰੱਬ ਜੀ ਦੇ ਦਰਿ ਗੁਰੂ ਘਰ ਮੰਦਰ ਮਸੀਤ 'ਚ (ਵਾੜੀਅਹਿ)ਵਾੜੀ ਭਾਵ ਵਿਛਾਈ ਜਾਂਦੀ ਹੈ। ਇਉਂ ਨਿਮ੍ਰਤਾ ਸਹਿਨਸੀਲਤਾ ਪੂਰਨ ਗ੍ਰੀਬੀ ਸ਼ੁਭ ਗੁਣਾਂ ਨੂੰ ਧਾਰਨ ਕਰੇਂਗਾ, ਤਾਂ ਤੂੰ ਵਾਹਿਗੁਰੂ ਜੀ ਦੇ (ਦਰਿ)ਸਤਿਸੰਗਤ (ਦਰਿ)ਨਿਰਗੁਣ ਬ੍ਰਹਮ 'ਚ ਵਾੜਿਆ ਭਾਵ ਲੀਣ ਹੋ ਜਾਵੇਂਗਾ। ਯਥਾ:- ਮੁਲ ਖਰੀਦੀ ਲਾਲਾ ਗੋਲਾ; ਮੇਰਾ ਨਾਉ ਸਭਾਗਾ॥ ਗੁਰ ਕੀ ਬਚਨੀ.ਹਾਟਿ ਬਿਕਾਨਾ; ਜਿਤੁ ਲਾਇਆ ਤਿਤੁ ਲਾਗਾ॥) ਜਨ ਨਾਨਕੁ.ਹਾਟਿ ਵਿਹਾਝਿਆ; ਹਰਿ.ਗੁਲਮ ਗੁਲਾਮੀ॥) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ.ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥)

ਫਰੀਦਾ.ਖਾਕੁ. ਨ ਨਿੰਦੀਐ; ਖਾਕੂ ਜੇਡੁ ਨ ਕੋਇ॥ ਜੀਵਦਿਆ. ਪੈਰਾ ਤਲੈ; ਮੁਇਆ. ਉਪਰਿ ਹੋਇ॥੧੭॥੧. ਉੱਤਮ ਬਕਤੇ ਬਾਬਾ ਵਾਹਿਗੁਰੂ ਫਰੀਦਾ ਸਾਹਿਬ ਜੀ, ਅਪਣੇ ਮਨ ਨੂੰ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ:- ਹੇ ਫ਼ਰੀਦ! (ਖਾਕੁ)ਮਿੱਟੀ ਨੂੰ ਕਦੇ ਭੁੱਲ ਕੇ ਵੀ ਨ (ਨਿੰਦੀਐ)ਨਿੰਦੀਏ (ਖਾਕੂ)ਮਿੱਟੀ (ਜੇਡੁ)ਜਿੱਡਾ ਵੱਡਾ ਹੋਰ ਕੋਇ ਵੀ (ਨ)ਨਹੀਂ ਹੈ। ਮਿੱਟੀ 'ਚੋਂ ਹੀ ਛੱਤੀਹ ਪ੍ਰਕਾਰ ਦੇ ਭੋਜਨ ਬ੍ਰਿਛ, ਫਲ਼ ਸੋਨਾ ਚਾਂਦੀ ਲੋਹਾ ਹੀਰੇ ਆਦਿ ਸਭ ਤਰ੍ਹਾਂ ਦੇ ਪਦਾਰਥਾਂ ਦੀ ਉਤਪਤੀ ਹੁੰਦੀ ਹੈ। ਘਣਾ ਹੀ ਪ੍ਰੇਮ ਵੈਰਾਗਮਈ ਉਪਦੇਸ਼ ਹੈ ਕਿ ਇਹ ਮਿੱਟੀ ਨਿਮ੍ਰਤਾ ਸਹਿਤ, (ਜੀਵਦਿਆ)ਜਿਉਂਦਿਆਂ ਦੇ ਪੈਰਾ ਦੇ (ਤਲੈ)ਥੱਲੇ ਹੈ, (ਮੁਇਆ)ਮਰਨ ਤੋਂ ਉਪਰਿ ਹੋਇ ਜਾਂਦੀ ਹੈ। ਇਸ ਲਈ ਹੇ ਮਨ! ਮਿੱਟੀ ਨੂੰ ਨ ਨਿੰਦਣਾ ਕਰ। ਵਾਹਿਗੁਰੂ॥ ਇਸ'ਚ ਮਹਾਂਪੁਰਸ਼ਾਂ

Sri Satguru Jagjit Singh Ji eLibrary NamdhariElibrary@gmail.com

ਦੀ ਬੜੀ ਡੂੰਘੀ ਰਮਜ਼ ਹੈ। ਪ੍ਰਤੱਖ ਖ਼ਾਕ ਤੋਂ ਗੁਣ ਗ੍ਰੈਹਣ ਕੀਤਾ ਹੈ। ਸਭਨਾਂ ਦੀਆਂ ਤਲ਼ੀਆਂ ਦੇ ਥੱਲੇ ਪੈ ਜਾਵੋ ਭਾਵ ਸਭ ਦੀ ਖ਼ਾਕ ਬਣ ਜਾਵੋ। ਉਹ ਸਮਾਂ ਜਣਾਇਆ ਹੈ, ਜਿਸ ਸਮੇਂ ਦੇਹ ਨੇ ਮਿੱਟੀ ਬਣ ਜਾਣਾ ਹੈ। ਯਥਾ:- ਇਹੁ ਤਨੁ ਹੋਸੀ ਖਾਕ ਨਿਮਾਣੀ ਗੋਰ ਘਰੇ॥੧॥ ਇਸ ਲਈ ਇਸ ਦੇਹ ਦਾ ਹੰਕਾਰ ਨਹੀਂ ਕਰਨਾ ਚਾਹੀਦਾ।

ਫਰੀਦਾ.ਖਾਕੁ ਨ ਨਿੰਦੀਐ; ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ; ਮੁਇਆ ਉਪਰਿ ਹੋਇ॥੧੭॥੨. ਰੱਬ ਸਰੂਪ ਬਾਬਾ ਫ਼ਰੀਦ ਸਾਹਿਬ ਜੀ ਅਪਣੇ ਮਨ ਨੂੰ ਉਪਦੇਸ਼ ਦਿੰਦੇ ਹਨ:- ਹੇ ਫਰੀਦਾ! ਸਤਿਗੁਰਾਂ ਦੀ (ਖਾਕੁ)ਚਰਨ- ਧੂੜ ਨੂੰ ਨ (ਨਿੰਦੀਐ)ਨਿੰਦੀਏ, (ਖਾਕੂ)ਚਰਨ- ਧੂੜ (ਜੇਡੁ)ਜਿੱਡਾ ਵੱਡਾ ਹੋਰ ਕੋਇ ਵੀ (ਨ)ਨਹੀਂ ਹੈ। ਜਿਹੜਾ ਔਗੁਣੀ ਜੀਵ ਰੱਬ ਵੱਲੋਂ ਮੁਇਆ ਨਾਸਤਕ, ਸਭ ਦੇ ਪੈਰਾ ਦੇ (ਤਲੈ)ਥੱਲੇ ਹੈ ਭਾਵ ਪੈਰਾਂ ਹੇਠ ਰੁਲ਼ ਰਿਹਾ ਹੈ, ਉਹ ਸਤਿਗੁਰਾਂ ਦੀ ਚਰਨ- ਧੂੜ ਪ੍ਰਾਪਤ ਕਰਕੇ (ਜੀਵਦਿਆ)ਜਿਉਂਦਿਆਂ ਦੀ ਗਿਣਤੀ 'ਚ ਅਮਰ ਹੋ ਕੇ, ਸਭ ਤੋਂ ਉਪਰਿ ਹੋਇ ਜਾਂਦਾ ਹੈ। ਜਿਵੇਂ ਭਗਤ ਸਧਨਾ ਜੀ।

ਫਰੀਦਾ, ਖਾਕੁ ਨ ਨਿੰਦੀਐ; ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ; ਮੁਇਆ ਉਪਰਿ ਹੋਇ॥੧੭॥੩. ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਭਾਈ! ਸਾਧੂਆਂ ਦੀ ਖਾਕੁ ਬਨਣ ਦੀ (ਨਿੰਦੀਐ)ਨਿੰਦਾ ਨ ਕਰੋ, ਬਈ ਸਾਨੂੰ ਲੋਕ ਕੀ ਕਹਿਣਗੇ? ਬਈ ਇਹ ਐਡਾ ਵੱਡਾ ਅਮੀਰ ਹੋ ਕੇ ਵੀ, ਸਾਧੂਆਂ ਦੀ ਸ਼ੁਭ ਸੇਵਾ ਕਰਦਾ ਹੈ। ਮਹਾਂਪੁਰਸ਼ਾਂ ਦੀ (ਖਾਕੂ)ਖਾਕ ਬਨਣ (ਜੇਡੁ)ਜਿਡਾ ਵੱਡਾ ਹੋਰ ਕੋਇ ਵੀ ਲਾਹਾ (ਨ)ਨਹੀਂ ਹੈ। ਯਥਾ:- ਜਬ ਇਹੁ ਹੂਆ ਸਗਲ ਕੀ ਰੀਨਾ॥ ਤਾ ਤੇ ਰਮਈਆ ਘਟਿ ਘਟਿ ਚੀਨਾ॥) ਸਰਬ ਕੀ ਰੇਣ ਹੋਵੀਜੈ॥ ਆਪੁ ਮਿਟਾਇ ਮਿਲੀਜੈ॥ ਵਾਹਿਗੁਰੂ ਜੀ ਦੀ ਪ੍ਰਾਪਤੀ, ਸੰਤਾਂ ਸਾਧੂਆਂ ਸਤਿਗੁਰਾਂ ਦੀ ਚਰਨ- ਧੂੜ ਬਨਣ 'ਚ ਹੀ ਹੈ। ਸੋ ਸਭ ਦੀ ਚਰਨ- ਧੂੜ ਬਨਣ ਦੇ, ਬੇਅੰਤ ਹੀ ਫ਼ਾਇਦੇ ਹਨ। ਮਹਾਤਮਾ ਦੇ (ਪੈਰਾ)ਚਰਨਾਂ ਦੇ (ਤਲੈ)ਤਲ਼ੀਆਂ ਦੀ ਖਾਕ ਉਡ ਕੇ, (ਜੀਵਦਿਆ)ਜਿਉਂਦਿਆਂ ਅਤੇ (ਮੁਇਆ)ਮਰਿਆਂ ਉਪਰਿ (ਹੋਇ)ਹੋ ਕੇ ਭਾਵ ਪੈ ਕੇ, ਪਵਿੱਤ੍ਰ ਕਰਦੀ ਹੈ। ਜਿਵੇਂ ਇੱਕ ਮਰਿਆ ਬੰਦਾ, ਅਪਣੇ ਘਰ ਅੱਗੇ ਪਿਆ ਸੀ। ਸਾਧੂਆਂ ਦੀ ਮੰਡਲੀ ਕੀਰਤਨ ਕਰਦੀ ਕੋਲ਼ ਦੀ ਲੰਘੀ, ਚਰਨ ਧੂੜ ਉਪਰ ਪੈਣ ਤੋਂ ਸੱਚਖੰਡ ਜਾ ਵਸਿਆ।

ਫਰੀਦਾ, ਖਾਕੁ ਨ ਨਿੰਦੀਐ; ਖਾਕੂ ਜੇਡੁ ਨ ਕੋਇ॥ ਜੀਵਦਿਆ ਪੈਰਾ ਤਲੈ; ਮੁਇਆ ਉਪਰਿ ਹੋਇ॥੧੭॥੪. ਫ਼ਰੀਦ ਸਾਹਿਬ ਜੀ ਕਹਿੰਦੇ ਹਨ:- ਸਤਿਗੁਰਾਂ ਦੀ ਜੋ ਖਾਕੁ ਬਣੇ ਹਨ, ਉਹ ਕਿਸੇ ਨੂੰ (ਨਿੰਦੀਐ)ਨਿੰਦਣਾ (ਨ)ਨਹੀ ਕਰਦੇ। ਇਸ ਲਈ ਉਨ੍ਹਾਂ ਦੀ ਨਿੰਦਾ ਨ ਕਰੋ। ਉਨ੍ਹਾਂ 'ਚ ਸਾਰੇ ਹੀ ਗੁਣ ਹਨ। ਯਥਾ:- ਸਗਲ ਗੁਣ.ਅਵਗੁਣੁ ਨ ਕੋਈ; ਹੋਹਿ ਨੀਤਾ ਨੀਤਾ॥ ਸਤਿਗੁਰਾਂ ਦੀ (ਖਾਕੂ)ਖਾਕ ਬਣੇ ਹੋਏ, ਮਹਾਂਪੁਰਸ਼ਾਂ (ਜੇਡੁ)ਜਿੱਡਾ ਵੱਡਾ, ਹੋਰ ਕੋਇ ਵੀ ਦੰਭੀ ਗੁਰੂ (ਨ)ਨਹੀਂ ਹੋ ਸਕਦਾ, ਉਹ ਸਭ ਤੋਂ ਉੱਚੇ ਸੁੱਚੇ ਹਨ। ਯਥਾ:- ਓਹੁ ਸਭ ਤੇ ਊਚਾ.ਸਭ ਤੇ ਸੂਚਾ; ਜਾ ਕੈ ਹਿਰਦੈ ਵਸਿਆ ਭਗਵਾਨੁ॥)
ਯਥਾ:- ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥ ਅਤੇ (ਮੁਇਆ)ਮਰਣ ਤੋਂ ਉਪਿਰ (ਹੋਇ)ਹੋ ਗਏ। ਯਥਾ:- ਜਨਮ ਮਰਣ ਦੁਹਹੂ ਮਹਿ ਨਾਹੀ; ਜਨ ਪਰਉਪਕਾਰੀ ਆਏ॥ ਜਿਵੇਂ ਸ੍ਰੀ ਕਬੀਰ ਸਾਹਿਬ ਜੀ। ਵਾ ਮੁਇਆ ਉਪਰਿ ਹੋਇ॥੧੭॥ ਸਤਿਗੁਰਾਂ ਲਈ (ਮੁਇਆ)ਮਰ ਕੇ ਭਾਵ ਸ਼ਹੀਦ ਹੋ ਕੇ, ਸਭ ਤੋਂ ਉਪਰਿ ਹੋਇ ਗਏ, ਸਨਮੁਖ ਅਮਰ ਸ਼ਹੀਦਾਂ 'ਚ ਗਿਣੇ ਗਏ। ਕੋਟਿ ਬ੍ਰਹਮੰਡ ਉਨ੍ਹਾਂ ਦਾ ਜਸ ਕਰਦੇ ਹਨ। ਜਿਵੇਂ ਭਾਈ ਮਤੀਦਾਸ ਸਾਹਿਬ ਜੀ, ਭਾਈ ਸਤੀਦਾਸ ਸਾਹਿਬ ਜੀ, ਭਾਈ ਦਿਆਲਾ ਸਾਹਿਬ ਜੀ ਆਦਿ।

Sri Satguru Jagjit Singh Ji eLibrary NamdhariElibrary@gmail.com

ਲੱਬ- ਫਰੀਦਾ. ਜਾ ਲਬੁ, ਤਾ ਨੇਹੁ ਕਿਆ; ਲਬੁ ਤ ਕੂੜਾ ਨੇਹੁ॥ ਕਿਚਰੁ. ਝਤਿ ਲਘਾਈਐ; ਛਪਰਿ ਤੁਟੈ. ਮੇਹੁ॥੧੮॥ ਵਾਹਿਗੁਰੂ ਬ੍ਰਹਮ ਸਰੂਪ ਬਾਬਾ ਫ਼ਰੀਦ ਸਾਹਿਬ ਜੀ ਫ਼ੁਰਮਾ ਰਹੇ ਹਨ, ਹੇ ਫਰੀਦਾ! ਅਕਾਲ ਪੁਰਖ ਜੀ ਦੀ ਬੰਦਗੀ ਕਰਦਿਆਂ, ਜਾ ਤੇਰੇ ਅੰਦਰ, ਧਨ ਪਦਾਰਥ ਜੋੜਨ ਖਾਣ ਦਾ (ਲਬੁ) ਲਾਲਚ ਹੈ, ਤਾ ਤੇਰਾ ਰੱਬ ਨਾਲ (ਨੇਹੁ) ਪ੍ਰੇਮ (ਕਿਆ) ਕੀ ਹੈ? ਭਾਵ ਪ੍ਰੇਮ ਨਹੀਂ ਹੈ, ਜੇ (ਲਬੁ) ਲਾਲਚ ਹੈ, ਤ ਤੇਰਾ (ਕੂੜਾ) ਝੂਠਾ (ਨੇਹੁ) ਪ੍ਰੇਮ ਹੈ, ਪਰਮ ਪਿਆਰੇ ਰੱਬ ਜੀ ਨਾਲ਼ ਪ੍ਰੇਮ ਨਹੀਂ, ਪ੍ਰੇਮ ਬਿਨਾ ਅੰਦਰ ਖ਼ਾਲੀ, ਸ਼ੀਰ ਸੁਆਹ ਹੀ ਹੈ। ਯਥਾ:- ਅੰਦਰੁ ਖਾਲੀ.ਪ੍ਰੇਮ ਬਿਨੁ; ਢਹਿ ਢੇਰੀ.ਤਨੁ ਛਾਰੁ॥

ਕਿਚਰੁ. ਝਤਿ ਲਘਾਈਐ; ਛਪਰਿ ਤੁਟੈ. ਮੇਹੁ॥੧੮॥ ਜਿਵੇਂ ਜ਼ੋਰ ਦੀ (ਮੇਹੁ)ਵਰਖਾ ਹੋਣ ਨਾਲ ਛਪਰਿ (ਤੁਟੈ)ਟੁੱਟ ਜਾਵੇ, (ਕਿਚਰੁ)ਕਿਸ ਤਰ੍ਹਾਂ (ਝਤਿ)ਸਮਾਂ ਲਘਾਈਐ? ਨਹੀਂ ਲੰਘਦਾ ਰਹਿਣਾ ਮੁਸ਼ਕਲ ਹੋ ਜਾਵੇਗਾ। ਸ਼ੀਰ ਭਿੱਜਣ ਨਾਲ ਠੰਢ ਲੱਗੇਗੀ। ਇਉਂ ਮਹਾਰਾਜ ਨਾਲ ਝੂਠਾ ਪ੍ਰੇਮ ਹੈ, ਖਾਣ ਦਾ ਲਾਲਚ ਪਦਾਰਥ ਜੋੜਨ ਦਾ ਲਾਲਚ। ਪੂਜਾ ਦਾ ਧਾਨ ਜ਼ਹਿਰ, ਧਨ ਪਦਾਰਥ ਇਕੱਠਾ ਕਰ ਲਿਆ। ਗੁਰੂ ਪੰਥ ਦੀ ਸੇਵਾ, ਗਊ ਗਰੀਬ ਨੂੰ ਨਾ ਦਿਤਾ ਤੇ ਆਪਣੇ ਸੁਖ ਅਰਾਮ ਲਈ ਵਰਤਣ ਲੱਗ ਪਿਆ। ਲਬੁ ਕੁਤਾ.ਕੂੜੁ ਚੂਹੜਾ; ਠਗਿ ਖਾਧਾ ਮੁਰਦਾਰੁ॥) (ਲਬੁ)ਜ਼ਿਆਦਾ ਖਾਣ ਦਾ ਲਾਲਚ ਲੱਬ ਹੈ। ਇਹ ਕੁੱਤਾ ਸੁਭਾਅ ਹੈ, ਕੁੱਤੇ ਦਾ ਜੂਠਾ ਖਾਣ ਦੇ ਤੁੱਲ ਹੈ। ਬਾਬਾ ਹੋਰੁ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥੧॥ (੧੬) ਪੇਟੁ ਭਰਿਓ ਪਸੂਆ ਜਿਉ ਸੋਇਓ ਮਨੁਖੁ ਜਨਮੁ ਹੈ ਹਾਰਿਓ॥੧॥) ਫਿਟੁ ਇਵੇਹਾ ਜੀਵਿਆ; ਜਿਤੁ ਖਾਇ ਵਧਾਇਆ ਪੇਟੁ॥ ਨਾਨਕ ਸਚੇ ਨਾਮ ਵਿਣੁ; ਸਭੋ ਦੁਸਮਨੁ ਹੇਤੁ॥ ਪਰਮਪੂਜਨੀਕ ਸੱਚੇ ਸਤਿਗੁਰਾਂ ਦੇ ਬਖ਼ਸ਼ੇ ਸੱਚੇ ਨਾਮ ਤੋਂ ਬਿਨਾ, ਵਿਸ਼ੇ ਪਦਾਰਥ ਭੋਗਣ ਦੇ ਜਿਤਨੇ ਵੀ ਹਿਤ ਹਨ, ਇਹ ਸਾਰੇ ਹੀ ਵੈਰੀ ਹਨ।

ਫਰੀਦਾ. ਜੰਗਲੁ ਜੰਗਲੁ ਕਿਆ ਭਵਹਿ; ਵਣਿ ਕੰਡਾ ਮੋੜੇਹਿ॥ ਵਸੀ ਰਬੁ ਹਿਆਲੀਐ; ਜੰਗਲੁ ਕਿਆ ਢੂਢੇਹਿ॥੧੯॥ ਵਾਹਿਗੁਰੂ ਬਾਬਾ ਫਰੀਦ ਸਾਹਿਬ ਜੀ ਅੰਦਰ ਬਾਹਰ ਅਕਾਲ ਨਿਰਗੁਣ ਨਿਰੰਕਾਰ ਜੀ ਨੂੰ ਸਾਖਿਆਤ ਕਰਕੇ ਵਿਸਮਾਦ ਅਵਸਥਾ 'ਚ ਫ਼ੁਰਮਾ ਰਹੇ ਹਨ:- ਹੇ ਦਾਸਨ ਦਾਸ ਗ਼ੀਬ ਫਰੀਦਾ! ਜੰਗਲੁ ਜੰਗਲੁ (ਕਿਆ) ਕੀ (ਭਵਹਿ) ਭਉਂਦਾ ਫਿਰਦਾ ਹੈਂ? ਜਿੱਥੇ ਵਿਰੋਧੀ ਸ਼ੇਰ ਰਿੱਛ ਸੱਪ (ਵਣਿ)ਬ੍ਰਿੱਛ ਦੇ (ਕੰਡਾ)ਕੰਡੇ ਤੈਨੂੰ (ਮੋੜੇਹਿ) ਮੋੜਦੇ ਹਨ, ਤੇਰੇ ਰਾਹ 'ਚ ਰੋਕ ਪਉਂਦੇ ਹਨ, ਦੁੱਖ ਦਿੰਦੇ ਹਨ। (ਰਬੁ)ਵਾਹਿਗੁਰੂ ਅਕਾਲ ਪੁਰਖ ਜੀ, ਤੇਰੇ (ਹਿਆਲੀਐ)ਹਿਰਦੇ 'ਚ, (ਵਸੀ)ਵਸਦੇ ਹਨ। ਯਥਾ:- ਦਿਲ ਮਹਿ ਖੋਜਿ, ਦਿਲੈ ਦਿਲਿ ਖੋਜਹੁ; ਏਹੀ ਠਉਰ ਮੁਕਾਮਾ॥) ਨਉ ਨਿਧਿ; ਅੰਮ੍ਰਿਤੁ ਪ੍ਰਭ ਕਾ ਨਾਮੁ॥ ਦੇਹੀ ਮਹਿ; ਇਸ ਕਾ ਬਿਸ੍ਰਾਮੁ॥) ਬਾਹਰਲੇ ਜੰਗਲੁ 'ਚ ਜਾਂ ਸੰਸਾਰ ਰੂਪੀ ਜੰਗਲੁ 'ਚ (ਕਿਆ)ਕੀ (ਢੂਢੇਹਿ)ਖੋਜ ਰਿਹਾ ਹੈਂ? ਕਿਆ ਜੰਗਲੁ ਢੂਢੀ ਜਾਇ; ਮੈ ਘਰਿ ਬਨੁ ਹਰੀਆਵਲਾ॥ ਸਚਿ ਟਿਕੈ ਘਰਿ ਆਇ; ਸਬਦਿ ਉਤਾਵਲਾ॥੧॥) ਕਾਹੇ ਰੇ; ਬਨ ਖੋਜਨ ਜਾਈ॥ ਸਰਬ ਨਿਵਾਸੀ ਸਦਾ ਅਲੇਪਾ; ਤੋਹੀ ਸੰਗਿ ਸਮਾਈ॥੧॥ ਜਦੋਂ ਮਨ, ਰਿਦੇ 'ਚੋਂ ਬਾਹਰ ਸੰਸਾਰ ਰੂਪੀ ਜੰਗਲ਼ 'ਚ ਜਾਂਦਾ ਹੈ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵੈਰ ਮਾੜੇ ਸੰਕਲਪਾਂ ਔਗੁਣਾਂ ਦੇ ਕੰਡੇ ਵੱਜਦੇ ਹਨ। ਯਥਾ:- ਈਂ ਮਤਾਏ ਹੱਕ ਬ ਪੇਸ਼ ਸਾਹਿਬਾਨੇ ਦਿਲ ਬਵਦ॥ ਚੂੰ ਬਸਹਿਰਾ ਮੇ ਰਵੀ ਦਰ ਗੋਸਾਏ ਵੀਰਾਨਾ ਨੇਸਤ॥ (ਭਾਈ ਸਾਹਿਬ ਭਾਈ ਨੰਦ ਲਾਲ ਸਿੰਘ) ਜਿਨ੍ਹਾਂ ਪਛਾਤਾ ਰੱਬ ਆਪਣੇ ਵਿੱਚ, ਤਿਨ੍ਹਾਂ ਦੀ ਬੁੱਕਲ ਵਿਚ ਰਹਿੰਦਾ। ਕਿਉਂ ਜਾਂਦੇ ਵਿੱਚ ਜੰਗਲਾਂ ਦੇ, ਰੱਬ ਜੰਗਲ ਵਿੱਚ ਨ ਬਹਿੰਦਾ।

ਫਰੀਦਾ. ਇਨੀ ਨਿਕੀ ਜੰਘੀਐ; ਥਲ ਡੂੰਗਰ ਭਵਿਓਮ੍ਹਿ॥) ਕੁੱਜੜਾ- ਅਜੁ ਫਰੀਦੈ. ਕੂਜੜਾ; ਸੈ ਕੋਹਾਂ ਥੀਓਮਿ॥੨੦॥ ਪਰਮਪੂਜਨੀਕ ਵਾਹਿਗੁਰੂ ਜੀ, ਬਾਬੇ ਫ਼ਰੀਦ ਸਾਹਿਬ ਜੀ ਦੇ ਅਵਤਾਰ 'ਚ ਪ੍ਰਗਟ ਹੋ ਕੇ, ਬ੍ਰਿਧ

Sri Satguru Jagjit Singh Ji eLibrary NamdhariElibrary@gmail.com

ਅਵਸਥਾ ਦੀ ਹਾਲਤ ਬਹੁਤ ਹੀ ਦੁਖੱਲੀ ਦਸਦੇ ਹਨ। ਜੋ ਹਰ ਪ੍ਰਾਣੀ ਮਾਤ੍ਰ 'ਤੇ ਇਹ ਬ੍ਰਿਧ ਅਵਸਥਾ ਦੇ ਦੁੱਖ ਆਉਂਦੇ ਹਨ। ਹੇ ਫਰੀਦਾ! ਤੂੰ ਅਪਣੀਆਂ (ਇਨੀ)ਇਨ੍ਹਾਂ (ਨਿਕੀ)ਨਿੱਕੀਆਂ (ਜੰਘੀਆ)ਪਿੰਜਣੀਆਂ ਲੱਤਾਂ ਨਾਲ, (ਥਲ)ਮਾਰੂਥਲ (ਡੂੰਗਰ)ਪਹਾੜ 'ਤੇ (ਭਵਿਓਮਿ)ਭਉਂਦਾ ਫਿਰਿਆ ਹੈਂ, ਹੇ ਫਰੀਦੈ! ਅਜੁ ਤੇਰਾ ਇਹ (ਕੂਜੜਾ)ਕੁੱਜਾ ਲੋਟਾ, (ਸੈ)ਸੈਂਕੜੇ ਕੋਹਾਂ ਦੂਰ (ਥੀਓਮਿ)ਹੋ ਗਿਆ ਹੈ। ਮੰਜੇ 'ਤੇ ਪਿਆਂ, ਕੁੱਜੇ ਤੱਕ ਬਾਂਹ ਨਹੀਂ ਪਹੁੰਚਦੀ। ਆਪ ਪਾਸਾ ਨਹੀਂ ਲੈ ਸਕਦਾ। ਜਿੱਥੇ ਬਾਂਹ ਪਈ ਹੈ, ਓਥੇ ਹੀ ਪਈ ਰਹਿੰਦੀ ਹੈ, ਜਿਨ੍ਹਾਂ ਬ੍ਰਿਧਾਂ ਨੂੰ ਕੋਈ ਸਾਂਭਦਾ ਨਹੀਂ, ਉਨ੍ਹਾਂ ਦੇ ਸ੍ਰੀਰ 'ਚ ਕੀੜੇ ਕ੍ਰਿਮ ਪੈ ਕੇ, ਸ੍ਰੀਰ ਨੂੰ ਖਾਣ ਲੱਗ ਜਾਂਦੇ ਹਨ। ਸਾਵਧਾਨ ਕਰ ਰਹੇ ਹਨ, ਬੰਦਗੀ ਕਰੋ ਜੀ। ਯਥਾ:- ਜਬ ਲਗੁ; ਜਰਾ ਰੋਗੁ ਨਹੀ ਆਇਆ॥ ਜਬ ਲਗੁ; ਕਾਲਿ ਗ੍ਰਸੀ ਨਹੀ ਕਾਇਆ॥ ਜਬ ਲਗੁ; ਬਿਕਲ ਭਈ ਨਹੀ ਬਾਨੀ॥ ਭਜਿ ਲੇਹਿ ਰੇ ਮਨ; ਸਾਰਿਗਪਾਨੀ॥੨॥ ਅਬ ਨ ਭਜਸਿ; ਭਜਸਿ ਕਬ ਭਾਈ॥ ਆਵੈ ਅੰਤੁ; ਨ ਭਜਿਆ ਜਾਈ॥) ਬੇੜਾ. ਬੰਧਿ ਨ ਸਕਿਓ; ਬੰਧਨ ਕੀ ਵੇਲਾ॥ ਭਰਿ ਸਰਵਰੁ ਜਬ ਊਛਲੈ; ਤਬ ਤਰਣੁ ਦੁਹੇਲਾ॥੧॥) ਸ੍ਰਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥੩॥) ਫਰੀਦਾ ਜਾਂ ਤਉ ਖਟਣ ਵੇਲ; ਤਾਂ ਤੂ ਰਤਾ ਦੁਨੀ ਸਿਉ॥ ਮਰਗ ਸਵਾਈ ਨੀਹਿ; ਜਾਂ ਭਰਿਆ ਤਾਂ ਲਦਿਆ॥੮॥) ਦੇਖੁ ਫਰੀਦਾ. ਜੁ ਥੀਆ; ਦਾੜੀ ਹੋਈ ਭੂਰ॥ ਅਗਹੁ ਨੇੜਾ ਆਇਆ; ਪਿਛਾ ਰਹਿਆ ਦੂਰਿ॥੯॥) ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ ਨ ਪਤੀਣੋਹਿ॥) ਫਰੀਦਾ. ਸਿਰੁ ਪਲਿਆ. ਦਾੜੀ ਪਲੀ; ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥) ਅੱਖੀਂ- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥੧੧॥) ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥)

ਰਾਤੀਂ। ਧੁਖਿ ਧੁਖਿ ਪੋਲੇ- ਫਰੀਦਾ. ਰਾਤੀ ਵਡੀਆਂ; ਧੁਖਿ ਧੁਖਿ ਉਠਨਿ ਪਾਸ॥ ਧਿਗੁ ਤਿਨ੍ਹਾ ਦਾ ਜੀਵਿਆ; ਜਿਨ੍ਹਾ ਵਿਡਾਣੀ ਆਸ॥੨੧॥ {ਸੁਖ ਦਾ ਸਮਾਂ ਬਹੁਤ ਹੀ ਤੇਜ਼ੀ ਨਾਲ ਲੰਘ ਜਾਂਦਾ ਹੈ। ਜਿਵੇਂ ਪਤੀ ਜੀ ਦੇ ਵਿਛੋੜੇ 'ਚ, ਨੌਜਵਾਨ ਬੀਬੀ ਨੂੰ ਰਾਤ ਬਹੁਤ ਹੀ ਵੱਡੀ ਲੱਗਦੀ ਹੈ, ਪਾਸੇ ਧੁਖ ੨ ਉਠਦੇ ਹਨ। ਦਿਲ 'ਚ ਤਿੱਖੀ ਚੀਸ ਪੈਂਦੀ ਹੈ, ਉਹ ਸਮਾਂ ਬੜਾ ਹੀ ਦੁੱਖਦਾਇਕ ਲੰਬਾ ਬਣ ਜਾਂਦਾ ਹੈ, ਤਿਵੇਂ ਪਰਮਪੂਜਨੀਕ ਵਾਹਿਗੁਰੂ ਬਾਬਾ ਫ਼ਰੀਦ ਸਾਹਿਬ ਜੀ, ਪਰਮ ਪਿਆਰੇ ਵਾਹਿਗੁਰੂ ਸਾਹਿਬ ਜੀ ਦੇ ਵਿਛੋੜੇ ਦੀ ਹਾਲਤ, ਆਪ ਦੁਆਰਾ ਫ਼ੁਰਮਾ ਰਹੇ ਹਨ:- ਹੇ ਵਾਹਿਗੁਰੂ ਅਕਾਲ ਪੁਰਖ ਜੀ! ਆਪ ਜੀ ਦੇ ਵਿਛੋੜੇ 'ਚ, (ਰਾਤੀ)ਰਾਤਾਂ ਜੁੱਗਾਂ ਨਾਲੋਂ ਵੱਧ ਵਡੀਆਂ ੨ ਜਾਪਦੀਆਂ ਹਨ। ਵਿਛੋੜੇ ਦੀ ਮੰਦੀ ਹਾਲਤ 'ਚ, ਪਾਪਾਂ ਵਿਕਾਰਾਂ 'ਚ, ਵਿਛੋੜੇ ਦੀ ਅੱਗ ਨਾਲ (ਪਾਸ)ਪਾਸੇ ਧੁਖਿ ਧੁਖਿ ਕੇ (ਉਠਨਿ)ਉੱਠ ਰਹੇ ਹਨ। ਯਥਾ:- ਤਪਿ ਤਪਿ ਲੁਹਿ ਲੁਹਿ; ਹਾਥ ਮਰੋਰਉ॥ ਬਾਵਲਿ ਹੋਈ; ਸੋ ਸਹੁ ਲੋਰਉ॥) ਫਰੀਦਾ ਗਲੀਂ ਸੁ ਸਜਣ ਵੀਹ; ਇਕੁ ਢੂੰਢੇਦੀ ਨ ਲਹਾਂ॥ ਧੁਖਾਂ ਜਿਉ ਮਾਂਲੀਹ; ਕਾਰਣਿ ਤਿੰਨ੍ਹਾ ਮਾ ਪਿਰੀ॥੮੭॥) ਮੈ ਨੀਰੇ.ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ.ਦ੍ਰਿਸਟਿ ਨ ਕਰੈ ਰੁਚਾਂਗੈ॥) ਹਉ ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥) ਉਡੀਨੀ ਉਡੀਨੀ ਉਡੀਨੀ॥ ਕਬ

Sri Satguru Jagjit Singh Ji eLibrary NamdhariElibrary@gmail.com

ਘਰਿ ਆਵੈ ਰੀ॥) ਮੈ ਰੋਵੰਦੀ. ਸਭੁ ਜਗੁ ਰੁਨਾ; ਰੁੰਨੜੇ ਵਣਹੁ ਪੰਖੇਰੂ॥) ਮਾਝ ਮਹਲਾ ਪ; ਚਉਪਦੇ ਘਰੁ ੧॥ ਤਾਂਈਂ– ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ॥ ਬਿਲਪ ਕਰੇ; ਚਾਤ੍ਰਿਕ ਕੀ ਨਿਆਈ॥ ਤ੍ਰਿਖਾ. ਨ ਉਤਰੈ, ਸਾਂਤਿ ਨ ਆਵੈ; ਬਿਨੁ ਦਰਸਨ. ਸੰਤ ਪਿਆਰੇ ਜੀਉ॥੧॥ ਹਉ ਘੋਲੀ. ਜੀਉ ਘੋਲਿ ਘੁਮਾਈ; ਗੁਰ ਦਰਸਨ ਸੰਤ ਪਿਆਰੇ ਜੀਉ॥੧॥ ਰਹਾਉ॥ ਤੇਰਾ ਮੁਖੁ ਸੁਹਾਵਾ ਜੀਉ; ਸਹਜ ਧੁਨਿ ਬਾਣੀ॥ ਚਿਰੁ ਹੋਆ; ਦੇਖੇ ਸਾਰਿੰਗਪਾਣੀ॥ ਧੰਨੁ ਸੁ ਦੇਸੁ. ਜਹਾ ਤੂੰ ਵਸਿਆ; ਮੇਰੇ ਸਜਣ ਮੀਤ ਮੁਰਾਰੇ ਜੀਉ॥੨॥ ਹਉ ਘੋਲੀ. ਹਉ ਘੋਲਿ ਘੁਮਾਈ; ਗੁਰ ਸਜਣ ਮੀਤ ਮੁਰਾਰੇ ਜੀਉ॥੧॥ ਰਹਾਉ॥ ਇਕ ਘੜੀ ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਮੋਹਿ ਰੈਣਿ ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ ਗੁਰ ਦਰਬਾਰੇ ਜੀਉ॥੩॥ ਹਉ ਘੋਲੀ ਜੀਉ ਘੋਲਿ ਘੁਮਾਈ; ਤਿਸੁ ਸਚੇ ਗੁਰ ਦਰਬਾਰੇ ਜੀਉ॥੧॥ ਰਹਾਉ॥ ਭਾਗੁ ਹੋਆ. ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ; ਘਰ ਮਹਿ ਪਾਇਆ॥ ਸੇਵ ਕਰੀ. ਪਲੁ ਚਸਾ ਨ ਵਿਛੁੜਾ; ਜਨ ਨਾਨਕ; ਦਾਸ ਤੁਮਾਰੇ ਜੀਉ॥੪॥ ਹਉ ਘੋਲੀ. ਜੀਉ ਘੋਲਿ ਘੁਮਾਈ; ਜਨ ਨਾਨਕ ਦਾਸ ਤੁਮਾਰੇ ਜੀਉ॥ ਰਹਾਉ॥੧॥੮॥ ਕਿਉਂਕਿ ਵੱਡੀਆਂ ਰਾਤਾਂ ’ਚ, ਮਨਮੁਖ ਬੰਦਗੀ ਨਹੀਂ ਕਰਦੇ। ਇਨ੍ਹਾਂ ਰਾਤਾਂ ’ਚ ਵਾਹਿਗੁਰੂ ਪ ਜਪਣਾ ਸੀ, ਨਹੀਂ ਜਪਿਆ। ਤਿਨ੍ਹਾ ਦਾ ਜੀਵਿਆ (ਧਿਗੁ)ਧ੍ਰਿਕਾਰ ਹੀ ਧ੍ਰਿਕਾਰ ਬੇਅੰਤ ਵਾਰੀ ਫਿੱਟੇ ਮੂੰਹ, ਲਾਹਨਤ ਹੈ। ਯਥਾ:– ਧ੍ਰਿਗੁ ਧ੍ਰਿਗੁ ਖਾਇਆ, ਧ੍ਰਿਗੁ ਧ੍ਰਿਗੁ ਸੋਇਆ; ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ॥ ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ; ਜਿਤੁ ਹੁਣਿ ਖਸਮੁ ਨ ਪਾਇਆ॥ ਮਹਾਰਾਜ ਸਾਹਿਬ ਜੀ ਨੂੰ ਛੱਡ ਕੇ, ਜਿਨ੍ਹਾ ਨੂੰ (ਵਿਡਾਣੀ)ਬਿਗਾਨੀ, ਖ਼ਰਾਬ ਕਰਨ ਵਾਲੀ, ਭੂਤਾਂ ਦੀ ਪੂਜਾ ਕਰਨ, ਜੀਆਂ ਨੂੰ ਵੱਢਣ ਮਾਰਨ ਸਾੜਨ ਪਛਾੜਣ ਅੱਗਾਂ ਲਾਉਣ ਬੰਬ ਸੁੱਟਣ, ਭਿਆਨਕ ਜ਼ੋਰ ਜ਼ੁਲਮ ਡਾਕੇ ਮਾਰਨ ਦੀ ਖੋਟੀ ਆਸ ਹੈ। ਯਥਾ:– (ਪਉੜੀ ਪ ਨੂੰ ਪਉੜੀ ਪੰਜਵਾਂ ਸਭ ਥਾਈਂ ਪੜ੍ਹੋ ਜੀ) ਪਉੜੀ ਪ॥ ਲੈ ਫਾਹੇ.ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ.ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥)

ਫਰੀਦਾ.ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥੧. ਵਾਹਿਗੁਰੂ ਪਰਮਪੂਜਨੀਕ ਸ੍ਰੀ ਭਗਤ ਸਾਹਿਬ ਜੀ ਜੰਗਲ਼ ’ਚ ਬੰਦਗੀ ਕਰਦੇ ਸਨ। ਇਨ੍ਹਾਂ ਦੇ ਪਰਮ– ਮਿੱਤ੍ਰ ਭਾਈ ਜੱਸੇ ਜੀ ਨੇ ਇਨ੍ਹਾਂ ਪਾਸ ਆ ਕੇ, ਕੁੱਝ ਖਾਣ ਨੂੰ ਮੰਗਿਆ, ਤਾਂ ਬਾਬੇ ਵਾਹਿਗੁਰੂ ਫ਼ਰੀਦ ਸਾਹਿਬ ਜੀ ਕਿਹਾ,“ਹੇ ਪਰਮ ਪਿਆਰੇ (ਮਿਤਾ)ਮਿੱਤ੍ਰ ਜੱਸੇ ਜੀ! ਆਪ ਜੀ ਦੇ (ਆਇੜਿਆਂ)ਆਇਆਂ, ਜੇ (ਮੈ)ਦਾਸਨ ਦਾਸ ਪਾਸ ਪਦਾਰਥ (ਹੋਦਾ)ਹੁੰਦਾ, ਆਪ ਜੀ ਪਾਸੋਂ (ਵਾਰਿਆ)ਵਰਜ ਕੇ ਭਾਵ ਲੁਕਾ ਕੇ ਜੇ ਰੱਖਦਾ ਤਾਂ, ਦਾਸਨ ਦਾਸ ਦਾ (ਹੇੜਾ)ਸ੍ਰੀਰ ਇਉਂ (ਜਲੈ)ਜਲ਼ ਜਾਵੇ, (ਜਿਉ)ਜਿਵੇਂ ਮੱਚਦੇ (ਅੰਗਾਰਾ)ਅੰਗਿਆਰਾਂ ਉਪਰਿ ਮਜੀਠ ਸੜਦਾ ਹੈ।

ਫਰੀਦਾ. ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥੨. ਵਾਹਿਗੁਰੂ ਬਾਬਾ ਫ਼ਰੀਦ ਸਾਹਿਬ ਜੀ ਪ੍ਰੇਮ ਨਿਮ੍ਰਤਾ ਨਾਲ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ:– ਹੇ ਪਰਮ (ਮਿਤਾ)ਮਿੱਤ੍ਰ ਅਕਾਲ ਪੁਰਖ ਜੀ! ਜੇ (ਮੈ)ਦਾਸਨ ਦਾਸ ਇਹ ਜਾਣਦਾ ਹੁੰਦਾ ਕਿ ਆਪ ਜੀ, ਸਭ ਅਕਾਰਾਂ, ਦਾਸਨ ਦਾਸ ਦੇ ਦਿਲ’ਚ ਹੀ (ਆਇੜਿਆਂ)ਆਏ ਹੋਇ ਹੋਂ, ਭਾਵ ਦਿਲ ’ਚ ਹੀ ਵਸ ਰਹੇ ਹੋਂ, ਤਾਂ ਆਪ ਜੀ ਤੋਂ (ਵਾਰਿਆ)ਕੁਰਬਾਨ (ਹੋਦਾ)ਹੁੰਦਾ। ਕਿਵੇਂ ਕੁਰਬਾਨ ਹੁੰਦਾ? (ਜਿਉ)ਜਿਵੇਂ ਮਜੀਠ ਅੰਗਾਰਾ ਉਪਰਿ (ਜਲੈ)ਸੜਦਾ ਹੈ ਮੇਰਾ (ਹੇੜਾ)ਸ੍ਰੀਰ ਆਪ ਜੀ ਤੋਂ ਇਉਂ ਕੁਰਬਾਨ ਹੁੰਦਾ, ਆਪ ਜੀ ਨੂੰ ਪ੍ਰਾਪਤਿ ਕਰ ਲੈਂਦਾ।

Sri Satguru Jagjit Singh Ji eLibrary NamdhariElibrary@gmail.com

ਫਰੀਦਾ. ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਹੇੜਾ ਜਲੈ. ਮਜੀਠ ਜਿਉ; ਉਪਰਿ ਅੰਗਾਰਾ॥੨੨॥੩. ਬਾਬਾ ਫ਼ਰੀਦ ਸਾਹਿਬ ਜੀ ਜੈਸੀ, ਕਿਸੇ ਨੇ ਵੀ ਜੋਦੜੀ ਮੇਹਨਤ ਬੰਦਗੀ, ਮਸੱਕਤ ਘਾਲ਼ ਕਮਾਈ ਨਹੀਂ ਕੀਤੀ। ੩੬ ਸਾਲ ਮੇਹਨਤ ਕਰਦਿਆਂ ਸ਼ਰੀਰ ਸੁੱਕ ਕੇ ਹੱਡੀਆਂ ਹੀ ਰਹਿ ਗਈਆਂ। ਵਿਛੋੜੇ 'ਚ ਰੰਗ ਕਾਲ਼ਾ ਹੋ ਗਿਆ। ੩੬ ਵਰ੍ਹੇ ਦੀ ਘਾਲ ਕਮਾਈ ਮਗਰੋ, ਬਾਰ੍ਹਾਂ ਵਰ੍ਹੇ ਰੱਬ ਰੂਪ ਪੀਰ ਸ਼ਾਹ ਸਰਫ਼ ਜੀ ਦੀ, ਬੜੀ ਭਾਰੀ ਨਿੱਗਰ ਸ਼ੁਭ ਸੱਚੀ ਸੇਵਾ ਕਰਕੇ, ਪਰਮ- ਪ੍ਰਸੰਨਤਾ ਲਈ। ਅਤੀ ਹੀ ਠੰਢ 'ਚ ਅੱਗ ਬੁਝ ਗਈ, ਅਪਣੇ ਪੀਰ ਜੀ ਲਈ, ਅੱਗ ਲੈਣ ਗਏ। ਅੱਗ ਦੇ ਬਦਲੇ ਭਾਵੇਂ ਅੱਖ ਕੱਢ ਕੇ ਦਿਤੀ, ਪਰ ਸੀ ਨਹੀਂ ਉਚਾਰੀ। ਅਪਣੇ ਬ੍ਰਹਮ- ਵਿੱਦਿਆ ਦੇ ਦਾਤੇ ਨਾਲ ਇਤਨਾ ਗਾੜ੍ਹਾ ਦਿਲੀ ਪ੍ਰੇਮ ਸੀ, ਜਿਸ ਪ੍ਰੇਮ 'ਚ ਨਿਰਯਤਨ ਗੁਰਬਾਣੀ ਫ਼ੁਰੀ। ਪੀਰ ਜੀ ਦਾ ਕੁਦਰਤੀ ਵਿਛੋੜਾ ਪੈ ਗਿਆ। ਸ਼ਾਹ ਸਰਫ਼ ਜੀ ਦੀ ਚਿਤਵਨੀ ਕਰਦਿਆਂ ਦਿਲ 'ਚ ਬਹੁਤ ਹੀ ਪਿਆਰ ਉੱਠਿਆ, ਤਾਂ ਵਿਜੋਗ ਦਾ ਬੜਾ ਭਾਰੀ ਦੁੱਖ ਮੰਨਿਆਂ। ਯਥਾ:- ਜਾਨੀ ਵਿਛੁੰਨੜੇ. ਮੇਰਾ ਮਰਣੁ ਭਇਆ; ਧ੍ਰਿਗੁ ਜੀਵਣੁ ਸੰਸਾਰੇ॥) ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ॥ ਆਪਣੇ ਗੁਰੂ ਪੀਰ ਜੀ ਨੂੰ ਚੇਤੇ ਕਰਕੇ ਰੋਮ ੨ ਕਰਕੇ ਰੋਣ ਲੱਗੇ। ਯਥਾ:- ਮੈ ਰੋਵੰਦੀ.ਸਭੁ ਜਗੁ ਰੁਨਾ; ਰੁੰਨੜੇ ਵਣਹੁ ਪੰਖੇਰੂ॥ ਇਕੁ ਨ ਰੁਨਾ.ਮੇਰੇ ਤਨ ਕਾ ਬਿਰਹਾ; ਜਿਨਿ ਹਉ ਪਿਰਹੁ ਵਿਛੋੜੀ॥ ਆਪ ਜੀ ਦਾ ਵੈਰਾਗ ਝੱਲਿਆ ਹੀ ਨ ਜਾਵੇ। ਹਜ਼ੂਰੀ ਸੇਵਕ ਵੀ ਵੈਰਾਗ ਕਰਨ ਲੱਗੇ, ਜ਼ਮੀਨ ਅਸਮਾਨ ਕੰਧਾਂ ਵੀ ਰੋਣ ਲੱਗੀਆਂ। ਜਦੋਂ ਬਾਬਾ ਜੀ ਰੋਣੋ ਹਟੇ ਤਾਂ ਪ੍ਰੇਮੀ ਸੇਵਕਾਂ ਅਤੀ ਨਿਮ੍ਰਤਾ ਪ੍ਰੇਮ ਸ਼ਰਧਾ ਸਹਿਤ ਕਿਹਾ, ਆਪ ਜੀ ਪੀਰ ਜੀ ਦੀ ਬੜੀ ਭਾਰੀ ਸ਼ੁਭ ਸੇਵਾ ਕੀਤੀ ਹੈ, ਅੱਖ ਦੇ ਕੇ ਅੱਗ ਲਿਆਏ ਸੀ, ਤਾਂ ਫ਼ੁਰਮਾਇਆ:-

ਫਰੀਦਾ. ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਰੱਬ ਰੂਪ ਬਾਬਾ ਫਰੀਦਾ ਸਾਹਿਬ ਜੀ ਕਹਿੰਦੇ ਹਨ:- ਹੇ (ਮਿਤਾ)ਮਿੱਤ੍ਰ ਖ਼ੁਦਾ! ਜੇ (ਮੈ)ਦਾਸਨ ਦਾਸ ਨੂੰ ਇਹ ਪਤਾ (ਹੋਦਾ)ਹੁੰਦਾ ਕਿ ਆਪ ਜੀ ਦਾਸਨ ਦਾਸ ਦੇ ਮੁਰਸ਼ਦ ਪੂਰਨ ਵੈਰਾਗੀ ਤਿਆਗੀ ਸ਼ਾਹ ਸਰਫ਼ ਜੀ ਦਾ ਪਰਮ- ਪਵਿੱਤ੍ਰ ਸਰੂਪ ਧਾਰ ਕੇ (ਆਇੜਿਆਂ)ਆਇ ਹੋਂ, ਤਾਂ ਦਾਸਨ ਦਾਸ ਆਪ ਜੀ ਤੋਂ (ਵਾਰਿਆ)ਕੁਰਬਾਨ ਹੁੰਦਾ। (ਜਿਉ)ਜਿਵੇਂ ਮਜੀਠ ਅੰਗਾਰਾ ਉਪਰਿ (ਜਲੈ)ਸੜਦਾ ਹੈ, ਤਿਵੇਂ ਆਪ ਜੀ ਸ਼ਮਾ ਰੂਪ ਹੋ ਕੇ ਬਲ਼ਦੇ, ਦਾਸਨ ਦਾਸ ਦਾ (ਹੇੜਾ)ਸ਼ਰੀਰ, ਪਤੰਗਾ ਬਣ ਕੇ ਆਪ ਜੀ ਦੇ ਉਪਰਿ ਸੜ ਜਾਂਦਾ, ਭਾਵ ਅੰਗ ੨ ਕਰਕੇ, ਆਪ ਜੀ ਤੋਂ ਕੁਰਬਾਨ ਹੋ ਜਾਂਦਾ। ਪਰ ਅਫ਼ਸੋਸ ਹੈ ਕਿ ਦਾਸਨ ਦਾਸ ਆਪ ਜੀ ਦੇ ਸੱਚੇ ਚਰਨਾਂ 'ਚ ਰਹਿੰਦਿਆਂ, ਆਪ ਜੀ ਨੂੰ ਸਿਆਣ ਨਹੀਂ ਸਕਿਆ। ਭਾਵੇਂ ਸਿਆਣਿਆਂ ਤਾਂ ਸੀ ਪਰ ਅਜ਼ਰ ਜ਼ਰਨ ਵਾਲੀ ਧੀਰਜਧਾਰੀ ਅਵਸਥਾ 'ਚ ਇਹ ਬਚਨ ਕਹਿ ਰਹੇ ਹਨ।

ਫਰੀਦਾ. ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥੪. ਜਿਨ੍ਹਾਂ ਮਹਾਂਪੁਰਸ਼ਾਂ ਤੋਂ ਬ੍ਰਹਮ- ਵਿੱਦਿਆ ਪ੍ਰਾਪਤ ਕੀਤੀ ਹੋਵੇ ਉਨ੍ਹਾਂ ਦੀ ਐਨੀ ਭਾਰੀ ਕਦਰ ਕਰਨੀ ਚਾਹੀਦੀ ਹੈ। ਧੰਨ ਬਾਬਾ ਫ਼ਰੀਦ ਸਾਹਿਬ ਜੀ, ਧੰਨ ਆਪ ਜੀ ਦੀ ਕਮਾਈ। ਇਸ 'ਚ ਅਪਣੇ ਮੁਰਸ਼ਦ ਦਾ ਡੂੰਘਾ ਅਦਬ ਸਤਿਕਾਰ ਪਿਆਰ 'ਤੇ ਡੂੰਘੀ ਰਮਜ਼ ਹੈ। ਜਿਸ 'ਤੇ ਬੀਤਿਆ ਜਾਂ ਆਉਣ ਵਾਲਾ ਇਤਹਾਸ ਵੀ ਲੱਗੇਗਾ। ਜਿਵੇਂ ਸਤਿਗੁਰੂ ਪਹਿਲੇ ਪਾਤਿਸਾਹ ਜੀ ਨੇ ਮੁਰਦਾ ਖਾਣ ਨੂੰ ਕਿਹਾ, ਕੇਵਲ ਸਤਿਗੁਰੂ ਦੂਜੇ ਪਾਤਿਸਾਹ ਜੀ ਨੇ ਹੀ ਗੁਰੂ ਜੀ ਨੂੰ ਪਾਰਬ੍ਰਹਮ ਰੂਪ ਜਾਣ ਕੇ, ਬਚਨ ਮੰਨ ਕੇ ਪਿਆਰੀ ਸਿੱਖੀ ਦਾ ਬੀਜ ਰੱਖ ਲਿਆ। ਜਿਨ੍ਹਾਂ ਨੇ ਬਚਨ ਨ ਮੰਨਿਆ, ਰੁਪਈਆਂ ਮੋਹਰਾਂ ਦੀਆਂ ਪੰਡਾਂ ਬੰਨ੍ ਕੇ ਘਰਾਂ ਨੂੰ ਲਿਆਏ, ਸਿੱਖੀ ਤੋਂ ਖਾਰਜ ਹੋ ਕੇ, ਬੜੀਆਂ ਖੁਸ਼ੀਆਂ ਮਨਾਈਆਂ, ਪਰ ਜਦੋਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ, ਨਾਨਕ ਨਦਰੀ ਨਦਰਿ ਨਿਹਾਲ॥ ਅਨੁਸਾਰ ਸਜੇ ਦਿਵਾਨ 'ਚ ਗੁਰਤਾ ਗੱਦੀ 'ਤੇ ਬਿਠਾ ਕੇ, ਸਾਰੇ ਜਗਤ

Sri Satguru Jagjit Singh Ji eLibrary NamdhariElibrary@gmail.com

ਨੂੰ ਚਰਨ- ਕਮਲਾਂ 'ਤੇ ਪਾਇਆ, ਦੋ ਚੌਰਦਾਰ ਚੌਰ ਕਰਨ ਲਾਏ ਤਾਂ ਦਾਸਨ ਦਾਸ ਵਰਗੇ ਲਾਲਚੀ, ਜਿਨ੍ਹਾਂ ਨੇ ਪਿਆਰੀ ਸਿੱਖੀ ਤਿਆਗੀ ਸੀ ਇਉਂ ਪਛੁਤਾਉਣ ਲੱਗੇ:-

ਫਰੀਦਾ ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਦੇ ਕਹੇ ਅਨੁਸਾਰ ਕੱਲਾ ੨ ਕਹਿਣ ਲੱਗਾ ਕਿ ਹੇ ਅਕਾਲ ਪੁਰਖ ਮਿਤਾ ਜੀ! ਜੇ ਦਾਸਨ ਦਾਸ ਨੂੰ ਇਹ ਪਤਾ ਹੁੰਦਾ ਕਿ ਆਪ ਜੀ ਵਾਹਿਗੁਰੂ ਜੀ ਦੇ ਅਵਤਾਰ, ਸਭ ਤੋਂ ਵੱਡੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਸਰੂਪ 'ਚ (ਆਇੜਿਆਂ)ਆਏ ਹੋਂ, ਤਾਂ ਕਦੇ ਭੁੱਲ ਕੇ ਵੀ ਰੁਪਈਆਂ ਪੈਸਿਆਂ ਦੇ ਲਾਲਚ'ਚ, ਸਿੱਖੀ ਤੋਂ ਬੇਮੁਖ ਨ ਹੁੰਦਾ, ਸਗੋਂ (ਹੋਦਾ ਵਾਰਿਆ)ਆਪ ਜੀ ਤੋਂ ਕੁਰਬਾਨ ਹੋ ਜਾਂਦਾ।
ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥ ਅਰਥ ਉੱਪਰ ਪੜ੍ਹੋ।
ਪ. ਇਸ ਤਰ੍ਹਾਂ ਦੁਨੀਚੰਦ ੨੦੦ ਜੁਆਨ ਲੈ ਕੇ ਭੱਜਿਆ ਤਾਂ ਅਨੰਦਗੜ੍ਹ ਕਿਲੇ ਤੋਂ ਉਤਰਨ ਸਮੇਂ ਲੱਤ ਟੁੱਟ ਗਈ। ਸ੍ਰੀ ਅੰਮ੍ਰਿਤਸਰ ਸਾਹਿਬ ਜੀ ਵਿਖੇ ਆਇਆ ਤਾਂ ਸਪਨੀ ਨੇ ਡੰਗ ਦਿਤਾ। ਪਿੱਛੋਂ ਹਾਇ ੨ ਕਰਕੇ ਪਛੁਤਾਇਆ। ੬. ਨੰਦ ਚੰਦ ਅਨੰਦਪੁਰੋਂ ਭੱਜ ਕੇ ਕਰਤਾਰਪੁਰ ਆਇਆ ਤਾਂ ਧੀਰ ਮੱਲ ਦੇ ਨਲਾਇਕ ਸੇਵਕਾਂ ਨੇ ਮਾਰ ਦਿਤਾ।

ਫਰੀਦਾ. ਜੇ ਮੈ ਹੋਦਾ ਵਾਰਿਆ; ਮਿਤਾ ਆਇੜਿਆਂ॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਦੇ ਕਹੇ ਅਨੁਸਾਰ ਫੱਤੇ ਨੇ ਪਛੁਤਾਵਾ ਕੀਤਾ:- ਹੇ (ਮਿਤਾ)ਮਿਤ੍ਰ ਅਕਾਲ ਪੁਰਖ ਜੀ! ਜੇ (ਮੈ)ਦਾਸਨ ਦਾਸ ਇਹ ਜਾਣਦਾ (ਹੋਦਾ) ਹੁੰਦਾ ਕਿ ਆਪ ਜੀ ਸਾਹਿਬ ਸ੍ਰੀ ਗੁਰੂ ਗੋਵਿੰਦ ਸਿੰਘ ਸਾਹਿਬ ਜੀ ਅਵਤਾਰ ਧਾਰ ਕੇ (ਆਇੜਿਆਂ)ਆਏ ਹੋਂ ਤਾਂ ਆਪ ਜੀ ਤੋਂ (ਵਾਰਿਆ)ਕੁਰਬਾਨ ਹੋ ਜਾਂਦਾ। ਕਦੇ ਭੁੱਲ ਕੇ ਵੀ ਆਪ ਜੀ ਦੇ ਪਾਸ, ਝੂਠੀ ਸੌਂਹ ਖਾ ਕੇ, ਘੋੜੀ ਤੋਂ ਜਵਾਬ ਨ ਦਿੰਦਾ ਅਤੇ ਨ ਹੀ ਸੱਪ ਦੇ ਡੰਗ ਕਰਕੇ, ਤੜਫ ੨ ਕੇ ਮਰਦਾ। ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥ ਅਰਥ ਉੱਪਰ ਪੜ੍ਹੋ।)
੮. ਇਸੇ ਤਰ੍ਹਾਂ ਹੇ ਮਿਤ੍ਰ ਅਕਾਲ ਪੁਰਖ ਜੀ! ਜੇ ਮੈਂ ਇਹ ਜਾਣਦਾ ਹੁੰਦਾ ਕਿ ਆਪ ਜੀ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਰੂਪ ਧਾਰ ਕੇ ਮੇਰੇ ਪਾਸ ਆਏ ਹੋਂ, ਤਾਂ ਦਾਸਨ ਦਾਸ ਸਿਆਣਦਾ। ਗੁਰੂ ਦੋਖੀ ਜਹਾਂਗੀਰ ਬਣ ਕੇ, ਆਪ ਜੀ ਨੂੰ ਕਸ਼ਟ ਦੇ ਕੇ ਸ਼ਹੀਦ ਨ ਕਰਦਾ, ਸਗੋਂ,

ਹੇੜਾ ਜਲੈ ਮਜੀਠ ਜਿਉ; ਉਪਰਿ ਅੰਗਾਰਾ॥੨੨॥੯. ਸਤਿਗੁਰੂ ਰਾਮਦਾਸ ਸਾਹਿਬ ਜੀ ਦਾ ਫਿਟਕਾਰਿਆ ਨੌਰੰਗਾ ਬਣ ਕੇ, ਸਤਿਗੁਰੂ ਨੌਵੇਂ ਪਾਤਿਸਾਹ ਜੀ, ਛੋਟੇ ਸ਼ਾਹਿਬਜ਼ਾਦਿਆਂ, ਸਿੰਘ ਸਿੰਘਣੀਆਂ ਨੂੰ ਸ਼ਹੀਦ ਨ ਕਰਦਾ ਅਤੇ ਦਸਵੇਂ ਪਾਤਿਸਾਹ ਜੀ 'ਤੇ ਫੌਜਾਂ ਚੜ੍ਹਾ ਕੇ, ਜੰਗ ਨ ਕਰਦਾ। ਵਾ ਭੇਖ ਧਾਰ ਕੇ ਹਰ ਵੇਲੇ ਪੂੜੇ, ਲੱਡੂ ਪੇੜੇ ਖਾ ਕੇ ਨ ਗਲ਼ਦਾ। ਹਰ ਵੇਲੇ ਵਿਸ਼ੇ, ਨਿੰਦਾ, ਰੂਪ ਦੇਖਣ 'ਚ ਅਤੇ ਲੋਭ ਮੋਹ ਹੰਕਾਰ 'ਚ ਨ ਸੜਦਾ। ਇਸ ਤਰ੍ਹਾਂ ਹਰ ਮੰਦ ਫ਼ੁਰਨੇ ਦੀ ਸਫ਼ਾਈ ਲਈ ਇਹ ਗ਼ੂੜ੍ਹੀ ਰਮਜ਼ ਹੈ। ਸੋ ਇਹ ਸਲੋਕ ਹਰ ਵੇਲੇ ਪੜ੍ਹਦੇ ਰਹਿਣਾ ਚਾਹੀਦਾ ਹੈ।

ਬਿਜਉ-ਰੀਆਂ ਕਿੱਕਰਿ- ਫਰੀਦਾ. ਲੋੜੈ ਦਾਖ ਬਿਜਉਰੀਆਂ; ਕਿਕਰਿ ਬੀਜੈ ਜਟੁ॥ ਪੱਟੁ- ਹੰਢੈ ਉਂਨ ਕਤਾਇਦਾ; ਪੈਧਾ ਲੋੜੈ ਪਟੁ॥੨੩॥ ਵਾਹਿਗੁਰੂ ਪਰਮਪੂਜਨੀਕ ਬ੍ਰਹਮ ਸਰੂਪ ਬਾਬਾ ਫ਼ਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਵੇਂ (ਜਟੁ)ਜੜ੍ਹ ਮੂਰਖ, ਕਿਕਰਿ ਦਾ ਦਰਖ਼ਤ ਕੰਡੇ (ਬੀਜੈ)ਬੀਜਦਾ ਹੈ, (ਬਿਜਉਰੀਆਂ)ਬਿਜਉਰ ਇਲਾਕੇ ਦੀਆਂ (ਦਾਖ)ਦਾਖਾਂ ਸੌਗੀ (ਲੋੜੈ)ਚਾਹੁੰਦਾ ਹੈ, ਇਹ ਕਿਵੇਂ ਹੋ ਸਕਦਾ ਹੈ? ਯਥਾ:- ਬੀਜੇ ਬਿਖੁ,ਮੰਗੈ ਅੰਮ੍ਰਿਤੁ; ਵੇਖਹੁ ਏਹੁ ਨਿਆਉ॥ ਇਉਂ ਮੂਰਖ ਜੜ੍ਹ ਹੰਕਾਰੀ ਜੀਵ, ਚੋਰੀ ਡਾਕੇ ਕੁਕਰਮ

Sri Satguru Jagjit Singh Ji eLibrary NamdhariElibrary@gmail.com

ਔਗੁਣ ਵਿਕਾਰਾਂ ਤਮਾਕੂ ਨਸ਼ਿਆਂ ’ਚ ਖੱਚਤ ਹੋਣ, ਬੇਦੁ ਪੜੈ; ਮੁਖਿ ਮੀਠੀ ਬਾਣੀ॥ ਜੀਆਂ ਕੁਹਤ; ਨ ਸੰਗੈ ਪਰਾਣੀ॥੩॥ ਅਨੁਸਾਰ ਜੀਆਂ ਨੂੰ ਕੋਹਣ ਪਾਪ ਕਰਮ ਕਰਨ ਰੂਪ ਕਿਕਰਿ ਕੰਡੇ ਬੀਜ ਰਿਹਾ ਹੈ। ਦਾਖਾਂ ਵਾਂਗ, ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਅਨੁਸਾਰ ਅਨਹਦ ਝੁਨਕਾਰ ਦਾ ਸੁਖ ਜੀਵਨ ਮੁਕਤੀ ਚਾਹੁੰਦਾ ਹੈ।

ਪੱਟੁ– ਹੰਢੈ ਉਂਨ ਕਤਾਇਦਾ; ਪੈਧਾ ਲੋੜੈ ਪਟੁ॥੨੩॥ ਜਿਵੇਂ ਉਂਨ (ਕਤਾਇਦਾ)ਕੱਤਦਾ (ਹੰਢੈ)ਫਿਰਦਾ ਹੈ, (ਪਟੁ)ਕੂਲਾ ਰੇਸ਼ਮ (ਪੈਧਾ)ਪਹਿਨਣਾ (ਲੋੜੈ)ਚਾਹੁੰਦਾ ਹੈ। ਇਉਂ ਉਂਨ ਕੱਤਣ ਵਾਂਗ, ਸਾਕਤ ਕਸਾਈ, ਜੀਆਂ ਨੂੰ ਬੰਬਾਂ ਨਾਲ਼ ਫੂਕਣ ਪੁੱਠੇ ਕੰਮ ਕਰਨ ਰੂਪ ਉਂਨ (ਕਤਾਇਦਾ)ਕੱਤਦਾ ਹੈ। ਪਟੁ ਵਾਂਗ, ਨਾਮੈ ਖਿੰਥਾ; ਨਾਮੈ ਬਸਤਰੁ॥ ਅਨੁਸਾਰ ਨਾਮ ਰੂਪੀ ਕੋਮਲ ਪਟੁ ਦਾ ਬਸਤ੍ਰ ਪਹਿਨਣਾ ਚਾਹੁੰਦਾ ਹੈ, ਇਹ ਕਿਵੇਂ ਹੋ ਸਕਦਾ ਹੈ? ਯਥਾ:– ਭੇਡੈ ਪੂਛਲਿ ਲਗਿਆਂ; ਕਿਉ ਪਾਰਿ ਲੰਘੀਐ॥ ਭੂਤੈ ਕੇਰੀ ਦੋਸਤੀ; ਨਿਤ ਸਹਸਾ ਜੀਐ॥ ਨਦੀ ਕਿਨਾਰੈ ਰੁਖੜਾ; ਵੇਸਾਹੁ ਨ ਕੀਐ॥ ਮਿਰਤਕ ਨਾਲਿ ਵੀਆਹੀਐ; ਸੋਹਾਗ ਨ ਥੀਐ॥ ਵਿਸੁ ਹਲਾਹਲ ਬੀਜਿ ਕੈ; ਕਿਉ ਅਮਿਉ ਲਹੀਐ॥ ਬੇਮੁਖ ਸੇਤੀ ਪਿਰਹੜੀ; ਜਮ ਡੰਡੁ ਸਹੀਐ॥੭॥ (੩੪– ੭)

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:– ਪਾਪਾਂ ਰੂਪੀ ਕੰਡੇ ਬੀਜਣੇ ਉਂਨ ਕਤਣੇ ਕਰਕੇ ਕੈਂਸਰ ਏਡਜ਼ ਬਿਮਾਰੀਆਂ ਜਮਾਂ ਜੂਨਾਂ ਦੇ ਕਸ਼ਟ ਮਿਲਣਗੇ। ਪੂਰਨ ਭਗਤ ਜੀ ਦਾ ਹੁਕਮ ਹੈ, ਮਾੜੇ ਕਰਮ ਤਿਆਗ ਕੇ ਨਿਸ਼ਕਾਮ ਸੇਵਾ ਪ੍ਰੇਮਾ ਭਗਤੀ ਬੰਦਗੀ ਕਰਕੇ ਨਿਹਾਲ ਹੋਵੋ ਜੀ। ਯਥਾ:– ਸਰਬ ਧਰਮ ਮਹਿ; ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ; ਨਿਰਮਲ ਕਰਮੁ॥) ਸ੍ਵੈਯਾ॥ ਦੇਹ ਸਿਵਾ. ਬਰ ਮੋਹਿ ਇਹੈ; ਸੁਭ ਕਰਮਨ ਤੇ. ਕਬਹੂੰ ਨ ਟਰੋਂ॥ ਨ ਡਰੋਂ. ਅਰਿ ਸੋ ਜਬ ਜਾਇ ਲਰੋਂ; ਨਿਸਚੈ ਕਰ. ਆਪਨੀ ਜੀਤ ਕਰੋਂ॥ ਅਰੁ ਸਿਖ ਹੌਂ. ਆਪਨੇ ਹੀ ਮਨ ਕੋਂ; ਇਹ ਲਾਲਚ. ਹਉ ਗੁਨ ਤਉ ਉਚਰੋਂ॥ ਜਬ ਆਵ ਕੀ ਅਉਧ ਨਿਦਾਨ ਬਨੈ; ਅਤ ਹੀ ਰਨ ਮੈ. ਤਬ ਜੂਝ ਮਰੋਂ॥) ਬਿਖੈ ਬਨੁ ਫੀਕਾ, ਤਿਆਗਿ ਰੀ ਸਖੀਏ; ਨਾਮੁ ਮਹਾ ਰਸੁ ਪੀਓ॥

ਫਰੀਦਾ. ਗਲੀਏ ਚਿਕੜੁ, ਦੂਰਿ ਘਰੁ; ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ; ਰਹਾਂ ਤ ਤੁਟੈ ਨੇਹੁ॥੨੪॥ ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤਕਲਾਵਾਨ ਪ੍ਰਕਾਸ਼ ਸਰੂਪ ਅਜਪਾ ਜਾਪ ਨਿਰੰਕਾਰ ਜੀ ਨੇ, ਪਰਮਪੂਜਨੀਕ ਬਾਬੇ ਫ਼ਰੀਦ ਸਾਹਿਬ ਜੀ ਦਾ ਪਰਮਪਵਿੱਤ੍ਰ ਸ਼ੁਭ ਸੱਚਾ ਅਵਤਾਰ ਧਾਰ ਕੇ, ਬੜੀ ਹੀ ਕਠਨ ਮਸ਼ੱਕਤ ਪ੍ਰੇਮਾ– ਭਗਤੀ ਕੀਤੀ, ਜੋ ਕਹਿਣ ਕਥਨ ’ਚ ਨਹੀਂ ਆ ਸਕਦੀ। ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪ੍ਰਾਪਤੀ ਤੋਂ ਪਹਿਲਾਂ, ਏਸੇ ਤਰ੍ਹਾਂ ਮਿਹਨਤ ਕਰਨੀ ਪੈਂਦੀ ਸੀ। ਗ਼ੀਬੀ ਗ਼ੁਲਾਮੀ ਬਹੁਤ ਹੀ ਜ਼ਿਆਦਾ ਸੀ। ਬੰਦਗੀ ਵਾਲੇ ਮਹਾਂਪੁਰਸ਼ ਭੁੱਖ ਉਨੀਂਦ੍ਰਾ ਤ੍ਰੇਹ ਧੁੱਪ ਠੰਢ ਸਹਾਰਦੇ। ਅੱਜ ਦੇ ਜੁੱਗ ’ਚ, ਕਿਸੇ ਵੇਲੇ ਜ਼ਬਾਨ ਸੁਆਦਲੇ ਪਦਾਰਥ ਤੋਂ ਵਿਹਲੀ ਨਹੀਂ ਹੁੰਦੀ, ਜਿਵੇਂ ਬੱਕਰੀ ਹਰ ਵੇਲੇ ਮੂੰਹ ਮਾਰੀ ਹੀ ਜਾਂਦੀ ਹੈ, ਭਾਵੇਂ ਸ਼ੀਰ ਰੋਗੀ ਹੋ ਜਾਏ, ਤਾਂ ਭੀ ਮੈਂ ਕੁੱਤਾ ਖਾਈ ਹੀ ਜਾਂਦਾ ਹਾਂ। ਬਾਬੇ ਫ਼ਰੀਦ ਸਾਹਿਬ ਜੀ ਦੇ ਸਮੇਂ ਬਹੁਤ ਹੀ ਸਾਦਗੀ ਸੀ। ਦੇਸ਼ ’ਚ ਖ਼ੂਹਾਂ ਦੀ ਬਹੁਤ ਹੀ ਘਾਟ ਸੀ। ਅੰਗ੍ਰੇਜ਼ਾਂ ਨੇ ਨਹਿਰਾਂ ਕੱਢੀਆਂ। ਬਾਬਾ ਫ਼ਰੀਦ ਸਾਹਿਬ ਜੀ ’ਤੇ ਇਨ੍ਹਾਂ ਦੇ ਮਾਤਾ ਮਰਿਯਮ ਜੀ ਦੀ ਵਿਸ਼ੇਸ਼ ਹੀ ਕ੍ਰਿਪਾ ਹੋਈ ਸੀ, ਇਹ ਪੂਰਨ ਮਾਤਾ ਜੀ ਮੰਨੇ ਹਨ, ਜਿਵੇਂ ਭਗਤ ਧ੍ਰੂ ਜੀ ਦੇ ਮਾਤਾ ਜੀ ਸੁਨੀਤ, ਗੁਰਮੁਖਿ ਨੇਕ ਸਾਊ ਸੁਸ਼ੀਲ ਪਤੀਬ੍ਰਤਾ ਸਨ। ਜਦੋਂ ਆਪ ਜੀ ਛੋਟੀ ਅਵਸਥਾ ’ਚ ਸਨ, ਮਾਤਾ ਜੀ ਨੇ ਕਹਿਣਾ, “ਹੇ ਪਿਆਰੇ ਬੱਚੇ! ਪੂਰਨ ਪ੍ਰੇਮ ਸਹਿਤ ਜਾਪ ਬੰਦਗੀ ਕਰੋ। ” ਆਪ ਜੀ ਨੇ ਅੱਖਾਂ ਮੀਟ ਕੇ ਬੰਦਗੀ ਜਾਪ ਕਰਨ ਲੱਗ ਜਾਣਾ, ਮਾਤਾ ਜੀ ਨੇ ਚੋਰੀ ਮੁਸੱਲੇ ਹੇਠਾਂ ਸ਼ਕਰ ਰੱਖ ਦੇਣੀ, ਤਾਂ ਫਿਰ ਕਹਿਣਾ, “ਮੁਸੱਲਾ ਚੁੱਕ ਕੇ ਵੇਖੋ ਜੀ! ਪੂਰਨ ਖ਼ੁਦਾ ਜੀ ਨੇ ਆਪ ਜੀ ਨੂੰ ਸ਼ੱਕਰ ਬਖ਼ਸ਼ੀ ਹੈ। ”

Sri Satguru Jagjit Singh Ji eLibrary NamdhariElibrary@gmail.com

ਸੋ ਮਾਤਾ ਜੀ ਨੇ ਆਪ ਬੰਦਗੀ ਕਰਨੀ ਤੇ ਆਪ ਜੀ ਤੋਂ ਕਰਾਉਣੀ। ਆਪ ਜੀ ਨੂੰ ਨਾਮ ਜਪਣ ਦਾ ਪੂਰਾ ਚਸਕਾ ਰਸ ਅਨੰਦ ਬਣ ਗਿਆ। ਸੰਸਾਰ ਨੂੰ ਅਤੀ ਹੀ ਦੁਖੀ ਦੇਖ ਕੇ ਪੂਰਨ ਵੈਰਾਗ ਹੋ ਗਿਆ, ਆਪ ਜੀ ਜੰਗਲ਼ ਨੂੰ ਚਲੇ ਗਏ। ਯਥਾ:- ਸਿਧ ਸਾਧਿਕ. ਗਿਰਹੀ ਜੋਗੀ; ਤਜਿ ਗਏ ਘਰ ਬਾਰ॥) ਮੈ ਦੇਵਾਨਾ ਭਇਆ ਅਤੀਤੁ॥) ਤਾਂਈਂ- ਹਮਰਾ ਮਨੁ. ਬੈਰਾਗ ਬਿਰਕਤੁ ਭਇਓ; ਹਰਿ ਦਰਸਨ ਮੀਤ ਕੈ ਤਾਈ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਹਉ. ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥) ਇਕ ਘੜੀ. ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਮੋਹਿ. ਰੈਣਿ. ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ. ਗੁਰ ਦਰਬਾਰੇ ਜੀਉ॥) ਆਸਾ ਘਰੁ ੪ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥ ਤਾਂਈਂ- ਦੇਵਤਿਆ. ਦਰਸਨ ਕੈ ਤਾਈ; ਦੂਖ ਭੂਖ ਤੀਰਥ ਕੀਏ॥ ਜੋਗੀ ਜਤੀ ਜੁਗਤਿ ਮਹਿ ਰਹਤੇ; ਕਰਿ ਕਰਿ ਭਗਵੇ ਭੇਖ ਭਏ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ॥ ਤੇਰੇ ਨਾਮ ਅਨੇਕਾ ਰੂਪ ਅਨੰਤਾ; ਕਹਣੁ ਨ ਜਾਹੀ ਤੇਰੇ ਗੁਣ ਕੇਤੇ॥੧॥ ਰਹਾਉ॥ ਦਰ ਘਰ ਮਹਲਾ.ਹਸਤੀ ਘੋੜੇ; ਛੋਡਿ ਵਿਲਾਇਤਿ ਦੇਸ ਗਏ॥ ਪੀਰ ਪੈਕਾਂਬਰ ਸਾਲਿਕ ਸਾਦਿਕ; ਛੋਡੀ ਦੁਨੀਆ ਥਾਇ ਪਏ॥੨॥ ਸਾਦ ਸਹਜ ਸੁਖ.ਰਸ ਕਸ ਤਜੀਅਲੇ; ਕਾਪੜ ਛੋਡੇ ਚਮੜ ਲੀਏ॥ ਦੁਖੀਏ ਦਰਦਵੰਦ ਦਰਿ ਤੇਰੈ; ਨਾਮਿ ਰਤੇ ਦਰਵੇਸ ਭਏ॥ ਖਲੜੀ ਖਪਰੀ ਲਕੜੀ ਚਮੜੀ; ਸਿਖਾ ਸੂਤੁ ਧੋਤੀ ਕੀਨ੍ਹੀ॥ ਤੂੰ ਸਾਹਿਬੁ. ਹਉ ਸਾਂਗੀ ਤੇਰਾ; ਪ੍ਰਣਵੈ ਨਾਨਕੁ ਜਾਤਿ ਕੈਸੀ॥੪॥੧॥੩੩॥) ਗੁਰਮੁਖਿ; ਖੋਜਤ ਭਏ ਉਦਾਸੀ॥ ਤਾਂਈਂ- ਦਰਸਨ ਕੈ ਤਾਈ; ਭੇਖ ਨਿਵਾਸੀ॥ ਸਾਚ ਵਖਰ ਕੇ; ਹਮ ਵਣਜਾਰੇ॥ ਨਾਨਕ ਗੁਰਮੁਖਿ ਉਤਰਸਿ ਪਾਰੇ॥੧੮॥

ਪਰਮਪੂਜਨੀਕ ਬਾਬਾ ਜੀ ਦਰਿਆ ਕਿਨਾਰੇ ਬੰਦਗੀ ਕਰ ਰਹੇ ਸਨ, ਬੇੜੀ ਡੁੱਬਣ ਤੋਂ, ਡੁੱਬੇ ਬੰਦੇ ਬਾਬਾ ਜੀ ਸਾਹਮਣੇ ਪਾ ਦਿਤੇ। ਦੋਵੇਂ ਹੱਥ ਜੋੜ ਕੇ, ਰੋਂਦਿਆਂ ਧਾਹਾਂ ਮਾਰਦਿਆਂ ਪ੍ਰੇਮ ਬੇਨਤੀ ਕੀਤੀ, ਹੇ ਖ਼ੁਦਾ ਸਰੂਪ ਫ਼ਕੀਰ ਸਾਈਂ ਜੀ! ਰਹਿਮ ਕਰੋ ਰਹਿਮ! ਰਹਿਮ ਕਰਕੇ ਇਨ੍ਹਾਂ ਨੂੰ ਜ਼ਿੰਦਾ ਕਰੋ ਜੀ, ਨਹੀਂ ਤਾਂ ਅਸੀਂ ਭੀ ਰੋ ੨ ਕੇ ਇੱਥੇ ਹੀ ਮਰ ਜਾਵਾਂਗੇ"। ਬਾਬਾ ਜੀ ਨੂੰ ਬਹੁਤ ਹੀ ਤਰਸ ਆਇਆ, ਗਲ਼ 'ਚ ਪੱਲਾ ਪਾ ਅਰਦਾਸ ਕੀਤੀ,"ਹੇ ਪਰਮ ਪਾਕ ਖ਼ੁਦਾ ਜੀ! ਮਰਿਆਂ ਦੇ ਸਨੇਹੀ ਵਿਰਲਾਪ ਕਰ ਰਹੇ ਹਨ, ਪੂਰਨ ਮੇਹਰ ਕਰਕੇ ਇਨ੍ਹਾਂ ਨੂੰ ਜਿਉਂਦੇ ਕਰ ਦੇਵੋ ਜੀ"। ਵਾਹਿਗੁਰੂ ਜੀ ਵੱਲੋਂ ਅਵਾਜ਼ਾ ਆਇਆ,"ਇਹ ਰਜ਼ਾ ਦੇ ਬਿਲਕੁਲ ਹੀ ਉਲਟ ਹੈ"। ਯਥਾ:- ਹੁਕਮਿ ਰਜਾਈ ਚਲਣਾ; ਨਾਨਕ. ਲਿਖਿਆ ਨਾਲਿ॥) ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥ ਦੁਬਾਰਾ ਕਿਹਾ, "ਜੀ ਮੇਹਰ ਕਰਕੇ ਜ਼ਿੰਦਾ ਕਰੋ"।

ਨਿਰੰਕਾਰ ਜੀ ਨੇ ਕਿਹਾ, "ਹੇ ਪਿਆਰੇ ਜੀ! ਜੇਕਰ ਇਨ੍ਹਾਂ ਨੂੰ ਜਿਉਂਦੇ ਕਰਾਉਣਾ ਹੈ, ਤਾਂ ਆਪ ਜੀ ਨੂੰ ਪ੍ਰਾਪਤੀ ਲਈ, ਵੱਡੀ ਘਾਲਣਾ ਮਸਕਤ ਕਰਨੀ ਪਵੇਗੀ, ਕਿਉਂ ਜੋ ਰਜ਼ਾ ਨਹੀਂ ਮੰਨ ਰਹੇ। ਤੀਜੀ ਵਾਰ ਕਿਹਾ, "ਮਹਾਰਾਜ! ਕ੍ਰਿਪਾ ਕਰਕੇ ਇਨ੍ਹਾਂ ਨੂੰ ਜਾਨ ਬਖਸ਼ੋ ਜੀ"! ਦੁਆ ਕਰਨ ਤੋਂ ਜਿਉਂਦੇ ਹੋ ਗਏ। ਬਾਰਾਂ ਸਾਲ ਬ੍ਰਿੱਛਾਂ ਤੋਂ ਫਲ਼ ਤੋੜ ਕੇ ਖਾਂਦੇ ਰਹੇ। ਬੜੀ ਹੀ ਕਠਨ ਬੰਦਗੀ ਕੀਤੀ। ਖਾਣ ਸੌਣ ਦੁਨੀਆਵੀ ਵਡਿਆਈ ਪਹਿਨ੍ਹਣ ਧਨ ਲਾਲਚ ਨਹੀਂ ਸੀ। ਬਾਰਾਂ ਸਾਲ ਬਾਅਦ ਘਰੇ ਆਏ। ਮਾਤਾ ਜੀ ਦਰਸ਼ਨ ਕਰਕੇ, ਬਹੁਤ ੩ ਹੀ ਖੁਸ਼ ਹੋਏ। ਯਥਾ:- ਮਾਤਾ ਕੈ ਮਨਿ; ਬਹੁਤੁ ਬਿਗਾਸੁ॥ ਆਪ ਜੀ ਨੂੰ ਕੇਸੀ ਨੁਹਾਉਣ ਬਾਅਦ, ਕੇਸ ਵਾਹੁਣ ਲੱਗੇ, ਪੀੜ ਹੋਣ ਤੋਂ ਸੀ ਕਹੀ, ਮਾਤਾ ਜੀ ਕਿਹਾ, "ਹੇ ਪਿਆਰੇ ਬੱਚੇ! ਬ੍ਰਿੱਛਾਂ ਦੇ ਫਲ਼ ਤੋੜਦਾ, ਪੱਤੇ ਧੂਹ ਕੇ ਖਾਂਦਾ ਸੀ, ਕੀ ਉਨ੍ਹਾਂ ਨੂੰ ਤਕਲੀਫ਼ ਨਹੀਂ ਸੀ ਹੁੰਦੀ?" ਫੇਰ ਘਣਾ ਵੈਰਾਗ ਧਾਰ ਕੇ, ਬਾਰਾਂ ਸਾਲ ਮਿਹਨਤ ਕੀਤੀ, ਕਾਠ ਦੀ ਰੋਟੀ ਪੇਟ ਨਾਲ ਬੰਨ੍ ਲਈ। ਜਿਹੜੇ ਫਲ਼ ਥੱਲੇ ਡਿੱਗੇ ਹੁੰਦੇ ਉਹ ਹੀ ਖਾ ਕੇ ਗੁਜ਼ਾਰਾ ਕਰ ਲੈਂਦੇ। ਹੁਣ ਵਰਗੇ ਸ਼ੀਰ ਨਹੀਂ

Sri Satguru Jagjit Singh Ji eLibrary NamdhariElibrary@gmail.com

ਸਨ, ਦੇਹਾਂ ਬਹੁਤ ਹੀ ਤਕੜੀਆਂ ਸਨ। ਕੇਵਲ ਨਾਮ ਦੇ ਅਧਾਰ ਹੋ ਗਏ। ਯਥਾ:- ਇਕਿ; ਨਿਰੰਕਾਰੀ ਨਾਮ ਆਧਾਰਿ॥ ਇਸ ਪ੍ਰਕਾਰ ਬਹੁਤ ਸਤਿ ਸੰਤੋਖ ਆਪ ਜੀ ਨੇ ਕਮਾਇਆ, ਜੋ ਕਹਿਣ ਕਥਨ 'ਚ ਨਹੀਂ ਆ ਸਕਦਾ। ਯਥਾ:- ਸਬਰ ਅੰਦਰਿ. ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ. ਖੁਦਾਇ ਦੈ; ਭੇਤੁ.ਨ ਕਿਸੈ ਦੇਨਿ॥

ਸ਼ਹਿਰ ਪਾਕਪਟਨ ਉਜਾੜ ਵਿਖੇ, ਖ਼ੂਹ 'ਚ ਭੀ ਪੁੱਠੇ ਲਮਕਦੇ ਰਹੇ, ਖ਼ੂਹ ਅਜੇ ਹਾਜ਼ਰ ਹੈ। ਤਪੱਸਿਆ ਕਰਦਿਆਂ ਤੋਂ, ਕਾਵਾਂ ਨੇ ਸ੍ਰੀਰ ਦਾ ਮਾਸ ਠੂੰਗਣਾ ਕੀਤਾ, ਛੱਤੀ ਸਾਲ ਬੜੀ ਭਾਰੀ ਸਖ਼ਤ ਮਿਹਨਤ ਕੀਤੀ ਪਰ ਫਿਰ ਭੀ ਵਾਹਿਗੁਰੂ ਜੀ ਦੀ ਪ੍ਰਾਪਤੀ, ਆਤਮ ਤ੍ਰਿਪਤੀ ਨ ਹੋਈ। ਯਥਾ:- ਫਰੀਦਾ. ਤਨੁ ਸੁਕਾ ਪਿੰਜਰੁ ਥੀਆ; ਤਲੀਆਂ ਖੁੰਡਹਿ ਕਾਗ॥ ਅਜੈ ਸੁ. ਰਬੁ ਨ ਬਾਹੁੜਿਓ; ਦੇਖੁ. ਬੰਦੇ ਕੇ ਭਾਗ॥ ਵਾਹਿਗੁਰੂ ਜੀ ਨੇ ਗੰਭੀਰ ਧੀਰ ਅੰਮ੍ਰਿਤ ਮਿੱਠੀ ਅਵਾਜ਼ 'ਚ ਕਿਹਾ, "ਜੀ! ਹੁਣ ਪੂਰਾ ਗੁਰੂ ਧਾਰ ਕੇ, ਉਨ੍ਹਾਂ ਦੀ ਸੇਵਾ ਕਮਾਈ ਕਰਕੇ, ਪਰਮ ਪ੍ਰਸੰਨਤਾ ਲਵੋ ਜੀ" ਫਿਰ ਲੱਗੇ ਫ਼ਕੀਰਾਂ ਦੀ ਖੋਜ ਕਰਨ, ਫ਼ਕੀਰ ਬੜੇ ਹੀ ਦੇਖੇ। ਇੱਕ ਜਗ੍ਹਾ ਇਨ੍ਹਾਂ ਨੇ ਚਿੜੀਆਂ ਨੂੰ ਕਿਹਾ, ਮਰ ਜਾਉ ਚਿੜੀਓ" ਮਰ ਗਈਆਂ। ਫਿਰ ਕਿਹਾ, "ਜਿਉਂਦੀਆਂ ਹੋ ਜਾਉ"। ਜਿਉਂਦੀਆ ਹੋ ਗਈਆਂ। ਅੱਗੇ ਗਏ, ਇੱਕ ਪਤੀਵ੍ਰਤਾ ਖ਼ੂਹ 'ਤੇ ਪਾਣੀ ਭਰਦੀ ਸੀ, ਇਨ੍ਹਾਂ ਕਿਹਾ, "ਹੇ ਬੱਚੀ! ਪਾਣੀ ਪਿਆ"। ਉਹ ਛੇਤੀ ਪਾਣੀ ਡੋਲੀ ਗਈ, ਉਸ ਕਿਹਾ "ਜੀ ਧੀਰਜ ਕਰੋ। ਕਿਉਂਕਿ ਉਸ ਦੀ ਭੈਣ ਦੇ ਘਰ ਨੂੰ ਅੱਗ ਲੱਗੀ ਸੀ, ਉੱਥੋਂ ਪਾਣੀ ਪਾ ਕੇ ਬੁਝਾ ਰਹੀ ਸੀ। ਇਨ੍ਹਾਂ ਦੇ ਧੀਰਜ ਨ ਕਰਨ ਤੋਂ ਕਿਹਾ, "ਪਾਣੀ ਮੰਗਦੇ ਹੋਂ ਧੀਰਜ ਨਹੀਂ ਕਰਦੇ, ਇੱਥੇ ਇਹ ਨਹੀਂ ਕਿ ਮਰ ਜਾਉ ਚਿੜੀਉ, ਜਿਉਂਦੀਆਂ ਹੋ ਜਾਉ ਚਿੜੀਓ, ਭਾਣੇ ਦੇ ਉਲਟ ਕੀਤਾ ਹੈ"। ਪਤੀਵ੍ਰਤਾ ਨੇ ਉਲਾਮਾ ਦਿਤਾ, ਬੜਾ ਹੀ ਵੈਰਾਗ ਹੋਇਆ, ਰੋਣ ਲੱਗ ਗਏ, ਰੋਂਦੇ ੨, ਸ਼ਾਹਸਰਫ਼ ਅੱਲਹ ਪਾਕ ਜੀ ਦੇ ਪਾਸ ਆ ਗਏ। ਪਿਆਰੇ ਖ਼ੁਦਾ ਜੀ ਦੇ ਵਿਜੋਗ 'ਚ, ਸ੍ਰੀਰ ਦਾ ਰੰਗ ਕਾਲਾ ਕੱਟ ਹੋ ਗਿਆ, ਸ਼ਾਹਸਰਫ਼ ਜੀ ਨੇ ਜਾਂਦਿਆਂ ਦੇ ਹੀ ਟਕੋਰ ਕਰਦਿਆਂ ਕਿਹਾ, "ਕਾਲੀ ਕੋਇਲ; ਤੂ ਕਿਤ ਗੁਨ ਕਾਲੀ॥ " ਸੁਣ ਕੇ ਆਪ ਜੀ ਦੇ ਲੂੰ ਕੰਢੇ ਖੜ੍ਹੇ ਹੋ ਗਏ। ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ ਭੁਇ ਗਿਰਿ ਪਰਿਆ; ਪਰਾ. ਕਰੇਜੇ ਛੇਕੁ॥੧੯੪॥ ਵਾਲੀ ਮਹਾਂ ਮਹਾਂ ਵਿਸਮਾਦ ਹਾਲਤ ਸੀ। ਆਪ ਜੀ ਨੇ ਸੱਜੇ ਖੱਬੇ ਦੇਖਿਆ, ਇੱਥੇ ਕੋਇਲ ਨਹੀਂ ਹੈ, ਜਾਣਿਆਂ ਇਹ ਤਾਂ ਦਾਸਨ ਦਾਸ ਨੂੰ ਹੀ ਟਕੋਰ ਕੀਤੀ ਹੈ, ਪਰਮ ਪਿਆਰ ਨਾਲ ਕਿਹਾ, ਅਪਨੇ ਪ੍ਰੀਤਮ ਕੇ; ਹਉ ਬਿਰਹੈ ਜਾਲੀ॥ "ਆਪਣੇ ਪ੍ਰੀਤਮ ਅਕਾਲ ਪੁਰਖ ਜੀ ਦੇ (ਬਿਰਹੈ)ਵਿਛੋੜੇ 'ਚ ਜਲੀ ਹੋਈ ਹਾਂ"। ਯਥਾ:- ਤਪਿ ਤਪਿ ਲੁਹਿ ਲੁਹਿ; ਹਾਥ ਮਰੋਰਉ॥ ਬਾਵਲਿ ਹੋਈ; ਸੋ ਸਹੁ ਲੋਰਉ॥ ਕੇਵਲ ਅਕਾਲ ਪੁਰਖ ਜੀ ਦੀ ਪ੍ਰਾਪਤੀ ਦੀ ਸ਼ੁਭ ਸੱਚੀ ਇੱਛਾ ਹੈ। ਆਪਣੇ ਪੀਰ ਗੁਰੂ ਸ਼ਾਹਸਰਫ਼ ਜੀ ਦਾ ਵੱਡੇ ਤੜਕੇ ਇਸ਼ਨਾਨ ਕਰਾਉਂਦੇ। ਇਉਂ ਸੇਵਾ ਕਰਦਿਆਂ ੨ ਬਾਰਾਂ ਸਾਲ ਲੰਘ ਗਏ, ਸਖ਼ਤ ਮਿਹਨਤ ਮਸ਼ਕਤ ਕਰਦਿਆਂ ਪੂਰੇ ਅਠਤਾਲੀ ਸਾਲ ਹੋ ਗਏ। ਪਹਿਲੀ ਰਾਤ ਨੂੰ ਜ਼ਿਆਦਾ ਮੀਂਹ ਪੈਣੇ ਕਰਕੇ, ਧੂਆਂ ਬੁਝ ਗਿਆ। ਆਪਣੇ ਗੁਰੂ ਪੀਰ ਜੀ ਦਾ ਵੱਡੇ ਤੜਕੇ ਇਸ਼ਨਾਨ ਕਰਾਉਣਾ ਸੀ, ਸੰਸਾ ਬਣ ਗਿਆ। ਉਸ ਵੇਲੇ ਡੱਬੀ ਦੀ ਅੱਗ ਨਹੀਂ ਸੀ। ਗੋਹੇ ਧੁਖਦੇ ਦੱਬ ਲੈਂਦੇ ਜਾਂ ਧੂਣਾ ਤਪਾਈ ਰੱਖਦੇ ਸਨ। ਆਪ ਜੀ ਨੇ ਵੀਚਾਰਿਆ, "ਜੇ ਅੱਜ ਸਮਾਂ ਖੁੰਝ ਗਿਆ ਤਾਂ ਅਠਤਾਲੀ ਵਰ੍ਹੇ ਦੀ ਮਿਹਨਤ ਐਵੇਂ ਜਾਵੇਗੀ"। ਅੱਗ ਲੈਣ ਗਏ, ਪਾਕਪਟਨ ਸ਼ਹਿਰ 'ਚ ਇੱਕ ਘਰ ਦੀਵਾ ਬਲ ਰਿਹਾ ਸੀ, ਬੂਹਾ ਖੜਕਾਇਆ, ਅੰਦਰ ਜਾ ਕੇ ਵੇਖਿਆ ਛੱਟੀ ਫ਼ੁਕੀ ਬੇਸਵਾ ਬੈਠੀ ਹੈ। ਉਸ ਕਿਹਾ, "ਮੇਰੇ ਕੋਲ਼ੇ ਬਹਿ ਜਾ" ਆਪ ਜੀ ਨੇ ਕਿਹਾ, "ਦਾਸਨ ਦਾਸ ਰੱਬ ਦਾ ਕੁੱਤਾ ਹੈ, ਇਹ ਭੈੜਾ ਕੰਮ ਦਾਸਨ ਦਾਸ ਨਹੀਂ ਕਰ ਸਕਦਾ। ਯਥਾ:- ਕਬੀਰ ਕੂਕਰੁ.ਰਾਮ ਕੋ; ਮੁਤੀਆ ਮੇਰੋ ਨਾਉ॥ ਗਲੇ ਹਮਾਰੇ ਜੇਵਰੀ; ਜਹ ਖਿੰਚੈ ਤਹ

Sri Satguru Jagjit Singh Ji eLibrary NamdhariElibrary@gmail.com

ਜਾਉ॥) ਹਮ ਕੂਕਰ; ਤੇਰੇ ਦਰਬਾਰਿ॥ ਭਉਕਹਿ ਆਗੈ; ਬਦਨੁ ਪਸਾਰਿ॥) ਮਨ ਤੁਆਨਾ; ਤੂ ਕੁਦਰਤੀ ਆਇਆ॥ ਸਗ ਨਾਨਕ.ਦੀਬਾਨ ਮਸਤਾਨਾ; ਨਿਤ ਚੜੈ ਸਵਾਇਆ॥) ਫਰੀਦਾ ਬੇ ਨਿਵਾਜਾ ਕੁਤਿਆ; ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ; ਪੰਜੇ ਵਖਤ ਮਸੀਤਿ॥੭੦॥ ਮੇਰੇ ਲਈ ਇਹ ਗੱਲ ਚੰਗੀ ਨਹੀਂ। ਵੇਸਵਾ ਨੂੰ ਕੀ ਪਤਾ ਸੀ? ਇਨ੍ਹਾਂ ਦਾ ਲੂੰ ੨ ਪ੍ਰੇਮ ਵੈਰਾਗ ਤਿਆਗ 'ਚ ਰੰਗਿਆ ਹੈ। ਪਰਮਪੂਜਨੀਕ ਪਰਮ ਪਿਆਰੇ ਪ੍ਰੀਤਮ ਜੀ ਦੇ ਪ੍ਰੇਮ 'ਚ ਲੀਣ ਦਰਸ਼ਨਾਂ ਦੇ ਪ੍ਰੀਤਿਵਾਨ, ਪੂਰਨ ਵੈਰਾਗਵਾਨ ਵੱਡਭਾਗ ਮਹਾਂਪੁਰਸ਼ ਹਨ। ਯਥਾ:- ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ. ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥) ਮਨ ਕੀ ਬਿਰਥਾ ਮਨ ਹੀ ਜਾਣੈ; ਅਵਰੁ ਕਿ ਜਾਣੈ ਕੋ ਪੀਰ ਪਰਈਆ॥ ਕਹਿੰਦੇ, "ਅੱਗ ਦੇਉ ਜੀ! ਦਾਸਨ ਦਾਸ ਨੇ ਆਪਣੇ ਗੁਰੂ ਪੀਰ ਜੀ ਦਾ ਇਸ਼ਨਾਨ ਕਰਾਉਣਾ ਹੈ, ਤਾਂ ਵੇਸਵਾ ਕੋਈ ਘੱਟ ਨਹੀ ਸੀ, ਉਹ ਵੀ ਛੱਟੀ ਫੂਕੀ ਸੀ, ਕਹਿੰਦੀ, "ਚੰਗਾ ਜੇ ਮੇਰੇ ਕੋਲੇ ਨਹੀਂ ਬਹਿਣਾ, ਤਾਂ ਫਿਰ ਇੱਕ ਅੱਖ ਕੱਢ ਕੇ ਦੇ, ਅੱਗ ਲੈ ਜਾ"। ਇਤਨੀ ਵੱਡੀ ਸ਼ਰਤ ਰੱਖ ਦਿਤੀ, ਓਸ ਵੇਲੇ ਦਲੇਰ ਸ਼ੇਰ ਸੂਰਬੀਰ ਮਰਦ ਬਹਾਦਰ ਨੇ ਚਾਕੂ ਨਾਲ ਅੱਖ ਕੱਢ ਕੇ ਵੇਸਵਾ ਨੂੰ ਦੇ ਦਿਤੀ ਅਤੇ ਆਪ ਪੱਟੀ ਬੰਨ੍ ਲਈ, ਅੱਗ ਲੈ ਕੇ ਗੋਹਾ ਧੁਖਾ ਕੇ, ਬੁੱਕਲ 'ਚ ਲੈ ਲਿਆ, ਪੁਰਾਣਾਂ ਜ਼ਮਾਨਾ ਸੀ, ਕਿਹੜਾ ਕੋਈ ਪੱਕੀਆਂ ਵੀਹਾਂ ਸਨ, ਮੀਂਹ ਕਾਰਣ ਗਲ਼ੀਆਂ 'ਚ ਚਿੱਕੜ ਸੀ, ਉਸ ਵੇਲੇ ਦੀ ਹਾਲਤ ਨੂੰ ਦੱਸਦੇ ਹਨ:-

ਫਰੀਦਾ. ਗਲੀਏ ਚਿਕੜੁ, ਦੂਰਿ ਘਰੁ; ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ; ਰਹਾਂ ਤ ਤੁਟੈ ਨੇਹੁ॥੨੪॥ ਰਾਮ ਜੀ ਦੇ ਕੂਕਰ ਦਾਸਨ ਦਾਸ ਹੇ ਫਰੀਦਾ! (ਗਲੀਏ)ਗਲ਼ੀਆਂ 'ਚ ਚਿਕੜੁ ਹੈ, ਗੁਰੂ ਪੀਰ ਸ਼ਾਹਸਰਫ਼ ਜੀ ਦਾ ਘਰੁ, ਇੱਥੋਂ ਦੂਰਿ ਉਜਾੜ 'ਚ ਹੈ, ਜਿੱਥੇ ਜਾ ਕੇ ਪਾਣੀ ਗਰਮ ਕਰਕੇ ਸੇਵਾ ਕਰਨੀ ਹੈ। ਪਿਆਰੇ ਗੁਰੂ ਪੀਰ ਜੀ ਨਾਲਿ ਤੇਰਾ (ਨੇਹੁ)ਪ੍ਰੇਮ ਹੈ। ਜੇ (ਚਲਾ)ਜਾਵਾਂ ਤ ਵਰਖਾ ਨਾਲ ਕੰਬਲੀ ਭਿੱਜਦੀ ਹੈ, ਜੇ (ਰਹਾਂ)ਰਹਿੰਦਾ ਹਾਂ ਤ (ਨੇਹੁ)ਪ੍ਰੇਮ (ਤੁਟੈ)ਟੁੱਟਦਾ ਹੈ।

ਭਿੱਜਉ ਸਿੱਜਉ- ਭਿਜਉ ਸਿਜਉ ਕੰਬਲੀ; ਅਲਹ ਵਰਸਉ ਮੇਹੁ॥ ਜਾਇ ਮਿਲਾ ਤਿਨ੍ਹਾ ਸਜਣਾ; ਤੁਟਉ ਨਾਹੀ ਨੇਹੁ॥੨੫॥ ਬੇਸ਼ਕ ਕੰਬਲੀ (ਭਿਜਉ) ਭਿੱਜ ਜਾਵੇ, ਭਿੱਜ ਕੇ (ਸਿਜਉ) ਸਿੱਲ੍ਹੀ ਭਾਰੀ ਹੋ ਜਾਵੇ। ਅਲਹ ਪਾਕ ਜੀ (ਮੇਹੁ) ਮੀਂਹ ਸਰੂਪ ਹੋ ਕੇ,ਆਪ ਹੀ (ਵਰਸਉ) ਵਰਸ ਰਹੇ ਹਨ। ਤਿਨ੍ਹਾ (ਸਜਣਾ) ਪਿਆਰੇ ਮਿੱਤ੍ਰ ਸ਼ਾਹਸਰਫ਼ ਜੀ ਨੂੰ ਜਾਇ ਕੇ ਮਿਲਾ,ਪਰਮ- ਪਾਕ ਦਰਸ਼ਣ ਕਰਾਂ, ਮੇਰਾ (ਨੇਹੁ) ਪ੍ਰੇਮ (ਤੁਟਉ) ਟੁੱਟੇ ਨਾਹੀ, ਸੇਵਾ ਪੂਰੀ ਉਤਰ ਜਾਵੇ,ਕਬੂਲ ਹੋ ਜਾਵਾਂ। ਯਥਾ:- ਪਏ ਕਬੂਲੁ.ਖਸੰਮ ਨਾਲਿ;ਜਾਂ ਘਾਲ ਮਰਦੀ ਘਾਲੀ॥) ਆ ਕੇ, ਪਾਣੀ ਗਰਮ ਕਰਕੇ ਇਸ਼ਨਾਨ ਕਰਾਇਆ। ਅੰਤਰਜਾਮੀ ਸ਼ਾਹਸਰਫ਼ ਜੀ ਨੇ ਪੁੱਛਿਆ, "ਹੇ ਪ੍ਰੇਮੀਆਂ! ਅੱਖ 'ਤੇ ਪੱਟੀ ਕਿਉਂ ਬੰਨ੍ੀ ਹੈ"? ਕਿਹਾ, "ਜੀ! ਅੱਖ ਆਈ ਹੋਈ ਹੈ"। ਇਹ ਨਹੀਂ ਕਿਹਾ, "ਆਨਾ ਕੱਢ ਕੇ ਦੇ ਆਇਆ ਹਾਂ"। ਕਿਹਾ, " ਦੱਸ ਬਈ ਛੋਟੀ ਆਵੇ ਕਿ ਵੱਡੀ"। "ਜੀ ਪੂਰਨ ਖ਼ੁਦਾ ਜੀ ਦੀ ਰੀਸ ਨਹੀਂ ਕਰਨੀ ਚਾਹੀਦੀ, ਖ਼ੁਦਾ ਜੀ ਦੀ ਬਖਸ਼ੀ ਨਾਲੋਂ ਛੋਟੀ ਆਵੇ"। ਛੋਟੀ ਅੱਖ ਆਈ, ਹੁਣ ਤੱਕ ਆਪ ਜੀ ਦੀ ਬੰਸ ਦੀ ਖੱਬੀ ਅੱਖ ਛੋਟੀ ਹੁੰਦੀ ਹੈ। ਕਹਿੰਦੇ, " ਖੋਲ੍ ਪੱਟੀ" ਪੱਟੀ ਖੋਲੀ ਅੱਖ ਸਾਬਤ ਵੇਖ ਕੇ, ਪੈਰੀਂ ਪੈ ਗਏ, ਉਸ ਵੇਲੇ ਨਿਹਾਲ ਕਰ ਦਿਤੇ। ਸ਼ਾਹ ਸਰਫ ਦੀ ਸੁਸੰਗਤ ਕਰਕੇ ੧੨ ਸਾਲ ਬੜੀ ਭਾਰੀ ਮਿਹਨਤ ਕੀਤੀ। ਅੱਠਤਾਲੀ ਸਾਲ ਸਖ਼ਤ ਮਿਹਨਤ ਮਸ਼ੱਕਤ ਪ੍ਰੇਮਾ- ਭਗਤੀ ਕਰਕੇ, ਵਾਹਿਗੁਰੂ ਜੀ ਦੀ ਪ੍ਰਾਪਤੀ ਵਾਲੇ ਹੋਏ:-

Sri Satguru Jagjit Singh Ji eLibrary NamdhariElibrary@gmail.com

ਫਰੀਦਾ. ਗਲੀਏ ਚਿਕੜੁ, ਦੂਰਿ ਘਰੁ; ਨਾਲਿ ਪਿਆਰੇ ਨੇਹੁ॥੨. ਸਨਮੁਖ ਫ਼ਰੀਦ ਸਾਹਿਬ ਜੀ ਸਨਮੁਖ ਫ਼ੁਰਮਾਉਂਦੇ ਹਨ:- ਹੇ ਪਰਮ ਪਿਆਰੇ ਵਾਹਿਗੁਰੂ ਜੀ! ਦਾਸਨ ਦਾਸੀ ਦਾ ਆਪ ਜੀ ਦੇ ਸੱਚੇ ਚਰਨ ਕਮਲਾਂ ਦੇ ਨਾਲਿ (ਨੇਹੁ)ਪ੍ਰੇਮ ਹੈ। ਦਾਸਨ ਦਾਸੀ ਦੀਆਂ ਇੰਦ੍ਰੀਆਂ ਰੂਪੀ (ਗਲੀਏ) ਗਲ਼ੀਆਂ 'ਚ, ਵਿਕਾਰਾਂ ਔਗੁਣਾਂ ਬੱਜਰ ਪਾਪਾਂ ਰੂਪ ਚਿਕੜੁ ਹੈ, ਦਾਸਨ ਦਾਸੀ ਆਪ ਜੀ ਨੂੰ ਮਿਲਣਾ ਚਾਹੁੰਦੀ ਹੈ, ਪਰ ਔਗੁਣਾਂ ਰੂਪੀ ਚਿਕੜੁ ਹੋਣੇ 'ਤੇ, ਬਹੁਤ ਹੀ ਦੂਰਿ ਹੋ ਰਿਹਾ ਹੈ, ਭਾਵੇਂ ਆਪ ਜੀ ਦਾ ਘਰੁ ਸ੍ਰਬ ਵਿਆਪੀ ਮਹਾਂ ਮਹਾਂ ਵਿਸਮਾਦ ਭਰਪੂਰ ਹੈ। ਯਥਾ:- ਨਾਲਿ ਹੋਵੰਦਾ. ਲਹਿ ਨ ਸਕੰਦਾ; ਸੁਆਉ ਨ ਜਾਣੈ ਮੂੜਾ॥

ਚਲਾ ਤ ਭਿਜੈ ਕੰਬਲੀ; ਰਹਾਂ ਤ ਤੁਟੈ ਨੇਹੁ॥੨੪॥ ਜੇ ਦਾਸਨ ਦਾਸੀ, ਆਪ ਜੀ ਦੇ ਸੁੰਦਰ ਦਰਸ਼ਣਾਂ ਨੂੰ (ਚਲਾ)ਜਾਵੇ ਤ ਦਾਸੀ ਦੀ ਬੁੱਧੀ ਰੂਪੀ ਕੰਬਲੀ, ਪਦਾਰਥ ਰੂਪੀ ਵਰਖਾ ਨਾਲ (ਭਿਜੈ)ਭਿੱਜਦੀ ਹੈ, ਦਾਸਨ ਦਾਸੀ ਨਹੀਂ ਚਾਹੁੰਦੀ ਕਿ ਮੇਰੇ ਬੁੱਧੀ ਰੂਪੀ ਕੰਬਲੀ ਭਿੱਜੇ, ਕੀ ਕਰਾਂ? ਆਇ ਨ ਸਕਾ. ਤੁਝ ਕਨਿ ਪਿਆਰੇ; ਭੇਜਿ. ਨ ਸਕਾ ਕੋਇ॥ ਜੇਕਰ ਦਾਸਨ ਦਾਸੀ ਇਹ ਸੋਚ ਕੇ ਕਿ ਮੇਰੀ ਬੁੱਧੀ ਰੂਪੀ ਕੰਬਲੀ ਪਦਾਰਥ ਰੂਪੀ ਜਲ ਨਾਲ ਭਿੱਜ ਜਾਵੇਗੀ, ਆਪ ਜੀ ਵੱਲ ਆਉਣੋਂ (ਰਹਾਂ)ਰੁਕਾਂ ਤ ਆਪ ਜੀ ਨਾਲੋਂ (ਨੇਹੁ)ਪ੍ਰੇਮ (ਤੁਟੈ)ਟੁੱਟਦਾ ਹੈ।

ਭਿਜਉ ਸਿਜਉ ਕੰਬਲੀ; ਅਲਹ ਵਰਸਉ ਮੇਹੁ॥ ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ॥੨੫॥ ਜਦੋਂ ਤੱਕ ਪੂਰਨ ਗੁਰੂ ਜੀ ਦੀ ਪ੍ਰਾਪਤੀ ਕਰਕੇ, ਉਨ੍ਹਾਂ ਦੀ ਸ਼ੁਭ ਸੱਚੀ ਸੇਵਾ 'ਚ ਨਹੀਂ ਲੱਗੇ ਸੀ, ਤਦੋਂ ਤੱਕ, ਫਰੀਦਾ. ਗਲੀਏ ਚਿਕੜੁ, ਦੂਰਿ ਘਰੁ; ਨਾਲਿ ਪਿਆਰੇ ਨੇਹੁ॥ ਚਲਾ ਤ ਭਿਜੈ ਕੰਬਲੀ; ਰਹਾਂ ਤ ਤੁਟੈ ਨੇਹੁ॥ ਵਾਲੀ ਦੁਖੱਲੀ ਅਵਸਥਾ ਸੀ। ਪਰ ਜਦੋਂ ਪੂਰਨ ਬ੍ਰਹਮ ਸਰੂਪ ਅੰਤਰਜਾਮੀ ਸ਼ਾਹਸਰਫ਼ ਗੁਰੂ ਪੀਰ ਜੀ ਪ੍ਰਾਪਤ ਹੋਏ, ਉਨ੍ਹਾਂ ਦੀ ਸ਼ੁਭ ਸੱਚੀ ਸੇਵਾ 'ਚ ਡਟ ਗਏ, ਤਾਂ ਇਹ ਪਤਾ ਲੱਗਿਆ, ਅਲਹ ਪਾਕ ਸਰੂਪ ਗੁਰੂ ਪੀਰ ਜੀ, ਆਪ ਹੀ ਅੰਮ੍ਰਿਤ ਮੇਹੁ ਸਰੂਪ ਹੋ ਕੇ ਅੰਮ੍ਰਿਤ (ਵਰਸਉ)ਵਰਸ ਰਹੇ ਹਨ। ਯਥਾ:- ਊਂਨਵਿ ਊਂਨਵਿ ਆਇਆ; ਵਰਸੈ ਨੀਰੁ ਨਿਪੰਗੁ॥) ਊਂਨਵਿ ਊਂਨਵਿ ਆਇਆ; ਵਰਸੈ ਲਾਇ ਝੜੀ॥ ਅਨੁਸਾਰ ਇਸ ਲਈ ਦਾਸਨ ਦਾਸੀ ਦੀ ਗ੍ਰੀਬੀ ਸਹਿਤ ਬੁੱਧੀ ਰੂਪੀ ਕੰਬਲੀ, ਅੰਮ੍ਰਿਤ ਨਾਲ (ਭਿਜਉ)ਭਿੱਜ ਜਾਵੇ, ਪੂਰਨ ਪ੍ਰੇਮ ਸਹਿਤ (ਸਿਜਉ)ਸਨਿਗਧ ਹੋ ਜਾਵੇ। ਤਿਨਾ (ਸਜਣਾ)ਸ਼ਾਹਸਰਫ਼ ਗੁਰੂ ਪੀਰ ਜੀ ਨੂੰ, ਕੀੜੀ ਬਣ ਕੇ ਜਾਇ ਕੇ ਮਿਲਾਂ, (ਜਿਨ੍ਹਾਂ ਸਜਣਾ ਨੇ, ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਕਰਕੇ, ਦਾਸਨ ਦਾਸੀ ਦੀਆਂ ਇੰਦ੍ਰੀਆਂ ਰੂਪੀ ਗਲ਼ੀਆ 'ਚੋਂ, ਵਿਕਾਰਾਂ ਔਗੁਣਾਂ ਬੱਜਰ ਪਾਪਾਂ ਰੂਪ ਚਿਕੜੁ ਸਾਫ਼ ਕਰਕੇ, ਦਾਸਨ ਦਾਸੀ ਦੀ ਗ੍ਰੀਬੀ ਸਹਿਤ ਬੁੱਧੀ ਰੂਪੀ ਕੰਬਲੀ, ਅੰਮ੍ਰਿਤ ਨਾਲ ਭਿਉਂ ਕੇ ਸਨਿਗਧ ਕਰ ਦਿੱਤੀ ਹੈ। ਹੁਣ (ਨੇਹੁ)ਪਿਆਰ ਨਾਹੀ (ਤੁਟਉ)ਟੁੱਟੇਗਾ। ਪਰਮਪੂਜਨੀਕ ਸ਼ੁਭ ਸੱਚੇ ਚਰਨ- ਕਮਲਾਂ 'ਤੇ ਢਹਿ ਪਵਾਂ। ਯਥਾ:- ਹੋਇ ਨਿਮਾਣੀ. ਢਹਿ ਪਵਾ; ਪੂਰੇ ਸਤਿਗੁਰ ਪਾਸਿ॥ ਨਿਮਾਣਿਆ. ਗੁਰੁ ਮਾਣੁ ਹੈ; ਗੁਰੁ ਸਤਿਗੁਰੁ ਕਰੇ ਸਾਬਾਸਿ॥) ਪਰਮਪੂਜਨੀਕ ਭਗਤ ਸਾਹਿਬ ਜੀ ਨੇ ਹੇਠ ਲਿਖੇ ਅਮੋਲਕ ਗੁਬਚਨ ਕਮਾਏ:- ਸਿਰੀਰਾਗੁ ਮਹਲਾ ੧॥ ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਜਲ ਕਮਲੇਹਿ॥ ਲਹਰੀ ਨਾਲਿ ਪਛਾੜੀਐ; ਭੀ ਵਿਗਸੈ ਅਸਨੇਹਿ॥ ਜਲ ਮਹਿ.ਜੀਅ ਉਪਾਇ ਕੈ; ਬਿਨੁ ਜਲ.ਮਰਣੁ ਤਿਨੇਹਿ॥੧॥ ਮਨ ਰੇ; ਕਿਉ ਛੂਟਹਿ ਬਿਨੁ ਪਿਆਰ॥ ਗੁਰਮੁਖਿ ਅੰਤਰਿ ਰਵਿ ਰਹਿਆ; ਬਖਸੇ ਭਗਤਿ ਭੰਡਾਰ॥੧॥ ਰਹਾਉ॥ ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਮਛੁਲੀ ਨੀਰ॥ ਜਿਉ ਅਧਿਕਉ.ਤਿਉ ਸੁਖੁ ਘਣੋ; ਮਨਿ ਤਨਿ ਸਾਂਤਿ ਸਰੀਰ॥ ਬਿਨੁ ਜਲ,ਘੜੀ ਨ ਜੀਵਈ; ਪ੍ਰਭੁ ਜਾਣੈ ਅਭ ਪੀਰ॥੨॥ ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਚਾਤ੍ਰਿਕ ਮੇਹ॥ ਸਰ ਭਰਿ ਥਲ ਹਰੀਆਵਲੇ; ਇਕ ਬੂੰਦ ਨ ਪਵਈ ਕੇਹ॥ ਕਰਮਿ ਮਿਲੈ ਸੋ

Sri Satguru Jagjit Singh Ji eLibrary NamdhariElibrary@gmail.com

ਪਾਈਐ; ਕਿਰਤੁ ਪਇਆ ਸਿਰਿ ਦੇਹ॥੩॥ ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਜਲ ਦੁਧ ਹੋਇ॥ ਆਵਟਣੁ ਆਪੇ ਖਵੈ; ਦੁਧ ਕਉ.ਖਪਣਿ ਨ ਦੇਇ॥ ਆਪੇ ਮੇਲਿ ਵਿਛੁੰਨਿਆ; ਸਚਿ ਵਡਿਆਈ ਦੇਇ॥੪॥ ਰੇ ਮਨ.ਐਸੀ ਹਰਿ ਸਿਉ ਪ੍ਰੀਤਿ ਕਰਿ; ਜੈਸੀ ਚਕਵੀ ਸੂਰ॥ ਖਿਨੁ ਪਲੁ.ਨੀਦ ਨ ਸੋਵਈ; ਜਾਣੈ ਦੂਰਿ ਹਜੂਰਿ॥ ਮਨਮੁਖਿ.ਸੋਝੀ ਨਾ ਪਵੈ; ਗੁਰਮੁਖਿ ਸਦਾ ਹਜੂਰਿ॥੫॥ ਮਨਮੁਖਿ ਗਣਤ ਗਣਾਵਣੀ; ਕਰਤਾ ਕਰੇ ਸੁ ਹੋਇ॥ ਤਾ ਕੀ.ਕੀਮਤਿ ਨਾ ਪਵੈ; ਜੇ ਲੋਚੈ ਸਭੁ ਕੋਇ॥ ਗੁਰਮਤਿ ਹੋਇ.ਤ ਪਾਈਐ; ਸਚਿ ਮਿਲੈ ਸੁਖੁ ਹੋਇ॥੬॥ ਸਚਾ ਨੇਹੁ.ਨ ਤੁਟਈ; ਜੇ ਸਤਿਗੁਰੁ ਭੇਟੈ ਸੋਇ॥ ਗਿਆਨ ਪਦਾਰਥੁ ਪਾਈਐ; ਤ੍ਰਿਭਵਣ ਸੋਝੀ ਹੋਇ॥ ਨਿਰਮਲੁ ਨਾਮੁ.ਨ ਵੀਸਰੈ; ਜੇ ਗੁਣ ਕਾ ਗਾਹਕੁ ਹੋਇ॥੭॥ ਖੇਲਿ ਗਏ ਸੇ ਪੰਖਣੂੰ; ਜੋ ਚੁਗਦੇ ਸਰ ਤਲਿ॥ ਘੜੀ ਕਿ.ਮੁਹਤਿ ਕਿ.ਚਲਣਾ; ਖੇਲਣੁ ਅਜੁ ਕਿ ਕਲਿ॥ ਜਿਸੁ ਤੂੰ ਮੇਲਹਿ.ਸੋ ਮਿਲੈ; ਜਾਇ ਸਚਾ ਪਿੜੁ ਮਲਿ॥੮॥ ਬਿਨੁ ਗੁਰ.ਪ੍ਰੀਤਿ ਨ ਊਪਜੈ; ਹਉਮੈ.ਮੈਲੁ ਨ ਜਾਇ॥ ਸੋ ਹੰ ਆਪੁ ਪਛਾਣੀਐ; ਸਬਦਿ ਭੇਦਿ ਪਤੀਆਇ॥ ਗੁਰਮੁਖਿ ਆਪੁ ਪਛਾਣੀਐ; ਅਵਰ ਕਿ ਕਰੇ ਕਰਾਇ॥੯॥ ਮਿਲਿਆ ਕਾ ਕਿਆ ਮੇਲੀਐ; ਸਬਦਿ ਮਿਲੇ ਪਤੀਆਇ॥ ਮਨਮੁਖਿ.ਸੋਝੀ ਨਾ ਪਵੈ; ਵੀਛੁੜਿ ਚੋਟਾ ਖਾਇ॥ ਨਾਨਕ.ਦਰੁ ਘਰੁ ਏਕੁ ਹੈ; ਅਵਰੁ ਨ ਦੂਜੀ ਜਾਇ॥੧੦॥੧੧॥) ਮੈ ਗੁਨ ਬੰਧ.ਸਗਲ ਕੀ ਜੀਵਨਿ; ਮੇਰੀ ਜੀਵਨਿ ਮੇਰੇ ਦਾਸ॥ ਨਾਮਦੇਵ.ਜਾ ਕੇ ਜੀਅ ਐਸੀ; ਤੈਸੋ ਤਾ ਕੈ ਪ੍ਰੇਮ ਪ੍ਰਗਾਸ॥੨॥੩॥) ਹਰਿ ਮੇਰੋ ਪਿਰੁ; ਹਉ ਹਰਿ ਕੀ ਬਹੁਰੀਆ॥ ਰਾਮ ਬਡੇ; ਮੈ ਤਨਕ ਲਹੁਰੀਆ॥੧॥) ਕਹਿ ਕਬੀਰ.ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥ (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥) ਜਉ ਤੁਮ ਗਿਰਿਵਰ; ਤਉ ਹਮ ਮੋਰਾ॥ ਜਉ ਤੁਮ ਚੰਦ; ਤਉ ਹਮ ਭਏ ਹੈ ਚਕੋਰਾ॥੧॥) ਸਾਚੀ ਪ੍ਰੀਤਿ.ਨ ਤੁਟਈ ਪਿਆਰੇ; ਜੁਗੁ ਜੁਗੁ ਰਹੀ ਸਮਾਇ॥) ਜੈਸੇ ਤਉ ਮਿਠਾਈ ਰਾਖੀਐ ਛੁਪਾਏ ਜਤਨ ਕੈ; ਚੀਟੀ ਚਲ ਜਾਇ, ਚੀਨ ਤਾਹਿ ਲਿਪਟਾਤ ਹੈ। ਦੀਪਕ ਜਗਾਇ ਜੈਸੇ ਰਾਖੀਐ ਦੁਰਾਇ ਗ੍ਰਿਹਿ; ਪ੍ਰਗਟ ਪਤੰਗ ਤਾ ਮੈ ਸਹਜ ਸਮਾਤਿ ਹੈ। ਜੈਸੇ ਤਉ. ਬਿਮਲ ਜਲ ਕਮਲ ਇਕਾਂਤ ਬਸੈ; ਮਧੁਕਰ ਮਧੂ ਅਚਵਨ ਤਹਿ ਜਾਤਿ ਹੈ। ਤੈਸੇ ਗੁਰਮੁਖਿ ਜਿਹ ਘਟਿ ਪ੍ਰਗਟਤਿ ਪ੍ਰੇਮ; ਸਕਲ ਸੰਸਾਰ. ਤਿਹ ਦੁਆਰ ਬਿਲਲਾਤ ਹੈ॥੪੧੦॥ (ਕਬਿੱਤ ੧੧੦) ਪਉੜੀ॥ ਹਰਿ ਬਿਨੁ. ਕਛੂ ਨ ਲਾਗਈ; ਭਗਤਨ ਕਉ ਮੀਠਾ॥ ਆਨ ਸੁਆਦ ਸਭਿ ਫੀਕਿਆ; ਕਰਿ ਨਿਰਨਉ ਡੀਠਾ॥ ਅਗਿਆਨੁ ਭਰਮੁ ਦੁਖੁ ਕਟਿਆ; ਗੁਰ ਭਏ ਬਸੀਠਾ॥ ਚਰਨ ਕਮਲ ਮਨੁ ਬੇਧਿਆ; ਜਿਉ ਰੰਗੁ ਮਜੀਠਾ॥ ਜੀਉ ਪ੍ਰਾਣ ਤਨੁ ਮਨੁ ਪ੍ਰਭੂ; ਬਿਨਸੇ ਸਭਿ ਝੂਠਾ॥੧੧॥) ਪਉੜੀ॥ ਸਭੇ ਵਸਤੂ ਕਉੜੀਆ; ਸਚੇ ਨਾਉ ਮਿਠਾ॥ ਸਾਦੁ ਆਇਆ ਤਿਨ ਹਰਿ ਜਨਾਂ; ਚਖਿ ਸਾਧੀ ਡਿਠਾ॥ ਪਾਰਬ੍ਰਹਮਿ ਜਿਸੁ ਲਿਖਿਆ; ਮਨਿ ਤਿਸੈ ਵੁਠਾ॥ ਇਕੁ ਨਿਰੰਜਨੁ ਰਵਿ ਰਹਿਆ; ਭਾਉ ਦੁਯਾ ਕੁਠਾ॥ ਹਰਿ ਨਾਨਕੁ. ਮੰਗੈ ਜੋੜਿ ਕਰ; ਪ੍ਰਭੁ ਦੇਵੈ ਤੁਠਾ॥੧੨॥

ਪਗ ਪੋਲਾ ਦਾ ਅਰਥ ਚਰਨ, ਸੰਪੂਰਨ ਗੁਰੂ ਗ੍ਰੰਥ ਸਾਹਿਬ ਜੀ 'ਚ, ਪਗ ਪੋਲਾ ਬੋਲੋ ਜੀ, ਕੇਵਲ ਇੱਥੇ ਅਧਿਕ ਹੈ ਪੱਗ– ੧. ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਗਹਿਲਾ ਰੂਹੁ. ਨ ਜਾਣਈ; ਸਿਰੁ ਭੀ ਮਿਟੀ ਖਾਇ॥੨੬॥ ਪੂਰਨ ਵੈਰਾਗੀ ਤਿਆਗੀ ਰੱਬ ਦੇ ਅਵਤਾਰ ਪੂਰਨ ਭਗਤ ਬਾਬਾ ਸ੍ਰੀ ਫ਼ਰੀਦ ਸਾਹਿਬ ਜੀ, ਅਪਣੇ ਪ੍ਰੇਮੀ ਸਤਿਸੰਗੀਆਂ 'ਚ ਇਸ ਤਰ੍ਹਾਂ ਸਜੇ ਬੈਠੇ ਸਨ, ਜਿਵੇਂ ਤਾਰਿਆਂ 'ਚ ਸੋਹਣਾ ਚੰਦ ਸਜਦਾ ਹੈ।

Sri Satguru Jagjit Singh Ji eLibrary NamdhariElibrary@gmail.com

ਪ੍ਰੇਮੀਆਂ ਨੇ ਆਪ ਜੀ ਦੇ ਪਾਸ ਸ਼ਾਹਸਰਫ਼ ਜੀ ਦੇ ਗੁਣ ਕਹੇ, ਕਿਹਾ, “ਆਪ ਜੀ ਨੇ ਉਨ੍ਹਾਂ ਦੀ ਬੜੀ ਪਿਆਰੀ ਸੱਚਿਆਰੀ ਨਿੱਗਰ ਸ਼ੁਭ ਸੇਵਾ ਕੀਤੀ ਹੈ। ਵੇਸਵਾ ਨੂੰ ਅਪਣੀ ਅੱਖ ਦੇ ਕੇ ਅੱਗ ਲਿਆਏ। ” ਅਪਣੇ ਮੁਰਸ਼ਦ ਦੇ ਬਚਨ ਸੁਣ ਕੇ, ਆਪ ਜੀ ਰੋ ਪਏ। ਯਥਾ:- ਜਾਨੀ ਵਿਛੁੰਨੜੇ.ਮੇਰਾ ਮਰਣੁ ਭਇਆ; ਧ੍ਰਿਗੁ ਜੀਵਣੁ ਸੰਸਾਰੇ॥) ਮਃ੨॥ ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ॥ ਵਾਂਗ ਸ਼ਾਹ ਸ਼ਰਫ਼ ਜੀ ਦਾ ਬੜਾ ਭਾਰੀ ਵਿਜੋਗ ਮੰਨਦਿਆਂ ਪ੍ਰੇਮੀਆਂ ਨੂੰ ਉੱਤ੍ਰ ਦਿਤਾ:- ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਹੇ ਭਾਈ! ਆਪ ਜੀ ਦਾਸਨ ਦਾਸ ਨੂੰ ਕਹਿੰਦੇ ਹੋਂ, ਅਪਣੇ ਗੁਰੂ ਪੀਰ ਜੀ ਦੀ ਬੜੀ ਭਾਰੀ ਸੇਵਾ ਕੀਤੀ ਹੈ, ਪਰ (ਮੈ)ਦਾਸਨ ਦਾਸ ਨੂੰ ਅਪਣੀ ਪਗ ਮੈਲ਼ੀ ਹੋਣ ਦਾ (ਭੋਲਾਵਾ)ਭੁਲੇਖਾ ਹੀ ਰਿਹਾ, ਮੈਲੀ (ਮਤੁ) ਨ ਹੋਇ ਜਾਇ, ਇਸ ਭੁਲੇਖੇ ਕਰਕੇ ਅਪਣੇ ਮੁਰਸ਼ਦ ਗੁਰੂ ਪੀਰ ਜੀ ਦੇ ਚਰਨ- ਕਮਲ, ਅਪਣੀ ਪੱਗ ਨਾਲ ਨਹੀਂ ਝਾੜੇ, ਨਾ ਹੀ ਪੱਗ ਲਾਹ ਕੇ ਉਨ੍ਹਾਂ ਦੇ ਪਰਮ ਪਾਕ ਚਰਨ- ਕਮਲਾਂ ’ਤੇ ਰੱਖੀ। ਦਾਸਨ ਦਾਸ ਨੂੰ ਚਾਹੀਦਾ ਸੀ, ਕਿ ਚਰਨ- ਕਮਲਾਂ ’ਤੇ ਪੱਗ ਰੱਖ ਕੇ ਕਹਿੰਦਾ, “ਹੇ ਪੀਰ ਜੀ! ਮੇਰੀ ਪੱਗ ਦੀ ਲਾਜ ਰੱਖੋ। ” ਕਿਤਨਾ ਚੰਗਾ ਹੁੰਦਾ, ਪੱਗ ਅਪਣੇ ਪੀਰ ਜੀ ਦੇ ਪਰਮ- ਪਵਿੱਤ੍ਰ ਪਰਮ- ਪੂਜਨੀਕ ਚਰਨ-ਕਮਲਾਂ ਤੇ ਰੱਖਦਾ। ਜਿਸ ਕਰਕੇ ਦਾਸਨ ਦਾਸ ’ਤੇ ਪੂਰਨ ਮੇਹਰ ਕਰਕੇ ਭਾਰੀ ਪ੍ਰਸੰਨ ਹੁੰਦੇ। ਵਾ ਜਦੋਂ ਅਪਣੇ ਮੁਰਸ਼ਦ ਸ਼ਾਹ ਸਰਫ਼ ਜੀ ਨੂੰ ਮੱਥਾ ਟੇਕਦਾ ਸਾਂ, ਤਦੋਂ ਅਪਣਾ ਮੱਥਾ ਧਰਤੀ ’ਤੇ ਰੱਖ ਕੇ, ਅਪਣੇ ਮੱਥੇ ਨੂੰ ਚਰਨ- ਧੂੜ ਨਹੀਂ ਸੀ ਲਾਉਂਦਾ, ਬਈ ਮੇਰੀ ਪੱਗ ਨੂੰ ਚਰਨ- ਧੂੜ ਲੱਗ ਕੇ ਮੈਲ਼ੀ ਹੋ ਜਾਵੇਗੀ।

ਗਹਿਲਾ ਰੂਹੁ. ਨ ਜਾਣਈ; ਸਿਰੁ ਭੀ ਮਿਟੀ ਖਾਇ॥੨੬॥ ਦਾਸਨ ਦਾਸ ਦਾ (ਗਹਿਲਾ)ਬੇਸਮਝ ਰੂਹੁ ਇਹ (ਨ)ਨਹੀਂ ਸੀ (ਜਾਣਈ)ਜਾਣਦਾ ਕਿ ਜਿਹੜਾ ਸਿਰ ਅਪਣੇ ਮੁਰਸ਼ਦ ਅੱਗੇ ਨਹੀਂ ਝੁਕਦਾ, ਇਸ ਹੰਕਾਰੀ ਸਿਰੁ ਨੂੰ ਭੀ ਮਿਟੀ ਨੇ ਹੀ ਖਾਇ ਜਾਣਾ ਹੈ। ਪ੍ਰੇਮ ਬੇਨਤੀ:- ਐਸੀ ਕਮਾਲ ਜ਼ਮਾਲ ਭਰੀ, ਬੜੀ ਹੀ ਡੂੰਘੀ ਰਮਜ਼ ਨਾਲ ਉਪਦੇਸ਼ ਹੈ। ਸਾਡੇ ਅੰਦਰ ਜੋ ਹੰਗਤਾ ਭਰੇ ਭਾਵ ਹਨ, ਉਨ੍ਹਾਂ ਕਰਕੇ ਅਸੀਂ ਧਰਤੀ ’ਤੇ ਮੱਥਾ ਰੱਖ ਕੇ ਨਹੀਂ ਟੇਕਦੇ, ਚਰਨ- ਧੂੜ ਮੱਥੇ ਨੂੰ ਨਹੀਂ ਲਾਉਂਦੇ।

ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥੨. ਦੋ ਪਾਰਟੀਆਂ ਇੱਕ ਦੂਜੇ ਦਾ ਕਤਲ ਕਰਦੀਆਂ ਰਹਿੰਦੀਆਂ ਸਨ। ਇੱਕ ਪ੍ਰੇਮੀ ਨੇ ਬੇਨਤੀ ਕੀਤੀ, “ਹੇ ਸਾਂਈਂ ਜੀਓ! ਇਨ੍ਹਾਂ ’ਤੇ ਮੇਹਰ ਕਰੋ, ਇਹ ਆਪੋ ਵਿੱਚੀਂ ਵੱਢ ਕੇ ਮਰ ਜਾਣਗੇ। ਬਾਬਾ ਜੀ ਨੇ ਦੋਹਾਂ ਪਾਰਟੀਆਂ ਨੂੰ ਦੀਵਾਨ ’ਚ ਬੁਲਾ ਕੇ ਖ਼ੂਬ ਪਿਆਰ ਨਾਲ ਅੰਮ੍ਰਿਤ ਰੂਪ ਪਰਮ ਮਨੋਹਰ ਵੈਰਾਗਮਈ ਕੀਰਤਨ ਕੀਤਾ। ਆਪ ਜੀ ਦੇ ਕਰੁਣਾ ਭਰੇ ਅੰਮ੍ਰਿਤ ਰਸੀਲੇ ਨੇਤ੍ਰਾਂ ’ਚੋਂ ਵੈਰਾਗ ਦਾ ਜਲ ਵਹਿ ਤੁਰਿਆ, ਤਾਂ ਸਭ ਸਤਿਸੰਗਤ ਜੀ ਰੋ ਪਏ। ਇਨ੍ਹਾਂ ਦੋਹਾਂ ਪਾਰਟੀਆਂ ਨੇ ਉੱਠ ਕੇ, ਆਪ ਜੀ ਦੇ ਪਰਮ- ਪਵਿੱਤ੍ਰ ਚਰਨ- ਕਮਲ ਫੜ ਲਏ, ਤਾਂ ਰੱਬ ਸਰੂਪ ਉੱਤਮ ਬਕਤੇ ਬਾਬਾ ਫ਼ਰੀਦ ਸਾਹਿਬ ਜੀ ਨੇ ਇਹ ਉੱਤਮ ਉਪਦੇਸ਼ ਬਖ਼ਸ਼ਿਆ:- ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਨੇ ਆਪ ਦੁਆਰਾ ਕਿਹਾ, ਹੇ ਭਾਈ! (ਮੈ)ਦਾਸਨ ਦਾਸ ਨੂੰ ਪਗ ਦਾ (ਭੋਲਾਵਾ)ਭੁਲੇਖਾ ਹੈ ਕਿ ਮੇਰੀ ਪਗ ਮੈਲੀ (ਮਤੁ)ਨ ਹੋਇ ਜਾਇ, ਆਪਣੀ ਪਾਰਟੀ ਦਾ ਬੰਦਾ ਮਰਨ ਤੋਂ, ਜੇ ਦੂਜੀ ਪਾਰਟੀ ਦਾ ਬੰਦਾ ਨ ਮਾਰਿਆ, ਵਾ ਜੇ ਮੁਕੱਦਮਾ ਹਾਰ ਗਏ ਤਾਂ ਪੱਗ ਮੈਲੀ ਹੋ ਜਾਵੇਗੀ। ਪੱਗ ਮੈਲੀ ਦੇ ਅੰਦੇਸੇ ’ਚ ਇੱਕ ਦੂਜੇ ਦਾ ਸਿਰ ਵੱਢਦੇ ਰਹੇ ਹਾਂ। ਜਿਸ ਪੁਰਖ ਨੂੰ ਆਪਣੀ ਪੱਗ ਮੈਲੀ ਹੋਣ ਦਾ ਸੰਸਾ ਹੈ,ਉਸ ਦੇ ਸਿਰ ’ਤੇ ਕਾਂ ਵਿਸਟਾ ਖਾ

Sri Satguru Jagjit Singh Ji eLibrary NamdhariElibrary@gmail.com

ਕੇ, ਅਪਣੀ ਚੁਝ ਸਵਾਰੇਗਾ। ਯਥਾ:- ਜਿਹ ਸਿਰਿ; ਰਚਿ ਰਚਿ ਬਾਧਤ ਪਾਗ॥ ਸੋ ਸਿਰੁ; ਚੁੰਚ ਸਵਾਰਹਿ ਕਾਗ॥੧॥)

ਗਹਿਲਾ ਰੂਹੁ. ਨ ਜਾਣਈ; ਸਿਰੁ ਭੀ ਮਿਟੀ ਖਾਇ॥੨੬॥ (ਗਹਿਲਾ)ਬੇਸਮਝ ਰੂਹੁ (ਨ)ਨਹੀਂ (ਜਾਣਈ)ਜਾਣਦਾ ਕਿ ਮੇਰੇ ਸਿਰੁ ਨੂੰ ਭੀ ਮਿਟੀ ਨੇ ਹੀ ਖਾਇ ਜਾਣਾ ਹੈ। ਦੋਹਾਂ ਪਾਰਟੀਆਂ ਨੇ ਸ੍ਰੀ ਫ਼ਰੀਦ ਸਾਹਿਬ ਜੀ ਦੇ ਚਰਨ ਧੋ ਕੇ ਪੀਤੇ, ਸਤਿਸੰਗੀ ਬਣ ਕੇ ਨਿਹਾਲ ਹੋਏ। ਐਸੀਆਂ ਕਮਾਲ ਜਮਾਲ ਭਰੀਆਂ ਡੂੰਘੀਆਂ ਰਮਜ਼ਾਂ ਸਦਾ ਲਈ, ਸਾਡੇ ਵਰਗੇ ਮਹਾਨ ਪਾਪੀ ਜੀਆਂ ਨੂੰ ਤਾਰਦੀਆਂ ਰਹਿਣਗੀਆਂ। ਧੰਨ ਬਾਬਾ ਫ਼ਰੀਦ ਸਾਹਿਬ ਜੀ।

ਫਰੀਦਾ. ਸਕਰ ਖੰਡੁ ਨਿਵਾਤ ਗੁਤੁ; ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ; ਰਬ ਨ ਪੁਜਨਿ ਤੁਧੁ॥੨੭॥ ਉਥਾਨਕਾ:- ਪੂਰਨ ਭਗਤ ਬਾਬਾ ਸ੍ਰੀ ਫ਼ਰੀਦ ਸਾਹਿਬ ਜੀ ਦੇ ਮਾਤਾ ਜੀ ਨੇ, ਬਾਬਾ ਜੀ ਬੰਦਗੀ 'ਚ ਲਾਏ। ਮਾਤਾ ਜੀ ਕਹਿੰਦੇ, "ਹੇ ਪਿਆਰੇ ਸਪੁੱਤ੍ਰ ਜੀ! ਖ਼ੁਦਾ ਜੀ ਦੀ ਪ੍ਰੇਮਾ ਭਗਤੀ ਕਰੋ। " ਬੱਚਾ ਭੋਲ਼ਾ ਹੁੰਦਾ ਹੈ, ਜੇਕਰ ਸੱਚਿਆਰੀ ਮਾਂ ਆਪ ਬੰਦਗੀ ਕਰੇ, ਬੱਚੇ ਨੂੰ ਬੰਦਗੀ 'ਚ ਲਾਵੇ, ਉਸ ਨਾਲ ਬੈਠ ਕੇ ਸਿਮਰਨ ਕਰੇ, ਕ੍ਰੋੜਾਂ ਮਣਾਂ ਅਨੰਦ ਪਾਵੇ। ਬਾਬੇ ਫ਼ਰੀਦ ਸਾਹਿਬ ਜੀ ਨੇ ਪੁੱਛਿਆ, "ਹੇ ਮਾਤਾ ਜੀ! ਪਰਮ ਪਿਆਰੇ ਖ਼ੁਦਾ ਜੀ ਅੱਗੇ ਸਿਜਦਾ ਨਮਸਕਾਰ ਡੰਡਉਤ ਕਰਨ ਨਾਲ ਕੀ ਮਿਲਦਾ ਹੈ?" "ਸ਼ੱਕਰ ਮਿਲਦੀ ਹੈ। " ਇਨ੍ਹਾਂ ਨੂੰ ਸਿਮਰਨ ਦੀ ਆਦਤ ਪਕਾਉਣ ਲਈ, ਸਿਮਰਨ ਕਰਦਿਆਂ ਦੇ ਸ਼ੱਕਰ ਦੀ ਪੁੜੀ, ਮੁਸੱਲੇ ਹੇਠਾਂ ਚੋਰੀ ਰੱਖ ਦੇਣੀ, ਇਨ੍ਹਾਂ ਨੂੰ ਪਤਾ ਨ ਲੱਗਣ ਦੇਣਾ। ਸਿਮਰਨ ਮਗਰੋਂ ਕਹਿਣਾ, " ਮੁਸੱਲਾ ਚੁੱਕੋ, ਸ਼ੱਕਰ ਖਾਉ ਜੀ। " ਆਪ ਜੀ ਦਾ ਭੋਲ਼ਾ ਨਿਸ਼ਕਪਟ ਸਰਲ ਸੁਧਾ ਬਾਲਕ ਮਨ, ਮਿੱਠੇ ਦੇ ਪਿਆਰ 'ਚ, ਬੰਦਗੀ ਸਿਮਰਨ 'ਚ ਗਿੱਝ ਗਿਆ। ਨਿਆਣੀ ਉਮਰ ਦਾ ਅਭਿਆਸ ਬੜਾ ਹੀ ਅੱਛਾ ਲਾਭਦਾਇਕ ਹੁੰਦਾ ਹੈ। ਸੋ ਇਸ ਤਰ੍ਹਾਂ ਬੜੀ ਹੀ ਸਚਿਆਰੀ ਮਾਤਾ ਜੀ ਨੇ ਕ੍ਰਿਪਾ ਕਰਕੇ ਆਪ ਜੀ ਨੂੰ ਕਿਹਾ, "ਹੁਣ ਬਾਹਰ ਜਾ ਕੇ, ਤਕੜੇ ਹੋ ਕੇ ਬੰਦਗੀ ਕਰੋ। ਮਹਾਰਾਜ ਪ੍ਰਾਪਤ ਹੋਣਗੇ। " ਜੰਗਲ਼ 'ਚ ਬੰਦਗੀ ਕਰਨ ਲੱਗ ਪਏ। ਕਾਫ਼ੀ ਸਮੇਂ ਬਾਅਦ ਨਾਮ ਰਸ ਪ੍ਰਾਪਤ ਹੋ ਗਿਆ। ਆਪ ਜੀ ਵਾਪਿਸ ਘਰੇ ਆਏ। ਮਾਤਾ ਜੀ ਨੇ ਗਰਮ ੨ ਸਨਿਗਧ ਪਦਾਰਥ ਛਕਾਏ। ਪੁੱਛਿਆ,"ਹੇ ਪਿਆਰੇ ਬੱਚੇ! ਨਾਮ ਬੰਦਗੀ ਦਾ ਰਸ ਕੈਸਾ ਹੈ?" ਆਪ ਜੀ ਨੇ ਗੁਰਬਾਣੀ ਜੀ ਉਚਾਰੇ:-

ਫਰੀਦਾ. ਸਕਰ ਖੰਡੁ ਨਿਵਾਤ ਗੁਤੁ; ਮਾਖਿਉ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ; ਰਬ ਨ ਪੁਜਨਿ ਤੁਧੁ॥੨੭॥ ਫਰੀਦਾ ਸਾਹਿਬ ਜੀ ਅਕਾਲ ਪੁਰਖੁ ਜੀ ਦੇ ਸਨਮੁਖ ਕਹਿ ਰਹੇ ਹਨ:- ਹੇ ਪਿਆਰੇ (ਰਬ)ਅਕਾਲ ਪੁਰਖ ਵਾਹਿਗੁਰੂ ਜੀ! ਭਾਵੇਂ ਸਕਰ ਖੰਡੁ (ਨਿਵਾਤ)ਮਿਸ਼ਰੀ ਗੁੜ (ਮਾਖਿਉ)ਮਖਿਆਲ (ਮਾਂਝਾ)ਮੱਝਾਂ ਦਾ ਦੁਧੁ, ਇਹ (ਸਭੇ)ਸਾਰੀਆਂ (ਵਸਤੂ)ਵਸਤੂਆਂ ਮਿਠੀਆਂ ਹਨ, ਪਰ (ਤੁਧੁ)ਆਪ ਜੀ ਦੇ ਅੰਮ੍ਰਿਤ ਬ੍ਰਹਮਾਨੰਦ ਸੁਆਦ ਨਾਮ ਰਸ ਨੂੰ (ਨ)ਨਹੀਂ (ਪੁਜਨਿ)ਪਹੁੰਚ ਸਕਦੀਆਂ। ਯਥਾ:- ਕਹੁ ਕਬੀਰ. ਗੂੰਗੈ ਗੁੜੁ ਖਾਇਆ; ਪੂਛੇ ਤੇ. ਕਿਆ ਕਹੀਐ॥) ਹਲਤਿ ਸੁਖੁ.ਪਲਤਿ ਸੁਖੁ,ਨਿਤ ਸੁਖੁ ਸਿਮਰਨੋ; ਨਾਮੁ ਗੋਬਿੰਦ ਕਾ ਸਦਾ ਲੀਜੈ॥ ਮਿਟਹਿ ਕਮਾਣੇ ਪਾਪ ਚਿਰਾਣੇ; ਸਾਧਸੰਗਤਿ ਮਿਲਿ. ਮੁਆ ਜੀਜੈ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥) ਸੁਖਾ ਕੀ ਮਿਤਿ.ਕਿਆ ਗਣੀ; ਜਾ ਸਿਮਰੀ ਗੋਵਿੰਦੁ॥ ਜਿਨ ਚਾਖਿਆ.ਸੇ ਤ੍ਰਿਪਤਾਸਿਆ; ਉਹ ਰਸੁ ਜਾਣੈ ਜਿੰਦੁ॥ ਸੰਤਾ ਸੰਗਤਿ ਮਨਿ ਵਸੈ; ਪ੍ਰਭੁ ਪ੍ਰੀਤਮੁ ਬਖਸਿੰਦੁ॥ ਜਿਨਿ ਸੇਵਿਆ ਪ੍ਰਭੁ ਆਪਣਾ; ਸੋਈ ਰਾਜ ਨਰਿੰਦੁ॥੨॥)

Sri Satguru Jagjit Singh Ji eLibrary NamdhariElibrary@gmail.com

ਲਾਵਣੁ ਪੋਲਾ- ਫਰੀਦਾ. ਰੋਟੀ ਮੇਰੀ ਕਾਠ ਕੀ; ਲਾਵਣੁ ਮੇਰੀ ਭੁਖ॥ ਜਿਨ੍ਹਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ {ਉਥਾਨਕਾ:- ਫ਼ਰੀਦਕੋਟਿ ਕਿਲੇ ਵਿਖੇ, ਆਪ ਜੀ ਦੀ, ਕਾਠ ਦੀ ਰੋਟੀ ਆਪ ਜੀ ਦੀ ਅਮਰ ਯਾਦਗਾਰ ਹੈ। ਬ੍ਰਿੱਛ ਕਾਠ ਹਨ, ਉਨ੍ਹਾਂ ਨਾਲ ਲੱਗੇ ਫ਼ਲ ਕਾਠ ਦੀ ਰੋਟੀ ਹਨ। ਕਾਠ ਦੀ ਰੋਟੀ ਦਾ ਭਾਵ ਰਸਨਾ ਦੇ ਸੁਆਦ ਦਾ ਸੰਪੂਰਨ ਤਿਆਗ ਕਰਨਾ, ਪੱਤ੍ਰ ਫ਼ਲ ਖਾ ਕੇ ਖ਼ੂਬ ਬੰਦਗੀ ਕਰਨੀ। ਸਖ਼ਤ ਬੰਦਗੀ ਕਰਦਿਆਂ, ਸ਼ਰੀਰ ਨੂੰ ਚਲਾਉਣ ਲਈ, ਥੋੜਾ ੨ ਸੰਤੋਖ ਨਾਲ ਸਾਦਾ ਤਾਜ਼ਾ ੨ ਹੀ ਛਕਣਾ, ਆਪ ਜੀ ਖ਼ੂਹ 'ਚ ਪੁੱਠੇ ਲਮਕ ਕੇ ਬੰਦਗੀ ਕਰਦੇ ਰਹੇ, ਸ਼ਰੀਰ ਸੁੱਕ ਕੇ ਪਿੰਜਰਾ ਹੋ ਗਿਆ। ਜਿਵੇਂ ਸੰਤ ਬਾਬਾ ਅਤਰ ਸਿੰਘ ਸਾਹਿਬ ਜੀ ਬੰਦਗੀ ਕਰਦਿਆਂ ਦਾ ਸ਼ਰੀਰ ਸੁੱਕ ਕੇ ਪਿੰਜਰਾ ਹੋਇਆ ਫ਼ੋਟੋ ਦੇਖਿਆ। ਵਾਹਿਗੁਰੂ ਜੀ ਆਪ ਬਾਬਾ ਫ਼ਰੀਦਾ ਸਾਹਿਬ ਜੀ ਦੇ ਸਰੂਪ 'ਚ ਪ੍ਰਗਟ ਹੋ ਕੇ, ਵਾਹਿਗੁਰੂ ਦੇ ਦਿਵਾਨੇ ਮਸਤਾਨੇ ਇਲਾਹੀ ਅਲਮਸਤ ਬੇਫ਼ਿਕਰ ਬੰਦਗੀ ਰੱਤੇ ਅਤੀਤ ਬਿਰਕਤੀ ਵਾਲੇ ਭੇਸ 'ਚ, ਵੈਰਾਗਮਈ ਜ਼ਿੰਦਗੀ ਦਾ ਨਕਸ਼ਾ ਆਪ ਕਮਾ ਕੇ, ਦਿਖਾ ਰਹੇ ਹਨ, ਕਿ ਖਾਣਾ ਪੈਨ੍ਣਾ ਦਰਵੇਸ਼ਾਂ ਵਾਲਾ, ਰਹਿਣੀ ਕਰਣੀ ਕਮਾਈ ਬੰਦਗੀ ਜੋਧੜੀ ਦਰਵੇਸ਼ਾਂ ਵਾਲੀ। ਆਪ ਜੀ ਨੇ ਬੰਦਗੀ ਕਰਦਿਆਂ ੨ ਬਹੁਤੀ ਭੁੱਖ ਲੱਗਣ ਤੋਂ ਘੁਮ੍ਿਆਰ ਘਰੋਂ ਛਕਣ ਲਈ ਮੰਗਿਆ, ਉਨ੍ਹਾਂ ਵੱਡਾ ਕੱਚਕੌਲ ਦਿਤਾ, "ਲਉ ਫ਼ਕੀਰ ਸਾਂਈ ਜੀ! ਗ੍ਰੀਬਾਂ ਕੋਲ਼ ਤਾਂ ਇਹ ਹੀ ਹੈ"। ਅੱਠਾਂ ਪਹਿਰਾਂ ਬਾਅਦ ਆਉਂਦੇ, ਕੱਚਕੌਲ ਡਕੱਲ ਕੇ ਛੱਕ ਲੈਂਦੇ। ਇੱਕ ਸਚਿਆਰੀ ਮਾਈ ਕਿਹਾ, "ਹੇ ਫ਼ਕੀਰ ਸਾਂਈ ਜੀ! ਤੁਸੀਂ ਖਾਣ ਪੀਣ ਦੇ ਬਹੁਤ ਹੀ ਲਾਲਚੀ ਹੋਂ, ਇਤਨਾ ਵੱਡਾ ਭਾਂਡਾ ਰੱਖਿਆ, ਇਸ ਨੂੰ ਭਰ ਕੇ ਛਕਦੇ ਹੋਂ"। "ਹਾਂ ਮਾਤਾ ਜੀ!, ਇਸ ਨਾਲ ਅੱਠ ਪਹਿਰ ਲੰਘ ਜਾਂਦੇ ਹਨ, ਭੁੱਖ ਸਤਾਉਂਦੀ ਹੈ ਕੀ ਕਰਾਂ"? ਅੱਗੋਂ ਕਿਹਾ, "ਇਹ ਪ੍ਰਮਾਤਮਾ ਜੀ ਦੀ ਪ੍ਰਾਪਤੀ ਦਾ ਢੰਗ ਨਹੀਂ"। "ਫਿਰ ਦੱਸੋ ਕੀ ਕਰਾਂ"? ਅੱਗੋਂ ਕਿਹਾ,"ਇਸ ਨੂੰ ਭਰ ਕੇ ਛਕਦੇ ਹੋਂ, ਰੋਜ਼ ਥੋੜਾ ਜਿਹਾ ਘਸਾਉਂਦੇ ਜਾਉ, ਸੰਤੋਖ ਆਵੇਗਾ"। ਸੋ ਉਸ ਨੂੰ ਘਸਾਉਂਦਿਆ ੨ ਕੇਵਲ ਕਾਠ ਦੀ ਰੋਟੀ ਰਹਿ ਗਈ, ਅਪਨੇ ਢਿੱਡ ਨਾਲ ਬੰਨ੍ ਲਈ। ਫੇਰ ਬੜੇ ਹੀ ਸੰਤੋਖ ਸਹਿਤ ਨਿਰੰਕਾਰੀ ਨਾਮੁ ਅਧਾਰ ਹੋ ਗਏ। ਯਥਾ:- ਇਕਿ ਨਿਰੰਕਾਰੀ; ਨਾਮ ਆਧਾਰਿ॥) ਸੰਤੋਖਿ ਸਦਾ ਤ੍ਰਿਪਤੀਵਨਾ॥) ਸਬਰ ਅੰਦਰਿ ਸਾਬਰੀ; ਤਨੁ ਏਵੈ ਜਾਲੇਨ੍ਿ॥ ਹੋਨਿ ਨਜੀਕਿ ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥ ਦੁੱਖ ਭੁੱਖ ਉਂਨੀਦ੍ਾ ਤ੍ਰੇਹ ਸਹਾਰਦਿਆਂ, ਪੂਰਨ ਬੰਦਗੀ ਕਰਦਿਆਂ ਇਹ ਸਲੋਕ ਉਚਾਰਿਆ।

ਫਰੀਦਾ. ਰੋਟੀ ਮੇਰੀ ਕਾਠ ਕੀ; ਲਾਵਣੁ ਮੇਰੀ ਭੁਖ॥ ਜਿਨ੍ਹਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ {ਪਰਮਪੂਜਨੀਕ ਸ਼ਹੀਦ ਭਾਈ ਜੇਠਾ ਜੀ, ਭਾਈ ਪਿਰਾਣਾ ਸਾਹਿਬ ਜੀ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼, ਪਰਮਪੂਜਨੀਕ ਵਾਹਿਗੁਰੂ ਮਹੱਲੇ ਪੰਜਵੇਂ ਜੀ ਨਾਲ ਆਪਣੀ ਸ਼ਹੀਦੀ ਦੇਣ ਲਹੌਰ ਗਏ ਸਨ, ਪਰ ਸੱਚੇ ਪਾਤਿਸ਼ਾਹ ਜੀ ਨੇ ਸਤਿਗੁਰੂ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਦੀ ਅਤਿਅੰਤ ਪਿਆਰੀ ਸੱਚਿਆਰੀ ਸੇਵਾ ਕਰਨ ਦਾ ਫ਼ੁਰਮਾਨ ਕੀਤਾ। ਜਿਸ ਸਮੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਵਿੰਦ ਸਾਹਿਬ ਜੀ ਗਵਾਲੀਅਰ ਕਿਲੇ'ਚ ਸਨ, ਇਹ ਦੋਵੇਂ ਮਹਾਂਪੁਰਸ਼ ਬਜ਼ਾਰ'ਚ ਜਾ ਕੇ ਲੋਹਾ ਕੁੱਟ ਕੇ, ਸੱਚੇ ਪਾਤਿਸ਼ਾਹ ਜੀ ਲਈ ਰਸਦ ਖ਼ਰੀਦ ਕੇ ਲਿਆਉਂਦੇ, ਇਹ ਮਹਾਂਪੁਰਸ਼ ਮਹੱਲੇ ਛੇਵੇਂ ਪਾਤਿਸ਼ਾਹ ਜੀ ਦੇ ਦਲਾਂ ਦੇ ਆਗੂ ਮੁਖੀ ਜੱਥੇਦਾਰ ਬਣੇ, ਗੁਰੂ ਹਿਤ ਧਰਮਯੁੱਧ'ਚ ਸ਼ਹੀਦ ਹੋਏ। ਸੋ ਦੋਵੇਂ ਗੁਰਮੁਖਿ ਲੋਹਾ ਕੁੱਟ ਕੇ, ਸੱਚੇ ਪਾਤਿਸ਼ਾਹ ਜੀ ਲਈ ਰਸਦ ਖ਼ਰੀਦ ਕੇ ਲਿਆਉਂਦੇ, ਇਹ ਕਾਠ ਦੀ ਰੋਟੀ ਹੈ}

ਫਰੀਦਾ. ਰੋਟੀ ਮੇਰੀ ਕਾਠ ਕੀ; ਲਾਵਣੁ ਮੇਰੀ ਭੁਖ॥ ਬਾਬਾ ਸ਼ੇਖ਼ ਫਰੀਦਾ ਸਾਹਿਬ ਜੀ ਪੂਰਨ ਹੰਗਤਾ ਰਹਿਤ ਹੋ ਕੇ, ਔਗੁਣਾਂ ਵਿਕਾਰਾਂ ਪਾਪਾਂ ਰਹਿਤ ਪੂਰਨ ਬੈਰਾਗ 'ਚ ਲੀਣ ਹੋ ਕੇ, ਸ੍ਰਬ ਵਿਆਪੀ ਮਹਾਂ ਵਿਸਮਾਦ

Sri Satguru Jagjit Singh Ji eLibrary NamdhariElibrary@gmail.com

ਵੈਰਾਗ ਹੀ ਵੈਰਾਗ ਸਹਿਤ, ਅਕਾਲ ਪੁਰਖ ਜੀ ਦੇ ਸਨਮੁਖ ਘਣੀ ਤੋਂ ਘਣੀ ਗ਼ਰੀਬੀ ਨਾਲ ਪ੍ਰੇਮ ਬੇਨਤੀ ਕਰਦੇ ਹਨ। ਹੇ ਅਕਾਲ ਪੁਰਖ ਜੀ! ਆਪ ਜੀ ਦੇ ਛੋਟੇ ਬੱਚੇ (ਮੇਰੀ)ਦਾਸਨ ਦਾਸ ਦੀ ਭੁਖ (ਲਾਵਣੁ)ਲਾਹੁਣ ਲਈ, (ਮੇਰੀ)ਦਾਸਨ ਦਾਸ ਦੀ ਰੋਟੀ (ਕਾਠ)ਲੱਕੜ ਬ੍ਰਿੱਛਾਂ ਦੇ ਫ਼ਲ਼ ਪੱਤ੍ਰ ਹੈ, (ਕਾਠ)ਬਨਾਸਪਤੀ ਕਣਕ ਛੋਲੇ ਆਦਿ ਰੁੱਖੀ ਮਿੱਸੀ ਸਾਦੀ ਹੈ ਜੀ।

ਉਪ੍ਰੋਕਤ ਸਲੋਕ 'ਚ ਬਾਬੇ ਫ਼ਰੀਦ ਸਾਹਿਬ ਜੀ ਨੇ ਫ਼ੁਰਮਾਇਆ ਹੈ ਕਿ ਜਿਨ੍ਹਾਂ ਨੇ ਚੋਰੀ ਯਾਰੀ ਡਾਕੇ ਗ਼ਰੀਬਾਂ ਦਾ ਖ਼ੂਨ ਨਿਚੋੜ ਕੇ ਜਿਵੇਂ ਮਲਕ ਭਾਗੋ ਦੇ ਮਾਲ ਪੂੜਿਆਂ 'ਚੋਂ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਖ਼ੂਨ ਕੱਢਿਆ ਸੀ, ਇਸ ਤਰ੍ਹਾਂ ਜਿਨ੍ਹਾ ਨੇ (ਚੋਪੜੀ)ਸਨਿਗਧ ਤਲੇ ਰੰਗਾਂ ੨ ਦੇ ਪਦਾਰਥ (ਖਾਧੀ)ਛਕੇ ਹਨ। ਉਹ ਘਣੇ ਦੁਖ ਸਹਨਿਗੇ। ਗੁਰਪ੍ਰਸਾਦਿ ਸਾਦਾ ਛਕਣਾ ਬਹੁਤ ਹੀ ਗੁਣਕਾਰੀ ਹੈ:- ਮਹਾਤਮਾ ਜੀ ਜਾਂ ਹੋਰ ਕਿਸੇ ਨੂੰ ਭੀ ਧੱਕੇ ਨਾਲ ਪਦਾਰਥ ਨ ਛਕਾਉ, ਧੱਕਾ ਕਰਨਾ ਸਿਹਤ ਦੇ ਬਿਲਕੁਲ ਹੀ ਉਲਟ ਹੈ। ਇੱਕ ਤਾਂ ਉਮਰ ਵਡੇਰੀ ਹੋਵੇ, ਦੂਜਾ ਖਾਣ ਪੀਣ ਦਾ ਧੱਕਾ ਕੀਤਾ ਜਾਵੇ, ਤੀਜਾ ਵਰਜ਼ਿਸ਼ ਨਾ ਹੋਵੇ। ਸੋ ਧੱਕੇ ਨਾਲ ਛਕਾਉਣ ਦਾ ਪਾਪ ਲੱਗਦਾ ਹੈ। ਪਰਮਪੂਜਨੀਕ ਧੰਨ ਸੱਚੇ ਸਤਿਗੁਰੂ ਤੀਜੇ ਪਾਤਿਸ਼ਾਹ ਜੀ ਦੇ ਨੂਰੀ ਦਰਸ਼ਨ, ਸ੍ਰੀ ਗੋਇੰਦਵਾਲ ਸਾਹਿਬ ਜੀ ਵਿਖੇ, ਅਕਬਰ ਨੇ ਕੀਤੇ, ਨੂਰੀ ਚਿਹਰਾ ਦੇਖ ਕੇ, ਬਹੁਤ ਹੈਰਾਨੀ ਹੋਈ, ਬਈ ਐਨੀ ਲੰਮੀ ਉਮਰ 'ਚ, ਚਿਹਰਾ ਐਨਾ ਲਾਲ ਜਮਾਲ ਵਾਲਾ ਕਿਉਂ ਹੈ? ਸੰਸਾਰੀ ਸੋਚਣੀ ਅਨੁਸਾਰ ਸੋਚਿਆ ਬਈ ਇਹ ਚੰਗੀ ਤੋਂ ਚੰਗੀ ਖ਼ੁਰਾਕ ਖਾਂਦੇ ਹੋਣਗੇ। ਪਰਮਪੂਜਨੀਕ ਸੱਚੇ ਸਤਿਗੁਰਾਂ ਪੁੱਛਿਆ,"ਬਾਦਸ਼ਾਹ ਕੀ ਛਕਣਾ ਹੈ?" ਹੱਥ ਜੋੜ ਕੇ ਕਿਹਾ,"ਜੋ ਤੁਸੀਂ ਛਕਦੇ ਹੋਂ"। ਕੋਟਾਨਿ ਕੋਟਿ ਬ੍ਰਹਮੰਡਾਂ ਦੇ ਮਾਲਕ ਵਾਹਿਗੁਰੂ ਬ੍ਰਹਮ ਧੰਨ ਨਿਰੰਕਾਰ ਸੱਚੇ ਸਤਿਗੁਰੂ ਨਾਨਕ ਦੇਵ ਜੀ ਦੇ ਤੀਜੇ ਅਵਤਾਰ ਸਤਿਗੁਰੂ ਸਾਹਿਬ ਜੀ, ਆਪ ਅਲੂਣਾ ਦਲੀਆ ਛਕਦੇ ਸਨ, ਉਹ ਹੀ ਛਕਾਇਆ। ਅਕਬਰ ਛਕ ਕੇ ਨਿਹਾਲ ਹੋਇਆ ਤੇ ਕਿਹਾ, "ਮੈਂ ਸਾਰੀ ਜ਼ਿੰਦਗੀ 'ਚ ਐਨਾ ਸੁਆਦਲਾ ਭੋਜਨ ਨਹੀਂ ਛਕਿਆ"।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸੱਚੀ ਸਿੱਖਿਆ:- ਪਿਛਲੀ ਉਮਰ 'ਚ ਦੁੱਧ ਘਿਉ ਮਿੱਠਾ ਤਲ਼ੀ ਚੀਜ਼ ਬੰਦ ਕਰਨੀ ਚਾਹੀਦੀ ਹੈ। ਗੁਰਬਾਣੀ ਜੀ ਦੇ ਅਭਿਆਸ ਬਿਨਾ, ਰੂਹ ਤਰਸਦੀ ਬਿਲਪਦੀ ਹੈ। ਯਥਾ:- ਮਃ ੩॥ ਕਿਆ ਗਭਰੂ ਕਿਆ ਬਿਰਧਿ ਹੈ; ਮਨਮੁਖ. ਤ੍ਰਿਸਨਾ ਭੁਖ ਨ ਜਾਇ॥ ਪਰਮਪੂਜਨੀਕ ਸੱਚੇ ਸਤਿਗੁਰਾਂ ਨੇ ਆਪ ਸਾਦਾ ਛਕ ਕੇ, ਸਾਦਾ ਛਕਣ ਦਾ ਧੀਰਜ ਦਿਤਾ ਹੈ। ਪਰਮਪੂਜਨੀਕ ਸੱਚੇ ਸਤਿਗੁਰਾਂ ਦਾ ਸੁਆਸ ੨ ਧਿਆਨ ਧਾਰ ਕੇ, ਰੋਮ ੨ ਕਰਕੇ ਨਮਸਕਾਰ ਕਰਨੀ ਚਾਹੀਦੀ ਹੈ। ਸਾਦਾ ਛਕਣ ਬਾਰੇ, ਹੇਠ ਲਿਖੇ ਇਕੱਲੇ ੨ ਪਦ ਦਾ ਖ਼ਾਸ ਪ੍ਰੇਮ ਨਾਲ ਬਾਰ ੨ ਅਭਿਆਸ ਕਰਦੇ ਰਹਿਣਾ ਚਾਹੀਦਾ ਹੈ। ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਗ੍ਰਿਹਿ ਸਾਕਤ ਛਤੀਹ ਪ੍ਰਕਾਰ; ਤੇ ਬਿਖੂ ਸਮਾਨ॥੨॥ (੮੧੧) ਫਰੀਦਾ ਰੋਟੀ ਮੇਰੀ ਕਾਠ ਕੀ; ਲਾਵਣੁ ਮੇਰੀ ਭੁਖ॥ ਜਿਨਾ ਖਾਧੀ ਚੋਪੜੀ; ਘਣੇ ਸਹਨਿਗੇ ਦੁਖ॥੨੮॥ ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥) ਅਧੁ ਗੁਲ੍ਹਾ ਚਿੜੀ ਕਾ ਚੁਗਣੁ; ਗੈਣਿ ਚੜੀ ਬਿਲਲਾਇ॥ ਖਸਮੈ ਭਾਵੈ ਓਹਾ ਚੰਗੀ; ਜਿ ਕਰੇ ਖੁਦਾਇ ਖੁਦਾਇ॥) ਹਰਣੀ ਹੋਵਾ ਬਨਿ ਬਸਾ; ਕੰਦ ਮੂਲ ਚੁਣਿ ਖਾਉ॥ ਗੁਰ ਪਰਸਾਦੀ ਮੇਰਾ ਸਹੁ ਮਿਲੈ; ਵਾਰਿ ਵਾਰਿ ਹਉ ਜਾਉ ਜੀਉ॥੧॥ ਉਪ੍ਰੋਕਤ ਪਦਾਂ ਅਨੁਸਾਰ ਸਾਦਾ ਪਦਾਰਥ ਛਕਣ ਨਾਲ ਸ੍ਰੀਰ ਰਿਸਟ ਪੁਸਟ ਤੰਦਰੁਸਤ ਰਹਿੰਦਾ ਹੈ। ਸ੍ਰੀਰ ਨੂੰ ਸਾਦਾ ਸੰਤੁਲਤ ਭੋਜਨ ਦੇ ਕੇ, ਖ਼ੂਬ ਵਰਜ਼ਿਸ਼ ਕਰਕੇ ਸ਼ੁੱਧ ਗੁਰਬਾਣੀ ਕਥਾ ਕੀਰਤਨ ਗਾ ਕੇ, ਮਜ਼ਬੂਤ ਕੀਤਾ ਜਾਵੇ। ਆਪਣੇ ਬਲ ਦੇ ਹੰਕਾਰ ਦੀ ਨਵਿਰਤੀ ਲਈਂ ਗੁਰਬਾਣੀ ਦਾ ਖ਼ੂਬ ਅਭਿਆਸ ਕੀਤਾ ਜਾਵੇ। ਹੇ ਪ੍ਰੇਮੀ ਜੀਓ! ਰੱਬ ਜੀ ਦੇ ਰਾਹ ਤੇ ਚੱਲਣ ਵਾਲੇ ਵਿਰਲੇ ਹੀ ਬੰਦੇ

Sri Satguru Jagjit Singh Ji eLibrary NamdhariElibrary@gmail.com

ਹਨ। ਜਿਵੇਂ ਆੜ ਪੰਛੀ ਆਪਣਾ ਪੋਟਾ ਭਰ ਲੈਂਦਾ ਹੈ, ਫੇਰ ਉੱਡ ਨਹੀਂ ਸਕਦਾ, ਉਸ ਨੂੰ ਸ਼ਿਕਾਰੀ ਜਾਲ਼ ’ਚ ਫਸਾ ਲੈਂਦਾ ਹੈ, ਜਾਂ ਸੋਟਾ ਮਾਰ ਕੇ ਮਾਰ ਲੈਂਦਾ ਹੈ। ਤੂ ਕੈਸੇ ਆੜਿ ਫਾਥੀ ਜਾਲਿ॥ ਇਸ ਤਰ੍ਹਾਂ ਜ਼ਿਆਦਾ ਖਾਣ ਨਾਲ ਜੀਵ ਰੂਪੀ ਪੰਛੀ, ਬੈਰਾਗ ਵਿਵੇਕ ਰੂਪੀ ਖੰਭਾਂ ਨਾਲ, ਹਉਮੈ ਦੇ ਤਿਆਗ ਰੂਪੀ ਉਡਾਰੀ ਨਹੀਂ ਮਾਰ ਸਕਦਾ। ਉਸ ਨੂੰ ਕਾਲ਼ ਰੂਪੀ ਸ਼ਿਕਾਰੀ ਮਾਰ ਲੈਂਦਾ ਹੈ। ਯਥਾ:- ਖਾਣਾ ਪੀਣਾ ਪਵਿਤ੍ਰ ਹੈ; ਦਿਤੋਨੁ ਰਿਜਕੁ ਸੰਬਾਹਿ॥ ਅਨੁਸਾਰ ਭਾਈ ਮਲਿਆਗਰ ਸਿੰਘ ਜੀ ਵਾਂਗ ਬਹੁਤ ਹੀ ਸੰਤੋਖ ਨਾਲ ਛਕੇ। ਸੋ ਨਿਉਂਦੇ ਜੇ ਸੰਤੋਖ ਨਾਲ ਨਾ ਛਕੇ ਜਾਣ ਤਾਂ ਹੋਸ਼ ਮਾਰ ਲੈਂਦੇ ਹਨ, ਬ੍ਰਹਮ ਵਿੱਦਿਆ ਨਹੀਂ ਪੜ੍ਹਨ ਦਿੰਦੇ। ਕਥਾ ਕੀਰਤਨ ਭਜਨ ਰੌਲ਼ ਲਾਉਣ ਸਮੇਂ ਨੀਂਦ ਆਉਂਦੀ ਹੈ, ਸਿਮਰਨ ਬਿਨਾ ਨਿਉਂਦੇ ਛਕਦਿਆਂ ੨ ਅਖ਼ੀਰ ਸ਼ਰੀਰ ਰੋਗੀ ਹੋ ਜਾਂਦੇ ਹਨ। ਪੂਜਾ ਦੇ ਧਾਨ ਜ਼ਹਿਰ ਨੂੰ, ਅੰਮ੍ਰਿਤ ਬਨਾਉਣ ਵਾਲੇ ਪਰਮਪੂਜਨੀਕ ਮਹਾਂਪੁਰਸ਼ਾਂ ਦਾ ਦ੍ਰਿਸਟਾਂਤ:- ਸੇਵਾ ਦੇ ਸੂਰਜ ਸਿਮਰਨ ਦੇ ਅਵਤਾਰ ਮਾਇਆ ਦੇ ਤਿਆਗੀ, ਪੂਰਨ ਮਹਾਂਪੁਰਸ਼ ਸੰਤ ਬਾਬਾ ਗੁਰਮੁਖਿ ਸਿੰਘ ਜੀ ਪਟਿਆਲੇ ਵਾਲਿਆਂ ਪਾਸ, ਜਦੋਂ ਕੋਈ ਪ੍ਰੇਮੀ ਜਾਂਦਾ, ਫੁੱਲੀਆਂ ਦਾ ਪ੍ਰਸ਼ਾਦ ਦੇਣ ਸਮੇਂ ਕਹਿੰਦੇ, “ਲੈ ਸਾਊ ਜ਼ਹਿਰ। ” ਉਸ ’ਚੋਂ ਭੀ ਅੱਧਾ ਪ੍ਰਸ਼ਾਦ ਵਾਪਿਸ ਮੋੜ ਲੈਂਦੇ। ਗਏ ਪ੍ਰੇਮੀ ਨੂੰ ਇਹ ਸੰਸਕਾਰ ਪੱਕ ਜਾਂਦਾ, ਬਈ ਪੂਜਾ ਦਾ ਧਾਨ ਜ਼ਹਿਰ ਹੈ, ਉਹ ਹੀ ਪ੍ਰੇਮੀ ਕਾਮਯਾਬ ਹੋ ਜਾਂਦਾ। ਜਿਹੜੇ ਪੂਜਾ ਦੇ ਧਾਨ ਨੂੰ ਆਪਣੀ ਐਸ਼ ਪ੍ਰਸਤੀ ’ਚ ਲਾਉਂਦੇ ਹਨ, ਉਹ ਮਸੰਦ ਬਣਦੇ ਹਨ। ਇੱਕ ਵਾਰੀ ਬਾਬਾ ਗੁਰਮੁਖਿ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ, “ਪ੍ਰੇਮੀਓ! ਇਹ ਇੱਟਾਂ ਚੁੱਕ ਕੇ ਦੂਜੇ ਪਾਸੇ ਸੁੱਟੋ”। ਅਗਲੇ ਦਿਨ ਫੇਰ ਉਸੇ ਜਗ੍ਹਾ ਸੁੱਟਵਾ ਦਿੱਤੀਆਂ। ਪ੍ਰੇਮੀਆਂ ਦੇ ਪੁੱਛਣ ਤੋਂ ਬਾਬਾ ਜੀ ਨੇ ਬੜੇ ਸਨਿਗਧ ਪ੍ਰੇਮ ਨਾਲ ਉੱਤ੍ਰ ਦਿੱਤਾ, “ਭਾਈ ਤੁਸੀਂ ਪੂਜਾ ਦਾ ਧਾਨ ਖਾ ਕੇ, ਵਿਹਲੇ ਰਹਿ ਕੇ ਗੱਲਾਂ ਕਰਨੀਆਂ ਸਨ। ਇਸ ਕਰਕੇ ਤੁਹਾਨੂੰ ਇਸ ਸੇਵਾ ’ਚ ਲਾ ਕੇ ਵਾਹਿਗੁਰੂ ਮੰਤ੍ਰ ਦਾ ਅਭਿਆਸ ਕਰਾਇਆ ਹੈ”। ਐਸੇ ਦੀਨ ਦਇਆਲ ਮਹਾਂਪੁਰਸ਼ ਹੁਕਮ ਕਰਦੇ, “ਭਾਈ! ਜਦੋਂ ਬਸਤ੍ਰ ਫਟੇ ਟਾਕੀ ਲਾਉ, ਬਾਰ ੨ ਲਾਉਂਦੇ ਜਾਉ, ਆਈ ਮਾਇਆ ਸੇਵਾ ’ਚ ਪਾਉਂਦੇ ਜਾਉ”। ਬਾਬਾ ਜੀ ਦੇ ਪ੍ਰੇਮੀ ਨਵੇਂ ਬਸਤ੍ਰ ਨੂੰ ਭੀ ਟਾਕੀ ਲਾਉਂਦੇ ਹਨ। ਬਈ ਕੋਈ ਬਸਤ੍ਰ ਟਾਕੀ ਤੋਂ ਬਿਨਾ ਨ ਰਹੇ। ਪੂਰਨ ਮਹਾਂਪੁਰਸ਼ਾਂ ਦੇ ਇਸ ਗੁਣ ਤੋਂ ਅਲੌਕਿਕ ਇਲਾਹੀ ਸਿੱਖਿਆ ਮਿਲਦੀ ਹੈ, ਕਿ ਗੁਰੂ ਘਰ ਦੀ ਅਥਵਾ ਅਪਣੇ ਘਰ ਦੀ ਕੋਈ ਭੀ ਚੀਜ਼ ਖ਼ਰਾਬ ਨਹੀਂ ਹੋਣ ਦੇਣੀ।

ਰੁੱਖੀ ਸੁੱਖੀ- ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥) ਨਾਨਕ ਬ੍ਰਹਮਗਿਆਨੀ; ਆਪਿ ਪਰਮੇਸੁਰ॥ ਪੂਰਨ ਬ੍ਰਹਮਗਿਆਨੀ ਭਗਤ ਬਾਬਾ ਫ਼ਰੀਦ ਸਾਹਿਬ ਜੀ, ਸਤ ਸੰਤੋਖੁ ਦਇਆ ਕਮਾਵੈ; ਏਹ ਕਰਣੀ ਸਾਰ॥ ਅਨੁਸਾਰ ਸੰਤੋਖ ਰੱਖਣ ਲਈ ਫ਼ੁਰਮਾ ਰਹੇ ਹਨ:- ਹੇ ਫਰੀਦਾ! ਜ਼ੋਰ ਜ਼ੁਲਮ ਮੰਦੇ ਧੰਦੇ ਕਰਕੇ, ਜੀਆਂ ਦਾ ਖ਼ੂਨ ਨਿਚੋੜ ਕੇ ਵੱਢੀ ਲੈ ਕੇ, ਮਾਸ ਸ਼ਰਾਬ ਤਲ਼ੇ ਪਦਾਰਥ ਖੀਰਾਂ ਪੂੜੇ ਰੰਗਾਂ ੨ ਦੇ ਪਦਾਰਥ ਰੂਪੀ ਪਰਾਈ ਚੋਪੜੀ ਰੋਟੀ ਦੇਖਿ ਕੇ, ਆਪਣੇ (ਜੀਉ)ਜੀਅ ਨੂੰ ਨਾ (ਤਰਸਾਏ)ਤਰਸਾ, ਪਰਾਈ ਚੋਪੜੀ ਰੋਟੀ ਕਦੇ ਭੁੱਲ ਕੇ ਭੀ ਨ ਖਾ। ਦਾਲ ਭਾਜੀ ਬਿਨਾ ਰੁਖੀ, (ਸੁਖੀ)ਅਨਚੋਪੜੀ ਖਾਇ (ਕੈ)ਕੇ, ਠੰਢਾ ਪਾਣੀ (ਪੀਉ)ਪੀਣਾ ਕਰ, ਭਾਵ ਬਿਲਕੁਲ ਹੀ ਸਾਦੇ ਤੋਂ ਸਾਦਾ ਫ਼ਕੀਰੀ ਖਾਣਾ ਖਾਇਆ ਕਰ। ਨੇਕ ਸਾਊ ਬੰਦੇ ਸਾਦਾ ਪਦਾਰਥ ਛਕਦੇ ਹਨ। ਵਾਹਿਗੁਰੂ॥ ਪਹਿਲੀ ਉਦਾਸੀ:- ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ ਨੇ, ਸੁਭ ਚਿਤਵਨਿ; ਦਾਸ ਤੁਮਾਰੇ॥ ਅਨੁਸਾਰ ਸ੍ਰਬੱਤ ਦੇ ਭਲੇ ਦੀ ਸ਼ੁਭ ਵੀਚਾਰ ਕੀਤੀ, ਕਿ ਘਰ ਬੈਠ ਕੇ, ਸਿੱਖੀ ਧਰਮ ਪਰਉਪਕਾਰ ਨਹੀਂ ਹੋ ਸਕਦਾ। ਪ੍ਰਭ ਮੇਰੇ ਓਇ; ਬੈਰਾਗੀ ਤਿਆਗੀ॥ ਅਨੁਸਾਰ ਭਰ ਜੁਆਨੀ ੨੮ ਵੇਂ ਸਾਲ ਦੀ ਉਮਰ ’ਚ, ੧੫੫੪ ਬਿ: ਨੂੰ, ਸ੍ਰੀ ਸੁਲਤਾਨਪੁਰ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਜੀ ਤੋਂ, ਮੋਦੀਖਾਨਾ ਘਰਬਾਰ ਸੰਸਾਰੀ ਸੁਖ ਤਿਆਗ ਕੇ, ਦੁਨੀਆਂ ਨੂੰ ਸੋਧਣ, ਸੜਦੀ ਬਲਦੀ ਲੁਕਾਈ ਨੂੰ ਅੰਮ੍ਰਿਤ ਨਾਮ ਬਖ਼ਸ਼ਣ ਲਈ ਪਹਿਲੀ ਉਦਾਸੀ ਆਰੰਭੀ। ਯਥਾ:- ਚੜਿਆ ਸੋਧਣਿ; ਧਰਤਿ ਲੁਕਾਈ॥੨੪॥ (ਵਾਰ ੧)

ਵਾਹਿਗੁਰੂ॥ ਸ਼੍ਰੀ ਸੁਲਤਾਨਪੁਰ ਸਾਹਿਬ ਜੀ ਤੋਂ ਭਾਈ ਮਰਦਾਨੇ ਜੀ ਸਮੇਤ ਤੁਰ ਕੇ, ੧੭ ਦਿਨਾਂ 'ਚ ਏਮਨਾਬਾਦ ਜਾ ਕੇ, ਭਗਤ ਲਾਲੋ ਜੀ ਦੀ ਕੁੱਲੀ ਨੂੰ ਭਾਗ ਲਾਏ, ਮਲਕਭਾਗੋ ਜੀ ਦੇ ਪੂੜਿਆਂ 'ਚੋਂ ਲਹੂ ਅਤੇ ਭਾਈ ਲਾਲੋ ਜੀ ਦੇ ਕੋਧਰੇ ਦੇ ਬੇਹੇ ਟੁੱਕਰ 'ਚੋਂ ਦੁੱਧ ਕੱਢਿਆ। ਨਾਮ ਜਪਦਿਆਂ ਧਰਮ- ਕ੍ਰਿਤ ਕਰਨ ਦੀ ਦ੍ਰਿੜਤਾ ਬਖ਼ਸ਼ੀ। ਮਲਕਭਾਗੋ ਜੀ ਦੀ ਪਰਾਈ ਚੋਪੜੀ ਖਾਣੇ ਕਰਕੇ ਤਪੀਆਂ ਦੇ ਤਪ, ਜਤੀਆਂ ਦੇ ਜਤ ਟੁੱਟ ਜਾਂਦੇ ਹਨ।

ਅਜੁ. ਨ ਸੁਤੀ ਕੰਤ ਸਿਉ; ਅੰਗੁ ਮੁੜੇ ਮੁੜਿ ਜਾਇ॥ ਜਾਇ ਪੁਛਹੁ ਡੋਹਾਗਣੀ; ਤੁਮ. ਕਿਉ ਰੈਣਿ ਵਿਹਾਇ॥੩੦॥) ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥) ਹਰਿ ਮੇਰੋ ਪਿਰੁ; ਹਉ ਹਰਿ ਕੀ ਬਹੁਰੀਆ॥ ਰਾਮ ਬਡੇ; ਮੈ ਤਨਕ ਲਹੁਰੀਆ॥੧॥) ਕਹਿ ਕਬੀਰ.ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥ (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥) ਅਨੁਸਾਰ, ਆਪਣੇ ਆਪ ਨੂੰ ਅਕਾਲ ਪੁਰਖ ਜੀ ਦੀ ਕਾਮਣ ਚੇਰੀ ਦਾਸਨਦਾਸੀ ਮੰਨ ਕੇ, ਰੋਮ ੨ ਕਰਕੇ ਚਰਨ- ਕਮਲਾਂ 'ਚ ਲੀਣ ਹੋ ਰਹੇ ਹਨ। ਜਨੁ ਨਾਨਕੁ ਬੋਲੇ. ਤੀਜੀ ਲਾਵੈ; ਹਰਿ ਉਪਜੈ ਮਨਿ ਬੈਰਾਗੁ ਜੀਉ॥ ਅਨੁਸਾਰ ਪੂਰਨ ਗਾੜ੍ਹੇ ਵੈਰਾਗ 'ਚ, ਪੂਰਨ ਭਗਤ ਬਾਬਾ ਫ਼ਰੀਦ ਸਾਹਿਬ ਜੀ, ਬਨਾਉਟੀ ਸੁਹਾਗਣ ਬਣਿਆਂ ਨੂੰ, ਸ਼ੁਭ ਸੱਚਾ ਮਹਾਂ ਮਹਾਂ ਵਿਸਮਾਦ ਪੂਰਨ ਵੈਰਾਗਮਈ ਉਪਦੇਸ਼ ਬਖ਼ਸ਼ਦਿਆਂ, ਹਰਿ ਪ੍ਰੇਮ ਬਾਣੀ, ਮਨੁ ਮਾਰਿਆ; ਅਣੀਆਲੇ ਅਣੀਆ ਰਾਮ ਰਾਜੇ॥ ਅਨੁਸਾਰ ਪ੍ਰੇਮ ਰੂਪੀ ਤੀਰ ਚਲਾ ਰਹੇ ਹਨ। ਜਿਸ ਨੂੰ ਸੁਣ ਕੇ ਦੰਭੀ, ਮਹਾਤਮਾ ਫ਼ਕੀਰ ਸਾਂਈ ਸੁਹਾਗਣਾਂ ਬਣ ਜਾਣ। ਬਾਬਾ ਜੀ ਇੱਕ ਰਾਤ ਸਮਾਧੀ 'ਚ, ਸਿਮਰਨ ਨ ਕਰ ਸਕੇ। ਦਾਸਨਦਾਸੀ (ਅਜੁ)ਇਸ ਮਨੁੱਖਾ ਜਨਮ 'ਚ, ਆਪਣੇ (ਕੰਤ)ਪਤੀ ਸ੍ਰਬ ਵਿਆਪੀ ਸ੍ਰਬ ਪ੍ਰਕਾਸ਼ਕ, ਸਤ ਸੰਤੋਖ ਦਇਆ ਧਰਮ ਨਿਮ੍ਰਤਾ ਹਲੀਮੀ ਖਿਮਾ ਸਬਰ ਆਦਿ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਨਿਰਗੁਣ ਬ੍ਰਹਮ ਜੀ ਨੂੰ ਸਿਮਰਦਿਆਂ, ਅਭੇਦ ਹੋ ਕੇ ਅਫ਼ੁਰ ਸਮਾਧੀ 'ਚ ਨ ਸੁਤੀ। ਅੰਗੁ ਮੁੜੇ ਮੁੜਿ ਜਾਇ ਅੱਜ ਸ੍ਰੀਰ ਦੇ ਅੰਗੁ (ਮੁੜੇ)ਮੁੜਿ ਮੁੜਿ (ਜਾਇ)ਜਾਂਦੇ ਹਨ, ਕੁਮਲਾ ਰਹੇ ਹਨ। ਯਥਾ:- ਆਖਾ ਜੀਵਾ; ਵਿਸਰੈ ਮਰਿ ਜਾਉ॥) ਮਰਣੰ; ਬਿਸਰਣੰ ਗੋਬਿੰਦਹ॥ ਜੀਵਣੰ; ਹਰਿ ਨਾਮ ਧ੍ਰਾਵਣਹ॥) ਫ਼ਕੀਰ ਸਾਂਈ ਸਤਿਸੰਗੀਆਂ ਸਹਿਤ, ਧੰਨ ਵਾਹਿਗੁਰੂ ਬਾਬਾ ਫ਼ਰੀਦ ਸਾਹਿਬ ਜੀ ਸਜੇ ਦਿਵਾਨ 'ਚ ਸਜੇ ਫਬੇ ਪ੍ਰੇਮ ਨਾਲ ਕੀਰਤਨ ਕਰ ਰਹੇ ਹਨ। ਜਿਵੇਂ ਸੁਹਾਗਣ ਨੂੰ ਇੱਕ ਦਿਨ ਪਤੀ ਨਾਲੋਂ ਵਿਛੋੜਾ ਹੋ ਜਾਵੇ। ਓਹ ਬੜੀ ਹੀ ਦੁਖੀ ਹੁੰਦੀ ਹੈ, ਜ਼ਿੰਦਗੀ ਨੂੰ ਵਿਅਰਥ ਸਮਝਦੀ ਹੈ। ਯਥਾ:- ਜਾਨੀ ਵਿਛੁੰਨੜੇ.ਮੇਰਾ ਮਰਣੁ ਭਇਆ; ਧ੍ਰਿਗੁ ਜੀਵਣੁ ਸੰਸਾਰੇ॥) ਜਿਸੁ ਪਿਆਰੇ ਸਿਉ ਨੇਹੁ; ਤਿਸੁ ਆਗੈ ਮਰਿ ਚਲੀਐ॥ ਧ੍ਰਿਗੁ ਜੀਵਣੁ ਸੰਸਾਰਿ; ਤਾ ਕੈ ਪਾਛੈ ਜੀਵਣਾ॥) ਵਿਛੋੜਾ ਸੁਣੇ ਡੁਖੁ; ਵਿਣੁ ਡਿਠੇ ਮਰਿਓਦਿ॥ ਬਾਝੁ ਪਿਆਰੇ ਆਪਣੇ; ਬਿਰਹੀ ਨਾ ਧੀਰੋਦਿ॥) ਹਉ.ਰਹਿ ਨ ਸਕਾ,ਬਿਨੁ ਦੇਖੇ ਪ੍ਰੀਤਮਾ; ਮੈ ਨੀਰੁ ਵਹੇ ਵਹਿ ਚਲੈ ਜੀਉ॥)

Sri Satguru Jagjit Singh Ji eLibrary NamdhariElibrary@gmail.com

ਜਾਇ ਪੁਛਹੁ ਡੋਹਾਗਣੀ; ਤੁਮ. ਕਿਉ ਰੈਣਿ ਵਿਹਾਇ॥੩੦॥ ਔਗੁਣਾਂ ਵਾਲੀ ਹੋਣੇ ਕਰਕੇ, ਪਤੀ ਜੀ ਦੀ ਛੁੱਟੜ ਕੀਤੀ (ਡੋਹਾਗਣੀ)ਦੁਹਾਗਣੀ ਨੂੰ ਜਾਇ ਕੇ ਪੁਛਹੁ, ਪ੍ਰਕਾਸ਼ ਸਰੂਪ ਪਤੀ ਪ੍ਰਮੇਸਰ ਜੀ ਨੂੰ ਆਪਣੀ ਯਾਦ ਚੋਂ ਛੱਡ ਕੇ, (ਤੁਮ)ਤੁਹਾਡੀ ਅਵਸਥਾ ਰੂਪੀ (ਰੈਣਿ)ਰਾਤ (ਕਿਉ)ਕਿਵੇਂ (ਵਿਹਾਇ)ਬਿਤੀਤ ਹੁੰਦੀ ਹੈ? ਇੱਕ ਰਾਤ ਦੇ ਵਿਛੋੜੇ 'ਚ ਦਾਸਨਦਾਸੀ ਇੰਨੀ ਦੁਖੀ ਹੋ ਰਹੀ ਹੈ। ਪ੍ਰਮਾਤਮਾ ਵੱਲੋਂ ਛੁੱਟੜਾਂ ਨੂੰ ਇਹ ਸੈਨਤ ਹੈ, ਕਿ ਮਨੁਖਾ ਜਨਮ ਅਮੋਲਕ ਹੀਰੇ 'ਚ ਭਾਵੇਂ ਫ਼ਕੀਰੀ ਲਿਬਾਸ ਪਾ ਲਿਆ, ਪਰ ਭਜਨ ਬੰਦਗੀ ਕਰਕੇ ਅਫ਼ੁਰ ਸਮਾਧੀ ਲਾ ਕੇ, ਅਕਾਲ ਪੁਰਖ ਵਾਹਿਗੁਰੂ ਜੀ 'ਚ ਲੀਨ ਨ ਹੋ ਸਕੇ।

ਸਾਹੁਰੈ. ਢੋਈ ਨਾ ਲਹੈ; ਪੇਈਐ. ਨਾਹੀ ਥਾਉ॥ ਪਿਰੁ. ਵਾਤੜੀ ਨ ਪੁਛਈ; ਧਨ ਸੋਹਾਗਣਿ ਨਾਉ॥੩੧॥ ਜਿਹੜੀ ਪਤੀ ਨਾਲ ਲੜਦੀ ਹੈ, ਸੇਵਾ ਨਹੀਂ ਕਰਦੀ। ਜਿਸ ਨੂੰ ਬਦਚਲਣ ਜਾਣ ਕੇ, ਪਤੀ ਅਪਣੇ ਘਰ ਨ ਵੜਨ ਦੇਵੇ, ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਅਨੁਸਾਰ, ਸ਼ੁਭ ਗੁਣ ਕਮਾ ਕੇ, ਸਾਹੁਰੈ ਘਰ ਦਾ (ਢੋਈ)ਆਸਰਾ ਨਾ (ਲਹੈ)ਪ੍ਰਾਪਤ ਹੋਵੇ, (ਪੇਈਐ)ਪੇਕੇ ਘਰ 'ਚ ਭੀ ਉਸ ਨੂੰ (ਥਾਉ)ਟਿਕਾਣਾ ਨਾਹੀ ਮਿਲਦਾ, ਪੇਕੇ ਭੀ ਕਹਿ ਦੇਣ ਕਿ ਤੇਰੇ 'ਚ ਹੀ ਦੋਸ਼ ਹੈ, ਘਰੋਂ ਕੱਢ ਦੇਣ। (ਪੇਈਐ)ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਅਨੁਸਾਰ, ਗੁਰੂ ਘਰ ਪੇਕੇ 'ਚ (ਥਾਉ)ਟਿਕਾਣਾ ਨਾਹੀ, (ਸਾਹੁਰੈ)ਵਾਹਿਗੁਰੂ ਜੀ ਦੀ ਦਰਗਾਹ 'ਚ (ਢੋਈ)ਆਸਰਾ (ਨਾ)ਨਹੀਂ (ਲਹੈ)ਲੈਂਦੀ। (ਪਿਰੁ)ਪਤੀ ਜੀ ਭੀ (ਵਾਤੜੀ)ਗੱਲ ਨ (ਪੁਛਈ)ਪੁੱਛਣ, ਭਾਵ ਸਰਗੁਨ ਸਰੂਪ ਧਾਰ ਕੇ ਇੱਕ ਗੱਲ ਭੀ ਨਹੀਂ ਕਰਦੇ। ਫ਼ਕੀਰ ਸੁਹਾਗਣਿ (ਨਾਉ)ਨਾਮ ਕਹਾਵੇ, ਐਸੀ ਸੋਹਾਗਣਿ (ਧਨ)ਧੰਨ ਹੈ ਭਾਵ ਫਿਟਕਾਰ ਯੋਗ ਹੈ। ਫ਼ਕੀਰੀ ਵੇਸ 'ਚ ਰਹਿਣ ਵਾਲਿਆਂ ਨੂੰ ਬੜੀ ਹੀ ਡੂੰਘੀ ਰਮਜ਼ ਹੈ। ਜਿਵੇਂ ਸਾਧੂ ਭੇਖ ਧਾਰ ਕੇ ਸੋਹਣੇ ਬਸਤ੍ਰ ਪਹਿਨ ਲਏ, ਰਾਤ ਦਿਨੇ ਨਿਉਂਦੇ ਖਾਈ ਗਏ ਢਿੱਡ ਵਧ ਗਿਆ ਤੁਰਿਆ ਨਹੀਂ ਜਾਂਦਾ ਦੇਹ ਬਹੁਤੀ ਵਧਾ ਲਈ। ਯਥਾ:- ਪਰ ਧਨ ਪਰ ਤਨ, ਪਰ ਤੀ ਨਿੰਦਾ; ਅਖਾਧਿ ਖਾਹਿ ਹਰਕਾਇਆ॥) ਸਉ ਮਣੁ ਹਸਤੀ ਘਿਉ ਗੁੜੁ ਖਾਵੈ; ਪੰਜਿ ਸੈ ਦਾਣਾ ਖਾਇ॥ ਡਕੈ ਫੁਕੈ ਖੇਹ ਉਡਾਵੈ; ਸਾਹਿ ਗਇਐ ਪਛੁਤਾਇ॥ ਉੱਤੋਂ ਸੁਹਾਗਣਾ ਵਾਲਾ ਲਿਬਾਸ ਧਾਰਿਆ ਹੈ ਕਿ ਸਾਨੂੰ ਪ੍ਰਮਾਤਮਾ ਜੀ ਦੀ ਪ੍ਰਾਪਤੀ ਹੈ। ਆਪਣੇ ਆਪ ਨੂੰ ਮੱਥਾ ਟਿਕਾਉਣਾ ਧਾਗੇ ਤਵੀਤ ਦੇਣੇ ਟੂਣੇ ਟਾਮਣ ਕਰਨੇ, ਫੂਕਾਂ ਮਾਰਨੀਆਂ, ਪੁੱਠੇ ਕੰਮ ਕਰਨੇ, ਪਖੰਡੀਆਂ 'ਚ ਗਿਣੇ ਗਏ ਹਨ।

ਸਾਹੁਰੈ ਪੇਈਐ. ਕੰਤ ਕੀ; ਕੰਤੁ ਅਗੰਮੁ ਅਥਾਹੁ॥ ਨਾਨਕ. ਸੋ ਸੋਹਾਗਣੀ; ਜੁ ਭਾਵੈ ਬੇਪਰਵਾਹ॥੩੨॥ (ਇਹ ਸਲੋਕ ਮਹਲੇ ੧ ਜੀ ਦਾ ੧੦੮੯ ਅੰਗ 'ਤੇ ਕੁੱਝ ਪਾਠ ਦੇ ਫਰਕ ਨਾਲ ਹੈ।) ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਸ੍ਰੀ ਗੁਰੂ ਮਹਲਾ ੧ ਜੀ ਮਹਾਰਾਜ, ਆਪਣੇ ਪਿਆਰੇ ਭਗਤ ਸ੍ਰੀ ਫ਼ਰੀਦ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਉਨ੍ਹਾਂ ਦੇ ਕਹੇ ਅਮੋਲਕ ਬਚਨਾਂ ਨੂੰ ਫੁੱਲ ਚੜ੍ਹਾ ਰਹੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਜਨਾਂ; ਹਰਿ ਮਾਂ ਪਿਉ ਬੇਟਾ॥ ਹਨ। ਸ੍ਰੀ ਫ਼ਰੀਦ ਸਾਹਿਬ ਜੀ, ਗੁਰੂ ਨਾਨਕ ਦੇਵ ਜੀ ਇੱਕ ਜੋਤਿ ਹਨ, ਇਸ ਲਈ ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਪਿਆਰਿਓ ! "ਸ੍ਰੀ ਭਗਤ ਫ਼ਰੀਦ ਸਾਹਿਬ ਜੀ ਨੇ, ਜੋ ਅਮੋਲਕ ਸੁੰਦਰ ਬਚਨ ਫ਼ੁਰਮਾਏ ਹਨ, ਇਨ੍ਹਾਂ ਨੂੰ ਆਪ ਕਮਾਉਣੇ ਕਰਕੇ, ਸਹੀ ਸੱਚੀ ਸੁਹਾਗਣ ਬਣੇ ਹਨ। ਸਹੀ ਸੱਚੀ ਸੁਹਾਗਣ ਦੇ ਸ਼ੁਭ ਗੁਣ ਫ਼ੁਰਮਾਉਂਦੇ ਹਨ:- ਪੂਰਨ ਭਗਤ ਰੱਬ ਸ੍ਰੀ ਫ਼ਰੀਦ ਸਾਹਿਬ ਜੀ, (ਸਾਹੁਰੈ)ਇਸ ਲੋਕ 'ਚ, (ਪੇਈਐ)ਵਾਹਿਗੁਰੂ ਦੀ ਦਰਗਾਹ 'ਚ, (ਕੰਤ)ਹਰ ਪ੍ਰਾਣੀ ਦੇ ਅੰਦਰ ਬਾਹਰ ਹਰ ਸਮੇਂ ਸਤ ਸੰਤੋਖ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਅਜਪਾ ਜਾਪ ਕਰ ਰਹੇ, ਅਕਾਲ ਪੁਰਖ ਵਾਹਿਗੁਰੂ ਜੀ (ਕੀ)ਦੀ ਸਹੀ ਸੱਚੀ ਸੁਹਾਗਣ ਹਨ। (ਕੰਤੁ)ਪਤੀ ਅਕਾਲ ਪੁਰਖ ਵਾਹਿਗੁਰੂ ਜੀ (ਅ+ਗੰਮ)

Sri Satguru Jagjit Singh Ji eLibrary NamdhariElibrary@gmail.com

(ਗੰਮ)ਸੋਗ (ਅ)ਰਹਿਤ (ਅਥਾਹੁ)ਥਾਹ ਤੋਂ ਰਹਿਤ ਬੇਹਾਥ ਹਨ। ਹਰੀ ਪ੍ਰਕਾਸ਼ ਸਰੂਪ ਕਿੱਡੇ ਕੁ ਵੱਡੇ ਹਨ? ਜਿਨ੍ਹਾਂ ਵਿੱਚ ਹੁਣ ਅਸੰਖ ਬ੍ਰਹਮੰਡ ਹਨ। ਜੋ ਅਸੰਖ ਸੂਰਜਾਂ ਚੰਦ੍ਰਮਿਆਂ, ਤਾਰੇ ਮੰਡਲਾਂ ਨੂੰ ਪ੍ਰਕਾਸ਼ ਰਹੇ ਹਨ। ਜਿਵੇਂ ਕੋਈ ਰਾਕਟ ਨਾਲ ਉੱਡ ਕੇ ਉਨ੍ਹਾਂ ਦੀ ਰਚਨਾ ਨਹੀਂ ਮਿਣ ਸਕਦਾ, ਉਨ੍ਹਾਂ ਦਾ ਅੰਤ ਕਿਵੇਂ ਪਾਵੇਗਾ? ਯਥਾ:- ਅਤਿ ਊਚਾ; ਤਾ ਕਾ ਦਰਬਾਰਾ॥ ਅੰਤੁ ਨਾਹੀ ਕਿਛੁ; ਪਾਰਾਵਾਰਾ॥ ਕੋਟਿ ਕੋਟਿ ਕੋਟਿ; ਲਖ ਧਾਵੈ॥ ਇਕੁ ਤਿਲੁ; ਤਾ ਕਾ ਮਹਲੁ ਨ ਪਾਵੈ॥੧॥) ਨਿਰਮਲ ਨਿਰਮਲ.ਸੂਚਾ ਸੂਚੋ; ਸੂਚਾ ਸੂਚੋ ਸੂਚਾ॥ ਅੰਤ ਨ ਅੰਤਾ.ਸਦਾ ਬੇਅੰਤਾ; ਕਹੁ ਨਾਨਕ.ਊਚੋ ਊਚਾ॥) ਮੈ ਪੇਖਿਓ ਰੀ; ਊਚਾ ਮੋਹਨੁ.ਸਭ ਤੇ ਊਚਾ॥ ਆਨ.ਨ ਸਮਸਰਿ ਕੋਊ ਲਾਗੈ; ਢੂਢਿ ਰਹੇ ਹਮ ਮੂਚਾ॥੧॥)

ਨਾਨਕ. ਸੋ ਸੋਹਾਗਣੀ; ਜੁ ਭਾਵੈ ਬੇਪਰਵਾਹ॥੩੨॥ ਵਾਹਿਗੁਰੂ (ਨਾਨਕ)ਮਹਲਾ ੧ ਜੀ ਫ਼ੁਰਮਾਉਂਦੇ ਹਨ:- ਬਾਬਾ ਫ਼ਰੀਦ ਸਾਹਿਬ ਜੀ (ਸੋ)ਉਹ ਸੁਹਾਗਣੀ ਜੀ ਹਨ, ਸਾਰਿਆਂ ਨੂੰ ਨੱਥਣ ਵਾਲੇ ਜੁ ਔਗੁਣਾਂ ਵਿਕਾਰਾਂ ਜਮਾਂ ਦੁਸ਼ਮਣਾਂ ਤੋਂ ਬੇਪਰਵਾਹ ਬੇਮੁਹਤਾਜ ਅਕਾਲ ਪੁਰਖ ਵਾਹਿਗੁਰੂ ਜੀ ਨੂੰ (ਭਾਵੈ)ਭਾਉਂਦੇ ਹਨ। ਯਥਾ:- ਸੰਤਨ; ਅਵਰ ਨ ਕਾਹੂ ਜਾਨੀ॥ ਬੇਪਰਵਾਹ ਸਦਾ ਰੰਗਿ ਹਰਿ ਕੈ; ਜਾ ਕੋ ਪਾਖੁ ਸੁਆਮੀ॥) ਸਤਿਗੁਰੁ ਮੇਰਾ. ਬੇਮੁਹਤਾਜੁ॥ ਸਤਿਗੁਰ ਮੇਰੇ.ਸਚਾ ਸਾਜੁ॥ ਬਾਬੇ ਫ਼ਰੀਦ ਸਾਹਿਬ ਜੀ ਨੇ ਜੋ ਉਪ੍ਰੋਕਤ ਸਲੋਕ ਕਹੇ ਹਨ ਇਹ ਸਤਿਗੁਰੂ ਮਹਾਰਾਜ ਸਾਹਿਬ ਜੀ ਨੂੰ ਬੜੇ ਹੀ ਭਾਏ ਹਨ। ਜਿਨ੍ਹਾਂ 'ਚ ਬੜੀ ਹੀ ਡੂੰਘੀ ਰਮਜ ਹੈ। ਸੰਤ ਭੇਖ 'ਚ ਆ ਕੇ ਸੇਵਾ ਸਿਮਰਨ ਪ੍ਰੇਮਾ- ਭਗਤੀ ਕਰਕੇ ਵਾਹਿਗੁਰੂ ਜੀ ਦੀ ਪ੍ਰਾਪਤੀ ਕਰੋ ਜੀ।

ਨ੍ਹਾਤੀ- ਨਾਤੀ ਧੋਤੀ ਸੰਬਹੀ; ਸੁਤੀ ਆਇ ਨਚਿੰਦੁ॥) ਬੇੜ੍ਹੀ- ਫਰੀਦਾ. ਰਹੀ ਸੁ ਬੇੜੀ ਹਿੰਙੁ ਦੀ; ਗਈ ਕਥੂਰੀ ਗੰਧੁ॥੩੩॥੧. ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਜਿਵੇਂ ਇਸਤ੍ਰੀ ਪਾਸ ਹਿੰਙ ਸੀ, ਉਸ ਨੇ ਅਪਣੀ ਦੇਹੀ ਧੋਤੀ, (ਨਾਤੀ)ਨਹਾ ਲਈ, ਸੋਲਾਂ ਸ਼ਿੰਗਾਰ ਲਾ ਕੇ (ਸੰਬਹੀ)ਸਜ ਫੱਬ ਗਈ। (ਨਚਿੰਦੁ)ਅਚਿੰਤ ਹੋ ਕੇ (ਸੁਤੀ) ਸੌਂ ਗਈ। (ਸੁ)ਉਹ ਹਿੰਙੁ ਦੀ ਬਦਬੋ ਨਾਲ਼ (ਬੇੜੀ)ਵਲ਼ੀ ਹੀ ਰਹਿ ਗਈ।

;ਗਈ ਕਥੂਰੀ ਗੰਧੁ॥ ਪਤੀ ਨੂੰ ਪ੍ਰਸੰਨ ਕਰਨ ਲਈ, ਉਸ ਨੇ ਜੋ ਕਸਤੂਰੀ ਆਦਿਕ ਸੁਗੰਧੀ ਲਾਈ ਸੀ ਉਹ (ਗੰਧੁ)ਖ਼ੁਸ਼ਬੋ ਚਲੀ ਗਈ। ਇਉਂ ਅਖੰਡ ਪਾਠ ਸਾਹਿਬ ਜੀ ਤੇ ਰੌਲ਼ ਲਾਉਣ ਲਈ ਇਹ ਜੀਵ ਰੂਪੀ ਇਸਤ੍ਰੀ ਨੇ ਅਪਣੀ ਦੇਹੀ ਧੋਤੀ, (ਨਾਤੀ)ਨਹਾ ਲਈ, ਦਸਤਾਰ ਚੋਲ਼ਾ ਬਸਤ੍ਰ ਪਹਿਨ ਕੇ (ਸੰਬਹੀ)ਸਜ ਫਬ ਗਈ। ਸੁਤੀ ਆਇ ਨਚਿੰਦੁ॥ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਸਾਹਿਬ ਦੇ ਅਖੰਡ ਪਾਠ ਸਾਹਿਬ ਜੀ ਦੀ ਰੌਲ਼ 'ਤੇ ਆਇ ਕੇ, ਅੱਗਾ ਪਿੱਛਾ ਦੇਖ ਕੇ (ਨਚਿੰਦੁ)ਅਚਿੰਤ ਹੋ ਕੇ (ਸੁਤੀ)ਸੌਂ ਗਈ। ਸਤਿਗੁਰੁ ਜਾਗਤਾ ਹੈ ਦੇਉ॥) ਅੰਤੁ ਨ ਵੇਖਣਿ; ਸੁਣਣਿ ਨ ਅੰਤੁ॥ ਅਨੁਸਾਰ ਮਹਾਰਾਜ ਸਾਹਿਬ ਜੀ ਸਦਾ ਹੀ ਦੇਖਦੇ ਹਨ। ਤੂੰ ਰਿਹਾ ਸੌਂ, ਗੁਰੂ ਜੀ ਰਹੇ ਜਾਗ। ਜ਼ਹਿਰ ਪੂਜਾ ਖਾ ਰਿਹਾ, ਹੇ ਮੰਦ ਭਾਗ!

ਫਰੀਦਾ. ਰਹੀ ਸੁ ਬੇੜੀ ਹਿੰਙੁ ਦੀ; ਗਈ ਕਥੂਰੀ ਗੰਧੁ॥੩੩॥੨. ਬਾਬਾ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਮਹਾਰਾਜ ਸਾਹਿਬ ਜੀ ਦੇ ਕੋਲ਼ੇ ਜਾ ਕੇ, ਸੌਣੇ ਕਰਕੇ, ਜੀਵ ਰੂਪੀ ਇਸਤ੍ਰੀ (ਹਿੰਙੁ)ਹੰਗਤਾ ਪੂਜਾ ਧਾਨ ਵਿਸ਼ੇ ਵਾਸ਼ਨਾ ਰੂਪੀ ਹਿੰਙ ਦੀ (ਬੇੜੀ)ਵਲ਼ੀ ਹੀ ਰਹੀ। ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਚਰਨ ਕਮਲਾ 'ਚੋਂ, ਸਾਫ਼ ਨੀਤ, ਪ੍ਰੀਤ ਰੂਪੀ ਨਾਸਕਾਂ ਨਾਲ, ਪ੍ਰੇਮਾ- ਭਗਤੀ ਰੂਪੀ (ਕਥੂਰੀ)ਕਸਤੂਰੀ ਦੀ ਸੁਗੰਧੀ ਲੈਣੀ ਸੀ। ਗੁਰੂ ਪ੍ਰੇਮਾ ਭਗਤੀ ਰੂਪੀ ਕਸਤੂਰੀ ਦੀ (ਗੰਧੁ)ਸੁਗੰਧੀ ਉਸ ਕੋਲੋਂ ਚਲੀ ਗਈ।

ਨਾਤੀ ਧੋਤੀ ਸੰਬਹੀ; ਸੁਤੀ ਆਇ ਨਚਿੰਦੁ॥੩. ਪਰਮ ਪਿਆਰੇ ਪਤੀ ਪ੍ਰਮਾਤਮਾ ਜੀ ਦੀ ਪ੍ਰਾਪਤੀ ਲਈ, ਪਖੰਡੀ ਰੂਪੀ ਇਸਤ੍ਰੀ ਨਹਾ ਲਈ, ਸਾਰੀ ਕਿਰਿਆ ਧੋ ਲਈ, ਸੋਹਣੇ ਵਸਤ੍ਰ ਪਾ ਕੇ ਸੰਤ ਪਖੰਡੀ ਭੇਖ ਧਾਰ ਕੇ

Sri Satguru Jagjit Singh Ji eLibrary NamdhariElibrary@gmail.com

(ਸੰਬਹੀ)ਸਜ ਫਬ ਗਈ। ਹੁਣ ਸਮਾਧੀ 'ਚ ਬੈਠਦੀ ਹਾਂ। ਮੈਨੂੰ ਸਮਾਧੀ 'ਚ ਮਹਾਰਾਜ ਦੇ ਦਰਸ਼ਣ ਹੁੰਦੇ ਹਨ, ਅਪਨੇ ਆਸਣ 'ਤੇ ਆਇ ਕੇ, ਸਮਾਧੀ ਦੇ ਬਹਾਨੇ ਚਿੰਤਾ ਤੋਂ ਰਹਿਤ ਸੌਂ ਗਈ।

ਫਰੀਦਾ. ਰਹੀ ਸੁ ਬੇੜੀ ਹਿੰਙੁ ਦੀ; ਗਈ ਕਥੂਰੀ ਗੰਧੁ॥੩੩॥) ਬਾਬਾ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਪਨੇ ਆਸਣ 'ਤੇ ਆ ਕੇ, ਸਮਾਧੀ ਬਹਾਨੇ ਸੌਣੇ ਕਰਕੇ, ਜੀਵ ਰੂਪੀ ਇਸਤ੍ਰੀ, ਹੰਗਤਾ ਪੂਜਾ ਧਾਨ ਵਿਸ਼ੇ ਵਾਸ਼ਨਾ ਮੰਦ ਕਰਮਾਂ ਰੂਪੀ ਹਿੰਙ ਦੀ ਵਲ਼ੀ ਹੀ ਰਹੀ। ਪ੍ਰੇਮਾ- ਭਗਤੀ ਰੂਪੀ ਕਸਤੂਰੀ ਦੀ ਸੁਗੰਧੀ ਉਸ ਕੋਲੋਂ ਚਲੀ ਗਈ। ਸਿਮਰਨ ਦੀ ਮਹਾਂ ਮਹਾਨ ਵਿਸ਼ੇਸ਼ ਮਹਾਨਤਾ ਫ਼ੁਰਮਾ ਰਹੇ ਹਨ:- ਜਿਵੇਂ ਵਰਖਾ ਨਾਲ ਗਲ਼ੀਆਂ ਦਾ ਕੂੜਾ ਸਾਫ਼ ਹੋ ਜਾਂਦਾ ਹੈ। ਇਉਂ ਅੰਦਰ ਬਾਹਰ ਸਿਮਰਨ ਦੀ ਵਰਖਾ ਕਰਕੇ, ਇੰਦ੍ਰੀਆਂ ਰੂਪੀ ਗਲ਼ੀਆਂ ਦੀ ਮੰਦ ਵਾਸ਼ਨਾ ਸਾਫ਼ ਕਰਨੀ ਸੀ। ਜਿਵੇਂ ਅਨਾੜੀ ਦੇ ਖ਼ੂਹ 'ਚ ਮਰੀ ਬਿੱਲੀ ਡਿੱਗ ਪਈ। ਵਿੱਦਵਾਨ ਕੋਲੇ ਜਾ ਦੱਸਿਆ। ਉਸ ਕਿਹਾ, "ਪਹਿਲਾਂ ਬਿੱਲੀ ਕੱਢ ਕੇ, ਹਜ਼ਾਰ ਡੋਲ ਕੱਢ ਦੇਵੋ ਜੀ"। ਉਸ ਨੇ ਮਰੀ ਬਿੱਲੀ ਨ ਕੱਢੀ, ਹਜ਼ਾਰ ਡੋਲ ਕੱਢ ਕੇ ਖਪ ਗਿਆ, ਬਦਬੋ ਨਹੀਂ ਹਟੀ"। ਵਿੱਦਵਾਨ ਪਾਸ ਆ ਕੇ ਲੜਨ ਲੱਗਾ। "ਤੂੰ ਮੈਨੂੰ ਖਪਾ ਮਾਰਿਆ, ਹਜ਼ਾਰ ਡੋਲ ਕੱਢ ਦਿੱਤਾ, ਬਦਬੋ ਨਹੀਂ ਗਈ। ਵਿੱਦਵਾਨ ਕਿਹਾ, "ਚੱਲ ਦੇਖੀਏ" ਜਦੋਂ ਦੇਖਿਆ, "ਉਏ ਭਲਿਆ, ਮਰੀ ਬਿੱਲੀ ਨਹੀਂ ਕੱਢੀ, ਇਹੋ ਹੀ ਗ਼ਲਤੀ ਹੈ। ਇਉਂ ਜਿਤਨਾ ਚਿਰ ਅੰਦਰੋਂ ਹੰਗਤਾ ਪੂਜਾ ਧਾਨ ਵਿਸ਼ੇ ਵਾਸ਼ਨਾ ਮੰਦ ਕਰਮਾਂ ਰੂਪੀ ਮਰੀ ਬਿੱਲੀ ਨਹੀਂ ਕੱਢਦਾ, ਉਤਨਾ ਚਿਰ ਗੁਰੂ ਸਾਹਿਬ ਜੀ ਦੀ ਪ੍ਰੇਮਾ- ਭਗਤੀ ਰੂਪੀ ਕਸਤੂਰੀ ਪ੍ਰਾਪਤ ਨਹੀਂ ਹੁੰਦੀ ਜੀ। ਸਿਮਰਨ ਸਮੇਂ ਸੌਣਾ ਵੱਡਾ ਪਾਪ ਹੈ, ਜਿਵੇਂ ਸਾਡੇ ਸਾਹਮਣੇ ਥਾਲ ਪਰੋਸ ਕੇ ਰੱਖਣ ਤੋਂ, ਅਸੀਂ ਸੌਂ ਜਾਈਏ। ਜਾਗ ਕੇ ਸਿਮਰਨ ਕਰਨ ਦਾ ਸ਼ੁਭ ਸੱਚਾ ਉਪਦੇਸ਼ ਬਖ਼ਸ਼ ਰਹੇ ਹਨ:- ਨੀਂਦ ਤਾਂ ਜੋਗੀਆਂ ਨੂੰ ਭੀ ਖ਼ਰਾਬ ਕਰਦੀ ਹੈ। ਇਸ ਲਈ ਨੀਂਦ ਘਟਾਉਣ ਲਈ ਤੜਕੇ ਬਿਨਾ, ਥੋੜਾ ਸਾਦਾ ਪਦਾਰਥ ਛਕਣਾ ਚਾਹੀਦਾ ਹੈ। ਯਥਾ:- ਸੰਤਨ ਕਾ ਦਾਨਾ ਰੂਖਾ; ਸੋ ਸਰਬ ਨਿਧਾਨ॥ ਸਖ਼ਤ ਸੇਵਾ ਜਾਂ ਸਖ਼ਤ ਕਸਰਤ ਕਰੋ ਤਾਂ ਆਲਸ ਘਟਦਾ ਹੈ। ਸਖ਼ਤ ਕਸਰਤ ਕਰਨ ਦੇ ਕ੍ਰੋੜਾਂ ਹੀ ਲਾਭ ਹਨ। ਤਲ਼ੇ ਪਦਾਰਥ ਤਾਂ ਬਹੁਤ ਹੀ ਜ਼ਿਆਦਾ ਆਲਸ ਪਾਉਂਦੇ ਹਨ, ਸ਼ਰੀਰ ਨੂੰ ਰੋਗ ਲਾ ਦਿੰਦੇ ਹਨ। ਯਥਾ:- ਭਾਂਤ ਭਾਂਤ; ਭੱਛਤ ਪਕਵਾਨਾ॥ ਉਪਜਤ ਰੋਗ ਦੇਹ ਤਿਨ ਨਾਨਾ॥) ਸਿਮਰਨ ਕਰਕੇ ਰੱਜ ਲੈ, ਨਹੀਂ ਤਾਂ ਪਿਛੋਂ ਪਛਤਾਉਂਣਾ ਹੀ ਪਵੇਗਾ। ਯਥਾ:- ਕਬੀਰ. ਲੂਟਨਾ ਹੈ ਤ ਲੂਟਿ ਲੈ; ਰਾਮ ਨਾਮ ਹੈ ਲੂਟਿ॥ ਫਿਰਿ ਪਾਛੈ ਪਛੁਤਾਹੁਗੇ; ਪ੍ਰਾਨ ਜਾਹਿਗੇ ਛੂਟਿ॥੪੧॥) ਬੁਰੇ ਕਾਮ ਕਉ; ਊਠਿ ਖਲੋਇਆ॥ ਨਾਮ ਕੀ ਬੇਲਾ; ਪੈ ਪੈ ਸੋਇਆ॥੧॥) ਕਿਆ ਸੋਵਹਿ. ਨਾਮੁ ਵਿਸਾਰਿ; ਗਾਫਲ ਗਹਿਲਿਆ॥ ਕਿਤੀ ਇਤੁ ਦਰੀਆਇ; ਵੰਞਨਿ ਵਹਦਿਆ॥੧॥ ਬੋਹਿਥੜਾ ਹਰਿ ਚਰਣ; ਮਨ ਚੜਿ ਲੰਘੀਐ॥) ਜਾਗਹੁ ਜਾਗਹੁ ਸੂਤਿਹੋ; ਚਲਿਆ ਵਣਜਾਰਾ॥) ਬੈਸਤ ਬਾਰਾਂ ਚਲਤੇ ਅਠਾਰਾਂ; ਸੋਵਤ ਚਾਲੈ ਤੀਸ, ਮੈਥਨ ਕਰਤਿਆਂ ਪੈਂਸਠ ਚਾਲੈ; ਕਿਉਂ ਨਾ ਭਜੈ ਜਗਦੀਸ॥) ਸਾਰੋ ਦਿਨਸੁ ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ; ਬਜਰ ਸਿਰਿ ਪਰੈ॥੧॥) ਪ੍ਰਾਨੀ; ਪਰਮ ਪੁਰਖ ਪਗ ਲਾਗੋ॥ ਸੋਵਤ ਕਹਾ.ਮੋਹ ਨਿੰਦ੍ਰਾ ਮੈ; ਕਬਹੂੰ.ਸੁਚਿਤ ਹ੍ਵੈ ਜਾਗੋ॥) ਜਾਗੁ ਰੇ ਮਨ; ਜਾਗਨਹਾਰੇ॥ ਬਿਨੁ ਹਰਿ.ਅਵਰੁ ਨ ਆਵਸਿ ਕਾਮਾ; ਝੂਠਾ ਮੋਹੁ ਮਿਥਿਆ ਪਸਾਰੇ॥) ਕਬੀਰ. ਸੂਤਾ ਕਿਆ ਕਰਹਿ; ਜਾਗੁ ਰੋਇ ਭੈ ਦੁਖ॥ ਜਾ ਕਾ ਬਾਸਾ ਗੋਰ ਮਹਿ; ਸੋ ਕਿਉ ਸੋਵੈ ਸੁਖ॥੧੨੭॥ ਕਬੀਰ. ਸੂਤਾ ਕਿਆ ਕਰਹਿ; ਉਠਿ ਕਿ ਨ ਜਪਹਿ ਮੁਰਾਰਿ॥ ਇਕ ਦਿਨ ਸੋਵਨੁ ਹੋਇਗੋ; ਲਾਂਬੇ ਗੋਡ ਪਸਾਰਿ॥੧੨੮॥) ਕਬੀਰ.ਸੂਤਾ ਕਿਆ ਕਰਹਿ; ਬੈਠਾ ਰਹੁ ਅਰੁ ਜਾਗੁ॥ ਜਾ ਕੇ ਸੰਗ ਤੇ ਬੀਛੁਰਾ; ਤਾ ਹੀ ਕੇ ਸੰਗ ਲਾਗੁ॥) ਜਾਗਿ ਲੇਹੁ.ਰੇ ਮਨਾ ਜਾਗਿ ਲੇਹੁ; ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ.ਸੰਗ ਹੀ; ਸੋ ਭੀ ਸੰਗ ਨ ਹੋਇਆ॥੧॥) ਫਰੀਦਾ.ਚਾਰਿ ਗਵਾਇਆ ਹੰਢਿ ਕੈ;ਚਾਰਿ ਗਵਾਇਆ

Sri Satguru Jagjit Singh Ji eLibrary NamdhariElibrary@gmail.com

ਸੰਮਿ॥ ਲੇਖਾ ਰਬੁ ਮੰਗੇਸੀਆ; ਤੂ ਆਂਹੋ ਕੇਰ੍ਹੇ ਕੰਮਿ॥) ਮੇਰਾ ਸਹੁ ਜਾਗੈ; ਹਉ ਨਿਸਿ ਭਰਿ ਸੋਵਾ॥੧॥ ਇਉ; ਕਿਉ ਕੰਤ ਪਿਆਰੀ ਹੋਵਾ॥

ਜੋਬਨ ਜਾਂਦੇ ਨਾ ਡਰਾਂ; ਜੇ ਸਹ ਪ੍ਰੀਤਿ ਨ ਜਾਇ॥ ਸੁੱਕਿ- ਫਰੀਦਾ. ਕਿਤੀ ਜੋਬਨ ਪ੍ਰੀਤਿ ਬਿਨੁ; ਸੁਕਿ ਗਏ ਕੁਮਲਾਇ॥੩੪॥ {ਹਰ ਜੀਵ ਨੂੰ ਜੁਆਨੀ ਜਾਣ ਦਾ ਸੰਸਾ ਹੈ, ਬੁਢੇਪੇ 'ਚ ਸ਼ਰੀਰ ਇੰਦ੍ਰੇ ਭਾਵੇਂ ਕਮਜ਼ੋਰ ਹੋ ਕੇ ਚਲੇ ਜਾਂਦੇ ਹਨ,ਪਰ ਫੇਰ ਵੀ ਸੁਆਦ ਵਿਸ਼ਿਆਂ ਕਰਕੇ, ਤ੍ਰਿਪਤੀ ਨਹੀਂ ਹੁੰਦੀ, ਵਿਸ਼ਿਆਂ ਲਈ ਰੋਂਦਾ ਹੈ। ਮਨ ਦੀ ਇਸ ਢਹਿੰਦੀ ਦਸ਼ਾ ਦੀ ਨਿਵਿਰਤੀ ਲਈ, ਸ਼ੁਭ ਸੱਚਾ ਉਪਦੇਸ਼ ਬਖ਼ਸ਼ ਰਹੇ ਹਨ}:- ਹੇ (ਸਹ)ਪਤੀ ਵਾਹਿਗੁਰੂ ਜੀ! ਆਪ ਜੀ ਐਸੀ ਕ੍ਰਿਪਾ ਕਰੋ, ਕਿ ਦਾਸਨ ਦਾਸ ਦੇ ਅੰਦਰੋਂ ਆਪ ਜੀ ਦੀ ਪ੍ਰੀਤਿ ਨ (ਜਾਇ)ਜਾਵੇ। ਜੇ ਆਪ ਜੀ ਦੀ ਪ੍ਰੀਤਿ ਨ ਜਾਵੇ ਤਾਂ ਦਾਸਨ ਦਾਸ, (ਜੋਬਨ)ਜੁਆਨੀ ਹੁਸਨ ਜਾਂਦੇ ਨਾ (ਡਰਾਂ)ਡਰੇ। ਪਰਮਪੂਜਨੀਕ ਪਤੀ ਪ੍ਰਮਾਤਮਾ ਜੀ ਦੀ ਗੂੜ੍ਹੀ ਪ੍ਰੀਤੀ ਕਰਕੇ, ਸਾਰੇ ਵਿਸ਼ੇ ਵਿਕਾਰ ਛੁੱਟ ਜਾਂਦੇ ਹਨ। ਗੁਰਮੁਖਤਾਈ ਵਾਲੀ ਸੱਚੀ ਪ੍ਰੀਤੀ ਦੁਆਰਾ, ਸੱਚੇ ਪ੍ਰੀਤਮ ਜੀ ਦੀ ਪ੍ਰਾਪਤੀ ਹੋ ਜਾਂਦੀ ਹੈ। ਯਥਾ:- ਗੁਰਮੁਖਿ ਸਚੀ ਆਸਕੀ; ਜਿਤੁ ਪ੍ਰੀਤਮੁ ਸਚਾ ਪਾਈਐ॥ ਕੋਟਾਨ ਕੋਟਿ ਬ੍ਰਹਮੰਡਾਂ ਦੇ ਮਾਲਕ ਦੇ ਦਰਸ਼ਨਾਂ ਦਾ ਵਿਗਾਸ ਬਣਿਆਂ ਹੀ ਰਹਿੰਦਾ ਹੈ। ਜਦੋਂ ਮਨ ਮਹਾਂ ਵਿਸਮਾਦ ਵਿਆਪਕ 'ਚ ਲੀਣ ਹੋ ਕੇ, ਚਿੰਤ ਅਚਿੰਤਾ ਸਗਲੀ ਗਈ॥ ਦੀ ਅਵਸਥਾ 'ਚ ਲੀਣ ਹੋਵੇ ਫੇਰ ਜੁਆਨੀ ਜਾਣ ਦਾ ਕੋਈ ਡਰ ਨਹੀਂ ਹੁੰਦਾ। ਇਸ ਲਈ ਗੁਰੂ ਸੇਵਾ ਭਗਤੀ, ਸੀਸ ਵਾਰਨ ਤੱਕ ਕੁਰਬਾਨੀ ਅਰਦਾਸਿ ਕਰਕੇ ਐਸੀ ਪ੍ਰੀਤੀ ਪ੍ਰਾਪਤ ਕਰੋ ਜੀ। ਜਿਸ ਕਰਕੇ ਜੁਆਨੀ ਦੇ ਜਾਣ ਦਾ ਸੰਸਾ ਹੀ ਨ ਹੋਵੇ। ਪ੍ਰੀਤੀ ਕਿਉਂ ਮੰਗੀ ਹੈ?

ਸੁੱਕਿ- ਫਰੀਦਾ. ਕਿਤੀ ਜੋਬਨ ਪ੍ਰੀਤਿ ਬਿਨੁ; ਸੁਕਿ ਗਏ ਕੁਮਲਾਇ॥੩੪॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਵਾਹਿਗੁਰੂ ਜੀ (ਕਿਤੀ)ਕਿਤਨੇ ਭਾਵ ਬੇਅੰਤ (ਜੋਬਨ)ਹੁਸਨ, ਔਗੁਣਾਂ ਵਿਕਾਰਾਂ ਮਾਇਆ 'ਚ ਲੱਗ ਕੇ, ਤੇਰੀ ਪ੍ਰੀਤਿ ਤੋਂ ਬਿਨੁ, ਕੁਮਲਾਇ ਕੇ ਸੁਕਿ ਗਏ। ਯਥਾ:- ਹਰਿ ਬਿਨੁ; ਜੀਉ ਜਲਿ ਬਲਿ ਜਾਉ॥

ਅੰਤ੍ਰੀਵ:- ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਪੂਰਨ ਗੁਰੂ ਜੀ ਦੀ ਸ਼ੁਭ ਸੱਚੀ ਸੇਵਾ ਸਿਮਰਨ ਆਦਿ, ਸ੍ਰਬ ਵਿਆਪੀ ਮਹਾਂ ਵਿਸਮਾਦ, ਅਨੰਤ ਸ਼ੁਭ ਗੁਣਾਂ ਵੱਲੋਂ ਕੁਮਲਾਇ ਕੇ, ਰਾਮ ਜੀ ਵੱਲੋਂ ਸੁਕਿ ਸੜ ਕੇ ਨਾਸਤਕ ਹੋ ਕੇ ਮਰ ਗਏ। ਯਥਾ:- ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਛਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ ਭਗਵੰਤ॥) ਨਾਮ ਸੰਗਿ; ਮਨਿ ਪ੍ਰੀਤਿ ਨ ਲਾਵੈ॥ ਕੋਟਿ ਕਰਮ ਕਰਤੋ; ਨਰਕਿ ਜਾਵੈ॥੫॥) ਧ੍ਰਿਗੁ ਇਵੇਹਾ ਜੀਵਣਾ; ਜਿਤੁ. ਹਰਿ ਪ੍ਰੀਤਿ ਨ ਪਾਇ॥ ਜਿਤੁ ਕੰਮਿ. ਹਰਿ ਵੀਸਰੈ; ਦੂਜੈ ਲਗੈ ਜਾਇ॥੧॥

ਫਰੀਦਾ. ਚਿੰਤ ਖਟੋਲਾ, ਵਾਣੁ ਦੁਖੁ; ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ; ਤੂ ਸਾਹਿਬ ਸਚੇ ਵੇਖੁ॥੩੫॥ ਫ਼ਰੀਦ ਸਾਹਿਬ ਜੀ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ:- ਹੇ ਸ੍ਰਬ ਬਿਆਪੀ ਸ੍ਰਬ ਪ੍ਰਕਾਸ਼ਕ ਵਾਹਿਗੁਰੂ ਜੀ! ਆਪ ਜੀ ਦੇ ਵਿਛੋੜੇ 'ਚ, (ਚਿੰਤ)ਚਿੰਤਾ ਹੀ ਦਾਸਨ ਦਾਸ ਦਾ (ਖਟੋਲਾ)ਮੰਜਾ ਹੈ। ਦੁਖ ਰੂਪੀ ਵਾਣੁ ਨਾਲ ਬੁਣਿਆਂ ਹੈ। ਤੜਫ਼ਾਉਣ ਮਚਾਉਣ ਵਾਲਾ ਮਹਾਂ ਦੁੱਖਦਾਈ (ਬਿਰਹਿ)ਵਿਛੋੜਾ ਹੀ, (ਵਿਛਾਵਣ)ਵਿਛੌਣਾ ਅਤੇ ਉੱਪਰ ਲੈਣ ਵਾਲੀ (ਲੇਫੁ)ਰਜਾਈ ਹੈ। ਕਾਗਦਿ ਕਲਮ; ਨ ਲਿਖਣਹਾਰੁ॥ ਅਨੁਸਾਰ ਦੁੱਖਾਂ ਨੂੰ ਕਾਗ਼ਜ਼ ਕਲਮ ਲਿਖ ਨਹੀਂ ਸਕਦੇ। (ਹਮਾਰਾ)ਦਾਸਨ ਦਾਸਾਂ ਦਾ, ਆਪ ਜੀ ਦੇ ਵਿਛੋੜੇ 'ਚ, ਦੁਖ ਕੀਆ ਪੰਡਾ ਖੁਲੀਆ;

Sri Satguru Jagjit Singh Ji eLibrary NamdhariElibrary@gmail.com

ਅਨੁਸਾਰ ਦੁੱਖਾਂ ਹੀ ਦੁੱਖਾਂ ਵਾਲਾ, ਏਹੁ ਜੇਹਾ ਦੁਖਦਾਈ (ਜੀਵਣਾ)ਜਿਉਣਾ ਹੈ, ਹੇ ਸੱਚੇ ਮਿਹਰਵਾਨੁ. ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ. ਮਿਹਰਵਾਨੁ॥ ਵਾਹਿਗੁਰੂ ਜੀ! (ਤੂੰ)ਆਪ ਜੀ, ਦਾਸਨ ਦਾਸ ਵੱਲ, ਮਿਹਰ ਭਰੀ ਨਿਗ੍ਹਾ ਨਾਲ (ਵੇਖੁ)ਦੇਖਣਾ ਕਰੋ ਜੀ। ਯਥਾ:- ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ॥ ਤੁਧੁ ਬਿਨੁ ਰੋਗੁ ਰਜਾਈਆ ਦਾ ਓਢਣ ਨਾਗ ਨਿਵਾਸਾ ਦੇ ਰਹਣਾ॥ (ਸ੍ਰੀ ਦਸਮ ੭੧੧) ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥) ਦੁਖ ਕੀਆ ਪੰਡਾ ਖੁਲੀਆ; ਸੁਖੁ.ਨ ਨਿਕਲਿਓ ਕੋਇ॥ ਦੁਖ ਵਿਚਿ ਜੀਉ ਜਲਾਇਆ; ਦੁਖੀਆ ਚਲਿਆ ਰੋਇ॥) ਇਕਿ ਘਰਿ.ਆਵਹਿ ਆਪਣੈ; ਇਕਿ.ਮਿਲਿ ਮਿਲਿ ਪੁਛਹਿ ਸੁਖ॥ ਇਕਨਾ ਏਹੋ ਲਿਖਿਆ; ਬਹਿ ਬਹਿ ਰੋਵਹਿ ਦੁਖ॥) ਸੰਸਾ ਇਹੁ ਸੰਸਾਰੁ ਹੈ; ਜਨਮ ਮਰਣ ਵਿਚਿ ਦੁਖ ਸਬਾਇਆ॥ ਅਨੁਸਾਰ ਜੰਮਣ ਮਰਨ ਦੇ ਬੇਅੰਤ ਹੀ ਦੁੱਖ ਹਨ। ਜੀਵ ਜਿਸ ੨ ਜੂਨ 'ਚ ਜਾਂਦਾ ਹੈ, ਦੁੱਖ ਹੀ ਦੁੱਖ ਹਨ। ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਬਿਨੁ ਸਿਮਰਨ.ਜੋ ਜੀਵਨੁ ਬਲਨਾ; ਸਰਪ ਜੈਸੇ ਅਰਜਾਰੀ॥ ਨਵ ਖੰਡਨ ਕੋ ਰਾਜੁ ਕਮਾਵੈ; ਅੰਤਿ ਚਲੈਗੋ ਹਾਰੀ॥ ਸ੍ਰੀਰ, ਇੰਦ੍ਰੇ ਵਿਕਾਰਾਂ ਦੇ ਅਧੀਨ ਹੋ ਕੇ, ਹੋਰ ੨ ਵਿਕਾਰ ਮੰਗਦੇ ਹਨ ਤ੍ਰਿਪਤੀ ਨਹੀਂ ਹੁੰਦੀ, ਵੈਰ ਦੁੱਖ ਰੋਗ ਕਸ਼ਟ ਹੀ ਕਸ਼ਟ ਸਹਿਤ, ਸੜਦਾ ਬਲਦਾ ਜੂਨਾਂ ਭੋਗਦਾ ਸਦਾ ਜਮ ਡੰਡੇ ਖਾਂਦਾ ਰਹਿੰਦਾ ਹੈ। ਜੇ ਲਖ ਇਸਤਰੀਆ ਭੋਗ ਕਰਹਿ; ਨਵ ਖੰਡ ਰਾਜੁ ਕਮਾਹਿ॥ ਬਿਨੁ ਸਤਗੁਰ, ਸੁਖੁ ਨ ਪਾਵਈ; ਫਿਰਿ ਫਿਰਿ ਜੋਨੀ ਪਾਹਿ॥) ਸਹਸ ਖਟੇ; ਲਖ ਕਉ ਉਠਿ ਧਾਵੈ॥ ਤ੍ਰਿਪਤਿ ਨ ਆਵੈ; ਮਾਇਆ ਪਾਛੈ ਪਾਵੈ॥ ਅਨਿਕ ਭੋਗ; ਬਿਖਿਆ ਕੇ ਕਰੈ॥ ਨਹ ਤ੍ਰਿਪਤਾਵੈ; ਖਪਿ ਖਪਿ ਮਰੈ॥) ਵਡੇ ਵਡੇ ਰਾਜਨ ਅਰੁ ਭੂਮਨ; ਤਾ ਕੀ.ਤ੍ਰਿਸਨ ਨ ਬੂਝੀ॥ ਲਪਟਿ ਰਹੇ ਮਾਇਆ ਰੰਗ ਮਾਤੇ; ਲੋਚਨ.ਕਛੂ ਨ ਸੂਝੀ॥੧॥ ਬਿਖਿਆ ਮਹਿ; ਕਿਨਹੀ.ਤ੍ਰਿਪਤਿ ਨ ਪਾਈ॥ ਜਿਉ ਪਾਵਕੁ ਈਧਨਿ ਨਹੀ ਧ੍ਰਾਪੈ; ਬਿਨੁ ਹਰਿ.ਕਹਾ ਅਘਾਈ॥ ਰਹਾਉ॥ ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ; ਤਾ ਕੀ.ਮਿਟੈ ਨ ਭੂਖਾ॥ ਉਦਮੁ ਕਰੈ ਸੁਆਨ ਕੀ ਨਿਆਈ; ਚਾਰੇ ਕੁੰਟਾ ਘੋਖਾ॥੨॥ ਕਾਮਵੰਤ ਕਾਮੀ ਬਹੁ ਨਾਰੀ; ਪਰ ਗ੍ਰਿਹ.ਜੋਹ ਨ ਚੂਕੈ॥ ਦਿਨ ਪ੍ਰਤਿ ਕਰੈ.ਕਰੈ ਪਛੁਤਾਪੈ; ਸੋਗ ਲੋਭ ਮਹਿ ਸੂਕੈ॥੩॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਫਰੀਦਾ. ਮੈ ਜਾਨਿਆ ਦੁਖੁ ਮੁਝ ਕੂ; ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ; ਤਾਂ ਘਰਿ ਘਰਿ ਏਹਾ ਅਗਿ॥੯੧॥) ਅਨਿਕ ਸਜਾਂਈ.ਗਣਤ ਨ ਆਵੈ; ਗਰਭੈ ਗਰਭਿ ਭ੍ਰਮਾਹਿ॥ ਪ੍ਰਮਾਤਮਾ ਜੀ ਦੇ ਵਿਜੋਗ 'ਚ ਰੋਗਾਂ ਕਰਕੇ ਜੀਵ ਕਿੰਨੇ ਤੜਫ਼ ਰਹੇ ਹਨ। ਜਿਹੜੇ ਸ੍ਰੀਰ ਦਿਸਦੇ ਹਨ ਉਨ੍ਹਾਂ ਦੀ ਇਹ ਮੰਦੀ ਹਾਲਤ ਹੈ, ਜਿਹੜੇ ਨਹੀ ਦਿਸਦੇ, ਉਹ ਵੀ ਏਸੇ ਤਰ੍ਹਾਂ ਹੀ ਦੁਖੀ ਹਨ। ਮਹਾਰਾਜ ਸਾਹਿਬ ਜੀ ਦੇ ਚਰਨ- ਕਮਲਾਂ 'ਚ ਜਿਤਨਾ ਚਿਰ ਲੀਨ ਨਹੀਂ ਹੋ ਜਾਂਦਾ ਉਤਨਾ ਚਿਰ ਜੰਮਣ ਮਰਨ 'ਚ ਦੁੱਖ ਹਨ। ਯਥਾ:- ਤਤੁ ਬੀਚਾਰੁ; ਕਹੈ ਜਨੁ ਸਾਚਾ॥ ਜਨਮਿ ਮਰੈ; ਸੋ ਕਾਚੋ ਕਾਚਾ॥ ਵਾਹਿਗੁਰੂ ਜੀ ਦੇ ਵਿਛੋੜੇ'ਚ, ਹਰ ਜਨਮ'ਚ ਇੰਦ੍ਰਿਆਂ ਦੇ ਵਿਸ਼ਿਆਂ ਦੇ ਅਧੀਨ ਹੋ ਕੇ, ਜੰਮਣ ਮਰਨ ਰੋਗਾਂ ਕਲੇਸ਼ਾਂ ਦੇ ਕਸ਼ਟ ਹੀ ਕਸ਼ਟ ਭੋਗਦਾ ਹੈ। ਮੋਹ ਮਮਤਾ ਚੋਰੀਆਂ ਨਸ਼ਿਆਂ ਜੂਏ ਘੋਰ ਪਾਪਾਂ'ਚ ਲੱਗ ਜਾਂਦਾ ਹੈ। ਆਧਿ ਬਿਆਧਿ ਉਪਾਧਿ ਰਸ; ਕਬਹੁ.ਨ ਤੂਟੈ ਤਾਪ॥ ਪਾਰਬ੍ਰਹਮ ਪੂਰਨ ਧਨੀ; ਨਹ ਬੂਝੈ ਪਰਤਾਪ॥) ਬੁਢਾਪੇ ਦੇ ਦੁੱਖ ਭੀ ਕਥਨ ਨਹੀਂ ਹੋ ਸਕਦੇ। ਇਸ ਸਲੋਕ 'ਚ ਪ੍ਰੇਮ ਭਾਵ ਸਹਿਤ ਬੜੀ ਹੀ ਡੂੰਘੀ ਰਮਜ਼ ਹੈ। ਚੌਰਾਸੀ ਲੱਖ ਜੂਨ ਦੀ ਇੱਕ ੨ ਜੂਨ 'ਚ, ਅਸੰਖ ਅਰਬ ਖ਼ਰਬ ਜੀਅ ਹਨ, ਬਹੁਤ ਜੂਨਾਂ ਖ਼ੁਰਦਬੀਨ ਨਾਲ ਵੀ ਨਹੀਂ ਦਿਸਦੀਆਂ। ਇਹ ਸਭ ਜੀਵ ਇੰਦ੍ਰੀਆਂ ਦੇ ਵਿਸ਼ਿਆਂ

Sri Satguru Jagjit Singh Ji eLibrary NamdhariElibrary@gmail.com

’ਚ ਤੜਫ਼ ਰਹੇ ਹਨ, ਤ੍ਰਿਸਨਾ ਆਸਾ ਈਰਖਾ ਲਾਲਚ ਦੇ ਹਲਕ ਹੰਗਤਾ ਵੈਰ ਆਦਿ ਔਗੁਣਾਂ ਕਰਕੇ ਲੜਦੇ ਮਰਦੇ ਮਾਰਦੇ ਹਨ। ਯਥਾ:- ਲਖ ਚਉਰਾਸੀਹ ਮੇਦਨੀ; ਤਿਸਨਾ ਜਲਤੀ ਕਰੇ ਪੁਕਾਰ॥) ਮਃ ੩॥ ਹੰਉਮੈ ਅੰਦਰਿ ਖੜਕੁ ਹੈ; ਖੜਕੇ ਖੜਕਿ ਵਿਹਾਇ॥ ਹੰਉਮੈ ਵਡਾ ਰੋਗੁ ਹੈ; ਮਰਿ ਜੰਮੈ ਆਵੈ ਜਾਇ॥ ਹੰਗਤਾ ਬੱਜਰ ਪਾਪਾਂ ਦੇ ਅਸਹਿ ਭਾਰ ਕਰਕੇ, ਦਿਲ ਦਿਮਾਗ਼ ਸ਼ਰੀਰ ਦੱਬੇ ਕਸ਼ਟ ਭੋਗ ਰਹੇ ਹਨ, ਰੋਸ ਨਾਲ ਭਰੇ ਪਏ ਹਨ। ਕਿੰਨੀਆਂ ਦੇਹਾਂ ਹਰ ਵੇਲੇ, ਗੋਲ਼ੀਆਂ ਬੰਬਾਂ ਨਾਲ ਭੁੰਨੀਆਂ ਸਾੜੀਆਂ ਜਾ ਰਹੀਆਂ ਹਨ। ਕਿੰਨੀਆਂ ਦੇਹਾਂ ਦੇ ਢਿੱਡ ’ਚ ਚਾਕੂ ਮਾਰ ਕੇ ਮਾਰ ਰਹੇ ਹਨ। ਕਿੰਨੀਆਂ ਦੇਹਾਂ ਦੀਆਂ ਅੱਖਾਂ ਕੱਢ ਕੇ, ਅਸਥਣ ਵੱਢ ਕੇ ਮਾਰੀਆਂ ਗਈਆਂ ਹਨ। ਕਿੰਨੀਆਂ ਦੇਹਾਂ ਨੂੰ ਅੰਦਰੋਂ ਕੀੜੇ ਕ੍ਰਿਮ ਹੁਣ ਖਾਈ ਜਾ ਰਹੇ ਹਨ। ਕਿੰਨੀਆਂ ਗਾਈਆਂ ਹੁਣ ਕਤਲ ਕੀਤੀਆਂ ਜਾ ਰਹੀਆਂ ਹਨ, ਕਿੰਨੀਆਂ ਬੱਚੀਆਂ ਪੇਟ ’ਚ, ਜਾਂ ਹੁਣ ਜੰਮਦੀਆਂ ਹੀ ਮਾਰੀਆਂ ਜਾ ਰਹੀਆਂ ਹਨ। ਕਾਮ ਕ੍ਰੋਧ ਲੋਭ ਮੋਹ ਵਿਕਾਰ ਨਸ਼ੇ ਔਗੁਣ ਹਾਵੀ ਹੋ ਕੇ, ਦੇਹਾਂ ਨੂੰ ਬਹੁਤ ਜ਼ਿਆਦਾ ਦੁੱਖ ਦੇ ਰਹੇ ਹਨ। ਏਡਜ਼ ਆਦਿਕ ਬੀਮਾਰੀਆਂ ਦੁੱਖ ਦੇ ਰਹੀਆਂ ਹਨ। ਅਸੀਂ ਇੱਕ ਕ੍ਰਿਮ ਹਾਂ, ਸਾਡੀ ਦੇਹ ਅੰਦਰ, ਬੇਅੰਤ ਹੀ ਕ੍ਰਿਮ, ਪਰਮ ਪਿਆਰੇ ਰਾਮ ਜੀ ਦੇ ਵਿਜੋਗ ’ਚ ਤੜਫ਼ਦੇ ਦੁਖੀ ਭੱਜੇ ਫਿਰਦੇ ਹਨ, ਦੁੱਖਾਂ ਦੀ ਗੱਲ ਕਹਿਣ ਕਥਨ ’ਚ ਨਹੀਂ ਆ ਸਕਦੀ। ਇਸ ਸਲੋਕ ’ਚ ਬੜੀ ਹੀ ਡੂੰਘੀ ਰਮਜ਼ ਦੁਆਰਾ ਜੀਆਂ ਨੂੰ ਬਖ਼ਸ਼ਾਉਣ ਲਈ ਸਿਫ਼ਾਰਸ਼ ਕਰਦੇ ਹਨ। ਯਥਾ:- ਤੇਰੇ ਜੀਅ; ਜੀਆ ਕਾ ਤੋਹਿ॥ ਕਿਤ ਕਉ; ਸਾਹਿਬ ਆਵਹਿ ਰੋਹਿ॥ ਤੂੰਹੀ ਤੂੰਹੀ ਤੂੰਹੀ ਹੇ ਪਿਆਰੇ ਅਕਾਲ ਪੁਰਖ ਜੀ! ਜੀਅ (ਤੇਰੇ)ਆਪ ਜੀ ਦੇ ਹਨ। ਜੀਆ ਦੇ (ਤੋਹਿ)ਆਪ ਜੀ ਸੁਆਮੀ ਹੋਂ ਜੀ। ਹੇ (ਸਾਹਿਬ)ਮਾਲਕ ਵਾਹਿਗੁਰੂ ਜੀ! ਆਪ ਜੀ (ਕਉ)ਨੂੰ, (ਕਿਤ)ਕਿਸ ਲਈ ਇਨ੍ਹਾਂ ਜੀਆਂ ਤੇ (ਰੋਹਿ)ਗੁੱਸਾ (ਆਵਹਿ)ਆਉਂਦਾ ਹੈ, ਜੋ ਸਦਾ ੨ ਹੀ ਭੁੱਲਣਹਾਰ ਹਨ। ਆਪ ਜੀ ਪਾਰਾਵਾਰ ਤੋਂ ਰਹਿਤ ਢੰਗਾਂ ਨਾਲ, ਇਨ੍ਹਾਂ ਦੀ ਰੱਖਿਆ ਕਰਨ ਵਾਲੇ ਹੋਂ। ਯਥਾ:- ਸਦਾ ਸਦਾ ਇਹੁ ਭੂਲਨਹਾਰੁ॥ ਨਾਨਕ ਰਾਖਨਹਾਰੁ ਅਪਾਰੁ॥) ਜੇ ਤੂ ਸਾਹਿਬ ਆਵਹਿ ਰੋਹਿ॥ ਤੂ ਓਨਾ ਕਾ ਤੇਰੇ ਓਹਿ॥ ਹੇ ਸਾਹਿਬ! ਜੇ (ਤੂ)ਆਪ ਜੀ ਨੂੰ ਇਨ੍ਹਾਂ ਤੇ (ਰੋਹਿ)ਗੁੱਸਾ ਆਉਂਦਾ ਹੈ। (ਤੂ)ਆਪ ਜੀ ਓਨਾ (ਕਾ)ਦੇ ਮਾਤਾ ਪਿਤਾ ਸਰੂਪ ਹੋਂ, (ਓਹਿ)ਉਹ (ਤੇਰੇ)ਆਪ ਜੀ ਦੇ ਭੁੱਲਣਹਾਰ ਨਿਦਾਨ ਬੱਚੇ ਹਨ।

ਬਿਰਹਾ ਬਿਰਹਾ ਆਖੀਐ; ਬਿਰਹਾ ਤੂ ਸੁਲਤਾਨੁ॥ ਫਰੀਦਾ. ਜਿਤੁ ਤਨਿ, ਬਿਰਹੁ ਨ ਊਪਜੈ; ਸੋ ਤਨੁ ਜਾਣੁ ਮਸਾਨੁ॥੩੬॥ (ਬਿਰਹਾ)ਪ੍ਰੇਮ ਨਾਲ (ਆਖੀਐ)ਕਹੀਏ, ਹੇ (ਬਿਰਹਾ)ਪ੍ਰੇਮ! ਤੂ (ਸੁਲਤਾਨੁ)ਚੱਕ੍ਰਵਰਤੀ ਬਾਦਸ਼ਾਹ ਹੈਂ! ਹੇ (ਬਿਰਹਾ)ਪ੍ਰੇਮ! ਤੂੰ ਚੱਕ੍ਰਵਰਤੀ ਬਾਦਸ਼ਾਹ ਹੈਂ। ਅਥਵਾ ਵਾਹਿਗੁਰੂ ਜੀ ਪਾਸ (ਬਿਰਹਾ)ਪ੍ਰੇਮ ਨਾਲ (ਆਖੀਐ)ਕਹੀਏ, ਹੇ, ਰਾਜਨ ਕੇ ਰਾਜਾ.ਮਹਾਰਾਜਨ ਕੇ ਮਹਾਰਾਜਾ; ਵਾਹਿਗੁਰੂ ਜੀ! ਅਪਣੇ ਦਾਸਨ ਦਾਸ ਨੂੰ (ਬਿਰਹਾ) ਪ੍ਰੇਮ (ਬਿਰਹਾ)ਪ੍ਰੇਮ ਹੀ ਪ੍ਰੇਮ ਬਖ਼ਸ਼ੋ ਜੀ। ਹੇ ਚੱਕ੍ਰਵਰਤੀ ਬਾਦਸ਼ਾਹ! (ਬਿਰਹਾ)ਪ੍ਰੇਮ, ਤੂੰ ਧੰਨ ਹੈਂ ਜਿਸ (ਬਿਰਹਾ)ਪ੍ਰੇਮ ਦੇ ਵਸੀਕਾਰ ਹੋ ਕੇ ਅਕਾਲ ਪੁਰਖ ਜੀ ਪ੍ਰਗਟ ਹੋ ਕੇ, ਅਪਣੇ ਬੱਚੇ ਦੇ ਮਗਰ ੨ ਤੁਰੇ ਫਿਰਦੇ ਹਨ। ਯਥਾ:- ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ. ਹਰਿ ਫਿਰੈ; ਕਹਤ ਕਬੀਰ ਕਬੀਰ॥੫੫॥) ਸਾਚੁ ਕਹੌ. ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ. ਤਿਨ ਹੀ ਪ੍ਰਭੁ ਪਾਇਓ॥ (ਸ੍ਰੀ ਦਸਮ ੧੪) ਬਾਬਾ ਫ਼ਰੀਦ ਸਾਹਿਬ ਜੀ ਫੁਰਮਾਉਂਦੇ ਹਨ:- (ਜਿਤੁ)ਜਿਸ ਤਨਿ’ਚ, ਵਾਹਿਗੁਰੂ ਜੀ ਦਾ (ਬਿਰਹੁ)ਪ੍ਰੇਮ ਨਹੀਂ (ਊਪਜੈ)ਪੈਦਾ ਹੁੰਦਾ (ਸੋ)ਉਸ ਤਨੁ ਨੂੰ (ਮਸਾਨੁ) ਸ਼ਮਸ਼ਾਨ ਭੂਮੀ ਜਾਣੁ ਲਵੋ। ਯਥਾ:- ਕਬੀਰ. ਜਾ ਘਰ. ਸਾਧ ਨ ਸੇਵੀਅਹਿ; ਹਰਿ ਕੀ ਸੇਵਾ. ਨਾਹਿ॥ ਤੇ ਘਰ. ਮਰਹਟ ਸਾਰਖੇ; ਭੂਤ ਬਸਹਿ. ਤਿਨ ਮਾਹਿ॥ ਜਿਸ ਪ੍ਰੇਮ ਦੇ ਵਸੀਕਾਰ ਹੋ ਕੇ, ਪੂਰਨ ਗੁਰੂ ਜੀ ਦੇ ਪਿਆਰਿਆਂ ਨੇ ਨਾਮ ਜਪਿਆ, ਵੰਡ ਛਕਿਆ ਦੇਗ਼ ਚਲਾਈ ਤੇਗ ਵਾਹੀ,

Sri Satguru Jagjit Singh Ji eLibrary NamdhariElibrary@gmail.com

ਜ਼ਾਲਮਾਂ ਦੇ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਨ ਤੋਂ, ਚਰਖ਼ੜੀਆਂ'ਤੇ ਚੜ੍ਹੇ, ਬੰਦ ੨ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਦੇਗਾਂ'ਚ ਉਬਾਲ਼ੇ ਖਾਧੇ, ਆਪਣੇ ਆਪ ਨੂੰ ਆਰਿਆਂ ਨਾਲ ਚਿਰਵਾਇਆ, ਆਪਣੇ ਬੱਚਿਆਂ ਨੂੰ ਨੇਜ਼ਿਆਂ'ਤੇ ਟੰਗਵਾਇਆ, ਟੋਟੇ ੨ ਕਰਵਾ ਕੇ ਝੋਲ਼ੀਆਂ 'ਚ ਪੁਆਇਆ। ਜੰਗਾਂ ਯੁੱਧਾਂ'ਚ ਸ਼ਹੀਦ ਹੋਏ, ਜਿਉਂਦਿਆਂ ਹੀ ਆਪਣੇ ਆਪ ਨੂੰ ਨੀਂਹ 'ਚ ਚਿਣਵਾਇਆ, ਗੋਲ਼ੀਆਂ ਗੋਲ਼ੇ ਖਾਧੇ, ਦੁੱਖ ਭੁੱਖ ਮਾਰਾਂ ਸਹਾਰ ਕੇ 'ਹਾਏ ਸੀ' ਨਹੀਂ ਉਚਾਰੀ, ਭਾਣੇ ਨੂੰ ਮਿੱਠਾ ਹੀ ਮਿੱਠਾ ਮੰਨਦਿਆਂ ਸਨਮੁਖ ਸ਼ਹੀਦ ਹੋਏ, ਗੁਰੂ ਬਖ਼ਸ਼ੀ ਗੁਰਬਾਣੀ ਪਿਆਰੀ ਸਿੱਖੀ ਦਾ ਬੀਜ ਰੱਖਿਆ, ਤਿਨ੍ਹਾਂ ਗੁਰੂ ਪਿਆਰਿਆਂ ਸੱਚਿਆਰਿਆਂ ਨੂੰ, ਦਾਸਨ ਦਾਸੀਆਂ ਨਿੱਕੀਆਂ ਕੀੜੀਆਂ ਹਰ ਸਮੇਂ ਰੋਮ ੨ ਕਰਕੇ, ਪੂਰਨ ਪ੍ਰੇਮ ਸਹਿਤ, ਮਹਾਂ ਵਿਸਮਾਦ ਅਨਤਕਲਾਵਾਨ ਅਨੰਤ ਨਮਸਕਾਰਾਂ ਡੰਡਉਤਾਂ ਕਰਦੀਆਂ ਹਨ। ਜਿਨ੍ਹਾਂ ਗੁਰਮੁਖਾਂ ਨੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਾਨ ਜੀ ਦੇ ਇਹ ਅਮੋਲਕ ਬਚਨ ਕਮਾਏ:- ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ;ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥) ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਗਗਨ ਦਮਾਮਾ ਬਾਜਿਓ;ਪਰਿਓ ਨੀਸਾਨੈ ਘਾਉ॥ ਖੇਤੁ ਜੁ ਮਾਂਡਿਓ ਸੂਰਮਾ; ਅਬ ਜੂਝਨ ਕੋ ਦਾਉ॥੧॥ ਸੂਰਾ ਸੋ ਪਹਿਚਾਨੀਐ; ਜੁ ਲਰੈ ਦੀਨ ਕੇ ਹੇਤ॥ ਪੁਰਜਾ ਪੁਰਜਾ ਕਟਿ ਮਰੈ;ਕਬਹੂ ਨ ਛਾਡੈ ਖੇਤੁ॥) ਕਬੀਰ.ਮੁਹਿ ਮਰਨੇ ਕਾ ਚਾਉ ਹੈ; ਮਰਉ ਤ ਹਰਿ ਕੈ ਦੁਆਰ॥ ਮਤ. ਹਰਿ ਪੂਛੈ ਕਉਨੁ ਹੈ; ਪਰਾ ਹਮਾਰੈ ਬਾਰ॥) ਗੁਰ ਕਉ;ਕੁਰਬਾਨੁ ਜਾਉ ਹਾਂ॥) ਗੁਰ ਅਪੁਨੇ ਊਪਰਿ; ਬਲਿ ਜਾਈਐ॥) ਤੂ ਚਉ ਸਜਣ ਮੈਡਿਆ; ਡੇਈ ਸਿਸੁ ਉਤਾਰਿ॥ ਨੈਣ ਮਹਿੰਜੇ ਤਰਸਦੇ; ਕਦਿ ਪਸੀ ਦੀਦਾਰੁ॥)

ਫਰੀਦਾ. ਏ ਵਿਸੁ ਗੰਦਲਾ; ਧਰੀਆਂ ਖੰਡੁ ਲਿਵਾੜਿ॥ ਇਕਿ ਰਾਹੇਦੇ ਰਹਿ ਗਏ; ਇਕਿ. ਰਾਧੀ ਗਏ ਉਜਾੜਿ॥੩੭॥{ਬਹੁਤ ਹੀ ਪ੍ਰੇਮਮਈ ਨਮਸਕਾਰ ਪ੍ਰੇਮ ਵਿਚਾਰ:- ਜਿਵੇਂ ਬੇਸਵਾ ਵਿਸੁ ਗੰਦਲਾ ਹਨ, ਤਿਵੇਂ ਮਰਦ ਪਰ ਗ੍ਰਿਹਿ ਵਿਕਾਰੀ ਹੈ, ਉਸ ਤੋਂ ਘਰਵਾਲੀ ਨੂੰ ਏਡਜ਼ ਲੱਗ ਰਹੀ ਹੈ, ਗੰਦੀ ਘਰਵਾਲੀ ਤੋਂ ਪਤੀ ਨੂੰ ਏਡਜ਼ ਲੱਗ ਰਹੀ ਹੈ। ਮਨੁਖਾ ਜ਼ਾਤੀ ਨੂੰ ਹੀ ਵੇਸਵਾ ਤੋਂ ਪ੍ਰਹੇਜ਼ ਦਾ ਸ਼ੁਭ ਸੱਚਾ ਉਪਦੇਸ਼ ਹੈ, ਵੇਸਵਾ ਵਰਗੇ ਪਰ ਗ੍ਰਿਹਿ ਵਿਕਾਰੀ ਭੜੂਏ ਗੰਦੇ ਸਾਕਤ ਹਨ ਉਨ੍ਹਾਂ ਤੋਂ ਪ੍ਰਹੇਜ਼ ਦਾ ਉਪਦੇਸ਼ ਹੈ। ਯਥਾ:- ਹੋ, ਪਰ ਧਨ ਪਾਹਨ ਤੁਲਿ; ਤ੍ਰਿਯਾ ਪਰ,ਮਾਤ ਹਮਾਰੈ॥ ਪਰਮਪੂਜਨੀਕ ਸੱਚੇ ਸਤਿਗੁਰੂ ਦਸਵੇਂ ਪਾਤਿਸਾਹਜੀ ਫ਼ੁਰਮਾਉਂਦੇ ਹਨ:- ਹੇ ਭਾਈ! ਪਰਾਇਆ ਧਨ ਮੈਨੂੰ ਪੱਥਰ ਵਾਂਗ ਹੈ, ਪਰ ਇਸਤ੍ਰੀ ਮਾਤਾ ਜੀ ਵਾਂਗ ਹੈ। ਛੰਦ॥ ਸੁਧਿ ਜਬ ਤੇ ਹਮ ਧਰੀ; ਬਚਨ ਗੁਰ ਦਏ ਹਮਾਰੇ॥ ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ ਨ ਜੈਯਹੁ॥੫੧॥ ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ ਹੋ, ਪਰ ਨਾਰੀ ਕੇ ਹੇਤ; ਕਟਕ ਕਵਰਨ ਕੌ ਘਾਯੋ॥੫੨॥ ਪਰ ਨਾਰੀ ਸੌ ਨੇਹੁ; ਛੁਰੀ ਪੈਨੀ ਕਰਿ ਜਾਨਹੁ॥ ਪਰ ਨਾਰੀ ਕੇ ਭਜੇ; ਕਾਲ ਬਜਾਪਯੋ ਤਨ ਮਾਨਹੁ॥ ਅਧਿਕ ਹਰੀਫੀ ਜਾਨਿ; ਭੋਗ ਪਰ ਤ੍ਰਿਯ ਜੋ ਕਰਹੀ॥ ਹੋ, ਅੰਤ ਸ੍ਵਾਨ ਕੀ ਮ੍ਰਿਤੁ; ਹਾਥ ਲੇਂਡੀ ਕੇ ਮਰਹੀ॥੫੩॥ ਬਾਲ ਹਮਾਰੇ ਪਾਸ; ਦੇਸ ਦੇਸਨ ਤ੍ਰਿਯ ਆਵਹਿ॥ ਮਨ ਬਾਂਛਤ ਬਰ ਮਾਂਗਿ; ਜਾਨਿ ਗੁਰ.ਸੀਸ ਝੁਕਾਵਹਿ॥ ਸਿੱਖਜ ਪੁੱਤ੍ਰ ਤ੍ਰਿਯ.ਸੁਤਾ ਜਾਨਿ; ਅਪਨੇ ਚਿਤ ਧਰਿਯੈ॥ ਹੋ, ਕਹੁ ਸੁੰਦਰਿ ਤਿਹ ਸਾਥ; ਗਵਨ ਕੈਸੇ ਕਰ ਕਰਿਯੈ॥੫੪॥ ਪਰਮਪੂਜਨੀਕ ਸੱਚੇ ਸਤਿਗੁਰੂ ਜੀ ਨੇ,ਪਰ ਇਸਤ੍ਰੀ ਦੇ ਤਿਆਗ ਦਾ ਸ਼ੁਭ ਉਪਦੇਸ਼ ਦਿਤਾ ਹੈ, ਜੋ ਨਹੀਂ ਮੰਨਦੇ:- ਘਰ ਕੀ ਨਾਰਿ ਤਿਆਗੈ ਅੰਧਾ॥ ਪਰ ਨਾਰੀ ਸਿਉ ਘਾਲੈ ਧੰਧਾ॥ ਜੈਸੇ

Sri Satguru Jagjit Singh Ji eLibrary NamdhariElibrary@gmail.com

ਸਿੰਬਲੁ ਦੇਖਿ ਸੂਆ ਬਿਗਸਾਨਾ॥ ਅੰਤ ਕੀ ਬਾਰ ਮੂਆ ਲਪਟਾਨਾ॥ ਸਿਗ੍ਰਟ ਨਸ਼ੇ ਡਰੱਗ ਪੀਣ ਵਾਲਿਆਂ ਦੇ ਸ੍ਰੀਰ 'ਚ, ਗੰਦੇ ਜਰਾਸੀਮ ਪੈਦਾ ਹੋ ਜਾਂਦੇ ਹਨ, ਉਹ ਅਪਣੇ ਆਪ ਅਤੇ ਸੰਸਾਰ ਨੂੰ ਨਰਕ ਬਣਾਉਂਦੇ ਹਨ।}

ਫਰੀਦਾ. ਏ ਵਿਸੁ ਗੰਦਲਾ; ਧਰੀਆਂ ਖੰਡੁ ਲਿਵਾੜਿ॥ ਇਕਿ ਰਾਹੇਦੇ ਰਹਿ ਗਏ; ਇਕਿ. ਰਾਧੀ ਗਏ ਉਜਾੜਿ॥੩੭॥ ਵੇਸਵਾ ਹੋਵੇ ਅਥਵਾ ਗੰਦਾ- ਬੰਦਾ ਸਾਕਤ ਵੇਸਵਾ ਵਾਲੇ ਮੰਦ- ਕਰਮ ਕਰੇ, ਵਿਸੁ ਦੀਆਂ ਗੰਦਲਾਂ ਹਨ। ਹੇ ਫਰੀਦਾ! (ਏ) ਏਹ ਜੋ ਜ਼ਾਲਮ ਇਸਤ੍ਰੀ ਪੁਰਖਾਂ ਦੀਆਂ ਦੇਹਾਂ, ਖੰਡੁ 'ਚ (ਲਿਵਾੜਿ) ਲਬੇੜ ਵਲ੍ਹੇਟ ਕੇ, ਧਰੀਆਂ (ਵਿਸੁ) ਜ਼ਹਿਰ ਦੀਆਂ ਗੰਦਲਾ ਹਨ। ਖੰਡ 'ਚ ਲਿਬੇੜਣ ਵਾਂਗ ਮੁਖੋਂ ਮਿੱਠਾ ਬੋਲਦੇ, ਫ਼ੈਸ਼ਨ ਲਾਉਂਦੇ ਹਨ, ਬਾਹਰੋਂ ਦਿਖਾਵੇ ਦਾ ਜੀਵਨ ਹੈ, ਅਥਵਾ ਬਾਹਰੋਂ ਭੇਖ ਸੰਤਾਂ ਵਾਲ਼ਾ ਹੈ। ਇਕਿ ਸਾਕਤ ਇਸਤ੍ਰੀ ਪੁਰਖ ਵਿਭਚਾਰ ਜ਼ੁਲਮ ਰੂਪ ਜ਼ਹਿਰ ਆਪਣੇ ਮਨ ਬਾਣੀ ਸ੍ਰੀਰ 'ਤੇ (ਰਾਹੇਦੇ) ਬੀਜਦੇ ਹੀ (ਰਹਿ)ਹੰਭ ਹੁੱਟ ਮਰ ਖਪ ਗਏ। ਇਕਿ ਜਿਨ੍ਹਾਂ ਸਾਕਤਾਂ ਨੇ, ਵਿਭਚਾਰ ਜ਼ੁਲਮ ਰੂਪ ਜ਼ਹਿਰ ਆਪਣੇ ਮਨ ਬਾਣੀ ਸ੍ਰੀਰ 'ਤੇ (ਰਾਧੀ) ਬੀਜੀ ਸੀ, ਉਹ ਅਪਣਾ ਹੋਰਨਾ ਦਾ ਘਰਬਾਰ ਨੇਕ ਚਾਲ ਚਲਣ ਸਭ ਕਿਛ ਹੀ ਉਜਾੜਿ ਕੇ ਮਰ ਗਏ।

ਫਰੀਦਾ. ਚਾਰਿ ਗਵਾਇਆ ਹੰਢਿ ਕੈ; ਚਾਰਿ ਗਵਾਇਆ ਸੰਮਿ॥ ਲੇਖਾ ਰਬੁ ਮੰਗੇਸੀਆ; ਤੂ ਆਂਹੋ ਕੇਰ੍ਹੇ ਕੰਮਿ॥੩੮॥ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਜੀਵ! ਆਪ ਜੀ ਨੇ ਚਾਰਿ ਪਹਿਰਾਂ ਦੇ ਸਮੇਂ ਨੂੰ, ਕਾਮ ਕ੍ਰੋਧ ਲੋਭ ਮੋਹ ਹੰਕਾਰ ਕੁਸੰਗਤ ਨਿੰਦਿਆ ਚੁਗਲੀ ਪਾਪਾਂ ਚੋਰੀ ਯਾਰੀ 'ਚ (ਹੰਢਿ)ਬਰਬਾਦ ਰੋਗੀ ਸੋਗੀ ਹੋ (ਕੈ)ਕੇ (ਗਵਾਇਆ)ਗੁਆ ਲਿਆ। ਚਾਰਿ ਪਹਿਰ (ਸੰਮਿ)ਸੌਂ ਕੇ ਬੇਅਰਥ ਹੀ (ਗਵਾਇਆ)ਗੁਆ ਲਏ, ਗੁਰੂ ਸੇਵਾ ਸਿਮਰਨ ਪਰਉਪਕਾਰ ਨਿਸਕਾਮ ਸੇਵਾ ਨਾ ਕੀਤੀ। ਹੇ ਪਿਆਰੇ ਜੀ! ਜਦੋਂ ਰਬੁ ਵਾਹਿਗੁਰੂ ਜੀ ਦਰਗਾਹ 'ਚ ਲੇਖਾ (ਮੰਗੇਸੀਆ)ਮੰਗਣਗੇ, ਤੂ ਮਾਤਲੋਕ 'ਚ, (ਕੇਰ੍ਹੇ)ਕਿਹੜੇ ੨ ਸ਼ੁਭ (ਕੰਮਿ)ਕਰਮ ਕਰਕੇ (ਆਂਹੋ)ਆਇਆ ਹੈਂ? ਜੇ ਹੁਣ ਤੂੰ ਭਜਨ ਸਿਮਰਨ ਬੰਦਗੀ ਨਿਰਵਿਕਾਰ ਸ਼ੁਭ ਕਾਰਜ ਨਹੀਂ ਕਰਦਾ ਤਾਂ ਫੇਰ ਸਾਂਈ ਦੇ ਦਰਬਾਰ ਵਿੱਚ ਸ਼ਰਮਿੰਦਾ ਹੋਣਾ ਪਵੇਗਾ। ਯਥਾ:- ਫਰੀਦਾ. ਜਿਨ੍ਹੀ ਕੰਮੀ ਨਾਹਿ ਗੁਣ; ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ; ਸਾਂਈ ਦੈ ਦਰਬਾਰਿ॥੫੯॥) ਲੇਖਾ ਰਬੁ ਮੰਗੇਸੀਆ; ਬੈਠਾ ਕਢਿ ਵਹੀ॥ ਤਲਬਾ ਪਉਸਨਿ ਆਕੀਆ; ਬਾਕੀ ਜਿਨਾ ਰਹੀ॥) ਲੇਖਾ ਲੀਜੈ; ਤਿਲ ਜਿਉ ਪੀੜੀ॥) ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ; ਦੇਇ ਸਜਾਏ॥ ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ॥੫॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ. ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ. ਮੁਹੈ ਮੁਹਿ ਖਾਇ॥)

ਫਰੀਦਾ. ਦਰਿ ਦਰਵਾਜੈ ਜਾਇ ਕੈ; ਕਿਉ ਡਿਠੋ ਘੜੀਆਲੁ॥ ਏਹੁ ਨਿਦੋਸਾਂ ਮਾਰੀਐ; ਹਮ ਦੋਸਾਂ ਦਾ ਕਿਆ ਹਾਲੁ॥੩੯॥ ਵਾਹਿਗੁਰੂ ਬ੍ਰਹਮ ਜੀ ਨੇ, ਬਾਬੇ ਫ਼ਰੀਦ ਸਾਹਿਬ ਜੀ ਦਾ ਅਵਤਾਰ ਧਾਰ ਕੇ, ਬਹੁਤ ਘਣੀ ਸਖ਼ਤ ਮਿਹਨਤ ਸਹਿਤ ਪ੍ਰੇਮਾ ਭਗਤੀ ਕੀਤੀ। ਆਪ ਜੀ ਵਿਸਮਾਦ ਰੰਗ 'ਚ, ਮੋਕਲਾ ਸ਼ਹਿਰ ਆਏ, ਇੱਥੇ ਜ਼ਾਲਮ ਮੁਗਲ ਮੋਕਲਾ ਰਾਜ ਕਰਦਾ ਸੀ, ਇਸ ਨੇ ਫ਼ਕੀਰਾਂ ਨੂੰ ਕੈਦੀ ਕਰਕੇ ਰੱਖਿਆ ਸੀ। ਕਿਲੇ ਦੀ ਉਸਾਰੀ ਉਨ੍ਹਾਂ ਤੋਂ ਕਰਾਉਂਦਾ, ਉਨ੍ਹਾਂ ਨੂੰ ਪ੍ਰਛਾਦਾ ਨ ਦਿੰਦਾ। ਉਹ ਵਿਚਾਰੇ ਭੁੱਖੇ ਧਿਆਏ ਫ਼ਕੀਰ ਰੁੱਖਾ ਬੇਹੇ ਜੂਠੇ ਟੁੱਕਰ ਮੰਗ ਕੇ ਛਕ ਲੈਂਦੇ। ਬਾਬੇ ਫ਼ਰੀਦ ਸਾਹਿਬ ਜੀ ਨੇ ਮਿਹਰ ਕਰਕੇ, ਏਸ ਦਾ ਮਨ, ਮਹਾਰਾਜ 'ਚ ਜੋੜ ਦਿਤਾ। ਯਥਾ:- ਅਜਬ ਕੰਮ; ਕਰਤੇ ਹਰਿ ਕੇਰੇ॥ ਇਹੁ ਮਨੁ ਭੂਲਾ ਜਾਂਦਾ; ਫੇਰੇ॥ ਨਿਰਦੋਸ਼ ਫ਼ਕੀਰ ਕੈਦੀ ਛੁਡਾ ਦਿਤੇ। ਰਾਜੇ ਮੋਕਲੇ ਨੇ ਮਹਾਨ ਖੁਸ਼ ਵਿਸਮਾਦ ਹੋ ਕੇ, ਆਪਣਾ ਰਾਜ, ਬਾਬੇ ਫ਼ਰੀਦ ਸਾਹਿਬ ਜੀ ਨੂੰ ਪ੍ਰੇਮ ਭੇਟਾ ਕਰ ਦਿਤਾ। ਜਿਸ ਕਰਕੇ ਮੋਕਲਾ ਨਾਮ ਬਦਲ ਕੇ ਫ਼ਰੀਦਕੋਟ ਹੋ ਗਿਆ, ਇਸ ਤੋਂ ਅੱਗੇ ਜ਼ਿਕਰ ਆਵੇਗਾ। ਫ਼ਕੀਰ

Sri Satguru Jagjit Singh Ji eLibrary NamdhariElibrary@gmail.com

ਸਾਂਈ ਲੋਕ, ਆਪ ਜੀ ਦੇ ਚਰਨ- ਕਮਲਾਂ 'ਚ ਹਮੇਸ਼ਾ ਹੀ ਰਹਿੰਦੇ, ਆਪ ਜੀ ਦੀ ਸੇਵਾ ਵੀ ਕਰਦੇ, ਆਗਿਆ ਮੰਨਦੇ ਖੁਸ਼ੀਆਂ ਪ੍ਰਾਪਤ ਕਰਦੇ, ਫ਼ਰੀਦ ਸਾਹਿਬ ਜੀ, ਰਾਜੇ ਦੇ ਰਾਜ ਦਰਬਾਰ ਅੱਗੇ ਘੜਿਆਲ ਵੱਜਦੀ ਦੇਖ ਕੇ, ਫੁਰਮਾਉਂਦੇ ਹਨ:-

ਫਰੀਦਾ. ਦਰਿ ਦਰਵਾਜੈ ਜਾਇ ਕੈ; ਕਿਉ ਡਿਠੋ ਘੜੀਆਲੁ॥ ਏਹੁ ਨਿਦੋਸਾਂ ਮਾਰੀਐ; ਹਮ ਦੋਸਾਂ ਦਾ ਕਿਆ ਹਾਲੁ॥੩੯॥) ਪ੍ਰਥਮੇ. ਮਨੁ ਪਰਬੋਧੈ ਅਪਨਾ; ਪਾਛੈ ਅਵਰ ਰੀਝਾਵੈ॥ ਹਰ ਗੱਲ 'ਚ, ਆਪਣੇ ਮਨ ਨੂੰ ਸ਼ੁਭ ਸੱਚਾ ਮਹਾਂ ਵੈਰਾਗਮਈ ਉਪਦੇਸ਼ ਦਿੰਦੇ ਹਨ। ਹੇ ਦਾਸਨ ਦਾਸ ਗ਼ਰੀਬ ਫ਼ਕੀਰ ਨਿਮਾਣੇ ਪ੍ਰਦੇਸੀ ਫਰੀਦਾ! ਤੂੰ ਰਾਜੇ ਦੇ ਦਰਵਾਜੇ (ਦਰਿ)ਅੰਦਰ ਜਾਇ ਕੈ, ਘੜੀਆਲੁ ਨੂੰ ਕਿਉ (ਡਿਠੋ)ਦੇਖਿਆ ਹੈ? ਜੇ ਇਸ ਤੋਂ ਕੋਈ ਸ਼ੁਭ ਸਿੱਖਿਆ ਨਹੀਂ ਲੈਣੀ ਸੀ। ਏਹੁ (ਨਿਦੋਸਾਂ)ਦੋਸ਼ਾਂ ਰਹਿਤ, ਘੜੀਆਲੁ ਨੂੰ ਹਥੌੜੀ ਨਾਲ (ਮਾਰੀਐ)ਕੁੱਟਿਆ ਜਾਂਦਾ ਹੈ, ਭਲਾ ਜੇ ਨਿਰਦੋਸ਼ ਨੂੰ ਹੀ ਐਨਾ ਕੁੱਟਿਆ ਜਾ ਰਿਹਾ ਹੈ, (ਹਮ)ਸਾਡਾ (ਦੋਸਾਂ)ਗੁਨਾਹਾਂ ਵਾਲ਼ਿਆਂ ਦਾ, (ਕਿਆ)ਕੀ ਹਾਲੁ ਹੋਵੇਗਾ? ਬਹੁਤ ਹੀ ਗੂੜ੍ਹੀ ਰਮਜ਼ ਹੈ, ਹਰ ਪ੍ਰਾਣੀ ਮਾਤ੍ਰ ਨੂੰ ਉਸ ਦੇ ਗੁਨਾਹ ਚੇਤੇ ਕਰਾਏ ਹਨ। ਜਿਵੇਂ ਗੁਨਾਹਾਂ ਵਾਲ਼ਿਆਂ ਨੂੰ ਇੱਥੇ, ਅਗਾਂਹ ਭੀ ਸਖ਼ਤ ਤੋਂ ਸਖ਼ਤ ਸਜ਼ਾ ਮਿਲੇਗੀ। ਸੋ ਦੋਸ਼ਾਂ ਨੂੰ ਤਿਆਗੋ ਜੀ। ਦੋਸ਼ ਇਹ ਹਨ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਨਾਨਕ ਰਾਖਿ ਲੇਹੁ; ਆਪਨ ਕਰਿ ਕਰਮ॥) ਜੇਤਾ ਸਮੁੰਦੁ ਸਾਗਰੁ. ਨੀਰਿ ਭਰਿਆ; ਤੇਤੇ ਅਉਗਣ ਹਮਾਰੇ॥) ਹਉ ਅਪਰਾਧੀ ਗੁਨਹਗਾਰੁ; ਹਉ ਬੇਮੁਖ ਮੰਦਾ॥ ਚੋਰੁ ਯਾਰੁ ਜੂਆਰਿ ਹਉ; ਪਰ ਘਰਿ ਜੋਹੰਦਾ॥ ਨਿੰਦਕੁ ਦੁਸਟੁ ਹਰਾਮਖੋਰੁ; ਠਗੁ ਦੇਸ ਠਗੰਦਾ॥ ਕਾਮ ਕ੍ਰੋਧੁ ਮਦੁ ਲੋਭੁ ਮੋਹੁ; ਅਹੰਕਾਰ ਕਰੰਦਾ॥ ਬਿਸਾਸਘਾਤੀ ਅਕਿਰਤਘਨ; ਮੈ ਕੋ ਨ ਰਖੰਦਾ॥ ਸਿਮਰਿ ਮੁਰੀਦਾ ਢਾਢੀਆ; ਸਤਿਗੁਰੁ ਬਖਸੰਦਾ॥੨੧॥੩੬॥ (ਭਾ:ਗੁ:) ਅਗਲੇ ਸਲੋਕ 'ਚ ਉਪ੍ਰੋਕਤ ਸਿੱਖਿਆ ਨੂੰ ਦੁਹਰਾਅ ਰਹੇ ਹਨ:-

ਘੜੀਏ ਘੜੀਏ ਮਾਰੀਐ; ਪਹਰੀ ਲਹੈ ਸਜਾਇ॥) ਭੁੱਖੀ ਘੜੀ- ਆਲ- ਸੋ ਹੇੜਾ, ਘੜੀਆਲ ਜਿਉ; ਭੁਖੀ ਰੈਣਿ ਵਿਹਾਇ॥੪੦॥ ਇੱਕ ਘੜੀ ਸੱਠ ਪਲ ਦੀ ਹੁੰਦੀ ਹੈ, ਇੱਕ (ਘੜੀਏ)ਘੜੀ (ਘੜੀਏ)ਘੜੀ ਮਗਰੋਂ ਘੜੀਆਲ ਨੂੰ ਹਥੌੜੀ ਨਾਲ (ਮਾਰੀਐ)ਕੁੱਟਿਆ ਜਾਂਦਾ ਹੈ, ਫੇਰ (ਪਹਰੀ)ਪਹਿਰ ੨ ਮਗਰੋਂ, ਬਹੁਤੀ ਸਜ਼ਾਇ ਲੈਂਦਾ ਹੈ, ਕਿਉਂਕਿ ਪਹਿਰ ਹੋਏ ਤੋਂ ਬਹੁਤੇ ਡੱਗੇ ਮਾਰਦੇ ਹਨ। (ਸੋ)ਉਸ ਘੜੀਆਲ (ਜਿਉ)ਵਾਂਗ ਤੇਰੇ (ਹੇੜਾ)ਸ਼ਰੀਰ ਨੂੰ ਪਹਿਰ ੨ ਬਾਅਦ ਘੜੀ ੨ ਬਾਅਦ, ਕੀਤੇ ਕੁਕਰਮਾਂ ਦੀ ਸਖ਼ਤ ਸਜ਼ਾ ਮਿਲੇਗੀ, ਮਾਰ ਖਾਂਦਿਆ ਦੀ ਰਾਤ ਅਥਵਾ ਉਮਰ ਰੂਪੀ ਰਾਤ, ਦੁੱਖਾਂ ਸਹਿਤ ਦੁਖੀ (ਵਿਹਾਇ)ਗੁਜ਼ਰੇਗੀ। ਯਥਾ:- ਲੇਖਾ ਰਬੁ ਮੰਗੇਸੀਆ; ਬੈਠਾ ਕਢਿ ਵਹੀ॥ ਤਲਬਾ ਪਉਸਨਿ ਆਕੀਆ; ਬਾਕੀ ਜਿਨਾ ਰਹੀ॥) ਲੇਖਾ ਲੀਜੈ; ਤਿਲ ਜਿਉ ਪੀੜੀ॥) ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ; ਦੇਇ ਸਜਾਏ॥ ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ॥੫॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ. ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ. ਮੁਹੈ ਮੁਹਿ ਖਾਇ॥) ਖੰਡੇ ਧਾਰ ਗਲੀ ਅਤਿ ਭੀੜੀ॥ ਲੇਖਾ ਲੀਜੈ ਤਿਲ ਜਿਉ ਪੀੜੀ॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ. ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ. ਮੁਹੈ ਮੁਹਿ ਖਾਇ॥) ਅਨਿਕ ਸਜਾਂਈ, ਗਣਤ ਨ ਆਵੈ; ਗਰਭੈ ਗਰਭਿ ਭ੍ਰਮਾਹਿ॥ ਰੱਬ ਰੂਪ ਬਾਬਾ ਫਰੀਦ ਸਾਹਿਬ ਜੀ ਜਿਨ੍ਹਾਂ ਦੇ ਲੂੰ ੨ 'ਚ, ਵਾਹਿਗੁਰੂ ਜੀ ਦਾ ਸ੍ਰਬ ਵਿਆਪੀ ਮਹਾਂ ਵਿਸਮਾਦ ਅਥਾਹ ਪ੍ਰੇਮ ਵਸਿਆ ਹੈ। ਜਿਹ ਪ੍ਰਸਾਦਿ; ਆਰੋਗ ਕੰਚਨ ਦੇਹੀ॥ ਅਨੁਸਾਰ ਆਪ ਜੀ ਦੀ ਸੁੰਦਰ ਸੋਨੇ ਵਰਗੀ ਅਰੋਗ਼ ਦੇਹੀ, ਔਗੁਣਾਂ ਵਿਕਾਰਾਂ ਰਹਿਤ ਹੈ। ਪਰ ਰਮਜ਼ਾਂ

Sri Satguru Jagjit Singh Ji eLibrary NamdhariElibrary@gmail.com

ਬਹੁਤ ਡੂੰਘੀਆਂ ਹਨ, ਸਜੇ ਦੀਵਾਨ 'ਚ ਪੂਰਨ ਵੈਰਾਗਮਈ ਕੀਰਤਨ ਕਰ ਰਹੇ ਹਨ, ਆਪ ਕਮਾ ਕੇ ਸ਼ੁਭ ਸੱਚਾ ਉਪਦੇਸ਼ ਬਖ਼ਸ਼ ਰਹੇ ਹਨ। ਯਥਾ:- ਆਪਿ ਕਮਾਉ; ਅਵਰਾ ਉਪਦੇਸ॥

ਬੁਢਾ ਹੋਆ. ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥੪੧॥ ਬਾਬਾ ਸ਼ੇਖ਼ ਫ਼ਰੀਦ ਸਾਹਿਬ ਜੀ ਪੂਰਨ ਹੰਗਤਾ ਰਹਿਤ ਹੋ ਕੇ, ਔਗੁਣਾਂ ਵਿਕਾਰਾਂ ਪਾਪਾਂ ਰਹਿਤ ਪੂਰਨ ਬੈਰਾਗ 'ਚ ਲੀਣ ਹੋ ਕੇ, ਸ੍ਰਬ ਵਿਆਪੀ ਮਹਾਂ ਵਿਸਮਾਦ ਵੈਰਾਗ ਹੀ ਵੈਰਾਗ ਸਹਿਤ, ਅਕਾਲ ਪੁਰਖ ਜੀ ਦੇ ਸਨਮੁਖ ਘਣੀ ਤੋਂ ਘਣੀ ਗ਼ਰੀਬੀ ਨਾਲ ਪ੍ਰੇਮ ਬੇਨਤੀ ਕਰਦੇ ਹਨ। ਹੇ ਅਕਾਲ ਪੁਰਖ ਜੀ! ਆਪ ਜੀ ਦਾ ਬੱਚਾ ਸੇਖ ਫਰੀਦੁ ਬੰਦਗੀ ਰਹਿਤ, ਔਗੁਣਾਂ ਸਹਿਤ ਬੁਢਾ (ਹੋਆ) ਹੋ ਗਿਆ ਹੈ। ਔਗੁਣਾਂ ਪਾਪਾਂ ਵਿਕਾਰਾਂ ਬੁਢੇਪੇ ਰੂਪ ਪਾਲ਼ੇ ਕਰਕੇ, ਦੇਹ ਕੰਬਣਿ ਲਗੀ ਹੈ। ਜੇ (ਸਉ) ਸੈਂਕੜੇ (ਵਰ੍ਹਿਆ) ਸਾਲ, ਔਗੁਣਾਂ ਪਾਪਾਂ 'ਚ (ਜੀਵਣਾ) ਜਿਉਣਾ ਹੋਵੇ ਫੇਰ ਭੀ (ਤਨੁ) ਸਰੀਰ (ਖੇਹ) ਮਿੱਟੀ (ਹੋਸੀ) ਹੋ ਜਾਵੇਗਾ। ਯਥਾ:- ਕਬੀਰ. ਗਰਬੁ ਨ ਕੀਜੀਐ; ਊਚਾ ਦੇਖਿ ਅਵਾਸੁ॥ ਆਜੁ ਕਾਲ੍ਹਿ ਭੁਇ ਲੇਟਣਾ; ਊਪਰਿ ਜਾਮੈ ਘਾਸੁ॥੩੮॥) ਕਬੀਰ. ਗਰਬੁ ਨ ਕੀਜੀਐ; ਰੰਕੁ. ਨ ਹਸੀਐ ਕੋਇ॥ ਅਜਹੁ ਸੁ ਨਾਉ ਸਮੁੰਦ੍ਰ ਮਹਿ; ਕਿਆ ਜਾਨਉ ਕਿਆ ਹੋਇ॥੩੯॥) ਕਬੀਰ. ਗਰਬੁ ਨ ਕੀਜੀਐ; ਦੇਹੀ ਦੇਖਿ ਸੁਰੰਗ॥ ਆਜੁ ਕਾਲਿ ਤਜਿ ਜਾਹੁਗੇ; ਜਿਉ ਕਾਂਚੁਰੀ ਭੁਯੰਗ॥੪੦॥) ਕਬੀਰਾ. ਧੂਰਿ ਸਕੇਲਿ ਕੈ; ਪੁਰੀਆ ਬਾਂਧੀ ਦੇਹ॥ ਦਿਵਸ ਚਾਰਿ ਕੋ ਪੇਖਨਾ; ਅੰਤਿ. ਖੇਹ ਕੀ ਖੇਹ॥ ਮਹਾਰਾਜ ਦੀ ਨੇਤ ਐਸੀ ਹੈ ਹੁਣ ਤੋਂ ਪਹਿਲਾ ਪੂਰਾਂ ਦੇ ਪੂਰ ਖੇਹ ਹੋ ਚੁੱਕੇ ਹਨ, ਹੁਣ ਹੋ ਰਹੇ ਹਨ, ਅਤੇ ਆਉਣ ਵਾਲੇ ਸਮੇਂ ਵਿੱਚ ਹੋਣੇ ਹਨ। ਸਾਨੂੰ ਮਹਾਂ ਪਾਪੀਆਂ ਨੂੰ ਸ਼ੁਭ ਸੱਚੀ ਸਿੱਖਿਆ ਹੈ, ਪੂਰਨ ਬੈਰਾਗ ਧਾਰ ਕੇ, ਵਾਹਿਗੁਰੂ ਜੀ 'ਚ ਜੁੜੀਏ ਜੋੜੀਏ ਸਿਮਰਨ ਗੁਰੂ ਸੇਵਾ ਪ੍ਰੇਮਾ ਭਗਤੀ ਪਰਉਪਕਾਰ ਕਰੀਏ ਕਰਾਈਏ ਨਮਸਕਾਰ ਬਲਿਹਾਰ।

ਫਰੀਦਾ. ਬਾਰਿ ਪਰਾਇਐ ਬੈਸਣਾ; ਸਾਂਈ. ਮੁਝੈ ਨ ਦੇਹਿ॥ ਜੇ ਤੂ. ਏਵੈ ਰਖਸੀ; ਜੀਉ ਸਰੀਰਹੁ ਲੇਹਿ॥੪੨॥ {ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਕਿਸੇ ਜ਼ਾਲਮ ਸਾਕਤ ਅਧੀਨ, ਸਖ਼ਤ ਭੁੱਖ ਮੇਹਨਤ ਕੁੱਟ ਪੈਣੀ, ਖਾਣ ਪੀਣ ਨੂੰ ਵੀ ਨਖਿੱਧ ਮਿਲਣਾ, ਬਹੁਤ ਔਖੀ ਜ਼ਿੰਦਗੀ ਹੋਣੀ, ਭਾਵੇਂ ਸਬੰਧੀ ਭੀ ਹੀ ਕਿਉਂ ਨ ਹੋਵੇ, ਬਾਰਿ ਪਰਾਇਐ ਬੈਸਣਾ; ਹੈ। ਸਾਰੇ ਇੰਦ੍ਰੇ, ਭੁੱਖੇ ਬਾਜ ਵਾਂਗ, ਆਪੋ ਆਪਣੇ ਵਿਸ਼ੇ ਨੂੰ ਭੱਜਦੇ ਹਨ। ਅੱਖਾਂ ਪਰਾਇਆ ਰੂਪ ਦੇਖਦੀਆਂ ਹਨ, ਕੰਨ ਵਿਸ਼ੇ ਵਿਕਾਰਾਂ ਦੀਆਂ ਗੱਲਾਂ ਸੁਣਦੇ ਹਨ, ਇਹ ਅੱਗ ਲੱਗੀ ਹੋਈ ਹੈ, ਜ਼ਬਾਨ ਨੂੰ ਵਿਸ਼ੇ ਵਿਕਾਰਾਂ ਸੁਆਦਾਂ ਦੀ ਅੱਗ ਲੱਗੀ ਹੈ, ਚਮੜੀ ਨੂੰ ਸਪਰਸ ਦੀ ਅੱਗ ਲੱਗੀ ਹੈ, ਹਰ ਵੇਲੇ ਸਪਰਸ ਚਾਹੁੰਦੀ ਹੈ। ਨਾਸਾਂ ਪਰ- ਇਸਤ੍ਰੀ ਦੀ ਦੁਰਗੰਧੀ ਲੈਂਦੀਆਂ ਹਨ। ਈਰਖਾ ਤ੍ਰਿਸ਼ਨਾ ਦੀ ਅੱਗ 'ਚ, ਬੇਅੰਤ ਜੀਵ ਗੁਨਾਹ ਕਰਦਾ, ਇਹ ਫ਼ੈਸ਼ਨ ਗੁਨਾਹਾਂ ਦੀ ਅੱਗ ਚਾਰ ਚੁਫ਼ੇਰੇ ਲੱਗੀ ਹੈ, ਜ਼ਬਾਨ ਝੂਠ ਬੋਲਦੀ ਹੈ, ਚਮੜੀ ਸਪਰਸ 'ਚ ਲੱਗੀ, ਪੈਰ ਕੁਸੰਗਤ 'ਚ ਜਾਂਦੇ ਹਨ, ਹੱਥ ਗ਼ਲਤ ਕੰਮ ਪਾਪ ਕਰਦੇ, ਇਹ ਸਭ ਬਾਰਿ ਪਰਾਇਐ ਬੈਸਣਾ; ਹੈ। ਯਥਾ:- ਬੈਰ ਬਿਰੋਧ; ਕਾਮ ਕ੍ਰੋਧ ਮੋਹ॥ ਝੂਠ ਬਿਕਾਰ; ਮਹਾ ਲੋਭ ਧ੍ਰੋਹ॥ ਇਆਹੂ ਜੁਗਤਿ; ਬਿਹਾਨੇ ਕਈ ਜਨਮ॥ ਅਨੁਸਾਰ ਚੋਰਾਸੀ ਲੱਖ ਜੂਨ ਦਾ ਪਰਾਇਆ ਬਾਰ ਹੈ।

ਜਿਵੇਂ ਸ਼ਹੀਦ ਭਗਤ ਸਿੰਘ ਜੀ ਨੂੰ ਸ਼ਾਦੀ ਕਰਨ ਬਾਰੇ ਕਿਹਾ, ਅੱਗੋਂ ਕਿਹਾ, "ਮੈਂ ਸ਼ਾਦੀ ਕਰਾ ਕੇ ਗ਼ੁਲਾਮ ਪੈਦਾ ਨਹੀਂ ਕਰਨੇ, ਅਜਿਹੀ ਸ਼ਾਦੀ ਦੀ ਲੋੜ ਨਹੀਂ, ਪਰਾਇਆ ਬਾਰ ਹੈ। ਮੈਂ ਤਾਂ ਅਜ਼ਾਦੀ ਲਾੜੀ ਵਿਆਹੁਣੀ ਹੈ"। ਸਾਡੇ ਮਨ ਰਿਦੇ 'ਚ, ਅੰਦਰ ਬਾਹਰ ਕੋਟ ਪ੍ਰਕਾਸ਼ ਸਰੂਪ ਮਹਾਰਾਜ ਸਾਹਿਬ ਜੀ ਦੇ ਸੱਚੇ ਚਰਨ- ਕਮਲ ਵਸ ਰਹੇ ਹਨ, ਜਿਤਨਾ ਚਿਰ ਲੀਣ ਨਹੀਂ ਹੁੰਦੇ, ਤੁਮ ਪੂਰਨ.ਪੂਰਿ ਰਹੇ ਸੰਪੂਰਨ; ਹਮ ਭੀ ਸੰਗਿ ਅਘਾਏ॥) ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ ਜਿਤਨਾ ਚਿਰ ਗੁਰਮੁਖਿ ਸਨਮੁਖ ਅਵਸਥਾ ਪ੍ਰਾਪਤ

Sri Satguru Jagjit Singh Ji eLibrary NamdhariElibrary@gmail.com

ਨਹੀਂ ਹੁੰਦੀ, ਉਤਨਾ ਚਿਰ, ਅਸੀਂ ਗ਼ੁਲਾਮ ਪੂਰਨ ਦੁਖੀ ਹਾਂ, ਕਾਮ ਕ੍ਰੋਧ ਲੋਭ ਮੋਹ ਹੰਕਾਰ ਦੋਸ਼ ਜਿਹੜੇ ਵੈਰ ਈਰਖਾ ਆਦਿਕ ਵੈਰੀ ਦੋਸ਼, ਸਾਡੇ 'ਤੇ ਹਾਵੀ ਬਣੇ ਹੋਏ, ਸਾਡੇ ਮਗ਼ਜ 'ਤੇ ਹਰ ਵੇਲੇ ਅਸਵਾਰ ਹਨ, ਉਤਨਾ ਚਿਰ ਬਾਰਿ ਪਰਾਇਐ ਬੈਸਣਾ ਹੈ ਜੀ।}

ਪਹਿਲੇ ਸਮੇਂ 'ਚ, ਫ਼ਕੀਰ ਸਾਂਈਆਂ ਪਿਆਰਿਆਂ ਜੀ ਨੂੰ ਬੜੀ ਹੀ ਮਸ਼ੱਕਤ ਕਰਨੀ ਪੈਂਦੀ ਸੀ। ਭੁੱਖ ਉਨੀਂਦ੍ਰਾ ਤ੍ਰੇਹ ਗਰਮੀ ਸਰਦੀ ਬਿਅਦਬੀ ਸਹਾਰਨੀ ਪੈਂਦੀ ਸੀ। ਮਨ ਬਾਣੀ ਸ਼ਰੀਰ ਕਰਕੇ ਬਹੁਤ ਹੀ ਨਰੋਏ ਹੁੰਦੇ ਸਨ। ਸਿਆਲ਼ ਦੀ ਰੁੱਤ 'ਚ ਬਾਬਾ ਫ਼ਰੀਦ ਸਾਹਿਬ ਜੀ ਬਾਹਰ ਬੈਠੇ ਬੰਦਗੀ ਕਰਦੇ ਸਨ। ਮਹਾਰਾਜ ਦੇ ਚਰਨ-ਕਮਲਾਂ 'ਚ ਚਿੱਤ ਖੁੱਭ ਗਿਆ, ਦੀਵਾਨੀ ਮਸਤਾਨੀ ਅਵਸਥਾ 'ਚ ਲੀਣ ਹੋ ਗਏ। ਯਥਾ:- ੧ਸੜ- ਰਾਮ ਜਪਤ ਤਨੁ; ੧ਜਰਿ ਕੀ ਨ ਜਾਇ॥ ਰਾਮ ਨਾਮ ਚਿਤੁ; ਰਹਿਆ ਸਮਾਇ॥) ੧ਆਰਾ, ਕਰਵੱਤੁ- ਆਸਾ॥੧ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥੪॥੨॥੩੫॥) ਮਗਨੁ ਭਇਓ. ਪ੍ਰਿਅ ਪ੍ਰੇਮ ਸਿਉ; ਸੂਧ ਨ ਸਿਮਰਤ ਅੰਗ॥ ਪ੍ਰਗਟਿ ਭਇਓ. ਸਭ ਲੋਅ ਮਹਿ; ਨਾਨਕ. ਅਧਮ ਪਤੰਗ॥) ਕਬੀਰ. ਤੂੰ ਤੂੰ ਕਰਤਾ ਤੂ ਹੂਆ; ਮੁਝ ਮਹਿ ਰਹਾ ਨ ਹੂੰ॥ ਜਬ ਆਪਾ ਪਰ ਕਾ ਮਿਟਿ ਗਇਆ; ਜਤ ਦੇਖਉ ਤਤ ਤੂ॥) ਚੁਭੀ ਰਹੀ ਸ੍ਰੁਤ; ਪ੍ਰਭੂ ਚਰਨਨ ਮਹਿ॥) ਦਰਸਨ ਦੇਖਤ ਹੀ. ਸੁਧਿ ਕੀ ਨ ਸੁਧਿ ਰਹੀ; ਬੁਧਿ ਕੀ ਨ ਬੁਧਿ ਰਹੀ. ਮਤਿ ਮੈ ਨ ਮਤਿ ਹੈ।

ਆਪ ਜੀ ਅਫ਼ੁਰ ਸਮਾਧੀ ਤੋਂ ਉੱਠੇ, ਠੰਢ ਦੂਰ ਕਰਨ ਲਈ, ਦਾਣੇ ਭੁੰਨ ਰਹੀ ਝਿਉਰੀ ਦੀ ਭੱਠੀ ਪਾਸ ਗਏ। ਉਸ ਦੇਖਿਆ, ਪੂਰਨ ਫ਼ਕੀਰ ਸਾਂਈ ਜੀ ਹਨ। ਦਾਣਿਆਂ ਦਾ ਬੁੱਕ ਝੋਲ਼ੀ 'ਚ ਪਾ ਦਿਤਾ। ਸਾਹਮਣੇ ਬੈਠੇ ਦਾਣੇ ਚੱਬਦਿਆਂ, ਅੱਗ ਡਾਹੁਦਿਆਂ ਸੇਕਦਿਆਂ, ਸਾਰੇ ਦਾਣੇ ਚੱਬ ਲਏ। ਭੁੱਖ ਦੀ ਨਿਵਿਰਤੀ ਮਗਰੋਂ, ਅਲਮਸਤ ਬਿਸਮਾਦ ਮਗਨ ਬੈਠਿਆਂ ੨, ਅੰਦਰੋਂ ਐਸਾ ਉਮਾਹ ਵਿਸਮਾਦ ਰਸ ਆਇਆ, ਸ਼ਰੀਰ ਦੇ ਅੰਗਾਂ ਦੀ ਸੋਝੀ ਹੀ ਨ ਰਹੀ। ਯਥਾ:- ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ, ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥੧॥) ਅੱਗ ਡਾਹੁਣੋ ਹਟਣ ਤੋਂ, ਕਬੀਰ. ਲਾਗੀ ਪ੍ਰੀਤਿ ਸੁਜਾਨ ਸਿਉ; ਬਰਜੈ ਲੋਗੁ ਅਜਾਨੁ॥ ਅਨੁਸਾਰ ਅਨਜਾਣ ਝਿਉਰੀ ਨੇ, ਜਿਹੜੀ ਲੱਕੜ ਨਾਲ ਅੱਗ ਡਾਹੀਦੀ ਹੈ, ਉਹੀ ਚੁੱਕ ਕੇ ਮੱਚਦੀ ੨ ਬਾਬੇ ਜੀ ਦੇ ਸ਼ਰੀਰ 'ਤੇ ਮਾਰੀ, ਗੁੱਸੇ ਨਾਲ ਕਿਹਾ, "ਬੁੱਕ ਦਾਣਿਆਂ ਦਾ ਚੱਬ ਕੇ, ਬਾਲਣ ਕਿਉਂ ਨਹੀਂ ਡਾਹੁੰਦੇ"? ਉਸ ਦੇ ਮਾਰਨ ਤੋਂ ਗੁੱਸਾ ਉੱਕਾ ਹੀ ਨਹੀਂ ਕੀਤਾ। ਯਥਾ:- ਫਰੀਦਾ. ਜੋ. ਤੈ ਮਾਰਨਿ ਮੁਕੀਆਂ; ਤਿਨ੍ਹਾ. ਨ ਮਾਰੇ ਘੁੰਮਿ॥ ਆਪਨੜੈ ਘਰਿ ਜਾਈਐ; ਪੈਰ. ਤਿਨ੍ਹਾ ਦੇ ਚੁੰਮਿ॥) ਫਰੀਦਾ. ਬੁਰੇ ਦਾ ਭਲਾ ਕਰਿ; ਗੁਸਾ. ਮਨਿ ਨ ਹਢਾਇ॥ ਦੇਹੀ. ਰੋਗੁ ਨ ਲਗਈ; ਪਲੈ ਸਭੁ ਕਿਛੁ ਪਾਇ॥) ਸਾਧ ਕੀ ਸੋਭਾ; ਅਤਿ ਮਸਕੀਨੀ॥) ਸਹਣ ਸੀਲ ਸੰਤੰ; ਸਮ ਮਿਤ੍ਰਸ੍ਰ ਦੁਰਜਨਹ॥) ਜੈਦੇਵ; ਤਿਆਗਿਓ ਅਹੰਮੇਵ॥) ਸਸਤ੍ਰਿ ਤੀਖਣਿ.ਕਾਟਿ ਡਾਰਿਓ; ਮਨਿ.ਨ ਕੀਨੋ ਰੋਸੁ॥ ਕਾਜ ਉਆ ਕੋ.ਲੇ ਸਵਾਰਿਓ; ਤਿਲੁ.ਨ ਦੀਨੋ ਦੋਸੁ॥) ਹੰਕਾਰ ਵਿਕਾਰ ਪਾਪਾਂ ਔਗੁਣਾਂ ਸੰਸਾਰ ਵੱਲੋਂ ਜਿਉਂਦੇ ਹੀ ਮਰੇ ਹਨ। ਯਥਾ:- ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ;

Sri Satguru Jagjit Singh Ji eLibrary NamdhariElibrary@gmail.com

ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥੧੮॥ (ਵਾਰ ੩) ਜੀਵਤ ਮਰੈ; ਬੁਝੈ ਪ੍ਰਭੁ ਸੋਇ॥ ਤਿਸੁ ਜਨ; ਕਰਮਿ ਪਰਾਪਤਿ ਹੋਇ॥੧॥}

ਫਰੀਦਾ. ਬਾਰਿ ਪਰਾਇਐ ਬੈਸਣਾ; ਸਾਂਈ. ਮੁਝੈ ਨ ਦੇਹਿ॥ ਜੇ ਤੂ. ਏਵੈ ਰਖਸੀ; ਜੀਉ ਸਰੀਰਹੁ ਲੇਹਿ॥੪੨॥ ਗੁੱਸਾ ਕਰਨ ਦੀ ਬਿਜਾਏ, ਬਾਬੇ ਫ਼ਰੀਦ ਸਾਹਿਬ ਜੀ ਦਾ ਫ਼ੱਕਰ ਦਰਵੇਸ਼ ਮਨ ਰੋਮਿ ੨, ਇਤਨਾ ਗਾੜ੍ਹਾ ਅਕਾਲ ਪੁਰਖ ਜੀ ਦੇ ਸਨਮੁਖ ਹੈ, ਗੁਰਬਾਣੀ ਜੀ ਉਚਾਰੇ। ਹੇ ਪਰਮਪੂਜਨੀਕ ਪਿਤਾ ਪੂਰਨ ਸੱਚੇ (ਸਾਂਈ) ਜੀ! ਦਾਸਨ ਦਾਸ ਨੂੰ (ਪਰਾਇਐ)ਪਰਾਏ (ਬਾਰਿ)ਦਰ 'ਤੇ (ਬੈਸਣਾ)ਬੈਠਣਾ ਨ (ਦੇਹਿ)ਦੇਵੋ ਜੀ। ਜਿਵੇਂ ਦਾਸਨ ਦਾਸ ਪਰਾਏ ਬਾਰ 'ਤੇ ਭਾਵੇਂ ਅਛੁਰ ਸਮਾਧੀ 'ਚ, ਆਪ ਜੀ ਦੇ ਸੱਚੇ ਚਰਨ- ਕਮਲਾਂ 'ਚ ਜੁੜਿਆ ਬੈਠਾ ਸੀ, ਫਿਰ ਭੀ ਇਸ ਨੇ, ਮੱਚਦੀ ੨ ਸੋਟੀ ਮਾਰ ਕੇ, ਪ੍ਰੇਮ ਰੰਗ 'ਚ ਭੰਗ ਪਾਇਆ ਹੈ, ਇਸ ਲਈ (ਤੂ) ਆਪ ਜੀ, ਅਪਣੇ ਮੂਰਖ ਬੱਚੇ ਨੂੰ (ਏਵੈ)ਇਉਂ ਪਰਾਏ ਬਾਰ ਭਾਵ ਪਰਾਏ ਔਗੁਣਾਂ ਵਿਕਾਰਾਂ ਜ਼ਾਲਮਾ ਅਧੀਨ ਜੇ (ਰਖਸੀ)ਰੱਖੋਂਗੇ, ਤਾਂ ਦਾਸਨ ਦਾਸ ਦੇ (ਸਰੀਰਹੁ)ਸ੍ਰੀਰ 'ਚੋਂ, (ਜੀਉ)ਜੀਅ ਜਾਨ, ਕੱਢ (ਲੇਹਿ)ਲਉ ਜੀ।

ਕੰਧਿ ਕੁਹਾੜਾ. ਸਿਰਿ ਘੜਾ; ਵਣਿ ਕੈ ਸਰੁ ਲੋਹਾਰੁ॥ ਬਾਬਾ ਸ਼ੇਖ਼ ਫ਼ਰੀਦ ਸਾਹਿਬ ਜੀ, ਸਮੂਹ ਖੰਡ ਬ੍ਰਹਮੰਡ ਦੇ ਪਸਾਰੇ ਨੂੰ ਬੰਦਗੀ ਮਸ਼ਕਤ, ਦੇਹ ਅਰੋਗਤਾ ਬਖਸ਼ਣ ਲਈ, ਸਾਰੀ ਰਾਤ ਜੰਗਲ 'ਚ ਖੜ੍ਹੇ ਸਿਮਰਣ ਕਰ ਰਹੇ ਹਨ। ਯਥਾ:- ਜਿਸਨੋ ਤੇਰੀ ਮਿਹਰ; ਸੁ ਤੇਰੀ ਬੰਦਿਗੀ॥ ਲੋਹਾਰ ਜੱਸਾ ਜੀ, ਆਪਣੇ ਸਿਰ ਘੜਾ, ਮੋਢੇ ਕੁਹਾੜਾ ਰੱਖ ਕੇ, ਹਨ੍ਹੇਰੀ ਰਾਤ 'ਚ, ਲੱਕੜਾਂ ਲਿਆ ਕੇ ਕੋਇਲੇ ਬਨਾਉਣ ਲਈ, ਜੰਗਲ 'ਚ ਗਏ। ਹਨ੍ਹੇਰੇ 'ਚ, ਦਰਖ਼ਤ ਦਾ ਮੁੱਢ ਜਾਣ ਕੇ, ਮੂਧਾ ਕੁਹਾੜਾ, ਬਾਬੇ ਜੀ ਦੀ ਢੂਹੀ 'ਤੇ ਮਾਰਿਆ। ਜਦੋਂ ਬਾਬਾ ਜੀ ਬੋਲੇ, ਇੱਕ ਦਮ ਤ੍ਰਬਕ ਕੇ, ਘੜਾ ਸੁੱਟ ਕੇ ਭੱਜੇ, ਇਹ ਕੌਣ ਬੋਲ ਰਿਹਾ ਹੈ? ਆਪ ਜੀ ਨੇ ਪੂਰਨ ਪ੍ਰੇਮ ਵੈਰਾਗ ਨਾਲ ਇਹ ਗੁਰਬਾਣੀ ਜੀ ਉਚਾਰੇ:-

ਕੰਧਿ ਕੁਹਾੜਾ. ਸਿਰਿ ਘੜਾ; ਵਣਿ ਕੈ ਸਰੁ. ਲੋਹਾਰੁ॥ ਫਰੀਦਾ. ਹਉ ਲੋੜੀ ਸਹੁ ਆਪਣਾ; ਤੂ ਲੋੜਹਿ ਅੰਗਿਆਰ॥੪੩॥ ਹੇ ਲੋਹਾਰੁ ਜੱਸੇ! ਆਪ ਜੀ ਦੇ ਸਿਰਿ 'ਤੇ ਘੜਾ, (ਕੰਧਿ)ਮੋਢੇ 'ਤੇ ਕੁਹਾੜਾ ਹੈ, (ਵਣਿ)ਜੰਗਲ (ਕੈ)ਦੇ ਵਿੱਚ, ਦਾਸਨ ਦਾਸ ਦੇ (ਸਰੁ)ਸਿਰ 'ਤੇ ਆ ਖੜ੍ਹਾ ਹੈਂ, ਦਾਸਨ ਦਾਸ ਦੇ ਮੌਰਾਂ 'ਤੇ ਕੁਹਾੜੇ ਦਾ ਪੀਨ ਮਾਰਿਆ ਹੈ। ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਪਰਮ ਮਿੱਤ੍ਰ ਜੱਸੇ! (ਹਉ)ਦਾਸਨ ਦਾਸ (ਆਪਣਾ)ਆਪਣੇ, ਸਤ ਸੰਤੋਖ ਦਇਆ ਧਰਮ ਵੀਚਾਰ, ਨਿਮ੍ਰਤਾ ਭਾਉ- ਭਗਤੀ ਸਹਿਨਸ਼ੀਲਤਾ,ਖਿਮਾ ਧੀਰਜ ਜਤ ਬ੍ਰਹਮਵਿੱਦਿਆ, ਅਜਪਾ ਜਾਪ ਸ੍ਰਬ ਵਿਆਪੀ ਮਹਾਂ ਵਿਸਮਾਦ ਅਨਤਕਲਾਵਾਨ ਪ੍ਰਕਾਸ਼ ਆਦਿ ਅਨੰਤ ਸ਼ੁਭ ਸੱਚੇ ਗੁਣਾਂ ਅਤੇ ਸਭ ਦੇ (ਸਹੁ)ਪਤੀ ਮਾਲਕ ਨੂੰ (ਲੋੜੀ)ਚਾਹੁੰਦਾ ਹੈ, (ਤੂ)ਆਪ ਜੀ, ਦਾਸਨ ਦਾਸ ਦੇ (ਅੰਗਿਆਰ)ਕੋਇਲੇ ਬਨਾਉਣਾ (ਲੋੜਹਿ)ਚਾਹੁੰਦਾ ਹੈਂ।

ਸ੍ਰਬ ਵਿਆਪੀ ਮਹਾਂ ਵਿਸਮਾਦ ਰਮਜ਼ ਦੁਆਰਾ ਸ਼ੁਭ ਸਿੱਖਿਆ:- ੪੩ ਵੇਂ ਸਲੋਕ 'ਚ ਪ੍ਰੇਮ ਭਰੀ ਬੜੀ ਹੀ ਡੂੰਘੀ ਰਮਜ਼ ਹੈ, ਜਿਸ 'ਚ ਸਮੂਹ ਖੰਡ ਬ੍ਰਹਮੰਡ 'ਚ, ਪ੍ਰਮਾਤਮਾ ਜੀ ਦੇ ਨਾਮ 'ਤੇ ਸ਼ਹੀਦ ਹੋਣ ਵਾਲੇ, ਗੁਰਮੁਖਿ ਸਨਮੁਖ ਸ਼ਹੀਦਾਂ ਦਾ ਪੂਰਨ ਵੈਰਾਗਮਈ ਸ਼ਹੀਦੀ ਦਾ ਦ੍ਰਿਸ਼ ਸਾਹਮਣੇ ਆ ਜਾਂਦਾ ਹੈ। ਜਿਵੇਂ ਦਿੱਲੀ ਦੇ ਤਖ਼ਤ 'ਤੇ, ਜ਼ਾਲਮ ਫਰੁਖਸ਼ੀਅਰ ਦੇ ਹੁਕਮ ਨਾਲ, ਜ਼ਾਲਮ ਮੀਰਮੰਨੂ ਨੇ, ਲਹੌਰ ਵਿਖੇ, ਇੱਕ ਇੱਕ ਸਿੰਘ ਦੇ ਸਿਰ ਦਾ ਮੁੱਲ ਪੰਜਾਹ ੨ ਦਮੜੇ ਰੱਖ ਦਿਤਾ। ਸਾਰੇ ਹੀ ਦੇਸ਼ 'ਚ ਹਾਹਾਕਾਰ ਮੱਚ ਗਈ। ਪੈਸੇ ਲੈਣ ਦੇ ਹਲ਼ਕ ਕਰਕੇ, ਹਲ਼ਕੇ ਕੁੱਤੇ ਜ਼ਾਲਮ, ਨੌਜਵਾਨ ਬੱਚੀਆਂ ਦੇ ਸਿਰ ਭੀ ਵੱਢ ਕੇ ਲੈ ਜਾਂਦੇ। ਯਥਾ:- ਲੋਭ ਲਹਰਿ ਸਭੁ ਸੁਆਨੁ ਹਲਕੁ ਹੈ;

Sri Satguru Jagjit Singh Ji eLibrary NamdhariElibrary@gmail.com

ਹਲਕਿਓ ਸਭਹਿ ਬਿਗਾਰੇ॥) ਕਿਹਾ ਜਾਂਦਾ, "ਸਿੱਖੀ ਤਿਆਗੋ. ਦੀਨ ਕਬੂਲ ਕਰੋ, ਬਖਸ਼ੇ ਜਾਉਂਗੇ"। ਦੀਨ ਕਬੂਲ ਨ ਕਰਨ ਤੋਂ, ਨਿਰਦੋਸ਼ ਸਿੱਖਾਂ ਦਾ ਕਤਲੇਆਮ ਕੀਤਾ ਜਾਂਦਾ।

ਕੰਧਿ ਕੁਹਾੜਾ. ਸਿਰਿ ਘੜਾ; ਵਣਿ ਕੈ ਸਰੁ ਲੋਹਾਰੁ॥ ਦੂਜਾ ਅਰਥ:- "ਹੇ ਜ਼ਾਲਮ ਲੋਹਾਰ ਮੀਰਮੰਨੂ! ਗੁਰੂ ਜੀ ਦੇ ਦਾਸਨ ਦਾਸਾਂ ਨੂੰ ਕਤਲ ਕਰਨ ਲਈ, ਤੇਰੇ ਮੋਢੇ 'ਤੇ, ਕੁਹਾੜਾ ਹੈ, ਪਹਿਲਾਂ ਕਤਲ ਕੀਤੇ ਅਨੇਕ ਸਿੱਖ ਸਿੱਖਣੀਆਂ ਦੇ ਖ਼ੂਨ ਦਾ ਘੜਾ ਸਿਰ 'ਤੇ ਹੈ। ਸੰਸਾਰ ਵਣ ਦੇ ਸਿਰ 'ਤੇ ਤੂੰ ਜ਼ਾਲਮ ਲੋਹਾਰੁ ਹੈਂ। ਸਾਨੂੰ ਵੀ ਸ਼ਹੀਦ ਕਰਨ ਨੂੰ ਤਿਆਰ ਹੈਂ। ਬਾਬੇ ਫ਼ਰੀਦ ਸਾਹਿਬ ਜੀ ਦੇ ਕਹੇ ਅਨੁਸਾਰ ਅਸੀਂ ਆਪਣੇ (ਸਹੁ)ਮਾਲਕ ਨੂੰ (ਲੋੜੀ)ਚਾਹੁੰਦੇ ਹਾਂ। ਤੂੰ ਸਾਨੂੰ ਵੱਢ ਸਾੜ ਕੇ, ਸਾਡੇ ਅੰਗਿਆਰ ਬਨਾਉਣੇ ਚਾਹੁੰਦਾ ਹੈਂ"। ਜਦੋਂ ਉਨੀਂ ਸੌ ਸਨਤਾਲੀ ਦੇ ਵਟਾਂਦਰੇ ਵੇਲੇ, ਹਿੰਦੋਸਤਾਨ ਪਾਕਸਤਾਨ'ਚ ਦੋਹਾਂ ਹੀ ਤਰਫ਼ਾਂ ਤੋਂ ਬੜੇ ਹੀ ਜ਼ੁਲਮ ਹੋਏ, ਮਹਾਂ ਪਾਪੀ ਨੀਚ ਚੰਡਾਲ ਬੰਦਿਆਂ ਨੇ, ਗ਼ਰੀਬ ਬੱਚੇ ਬੱਚੀਆਂ ਇਸਤ੍ਰੀ ਪੁਰਸ਼ਾਂ ਨੂੰ ਉਨ੍ਹਾਂ ਦੇ ਘਰਾਂ 'ਚੋਂ ਬਾਹਰ ਕੱਢਿਆ, ਸਭ ਦੇ ਸਾਹਮਣੇ ਇਸਤ੍ਰੀਆਂ ਨੰਗੀਆਂ ਕੀਤੀਆਂ, ਕਿਹਾ, "ਤੁਸੀਂ ਸਾਡੇ ਘਰੀਂ ਵਸੋ, ਨਹੀਂ ਤਾਂ ਤੁਹਾਨੂੰ ਕਤਲ ਕੀਤਾ ਜਾਵੇਗਾ, ਨਹਿਰ 'ਚ ਛਾਲਾਂ ਮਾਰ ਜਾਉ"। ਉਨ੍ਹਾਂ ਨੇ ਸਬਰ ਸ਼ੁਕਰ ਨਾਲ ਪ੍ਰਮਾਤਮਾ ਜੀ ਚੇਤੇ ਕੀਤੇ, ਧਰਮ 'ਚ ਦ੍ਰਿੜ ਰਹਿੰਦਿਆਂ ਨਹਿਰ 'ਚ ਛਾਲਾਂ ਮਾਰ ਗਈਆਂ। ਦੋਂਹਾਂ ਤਰਫ਼ਾਂ ਤੋਂ ਨਿਰਦੋਸ਼ ਕਤਲ ਕੀਤੇ ਗਏ, ਵਾਹਿਗੁਰੂ ਜੀ ਦੀ ਦਰਗਾਹ 'ਚ ਦੋਹਾਂ ਤਰਫ਼ਾਂ ਦੇ ਕਾਤਲ ਕਸੂਰਵਾਰ ਹਨ। ਜਿਵੇਂ ਜਿਨ੍ਹਾਂ ਪਿਆਰਿਆਂ ਨਾਮੁ ਜਪਿਆ, ਵੰਡ ਕੇ ਛਕਿਆ ਚਰਖੜੀਆਂ 'ਤੇ ਚੜ੍ਹੇ ਬੰਦ ੨ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ ਗੋਲੀਆਂ ਖਾਧੀਆਂ, ਦੇਗ਼ ਚਲਾਈ ਤੇਗ਼ ਵਾਹੀ, ਸਵਾ ਸਵਾ ਮਣ ਦੇ ਪੀਸਣੇ ਪੀਸੇ, ਅੱਧੀ ੨ ਰੋਟੀ 'ਤੇ ਸਬਰ ਸ਼ੁਕਰ ਕੀਤਾ। ਬੱਚਿਆਂ ਨੂੰ ਟੋਟੇ ੨ ਕਰਾ ਕੇ ਝੋਲੀਆਂ 'ਚ ਪੁਵਾਇਆ, ਗਲ਼ਾਂ 'ਚ ਹਾਰ ਪੁਆਏ, ਨੇਜ਼ਿਆਂ 'ਤੇ ਟੰਗਾਇਆ, ਟੈਂਕਾਂ ਹੇਠ ਲਿਤਾੜੇ ਗਏ, ਗੋਲ਼ਿਆਂ ਨਾਲ ਉਡਾਏ ਗਏ। ਇਸ ਤਰ੍ਹਾਂ ਬੇਅੰਤ ਸਿੰਘ ਸਿੰਘਣੀਆਂ ਨੇ ਅਰਦਾਸਿ ਨੂੰ ਪੂਰਨ ਨਿਬ੍ਹਾਉਂਦਿਆਂ, ਬੇਅੰਤ ਕੁਰਬਾਨੀਆਂ ਹੀ ਕੁਰਬਾਨੀਆਂ ਦਿੱਤੀਆਂ। ਬੱਚਿਆਂ ਦੇ ਕਾਲਜੇ ਕੱਢ ਕੇ, ਮਾਤਾਵਾਂ ਦੇ ਮੁਖ 'ਚ ਦਿੱਤੇ ਜਾਂਦੇ, ਬੱਚਿਆਂ ਨੂੰ ਉਤਾਂਹ ਚਲਾ ਕੇ ਮਾਰਦੇ, ਹੇਠਾਂ ਨੇਜ਼ਾ ਕਰ ਦਿੰਦੇ, ਜਿਸ ਮਾਂ ਦੇ ਉਦਰ 'ਚ ਬੱਚਾ ਹੁੰਦਾ, ਉਸ ਦੇ ਪੇਟ 'ਤੇ ਵੱਡਾ ਪੱਥਰ ਰੱਖ ਦਿੰਦੇ, ਉਸ ਦੀ ਜਾਨ ਕਿੰਨੀ ਤੜਫ਼ਦੀ ਹੋਵੇਗੀ? ਐਸੇ ਕਸ਼ਟਾਂ ਨੂੰ ਜ਼ਰਦਿਆਂ ਪਿਆਰੇ ਆਪਣੇ ਮਾਲਕ ਨੂੰ ਚਾਹੁੰਦੇ ਹਨ। ਜਿਵੇਂ ਬਾਬੇ ਫ਼ਰੀਦ ਸਾਹਿਬ ਜੀ ਦੇ, ਝਿਉਰੀ ਨੇ ਅੱਗ ਬਾਲਣ ਵਾਲੀ ਮੱਚਦੀ ੨ ਸੋਟੀ ਮਾਰੀ, ਭੱਠੀ ਝੋਕਦਿਆਂ ਦੇ। ਹੁਣ ਜੱਸੇ ਨੇ ਕੁਹਾੜੇ ਦਾ ਪੀਨ ਆਪ ਜੀ ਦੇ ਢੂਹੀ 'ਤੇ ਮਾਰਿਆ। ਸਹੁ ਦੀ ਸ਼ੁਭ ਇੱਛਾ ਕਰਦੇ ਹਨ। ਸੋ ਗੁਰੂ ਪਿਆਰੇ ਸ਼ਰੀਰ 'ਤੇ ਕਸ਼ਟ ਆਉਣ ਤੋਂ ਇੱਕ ਦਮ ਪ੍ਰਮਾਤਮਾ ਜੀ ਨੂੰ ਚੇਤੇ ਕਰਦੇ ਹਨ, ਜਿਹੜੇ ਧਰਮ ਦੇ ਬੰਦੇ, ਜਨੂਨ ਨਾਲ ਦੂਜੇ ਧਰਮ ਦੇ ਬੰਦਿਆਂ ਨੂੰ ਕਤਲ ਕਰਦੇ ਹਨ, ਉਹ ਆਪਣੇ ਧਰਮ ਨੂੰ ਲਹੂ ਨਾਲ ਰੰਗਦੇ ਹਨ। ਉਹ ਆਪਣੇ ਹੀ ਗੁਰੂ ਪੀਰਾਂ ਨੂੰ ਉਲਾਂਭੇ ਦਾ ਕਾਰਨ ਬਣਦੇ ਹਨ।

ਕੰਧਿ ਕੁਹਾੜਾ ਸਿਰਿ ਘੜਾ ਵਣਿ ਕੈ ਸਰੁ ਲੋਹਾਰੁ॥ ਫਰੀਦਾ. ਹਉ ਲੋੜੀ ਸਹੁ ਆਪਣਾ; ਤੂ ਲੋੜਹਿ ਅੰਗਿਆਰ॥੪੩॥ ਤੀਜਾ ਅਰਥ:- "ਹੇ ਲੋਹਾਰੁ ਜ਼ਾਲਮ ਹੰਕਾਰ, ਤੇਰੇ ਧੱਕੋਜ਼ੋਰੀ ਰੂਪੀ ਮੋਢੇ 'ਤੇ, ਜ਼ੁਲਮ ਰੂਪੀ ਕੁਹਾੜਾ ਹੈ, ਤੇਰੇ ਅਗਿਆਨ ਰੂਪੀ ਸਿਰ 'ਤੇ, ਵੈਰ ਰੂਪੀ ਘੜਾ ਹੈ, ਸੰਸਾਰ ਰੂਪੀ ਵਣਿ ਦੇ ਸਿਰ 'ਤੇ ਜ਼ੁਲਮ ਕਰ ਰਿਹਾ ਹੈਂ। ਜਿਸ ੨ ਜੂਨ 'ਚ ਜੀਵ ਜਾਂਦਾ ਹੈ, ਓਸੇ ਜੂਨ 'ਚ, ਜ਼ੁਲਮ ਰੂਪੀ ਕੁਹਾੜੇ ਨਾਲ ਇਸ ਨੂੰ ਕਤਲ ਕਰ ਰਿਹਾ ਹੈਂ। ਹੇ ਹੰਕਾਰ ਰੂਪੀ ਲੋਹਾਰ! ਦਾਸਨ ਦਾਸ (ਆਪਣਾ)ਆਪਣੇ, ਪਤੀ ਨੂੰ ਚਾਹੁੰਦਾ ਹੈ, ਤੂ, ਦਾਸਨ ਦਾਸ ਦੇ ਕੋਇਲੇ ਬਨਾਉਣਾ ਚਾਹੁੰਦਾ ਹੈਂ। ਭਗਤ ਮਹਾਂਪੁਰਸ਼ ਨਿਰਗੁਣ ਸਰੂਪ 'ਚ ਲੀਣ ਹੋ ਕੇ, ਨਿਰਗੁਣ ਸਰੂਪ ਜੀ ਨੂੰ

Sri Satguru Jagjit Singh Ji eLibrary NamdhariElibrary@gmail.com

ਸੁਣਾ ਰਹੇ ਹਨ। ਹੇ ਮਹਾਰਾਜ ਸਾਹਿਬ ਜੀ! ਏਸ ਜ਼ਾਲਮ ਹੰਕਾਰ ਤੋਂ, ਰੱਬ ਦੇ ਪਿਆਰਿਆਂ ਆਪਣੀ ਰਚੀ ਰਚਨਾ ਦੀ ਰੱਖਿਆ ਕਰੋ ਜੀ, ਜਿਸ ਭੈੜੇ ਹੰਕਾਰ ਕਰਨ ਕਰਕੇ, ਬੰਦੇ ਨੂੰ ਕੋਈ ਵੀ ਫ਼ਾਇਦਾ ਨਹੀਂ, ਨੁਕਸਾਨ ਗਿਣੇ ਨਹੀਂ ਜਾਂਦੇ। ਯਥਾ:- ਜੋ ਗਰਬੈ. ਸੋ ਪਚਸੀ ਪਿਆਰੇ; ਜਪਿ ਨਾਨਕ ਭਗਤਿ ਸਮਾਹਾ॥) ਹਉਮੈ ਵਿਚਿ; ਪ੍ਰਭੁ ਕੋਇ ਨ ਪਾਏ॥ ਮੂਲਹੁ ਭੁਲਾ; ਜਨਮੁ ਗਵਾਏ॥) ਹਉਮੈ ਕਰਿ ਕਰਿ ਜਾਇ ਘਣੇਰੀ; ਕਰਿ ਅਵਗਣ ਪਛੋਤਾਵਣਿਆ॥) ਹੰਉਮੈ ਅੰਦਰਿ ਖੜਕੁ ਹੈ; ਖੜਕੇ ਖੜਕਿ ਵਿਹਾਇ॥ ਹੰਉਮੈ ਵਡਾ ਰੋਗੁ ਹੈ; ਮਰਿ ਜੰਮੈ ਆਵੈ ਜਾਇ॥)

ਫਰੀਦਾ. ਇਕਨਾ ਆਟਾ ਅਗਲਾ; ਇਕਨਾ. ਨਾਹੀ ਲੋਣੁ॥) ਖੱਾਸੀ- ਅਗੈ ਗਏ. ਸਿੰਞਾਪਸਨ੍ਹਿ; ਚੋਟਾਂ ਖਾਸੀ ਕਉਣੁ॥੪੪॥ ਵਾਹਿਗੁਰੂ ਗੁਰਮੁਖਿ ਮਹਾਂਪੁਰਸ਼ ਬਾਬਾ ਫ਼ਰੀਦ ਸਾਹਿਬ ਜੀ ਬੜੀਆਂ ਹੀ ਡੂੰਘੀਆਂ ਰਮਜ਼ਾਂ ਗੁਰਬਾਣੀ 'ਚ ਫ਼ੁਰਮਾ ਰਹੇ ਹਨ:- ਹੇ ਦਾਸਨ ਦਾਸ ਫਰੀਦਾ! ਇਕਨਾ ਕੋਲ਼ (ਆਟਾ)ਪਦਾਰਥ ਦੌਲਤ (ਅਗਲਾ)ਬਹੁਤਾ ਹੈ। ਜ਼ੋਰ ਜ਼ੁਲਮ ਕਰਕੇ ਮਾਇਆ ਪਦਾਰਥ ਇਕੱਠੀ ਕਰਦੇ ਹਨ। ਇਕਨਾ, ਧਰਮੀ ਸਾਂਈ ਲੋਕਾਂ ਫ਼ਕੀਰਾਂ ਦਰਵੇਸ਼ਾਂ ਫ਼ੱਕਰਾਂ ਗ਼ੀਬਾਂ ਪਾਸ, ਲੂਣ ਭੀ ਨਾਹੀ ਹੈ, ਭਾਵ ਅਤਿਅੰਤ ਹੀ ਗ਼ੀਬ ਹਨ। ਪੇਟ ਭਰ ਕੇ ਖਾਣ ਜੋਗਾ ਪਦਾਰਥ ਭੀ ਨਹੀਂ ਹੈ। ਵਾਹਿਗੁਰੂ ਜੀ ਦੇ (ਅਗੈ)ਸਾਹਮਣੇ ਦਰਗਾਹ 'ਚ, (ਸਿੰਞਾਪਸਨ੍ਹਿ)ਸਿਆਣੇ ਜਾਣਗੇ, ਕਉਣੁ (ਚੋਟਾਂ)ਸੱਟਾਂ (ਖਾਸੀ)ਖਾਵੇਗਾ? ਜਿਸ ਨੇ ਪਦਾਰਥ ਇਕੱਠੇ ਕਰਨ ਲਈ ਜ਼ੋਰ ਜ਼ੁਲਮ ਪਾਪ ਅਨਿਆਂ ਧੱਕਾ ਕੀਤਾ, ਉਹ ਚੋਟਾਂ ਖਾਵੇਗਾ। ਯਥਾ:- ਇਸੁ ਜਰ ਕਾਰਣਿ, ਘਣੀ ਵਿਗੁਤੀ; ਇਨਿ ਜਰ. ਘਣੀ ਖੁਆਈ॥ ਪਾਪਾ ਬਾਝਹੁ, ਹੋਵੈ ਨਾਹੀ; ਮੁਇਆ. ਸਾਥਿ ਨ ਜਾਈ॥) ਪਰ ਧਨ ਪਰ ਤਨ, ਪਰ ਤੀ ਨਿੰਦਾ; ਅਖਾਧਿ ਖਾਹਿ ਹਰਕਾਇਆ॥) ਸਉ ਮਣੁ ਹਸਤੀ ਘਿਉ ਗੁੜੁ ਖਾਵੈ; ਪੰਜਿ ਸੈ ਦਾਣਾ ਖਾਇ॥ ਡਕੈ ਫੂਕੈ ਖੇਹ ਉਡਾਵੈ; ਸਾਹਿ ਗਇਐ ਪਛੁਤਾਇ॥) ਪਾਰਟੀਆਂ 'ਚ ਮੁਰਗੇ ਖਾਂਦੇ ਹਨ। ਪੀਏ ਪਿਆਲੇ, ਔਂ ਖਾਇ ਕਬਾਬ। ਦੇਖੋ ਰੇ ਲੋਕੋ, ਜੁ ਹੋਤੇ ਖਰਾਬ॥ (ਸ੍ਰੀ ਗੁਰੂ ਨਾਨਕ ਪ੍ਰਕਾਸ਼) ਸੋ ਜਿਹੜੇ ਗੁਰਸੇਵਕ ਜੀ ਆਪਣਾ ਸਭ ਕਿਛੁ, ਪਿਆਰੇ ਪ੍ਰਮਾਤਮਾ, ਪੂਰਨ ਗੁਰੂ ਜੀ ਦੇ ਨਾਮ 'ਤੇ ਲੁਟਾ ਕੇ, ਸ਼ੁਭ ਸੱਚੀ ਸੇਵਾ ਕਰਨਗੇ, ਚੋਟਾਂ ਨਹੀਂ ਖਾਣਗੇ, ਸਗੋਂ ਸੁਰਖ਼ਰੂ ਹੋਣਗੇ। ਯਥਾ:- ਸੇਵਕ ਦਰਗਹ ਸੁਰਖਰੂ; ਵੇਮੁਖੁ ਮੁਹ ਕਾਲਾ॥ ਐਸੇ ਸਨਮੁਖ ਸ਼ਹੀਦ ਗੁਰੂ ਪਿਆਰਿਆਂ, ਦੁੱਖ ਭੁੱਖ ਮਾਰਾਂ ਸਹਾਰੀਆਂ। ਜਿਵੇਂ ਸਵਾ ੨ ਮਣ ਦੇ ਪੀਸਣ ਪੀਸੇ, ਚੜਖੜੀਆਂ 'ਤੇ ਚੜ੍ਹੇ, ਬੰਦ ੨ ਕਟਵਾਏ, ਪੁੱਠੀਆਂ ਖੱਲਾਂ ਲੁਹਾਈਆਂ, ਰੂੰ'ਚ ਲਪੇਟ ਕੇ ਸਾੜੇ ਗਏ, ਬੱਚਿਆਂ ਦੇ ਟੋਟੇ ੨ ਕਰਾਕੇ ਝੋਲ਼ੀਆਂ 'ਚ ਪੁਆਏ ਆਦਿ। ਦੁੱਖ ਭੁੱਖ ਮਾਰ ਕਸ਼ਟ ਸਹਾਰਦਿਆਂ ਵਾਹਿਗੁਰੂ ਜੀ ਦੀ ਦਾਤਿ ਸਮਝ ਕੇ ਭਾਣੇ'ਚ ਪ੍ਰਸੰਨ ਰਹੇ। ਸਤਿਗੁਰੂ ਸਾਹਿਬਾਨ ਜੀ ਦੇ ਸੱਚੇ ਚਰਨ- ਕਮਲਾਂ ਦਾ ਪ੍ਰੇਮ ਨਹੀਂ ਛੱਡਿਆ। ਪਰਮਵੀਰ ਪਰਮਸ਼ਹੀਦ ਪਰਮਪੂਜਨੀਕ ਗੁਰਮੁਖਿ ਬ੍ਰਹਮਗਿਆਨੀ ਸਹਜਿ ਧਿਆਨੀ ਬਾਬਾ ਮਤੀਦਾਸ ਸਾਹਿਬ ਜੀ ਵਾਂਗ ਸ਼ਰੀਰ ਦੇ ਚੀਰੇ ਜਾਣ ਤੋਂ ਭੀ ਪ੍ਰੀਤੀ ਨਹੀਂ ਛੱਡੀ, ਹੱਸ ੨ ਕੇ ਸ਼ਹੀਦੀਆਂ ਪਾ ਕੇ ਅਮਰ ਅਚੱਲ ਅਟਲ ਹੋ ਗਏ। ਪੂਰਨ ਪ੍ਰੇਮ ਪ੍ਰੀਤ ਪ੍ਰਤੀਤ ਧੀਰਜ ਸਹਿਤ, ਭਾਈ ਸਾਹਿਬ ਜੀ ਇਉਂ ਬੋਲੇ:- "ਰੋਮ ਰੋਮ ਵਿੱਚ ਮੈਂਕੜੇ, ਵਸਿਆ ਪ੍ਰੀਤਮ ਆਪ। ਆਰਾ ਮੈਨੂੰ ਭਾਉਂਦਾ, ਧਰਮ ਛੱਡਣਾ ਪਾਪ। ਟੁਕੜੇ ਇਸ ਸਰੀਰ ਦੇ, ਕਰੋ ਜੇ ਲੱਖ ਕ੍ਰੋੜ। ਤਾਂ ਭੀ ਧਰਮ ਨਾ ਛੱਡ ਸਾਂ, ਦੀਨ ਤੇਰਾ ਨਹੀਂ ਲੋੜ। ਆਰਾ ਪਿਆਰਾ ਲਗਤ ਹੈ, ਕਾਰਾ ਕਰਉ ਬਨਾਇ। ਸਿਰ ਜਾਇ ਤ ਜਾਇ, ਮੇਰਾ ਸਿੱਖੀ ਸਿਦਕ ਨ ਜਾਇ।) ਸਾਚੀ ਪ੍ਰੀਤਿ ਹਮ; ਤੁਮ ਸਿਉ ਜੋਰੀ॥ ਤੁਮ ਸਿਉ ਜੋਰਿ; ਅਵਰ ਸੰਗਿ ਤੋਰੀ॥) ਕਿਤੈ ਪ੍ਰਕਾਰਿ; ਨ ਤੂਟਉ ਪ੍ਰੀਤਿ॥ ਦਾਸ ਤੇਰੇ ਕੀ; ਨਿਰਮਲ ਰੀਤਿ॥) ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ ਦਾਤਿ ਤੇਰੀ; ਦਾਤਾਰ॥) ਜੇ ਜੇ ਸਹਿਤ; ਜਾਤਨ ਸੰਦੇਹਿ॥ ਪ੍ਰਭ ਕੋ ਸੰਗਿ; ਨ ਛੋਡਤ ਨੇਹ॥ ਤੇ ਤੇ;

Sri Satguru Jagjit Singh Ji eLibrary NamdhariElibrary@gmail.com

ਪਰਮਪੁਰੀ ਕਹ ਜਾਹੀ॥ ਤਿਨ ਹਰਿ ਸਿਉ; ਅੰਤਰੁ ਕਛੁ ਨਾਹੀ॥੨੧॥ (ਕਰਵੱਤੁ) ਆਸਾ॥ ਕਰਵਤੁ ਭਲਾ; ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ.ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥)

ਛੱਤੁ ਸੱਡੋ ਰੱਡ– ਪਾਸਿ ਦਮਾਮੇ. ਛਤੁ ਸਿਰਿ; ਭੇਰੀ ਸਡੋ ਰਡ॥ ਗੱਡ– ਜਾਇ ਸੁਤੇ ਜੀਰਾਣ ਮਹਿ; ਥੀਏ ਅਤੀਮਾ ਗਡ॥੪੫॥ ਜਿਨ੍ਹਾਂ ਚੱਕ੍ਰਵਰਤੀ ਬਾਦਸ਼ਾਹਾਂ ਪਾਸਿ, (ਭੇਰੀ)ਨਫ਼ੀਰੀ ਨਾਲ ਵਜਾਉਣ ਵਾਲੇ ਨਗਾਰੇ ਹੀ (ਦਮਾਮੇ)ਨੱਗਾਰੇ, ਜਿੱਤ ਦੇ ਵੱਜਦੇ ਸਨ, ਭਾਵ ਖ਼ਸ਼ੀ 'ਚ ਬਹੁਤੇ ਨਗਾਰੇ ਵਜਾਉਂਦੇ ਸਨ। ਸਿਰਿ 'ਤੇ (ਛਤੁ)ਛਤ੍ਰ ਝੂਲਦੇ ਸਨ। ਰਾਜ ਸਭਾ 'ਚ, ਜਿਨ੍ਹਾਂ ਦੇ ਸਾਹਮਣੇ ਖੜ੍ਹੇ (ਰਡ)ਭੱਟ, ਜਸ ਦੇ (ਸਡੋ)ਛੰਦ, ਉਚਾਰਦੇ ਸਨ, ਭਾਵ ਇਤਨਾ ਵੱਡਾ ਤੇਜ਼ ਪ੍ਰਤਾਪ ਸੀ। ਸੰਸਾਰ 'ਤੇ, ਭਾਵੇਂ ਚੱਕ੍ਰਵਰਤੀ ਬਾਦਸ਼ਾਹ ਸਨ, ਸੇਵਾ ਸਿਮਰਨ ਪਰਉਪਕਾਰ ਬੰਦਗੀ ਬਿਨਾ, (ਜੀਰਾਣ)ਸ਼ਮਸ਼ਾਨ ਭੂਮੀ 'ਚ, (ਜਾਇ)ਜਾ ਕੇ, ਸਦਾ ਦੀ ਨੀਂਦ (ਸੁਤੇ)ਸੌਂ ਗਏ, (ਅਤੀਮਾ)ਯਤੀਮਾਂ ਵਾਂਗ (ਥੀਏ)ਹੋਏ, ਕਬਰਾਂ 'ਚ ਗਡ ਦਿਤੇ। ਯਥਾ:– ਤਲੈ ਕੁੰਚਰੀਆ; ਸਿਰਿ ਕਨਿਕ ਛਤਰੀਆ॥ ਹਰਿ ਭਗਤਿ ਬਿਨਾ; ਲੇ ਧਰਨਿ ਗਡਲੀਆ॥) ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥) ਕਬੀਰ. ਗਰਬੁ ਨ ਕੀਜੀਐ; ਚਾਮ ਲਪੇਟੇ ਹਾਡ॥ ਹੈਵਰ ਊਪਰਿ ਛਤ੍ਰ ਤਰ; ਤੇ ਫੁਨਿ ਧਰਨੀ ਗਾਡ॥੩੭॥)

ਬੜੀਆਂ ਹੀ ਭਾਰੀਆਂ ਗੂੜ੍ਹੀਆਂ ਰਮਜ਼ਾਂ ਭਰਿਆ ਗਾੜ੍ਹਾ ਵੈਰਾਮਣੀ ਉਪਦੇਸ਼ ਹੈ। ਐਡੇ ਉੱਚੇ ਚੱਕ੍ਰਵਰਤੀ ਬਾਦਸ਼ਾਹ, ਬੰਦਗੀ ਬਿਨਾ ਧਰਤੀ 'ਚ, ਯਤੀਮ ਭਾਵ ਨਿਗੁਰੇ ਗੱਡੇ ਗਏ। ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਗੁਰੂ ਪੀਰ ਜੀ, ਉਨ੍ਹਾਂ ਦੇ ਰਾਖੇ ਨਹੀਂ। ਯਥਾ:– ਮਃ ੧॥ ਨਾਨਕ. ਗੁਰੂ ਨ ਚੇਤਨੀ; ਮਨਿ ਆਪਣੈ ਸੁਚੇਤ॥ ਛੁਟੇ ਤਿਲ ਬੁਆੜ ਜਿਉ; ਸੁੰਞੇ ਅੰਦਰਿ ਖੇਤ॥ ਖੇਤੈ ਅੰਦਰਿ ਛੁਟਿਆ; ਕਹੁ ਨਾਨਕ ਸਉ ਨਾਹ॥ ਫਲੀਅਹਿ ਫੁਲੀਅਹਿ ਬਪੁੜੇ; ਭੀ ਤਨ ਵਿਚਿ ਸੁਆਹ॥੩॥) ਅਗੈ ਗਏ. ਨ ਮੰਨੀਅਨਿ; ਮਾਰਿ ਕਢਹੁ ਵੇਪੀਰ॥੪॥੧॥

ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥੪੬॥ ਹੇ ਦਾਸਨ ਦਾਸ ਗ਼ਰੀਬ ਨਿਮਾਣੇ ਫਰੀਦਾ! ਜ਼ੋਰ ਜ਼ੁਲਮ ਮਹਾਂ ਪਾਪ ਕਰਕੇ, ਕੱਚੇ (ਕੋਠੇ)ਮਕਾਨ, (ਮੰਡਪ)ਗੁੰਬਜ਼ ਬਣਾ ਕੇ ਖੁਲ੍ਹੇ ਮੰਦਰ ਰਾਜ ਭਵਨ, (ਮਾੜੀਆ)ਹਵੇਲੀਆਂ ਬਹੁਤੀਆਂ ਮੰਜ਼ਲਾਂ ਵਾਲੀਆਂ (ਉਸਾਰੇਦੇ)ਬਣਾਉਂਦੇ ਹ ਭੀ ਨਾਸ਼ਵੰਤ ਸੰਸਾਰ ਤੋਂ ਨੰਗੇ ਹੀ ਚਲੇ ਗਏ।

ਇਸ ਨਾਸ਼ਵੰਤ ਦੁਨੀਆਂ 'ਚ ਆ ਕੇ, ਵਿਕਾਰਾਂ ਪਾਪਾਂ ਔਗੁਣਾਂ ਫ਼ੈਸ਼ਨ ਗ਼ੰਦੀਆਂ ਮੂਵੀਆਂ ਗ਼ੰਦੀਆਂ ਵੈਬਸਾਈਟਾਂ ਦੇਖਣ, ਦੁਨੀਆਂ ਨੂੰ ਬੰਬਾਂ ਨਾਲ ਫ਼ੂਕਣ ਰੂਪ, ਮੰਦਰਾਂ ਲਈ ਜ਼ੋਰ ਜ਼ੁਲਮ ਕਰਕੇ ਲਹੂ ਦੇ ਨਦ ਵਗਾਉਣ ਰੂਪ ਇਹ (ਕੂੜਾ)ਝੂਠਾ ਸਉਦਾ ਕਰਿ ਗਏ। (ਗੋਰੀ)ਕਬਰਾਂ 'ਚ ਆਇ ਪਏ ਹਨ, ਜਿੱਥੋਂ ਕਿਸੇ ਨੇ ਜਗਾਉਣਾ ਨਹੀਂ, ਸ਼ੀਰ ਮਿੱਟੀ ਨੇ ਖਾ ਲੈਣੇ ਹਨ। ਯਥਾ:– ਪੱਗ– ਫਰੀਦਾ. ਮੈ ਭੋਲਾਵਾ ਪਗ ਦਾ; ਮਤੁ ਮੈਲੀ ਹੋਇ ਜਾਇ॥ ਗਹਿਲਾ ਰੂਹੁ. ਨ ਜਾਣਈ; ਸਿਰੁ ਭੀ ਮਿਟੀ ਖਾਇ॥੨੬॥ ਸੱਚਾ ਸਉਦਾ ਨਹੀਂ ਕੀਤਾ। ਪਰਮਪੂਜਨੀਕ ਸੱਚੇ ਸਤਿਗੁਰੂ ਮਹੱਲੇ ਪਹਿਲੇ ਸਾਹਿਬ ਜੀ ਨੂੰ, ਪਿਤਾ ਕਲਿਆਣਚੰਦ ਜੀ ਨੇ ਖ਼ਰਾ ਭਾਵ ਲਾਹੇਵੰਦ ਸੌਦਾ ਕਰਨ ਲਈ ਵੀਹ ਰੁਪੈ ਦਿਤੇ। ਆਪ ਜੀ ਭਾਈ ਬਾਲੇ ਜੀ ਸਮੇਤ, ਸੱਚਾ ਸੌਦਾ ਕਰਨ ਲਈ ਸ਼ੇਖੂਪੁਰੇ ਜ਼ਿਲੇ ਦੇ ਪਿੰਡ ਚੂਹੜਕਾਣੇ ਦੀਆਂ ਦੋ

Sri Satguru Jagjit Singh Ji eLibrary NamdhariElibrary@gmail.com

ਅਬਾਦੀਆਂ ਵਿਚਕਾਰ, ਜਿੱਥੇ ਹੁਣ ਗੁਰਦੁਆਰਾ ਸੱਚਾਸਉਦਾ ਸਾਹਿਬ ਜੀ ਹਨ, ਪਹੁੰਚੇ, ਇੱਥੇ ਸੰਤ ਮੰਡਲੀ ਬੰਦਗੀ ਕਰ ਰਹੀ ਸੀ। ਮਹੰਤ ਸੰਤਰੇਣ ਜੀ ਨਾਲ ਪ੍ਰੇਮ ਦੇ ਬਚਨ ਬਿਲਾਸ ਕਰਨ ਤੋਂ ਪਤਾ ਲੱਗਾ ਕਿ ਇਹ ਸੰਤ ਸੱਤਾਂ ਦਿਨਾਂ ਦੇ ਭੁੱਖੇ ਹਨ, ਆਪ ਜੀ ਪਾਸ ਕੇਵਲ ਵੀਹ ਰੁਪੈ ਹੀ ਸਨ। ਵੀਹ ਰੁਪੈ ਦੀ ਰਸਦ ਲਿਆ ਕੇ, ਸੰਤ ਮੰਡਲੀ ਨੂੰ ਭੇਟਾ ਕਰ ਦਿਤੀ, ਜੋ ਸ੍ਰਵੰਸ ਦੇਣ ਦੇ ਤੁੱਲ ਹੈ। ਵਾਪਿਸ ਪਿੰਡ ਆਏ, ਪਿਤਾ ਜੀ ਨੇ ਗੁੱਸੇ ਨਾਲ ਚਪੇੜਾਂ ਮਾਰੀਆਂ, ਦੇਖ ਕੇ ਮਾਤਾ ਜੀ ਤੇ ਬੀਬੀ ਨਾਨਕੀ ਜੀ ਰੋਏ। ਰਾਏਬੁਲਾਰ ਜੀ ਨੂੰ ਪਤਾ ਲੱਗਣ ਤੋਂ ਲੂੰ ੨ ਕਰਕੇ ਰੋ ਪਏ। ਮਹਾਰਾਜ ਨੇ ਜੀਆਂ ਨੂੰ ਗੁਰਬਾਣੀ ਗੁਰੂ ਮਰਯਾਦਾ ਕਥਾ ਕੀਰਤਨ ਗੁਰਬਾਣੀ ਬਖਸ਼ ਕੇ ਖਰਾ ਸਉਦਾ ਕੀਤਾ ਹੈ, ਹੁਣ ਗੁਰੂ ਗ੍ਰੰਥ ਸਾਹਿਬ ਜੀ ਕਰ ਰਹੇ ਹਨ। ਜਨੁ ਨਾਨਕੁ. ਧੂੜਿ ਮੰਗੈ, ਤਿਸੁ ਗੁਰਸਿਖ ਕੀ; ਜੋ ਆਪਿ ਜਪੈ. ਅਵਰਹ ਨਾਮੁ ਜਪਾਵੈ॥ ਅਨੁਸਾਰ ਆਪ ਨਾਮ ਜਪਣ ਤੇ ਜਪਾਉਣ ਵਾਲੇ ਗੁਰਸਿੱਖ ਪਿਆਰੇ ਜੀ ਦੀ, ਸਤਿਗੁਰੂ ਮਹਾਰਾਜ ਜੀ ਆਪ ਚਰਨ- ਧੂੜਿ ਮੰਗਦੇ ਹਨ, ਨਾਮ ਜਪਣ ਜਪਾਉਣ, ਗੁਰਦੁਆਰਾ ਸਾਹਿਬ ਹੌਸਪੀਟਲ ਕਾਲਜ ਸ੍ਰਬੱਤ ਦੇ ਭਲੇ ਦਾ ਸੱਚਾ ਸਉਦਾ ਨਹੀਂ ਕੀਤਾ।

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਇਸ ਤੋਂ ਪੂਰਨ ਪ੍ਰੇਮ ਵੈਰਾਗ ਪ੍ਰਾਪਤ ਹੁੰਦਾ ਹੈ, ਜਿਹੜੇ ਜੀਵ ਸੋਹਣੇ ਮੰਦਰ ਬਨਾਉਣ 'ਚ ਖੁੱਭੇ ਹਨ, ਉਹ ਆਪਣੀ ਦੌਲਤ ਨੂੰ ਸਾਰੇ ਵਿਸ਼ਵ ਦੇ ਭਲੇ ਲਈ, ਚੰਗੇ ਪਾਸੇ ਖ਼ਰਚ ਕਰਨ। ਜਿਹੜੇ ਸੰਸਾਰ ਵੱਲੋਂ ਵੈਰਾਗੀ ਤਿਆਗੀ ਹਨ, ਉਹ ਮੰਦਰਾਂ ਵੱਲ ਖ਼ਿਆਲ ਨ ਕਰਨ, ਆਪ ਨਾਮੁ ਜਪਣ ਜਪਾਉਣ, ਸਤਿਸੰਗਤ ਵੱਲੋਂ ਜੋ ਮਾਇਆ ਪ੍ਰਾਪਤਿ ਹੋਵੇ, ਉਸ ਨੂੰ ਅੰਮ੍ਰਿਤ ਕਥਾ ਕੀਰਤਨ ਧਰਮ ਪ੍ਰਚਾਰ 'ਚ ਲਾ ਕੇ, ਸਫ਼ਲੀ ਕਰਕੇ, ਪੂਰਨ ਗੁਰੂ ਜੀ ਦੀ ਖ਼ਸ਼ੀ ਦੀਆਂ ਲੱਖਾਂ ਪਾਤਿਸਾਹੀਆਂ ਪ੍ਰਾਪਤਿ ਕਰਨ। ਯਥਾ:- ਲਖ ਖੁਸੀਆ ਪਾਤਿਸਾਹੀਆ; ਜੇ ਸਤਿਗੁਰੁ ਨਦਰਿ ਕਰੇਇ॥ ਨਿਮਖ ਏਕ.ਹਰਿ ਨਾਮੁ ਦੇਇ; ਮੇਰਾ ਮਨੁ ਤਨੁ ਸੀਤਲੁ ਹੋਇ॥

ਫਰੀਦਾ. ਖਿੰਥੜਿ. ਮੇਖਾ ਅਗਲੀਆ; ਜਿੰਦੁ. ਨ ਕਾਈ ਮੇਖ॥ ਵਾਰੀ ਆਪੋ ਆਪਣੀ; ਚਲੇ ਮਸਾਇਕ ਸੇਖ॥੪੭॥ ਉਥਾਨਕਾ:- ਆਪ ਜੀ ਦਾ ਮਨ ਨਿਰਗੁਣ ਬ੍ਰਹਮ ਅਜਪਾ ਜਾਪ 'ਚ ਸਦਾ ਲੀਨ ਹੈ। ਯਥਾ:- ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥ ਐਸੀ ਮਹਾਂ ਵਿਸਮਾਦ ਅਵਸਥਾ 'ਚ, ਅਪਣੇ ਮਨ ਨੂੰ ਪੂਰਨ ਵੈਰਾਗਮਈ ਸਿੱਖਿਆ ਦੇ ਰਹੇ ਹਨ। ਇੱਕ ਫ਼ਕੀਰ ਸਾਂਈ ਜੀ ਨੂੰ, ਅਪਨੀ ਖ਼ਫ਼ਣੀ ਸਿਉਂਦਿਆਂ ਦੇਖ ਕੇ, ਸ਼ੁਭ ਸੱਚੀ ਸਿੱਖਿਆ ਲੈਂਦਿਆਂ, ਬ੍ਰਹਮ ਸਰੂਪ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਮਨਾ! ਸਮਝ ਲੰਮੀ ਨਦਰ ਨਾਲ ਦੇਖ, ਇਸ (ਖਿੰਥੜਿ)ਖਫ਼ਣੀ ਨੂੰ (ਅਗਲੀਆ)ਬਹੁਤੀਆਂ ਹੀ (ਮੇਖਾ)ਟਾਕੀਆਂ ਲਾਈਆਂ ਹਨ, ਇਹ ਲੰਮਾ ਸਮਾਂ ਹੰਢੇਗੀ, ਹੋਰ ਭੀ ਟਾਕੀਆਂ ਲੱਗ ਸਕਣਗੀਆਂ, ਨਵਾਂ ਨੌ ਦਿਨ, ਪੁਰਾਣਾਂ ਸੌ ਦਿਨ। ਇਹ ਜੋ ਜਿੰਦੁ ਹੈ, ਇਸ ਨੂੰ (ਕਾਈ)ਕੋਈ (ਮੇਖ)ਟਾਕੀ (ਨ)ਨਹੀਂ ਲੱਗ ਸਕਦੀ, ਅਕਸ ਮਾਤ੍ਰ ਹੀ ਚਲੀ ਜਾਂਦੀ ਹੈ। ਆਪੋ ਆਪਣੀ ਵਾਰੀ ਆਈ ਤੋਂ, (ਸੇਖ)ਉੱਚੀ ਜ਼ਾਤੀ ਵਾਲੇ (ਮਸਾਇਕ)ਮਿਹਨਤਾਂ ਕਰਨ ਵਾਲੇ ਚਲੇ ਗਏ, ਚਲੇ ਜਾ ਰਹੇ ਹਨ, ਚਲੇ ਜਾਣਗੇ। ਯਥਾ:- ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥) ਜੋ ਉਪਜਿਓ ਸੋ ਬਿਨਸਿ ਹੈ; ਪਰੋ ਆਜੁ ਕੇ ਕਾਲ॥ ਨਾਨਕ.ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥) ਸੇਖ ਹੈਯਾਤੀ ਜਗਿ; ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ; ਕੇਤੇ ਬੈਸਿ ਗਇਆ॥੫॥) ਤਾਂਈਂ- ਕੰਧੀ ਉਤੈ ਰੁਖੜਾ; ਕਿਚਰਕੁ ਬੰਨੈ ਧੀਰੁ॥ ਫਰੀਦਾ.ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥) ਹਰਿ ਜਪਦਿਆ.ਖਿਨੁ ਢਿਲ ਨ ਕੀਜਈ, ਮੇਰੀ ਜਿੰਦੁੜੀਏ; ਮਤੁ ਕਿ ਜਾਪੈ, ਸਾਹੁ ਆਵੈ ਕਿ ਨ ਆਵੈ ਰਾਮ॥) ਗੰਢੇਦਿਆਂ ਛਿਅ ਮਾਹ; ਤੁੜੰਦਿਆ ਹਿਕੁ ਖਿਨੋ॥੭॥}

Sri Satguru Jagjit Singh Ji eLibrary NamdhariElibrary@gmail.com

ਦੀਵੀਂ, ਬਹਿ- ਠਾ ਪੋਲਾ- ਫਰੀਦਾ. ਦੁਹੁ ਦੀਵੀ ਬਲੰਦਿਆ; ਮਲਕੁ ਬਹਿਠਾ ਆਇ॥) ਗੜੁ ੜ ਹੇਠਾਂ ਹਲੰਤ ਲਾਉ ਜੀ। ਘਟੁ ਬੁਝਾਇ ਪੋਲੇ- ਗੜੁ ਲੀਤਾ ਘਟੁ ਲੁਟਿਆ; ਦੀਵੜੇ ਗਇਆ ਬੁਝਾਇ॥੪੮॥ ਵਾਹਿਗੁਰੂ ਜੀ ਆਪ ਫਰੀਦਾ ਸਾਹਿਬ ਜੀ, ਘਣੇ ਵੈਰਾਗ ਸਹਿਤ ਕਹਿ ਰਹੇ ਹਨ:- ਦੀਵੀ ਬਹੁ ਵਚਨ ਹੈ। ਬੰਦੇ ਦੇ ਸੱਜਾ ਖੱਬਾ ਨੇਤ੍ਰ ਰੂਪ (ਦੁਹੁ)ਦੋ (ਦੀਵੀ)ਦੀਵਿਆਂ ਦੇ (ਬਲੰਦਿਆ)ਦੇਖਦਿਆਂ, (ਮਲਕੁ)ਪਾਤਿਸ਼ਾਹ ਜਮ ਆਇ ਕੇ, ਦਿਲ 'ਚ (ਬਹਿਠਾ)ਬੈਠ ਗਿਆ, ਉਸ ਨੇ ਸ੍ਰੀਰ ਰੂਪੀ (ਗੜੁ)ਕਿਲਾ ਜਿੱਤ (ਲੀਤਾ)ਲਿਆ, ਹੱਡਾਂ ਨੂੰ ਕੜਕਾ ਕੇ ਜ਼ਿੰਦ ਕੱਢ ਕੇ, (ਘਟੁ)ਸ੍ਰੀਰ ਲੁਟਿਆ, (ਦੀਵੜੇ)ਨੇਤ੍ਰ ਇੰਦ੍ਰੇ ਬੁਝਾਇ ਗਇਆ। ਜੀਆ ਕਾ ਆਹਾਰੁ ਜੀਅ; ਖਾਣਾ ਏਹੁ ਕਰੇਇ॥ ਅਨੁਸਾਰ ਜੀਅ ਜੀਆਂ ਨੂੰ ਖਾਂਦੇ ਹਨ। ਸਾਡੇ ਸ੍ਰੀਰ'ਚ 'ਤੇ ਬਾਹਰ ਅਸੰਖ ਬ੍ਰਹਮੰਡ ਦੇ ਪਸਾਰੇ'ਚ, ਹੁਕਮ'ਚ ਹਰ ਸਮੇਂ ਅਸੰਖ ਜੀਅ ਜੰਮਦੇ ਮਰਦੇ ਰਹਿੰਦੇ ਹਨ। ਜਮ ਬੇਅੰਤ ਜੀਆਂ ਦੇ ਨੇਤ੍ਰਾਂ ਰੂਪੀ ਦੀਵਿਆਂ ਨੂੰ ਹੁਣ ਭੀ ਬੁਝਾ ਰਿਹਾ ਹੈ। ਯਥਾ:- ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥) ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥)

ਫਰੀਦਾ. ਵੇਖੁ ਕਪਾਹੈ ਜਿ ਥੀਆ; ਜਿ ਸਿਰਿ ਥੀਆ ਤਿਲਾਹ॥ ਕੋਇਲਿ- ਆਹ- ਕਮਾਦੈ ਅਰੁ ਕਾਗਦੈ; ਕੁੰਨੇ ਕੋਇਲਿਆਹ॥ ਮੰਦੇ ਅਮਲ ਕਰੇਦਿਆ; ਏਹ ਸਜਾਇ ਤਿਨਾਹ॥੪੯॥ ਇੱਕ ਪ੍ਰੇਮੀ ਨੇ ਹੱਥ ਜੋੜ ਕੇ ਨਮਸਕਾਰ ਕਰਦਿਆਂ ਡੰਡਉਤਿ ਕੀਤੀ, ਕਿਹਾ, "ਹੇ ਫ਼ਕੀਰ ਸਾਂਈ ਜੀ! ਆਪ ਜੀ ਪ੍ਰਮਾਤਮਾ ਜੀ 'ਚ, ਰੋਮ ਰੋਮ ਕਰਕੇ ਲੀਣ ਹੋਂ ਜੀ, ਕ੍ਰਿਪਾ ਕਰਕੇ ਦੱਸੋ ਜੀ, ਜਿਹੜੇ ਮੰਦ- ਕਰਮ ਕਰਦੇ ਹਨ, ਉਨ੍ਹਾਂ ਨੂੰ ਕੀ ਸਜ਼ਾ ਮਿਲਦੀ ਹੈ? ਹੇ ਫਰੀਦਾ! ਲੰਮੀ ਨਿਗ੍ਹਾ ਮਾਰ ਕੇ ਵੇਖੁ! (ਜਿ)ਜਿਹੜਾ (ਕਪਾਹੈ)ਕਪਾਹ 'ਤੇ ਕਸ਼ਟ (ਥੀਆ)ਹੋਇਆ, ਕਪਾਹ ਧੁੱਪ ਠੰਢ ਵਰਖਾ ਸਹਾਰਦੀ ਹੈ, ਪੱਤਿਆਂ ਨੂੰ ਜੀਅ ਖਾਂਦੇ ਹਨ। ਆਪਣੇ ਆਪ ਨੂੰ ਵੇਲ੍ਣੇ 'ਚ, ਪਿੜਾਉਂਦੀ ਹੈ, ਪੇਂਜਾ ਪਿੰਜਦਾ ਹੈ, ਪੂਣੀਆਂ ਵੱਟੀਆਂ ਜਾਂਦੀਆਂ ਹਨ। ਕੱਤੀ ਜਾਂਦੀ ਹੈ, ਸੂਤ ਬਣਾ ਕੇ ਪਾਣ ਕੱਢਦੇ ਹਨ। ਜੁਲਾਹਾ ਉਸ ਉੱਤੇ ਕੁੱਚ ਫੇਰਦਾ ਹੈ। ਫੇਰ ਬਸਤ੍ਰ ਬੁਣਦਾ ਹੈ। ਦਰਜ਼ੀ ਕੱਟ ਕੱਟ ਕੇ ਬਸਤ੍ਰ ਬਣਾਉਂਦਾ ਹੈ। ਇਉਂ ਬੜੇ ਹੀ ਕਸ਼ਟ ਸਹਾਰਦੀ ਹੈ। (ਤਿਲਾਹ)ਤਿਲਾਂ ਦੇ ਸਿਰਿ 'ਤੇ (ਜਿ)ਜਿਹੜਾ ਕਸ਼ਟਾ (ਥੀਆ)ਹੋਇਆ ਹੈ, ਉਹ ਭੀ ਨਿਗ੍ਹਾ ਮਾਰ ਕੇ ਵੇਖੁ, ਵਰਖਾ ਧੁੱਪ ਸਹਾਰਦੇ ਹਨ, ਕੋਹਲੂ 'ਚ ਪੀੜੇ ਜਾਂਦੇ ਹਨ।

ਕੋਇਲਿ- ਆਹ- ਕਮਾਦੈ ਅਰੁ ਕਾਗਦੈ; ਕੁੰਨੇ ਕੋਇਲਿਆਹ॥ (ਕਮਾਦੈ)ਕਮਾਦ ਵੱਢ ਕੇ, ਬੀਜ ਦੱਬਦੇ ਹਨ, ਬੀਜ ਕੱਢ ਕੇ ਛਿੱਲ ਕੇ ਡੱਕਰੇ ਟੋਰੀਆਂ ਕਰਕੇ, ਬੀਜਦੇ ਹਨ। ਭਾਦੋਂ ਦਾ ਵੱਟ ਮੋੜ ਸਖ਼ਤ ਧੁੱਪ ਠੰਢ ਬੁੱਲੇ ਝੱਖੜ ਸਹਾਰਦਾ ਹੈ, ਕੱਟਿਆ ਛਿੱਲਿਆ ਜਾਂਦਾ ਹੈ, ਘੁਲਾੜੀ ਦੇ ਵੇਲਣਿਆਂ 'ਚ, ਪੀੜ ਕੇ ਕੜਾਹੇ 'ਚ ਪਾ ਕੇ, ਅੱਗ ਨਾਲ ਸਾੜ ਕੇ, ਗੰਡ 'ਚ ਪਾ ਕੇ, ਮਲ੍ ਮਲ੍ ਕੇ ਸ਼ੱਕਰ ਬਣਾਉਂਦੇ ਹਨ, ਖੰਡ ਬਨਾਉਣ ਸਮੇਂ ਕੈਮੀਕਲ ਪਾ ਕੇ, ਉਬਾਲ਼ ਕੇ ਹੋਰ ਭੀ ਸਾਫ਼ ਕੀਤਾ ਜਾਂਦਾ ਹੈ, ਫੋਗ ਪੱਲੜ ਨੂੰ ਸਾੜਦੇ ਹਨ। ਯਥਾ:- ਮਃ ੧॥ ਵੇਖੁ ਜਿ ਮਿਠਾ ਕਟਿਆ; ਕਟਿ ਕੁਟਿ ਬਧਾ ਪਾਇ॥ ਖੁੰਢਾ ਅੰਦਰਿ ਰਖਿ ਕੈ; ਦੇਨਿ ਸੁ ਮਲ ਸਜਾਇ॥ ਰਸੁ ਕਸੁ ਟਟਰਿ ਪਾਈਐ; ਤਪੈ ਤੈ ਵਿਲਲਾਇ॥ ਭੀ ਸੋ ਫੋਗੁ ਸਮਾਲੀਐ; ਦਿਚੈ ਅਗਿ ਜਾਲਾਇ॥ ਨਾਨਕ. ਮਿਠੈ ਪਤਰੀਐ; ਵੇਖਹੁ ਲੋਕਾ ਆਇ॥੨॥ (ਅਰੁ)ਅਤੇ (ਕਾਗਦੈ)ਕਾਗਜ਼ ਪਰਾਲੀ ਪਾਪੂਲਰ ਲੀਰਾਂ ਆਦਿ ਸਮੱਗ੍ਰੀ ਗਾਲ਼ ਕੇ ਬਣਾਇਆ ਜਾਂਦਾ ਹੈ, ਬੜੇ ਹੀ ਕਸ਼ਟ ਸਹਾਰਦਾ ਹੈ। (ਕੁੰਨੇ)ਤੌੜੀ ਬਣਾਉਣ ਲਈ, ਘੁਮਿਆਰ ਮਿੱਟੀ ਨੂੰ ਪੁੱਟ

Sri Satguru Jagjit Singh Ji eLibrary NamdhariElibrary@gmail.com

ਕੁੱਟ ਬ੍ਰੀਕ ਕਰਕੇ ਗੁੰਨ ਕੇ, ਚੱਕ 'ਤੇ ਚਾੜ੍ ਕੇ ਤੌੜੀ ਡੌਲ ਕੇ, ਵੱਖੀਆਂ ਭੰਨ ਕੇ ਸਹੀ ਕਰਦਾ ਹੈ, ਫਿਰ ਭੱਠੀ 'ਚ ਰੱਖ ਕੇ, ਅੱਗ ਤਪਾ ਦਿੰਦਾ ਹੈ। ਅੱਗ ਸਹਾਰਦੀ ਹੈ, ਫੇਰ ਭੀ (ਕੁੰਨੇ)ਤੌੜੀ ਨਿੱਤ ਨਵੇਂ ਸੂਰਜ ਅੱਗ 'ਤੇ ਸੜਦੀ ਰਹਿੰਦੀ ਹੈ। (ਕੋਇਲਿਆਹ)ਕੋਲੇ ਅੱਗ ਤੇ ਪਾ ਕੇ, ਹਵਾ ਦੇ ਕੇ ਦਗ਼ਾਏ ਜਾਂਦੇ ਹਨ, ਅੱਗ 'ਤੇ ਬਾਰ ੨ ਸਾੜੇ ਜਾਂਦੇ ਹਨ।

ਮੰਦੇ ਅਮਲ ਕਰੇਦਿਆ; ਏਹ ਸਜਾਇ ਤਿਨਾਹ॥੪੯॥ ਛੇਆਂ ਨੂੰ ਜਿਵੇਂ ਮਹਾਂ ਕਸ਼ਟ ਦਿਤਾ ਜਾਂਦਾ ਹੈ, (ਮੰਦੇ)ਭੈੜੇ ਪੁੱਠੇ (ਅਮਲ)ਕਰਮ ਵਿਭਚਾਰ ਚੋਰੀ ਯਾਰੀ ਡਾਕੇ ਕਤਲ ਨਸ਼ੇ ਵਿਸ਼ੇ ਕੁਸੰਗ ਆਦਿ (ਕਰੇਦਿਆ)ਕਰਨ ਵਾਲਿਆਂ ਨੂੰ, ਏਹ ਸਖ਼ਤ ਸਜਾਇ (ਤਿਨਾਹ)ਤਿਨ੍ਾਂ ਕਪਾਹੈ ਤਿਲਾਹ ਕਮਾਦੈ ਕਾਗਦੈ ਕੁੰਨੇ ਕੋਇਲਿਆਹ ਵਾਂਗ ਮਿਲਦੀਆਂ ਹਨ। ਯਥਾ:- ਪੁਛਨ ਗਲ ਈਮਾਨ ਦੀ; ਕਾਜ਼ੀ ਮੁਲਾਂ ਇਕਠੇ ਹੋਈ॥ ਵਡਾ ਸਾਂਗ ਵਰਤਾਇਆ; ਲਖ ਨ ਸਕੇ ਕੁਦਰਤਿ ਕੋਈ॥ ਪੁਛਣ ਖੋਲ ਕਿਤਾਬ ਨੂੰ; ਵਡਾ ਹਿੰਦੂ ਕਿ ਮੁਸਲਮਾਨੋਈ॥ ਬਾਬਾ ਆਖੇ ਹਾਜ਼ੀਆਂ; ਸ਼ੁਭ ਅਮਲਾਂ ਬਾਝੋ ਦੋਵੇਂ ਰੋਈ॥ (ਵਾਰ ੧) ਕਬੀਰ. ਰਾਤੀ ਹੋਵਹਿ ਕਾਰੀਆ; ਕਾਰੇ ਊਭੇ ਜੰਤ॥ ਲੈ ਫਾਹੇ ਉਠਿ ਧਾਵਤੇ; ਸਿ ਜਾਨਿ ਮਾਰੇ ਭਗਵੰਤ॥੧੦॥) ਲੈ ਫਾਹੇ. ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ੀ ਦੇਨਿ ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ; ਤਿਲ ਪੀੜੇ ਘਾਣੀ॥੨੭॥) ਪਾਪੀ. ਕਰਮ ਕਮਾਵਦੇ; ਕਰਦੇ ਹਾਏ ਹਾਇ॥ ਨਾਨਕ. ਜਿਉ ਮਥਨਿ ਮਾਧਾਣੀਆ; ਤਿਉ ਮਥੇ ਧ੍ਰਮਰਾਇ॥) ਬਿਪਰੀਤ ਬੁਧ੍ੀ.ਮਾਰਤ ਲੋਕਹ; ਨਾਨਕ.ਚਿਰੰਕਾਲ ਦੁਖ ਭੋਗਤੇ॥) ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਸਤਸੰਗਤ ਜੀ ਕਰੋ, ਹਰ ਸੁਆਸ ੨, ਰੋਮ ਰੋਮ ਕਰਕੇ ਵਾਹਿਗੁਰੂ ੨ ਸਦਾ ਸਦਾ ਜਪੋ, ਰੋਮ ਰੋਮ 'ਚੋਂ ਹੰਕਾਰ ਤਿਆਗੋ, ਸਭ ਦੀ ਚਰਨ-ਧੂੜਿ ਬਣੋ, ਸ਼ੁਭ ਕਾਰਜ ਕਰੋ, ਗੁਰੂ ਪਿਆਰਿਆਂ ਗੁਰੂ ਪਰਮੇਸਰ ਜੀ ਦੀ ਸ਼ੁਭ ਸੱਚੀ ਸੇਵਾ ਕਰੋ, ਮੰਦੇ ਕਰਮ ਤਿਆਗੋ, ਤਨ ਮਨ ਧਨ ਸਿਰ ਸ੍ਰਬੰਸ ਪੂਰਨ ਗੁਰੂ ਜੀ ਤੋਂ ਕੁਰਬਾਨ ਕਰਕੇ, ਗੁਰੂ ਸਾਹਿਬ ਜੀ ਦੀ ਪਰਮ ਪ੍ਰਸੰਨਤਾ ਲਵੋ ਜੀ।

ਮੁਸੱਲਾ- ਫਰੀਦਾ. ਕੰਨਿ ਮੁਸਲਾ. ਸੂਫ਼ ਗਲਿ; ਦਿਲਿ ਕਾਤੀ. ਗੁੜੁ ਵਾਤਿ॥ ਬਾਹਰਿ ਦਿਸੈ ਚਾਨਣਾ; ਦਿਲਿ ਅੰਧਿਆਰੀ ਰਾਤਿ॥੫੦॥) ਬਾਬਾ ਫਰੀਦਾ ਸਾਹਿਬ ਜੀ, ਅਕਾਲ ਪੁਰਖ ਜੀ ਦੇ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ। ਹੇ ਅਸੰਖ ਪ੍ਰਕਾਸ਼ ਸਰੂਪ ਅਜਪਾ ਜਾਪ ਪੂਰਨ ਵਾਹਿਗੁਰੂ ਜੀ! ਦਾਸਨ ਦਾਸ ਦੇ (ਕੰਨਿ) ਮੋਢੇ 'ਤੇ, ਨਮਾਜ਼ ਪੜ੍ਨ ਵੇਲੇ, ਹੇਠ ਵਿਛਾਉਣ ਵਾਲਾ ਮੁਸਲਾ ਹੈ, (ਗਲਿ)ਗਲ਼ 'ਚ, ਕਾਲ਼ੇ ਸੂਫ਼ ਦੀ ਖ਼ਫ਼ਣੀ ਪਹਿਨੀ ਹੈ, ਪੂਰਨ ਵੈਰਾਗਮਈ ਬਾਹਰੋਂ ਇਸ ਪਹਿਰਾਵੇ ਦਾ ਭਾਵ ਹੈ, ਦਾਸਨ ਦਾਸ ਸੰਸਾਰ ਵੱਲੋਂ ਮਰ ਗਿਆ ਹੈ, ਜਿੰਨੇ ਵੀ ਵਿਸ਼ੇ ਔਗੁਣ ਦੋਸ਼ ਹਨ, ਤਿਆਗ ਦਿਤੇ ਹਨ, ਸੰਸਾਰ ਵੱਲੋਂ ਵੈਰਾਗੀ ਹਾਂ, ਦਿਲਿ 'ਚ, ਈਰਖਾ ਰੂਪੀ (ਕਾਤੀ) ਕੈਂਚੀ, (ਵਾਤਿ) ਮੁਖੋਂ ਗੁੜੁ ਵਰਗੀਆਂ ਮਿੱਠੀਆਂ ਗੱਲਾਂ ਕਰਦਾ ਹੈ। "ਹੇ ਭਾਈ! ਹੰਕਾਰ ਵਿਕਾਰ ਚੋਰੀ ਯਾਰੀ ਔਗੁਣ ਤਿਆਗੋ" ਦਾਸਨ ਦਾਸ (ਬਾਹਰਿ)ਬਾਹਰੋਂ ਦੇਖਣ ਨੂੰ (ਚਾਨਣਾ)ਪ੍ਰਕਾਸ਼ ਹੀ ਪ੍ਰਕਾਸ਼ ਸਰੂਪ ਬ੍ਰਹਮਗਿਆਨੀ (ਦਿਸੈ)ਦਿਸ ਰਿਹਾ ਹੈ, ਪਰ ਦਿਲਿ 'ਚ, ਪਾਪਾਂ ਅਵਿੱਦਿਆ ਔਗੁਣਾਂ ਵਿਕਾਰਾਂ ਚੋਰੀ ਯਾਰੀ ਮੰਦ- ਕਰਮਾ ਦੀ (ਅੰਧਿਆਰੀ)ਅਨ੍ੇਰੀ ਰਾਤਿ ਹੈ। ਯਥਾ:- ਮੁਖ ਤੇ ਪੜਤਾ.ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥) ਮਃ੧॥ ਪੜਿ ਪੁਸਤਕ.ਸੰਧਿਆ ਬਾਦੰ॥ ਸਿਲ ਪੂਜਸਿ.ਬਗੁਲ ਸਮਾਧੰ॥ ਮੁਖਿ ਝੂਠ.ਬਿਭੂਖਣ ਸਾਰੰ॥ ਤ੍ਰੈਪਾਲ.ਤਿਹਾਲ ਬਿਚਾਰੰ॥ ਗਲਿ ਮਾਲਾ.ਤਿਲਕੁ ਲਿਲਾਟੰ॥ ਦੁਇ ਧੋਤੀ.ਬਸਤ੍ ਕਪਾਟੰ॥ ਜੇ ਜਾਣਸਿ.ਬ੍ਰਹਮੰ ਕਰਮੰ॥ ਸਭਿ ਫੋਕਟ ਨਿਸਚਉ ਕਰਮੰ॥ ਕਹੁ ਨਾਨਕ.ਨਿਹਚਉ ਧਿਆਵੈ॥ ਵਿਣੁ ਸਤਿਗੁਰ.ਵਾਟ ਨ ਪਾਵੈ॥ (ਬੱਗਾ

Sri Satguru Jagjit Singh Ji eLibrary NamdhariElibrary@gmail.com

ਬੋਲੋ) ਪ੍ਰਭਾਤੀ ਭਗਤ ਬੇਣੀ ਜੀ ਕੀ ੧ੴ ਸਤਿਗੁਰ ਪ੍ਰਸਾਦਿ॥ ਤਨਿ ਚੰਦਨੁ.ਮਸਤਕਿ ਪਾਤੀ॥ ਰਿਦ ਅੰਤਰਿ.ਕਰ ਤਲ ਕਾਤੀ॥ ਠਗ ਦਿਸਟਿ.ਬਗਾ ਲਿਵ ਲਾਗਾ॥ ਦੇਖਿ ਬੈਸਨੋ.ਪ੍ਰਾਨ ਮੁਖ ਭਾਗਾ॥੧॥ ਕਲਿ ਭਗਵਤ.ਬੰਦ ਚਿਰਾਂਮੰ॥ ਕ੍ਰੂਰ ਦਿਸਟਿ.ਰਤਾ ਨਿਸਿਬਾਦੰ॥੧॥ ਰਹਾਉ॥ ਨਿਤਪ੍ਰਤਿ.ਇਸਨਾਨੁ ਸਰੀਰੰ॥ ਦੁਇ ਧੋਤੀ.ਕਰਮ ਮੁਖਿ ਖੀਰੰ॥ ਰਿਦੈ ਛੁਰੀ ਸੰਧਿਆਨੀ॥ ਪਰ ਦਰਬੁ.ਹਿਰਨ ਕੀ ਬਾਨੀ॥੨॥ ਸਿਲ ਪੂਜਸਿ.ਚਕ੍ਰ ਗਣੇਸੰ॥ ਨਿਸਿ ਜਾਗਸਿ.ਭਗਤਿ ਪ੍ਰਵੇਸੰ॥ ਪਗ ਨਾਚਸਿ.ਚਿਤੁ ਅਕਰਮੰ॥ ਏ ਲੰਪਟ.ਨਾਚ ਅਧਰਮੰ॥੩॥ ਮ੍ਰਿਗ ਆਸਣੁ.ਤੁਲਸੀ ਮਾਲਾ॥ ਕਰ ਊਜਲ.ਤਿਲਕੁ ਕਪਾਲਾ॥ ਰਿਦੈ ਕੂੜੁ.ਕੰਠਿ ਰੁਦ੍ਰਾਖੰ॥ ਰੇ ਲੰਪਟ.ਕ੍ਰਿਸਨੁ ਅਭਾਖੰ॥੪॥ ਜਿਨਿ ਆਤਮ ਤਤੁ; ਨ ਚੀਨ੍ਹਿਆ॥ ਸਭ ਫੋਕਟ ਧਰਮ.ਅਬੀਨਿਆ॥ ਕਹੁ ਬੇਣੀ.ਗੁਰਮੁਖਿ ਧਿਆਵੈ॥ ਬਿਨੁ ਸਤਿਗੁਰ;ਬਾਟ ਨ ਪਾਵੈ॥੫॥੧॥ (ਨਿਬੱਗ)ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ,ਨ ਆਖੀਅਹਿ;ਬਾਨਾਰਸਿ ਕੇ ਠਗ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਅਕਾਲ ਪੁਰਖ ਜੀ ਦੇ ਸਨਮੁਖ, ਜਿਤਨੀ ਵੱਧ ਤੋਂ ਵੱਧ ਗ੍ਰੀਬੀ ਦੇ ਬਚਨ ਕਹੇ ਜਾਣ, ਉਤਨਾ ਹੀ ਵੱਧ ਤੋਂ ਵੱਧ, ਰੋਮ ਰੋਮ 'ਚ ਅੰਮ੍ਰਿਤ ਪ੍ਰੇਮ ਰਸਦਾ ਹੈ, ਮਹਾਰਾਜ ਅੰਦਰ ਬਾਹਰ ਸਾਖਿਆਤ ਹੁੰਦੇ ਹਨ। ਯਥਾ:- ਸਲੋਕੁ॥ ਸਾਜਨ ਤੇਰੇ ਚਰਨ ਕੀ; ਹੋਇ ਰਹਾ ਸਦ ਧੂਰਿ॥ ਨਾਨਕ ਸਰਣਿ ਤੁਹਾਰੀਆ; ਪੇਖਉ ਸਦਾ ਹਜੂਰਿ॥) ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ; ਬਿਖਮੁ ਤੇਰਾ ਹੈ ਭਾਣਾ॥ ਕਹੁ ਨਾਨਕ ਢਹਿ ਪਇਆ ਦੁਆਰੈ; ਰਖਿ ਲੇਵਹੁ ਮੁਗਧ ਅਜਾਣਾ॥੪॥) ਅਪੁਨੇ ਠਾਕੁਰ ਕੀ ਹਉ ਚੇਰੀ॥ ਚਰਨ ਗਹੇ ਜਗਜੀਵਨ ਪ੍ਰਭ ਕੇ; ਹਉਮੈ ਮਾਰਿ ਨਿਬੇਰੀ॥) ਜੇ ਤਖਤਿ ਬੈਸਾਲਹਿ, ਤਉ ਦਾਸ ਤੁਮ੍ਹਾਰੇ; ਘਾਸੁ ਬਢਾਵਹਿ ਕੇਤਕ ਬੋਲਾ॥) ਪ੍ਰਭ ਜੀ; ਮੋਹਿ ਕਵਨੁ ਅਨਾਥੁ ਬਿਚਾਰਾ॥ ਕਵਨ ਮੂਲ ਤੇ. ਮਾਨੁਖੁ ਕਰਿਆ; ਇਹੁ ਪਰਤਾਪੁ ਤੁਹਾਰਾ॥) ਪਤਿਤ ਪਾਵਨ ਭਗਤਿ ਬਛਲ; ਦੀਨ ਕਿਰਪਾ ਧਾਰ॥ ਕਰ ਜੋੜਿ ਨਾਨਕੁ ਦਾਨੁ ਮਾਂਗੈ ਸਾਧ ਸੰਗਿ ਉਧਾਰ॥) ਕਹਾ ਕਹਉ ਮੈ ਅਪੁਨੀ ਕਰਨੀ; ਜਿਹ ਬਿਧਿ ਜਨਮੁ ਗਵਾਇਓ॥ ਕਹਿ ਨਾਨਕ. ਸਭ ਅਉਗਨ ਮੋ ਮੈ; ਰਾਖਿ ਲੇਹੁ ਸਰਨਾਇਓ॥੨॥

ਰੱਤੀ। ਰਤੁ ਪੋਲਾ- ਫਰੀਦਾ. ਰਤੀ ਰਤੁ ਨ ਨਿਕਲੈ; ਜੇ ਤਨੁ ਚੀਰੈ ਕੋਇ॥) ਰੱਤੇ ਰੱਬ . ਰਤੁ ਪੋਲਾ- ਜੋ ਤਨ ਰਤੇ. ਰਬ ਸਿਉ; ਤਿਨ ਤਨਿ. ਰਤੁ ਨ ਹੋਇ॥੫੧॥ ਪਰਮਪੂਜਨੀਕ ਭਗਤ ਫਰੀਦਾ ਸਾਹਿਬ ਜੀ, ਸੰਤ ਅਨੰਤਹਿ; ਅੰਤਰੁ ਨਾਹੀ॥ ਰੱਬ ਸਰੂਪ ਪੂਰਨ ਮਹਾਂਪੁਰਸ਼ਾਂ ਜੀ ਦੀ ਅਵਸਥਾ ਬਾਰੇ ਫ਼ੁਰਮਾਉਂਦੇ ਹਨ:- ਰੱਬ ਜੀ ਦੀ ਪੂਰਨ ਪ੍ਰੀਤੀ 'ਚ ਲੀਣ, ਪੂਰਨ ਪ੍ਰੀਤਵਾਨ ਗੁਰਸੇਵਕਾਂ ਜੀ ਦੇ (ਤਨੁ)ਸ੍ਰੀਰ ਨੂੰ ਜੇ (ਕੋਇ)ਕੋਈ, ਪਾਪੀ ਜ਼ਾਲਮ, ਆਰੇ ਨਾਲ (ਚੀਰੈ)ਚੀਰੇ, ਤਾਂ ਉਨ੍ਹਾਂ ਦੇ ਸ੍ਰੀਰ 'ਚੋਂ, ਲਾਲਚ 'ਚ ਆ ਕੇ, (ਰਤੀ)ਥੋੜੇ ਮਾਤ੍ਰ ਭੀ (ਰਤੁ)ਪ੍ਰੀਤੀ (ਨ)ਨਹੀਂ (ਨਿਕਲੈ)ਨਿਕਲਦੀ ਭਾਵ ਟੁੱਟਦੀ। (ਜੋ)ਜਿਹੜੇ ਪਰਮਪੂਜਨੀਕ ਮਹਾਂਪੁਰਸ਼ਾਂ ਦੇ ਤਨ ਰਬ (ਸਿਉ)ਨਾਲ ਪ੍ਰੇਮ ਸਹਿਤ ਗਾੜ੍ਹੇ ਰੰਗ 'ਚ (ਰਤੇ)ਰੰਗੇ ਹਨ। (ਤਿਨ)ਤਿਨ੍ਹਾਂ ਨੂੰ ਅਪਨੇ ਤਨਿ ਨਾਲ (ਰਤੁ)ਪ੍ਰੀਤੀ (ਨ)ਨਹੀਂ ਹੁੰਦੀ, ਜੋ ਕਸ਼ਟ ਤੋਂ ਡਰ ਕੇ, ਧਰਮ ਤਿਆਗਣ, ਹੱਸ ਕੇ ਸ਼ਹੀਦੀ ਦੇ ਦਿੰਦੇ ਹਨ। ਯਥਾ:- ਗੂੜ੍ਹੀ- ਸਤਸੰਗਤਿ ਪ੍ਰੀਤਿ ਸਾਧ ਅਤਿ ਗੂੜੀ; ਜਿਉ ਰੰਗੁ ਮਜੀਠ ਬਹੁ ਲਾਗਾ॥ ਕਾਇਆ ਕਾਪਰੁ. ਚੀਰ ਬਹੁ ਫਾਰੇ; ਹਰਿ ਰੰਗੁ. ਨ ਲਹੈ ਸਭਾਗਾ॥) ਕਹਾ ਭਇਓ; ਜਉ ਤਨੁ ਭਇਓ ਛਿਨੁ ਛਿਨੁ॥ ਪ੍ਰੇਮੁ ਜਾਇ; ਤਉ ਡਰਪੈ ਤੇਰੋ ਜਨੁ॥

ਰਤੁ ਰਤੁ ਪੋਲੇ ਦੋਵੇਂ- ਮਃ ੩॥ ਇਹੁ ਤਨੁ ਸਭੋ ਰਤੁ ਹੈ; ਰਤੁ ਬਿਨੁ ਤੰਨੁ ਨ ਹੋਇ॥) ਰੱਤੇ, ਰਤੁ ਪੋਲਾ- ਜੋ ਸਹ ਰਤੇ ਆਪਣੇ; ਤਿਤੁ ਤਨਿ ਲੋਭੁ ਰਤੁ ਨ ਹੋਇ॥ ਰਤੁ ਪੋਲਾ- ਭੈ ਪਇਐ. ਤਨੁ ਖੀਣੁ ਹੋਇ; ਲੋਭੁ ਰਤੁ. ਵਿਚਹੁ ਜਾਇ॥ ਜਿਉ ਬੈਸੰਤਰਿ ਧਾਤੁ. ਸੁਧੁ ਹੋਇ; ਤਿਉ ਹਰਿ ਕਾ ਭਉ. ਦੁਰਮਤਿ ਮੈਲੁ ਗਵਾਇ॥) ਰੱਤੇ-

Sri Satguru Jagjit Singh Ji eLibrary NamdhariElibrary@gmail.com

ਨਾਨਕ. ਤੇ ਜਨ ਸੋਹਣੇ; ਜਿ ਰਤੇ ਹਰਿ ਰੰਗੁ ਲਾਇ॥੫੨॥ ਪਰਮਪੂਜਨੀਕ ਸਤਿਗੁਰੂ ਮਹੱਲੇ ਪਹਿਲੇ ਜੀ ਦੇ (੩)ਤੀਜੇ (ਮਃ)ਸਰੂਪ, ਸਤਿਗੁਰੂ ਅਮਰਦਾਸ ਪਾਤਿਸਾਹ ਜੀ. ਭਗਤ ਫ਼ਰੀਦ ਸਾਹਿਬ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਦਰਵੇਸ਼ ਭਗਤ ਜੀ ਦੇ ਬਚਨਾਂ ਨੂੰ ਫ਼ੁੱਲ ਝੜ੍ਹਾਉਂਦਿਆ ਫ਼ੁਰਮਾ ਰਹੇ ਹਨ:- ਪੂਰਨ ਭਗਤ ਫ਼ਰੀਦ ਸਾਹਿਬ ਜੀ ਦਾ (ਸਭੋ)ਸਾਰਾ ਤਨੁ ਹੀ, ਵਾਹਿਗੁਰੂ ਜੀ ਦੀ (ਰਤੁ)ਪ੍ਰੀਤੀ ਹੀ ਪ੍ਰੀਤੀ ਸਰੂਪ ਹੈ, (ਰਤੁ)ਪ੍ਰੀਤੀ ਬਿਨੁ, ਤਿਨ੍ਹਾਂ ਦਾ (ਤੰਨੁ)ਸ੍ਰੀਰ (ਨ)ਨਹੀਂ ਹੋਇ ਰਿਹਾ, ਭਾਵ ਪ੍ਰੀਤ ਬਿਨ ਸ੍ਰੀਰ (ਹੋਇ)ਰਹਿ ਨਹੀਂ ਸਕਦਾ। (ਜੋ)ਜਿਹੜੇ ਪ੍ਰੇਮੀ ਗੁਰਸੇਵਕ ਭਗਤ ਫ਼ਰੀਦ ਸਾਹਿਬ ਜੀ, ਆਪਣੇ ਪਿਆਰੇ (ਸਹ)ਪਤੀ ਵਾਹਿਗੁਰੂ ਜੀ ਦੀ ਪ੍ਰੀਤੀ 'ਚ, ਰੋਮ ਰੋਮ ਕਰਕੇ (ਰਤੇ)ਰੰਗੇ ਹਨ, (ਤਿਤੁ)ਤਿੱਥੇ ਭਾਵ ਤਿਨ੍ਹਾਂ ਦੇ ਤਨਿ 'ਚ, ਧਨ ਪਦਾਰਥ ਜੋੜਨ, ਜੱਗ 'ਤੇ ਜਿਉਣ, ਵਿਸ਼ੇ ਰਾਜ ਭੋਗਣ ਰੂਪ ਲੋਭੁ ਨਾਲ, ਆਪਣੇ ਤਨ ਨਾਲ (ਰਤੁ)ਪ੍ਰੀਤੀ (ਨ)ਨਹੀਂ ਹੋਇ ਰਹੀ, ਭਾਵ ਲੋਭ ਲਾਲਚ ਵਿਕਾਰ'ਚ ਆ ਕੇ, ਪਰਾਏ ਅਧੀਨ ਨਹੀਂ ਹਨ, ਧਰਮ- ਹਿਤ ਸ਼ਹੀਦੀ ਕੁਰਬਾਨੀ ਦੇਣ ਨੂੰ ਤਿਆਰ ਹਨ।

ਰਤੁ ਪੋਲਾ- ਭੈ ਪਇਐ. ਤਨੁ ਖੀਣੁ ਹੋਇ; ਲੋਭੁ ਰਤੁ. ਵਿਚਹੁ ਜਾਇ॥) ਜਿਨਾ ਭਉ, ਤਿਨ੍ ਨਾਹਿ ਭਉ; ਮੁਚੁ ਭਉ ਨਿਭਵਿਆਹ॥) ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥ ਪੂਰਨ ਭਗਤ ਜੀ, ਸਮਝਦੇ ਹਨ ਕਿ ਦਾਸਨ ਦਾਸ ਜੋ ਕੁੱਝ ਭੀ ਕਰਦਾ ਹੈ, ਪ੍ਰੀਤਮ ਵਾਹਿਗੁਰੂ ਜੀ ਹਾਜ਼ਰ ਹਜ਼ੂਰ ਪ੍ਰਗਟ ਹੀ ਦੇਖਦੇ ਸੁਣਦੇ ਹਨ। ਇਹ ਸਮਝ ਕੇ, ਮਹਾਰਾਜ ਪੂਰਨ ਬ੍ਰਹਮ ਸਾਹਿਬ ਜੀ ਦਾ, ਮਹਾਂ ਮਹਾਂ ਵਿਸਮਾਦ ਭੈ ਧਾਰਦੇ ਹਨ, (ਭੈ)ਡਰ (ਪਇਐ)ਧਾਰਨੇ ਕਰਕੇ, (ਤਨੁ)ਸ੍ਰੀਰ 'ਚੋਂ ਔਗੁਣ ਵਿਕਾਰ ਲੋਭ (ਖੀਣੁ)ਨਾਸ ਹੋਇ ਰਿਹਾ ਹੈ, ਲੋਭੁ ਲਾਲਚ ਦੀ (ਰਤੁ)ਪ੍ਰੀਤੀ, ਭਗਤ ਜੀ ਦੇ ਸ੍ਰੀਰ ਵਿਚਹੁ (ਜਾਇ)ਜਾਂਦੀ ਰਹੀ।

ਜਿਉ ਬੈਸੰਤਰਿ ਧਾਤੁ. ਸੁਧੁ ਹੋਇ; ਤਿਉ ਹਰਿ ਕਾ ਭਉ. ਦੁਰਮਤਿ ਮੈਲੁ ਗਵਾਇ॥ (ਜਿਉ)ਜਿਵੇਂ (ਬੈਸੰਤਰਿ)ਅੱਗ ਨਾਲ ਗਰਮ ਕਰਕੇ, ਸੋਨੇ ਲੋਹੇ ਆਦਿ ਦੀ ਧਾਤੁ 'ਚੋਂ, ਮੈਲ਼ ਕੱਟ ਕੇ, ਸ਼ੁੱਧ ਹੋਇ ਜਾਂਦੀ ਹੈ, (ਤਿਉ) ਤਿਵੇਂ ਵਾਹਿਗੁਰੂ ਜੀ ਦਾ (ਭਉ)ਡਰ, (ਦੁਰਮਤਿ)ਖੋਟੀ ਮਤਿ ਪਾਪਾਂ ਵਿਕਾਰਾਂ ਦੀ ਮੈਲ਼ੁ ਗਵਾਇ ਦਿੰਦਾ ਹੈ, ਜਿਵੇਂ ਭਗਤ ਫ਼ਰੀਦ ਸਾਹਿਬ ਜੀ ਦੀ ਗੁਆ ਦਿਤੀ।

ਰੱਤੇ- ਨਾਨਕ. ਤੇ ਜਨ ਸੋਹਣੇ; ਜਿ ਰਤੇ ਹਰਿ ਰੰਗੁ ਲਾਇ॥੫੨॥) ਤਿਨ੍ ਕੀ ਸੋਭਾ ਸਭਨੀ ਥਾਈ ਜਿਨ੍ ਪ੍ਰਭ ਕੇ ਚਰਣ ਪਰਾਤੇ॥ ਵਾਹਿਗੁਰੂ (ਨਾਨਕ)ਸਤਿਗੁਰੂ ਅਮਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ:- ਗੁਰਮੁਖਿ ਭਗਤ ਬਾਬੇ ਫਰੀਦ ਜੀ ਜੈਸੇ (ਤੇ)ਉਹ (ਜਨ)ਪਿਆਰੇ ਗੁਰਸੇਵਕ, ਦਿਲ ਦੀ ਸਫ਼ਾਈ ਵਾਲੇ ਰੋਮ ਰੋਮ ਕਰਕੇ ਸੋਹਣੇ ਹਨ, (ਜਿ)ਜਿਹੜੇ (ਹਰਿ)ਗੁਰੂ ਪ੍ਰੇਮਸਰ ਜੀ ਦਾ (ਰੰਗੁ)ਪ੍ਰੇਮ, ਰੋਮ ਰੋਮ 'ਚ ਲਾਇ ਕੇ, ਪ੍ਰੇਮ ਰੰਗ'ਚ, (ਰਤੇ)ਰੰਗੇ ਹਨ। ਜਿਵੇਂ ਭਾਈ ਸਾਹਿਬ ਭਾਈ ਮਨੀ ਸਿੰਘ ਜੀ ਦਾ ਬੰਦ ੨ ਕੱਟ ਦਿਤਾ, ਭਾਈ ਤਾਰੂ ਸਿੰਘ ਜੀ ਦਾ ਖੋਪਰਾ ਲਾਹ ਦਿਤਾ, ਕਿਸੇ ਲਾਲਚ 'ਚ ਨਹੀਂ ਆਏ। ਜਿਸ ਤਰ੍ਾਂ ਭਾਈ ਮਤੀਦਾਸ ਜੀ ਦੇ ਸ੍ਰੀਰ ਨੂੰ ਪਾਪੀ ਔਰੰਗੇ ਦੇ ਜ਼ੁਲਮੀ ਹੁਕਮ ਨਾਲ ਚੀਰਿਆ ਗਿਆ।

ਫਰੀਦਾ. ਸੋਈ ਸਰਵਰੁ ਢੂਢਿ ਲਹੁ; ਜਿਥਹੁ ਲਭੀ ਵਥੁ॥ ਛਪੜਿ ਢੂਢੈ. ਕਿਆ ਹੋਵੈ; ਚਿਕੜਿ ਡੁਬੈ ਹਥੁ॥੫੩॥ ਵਾਹਿਗੁਰੂ ਬ੍ਰਹਮ ਜੀ ਦੀ ਭਾਉ ਭਗਤੀ ਦੇ ਅਵਤਾਰ, ਅਤਿਅੰਤ ਹੀ ਮਸ਼ਕਤ ਜੋਧੜੀ, ਗੁਰੂ ਪ੍ਰੇਮਾ- ਭਗਤੀ ਕਰਕੇ, ਵਾਹਿਗੁਰੂ ਜੀ 'ਚ ਲੀਨ, ਕਹਿ ਰਹੇ ਹਨ, ਹੇ ਦਾਸਨ ਦਾਸ ਗ਼ਰੀਬ ਫਰੀਦਾ! ਪੂਰਨ ਗੁਰੂ ਜੀ ਦੀ (ਸੋਈ)ਉਹ (ਸਰਵਰੁ)ਮਾਨ ਸ੍ਰੋਵਰ ਸਤਿਸੰਗਤ (ਢੂਢਿ)ਖੋਜ (ਲਹੁ)ਲੈ, (ਜਿਥਹੁ)ਜਿੱਥੋਂ, ਦਰਸ਼ਨ ਕਰਦਿਆਂ ਹੀ ਨਾਮੁ ਰੂਪੀ (ਵਥੁ)ਵਸਤੂ ਲਭੀ ਜਾ ਸਕੇ, ਰਿਦੇ 'ਚੋਂ ਮੁਖ 'ਚ ਅੰਮ੍ਰਿਤ ਆਵੇ। ਐਸੀ ਮਹਾਂ ਵਿਸਮਾਦ ਸਤਿਸੰਗਤ ਜੀ ਵੱਡੇਭਾਗ ਪ੍ਰਾਪਤ ਹੁੰਦੀ ਹੈ ਜੀ। ਪਰਮਪੂਜਨੀਕ ਵਾਹਿਗੁਰੂ ਮਹੱਲਾ ੪ ਜੀ ਗੁਰਤਾ ਬਿਰਾਜਮਾਨ, ਸਜੇ

Sri Satguru Jagjit Singh Ji eLibrary NamdhariElibrary@gmail.com

ਦੀਵਾਨ'ਚ ਦਰਸ਼ਨ ਬਖ਼ਸ਼ ਰਹੇ ਹਨ, ਵਾਹਿਗੁਰੂ ਮਹੱਲਾ ਪੰਜਵਾਂ ਜੀ, ਗੁਰੂ ਸੰਗਤ ਜੀ, ਪਰਮਪੂਜਨੀਕ ਗੁਰੂ ਪਿਤਾ ਜੀ ਦੇ ਦਰਸ਼ਨ ਕਰਕੇ ਵਿਸਮਾਦ ਹੋ ਰਹੇ ਹਨ। ਪਰਮਪੂਜਨੀਕ ਸੱਚੇ ਸਤਿਗੁਰੂ ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਨੇ, ਸਤਸੰਗਤ ਜੀ ਨੂੰ ਰਸ ਭਿੰਨਾ ਵਿਸਮਾਦ ਮਨੋਹਰ ਰੰਗਲਾ ਅਨੰਦੀ ਕੀਰਤਨ, ਗੁਰਬਾਣੀ ਕਥਾ ਸੁਣਾਈ। ਸਭ ਦੇ ਮਨ ਆਪਣੀ ਮੁੱਠੀ'ਚ ਲੈ ਲਏ। ਖੰਡ ਬ੍ਰਹਮੰਡ, ਸਤਸੰਗਤ ਜੀ ਦਾ ਲੂੰ ੨, ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਧੰਨ ਸ਼੍ਰੀ ਗੁਰੂ ਰਾਮਦਾਸ ਸਾਹਿਬ ਜੀ ਗਾ ਉੱਠਿਆ। ਪੂਰਨ ਅਗਮ ਅਪਾਰ ਮਹਾਂ ਵਿਸਮਾਦਤਾਈ'ਚ, ਵਾਹਿਗੁਰੂ ਮਹੱਲੇ ੪ ਜੀ ਨੇ ਆਪ ਕੀਰਤਨ ਕਥਾ ਕਰਨ ਪਿੱਛੋਂ, ਆਪਣੇ ਲਾਡਲੇ ਸਾਹਿਬਜ਼ਾਦੇ ਵਾਹਿਗੁਰੂ ਮਹੱਲੇ ਪੰਜਵੇਂ ਜੀ ਨੂੰ ਅੰਮ੍ਰਿਤ ਕੀਰਤਨ ਕਰਨ ਦਾ ਹੁਕਮ ਕੀਤਾ, ਪਰਮਪੂਜਨੀਕ ਸੱਚੇ ਪਿਤਾ ਜੀ ਦਾ ਹੁਕਮ ਮੰਨ ਕੇ, ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਅਨੁਸਾਰ ਮਿੱਠ ਬੋਲੜੇ ਸੱਜਣ ਸੁਆਮੀ ਜੀ ਨੇ ਅਕਾਲ ਪੁਰਖੁ ਜੀ'ਚ ਅਭੇਦ ਹੋ ਕੇ, ਸੁਰ ਤਾਰ'ਚ ਵਸਾ ਕੇ, ਐਸਾ ਵਿਸਮਾਦ ਰਸ ਭਿੰਨਾ ਸੁੰਦਰ ਮਨੋਹਰ ਕੀਰਤਨ ਕੀਤਾ। ਬਾਣੀ ਉਚਰਹਿ.ਸਾਧ ਜਨ; ਅਮਿਉ ਚਲਹਿ ਝਰਣੇ॥ ਅਨੁਸਾਰ ਸਾਰੀ ਸਤਸੰਗਤ ਜੀ ਦੇ ਰਿਦੇ'ਚੋਂ ਅੰਮ੍ਰਿਤ ਦੇ ਝਰਣੇ ਉੱਠ ਕੇ ਮੁਖ'ਚ ਆਉਣ ਲੱਗੇ। ਸਾਚ ਨਾਮ ਕੀ ਅੰਮ੍ਰਿਤ ਵਰਖਾ॥ ਹੋ ਗਈ। ਪ੍ਰੇਮੀ ਜਨ, ਪਰਮਪੂਜਨੀਕ ਧਰਮੀ ਪਿਤਾ ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ, ਰਸ 'ਚ ਝੂਮਣ ਲੱਗ ਗਏ। ਸਾਰਾ ਬ੍ਰਹਮੰਡ ਪ੍ਰੇਮਾ- ਭਗਤੀ ਦੀ ਸ੍ਰਬ ਵਿਆਪੀ ਮਹਾਂ ਵਿਸਮਾਦ ਸੁਗੰਧੀ ਨਾਲ ਸੁਗੰਧਤ ਹੋ ਗਿਆ। ਵਾਹਿਗੁਰੂ ਮਹੱਲੇ ਪੰਜਵੇਂ ਜੀ ਨੇ ਵਿਸਮਾਦ ਕੀਰਤਨ ਕਰਦਿਆਂ, ਪਰਮਪੂਜਨੀਕ ਸੱਚੇ ਪਿਤਾ ਜੀ, ਗੁਰੂ ਜੀ ਦੀ ਸਤਿਸੰਗਤ ਜੀ ਦੇ ਸੁੰਦਰ ਇਲਾਹੀ ਵਿਸਮਾਦੀ ਦਰਸ਼ਨ ਕਰਦਿਆਂ, ਜੋ ਵਿਸਮਾਦੀ ਰੰਗ ਮਾਣਿਆਂ, ਉਹ ਮਹਾਂ ਮਹਾਂ ਵਿਸਮਾਦ ਹੈ। ਯਥਾ:- ਏਕ ਪਲਕ. ਸੁਖ ਸਾਧ ਸਮਾਗਮ; ਕੋਟਿ ਬੈਕੁੰਠਹ ਪਾਂਏ॥) ਕਹੁ ਕਬੀਰ; ਇਹ ਕਹੀਐ ਕਾਹਿ॥ ਸਾਧਸੰਗਤਿ; ਬੈਕੁੰਠੈ ਆਹਿ॥ ਪੂਰਨ ਗੁਰੂ ਜੀ ਦੇ ਨੂਰੋ ਨੂਰ ਸੁੰਦਰ ਚਿਹਰੇ ਨੂੰ ਤੱਕ ਕੇ, ਬ੍ਰਿਤੀਆਂ ਪੂਰਨ ਬ੍ਰਹਮ ਜੀ 'ਚ ਲੱਗ ਰਹੀਆਂ ਹਨ, ਅੰਦਰ ਜਾਪ ਹੋਣ ਲੱਗਦਾ, ਹਿਰਦੇ ਚੋਂ ਮੁਖ 'ਚ ਅੰਮ੍ਰਿਤ ਆਉਂਦਾ। ਦਰਸ਼ਨ ਕਰਕੇ ਮਹਾਂ ਮਹਾਂ ਵਿਸਮਾਦ ਹੋ ਰਹੇ ਹਨ। ਅਜਪਾ ਜਾਪ ਵਾਹਿਗੁਰੂ ਜੀ ਦੀ ਅਤੀ ਪਿਆਰੀ ਸਾਧਸੰਗਤਿ ਦੇ ਸੁੰਦਰ ਨੇਤ੍ਰ, ਸਤਿਗੁਰੂ ਜੀ ਦੇ ਚੇਹਰੇ 'ਤੇ ਲੱਗੇ ਹੋਏ ਹਨ, ਨੂਰੋ ਨੂਰ ਨੂਰੀ ਮਹਾਂ ਵਿਸਮਾਦ ਮਹਾਂ ਸੁੰਦਰ ਦਰਸ਼ਨ ਕਰਕੇ, ਗਦ ਗਦ ਹੋ ਰਹੇ ਹਨ। ਪੂਰਨ ਗੁਰੂ ਜੀ ਨੇ ਅੰਮ੍ਰਿਤ ਕੀਰਤਨ, ਉਤਮ ਹਰਿ ਕਥਾ ਕੀਤੀ। ਮਗਰੋਂ ਸ੍ਰੀ ਸਤਿਗੁਰੂ ਸਾਹਿਬ ਜੀ ਨੇ ਸਤਿਸੰਗਤਿ ਜੀ ਸਮੇਤ ਉੱਠ ਕੇ, ਵਾਹਿਗੁਰੂ ਜੀ ਦੇ ਸਨਮੁਖ ਆਪ ਅਰਦਾਸਿ ਕੀਤੀ। ਯਥਾ:- ਸਰਵਰ ਹੰਸ ਧੁਰੇ ਹੀ ਮੇਲਾ; ਖਸਮੈ ਏਵੈ ਭਾਣਾ॥ ਸਰਵਰ ਅੰਦਰਿ ਹੀਰਾ ਮੋਤੀ; ਸੋ ਹੰਸਾ ਕਾ ਖਾਣਾ॥) ਇਹ ਸਰਵਰ ਹੈ। ਮਾਨ ਸ੍ਰੋਵਰ ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਤੇ ਆਪ ਜੀ ਤੋਂ ਵਰੋਸਾਏ ਮਹਾਂਪੁਰਸ਼ਾਂ ਨੂੰ ਭਾਲ਼ਣ ਬਾਰੇ ਕਹਿ ਰਹੇ ਹਨ।

ਛਪੜਿ ਢੂਢੈ. ਕਿਆ ਹੋਵੈ; ਚਿਕੜਿ ਡੂਬੈ ਹਥੁ॥੫੩॥ ਜੇ ਛਪੜਿ ਨੂੰ (ਢੂਢੈ)ਭਾਲ਼ੇ, ਫਿਰ (ਕਿਆ)ਕੀ (ਹੋਵੈ)ਹੋਵੇਗਾ? ਹਥੁ (ਚਿਕੜਿ)ਮਲ ਮੂਤ੍ਰ ਗੰਦਗੀ 'ਚ (ਡੂਬੈ)ਡੁੱਬ ਜਾਵੇਗਾ। ਇਉਂ ਛਪੜਿ ਵਾਂਗ ਭੂਤ ਪ੍ਰੇਤ ਦੀ ਪੂਜਾ ਕਰਨ ਵਾਲੇ ਸਾਕਤ, ਵੇਸਵਾ ਦੇ ਨਾਚ ਗਾਣੇ, ਵਿਭਚਾਰ, ਸਿਗ੍ਰਟ ਬੀੜੀ ਸ਼ਰਾਬ ਨਸ਼ੇ ਮਾਸ, ਟੀ ਪਾਰਟੀ ਕਲੱਬਾਂ ਸਿਨਮੇ ਪਾਰਟੀ ਬਾਜ਼ੀ ਮੁਕੱਦਮੇ ਜ਼ੁਲਮ ਔਗੁਣਾਂ ਵਾਲਿਆਂ ਦੀ ਕੁਸੰਗਤ ਰੂਪ ਛਪੜਿ ਨੂੰ ਭਾਲ਼ੇ, ਫਿਰ ਕੀ ਹੋਵੇਗਾ? ਮਨ ਰੂਪੀ ਹਥੁ, ਵਿਭਚਾਰ, ਸਿਗ੍ਰਟ ਬੀੜੀ ਔਗੁਣਾਂ ਰੂਪੀ (ਚਿਕੜਿ)ਮਲ ਮੂਤ੍ਰ ਗੰਦਗੀ 'ਚ ਡੁੱਬ ਜਾਵੇਗਾ, ਹੱਥ ਕੁੱਝ ਭੀ ਨਹੀਂ ਆਵੇਗਾ, ਸਗੋਂ ਵਿਸ਼ੇ ਵਿਕਾਰ ਹੰਕਾਰ 'ਚ ਅੰਨ੍ਹਾ ਦਾਗ਼ੀ ਹੋ ਕੇ ਮਰ ਜਾਵੇਗਾ। ਯਥਾ:- ਕਬੀਰ.ਸਾਕਤੁ ਐਸਾ ਹੈ; ਜੈਸੀ ਲਸਨ ਕੀ ਖਾਨਿ॥ ਕੋਨੇ ਬੈਠੇ ਖਾਈਐ; ਪਰਗਟ ਹੋਇ ਨਿਦਾਨ॥)

Sri Satguru Jagjit Singh Ji eLibrary NamdhariElibrary@gmail.com

ਕਬੀਰ.ਸਾਕਤ ਸੰਗੁ,ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ; ਤਉ ਕਛੁ ਲਾਗੈ ਦਾਗੁ॥) ਮਾਗਉ ਦਾਨੁ.ਕ੍ਰਿਪਾਲ ਕ੍ਰਿਪਾ ਨਿਧਿ; ਮੇਰਾ ਮੁਖੁ.ਸਾਕਤ ਸੰਗਿ,ਨ ਜੁਟਸੀ ਰੇ॥ ਜਨ ਨਾਨਕ.ਦਾਸ ਦਾਸ ਕੋ ਕਰੀਅਹੁ; ਮੇਰਾ ਮੂੰਡੁ.ਸਾਧ ਪਗਾ ਹੇਠਿ ਰੁਲਸੀ ਰੇ॥

ਫਰੀਦਾ. ਨੰਢੀ ਕੰਤੁ ਨ ਰਾਵਿਓ; ਵਡੀ ਥੀ ਮੁਈ ਆਸੁ॥ ਮਿਲੀ- ਆਸੁ- ਧਨ ਕੂਕੇਂਦੀ, ਗੋਰ ਮੇਂ; ਤੈ ਸਹ. ਨਾ ਮਿਲੀਆਸੁ॥੫੪॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਨਿੰਮ੍ਰਤਾ ਹਲੀਮੀ ਗ੍ਰੀਬੀ ਪ੍ਰੇਮਾ- ਭਗਤੀ ਦੇ ਦਾਤੇ ਮਹਾਂਪੁਰਸ਼ ਫ਼ੁਰਮਾ ਰਹੇ ਹਨ:- ਜਿਸ ਮਹਾਤਮਾ ਰੂਪੀ ਇਸਤ੍ਰੀ ਨੇ (ਨੰਢੀ)ਛੋਟੀ ਦਾਸਨ ਦਾਸੀ ਬਣ ਕੇ ਗ੍ਰੀਬੀ ਨਿਮ੍ਰਤਾ ਹਲੀਮੀ ਧਾਰ ਕੇ, (ਕੰਤੁ)ਪਤੀ ਅਕਾਲ ਪੁਰਖ ਜੀ, ਪ੍ਰੇਮ ਭਾਵਨਾ ਨਾਲ (ਰਾਵਿਓ)ਚੇਤੇ (ਨ)ਨਹੀਂ ਕੀਤੇ, ਅਪਨੀ ਅੰਤਹਕਰਨ ਰੂਪੀ ਸੇਜਾ 'ਤੇ, ਗਿਆਨ ਰਾਉ ਜਬ ਸੇਜੈ ਆਵੈ; ਤ ਨਾਨਕ ਭੋਗੁ ਕਰੇਈ॥ ਅਨੁਸਾਰ ਕੰਤੁ ਜੀ ਨਾਲ ਏਕਤਾ ਅਭੇਤਾ ਦੇ ਅਨੰਦ ਨੂੰ (ਨ)ਨਹੀਂ (ਰਾਵਿਓ)ਮਾਣਿਆਂ। ਬਦਚਲਣ ਪਖੰਡੀ ਗੁਰੂ ਬਨਣ ਰੂਪ ਵਡੀ (ਥੀ)ਹੋ ਗਈ, ਵੱਡੀ ਹੋ ਕੇ (ਮੁਈ)ਮਰੀ (ਆਸੁ)ਹੈ, ਮਰ ਗਈ, ਕਿਉਂ ਜੋ ਜੀਆਂ ਦਾ ਧਨ ਲੁੱਟਣ ਲੱਗ ਗਈ। ਯਥਾ:- ਜੇ ਕੋ ਵਡਾ ਕਹਾਇ; ਵਡਾਈ ਖਾਵੈ॥) ਮੋਟਾ ਨਾਉ ਧਰਾਈਐ; ਗਲਿ ਅਉਗਣ ਭਾਰਾ॥)

ਮਿਲੀ- ਆਸੁ- ਧਨ ਕੂਕੇਂਦੀ, ਗੋਰ ਮੇਂ; ਤੈ ਸਹ. ਨਾ ਮਿਲੀਆਸੁ॥੫੪॥ ਪਖੰਡੀ ਨਸ਼ੇ ਵਿਕਾਰਾਂ 'ਚ ਖੱਚਤ ਪਖੰਡੀ ਜੀਵ ਰੂਪੀ (ਧਨ)ਇਸਤ੍ਰੀ ਮਰ ਕਰਕੇ, (ਗੋਰ)ਕਬਰ 'ਚ ਪਈ (ਕੂਕੇਂਦੀ)ਕੂਕ ਰਹੀ ਹੈ, ਹੇ (ਸਹ)ਪਤੀ ਅਕਾਲ ਪੁਰਖ ਜੀ! ਆਪ ਜੀ ਨੂੰ (ਨਾ)ਨਹੀਂ (ਮਿਲੀਆਸੁ)ਮਿਲ ਸਕੇਗੀ। ਯਥਾ:- ਫਰੀਦਾ. ਇਟ ਸਿਰਾਣੇ. ਭੁਇ ਸਵਣੁ; ਕੀੜਾ ਲੜਿਓ ਮਾਸਿ॥) ਜੁੱਗ- ਕੇਤੜਿਆ ਜੁਗ ਵਾਪਰੇ; ਇਕਤੁ ਪਇਆ ਪਾਸਿ॥੬੭॥

ਪਲਿਆ ਪਲੀ ਪਲੀਆਂ ਪੋਲੇ। ਦਾੜ੍ਹੀ- ਫਰੀਦਾ. ਸਿਰੁ ਪਲਿਆ; ਦਾੜੀ ਪਲੀ. ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥੫੫॥) ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ.ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥ ਅਨੁਸਾਰ ਪੂਰਨ ਸੱਚੇ ਭਗਤ ਬਾਬਾ ਫ਼ਰੀਦ ਸਾਹਿਬ ਜੀ, ਪੂਰਨ ਵੈਰਾਗਮਈ ਗੁਰਬਾਣੀ ਜੀ ਉਚਾਰਦੇ ਹਨ:- ਹੇ ਫਰੀਦਾ! ਤੇਰਾ ਸਿਰੁ (ਪਲਿਆ)ਚਿੱਟਾ ਹੋ ਗਿਆ ਹੈ, ਦਾੜ੍ਹੀ ਵੀ (ਪਲੀ)ਚਿੱਟੀ ਹੋ ਗਈ, ਮੁੱਛਾਂ ਵੀ (ਪਲੀਆਂ)ਚਿੱਟੀਆਂ ਹੋ ਗਈਆਂ। ਹੋ ਗਏ ਚਿੱਟੇ ਕੇਸ, ਹੈ ਬੁੱਢਾਪੇ ਦਾ ਵੇਸ, ਚਿੱਟੇ ਕੇਸ ਜਮਦੂਤ ਸੰਦੇਸ। ਕਰ ਪ੍ਰੇਮਾ- ਭਗਤੀ, ਹੇ ਦਰਵੇਸ਼! ਯਥਾ:- ਦੂੜਾ ਆਇਓਹਿ; ਜਮਹਿ ਤਣਾ॥ ਅਜੇ ਵੀ ਤੂੰ ਵਾਹਿਗੁਰੂ ਜੀ ਨੂੰ ਚੇਤੇ ਨਹੀਂ ਕਰਦਾ। ਪ੍ਰਮਾਤਮਾ ਜੀ ਨੂੰ ਭੁੱਲੇ (ਰੇ)ਹੇ (ਗਹਿਲੇ)ਗਾਫ਼ਲ (ਬਾਵਲੇ)ਕਮਲੇ ਮਨ! ਚੋਰੀ ਯਾਰੀ ਮੰਦ- ਕਰਮ ਨਾਚ ਗਾਣੇ ਨਸ਼ਿਆਂ ਭ੍ਰਿਸ਼ਟਾਚਾਰ ਦੀਆਂ (ਰਲੀਆਂ)ਖ਼ੁਸ਼ੀਆਂ (ਕਿਆ) ਕੀ (ਮਾਣਹਿ)ਮਾਣ ਰਿਹਾ ਹੈਂ? ਗਹਿਲੇ ਬਾਵਲੇ ਭੁੱਲੇ ਜੀਵ ਨੂੰ ਸਾਵਧਾਨ ਕਰ ਰਹੇ ਹਨ, ਕਿ ਚੋਰੀ ਯਾਰੀ ਮੰਦ- ਕਰਮ ਦੀਆਂ ਰਲ਼ੀਆਂ ਤਿਆਗੇ।

ਫਰੀਦਾ. ਕੋਠੇ ਧੁਕਣੁ ਕੇਤੜਾ; ਪਿਰ ਨੀਦੜੀ ਨਿਵਾਰਿ॥ ਜੋ ਦਿਹ ਲਧੇ ਗਾਣਵੇ; ਗਏ ਵਿਲਾੜਿ ਵਿਲਾੜਿ॥੫੬॥ ਪੂਰਨ ਸੱਚੇ ਭਗਤ ਬਾਬਾ ਫ਼ਰੀਦ ਸਾਹਿਬ ਜੀ ਪੂਰਨ ਵੈਰਾਗਮਈ ਗੁਰਬਾਣੀ ਜੀ ਉਚਾਰਦੇ ਹਨ:- (ਪਿਰ)ਪਤੀ ਪ੍ਰਮਾਤਮਾ ਜੀ, ਦਾਸਨ ਦਾਸ ਗ੍ਰੀਬ ਫਰੀਦਾ ਦੀ! ਔਗੁਣਾਂ ਮੰਦ- ਕਰਮਾਂ ਨਸ਼ਿਆਂ ਵਿਸ਼ਿਆਂ ਦੀ (ਨੀਦੜੀ)ਨੀਂਦ (ਨਿਵਾਰਿ)ਨਵਿਰਤ, ਦੂਰ ਕਰ ਰਹੇ ਹਨ, ਕਿ ਕੋਠੇ 'ਤੇ (ਕੇਤੜਾ)ਕਿਤਨਾ ਚਿਰ (ਧੁਕਣੁ)ਦੌੜਨਾ ਹੋ ਸਕਦਾ ਹੈ, ਕੋਠਾ ਬਾਹਲਾ ਵੱਡਾ ਨਹੀਂ ਹੁੰਦਾ, ਭਾਵ ਸ਼ੀਰ ਕਰਕੇ ਕਿਤਨਾ ਚਿਰ ਸੰਸਾਰ 'ਤੇ ਰਹੇਂਗਾ? ਯਥਾ:- ਜੈਸੇ ਬਸਤਰ ਦੇਹ ਓਢਾਨੇ; ਦਿਨ ਦੋਇ ਚਾਰਿ ਭੋਰਾਹਾ॥ ਭੀਤਿ ਊਪਰੇ ਕੇਤਕੁ ਧਾਈਐ; ਅੰਤਿ

Sri Satguru Jagjit Singh Ji eLibrary NamdhariElibrary@gmail.com

ਓਰਕੋ ਆਹਾ॥੨॥ ਜੈਸੇ ਅੰਭ ਕੁੰਡ ਕਰਿ ਰਾਖਿਓ; ਪਰਤ ਸਿੰਧੁ ਗਲਿ ਜਾਹਾ॥ ਆਵਗਿ ਆਗਿਆ ਪਾਰਬ੍ਰਹਮ ਕੀ; ਉਠਿ ਜਾਸੀ ਮੁਹਤ ਚਸਾਹਾ॥੩॥ ਔਗੁਣਾਂ ਮੰਦ- ਕਰਮਾਂ ਨਸ਼ਿਆਂ ਵਿਸ਼ਿਆਂ ਦੀ ਨੀਂਦ ਆਈ ਹੈ। ਯਥਾ:- ਸਿਆਮ ਸੁੰਦਰ ਤਜਿ; ਨੀਦ ਕਿਉ ਆਈ॥) ਸੋਇ ਰਹੀ; ਪ੍ਰਭ. ਖਬੀਰ ਨ ਜਾਨੀ॥ ਭੋਰੁ ਭਇਆ; ਬਹੁਰਿ ਪਛੁਤਾਨੀ॥੧॥) ਮੇਰਾ ਸਹੁ ਜਾਗੈ; ਹਉ ਨਿਸਿ ਭਰਿ ਸੋਵਾ॥੧॥ ਇਉ; ਕਿਉ ਕੰਤ ਪਿਆਰੀ ਹੋਵਾ॥) ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ॥ ਰਸਨਾ ਸੋਈ; ਲੋਭਿ ਮੀਠੈ ਸਾਦਿ॥ ਮਨੁ ਸੋਇਆ; ਮਾਇਆ ਬਿਸਮਾਦਿ॥

ਜੋ ਦਿਹ ਲਧੇ ਗਾਣਵੇ; ਗਏ ਵਿਲਾੜਿ ਵਿਲਾੜਿ॥੫੬॥ (ਜੋ)ਜਿਹੜੇ ਜ਼ਿੰਦਗੀ ਦੇ ਅਮੋਲਕ (ਦਿਹ)ਦਿਨ ਪ੍ਰਮਾਤਮਾ ਜੀ ਵੱਲੋਂ (ਗਾਣਵੇ)ਗਿਣਵੇਂ (ਲਧੇ)ਲੱਭੇ ਹਨ। ਉਹ, ਅਰਬੀ 'ਚ (ਵਿਲਾੜਿ)ਖੜੋਤੇ, ਸਲਾਹਾਂ ਜੇਜੱਕਾਂ ਕਰਦੇ ਦੇ, ਸੰਸਕ੍ਰਿਤ 'ਚ (ਵਿਲਾੜਿ)ਵਿਸ਼ੇਸ ਕਰਕੇ ਲਾਡੜੀਆਂ। (ਵਿਲਾੜਿ) ਖਰਾਬੀਆਂ ਕਰਦੇ ਦੇ, ਵਿਛੋੜੇ 'ਚ (ਵਿਲਾੜਿ)ਵਿਲਾਪ ਕਰਦਿਆਂ, (ਵਿਲਾੜਿ)ਨੱਠ ਭੱਜ ਹਫ਼ੜਾ ਦਫ਼ੜੀ 'ਚ, (ਵਿਲਾੜਿ)ਛੇਤੀ (ਵਿਲਾੜਿ)ਛੇਤੀ ਬਿਤੀਤ ਹੋ ਗਏ। ਸਮੇਂ ਦੀ ਚਾਲ ਅਰੋਕ ਹੈ, ਨਿਗ੍ਹ ਮਾਰ ਕੇ ਦੇਖੀਏ ਸਾਡੀ ਜ਼ਿਦੰਗੀ ਕਿੰਨੀ ਛੇਤੀ ਤੋਂ ਛੇਤੀ ਅਕਸਮਾਤ੍ਰ ਹੀ ਲੰਘ ਗਈ ਹੈ, ਇਉਂ ਔਣ ਵਾਲੀ ਨੇ ਭੀ ਲੰਘ ਜਾਣਾ ਹੈ। ਕਾਲ ਬਿਸਾਰ ਅਕਾਲ ਭਜਿਓ ਨਹੀ, ਏਕ ਦਿਨਾ ਸੋਈ ਕਾਲ ਹੀ ਖਾਵੇ॥ ਸਾਧ ਕਾ ਸੰਗ ਕੀਓ ਨ ਕਬੈ, ਜਮ ਕਿੰਕਰ ਤੇ ਕਹੋ ਕਉਨ ਛਡਾਵੇ॥ ਨੀਤ ਨਹੀ ਤੇਰੋ ਜੋਬਨ, ਤੋਹੇ ਪੈ. ਤੋਹਿ ਤਿਆਗ ਕੇ, ਯੋ ਉਠ ਜਾਵੈ॥ ਜੋਗੀ ਜਜੋਂ ਕੰਧ ਪੈ ਡਾਰ ਬਾਘੰਬਰ; ਠੌਰ ਤਜੇ ਫਿਰ ਮੂਲ ਨ ਆਵੇ॥ ਜੋਗੀਆਂ ਨੇ ਅੱਠਾਂ ਪਹਿਰਾਂ ਦੇ, ਇੱਕੀ ਹਜ਼ਾਰ ਛੇ ਸੌ ਚੌਵੀ ਸੁਆਸ ਮੰਨੇ ਹਨ, ਇਉਂ ਇੱਕ ਸਾਲ ਦੇ ੭੯੯੨੭੬੦ ਸਾਹ ਬਣਦੇ ਆ। ਜੋ, ਜੇ ਚੌਵੀ ਹਜਾਰ ਨਾਲ ਗਿਣਤੀ ਕਰੀਏ ਤਾਂ, ਇੱਕ ਸਾਲ ਦੇ ੮੭੬੦੦੦ ਬਣਦੇ ਹਨ। ਗਿਣਤੀ ਦੇ ਦਿਨ ਲੱਭੇ ਹਨ, ਇਸ ਕਰਕੇ ਕੁਸੰਗ 'ਚ ਨ ਤੁਰਿਆ ਫਿਰੀਂ, ਇਹ ਮੁੱਕ ਜਾਣੇ ਹਨ।

ਫਰੀਦਾ. ਕੋਠੇ ਮੰਡਪ ਮਾੜੀਆ; ਏਤੁ. ਨ ਲਾਏ ਚਿਤੁ॥ ਮਿਟੀ ਪਈ ਅਤੋਲਵੀ; ਕੋਇ ਨ ਹੋਸੀ ਮਿਤੁ॥੫੭॥ ਸ੍ਰਬ ਵਿਆਪੀ ਮਹਾਂ ਵਿਸਮਾਦ ਵਾਹਿਗੁਰੂ ਜੀ ਆਪ, ਭਗਤ ਫ਼ਰੀਦ ਸਾਹਿਬ ਜੀ ਦੇ ਰੋਮ ੨ 'ਚ ਵਸ ਕੇ, ਪੂਰਨ ਵੈਰਾਗਮਈ ਗੁਰਬਾਣੀ ਉਚਰਵਾ ਰਹੇ ਹਨ, ਆਪ ਸਾਹਿਬ ਜੀ ਅਪਣੇ ਮਨ ਨੂੰ ਪੂਰਨ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ:- ਹੇ ਦਾਸਨ ਦਾਸ ਗ਼ੀਬ ਨਿਮਾਣੇ ਫਰੀਦਾ! (ਕੋਠੇ)ਮਕਾਨ, ਉੱਪਰ (ਮੰਡਪ)ਗੁੰਬਜ਼ ਬਣਾ ਕੇ ਖੁਲ੍ਹੇ ਮੰਦਰ ਰਾਜ ਭਵਨ, (ਮਾੜੀਆ)ਹਵੇਲੀਆਂ ਬਹੁਤੀਆਂ ਮੰਜ਼ਲਾਂ ਵਾਲੀਆਂ, (ਏਤੁ)ਇਨ੍ਹਾਂ 'ਚ ਚਿਤੁ ਨ (ਲਾਏ)ਲਾ। ਕੋਠੇ ਮੰਡਪ ਮਾੜੀਆ ਦੀ (ਅਤੋਲਵੀ)ਤੋਲਣ ਰਹਿਤ ਮਿਟੀ, ਇੱਥੇ ਹੀ ਪਈ ਰਹੇਗੀ। ਮਰਨ ਦੇ ਮਹਾਂ ਮਹਾਂ ਕਸ਼ਟਾਂ ਸਮੇਂ ਅਤੇ ਧਰਮਰਾਜੇ ਦੇ ਦੰਡ ਸਮੇਂ, ਮਾੜੀਆਂ ਸਾਕ ਸਬੰਧੀਆਂ 'ਚੋਂ ਪ੍ਰਮਾਤਮਾ ਜੀ ਬਿਨਾ, ਤੇਰਾ ਕੋਈ (ਮਿਤੁ)ਮਿੱਤ੍ਰ ਬਣ ਕੇ ਸਹਾਇਕ (ਨ)ਨਹੀ (ਹੋਸੀ)ਹੋਵੇਗਾ।

ਫਰੀਦਾ. ਮੰਡਪ ਮਾਲੁ ਨ ਲਾਇ; ਮਰਗ ਸਤਾਣੀ, ਚਿਤਿ ਧਰਿ॥ ਸਾਂਈਂ- ਸਾਈ ਜਾਇ ਸਮ੍ਹਾਲਿ; ਜਿਥੈ ਹੀ ਤਉ ਵੰਞਣਾ॥੫੮॥ ਵਾਹਿਗੁਰੂ ਆਪ ਬਾਬਾ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਦਾਸਨ ਦਾਸ ਗ਼ੀਬ ਨਿਮਾਣੇ ਫਰੀਦਾ! ਮਕਾਨ ਉੱਪਰ (ਮੰਡਪ)ਗੁੰਬਜ਼ ਬਣਾ ਕੇ ਖੁਲ੍ਹੇ ਮੰਦਰ ਰਾਜ ਭਵਨ ਬਨਾਉਣ ਲਈ, ਆਪਣਾ ਦਰਬ (ਮਾਲੁ)ਧਨ ਹੀਰੇ ਨ (ਲਾ)ਖਰਚ ਕਰ, ਅਥਵਾ ਮੰਡਪ (ਮਾਲੁ)ਹੀਰੇ ਜਵਾਹਰਾਤ (ਮਾਲੁ)ਹਾਥੀ ਘੋੜੇ ਆਦਿ ਜੋ ਹਨ, ਇਨ੍ਹਾਂ 'ਚ ਆਪਣਾ ਚਿਤਿ ਨ (ਲਾਇ)ਲਾ। (ਸਤਾਣੀ)ਬਲ ਵਾਲੀ (ਮਰਗ)ਮੌਤ ਜੋ ਰੋਕਿਆਂ ਨਹੀਂ ਟਲਦੀ, ਭਾਵੇਂ ਲੱਖਾਂ ਕ੍ਰੋੜਾਂ ਫੌਜਾਂ ਰੱਖਿਆ ਲਈ ਖੜ੍ਹੀਆਂ ਕਰ ਲਵੇ, ਲੱਖਾਂ ਕ੍ਰੋੜਾਂ ਕਿਲਿਆਂ 'ਚ ਸੁਰੱਖਿਅਤ

Sri Satguru Jagjit Singh Ji eLibrary NamdhariElibrary@gmail.com

ਹੋਵੇ, ਪਰ ਫੇਰ ਵੀ ਸਹਿਤ ਤਾਣ ਦੇ ਮੌਤ ਮਾਰਦੀ ਹੈ। ਯਥਾ:- ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥ ਸਾਹੇ ਲਿਖੇ ਨ ਚਲਨੀ; ਜਿੰਦੂ ਕੂੰ ਸਮਝਾਇ॥ ਗੁਰੂ ਅਰਥ ਸੱਚੇ ਗੁਰਮੁਖਿ ਸਾਧੂਆਂ ਦੀ ਸੇਵਾ ਅਰਥ ਗੁਰੂ ਦੀ ਖੁਸ਼ੀ ਲੈਣ ਲਈ ਅਪਣਾ ਸਭ ਕਿੱਛ ਲਾ ਦੇ। ਯਥਾ:- ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ ਸੋ ਤੇਰਾ॥ ਤੇਰਾ ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥)

ਸਾਂਈਂ- ਸਾਈ ਜਾਇ ਸਮ੍ਹਾਲਿ; ਜਿਥੈ ਹੀ ਤਉ ਵੰਞਣਾ॥੫੮॥ ਹੇ ਫਰੀਦਾ! ਸਭ ਦੇ ਵਸਣ ਦੀ (ਜਾਇ)ਜਗ੍ਹਾ (ਸਾਈ)ਮਾਲਕ ਨਿਰਗੁਨ ਬ੍ਰਹਮ ਜੀ ਨੂੰ (ਸਮ੍ਹਾਲਿ)ਚੇਤੇ ਕਰ, ਅਥਵਾ (ਸਾਈ)ਉਹ (ਜਾਇ)ਜਗ੍ਹਾ ਨੂੰ (ਸਮ੍ਹਾਲਿ)ਚੇਤੇ ਕਰ, ਜਿਥੈ (ਤਉ)ਤੂ (ਹੀ)ਨਿਸਚੇ ਕਰਕੇ (ਵੰਞਣਾ)ਜਾਣਾ ਹੈ। ਉਹ ਕਿਹੜੀ ਜਗ੍ਹਾ ਹੈ? ਕਬਰ ਅਥਵਾ ਜਮਪੁਰੀ ਦਾ ਰਸਤਾ, ਧਰਮ ਰਾਜੇ ਪਾਸ ਲੇਖਾ ਦੇਣ ਲਈ ਜਾਣਾ ਹੈ। ਯਥਾ:- ਜਹ ਮਹਾ ਭਇਆਨ; ਦੂਤ ਜਮ ਦਲੈ॥ ਤਹ ਕੇਵਲ ਨਾਮੁ; ਸੰਗਿ ਤੇਰੈ ਚਲੈ॥) ਤਹ ਕਰ ਦਲ ਕਰਨਿ ਮਹਾ ਬਲੀ; ਤਿਨ ਆਗਲੜੈਮੈ, ਰਹਣੁ ਨ ਜਾਇ॥) ਕਬੀਰ.ਜਮ ਕਾ ਠੇਂਗਾ ਬੁਰਾ ਹੈ; ਓਹੁ ਨਹੀ ਸਹਿਆ ਜਾਇ॥ ਏਕੁ ਜੁ ਸਾਧੂ ਮੋਹਿ ਮਿਲਿਓ; ਤਿਨ੍ਹਿ ਲੀਆ ਅੰਚਲਿ ਲਾਇ॥) ਜਹ ਮੁਸਕਲ ਹੋਵੈ; ਅਤਿ ਭਾਰੀ॥ ਹਰਿ ਕੋ ਨਾਮੁ; ਖਿਨ ਮਾਹਿ ਉਧਾਰੀ॥) ਜਿਹ ਮਾਰਗ ਕੇ; ਗਨੇ ਜਾਹਿ ਨ ਕੋਸਾ॥ ਹਰਿ ਕਾ ਨਾਮੁ; ਊਹਾ ਸੰਗਿ ਤੋਸਾ॥) ਜਿਹ ਪੈਡੈ; ਮਹਾ ਅੰਧ ਗੁਬਾਰਾ॥ ਹਰਿ ਕਾ ਨਾਮੁ; ਸੰਗਿ ਉਜੀਆਰਾ॥)

ਕਬੀਰ. ਕੋਠੇ ਮੰਡਪ ਹੇਤੁ ਕਰਿ; ਕਾਹੇ ਮਰਹੁ ਸਵਾਰਿ॥ ਕਾਰਜੁ ਸਾਢੇ ਤੀਨਿ ਹਥ; ਘਨੀ ਤ ਪਉਨੇ ਚਾਰਿ॥੨੧੮॥ ਪਰਮਪੂਜਨੀਕ ਸੱਚੇ ਪੂਰਨ ਭਗਤ ਸ੍ਰੀ ਕਬੀਰ ਸਾਹਿਬ ਜੀ ਫ਼ੁਰਮਾਉਂਦੇ ਹਨ:- (ਕੋਠੇ)ਮਕਾਨ, ਉੱਚੇ (ਮੰਡਪ)ਮਹਲ ਗੁੰਬਦਾਂ ਨਾਲ ਸਵਾਰ ਸਵਾਰਿ ਕੇ, (ਹੇਤੁ)ਮੋਹ ਪਿਆਰ ਕਰਿ ਕੇ, ਸਵਾਰ ਸਵਾਰਿ ਕੇ ਚਿੱਤ ਜੋੜ ਕੇ, (ਕਾਹੇ)ਕਿਉਂ (ਮਰਹੁ)ਮਰ ਰਹੇ ਹੋਂ, ਭਾਵ ਇਨ੍ਹਾਂ ਦੇ ਸੰਸੇ ਫ਼ਿਕਰ ਚਿੰਤਾ ਰੋਗ ਮਰਨ ਦਾ ਕਾਰਨ ਹਨ? ਜਿਸ ਚਿਖਾ 'ਤੇ ਤੈਨੂੰ ਸਾੜਿਆ ਜਾਂ ਕਬਰ 'ਚ ਦੱਬਿਆ ਜਾਣਾ, ਉਹ ਤਾਂ ਤੇਰਾ (ਕਾਰਜੁ)ਕੰਮ, ਕੇਵਲ ਸਾਢੇ ਤੀਨਿ ਹਥ, (ਘਨੀ)ਬਹੁਤੀ ਹੋਵੇਗੀ ਤ ਪਉਨੇ ਚਾਰਿ ਹੱਥ ਹੋਵੇਗੀ॥੨੧੮॥ ਐਡੇ ਵੱਡੇ ੨ ਉੱਚੇ ਮੰਦਰ ਬਣਾਉਦਿਆਂ ਨਾਲ ਕੀ ਗਿਆ? ਪਰਮਪੂਜਨੀਕ ਭਗਤ ਸਾਹਿਬ ਜੀ ਦਾ ਪਰਉਪਕਾਰੀ ਸ੍ਰਬੱਤ ਦੇ ਭਲੇ ਦਾ ਆਸ਼ਾ, ਜੀਵ ਦਾ ਮਨ ਤਨ ਰੋਮ ੨ ਸ੍ਰਬ ਵਿਆਪੀ ਨਿਰਗੁਨ ਨਿਰੰਕਾਰ ਨਿਰੰਜਨ ਜੀ 'ਚ ਜੋੜਨੇ ਦਾ ਹੈ। ਯਥਾ:- ਫਰੀਦਾ. ਕੋਠੇ ਮੰਡਪ ਮਾੜੀਆ; ਉਸਾਰੇਦੇ ਭੀ ਗਏ॥ ਕੂੜਾ ਸਉਦਾ ਕਰਿ ਗਏ; ਗੋਰੀ ਆਇ ਪਏ॥੪੬॥) ਊਚੇ ਮੰਦਰ; ਸਾਲ ਰਸੋਈ॥ ਏਕ ਘਰੀ ਫੁਨਿ; ਰਹਨੁ ਨ ਹੋਈ॥੧॥) ਲੰਕਾ ਗਢੁ; ਸੋਨੇ ਕਾ ਭਇਆ॥ ਮੂਰਖੁ ਰਾਵਨੁ; ਕਿਆ ਲੇ ਗਇਆ॥) ਮੋਤੀ ਤ. ਮੰਦਰ ਊਸਰਹਿ; ਰਤਨੀ ਤ. ਹੋਹਿ ਜੜਾਉ॥ ਕਸਤੂਰਿ ਕੁੰਗੂ. ਅਗਰਿ ਚੰਦਨਿ; ਲੀਪਿ ਆਵੈ ਚਾਉ॥ ਮਤੁ ਦੇਖਿ ਭੂਲਾ ਵੀਸਰੈ; ਤੇਰਾ. ਚਿਤਿ ਨ ਆਵੈ ਨਾਉ॥੧॥ ਹਰਿ ਬਿਨੁ; ਜੀਉ ਜਲਿ ਬਲਿ ਜਾਉ॥ ਮੈ. ਆਪਣਾ ਗੁਰੁ ਪੂਛਿ ਦੇਖਿਆ; ਅਵਰੁ ਨਾਹੀ ਥਾਉ॥੧॥ ਮੰਦਰ 'ਚ ਚਿੱਤ ਲਾ ਕੇ, ਅੰਤ ਪ੍ਰੇਤ ਬਨਣਾ ਪੈਂਦਾ ਹੈ। ਯਥਾ:- ਅੰਤਿ ਕਾਲਿ. ਜੋ ਮੰਦਰ ਸਿਮਰੈ; ਐਸੀ ਚਿੰਤਾ ਮਹਿ. ਜੇ ਮਰੈ॥ ਪ੍ਰੇਤ ਜੋਨਿ; ਵਲਿ ਵਲਿ ਅਉਤਰੈ॥) ਕੋਠੇ ਮੰਡਪ ਮਾੜੀਆ; ਏਤੁ ਨ ਲਾਏ ਚਿਤੁ॥ ਮਿਟੀ ਪਈ ਅਤੋਲਵੀ; ਕੋਇ ਨ ਹੋਸੀ ਮਿਤੁ॥੫੭॥) ਕੋਠੇ ਮੰਡਪ ਮਾੜੀਆ; ਲਾਇ ਬੈਠੇ ਕਰਿ ਪਾਸਾਰਿਆ॥ ਚੀਜ ਕਰਨਿ ਮਨਿ ਭਾਵਦੇ; ਹਰਿ ਬੁਝਨਿ ਨਾਹੀ. ਹਾਰਿਆ॥ ਕਰਿ ਫੁਰਮਾਇਸਿ ਖਾਇਆ; ਵੇਖਿ ਮਹਲਤਿ. ਮਰਣੁ ਵਿਸਾਰਿਆ॥ ਜਰੁ ਆਈ; ਜੋਬਨਿ ਹਾਰਿਆ॥੧੭॥) ਮੰਦਰ ਮਿਟੀ ਸੰਦੜੇ; ਪਥਰ ਕੀਤੇ ਰਾਸਿ ਜੀਉ॥ ਹਉ ਏਨੀ ਟੋਲੀ ਭੁਲੀਅਸੁ; ਤਿਸੁ ਕੰਤ ਨ ਬੈਠੀ ਪਾਸਿ ਜੀਉ॥

Sri Satguru Jagjit Singh Ji eLibrary NamdhariElibrary@gmail.com

ਮੰਦਰ ਦੇ ਪਿਆਰ ਦੇ ਵਸੀਕਾਰ ਹੋ ਕੇ, ਹਰ ਵੇਲੇ ਹੀ, ਮੰਦਰ ਦਾ ਸੰਸਾ ਕਰੀ ਜਾਂਦਾ ਹੈ। ਬਹੁਤ ਸਾਰੇ ਅਨਿਆਂ ਜ਼ੋਰ ਜ਼ੁਲਮ ਕਰਕੇ, ਵੱਢੀਆਂ ਲੈ ਕੇ ਕਲਮ ਕਸਾਈ ਬਣਦਾ ਹੈ। ਜੇ ਕੋਈ ਕਤਲ ਕਰਕੇ, ਜੱਜ ਨੂੰ ਪੈਸੇ ਦੇ ਦਿੰਦਾ ਹੈ, ਉਸ ਨੂੰ ਮੁਆਫ਼ ਕਰ ਦਿੰਦਾ ਹੈ। ਇਉਂ ਅਨੇਕਾਂ ਪ੍ਰਕਾਰ ਬੱਜਰ ਪਾਪਾਂ ਦੇ ਰੰਗਾਂ ਢੰਗਾਂ ਦੇ ਨਾਲ, ਪਾਪਾ ਬਾਝਹੁ. ਹੋਵੈ ਨਾਹੀ; ਮੁਇਆ. ਸਾਥਿ ਨ ਜਾਈ॥ ਮਾਇਆ ਇਕੱਠੀ ਕਰਕੇ ਕੋਠੇ ਮੰਡਪਾਂ ਦਾ ਹੇਤ ਕਰਕੇ ਇਨ੍ਹਾਂ ਨੂੰ ਸਵਾਰ ੨ ਕੇ ਕਿਸ ਲਈ ਮਰ ਰਹੇ ਹੋਂ? ਇਹ ਚਿਤਾਵਨੀ ਦੇ ਰਹੇ ਹਨ, ਜਿਨ੍ਹਾਂ ਦੇ ਹੇਤ 'ਚ ਆਪ ਜੀ ਮਰ ਰਹੇ ਹੋਂ, ਇਨ੍ਹਾਂ ਨੂੰ ਬਣਾਉਣ ਲਈ, ਕੀਤੇ ਪਾਪ ਨਾਲ ਜਾਣਗੇ। ਕੋਠੇ ਮੰਡਪਾਂ ਦੇ ਹੇਤ 'ਚ ਵਿਛੁੜੇ ਪ੍ਰਾਣੀ ਨੂੰ ਚਿਤਾਵਨੀ ਦਿਤੀ ਹੈ, ਇਨ੍ਹਾਂ ਦਾ ਹੇਤ ਛੱਡ, ਕਿਉਂਕਿ ਇਹ ਛੱਡਣੇ ਹਨ। ਯਥਾ:- ਤਜਿ ਸਾਦ; ਸਹਜ ਸੁਖੁ ਹੋਈ॥ ਘਰ ਛਡਣੇ; ਰਹੈ ਨ ਕੋਈ॥}

ਫਰੀਦਾ. ਜਿਨ੍ਹੀ ਕੰਮੀ ਨਾਹਿ ਗੁਣ; ਤੇ ਕੰਮੜੇ ਵਿਸਾਰਿ॥ ਮਤੁ ਸਰਮਿੰਦਾ ਥੀਵਹੀ; ਸਾਂਈ ਦੈ ਦਰਬਾਰਿ॥੫੯॥) ਪ੍ਰਥਮੇ ਮਨੁ ਪਰਬੋਧੈ ਅਪਨਾ; ਪਾਛੈ ਅਵਰ ਰੀਝਾਵੈ॥ ਉੱਤਮ ਬਕਤੇ ਪਰਮਪੂਜਨੀਕ ਬ੍ਰਹਮ ਸਰੂਪ ਬਾਬਾ ਫ਼ਰੀਦ ਸਾਹਿਬ ਜੀ ਆਪਣੇ ਮਨ ਨੂੰ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ। ਹੇ ਗ਼ਰੀਬ ਦਾਸ ਨਿਮਾਣੇ ਫਰੀਦਾ! ਜੂਆ ਤਾਸ਼ ਨਿੰਦਾ ਚੋਰੀ ਯਾਰੀ ਨਿਰਦੋਸ਼ ਜੀਆਂ ਨੂੰ ਫੂਕਣਾ ਪਰਾਇਆ ਹੱਕ ਖੋਹਣ ਤਮਾਕੂ ਨਸ਼ੇ ਵਰਤਣ ਆਦਿ ਦੁਰਮਤਿ ਦੇ (ਜਿਨ੍ਹੀ)ਜਿਨ੍ਹਾਂ (ਕੰਮੀ)ਕੰਮਾਂ 'ਚ ਸ਼ੁਭ ਗੁਣ ਨਾਹਿ ਹਨ, (ਤੇ)ਉਹ ਭੈੜੇ (ਕੰਮੜੇ)ਨਿਕੰਮੇ ਪਾਪ ਕੰਮ (ਵਿਸਾਰਿ)ਭੁਲਾਉਣਾ ਕਰ, ਪਾਪ ਕੰਮ ਭੁਲਾਉਣੇ ਕਰਕੇ, (ਸਾਂਈ)ਵਾਹਿਗੁਰੂ ਜੀ ਦੇ ਸੱਚਖੰਡ ਦਰਬਾਰਿ 'ਚ ਸਰਮਿੰਦਾ (ਮਤੁ)ਨਹੀਂ (ਥੀਵਈ)ਹੋਵੇਂਗਾ। ਪੂਰਾ ਨਿਆਉ; ਕਰੇ ਕਰਤਾਰੁ॥ ਅਨੁਸਾਰ ਕਰਤਾਰ ਜੀ ਪੂਰਾ ਨਿਆਉ ਕਰਦੇ ਹਨ। ਅਥਵਾ ਜੇਕਰ ਤੂੰ ਮਾੜੇ ਕਰਮ ਨਹੀਂ ਤਿਆਗੇਂਗਾ, ਵਾਹਿਗੁਰੂ ਜੀ ਦੇ ਸੱਚਖੰਡ ਦਰਬਾਰ 'ਚ (ਮਤੁ)ਮਤਾਂ ਸਰਮਿੰਦਾ (ਥੀਵਈ)ਹੋਵੇਂ।

ਫਰੀਦਾ.ਸਾਹਿਬ ਦੀ ਕਰਿ ਚਾਕਰੀ; ਦਿਲ ਦੀ ਲਾਹਿ ਭਰਾਂਦਿ॥ ਦਰਵੇਸਾਂ ਨੋ ਲੋੜੀਐ; ਰੁਖਾਂ ਦੀ ਜੀਰਾਂਦਿ॥੬੦॥ ਉਥਨਕਾ:- ਬਾਬਾ ਫ਼ਰੀਦ ਸਾਹਿਬ ਜੀ, ਅਕਾਲ ਪੁਰਖ ਜੀ 'ਚ ਲੀਨ ਹੋ ਰਹੇ ਹਨ। ਇੱਕ ਹੰਕਾਰੀ ਰਸਤੇ 'ਚ ਖ਼ਰਬੂਜ਼ੇ ਖਾ ਕੇ ਚਲਿਆ ਗਿਆ, ਬਾਬਾ ਫ਼ਰੀਦ ਸਾਹਿਬ ਜੀ ਉੱਥੇ ਪਹੁੰਚੇ, ਉਹ ਵਾਪਿਸ ਆਇਆ, ਕਹਿੰਦਾ, "ਓਇ! ਤੂੰ ਮੇਰਾ ਚਾਕੂ ਚੁੱਕਿਆ ਹੈ" ਬਾਬੇ ਜੀ ਕਿਹਾ, "ਜੀ ਦਾਸਨ ਦਾਸ ਸੱਚ ਬੋਲਦਾ ਹੈ, ਜੀ ਨਹੀਂ ਚੁੱਕਿਆ"। {ਹੰਕਾਰੀ ਬੰਦੇ, ਬਿਨਾ ਕਿਸੇ ਕਾਰਨ ਦੇ ਸਾਂਈ ਲੋਕਾਂ ਨੂੰ ਧੱਕੇ ਮਾਰ ਦਿੰਦੇ, ਗਾਲ਼ਾਂ ਭੀ ਕੱਢ ਦਿੰਦੇ, ਜੇ ਕੋਈ ਭਾਰ ਚੁੱਕਣ ਵਾਲਾ ਹੋਵੇ, ਉਹ ਵੀ ਬਿਨਾ ਮਜ਼ੂਰੀ ਚੁਕਾ ਲੈਂਦੇ। ਜ਼ਾਲਮ ਲੋਕ ਤਾਂ ਬੰਦੇ ਨੂੰ ਕਤਲ ਕਰਨ ਲੱਗਿਆਂ ਵੀ ਛਿਨ ਨਹੀਂ ਲਾਉਂਦੇ। ਜਿਵੇਂ ਹੁਣ ਬੰਬ ਚਲਾ ਕੇ ਪੂਰਾਂ ਦੇ ਪੂਰ ਫੂਕ ਦਿੰਦੇ ਹਨ, ਇਹ ਮਹਾਂ ਪਾਪੀ ਲੋਕ, ਕੈਸੀ ਗੰਦੀ ਮਿੱਟੀ ਦੇ ਬਣੇ ਹਨ? ਯਥਾ:- ਬੂਡਾ ਦੁਰਜੋਧਨੁ; ਪਤਿ ਖੋਈ॥ ਰਾਮੁ ਨ ਜਾਨਿਆ; ਕਰਤਾ ਸੋਈ॥ ਬਾਬੇ ਫ਼ਰੀਦ ਸਾਹਿਬ ਜੀ ਨੂੰ ਮਾਰਨ ਲੱਗਾ, ਆਪ ਜੀ ਨੇ ਸ੍ਰਬਵਿਆਪੀ ਮਹਾਂ ਬਿਸਮਾਦ ਰੰਗ 'ਚ ਢਲ਼ ਕੇ, ਇਹ ਸਲੋਕ ਉਚਾਰਿਆ, ਆਪ ਜੀ ਦੇ ਰੋਮ ਰੋਮ, ਅਮੋਲਕ ਰਸਨਾ 'ਤੇ ਪੂਰਨ ਵਾਹਿਗੁਰੂ ਜੀ ਸਦਾ ਹੀ ਵਸਦੇ ਹਨ। ਗੁਰਬਾਣੀ ਸੁਣ ਕੇ ਸਰਦਾਰ ਦਾ ਮਨ ਮੋਮ ਬਣ ਗਿਆ, ਚਰਨ- ਕਮਲ ਫੜ ਲਏ, ਕਿਹਾ, "ਜੀ ਮੈਂ ਵੱਡੀ ਗ਼ਲਤੀ ਕੀਤੀ ਹੈ, ਮੈਂ ਹੰਕਾਰੀ ਹਾਂ, ਮੈਨੂੰ ਬਖਸ਼ ਲਵੋ, ਮੇਰੀ ਜ਼ਿੰਦ ਜਾਨ ਵੀ ਹਾਜ਼ਰ ਹੈ, ਅਪਨੇ ਦਾਸ ਦੇ ਘਰੇ ਪਰਮ ਪਵਿੱਤ੍ਰ ਚਰਨ- ਕਮਲ ਪਾਉ। ਅਪਣੇ ਘਰੇ ਲੈ ਗਿਆ, ਅਤਿਅੰਤ ਹੀ ਪ੍ਰੇਮ ਨਾਲ ਸ਼ੁਭ ਸੱਚੀ ਸੇਵਾ ਕਰਕੇ, ਪਰਮ ਪ੍ਰਸੰਨਤਾ ਲਈ, ਬਾਬੇ ਸਾਹਿਬ ਜੀ ਦਾ ਮੁਰੀਦ ਬਣ ਕੇ ਪ੍ਰੇਮਾ- ਭਗਤੀ ਕਰਕੇ ਨਿਹਾਲ ੩ ਹੋ ਗਿਆ।

Sri Satguru Jagjit Singh Ji eLibrary NamdhariElibrary@gmail.com

ਫਰੀਦਾ. ਸਾਹਿਬ ਦੀ ਕਰਿ ਚਾਕਰੀ; ਦਿਲ ਦੀ ਲਾਹਿ ਭਰਾਂਦਿ॥ ਦਰਵੇਸਾਂ ਨੋ ਲੋੜੀਐ; ਰੁਖਾਂ ਦੀ ਜੀਰਾਂਦਿ॥੬੦॥ ਸਤਿਗੁਰ ਕੀ ਸੇਵਾ ਸਫਲ ਹੈ; ਜੇ ਕੋ ਕਰੇ ਚਿਤੁ ਲਾਇ॥) ਨਾਨਕ. ਸੇਵਕੁ ਸੋਈ ਆਖੀਐ; ਜੋ. ਸਿਰੁ ਧਰੇ ਉਤਾਰਿ॥) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ ਨ ਨੀਦ; ਨ ਖਾਣਾ ਸੋਵਣਾ। ਅਨੁਸਾਰ ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਹੇ ਫਰੀਦਾ! (ਸਾਹਿਬ)ਮਾਲਕ ਖੁਦਾਵੰਦ ਕਰੀਮ ਅਕਾਲ ਪੁਰਖ ਜੀ ਦੀ, ਲਾਇ ਚਿਤੁ ਕਰਿ ਚਾਕਰੀ; ਮੰਨਿ ਨਾਮੁ ਕਰਿ ਕੰਮੁ॥ ਅਨੁਸਾਰ ਗੁਰੂ ਸੇਵਾ ਕਰਨ ਕਰਾਉਣ, ਸੇਵਾ ਸਿਮਰਨ ਪਰਉਪਕਾਰ ਸੰਥਾ ਕਰਨ ਕਰਾਉਣ ਰੂਪ (ਚਾਕਰੀ)ਚਾਅ ਨਾਲ ਨੌਕਰੀ ਕਰਿ। ਚਾਅ ਨਾਲ ਨੌਕਰੀ ਕਰਕੇ, ਦਿਲ ਦੀ ਹੰਗਤਾ ਪਾਪਾਂ ਵਿਕਾਰਾਂ ਦੀ (ਭਰਾਂਦਿ)ਭ੍ਰਾਂਤੀ, ਭ੍ਰਮਣ, ਮੈਲ਼ (ਲਾਹਿ)ਲਾਹੁਣਾ ਕਰ। (ਦਰਵੇਸਾਂ)ਰੱਬ ਜੀ ਦੇ ਮੰਗਤਿਆਂ, ਭਗਤਾਂ, ਗੁਰਸੇਵਕਾਂ ਨਿਸ਼ਕਪਟ ਪਿਆਰਿਆਂ (ਨੋ)ਨੂੰ, (ਰੁਖਾਂ)ਬ੍ਰਿਛਾਂ (ਦੀ)ਜੈਸੀ (ਜੀਰਾਂਦਿ)ਜਰਨ- ਸ਼ਕਤੀ, ਸਹਿਨਸ਼ੀਲਤਾ ਧਾਰਨੀ ਕਮਾਉਣੀ (ਲੋੜੀਐ)ਚਾਹੀਏ। ਜਿਵੇਂ ਬ੍ਰਿੱਛ ਠੰਢ ਗਰਮੀ ਝੱਖੜ ਸਹਾਰਦਾ ਹੈ, ਤਿਵੇਂ ਹੀ ਪਾਪਾਂ ਔਗੁਣਾਂ ਵਿਕਾਰਾਂ ਦੇ ਝੱਖੜ, ਨਿੰਦਾ ਰੂਪੀ ਠੰਢ, ਕ੍ਰੋਧ ਰੂਪ ਗਰਮੀ ਸਹਾਰਨ, ਪਦਾਰਥ ਦੀ ਵਰਖਾ ਸਹਾਰਨ। ਬ੍ਰਿੱਛ ਦੀ ਜਰਨ ਸ਼ਕਤੀ 'ਤੇ ਦ੍ਰਿਸਟਾਂਤ:- ਇੱਕ ਜ਼ਿਮੀਂਦਾਰ ਗਰਮੀ ਨਾਲ ਵਿਆਕੁਲ ਹੋ ਕੇ, ਹਲ਼ ਛੱਡ ਕੇ, ਅੰਬ ਹੇਠਾਂ ਛਾਵੇਂ ਸੌਂ ਗਿਆ। ਉਸ ਨੇ ਉੱਠ ਕੇ ਅੰਬ ਚੂਪੇ, ਫੇਰ ਇੱਕ ਸੁੱਕਾ ਟਾਹਣਾ ਵੱਢ ਲਿਆ, ਪਰ ਬ੍ਰਿੱਛ ਨੇ ਗੁੱਸਾ ਨਹੀਂ ਕੀਤਾ। ਗੁੱਸਾ ਤਾਂ ਕੀ ਕਰਨਾ ਸੀ? ਲੋੜੀਂਦੀਆਂ ਚੀਜ਼ਾਂ ਬਣਾਉਣ ਦਾ ਉਸ ਦਾ ਕੰਮ ਭੀ ਸਵਾਰ ਦਿਤਾ। ਇਸ ਤਰ੍ਹਾਂ ਸੰਤਾਂ 'ਚ ਬ੍ਰਿਛ ਵਾਂਗ ਉਪਕਾਰੀ ਗੁਣ ਹਨ।

ਰੁਖਾਂ ਦੀ ਜੀਰਾਂਦਿ॥ 'ਤੇ ਸੰਤਾਂ ਦੀ ਸਾਖੀ:- ਹਰਖ ਸੋਗ.ਜਾ ਕੈ ਨਹੀ; ਬੈਰੀ ਮੀਤ ਸਮਾਨ॥ ਵਾਲੀ ਉੱਚੀ ਅਵਸਥਾ ਵਾਲੇ, ਇੱਕ ਭਜਨਾਨੰਦੀ ਮਹਾਤਮਾ ਦੀ ਉਮਰ ਸੌ ਵਰ੍ਹੇ ਤੋਂ ਉੱਪਰ ਸੀ। ਉਨ੍ਹਾਂ ਕੋਲ਼ ਇੱਕ ਲਾਲਚੀ ਦਾ ਲੜਕਾ ਪੜ੍ਹਦਾ ਸੀ। ਗੁਰਮੁਖਿ ਮਹਾਂਪੁਰਸ਼ਾਂ ਦੀ ਸੁਸੰਗਤ ਕਰਕੇ, ਪੂਰਨ ਗੁਰਮੁਖਿ ਬਣ ਗਿਆ। ਮਹਾਂ ਪਾਪੀ ਲਾਲਚੀ ਨੂੰ ਕਿਸੇ ਨੀਚ ਨੇ ਕਿਹਾ, "ਤੇਰਾ ਬੱਚਾ ਤਾਂ ਸਾਧ ਜੋਗਾ ਹੀ ਰਹਿ ਗਿਆ ਹੈ, ਤੂੰ ਇਸ ਨੂੰ ਆਖ, ਸੰਤਾਂ ਤੋਂ ਇੱਕ ਲਾਲ ਮੰਗ ਕੇ ਲਿਆਵੇ। " ਬੱਚੇ ਨੇ ਸੰਤਾਂ ਨੂੰ ਕਿਹਾ, "ਬਾਬਾ ਜੀ! ਮੇਰਾ ਪਿਤਾ ਲਾਲਚ ਦੇ ਵੱਸ ਹੋ ਕੇ, ਮੈਨੂੰ ਆਪ ਜੀ ਪਾਸ ਆਉਣ ਤੋਂ ਰੋਕਦਾ ਹੈ। ਜੇਕਰ ਇੱਕ ਲਾਲ ਬਖ਼ਸ਼ ਦੇਵੋ ਤਾਂ ਚੁੱਪ ਕਰ ਜਾਵੇਗਾ। "ਪੂਰਨ ਸੱਚੇ ਮਹਾਤਮਾ ਜੀ ਨੇ ਵਿਚਾਰਿਆ,ਇਹ ਬੱਚਾ ਨਿਸ਼ਕਪਟ ਹੈ,ਇਸ ਨੂੰ ਬ੍ਰਹਮ ਵਿੱਦਿਆ ਪੜ੍ਹਾਂ ਦੇਵਾਂ,ਜਿਸ ਕਰਕੇ ਇਹ ਦੁਨੀਆਂ 'ਤੇ ਸੂਰਜ ਵਾਂਗ ਚਮਕੇ, ਸ੍ਰਬੱਤ ਦਾ ਭਲਾ ਕਰੇ। ਦਇਆਲ ਦੇਵ ਕ੍ਰਿਪਾਲ ਗੋਬਿੰਦ; ਦੇ ਰੂਪ ਸੰਤਾਂ ਨੇ ਇੱਕ ਲਾਲ ਦੀ ਬਜਾਏ,ਝੱਟਪੱਟ ਲਾਲਾਂ ਦੀ ਮੱਘੀ ਕੱਢ ਕੇ ਲਿਆਂਦੀ, "ਲੈ ਬੱਚਾ! ਤੇਰੇ ਭਾਗ ਚੰਗੇ ਹਨ,ਇਹ ਸਾਰੀ ਹੀ ਲੈ ਜਾ। "ਉਸ ਨੇ ਲਿਜਾ ਕੇ ਅਪਣੇ ਹਲ਼ਕੇ ਪਿਤਾ ਨੂੰ ਦੇ ਦਿੱਤੀ। ਓਸੇ ਸੰਤ ਦੋਖੀ ਨੇ ਫੇਰ ਲਾਲਚੀ ਨੂੰ ਖੋਟੀ ਪ੍ਰੇਰਨਾ ਦਿਤੀ, "ਹੁਣ ਤਾਂ ਤੇਰਾ ਬੱਚਾ ਸਾਧ ਨੇ ਮੁੱਲ ਹੀ ਖ਼ਰੀਦ ਲਿਆ ਹੈ। " ਇਹ ਸੁਣ ਕੇ ਲਾਲਚੀ ਸੋਚੀਂ ਪੈ ਗਿਆ,ਪੁੱਛਿਆ "ਕੀ ਕਰਾਂ?ਸੰਤ ਦੋਖੀ ਨੇ ਕਿਹਾ, "ਸੰਤਾਂ ਨੂੰ ਰੋਟੀ ਛਕਾਉਣ ਦੇ ਬਹਾਨੇ ਘਰੇ ਬੁਲਾ ਕੇ ਵੱਢ ਦੇ,ਸੰਤਾਂ ਦਾ ਡੇਰਾ ਤੇਰੇ ਬੱਚੇ ਨੇ ਹੀ ਸੰਭਾਲ਼ ਲੈਣਾ ਹੈ। "ਯਥਾ:- ਮੂਰਖੁ ਹੋਵੈ.ਸੋ ਸੁਣੈ;ਮੂਰਖ ਕਾ ਕਹਣਾ॥ ਅਨੁਸਾਰ ਲਾਲਚੀ ਨੇ ਸੰਤਾਂ ਨੂੰ ਵੱਢ ਕੇ,ਮਾਸ ਕਸਾਈ ਨੂੰ ਵੇਚ ਦਿਤਾ। ਇੱਕ ਸਿਪਾਹੀ ਨੇ, ਕਸਾਈ ਤੋਂ ਇੱਕ ਸੇਰ ਮਾਸ ਮੰਗਿਆ, ਕਸਾਈ ਕਿਹਾ, "ਇੱਕ ਪਾਈਆ ਹੈ। "ਅਗੰਮੀ ਅਵਾਜ਼ 'ਚ ਸੰਤ ਜੀ ਬੋਲੇ, "ਸੰਤ ਪਾਈਆ ਨਹੀਂ, ਸੇਰ ਹੁੰਦੇ ਹਨ। " ਸਿਪਾਹੀ ਪੁੱਛਿਆ, "ਬਾਬਾ ਜੀ ਤੁਸੀਂ ਜਿਉਂਦੇ ਹੋ ਸਕਦੇ ਹੋਂ?" ਸੰਤ ਜੀ ਕਿਹਾ, "ਹਾਂ ਭਾਈ! ਦਾਸਨ ਦਾਸ ਦੇ ਮਾਸ 'ਤੇ ਚਾਦਰਾ ਪਾ ਕੇ, ਵਾਹਿਗੁਰੂ ਮੰਤ੍ਰ ਦਾ ਜਾਪ

Sri Satguru Jagjit Singh Ji eLibrary NamdhariElibrary@gmail.com

ਕਰੋ। ” ਇਉਂ ਹੀ ਕੀਤਾ, ਸੰਤ ਮਹਾਂਪੁਰਸ਼ ਵਾਹਿਗੁਰੂ ਵਾਹਿਗੁਰੂ ਜਪਦੇ ਉੱਠੇ। ਸੰਤਾਂ ਨੂੰ ਪੁੱਛਿਆ, “ਮਹਾਂਪੁਰਸ਼ੋ! ਆਪ ਜੀ ਨੂੰ ਕਿਸ ਪਾਪੀ ਵੱਢਿਆ ਸੀ?”ਤਾਂ ਸੰਤਾਂ ਕਿਹਾ, “ਭਾਈ ਸਤਿ ਕਰਤਾਰ ਦਾ ਜਾਪ ਕਰੋ,ਰਜ਼ਾ ਮੰਨੋ ਸ੍ਰਬੱਤ ਦਾ ਭਲਾ ਹੋਵੇ। ” ਕਸਾਈ ਨੂੰ ਕੁੱਟਿਆ ਤਾਂ ਉਸ ਨੇ ਪਾਪੀ ਲਾਲਚੀ ਦਾ ਨਾਮ ਦੱਸ ਦਿਤਾ। ਝੱਟਪੱਟ ਸੰਤ ਦੋਖੀ ਹਤਿਆਰੇ ਲਾਲਚੀ ਨੂੰ ਫੜ ਕੇ,ਸੰਤਾਂ ਮਹਾਂਪੁਰਸ਼ਾਂ ਦੇ ਪਾਸ ਲਿਆ ਕੇ ਪੁੱਛਿਆ, “ਬਾਬਾ ਜੀ!ਇਸ ਨੂੰ ਕੀ ਡੰਡ ਦੇਈਏ?ਇਸ ਨੇ ਵੱਡਾ ਭਾਰੀ ਗੁਨਾਹ ਕੀਤਾ ਹੈ। ਸੰਤਾਂ ਕਿਹਾ, “ਹੇ ਰਾਜਨ!ਇਸ ਨੂੰ ਦੋ ਪਿੰਡ ਮਾਇਆ ਭੀ ਦੇ ਦਿਉ,ਇਸ ਨੇ ਲਾਲਚ ਕਰਕੇ ਮੈਨੂੰ ਵੱਢਿਆ ਸੀ। ” ਰਾਜੇ ਹੈਰਾਨ ਹੋ ਕੇ ਪੁੱਛਿਆ, “ਜੀ! ਇਹ ਕੀ ਕਾਰਨ ਹੈ?ਮਹਾਂਪੁਰਸ਼ਾਂ ਕਿਹਾ, “ਭਾਈ!ਮੇਰੇ ਦਿਲ ’ਚ ਕਿਸੇ ਨਾਲ ਵੈਰ ਨਹੀਂ ਫ਼ੁਰਦਾ। ਦਾਸਨ ਦਾਸ ਦਾ ਤਾਂ ਇਹ ਖ਼ਿਆਲ ਸੀ, ਕਿ ਇਸ ਦਾ ਬੱਚਾ ਬ੍ਰਹਮਵਿੱਦਿਆ ਪੜ੍ਹ ਕੇ, ਬ੍ਰਹਮਗਿਆਨ ਨੂੰ ਪ੍ਰਾਪਤ ਹੋ ਕੇ ਦੁਨੀਆਂ ਨੂੰ ਨਿਹਾਲ ਕਰੇ। ਇਸ ਲਈ ਦਾਸਨ ਦਾਸ ਨੇ, ਲਾਲਾਂ ਦੀ ਮੱਘੀ ਦੇ ਦਿਤੀ, ਪਰ ਫੇਰ ਭੀ ਇਸ ਦੀ ਤ੍ਰਿਪਤੀ ਨ ਹੋਈ। ” ਯਥਾ:- ਲੋਭ ਲਹਰਿ ਸਭੁ ਸੁਆਨੁ ਹਲਕੁ ਹੈ ਹਲਕਿਓ ਸਭਹਿ ਬਿਗਾਰੇ॥ ਸੰਤਾਂ ਨੇ ਕਹਿ ਕੇ, ਦੋ ਪਿੰਡ ’ਤੇ ਮਾਇਆ ਦੁਆ ਦਿਤੀ। ਲਾਲਚੀ ਨੇ ਪਰਉਪਕਾਰੀ ਸੰਤਾਂ ਦੇ ਚਰਨ- ਕਮਲ ਫੜ ਲਏ,ਪੱਥਰ ਚਿੱਤ ਢਲ਼ ਕੇ ਮੋਮ ਬਣ ਗਿਆ। ਸੰਤਾਂ ਦੀ ਸੁਸੰਗਤ ਕਰਕੇ ਨਿਹਾਲ ਹੋਇਆ।

ਮਾਰੂ ਮਹਲਾ ੫॥ ਮਾਰੂ ਰਾਗ ’ਚ, ਧੰਨ ਸੱਚੇ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ (੫)ਪੰਜਵੇਂ (ਮਹਲਾ)ਸਰੂਪ ਧੰਨ ਵਾਹਿਗੁਰੂ ਸੱਚੇ ਸਤਿਗੁਰੂ ਅਰਜਨ ਦੇਵ ਸਾਹਿਬ ਜੀ ਬ੍ਰਿੱਛ ਦੇ ਦ੍ਰਿਸਟਾਂਤ ਦੁਆਰਾ, ਉਪ੍ਰੋਕਤ ਪਰਉਪਕਾਰੀ ਸੰਤਾਂ ਦੇ ਸ਼ੁਭ ਗੁਣ ਫ਼ੁਰਮਾਉਂਦੇ ਹਨ:-

ਸਸਤ੍ਰਿ ਤੀਖਣਿ.ਕਾਟਿ ਡਾਰਿਓ; ਮਨਿ.ਨ ਕੀਨੋ ਰੋਸੁ॥ ਪਰਮਪੂਜਨੀਕ ਪੂਰਨ ਬ੍ਰਹਮਗਿਆਨੀ ਮਹਾਨ ਪਰਉਪਕਾਰੀ ਸੰਤਾਂ ਮਹਾਂਪੁਰਸ਼ਾਂ ਨੂੰ ਲਾਲਚੀ ਨੇ ਅਪਣੇ ਘਰੇ ਬੁਲਾ ਕੇ (ਤੀਖਣਿ)ਤਿਖੇ ਸ਼ਸ਼ਤ੍ਰ ਨਾਲ ਕੱਟ ਕੇ (ਡਾਰਿਓ)ਸੁੱਟ ਦਿਤਾ, ਪਰ ਉਨ੍ਹਾਂ ਨੇ ਅਪਣੇ ਮਨ ਅੰਦਰ ਮਹਾਨ ਪਾਪੀ ’ਤੇ (ਰੋਸੁ)ਗੁੱਸਾ ਨਹੀਂ ਕੀਤਾ।

ਕਾਜ ਉਆ ਕੋ.ਲੇ ਸਵਾਰਿਓ; ਤਿਲੁ ਨ ਦੀਨੋ ਦੋਸੁ॥) ਸੰਤਾਂ ਮਹਾਂਪੁਰਸ਼ਾਂ ਨੇ ਆਪਣੇ ਆਪ ’ਤੇ ਕਸ਼ਟ (ਲੇ)ਲੈ ਕੇ (ਉਆ)ਉਸ ਪਾਪੀ ਦੇ (ਕਾਜ)ਕੰਮ (ਕੋ)ਨੂੰ (ਸਵਾਰਿਓ)ਸਵਾਰ ਦਿਤਾ। ਪਹਿਲਾਂ ਉਸ ਨੂੰ ਲਾਲਾਂ ਦੀ ਮੱਘੀ ਦਿਤੀ, ਫੇਰ ਉਸ ਨੂੰ ਪੁਲੀਸ ਦੇ ਤਸ਼ੱਦਦ ਅਤੇ ਫਾਸੀ ਤੋਂ ਬਚਾਅ ਕੇ ਦੋ ਪਿੰਡ ਮਾਇਆ ਦੁਆ ਦਿਤੀ। ਉਸ ਦੇ ਬੱਚੇ ਨੂੰ ਬ੍ਰਹਮਵਿੱਦਿਆ ਪੜ੍ਹਾ ਕੇ, ਅਪਣਾ ਸਰੂਪ ਹੀ ਬਣਾ ਲਿਆ। ਮਗਰੋਂ ਉਸ ਨੂੰ ਸਤਿਸੰਗਤ ਨਾਲ ਜੋੜ ਕੇ, ਭਜਨ- ਬੰਦਗੀ ਪੁੰਨ ਦਾਨ ’ਚ ਲਾ ਕੇ ਤਾਰ ਦਿਤਾ। ਇਉਂ ਉਸ ਦੇ ਸਾਰੇ ਕੰਮ ਹੀ ਸਵਾਰ ਦਿੱਤੇ। ਉਸ ਨੂੰ (ਤਿਲੁ)ਥੋੜੇ ਮਾਤਰ ਭੀ ਦੋਸ਼ ਨਹੀਂ (ਦੀਨੋ)ਦਿਤਾ। ਉਪ੍ਰੋਕਤ ਗੁਣ ਸ਼ੁਭ ਗੁਣਾਂ ਦੇ ਦਾਤੇ ਸਤਿਗੁਰਾਂ ਨੇ ਆਪ ਕਮਾ ਕੇ, ਹੋਰਨਾਂ ਨੂੰ ਸ਼ੁਭ ਉਪਦੇਸ਼ ਬਖ਼ਸ਼ ਕੇ, ਸ੍ਰਬੱਤ ਦਾ ਭਲਾ ਕੀਤਾ ਹੈ। ਮਹਾਨ ਪਾਪੀ ਜਹਾਂਗੀਰ ਨੇ ਭਾਵੇਂ ਆਪ ਜੀ ਨੂੰ ਉੱਬਲਦੀ ਦੇਗ਼ ਅੰਦਰ ਬਿਠਾਇਆ, ਪਰ ਫੇਰ ਭੀ ਆਪ ਜੀ ਨੇ ਸੰਸਾਰ ਨੂੰ ਅੰਮ੍ਰਿਤ ਪਰਮਪਵਿੱਤ੍ਰ ਪਰਮਪੂਜਨੀਕ ਗੁਰਬਾਣੀ ਜੀ ਬਖ਼ਸ਼ੀ। ਸਤਿਗੁਰਾਂ ਨੇ ਬ੍ਰਿਛ ਦੀ ਜਰੈਂਦ ਦੁਆਰਾ, ਜਿਵੇਂ ਮਹਾਤਮਾਂ ਦੇ ਸ਼ੁਭ ਗੁਣ ਕਹੇ ਹਨ।

ਜਿਵੇਂ ਬ੍ਰਿੱਛ ਵੱਟੇ ਮਾਰਨ ਤੋਂ ਫ਼ਲ ਦਿੰਦਾ ਹੈ, ਸਾਖੀ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸਾਹਿਬ ਜੀ:- ਜਿਹਲਮ ਇਲਾਕੇ ’ਚ, ਇੱਕ ਪਿੰਡ ਦੇ ਨੇੜੇ, ਆਪ ਜੀ ਦੇ ਵੱਟਾ ਵੱਜਿਆ, ਸਿਪਾਹੀਆਂ ਨੇ ਦੋ ਬੱਚਿਆਂ ਨੂੰ, ਸ਼ੇਰੇ ਪੰਜਾਬ ਦੇ ਸਾਹਮਣੇ ਪੇਸ਼ ਕੀਤਾ, ਆਪ ਜੀ ਨੇ ਬੜੇ ਹੀ ਪਿਆਰ ਨਾਲ ਪੁੱਛਿਆ, ਜਿਸ ਬੱਚੇ ਨੇ ਵੱਟਾ ਮਾਰਿਆ ਸੀ, ਉਸ ਕਿਹਾ, ਸਾਹਿਬ ਜੀ! “ਮੈਂ ਬੇਰ ਝਾੜ੍ਨ ਲਈ, ਬੇਰੀ ਨੂੰ ਵੱਟਾ ਮਾਰਿਆ ਸੀ, ਮੈਂ ਜਾਣ ਬੁੱਝ ਕੇ ਵੱਟਾ

Sri Satguru Jagjit Singh Ji eLibrary NamdhariElibrary@gmail.com

ਨਹੀਂ ਮਾਰਿਆ”। ਆਪ ਜੀ ਨੇ ਬੜੀ ਹੀ ਡੂੰਘੀ ਵਿਚਾਰ ਨਾਲ਼ ਸੋਚਿਆ, “ਬੇਰੀ ਦਰਖ਼ਤ ਹੈ, ਦਾਸਨ ਦਾਸ ਗੁਰੂ ਸਾਹਿਬ ਜੀ ਦਾ ਗ਼ਰੀਬ ਸਿੱਖ ਬੱਚਾ ਹੈ”॥ ਜਿਹੜੇ ਬੱਚੇ ਨੇ ਵੱਟਾ ਮਾਰਿਆ ਸੀ, ਉਸ ਦੇ ਮਾਤਾ ਪਿਤਾ ਨੂੰ ਬੁਲਾ ਕੇ, ਇੱਕ ਪਿੰਡ ਬੁੱਢਣ, ਇੱਕ ਹੋਰ ਪਿੰਡ ਬਖਸੀਸ ਦੇ ਦਿਤੀ। ਬਾਕੀ ਬੱਚਿਆਂ ਨੂੰ ਦੋ ਦੋ ਮੋਹਰਾਂ ਦਿਤੀਆਂ ਵੇਖੋ ਜੀ! ਕਿੱਡੀ ਵੱਡੀ ਮਹਾਂ ਵਿਸਮਾਦ ਗੱਲ ਹੈ! ਰਾਜਾ ਹੁੰਦਿਆਂ ਵੱਟਾ ਵੱਜਣ ਤੋਂ ਹੰਕਾਰ ਕਰਨ ਦੀ ਬਜਾਏ, ਡੰਡ ਦੇਣ ਦੀ ਬਜਾਏ ਦੋ ਪਿੰਡ ਬਖ਼ਸ਼ੀਸ਼ ਦਿਤੀ, ਹੰਕਾਰੀ ਹੁੰਦਾ ਜਾਨੋਂ ਹੀ ਮਾਰ ਦਿੰਦਾ, ਇਸ ਤਰ੍ਹਾਂ ਹਰ ਪ੍ਰਾਣੀ ਮਾਤ੍ਰ ਨੂੰ ਸ਼ਹਿਣਸੀਲਤਾ ਵਾਲਾ ਸੁਭਾਅ ਚਾਹੀਦਾ ਹੈ।

ਫਰੀਦਾ.ਕਾਲੇ ਮੈਡੇ ਕਪੜੇ; ਕਾਲਾ ਮੈਡਾ ਵੇਸੁ॥) ਗੁਨਹੀ ਪੋਲਾ– ਗੁਨਹੀ ਭਰਿਆ.ਮੈ ਫਿਰਾ; ਲੋਕੁ ਕਹੈ ਦਰਵੇਸੁ॥੬੧॥ ੧. ਵਾਹਿਗੁਰੂ ਫਰੀਦਾ ਸਾਹਿਬ ਜੀ ਅਕਾਲ ਪੁਰਖ ਜੀ ਦੇ ਸਨਮੁਖ ਫ਼ੁਰਮਾਉਂਦੇ ਹਨ:– ਹੇ ਵਾਹਿਗੁਰੂ ਜੀ! (ਮੈਡੇ)ਦਾਸਨ ਦਾਸ ਦੇ ਕਾਲੇ ਕਪੜੇ ਪਹਿਰੇ ਹੋਏ ਹਨ, ਜਿਸ ਕਰਕੇ (ਮੈਡਾ)ਦਾਸਨ ਦਾਸ ਦਾ (ਵੇਸੁ)ਪਹਿਰਾਵਾ ਵੀ ਕਾਲਾ ਹੈ।

ਗੁਨਹੀ ਪੋਲਾ– ਗੁਨਹੀ ਭਰਿਆ.ਮੈ ਫਿਰਾ; ਲੋਕੁ ਕਹੈ ਦਰਵੇਸੁ॥੬੧॥ (ਮੈ)ਦਾਸਨ ਦਾਸ (ਗੁਨਹੀ)ਗੁਨਾਹਾਂ ਦਾ ਭਰਿਆ (ਫਿਰਾ)ਫਿਰਦਾ ਹੈ, ਉੱਪਰੋਂ ਫ਼ੱਕਰਾਂ ਵਾਲਾ ਲਿਬਾਸ ਦੇਖ ਕੇ, ਲੋਕੁ, (ਦਰਵੇਸੁ)ਵਾਹਿਗੁਰੂ ਜੀ ਦੇ ਦਰ ’ਚ ਪਹੁੰਚਿਆ ਫ਼ਕੀਰ ਸਾਂਈਂ (ਕਹੈ)ਕਹਿੰਦੇ ਹਨ। ਅਤੀ ਹੀ ਡੂੰਘੀ ਨਿਮ੍ਰਤਾ ਨਾਲ ਕਿਹਾ ਹੈ, ਹੇ ਵਾਹਿਗੁਰੂ ਜੀ! ਦਾਸਨ ਦਾਸ ਨੂੰ ਗੁਨਾਹਾਂ ਦੇ ਭਰੇ ਨੂੰ ਬਖ਼ਸ਼ ਲਵੋ।

ਫਰੀਦਾ.ਕਾਲੇ ਮੈਡੇ ਕਪੜੇ; ਕਾਲਾ ਮੈਡਾ ਵੇਸੁ॥੨. ਪੂਰਨ ਰੱਬ ਜੀ ਦੇ ਅਵਤਾਰ ਬਾਬਾ ਫ਼ਰੀਦ ਸਾਹਿਬ ਜੀ ਦੀ ਰਸਨਾ ’ਤੇ ਵਾਹਿਗੁਰੂ ਜੀ ਵਸਦੇ ਹਨ। ਆਪ ਜੀ ਧੁਰਾਂ ਦੇ ਗੁਰਬਾਣੀ ਜੀ ਦਾ, ਐਸਾ ਪਰਮ ਮਨੋਹਰ ਰਸ–ਭਿੰਨਾ ਅੰਮ੍ਰਿਤ ਵੈਰਾਗਮਈ ਕੀਰਤਨ ਕਰਦੇ, ਅੰਮ੍ਰਿਤ ਦੀਆਂ ਨਦੀਆਂ ਵਹਿ ਤੁਰਦੀਆਂ। ਜਿਸ ’ਚ ਬੜੀਆਂ ਭਾਰੀਆਂ ਗੂੜ੍ਹੀਆਂ ਰਮਜ਼ਾਂ ਭਰਿਆ ਉਪਦੇਸ਼ ਹੈ। ਕੀਰਤਨ ਸੁਣ ਕੇ ਪ੍ਰੇਮੀਆਂ ਨੂੰ ਅੰਦਰ ਬਾਹਰ ਬਾਬਾ ਫ਼ਰੀਦ ਸਾਹਿਬ ਜੀ ਦੇ ਦਰਸ਼ਨ ਹੋਣ ਲੱਗ ਜਾਂਦੇ। ਇੱਕ ਦੰਭੀ ਦੇ ਬਹੁਤ ਸਾਰੇ ਚੇਲੇ ਸਨ। ਬਾਬਾ ਜੀ ਦੇ ਖ਼ਾਸ ਪ੍ਰੇਮੀ ਨੇ, ਇਨ੍ਹਾਂ ਦੀ ਬਾਬਾ ਜੀ ’ਤੇ ਸ਼ਰਧਾ ਬੰਨ੍ਹਾ ਕੇ ਕਿਹਾ, “ਚੱਲੋ ਆਪਾਂ ਬਾਬਾ ਜੀ ਦੇ ਸੁੰਦਰ ਦਰਸ਼ਨ ਕਰੀਏ। ” ਦੰਭੀ ਕਿਹਾ, “ਮੇਰੇ ’ਚ ਗੁਨਾਹ ਬਹੁਤੇ ਹਨ, ਜਿਸ ਕਰਕੇ ਮੈਨੂੰ ਲੱਜਿਆ ਆਉਂਦੀ ਹੈ। ਮੈਨੂੰ ਬਾਬਾ ਜੀ ਤਾੜਨਗੇ, ਇਸ ਲਈ ਡਰਦਾ ਹਾਂ। ” ਪ੍ਰੇਮੀ ਜੀ ਕਿਹਾ,“ਆਪਾਂ ਦੀਵਾਨ ’ਚ ਮਗਰ ਬੈਠ ਕੇ ਕੀਰਤਨ ਭੋਗ ਤੋਂ ਪਹਿਲਾਂ ਹੀ ਉੱਠ ਕੇ ਆ ਜਾਵਾਂਗੇ। ” ਦੰਭੀ ਚੇਲਿਆਂ ਸਮੇਤ, ਦੀਵਾਨ ’ਚ ਆ ਕੇ ਬੈਠ ਗਿਆ। ਕੀਰਤਨ ਸੁਣ ਕੇ ਐਸਾ ਟਿਕਾਅ ਬੱਝਾ, ਉੱਠ ਹੀ ਨ ਸਕਿਆ। ਜੇ ਕਿਸੇ ਨੂੰ ਉਸ ਦੇ ਚੇਲਿਆਂ ਕੋਲ਼, ਉਸ ਦੀ ਗ਼ਲਤੀ ਦੱਸੀ ਜਾਵੇ ਤਾਂ ਉਹ ਖਿਝਦਾ ਲੜਦਾ, ਅਪਣੀ ਹੱਤਕ ਮੰਨਦਾ ਸੀ। ਬਾਬਾ ਫ਼ਰੀਦ ਸਾਹਿਬ ਜੀ ਨੇ ਐਸੀਆਂ ਗੂੜ੍ਹੀਆਂ ਰਮਜ਼ਾਂ ਦੁਆਰਾ, ਉਸ ਨੂੰ ਸਵਾਰਿਆ, ਜਿਨ੍ਹਾਂ ’ਚ ਸਦਾ ਲਈ, ਦੰਭੀ ਮਨ ਸਵਾਰਨ ਦਾ ਉਪਦੇਸ਼ ਹੈ। ਜੋ ਸਦਾ ਅੰਮ੍ਰਿਤ ਬ੍ਰਹਮਾਨੰਦ ਬਖ਼ਸ਼ਦਾ ਰਹੇਗਾ। ਬਾਬਾ ਜੀ ਨੇ ਅੰਮ੍ਰਿਤ ਕੀਰਤਨ ਕਰਕੇ, ਉਸ ਦਾ ਮਨ ਪ੍ਰੇਮ ’ਚ ਢਾਲ਼ ਕੇ, ਅਖ਼ੀਰ ’ਤੇ ਇਸ ਸਲੋਕ ਦੀ ਸੱਟ ਮਾਰੀ:–

ਫਰੀਦਾ.ਕਾਲੇ ਮੈਡੇ ਕਪੜੇ; ਕਾਲਾ ਮੈਡਾ ਵੇਸੁ॥ ਗੁਨਹੀ ਭਰਿਆ.ਮੈ ਫਿਰਾ; ਲੋਕੁ ਕਹੈ ਦਰਵੇਸੁ॥੬੧॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ. ਅਕਾਲ ਜੀ ਦੇ ਸਨਮੁਖ, ਪੂਰਨ ਗ਼ਰੀਬੀ ਨਿਮ੍ਰਤਾ ਸਹਿਤ, ਫ਼ੁਰਮਾ ਰਹੇ ਹਨ:– ਹੇ ਅਕਾਲ ਪੁਰਖ ਜੀ! (ਮੈਡੇ)ਦਾਸਨ ਦਾਸ ਮਹਾਂ ਪਾਪੀ ਪਖੰਡੀ ਦੇ, ਪਾਪਾਂ ਰੂਪੀ ਕਾਲੇ ਕਪੜੇ ਪਹਿਨੇ ਹਨ, (ਮੈਡਾ)ਦਾਸਨ ਦਾਸ ਦਾ (ਵੇਸੁ)ਸਰੂਪ ਪਾਪਾਂ ਵਾਲਾ ਕਾਲਾ ਹੀ ਹੈ ਜੀ। ਅਥਵਾ:– (ਕਾਲਾ ਮੈਡਾ ਵੇਸੁ)

Sri Satguru Jagjit Singh Ji eLibrary NamdhariElibrary@gmail.com

ਜਿਵੇਂ ਸਤਿਗੁਰੂ ਦਸਵੇਂ ਪਾਤਿਸਾਹ ਜੀ ਤੋਂ ਅੰਮ੍ਰਿਤ ਛਕਣ ਵਾਲੇ ਸਿੰਘਾਂ ਦਾ ਖ਼ਾਲਸਾ ਵੇਸੁ ਸਤਿਗੁਰਾਂ ਦਾ ਵੇਸੁ ਹੈ। ਖ਼ਾਲਸਾ ਮੇਰੋ ਰੂਪ ਹੈ ਖਾਸ॥ ਤਿਵੇਂ ਕਾਲਾ ਮੈਡਾ ਵੇਸੁ॥ ਇਉਂ ਜਿਨ੍ਹਾਂ ਨੇ ਮੇਰੇ ਪੈਰ ਧੋ ਕੇ ਪੀਤੇ ਹਨ। ਜਿੱਥੇ ਮੈਂ ਬਹਿੰਦਾ ਹਾਂ, ਹਜ਼ਾਰਾਂ ਦੀ ਗਿਣਤੀ 'ਚ ਮੇਰੇ ਉਦਾਲੇ, ਕਾਲੇ ਬਸਤ੍ਰਾਂ ਵਾਲੇ ਮੇਰੇ ਚੇਲੇ ਬੈਠਦੇ ਹਨ। ਇਹ ਪਾਪੀ ਚੇਲਿਆਂ ਰੂਪੀ ਮੇਰੇ ਵੇਸੁ ਵੀ ਕਾਲਾ ਹੈ।

ਗੁਨਹੀ ਭਰਿਆ.ਮੈ ਫਿਰਾ; ਲੋਕੁ ਕਹੈ ਦਰਵੇਸੁ॥੬੧॥ ਹੇ ਅਕਾਲ ਪੁਰਖ ਜੀ! (ਮੈ)ਦਾਸਨ ਦਾਸ (ਗੁਨਹੀ)ਗੁਨਾਹਾਂ ਦਾ ਭਰਿਆ (ਫਿਰਾ)ਫਿਰਦਾ ਹੈ, ਪਰ ਲੋਕੁ (ਦਰਵੇਸੁ)ਫ਼ੱਕਰ ਫ਼ਕੀਰ ਸਾਂਈਂ (ਕਹੈ)ਕਹਿੰਦੇ ਹਨ। ਜਦੋਂ ਆਪ ਜੀ ਨੇ ਇਸ ਸਲੋਕ ਦਾ ਵੈਰਾਗਮਈ, ਅੰਮ੍ਰਿਤ ਰੂਪ ਪਰਮ- ਪਵਿੱਤ੍ਰ ਮਨੋਹਰ ਕੀਰਤਨ ਕੀਤਾ ਤਾਂ ਉਸ ਦੰਭੀ ਨੂੰ ਅੰਦਰ ਬਾਹਰ ਫ਼ਰੀਦ ਸਾਹਿਬ ਜੀ ਦੇ ਦਰਸ਼ਨ ਹੋਣ ਲੱਗੇ, ਲੂੰ ੨ ਕਰਕੇ ਧੰਨ ਬਾਬਾ ਫ਼ਰੀਦ ਸਾਹਿਬ ਜੀ ਬਾਰ ੨ ਕਹਿਣ ਲੱਗਾ। ਲੋਕ ਲਾਜ ਛੱਡ ਕੇ ਚਰਨ- ਕਮਲ ਫੜ ਕੇ, ਘਿਘਿਆ ਕੇ ਕਿਹਾ,"ਬਾਬਾ ਜੀ! ਆਪ ਜੀ ਤਾਂ ਨਿਰਮਲ ਉੱਜਲ ਪਰਉਪਕਾਰੀ ਰੱਬ ਸਰੂਪ ਹੋਂ, ਮੇਰੇ ਦਿਲ ਦੀ ਮੈਲ਼ ਕੱਟਣ ਲਈ ਐਨੀ ਨਿਮ੍ਰਤਾ ਸਹਿਤ, ਅੰਮ੍ਰਿਤ- ਰੂਪ ਪਰਮ- ਮਨੋਹਰ ਰਸ ਭਿੰਨਾ ਗੁਰਬਾਣੀ ਦਾ ਕੀਰਤਨ ਕੀਤਾ ਹੈ। ਮੇਰੇ ਗੁਨਾਹ ਬਖ਼ਸ਼ੋ ਦਾਸਨ ਦਾਸ ਨੂੰ ਅਪਣਾ ਮੁਰੀਦ ਬਣਾਉ। " ਗੁਰਮੰਤ੍ਰ ਉਪਦੇਸ਼ ਲੈ ਕੇ ਕਮਾਇਆ, ਚੇਲਿਆਂ ਸਮੇਤ ਤਰ ਗਿਆ। ਧੰਨ ਬਾਬਾ ਫ਼ਰੀਦ ਸਾਹਿਬ ਜੀ।

ਤੱਤੀ, ਟੁੱਬੀ- ਤਤੀ ਤੋਇ. ਨ ਪਲਵੈ; ਜੇ ਜਲਿ ਟੁਬੀ ਦੇਇ॥ ਫਰੀਦਾ. ਜੋ ਡੋਹਾਗਣਿ ਰਬ ਦੀ; ਝੂਰੇਦੀ ਝੂਰੇਇ॥੬੨॥ ਦ੍ਰਿਸ਼ਟਾਂਤ ਜਿਵੇਂ (ਤੋਇ)ਜਲ 'ਚ ਡੁੱਬ ਕੇ (ਤਤੀ)ਸੜੀ ਖੇਤੀ (ਪਲਵੈ)ਪ੍ਰਫ਼ੁਲਤ ਹਰੀ ਭਰੀ (ਨ)ਨਹੀਂ ਹੁੰਦੀ, ਜੇ ਜਲ 'ਚ ਭੀ (ਟੁਬੀ)ਡੁਬੋ (ਦੇਇ)ਦੇਣਾ ਕਰੀਏ। ਇਸ ਤਰ੍ਹਾਂ ਜੀਵਨ ਰੂਪੀ ਖੇਤੀ, ਨਾਮੁ ਜਪਦਿਆਂ, ਜੇ ਨਾਮ ਰੂਪੀ ਜਲ 'ਚ ਅਥਵਾ ਸਤਿਸੰਗਤਿ ਜਲ 'ਚ ਰਹਿੰਦਿਆਂ (ਤਤੀ)ਸੜ ਗਈ (ਪਲਵੈ)ਪ੍ਰਫ਼ੁਲਤ (ਨ)ਨਹੀਂ ਹੁੰਦੀ, ਭਾਵੇਂ ਉਸ ਨੂੰ ਨਾਮ ਜਲ 'ਚ (ਟੁਬੀ)ਡੁਬੋ (ਦੇਇ)ਦੇਣਾ ਕਰੀਏ। ਯਥਾ:- ਕਬੀਰ. ਸਾਚਾ ਸਤਿਗੁਰੁ ਕਿਆ ਕਰੈ; ਜਉ ਸਿਖਾ ਮਹਿ ਚੂਕ॥ ਅੰਧੇ. ਏਕ ਨ ਲਾਗਈ; ਜਿਉ ਬਾਂਸੁ ਬਜਾਈਐ ਫੂਕ॥੧੫੮॥ ਜਿਵੇਂ ਵਿਗੜੇ ਮਸੰਦ, ਪਾਣੀ ਵਾਂਗ, ਸਤਿਗੁਰੂ ਮਹਾਰਾਜ ਸਾਹਿਬ ਦੇ ਸੁੰਦਰ ਦਰਸ਼ਨ ਭੀ ਕਰਦੇ, ਸੰਗਤ ਦੀਵਾਨ 'ਚ ਵੀ ਬੈਠਦੇ, ਗੁਰੂ ਘਰ ਦਾ ਪਦਾਰਥ, ਪੂਜਾ ਦਾ ਧਾਨ ਖਾ ਕੇ, ਮੰਦ- ਕਰਮਾਂ ਨਸ਼ਿਆਂ 'ਚ ਮਸਤ ਹੋ ਗਏ। (ਸਾਰੇ ਮਸੰਦਾਂ ਨੂੰ ਨਹੀਂ ਕਿਹਾ)

ਤਤੀ ਤੋਇ ਨ ਪਲਵੈ; ਜੇ ਜਲਿ ਟੁਬੀ ਦੇਇ॥੨. (ਤਤੀ)ਔੜ ਨਾਲ (ਤਤੀ)ਸੜੀ ਖੇਤੀ ਨੂੰ, ਜੇ (ਨ)ਵਿਸ਼ੇਸ਼ ਕਰਕੇ (ਤੋਇ)ਜਲਿ 'ਚ ਡੁਬੋਣ ਰੂਪ ਟੁਬੀ (ਦੇਇ)ਦੇਈਏ ਤਾਂ (ਪਲਵੈ)ਹਰੀ ਭਰੀ ਹੋ ਜਾਂਦੀ ਹੈ। ਇਉਂ ਬਾਹਰ ਸੰਸਾਰ ਵਿਕਾਰ ਦੀ ਸਾੜੀ, ਜੀਵਨ ਰੂਪੀ ਖੇਤੀ, ਸਤਸੰਗਤ 'ਚ ਪ੍ਰੇਮ ਰੂਪੀ (ਤੋਇ)ਪਾਣੀ ਦੀ ਟੁਬੀ (ਦੇਇ)ਦੇਈਏ (ਨ)ਵਿਸ਼ੇਸ ਕਰਕੇ ਉਹ ਸਤ ਸੰਤੋਖ ਦਇਆ ਧਰਮ ਵੀਚਾਰ ਕਰੁਣਾ ਮੁਦਤਾ ਮੈਤ੍ਰੀ ਸ਼ੁਭ ਗੁਣਾਂ ਰੂਪੀ ਟਹਿਣੀਆਂ ਸਹਿਤ ਪ੍ਰਫ਼ੁੱਲਤ ਹੋ ਜਾਂਦੀ ਹੈ। ਜਿਸ ਦੀ ਸ਼ਰਧਾ ਰੂਪੀ ਜੜ ਹੈ, ਪ੍ਰੇਮਾ- ਭਗਤੀ ਰੂਪੀ ਤੁਚਾ ਹੈ, ਜਿਸ ਨੂੰ ਸੁਭ- ਗੁਣਾਂ ਰੂਪੀ ਫੁੱਲ ਤੇ ਧਰਮ ਰੂਪੀ ਫਲ਼ ਲੱਗ ਜਾਂਦੇ ਹਨ। ਜਿਵੇਂ ਪਰਮਪੂਜਨੀਕ ਬਾਬਾ ਬਿਧੀਚੰਦ ਜੀ ਨੇ, ਅਪਣੇ ਨਾਨਕੇ ਪਿੰਡੋਂ, ਮੱਝਾਂ ਚੁਰਾਈਆਂ, ਪੂਰਨ ਗੁਰਸਿੱਖ ਸੰਤ ਬਾਬਾ ਅਦਲੀ ਜੀ ਦੀ ਚਰਨ ਸ਼ਰਨ ਜਾਇ ਬੈਠੇ। ਜਦੋਂ ਇਨ੍ਹਾਂ ਨੂੰ ਫੜਨ ਲਈ, ਲੋਕ ਮਗਰ ਗਏ, ਬਾਬੇ ਜੀ ਨੇ ਕਿਹਾ, "ਇਹ ਦੇਖ ਲਵੋ, ਸਾਧ ਪੁਰਖ ਬੈਠਾ ਹੈ", ਬੰਦਗੀ ਦੇ ਪ੍ਰਤਾਪ ਕਰਕੇ, ਫੜ ਨ ਸਕੇ। ਬਾਬੇ ਜੀ ਨੇ ਇਨ੍ਹਾਂ ਦੀ ਜਾਨ ਬਚਾਈ। ਇਨ੍ਹਾਂ ਦੀ ਬੜੀ ਹੀ ਸ਼ਰਧਾ ਵਧ ਗਈ। ਬਾਬਾ ਜੀ, ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਦੇ ਪਾਸ ਲੈ ਕੇ ਆਏ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰਾਂ ਦੀ ਕ੍ਰਿਪਾ ਨਾਲ ਪੂਰਨ ਬ੍ਰਹਮਗਿਆਨੀ ਮਹਾਂਪੁਰਸ਼ ਬਣ ਗਏ। ਇਉਂ ਔੜ ਨਾਲ ਸੜੀ ਖੇਤੀ ਵਾਂਗ ਸਨ, ਸਾਚ ਨਾਮ ਕੀ; ਅੰਮ੍ਰਿਤ ਵਰਖਾ॥ ਕਰਨ ਤੋਂ ਹਰੇ ਭਰੇ ਹੋ ਗਏ। ਯਥਾ:- ਅੰਮ੍ਰਿਤ ਨਾਮੁ ਜਲੁ ਸੰਚਿਆ; ਗੁਰ ਭਏ ਸਹਾਈ॥

ਫਰੀਦਾ. ਜੋ ਡੋਹਾਗਣਿ ਰਬ ਦੀ; ਝੂਰੇਦੀ ਝੂਰੇਇ॥੬੨॥ ਬਾਬਾ ਫਰੀਦਾ ਸਾਹਿਬ ਜੀ ਫੁਰਮਾਉਂਦੇ ਹਨ:- ਜਿਹੜਾ ਗੁਰੂ ਸਾਹਿਬ ਜੀ ਤੋਂ ਸ਼ੁਭ ਸੱਚਾ ਉਪਦੇਸ਼ ਲੈ ਕੇ, ਅੰਮ੍ਰਿਤ ਛਕ ਕੇ, ਕਮਾਈ ਨਹੀਂ ਕਰਦਾ, ਸਤਸੰਗਤ ਜੀ 'ਚ ਆਗਿਆਕਾਰੀ ਅਨੁਸਾਰੀ ਗੁਰਸੇਵਕ ਨਹੀਂ ਬਣਦਾ। ਭੈੜੇ ਕਰਮ ਕਮਾਂਉਦਾ ਹੈ। ਹੰਕਾਰ ਦੋਸ਼ ਨਹੀਂ ਤਿਆਗਦਾ, ਗੁਣਾਂ ਦਾ ਧਾਰਨੀ ਨਹੀਂ ਬਣਦਾ, ਉਹ ਔਗੁਣਾਂ ਵਾਲਾ (ਰਬ)ਗੁਰੂ ਪਰਮੇਸਰ ਜੀ ਦੀ (ਡੋਹਾਗਣਿ)ਛੁਟੱੜ, ਮਹਾਰਾਜ ਤੋਂ ਵਿਛੁੜੀ ਜਨਮਾਂ ੨ 'ਚ ਦੁਖੀ (ਝੂਰੇਦੀ)ਝੂਰਦੀ ਹੀ (ਝੂਰੇਇ)ਝੂਰਦੀ ਰਹਿੰਦੀ ਹੈ। ਯਥਾ:- ਪੂਛਤ ਸੁਹਾਗਨ, ਕਰਮ ਹੈ ਦੁਹਾਗਨਿ ਕੈ; ਰਿਦੈ ਬਿਬਿਚਾਰ, ਕਤ ਸਿਹਜਾ ਬੁਲਾਈਐ। (੪੩੯ ਕਬਿਤ)

ਜਾਂ ਕੁਆਰੀ ਤਾ ਚਾਉ; ਵੀਵਾਹੀ ਤਾਂ ਮਾਮਲੇ॥ ਫਰੀਦਾ. ਏਹੋ ਪਛੋਤਾਉ; ਵਤਿ ਕੁਆਰੀ ਨ ਥੀਐ॥੬੩॥ ਪਦ ਅੱਗੇ ਪਿਛੇ ਕਰਕੇ, ਅਨਵੈ ਅਰਥ:- ਪਤੀ ਜੀ ਦੀ ਪ੍ਰਾਪਤੀ ਬਿਨਾ (ਜਾਂ)ਜਦੋਂ ਤੱਕ ਕੁਆਰੀ ਹੈ, ਤਾਂ (ਮਾਮਲੇ)ਵਿਛੋੜੇ ਦੇ ਕਸ਼ਟ ਕਜੀਏ ਕਲੇਸ਼ ਇਸ ਦੇ ਗਲ਼ ਪੈਂਦੇ ਹਨ, ਪਰ ਜਦੋਂ ਵੀਵਾਹੀ ਜਾਂਦੀ ਹੈ, (ਤਾ)ਤਦੋਂ ਚਾਉ ਉਤਸ਼ਾਹ ਹੁੰਦਾ ਹੈ। ਆਪ ਗਵਾ ਕੇ,ਪਤੀ ਜੀ ਦੀ ਸੇਵਾ ਕਰਕੇ ਪ੍ਰਸੰਨਤਾ ਲੈਂਦੀ ਹੈ। ਪਤੀ ਜੀ ਹਰ ਤਰ੍ਹਾਂ ਦੀ ਲੋੜ ਪੂਰੀ ਕਰਦੇ ਹਨ। ਪਤੀ ਦੀ ਆਗਿਆ ਮੰਨ ਕੇ ਸੁਖ ਪਾਉਂਦੀ ਹੈ। ਅੰਤ੍ਰੀਵ ਅਰਥ:- (ਜਾਂ)ਜਦੋਂ ਇਹ ਜੀਵ ਰੂਪੀ ਇਸਤ੍ਰੀ, ਸਤਿਗੁਰੂ ਸਾਹਿਬਾਨ ਜੀ ਨੂੰ ਤਨ ਮਨ ਧਨ ਸਿਰ ਨ ਅਰਪਣੇ ਕਰਕੇ ਪਤੀ ਪ੍ਰਮਾਤਮਾ ਜੀ ਦੀ ਪ੍ਰਾਪਤੀ ਤੋਂ ਬਿਨਾ ਕੁਆਰੀ ਸੀ ਤਾਂ ਇਸ ਨੂੰ ਵਾਹਿਗੁਰੂ ਜੀ ਦੇ ਵਿਛੋੜੇ ਕਰਕੇ ਚੌਰਾਸੀ ਭੋਗਣ ਰੂਪ (ਮਾਮਲੇ)ਕਸ਼ਟ ਦੁੱਖ ਕਜੀਏ ਕਲੇਸ਼ ਬਣੇ ਹੀ ਰਹਿੰਦੇ ਸਨ। ਯਥਾ:- ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥) ਵਿਧਣ ਖੂਹੀ; ਮੁੰਧ ਇਕੇਲੀ॥ ਨਾ ਕੋ ਸਾਥੀ ਨਾ ਕੋ ਬੇਲੀ॥

;ਵੀਵਾਹੀ ਤਾ ਚਾਉ:- ਜਦੋਂ ਮਾਤਾ ਪਿਤਾ ਜੀ ਰੂਪ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ, ਵਾਹਿਗੁਰੂ ਜੀ ਵਰ ਨਾਲ (ਵੀਵਾਹੀ)ਵਿਆਹ ਦਿਤੀ, ਤਾ ਚਾਉ ਹੋ ਗਿਆ। ਯਥਾ:- ਮੈ ਕਾਮਣਿ; ਮੇਰਾ ਕੰਤੁ ਕਰਤਾਰੁ॥) ਹਰਿ ਮੇਰੋ ਪਿਰੁ;ਹਉ ਹਰਿ ਕੀ ਬਹੁਰੀਆ॥ ਰਾਮ ਬਡੇ;ਮੈ ਤਨਕ ਲਹੁਰੀਆ॥੧॥)ਕਹਿ ਕਬੀਰ.ਮੋਹਿ ਬਿਆਹਿ ਚਲੇ ਹੈ;ਪੁਰਖ ਏਕ ਭਗਵਾਨਾ॥ (ਕਰਵੱਤੁ) ਆਸਾ॥ ਕਰਵਤੁ ਭਲਾ;ਨ ਕਰਵਟ ਤੇਰੀ॥ ਲਾਗੁ ਗਲੇ; ਸੁਨੁ ਬਿਨਤੀ ਮੇਰੀ॥੧॥ ਹਉ ਵਾਰੀ; ਮੁਖੁ ਫੇਰਿ ਪਿਆਰੇ॥ ਕਰਵਟੁ ਦੇ; ਮੋਕਉ ਕਾਹੇ ਕਉ ਮਾਰੇ॥੧॥ ਰਹਾਉ॥ ਜਉ ਤਨੁ ਚੀਰਹਿ; ਅੰਗਿ ਨ ਮੋਰਉ॥ ਪਿੰਡੁ ਪਰੈ; ਤਉ.ਪ੍ਰੀਤਿ ਨ ਤੋਰਉ॥੨॥ ਹਮ ਤੁਮ ਬੀਚੁ; ਭਇਓ ਨਹੀ ਕੋਈ॥ ਤੁਮਹਿ ਸੁ ਕੰਤ; ਨਾਰਿ ਹਮ ਸੋਈ॥੩॥ ਕਹਤੁ ਕਬੀਰੁ; ਸੁਨਹੁ ਰੇ ਲੋਈ॥ ਅਬ ਤੁਮਰੀ; ਪਰਤੀਤਿ ਨ ਹੋਈ॥)

ਫਰੀਦਾ. ਏਹੋ ਪਛੋਤਾਉ; ਵਤਿ ਕੁਆਰੀ ਨ ਥੀਐ॥੬੩॥ ਰੱਬ ਰੂਪ ਬਾਬਾ (ਫਰੀਦਾ)ਫ਼ਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਅਕਾਲ ਮੂਰਤਿ ਵਰੁ ਪਾਇਆ ਅਬਿਨਾਸੀ; ਨਾ ਕਦੇ ਮਰੈ ਨ ਜਾਇਆ॥ ਅਨੁਸਾਰ ਪੂਰਨ ਗੁਰੂ ਜੀ ਤੋਂ ਅਬਿਨਾਸੀ ਵਰ ਨੂੰ ਪ੍ਰਾਪਤ ਕਰਕੇ (ਵਤਿ)ਫਿਰ ਕੁਆਰੀ ਹੋਣ ਦਾ ਏਹੋ ਜੋ (ਪਛੋਤਾਉ)ਪਛਤਾਵਾ ਝੋਰਾ ਕਜੀਆ ਹੈ, ਇਹ (ਨ)ਨਹੀਂ (ਥੀਐ)ਹੁੰਦਾ। ਯਥਾ:- ਸਖੀ ਵਸਿ ਆਇਆ. ਫਿਰਿ ਛੋਡਿ ਨ ਜਾਈ; ਇਹ ਰੀਤਿ ਭਲੀ ਭਗਵੰਤੈ॥੬੩॥

Sri Satguru Jagjit Singh Ji eLibrary NamdhariElibrary@gmail.com

ਕੱਲਰ, ਉ- ਲੱਥੇ- ਕਲਰ ਕੇਰੀ ਛਪੜੀ; ਆਇ ਉਲਥੇ ਹੰਝ॥ ਚਿੰਜੂ ਬੋੜਨ੍ਹਿ ਨਾ ਪੀਵਹਿ; ਉਡਣ ਸੰਦੀ ਡੰਝ॥੬੪॥ ਜਿਵੇਂ ਕਾਲਰੀ ਧਰਤੀ, ਤੇਜ਼ ਕੌੜੀ ਹੋਣ ਕਾਰਣ, ਉਸ 'ਚ ਫ਼ਸਲ ਨਹੀਂ ਹੁੰਦੀ, ਕਾਲਰੀ ਧਰਤੀ ਦੀ ਛੱਪੜੀ ਭੀ ਤੇਜ਼ ਕੌੜੀ ਹੁੰਦੀ ਹੈ। ਉਸ 'ਚ ਛੋਰਾ ਜਿਹਾ ਹੁੰਦਾ ਹੈ। ਦ੍ਰਿਸ਼ਟਾਂਤ:- ਜਿਵੇਂ ਕਲਰ (ਕੇਰੀ)ਦੀ ਅਤਿਅੰਤ ਕਉੜੀ ਛਪੜੀ 'ਤੇ (ਹੰਝ)ਹੰਸ ਆਇ ਕੇ (ਉਲਥੇ)ਉਤਰੇ, ਪਾਸ ਬੈਠ ਗਏ। ਕੌੜੀ ਜਾਣ ਕੇ, ਉਸ 'ਚ ਆਪਣੀ (ਚਿੰਜੂ)ਚੁੰਜ (ਨਾ)ਨਹੀਂ (ਬੋੜਨ੍ਹਿ)ਡੁਬੋਂਦੇ, ਨਾ ਹੀ ਕੌੜੇ ਪਾਣੀ ਨੂੰ (ਪੀਵਹਿ)ਪੀਂਦੇ ਹਨ, ਕਿਉਂ ਜੋ ਉਨ੍ਹਾਂ ਨੂੰ ਉੱਥੋਂ ਉਡਣ (ਸੰਦੀ)ਦੀ (ਡੰਝ)ਇੱਛਾ ਹੁੰਦੀ ਹੈ। ਪਰਮ ਪਿਆਰੇ ਰਾਮ ਜੀ ਦੀ ਕੁਦਰਤਿ ਨਾਲ, ਬਹਿ ਜ਼ਰੂਰ ਗਏ, ਉਨ੍ਹਾਂ ਨੂੰ ਮਾਨਸ੍ਰੋਵਰ ਵਾਲੀ ਖ਼ੁਸ਼ਬੋ ਖਾਣਾ ਹੀਰਾ ਮੋਤੀ ਨਹੀਂ ਮਿਲਦਾ। ਯਥਾ:- ਸਲੋਕੁ ਮਃ ੧॥ ਸਰਵਰ ਹੰਸ. ਧੁਰੇ ਹੀ ਮੇਲਾ; ਖਸਮੈ ਏਵੈ ਭਾਣਾ॥ ਸਰਵਰ ਅੰਦਰਿ ਹੀਰਾ ਮੋਤੀ; ਸੋ ਹੰਸਾ ਕਾ ਖਾਣਾ॥

ਇਉਂ ਕਲਰ ਦੀ ਅਤਿਅੰਤ ਕਉੜੀ (ਛਪੜੀ)ਕੁਸੰਗਤ ਹੈ, ਜਿਸ 'ਚ ਭੂਤ ਪ੍ਰੇਤ ਉਪਾਸ਼ਨਾ ਕਰਨ ਕਰਾਉਣ ਵਾਲੇ ਦੰਭੀ ਪਖੰਡੀ ਸ਼ਰਾਬੀ ਕਬਾਬੀ ਵਿਭਚਾਰੀ ਪਾਣੀ ਵਾਂਗ ਰਹਿ ਰਹੇ ਹਨ। ਯਥਾ:- ਅਸੰਖ ਮੂਰਖ; ਅੰਧ ਘੋਰ॥ ਅਸੰਖ ਚੋਰ; ਹਰਾਮਖੋਰ॥ ਅਸੰਖ ਅਮਰ; ਕਰਿ ਜਾਹਿ ਜੋਰ॥ ਅਸੰਖ ਗਲ ਵਢ; ਹਤਿਆ ਕਮਾਹਿ॥ ਅਸੰਖ ਪਾਪੀ; ਪਾਪੁ ਕਰਿ ਜਾਹਿ॥ ਅਸੰਖ ਕੂੜਿਆਰ; ਕੂੜੇ ਫਿਰਾਹਿ॥ ਅਸੰਖ ਮਲੇਛ; ਮਲੁ ਭਖਿ ਖਾਹਿ॥ ਅਸੰਖ ਨਿੰਦਕ; ਸਿਰਿ ਕਰਹਿ ਭਾਰੁ॥ ਨਾਨਕੁ ਨੀਚੁ ਕਹੈ ਵੀਚਾਰੁ॥ ਵਾਰਿਆ ਨ ਜਾਵਾ; ਏਕ ਵਾਰ॥ ਜੋ ਤੁਧੁ ਭਾਵੈ; ਸਾਈ ਭਲੀ ਕਾਰ॥ ਤੂ ਸਦਾ ਸਲਾਮਤਿ; ਨਿਰੰਕਾਰ॥੧੮॥ (ਹੰਝ)ਹੰਸਾਂ ਵਾਂਗ ਪਰਮਹੰਸ ਬ੍ਰਹਮਗਿਆਨੀ ਆਇ ਕੇ ਉਤਰੇ, ਕੁਸੰਗਤ ਰੂਪ ਛਪੜੀ ਪਾਸ ਬੈਠ ਗਏ। ਸ਼ਰਾਬ ਸਿਗ੍ਰਟ ਬਦਬੋ ਕੌੜੀ ਜਾਣ ਕੇ, ਉਸ 'ਚ ਆਪਣੀ ਬ੍ਰਿਤੀ ਰੂਪੀ ਚੁੰਜ ਨਹੀਂ ਡੁਬੋਂਦੇ, ਕੁਸੰਗਤ ਦੀ ਕੋਈ ਵਿਚਾਰ ਬ੍ਰਿਤੀ 'ਚ ਨਹੀਂ ਲਿਆਉਂਦੇ, ਨਾ ਹੀ ਸ਼ਰਾਬ ਤਮਾਕੂ ਰੂਪ ਕੌੜੇ ਪਾਣੀ ਨੂੰ ਪੀਂਦੇ ਹਨ, ਕਿਉਂ ਜੋ ਉਨ੍ਹਾਂ ਨੂੰ ਉੱਥੋਂ ਕੁਸੰਗਤ ਤੋਂ ਉਡਣ ਦੀ (ਡੰਝ)ਇੱਛਾ ਹੁੰਦੀ ਹੈ। ਪਰਮ ਪਿਆਰੇ ਰਾਮ ਜੀ ਦੀ ਕੁਦਰਤਿ ਨਾਲ, ਬਹਿ ਜ਼ਰੂਰ ਗਏ, ਉਨ੍ਹਾਂ ਨੂੰ ਸਤਿਸੰਗਤਿ ਰੂਪ ਮਾਨਸ੍ਰੋਵਰ ਵਾਲੀ ਪ੍ਰੇਮਾਂ- ਭਗਤੀ ਰੂਪ ਖ਼ੁਸ਼ਬੋ, ਗੁਰਸਬਦ ਰੂਪ ਹੀਰਾ ਮੋਤੀ ਖਾਣਾ ਨਹੀਂ ਮਿਲਦਾ। ਨਿਰਲੇਪ ਰਹਿ ਕੇ ਸ਼ੁਭ ਸੱਚਾ ਉਪਦੇਸ਼ ਦੇ ਕੇ, ਉੱਥੋਂ ਛੇਤੀ ਉਡਾਰੀ ਮਾਰ ਦਿੰਦੇ ਹਨ। ਬਹੁਤ ਉੱਚਾ ਆਦਰਸ਼ ਹੈ, ਬੜੀ ਹੀ ਉੱਚੀ ਗੰਭੀਰਤਾ ਵਾਲੀ ਧੁਨਿ 'ਚ ਸ਼ੁਭ ਸੱਚਾ ਉਪਦੇਸ਼ ਹੈ, ਜ਼ਿੰਦਗੀ 'ਚ ਕਿਸੇ ਕਾਰਨ ਕਰਕੇ ਜੇ ਕੁਸੰਗਤ 'ਚ ਜਾਣ ਦਾ ਕਾਰਨ ਬਣ ਜਾਵੇ, ਉੱਥੋਂ ਛੇਤੀ ਹੀ ਹੰਸ ਵਾਂਗ ਉਡਾਰੀ ਮਾਰ ਕੇ ਸਤਿਸੰਗਤਿ ਜੀ 'ਚ ਚਲੇ ਜਾਉ, ਸੁਆਸ ੨ ਹਰਿ ੨ ਧਿਆਉ, ਸ਼ੁਭ ਸੇਵ ਕਮਾਉ, ਗੁਰੂ ਜੀ ਦੀਆਂ ਖ਼ੁਸ਼ੀਆਂ ਪਾਉ। ਯਥਾ:- ਕਬੀਰ.ਸਾਕਤ ਸੰਗੁ ਨ ਕੀਜੀਐ; ਦੂਰਹਿ ਜਾਈਐ ਭਾਗਿ॥ ਬਾਸਨੁ ਕਾਰੋ ਪਰਸੀਐ ਤਉ ਕਛੁ ਲਾਗੈ ਦਾਗੁ॥) ਜਿਵੇਂ ਬਾਬਾ ਫ਼ਰੀਦ ਸਾਹਿਬ ਜੀ ਆਪਣੇ ਗੁਰਦੇਵ ਮਾਤਾ ਗੁਰਦੇਵ ਪਿਤਾ; ਗੁਰਦੇਵ ਸੁਆਮੀ ਪਰਮੇਸੁਰਾ॥ ਸੁਆਮੀ ਮਹਾਂ ਪੁਰਸ਼ ਸ਼ਾਹਸਰਫ਼ ਜੀ ਦੀ ਸੇਵਾ ਲਈ ਅੱਗ ਲੈਣ ਗਏ, ਪਾਕਪਟਨ ਸ਼ਹਿਰ 'ਚ ਇੱਕ ਘਰ ਦੀਵਾ ਬਲ ਰਿਹਾ ਸੀ, ਜਾ ਬੂਹਾ ਖੜਕਾਇਆ, ਅੰਦਰ ਜਾ ਕੇ ਵੇਖਿਆ ਛੱਟੀ ਫ਼ੁਕੀ ਬੇਸਵਾ ਬੈਠੀ ਹੈ। ਉਸ ਕਿਹਾ, "ਮੇਰੇ ਕੋਲੇ ਬਹਿ ਜਾ। " ਪੂਰਨ ਭਗਤ ਜੀ ਨੇ ਕਿਹਾ, "ਦਾਸਨ ਦਾਸ ਰੱਬ ਦਾ ਗ਼ੀਬ ਕੁੱਤਾ ਹੈ, ਇਹ ਭੈੜਾ ਕੰਮ ਦਾਸਨ ਦਾਸ ਨਹੀਂ ਕਰ ਸਕਦਾ, ਅੱਗ ਦੇਉ ਜੀ" ਕਹਿੰਦੀ, "ਚੰਗਾ ਜੇ ਮੇਰੇ ਕੋਲੇ ਨਹੀਂ ਬਹਿਣਾ, ਤਾਂ ਫਿਰ ਇੱਕ ਅੱਖ ਕੱਢ ਕੇ ਦੇ, ਅੱਗ ਲੈ ਜਾ"। ਇਤਨੀ ਵੱਡੀ ਸ਼ਰਤ ਰੱਖ ਦਿਤੀ ਓਸ ਵੇਲੇ ਦਲੇਰ ਸ਼ੇਰ ਸੂਰਬੀਰ ਮਰਦ ਬਹਾਦਰ ਨੇ ਚਾਕੂ ਨਾਲ ਅੱਖ ਕੱਢ ਕੇ ਵੇਸਵਾ ਨੂੰ ਦੇ ਦਿਤੀ ਅਤੇ ਆਪ ਪੱਟੀ ਬੰਨ੍ ਲਈ, ਅੱਗ ਲੈ ਕੇ ਗੋਹਾ ਧੁਖਾ ਕੇ, ਬੁੱਕਲ 'ਚ ਲੈ ਲਿਆ, ਅੱਗ ਲੈ ਕੇ ਆ ਗਏ, ਵੇਸਵਾ ਕੱਲਰ ਕੇਰੀ ਛੱਪੜੀ ਸੀ। ਉੱਥੇ ਆਇ ਉਲਥੇ ਹੰਝ ਕੌਣ? ਭਗਤ ਬਾਬਾ

Sri Satguru Jagjit Singh Ji eLibrary NamdhariElibrary@gmail.com

ਫਰੀਦ ਸਾਹਿਬ ਜੀ। ਨਾਂ ਇੱਥੇ ਉਹਨਾ ਬ੍ਰਿਤੀ ਰੂਪੀ ਚੁੰਜ, ਗੰਦਗੀ 'ਚ ਡੁਬੋਈ, ਨਾ ਹੀ ਉੱਥੋਂ ਕਿਛ ਪੀਤਾ, ਉਡਣ ਦੀ ਹੀ ਇੱਛਾ ਸੀ।

ਹੰਸੁ ਉਡਰਿ. ਕੋਧ੍ਰੈ ਪਇਆ; ਲੋਕੁ ਵਿਡਾਰਣਿ ਜਾਇ॥ ਗਹਿਲਾ ਲੋਕੁ. ਨ ਜਾਣਦਾ; ਹੰਸੁ. ਨ ਕੋਧ੍ਰਾ ਖਾਇ॥੬੫॥ ਧੰਨ ਵਾਹਿਗੁਰੂ ਬਾਬਾ ਫ਼ਰੀਦ ਸਾਹਿਬ ਜੀ ਸੋ ਉਪ੍ਰੋਕਤ ਸਲੋਕ ਅਨੁਸਾਰ ਇਸ ਸਲੋਕ 'ਚ ਭੀ ਪਰਮਹੰਸ ਬ੍ਰਹਮਗਿਆਨੀ ਦੀ ਬਹੁਤ ਭਾਰੀ ਮਹਿਮਾ ਫ਼ੁਰਮਾ ਰਹੇ ਹਨ:- ਹੰਸੁ (ਉਡਰਿ)ਉੱਡ ਕੇ, ਬਾਜਰੇ ਨਾਲੋਂ ਭੀ ਖ਼ੁਸ਼ਕ, ਬਾਜਰੇ ਜੈਸੇ, ਕੋਧ੍ਰੈ ਦੇ ਖੇਤ 'ਚ (ਪਇਆ)ਬੈਠ ਗਿਆ, ਕੋਧ੍ਰੈ ਦਾ ਮਾਲਕ ਅਣਜਾਣ ਲੋਕੁ, ਉਸ ਨੂੰ (ਵਿਡਾਰਣਿ)ਉਡਾਉਣ ਜਾਂਦਾ ਹੈ। (ਗਹਿਲਾ)ਬੇਸਮਝ ਲੋਕੁ (ਨ)ਨਹੀਂ ਜਾਣਦਾ, ਹੰਸੁ ਕੋਧ੍ਰਾ ਨਹੀਂ (ਖਾਇ)ਖਾਂਦਾ, ਇਸ ਦੀ ਖ਼ੁਰਾਕ ਹੀਰੇ ਮੋਤੀ ਦੁੱਧ ਦੀਆਂ ਫੁੱਟੀਆਂ ਹਨ।

ਹੰਸੁ ਉਡਰਿ. ਕੋਧ੍ਰੈ ਪਇਆ; ਲੋਕੁ ਵਿਡਾਰਣਿ ਜਾਇ॥ ਗਹਿਲਾ ਲੋਕੁ. ਨ ਜਾਣਦਾ; ਹੰਸੁ. ਨ ਕੋਧ੍ਰਾ ਖਾਇ॥੬੫॥ {ਹੰਸ ਸਾਹਮਣੇ ਦੁੱਧ ਰੱਖਣ ਤੋਂ, ਚੁੰਝ ਦੁੱਧ 'ਚ ਪਾ ਦਿੰਦਾ ਹੈ, ਚੁੰਝ 'ਚ ਖਟਿਆਈ ਕਾਰਨ, ਦੁੱਧ ਦੀਆਂ ਫੁੱਟੀਆਂ ਅੱਡ, ਪਾਣੀ ਅੱਡ ਹੋ ਜਾਂਦਾ ਹੈ। ਪਾਣੀ ਤਿਆਗ ਕੇ, ਕੇਵਲ ਦੁੱਧ ਦੀਆਂ ਫੁੱਟੀਆਂ, ਹੀਰਾ ਮੋਤੀ ਹੀ ਖਾਂਦਾ ਹੈ। ਇਉਂ ਗੁਰਮੁਖਿ ਪਰਮਹੰਸ ਬ੍ਰਹਮਗਿਆਨੀ ਮਹਾਂਪੁਰਖ, ਅਪਣੀ ਬ੍ਰਿਤੀ ਰੂਪੀ ਚੁੰਜ 'ਚ, ਪ੍ਰੇਮਾ-ਭਗਤੀ ਰੂਪੀ ਖਟਿਆਈ ਦੁਆਰਾ, ਕਤਲ ਵਿਕਾਰ ਪਾਪ ਰੂਪੀ ਜਲ ਤਿਆਗ ਕੇ, ਕੇਵਲ ਨਾਮੁ ਰੂਪੀ ਦੁੱਧ ਹੀ ਖਾਂਦੇ ਹਨ।} (ਹੰਸੁ)ਪਰਮਹੰਸ ਬ੍ਰਹਮਗਿਆਨੀ (ਉਡਰਿ)ਉੱਡ ਕੇ, ਚੱਲ ਕੇ ਦੰਭੀ ਪਖੰਡੀ ਸ਼ਰਾਬੀ ਕਬਾਬੀ ਵਿਭਚਾਰੀ ਪ੍ਰੇਮ ਰੂਪੀ ਸਲਾਭ ਰਹਿਤ ਕੋਧ੍ਰੈ ਵਾਂਗ ਖ਼ੁਸ਼ਕ ਲੋਕਾਂ ਨੂੰ, ਕੋਧ੍ਰੈ 'ਤੇ (ਪਇਆ)ਪੈਣ ਵਾਂਗ, ਸ਼ੁਭ ਸੱਚਾ ਉਪਦੇਸ਼ ਦੇਣ ਗਏ। ਹੰਸੁ ਮਹਾਂਪੁਰਸ਼ਾ ਦਾ ਆਸ਼ਾ ਉਨ੍ਹਾਂ ਨੂੰ ਉਪਦੇਸ਼ ਪਰਉਪਕਾਰ ਕਰਨ ਦਾ ਹੈ, ਕੋਧ੍ਰੈ ਦਾ ਮਾਲਕ ਅਣਜਾਣ ਲੋਕੁ, ਉਸ ਨੂੰ (ਵਿਡਾਰਣਿ)ਤੋਰਨ ਜਾਂਦਾ ਹੈ, ਇੱਥੋਂ ਸਾਡੀ ਜੂਹ ਚੋਂ ਬਾਹਰ ਨਿਕਲ ਜਾਉ, ਜਿਵੇਂ ਧੰਨ ਵਾਹਿਗੁਰੂ ਮਹਲੇ ਪਹਿਲੇ ਜੀ ਦੇ ਮਨ 'ਚ ਆਪਣੇ ਜੱਦੀ ਨੱਗਰ ਦਾ ਪ੍ਰੇਮ ਆਇਆ ਇਨ੍ਹਾਂ ਨੂੰ ਅਜਪਾ ਜਾਪ ਨਿਰੰਕਾਰ ਜੀ ਦੇ ਨਾਲ ਜੋੜੀਏ, ਆਪ ਸਾਹਿਬ ਜੀ, ਸ੍ਰੀ ਗੋਇੰਦਵਾਲ ਸਾਹਿਬ ਜੀ ਦੇ ਨੇੜੇ ਪਿੰਡ ਪੱਠੇਵਿੰਡ ਗਏ, ਉਨ੍ਹਾਂ ਸੋਚਿਆ ਜੇ ਇਨ੍ਹਾਂ ਦਾ ਇੱਥੇ ਟਿਕਣਾ ਹੋਇਆ ਤਾਂ ਜਾਇਦਾਦ ਮੰਗਣਗੇ, ਆਪ ਸਾਹਿਬ ਜੀ ਨੂੰ ਉੱਥੋਂ ਉਠਾ ਦਿਤਾ। ਉੱਥੇ ਹੁਣ ਯਾਦਗਾਰ ਗੁਰਦੁਆਰਾ ਸਾਹਿਬ ਜੀ ਹਨ।

ਗਹਿਲਾ ਲੋਕੁ. ਨ ਜਾਣਦਾ; ਹੰਸੁ. ਨ ਕੋਧ੍ਰਾ ਖਾਇ॥੬੫॥ ਬੇਸਮਝ ਲੋਕੁ ਇਹ ਨਹੀਂ ਜਾਣਦੇ, ਹੰਸੁ ਕੋਧ੍ਰਾ ਨਹੀਂ ਖਾਂਦਾ, ਭਾਵ ਕੋਧ੍ਰੇ ਦੇ ਖੇਤ ਨੂੰ ਖਾਣ ਵਾਂਗ ਕਿਸੇ ਦੀ ਧੀ ਭੈਣ ਵੱਲ ਬੁਰਾ ਨਹੀਂ ਦੇਖਦੇ, ਕਿਉਂਕਿ ਉਨ੍ਹਾਂ ਦਾ ਇਹ ਪ੍ਰਪੱਕ ਨਿਯਮ ਹੈ:- ਛੰਦ॥ ਸੁਧਿ ਜਬ ਤੇ ਹਮ ਧਰੀ; ਬਚਨ ਗੁਰ ਦਏ ਹਮਾਰੇ॥ ਪੂਤ ਇਹੈ ਪ੍ਰਨ ਤੋਹਿ; ਪ੍ਰਾਨ ਜਬ ਲਗ ਘਟ ਥਾਰੇ॥ ਨਿਜ ਨਾਰੀ ਕੇ ਸਾਥ; ਨੇਹੁ ਤੁਮ ਨਿੱਤ ਬਢੈਯਹੁ॥ ਪਰ ਨਾਰੀ ਕੀ ਸੇਜ; ਭੂਲਿ ਸੁਪਨੇ ਹੂੰ ਨ ਜੈਯਹੁ॥੫੧॥ ਪਰ ਨਾਰੀ ਕੇ ਭਜੇ; ਸਹਸ ਬਾਸਵ ਭਗ ਪਾਏ॥ ਪਰ ਨਾਰੀ ਕੇ ਭਜੇ; ਚੰਦ੍ਰ ਕਾਲੰਕ ਲਗਾਏ॥ ਪਰ ਨਾਰੀ ਕੇ ਹੇਤ; ਸੀਸ ਦਸ ਸੀਸ ਗਵਾਯੋ॥ ਹੋ, ਪਰ ਨਾਰੀ ਕੇ ਹੇਤ; ਕਟਕ ਕਵਰਨ ਕੌ ਘਾਯੋ॥੫੨॥ ਪਰ ਨਾਰੀ ਸੌ ਨੇਹੁ; ਛੁਰੀ ਪੈਨੀ ਕਰਿ ਜਾਨਹੁ॥ ਪਰ ਨਾਰੀ ਕੇ ਭਜੇ; ਕਾਲ ਬਜਾਪਯੋ ਤਨ ਮਾਨਹੁ॥ ਅਧਿਕ ਹਰੀਫੀ ਜਾਨਿ; ਭੋਗ ਪਰ ਤ੍ਰਿਯ ਜੋ ਕਰਹੀ॥ ਹੋ, ਅੰਤ ਸ੍ਵਾਨ ਕੀ ਮ੍ਰਿਤੁ; ਹਾਥ ਲੇਂਡੀ ਕੇ ਮਰਹੀ॥੫੩॥ ਬਾਲ ਹਮਾਰੇ ਪਾਸ; ਦੇਸ ਦੇਸਨ ਤ੍ਰਿਯ ਆਵਹਿ॥ ਮਨ ਬਾਂਛਤ ਬਰ ਮਾਂਗਿ; ਜਾਨਿ ਗੁਰ.ਸੀਸ ਝੁਕਾਵਹਿ॥ ਸਿੱਖਜ ਪੁੱਤ੍ਰ ਤ੍ਰਿਯ.ਸੁਤਾ ਜਾਨਿ; ਅਪਨੇ ਚਿਤ ਧਰਿਯੈ॥ ਹੋ, ਕਹੁ ਸੁੰਦਰਿ ਤਿਹ ਸਾਥ; ਗਵਨ ਕੈਸੇ ਕਰ ਕਰਿਯੈ॥੫੪॥) ਦੇਖਿ ਪਰਾਈਆ ਚੰਗੀਆਂ; ਮਾਵਾਂ ਭੈਣਾ ਧੀਆਂ ਜਾਣੈ।) ਏਕਾ ਨਾਰੀ ਜਤੀ ਹੋਇ; ਪਰ ਨਾਰੀ ਧੀ ਭੈਣ ਵਖਾਣੈ।) ਹਉ

Sri Satguru Jagjit Singh Ji eLibrary NamdhariElibrary@gmail.com

ਤਿਸੁ.ਘੋਲਿ ਘੁਮਾਇਆ; ਪਰ ਨਾਰੀ ਦੇ.ਨੇੜਿ ਨ ਜਾਵੈ।) ਧ੍ਰਿਗੁ ਲੋਇਣ ਗੁਰ ਦਰਸ ਵਿਣੁ; ਵੇਖੈ ਪਰ ਤਰਣੀ॥) ਜੈਸੇ ਬਿਖੁ ਤਨਕ ਹੀ ਖਾਤ ਮਰਿ ਜਾਤਿ ਤਾਤ; ਗਾਤਿ ਮੁਰਝਾਤ ਪ੍ਰਤਿਪਾਲੀ ਬਰਖਨ ਕੀ। ਮਹਿਖੀ ਦੁਹਾਇ ਦੂਧ ਰਾਖੀਐ ਭਾਂਜਨ ਭਰਿ; ਪਰਤਿ ਕਾਂਜੀ ਕੀ ਬੂੰਦ ਬਾਦਿ ਨ ਰਖਨ ਕੀ। ਜੈਸੇ ਕੋਟਿ ਭਾਰਿ ਤੂਲਿ, ਰੰਚਕ ਚਿਨਗ ਪਰੇ; ਹੋਤ ਭਸਮਾਤ ਛਿਨ ਮੈ ਅਕਰਖਨ ਕੀ। ਤੈਸੇ ਪਰ ਤਨ ਧਨ ਦੂਖਨਾ ਬਿਕਾਰ ਕੀਏ; ਹਰੈ ਨਿਧਿ ਸੁਕ੍ਰਿਤ ਸਹਜ ਹਰਖਨ ਕੀ॥੫੦੬॥ ਕਬਿਤ)

ਸਾਡੀ ਧਰਤੀ ਤੇ ਕਬਜ਼ਾ ਕਰ ਲੈਣਗੇ, ਇਹ ਨਹੀਂ ਜਾਣਦੇ, ਉਹ ਪਰਾਏ ਹੱਕ ਨੂੰ ਪ੍ਰਵਾਣ ਨਹੀਂ ਕਰਦੇ। ਯਥਾ:- ਮਃ ੧॥ ਹਕੁ ਪਰਾਇਆ ਨਾਨਕਾ; ਉਸੁ ਸੂਅਰ. ਉਸੁ ਗਾਇ॥ ਉਨ੍ਹਾਂ ਤੋਂ ਸ਼ੁਭ ਸੱਚਾ ਉਪਦੇਸ਼ ਲੈ ਕੇ, ਜਮਾਂ ਚੌਰਾਸੀ ਦੇ ਗੇੜੇ ਤੋਂ ਛੁੱਟਣ ਦਾ ਰਾਹ ਨਹੀਂ ਬਣਾਉਂਦੇ। ਉਨ੍ਹਾਂ ਦੀ ਸੇਵਾ ਕਰਕੇ ਖੁਸ਼ੀ ਲੈਣ ਦੀ ਬਜਾਏ, ਨਿਰਾਜ਼ਗੀ ਲੈਂਦੇ ਹਨ, ਇਸ 'ਚ ਗੂੜ੍ਹੀ ਰਮਜ਼ ਸਮਝ ਦਿਤੀ ਹੈ, ਨਿਰਦੋਸ਼ ਪੁਰਖ ਤੇ ਸ਼ੰਕਾ ਕਰਨਾ, ਵੱਡੀ ਭਾਰੀ ਬੇਸਮਝੀ ਹੈ। ਉਨ੍ਹਾਂ ਦੀ ਸ਼ੁਭ ਸੱਚੀ ਸੇਵਾ ਕਰਕੇ ਪਰਮ ਪ੍ਰਸੰਨਤਾ ਲੈਣੀ ਚਾਹੀਦੀ ਹੈ। ਜਿਹੜੇ ਬੰਦੇ ਔਗੁਣ ਨਹੀਂ ਤਿਆਗਦੇ, ਭੈੜਿਆਂ ਦਾ ਸੁਭਾਅ ਦੱਸਿਆ ਹੈ, ਪੂਰਨ ਮਹਾਂ ਪੁਰਸ਼ਾਂ ਜੀ ਦੀ ਨਿੰਦਿਆ ਕਰਦੇ ਹਨ, ਪੁੱਠੇ ਰਾਹ ਚਲਦੇ ਹਨ। ਯਥਾ:- ਸੰਤਾ ਨਾਲਿ ਵੈਰੁ ਕਮਾਵਦੇ; ਦੁਸਟਾ ਨਾਲਿ ਮੋਹੁ ਪਿਆਰੁ॥ ਅਗੈ ਪਿਛੈ ਸੁਖੁ ਨਹੀ; ਮਰਿ ਜੰਮਹਿ ਵਾਰੋ ਵਾਰ॥) ਟੇਢੀ ਪਾਗ ਟੇਢੇ ਚਲੇ; ਲਾਗੇ ਬੀਰੇ ਖਾਨ॥ ਭਾਉ ਭਗਤਿ ਸਿਉ. ਕਾਜੁ ਨ ਕਛੂਐ; ਮੇਰੋ ਕਾਮੁ ਦੀਵਾਨ॥) ਚਲਤ ਕਤ ਟੇਢੇ; ਟੇਢੇ ਟੇਢੇ॥ ਅਸਤਿ ਚਰਮ.ਬਿਸਟਾ ਕੇ ਮੂੰਦੇ; ਦੁਰਗੰਧ ਹੀ ਕੇ ਬੇਢੇ॥੧॥) ਬਾਵੈ ਮਾਰਗੁ; ਟੇਢਾ ਚਲਨਾ॥ ਸੀਧਾ ਛੋਡਿ; ਅਪੂਠਾ ਬੁਨਨਾ॥) ਸਾਕਤ ਕੀ, ਐਸੀ ਹੈ ਰੀਤਿ॥ ਜੋ ਕਿਛੁ ਕਰੈ; ਸਗਲ ਬਿਪਰੀਤਿ॥) ਭਉਦੇ ਫਿਰਹਿ; ਬਹੁ ਮੋਹ ਪਿਆਸਾ॥ ਕੁਸੰਗਤਿ ਬਹਹਿ.ਸਦਾ ਦੁਖੁ ਪਾਵਹਿ; ਦੁਖੋ ਦੁਖੁ ਕਮਾਇਆ॥

ਚੱਲਿ ਚੱਲਿ- ਚਲਿ ਚਲਿ ਗਈਆਂ ਪੰਖੀਆ; ਜਿਨੀ ਵਸਾਏ ਤਲ॥ ਚੱਲਸੀ ਥੱਕੇ ਇ- ਕੱਲ- ਫਰੀਦਾ. ਸਰੁ ਭਰਿਆ ਭੀ ਚਲਸੀ; ਥਕੇ ਕਵਲ ਇਕਲ॥੬੬॥ ਵਾਹਿਗੁਰੂ ਮਹਾਂ ਵਿਸਮਾਦ ਸ੍ਰਬ ਵਿਆਪੀ ਵੈਰਾਗ ਹੀ ਵੈਰਾਗ, ਤਿਆਗ ਹੀ ਤਿਆਗ ਅਥਾਹ ਤਿਆਗ ਦਾ ਪੂਰਨ ਬਾਬਾ ਜੀ ਕਥਨ ਕਰ ਰਹੇ ਹਨ। (ਜਿਨੀ)ਜਿਨ੍ਹਾਂ (ਪੰਖੀਆ)ਪੰਛੀਆਂ ਨੇ (ਤਲ)ਦੇਸ਼ (ਤਲ)ਜੰਗਲ਼ ਵਸਾਏ ਸਨ, ਜੋ ਉਡਾਰੀਆਂ ਮਾਰਦੇ ਕਲੋਲਾਂ ਕਰਦੇ ਸਨ, ਜਿੱਥੇ ਧਰਤੀ 'ਤੇ ਰੌਣਕ ਲਾਉਂਦੇ ਸਨ, ਅਕਾਸ 'ਚ ਉਡਾਰੀਆਂ ਮਾਰਦੇ, ਅਕਾਸ ਨੂੰ ਸ਼ੋਭਨੀਕ ਬਣਾਉਂਦੇ, ਦੇਖਣ ਵਾਲਿਆਂ ਨੂੰ ਪਰਮ ਪ੍ਰਸੰਨ ਕਰਦੇ ਸਨ, ਜੋ ਭਜਨ ਕਰਨ ਵਾਲਿਆਂ ਨੂੰ, ਭਜਨ ਕਰਦੇ ਪ੍ਰਤੀਤ ਹੁੰਦੇ, ਮਹਾਂ ਵਿਸਮਾਦ ਕਰਦੇ ਸਨ। ਯਥਾ:- ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ; ਸੁ ਬਿਨੁ. ਹਰਿ ਜਾਪਤ ਹੈ, ਨਹੀ ਹੋਰ॥) (ਪੰਖੀਆ)ਪੰਛੀਆ ਦੀਆਂ ਡਾਰਾਂ ਦੀਆਂ ਡਾਰਾਂ, ਆਪੋ ਆਪਣੀ ਵਾਰੀ ਅਨੁਸਾਰ ਚਲਿ ਚਲਿ ਕੇ ਚਲੀਆ ਗਈਆਂ, ਜਦੋਂ ਤੋਂ ਸ੍ਰਿਸਟੀ ਰਚੀ ਹੈ, ਗਿਣਤੀ ਕੋਈ ਨਹੀਂ ਕਿਤਨੀਆਂ ਡਾਰਾਂ ਚਲੀਆਂ ਗਈਆਂ, ਹੁਣ ਭੀ ਜਾ ਰਹੀਆਂ ਹਨ, ਅੱਗੇ ਨੂੰ ਭੀ ਚਲੀਆਂ ਜਾਣਗੀਆਂ। ਯਥਾ:- ਖੇਲਿ ਗਏ ਸੇ ਪੰਖਣੂੰ; ਜੋ ਚੁਗਦੇ ਸਰ ਤਲਿ॥ ਘੜੀ ਕਿ.ਮੁਹਤਿ ਕਿ.ਚਲਣਾ; ਖੇਲਣੁ ਅਜੁ ਕਿ ਕਲਿ॥ ਜਿਸੁ ਤੂੰ ਮੇਲਹਿ.ਸੋ ਮਿਲੈ; ਜਾਇ ਸਚਾ ਪਿੜੁ ਮਲਿ॥੮॥ ਅਥਵਾ ਫੌਜਾਂ ਰੂਪੀ ਖੰਭਾਂ ਵਾਲੇ ਚੱਕ੍ਰਵਰਤੀ ਰਾਜਿਆਂ ਰੂਪ (ਪੰਖੀਆ)ਪੰਛੀਆਂ ਦੀਆਂ ਡਾਰਾਂ ਦੀਆਂ ਡਾਰਾਂ, ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥ ਅਨੁਸਾਰ ਆਪੋ ਅਪਣੀ ਵਾਰੀ ਅਨੁਸਾਰ ਚਲਿ ਚਲਿ ਕੇ, ਇਸ ਫ਼ਾਨੀ ਮਾਤਲੋਕ 'ਚੋਂ ਚਲੀਆ ਗਈਆਂ। {ਮੁਸਲਮਾਨਾਂ ਦੇ ਮਸਲਿਆ ਦੀਆਂ ਕਿਤਾਬਾਂ 'ਚ ਲਿਖਿਆ ਹੈ, ਇੱਕ ਕਦਮ ਚੁੱਕੀਏ ਰਾਜੇ ਦੀ ਕਬਰ 'ਤੇ, ਦੂਜਾ ਵਜ਼ੀਰ ਦੀ ਕਬਰ 'ਤੇ ਟਿਕਦਾ ਹੈ} ;ਜਿਨੀ ਵਸਾਏ ਤਲ॥

Sri Satguru Jagjit Singh Ji eLibrary NamdhariElibrary@gmail.com

(ਜਿਨੀ)ਜਿਨ੍ਹਾਂ ਰਾਜਿਆਂ ਨੇ (ਤਲ)ਦੇਸ਼ (ਤਲ)ਜੰਗਲ਼ (ਤਲ)ਅਸਥਾਨ ਬੜੇ ਸੋਹਣੇ ੨ ਸ਼ਹਿਰ, ਕਿਲੇ ਸੁੰਦਰ ਬਾਗਾਂ ਨਾਲ, ਸੁੰਦਰ ਰੰਗਾਂ ੨ ਦੇ ਢੰਗਾਂ ਨਾਲ ਵਸਾਏ ਸਨ।

ਚੱਲਸੀ ਥੱਕੇ ਇ- ਕੱਲ- ਫਰੀਦਾ. ਸਰੁ ਭਰਿਆ ਭੀ ਚਲਸੀ; ਥਕੇ ਕਵਲ ਇਕਲ॥੬੬॥ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ, ਹੇ ਫਰੀਦਾ! ਜਿਵੇਂ ਪੰਛੀਆਂ ਦੀਆ ਡਾਰਾਂ ਅਤੇ ਰਾਜੇ ਰੂਪ ਪੰਖੀਆਂ ਦੀਆਂ ਡਾਰਾਂ ਦੀਆਂ ਡਾਰਾਂ ਚਲੀਆਂ ਗਈਆਂ ਹਨ, ਤਿਵੇਂ ਅਨੇਕ ਪਦਾਰਥ ਜੀਅ ਜੰਤ ਰੂਪੀ ਪਾਣੀ ਦਾ ਭਰਿਆ ਸੰਸਾਰ ਰੂਪੀ (ਸਰੁ)ਸ੍ਰੋਵਰ ਭੀ (ਚਲਸੀ)ਚਲਿਆ ਜਾਵੇਗਾ। ਕਵਲ ਵਾਂਗ ਨਿਰਲੇਪ, ਕਵਲ ਵਾਂਗ ਸੋਹਣੇ, ਕਵਲ ਵਾਂਗ ਪ੍ਰੇਮਾ- ਭਗਤੀ ਦੀ ਸੁਗੰਧੀ ਸਹਿਤ ਵਾਹਿਗੁਰੂ ਜੀ (ਇਕਲ)ਇਕੱਲੇ (ਥਕੇ)ਅਸਥਿੱਤ ਰਹਿਣਗੇ ਅਥਵਾ ਔਗੁਣਾਂ ਵਿਕਾਰਾਂ ਦੋਸ਼ਾਂ ਤੋਂ, ਕਵਲ ਵਾਂਗ ਨਿਰਲੇਪ (ਇਕਲ)ਇਕੱਲੇ ਮਹਾਂਪੁਰਸ਼, ਬ੍ਰਹਮ 'ਚ ਲੀਣ ਹੋ ਕੇ (ਥਕੇ)ਅਸਥਿੱਤ ਰਹਿਣਗੇ। ਪੰਜ ਭੂਤਕ ਸ਼ਰੀਰ ਤਾਂ ਨਹੀਂ ਰਹਿੰਦੇ, ਜਿਵੇਂ ਬੂੰਦ ਸਮੁੰਦ੍ਰ 'ਚ ਮਿਲ ਕੇ, ਸਮੁੰਦ੍ਰ ਰੂਪ ਹੋ ਜਾਂਦੀ ਹੈ। ਇਉਂ ਵਾਹਿਗੁਰੂ ਜੀ 'ਚ ਲੀਨ ਹੋ ਕੇ, ਸਦਾ ਰਹਿਣਗੇ। ਯਥਾ:- ਜਿਉ ਜਲ ਮਹਿ ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ ਜੋਤਿ ਸਮਾਨਾ॥) ਮੈ ਨ ਮਰਉ; ਮਰਿਬੋ ਸੰਸਾਰਾ॥ ਅਬ ਮੋਹਿ; ਮਿਲਿਓ ਹੈ ਜੀਆਵਨਹਾਰਾ॥) ਥਿਰੁ ਪਾਰਬ੍ਰਹਮੁ ਪਰਮੇਸਰੋ; ਸੇਵਕੁ ਥਿਰੁ ਹੋਸੀ॥) ਅਬ ਤਉ ਜਾਇ ਚਢੇ ਸਿੰਘਾਸਨਿ; ਮਿਲੇ ਹੈ ਸਾਰਿੰਗ ਪਾਨੀ॥ ਰਾਮ ਕਬੀਰਾ.ਏਕ ਭਏ ਹੈ; ਕੋਇ ਨ ਸਕੈ ਪਛਾਨੀ॥) ਹਰਿ ਕੇ ਸੇਵਕ.ਜੋ ਹਰਿ ਭਾਏ; ਤਿਨ੍ ਕੀ ਕਥਾ ਨਿਰਾਰੀ ਰੇ॥ ਆਵਹਿ ਨ ਜਾਹਿ.ਨ ਕਬਹੂ ਮਰਤੇ; ਪਾਰਬ੍ਰਹਮ ਸੰਗਾਰੀ ਰੇ॥) ਨਿਹਚਲੁ ਸਚੁ ਖੁਦਾਇ ਏਕੁ; ਖੁਦਾਇ ਬੰਦਾ ਅਬਿਨਾਸੀ॥) ਨਿਸਿ ਬਾਸੁਰ ਨਖਿਅਤ੍ ਬਿਨਾਸੀ; ਰਵਿ ਸਸੀਅਰ ਬੇਨਾਧਾ॥ ਗਿਰਿ ਬਸੁਧਾ. ਜਲ ਪਵਨ ਜਾਇਗੋ; ਇਕਿ ਸਾਧ ਬਚਨ ਅਟਲਾਧਾ॥੧॥ ਅੰਡ ਬਿਨਾਸੀ ਜੇਰ ਬਿਨਾਸੀ; ਉਤਭੁਜ ਸੇਤ ਬਿਨਾਧਾ॥ ਚਾਰਿ ਬਿਨਾਸੀ. ਖਟਹਿ ਬਿਨਾਸੀ; ਇਕਿ ਸਾਧ ਬਚਨ ਨਿਹਚਲਾਧਾ॥੨॥ ਰਾਜ ਬਿਨਾਸੀ. ਤਾਮ ਬਿਨਾਸੀ; ਸਾਤਕੁ ਭੀ ਬੇਨਾਧਾ॥ ਦ੍ਰਿਸਟਿਮਾਨ ਹੈ ਸਗਲ ਬਿਨਾਸੀ; ਇਕਿ ਸਾਧ ਬਚਨ ਆਗਾਧਾ॥੩॥

ਫਰੀਦਾ. ਇਟ ਸਿਰਾਣੇ. ਭੁਇ ਸਵਣੁ; ਕੀੜਾ ਲੜਿਓ ਮਾਸਿ॥) ਜੁੱਗ- ਕੇਤੜਿਆ ਜੁਗ ਵਾਪਰੇ; ਇਕਤੁ ਪਇਆ ਪਾਸਿ॥੬੭॥ {ਜੰਗ ਬੀਮਾਰੀ ਕਰਕੇ ਇਕੱਠੀਆਂ ਮੌਤਾਂ ਹੋਣ ਤੋਂ ਉਨ੍ਹਾਂ ਨੂੰ ਕਬਰ 'ਚ ਵੀ ਨਹੀਂ ਪਾਉਂਦੇ। ਜੀਵ ਮਰਨ ਤੋਂ ਬਾਅਦ ਧਰਤੀ ਤੇ ਸੌਂ ਜਾਂਦੇ ਹਨ, ਇਟ ਦੇ ਸਿਰਾਣੇ ਲਾਏ ਜਾਂਦੇ ਹਨ, ਉਨ੍ਹਾਂ ਦੇ ਮਾਸ ਨੂੰ ਕੀੜਾ ਖਾ ਜਾਂਦਾ ਹੈ। ਜਿੱਥੇ ਹੁਣ ਕਈ ੨ ਸਿਰਾਣੇ ਲਾ ਕੇ ਪੋਲਿਆਂ ਗੱਦਿਆਂ 'ਤੇ ਪੈਂਦਾ ਹੈ। ਪਰਮਪੂਜਨੀਕ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ, ਕਬਰ 'ਚ ਸਿਰਾਣੇ ਇਟ ਰੱਖੀ ਜਾਂਦੀ ਹੈ, (ਭੁਇ)ਧਰਤੀ ਕਬਰ 'ਚ (ਸਵਣੁ) ਸੌਣਾ ਹੁੰਦਾ ਹੈ, ਇਸ ਦੇ ਮਾਸਿ ਨੂੰ ਕੀੜਾ (ਲੜਿਓ)ਲੜਦਾ ਹੈ, ਭਾਵ ਖਾ ਜਾਂਦਾ ਹੈ। ਕਬਰ 'ਚ (ਇਕਤੁ)ਇੱਕੇ (ਪਾਸਿ)ਪਾਸੇ ਪਇਆ, (ਕੇਤੜਿਆ)ਕਿਤਨੇ ਜੁਗ (ਵਾਪਰੇ)ਲੰਘ ਜਾਂਦੇ ਹਨ। ਪ੍ਰਮਾਤਮਾ ਜੀ ਤੋਂ ਵਿਛੜਨੇ ਕਰਕੇ, ਇਸ ਨੂੰ ਜੰਮਣਾ ਮਰਨਾ, ਦੇਹ ਵੱਢੀ ਟੁੱਕੀ ਜਾਣੀ, ਦੇਹ ਨੂੰ ਕੀੜਿਆਂ ਨੇ ਖਾ ਜਾਣਾ, ਅਨੇਕਾਂ ਰੰਗਾਂ ਢੰਗਾਂ ਦੇ ਕਸ਼ਟ ਭੋਗਦੇ ਨੂੰ ਬੇਅੰਤ ਹੀ ਜੁਗ ਬਿਤੀਤ ਹੋ ਗਏ ਹਨ, (ਇਕਤੁ)ਇੱਕ ਕਸ਼ਟਾਂ (ਪਾਸਿ)ਕੋਲੇ ਪਇਆ ਨੂੰ, ਉਹ ਕਸ਼ਟ ਨਵਿਰਤ ਨਹੀਂ ਹੋ ਰਹੇ, ਘਣੇ ਹੀ ਵੈਰਾਗ ਦਾ ਕਥਨ ਹੈ, ਇਨ੍ਹਾਂ ਕਸ਼ਟਾਂ ਦੀ ਨਵਿਰਤੀ ਲਈ,ਪੂਰਨ ਗੁਰੂ ਜੀ ਦੇ ਸੱਚੇ ਚਰਨ- ਕਮਲ ਦ੍ਰਿੜ ਕਰਕੇ ਪਕੜ ਕੇ, ਆਗਿਆ ਰਜ਼ਾ ਮੰਨ ਕੇ, ਬੰਦਗੀ ਪਰਉਕਾਰ ਕਰੇ ਕਰਾਵੇ, ਨਿਹਾਲ ਹੋਵੇ।

ਟੁੱਟੀ, ਨੱਗਰ, ਲੱਜੁ- ਫਰੀਦਾ. ਭੰਨੀ ਘੜੀ ਸਵੰਨਵੀ; ਟੁਟੀ ਨਾਗਰ ਲਜੁ॥) ਨੱਠੀ ਅੱਜੁ- ਅਜਰਾਈਲੁ ਫਰੇਸਤਾ; ਕੈ ਘਰਿ ਨਾਠੀ ਅਜੁ॥੬੮॥ ਜਿਵੇਂ ਘੜੀ ਨੂੰ ਲੱਜ ਨਾਲ ਬੰਨ੍ ਕੇ ਲਮਕਾਇਆ ਜਾਵੇ, ਲੱਜ ਟੁੱਟਣ ਤੋਂ

Sri Satguru Jagjit Singh Ji eLibrary NamdhariElibrary@gmail.com

ਘੜੀ ਟੁੱਟ ਜਾਂਦੀ ਹੈ, ਇਉਂ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਦੁੱਧ ਮੱਖਣ ਨਾਲ ਪਾਲ਼ੀ, ਅਗਰ ਚੰਦਨ ਕਸਤੂਰੀ ਘਸਾ ਕੇ ਲਿੱਪੀ ਜਾਣ ਵਾਲੀ, ਕਬੀਰ. ਕੰਚਨ ਕੇ ਕੁੰਡਲ ਬਨੇ; ਊਪਰਿ ਲਾਲ ਜੜਾਉ॥ ਅਨੁਸਾਰ ਹੀਰੇ ਜਵਾਹਰਾਤਾਂ ਸੋਨੇ ਨਾਲ ਸ਼ਿੰਗਾਰੀ ਚਮਕਾਰੇ ਮਾਰਨ ਵਾਲੀ (ਸਵੰਨਵੀ)ਸੋਨੇ ਰੰਗੀ, ਨਗੁਰੀ ਦੇਹ ਰੂਪੀ ਘੜੀ (ਭੰਨੀ)ਭੱਜ ਗਈ, (ਨਾਗਰ)ਚਤਰ ਦੀ ਉਮਰ ਰੂਪੀ ਲਜੁ (ਟੂਟੀ)ਟੁੱਟ ਗਈ, ਜਿਸ (ਨਾਗਰ)ਚਤਰ ਦੀ (ਲਜੁ)ਸ਼ਰਮ ਟੁੱਟੀ ਹੋਈ ਸੀ ਭਾਵ ਨਿਰਲੱਜ ਹੋ ਕੇ, ਨਸ਼ੇ ਜੂਏ ਕੁਸੰਗਤ ਤਮਾਕੂ ਕਲੱਬਾਂ ਵਿਭਚਾਰ ਕਤਲ ਡਾਕੇ ਜੀਆਂ ਨੂੰ ਸਾੜਨ ਫ਼ੂਕਣ 'ਚ ਲੱਗਿਆ ਸੀ, ਉਸ ਦੀ ਅੱਜ ਸੋਨੇ ਰੰਗੀ ਦੇਹ ਰੂਪੀ ਘੜੀ ਭੱਜ ਗਈ।

ਅਜਰਾਈਲੁ ਫਰੇਸਤਾ; ਕੈ ਘਰਿ ਨਾਠੀ ਅਜੁ॥੬੮॥ ਹੁਣ ਅਜਰਾਈਲੁ ਫਰੇਸਤਾ ਜਮਦੂਤ ਆ ਗਿਆ ਹੈ, ਅਜੁ (ਕੈ)ਕਿਹੜੇ ਘਰਿ, (ਨਾਠੀ)ਭੱਜੇਗਾ? ਭਾਵ ਭੱਜਿਆ ਨਹੀਂ ਜਾਣਾ। ਯਥਾ:- ਕਬੀਰ. ਗਹਗਚਿ ਪਰਿਓ ਕੁਟੰਬ ਕੈ; ਕਾਂਠੈ. ਰਹਿ ਗਇਓ ਰਾਮੁ॥ ਆਇ ਪਰੇ ਧਰਮਰਾਇ ਕੇ; ਬੀਚਹਿ ਧੂਮਾ ਧਾਮ॥) ਨਿੰਦਕੁ.ਜਮਦੂਤੀ ਆਇ ਸੰਘਾਰਿਓ; ਦੇਵਹਿ ਮੂੰਡ ਊਪਰਿ ਮਟਾਕ॥) ਲਿਖਿਆ ਆਇਆ ਗੋਵਿੰਦ ਕਾ,ਵਣਜਾਰਿਆ ਮਿਤ੍ਰਾ; ਉਠਿ ਚਲੇ ਕਮਾਣਾ ਸਾਥਿ॥ ਇਕ ਰਤੀ ਬਿਲਮ. ਨ ਦੇਵਨੀ, ਵਣਜਾਰਿਆ ਮਿਤ੍ਰਾ; ਓਨੀ ਤਕੜੇ ਪਾਏ ਹਾਥ॥ ਲਿਖਿਆ ਆਇਆ.ਪਕੜਿ ਚਲਾਇਆ; ਮਨਮੁਖ ਸਦਾ ਦੁਹੇਲੇ॥ ਜਿਨੀ ਪੂਰਾ ਸਤਿਗੁਰੁ ਸੇਵਿਆ; ਸੇ ਦਰਗਹ ਸਦਾ ਸੁਹੇਲੇ॥ ਕਰਮ ਧਰਤੀ ਸਰੀਰੁ.ਜੁਗ ਅੰਤਰਿ; ਜੋ ਬੋਵੈ ਸੋ ਖਾਤਿ॥ ਕਹੁ ਨਾਨਕ.ਭਗਤ ਸੋਹਹਿ ਦਰਵਾਰੇ; ਮਨਮੁਖ ਸਦਾ ਭਵਾਤਿ॥) ਅਥਵਾ ਅਜਰਾਈਲੁ ਫਰੇਸਤਾ; ਕੈ ਘਰਿ ਨਾਠੀ ਅਜੁ॥੬੮॥ ਜ਼ਿੰਦ ਰੂਪ ਲਾੜੀ ਨੂੰ ਵਿਆਹੁਣ ਲਈ ਅਜੁ (ਕੈ)ਕਿਹੜੇ ਘਰਿ, ਫਰੇਸਤਾ ਅਜਰਾਈਲੁ ਜਮਦੂਤ (ਨਾਠੀ)ਪ੍ਰਹੁਣਾ ਆਇਆ ਹੈ, ਜੋ ਨਾਗਰ ਦੀ ਜ਼ਿੰਦ ਨੂੰ ਵਿਆਹ ਕੇ ਲੈ ਜਾਵੇਗਾ। ਯਥਾ:- ਜਿਤੁ ਦਿਹਾੜੈ. ਧਨ ਵਰੀ; ਸਾਹੇ ਲਏ ਲਿਖਾਇ॥ ਮਲਕੁ ਜਿ. ਕੰਨੀ ਸੁਣੀਦਾ; ਮੁਹੁ ਦੇਖਾਲੇ ਆਇ॥ ਹੱਡਾਂ- ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥) ਚੱਲਨੀ- ਸਾਹੇ ਲਿਖੇ. ਨ ਚਲਨੀ; ਜਿੰਦੂ ਕੂੰ ਸਮਝਾਇ॥ ਜਿੰਦੁ ਵਹੁਟੀ. ਮਰਣੁ ਵਰੁ; ਲੈ ਜਾਸੀ ਪਰਣਾਇ॥)

ਨੱਾਗਰ ਲੱਜੁ- ਫਰੀਦਾ. ਭੰਨੀ ਘੜੀ ਸਵੰਨਵੀ; ਟੂਟੀ ਨਾਗਰ ਲਜੁ॥ ੬੮ ਸਲੋਕ ਅਰਥ ਪੜ੍ਹੋ।

ਸੱਜਣ ਅੱਜੁ- ਜੋ ਸਜਣ. ਭੁਇ ਭਾਰੁ ਥੇ; ਸੇ ਕਿਉ ਆਵਹਿ ਅਜੁ॥੬੯॥) ਭਾਰੇ ਭੁਈ ਅਕਿਰਤਘਣ; ਮੰਦੀ ਹੂ ਮੰਦੇ॥ ਅਨੁਸਾਰ ਹੇ ਪਿਆਰਿਓ! (ਜੋ)ਜਿਹੜੇ ਹੰਕਾਰੀ ਵਿਕਾਰੀ ਮਹਾਂ ਪਾਪੀ ਅਕ੍ਰਿਤਘਣ ਸਜਣ, ਨਾਮ ਵਿਸਾਰ ਕੇ, ਧਰਤੀ 'ਤੇ ਵਾਧੂ ਭਾਰੁ ਸਨ, ਕਿਉਂ ਜੋ ਬੰਦਗੀ ਨਹੀਂ ਕਰਦੇ ਸਨ, ਮੰਦ- ਕਰਮ ਨਸ਼ੇ ਵਿਭਚਾਰ ਕਰਕੇ, ਜੀਆਂ ਨੂੰ ਦੁੱਖ ਦੇ ਰਹੇ ਸਨ, (ਸੇ)ਉਹ (ਅਜੁ)ਹੁਣ ਮੁੜ ਕੇ ਕਿਉ (ਆਵਹਿ)ਔਣਗੇ? ਭਾਵ ਨਹੀਂ ਔਣਗੇ, ਹੁਣ ਪ੍ਰਮਾਤਮਾ ਜੀ ਦਾ ਸੱਚਾ ਹੁਕਮ ਵਰਤ ਗਿਆ ਹੈ। ਯਥਾ:- ਵੈ ਸੁਤ ਵੈ ਬਿਤ, ਵੈ ਪੁਰ ਪਾਟਨ; ਬਹੁਰਿ. ਨ ਦੇਖੈ ਆਇ॥

ਕੁੱਤਿਆ- ਫਰੀਦਾ. ਬੇਨਿਵਾਜਾ ਕੁਤਿਆ; ਏਹ. ਨ ਭਲੀ ਰੀਤਿ॥ ਕਬਹੀ. ਚਲਿ ਨ ਆਇਆ; ਪੰਜੇ ਵਖਤ ਮਸੀਤਿ॥੭੦॥ {ਬਾਬਾ ਫਰੀਦਾ ਸਾਹਿਬ ਜੀ ਪੂਰਨ ਗ਼ਰੀਬੀ ਨਾਲ ਆਪਣੇ ਮਨ ਉਪਦੇਸ਼ ਦਿੰਦੇ ਹਨ, ਬਈ ਤੂੰ ਗੁਰਮਤਿ ਅਨੁਸਾਰ ਨਿਮਾਜ਼ ਨਹੀਂ ਪੜ੍ ਰਿਹਾ। ਗੁਰਮਤਿ ਅਨੁਸਾਰ ਪੰਜ ਨਿਮਾਜ਼ਾਂ ਇਹ ਹਨ:- ਮਃ ੧॥ ਪੰਜਿ ਨਿਵਾਜਾ. ਵਖਤ ਪੰਜਿ; ਪੰਜਾ. ਪੰਜੇ ਨਾਉ॥ ਪਹਿਲਾ ਸਚੁ. ਹਲਾਲ ਦੁਇ; ਤੀਜਾ. ਖੈਰ ਖੁਦਾਇ॥ ਚਉਥੀ. ਨੀਅਤਿ ਰਾਸਿ ਮਨੁ; ਪੰਜਵੀ. ਸਿਫਤਿ ਸਨਾਇ॥ ਕਰਣੀ ਕਲਮਾ ਆਖਿ ਕੈ; ਤਾ ਮੁਸਲਮਾਣੁ ਸਦਾਇ॥ ਨਾਨਕ. ਜੇਤੇ ਕੂੜਿਆਰ; ਕੂੜੈ ਕੂੜੀ ਪਾਇ॥੩॥ ਪਹਿਲੀ ਨਿਵਾਜ਼, ਸੱਚ ਬੋਲਣਾ, ਸੱਚ ਸੁਣਨਾ, ਸੱਚ ਵੇਖਣਾ, ਸੱਚੇ ਬ੍ਰਹਮ ਦਾ ਨਿਸਚਾ ਕਰਨਾ, ਸੱਚੇ ਨੂੰ ਜਪਣਾ ਜਪਾਉਣਾ, ਸੱਚੇ 'ਚ ਗ਼ਾੜੀ ਲਿਵ ਲਾਉਣੀ, ਸੱਚੇ ਪੁਰਖਾਂ ਦੀ

Sri Satguru Jagjit Singh Ji eLibrary NamdhariElibrary@gmail.com

ਸਤਿਸੰਗਤ ਕਰਨੀ, ਸੱਚਾ ਕੀਰਤਨ ਕਥਾ ਕਰਨੀ, ਸੱਚੇ ਸਬਦ 'ਚ ਲੀਣਤਾ ਪਾਉਣੀ। ਯਥਾ:- ਪਾਰਬ੍ਰਹਮੁ ਜਿਨਿ; ਸਚੁ ਕਰਿ ਜਾਤਾ॥ ਨਾਨਕ ਸੋ ਜਨੁ; ਸਚਿ ਸਮਾਤਾ॥) ਦੂਜੀ ਨਿਵਾਜ਼, (ਹਲਾਲ)ਸੱਚ ਹੱਕ ਦੀ ਕਮਾਈ ਕਰਨੀ। ਤੀਜਾ. ਖੈਰ ਖੁਦਾਇ॥ ਤੀਜੀ ਨਿਵਾਜ਼ ਹੈ, ਨਾਨਕ ਨਾਮ ਚੜ੍ਹਦੀ ਕਲਾ। ਤੇਰੇ ਭਾਣੇ ਸ੍ਰਬੱਤ ਦਾ ਭਲਾ। ਅਨੁਸਾਰ ਖ਼ੁਦਾ ਜੀ ਤੋਂ ਸ੍ਰਬੱਤ ਦੇ ਭਲੇ ਦੀ ਖ਼ੈਰ ਮੰਗਣੀ ਅਥਵਾ ਖੁਦਾਇ ਜੀ ਦੀ (ਖੈਰ)ਭਿੱਖਿਆ ਮੰਗਣੀ, ਭਾਵ ਭਿੱਖਿਆ 'ਚ ਖ਼ੁਦਾ ਜੀ ਹੀ ਪ੍ਰਾਪਤ ਹੋਣ। ਨੀਅਤਿ ਰਾਸਿ ਮਨੁ; ਚਉਥੀ ਨਿਵਾਜ਼, ਨੀਅਤਿ (ਰਾਸਿ)ਸਾਫ਼ ਕਰਨੀ, ਪੂਰਨ ਦਰਵੇਸ਼ ਸੰਤ ਜੀ ਦੀ ਨੀਅਤ ਸਾਫ਼ ਸਹੀ ਸੱਚੀ ਹੁੰਦੀ ਹੈ। ਯਥਾ:- ਮਿਲਦਿਆ. ਢਿਲ ਨ ਹੋਵਈ; ਜੇ. ਨੀਅਤਿ ਰਾਸਿ ਕਰੇ॥੧॥ ਪੰਜਵੀ ਸਿਫਤਿ ਸਨਾਇ॥ ਖ਼ੁਦਾ ਅੱਲਾ ਪਾਕ ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਵਡਿਆਈ ਕਰਨੀ ਪੰਜਵੀਂ ਨਿਵਾਜ਼ ਹੈ। ਵਾਹਿਗੁਰੂ ਮਾਰੂ ਰਾਗ 'ਚ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਇਹ ਅਮੋਲਕ ਪੰਜ- ਨਿਵਾਜ਼ਾਂ ਫ਼ੁਰਮਾਉਂਦੇ ਹਨ:- ਅਵਲਿ ਸਿਫਤਿ; ਦੂਜੀ ਸਾਬੂਰੀ॥ ਤੀਜੈ ਹਲੇਮੀ; ਚਉਥੈ ਖੈਰੀ॥ ਪੰਜਵੈ. ਪੰਜੇ ਇਕਤੁ ਮੁਕਾਮੈ; ਏਹਿ ਪੰਜਿ ਵਖਤ ਤੇਰੇ ਅਪਰਪਰਾ॥ ਹੇ ਅੱਲਾਪਾਕ ਖ਼ੁਦਾ ਜੀ ਦੇ ਪਿਆਰੇ ਬੰਦੇ! ਆਪ ਜੀ ਦੀ ਉਮਰ ਦੇ ਇਹ ਪੰਜ ਵੇਲੇ ਆਪ ਜੀ ਲਈ ਬੜੇ ਹੀ ਲਾਭਦਾਇਕ ਸਹਿਲੇ ਸਵੱਲੇ ਸੁਖਦਾਇਕ ਹੋ ਸਕਦੇ ਹਨ ਜੇ ਆਪ ਜੀ, ਪਹਿਲੀ ਨਿਵਾਜ਼ ਵਾਹਿਗੁਰੂ ਜੀ ਦੀ ਸਿਫ਼ਤ ਸਲਾਹ ਕਰਦੇ ਰਹੋਂ, ਸਬਰ ਸੰਤੋਖ ਦੂਜੀ ਨਿਵਾਜ਼ ਹੋਵੇ, ਤੀਜੀ ਨਿਮਾਜ਼ ਨਿਮ੍ਰਤਾ ਹਲੀਮੀ ਧਾਰਨੀ। ਚੌਥੈ ਵਕਤ 'ਚ, ਨਾਨਕ ਨਾਮ ਚੜਦੀ ਕਲਾ। ਤੇਰੇ ਭਾਣੇ ਸ੍ਰਬੱਤ ਦਾ ਭਲਾ। ਅਨੁਸਾਰ ਸ੍ਰਬੱਤ ਦੇ ਭਲੇ ਦੀ ਅਰਦਾਸ ਕਰੇਂ। ਪੰਜਵੇਂ ਵਕਤ 'ਚ ਕਾਮ ਕ੍ਰੋਧ ਲੋਭ ਮੋਹ ਹੰਕਾਰ ਪੰਜਾਂ ਵਿਕਾਰਾਂ ਨੂੰ ਵੱਸ 'ਚ ਰੱਖੇਂ। ਭਾਵ ਖ਼ੁਦਾ ਦੀ ਸਿਫਤ ਸਲਾਹ ਪੂਰਨ ਸੰਤੋਖ ਤ੍ਰਿਪਤੀ ਨਿਮ੍ਰਤਾ ਸਭ ਦਾ ਭਲਾ ਮੰਗਣਾ ਕਾਮ ਆਦਿਕ ਵਿਕਾਰਾਂ ਨੂੰ ਵੱਸ ਰੱਖਣਾ, ਆਤਮਕ ਜੀਵਨ ਦੀਆਂ ਸ਼ੁਭ ਸੱਚੀਆਂ ਗੁਰਮਤਿ ਅਨੁਸਾਰ ਪੰਜ ਨਿਵਾਜ਼ਾਂ ਹਨ।}

ਕੁੱਤਿਆ- ਫਰੀਦਾ. ਬੇਨਿਵਾਜਾ ਕੁਤਿਆ; ਏਹ ਨ ਭਲੀ ਰੀਤਿ॥ ਕਬਹੀ ਚਲਿ ਨ ਆਇਆ; ਪੰਜੇ ਵਖਤ ਮਸੀਤਿ॥੭੦॥ ਹੇ ਨਿਮਾਣੇ ਪ੍ਰਦੇਸੀ ਜਾਚਿਕ ਦਾਸਨ ਦਾਸ ਗ਼ੀਬ ਫਰੀਦਾ! (ਬੇਨਿਵਾਜਾ)ਨਿਵਾਜ਼ (ਬੇ)ਰਹਿਤ, ਕੁਤਿਆ! ਏਹ ਤੇਰੀ (ਭਲੀ)ਚੰਗੀ (ਰੀਤਿ)ਮਰਯਾਦਾ ਨਹੀਂ, ਜੋ ਗੁਰਮਤਿ ਅਨੁਸਾਰ ਉਪ੍ਰੋਕਤ ਪੰਜ ਨਿਵਾਜਾਂ ਨਹੀਂ ਪੜ੍ਹਦਾ।

ਕਬਹੀ. ਚਲਿ ਨ ਆਇਆ; ਪੰਜੇ ਵਖਤ ਮਸੀਤਿ॥੭੦॥ ਗੁਰਮਤਿ ਅਨੁਸਾਰ ਉਪ੍ਰੋਕਤ ਪੰਜ ਨਿਵਾਜ਼ਾਂ ਪੜ੍ਹਨ ਲਈ, ਪੰਜੇ (ਵਖਤ)ਸਮੇਂ (ਕਬਹੀ)ਕਦੇ ਵੀ ਚਲਿ ਕੇ ਤੂੰ ਮਸੀਤਿ 'ਚ (ਨ)ਨਹੀਂ ਆਇਆ। ਅਥਵਾ ਮੇਹਰ ਰੂਪ ਮਸੀਤਿ 'ਚ (ਨ)ਨਹੀਂ ਆਇਆ। ਦੇਹ ਰੂਪੀ ਮਸੀਤਿ 'ਚ ਅੰਤਰ ਮੁਖ ਹੋ ਕੇ ਨਹੀਂ ਬੈਠਾ। ਯਥਾ:- ਸਲੋਕੁ ਮਃ ੧॥ ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ॥ ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ॥ ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥ ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥੧॥) ਪੰਜ ਵਖ਼ਤ:- ਪਹਿਲੀ ਸਲਾਤੁਲਫ਼ਜਰ:- ਨਮਾਜ਼ੇ ਸੁਬਹ, ਪਹੁ ਫੁੱਟਣ ਤੋਂ ਸੂਰਜ ਚੜ੍ਹਨ ਤੱਕ। ਦੂਜੀ ਸਲਾਤੁੱਜੁਹਰ, ਨਮਾਜ਼ੇ ਪੇਸੀਨ, ਸਵੇਰ ਤੋਂ ਦੁਪਹਿਰ ਵਿਚਾਲੇ ਦੀ ਨਮਾਜ਼। ਤੀਜੀ ਸਲਾਤੁਲਅਸਰ, ਨਮਾਜ਼ੇ ਦੀਗਰ, ਤੀਜੇ ਪਹਿਰ ਦੀ ਨਿਵਾਜ਼। ਚੌਥੀ ਸਲਾਤੁਲਮਗਰਿਬ, ਨਮਾਜ਼ੇ ਸ਼ਾਮ, ਸੂਰਜ ਛਿਪਣ ਤੋਂ ਸੂਰਜ ਦੀ ਸੁਰਖੀ ਮਿਟ ਜਾਣ ਤੱਕ। ਪੰਜਵੀਂ ਸਲਾਤੁਲਇਸ਼ਾ, ਨਮਾਜ਼ੇ ਖੁਫਤਨ, ਸੌਣ ਵੇਲੇ ਦੀ ਨਮਾਜ਼।

ਉੱਠੁ- ਉਠੁ ਫਰੀਦਾ. ਉਜੂ ਸਾਜਿ; ਸੁਬਹ ਨਿਵਾਜ ਗੁਜਾਰਿ॥) ਕੱਪਿ- ਜੋ ਸਿਰੁ. ਸਾਂਈ ਨਾ ਨਿਵੈ; ਸੋ ਸਿਰੁ. ਕਪਿ ਉਤਾਰਿ॥੭੧॥ ਦੋਵੇਂ ਹੱਥ ਗੁੱਟਾਂ ਤੱਕ ਧੋਣੇ, ਅਗਲਾ ਪਿਛਲਾ ਗੁਪਤ ਅੰਗ ਧੋਣੇ, ਦੰਦਾਂ ਉੱਪਰ

Sri Satguru Jagjit Singh Ji eLibrary NamdhariElibrary@gmail.com

ਉਂਗਲ ਮਾਰ ਕੇ ਚੁਲ਼ੀ ਕਰਨੀ, ਨੱਕ 'ਚ ਪਾਣੀ ਚਾੜ੍ਹ ਕੇ, ਉਂਗਲ ਫੇਰ ਕੇ ਨਾਸਾਂ ਸਾਫ਼ ਕਰਨੀਆਂ, ਫੇਰ ਸਾਰਾ ਮੂੰਹ ਧੋਣਾ, ਦੋਬਾਰਾ ਅਰਕਾਂ ਤੱਕ ਹੱਥ ਧੋਣੇ, ਕੰਨਾਂ 'ਚ ਅਗੂੰਠੇ ਨਾਲ ਦੀ ਉਂਗਲ ਪੋਲੀ ੨ ਫੇਰਦਿਆਂ ਸਾਫ਼ ਕਰਨੇ, ਅਗੂੰਠੇ ਨਾਲ ਕੰਨਾਂ ਦੇ ਬਾਹਰਲੇ ਹਿੱਸੇ ਨੂੰ ਸਾਫ਼ ਕਰਨਾ, ਪੈਰ ਭੀ ਧੋਣੇ ਉਜੂ ਹੈ, ਮੁਸਲਮਾਨ ਭਾਈ, ਉਜੂ ਕਰਕੇ ਮਸੀਤ 'ਚ ਨਿਮਾਜ਼ ਪੜ੍ਹਦੇ ਹਨ। ਗੁਰਮਤਿ ਅਨੁਸਾਰ ਬਾਬਾ ਫਰੀਦਾ ਸਾਹਿਬ ਜੀ ਕਹਿੰਦੇ ਹਨ:- ਹੇ ਫਰੀਦਾ! ਵੱਡੇ ਤੜਕੇ ਪਿਆਰੀ ਮਾਇਆ ਨੀਂਦ ਤਿਆਗ ਕੇ (ਉਠੁ)ਉੱਠ ਕੇ, ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ ਪੂਰਨ ਪ੍ਰੀਤੀ ਸਹਿਤ ਸਿਫ਼ਤ ਕਰਨ ਰੂਪੀ ਉਜੂ (ਸਾਜਿ)ਸਾਜਣਾ ਕਰ, ਸੁਬਹ ਨਿਵਾਜ ਗੁਜਾਰਿ॥ ਅਥਵਾ ਪੈਰਾਂ ਕਰਕੇ ਸਤਸੰਗਤ 'ਚ ਜਾਣਾ, ਪੈਰ ਧੋਣੇ ਹਨ, ਹੱਥਾਂ ਬਾਹਾਂ ਨਾਲ ਸਤਸੰਗਤ ਜੀ ਦੀ ਸੇਵਾ ਦਾਨ ਕਰਨ ਰੂਪ ਹੱਥ ਧੋਣੇ ਹਨ। ਸਿਰ ਨੂੰ ਸਤਿਗੁਰੂ ਸਾਹਿਬ ਜੀ ਦੇ ਚਰਨ- ਕਮਲਾਂ 'ਤੇ ਝੁਕਾਉਣਾ ਸਿਜਦਾ ਹੈ, ਮੂੰਹ ਨਾਲ ਨਾਮ ਜਪਣਾ ਮੂੰਹ ਧੋਣਾ ਹੈ, ਕੰਨਾਂ ਨਾਲ ਹਰ ਸਮੇਂ ਅੰਮ੍ਰਿਤ ਕਥਾ ਕੀਰਤਨ ਸੁਣਨਾ ਕੰਨ ਧੋਣੇ ਹਨ। ਇਹ ਗੁਣ ਕਮਾਉਣ ਰੂਪ ਉਜੂ (ਸਾਜਿ)ਸਾਜਣਾ ਕਰ, (ਸੁਬਹ)ਅੰਮ੍ਰਿਤ ਵੇਲੇ ਖ਼ੁਦਾ ਜੀ ਨੂੰ ਨਿਮਖ ੨ ਨਮਸਕਾਰ ਰੂਪ ਨਿਵਾਜ (ਗੁਜਾਰਿ)ਕਰਨਾ ਕਰ। ਅਥਵਾ ਸੱਚਾ ਨਾਮ ਜਪਣ ਜਪਾਉਣ ਰੂਪ, ਸੱਚੇ ਦੀ ਸਾਖਿਆਤਤਾ ਕਰਨ ਕਰਾਉਣ ਰੂਪ, ਸੱਚੇ 'ਚ ਲੀਣਤਾ ਰੂਪ ਸੱਚੇ ਪੁਰਖਾਂ ਦੀ ਸੁਸੰਗਤ ਕਰਨ ਕਰਾਉਣ ਰੂਪ, ਸੱਚੇ ਨਾਮੁ ਨੂੰ ਰੋਮ ੨ ਕਰਕੇ ਜਪਣ ਰੂਪ ਨਿਵਾਜ ਪੜਨਾ ਕਰ। ਯਥਾ:- ਸਚੁ ਨਿਵਾਜ; ਯਕੀਨ ਮੁਸਲਾ॥

ਕੱਪਿ- ਜੋ ਸਿਰੁ. ਸਾਂਈ ਨਾ ਨਿਵੈ; ਸੋ ਸਿਰੁ. ਕਪਿ ਉਤਾਰਿ॥੭੧॥ (ਜੋ)ਜਿਹੜਾ ਹੰਕਾਰੀ ਸਿਰੁ ਅਪਣੇ (ਸਾਂਈ)ਮਾਲਕ ਜੀ ਅੱਗੇ (ਨਾ)ਨਹੀਂ (ਨਿਵੈ)ਝੁਕਦਾ, (ਸੋ)ਓਸ ਸਿਰੁ ਨੂੰ, (ਕਪਿ)ਕੱਟ ਕੇ ਉਤਾਰਿ ਦੇਣਾ ਕਰ। ਯਥਾ:- ਸੀਸ ਨਿਵਾਇ ਢਹਿ ਪਵੈ; ਸਭ ਪਾਪਨ ਕੀ ਪੋਟ॥ ਤਾਂ ਤੇ ਸੀਸ ਨਿਵਾਈਐ; ਲਗੈ ਨ ਜਮ ਕੀ ਚੋਟ॥) ਜੋ ਸਿਰੁ. ਸਾਈ ਨਾ ਨਿਵੈ; ਸੋ ਸਿਰੁ ਕੀਜੈ ਕਾਂਇ॥ ਕੁੰਨੇ ਹੇਠਿ ਜਲਾਈਐ; ਬਾਲਣ ਸੰਦੈ ਥਾਇ॥੭੨॥) ਸਲੋਕ ਮਃ ੨॥ ਜੋ ਸਿਰੁ. ਸਾਂਈ ਨਾ ਨਿਵੈ; ਸੋ ਸਿਰੁ ਦੀਜੈ ਡਾਰਿ॥ ਨਾਨਕ. ਜਿਸੁ ਪਿੰਜਰ ਮਹਿ ਬਿਰਹਾ ਨਹੀ; ਸੋ ਪਿੰਜਰੁ ਲੈ ਜਾਰਿ॥੧॥) ਧ੍ਰਿਗੁ ਸਿਰੁ.ਜੋ ਗੁਰ ਨਾ ਨਿਵੈ; ਗੁਰ ਲਗੈ ਨ ਚਰਣੀ॥)

ਸਾਂਈਂ- ਜੋ ਸਿਰੁ. ਸਾਈ ਨਾ ਨਿਵੈ; ਸੋ ਸਿਰੁ. ਕੀਜੈ ਕਾਂਇ॥ ਕੁੰਨੇ ਹੇਠਿ ਜਲਾਈਐ; ਬਾਲਣ ਸੰਦੈ ਥਾਇ॥੭੨॥ ਬਾਬਾ ਫ਼ਰੀਦ ਸਾਹਿਬ ਜੀ ਅਪਣੇ ਦਿਲ 'ਚ, ਰੋਮ ੨ ਕਰਕੇ, ਖਿਨ ੨ ਸਮੇਂ 'ਚ, ਮਾਲਕ ਜੀ ਨੂੰ ਨਿਉਂਦੇ ਨਮਸਕਾਰ ਕਰਦੇ ਹਨ। ਨਮਸਕਾਰ ਕਰਦਿਆਂ ੨ ਸਾਂਈਂ 'ਚ ਲੀਣ ਹੋ ਕੇ, ਸਾਂਈਂ ਸਰੂਪ ਹੋ ਗਏ। ਸਾਂਈਂ ਜੀ ਨਾਲ ਮੇਲਣ ਲਈ, ਹੰਗਤਾ ਦੇ ਸਾੜ ਨੂੰ ਸਦਾ ਲਈ ਮੇਟਣ ਲਈ ਫ਼ੁਰਮਾਉਂਦੇ ਹਨ:- (ਜੋ)ਜਿਹੜਾ ਹੰਕਾਰੀ ਸਿਰੁ ਅਪਣੇ (ਸਾਈ)ਮਾਲਕ ਜੀ ਅੱਗੇ (ਨਾ)ਨਹੀਂ (ਨਿਵੈ)ਝੁਕਦਾ, (ਸੋ)ਓਸ ਸਿਰੁ ਨੂੰ ਰੱਖ ਕੇ, (ਕਾਂਇ)ਕੀ (ਕੀਜੈ)ਕਰਨਾ ਹੈ? ਭਾਵ ਜਿਹੜਾ ਸਿਰ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਅਸਵਾਰੇ ਤੋਂ ਆਇਆਂ ਮਹਾਰਾਜ ਸਾਹਿਬ ਦੇ ਅੱਗੇ ਨਹੀਂ ਝੁਕਦਾ, ਉਹ ਸਿਰ ਕੀ ਕਰਨਾ ਹੈ?

ਕੁੰਨੇ ਹੇਠਿ ਜਲਾਈਐ; ਬਾਲਣ ਸੰਦੈ ਥਾਇ॥੭੨॥ ਉਸ ਹੰਕਾਰੀ ਸਿਰ ਨੂੰ ਵੱਢ ਕੇ, ਬਾਲਣ (ਸੰਦੈ)ਦੀ (ਥਾਇ)ਜਗ੍ਹਾ (ਕੁੰਨੇ)ਤੌੜੀ ਹੇਠਿ (ਜਲਾਈਐ)ਸਾੜ ਦੇਈਏ। ਯਥਾ:- ਨਾਨਕ. ਇਹੁ ਤਨੁ ਜਾਲਿ; ਜਿਨਿ ਜਲਿਐ. ਨਾਮੁ ਵਿਸਾਰਿਆ॥ ਸਾਂਈ ਮਾਲਕ ਜੀ ਅੱਗੇ ਸਿਰ ਝੁਕਾਉਣ ਦੇ ਬਹੁਤ ੨ ਹੀ ਲਾਹੇ ਹਨ। ਭਾਈ ਗੁਰਦਾਸ ਸਾਹਿਬ ਜੀ ਫ਼ੁਰਮਾਉਂਦੇ ਹਨ, ਜਿਹੜੇ ਜ਼ਾਲਮ ਬਾਦਸ਼ਾਹ ਜੀਆਂ ਨੂੰ ਕਤਲ ਕਰਦੇ ਹਨ, ਪ੍ਰਮਾਤਮਾ ਜੀ ਅੱਗੇ ਸਿਰ ਨਹੀਂ ਝੁਕਾਉਂਦੇ, ਉਨ੍ਹਾਂ ਦੇ ਸਿਰ ਗ੍ਰਾੜ 'ਚ ਉਬਾਲ਼ੇ ਜਾਂਦੇ ਹਨ, ਜਿੱਥੇ ਸੱਤ ਸਮੁੰਦ੍ਰਾਂ ਦਾ ਪਾਣੀ, ਬੜਵਾਨਲ ਅਗਨ ਨਾਲ ਸੜਦਾ ਹੈ, ਜਿਵੇਂ ਅੱਗ ਨਾਲ ਲਾਲ ਕੀਤੇ ਤਵੇ 'ਤੇ ਬੂੰਦ ਪਾਈਦੀ ਹੈ, ਇਸ ਤੋਂ ਭੀ ਵੱਧ

Sri Satguru Jagjit Singh Ji eLibrary NamdhariElibrary@gmail.com

ਗਰਮੈਸ਼ ਹੈ ਜਿੱਥੇ ਅਰਬਾਂ ਖ਼ਰਬਾਂ ਮਣਾਂ ਪਾਣੀ, ਹਰ ਸਮੇਂ ਹੀ ਸੜੀ ਜਾਂਦਾ ਹੈ। ਸਿਰ ਝੁਕਾਉਣ ਦੇ ਅਸੰਖ ਅਨੰਤ ਲਾਹੇ ਹਨ। ਜਿਹੜਾ ਨਿਮਖ ੨ ਠਾਕੁਰ ਮਾਲਕ ਨੂੰ ਨਮਸਕਾਰ ਕਰਦਾ ਹੈ, ਉਹ ਅਪਰਸ ਅਛੋਹ ਮਹਾਂਪੁਰਸ਼ ਸਾਰਿਆਂ ਹੀ ਜੀਆਂ ਨੂੰ ਤਾਰਦਾ ਹੈ। ਸਲੋਕੁ॥ ਉਰਿ ਧਾਰੈ; ਜੋ ਅੰਤਰਿ ਨਾਮੁ॥ ਸਰਬ ਮੈ; ਪੇਖੈ ਭਗਵਾਨੁ॥ ਨਿਮਖ ਨਿਮਖ; ਠਾਕੁਰ ਨਮਸਕਾਰੈ॥ ਨਾਨਕ ਓਹੁ ਅਪਰਸੁ; ਸਗਲ ਨਿਸਤਾਰੈ॥੧॥) ਗੁਰੁ ਪੂਰਾ ਨਮਸਕਾਰੇ॥ ਪ੍ਰਭਿ ਸਭੇ ਕਾਜ ਸਵਾਰੇ॥

ਲੱਦਿ– ਫਰੀਦਾ. ਕਿਥੈ, ਤੈਡੇ ਮਾਪਿਆ; ਜਿਨ੍ਹੀ. ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ ਅਜੈ ਨ ਪਤੀਣੋਹਿ॥੭੩॥ ਖਸਮੁ ਤੂ ਹੈ; ਸਭਨਾ ਕੇ ਰਾਇਆ॥ ਫਰੀਦ ਸਾਹਿਬ ਜੀ, ਅਜਪਾ ਜਾਪ ਨਿਰਗੁਨ ਬ੍ਰਹਮ ਜੀ ਦੇ ਸਰਗੁਨ ਅਵਤਾਰ ਹਨ। ਰੋਮ ੨ ਕਰਕੇ, ਵਾਹਿਗੁਰੂ ਅਜਪਾ ਜਾਪ'ਚ, ਹਰ ਸਮੇਂ ਲੀਣ ਹਨ। ਅੰਦਰ ਬਾਹਰ ਅਸੰਖ ਪ੍ਰਕਾਸ਼ ਨੂਰ ਗੁਰਸ਼ਬਦਾਂ ਅਰਥਾਂ ਸਹਿਤ, ਵਿਸਮਾਦ ਬ੍ਰਹਮ ਜੀ ਦੇ ਦਰਸ਼ਨ ਕਰ ਰਹੇ ਹਨ। ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਅਨੁਸਾਰ ਅਨਹਦ ਝੁਨਕਾਰ ਵਿਸਮਾਦ ਸੁਖ'ਚ ਲੀਣ, ਪੂਰਨ ਭਗਤ ਜੀ ਨੂੰ, ਤੱਤਾਂ ਦੀਆਂ ਸਾਰੀਆਂ ਅਵਾਜ਼ਾਂ'ਚੋਂ ਜਾਪ ਸੁਣ ਰਿਹਾ ਹੈ। ਯਥਾ:– ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਜੋ ਬੋਲਤ ਹੈ.ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ.ਜਾਪਤ ਹੈ ਨਹੀ ਹੋਰ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥) ਗਰੀਬੀ.ਗਦਾ ਹਮਾਰੀ॥ ਖੰਨਾ.ਸਗਲ ਰੇਨੁ ਛਾਰੀ॥ ਸਨਿਗਧ ਵੈਰਾਗ ਪ੍ਰੇਮ 'ਚ ਭਿੱਜੇ, ਆਪਣੇ ਮਨ ਨੂੰ ਪ੍ਰਬੋਧਦੇ ਹਨ, ਹੇ ਦਾਸਨ ਦਾਸ ਨਿਮਾਣੇ ਫਰੀਦਾ! (ਤੈਡੇ)ਤੇਰੇ (ਮਾਪਿਆ)ਮਾਪੇ, ਕਿਥੈ ਹਨ? ਭਾਵ ਨਹੀਂ ਹਨ। (ਜਿਨ੍ਹੀ)ਜਿਨ੍ਹਾਂ (ਤੂ)ਤੈਨੂੰ (ਜਣਿਓਹਿ)ਪੈਦਾ ਕੀਤਾ ਹੈ। (ਤੈ)ਤੇਰੇ ਪਾਸਹੁ (ਓਇ)ਉਹ (ਲਦਿ)ਚਲੇ ਗਏ, ਤੂੰ ਅਜੈ ਭੀ, (ਪਤੀਣੋਹਿ)ਪਤੀਜਿਆ ਮੰਨਿਆਂ ਸਮਝਿਆ (ਨ)ਨਹੀਂ, ਕਿ ਮੈਂ ਵੀ ਮਰ ਜਾਣਾ ਹੈ। ਨਿੱਕੀ ਉਮਰ ਤੋਂ ਲੈ ਕੇ, ਸਾਡੇ ਬੇਅੰਤ ਬਾਲ ਸਖਾਈ ਮਿੱਤ੍ਰ, ਕੋਟ ਬ੍ਰਹਮੰਡ ਦੇ ਪਸਾਰੇ 'ਚ, ਇੱਕ ੨ ਜੂਨ 'ਚ ਕਿੰਨੇ ੨ ਜੀਅ ਹਨ। ਸਾਡੇ ਵੇਖਦਿਆ ਹੀ ਅਨੇਕਾਂ ਹੀ ਜੀਅ ਜੰਤ ਚਲੇ ਗਏ। ਕ੍ਰੋੜਾਂ ਬ੍ਰਹਮੰਡ 'ਚ ਹੁਣ ਵੀ ਚਲੇ ਜਾ ਰਹੇ ਹਨ। ਕਿਤੇ ਚਿਖਾ ਮੱਚਦੀਆਂ ਹਨ, ਕਿਤੇ ਮੁਰਦੇ ਨੂੰ ਚੁਕੀ ਜਾਂਦੇ ਹਨ, ਕਿਤੇ ਜੰਗ ਲੱਗਿਆ ਮਰੀ ਜਾਂਦੇ ਹਨ। ਹੌਸਪੀਟਲਾਂ 'ਚ ਮਰੀ ਜਾਂਦੇ ਹਨ। ਸਮੁੰਦ੍ਰਾਂ 'ਚ, ਖੁਸ਼ਕੀ 'ਚ ਤਰੀ 'ਚ, ਹਰ ਜਗ੍ਹਾ ਅਨੇਕਾਂ ਜੀਅ ਮਰ ਰਹੇ ਹਨ। ਯਥਾ:– ਜਿੰਦੁ ਨਿਮਾਣੀ ਕਢੀਐ; ਹਡਾ ਕੂ ਕੜਕਾਇ॥ ਕੋਈ ਸਮਾਂ ਅਜਿਹਾ ਨਹੀਂ, ਜਦੋਂ ਜੀਅ ਮਰਦੇ ਨਹੀਂ। ਤੂੰ ਅਜੈ ਵੀ ਖੁਦਾਵੰਦ ਕਰੀਮ ਜੀ ਨੂੰ ਚੇਤੇ ਨਹੀਂ ਕਰਦਾ।

ਫਰੀਦਾ.ਮਨੁ ਮੈਦਾਨੁ ਕਰਿ; ਟੋਏ ਟਿਬੇ ਲਾਹਿ॥ ਅਗੈ. ਮੂਲਿ ਨ ਆਵਸੀ; ਦੋਜਕ ਸੰਦੀ ਭਾਹਿ॥੭੪॥ ਹੇ ਦਾਸਨ ਦਾਸ ਗ੍ਰੀਬ ਫਰੀਦਾ! ਪਾਪ ਵੈਰ, ਮਾਣ ਗੁਮਾਨ, ਕੂੜ ਕਪਟ, ਪਰ ਘਰ ਜਾਣ ਆਦਿ ਟੋਏ, ਕਾਮ ਕ੍ਰੋਧ ਲੋਭ ਮੋਹ ਹੰਕਾਰ ਆਦਿ ਟਿਬੇ, ਮਨੁ ਤੋਂ ਲਾਹਿ ਕੇ, ਭਾਵ ਇਨ੍ਹਾਂ ਦਾ ਤਿਆਗ ਕਰਕੇ, ਅਪਣੇ ਮਨੁ ਨੂੰ ਮੈਦਾਨੁ ਵਾਂਗ ਪੱਧਰ ਭਾਵ ਸਾਫ਼ ਭੋਲ਼ਾ, ਨਿਸ਼ਕਪਟ ਬਨਾਉਣਾ ਕਰਿ। ਜਿਵੇਂ ਪਰਮਪੂਜਨੀਕ ਭਗਤ ਧੰਨੇ ਸਾਹਿਬ ਜੀ ਨੇ ਨਿਸ਼ਕਪਟਤਾ ਨਾਲ, ਵਾਹਿਗੁਰੂ ਜੀ ਦੀ ਪ੍ਰਾਪਤੀ ਕੀਤੀ। ਯਥਾ:– ਕਹੁ ਕਬੀਰ; ਭਗਤਿ ਕਰਿ ਪਾਇਆ॥ ਭੋਲੇ ਭਾਇ; ਮਿਲੇ ਰਘੁਰਾਇਆ॥) ਭੋਲਾ ਭਾਉ ਗੋਬਿੰਦੁ ਮਿਲਾਵੈ॥) ਮਨ ਨੂੰ ਨਿਸ਼ਕਪਟ ਸਾਫ਼ ਕਰਨੇ ਕਰਕੇ, ਤੇਰੇ ਅਗੈ (ਦੋਜਕ)ਨਰਕ (ਸੰਦੀ)ਦੀ (ਭਾਹਿ)ਅੱਗ (ਮੂਲਿ)ਕਦਾਚਿਤ, ਉੱਕਾ ਹੀ (ਨ)ਨਹੀਂ (ਆਵਸੀ)ਆਵੇਗੀ।

ਮਹਲਾ ੫॥ ਫਰੀਦਾ. ਖਾਲਕੁ ਖਲਕ ਮਹਿ; ਖਲਕ ਵਸੈ ਰਬ ਮਾਹਿ॥ ਮੰਦਾ. ਕਿਸਨੋ ਆਖੀਐ; ਜਾਂ. ਤਿਸੁ ਬਿਨੁ, ਕੋਈ ਨਾਹਿ॥੭੫॥ ਕੋਟਾਨ ਕੋਟਿ ਬ੍ਰਹਮੰਡਾਂ ਅਤੇ ਕੋਟਾਨ ਕੋਟਿ ਪੂਰਨ ਬ੍ਰਹਮਗਿਆਨੀਆਂ ਨੂੰ ਪੈਦਾ

Sri Satguru Jagjit Singh Ji eLibrary NamdhariElibrary@gmail.com

ਕਰਨ ਵਾਲੇ, ਵਾਹਿਗੁਰੂ ਨਿਰੰਕਾਰ ਸਰੂਪ, ਪਰਮਪੂਜਨੀਕ, ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ.ਕਲ ਰਾਖੀ ਮੇਰੀ॥ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ (ਪ)ਪੰਜਵੇਂ (ਮਹਲਾ)ਸਰੂਪ, ਪਰਮਪੂਜਨੀਕ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ, ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਅਨੁਸਾਰ ਬਾਬੇ ਫ਼ਰੀਦ ਸਾਹਿਬ ਜੀ ਨੂੰ ਸੰਬੋਧਨ ਕਰਕੇ ਫ਼ੁਰਮਾ ਰਹੇ ਹਨ:- ਹੇ ਫਰੀਦਾ ਸਾਹਿਬ ਜੀ! (ਖਾਲਕੁ)ਸਭ ਨੂੰ ਹਰਾ ਭਰਾ ਕਰਨ ਵਾਲੇ, ਨਾਸ ਰਹਿਤ, ਸਭਨੀ ਥਾਂਈ; ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ ਅਨੁਸਾਰ ਸਭ ਦੇ ਅੰਦਰ ਬਾਹਰ ਹਰ ਸਮੇਂ ਅਜਪਾ ਜਾਪ ਕਰ ਰਹੇ, ਪੂਰਨ ਵਿਆਪਕ ਪ੍ਰਭ ਪ੍ਰੀਤਮ ਜੀ, (ਖਲਕ)ਪਰਜਾ (ਮਹਿ)ਵਿੱਚ ਵਸ ਰਹੇ ਹਨ, (ਖਲਕ)ਪਰਜਾ ਖੰਡ ਬ੍ਰਹਮੰਡ ਦੀ ਰਚਨਾ, (ਰਬ)ਨਿਰਗੁਣ ਬ੍ਰਹਮ ਜੀ (ਮਾਹਿ)ਵਿੱਚ, (ਵਸੈ)ਵਸ ਰਹੀ ਹੈ, ਨਿਰਗੁਨ ਜੀ 'ਚੋਂ ਪ੍ਰਗਟ ਹੋਈ ਹੈ, ਸਾਰੀ ਰਚਨਾ ਹੀ ਨਿਰਗੁਨ ਬ੍ਰਹਮ ਸਰੂਪ ਹੈ। ਪਰਮਪੂਜਨੀਕ ਸ੍ਰਬ ਵਿਆਪੀ ਮਹਾਂ ਵਿਸਮਾਦ, ਧੰਨ ਅਕਾਲ ਪੁਰਖੁ ਵਾਹਿਗੁਰੂ ਸੱਚੇ ਨਿਰੰਕਾਰ ਜੀ ਦੇ ਸਰਗੁਨ ਅਵਤਾਰ, ਮਹੱਲੇ ਪਹਿਲੇ ਜੀ ਨੇ, ਆਪਣੇ ਪਰਮ ਪਾਕ ਨਿਰਗੁਨ ਸਰੂਪ'ਚੋਂ, ਅਸੰਖ ਬ੍ਰਹਮੰਡ ਸੂਰਜ ਚੰਦ ਤਾਰੇ ਅਗਨੀਆਂ ਧਰਤੀਆਂ ਪਤਾਲ ਅਨੇਕ ਸੁਮੇਰ ਪ੍ਰਬਤ ਸਮੁੰਦ੍ਰ ਦਰਿਆ ਬਹੁਤ ਵੱਡੀ ਰਚਨਾ, ਹੁਕਮੀ.ਸਹਜੇ ਸ੍ਰਿਸਟਿ ਉਪਾਈ॥ ਅਨੁਸਾਰ ਸਹਜੇ ਹੀ ਅਕਸ ਮਾਤ੍ਰ ਪ੍ਰਗਟ ਕੀਤੀ ਹੈ, ਹੁਣ ਆਪਣੇ, ਸਰਬ ਕਲਾ ਭਰਪੂਰ ਪ੍ਰਭ; ਬਿਰਥਾ ਜਾਨਨਹਾਰ॥) ਸਭਨੀ ਥਾਈ,ਰਵਿਆ ਆਪਿ॥ ਆਦਿ ਜੁਗਾਦਿ; ਜਾ ਕਾ ਵਡ ਪਰਤਾਪੁ॥ ਨਿਰਗੁਨ ਸਰੂਪ 'ਚ, ਟਿਕਾਈ ਹੋਈ ਹੈ। ਇਹ ਸਾਰੀ ਰਚਨਾ, ਪਰਮਪੂਜਨੀਕ ਸੱਚੇ ਨਿਰੰਕਾਰ ਜੀ ਦੇ ਪਰਮਪਵਿੱਤ੍ਰ ਸੁੰਦਰ ਸਰਗੁਨ ਸਰੂਪ ਹਨ। ਯਥਾ:- ਸਗਲ ਸਮਗ੍ਰੀ; ਜਾ ਕਾ ¹ਤਨਾ॥ (¹ਸਰੂਪ)ਇਹ ਸਾਰੀ ਰਚਨਾ ਵਾਹਿਗੁਰੂ ਜੀ ਦੀ ਸੁੰਦਰ ਜੋਤਿ ਨਾਲ ਜਿਉਂਦੀ ਜਾਗਦੀ ਪ੍ਰਫੁਲਤ ਹੋ ਰਹੀ ਹੈ। (ਮਉਲੀ ਮਉਲਿਆ ਕਸ ਕੇ ਬੋਲੋ- ਮਉਲੀ ਧਰਤੀ; ਮਉਲਿਆ ਅਕਾਸੁ॥ ਘਟਿ ਘਟਿ ਮਉਲਿਆ; ਆਤਮ ਪ੍ਰਗਾਸੁ॥੧॥ ਰਾਜਾ ਰਾਮੁ ਮਉਲਿਆ; ਅਨਤ ਭਾਇ॥ ਜਹ ਦੇਖਉ; ਤਹ ਰਹਿਆ ਸਮਾਇ॥) ਸਭਨਾ ਜੀਆ ਕਾ,ਇਕੁ ਦਾਤਾ; ਸੋ. ਮੈ ਵਿਸਰਿ ਨ ਜਾਈ॥ ਸੱਚੇ ਨਿਰੰਕਾਰ ਜੀ ਜਦੋਂ ਚਾਹੁਣ, ਆਪਣੀ ਰਚੀ ਰਚਨਾ ਨੂੰ, ਆਪਣੇ'ਚ ਲੀਨ ਕਰ ਲੈਂਦੇ ਹਨ। ਯਥਾ:- ਜਬ ਆਕਰਖ; ਕਰਤ ਹੋ ਕਬਹੂੰ॥ ਤੁਮ ਮੈਂ ਮਿਲਤ; ਦੇਹ ਧਰ ਸਭਹੂੰ॥ ਆਪਣੀ ਰਚੀ ਸਾਰੀ ਰਚਨਾ ਨੂੰ ਆਪਣੇ'ਚ ਲੀਣ ਕਰਕੇ, ਸੋਨੇ ਦੇ ਗਹਿਣੇ ਢਾਲਣ ਤੋਂ ਸੋਨਾ ਬਨਣ ਵਾਂਗ, ਅਤਿ ਸ਼ੁੱਧ ਪ੍ਰਕਾਸ਼ ਸਰੂਪ ਨਿਰਮਲ ਪਰਮਪਵਿੱਤ੍ਰ ਪੁਨੀਤ ਸੱਚੇ ਨਿਰੰਕਾਰ ਜੀ ਅਬਿਨਾਸੀ ਅੱਚਲ ਰਹਿ ਜਾਂਦੇ ਹਨ। ਰਚਨਾ ਰਚ ਕੇ ਇਸ'ਚ ਭਰਪੂਰ ਅਨਤਕਲਾਵਾਨ ਸਾਰੀ ਰਚਨਾ ਨੂੰ ਆਪਣੇ ਹੁਕਮ'ਚ ਚਲਾ ਰਹੇ ਹਨ। ਯਥਾ:- ਹੁਕਮੇ ਆਇਆ; ਹੁਕਮਿ ਸਮਾਇਆ॥ ਹੁਕਮੇ ਦੀਸੈ; ਜਗਤੁ ਉਪਾਇਆ॥ ਹੁਕਮੇ.ਸੁਰਗੁ ਮਛੁ ਪਇਆਲਾ; ਹੁਕਮੇ ਕਲਾ ਰਹਾਇਦਾ॥੧੦॥

ਮੰਦਾ. ਕਿਸਨੋ ਆਖੀਐ; ਜਾਂ. ਤਿਸੁ ਬਿਨੁ, ਕੋਈ ਨਾਹਿ॥੭੫॥ ਮਹਾਰਾਜ ਸਾਹਿਬ ਜੀ ਫੁਰਮਾਉਂਦੇ:- ਹੇ ਫ਼ਰੀਦ ਸਾਹਿਬ ਜੀ! ਮੰਦਾ ਕਿਸਨੋ (ਆਖੀਐ)ਕਹੀਏ, ਜਾਂ ਤਿਸੁ ਵਾਹਿਗੁਰੂ ਬ੍ਰਹਮ ਜੀ ਤੋਂ (ਬਿਨੁ)ਬਿਨਾ ਹੋਰ ਕੋਈ ਭੀ (ਨਾਹਿ)ਨਹੀਂ ਹੈ। ਮਹਾਰਾਜ ਸਾਹਿਬ ਜੀ ਨੇ, ਬਾਬੇ ਫ਼ਰੀਦ ਸਾਹਿਬ ਜੀ ਨਾਲ ਬਚਨ ਬਿਲਾਸ ਕੀਤੇ। ਧੰਨ ਬਾਬਾ ਫਰੀਦ ਸਾਹਿਬ ਜੀ ਆਪ ਜੀ ਕਿਸੇ ਨੂੰ ਭੀ ਮੰਦਾ ਨਹੀ ਸਮਝ ਰਹੇ। ਇਹ ਅਮੋਲਕ ਗੁਰਬਾਣੀ ਜੀ ਕਮਾ ਰਹੇ ਹਨ:- ਕਬੀਰ.ਸਭ ਤੇ ਹਮ ਬੁਰੇ; ਹਮ ਤਜਿ.ਭਲੋ ਸਭੁ ਕੋਇ॥ ਜਿਨਿ.ਐਸਾ ਕਰਿ ਬੁਝਿਆ; ਮੀਤੁ ਹਮਾਰਾ ਸੋਇ॥) ਹਮ ਨਹੀ ਚੰਗੇ; ਬੁਰਾ ਨਹੀ ਕੋਇ॥ ਪ੍ਰਣਵਤਿ ਨਾਨਕੁ; ਤਾਰੇ ਸੋਇ॥) ਤਉ ਦੇਵਾਨਾ ਜਾਣੀਐ; ਜਾ ਸਾਹਿਬ ਧਰੇ ਪਿਆਰੁ॥ ਮੰਦਾ ਜਾਣੈ.ਆਪ ਕਉ; ਅਵਰੁ ਭਲਾ ਸੰਸਾਰੁ॥) ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥) ਕਿਸੇ ਨੂੰ ਮੰਦਾ ਨਹੀਂ ਕਹਿਣਾ, ਬੜੀ ਉੱਚੀ ਸਿੱਖਿਆ ਹੈ, ਜਿਵੇਂ:- ਇਕੁ

Sri Satguru Jagjit Singh Ji eLibrary NamdhariElibrary@gmail.com

ਫਿਕਾ.ਨ ਗਾਲਾਇ; ਸਭਨਾ ਮੈ ਸਚਾ ਧਣੀ॥ ਹਿਆਉ.ਨ ਕੈਹੀ ਠਾਹਿ; ਮਾਣਕ ਸਭ ਅਮੋਲਵੇ॥੧੨੯॥ ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥ ਜੇ ਤਉ.ਪਿਰੀਆ ਦੀ ਸਿਕ; ਹਿਆਉ.ਨ ਠਾਹੇ ਕਹੀ ਦਾ॥੧੩੦॥

ਨਾਲਾ ਪੋਲਾ। ਕੱਪਿਆ- ਫਰੀਦਾ. ਜਿ ਦਿਹਿ, ਨਾਲਾ ਕਪਿਆ; ਜੇ. ਗਲੁ ਕਪਹਿ ਚੁਖ॥ ਪਵਨਿ. ਨ ਇਤੀ ਮਾਮਲੇ; ਸਹਾਂ ਨ. ਇਤੀ ਦੁਖ॥੭੬॥ ਵੈਰਾਗ ਬਹੁਤ ੩ ਹੀ ਵੈਰਾਗ, ਸ੍ਰਬ ਵਿਆਪੀ ਮਹਾਂ ਵਿਸਮਾਦ ਵੈਰਾਗ 'ਚ, ਰੋਮ ੨ ਕਰਕੇ ਲੀਨ ਵਿਸਮਾਦ ਰੰਗ 'ਚ, ਪਰਮ ਪਿਆਰੇ ਰੱਬ ਜੀ ਦੇ ਸਨਮੁਖ ਅਪਣਾ ਦੁੱਖ ਦੱਸ ਰਹੇ ਹਨ:- ਹੇ ਅਕਾਲ ਪੁਰਖ ਜੀ! ਦਾਸਨ ਦਾਸ ਦੇ ਜਨਮ ਸਮੇਂ (ਜਿ)ਜਿਸ (ਦਿਹਿ)ਦਿਨ, ਦਾਈ ਨੇ ਦਾਸਨ ਦਾਸ ਦਾ (ਨਾਲਾ)ਨਾੜੂਆ, (ਚੁਖ)ਥੋੜਾ ਜਿਹਾ (ਕਪਿਆ)ਕੱਟਿਆ ਸੀ, ਚੰਗਾ ਹੁੰਦਾ (ਜੇ)ਜੇਕਰ ਦਾਸਨ ਦਾਸ ਦਾ ਗਲੁ (ਕਪਹਿ)ਕੱਟ ਦਿੰਦੀ। ਕਿਉਂ ਕੱਟ ਦਿੰਦੀ? ਅੱਗੇ ਦੱਸ ਰਹੇ ਹਨ। ਦਾਸਨ ਦਾਸ 'ਤੇ, (ਇਤੀ)ਇਤਨੇ ਬਹੁਤੇ ਹੀ ਬਹੁਤੇ, (ਮਾਮਲੇ)ਝਮੇਲੇ ਲੜਾਈ ਝਗੜੇ, ਨ (ਪਵਨਿ)ਪੈਣ, ਜੋ ਹੁਣ ਪੈ ਰਹੇ ਹਨ। (ਇਤੀ)ਇਤਨੇ ਬਹੁਤੇ ਹੀ ਬਹੁਤੇ, ਮਝ ਭਰਿ; ਦੁਖ ਬਦੁਖ॥ ਦੁਖ ਕਸ਼ਟ ਨ (ਸਹਾ)ਸਹਾਰਾਂ। ਯਥਾ:- ਫਰੀਦਾ. ਚਿੰਤ ਖਟੋਲਾ, ਵਾਣੁ ਦੁਖੁ; ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ; ਤੂ ਸਾਹਿਬ ਸਚੇ ਵੇਖੁ॥੩੫॥) ਕਈ ਜਨਮ; ਭਏ ਕੀਟ ਪਤੰਗਾ॥ ਕਈ ਜਨਮ; ਗਜ ਮੀਨ ਕੁਰੰਗਾ॥ ਕਈ ਜਨਮ; ਪੰਖੀ ਸਰਪ ਹੋਇਓ॥ ਕਈ ਜਨਮ; ਹੈਵਰ ਬ੍ਰਿਖ ਜੋਇਓ॥੧॥) ਕਬਹੂ ਕੀਟ ਹਸਤਿ; ਪਤੰਗ ਹੋਇ ਜੀਆ॥ ਅਨਿਕ ਜੋਨਿ; ਭਰਮੈ ਭਰਮੀਆ॥) ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਆਗੈ ਬਿਮਲ ਨਦੀ; ਅਗਨਿ ਬਿਖੁ ਝੇਲਾ॥ ਤਿਥੈ.ਅਵਰੁ ਨ ਕੋਈ; ਜੀਉ ਇਕੇਲਾ॥ ਭੜ ਭੜ ਅਗਨਿ ਸਾਗਰੁ ਦੇ ਲਹਰੀ; ਪੜਿ ਦਝਹਿ ਮਨਮੁਖ ਤਾਈ ਹੇ॥) ਪ੍ਰੇਤ ਪਿੰਜਰ ਮਹਿ ਦੂਖ ਘਨੇਰੇ॥ ਨਰਕਿ ਪਚਹਿ ਅਗਿਆਨ ਅੰਧੇਰੇ॥ ਉਪ੍ਰੋਕਤ ਫੁਰਮਾਨਾਂ ਅਨੁਸਾਰ, ਪਸ਼ੂ ਭੂਤ ਪ੍ਰੇਤ ਸੱਪ, ਚੌਰਾਸੀ ਲੱਖ ਜੂਨਾਂ ਭੋਗਣ 'ਚ ਕਸ਼ਟ ਹੀ ਕਸ਼ਟ ਹਨ। ਕਿੰਨੀਆਂ ਦੇਹਾਂ ਨੂੰ ਅੰਦਰੋਂ ਕੀੜੇ ਕ੍ਰਿਮ ਹੁਣ ਖਾਈ ਜਾ ਰਹੇ ਹਨ। ਕਿੰਨੇ ਜੀਅ ਹੁਣ ਪੁਲੀਸ ਚੌਂਕੀ 'ਚ ਨਜਾਇਜ਼ ਮਾਰ ਖਾ ਰਹੇ ਹਨ। ਕਿੰਨੀਆਂ ਗਾਈਆਂ ਕਤਲ ਕੀਤੀਆਂ ਜਾ ਰਹੀਆਂ ਹਨ, ਕਿੰਨੀਆਂ ਬੱਚੀਆਂ ਪੇਟ 'ਚ, ਜਾਂ ਹੁਣ ਜੰਮਦੀਆਂ ਹੀ ਮਾਰੀਆਂ ਜਾ ਰਹੀਆਂ ਹਨ। ਕਾਮ ਕ੍ਰੋਧ ਲੋਭ ਮੋਹ ਵਿਕਾਰ ਨਸ਼ੇ ਔਗੁਣ ਹਾਵੀ ਹੋ ਕੇ ਦੇਹਾਂ ਨੂੰ ਬਹੁਤ ਜ਼ਿਆਦਾ ਦੁੱਖ ਦੇ ਰਹੇ ਹਨ। ਏਡਜ ਆਦਿਕ ਬੀਮਾਰੀਆਂ ਦੇ ਰੋਗੀ ਵੀ ਹੁਣ ਕਸ਼ਟ ਭੋਗ ਰਹੇ ਹਨ। ਅਸੀਂ ਇੱਕ ਕ੍ਰਿਮ ਹਾਂ, ਸਾਡੀ ਦੇਹ ਅੰਦਰ, ਬੇਅੰਤ ਹੀ ਕ੍ਰਿਮ, ਪਰਮ ਪਿਆਰੇ ਰਾਮ ਜੀ ਦੇ ਵਿਜੋਗ 'ਚ ਤੜਫਦੇ ਦੁਖੀ ਭੱਜੇ ਫਿਰਦੇ ਹਨ, ਦੁੱਖਾਂ ਦੀ ਗੱਲ ਕਹਿਣ ਕਥਨ 'ਚ ਨਹੀ ਆ ਸਕਦੀ॥ ਬੜੀ ਹੀ ਡੂੰਘੀ ਰਮਜ਼ ਹੈ, ਪਰਮਪੂਜਨੀਕ ਬਾਬਾ ਫ਼ਰੀਦ ਸਾਹਿਬ ਜੀ, ਸੰਸਾਰ ਦੁਖੀ ਨੂੰ ਦੇਖ ਸੁਣ ਕੇ ਦੁਖੀ ਹੋ ਕੇ ਕਹਿ ਰਹੇ ਹਨ, ਜੇ ਦਾਸਨ ਦਾਸ ਦਾ ਥੋੜ੍ਹਾ ਜਿਹਾ ਗਲ਼ ਵੱਢਿਆ ਜਾਂਦਾ ਤਾਂ ਸੰਸਾਰ ਦੇ ਦੁੱਖ ਨ ਸੁਣਦਾ, ਵਿਸ਼ੇ ਵਿਕਾਰਾਂ ਔਗੁਣਾਂ ਪਾਪਾਂ ਵੱਲ ਲੱਗਣ ਨਾਲੋਂ ਗਲ਼ਾ ਵਢਾ ਲੈਣਾ ਹੀ ਚੰਗਾ ਹੈ।

ਚੱਬਣ ਚੱਲਣ- ਚਬਣ ਚਲਣ ਰਤੰਨ; ਸੇ ਸੁਣੀਅਰ ਬਹਿ ਗਏ॥ ਹੇੜੇ ਮੁਤੀ ਧਾਹ; ਸੇ ਜਾਨੀ ਚਲਿ ਗਏ॥੭੭॥ ਵਾਹਿਗੁਰੂ ਬਾਬਾ ਫਰੀਦ ਸਾਹਿਬ ਜੀ ਫੁਰਮਾਉਂਦੇ ਹਨ:- ਸ਼ਿਕਾਰ[੧]- [੧]ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥੧੮੮॥) ਫਰੀਦਾ. ਰੋਟੀ ਮੇਰੀ ਕਾਠ ਕੀ; ਲਾਵਣੁ ਮੇਰੀ ਭੁਖ॥) ਰੁੱਖੀ ਸੁੱਖੀ- ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ.ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥ ਅਨੁਸਾਰ ਸਾਵਧਾਨ ਹੋ ਕੇ ਸਿਮਰਨ ਕਰਨ ਲਈ, ਸਾਦਾ ਤੋਂ ਸਾਦਾ ਪਦਾਰਥ ਛਕਣ ਦੀ ਬਜਾਏ, ਮਾਸ ਹੱਢ ਚੱਬਣ ਵਾਲੇ (ਚਬਣ)ਦੰਦ, (ਬਹਿ)ਰੁੜ੍ ਗਏ, ਨਿਕਲ ਗਏ, ਸਤਸੰਗਤ ਵੱਲ, ਪਰਉਪਕਾਰ ਲਈ ਚੱਲਣਾ ਛੱਡ ਕੇ, ਕੁਸੰਗਤ ਵੱਲ ਚੱਲਣੇ

Sri Satguru Jagjit Singh Ji eLibrary NamdhariElibrary@gmail.com

(ਸੇ)ਕਰਕੇ (ਚਲਣ)ਪੈਰ ਭੀ, ਤੁਰਨੋ (ਬਹਿ)ਬੈਠ ਗਏ, ਜਬਾਬ ਦੇ ਗਏ, ਜਿਵੇਂ ਜੋੜਿਆ ਬਲਦ ਬਹਿ ਜਾਂਦਾ ਹੈ। ਏ ਨੇਤ੍ਰਹੁ ਮੇਰਿਹੋ. ਹਰਿ ਤੁਮ ਮਹਿ. ਜੋਤਿ ਧਰੀ; ਹਰਿ ਬਿਨੁ ਅਵਰੁ. ਨ ਦੇਖਹੁ ਕੋਈ॥ ਹਰਿ ਬਿਨੁ ਅਵਰੁ. ਨ ਦੇਖਹੁ ਕੋਈ; ਨਦਰੀ ਹਰਿ ਨਿਹਾਲਿਆ॥ ਏਹੁ ਵਿਸੁ ਸੰਸਾਰੁ. ਤੁਮ ਦੇਖਦੇ. ਏਹੁ ਹਰਿ ਕਾ ਰੂਪੁ ਹੈ; ਹਰਿ ਰੂਪੁ ਨਦਰੀ ਆਇਆ॥ ਗੁਰ ਪਰਸਾਦੀ ਬੁਝਿਆ. ਜਾ ਵੇਖਾ ਹਰਿ ਇਕੁ ਹੈ; ਹਰਿ ਬਿਨੁ ਅਵਰੁ. ਨ ਕੋਈ॥ ਕਹੈ ਨਾਨਕੁ. ਏਹਿ ਨੇਤ੍ਰ ਅੰਧ ਸੇ; ਸਤਿਗੁਰਿ ਮਿਲਿਐ. ਦਿਬ ਦ੍ਰਿਸਟਿ ਹੋਈ॥੩੬॥) ਸਭ ਮਹਿ ਜੋਤਿ; ਜੋਤਿ ਹੈ ਸੋਇ॥ ਤਿਸ ਦੈ ਚਾਨਣਿ; ਸਭ ਮਹਿ ਚਾਨਣੁ ਹੋਇ॥ ਅਨਸਾਰ ਸਾਰਿਆਂ 'ਚ ਮਹਾਰਾਜ ਸਾਹਿਬ ਦੀ ਜੋਤਿ ਦੇਖਣ ਦੀ ਬਜਾਏ, ਵੈਰ ਈਰਖਾ ਮੰਦ ਦ੍ਰਿਸ਼ਟੀ, ਪਰਾਇਆ ਰੂਪ ਵਿਕਾਰ ਦ੍ਰਿਸ਼ਟੀ ਨਾਲ ਦੇਖਣੇ (ਸੇ)ਕਰਕੇ, ਰਤਨਾ ਵਾਂਗ ਅਮੋਲਕ, ਰਤਨਾ ਵਾਂਗ ਪ੍ਰਕਾਸ਼ਵਾਨ (ਰਤੰਨ)ਨੇਤ੍ਰ (ਬਹਿ)ਬੈਠ ਗਏ, ਅੰਨ੍ਹੇ ਹੋ ਗਏ।) ਨਾਨਕ. ਸੁਣੀਅਰ ਤੇ ਪਰਵਾਣੁ; ਜੋ ਸੁਣੇਦੇ ਸਚੁ ਧਣੀ॥੧॥) ਏ ਸ੍ਰਵਣਹੁ ਮੇਰਿਹੋ; ਸਾਚੈ ਸੁਨਣੈ ਨੋ ਪਠਾਏ॥ ਸਾਚੈ ਸੁਨਣੈ ਨੋ ਪਠਾਏ. ਸਰੀਰਿ ਲਾਏ; ਸੁਣਹੁ ਸਤਿ ਬਾਣੀ॥ ਜਿਤੁ ਸੁਣੀ. ਮਨੁ ਤਨੁ ਹਰਿਆ ਹੋਆ; ਰਸਨਾ ਰਸਿ ਸਮਾਣੀ॥ ਸਚੁ ਅਲਖ ਵਿਡਾਣੀ; ਤਾ ਕੀ ਗਤਿ ਕਹੀ. ਨ ਜਾਏ॥ ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ. ਪਵਿਤ੍ਰ ਹੋਵਹੁ; ਸਾਚੈ ਸੁਨਣੈ ਨੋ ਪਠਾਏ॥੩੭॥ ਅਨੁਸਾਰ ਕੰਨ ਗੁਰਬਾਣੀ ਜੀ ਦਾ ਸੁਣਨਾ ਛੱਡ ਕੇ, ਵਿਕਾਰੀ ਗਾਣੇ, ਨਿੰਦਾ ਵੈਰ ਈਰਖਾ ਮੰਦੀਆਂ ਗੱਲਾਂ ਸੁਣਨੇ (ਸੇ)ਕਰਕੇ (ਸੁਣੀਅਰ)ਕੰਨ (ਬਹਿ)ਬੈਠ ਗਏ, ਜਬਾਬ ਦੇ ਗਏ, ਬੋਲ਼ੇ ਹੋ ਗਏ। ਜਿਵੇਂ ਮੀਂਹ ਨਾਲ ਕੱਚੀ ਕੰਧ ਥਾਂ ਹੀ ਬਹਿ ਜਾਂਦੀ ਹੈ ਇਉਂ ਇੰਦ੍ਰੇ ਆਪੋ ਆਪਣੇ ਥਾਂ ਬਹਿ ਗਏ, ਭਾਵ ਉੱਕਾ ਹੀ ਕੰਮ ਕਰਨੋ ਹਟ ਗਏ। ਸਾਰਿਆਂ ਨੇ ਜਬਾਬ ਦੇ ਦਿਤਾ। ਯਥਾ:- ਸ੍ਰਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥੩॥) ਨੈਨਹੁ. ਨੀਰੁ ਬਹੈ; ਤਨੁ ਖੀਨਾ; ਭਏ ਕੇਸ ਦੁਧਵਾਨੀ॥ ਰੂਧਾ ਕੰਠੁ. ਸਬਦੁ ਨਹੀ ਉਚਰੈ; ਅਬ ਕਿਆ ਕਰਹਿ ਪਰਾਨੀ) ਅੱਖੀਂ- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ ਹੋਰ ਕਰੇਂਦੀ ਵੰਨ॥੧੧॥) ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥) ਦੰਦਾਂ ਕੰਨਾਂ ਲੋਇਣਾਂ; ਇਨ੍ਹਾਂ ਦਿਤੀ ਹਾਰ। ਦੇਖ ਫਰੀਦਾ. ਉਠਿ ਚਲੇ; ਤੇਰੇ ਮੁੱਢ ਕਦੀਮੀ ਯਾਰ।

ਹੇੜੇ ਮੁਤੀ ਧਾਹ; ਸੇ ਜਾਨੀ ਚਲਿ ਗਏ॥੭੭॥ {ਜਿਵੇਂ ਇੱਕ ਬਬਰ ਸ਼ੇਰ ਨੇ, ਝੋਟੇ ਦੀ ਪਿੱਠ ਨੱਪ ਕੇ, ਅਪਣਾ ਮੂੰਹ ਪਿੱਠ ਉੱਪਰ ਗੱਡ ਦਿਤਾ। ਕੁੱਝ ਸਮਾਂ ਵਿਚਾਰਾ ਕਸ਼ਟ ਸਹਿੰਦਾ ਰਿਹਾ, ਅਖੀਰ ਉੱਚੀ ਅੜਿੰਗਿਆ ਧਾਹ ਮਾਰੀ, ਸ਼ੀਰ 'ਤੇ ਅਸਹਿ ਕਸ਼ਟ ਆਉਣ ਤੋਂ ਇਹ ਧਾਹ ਕੁਦਰਤੀ ਨਿਕਲਦੀ ਹੈ, ਧਾਹ ਮਾਰ ਕੇ, ਝੋਟਾ ਵਿਚਾਰਾ ਡਿੱਗ ਪਿਆ।} ਇੰਦ੍ਰਿਆਂ ਦੇ ਜੁਆਬ ਦੇਣ ਤੋਂ (ਹੇੜੇ) ਸ਼ੀਰ 'ਚੋਂ ਬੜੇ ਹੀ ਜ਼ੋਰ ਨਾਲ ਉੱਚੀ ਰੋਣ ਦੀ ਕੁਦਰਤੀ ਧਾਹ (ਮੁਤੀ)ਛੁੱਟੀ। ਕਹਿੰਦਾ,"ਹਾਇ ਓਏ ਰੱਬਾ! ਇਹ ਕੀ ਹੋ ਗਿਆ"? ਇਹ ਮੇਰੇ ਅਤਿਅੰਤ ਹੀ (ਜਾਨੀ) ਪਿਆਰੇ (ਸੇ)ਸਨ, ਸ਼ੀਰ ਨਾਲ ਹੀ ਜੰਮੇ ਸੇ, ਮੈਨੂੰ ਛੱਡ ਕੇ (ਚਲਿ) ਚਲੇ ਗਏ ਹਨ। ਐਸੀ ਦੁਖੱਲੀ ਦਸ਼ਾ 'ਚ, ਬੜੀ ਹੀ ਉੱਚੀ ੨ ਹਾਹਾਕਾਰ ਮਚਾਉਂਦਾ, ਧਾਹਾਂ ਮਾਰ ੨ ਕੇ ਰੋਂਦਾ ਹੈ। "ਹਾਏ ਓਏ ਰੱਬਾ! ਮੈਂ ਮਰ ਗਿਆ! ਲੁੱਟਿਆ ਗਿਆ! ਹੁਣ ਕੀ ਕਰਾਂਗਾ"? ਬ੍ਰਿਧ ਅਵਸਥਾ ਦੀ ਬੜੀ ਹੀ ਨਾਜ਼ੁਕ ਸਿਥਲ ਕਮਜ਼ੋਰ ਦਸ਼ਾ ਦਿਖਾ ਕੇ, ਮਰਨ ਸਮੇਂ ਦਾ ਬੜਾ ਹੀ ਭਾਰੀ ਦੁੱਖ ਕਸ਼ਟ ਦਿਖਾਇਆ ਹੈ। ਬੜੀ ਡੂੰਘੀ ਰਮਜ਼ ਸ਼ੁਭ ਸੱਚੀ ਸਿੱਖਿਆ

Sri Satguru Jagjit Singh Ji eLibrary NamdhariElibrary@gmail.com

ਹੀ ਸਿੱਖਿਆ ਹੈ। ਅਸੀਂ ਅਪਣੇ ਦਸਾਂ ਇੰਦ੍ਰਿਆਂ ਨੂੰ ਔਗੁਣਾਂ ਕੁਕਰਮਾਂ ਵਿਸ਼ਿਆਂ 'ਚ ਲਾ ਕੇ ਤਬਾਹ ਕਰਦੇ ਹਾਂ। ਇਹ ਸਿੱਖਿਆ ਹੈ, ਅੱਖਾਂ ਵਿਕਾਰ ਵੈਰ ਈਰਖਾ ਦਵੈਸ਼ ਵੈਰ ਮੰਦ- ਦ੍ਰਿਸ਼ਟੀ ਨਾਲ ਨਾ ਦੇਖਣ, ਰਸਨਾ ਝੂਠ ਨ ਬੋਲੇ, ਨਿੰਦਿਆ ਨ ਕਰੇ। ਕੰਨ ਵਿਕਾਰ ਦੀਆ ਗੱਲਾਂ ਨ ਸੁਣਨ। ਜ਼ਬਾਨ ਵਿਕਾਰ ਦੇ ਗਾਣੇ ਨ ਗਾਵੇ, ਪੈਰ ਕੁਸੰਗਤ 'ਚ ਕਲੱਬਾਂ ਚ ਜਾ ਕੇ ਨਾਚ ਗਾਣੇ ਨ ਕਰਨ। ਦੰਦ ਹੱਡੀਆਂ ਨ ਚੱਬਣ, ਇਹੋ ਹੀ ਇੰਦ੍ਰੇ ਭਜਨ ਵੱਲ ਲੱਗਣ ਨੇਤ੍ਰ ਗੁਰਬਾਣੀ ਪੜ੍ਹਨ, ਕੰਨ ਗੁਰਬਾਣੀ ਸੁਣਨ, ਜ਼ਬਾਨ ਗੁਰਬਾਣੀ ਕਥਾ ਕੀਰਤਨ ਬੋਲੇ, ਸੁਣੇ। ਹੱਥ ਗੁਰੂ ਸਾਹਿਬ ਜੀ ਦੀ ਸ਼ੁਭ ਸੱਚੀ ਸੇਵਾ ਕਰਨ, ਇਉਂ ਇਨ੍ਹਾਂ ਨੂੰ ਸਫ਼ਲੇ ਕਰਨਾ ਹੈ।

ਫਰੀਦਾ. ਬੁਰੇ ਦਾ ਭਲਾ ਕਰਿ; ਗੁਸਾ. ਮਨਿ ਨ ਹਢਾਇ॥ (ਪੱਲੈ)- ਦੇਹੀ ਰੋਗੁ ਨ ਲਗਈ; ਪਲੈ ਸਭੁ ਕਿਛੁ ਪਾਇ॥੭੮॥ ੧. ਉੱਤਮ ਬਕਤੇ ਧੰਨ ਵਾਹਿਗੁਰੂ ਬਾਬਾ ਫਰੀਦਾ ਸਾਹਿਬ ਜੀ ਆਪਣੇ ਮਨ ਨੂੰ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ:- ਹੇ ਮਨ! ਬੁਰੇ ਦਾ ਭਲਾ ਕਰਿ। ਬੁਰੇ ਦੀ ਬੁਰਿਆਈ ਦੇਖ ਕੇ, ਮਨਿ ਤੇ ਗੁਸਾ ਨ (ਹਢਾਇ)ਹੰਢਾ ਭਾਵ ਲਿਆ। ਸਤਿਗੁਰਾਂ ਦਾ ਮਤਿ ਸ੍ਰਬੱਤ ਦੇ ਭਲੇ ਦਾ ਹੈ:- ਨਾਨਕ ਨਾਮ ਚੜ੍ਦੀ ਕਲਾ, ਤੇਰੇ ਭਾਣੇ ਸ੍ਰਬੱਤ ਦਾ ਭਲਾ।) ਬੁਰੇ ਨਾਲ ਸਭ ਕਰਨ ਬੁਰਿਆਈ, ਮੁਆਫ਼ ਕਰਨ ਕਈ ਸਿਆਣੇ। ਬੁਰੇ ਨਾਲ ਫਿਰ ਨੇਕੀ ਕਰਨੀ, ਇਹ ਗੁਰੂ ਨਾਨਕ ਜਾਣੇ। ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ। ਸ੍ਰਬੱਤ ਦੇ ਭਲੇ ਅਨੁਸਾਰ ਜੇ ਕੋਈ ਤੇਰਾ ਬੁਰਾ ਕਰੇ ਤੂੰ ਉਸ ਦਾ ਭੀ ਭਲਾ ਹੀ ਕਰ।

(ਪੱਲੈ)- ਦੇਹੀ ਰੋਗੁ ਨ ਲਗਈ; ਪਲੈ ਸਭੁ ਕਿਛੁ ਪਾਇ॥੭੮॥ ਤੇਰੀ ਦੇਹੀ ਨੂੰ ਰੋਗੁ (ਨ)ਨਹੀਂ (ਲਗਈ)ਲੱਗੇਗਾ, ਆਪਣੇ ਪਲੈ 'ਚ ਸਭੁ ਕਿਛੁ ਪਾਇ ਲਵੇਂਗਾ। ਜਿਵੇਂ ਪੂਰਨ ਸੰਤ ਮਹਾਂਪੁਰਸ਼ ਭਗਤ ਜੈਦੇਵ ਜੀ ਨੇ, ਆਪਣੇ ਹੱਥ ਵੱਢਣ ਵਾਲੇ ਨੀਚ ਚੰਡਾਲਾਂ ਨੂੰ ਖਿਮਾ ਕਰਕੇ ਭਲਾ ਕੀਤਾ। ਭਗਤ ਜੀ ਦੀ ਨਿੰਦਾ ਕਰਕੇ, ਧਰਤੀ 'ਚ ਗ਼ਰਕ ਗਏ। ਭਗਤ ਜੀ ਨੇ ਪਛੁਤਾਵਾ ਕਰਦਿਆਂ ਦੋਵੇਂ ਟੁੰਡ ਮਲ਼ਦਿਆਂ ਕਿਹਾ, "ਕਾਹਨੂੰ ਗਰਕ ਹੋਣੇ ਸੀ। " ਤਾਂ ਭਗਤ ਜੀ ਦੇ ਦੋਵੇਂ ਟੁੰਡ ਹਰੇ ਹੋ ਗਏ। ਯਥਾ:- ਸੂਕੇ ਹਰੇ ਕੀਏ; ਖਿਨ ਮਾਹੇ॥ ਪ੍ਰੇਮ ਪ੍ਰਚਾਰ:- ਗੁੱਸੇ ਕਰਕੇ ਸਾਰੇ ਸੜ ਰਹੇ ਹਨ। ਯਥਾ:- ਕਾਮਿ ਕਰੋਧਿ; ਜਲੈ ਸਭੁ ਕੋਈ॥) ਕਾਮੁ ਕ੍ਰੋਧੁ; ਕਾਇਆ ਕਉ ਗਾਲੈ॥ ਜਿਉ ਕੰਚਨ; ਸੋਹਾਗਾ ਢਾਲੈ॥ ਗੁੱਸਾ, ਰੋਗਾਂ 'ਤੇ ਲੜਾਈਆਂ ਦੀ ਜੜ ਹੈ। ਯਥਾ:- ਹੇ ਕਲਿ ਮੂਲ ਕ੍ਰੋਧੰ; ਕਦੰਚ.ਕਰੁਣਾ ਨ ਉਪਰਜਤੇ॥ ਗੁੱਸਾ ਕਰਕੇ ਛੋਟੇ ਵੱਡਿਆਂ ਦਾ ਤ੍ਰਿਸਕਾਰ ਜਾਂ ਕਤਲ ਕਰ ਦਿੰਦੇ ਹਨ। ਵੱਡੇ ਭੀ ਛੋਟਿਆਂ ਨੂੰ ਕ੍ਰੋਧ ਕਰਕੇ ਮਾਰਦੇ ਕੁੱਟਦੇ ਹਨ। ਜ਼ਹਿਰ ਜਿਸ ਭਾਂਡੇ 'ਚ ਹੋਵੇ, ਓਸੇ 'ਚ ਹੀ ਹੁੰਦੀ ਹੈ, ਪਰ ਗੁੱਸਾ ਉਸ ਤੋਂ ਭੀ ਭੈੜਾ ਹੈ, ਕਿਉਂਕਿ ਜਿਹੜਾ ਗੁਸੈਲਾ ਪੁਰਖ ਹੈ, ਉਹ ਕ੍ਰੋਧ ਦੇ ਬਚਨ ਕਹਿ ਕੇ, ਦੂਜੇ ਨੂੰ ਸਾੜ ਦਿੰਦਾ ਹੈ। ਗੁੱਸਾ ਕਹਿੰਦਾ ਹੈ ਕਿ ਮੈਂ ਅੱਖਾਂ ਵਾਲਿਆਂ ਨੂੰ ਅੰਨ੍ਹੇ ਕਰ ਦਿੰਦਾ ਹਾਂ, ਕੰਨਾਂ ਵਾਲ਼ਿਆਂ ਨੂੰ ਬੋਲ਼ੇ ਕਰ ਦਿੰਦਾ ਹਾਂ। ਯਥਾ:- ਅੰਧ ਕਰਉ ਦ੍ਰਿਗਵੰਤਨ ਕਉ; ਸ੍ਰਵਨਵੰਤਨ ਕਉ ਬਦਰਉ ਕਰ ਡਾਰਉ॥

ਫਰੀਦਾ. ਬੁਰੇ ਦਾ ਭਲਾ ਕਰਿ; ਗੁਸਾ ਮਨਿ ਨ ਹਢਾਇ॥) ੨. ਕਬੀਰ, ਸਭ ਤੇ ਹਮ ਬੁਰੇ; ਹਮ ਤਜਿ.ਭਲੋ ਸਭੁ ਕੋਇ॥ ਅਨੁਸਾਰ ਕਿਸੇ ਨੂੰ ਭੀ ਬੁਰਾ ਨਹੀਂ ਸਮਝਣਾ। ਅਪਣਾ ਗੁਸੈਲਾ ਮਨ ਹੀ ਬੁਰਾ ਹੈ। ਰੱਬ ਰੂਪ ਬਾਬਾ ਜੀ ਆਪਣੇ ਮਨ ਨੂੰ ਉਪਦੇਸ਼ ਦਿੰਦੇ ਹਨ:- ਹੇ ਫਰੀਦਾ! ਤੇਰਾ ਗੁਸੈਲਾ ਮਨ ਹੀ ਬੁਰਾ ਹੈ, ਇਸ ਬੁਰੇ ਮਨ ਦਾ ਭਲਾ ਕਰਿ, ਕਿਵੇਂ? ਗੁਸਾ ਮਨਿ 'ਚ ਨ ਹੰਢਾਇ, ਜਿਵੇਂ ਅਸੀਂ ਬਸਤ੍ਰ ਹੰਢਾਉਂਦੇ ਭਾਵ ਵਰਤਦੇ ਹਾਂ। ਇਸ ਤਰ੍ਹਾਂ ਮਨ 'ਤੇ ਗੁੱਸਾ ਨ ਹੰਢਾਅ।

ਦੇਹੀ.ਰੋਗੁ ਨ ਲਗਈ; ਪਲੈ ਸਭੁ ਕਿਛੁ ਪਾਇ॥੭੮॥ ਜਿਸ ਗੁੱਸੇ ਕਰਕੇ ਮਨ ਬੁਰਾ ਹੈ, ਦੇਹੀ ਨੂੰ ਬਹੁਤ ਰੋਗ ਲੱਗਦੇ ਹਨ। ਡਾਕਟ੍ਰ ਨੇ ਇੱਕ ਬਜ਼ੁਰਗ ਨੂੰ ਕਿਹਾ, "ਬਾਬਾ ਜਦੋਂ ਤੈਨੂੰ ਗੁੱਸਾ ਆਉਂਦਾ ਹੈ, ਤੇਰੀਆਂ ਨਾੜਾਂ

Sri Satguru Jagjit Singh Ji eLibrary NamdhariElibrary@gmail.com

ਖਿੱਚੀਆਂ ਜਾਂਦੀਆਂ ਹਨ। ਤੇਰੀ ਦੇਹੀ ਨੂੰ ਕ੍ਰੋਧ ਹੀ ਰੋਗ ਹੈ। ਦੇਹੀ ਨੂੰ ਕ੍ਰੋਧ ਰੂਪੀ ਰੋਗੁ (ਨ)ਨਹੀਂ (ਲਗਈ)ਲੱਗੇਗਾ। ਵਾ ਦੇਹ ਧਾਰਨ ਰੂਪੀ ਰੋਗੁ ਨਹੀਂ ਲੱਗੇਗਾ। ਆਪਣੇ ਰਿਦੇ ਰੂਪੀ ਪਲੈ 'ਚ (ਸਭੁ ਕਿਛੁ) ਰਿੱਧੀਆਂ ਸਿੱਧੀਆਂ, ਪਦਾਰਥ ਸ਼ੁਭ ਗੁਣ ਪੂਰਨ ਪ੍ਰਮਾਤਮਾ ਜੀ ਨੂੰ ਪਾਇ ਲਵੇਂਗਾ। ਜਿਵੇਂ ਬਾਬੇ ਘਨਈਏ ਸਾਹਿਬ ਜੀ ਨੇ ਕ੍ਰੋਧ ਤਿਆਗ ਕੇ, ਨਿਰਵੈਰਤਾ ਕਮਾ ਕੇ, ਸਭ ਕੁੱਝ ਪਾਇਆ। ਯਥਾ:- ਕਹੁ ਨਾਨਕ; ਜਿਨਿ ਠਾਕੁਰੁ ਪਾਇਆ॥ ਸਭੁ ਕਿਛੁ; ਤਿਸ ਕੇ ਗ੍ਰਿਹ ਮਹਿ ਆਇਆ॥

ਫਰੀਦਾ. ਪੰਖ ਪਰਾਹੁਣੀ; ਦੁਨੀ ਸੁਹਾਵਾ ਬਾਗੁ॥) ਵੱਜੀ, ਚੱਲਣ- ਨਉਬਤਿ ਵਜੀ ਸੁਬਹ ਸਿਉ; ਚਲਣ ਕਾ ਕਰਿ ਸਾਜੁ॥੨੯॥ ਵਾਹਿਗੁਰੂ ਭਗਤ ਸਾਹਿਬ ਜੀ ਰੋਮ ੨ ਕਰਕੇ, ਵਾਹਿਗੁਰੂ ਜੀ ਦੇ ਪ੍ਰੇਮ ਵੈਰਾਗ 'ਚ ਲੀਣ, ਤਰ ਤੀਬਰ ਤਰ ਤਮ ਵੈਰਾਗ ਦੇ ਬਚਨ ਫ਼ੁਰਮਾ ਰਹੇ ਹਨ:- ਸੁੰਦਰ ਸੋਭਨੀਕ ਫ਼ਲਦਾਰ ਬਾਗ਼'ਚ, ਪੰਛੀਆਂ ਦੀ ਡਾਰ, ਜਿਵੇਂ ਇੱਕ ਰਾਤ ਦੀ ਪ੍ਰਾਹੁਣੀ ਹੁੰਦੀ ਹੈ। ਪੰਛੀਆਂ ਨੂੰ ਉੱਡਾਉਣ ਲਈ ਸਵੇਰੇ ਨਗਾਰਾ ਵੱਜਣ ਤੋਂ ਜਾਣ ਦੀ ਤਿਆਰੀ ਕਰ ਲੈਂਦੇ ਹਨ। ਇਉਂ ਆਪਣੇ ਮਨ ਨੂੰ ਸਮਝਾਉਣ ਲਈ ਕਹਿ ਰਹੇ ਹਨ, ਹੇ ਦਾਸਨ ਦਾਸ ਫਰੀਦਾ! (ਦੁਨੀ)ਦੁਨੀਆਂ ਕੋਟਿ ਬ੍ਰਹਮੰਡ ਦੀ ਰਚਨਾ, ਵਾਹਿਗੁਰੂ ਜੀ ਦਾ (ਸੁਹਾਵਾ)ਸੋਭਨੀਕ ਸੁੰਦਰ ਸੋਹਣਾ ਬਾਗੁ ਹੈ, (ਪੰਖ)ਪੰਛੀ ਚੌਰਾਸੀ ਲੱਖ ਜੂਨੀ, ਇੱਕ ਅਵਸਥਾ ਰੂਪ ਰਾਤ ਦੀ ਪ੍ਰਾਹੁਣੀ ਹੈ। ਸੁਹਾਵੇ ਬਾਗ਼ ਦੁਨੀਆਂ 'ਚ ਭਜਨ ਸਿਮਰਨ ਰੂਪ ਅਮਰ ਫ਼ਲ ਹੈ, ਕਿਉਂਕਿ ਵਾਹਿਗੁਰੂ ਜੀ ਨੇ ਆਪ ਹੀ ਰਚੀ ਹੈ। ਇਸ 'ਚ ਆਪ ਭਰਪੂਰ ਹੋ ਰਹੇ ਹਨ। ਵਾਹਿਗੁਰੂ ਜੀ ਦੀ ਪਰਮ ਪਵਿਤ੍ਰ ਜੋਤਿ ਅਤੇ ਰਾਜਹੰਸ ਮੋਰ ਸ਼ੇਰ ਚੀਤੇ ਪਸ਼ੂਆਂ ਪੰਛੀਆਂ ਮਾਨਸੋ੍ਵਰਾਂ ਹੰਸਾਂ ਅਤੇ ਗੁਰਦੁਆਰਿਆਂ ਗੁਰਸੇਵਕਾਂ ਪੂਰਨ ਵੈਰਾਗੀਆਂ ਸਾਧੂਆਂ ਸੰਤਾਂ ਭਗਤਾਂ ਦਾਨੀਆਂ ਸਾਊ ਨੇਕ ਧਰਮੀਆਂ ਯੋਧਿਆਂ ਬਹਾਦਰਾਂ ਸਤਿਸੰਗੀਆਂ ਨਾਲ ਸੋਭਨੀਕ ਹੋ ਰਿਹਾ ਹੈ। ਯਥਾ:- ਸਚੇ ਤੇਰੇ ਖੰਡ; ਸਚੇ ਬ੍ਰਹਮੰਡ॥ ਸਚੇ ਤੇਰੇ ਲੋਅ; ਸਚੇ ਆਕਾਰ॥ ਸਚੇ ਤੇਰੇ ਕਰਣੇ; ਸਰਬ ਬੀਚਾਰ॥ ਸਚਾ ਤੇਰਾ ਅਮਰੁ; ਸਚਾ ਦੀਬਾਣੁ॥ ਸਚਾ ਤੇਰਾ ਹੁਕਮੁ; ਸਚਾ ਫੁਰਮਾਣੁ॥ ਸਚਾ ਤੇਰਾ ਕਰਮੁ; ਸਚਾ ਨੀਸਾਣੁ॥ ਸਚੇ ਤੁਧੁ ਆਖਹਿ; ਲਖ ਕਰੋੜਿ॥ ਸਚੈ ਸਭਿ ਤਾਣਿ; ਸਚੈ ਸਭਿ ਜੋਰਿ॥ ਸਚੀ ਤੇਰੀ ਸਿਫਤਿ; ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ; ਸਚੇ ਪਾਤਿਸਾਹ॥ ਨਾਨਕ ਸਚੁ; ਧਿਆਇਨਿ ਸਚੁ॥ ਜੋ ਮਰਿ ਜੰਮੇ; ਸੁ ਕਚੁਨਿ ਕਚੁ॥੧॥

ਵੱਜੀ,ਚੱਲਣ- ਨਉਬਤਿ ਵਜੀ ਸੁਬਹ ਸਿਉ; ਚਲਣ ਕਾ ਕਰਿ ਸਾਜੁ॥੨੯॥ {ਇੱਥੇ ਪਾਪਾਂ ਦੀ ਕਾਲ਼ੀ ਬੋਲ਼ੀ ਰਾਤ ਪਾਈ ਹੋਈ ਸੀ।} ਅਵਸਥਾ ਰੂਪੀ ਰਾਤ ਪੂਰੀ ਹੋਣ ਤੋਂ, ਕੋਟਿ ਪ੍ਰਕਾਸ਼ ਸਰੂਪ (ਸੁਬਹ)ਚਾਨਣ ਸਰੂਪ ਵਾਹਿਗੁਰੂ ਜੀ ਵੱਲੋਂ, ਕੂਚ ਦਾ ਵੱਡਾ (ਨਉਬਤਿ)ਨਗਾਰਾ, ਹਰ ਸਮੇਂ ਵਜੀ ਜਾ ਰਿਹਾ ਹੈ, ਹੇ ਗੁਰਸੇਵਕ ਰੂਪੀ ਪੰਛੀ! ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ਼ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਵਿਸਮਾਦ, ਅਨੰਤ ਸ਼ੁਭ ਗੁਣਾਂ ਰੂਪੀ ਖੰਭਾਂ ਸਹਿਤ ਉਡਾਰੀ ਮਾਰ ਕੇ, ਚਲਣ (ਕਾ)ਦਾ (ਸਾਜੁ)ਸਾਜੋ ਸਮਾਨ ਕਰਿ। ਗੁਰਸੇਵਕ ਰੂਪੀ ਪੰਛੀ ਕੂਚ ਦਾ ਵੱਡਾ ਨਗਾਰਾ ਸੁਣ, ਉਸ ਨਗਾਰੇ ਨੂੰ ਤੂੰ ਪਹਿਲਾਂ ਭੀ ਵੱਜਦਾ ਸੁਣਦਾ ਸੀ ਕਿ ਫ਼ਲਾਨਾ ਮਰ ਗਿਆ, ਫ਼ਲਾਨਾ ਮਰ ਗਿਆ, ਅੱਜ ਤੇਰੀ ਵੀ ਵਾਰੀ ਆ ਗਈ ਹੈ। ਯਥਾ:- ਮਨੁ ਜੰਜਾਲੁ. ਨ ਛੋਡਈ; ਜਮ ਦੀਆ ਦਮਾਮਾ ਆਇ॥੨੨੭॥) ਸੂਹੀ ਕਬੀਰ ਜੀਉ॥ ਅਮਲੁ ਸਿਰਾਨੋ; ਲੇਖਾ ਦੇਨਾ॥ ਆਏ ਕਠਿਨ ਦੂਤ ਜਮ ਲੇਨਾ॥ ਕਿਆ ਤੈ ਖਟਿਆ; ਕਹਾ ਗਵਾਇਆ॥ ਚਲਹੁ ਸਿਤਾਬ; ਦੀਬਾਨਿ ਬੁਲਾਇਆ॥੧॥ ਚਲੁ ਦਰਹਾਲੁ; ਦੀਵਾਨਿ ਬੁਲਾਇਆ॥ ਹਰਿ ਫੁਰਮਾਨੁ; ਦਰਗਹ ਕਾ ਆਇਆ॥੧॥) ਜੈਸੇ ਰੈਨਿ ਪਰਾਹੁਣੇ; ਉਠਿ ਚਲਸਹਿ ਪਰਭਾਤਿ॥ ਕਿਆ ਤੂੰ ਰਤਾ. ਗਿਰਸਤ ਸਿਉ; ਸਭ ਫੁਲਾ ਕੀ ਬਾਗਾਤਿ॥)

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸ਼ੁਭ ਸਿੱਖਿਆ:- ਚਲਣ ਕਾ ਕਰਿ ਸਾਜੁ॥੭੯॥ ਬਹੁਤ ਵੱਡੀ ਗੰਭੀਰਤਾ ਵਾਲੀ ਪੂਰਨ ਵੈਰਾਗਮਈ ਰਮਜ਼ ਹੈ। ਸ਼੍ਰੀ ਭਗਤ ਸਾਹਿਬ ਜੀ ਰੋਮ ੨ ਕਰਕੇ ਸਿਮਰਣ 'ਚ ਲੀਣ ਆਪਣੇ ਆਪ ਨੂੰ ਕਹਿ ਰਹੇ ਹਨ, ਤੇਰੇ ਕੇਸ ਜਮਦੂਤ ਨੇ ਪਕੜੇ ਹਨ, ਸੰਸਾਰ ਦਾ ਰਹਿਣਾ ਨਿਮਖ ਮਾਤ੍ਰ ਹੀ ਹੈ। ਯਥਾ:- ਦੁਨੀਆ ਮੁਕਾਮੇ ਫਾਨੀ; ਤਹਕੀਕ ਦਿਲ ਦਾਨੀ॥ ਮਮ ਸਰ ਮੂਇ. ਅਜਰਾਈਲ ਗਿਰਫਤਹ; ਦਿਲ ਹੇਚਿ ਨ ਦਾਨੀ॥੧॥) ਜੋ ਜਨਮੈ; ਸੋ ਜਾਨਹੁ ਮੂਆ॥) ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ. ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ, ਨ ਪਤੀਣੋਹਿ॥) ਜੈਸੇ ਰੈਣਿ ਪਰਾਹੁਣੇ; ਉਠਿ ਚਲਸਹਿ ਪਰਭਾਤਿ॥ ਕਿਆ ਤੂੰ ਰਤਾ. ਗਿਰਸਤ ਸਿਉ; ਸਭ ਫੁਲਾ ਕੀ ਬਾਗਾਤਿ॥) ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥)

ਫਰੀਦਾ. ਰਾਤਿ ਕਥੂਰੀ ਵੰਡੀਐ; ਸੁਤਿਆ. ਮਿਲੈ ਨ ਭਾਉ॥ ਜਿੰਨ੍ਹਾ ਨੈਣ ਨੀਦ੍ਰਾਵਲੇ; ਤਿੰਨ੍ਹਾ ਮਿਲਣੁ ਕੁਆਉ॥੮੦॥ ਜਿਵੇਂ ਰਾਜ ਦੁਆਰੇ ਮਹਿਲਾਂ 'ਚ ਰਾਤਿ ਨੂੰ (ਕਥੂਰੀ)ਸੁਗੰਧੀ (ਵੰਡੀਐ)ਵੰਡੀਦੀ ਹੈ, ਸੁਤਿਆ ਨੂੰ (ਭਾਉ)ਛਾਂਦਾ ਨਹੀਂ ਮਿਲਦਾ, ਇਉਂ ਫਰੀਦਾ ਸਾਹਿਬ ਜੀ ਫੁਰਮਾਉਂਦੇ ਹਨ:- ਸਜਣੁ ਸਚਾ ਪਾਤਿਸਾਹੁ; ਸਿਰਿ ਸਾਂਹਾਂ ਦੈ ਸਾਹੁ॥) ਰਾਜਨ ਕੇ ਰਾਜਾ ਮਹਾਰਾਜਨ ਕੇ ਮਹਾਰਾਜਾ;) ਵਾਹੁ ਵਾਹੁ ਸਚੇ ਪਾਤਿਸਾਹ; ਤੂ ਸਚੀ ਨਾਈ॥) ਮਿਹਰਵਾਨੁ ਸਾਹਿਬੁ ਮਿਹਰਵਾਨੁ॥ ਸਾਹਿਬੁ ਮੇਰਾ ਮਿਹਰਵਾਨੁ॥ ਜੀਅ ਸਗਲ ਕਉ; ਦੇਇ ਦਾਨੁ॥ ਧੰਨ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਦੇ ਉੱਚੇ ਰਾਜ ਦੁਆਰੇ ਸਤਸੰਗਤ ਜੀ 'ਚ, ਸਾਰੀ ਰਾਤਿ, ਅਖੰਡਪਾਠ ਸਿਮਰਨ ਕੀਰਤਨ ਕਥਾ ਪ੍ਰੇਮਾਭਗਤੀ ਰੂਪੀ (ਕਥੂਰੀ)ਕਸਤੂਰੀ (ਵੰਡੀਐ)ਵੰਡੀਦੀ ਹੈ। ਘਰਾਂ 'ਚ ਸੁਤਿਆ ਅਥਵਾ ਔਗੁਣਾਂ ਮੰਦ- ਕਰਮਾਂ ਨਸ਼ਿਆਂ ਵਿਸ਼ਿਆਂ'ਚ ਸੁਤਿਆ, ਅਥਵਾ ਅਖੰਡਪਾਠ ਦੀ ਰੌਲ 'ਤੇ ਸੁਤਿਆ ਨੂੰ (ਭਾਉ)ਛਾਂਦਾ, ਪ੍ਰੇਮ, ਨਾਮੁ ਦਾ ਪ੍ਰਕਾਸ਼ ਨਹੀਂ ਮਿਲਦਾ। ਯਥਾ:- ਮੇਰਾ ਸਹੁ ਜਾਗੈ; ਹਉ ਨਿਸਿ ਭਰਿ ਸੋਵਾ॥੧॥ ਇਉ; ਕਿਉ ਕੰਤ ਪਿਆਰੀ ਹੋਵਾ॥) ਨੈਨਹੁ ਨੀਦ; ਪਰ ਦ੍ਰਿਸਟਿ ਵਿਕਾਰ॥ ਸ੍ਰਵਣ ਸੋਏ; ਸੁਣਿ ਨਿੰਦ ਵੀਚਾਰ॥ ਰਸਨਾ ਸੋਈ; ਲੋਭਿ ਮੀਠੈ ਸਾਦਿ॥ ਮਨੁ ਸੋਇਆ; ਮਾਇਆ ਬਿਸਮਾਦਿ॥

ਜਿੰਨ੍ਹਾ ਨੈਣ ਨੀਦ੍ਰਾਵਲੇ; ਤਿੰਨ੍ਹਾ ਮਿਲਣੁ ਕੁਆਉ॥੮੦॥ ਜਿੰਨ੍ਹਾ ਦੇ (ਨੈਣ)ਨੇਤ੍ਰ, ਨੀਂਦ ਅਥਵਾ ਔਗੁਣਾਂ ਮੰਦ- ਕਰਮਾਂ ਨਸ਼ਿਆਂ ਵਿਸ਼ਿਆਂ ਰੂਪ (ਨੀਦ੍ਰਾਵਲੇ)ਨੀਂਦ ਵਾਲੇ ਹਨ, ਜੋ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੀ ਰੌਲ ਲਾਉਂਦਿਆਂ, ਕਥਾ ਕੀਰਤਨ ਸੁਣਦਿਆਂ ਸੌਂ ਜਾਂਦੇ ਹਨ। ਤਿਨ੍ਹਾਂ ਨੂੰ ਇਹ ਪ੍ਰੇਮਾਭਗਤੀ ਰੂਪੀ ਕਸਤੂਰੀ ਦਾ (ਮਿਲਣੁ)ਮਿਲਣਾ (ਕੁਆਉ)ਕਠਨ ਹੈ।

ਫਰੀਦਾ. ਰਾਤਿ ਕਥੂਰੀ ਵੰਡੀਐ; ਸੁਤਿਆ. ਮਿਲੈ ਨ ਭਾਉ॥ ਸਤਿਗੁਰੂ ਨਾਨਕ ਦੇਵ ਸਾਹਿਬ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਸ਼੍ਰੀ ਕਰਤਾਰਪੁਰ ਸਾਹਿਬ ਜੀ ਵਿਖੇ, ਸਾਰੀ ਰਾਤ ਦੋ ਕੋਹ 'ਚ ਤੁਰੇ ਫਿਰਦੇ, ਬਚਨ ਕਹਿੰਦੇ, "ਨਾਮ ਸੁਹਾਵਾ, ਵਖ਼ਤ ਸੁਹਾਵਾ"(ਸੁਹਾਵਾ)ਸੋਭਨੀਕ ਨਾਮੁ ਜਪਣੇ ਕਲਜੁੱਗ ਦਾ ਵਖ਼ਤ (ਸੁਹਾਵਾ)ਸੋਭਨੀਕ ਹੈ। ਯਥਾ:- ਤੀਨੌ ਜੁਗ ਤੀਨੌ ਦਿੜੇ; ਕਲਿ ਕੇਵਲ ਨਾਮ ਅਧਾਰ॥) ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥ ਅਨ ਰੂਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥) ਗ੍ਰਿਹੁ ਮੰਦਰ ਮਹਲਾ. ਜੋ ਦੀਸਹਿ; ਨਾ ਕੋਈ ਸੰਗਾਰਿ॥ ਜਬ ਲਗੁ ਜੀਵਹਿ. ਕਲੀ ਕਾਲ ਮਹਿ; ਜਨ ਨਾਨਕ. ਨਾਮੁ ਸਮ੍ਹਾਰਿ॥੪॥੩੭॥) ਰੇਤੁ ਅਕੁ ਆਹਾਰੁ ਕਰਿ, ਰੋੜਾ ਕੀ ਗੁਰ ਕਰੀ ਵਿਛਾਈ। ਭਾਰੀ ਕਰੀ ਤਪਸਿਆ; ਵਡੇਭਾਗੁ ਹਰਿ ਸਿਉ ਬਣਿ ਆਈ। (ਵਾਰ ੧) ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਤਲ਼ੇ ਅਹਾਰ ਨੂੰ ਅੱਕ ਤੇ ਰੇਤ ਸਮਝਿਆ, ਨਾਮ ਦੇ ਆਸਰੇ ਹੋ ਗਏ। ਯਥਾ:- ਇਕਿ ਨਿਰੰਕਾਰੀ; ਨਾਮ ਆਧਾਰਿ॥ ਗੁਰੂ ਪ੍ਰਮੇਸਰ ਜੀ ਹਿਰਦੇ 'ਚੋਂ ਅਪਣੇ ਮੁਖ 'ਚ ਅੰਮ੍ਰਿਤ ਹਰ ਸਮੇਂ ਪੀਂਦੇ ਰਹਿੰਦੇ। ਵਿਸਮਾਦ ਹੀ ਵਿਸਮਾਦ ਅਨਹਦ ਝੁਨਕਾਰ ਅਜਪਾ ਜਾਪ 'ਚ ਲੀਣ ਰਹਿੰਦੇ।

Sri Satguru Jagjit Singh Ji eLibrary NamdhariElibrary@gmail.com

ਸਾਰੀ ਰਾਤ ਤੁਰਦੇ ਰਹਿੰਦੇ। ਜਦੋਂ ਬਹਿੰਦੇ ਤਾਂ ਰੋੜਾਂ ਦੀ ਸੇਜ ਤੇ ਬਹਿੰਦੇ। ਸੰਤ ਬਾਬਾ ਸੁੰਦਰ ਸਿੰਘ ਜੀ ਭਿੰਡਰਾਂ ਵਾਲਿਆਂ ਦੇ ਬ੍ਰਹਮ ਵਿਦਿਆ ਦੇ ਦਾਤੇ, ਪਰਮਪੂਜਨੀਕ ਪੂਰਨ ਸੰਤ ਬਾਬਾ ਬਿਸ਼ਨ ਸਿੰਘ ਜੀ ਮੁਰਾਲੇ ਵਾਲੇ, ਵੱਡੇ ਤੜਕੇ ਦੋ ਸੌ ਗਾਗਰ ਪਾਣੀ ਕੱਢ ਕੇ, ਟੈਂਕੀ 'ਚ ਪਾਉਂਦੇ। ਸਤਿਸੰਗਤ ਜੀ ਦੇ ਛਕਣ ਲਈ ਹੱਥੀਂ ਚੱਕੀ ਪੀਸਦੇ। ਮਹਾਂ ਪੁਰਸ਼ ਸਾਰੀ ਰਾਤ ਜਾਗ ਕੇ ਬੰਦਗੀ ਕਰਦੇ। ਸਿਮਰਨ ਕਰਦਿਆਂ ਚੱਕੀ ਪੀਂਹਦੇ, ਦਿਨੇ ਲੰਮਾ ਸਮਾਂ ਬਾਹਰ ਜੰਗਲ਼ 'ਚ ਜਾ ਕੇ ਬੰਦਗੀ ਕਰਦੇ। ਦਿਨੇ ਦਸ ਵਜੇ ਸੰਤੋਖ ਸਹਿਤ ਸਾਦਾ ਪ੍ਰਛਾਦਾ ਛਕਦੇ। ਅੱਠਾਂ ਪਹਿਰਾਂ 'ਚ ਕੇਵਲ ਇੱਕ ਘੰਟਾ ਹੀ ਵਿਰਾਜਦੇ।

ਫਰੀਦਾ. ਮੈ ਜਾਨਿਆ, ਦੁਖੁ ਮੁਝ ਕੂ; ਦੁਖੁ ਸਬਾਇਐ ਜਗਿ॥ ਊਚੇ ਚੜਿ ਕੈ ਦੇਖਿਆ; ਤਾਂ ਘਰਿ ਘਰਿ ਏਹਾ ਅਗਿ॥੮੧॥ ਵਾਹਿਗੁਰੂ ਭਗਤ ਸਾਹਿਬ ਜੀ. ਭਾਵੇਂ ਘਣੇ ਵੈਰਾਗ ਸਹਿਤ ਵਾਹਿਗੁਰੂ ਜੀ 'ਚ ਲੀਨ ਹਨ, ਪਰ ਸਾਨੂੰ ਕਲਜੁੱਗੀ ਜੀਵਾਂ ਨੂੰ ਔਗੁਣਾਂ ਤੋਂ ਹਟਾਉਣ ਲਈ, ਆਪ ਦੁਆਰਾ ਸਾਡੇ ਘਣੇਰੇ ਦੁੱਖ ਦੱਸ ਰਹੇ ਹਨ। ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- (ਮੈਂ)ਦਾਸਨ ਦਾਸ ਨੇ ਜਾਨਿਆ, (ਮੁਝ)ਦਾਸਨ ਦਾਸ (ਕੂ)ਨੂੰ ਹੀ ਵੱਡਾ ਭਾਰੀ ਦੁਖੁ ਹੈ, ਪਰ, ਵਡਾ ਦਾਤਾ ਗੁਰਮੁਖਿ ਜਾਤਾ; ਨਿਗੁਰੀ ਅੰਧ ਫਿਰੈ ਲੋਕਾਈ॥ ਅਨੁਸਾਰ ਨਿਗੁਰੇ ਹੋਣ ਕਾਰਨ (ਸਬਾਇਐ)ਸਾਰੇ ਜਗਿ ਨੂੰ ਦੁਖ ਹੀ ਦੁਖ ਹੈ, ਜੋ ਗਿਣਿਆ ਮਿਣਿਆ ਨਹੀਂ ਜਾ ਸਕਦਾ। (ਊਚੇ)ਨਿਰਗੁਣ ਬ੍ਰਹਮ ਜੀ 'ਚ, (ਚੜਿ)ਲੀਣ ਹੋ (ਕੈ)ਕੇ ਦੇਖਿਆ, ਤਾਂ ਘਰਿ ਘਰਿ ਅਥਵਾ ਹਰ (ਘਰਿ)ਸ਼ਰੀਰ (ਘਰਿ)ਸ਼ਰੀਰ 'ਚ (ਏਹਾ)ਇਹ ਕਾਮ ਕ੍ਰੋਧ ਲੋਭ ਮੋਹ ਈਰਖਾ ਵੈਰ ਬਖ਼ੀਲੀ ਫੈਸ਼ਨ ਨਿੰਦਾ, ਵਾਹਿਗੁਰੂ ਜੀ ਦੇ ਵਿਛੋੜੇ ਦੀ, ਅਗਿ ਹੀ ਅਗਿ ਹੈ॥੮੧॥ ਦੁਖੁ ਸਬਾਇਐ ਜਗਿ॥ ਇਉਂ ਦੁੱਖ ਹੈ:- ਹੰਗਤਾ ਬੱਜਰ ਪਾਪਾਂ ਦੇ ਅਸਹਿ ਭਾਰ ਕਰਕੇ, ਦਿਲ ਦਿਮਾਗ਼ ਸ਼ਰੀਰ ਦੱਬੇ ਕਸ਼ਟ ਭੋਗ ਰਹੇ ਹਨ, ਰੋਸ ਨਾਲ ਭਰੇ ਪਏ ਹਨ। ਦੇਹ ਨੂੰ ਕਸ਼ਟ ਹੀ ਕਸ਼ਟ ਹਨ। ਕਿਤਨੀਆਂ ਦੇਹਾਂ ਹਰ ਵੇਲੇ, ਗੋਲ਼ੀਆਂ ਬੰਬਾਂ ਨਾਲ ਭੁੰਨੀਆਂ ਸਾੜੀਆਂ ਜਾ ਰਹੀਆਂ ਹਨ। ਕਿੰਨੀਆਂ ਦੇਹਾਂ ਦੇ ਢਿੱਡ 'ਚ ਚਾਕੂ ਮਾਰ ਕੇ ਹੁਣ ਮਾਰ ਰਹੇ ਹਨ। ਕਿੰਨੀਆਂ ਦੇਹਾਂ ਦੀਆਂ ਅੱਖਾਂ ਕੱਢ ਕੇ, ਅਸਥਣ ਵੱਢ ਕੇ ਮਾਰੀਆਂ ਗਈਆਂ ਹਨ। ਕਿੰਨੀਆਂ ਦੇਹਾਂ ਨੂੰ ਅੰਦਰੋਂ ਕੀੜੇ ਕ੍ਰਿਮ ਹੁਣ ਖਾਈ ਜਾ ਰਹੇ ਹਨ। ਕਿੰਨੇ ਜੀਅ ਹੁਣ ਪੁਲੀਸ ਚੌਂਕੀ 'ਚ ਨਜਾਇਜ਼ ਮਾਰ ਖਾ ਰਹੇ ਹਨ। ਕਿੰਨੀਆਂ ਗਾਈਆਂ ਕਤਲ ਕੀਤੀਆਂ ਜਾ ਰਹੀਆਂ ਹਨ, ਕਿੰਨੀਆਂ ਬੱਚੀਆਂ ਪੇਟ 'ਚ, ਜਾਂ ਹੁਣ ਜੰਮਦੀਆਂ ਹੀ ਮਾਰੀਆਂ ਜਾ ਰਹੀਆਂ ਹਨ। ਕਾਮ ਕ੍ਰੋਧ ਲੋਭ ਮੋਹ ਵਿਕਾਰ ਨਸ਼ੇ ਔਗੁਣ ਹਾਵੀ ਹੋ ਕੇ ਦੇਹਾਂ ਨੂੰ ਬਹੁਤ ਜ਼ਿਆਦਾ ਦੁੱਖ ਦੇ ਰਹੇ ਹਨ। ਏਡਜ ਆਦਿਕ ਬੀਮਾਰੀਆਂ ਦੇ ਰੋਗੀ ਵੀ ਬਣੇ ਹੋਏ ਅਸੀਂ ਇੱਕ ਕ੍ਰਿਮ ਹਾਂ, ਸਾਡੀ ਦੇਹ ਅੰਦਰ, ਬੇਅੰਤ ਹੀ ਕ੍ਰਿਮ, ਪਰਮ ਪਿਆਰੇ ਰਾਮ ਜੀ ਦੇ ਵਿਜੋਗ 'ਚ ਤੜਫਦੇ ਦੁਖੀ ਭੱਜੇ ਫਿਰਦੇ ਹਨ, ਦੁੱਖਾਂ ਦੀ ਗੱਲ ਕਹਿਣ ਕਥਨ 'ਚ ਨਹੀ ਆ ਸਕਦੀ, ਕ੍ਰਿਮ ਜੀਵ ਜੂਨਾਂ 'ਚ ਤੁਰਿਆ ਫਿਰਦਾ ਹੈ। ਬੇਅੰਤ ਹੀ ਤੜਫਦੇ ਜੀਆਂ ਦੇ ਉਦਾਲ਼ੇ, ਬਹੁਤੇ ਜੀਅ ਉਨ੍ਹਾਂ ਨੂੰ ਖਾ ਰਹੇ ਹਨ। ਯਥਾ:- ਦੁਖੁ ਵਿਛੋੜਾ; ਇਕੁ ਦੁਖੁ ਭੂਖ॥ ਇਕੁ ਦੁਖੁ; ਸਕਤਵਾਰ ਜਮਦੂਤ॥ ਇਕੁ ਦੁਖੁ; ਰੋਗੁ ਲਗੈ ਤਨਿ ਧਾਇ॥)

ਮਹਲਾ ੫॥ ਫਰੀਦਾ. ਭੂਮਿ ਰੰਗਾਵਲੀ; ਮੰਝਿ ਵਿਸੂਲਾ ਬਾਗ॥ ਜੋ ਜਨ. ਪੀਰਿ ਨਿਵਾਜਿਆ; ਤਿੰਨ੍ਹਾ. ਅੰਚ ਨ ਲਾਗ॥੮੨॥ ਰਾਮਕਲੀ ਦੀ ਦੂਜੀ ਵਾਰ ੯੬੬ ਅੰਗ 'ਤੇ ਇਹ ਸਲੋਕ ਵਾਹਿਗੁਰੂ ਮਹਲਾ ੫ ਸਾਹਿਬ ਜੀ ਨੇ ਲਿਖਿਆ ਹੈ। ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ (੫)ਪੰਜਵੇਂ (ਮਹਲਾ)ਸਰੂਪ, ਪਰਮਪੂਜਨੀਕ ਸਤਿਗੁਰੂ ਅਰਜਨ ਦੇਵ ਸਾਹਿਬ ਜੀ, ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਅਨੁਸਾਰ ਬਾਬੇ ਫ਼ਰੀਦ ਸਾਹਿਬ ਜੀ ਨੂੰ ਸੰਬੋਧਨ ਕਰਕੇ ਫ਼ੁਰਮਾ ਰਹੇ ਹਨ:- ਹੇ ਫਰੀਦਾ ਸਾਹਿਬ ਜੀ! (ਭੂਮਿ)ਧਰਤੀ ਅਥਵਾ ਬੁੱਧੀ ਰੂਪੀ ਧਰਤੀ (ਮੰਝਿ)ਵਿੱਚ

Sri Satguru Jagjit Singh Ji eLibrary NamdhariElibrary@gmail.com

(ਵਿਸੂਲਾ)(ਵਿ+ਸੂਲਾ) ਵਿਸ਼ੇਸ਼ ਕਰਕੇ ਨਿੰਦਾ ਈਰਖਾ ਬਖ਼ੀਲੀ ਆਦਿ ਅਨੇਕ ਔਗੁਣਾਂ ਰੂਪੀ ਸੂਲਾਂ, ਦੁੱਖਾਂ ਵਾਲਾ ਬਾਗ਼ ਹੈ, ਇਸ ਲਈ ਧਰਤੀ ਅਥਵਾ ਵਿਕਾਰਾਂ ਔਗੁਣਾਂ ਦੇ (ਰੰਗਾਵਲੀ)ਰੰਗ ਵਾਲ਼ੀ ਰੰਗਲੀ ਹੈ।

ਜੋ ਜਨ. ਪੀਰਿ ਨਿਵਾਜਿਆ; ਤਿੰਨ੍ਹਾ. ਅੰਚ ਨ ਲਾਗ॥੮੨॥ "ਹੇ ਪੂਰਨ ਭਗਤ ਜੀਓ! ਆਪ ਜੀ ਵਾਂਗ (ਜੋ)ਜਿਹੜਾ ਪਿਆਰਾ (ਜਨ)ਗੁਰ ਭਗਤ, ਪੂਰਨ ਅਕਾਲ ਪੁਰਖ ਗੁਰੂ ਪੀਰ ਜੀ ਨੇ (ਨਿਵਾਜਿਆ)ਵਡਿਆਇਆ ਬਖ਼ਸ਼ਿਆ ਹੈ, (ਤਿੰਨ੍ਹਾ)ਕਾਮ ਕ੍ਰੋਧ ਲੋਭ ਮੋਹ ਈਰਖਾ ਬਖ਼ੀਲੀ ਵੈਰ ਆਦਿਕਾਂ ਦਾ (ਅੰਚ)ਸੇਕ (ਨ)ਨਹੀਂ (ਲਾਗ)ਲੱਗਦਾ। ਯਥਾ:- ਇਕਿ. ਵਿਚਹੁ ਹੀ ਤੁਧੁ ਰਖਿਆ; ਜੋ ਸਤਸੰਗਿ ਮਿਲਾਈਆ॥ ਜਲ ਵਿਚਹੁ. ਬਿੰਬੁ ਉਠਾਲਿਓ; ਜਲ ਮਾਹਿ ਸਮਾਈਆ॥ ਦੁੱਖਾਂ ਨੂੰ ਚੇਤੇ ਕਰਕੇ ਗੁਰੂ ਪੀਰ ਵਾਲੇ ਗੁਰਸੇਵਕ ਜਨ ਬਣਨਾ ਹੈ। ਯਥਾ:- ਨਾਨਕ. ਸੇਵਕੁ ਸੋਈ ਆਖੀਐ; ਜੋ. ਸਿਰੁ ਧਰੇ ਉਤਾਰਿ॥) ਗੁਰ ਕੈ ਗ੍ਰਿਹਿ; ਸੇਵਕੁ ਜੋ ਰਹੈ॥ ਗੁਰ ਕੀ ਆਗਿਆ; ਮਨ ਮਹਿ ਸਹੈ॥ ਆਪਸ ਕਉ; ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ; ਰਿਦੈ ਸਦ ਧਿਆਵੈ॥ ਮਨੁ ਬੇਚੈ; ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ; ਕਾਰਜ ਰਾਸਿ॥ ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ ਹੋਤ; ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ; ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ; ਗੁਰ ਕੀ ਮਤਿ ਲੇਇ॥੨॥

ਮਹਲਾ ੫॥ ਫਰੀਦਾ. ਉਮਰ ਸੁਹਾਵੜੀ; ਸੰਗਿ ਸੁਵੰਨੜੀ ਦੇਹ॥ ਵਿਰਲੇ ਕੇਈ ਪਾਈਅਨਿ; ਜਿੰਨ੍ਹਾ ਪਿਆਰੇ ਨੇਹ॥੮੩॥ ਪਰਮਪੂਜਨੀਕ ਵਾਹਿਗੁਰੂ ਮਹੱਲੇ ਪੰਜਵੇਂ ਸਾਹਿਬ ਜੀ ਦਾ ਇਹ ਸਲੋਕ ਪੰਨੇ ੯੬੬ 'ਤੇ ਭੀ ਹੈ। ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਨਾਨਕ ਦੇਵ ਸਾਹਿਬ ਜੀ ਦੇ (ਪ)ਪੰਜਵੇਂ (ਮਹਲਾ)ਸਰੂਪ, ਪਰਮਪੂਜਨੀਕ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ, ਭਗਤ ਸੰਗਿ; ਪ੍ਰਭੁ ਗੋਸਟਿ ਕਰਤ॥ ਅਨੁਸਾਰ ਬਾਬੇ ਫ਼ਰੀਦ ਸਾਹਿਬ ਜੀ ਨੂੰ ਸੰਬੋਧਨ ਕਰਕੇ ਫ਼ੁਰਮਾ ਰਹੇ ਹਨ:- "ਹੇ ਪਰਮਪੂਜਨੀਕ ਭਗਤ ਬਾਬਾ ਫਰੀਦਾ ਸਾਹਿਬ ਜੀਓ! ਗੁਰਮੁਖਿ; ਰੋਮਿ ਰੋਮਿ ਹਰਿ ਧਿਆਵੈ॥) ਇਕਿ ਨਿਰੰਕਾਰੀ; ਨਾਮ ਆਧਾਰਿ॥ ਅਨੁਸਾਰ ਹਰ ਵੇਲੇ ਅਜਪਾ ਜਾਪ 'ਚ ਲੀਣ, ਸਦਾ ਪ੍ਰੇਮ- ਭਗਤੀ ਕਰਦਿਆਂ, ਸ੍ਰਬ ਵਿਆਪੀ ਮਹਾਂ ਵਿਸਮਾਦ ਬ੍ਰਹਮ ਵਾਹਿਗੁਰੂ ਜੀ ਦੀ ਸਾਖਿਆਤਤਾ ਸਹਿਤ, ਆਪ ਜੀ ਦੀ ਉਮਰ ਬੜੀ ਹੀ (ਸੁਹਾਵੜੀ)ਸੁੰਦਰ ਸੋਭਾਵਾਨ (ਸੁਵੰਨੜੀ)ਸੋਨੇ ਰੰਗੀ ਹੈ, ਅਕਾਲ ਪੁਰਖ ਜੀ ਅੰਦਰ ਬਾਹਰ ਪ੍ਰਗਟ ਹਨ। ਸਭ ਅਵਾਜ਼ਾਂ 'ਚੋਂ, ਰਾਮ ੨ ਜੀ ਸੁਣ ਰਹੇ ਹੋਂ। ਯਥਾ:- ਸਭੈ ਘਟ. ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥ ਤੱਤਾਂ 'ਚੋਂ ਜਾਪ ਸੁਣਦਿਆਂ ਘਣੀ ਵੈਰਾਗਮਈ ਗੁਰਬਾਣੀ ਲਿਖਵਾ ਰਹੇ ਹੋਂ"। ਆਪ ਜੀ ਜੈਸੇ ਸੁੰਦਰ ਸੋਭਾਵਾਨ ਸੋਨੇ ਰੰਗੀ ਉਮਰ ਵਾਲੇ ਪਾਪਾਂ ਵਿਕਾਰਾਂ 'ਚ ਲੱਗ ਜਾਂਦੇ ਹਨ। ਯਥਾ:- ਏਕ ਮਦੀ ਦੂਜੇ ਤਰੁਨ; ਤੀਜੇ ਅਤਿ ਧਨ ਧਾਮ॥ ਪਾਪ ਕਰੇ ਬਿਨ ਕਹੋਂ ਬਚੈ; ਬਚੈ ਬਚਾਵੈ ਰਾਮ॥ (ਸ੍ਰੀ ਦਸਮ ੧੦੭੭)

ਵਿਰਲੇ ਕੇਈ ਪਾਈਅਨਿ; ਜਿੰਨ੍ਹਾ ਪਿਆਰੇ ਨੇਹ॥੮੩॥ ਆਪ ਜੈਸੇ ਪੂਰਨ ਪ੍ਰੇਮੀ ਗੁਰਮੁਖਿ ਸਨਮੁਖ ਜੱਗ 'ਚ, ਵਿਰਲੇ (ਕੇਈ)ਕੋਈ (ਪਾਈਅਨਿ)ਪਾਏ ਜਾਂਦੇ ਹਨ, ਜਿੰਨ੍ਹਾ ਦਾ ਆਪ ਜੀ ਵਾਂਗ, ਪਿਆਰੇ ਅਕਾਲ ਪੁਰਖ ਜੀ ਨਾਲ ਰੋਮ ੨ ਕਰਕੇ ਅਥਾਹ (ਨੇਹ)ਪ੍ਰੇਮ ਹੈ। ਜਿਸ ਪੂਰਨ ਪ੍ਰੇਮ 'ਚ, ਆਪ ਜੀ ਇਹ ਕਹਿ ਰਹੇ ਹੋਂ ਜੀ:- ਅਜੁ. ਨ ਸੁਤੀ, ਕੰਤ ਸਿਉ; ਅੰਗੁ ਮੁੜੇ ਮੁੜਿ ਜਾਇ॥ ਜਾਇ ਪੁਛਹੁ ਡੋਹਾਗਣੀ; ਤੁਮ. ਕਿਉ ਰੈਣਿ ਵਿਹਾਇ॥੩੦॥) ਜੋਬਨ ਜਾਂਦੇ ਨਾ ਡਰਾਂ; ਜੇ ਸਹ ਪ੍ਰੀਤਿ ਨ ਜਾਇ॥ ਫਰੀਦਾ. ਕਿਤੀ ਜੋਬਨ. ਪ੍ਰੀਤਿ ਬਿਨੁ; ਸੁਕਿ ਗਏ ਕੁਮਲਾਇ॥੩੪॥) ਫਰੀਦਾ. ਬਾਰਿ ਪਰਾਇਐ ਬੈਸਣਾ; ਸਾਂਈ. ਮੁਝੈ ਨ ਦੇਹਿ॥ ਜੇ ਤੂ. ਏਵੈ ਰਖਸੀ; ਜੀਉ ਸਰੀਰਹੁ ਲੇਹਿ॥੪੨॥) ਬਿਰਹਾ ਬਿਰਹਾ ਆਖੀਐ; ਬਿਰਹਾ ਤੂ ਸੁਲਤਾਨੁ॥ ਫਰੀਦਾ. ਜਿਤੁ ਤਨਿ, ਬਿਰਹੁ ਨ

Sri Satguru Jagjit Singh Ji eLibrary NamdhariElibrary@gmail.com

ਊਪਜੈ; ਸੋ ਤਨੁ ਜਾਣੁ ਮਸਾਨੁ”॥੩੬॥ ਇਹ ਹੈ ਸੱਚਾ ਪਿਆਰ ਜੋ ਪੂਰਨ ਵਾਹਿਗੁਰੂ ਜੀ ਨੇ, ਆਪ ਜੀ ਨੂੰ ਆਪੇ ਹੀ ਲਾਇਆ ਹੈ। ਯਥਾ:- ਆਪੇ ਲਾਇਓ; ਅਪਨਾ ਪਿਆਰੁ॥ ਸਦਾ ਸਦਾ; ਤਿਸੁ ਗੁਰ ਕਉ ਕਰੀ ਨਮਸਕਾਰੁ॥੭॥) ਵਿਰਲੇ ਕੇਈ ਪਾਈਅਨਿ; ਜਿੰਨ੍ਹਾ ਪਿਆਰੇ ਨੇਹ॥੮੩॥ 'ਤੇ ਪ੍ਰਮਾਣ:- ਤੇਰਾ ਜਨੁ;ਏਕੁ ਆਧੁ ਕੋਈ॥ ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ;ਹਰਿ ਪਦੁ ਚੀਨ੍ਹੈ ਸੋਈ॥੧॥) ਨਿਸਿ ਦਿਨੁ. ਮਾਇਆ ਕਾਰਨੇ;ਪ੍ਰਾਨੀ ਡੋਲਤ ਨੀਤ॥ ਕੋਟਨ ਮੈ ਨਾਨਕ ਕੋਊ;ਨਾਰਾਇਨ ਜਿਹ ਚੀਤਿ॥) ਕੋਟਿ ਮਧੇ. ਕੋਊ ਬਿਰਲਾ ਸੇਵਕੁ;ਪੂਰਨ ਭਗਤੁ ਚਿਰਾਨੋ॥੧॥)ਕਹੁ ਨਾਨਕ. ਕਿਰਪਾ ਕਰੇ; ਜਿਸਨੋ ਏਹ ਵਥੁ ਦੇਇ॥ ਜਗ ਮਹਿ ਉਤਮ ਕਾਢੀਅਹਿ ਵਿਰਲੇ ਕੇਈ ਕੇਇ॥੧॥) ਹੈਨਿ ਵਿਰਲੇ ਨਾਹੀ ਘਣੇ ਫੈਲ ਫਕੜੁ ਸੰਸਾਰੁ॥੧੨॥)

ਸਾਖੀ:- ਦਲ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ। ਸੱਚੇ ਸਤਿਗੁਰੂ ਸਾਹਿਬ ਜੀ, ਹਉ ਗੋਸਾਈ ਦਾ ਪਹਿਲਵਾਨੜਾ॥ ਅਨੁਸਾਰ ਆਪ ਜੀ ਮਹਾਨ ਬਲਵਾਨ ਅਜਿੱਤ ਪਹਿਲਵਾਨ ਭੀ ਬਣੇ। ਨਿਮਕ- ਹਰਾਮੀ ਪੈਂਦਾ ਖਾਨ ਆਪ ਜੀ ਨਾਲ ਘੁਲਦਾ, ਢਹਿਣ ਤੋਂ ਕਹਿੰਦਾ,"ਮੇਰੇ ਸ਼ਰੀਰ 'ਚ ਤਾਕਤ ਵੱਧ ਹੈ, ਤੁਸੀਂ ਮੈਨੂੰ ਕਰਾਮਾਤ ਨਾਲ ਢਾਹੁੰਦੇ ਹੋਂ। " ਆਪ ਜੀ ਨੇ ਅੰਦਰਲੇ ਬਾਹਰਲੇ ਪਹਿਲਵਾਨਾਂ, ਪੰਜਾਂ ਵਿਕਾਰਾਂ ਨੂੰ ਭੀ ਜਿੱਤਿਆ। ਯਥਾ:- (ਵੱਜਨਿ, ਮੱਲ, ਨਿਹ- ਤੇ) ਵਾਤ ਵਜਨਿ ਟੰਮਕ ਭੇਰੀਆ॥ ਮਲ ਲਥੇ ਲੈਦੇ ਫੇਰੀਆ॥ ਨਿਹਤੇ ਪੰਜਿ ਜੁਆਨ ਮੈ; ਗੁਰ.ਥਾਪੀ ਦਿਤੀ ਕੰਡਿ ਜੀਉ॥੧੮॥ ਵਾਹਿਗੁਰੂ॥ ਆਪ ਜੀ ਅਤੇ ਸਮੂਹ ਯੋਧੇ ਵੱਡੇ ਤੜਕੇ ਉੱਠ ਕੇ, ਵਾਹਿਗੁਰੂ ਮੰਤ੍ਰ ਜੀ ਦਾ ਜਾਪ, ਗੁਰਬਾਣੀ ਅਭਿਆਸ, ਬਹੁਤ ਲੰਮਾ ਸਮਾਂ ਸ਼ਸਤ੍ਰ ਅਭਿਆਸ ਕਸਰਤ ਕਰਦੇ। ਹੋਰ ਵਿਸ਼ੇਸ਼ ਵਡਿਆਈ ਇਹ ਸੀ, ਜਦੋਂ ਸੂਰਬੀਰ ਕਸਰਤ ਸ਼ਸਤ੍ਰ ਅਭਿਆਸ ਕਰਕੇ ਥੱਕ ਜਾਂਦੇ, ਤਦੋਂ ਆਪ ਜੀ ਬਹੁਤ ਭਾਰੀ ਪ੍ਰਾਕਰਮ ਧਾਰ ਕੇ ਮੂੰਗਲੀਆਂ ਫੇਰਦੇ, ਗੁਰ ਅੰਮ੍ਰਿਤ ਭਿੰਨੀ ਦੇਹੁਰੀ; 'ਚੋਂ ਮੁੜਕਾ ਚੋਂਦਾ, ਥਾਂ ਭਿੱਜ ਜਾਂਦਾ, ਸ਼ਰੀਰ 'ਚੋਂ ਬੀਰਰਸੀ ਚਮਕਾਰੇ ਪੈਂਦੇ। ਬੀਰਰਸੀ ਸਹਿਤ ਚਮਕਦੀ ਨੂਰੋ ਨੂਰ ਪਰਮਪਵਿੱਤ੍ਰ ਉੱਚੀ ਸੁੱਚੀ ਅੰਮ੍ਰਿਤ ਭਿੰਨੀ ਦੇਹ ਨੂੰ ਦੇਖ ਕੇ, ਯੋਧਿਆਂ ਦੇ ਦਿਲ ਬੀਰਰਸ ਨਾਲ ਭਰ ਜਾਂਦੇ। ਥਕਾਵਟ ਦੂਰ ਹੋ ਜਾਂਦੀ, ਮਨ ਇਕਾਗ੍ਰ ਹੋ ਜਾਂਦੇ। ਸੱਚੇ ਸਤਿਗੁਰੂ ਸਾਹਿਬ ਜੀ ਨੇ ਹਰ ਪ੍ਰਕਾਰ ਦੀ ਸ਼ਰੀਰਕ ਕਸਰਤ ਕਰਕੇ ਆਪਣੇ ਸ਼ਰੀਰ ਨੂੰ ਖ਼ੂਬ ਕਮਾਇਆ, ਭਾਵੇਂ ਆਪ ਜੀ ਦਾ ਸ਼ਰੀਰ ਬਹੁਤ ਨਿੱਗਰ ਨਵਾਂ ਨਿਰੋਆ ਬਹੁਤ ਹੀ ਭਾਰਾ ਸੀ, ਪਰ ਜੰਗ ਸਮੇਂ ਬਹੁਤ ਹੀ ਤੇਜ਼ ਫ਼ੁਰਤੀਲੇ ਹਨ। ਜਿਸ ਦਾ ਪ੍ਰਮਾਣ ਇਹ ਹੈ, ਆਹਮੋ ਸਾਹਮਣੇ ਮੁਕਾਬਲੇ ਜੰਗ 'ਚ, ਨਿਮਕ- ਹਰਾਮੀ ਹੰਕਾਰੀ ਪੈਂਡਾ ਹੰਕਾਰ 'ਚ, ਸੱਪ ਵਾਂਗ ਫੁਕਾਰੇ ਮਾਰਦਾ ਸਾਹਮਣੇ ਆਇਆ, ਸਤਿਗੁਰਾਂ ਨੂੰ ਸ਼ਹੀਦ ਕਰਨ ਦੀ ਮੰਦੀ ਇੱਛਾ ਕੀਤੀ। ਸੋਚਿਆ, ਮੇਰੇ ਸ਼ਰੀਰ 'ਚ ਇਤਨਾ ਬਲ ਹੈ, ਮੈਂ ਮਹਾਰਾਜ ਸਾਹਿਬ ਜੀ ਨੂੰ ਘੋੜੇ ਸਮੇਤ ਚੁੱਕ ਲਵਾਂਗਾ- ਘੋੜੇ ਨੂੰ ਚੁੱਕਣ ਲਈ ਨੇੜੇ ਢੁਕਣ ਹੀ ਲੱਗਾ ਸੀ, ਹੰਕਾਰੀ ਨੇ ਅਕਸ ਮਾਤ੍ਰ ਹੀ ਸੱਚੇ ਸਤਿਗੁਰੂ ਸਾਹਿਬ ਜੀ ਦੇ ਪੱਟ 'ਤੇ ਤਲਵਾਰ ਦਾ ਵਾਰ ਕੀਤਾ, ਤਾਂ ਆਪ ਜੀ ਨੇ ਆਪਣੇ ਚਰਨ ਸਮੇਤ ਰਕਾਬ ਅੱਗੇ ਕਰ ਦਿਤੀ, ਵਾਰ ਖ਼ਾਲੀ ਗਿਆ। ਸਤਿਗੁਰੂ ਮਹਾਰਾਜ ਸਾਹਿਬ ਜੀ ਨੇ ਉਸ ਦੇ ਸਿਰ 'ਤੇ ਢਾਲਾ ਮਾਰ ਕੇ ਸੁੱਟ ਦਿਤਾ। ਆਪ ਸਾਹਿਬ ਜੀ ਕਰੁਣਾ- ਰਸ ਪੂਰਨ ਕ੍ਰਿਪਾ 'ਚ ਢਲ਼ ਗਏ,"ਇਸ ਨੂੰ ਦੁੱਧ ਮੱਖਣ ਨਾਲ ਪਾਲ਼ਿਆ ਸੀ, ਹੰਕਾਰੀ ਹੋਣ ਕਾਰਨ, ਆਪ ਹੱਥੀਂ ਅੱਜ ਮਾਰਨਾ ਪਿਆ" ਫਿਰ ਢਾਲੇ ਦੀ ਛਾਂ ਕਰਕੇ ਕਿਹਾ, "ਕਲਮਾ ਪੜ੍" , ਅੱਗੋਂ ਕਿਹਾ, "ਮਹਾਰਾਜ! ਹੁਣ ਤਾਂ ਆਪ ਜੀ ਦੀ ਕ੍ਰਿਪਾ ਹੀ ਕਲਮਾ ਹੈ"। ਦਿੱਲੀ ਦੇ ਜ਼ੁਲਮੀ ਤਖ਼ਤ ਨਾਲ ਮੱਥਾ ਲਾਉਣਾ ਕੋਈ ਮਾਮੂਲੀ ਗੱਲ ਨਹੀਂ ਸੀ। ਜਿਵੇਂ ੨੧ ਮਣ ਲੋਹਾ ਕੁੱਟ ੨ ਕੇ ਚਾਰ ਸੇਰ, ਸਾਰ ਲੋਹਾ ਰਹਿ ਜਾਂਦਾ ਹੈ, ਤਿਵੇਂ ਆਪ ਜੀ ਨੇ ਆਪਣੇ ਯੋਧਿਆਂ ਨੂੰ ਕੁੱਟ ੨ ਕੇ ਐਸੀ ਸਖ਼ਤ ਕਸਵੱਟੀ 'ਤੇ ਲਾਇਆ, ਜਿਸ ਕਰਕੇ ਸਾਰੇ ਸਿੱਖ ਮਿਹਨਤ ਮਸ਼ੱਕਤ ਕਸਰਤ ਨਾਮ ਅਭਿਆਸ ਕਰਕੇ, ਨਾਮੀ

Sri Satguru Jagjit Singh Ji eLibrary NamdhariElibrary@gmail.com

ਯੋਧੇ ਸਾਰ ਲੋਹਾ ਬਣ ਗਏ। ਆਪ ਜੀ ਧਰਮ- ਯੁੱਧ ਵੀ ਜਿੱਤਦੇ, ਸ਼ਰੀਰ 'ਚ ਬੜਾ ਹੀ ਬਲ ਪ੍ਰਾਕਰਮ ਸੀ। ਯਥਾ:- ਪੰਜਿ ਪਿਆਲੇ ਪੰਜ ਪੀਰ; ਛਠਮੁ ਪੀਰੁ ਬੈਠਾ ਗੁਰੁ ਭਾਰੀ। ਅਰਜਨ ਕਾਇਆ ਪਲਟਿ ਕੈ; ਮੂਰਤਿ ਹਰਗੋਬਿੰਦ ਸਵਾਰੀ। ਚਲੀ ਪੀੜੀ ਸੋਢੀਆ; ਰੂਪੁ ਦਿਖਾਵਣਿ ਵਾਰੋ ਵਾਰੀ। ਦਲ ਭੰਜਨ ਗੁਰੁ ਸੂਰਮਾ, ਵਡ ਜੋਧਾ ਬਹੁ ਪਰਉਪਕਾਰੀ। ਧਰਮ- ਯੁੱਧ ਸਮੇਂ, ਸਤਿਗੁਰੂ ਮਹਾਰਾਜ ਸਾਹਿਬ ਦੇ ਫੱਟ ਲੱਗਣ ਤੋਂ ਛੇਤੀ ਹੀ ਮਿਟ ਜਾਂਦਾ। ਚੌਂਹ ਵੱਡਿਆਂ ਜੰਗਾਂ 'ਚ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਨੇ ਮੱਚਦੇ ਜੰਗ 'ਚ ਸਾਰਿਆਂ ਤੋਂ ਮੂਹਰੇ ਤੁਰਨਾ, ਸੂਰਜ ਛਿਪਣ ਤੋਂ ਪਹਿਲਾਂ ੨ ਜੰਗ ਜਿੱਤਣਾ। ਅਚਲ ਮੂਰਤਿ ਅਨਭਉ ਪ੍ਰਕਾਸ; ਅਮਿਤੋਜ ਕਹਿੱਜੈ॥) ਬਾਲਾਨ ਬਾਲ॥) ਖਿਨ ਮਹਿ. ਥਾਪਿ ਉਥਾਪਨਹਾਰੇ; ਕੁਦਰਤਿ ਕੀਮ. ਨ ਪਹੀ॥ ਅਨੁਸਾਰ ਪਾਰਬ੍ਰਹਮ ਕੇ ਗੁਰ ਅਵਤਾਰ ਦਾ ਜਦੋਂ ਜਹਾਂਗੀਰ ਨਾਲ ਮਿਲਾਪ ਹੋਇਆ। ਜਹਾਂਗੀਰ ਸਤਿਗੁਰੂ ਸਾਹਿਬ ਦੇ ਸ਼ਰੀਰ ਦਾ ਉੱਦਮ ਪ੍ਰਾਕਰਮ ਬਲ ਹੁਸਨ ਜਲਵਾ ਨੂਰ ਪ੍ਰਕਾਸ਼ ਦੇਖ ਕੇ ਆਪਣੀਆਂ ਬੇਗ਼ਮਾਂ ਨੂੰ ਕਹਿੰਦਾ, "ਮੈਨੂੰ ਇਸਤ੍ਰੀ ਬਿਨਾ ਰਹਿਣਾ ਬੜਾ ਹੀ ਔਖਾ ਹੈ, ਵਾਹ ੨ ਬੜੀ ਅਚਰਜ ਗੱਲ ਹੈ, ਪੂਰਨ ਗੁਰੂ ਪੀਰ ਜੀ, ਅਪਣੇ ਸ਼ਰੀਰ ਨੂੰ ਕਿਸ ਤਰ੍ਹਾਂ ਸੰਭਾਲ ਕੇ ਰੱਖਦੇ ਹਨ"। ਜਿਸ ਸਮੇਂ ਆਪ ਜੀ ਗੁਆਲੀਅਰ ਤੋਂ ਦਿੱਲੀ ਪਹੁੰਚੇ, ਜਹਾਂਗੀਰ ਨੇ ਸੱਚੇ ਸਤਿਗੁਰੂ ਸਾਹਿਬ ਜੀ ਦੇ ਜੀਵਣ ਨੂੰ ਡੇਗਣ ਲਈ, ਸੋਹਣੀਆਂ ਇਸਤ੍ਰੀਆਂ ਭੇਜੀਆਂ। ਉਨ੍ਹਾਂ ਨੇ ਨ੍ਰਿਵਿਕਾਰ ਸੁੰਦਰ ਦਰਸ਼ਨ ਕਰਕੇ, ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬ ਜੀ'ਤੇ ਮੋਹਿਤ ਹੋ ਕੇ ਹਾਵ ਭਾਵ ਕੀਤੇ। ਕੋਟਾਨ ਕੋਟਿ ਬ੍ਰਹਮੰਡਾਂ ਦੇ ਰਚਨਹਾਰ ਸੱਚੇ ਸਤਿਗੁਰੂ ਸਾਹਿਬ ਜੀ ਸੁਮੇਰ ਪਰਬਤ ਵਾਂਗ ਅਚੱਲ ਅਡੋਲ ਰਹੇ। ਆਪ ਜੀ ਨੇ ਸੁੰਦਰੀਆਂ ਨੂੰ ਮਹਾਂ ਵਿਸਮਾਦ ਧੀਰਜ ਬਖ਼ਸ਼ਿਆ, "ਚੌਰਾਸੀ ਲੱਖ ਜੂਨ ਭੋਗ ਕੇ, ਦੁਰਲੱਭ ਮਨੁੱਖਾ ਜਨਮ ਪਾ ਕੇ, ਇਸ ਨੂੰ ਵਿਸ਼ਿਆਂ 'ਚ ਨ ਖੋਵੋ, ਗੁਰੂ ਸੇਵਾ ਸਿਮਰਨ ਪ੍ਰੇਮਾ- ਭਗਤੀ ਕਰੋ, ਪਤੀਬ੍ਰਤਾ- ਧਰਮ ਦ੍ਰਿੜ ਰੱਖੋ। ੮੪ ਲੱਖ ਜੂਨ ਦੇ ਜਨਮ ਮਰਨ ਦੇ ਕਸ਼ਟ ਤੋਂ ਬਚਣ ਲਈ, ਖ਼ੁਦਾ ਦੇ ਦਰਵੇਸ਼ਾਂ ਦੀ ਸਦਾ ਸਤਿਸੰਗਤ ਕਰੋ, ਅੱਗ ਰੂਪ ਫ਼ੈਸ਼ਨ ਵਿਕਾਰ ਤਿਆਗ ਕੇ ਨਿਹਾਲ ਹੋਵੋ। " ਸੱਚੇ ਪਾਤਿਸਾਹ ਜੀ ਨੇ ਐਸੇ ਨ੍ਰਿਵਿਕਾਰ ਵਿਸਮਾਦ ਸੁੰਦਰ ਦਰਸ਼ਨ ਬਖ਼ਸ਼ੇ, ਸੁੰਦਰੀਆਂ ਦੇ ਮਨ ਤਨ ਪੂਰਨ ਸ਼ਾਂਤ ਹੋ ਗਏ, ਨ੍ਰਿਵਿਕਾਰ ਖ਼ੁਦਾ ਸਰੂਪ ਜਾਣ ਕੇ, ਸਭ ਨੇ ਸੱਚੇ ਸਤਿਗੁਰੂ ਸਾਹਿਬ ਜੀ ਨੂੰ ਮੱਥਾ ਟੇਕਿਆ। ਸੁੰਦਰੀਆਂ ਨੇ ਪਾਤਿਸ਼ਾਹ ਕੋਲੇ ਜਾ ਕੇ ਕਿਹਾ, "ਹੇ ਪਾਤਿਸ਼ਾਹ ਸਲਾਮਤ! ਪੂਰਨ ਗੁਰੂ ਪੀਰ ਜੀ ਪੰਜਾਂ ਵਿਕਾਰਾਂ ਨੂੰ ਜਿੱਤਣ ਵਾਲੇ ਸੂਰਵੀਰ ਅਜਿੱਤ ਸੂਰਮੇ ਹਨ। ਸਾਡੇ ਕੀਤੇ ਹਾਵ ਭਾਵ ਵੱਲ ਮਹਾਰਾਜ ਸਾਹਿਬ ਜੀ ਨੇ ਨਿਗ੍ਹਾ ਨਹੀਂ ਚੁੱਕੀ, ਆਪਣੇ ਅਨੰਦ ਵਿੱਚ ਪੂਰਨ ਮਸਤ ਰਹੇ। ਸਾਨੂੰ ਸ਼ੁਭ ਸੱਚਾ ਉਪਦੇਸ਼ ਬਖਸ਼ਿਆ, ਪਤੀਵਰਤਾ ਧਰਮ ਦ੍ਰਿੜ ਕਰੋ, ਵਿਕਾਰ ਤਿਆਗੋ, ਤੁਹਾਨੂੰ ਖ਼ੁਦਾ ਜੀ ਨੇ ਦੌਲਤ ਪਦਾਰਥ ਦੁਰਲੱਭ ਮਨੁਖਾ ਦੇਹ ਬਖ਼ਸ਼ੀ ਹੈ, ਜੋ ਚੌਰਾਸੀ ਲੱਖ ਜੂਨ ਭੋਗਣ ਮਗਰੋਂ ਮਿਲੀ ਹੈ। ਪੂਰਨ ਖ਼ੁਦਾ ਜੀ ਦੀ ਪਰਮ ਪਿਆਰੀ ਬੰਦਗੀ, ਗੁਰੂ ਪੀਰਾਂ ਦੀ ਸੇਵਾ ਕਰਕੇ ਨਿਹਾਲ ਹੋਵੋ"। ਸੋ ਪੂਰਨ ਗੁਰੂ ਜੀ ਦੀ ਉਮਰ ਸੁਹਾਵੜੀ; ਸੰਗਿ ਸੁਵੰਨੜੀ ਦੇਹ॥ ਹੈ। ਪੂਰਨ ਅਦਬ ਸਤਿਕਾਰ ਮਾਣ ਹੁੰਦਿਆਂ ਨਿਮਾਣੇ ਹਨ, ਪੂਰਨ ਬਲ ਹੁੰਦਿਆਂ ਬਲ ਦੀ ਹੰਗਤਾ ਰਹਿਤ ਹਨ। ਯਥਾ:- ਮਤਿ ਹੋਦੀ; ਹੋਇ ਇਆਣਾ॥ ਤਾਣ ਹੋਦੇ; ਹੋਇ ਨਿਤਾਣਾ॥ ਅਣਹੋਦੇ; ਆਪੁ ਵੰਡਾਏ॥ ਕੋ ਐਸਾ ਭਗਤੁ; ਸਦਾਏ॥੧੨੮॥

ਕੰਧੀ ਵਹਣ ਨ ਢਾਹਿ; ਤਉ ਭੀ ਲੇਖਾ ਦੇਵਣਾ॥ ਜਿਧਰਿ ਰਬ ਰਜਾਇ; ਵਹਣੁ ਤਿਦਾਊ ਗੰਉ ਕਰੇ॥੮੪॥

ਪਾਕਪਟਣ ਦੇ ਨੇੜੇ ਦਰਿਆ, ਪਿੰਡ ਨੂੰ ਢਾਹ ਰਿਹਾ ਸੀ, ਦੁਖੀ ਲੋਕਾਂ, ਆਪ ਜੀ ਪਾਸ ਪ੍ਰੇਮ ਬੇਨਤੀ ਕੀਤੀ,"ਅੱਲਹ ਅਗਮ ਖ਼ੁਦਾਈ ਭਗਤ ਜੀਉ! ਗ਼ੀਬਾਂ ਦਾ ਸਭ ਕੁੱਝ ਰੁੜ੍ ਰਿਹਾ ਹੈ ਜੀ, ਦੁਆ ਕਰੋ ਜੀ"। ਵਾਹੁ ਵਾਹੁ ਪੂਰਨ ਮਹਾਂਪੁਰਸ਼ਾਂ ਦਾ ਬੋਲਣਾ, ਸਦਾ ਸ੍ਰਬੱਤ ਦੇ ਭਲੇ ਲਈ ਹੈ, ਮਹਾਂ ਵਿਸਮਾਦਤਾਈ ਸਹਿਤ ਨਿਰਗੁਣ

Sri Satguru Jagjit Singh Ji eLibrary NamdhariElibrary@gmail.com

ਬ੍ਰਹਮ ’ਚ ਲੀਣ ਹਨ। ਵਾਹਿਗੁਰੂ ਬਾਬਾ ਫ਼ਰੀਦ ਸਾਹਿਬ ਜੀ, ਬੜੀ ਹੀ ਡੂੰਘੀ ਰਮਜ਼ ਫ਼ੁਰਮਾ ਰਹੇ ਹਨ:- “ਹੇ (ਵਹਣ)ਦਰਿਆ! (ਕੰਧੀ)ਕਿਨਾਰੇ ਨ (ਢਾਹਿ)ਢਾਹੁਣਾ ਕਰ, ਜੇ ਕਰ ਕਿਨਾਰੇ ਢਾਹ ਕੇ, ਜੀਆਂ ਦੇ ਘਰ ਢਾਹੇਂਗਾ, ਜੀਆਂ ਨੂੰ ਅਪਣੇ ’ਚ ਰੋੜ੍ਹ ਕੇ ਮਾਰੇਂਗਾ, (ਤਉ)ਤੈਨੂੰ ਭੀ, ਵਾਹਿਗੁਰੂ ਜੀ ਦੀ ਦਰਗਹ ’ਚ, ਲੇਖਾ ਦੇਵਣਾ ਪਵੇਗਾ। ਇਸ ਲਈ! ਤੈਨੂੰ ਚਾਹੀਦਾ ਹੈ, ਹੇ (ਵਹਣੁ)ਦਰਿਆ (ਜਿਧਰਿ)ਜਿਸ ਪਾਸੇ, ਪਿਆਰੇ ਰਬ ਜੀ ਦੀ (ਰਜਾਇ)ਆਗਿਆ ਹੈ, (ਤਿਦਾਊ)ਤਿਸ ਤਰਫ਼ (ਗੰਉ)ਵਗਣਾ (ਕਰੇ)ਕਰੇਂ”। ਇਹ ਸਲੋਕ ਉਚਾਰਨ, ਦੁਆ ਕਰਨ ਤੋਂ ਦਰਿਆ ਕਿਨਾਰਿਆਂ ’ਚ ਟਿਕ ਕੇ ਚੱਲਣ ਲੱਗਿਆ, ਦੁਖੀਆਂ ਦੀ ਰੱਖਿਆ ਹੋਈ।

ਅੰਤ੍ਰੀਵ ਅਰਥ:- ਸਦਾ ਲਈ ਸ਼ੁਭ ਸੱਚੀ ਮਹਾਂ ਵਿਸਮਾਦ ਸਿੱਖਿਆ:- ਅੱਲਹ ਅਗਮ ਖ਼ੁਦਾਈ ਭਗਤ ਸਾਹਿਬ ਜੀ ਅਪਣੇ ਮਨ ਨੂੰ ਉਪਦੇਸਦੇ ਹਨ। ਹੇ ਮੇਰੇ ਮਨ ਰੂਪ (ਵਹਣ)ਦਰਿਆ! ਗੁਰੂ ਪਰਮੇਸਰ ਜੀ ਨੇ, ਜੋ ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ਼ੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਵਿਸਮਾਦ, ਅਨੰਤ ਸ਼ੁਭ ਗੁਣ ਧਾਰਨ ਰੂਪ ਕਿਨਾਰੇ ਬਣਾਏ ਹਨ, ਇਹ (ਕੰਧੀ)ਕਿਨਾਰੇ ਨ (ਢਾਹਿ)ਢਾਹੁਣਾ ਕਰ, ਜੇ ਕਰ ਇਹ ਸ਼ੁਭ ਗੁਣਾਂ ਰੂਪ ਕਿਨਾਰੇ ਢਾਹੇਂਗਾ, ਤਾਂ (ਤਉ)ਤੈਨੂੰ ਭੀ, ਵਾਹਿਗੁਰੂ ਜੀ ਦੀ ਦਰਗਹ ’ਚ, ਲੇਖਾ ਦੇਵਣਾ ਪਵੇਗਾ। ਇਸ ਲਈ! ਤੈਨੂੰ ਚਾਹੀਦਾ ਹੈ, ਹੇ ਮਨ ਰੂਪ (ਵਹਣੁ)ਦਰਿਆ (ਜਿਧਰਿ)ਜਿਸ ਪਾਸੇ, ਪਿਆਰੇ ਰਬ ਜੀ ਦੀ (ਰਜਾਇ)ਆਗਿਆ ਹੈ, (ਤਿਦਾਊ)ਤਿਸ ਤਰਫ਼ (ਗੰਉ)ਵਗਣਾ (ਕਰੇ)ਕਰੇਂ”। ਆਗਿਆ ਇਹ ਹੈ:- ਪਰ ਤ੍ਰਿਅ ਰੂਪ ਨਹੀਂ ਦੇਖਣਾ, ਪਰਾਈ ਨਿੰਦਾ ਨਹੀਂ ਕਰਨੀ, ਝੂਠ ਫਿੱਕਾ ਨਹੀਂ ਬੋਲਣਾ, ਕਿਸੇ ਦੀ ਨਿੰਦਾ ਨਹੀਂ ਕਰਨੀ ਸੁਣਨੀ, ਹੰਕਾਰ ਨਹੀਂ ਕਰਨਾ, ਵਿਕਾਰ ਦੋਸ਼ ਔਗੁਣ ਤਿਆਗਣੇ, ਸਤਸੰਗਤ ਕਰਨੀ ਤਨ ਮਨ ਧਨ ਜ਼ਿੰਦ ਜਾਨ ਸਿਰ ਪ੍ਰਾਣ ਵਾਹਿਗੁਰੂ ਜੀ ਨੂੰ ਅਰਪਣ, ਜੀਵਤ ਭਾਵ ਤੋਂ ਮਰਨ ਦੀ ਆਗਿਆ ਹੈ।

ਡੁੱਖਾਂ- ਫਰੀਦਾ. ਡੁਖਾ ਸੇਤੀ ਦਿਹੁ ਗਇਆ; ਸੂਲਾਂ ਸੇਤੀ ਰਾਤਿ॥) ਖੜ੍ਹਾ। ਪੱਤਣੀ ਕੱਪਰ- ਖੜਾ ਪੁਕਾਰੇ ਪਾਤਣੀ; ਬੇੜਾ ਕਪਰ ਵਾਤਿ॥੮੫॥ ਵਾਹਿਗੁਰੂ ਧੰਨ ਬਾਬਾ ਫ਼ਰੀਦ ਸਾਹਿਬ ਜੀ, ਆਪ ਦੁਆਰਾ ਸਾਡੀ ਦੁੱਖਮਈ ਅਵਸਥਾ ਦੱਸ ਰਹੇ ਹਨ, ਜਿਸ ’ਚ ਬੜੀ ਗੰਭੀਰਤਾ ਵਾਲੀ ਧੁਨਿ ਹੈ। ਹੇ ਫਰੀਦਾ! ਤੇਰਾ (ਦਿਹੁ)ਦਿਨ, ਅਥਵਾ ਜੁਆਨੀ ਰੂਪ ਦਿਨ (ਡੁਖਾ)ਦੁੱਖਾਂ (ਸੇਤੀ)ਸਾਥ (ਗਇਆ)ਚਲਿਆ ਗਿਆ, ਭਾਵ ਦਿਨ ’ਚ ਪੁੰਨ ਪਰਉਪਕਾਰ ਸਿਮਰਨ ਨਹੀਂ ਕੀਤਾ। ਅਥਵਾ ਤੇਰਾ ਭਰ ਜੁਆਨੀ ਜੋਬਨ ਰੂਪੀ ਦਿਨ, ਦੁੱਖਾਂ ਦੇ ਸਾਥ ਹੀ ਔਗੁਣਾਂ ਵਿਕਾਰਾਂ ਦੋਸ਼ਾਂ ’ਚ ਹੀ ਚਲਿਆ ਗਿਆ। ਤਿੱਖੀਆਂ ਸੂਲਾਂ ਦੇ ਚੁਭਣ ਵਾਂਗ, ਕ੍ਰੋਧ ਮੋਹ ਵਿਕਾਰ ਨਿੰਦਿਆ ਚੁਗਲੀ ਔਗੁਣਾਂ ਦੋਸ਼ਾਂ ਰੂਪ (ਸੂਲਾਂ)ਦਰਦਾਂ ਪੀੜ (ਸੇਤੀ)ਸਾਥ ਰਾਤਿ, ਅਥਵਾ ਅਵਸਥਾ ਰੂਪੀ ਰਾਤਿ ਬਿਅਰਥ ਹੀ ਚਲੀ ਗਈ। ਯਥਾ:- ਦਿਨ ਤੇ ਪਹਰ. ਪਹਰ ਤੇ ਘਰੀਆਂ; ਆਵ ਘਟੈ. ਤਨੁ ਛੀਜੈ॥ ਕਾਲੁ ਅਹੇਰੀ ਫਿਰੈ ਬਧਿਕ ਜਿਉ; ਕਹਹੁ. ਕਵਨ ਬਿਧਿ ਕੀਜੈ॥) ਰੈਣਿ ਗਵਾਈ ਸੋਇ ਕੈ; ਦਿਵਸੁ ਗਵਾਇਆ ਖਾਇ॥ ਹੀਰੇ ਜੈਸਾ ਜਨਮੁ ਹੈ; ਕਉਡੀ ਬਦਲੇ ਜਾਇ॥

ਖੜ੍ਹਾ। ਪੱਤਣੀ ਕੱਪਰ- ਖੜਾ ਪੁਕਾਰੇ ਪਾਤਣੀ; ਬੇੜਾ ਕਪਰ ਵਾਤਿ॥੮੫॥ (ਪਾਤਣੀ)ਸ੍ਰਬ ਵਿਆਪੀ ਪੱਤਣ ਦੇ ਮਾਲਕ, ਸ੍ਰਬ ਵਿਆਪੀ ਬ੍ਰਹਮ ’ਚ ਲੀਣ, ਗੁਰ ਨਾਨਕ ਦੇਵ ਗੋਵਿੰਦ ਰੂਪ॥) ਪ੍ਰਗਟੁ ਸਗਲ ਹਰਿ ਭਵਨ ਮਹਿ; ਜਨੁ ਨਾਨਕੁ ਗੁਰ ਪਾਰਬ੍ਰਹਮ॥) ਪਾਰਬ੍ਰਹਮ ਪੂਰਨ ਗੁਰਦੇਵ॥ ਜੀ, ਸਾਵਧਾਨ ਏਕਾਗਰ ਚੀਤ॥ (ਖੜਾ)ਖੜ੍ਹੇ (ਪੁਕਾਰੇ)ਉੱਚੀ ੨ ਪੁਕਾਰ ਰਹੇ ਹਨ। ਯਥਾ:- ਕਹਤ ਕਬੀਰੁ; ਜੀਤਿ ਕੈ ਹਾਰਿ॥ ਬਹੁ ਬਿਧਿ; ਕਹਿਓ ਪੁਕਾਰਿ ਪੁਕਾਰਿ॥) ਹੇ ਦੁਨੀਆ ਦੇ ਲੋਕੋ! ਹੁਸ਼ਿਆਰ ਹੋ ਜਾਉ! ਮੰਦ- ਵਾਸ਼ਨਾ ਰੂਪੀ ਤੇਜ਼ (ਕਪਰ)ਹਵਾ ਦੇ ਚੱਲਣੇ

Sri Satguru Jagjit Singh Ji eLibrary NamdhariElibrary@gmail.com

ਕਰਕੇ, ਤੁਹਾਡਾ ਜੀਵਨ ਰੂਪੀ ਬੇੜਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਜ਼ੋਰ ਜ਼ੁਲਮ ਮੰਦ ਵਾਸਨਾ ਦੀਆਂ ਲਹਿਰਾਂ ਦੇ (ਵਾਤਿ)ਮੂੰਹ ਵਿੱਚ ਆ ਰਿਹਾ ਹੈ, ਇਸ ਤੋਂ ਬਚਣ ਲਈ, ਸਤਿਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਸ਼ਰਨ ਸਤਸੰਗਤ 'ਚ ਆ ਜਾਉ। ਬਚ ਜਾਉ। ਸਾਧ ਸੰਗਤ ਜੀ ਦੀ ਅਗਮ ਅਪਾਰ ਮਹਾਂ ਵਿਸਮਾਦ ਹੀ ਵਿਸਮਾਦ ਮਹਿਮਾ ਇਹ ਹੈ:- ਸਾਧ ਸੰਗਤਿ ਅਸਥਾਨ; ਜਗਮਗ ਨੂਰ ਹੈ। ਲਖ ਲਖ ਸਸੀਅਰ ਭਾਨੁ; ਕਿਰਨ ਠਰੂਰ ਹੈ।) ਸੰਗਤਿ ਕਾ ਗੁਨੁ.ਬਹੁਤੁ ਅਧਿਕਾਈ; ਪੜਿ ਸੂਆ ਗਨਕ ਉਧਾਰੇ॥) ਕਹੁ ਕਬੀਰ.ਇਹ ਕਹੀਐ ਕਾਹਿ॥ ਸਾਧਸੰਗਤਿ.ਬੈਕੁੰਠੈ ਆਹਿ॥) ਹਰਿ ਜਨ ਕੇ.ਵਡ ਭਾਗ ਵਡੇਰੇ; ਜਿਨ ਹਰਿ ਹਰਿ ਸਰਧਾ.ਹਰਿ ਪਿਆਸ॥ ਹਰਿ ਹਰਿ ਨਾਮੁ ਮਿਲੈ.ਤ੍ਰਿਪਤਾਸਹਿ; ਮਿਲਿ ਸੰਗਤਿ.ਗੁਣ ਪਰਗਾਸਿ॥੨॥ ਜਿਨ ਹਰਿ ਹਰਿ, ਹਰਿ ਰਸੁ ਨਾਮੁ ਨ ਪਾਇਆ; ਤੇ ਭਾਗਹੀਣ ਜਮ ਪਾਸਿ॥ ਜੋ ਸਤਿਗੁਰ ਸਰਣਿ ਸੰਗਤਿ, ਨਹੀ ਆਏ; ਧ੍ਰਿਗੁ ਜੀਵੇ ਧ੍ਰਿਗੁ ਜੀਵਾਸਿ॥੩॥ ਜਿਨ ਹਰਿ ਜਨ.ਸਤਿਗੁਰ ਸੰਗਤਿ ਪਾਈ; ਤਿਨ ਧੁਰਿ ਮਸਤਕਿ.ਲਿਖਿਆ ਲਿਖਾਸਿ॥ ਧਨੁ ਧੰਨੁ ਸਤਸੰਗਤਿ.ਜਿਤੁ ਹਰਿ ਰਸੁ ਪਾਇਆ; ਮਿਲਿ ਜਨ ਨਾਨਕ ਨਾਮੁ ਪਰਗਾਸਿ॥) ਮੇਰੇ ਮਾਧਉ ਜੀ; ਸਤਸੰਗਤਿ ਮਿਲੇ.ਸੁ ਤਰਿਆ॥ ਗੁਰ ਪਰਸਾਦਿ ਪਰਮ ਪਦੁ ਪਾਇਆ; ਸੂਕੇ ਕਾਸਟ ਹਰਿਆ॥

ਲੰਮੀ ਲੰਮੀ ਨਦੀ ਵਹੈ; ਕੰਧੀ ਕੇਰੈ ਹੇਤਿ॥) ਕੱਪਰੁ, ਪੱਤਣ- ਬੇੜੇ ਨੋ. ਕਪਰੁ ਕਿਆ ਕਰੇ; ਜੇ ਪਾਤਣ ਰਹੈ ਸੁਚੇਤਿ॥੯੬॥ ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਵਿਸਮਾਦ, ਅਨੰਤ ਸ਼ੁਭ ਗੁਣਾਂ ਰੂਪੀ ਪਾਣੀ ਸਹਿਤ, ਗੁਰੂ ਸਮੁੰਦ. ਨਦੀ ਸਭਿ ਸਿਖੀ; ਨਾਤੈ ਜਿਤੁ ਵਡਿਆਈ॥ ਅਨੁਸਾਰ ਲੰਮੀ ਲੰਮੀ ਚੌੜੀ, ਪਿਆਰੀ ਗੁਰਸਿੱਖੀ ਰੂਪੀ ਨਦੀ, ਗੁਰੂ ਮਰਯਾਦਾ ਰੂਪੀ ਦੋ (ਕੰਧੀ)ਕਿਨਾਰਿਆਂ (ਕੇਰੈ)ਦੇ (ਹੇਤਿ)ਪਿਆਰ 'ਚ (ਵਹੈ)ਵਹਿ ਰਹੀ ਹੈ। ਪਿਆਰੀ ਗੁਰਸਿੱਖੀ ਰੂਪੀ ਨਦੀ 'ਚ, ਜੀਵਨ ਰੂਪੀ ਬੇੜੇ ਨੋ ਔਗੁਣ ਵਿਕਾਰ ਹੰਕਾਰ ਰੂਪੀ (ਕਪਰੁ)ਤੁਫ਼ਾਨ (ਕਿਆ)ਕੀ (ਕਰੈ)ਕਰ ਸਕਦਾ ਹੈ? (ਪਾਤਣ)ਮਲਾਹ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਨਾਲ, ਜੇ ਗੁਰਸੇਵਕ ਜੀ (ਸੁਚੇਤਿ)ਸਾਵਧਾਨ ਏਕਾਗਰ ਚੀਤ॥ ਰਹਿਣ। ਯਥਾ:- ਹੋਹੁ ਸਾਵਧਾਨ; ਅਪੁਨੇ ਗੁਰ ਸਿਉ॥) ਸਤਿਗੁਰ ਸਿਉ ਆਲਾਇ; ਬੇੜੇ ਡੁਬਣਿ. ਨਾਹਿ ਭਉ॥) ਨਾਨਕ. ਲਹਰੀ ਲਖ ਸੈ ਆਨ; ਡੁਬਣ ਦੇਇ ਨ. ਮਾ ਪਿਰੀ॥

ਗੱਲੀ- ਫਰੀਦਾ. ਗਲੀ ਸੁ ਸਜਣ ਵੀਹ; ਇਕੁ ਢੂੰਢੇਦੀ ਨ ਲਹਾਂ॥) ਮਾ ਬਿੰਦੀ ਨਹੀਂ ਲਾਉਣੀ। ਧੁਖਾਂ ਪੋਲਾ- ਧੁਖਾਂ ਜਿਉ ਮਾਂਲੀਹ; ਕਾਰਣਿ ਤਿੰਨ੍ਹਾ ਮਾ ਪਿਰੀ॥੮੭॥ ਹੇ ਦਾਸਨ ਦਾਸ ਗ੍ਰੀਬ ਫਰੀਦਾ! ਗੱਲੀਂ- ਗਲੀ. ਹਉ ਸੋਹਾਗਣਿ ਭੈਣੇ; ਕੰਤੁ. ਨ ਕਬਹੂੰ ਮੈ ਮਿਲਿਆ॥੨੩॥) ਮੈ ਗੁਣ ਗਲਾ ਕੇ ਸਿਰਿ ਭਾਰ॥ ਗਲੀ ਗਲਾ ਸਿਰਜਣਹਾਰ॥ ਅਨੁਸਾਰ (ਗਲੀਂ)ਗੱਲਾਂ ਨਾਲ, ਸੰਸਾਰੀ ਮਿੱਤ੍ਰ ਅਥਵਾ ਪਖੰਡੀ ਭੇਖੀ (ਸੁ)ਸ੍ਰੇਸਟ (ਸਜਣ)ਮਿੱਤ੍ਰ ਵੀਹ ਭਾਵ ਬੇਅੰਤ ਹੀ ਹਨ, ਕਿ ਅਸੀਂ ਤੁਹਾਡੇ ਗੁਰੂ ਹਾਂ ਲੋਕ ਪ੍ਰਲੋਕ 'ਚ ਤੁਹਾਡੀ ਬਾਂਹ ਫੜਾਂਗੇ, ਵਿਕਾਰ ਮੇਟਾਂਗੇ, ਕਾਰਜ ਰਾਸ ਕਰਾਂਗੇ। ਜਦੋਂ ਗੁਰਬਾਣੀ ਦੀ ਪਰਖ ਨਾਲ ਦਾਸਨ ਦਾਸੀ (ਢੂੰਢੇਦੀ)ਖੋਜਦੀ ਹੈ ਤਾਂ ਇਕੁ ਵੀ ਪੂਰਾ ਸਹੀ ਸੱਚਾ ਸਜਣ (ਨ)ਨਹੀਂ (ਲਹਾਂ)ਲੱਭ ਸਕਾਂ, ਜੋ ਦਾਸਨ ਦਾਸ ਦੇ ਔਗੁਣ ਵਿਕਾਰ ਮੇਟੇ, ਪਿਆਰੇ ਪ੍ਰੀਤਮ ਵਾਹਿਗੁਰੂ ਜੀ ਦੀ ਪ੍ਰਾਪਤੀ ਕਰਾਵੇ। ਯਥਾ:- ਨਾਨਕ.ਦੁਨੀਆ ਚਾਰਿ ਦਿਹਾੜੇ; ਸੁਖਿ ਕੀਤੈ ਦੁਖੁ ਹੋਈ॥ ਗਲਾ ਵਾਲੇ ਹੈਨਿ ਘਣੇਰੇ; ਛਡਿ ਨ ਸਕੈ ਕੋਈ॥) ਨੰਨੈ. ਨਾਹ ਭੋਗ ਨਿਤ ਭੋਗੈ; ਨਾ ਡੀਠਾ ਨਾ ਸੰਮ੍ਹਲਿਆ॥ ਗਲੀ. ਹਉ ਸੋਹਾਗਣਿ ਭੈਣੇ; ਕੰਤੁ. ਨ ਕਬਹੂੰ ਮੈ ਮਿਲਿਆ॥੨੩॥

Sri Satguru Jagjit Singh Ji eLibrary NamdhariElibrary@gmail.com

ਮਾ ਬਿੰਦੀ ਨਹੀਂ ਲਾਉਣੀ। ਧੁਖਾਂ ਪੋਲਾ- ਧੁਖਾਂ ਜਿਉ ਮਾਂਲੀਹ; ਕਾਰਣਿ ਤਿੰਨ੍ਹਾ ਮਾ ਪਿਰੀ॥੮੭॥ (ਮਾ)ਦਾਸਨ ਦਾਸੀ (ਪਿਰੀ)ਪਤੀ ਪ੍ਰਮਾਤਮਾ ਅਥਵਾ ਗੁਰਮੁਖਿ ਸੱਜਣਾਂ ਦੇ ਦੁੱਖਦਾਇਕ ਵਿਛੋੜੇ ਕਾਰਣਿ, (ਮਾਂਲੀਹ)ਗੋਹਿਆਂ ਦੇ ਗਿੱਲੇ ਭੋਰ (ਜਿਉ)ਵਾਂਗ (ਧੁਖਾਂ)ਧੁਖ ਰਹੀ ਹੈ।

ਫਰੀਦਾ. ਇਹੁ ਤਨੁ ਭਉਕਣਾ; ਨਿਤ ਨਿਤ ਦੁਖੀਐ ਕਉਣੁ॥) ਬੁੱਜੇ। ਕਿਤੀ ਵਗੈ ਪੋਲੇ- ਕੰਨੀ ਬੁਜੇ ਦੇ ਰਹਾਂ; ਕਿਤੀ ਵਗੈ ਪਉਣੁ॥੮੮॥ ਬਹੁਤ ਹੀ ਡੂੰਘੀ ਰਮਜ਼ ਆਪ ਦੁਆਰਾ ਫ਼ੁਰਮਾ ਰਹੇ ਹਨ:- ਦਾਸਨ ਦਾਸ ਗ਼ਰੀਬ ਫਰੀਦਾ! ਤੇਰਾ ਇਹੁ (ਤਨੁ)ਸ਼ਰੀਰ ਕੁੱਤੇ ਵਾਂਗ ਨਾਨ੍ਹਾ ਪਦਾਰਥ, ਚੋਰੀ ਯਾਰੀ ਨਸ਼ੇ ਵਿਸ਼ੇ ਵਿਕਾਰ ਮੰਗਣ ਰੂਪ ਭਉਕਣਾ ਕਰਦਾ ਹੈ, ਤਨੁ ਦੇ ਆਖੇ ਲੱਗ ਕੇ ਨਿਤ ਨਿਤ ਕਉਣੁ (ਦੁਖੀਐ)ਦੁਖੀ ਹੁੰਦਾ ਰਹੇ। ਪਰ ਗ੍ਰਿਹਿ ਵਿਕਾਰੀ ਹੋਣਾ ਚਾਹੁੰਦਾ ਹੈ। ਬਹੁਤ ਫੈਸ਼ਨ ਲਾਉਣੇ ਚਾਹੁੰਦਾ ਹੈ। ਕਲੱਬਾਂ 'ਚ ਨਾਚ ਗਾਣੇ ਕਰਨੇ ਦੇਖਣੇ ਚਾਹੁੰਦਾ ਹੈ। ਦੁਰਮਤਿ 'ਚ ਲੱਗਣੇ ਕਰਕੇ, ਅਨੇਕ ਪ੍ਰਕਾਰ ਦੇ ਰੋਗ ਦੁੱਖ ਲੱਗ ਜਾਂਦੇ ਹਨ। ਨਾਨ੍ਹਾਂ ਜੂਨਾਂ 'ਚ, ਕਸ਼ਟ ਹੀ ਕਸ਼ਟ ਹਨ। ਯਥਾ:- ਜਮਿ ਜਮਿ ਮਰੈ; ਮਰੈ ਫਿਰਿ ਜੰਮੈ॥ ਬਹੁਤੁ ਸਜਾਇ; ਪਇਆ ਦੇਸਿ ਲੰਮੈ॥) ਕਬੀਰ. ਖੂਬੁ ਖਾਨਾ ਖੀਚਰੀ; ਜਾ ਮਹਿ ਅੰਮ੍ਰਿਤੁ ਲੋਨੁ॥ ਹੇਰਾ ਰੋਟੀ ਕਾਰਨੇ; ਗਲਾ ਕਟਾਵੈ ਕਉਨੁ॥੧੮੮॥

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਜਿਵੇਂ ਮਿੱਟੀ ਖਾਣ ਵਾਲੇ ਨੂੰ ਮਿੱਟੀ ਹੀ ਸੁਆਦ ਲੱਗਦੀ ਹੈ। ਤਲੇ ਪਦਾਰਥ ਖਾਣ ਵਾਲਾ ਸ਼ਰੀਰ ਤਲ਼ੇ ਪਦਾਰਥ ਹੀ ਮੰਗਦਾ ਹੈ। ਚਾਹ ਕੌਫ਼ੀ ਅਫ਼ੀਮ ਸ਼ਰਾਬ ਤਮਾਕੂ ਵਾਲੇ ਦਾ ਤਨ ਇਹੋ ਹੀ ਨਸ਼ੇ ਮੰਗਦਾ ਹੈ। ਇਸ ਲਈ ਅਪਣੀ ਜ਼ਬਾਨ ਨੂੰ ਔਰਗੈਨਿਕ ਵਧੀਆ ਪਦਾਰਥ 'ਤੇ ਗਿਝਾਉਣਾ ਚਾਹੀਦਾ ਹੈ। ਪੂਰਨ ਭਗਤ ਜੀ, ਸ਼ਰੀਰ 'ਚ ਵਸਣਾ ਨਹੀਂ ਚਾਹੁੰਦੇ, ਸ਼ਰੀਰ ਤੋਂ ਉਪਰਾਮ ਵੈਰਾਗੀ ਹੋ ਗਏ ਹਨ, ਕਿਉਂ ਜੋ ਅੱਖਾਂ ਰੂਪ ਦੇਖਣ ਭੱਜਦੀਆਂ ਹਨ, ਕੰਨ ਨਿੰਦਿਆ ਵੱਲ ਜਾਂਦੇ ਹਨ, ਜ਼ਬਾਨ ਝੂਠ ਬੋਲਦੀ ਹੈ। ਰਸਨਾ ਰਸਾਂ ਨੂੰ ਭੱਜਦੀ ਹੈ। ਇੰਦ੍ਰੇ ਵਿਸ਼ਿਆਂ ਨੂੰ ਜਾਂਦੇ ਹਨ। ਯਥਾ:- ਦੇਹੀ ਗਾਵਾ. ਜੀਉ ਧਰ ਮਹਤਉ; ਬਸਹਿ ਪੰਚ ਕਿਰਸਾਨਾ॥ ਨੈਨੂ ਨਕਟੂ ਸ੍ਰਵਨੂ ਰਸਪਤਿ; ਇੰਦ੍ਰੀ ਕਹਿਆ ਨ ਮਾਨਾ॥੧॥ ਬਾਬਾ; ਅਬ ਨ ਬਸਉ ਇਹ ਗਾਉ॥ ਘਰੀ ਘਰੀ ਕਾ ਲੇਖਾ ਮਾਗੈ; ਕਾਇਥੁ ਚੇਤੂ ਨਾਉ॥) ਤਾਂਈਂ- ਹਮਰਾ ਮਨੁ ਬੈਰਾਗ ਬਿਰਕਤੁ ਭਇਓ; ਹਰਿ ਦਰਸਨ ਮੀਤ ਕੈ ਤਾਈ॥) ਜੇ ਧਰਤੀ ਸਭ. ਕੰਚਨੁ ਕਰਿ ਦੀਜੈ; ਬਿਨੁ ਨਾਵੈ. ਅਵਰੁ ਨ ਭਾਇਆ ਰਾਮ॥

ਬੁੱਜੇ। ਕਿਤੀ ਵਗੈ ਪੋਲੇ- ਕੰਨੀ ਬੁਜੇ ਦੇ ਰਹਾਂ; ਕਿਤੀ ਵਗੈ ਪਉਣੁ॥੮੮॥ ਸ਼ਰੀਰ ਕੁੱਤੇ ਵਾਂਗ ਨਾਨ੍ਹਾ ਪਦਾਰਥ, ਚੋਰੀ ਯਾਰੀ ਨਸ਼ੇ ਵਿਸ਼ੇ ਵਿਕਾਰ ਮੰਗਣ ਰੂਪ ਭਉਕਣ ਦੀ ਵਾਸ਼ਨਾ ਰੂਪ (ਪਉਣੁ)ਹਵਾ, ਭਾਵੇਂ (ਕਿਤੀ)ਕਿਤਨੀ ਹੀ (ਵਗੈ)ਵਗੇ, ਅਥਵਾ ਮਨਮੁਖ ਇਖ਼ਲਾਕ ਤੋਂ ਗਿਰੀਆਂ ਗੱਲਾਂ ਕਰਕੇ ਹੱਸਦੇ ਹਨ, ਨਿੰਦਿਆ ਝੂਠ ਚੁਗਲੀ ਵੈਰ ਈਰਖਾ ਵਿਕਾਰ ਦੀਆਂ ਗੱਲਾਂ ਰੂਪ (ਕਿਤੀ)ਕਿਤਨੀ ਮਰਜ਼ੀ (ਪਉਣੁ)ਹਵਾ (ਵਗੈ)ਵਗੇ, ਦਾਸਨ ਦਾਸ ਗ਼ਰੀਬ ਅਪਣੇ (ਕੰਨੀ)ਕੰਨਾਂ 'ਚ, ਸਤ ਸੰਤੋਖ ਦਯਾ ਧਰਮ ਵੀਚਾਰ ਨਿਮ੍ਰਤਾ ਹਲੀਮੀ ਗ਼ਰੀਬੀ ਸ਼ਹਿਣਸ਼ੀਲਤਾ ਇਕਾਗ੍ਰਤਾ ਸ਼ਾਂਤੀ ਖਿਮਾ ਆਦਿ ਅਨੇਕ ਗੁਣਾਂ ਰੂਪੀ ਬੁਜੇ ਦੇ ਕੇ (ਰਹਾਂ)ਰਹਿੰਦਾ ਹੈ। ਯਥਾ:- ਮੇਰੇ ਮੋਹਨ; ਸ੍ਰਵਨੀ ਇਹ ਨ ਸੁਨਾਏ॥ ਸਾਕਤ ਗੀਤ ਨਾਦ ਧੁਨਿ ਗਾਵਤ; ਬੋਲਤ ਬੋਲ ਅਜਾਏ॥) ਕਰਨ ਨ ਸੁਨੈ; ਕਾਹੂ ਕੀ ਨਿੰਦਾ॥ ਸਭ ਤੇ ਜਾਨੈ; ਆਪਸ ਕਉ ਮੰਦਾ॥)

ਫਰੀਦਾ. ਰਬ ਖਜੂਰੀ ਪਕੀਆਂ; ਮਾਖਿਅ ਨਈ ਵਹੰਨ੍ਹਿ॥ ਜੋ ਜੋ ਵੰਞੈ ਡੀਹੜਾ; ਸੋ ਉਮਰ ਹਥ ਪਵੰਨਿ॥੮੯॥ ਭਗਤ ਜੀ ਦਾ ਮਨ, ਮਿਟਿ ਗਏ ਬੈਰ; ਭਏ ਸਭ ਰੇਨ॥ ਅਨੁਸਾਰ ਸਭ ਦੀ ਚਰਨ- ਧੂੜ ਬਣ ਚੁੱਕਾ ਹੈ। ਆਪਜੀ ਨੂੰ, ਨਿਰਗੁਨ ਬ੍ਰਹਮਜੀ, ਆਪਣੇ ਅਨੰਤ ਬ੍ਰਹਮੰਡ ਦੇ ਪਸਾਰੇ ਸਮੇਤ, ਅੰਦਰ ਬਾਹਰ ਜਾਪ ਕਰਦੇ ਦਰਸ਼ਨ ਬਖ਼ਸ਼ ਰਹੇ ਹਨ। ਵਾਹਿਗੁਰੂ ਜੀ ਸਰਗੁਨ ਸਰੂਪ ਧਾਰ ਕੇ ਦਰਸ਼ਨ ਦੇ ਰਹੇ ਹਨ। ਆਪ ਜੀ ਦਾ

Sri Satguru Jagjit Singh Ji eLibrary NamdhariElibrary@gmail.com

ਰੋਮ ੨ ਵਾਹਿਗੁਰੂ ਜੀ ਨੂੰ ਹਰ ਸਮੇਂ ਨਮਸਕਾਰ ਕਰ ਰਿਹਾ ਹੈ, ਨਿਰਯਤਨ ਅਜਪਾ ਜਾਪ ਹੋ ਰਿਹਾ ਹੈ। ਨਿਰਗੁਨ ਸਰੂਪ ਜੀ ਦਾ ਵਿਸਮਾਦ ਪ੍ਰਕਾਸ਼, ਪ੍ਰਕਾਸ਼ ਹੀ ਪ੍ਰਕਾਸ਼ ਹਰ ਸਮੇਂ ਬ੍ਰਹਮਾਨੰਦ ਰਸ ਬਖ਼ਸ਼ ਰਿਹਾ ਹੈ, ਨਿਰਯਤਨ ਨਿਰੰਕਾਰ ਸਰੂਪ ਗੁਰਬਾਣੀ ਜੀ ਸਫ਼ੁਰਨ ਹੋ ਰਹੇ ਹਨ। ਆਪਜੀ ਦੇ ਅੰਦਰ ਅਨਹਦ ਸਬਦ ਵੱਜ ਰਹੇ ਹਨ। ਯਥਾ:- ਅਨਹਦ ਸਬਦੁ; ਵਜੈ ਦਿਨੁ ਰਾਤੀ॥ ਅਵਿਗਤ ਕੀ ਗਤਿ; ਗੁਰਮੁਖਿ ਜਾਤੀ॥) ਪ੍ਰਭ ਕੈ ਸਿਮਰਨਿ; ਅਨਹਦ ਝੁਨਕਾਰ॥ ਸੁਖੁ ਪ੍ਰਭ ਸਿਮਰਨ ਕਾ; ਅੰਤੁ ਨ ਪਾਰ॥ ਆਪਜੀ ਨੂੰ ਹਰ ਸਮੇਂ ਤੱਤਾਂ 'ਚੋਂ ਜਾਪ ਸੁਣ ਰਿਹਾ ਹੈ। ਯਥਾ:- ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥ ਪਉਣ ਪਾਣੀ ਬੈਸੰਤਰ ਸਿਮਰਹਿ; ਸਿਮਰੈ ਸਗਲ ਉਪਾਰਜਨਾ॥ ਵਾਹਿਗੁਰੂ ਧੰਨ ਭਗਤ ਸਾਹਿਬ ਜੀ ਦੇ ਅੰਦਰ ਸ੍ਰਬ ਵਿਆਪੀ ਮਹਾਂ ਵਿਸਮਾਦ ਬ੍ਰਹਮਾਨੰਦ ਰਸ ਦੀਆਂ ਨਦੀਆਂ ਵਹਿ ਰਹੀਆਂ ਹਨ, ਸੋ ਫ਼ੁਰਮਾ ਰਹੇ ਹਨ। ਹੇ ਦਾਸਨ ਦਾਸ ਗ਼ਰੀਬ ਫਰੀਦਾ! ਤੇਰੇ ਅੰਦਰ ਬਾਹਰ, ਅਜਪਾ ਜਾਪ ਕਰ ਰਹੇ ਨਿਰਭਉ ਨਿਰੰਕਾਰ ਰਬ ਜੀ ਹੀ ਪਕੀਆਂ (ਖਜੂਰੀ)ਖਜ਼ੂਰਾਂ ਹਨ, ਰਿਦੇ 'ਚੋਂ ਅੰਮ੍ਰਿਤ ਦਾ ਪ੍ਰਵਾਹ ਮੁਖ 'ਚ ਆ ਰਿਹਾ ਹੈ, ਇਹ ਹੀ (ਮਾਖਿਅ)ਮਖਿਆਲ਼ ਦੀਆਂ (ਨਈ)ਨਦੀਆਂ (ਵਹੰਨ੍ਹਿ)ਵਹਿ ਰਹੀਆਂ ਹਨ। ਯਥਾ:- ਪਉੜੀ॥ ਓਥੈ ਅੰਮ੍ਰਿਤੁ ਵੰਡੀਐ; ਸੁਖੀਆ ਹਰਿ ਕਰਣੇ॥ ਜਮ ਕੈ ਪੰਥਿ. ਨ ਪਾਈਅਹਿ; ਫਿਰਿ ਨਾਹੀ ਮਰਣੇ॥ ਜਿਸਨੋ ਆਇਆ ਪ੍ਰੇਮ ਰਸੁ; ਤਿਸੈ ਹੀ ਜਰਣੇ॥ ਬਾਣੀ ਉਚਰਹਿ ਸਾਧ ਜਨ; ਅਮਿਉ ਚਲਹਿ ਝਰਣੇ॥ ਪੇਖਿ ਦਰਸਨੁ ਨਾਨਕੁ ਜੀਵਿਆ; ਮਨ ਅੰਦਰਿ ਧਰਣੇ॥੯॥) ਫਰੀਦਾ. ਸਕਰ ਖੰਡੁ ਨਿਵਾਤ ਗੁੜੁ; ਮਾਖਿਓ ਮਾਂਝਾ ਦੁਧੁ॥ ਸਭੇ ਵਸਤੂ ਮਿਠੀਆਂ; ਰਬ. ਨ ਪੁਜਨਿ ਤੁਧੁ॥) ਕਹੁ ਕਬੀਰ. ਗੂੰਗੈ ਗੁੜੁ ਖਾਇਆ; ਪੂਛੇ ਤੇ. ਕਿਆ ਕਹੀਐ॥) ਬਿਸਮਨ ਬਿਸਮ; ਭਏ ਬਿਸਮਾਦ॥ ਜਿਨਿ ਬੂਝਿਆ; ਤਿਸੁ ਆਇਆ ਸ੍ਵਾਦ॥) ਅਚਰਜੁ ਕਿਛੁ ਕਹਣੁ ਨ ਜਾਈ॥ ਬਸਤੁ ਅਗੋਚਰ ਭਾਈ॥

ਜੋ ਜੋ ਵੰਞੈ ਡੀਹੜਾ; ਸੋ ਉਮਰ ਹਥ ਪਵੰਨਿ॥੯੯॥ ਰੋਮ ੨ ਕਰਕੇ ਅਜਪਾ ਜਾਪ ਜਪਦਿਆਂ ਹਿਰਦੇ 'ਚੋਂ ਮੁਖ 'ਚ ਅੰਮ੍ਰਿਤ ਰਸ ਪੀਂਦਿਆਂ, ਜੋ ਜੋ (ਡੀਹੜਾ)ਦਿਨ (ਵੰਞੈਂ)ਬਤੀਤ ਹੁੰਦਾ ਹੈ, (ਸੋ)ਉਹ ਉਮਰ ਨੂੰ ਹਥ (ਪਵੰਨਿ)ਪੈਂਦੇ ਹਨ, ਭਾਵ ਸਾਹਿਬ ਜੀ ਦੇ ਲੇਖੇ ਲੱਗਦਾ ਹੈ। ਯਥਾ:- ਉਮਰ ਸਾਈ. ਵਿਚਿ ਲੇਖੇ ਦੇ, ਜੋ ਯਾਦ ਸਾਂਈ ਵਿੱਚ ਗੁਜਰੇ, ਪੈਂਦੀ ਮੁਜਰੇ। ਸਾਂਈਂ ਜੀ ਨੂੰ (ਮੁਜਰੇ)ਪ੍ਰਵਾਣ ਹੁੰਦੀ ਹੈ।

ਫਰੀਦਾ. ਤਨੁ ਸੁਕਾ ਪਿੰਜਰੁ ਥੀਆ; ਤਲੀਆਂ ਖੂੰਡਹਿ ਕਾਗ॥ ਅਜੈ ਸੁ. ਰਬੁ ਨ ਬਾਹੁੜਿਓ; ਦੇਖੁ. ਬੰਦੇ ਕੇ ਭਾਗ॥੯੦॥ {ਬਾਰਾਂ ਸਾਲ ਬ੍ਰਿੱਛਾਂ ਤੋਂ ਫ਼ਲ਼ ਤੋੜ ਕੇ ਖਾਂਦੇ ਰਹੇ। ਫਿਰ ਘਣਾ ਵੈਰਾਗ ਧਾਰ ਕੇ, ਬਾਰਾਂ ਸਾਲ ਥੱਲੇ ਡਿੱਗੇ ਫ਼ਲ਼ ਖਾ ਕੇ ਗੁਜ਼ਾਰਾ ਕਰਦੇ ਰਹੇ। ਫਿਰ ਪੱਤੇ ਖਾ ਕੇ ਹੀ ਬੜੀ ਹੀ ਸਖ਼ਤ ਮਿਹਨਤ ਕੀਤੀ, ਕਾਠ ਦੀ ਰੋਟੀ ਪੇਟ ਨਾਲ ਬੰਨ੍ ਲਈ। ਕੇਵਲ ਨਾਮ ਦੇ ਅਧਾਰ ਹੀ ਹੋ ਗਏ। ਯਥਾ:- ਇਕਿ; ਨਿਰੰਕਾਰੀ ਨਾਮ ਆਧਾਰਿ॥ ਆਪ ਜੀ ਨੇ ਸਤਿ ਸੰਤੋਖ ਕਮਾਇਆ, ਜੋ ਕਹਿਣ ਕਥਨ 'ਚ ਨਹੀਂ ਆ ਸਕਦਾ। ਯਥਾ:- ਸਬਰ ਅੰਦਰਿ. ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ. ਖੁਦਾਇ ਦੈ; ਭੇਤੁ.ਨ ਕਿਸੈ ਦੇਨਿ॥ ਸ਼ਹਿਰ ਪਾਕਪਟਨ ਉਜਾੜ ਵਿਖੇ ਖ਼ੂਹ ਹੁਣ ਭੀ ਹੈ, ਜਿਸ 'ਚ ਪੁੱਠੇ ਲਮਕ ਕੇ ਬੰਦਗੀ ਕਰਦੇ ਰਹੇ, ਸ਼ਰੀਰ ਸੁੱਕ ਕੇ ਪਿੰਜਰਾ ਹੋ ਗਿਆ। ਜਿਵੇਂ ਸੰਤ ਬਾਬਾ ਅਤਰ ਸਿੰਘ ਸਾਹਿਬ ਜੀ ਬੰਦਗੀ ਕਰਦਿਆਂ ਦਾ ਸ਼ਰੀਰ ਸੁੱਕ ਕੇ ਪਿੰਜਰਾ ਹੋ ਗਿਆ ਸੀ, ਫ਼ੋਟੋ ਦੇਖਿਆ ਹੈ। ਵਾਹਿਗੁਰੂ ਜੀ ਆਪ ਬਾਬਾ ਫ਼ਰੀਦਾ ਸਾਹਿਬ ਜੀ ਦੇ ਸਰੂਪ 'ਚ ਪ੍ਰਗਟ ਹੋ ਕੇ, ਵਾਹਿਗੁਰੂ ਦੇ ਦਿਵਾਨੇ ਮਸਤਾਨੇ ਇਲਾਹੀ ਅਲਮਸਤ ਬੰਦਗੀ ਰੱਤੇ ਭੇਸ 'ਚ, ਜ਼ਿੰਦਗੀ ਦਾ ਪੂਰਨ ਵੈਰਾਗਮਈ ਨਕਸ਼ਾ ਆਪ ਕਮਾ ਕੇ, ਦਿਖਾ ਰਹੇ ਹਨ। ਖਾਣਾ ਪੈਨ੍ਣਾ ਦਰਵੇਸ਼ਾਂ ਵਾਲਾ, ਰਹਿਣੀ ਕਰਣੀ ਕਮਾਈ ਜੋਧੜੀ ਦਰਵੇਸ਼ਾਂ ਵਾਲੀ। ਤਪੱਸਿਆ ਕਰਦਿਆਂ

Sri Satguru Jagjit Singh Ji eLibrary NamdhariElibrary@gmail.com

ਤੋਂ, ਕਾਵਾਂ ਨੇ ਠੂੰਗੇ ਮਾਰੇ, ਛੱਤੀ ਸਾਲ ਬੜੀ ਭਾਰੀ ਸਖ਼ਤ ਮਿਹਨਤ ਕੀਤੀ ਪਰ ਫਿਰ ਭੀ ਵਾਹਿਗੁਰੂ ਜੀ ਦੀ ਪ੍ਰਾਪਤੀ, ਆਤਮ ਤ੍ਰਿਪਤੀ ਨ ਹੋਈ,ਸੋ ਫ਼ੁਰਮਾ ਰਹੇ ਹਨ।

ਫਰੀਦਾ. ਤਨੁ ਸੁਕਾ ਪਿੰਜਰੁ ਥੀਆ; ਤਲੀਆਂ ਖੂੰਡਹਿ ਕਾਗ॥ ਅਜੈ ਸੁ. ਰਬੁ ਨ ਬਾਹੁੜਿਓ; ਦੇਖੁ. ਬੰਦੇ ਕੇ ਭਾਗ॥੯੦॥ ਵਾਹਿਗੁਰੂ ਭਗਤ ਫਰੀਦਾ ਸਾਹਿਬ ਜੀ. ਸਾਨੂੰ ਕਲਜੁੱਗੀ ਜੀਵਾਂ ਨੂੰ ਔਗੁਣਾਂ ਤੋਂ ਹਟਾਉਣ ਲਈ, ਸਾਡੇ ਘਣੇਰੇ ਦੁੱਖ ਦੱਸਦਿਆਂ ਸਨਮੁਖ ਅਰਦਾਸ ਕਰ ਰਹੇ ਹਨ:- ਹੇ ਪਰਮ ਪਿਆਰੇ ਵਾਹਿਗੁਰੂ ਜੀ! ਭੁੱਖ ਉਣੀਂਦ੍ਰਾ ਤ੍ਰੇਹ ਸਹਾਰਦਿਆਂ, ਕਠਨ ਮਸੱਕਤ ਕਰਦਿਆਂ, ਖ਼ੂਨ ਘਟ ਕੇ ਦਾਸਨ ਦਾਸ ਦਾ (ਤਨੁ)ਸ਼ਰੀਰ, ਸੁਕਾ, ਮੁੱਠ ਭਰ ਹੱਡੀਆਂ ਦਾ ਪਿੰਜਰੁ (ਥੀਆ)ਹੋ ਗਿਆ ਹੈ। ਖ਼ੂਹ 'ਚ ਪੁੱਠਾ ਲਮਕ ਰਿਹਾ, ਮੁਰਦਾ ਜਾਣ ਕੇ, ਦਾਸਨ ਦਾਸ ਦੀਆਂ ਤਲ਼ੀਆਂ ਨੂੰ (ਕਾਗ)ਕਾਂ ਅਥਵਾ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰ ਵੈਰ ਈਰਖਾ ਨਿੰਦਾ ਰੋਗ ਔਗੁਣਾਂ ਰੂਪੀ ਕਾਂ (ਖੂੰਡਹਿ)ਠੂੰਗ ਰਹੇ ਹਨ। ਹੇ (ਸੁ)ਸ੍ਰੇਸਟ (ਰਬੁ)ਪਰਮ ਪਿਤਾ ਪ੍ਰਮਾਤਮਾ ਜੀ! (ਅਜੈ)ਹੁਣ ਤੱਕ ਭੀ ਆਪ ਜੀ (ਨ)ਨਹੀਂ (ਬਾਹੁੜਿਓ)ਬਹੁੜੇ, ਦਰਸ਼ਨ ਨਹੀਂ ਬਖ਼ਸ਼ੇ, ਅਪਣੇ ਬੱਚੇ (ਕੇ)ਦੇ ਮੰਦੇ (ਭਾਗ)ਕਰਮ, ਕ੍ਰਿਪਾ ਕਰਕੇ (ਦੇਖੁ)ਦੇਖਣਾ ਕਰੋ ਜੀ। ਯਥਾ:- ਫਰੀਦਾ. ਚਿੰਤ ਖਟੋਲਾ, ਵਾਣੁ ਦੁਖੁ; ਬਿਰਹਿ ਵਿਛਾਵਣ ਲੇਫੁ॥ ਏਹੁ ਹਮਾਰਾ ਜੀਵਣਾ; ਤੂ ਸਾਹਿਬ ਸਚੇ ਵੇਖੁ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਹੇ ਪਰਮ ਪਿਆਰੇ ਵਾਹਿਗੁਰੂ ਜੀ! ਕੀੜੇ ਕ੍ਰਿਮ ਪਸ਼ੂ ਪੰਛੀ ਅਨੇਕ ਜੂਨਾਂ ਭੋਗ ਰਿਹਾ ਜੀਵ, ਅਨੇਕ ਕਸ਼ਟ ਹੀ ਕਸ਼ਟ ਭੋਗ ਰਿਹਾ ਹੈ। ਜਿਉਂਦੇ ਜੀਅ ਨੂੰ ਫੜ ਕੇ ਦੂਜੇ ਜੀਵ ਨੂੰ ਖਾ ਜਾਂਦੇ ਹਨ। ਕਈ ਅੱਖਾਂ ਖਾਣ ਲੱਗ ਜਾਂਦੇ ਹਨ। ਕਈ ਤਲੀਆਂ ਚੁੰਡਣ ਲੱਗ ਜਾਂਦੇ ਹਨ। ਕਈ ਢਿੱਡ ਖਾਣ ਲੱਗ ਜਾਂਦੇ ਹਨ। ਗਿਲਜਾਂ ਚੁੱਟਕੀ 'ਚ ਹੀ ਪਸ਼ੂ ਨੂੰ ਖਾ ਜਾਂਦੀਆਂ ਹਨ। ਕੈਂਸਰ ਆਦਿ ਬੀਮਾਰੀਆਂ ਦੇ ਕ੍ਰਿਮ ਸ਼ਰੀਰਾਂ ਨੂੰ ਹਰ ਸਮੇਂ ਖਾ ਰਹੇ ਹਨ। ਮਹਾਂ ਵਿਸਮਾਦ ਸਿੱਖਿਆ ਇਹ ਹੈ, ਵਿਸ਼ੇ ਰਸਨਾ ਮਾਇਆ ਦੇ ਸਾਰੇ ਸੁਆਦ ਛੱਡ ਕੇ, ਪੂਰਨ ਵੈਰਾਗ ਧਾਰ ਕੇ, ਖ਼ੂਬ ਬੰਦਗੀ ਜੋਧੜੀ ਮੇਹਨਤ ਮਸ਼ੱਕਤ ਗੁਰੂ ਸੇਵਾ ਕਰਕੇ ਨਿਹਾਲ ਹੋ ਕੇ, ਨ੍ਹਾਨ੍ਹਾਂ ਜੂਨਾਂ ਭੋਗਣ ਰੋਗਾਂ ਜਮਾਂ ਔਗੁਣਾਂ ਮਹਾਂ ਪਾਪਾਂ ਕਸ਼ਟਾਂ ਤੋਂ ਬਚ ਕੇ ਨਿਹਾਲ ਹੋਣਾ ਚਾਹੀਏ ਜੀ।

ਕਾਗਾ. ਕਰੰਗ ਢਢੋਲਿਆ; ਸਗਲਾ ਖਾਇਆ ਮਾਸੁ॥ ਏ ਦੁਇ ਨੈਨਾ. ਮਤਿ ਛੁਹਉ; ਪਿਰ ਦੇਖਨ ਕੀ ਆਸ॥੯੧॥ ਹੇ ਅਕਾਲ ਪੁਰਖ ਵਾਹਿਗੁਰੂ ਜੀ! ਦਾਸਨ ਦਾਸ ਗ਼ਰੀਬ ਪ੍ਰਦੇਸੀ ਦਾ (ਕਰੰਗ)ਪਿੰਜਰਾ, ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰ ਵੈਰ ਈਰਖਾ ਨਿੰਦਾ ਰੋਗ ਸੁਆਦਾਂ ਔਗੁਣਾਂ ਰੂਪੀ (ਕਾਗਾ)ਕਾਵਾਂ ਨੇ (ਢਢੋਲਿਆ)ਚੁੰਡਿਆ, ਚੁੰਡ ਕੇ (ਸਗਲਾ)ਸਾਰਾ ਹੀ ਮਾਸੁ (ਖਾਇਆ)ਖਾ ਲਿਆ ਹੈ। ਪਹਿਲਾਂ ਅਰਦਾਸ ਕੀਤੀ ਹੈ, ਸਤਿਗੁਰ ਤੇ ਸਮਝ ਪੜੀ; ਮਨ ਮਾਹੀ॥ ਅਨੁਸਾਰ ਅਰਦਾਸ ਕਰਕੇ ਸਮਝ ਆ ਗਈ, ਔਗੁਣਾਂ ਨੂੰ ਤਾੜ ਕੇ ਮਨ੍ਹਾ ਕਰਦੇ ਹਨ। ਹੇ ਲੋਭ ਮੋਹ ਹੰਕਾਰ ਵਿਕਾਰ ਵੈਰ ਔਗੁਣਾਂ ਰੂਪੀ ਕਾਵੋਂ! ਦਾਸਨ ਦਾਸ ਨੂੰ (ਪਿਰ)ਪਤੀ ਰੱਬ ਜੀ ਦੇ (ਦੇਖਨ)ਦਰਸ਼ਨ ਦੀ ਆਸ ਹੈ, ਇਸ ਲਈ, (ਏ)ਇਨ੍ਹਾਂ (ਦੁਇ)ਦੋਹਾਂ ਨੇਤ੍ਰਾਂ ਨੂੰ (ਮਤਿ)ਨ (ਛੁਹਉ)ਛੂਹਣਾ ਕਰੋ। ਪਿਰ ਦੇਖਨ ਦੀ ਆਸ ਵਾਲੇ ਨੇਤ੍ਰ ਵਿਕਾਰ ਹੰਕਾਰ ਦਵੈਸ਼ ਦ੍ਰਿਸ਼ਟੀ ਨਾਲ ਨਹੀਂ ਦੇਖਦੇ, ਇਸ ਲਈ ਹੁਣ ਤੁਸੀਂ ਇਨ੍ਹਾਂ ਨੂੰ ਨਹੀਂ ਛੂਹ ਸਕਦੇ, ਮੰਦੀ ਨਿਗ੍ਹਾ ਨਾਲ ਦੇਖਣੇ ਕਰਕੇ, ਵਿਕਾਰ ਅੰਦਰ ਪ੍ਰਵੇਸ਼ ਕਰਦੇ ਹਨ, ਰੋਗਾਂ ਦੇ ਕ੍ਰਿਮ ਮਾਸ ਖਾ ਜਾਂਦੇ ਹਨ। ਵਿਕਾਰਾਂ ਨੂੰ ਤਾੜਨ ਰੂਪ ਅਮੋਲਕ ਬਚਨ ਮਹਾਂ ਪੁਰਖ ਹੀ ਕਹਿ ਸਕਦੇ ਹਨ, ਅਸੀਂ ਪਾਪੀ ਤਾਂ ਔਗੁਣਾਂ ਵਿਕਾਰਾਂ ਨੂੰ ਸੱਦ ਰਹੇ ਹਾਂ।

ਉੱਡਰਿ- ਕਾਗਾ. ਚੁੰਡਿ ਨ ਪਿੰਜਰਾ; ਬਸੈ ਤ ਉਡਰਿ ਜਾਹਿ॥ ਜਿਤੁ ਪਿੰਜਰੈ. ਮੇਰਾ ਸਹੁ ਵਸੈ; ਮਾਸੁ. ਨ ਤਿਦੂ ਖਾਹਿ॥੯੨॥ ਲੋਭ ਮੋਹ ਹੰਕਾਰ ਵਿਕਾਰ ਵੈਰ ਔਗੁਣਾਂ ਸਹਿਤ, ਹੇ ਵਿਛੋੜੇ ਰੂਪੀ (ਕਾਗਾ)ਕਾਂ! ਦਾਸਨ ਦਾਸ

Sri Satguru Jagjit Singh Ji eLibrary NamdhariElibrary@gmail.com

ਦਾ (ਪਿੰਜਰਾ)ਸ਼ਰੀਰ ਨ (ਚੁੰਡ)ਠੂੰਗ, ਅਨੰਤ ਔਗੁਣਾਂ ਸਹਿਤ, ਜੇ ਤੂੰ ਸ਼ਰੀਰ 'ਤੇ (ਬਸੈ)ਵਸ ਰਿਹਾ ਹੈਂ, ਤ (ਉਡਰਿ)ਉੱਡ (ਜਾਹਿ)ਜਾਣਾ ਕਰ। ਪੂਰਨ ਗੁਰਾਂ ਦੁਆਰਾ ਪਤੀ ਅਕਾਲ ਜੀ ਦੇ ਸ਼ਰੀਰ 'ਚ ਵਸਣ ਦੀ, ਸੋਝੀ ਹੋਣ ਤੋਂ ਕਹਿ ਰਹੇ ਹਨ:- (ਜਿਤੁ)ਜਿਸ (ਪਿੰਜਰੈ)ਸ਼ਰੀਰ 'ਚ (ਮੇਰਾ)ਦਾਸਨ ਦਾਸ ਦੇ (ਸਹੁ)ਪਤੀ ਅਕਾਲ ਜੀ (ਵਸੈ)ਵਸ ਰਹੇ ਹਨ, (ਤਿਦੂ)ਤਿਸ 'ਚੋਂ ਮਾਸੁ ਨ (ਖਾਹਿ)ਖਾਣਾ ਕਰ, ਕਿਉਂ ਜੋ ਤੂੰ ਪਹਿਲਾਂ ਦਾਸਨ ਦਾਸ ਦੀ ਇਹ ਮੰਦੀ ਹਾਲਤ ਕੀਤੀ ਸੀ:- ਫਰੀਦਾ. ਤਨੁ ਸੁਕਾ ਪਿੰਜਰੁ ਥੀਆ; ਤਲੀਆਂ ਖੁੰਡਹਿ ਕਾਗ॥) ਕਾਗਾ. ਕਰੰਗ ਢਢੋਲਿਆ; ਸਗਲਾ ਖਾਇਆ ਮਾਸੁ॥

ਸੱਡ, ਨਿ ਘਰਿਆ- ਫਰੀਦਾ. ਗੋਰ ਨਿਮਾਣੀ ਸਡੁ ਕਰੇ; ਨਿਘਰਿਆ. ਘਰਿ ਆਉ॥ ਸਰਪਰ ਮੈਥੈ ਆਵਣਾ; ਮਰਣਹੁ. ਨ ਡਰਿਆਹੁ॥੯੩॥ ਬਾਬਾ ਫ਼ਰੀਦ ਸਾਹਿਬ ਜੀ ਆਪਣੇ ਮਨ ਨੂੰ ਪੂਰਨ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ:- ਹੇ ਗ਼ਰੀਬ ਫਰੀਦਾ! ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣਾਂ ਵਿਕਾਰਾਂ, ਜੰਮਣ ਮਰਨ ਜਮਾ ਦੀ ਮਾਰੀ ਜੂਨਾਂ 'ਚ ਦੁੱਖ ਭੋਗਣ ਵਾਲ਼ੀ ਤੇਰੀ (ਨਿਮਾਣੀ)ਵਿਚਾਰੀ ਦੇਹ ਨੂੰ (ਗੋਰ)ਕਬਰ (ਸਡੁ)ਸੱਦਣਾ (ਕਰੇ)ਕਰ ਰਹੀ ਹੈ, "ਹੇ (ਨਿਘਰਿਆ)ਵਿਆਪਕ ਬ੍ਰਹਮ ਜੀ ਘਰ ਤੋਂ ਰਹਿਤ! ਅਪਣੇ (ਘਰਿ)ਕਬਰ ਭਾਵ ਮੇਰੇ 'ਚ (ਆਉ)ਆਉਣਾ ਕਰ"। (ਸਰਪਰ)ਜ਼ਰੂਰ ਬਰ ਜ਼ਰੂਰ (ਮੈਥੈ)ਮੇਰੇ ਪਾਸ, ਤੂੰ ਆਵਣਾ ਹੈ, ਇਸ ਲਈ ਹੁਣ ਮਰਣਹੁ ਨ (ਡਰਿਆਹੁ)ਡਰਨਾ ਕਰ।

ਏਨ੍ਹੀ ਲੋਇਣੀ ਦੇਖਦਿਆ; ਕੇਤੀ ਚਲਿ ਗਈ॥ ਫਰੀਦਾ. ਲੋਕਾਂ ਆਪੋ ਆਪਣੀ; ਮੈ ਆਪਣੀ ਪਈ॥੯੪॥ ਹੇ ਦਾਸਨ ਦਾਸ ਫਰੀਦ! ਤੇਰੇ ਏਨ੍ਹੀ (ਲੋਇਣੀ)ਨੇਤ੍ਰੀਂ ਦੇਖਦਿਆ ੨ (ਕੇਤੀ)ਬੇਅੰਤ ਸ੍ਰਿਸਟੀ ਚਲਿ ਗਈ ਹੈ। ਜੀਆ ਕਾ ਆਹਾਰੁ ਜੀਅ; ਖਾਣਾ ਏਹੁ ਕਰੇਇ॥ ਅਨੁਸਾਰ ਜੀਅ ਜੀਆਂ ਨੂੰ ਖਾਂਦੇ ਹਨ। ਸਾਡੇ ਸ਼ਰੀਰ'ਚ ਅਤੇ ਬਾਹਰ ਅਸੰਖ ਬ੍ਰਹਮੰਡ ਦੇ ਪਸਾਰੇ'ਚ, ਹੁਕਮੈ ਅੰਦਰਿ ਸਭੁ ਕੋ; ਬਾਹਰਿ ਹੁਕਮ ਨ ਕੋਇ॥ ਅਨੁਸਾਰ ਹੁਕਮ'ਚ ਹਰ ਸਮੇਂ ਅਸੰਖ ਜੀਅ ਜੰਮਦੇ ਮਰਦੇ ਰਹਿੰਦੇ ਹਨ। ਯਥਾ:- ਕਈ ਕੋਟਿ; ਜਨਮਹਿ ਜੀਵਹਿ ਮਰਹਿ॥ ਕਈ ਕੋਟਿ; ਬਹੁ ਜੋਨੀ ਫਿਰਹਿ॥) ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥ ਜਿਸ ਕੇ ਜੀਅ ਪਰਾਣ ਹਹਿ; ਕਿਉ ਸਾਹਿਬੁ ਮਨਹੁ ਵਿਸਾਰੀਐ॥) [1]ਗ਼ਰੀਬ, [2]ਉੱਚੇ ਪ੍ਰਧਾਨ- ਰਾਣਾ ਰਾਉ.ਨ ਕੋ ਰਹੈ; [1]ਰੰਗੁ ਨ [2]ਤੁੰਗੁ ਫਕੀਰੁ॥ ਵਾਰੀ ਆਪੋ ਆਪਣੀ; ਕੋਇ ਨ ਬੰਧੈ ਧੀਰ॥) ਰਾਵਣ ਸੇ ਮਹਰਾਵਣ ਸੇ; ਘਟਕਾਨਹੁ ਸੇ, ਪਲ ਬੀਚ ਪਛਾਰੇ॥ (ਸ੍ਰੀ ਦਸਮ ੪੫) ਰਾਜਾ ਪਰਜਾ ਸਮ ਕਰਿ ਮਾਰੈ; ਐਸੋ ਕਾਲੁ ਬਿਡਾਨੀ ਰੇ॥੨॥) ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ ਨ ਪਤੀਣੋਹਿ॥

ਫਰੀਦਾ. ਲੋਕਾਂ ਆਪੋ ਆਪਣੀ; ਮੈ ਆਪਣੀ ਪਈ॥੯੪॥ ਬਾਬਾ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਮੈਂ ਮੁੰਡਾ ਵਿਆਹੁਣਾ, ਕੋਈ ਕਹਿੰਦਾ ਮੈਂ ਵਪਾਰ ਕਰਨਾ ਹੈ, ਕੋਈ ਕਹਿੰਦਾ, ਮੇਰੇ ਧਨ ਨੂੰ ਕੌਣ ਸਾਂਭੇਗਾ? ਕੋਈ ਵੈਰਾਗੀ ਕਹਿੰਦੇ ਹਨ ਕਿ ਮਰਨ ਦਾ ਕਸ਼ਟ ਬਹੁਤ ਹੈ, ਇਉਂ ਲੋਕਾਂ ਨੂੰ ਆਪੋ ਆਪਣੀ ਪਈ ਹੋਈ ਹੈ। (ਮੈ)ਦਾਸਨ ਦਾਸ ਨੂੰ ਆਪਣੀ ਚਿੰਤਾ ਪਈ ਹੋਈ ਹੈ, ਕਿ ਵਾਹਿਗੁਰੂ ਜੀ ਛੇਤੀ ਦਰਸ਼ਨ ਬਖ਼ਸ਼ਣ।

ਆਪੁ ਸਵਾਰਹਿ ਮੈ ਮਿਲਹਿ; ਮੈ ਮਿਲਿਆ ਸੁਖੁ ਹੋਇ॥ ਫਰੀਦਾ. ਜੇ ਤੂ ਮੇਰਾ ਹੋਇ ਰਹਹਿ; ਸਭੁ ਜਗੁ ਤੇਰਾ ਹੋਇ॥੯੫॥) ਮੋਹ ਚੀਕੜਿ ਫਾਥੇ.ਨਿਘਰਤ ਹਮ ਜਾਤੇ; ਹਰਿ ਬਾਂਹ ਪ੍ਰਭੂ ਪਕਰਾਇ ਜੀਉ॥ ਅਤਿਅੰਤ ਹੀ ਪ੍ਰੇਮ ਨਿਮ੍ਰਤਾ ਪ੍ਰੇਮਾ- ਭਗਤੀ ਸਹਿਤ ਵਾਹਿਗੁਰੂ ਜੀ ਦੇ ਸਨਮੁਖ ਪ੍ਰੇਮ ਬੇਨਤੀ ਕਰਦੇ ਹਨ। ਹੇ ਪਰਮਪੂਜਨੀਕ ਪਿਆਰੇ ਵਾਹਿਗੁਰੂ ਜੀ! ਦਾਸਨ ਦਾਸ ਤੇ ਕ੍ਰਿਪਾ ਕਰਕੇ (ਮੈ)ਦਾਸਨ ਦਾਸ ਨੂੰ (ਮਿਲਹਿ)ਮਿਲਣਾ ਕਰੋ ਜੀ। (ਮੈ)ਦਾਸਨ ਦਾਸ ਨੂੰ ਆਪ ਜੀ ਦੇ ਮਿਲਿਆ, ਮੇਰੇ ਸਾਹਾ ਮੈ ਹਰਿ ਦਰਸਨ ਸੁਖੁ ਹੋਇ॥ ਅਨੁਸਾਰ ਸ੍ਰਬ ਵਿਆਪੀ

Sri Satguru Jagjit Singh Ji eLibrary NamdhariElibrary@gmail.com

ਵਿਸਮਾਦ ਸਦਾ ਰਹਿਣ ਵਾਲਾ ਸੁਖੁ (ਹੋਇ)ਹੋਵੇ, ਦਾਸਨ ਦਾਸ ਦੇ ਵਿਕਾਰਾਂ ਔਗੁਣਾਂ ਨੂੰ ਆਪ ਜੀ ਮਹਾਨ ਕ੍ਰਿਪਾ ਕਰਕੇ ਆਪੁ ਹੀ (ਸਵਾਰਹਿ)ਸਵਾਰਨਾ ਕਰੋ ਜੀ।

ਫਰੀਦਾ. ਜੇ ਤੂ ਮੇਰਾ ਹੋਇ ਰਹਹਿ; ਸਭੁ ਜਗੁ ਤੇਰਾ ਹੋਇ॥੯੫॥ ਫਰੀਦ ਸਾਹਿਬ ਜੀ ਅੰਮ੍ਰਿਤ ਬਚਨ ਫ਼ੁਰਮਾਉਂਦੇ ਹਨ:- ਹੇ ਅਕਾਲ ਪੁਰਖ ਜੀ ਜੇ ਕਰ (ਤੂ)ਆਪ ਜੀ (ਮੇਰਾ)ਦਾਸਨ ਦਾਸ ਦੇ ਮਾਲਕ ਰੱਖਿਅਕ (ਹੋਇ)ਹੋ (ਰਹਹਿ)ਰਹੋਂ ਜੀ। (ਤੇਰਾ)ਆਪ ਜੀ ਦਾ ਸਭੁ (ਜਗੁ)ਕੋਟਿ ਬ੍ਰਹਮੰਡ ਦਾ ਪਸਾਰਾ (ਮੇਰਾ)ਦਾਸਨ ਦਾਸ ਦਾ ਹੋਇ ਜਾਵੇ॥੯੫॥

ਰੁੱਖੜਾ ਬੰਨ੍ਹੈ ਕਿਚਰ- ਕੁ- ਕੰਧੀ ਉਤੈ ਰੁਖੜਾ; ਕਿਚਰਕੁ ਬੰਨੈ ਧੀਰੁ॥) ਤਾਂਈਂ- ਫਰੀਦਾ. ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥ ਵਾਹਿਗੁਰੂ ਜੀ ਆਪ ਫ਼ਰੀਦ ਸਾਹਿਬ ਜੀ ਦੇ ਲੂੰ ੨ 'ਚ ਵਸੇ ਹਨ, ਵਾਹਿਗੁਰੂ ਜੀ ਅਨੇਕਾਂ ਸਰਗੁਣ ਸਰੂਪ ਧਾਰ ਕੇ, ਆਪ ਜੀ ਨੂੰ ਅਪਣੇ ਸੁੰਦਰ ਦਰਸ਼ਣ ਬਖ਼ਸ਼ ਰਹੇ ਹਨ, ਮਹਾਂ ਮਹਾਂ ਵਿਸਮਾਦ, ਸਰਬ ਕਲਾ ਭਰਪੂਰ ਪ੍ਰਭ; ਜੀ 'ਚ ਲੀਣਤਾ ਹੋ ਰਹੀ ਹੈ। ਆਪ ਜੀ ਰੋਮਿ ੨ ਕਰਕੇ ਸਿਮਰਨ ਕਰ ਰਹੇ ਹਨ, ਦਰਿਆ ਦੇ ਕਿਨਾਰੇ ਦਰਖ਼ਤ ਖੜ੍ਹਾ ਦੇਖ ਕੇ, ਵੈਰਾਗਮਈ ਸ਼ੁਭ ਸਿੱਖਿਆ ਫ਼ੁਰਮਾ ਰਹੇ ਹਨ। ਹੇ ਫਰੀਦਾ! ਦਰਿਆ ਦੇ (ਕੰਧੀ)ਕਿਨਾਰੇ ਨੂੰ ਲੱਗੇ ਢਾਹ ਉਤੈ ਖੜ੍ਹਾ (ਰੁਖੜਾ)ਬ੍ਰਿੱਛ (ਕਿਚਰਕੁ)ਕਿਤਨਾ- ਕੁ ਚਿਰ (ਧੀਰੁ)ਧੀਰਜ ਟਿਕਾਅ (ਬੰਨੈ)ਬੰਨ੍ਹੇਗਾ, ਜਦੋਂ ਪਾਣੀ ਦਾ ਚੜ੍ਹਾਅ ਆਇਆ, ਵਹਾ ਕੇ ਲੈ ਜਾਵੇਗਾ। ਇਉਂ ਬੱਜਰ ਪਾਪਾਂ ਰੂਪੀ ਜਲ ਸਹਿਤ, ਹੰਕਾਰ ਰੂਪੀ ਦਰਿਆ ਦੇ ਵਿਕਾਰ ਰੂਪ ਕਿਨਾਰੇ ਨੂੰ ਚਿੰਤਾ ਰੂਪੀ ਢਾਹ ਲੱਗੀ ਹੈ, ਬੱਜਰ ਪਾਪਾਂ ਰੂਪੀ ਜਲ ਦਾ ਵਹਾਅ ਤੇਜ਼ ਹੋਣ ਤੋਂ, ਸ਼ਰੀਰ ਰੂਪੀ ਬ੍ਰਿੱਛ (ਕਿਚਰਕੁ)ਕਿਤਨਾ ਕੁ (ਧੀਰੁ)ਧੀਰਜ (ਬੰਨੈ)ਬੰਨ੍ਹੇਗਾ, ਨਾਸ਼ ਹੋ ਜਾਏਗਾ।

ਤਾਂਈਂ- ਫਰੀਦਾ. ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥ ਜਿਵੇਂ ਮਿੱਟੀ ਦੇ ਕੱਚੇ ਭਾਂਡੇ 'ਚ, (ਕਿਚਰੁ)ਕਿਤਨੇ ਚਿਰ (ਤਾਈ)ਤੱਕ, (ਨੀਰੁ)ਪਾਣੀ (ਰਖੀਐ)ਰੱਖਿਆ ਜਾ ਸਕਦਾ ਹੈ, ਮਿੱਟੀ ਦੇ ਕੱਚੇ ਭਾਂਡੇ ਨੂੰ ਪਾਣੀ 'ਚ ਕਿੰਨਾ ਕੁ ਚਿਰ ਰੱਖਿਆ ਜਾ ਸਕਦਾ ਹੈ, ਕਿਉਂ ਜੋ ਕੱਚੇ ਭਾਂਡੇ ਨੇ ਗਲ਼ ਜਾਣਾ ਹੈ। ਯਥਾ:- ਕਾਚੈ ਕਰਵੈ; ਰਹੈ ਨ ਪਾਨੀ॥ ਹੰਸੁ ਚਲਿਆ; ਕਾਇਆ ਕੁਮਲਾਨੀ॥) ਜੋ ਜਨਮੈ; ਸੋ ਜਾਨਹੁ ਮੂਆ॥) ਫਰੀਦਾ. ਕਿਥੈ ਤੈਡੇ ਮਾਪਿਆ; ਜਿਨ੍ਹੀ. ਤੂ ਜਣਿਓਹਿ॥ ਤੈ ਪਾਸਹੁ. ਓਇ ਲਦਿ ਗਏ; ਤੂੰ. ਅਜੈ, ਨ ਪਤੀਣੋਹਿ॥) ਜੈਸੇ ਰੈਣਿ ਪਰਾਹੁਣੇ; ਉਠਿ ਚਲਸਹਿ ਪਰਭਾਤਿ॥ ਕਿਆ ਤੂੰ ਰਤਾ. ਗਿਰਸਤ ਸਿਉ; ਸਭ ਫੁਲਾ ਕੀ ਬਾਗਾਤਿ॥) ਜੋ ਆਇਆ ਸੋ ਚਲਸੀ; ਸਭੁ ਕੋਈ ਆਈ ਵਾਰੀਐ॥) ਬੁਲੰਦ ਅਵਾਜ਼ ਨਾਲ ਕਹਿ ਰਹੇ ਹਨ:- ਹੇ ਅੱਲਹ ਰਾਮ ਜੀ ਦੇ ਪਿਆਰੇ ਜੀ! ਸ਼ਰੀਰ ਨਾਸ਼ਵੰਤ ਹੈ, ਗੁਰੂ ਸੇਵਾ ਸਿਮਰਨ ਬੰਦਗੀ ਪਰਉਪਕਾਰ ਕਰੋ ਜੀ।

ਫਰੀਦਾ. ਮਹਲ ਨਿਸਖਣ ਰਹਿ ਗਏ; ਵਾਸਾ ਆਇਆ ਤਲਿ॥ ਗੋਰਾਂ ਸੇ ਨਿਮਾਣੀਆ; ਬਹਸਨਿ ਰੂਹਾਂ ਮਲਿ॥) ਸੇਖਾ ਬਿੰਦੀ ਨਹੀਂ ਲਾਉਣੀ- ਆਖੀਂ ਸੇਖਾ ਬੰਦਗੀ; ਚਲਣੁ ਅਜੁ ਕਿ ਕਲਿ॥੯੭॥ ਬਾਬਾ ਫ਼ਰੀਦ ਸਾਹਿਬ ਜੀ ਆਪਣੇ ਮਨ ਨੂੰ ਸ੍ਰਬ ਵਿਆਪੀ ਮਹਾਂ ਵਿਸਮਾਦ ਪੂਰਨ ਵੈਰਾਗਮਈ ਸ਼ੁਭ ਸੱਚਾ ਉਪਦੇਸ਼ ਦਿੰਦੇ ਹਨ:- ਹੇ ਗ਼ਰੀਬ ਫਰੀਦਾ! ਜਿਨ੍ਹਾਂ ਦਾ ਭਾਰੀ ਗੁਮਾਨ ਕਰਦੇ ਸਨ, ਵੱਡੇ ੨ ਰਾਜ ਮਹਲ (ਨਿਸਖਣ) (ਨਿ+ਸਖਣ) (ਨਿ)ਵਿਸ਼ੇਸ ਕਰਕੇ (ਸਖਣ)ਸੱਖਣੇ ਖਾਲੀ ਹੀ ਰਹਿ ਗਏ, ਮਹਿਲਾਂ 'ਚ ਰਹਿਣ ਵਾਲਿਆਂ ਦਾ ਵਾਸਾ ਧਰਤੀ ਦੇ (ਤਲਿ)ਤਲੇ 'ਤੇ ਕਬਰਾਂ 'ਚ ਆਇਆ। (ਸੇ)ਉਹ ਜ਼ੋਰ ਜ਼ੁਲਮ ਪਾਪ ਕਰਨ ਵਾਲ਼ਿਆਂ ਦੀਆਂ ਰੂਹਾਂ, (ਨਿਮਾਣੀਆ)ਮਾਣ ਸਤਿਕਾਰ ਤੋਂ ਰਹਿਤ, (ਗੋਰਾਂ)ਕਬਰਾਂ ਮਲਿ ਕੇ (ਬਹਸਨਿ)ਬਹਿ ਜਾਣਗੀਆਂ।

Sri Satguru Jagjit Singh Ji eLibrary NamdhariElibrary@gmail.com

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਮੁਸਲਮਾਨੀ ਮਤਿ ਅਨੁਸਾਰ ਮੁਰਦਾ ਕਬਰ 'ਚ ਪਾਇਆ ਜਾਂਦਾ ਹੈ, ਉਸ ਦੀ ਨਿਮਾਣੀ ਰੂਹ, ਕਬਰ 'ਚ ਹੀ ਪਈ ਰਹਿੰਦੀ ਹੈ। ਜਦੋਂ (ਕਿਆਮਤਿ)ਮਹਾਂ ਪ੍ਰਲੋਂ ਆਉਂਦੀ ਹੈ, ਅਜ਼ਰਾਈਲ ਫ਼ਰੇਸ਼ਤਾ ਆ ਕੇ ਨਾਦ ਵਜਾਉਂਦਾ ਹੈ, ਪੁੰਨ ਕਰਨ ਵਾਲੀਆਂ ਰੂਹਾਂ, ਜਾਗ ਉੱਠਦੀਆਂ ਹਨ, ਉਨ੍ਹਾਂ ਨੂੰ ਭਿਸ਼ਤੀ ਜਾਮਾ ਪਹਿਨ੍ਹਾ ਕੇ, ਬਹਿਸ਼ਤ 'ਚ ਭੇਜਿਆ ਜਾਂਦਾ ਹੈ, ਜਿਨ੍ਹਾਂ ਨੇ ਪਾਪ ਕੀਤੇ ਹਨ, ਉਨ੍ਹਾਂ ਰੂਹਾਂ ਨੂੰ ਦੋਜ਼ਕ 'ਚ ਪਾਇਆ ਜਾਂਦਾ ਹੈ। ਉਨ੍ਹਾਂ ਦੇ ਮਤਿ ਅਨੁਸਾਰ ਰੂਹ, ਪਤਾ ਨਹੀਂ ਕਿਤਨਾ- ਕੁ ਚਿਰ, ਕਬਰ 'ਚ ਨਿਮਾਣੀ ਨਿਰਾਦਰੀ ਨਾਲ਼ ਦੁਖੀ ਸੁੰਞੀ ਪਈ ਰਹਿਣੀ ਹੈ, ਭਾਵ ਬੰਦਗੀ ਨ ਕਰਨੇ ਕਰਕੇ, ਮਹਾਂ ਭਾਰੀ ਕਸ਼ਟ ਹੀ ਕਸ਼ਟ ਹਨ। ਪੂਰਨ ਸਾਵਧਾਨਤਾ ਸਹਿਤ, ਆਪ ਤਿਆਗ ਕੇ, ਵੈਰਾਗ ਧਾਰ ਕੇ ਬੰਦਗੀ ਕਰਨ ਦਾ ਸ਼ੁਭ ਸੱਚਾ ਉਪਦੇਸ਼ ਹੈ ਜੀ।

ਸੇਖਾ ਬਿੰਦੀ ਨਹੀਂ ਲਾਉਣੀ- ਆਖੀਂ ਸੇਖਾ ਬੰਦਗੀ; ਚਲਣੁ ਅਜੁ ਕਿ ਕਲਿ॥੯੭॥ ਬੰਦਗੀ ਦੀ ਤਾਕ਼ੀਦ ਕਰ ਰਹੇ ਹਨ! ਹੇ (ਸੇਖਾ)ਸੇਖ ਫਰੀਦ! ਤੂੰ ਸਤਸੰਗੀਆ ਕੁਸੰਗੀਆਂ ਸਭ ਨੂੰ, ਖ਼ਦਾ ਜੀ ਦੀ (ਬੰਦਗੀ)ਪ੍ਰੇਮਾਭਗਤੀ ਕਰਨ ਨੂੰ ਜ਼ਰੂਰ ਬਰ ਜ਼ਰੂਰ (ਆਖੀਂ)ਕਹੀਂ, ਕਿਉਂ ਜੋ ਅਜੁ (ਕਿ)ਅਥਵਾ ਕਲਿ ਨੂੰ, ਭਾਵ ਛੇਤੀ ਹੀ (ਚਲਣੁ)ਚੱਲਣਾ ਹੋਵੇਗਾ, ਸਭ ਚੱਲੋ- ਚੱਲੀ ਦਾ ਮੇਲਾ ਹੈ। ਇਸ ਲਈ ਵਿਸ਼ੇ ਕਲੰਕਾਂ ਔਗੁਣਾਂ 'ਚ ਜਨਮ ਵਿਅਰਥ ਨਹੀਂ ਗੁਆਉਣਾ ਚਾਹੀਦਾ। ਯਥਾ:- ਸੇਖ ਹੈਯਾਤੀ ਜਗਿ; ਨ ਕੋਈ ਥਿਰੁ ਰਹਿਆ॥ ਜਿਸੁ ਆਸਣਿ ਹਮ ਬੈਠੇ; ਕੇਤੇ ਬੈਸਿ ਗਇਆ॥੫॥) ਕੰਧੀ ਉਤੈ ਰੁਖੜਾ; ਕਿਚਰਕੁ ਬੰਨੈ ਧੀਰੁ॥ ਫਰੀਦਾ.ਕਚੈ ਭਾਂਡੈ ਰਖੀਐ; ਕਿਚਰੁ ਤਾਈ ਨੀਰੁ॥੯੬॥) ਏਨ੍ਹੀ ਲੋਇਣੀ ਦੇਖਦਿਆ; ਕੇਤੀ ਚਲਿ ਗਈ॥ ਫਰੀਦਾ. ਲੋਕਾਂ ਆਪੋ ਆਪਣੀ; ਮੈ ਆਪਣੀ ਪਈ॥

ਫਰੀਦਾ. ਮਉਤੈ ਦਾ ਬੰਨਾ ਏਵੈ ਦਿਸੈ; ਜਿਉ ਦਰੀਆਵੈ ਢਾਹਾ॥ ਅਗੈ ਦੋਜਕੁ ਤਪਿਆ ਸੁਣੀਐ; ਹੂਲ ਪਵੈ ਕਾਹਾਹਾ॥ ਇਕਨਾ ਨੋ ਸਭ ਸੋਝੀ ਆਈ; ਇਕਿ ਫਿਰਦੇ ਵੇਪਰਵਾਹਾ॥ ਅਮਲ ਜਿ ਕੀਤਿਆ, ਦੁਨੀ ਵਿਚਿ; ਸੇ. ਦਰਗਹ ਓਗਾਹਾ॥੯੮॥ ਹੇ ਦਾਸਨ ਦਾਸ ਫਰੀਦਾ! ਨਾਸ਼ਵੰਤ ਸ਼ਰੀਰ ਦਾ (ਬੰਨਾ)ਹੱਦ ਖ਼ਾਤਮਾ (ਮਉਤੈ) ਮੌਤ, (ਏਵੈ)ਇਉਂ (ਦਿਸੈ)ਦਿਸ ਰਹੀ ਹੈ, ਜਿਵੇਂ (ਦਰੀਆਵੈ)ਦਰਿਆ ਦੇ ਕਿਨਾਰਿਆਂ ਨੂੰ (ਢਾਹਾ)ਢਾਹ ਲੱਗਦਾ ਹੈ, ਦਰਿਆ ਢਾਹ ਕੇ ਆਪਣੇ 'ਚ ਮਿਲਾ ਲੈਂਦਾ ਹੈ, ਤਿਵੇਂ ਮੌਤ ਰੂਪੀ ਨਦੀ 'ਚ, ਕਾਮ ਕ੍ਰੋਧ ਚੋਰੀ ਯਾਰੀ ਨਸ਼ੇ ਕਤਲ ਦੋਸ਼ ਰੂਪੀ ਪਾਣੀ, ਸ਼ਰੀਰਾਂ ਰੂਪ ਬੰਨਿਆਂ ਨੂੰ, ਰੋਗ ਰੂਪ (ਢਾਹਾ)ਢਾਹ ਲਾ ਕੇ, ਮੌਤ ਰੂਪ ਨਦੀ ਅਪਣੇ 'ਚ ਮਿਲਾ ਲੈਂਦੀ ਹੈ, ਵੱਡੇ ੨ ਮਹਾਰਾਜੇ ਮੌਤ ਰੂਪੀ ਨਦੀ 'ਚ ਰੁੜ੍ਹ ਰਹੇ ਹਨ। ਯਥਾ:- ਕਬੀਰ. ਇਹੁ ਤਨੁ ਜਾਇਗਾ; ਸਕਹੁ ਤ ਲੇਹੁ ਬਹੋਰਿ॥ ਨਾਂਗੇ ਪਾਵਹੁ ਤੇ ਗਏ; ਜਿਨ੍ ਕੇ ਲਾਖ ਕਰੋਰਿ॥) ਨਾਂਗੇ ਆਵਨੁ; ਨਾਂਗੇ ਜਾਨਾ॥ ਕੋਇ. ਨ ਰਹਿ ਹੈ; ਰਾਜਾ ਰਾਨਾ॥

ਅਗੈ ਦੋਜਕੁ ਤਪਿਆ ਸੁਣੀਐ; ਹੂਲ ਪਵੈ ਕਾਹਾਹਾ॥ (ਅਗੈ)ਜਮਪੁਰੀ 'ਚ (ਦੋਜਕੁ)ਨਰਕ (ਤਪਿਆ)ਸੜਿਆ ਮੱਚਿਆ (ਸੁਣੀਐ)ਸੁਣੀਦਾ ਹੈ, (ਹੂਲ)ਦੁੱਖ ਕਰਕੇ (ਕਾਹਾਹਾ)ਡੰਡ ਰੌਲ਼ਾ ਪੈ ਰਿਹਾ ਹੈ, ਦੁਖੀ ਜੀਵ ਹਾਇ ੨ ਹਾਹਾਕਾਰ ਪੁਕਾਰ ਰਹੇ ਹਨ। ਯਥਾ:- ਆਗੈ ਬਿਮਲ ਨਦੀ; ਅਗਨਿ ਬਿਖੁ ਝੇਲਾ॥ ਤਿਥੈ.ਅਵਰੁ ਨ ਕੋਈ; ਜੀਉ ਇਕੇਲਾ॥ ਭੜ ਭੜ ਅਗਨਿ ਸਾਗਰੁ ਦੇ ਲਹਰੀ; ਪੜਿ ਦਝਹਿ ਮਨਮੁਖ ਤਾਈ ਹੇ॥) ਜਹ ਮਹਾ ਭਇਆਨ; ਤਪਤਿ ਬਹੁ ਘਾਮ॥ ਤਹ ਹਰਿ ਕੇ ਨਾਮ ਕੀ; ਤੁਮ ਊਪਰਿ ਛਾਮ॥

ਇਕਨਾ ਨੋ ਸਭ ਸੋਝੀ ਆਈ; ਇਕਿ ਫਿਰਦੇ ਵੇਪਰਵਾਹਾ॥ ਇਕਨਾ ਸਤਸੰਗੀਆਂ ਗੁਰੂ ਪਿਆਰਿਆਂ ਗੁਰੂ ਸੇਵਕਾਂ ਦਾਸਨ ਦਾਸਾਂ ਨੂੰ (ਸਭ)ਸਾਰੀ (ਸੋਝੀ)ਸਮਝ ਆਈ ਹੈ, ਕਿ ਜਿਹੜੇ ਨਸ਼ੇ ਵਿਸ਼ੇ ਕਲੰਕ ਈਰਖਾ ਵੈਰ ਹਰ

Sri Satguru Jagjit Singh Ji eLibrary NamdhariElibrary@gmail.com

ਵੇਲੇ ਸਾੜਦੇ ਰਹਿੰਦੇ ਹਨ, ਰੋਗ ਸੋਗ ਵਿਜੋਗ ਕਸ਼ਟ ਦਿੰਦੇ ਹਨ, ਜਮ ਡੰਡ ਜੂਨਾਂ ਭੋਗਣ ਦੇ ਕਸ਼ਟ ਭੀ ਦਿੰਦੇ ਹਨ। ਅਥਵਾ ਇਕਨਾ ਨੂੰ ਸਭ ਸਮਝ ਆਈ ਹੈ, ਕਿ ਜੱਗ 'ਤੇ ਸਦਾ ਨਹੀਂ ਰਹਿਣਾ। ਇਕਿ ਗ਼ਾਫ਼ਲ (ਵੇਪਰਵਾਹਾ)ਬੇਪ੍ਰਵਾਹੀ ਨਾਲ ਤਕੜੇ ਹੋ ਕੇ, ਪਾਪ ਇੱਕਠੇ ਕਰਦੇ ਫਿਰਦੇ ਹਨ। ਯਥਾ:- ਪਰ ਤ੍ਰਿਅ ਰਾਵਣਿ ਜਾਹਿ; ਸੇਈ ਤਾਲਾਜੀਅਹਿ॥ ਨਿਤਪ੍ਰਤਿ ਹਿਰਹਿ ਪਰ ਦਰਬੁ; ਛਿਦ੍ਰ ਕਤ ਢਾਕੀਅਹਿ॥) ਹਿਰਹਿ ਪਰ ਦਰਬੁ; ਉਦਰ ਕੈ ਤਾਈ॥ ਅਗਨਿ ਨ ਨਿਵਰੈ; ਤ੍ਰਿਸਨਾ ਨ ਬੁਝਾਈ॥ ਹਰਿ ਸੇਵਾ ਬਿਨੁ; ਏਹ ਫਲ ਲਾਗੇ॥ ਨਾਨਕ ਪ੍ਰਭ ਬਿਸਰਤ; ਮਰਿ ਜਮਹਿ ਅਭਾਗੇ॥) ਤੱਕਹਿ- ਪਉੜੀ ਪ॥ ਲੈ ਫਾਹੇ ਰਾਤੀ ਤੁਰਹਿ; ਪ੍ਰਭੁ ਜਾਣੈ ਪ੍ਰਾਣੀ॥ ਤਕਹਿ ਨਾਰਿ ਪਰਾਈਆ; ਲੁਕਿ ਅੰਦਰਿ ਠਾਣੀ॥ ਸੰਨ੍ਹੀ ਦੇਨਿ.ਵਿਖੰਮ ਥਾਇ; ਮਿਠਾ ਮਦੁ ਮਾਣੀ॥ ਕਰਮੀ ਆਪੋ ਆਪਣੀ; ਆਪੇ ਪਛੁਤਾਣੀ॥ ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ॥) ਇਹ ਸਮਝ ਸੋਝੀ ਆਈ ਹੈ:- ਜਾ ਰਹਣਾ ਨਾਹੀ. ਐਤੁ ਜਗਿ; ਤਾ ਕਾਇਤੁ ਗਾਰਬਿ ਹੰਢੀਐ॥) ਰਾਮ ਗਇਓ ਰਾਵਨੁ ਗਇਓ; ਜਾ ਕਉ ਬਹੁ ਪਰਵਾਰ॥ ਕਹੁ ਨਾਨਕ. ਥਿਰੁ ਕਛੁ ਨਹੀ; ਸੁਪਨੇ ਜਿਉ ਸੰਸਾਰਿ॥) ਜੋ ਉਪਜਿਓ ਸੋ ਬਿਨਸਿ ਹੈ; ਪਰੋ ਆਜੁ ਕੈ ਕਾਲਿ॥ ਨਾਨਕ. ਹਰਿ ਗੁਨ ਗਾਇ ਲੇ; ਛਾਡਿ ਸਗਲ ਜੰਜਾਲ॥) ਜਾਗਿ ਲੇਹੁ.ਰੇ ਮਨਾ ਜਾਗਿ ਲੇਹੁ; ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ. ਸੰਗ ਹੀ; ਸੋ ਭੀ.ਸੰਗ ਨ ਹੋਇਆ॥੧॥

ਅਮਲ ਜਿ ਕੀਤਿਆ, ਦੁਨੀ ਵਿਚਿ; ਸੇ. ਦਰਗਹ ਓਗਾਹਾ॥੯੮॥ (ਜਿ)ਜਿਹੜੇ ਇਸ (ਦੁਨੀ)ਦੁਨੀਆਂ ਵਿਚਿ ਚੰਗੇ ਮੰਦੇ (ਅਮਲ)ਕੰਮ ਕੀਤੇ ਹਨ, (ਸੇ)ਉਹ ਵਾਹਿਗੁਰੂ ਜੀ ਦੀ (ਦਰਗਾਹ)ਨਿਆਇ ਸਭਾ 'ਚ, (ਓਗਾਹਾ)ਗਵਾਹ ਬਨਣਗੇ। ਯਥਾ:- ਵਿਚਿ ਦੁਨੀਆ; ਸੇਵ ਕਮਾਈਐ॥ ਤਾ; ਦਰਗਹ ਬੈਸਣੁ ਪਾਈਐ॥ ਕਹੁ ਨਾਨਕ; ਬਾਹ ਲੁਡਾਈਐ॥ ਜੇ ਕੋਈ ਆਪ ਜੀ ਨੂੰ ਦੂਰ ਸਮਝ ਕੇ ਮੰਦ ਕਰਮ ਕਰਦਾ ਹੈ, ਉਸ ਨੂੰ, ਪੂਰਾ ਨਿਆਉ; ਕਰੇ ਕਰਤਾਰੁ॥ ਅਨੁਸਾਰ ਡੰਨ ਦਿੰਦੇ ਹੋਂ ਜੀ। ਯਥਾ:- ਅਹਿ ਕਰੁ ਕਰੇ. ਸੁ ਅਹਿ ਕਰੁ ਪਾਏ; ਕੋਈ ਨ ਪਕੜੀਐ. ਕਿਸੈ ਥਾਇ॥) ਠਾਕੁਰੁ; ਲੇਖਾ ਮਗਨਹਾਰੁ॥) ਲੇਖਾ ਲੀਜੈ; ਤਿਲ ਜਿਉ ਪੀੜੀ॥) ਜਮੁ ਜਾਗਾਤੀ; ਦੂਜੈ ਭਾਇ ਕਰੁ ਲਾਏ॥ ਨਾਵਹੁ ਭੂਲੇ; ਦੇਇ ਸਜਾਏ॥ ਘੜੀ ਮੁਹਤ ਕਾ ਲੇਖਾ ਲੇਵੈ; ਰਤੀਅਹੁ ਮਾਸਾ ਤੋਲ ਕਢਾਵਣਿਆ॥੫॥) ਕਬੀਰ. ਜੋਰੁ ਕੀਆ ਸੋ ਜੁਲਮੁ ਹੈ; ਲੇਇ ਜਬਾਬੁ. ਖੁਦਾਇ॥ ਦਫਤਰ ਲੇਖਾ ਨੀਕਸੈ; ਮਾਰ. ਮੁਹੈ ਮੁਹਿ ਖਾਇ॥) ਅਨਦਿਨੁ ਬਧੇ ਮਾਰੀਅਨਿ; ਫਿਰਿ. ਵੇਲਾ ਨਾ ਲਹੰਨਿ॥੧॥ ਅਨਿਕ ਸਜਾਂਈ. ਗਣਤ ਨ ਆਵੈ; ਗਰਭੈ ਗਰਭਿ ਭ੍ਰਮਾਹਿ॥)

ਫਰੀਦਾ. ਦਰੀਆਵੈ ਕੰਨੈ ਬਗੁਲਾ; ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ; ਅਚਿੰਤੇ ਬਾਜ ਪਏ॥ ਬਾਜ ਪਏ ਤਿਸੁ ਰਬ ਦੇ; ਕੇਲਾਂ ਵਿਸਰੀਆਂ॥) ਗੱਾਲੀਂ- ਜੋ ਮਨਿ ਚਿਤਿ ਨ ਚੇਤੇ ਸਨਿ; ਸੋ ਗਾਲੀ ਰਬ ਕੀਆਂ॥੯੯॥ ਉਥਾਨਕਾ:- ਪਰਮਪੂਜਨੀਕ ਰੱਬ ਸਰੂਪ ਭਗਤ ਫ਼ਰੀਦ ਸਾਹਿਬ ਜੀ ਦਰਿਆ ਕਿਨਾਰੇ, ਪ੍ਰੇਮੀਆਂ ਸਮੇਤ ਜਾਪ ਕਰਦਿਆਂ ਟਹਲ ਰਹੇ ਸਨ। ਇੱਕ ਬਗ਼ਲਾ ਦਰਿਆ ਕਿਨਾਰੇ, ਮੱਛੀ ਫੜ ਕੇ, ਉੱਪਰ ਨੂੰ ਸੁੱਟ ਕੇ ਚੁੰਝ 'ਚ ਬੋਚਦਾ ਦੇਖਿਆ, ਪੂਰਨ ਕਰਤਾਰ ਜੀ ਦੇ ਅਟੱਲ ਹੁਕਮ ਅਨੁਸਾਰ ਬਾਜ਼ ਨੇ ਅਕਾਸ਼ 'ਚੋਂ ਆ ਕੇ, ਉਸ ਨੂੰ ਝਪਟ ਮਾਰ ਕੇ ਫੜ ਲਿਆ। ਇਹ ਦੇਖ ਕੇ ਫ਼ੁਰਮਾਉਂਦੇ ਹਨ:- ਸੰਸਾਰ ਰੂਪ (ਦਰੀਆਵੈ)ਦਰਿਆ ਦੇ (ਕੰਨੈ)ਕਿਨਾਰੇ ਉੱਪਰ, ਵਾਹਿਗੁਰੂ ਜੀ ਨੂੰ ਭੁੱਲ ਕੇ, ਬੈਠਾ ਜੀਵ ਅਥਵਾ ਪਖੰਡੀ ਬੰਦਾ ਰੂਪੀ ਬਗੁਲਾ, ਕੁਕਰਮ ਰੂਪ (ਕੇਲ)ਅਨੰਦ (ਕਰੇ)ਕਰ ਰਿਹਾ ਹੈ। ਯਥਾ:- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨਾ ਜਾਨਾਂ॥੧॥ (ਨਿਬੱਗ) ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ.ਨ ਆਖੀਅਹਿ; ਬਾਨਾਰਸਿ ਕੇ ਠਗ॥

Sri Satguru Jagjit Singh Ji eLibrary NamdhariElibrary@gmail.com

ਕੇਲ ਕਰੇਦੇ ਹੰਝ ਨੋ; ਅਚਿੰਤੇ ਬਾਜ ਪਏ॥ ਪਰ ਇਸਤ੍ਰੀ ਨਾਲ ਵਿਕਾਰ ਦੇ (ਕੇਲ)ਅਨੰਦ (ਕਰੇਦੇ)ਕਰਦੇ ਦੰਭੀ ਪਖੰਡੀ ਰੂਪੀ (ਹੰਝ)ਬਗੁਲੇ ਨੂੰ (ਅਚਿੰਤੇ)ਅਕਸ- ਮਾਤ੍ਰ ਹੀ, ਵਾਹਿਗੁਰੂ ਜੀ ਦੇ ਜਮਦੂਤ ਰੂਪੀ ਬਾਜ ਆ ਪਏ। ਯਥਾ:- ਕਬੀਰ. ਗਹਗਚਿ ਪਰਿਓ ਕੁਟੰਬ ਕੈ; ਕਾਂਠੈ. ਰਹਿ ਗਇਓ ਰਾਮੁ॥ ਆਇ ਪਰੇ ਧਰਮਰਾਇ ਕੇ; ਬੀਚਹਿ ਧੂਮਾ ਧਾਮ॥

ਬਾਜ ਪਏ ਤਿਸੁ ਰਬ ਦੇ; ਕੇਲਾਂ ਵਿਸਰੀਆਂ॥ ਤਿਸੁ (ਰਬ)ਅਕਾਲ ਪੁਰਖ ਜੀ ਦੇ ਜਮਦੂਤ ਰੂਪੀ ਬਾਜ (ਪਏ)ਪੈ ਗਏ, ਭੋਰੇ ਅੰਦਰ ਮੰਦ- ਕਰਮਾਂ ਦੀਆਂ (ਕੇਲਾਂ)ਕ੍ਰੀੜਾਂ ਖੁਸ਼ੀਆਂ (ਵਿਸਰੀਆਂ)ਭੁੱਲ ਗਈਆਂ। ਕੰਨਾਂ 'ਚ ਮੰਤ੍ਰ ਦਿੰਦਾ ਸੀ, ਫੂਕਾਂ ਮਾਰਦਾ ਸੀ, ਤਾਗੇ ਤਵੀਤ ਦਿੰਦਾ ਸੀ, ਹੱਥਔਲੇ ਕਰਦਾ, ਮੱਥਾ ਟਿਕਾਉਂਦਾ, ਭੈੜੀਆਂ ਕੁਰੀਤੀਆਂ ਕਰਦਾ ਸੀ।

ਗੱਾਲੀਂ- ਜੋ ਮਨਿ ਚਿਤਿ ਨ ਚੇਤੇ ਸਨਿ; ਸੋ ਗਾਲੀ ਰਬ ਕੀਆਂ॥੯੯॥ ਲੁਕਵੇਂ ਮੰਦ- ਕਰਮ ਕਰਨੇ ਕਰਕੇ, ਜੋ ਗੱਲਾਂ ਮਨਿ ਚਿਤਿ 'ਚ ਚੇਤੇ (ਨ)ਨਹੀਂ ਸਨਿ, (ਸੋ)ਉਹ (ਗਾਲੀ)ਗੱਲਾਂ ਰਬ ਜੀ ਨੇ (ਕੀਆਂ)ਕੀਤੀਆਂ, ਲੋਭੀ ਪਖੰਡੀ ਨੂੰ ਮਾਰ ਦਿਤਾ।

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਲੁਕ ਛਿਪ ਕੇ ਵੀ ਮੰਦ- ਕਰਮ ਨਹੀਂ ਕਰਨੇ ਚਾਹੀਦੇ। ਯਥਾ:- ਅਨਿਕ ਪੜਦੇ ਮਹਿ; ਕਮਾਵੈ ਵਿਕਾਰ॥ ਖਿਨ ਮਹਿ; ਪ੍ਰਗਟ ਹੋਹਿ ਸੰਸਾਰ॥) ਅੰਤਰਿ ਬਹਿ ਕੈ. ਕਰਮ ਕਮਾਵੈ; ਸੋ. ਚਹੁ ਕੁੰਡੀ ਜਾਣੀਐ॥) ਦੇਇ ਕਿਵਾੜ. ਅਨਿਕ ਪੜਦੇ ਮਹਿ; ਪਰ ਦਾਰਾ ਸੰਗਿ ਫਾਕੈ॥ ਚਿਤ੍ਰ ਗੁਪਤੁ ਜਬ ਲੇਖਾ ਮਾਗਹਿ; ਤਬ ਕਉਨੁ. ਪੜਦਾ ਤੇਰਾ ਢਾਕੈ॥੩॥) ਅੰਦਰਿ ਕਮਾਣਾ. ਸਰਪਰ ਉਘੜੈ; ਭਾਵੈ ਕੋਈ ਬਹਿ ਧਰਤੀ ਵਿਚਿ ਕਮਾਈ॥)

ਫਰੀਦਾ. ਦਰੀਆਵੈ ਕੰਨੈ ਬਗੁਲਾ ਬੈਠਾ ਕੇਲ ਕਰੇ॥ ਕੇਲ ਕਰੇਦੇ ਹੰਝ ਨੋ; ਅਚਿੰਤੇ ਬਾਜ ਪਏ॥ ਧੰਨ ੨ ਗੁਰੂ ਰਾਮਦਾਸ ਸਾਹਿਬ ਜੀ (ਦਰੀਆਵੈ)ਸ੍ਰੋਵਰ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਦੇ (ਕੰਨੈ)ਕਿਨਾਰੇ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਬੈਠਾ, ਬਗੁਲਾ ਮੱਸਾਰੰਘੜ, ਵੇਸਵਾ ਨਚਾਉਣ, ਸ਼ਰਾਬ ਪੀਣ, ਹੁੱਕਾ ਪੀਣ ਰੂਪ (ਕੇਲ)ਕ੍ਰੀੜਾ ਅਨੰਦ (ਕਰੇ)ਕਰ ਰਿਹਾ ਸੀ, (ਕੇਲ)ਅਨੰਦ (ਕਰੇਦੇ)ਕਰਦੇ ਮੱਸੇਰੰਘੜ ਰੂਪੀ (ਹੰਝ)ਬਗੁਲੇ ਨੋ (ਅਚਿੰਤੇ)ਅਕਸ- ਮਾਤ੍ਰ ਹੀ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਜੀ, ਬਲੀ ਸੂਰਬੀਰ ਬਹਾਦਰ ਯੋਧੇ ਬਾਜ ਆ ਕੇ (ਪਏ)ਪੈ ਗਏ।

ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥ ਤਿਸੁ (ਰਬ)ਅਕਾਲ ਪੁਰਖ, ਸਵਾ ਲਾਖ ਸੇ ਏਕ ਲੜਾਊਂ ਤਬੈ ਗੋਬਿੰਦ ਸਿੰਘ ਨਾਮ ਕਹਾਊਂ, ਮਹਾਰਾਜ ਦੇ, ਤਿਆਰ ਬਰ ਤਿਆਰ ਸੂਰਬੀਰ ਬਹਾਦਰ ਯੋਧੇ ਬਾਜ ਆ ਕੇ ਪਏ। (ਕੇਲਾਂ)ਕ੍ਰੀੜਾਂ ਖੁਸ਼ੀਆਂ, (ਵਿਸਰੀਆਂ)ਭੁੱਲ ਗਈਆਂ, ਵੇਸਵਾ ਦੇ ਨਾਚ ਗਾਣੇ ਭੁੱਲ ਗਏ।

ਗੱਾਲੀਂ- ਜੋ ਮਨਿ ਚਿਤਿ. ਨ ਚੇਤੇ ਸਨਿ; ਸੋ ਗਾਲੀ. ਰਬ ਕੀਆਂ॥੯੯॥ ਚਾਰ ਚੁਫੇਰੇ ਪਹਿਰੇ ਲਾਏ ਸਨ, ਮੰਦ- ਕਰਮ ਕਰਨੇ ਕਰਕੇ, ਜੋ ਗੱਲਾਂ ਮਨਿ ਚਿਤਿ 'ਚ ਚੇਤੇ (ਨ)ਨਹੀਂ ਸਨਿ, (ਸੋ)ਉਹ (ਗਾਲੀ)ਗੱਲਾਂ ਰਬ ਜੀ ਨੇ (ਕੀਆਂ)ਕੀਤੀਆਂ, ਅਕਸ- ਮਾਤ੍ਰ ਪਰਮ ਸ਼ਹੀਦ ਭਾਈ ਸੁੱਖਾ ਸਿੰਘ ਮਹਿਤਾਬ ਸਿੰਘ ਜੀ ਨੇ, ਮਹਾਂ ਹੰਕਾਰੀ ਦਾ ਸਿਰ ਵੱਢ ਦਿਤਾ। ਯਥਾ:- ਜੈਕਾਰੁ ਕੀਓ ਧਰਮੀਆ ਕਾ; ਪਾਪੀ ਕਉ ਡੰਡੁ ਦੀਓਇ॥

ਸਾਖੀ ਪਰਮ ਸ਼ਹੀਦ ਭਾਈ ਸੁੱਖਾ ਸਿੰਘ, ਮਹਿਤਾਬ ਸਿੰਘ ਜੀ:- ਹੰਕਾਰੀ ਜ਼ਾਲਮ ਨਾਦਰਸ਼ਾਹ ਦੇ ਹਮਲੇ ਮਗਰੋਂ, ਲਹੌਰੀ ਨਵਾਬ ਪਾਪੀ ਜ਼ਕਰੀਆ ਖ਼ਾਨ ਨੇ ਸਿੱਖਾਂ ਦਾ ਖ਼ੁਰਾ ਖੋਜ ਮਿਟਾਉਣ ਦਾ ਪਰਨ ਕਰ ਲਿਆ, ਸਾਰੇ ਦੇਸ਼ 'ਚ ਖ਼ਬਰ ਕਰ ਦਿਤੀ,"ਜਿੱਥੇ ਸਿੰਘ ਮਿਲੇ, ਤੁਰੰਤ ਹੀ ਕਤਲ ਕਰ ਦਿਉ। ਜੋ ਸਿੱਖ ਦੀ ਖ਼ਬਰ ਦੇਵੇ, ਦਸ ਰੁਪਏ ਪਾਵੇ, ਸਿੱਖ ਦਾ ਸਿਰ ਲਿਆਵੇ ਅਥਵਾ ਸਿੱਖ ਨੂੰ ਫੜ ਕੇ ਸਰਕਾਰ ਦੇ ਹਵਾਲੇ ਕਰੇ, ੫੦ ਰੁਪਏ ਇਨਾਮ

Sri Satguru Jagjit Singh Ji eLibrary NamdhariElibrary@gmail.com

ਪਾਵੇ”। ਛੀਨੇ ਦੇ ਕਰਮੇ, ਤਲਵੰਡੀ ਦੇ ਰਾਮੇ, ਨਸ਼ਹਿਰੇ ਦੇ ਸਾਹਿਬਰਾਏ ਜ਼ਾਲਮ ਹਜ਼ਰਾ ਬੇਗ਼ ਨਾਲ ਮਿਲਕੇ, ਸਿੱਖ ਪਰਵਾਰਾਂ ਨੂੰ ਸ਼ਹੀਦ ਕਰਨ ਲੱਗੇ। ਨਿਰਦੋਸ਼ ਸਿੱਖਾਂ ਦੇ ਸਿਰਾਂ ਨੂੰ ਗੱਡਿਆਂ ’ਤੇ ਰੱਖ ਕੇ ਲਹੌਰ ਭੇਜੇ, ਇਨਾਮ ਲਏ। ਜੰਡਿਆਲੇ ਦਾ ਹਰਭਗਤ ਨਿਰੰਜਨੀਆਂ, ਧਰਮਦਾਸ ਨੋਸ਼ਹਿਰਾ ਪੰਨੂਆਂ, ਮਜੀਠੇ ਦੇ ਚੌਧਰੀ ਵੀ ਇਸ ਘੋਰ ਭਿਆਨਕ ਜ਼ੁਲਮ ’ਚ ਵੱਧ ਚੜ੍ ਕੇ ਹਿੱਸਾ ਲੈਂਦੇ ਰਹੇ। ਸਭ ਚੌਧਰੀਆਂ ’ਚੋਂ ਸਖ਼ਤ ਜ਼ਾਲਮ ਸਰਗਰਮ ਮੰਡਿਆਲੀ ਦਾ ਚੌਧਰੀ ਹੰਕਾਰੀ ਮੱਸਾਰੰਘੜ ਸੀ। ਜ਼ਾਲਮ ਹਕੂਮਤ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਜੀ ਉੱਪਰ, ਆਪਣਾ ਕਬਜ਼ਾ ਕਰਕੇ, ਮੱਸੇਰੰਘੜ ਦੇ ਹਵਾਲੇ ਕਰ ਦਿਤਾ, ਇਸ ਨੇ ਪ੍ਰਕਰਮਾ ’ਚ ਘੋੜੇ ਬੰਨ੍ਹੇ, ਗਊਆਂ ਕਤਲ ਕਰਕੇ ਮਾਸ ਰਿੰਨ੍ਹੇ। ਸ੍ਰੀ ਹਰਿਮੰਦਰ ਸਾਹਿਬ ਜੀ ’ਚ ਪਲੰਘ ਡਾਹ ਕੇ, ਹੁੱਕਾ ਸ਼ਰਾਬ ਪੀਵੇ, ਕੰਜਰੀ ਨਚਾਵੇ। ਚਾਰੇ ਪਾਸੇ ਪਹਿਰਾ ਲਗਾ ਦਿਤਾ। ਅਤਿ ਦਰਜੇ ਦੀ ਸਖ਼ਤੀ ਕਾਰਨ, ਸਿੰਘ ਮਾਰੂਥਲਾਂ ਜੰਗਲਾਂ ਨੂੰ ਚਲੇ ਗਏ। ਬੀਕਾਨੇਰ ਦੇ ਰਾਜੇ ਨੇ ਅਪਣੀ ਸੁਰੱਖਿਆ ਲਈ, ਸਤਿਕਾਰ ਵਜੋਂ ਸਿੰਘਾਂ ਨੂੰ ਬੁੱਢੀ (ਜੋਹੜੀ)ਛੱਪੜੀ ਇਲਾਕਾ ਭੇਟ ਕਰ ਦਿਤਾ। ਸਿੰਘਾਂ ਨੇ ਨਾਮ ਬੁੱਢਾਜੋਹੜ ਰੱਖਿਆ। ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਦੀ, ਭਾਰੀ ਸੋਗਮਈ ਖ਼ਬਰ, ਭਾਈ ਬਲਾਕਾ ਸਿੰਘ ਜੀ ਨੇ ਇੱਥੇ ਦਿਤੀ। ਜੱਥੇਦਾਰ ਬਾਬੇ ਬੁੱਢੇ ਸਿੰਘ ਜੀ ਨੇ ਮਿਆਨੋ ਤਲਵਾਰ ਖਿੱਚੀ, ਤਲਵਾਰ ਅਕਾਸ ’ਚ ਘੁਮਾਈ, ਭਾਰੀ ਬੀਰਰਸੀ ਪ੍ਰੇਮ ਪ੍ਰਚਾਰ ਲੂੰ ੨ ਕਰਕੇ ਰੋ ੨ ਕੇ ਕੀਤਾ। ਤਲਵਾਰ ਸਭਾ ’ਚ ਰੱਖ ਕੇ ਆਖਿਆ, “ਹੈ ਕੋਈ ਗੁਰੂ ਕਾ ਲਾਲ, ਕੇਹਰੀ ਸ਼ੇਰ ਦਲੇਰ ਸਿਰਲੱਥ ਸੂਰਵੀਰ ਬਹਾਦਰ ਸੂਰਮਾ! ਜੋ ਹੰਕਾਰੀ ਮਹਾਂ ਭਿਆਨਕ ਜ਼ਾਲਮ ਮੰਦਕਰਮੀ ਮੱਸੇਰੰਘੜ ਦਾ ਸਿਰ ਵੱਢ ਕੇ ਲਿਆਵੇ, ਵਾਹਿਗੁਰੂ ਸਤਿਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਨੂੰ ਭਾਵੇ। ਵਾਹਿਗੁਰੂ ਸਤਿਗੁਰੂ ਸਾਹਿਬ ਜੀ ਦੀ ਅੰਗ ਸੰਗ ਸਹਾਇਤਾ ਪਾਵੇ। ਪੂਰਨ ਗੁਰਾਂ ਦੇ ਇਹ ਸ਼ੁਭ ਗੁਰਸਬਦ ਕਮਾਵੇ, ਨਿਹਾਲ ਹੋਇ ਜਾਵੇ”। ਦੇਹ ਸਿਵਾ ਬਰ ਮੋਹਿ ਇਹੈ; ਸੁਭ ਕਰਮਨ ਤੇ ਕਬਹੂੰ ਨ ਟਰੋ॥ ਨ ਡਰੋ. ਅਰਿ ਸੋ ਜਬ ਜਾਇ ਲਰੋ; ਨਿਸਚੈ ਕਰ ਆਪਨੀ ਜੀਤ ਕਰੋ॥ (ਸ੍ਰੀ ਦਸਮ ੯੯) ਹਮ ਇਹ ਕਾਜ; ਜਗਤ ਮੋ ਆਏ॥ ਧਰਮ ਹੇਤ; ਗੁਰਦੇਵ ਪਠਾਏ॥ ਜਹਾਂ ਤਹਾਂ; ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ; ਪਕਰਿ ਪਛਾਰੋ॥੪੨॥ ਯਾਹੀ ਕਾਜ; ਧਰਾ ਹਮ ਜਨਮੰ॥ ਸਮਝ ਲੇਹੁ; ਸਾਧੂ ਸਭ ਮਨਮੰ॥ ਧਰਮ ਚਲਾਵਨ; ਸੰਤ ਉਬਾਰਨ॥ ਦੁਸਟ ਸਭਨ ਕੋ; ਮੂਲ ਉਪਾਰਨਿ॥੪੩॥

ਇਹ ਵੰਗਾਰ ਸੁਣ ਕੇ, ਭਾਈ ਮਹਿਤਾਬ ਸਿੰਘ ਜੀ ਮੀਰਾਂਕੋਟੀਆ, ਸੁੱਖਾ ਸਿੰਘ ਜੀ ਮਾੜੀ ਕੰਬੋ ਉੱਠੇ ਜੈਕਾਰੇ ਗਜਾਏ, ਅਸਮਾਨ ਗੂੰਜ ਉੱਠਿਆ, ਤਲਵਾਰ ਉਠਾ ਕੇ, ਗੁਰ ਫ਼ਤੇਹ ਬੁਲਾ ਕੇ ਕਿਹਾ, “ਪਰਮ ਪਿਆਰੇ ਗੁਰੂ ਖ਼ਾਲਸਾ ਜੀ, ਪਰਮਪੂਜਨੀਕ ਵਾਹਿਗੁਰੂ ਸਤਿਗੁਰੂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਰਮ ਪਵਿੱਤ੍ ਹਜ਼ੂਰੀ ’ਚ ਦਾਸਨ ਦਾਸ ਪ੍ਰਣ ਕਰਦੇ ਹਨ, ਰੰਘੜ ਦਾ ਸਿਰ ਲਿਆਵਾਂਗੇ, ਜੇ ਨ ਲਿਆ ਸਕੇ ਤਾਂ ਓੱਥੇ ਹੀ ਸ਼ਹੀਦੀ ਪਾਵਾਂਗੇ, ਖਾਲੀ ਹੱਥ ਜਿਉਂਦੇ ਵਾਪਿਸ ਨਹੀਂ ਆਵਾਂਗੇ, ਦਸ ਦਿਨ ਅੰਦਰ ਜੇ ਨ ਆਏ ਤਾਂ, ਸ੍ਰੀ ਅਖੰਡਪਾਠ ਸਾਹਿਬ ਜੀ ਅਰੰਭ ਕਰ ਦੇਣੇ” ਸ੍ਰਬੱਤ ਖ਼ਾਲਸਾ ਪੰਥ ਜੀ ਨੇ, ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਇੱਕ ਮਨ ਹੋ ਕੇ ਅਰਦਾਸ ਕੀਤੀ। ਜਿਥੈ ਹਰਿ ਆਰਾਧੀਐ; ਤਿਥੈ ਹਰਿ ਮਿਤੁ ਸਹਾਈ॥ ਦੋਵੇਂ ਸਿੰਘਾਂ ਫ਼ਤੇਹ ਬੁਲਾ ਕੇ, ਜੈਕਾਰੇ ਗੱਜਾਉਂਦਿਆਂ, ਤੁਰਕਾਂ ਵਾਲਾ ਬਾਣਾ ਪਾ ਕੇ, ਘੋੜਿਆਂ ’ਤੇ ਸ੍ਰੀ ਅੰਮ੍ਰਿਤਸਰ ਨੂੰ ਚੱਲ ਪਏ। ਬੋਰੀਆਂ ਠੀਕਰੀਆਂ ਨਾਲ ਭਰ ਕੇ ਕਾਠੀਆਂ ’ਤੇ ਰੱਖ ਲਈਆਂ। ਤੁਰਕਾਨਾ ਬਾਣਾ ਹੋਣ ਕਰਕੇ, ਫੌਜੀਆਂ ਸਮਝਿਆ ਸਾਡੇ ਹੀ ਭਰਾ ਹਨ। ਇਹ ਗੱਲ ਅਗਸਤ ਸੰਨ ਸਤਾਰਾਂ ਸੌ ਚਾਲੀ, ਸੰਮਤ ਸਤਾਰਾਂ ਸੌ ਸਤਾਨਵੇ ਦੀ ਹੈ। ਸੂਰਮਿਆਂ ਨੇ ਆਪਣੇ ਘੋੜੇ ਲਾਚੀ ਬੇਰੀ ਨਾਲ ਬੰਨ੍ ਦਿਤੇ। ਪਹਿਰੇਦਾਰ ਪੁੱਛਿਆ, “ਕੌਣ?” ਕਿਹਾ “ਪੱਟੀ ਦੇ ਨੰਬਰਦਾਰ, ਚੌਧਰੀ ਸਾਹਿਬ ਜੀ ਨੂੰ ਹਾਲ੍ਹਾ ਦੇਣ ਆਏ ਹਾਂ”, ਬੋਰੀਆਂ ਲੈ ਕੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅੰਦਰ ਜਾ ਵੜੇ, ਸਿਰ

Sri Satguru Jagjit Singh Ji eLibrary NamdhariElibrary@gmail.com

ਝੁਕਾ ਕੇ ਤਨੋ ਮਨੋ ਸਤਿਗੁਰੂ ਰਾਮਦਾਸ ਸਾਹਿਬ ਜੀ ਨੂੰ ਮੱਥਾ ਟੇਕਿਆ, ਮੱਸੇ ਨੇ ਸਮਝਿਆ ਕਿ ਮੈਨੂੰ ਸਲਾਮ ਕਰਦੇ ਹਨ, ਕਹਿੰਦਾ,"ਆਗਿਆ ਹੈ, ਲੰਘ ਆਉ" ਸੂਰਵੀਰਾਂ ਬਹਾਦਰਾਂ ਦਲੇਰਾਂ ਨੇ ਅੱਗੇ ਲੰਘ ਕੇ ਬੋਰੀਆਂ ਪਲੰਘ ਹੇਠਾਂ ਸੁੱਟ ਦਿਤੀਆਂ। ਹੰਕਾਰੀ ਨਸ਼ੇ 'ਚ ਗੁੱਟ ਹੁੱਕਾ ਪੀ ਰਿਹਾ ਸੀ, ਕੰਜਰੀ ਨੱਚ ਰਹੀ ਸੀ। ਇਹ ਵੇਖ ਕੇ ਸਿੰਘ ਸੂਰਮਿਆਂ ਦੇ ਖ਼ੂਨ ਨੇ ਉਬਾਲ਼ਾ ਖਾਧਾ, ਲੂੰ ਕੰਡੇ ਖੜ੍ਹੇ ਹੋ ਗਏ, ਬੜਾ ਭਾਰੀ ਜੋਸ਼ ਆਇਆ, ਜਿਵੇਂ ਸਮੁੰਦ੍ਰ 'ਚ ਤੂਫ਼ਾਨ ਆਉਂਦਾ ਹੈ। ਮੱਸੇ ਪੁੱਛਿਆ ਕੀ ਲਿਆਏ ਹੋਂ? "ਸਰਕਾਰੀ ਮਾਮਲਾ, ਪੱਟੀ ਦੇ ਪਰਗਣੇ 'ਚੋਂ ਲਿਆਏ ਹਾਂ, ਕਬੂਲ ਫ਼ੁਰਮਾਉ"। ਮਹਾਂਵੀਰ ਸੂਰਵੀਰ ਮਹਿਤਾਬ ਸਿੰਘ ਸਾਹਿਬ ਜੀ ਪਲੰਘ ਕੋਲ਼ੇ ਹੀ ਖੜ੍ ਗਏ, ਸੂਰਬੀਰ ਸੁੱਖਾ ਸਿੰਘ ਜੀ ਨੇ ਅੱਗੇ ਹੋ ਕੇ ਸਾਹਮਣੇ ਵਾਲਾ ਦਰਵਾਜ਼ਾ ਰੋਕ ਲਿਆ। ਪਲੰਘ ਤੋਂ ਹੇਠਾਂ ਝੁਕ ਕੇ ਮੱਸਾ ਵੇਖਣ ਲੱਗਿਆ ਤਾਂ ਮਹਿਤਾਬ ਸਿੰਘ ਜੀ ਨੇ ਬਾਜ਼ ਦੀ ਝਪਟ ਵਾਂਗ, ਮੱਸੇ ਰੰਘੜ ਦਾ ਸਿਰ ਤਲਵਾਰ ਦੇ ਇੱਕੋ ਵਾਰ ਨਾਲ ਵੱਢ ਦਿੱਤਾ। ਸੂਰਬੀਰ ਸੁੱਖਾ ਸਿੰਘ ਜੀ ਨੇ ਲਲਕਾਰਿਆ, "ਖ਼ਬਰਦਾਰ ਜੇ ਕੋਈ ਹਿੱਲਿਆ" ਦੋਵੇਂ ਸੂਰਬੀਰ, ਮੱਸੇ ਰੰਘੜ ਦਾ ਸਿਰ ਕੰਬਲ਼ ਚ ਵਲ੍ਹੇਟ ਕੇ, ਤੁਰੰਤ ਘੋੜਿਆਂ 'ਤੇ ਚੜ੍ ਕੇ, ਵਾਪਿਸ ਬੀਕਾਨੇਰ ਆਏ। ਬਰਛੇ 'ਤੇ ਸਿਰ ਟੰਗ ਕੇ ਬੁੱਢੇਜੋਹੜ ਪਹੁੰਚੇ, ਗੁਰੂ ਖ਼ਾਲਸੇ ਜੀ ਨੇ ਬੇਅੰਤ ਹੀ ਜੈਕਾਰੇ ਗੱਜਾਏ, ਭਾਰੀ ਖ਼ੁਸ਼ੀ ਇਲਾਹੀ ਜਿੱਤ ਰੋਮ ਰੋਮ ਕਰਕੇ ਸ਼ੁਕਰ 'ਚ, ਸ੍ਰੀ ਅਖੰਡਪਾਠ ਸਾਹਿਬ ਜੀ ਅਰੰਭ ਕਰ ਦਿਤੇ। ਯਥਾ:- ਜੈਕਾਰੁ ਕੀਓ ਧਰਮੀਆ ਕਾ;ਪਾਪੀ ਕਉ ਡੰਡੁ ਦੀਓਇ॥

ਦੂਜੀ ਸਾਖੀ:- ਜਲੰਧਰੀ ਸੂਬੇ ਜ਼ਾਲਮ ਪਾਪੀ ਕੁੱਤਬਦੀਨ ਨੇ ਗੁਰਦੁਆਰਾ ਸ੍ਰੀ ਥੰਮ੍ ਸਾਹਿਬ ਜੀ ਸਾੜ ਦਿਤੇ ਤਾਂ ਗੁਰੂ ਜੀ ਦੇ ਮਹਾਂਵੀਰ ਸ਼ੇਰ ਦਲੇਰ ਸਿੰਘਾਂ ਦੀਆਂ ਅੱਖਾਂ 'ਚੋਂ ਲਹੂ ਚੋਣ ਲੱਗਾ। ਭਾਈ ਬਾਘ ਸਿੰਘ ਜੀ ਆਹਲੂਵਾਲੀਆ ਅੰਗਿਆਰ ਵਾਂਗ ਭਖ ਉੱਠਿਆ। ਦੋ ਸੌ ਘੋੜ ਅਸਵਾਰ ਸਿੰਘ ਇਕੱਠੇ ਕਰਕੇ ਜਲੰਧਰ 'ਤੇ ਚੜ੍ਹਾਈ ਕਰ ਦਿਤੀ, ਜਾ ਕੇ ਭੇਤ ਮਿਲਿਆ, ਕਿ ਜ਼ਾਲਮ ਸੂਬਾ, ਬਿਆਸ ਦੇ ਜੰਗਲ'ਚ ਸ਼ਿਕਾਰ ਖੇਡਣ ਆਉਂਦਾ ਹੈ। ਜ਼ਾਲਮ ਕੁੱਤਬਦੀਨ, ਸ਼ਿਕਾਰ ਖੇਡ ਰਿਹਾ ਸੀ। ਕੇਹਰੀ ਸ਼ੇਰ ਬਾਘ ਸਿੰਘ ਜੀ ਦਾ ਮਹਾਂ ਭਿਆਨਕ ਸਰੂਪ ਦੇਖ ਕੇ, ਬਾਜ ਅੱਗੇ ਬਟੇਰੇ ਵਾਂਗ ਭੱਜਿਆ, ਇਸ ਦੇ ਸਿਪਾਹੀ ਭੀ ਬਟੇਰਿਆਂ ਵਾਂਗ ਉੱਡ ਗਏ, ਬਾਘ ਸਿੰਘ ਜੀ ਨੇ ਘੋੜਾ ਭਜਾ ਕੇ, ਘੋੜੇ ਦੀ ਲੱਤ ਵੱਢ ਦਿਤੀ, ਡਿੱਗਦੇ ਚੋਰ ਨੂੰ, ਢਾਹ ਕੇ ਖ਼ੂਬ ਕੁੱਟ ਕੇ, ਮੁਸ਼ਕਾਂ ਲਈਆਂ ਬੰਨ੍, ਧੰਨ ਗੁਰੂ ਕਾ ਸਿੱਖ ਧੰਨ। ਸ੍ਰੀ ਕਰਤਾਰਪੁਰ ਸਾਹਿਬ ਜੀ, ਗੁਰਦੁਆਰਾ ਸ੍ਰੀ ਥੰਮ੍ ਸਾਹਿਬ ਜੀ ਪਾਸ ਜਿਉਂਦੇ ਨੂੰ ਹੀ ਸਾੜਿਆ।

ਸਾਢੇ ਤ੍ਰੈ ਮਣ ਦੇਹੁਰੀ; ਚਲੈ ਪਾਣੀ ਅੰਨਿ॥ ਆਇਓ ਬੰਦਾ.ਦੁਨੀ ਵਿਚਿ; ਵਤਿ.ਆਸੂਣੀ ਬੰਨ੍ਹਿ॥ ਮਲਕਲ ਮਉਤ ਜਾਂ ਆਵਸੀ; ਸਭ ਦਰਵਾਜੇ ਭੰਨਿ॥ ਤਿਨਾ ਪਿਆਰਿਆ ਭਾਈਆਂ; ਅਗੈ ਦਿਤਾ ਬੰਨ੍ਹਿ॥ ਵੇਖਹੁ ਬੰਦਾ ਚਲਿਆ; ਚਹੁ ਜਣਿਆ ਦੈ ਕੰਨ੍ਹਿ॥ ਫਰੀਦਾ. ਅਮਲ ਜਿ ਕੀਤੇ ਦੁਨੀ ਵਿਚਿ; ਦਰਗਹ ਆਏ ਕੰਮਿ॥੧੦੦॥ ਵਾਹੁ ਵਾਹੁ ਵਾਹੁ ਪਰਮ ਪਿਆਰੇ ਪਰਮਪੂਜਨੀਕ ਭਗਤ ਸਾਹਿਬ ਜੀ ਪੂਰਨ ਵੈਰਾਗਮਈ ਨਜ਼ਾਰਾ ਦਿਖਾ ਰਹੇ ਹਨ, ਜਿਸ 'ਚ ਚੜ੍ਹਾਈ ਕਰਨ ਤੋਂ ਜਨਾਜ਼ੇ ਨੂੰ ਚਾਰ ਜਾਣੇ ਚੁੱਕ ਕੇ, ਸ਼ਮਸ਼ਾਨ ਭੂਮੀ ਨੂੰ ਲਿਜਾਂਦੇ ਹਨ, ਜਿਸ ਕਰਕੇ ਪੜ੍ਹਨ ਵਾਲੇ ਵਾਹਿਗੁਰੂ ੨ ਜਪਣ, ਗੁਨਾਹ ਤਿਆਗਣ:- ਦੁੱਧ ਮੱਖਣ ਬਦਾਮ ਚੰਗੀ ਖ਼ੁਰਾਕ ਨਾਲ ਪਾਲ਼ੀ, ਸਾਢੇ (ਤ੍ਰੈ)ਤਿੰਨ ਮਣ ਅਥਵਾ (ਮਣ)ਮਿਨਤੀ ਵਿਖੇ, ਆਪੋ ਆਪਣੇ ਸਾਢੇ (ਤ੍ਰੈ)ਤਿੰਨ ਹੱਥ ਦੀ ਸੋਹਣੀ (ਦੇਹੁਰੀ)ਦੇਹ, ਅੰਨਿ ਪਾਣੀ ਆਸਰੇ (ਚਲੈ)ਚੱਲਦੀ ਹੈ।

ਆਇਓ ਬੰਦਾ. ਦੁਨੀ ਵਿਚਿ; ਵਤਿ, ਆਸੂਣੀ ਬੰਨ੍ਹਿ॥) ਏਕ ਆਸ ਹਰਿ ਮਨਿ ਰਖਹੁ; ਨਾਨਕ.ਦੂਖੁ ਭਰਮੁ ਭਉ ਜਾਇ॥੧॥) ਤੁਮਰੀ ਸਰਣਿ ਤੁਮਾਰੀ ਆਸਾ; ਤੁਮ ਹੀ ਸਜਨ ਸੁਹੇਲੇ॥ ਰਾਖਹੁ ਰਾਖਨਹਾਰ ਦਇਆਲਾ;

Sri Satguru Jagjit Singh Ji eLibrary NamdhariElibrary@gmail.com

ਨਾਨਕ ਘਰ ਕੇ ਗੋਲੇ॥) ਕਹਿ ਰਵਿਦਾਸ.ਆਸ ਲਗਿ ਜੀਵਉ; ਚਿਰ ਭਇਓ ਦਰਸਨੁ ਦੇਖੇ॥) ਅਵਰਨ ਕੀ ਆਸਾ; ਕਿਛੁ ਨਾਹੀ॥ ਏਕੈ ਆਸ; ਧਰੋ ਮਨ ਮਾਹੀ॥ ਆਨ ਆਸ; ਉਪਜਤ ਕਿਛੁ ਨਾਹੀ॥ ਵਾ ਕੀ ਆਸ; ਧਰੋ ਮਨ ਮਾਹੀ॥ ਅਨੁਸਾਰ ਜਿਤਨਾ ਚਿਰ ਸੱਚੇ ਬ੍ਰਹਮ ਜੀ 'ਤੇ ਆਸ ਨਹੀਂ ਰੱਖਦਾ, ਸੰਸਾਰੀ ਆਸਾਂ ਨਹੀਂ ਤਿਆਗਦਾ, ਉਤਨਾ ਚਿਰ ਆਸ ਊਣੀ ਹੈ। ਜਿਵੇਂ ਮੈਨੂੰ ਰਾਜ ਤਾਜ ਮਿਲੇ, ਸੱਤ ਬੱਚੇ ਮਿਲਣ ਆਦਿ, ਪ੍ਰਾਪਤ ਕੁੱਝ ਭੀ ਨਹੀਂ ਹੁੰਦਾ। ਨਿਗੁਰਾ ਬੰਦਾ, ਨਾਸ਼ਵੰਤ (ਦੁਨੀ)ਦੁਨੀਆਂ ਵਿਚਿ (ਆਇਓ)ਆਇਆ, ਬਹੁਤੇ ਜੁੱਗ ਜਿਉਣ, ਹੋਰ ਅਨੇਕ ਪ੍ਰਕਾਰ ਦੀ ਆਸ, ਵੈਰ ਨਾਲ, ਜੀਆਂ ਨੂੰ ਸਾੜਨ ਫੂਕਣ, ਚੋਰੀ ਯਾਰੀ ਵਿਕਾਰ ਮੰਦ-ਕਰਮ ਕਰਨ ਦੀ (ਆਸੂਣੀ)ਨ ਪੂਰੀ ਹੋਣ ਵਾਲ਼ੀ, ਭੈੜੀ ਮੰਦੀ ਊਣੀ ਆਸ ਬੰਨ੍ਹਿ ਕੇ, ਨੰਗਾ (ਵਤਿ)ਮੁੜ ਗਿਆ,"ਹਾਇ ਓਇ! ਜੇ ਮੈਂ ਜਿਉਂਦਾ ਰਹਿੰਦਾ ਫ਼ਲਾਨੇ ਦਾ ਸਿਰ ਵੱਢਣਾ ਸੀ, ਅਪਣੇ ਮੁੰਡੇ ਦੀ ਬਾਂਹ ਫੜ ਕੇ, ਸੁਣ ਓਇ ਮੁੰਡਿਆ! ਤੂੰ ਫ਼ਲਾਨੇ ਦਾ ਸਿਰ ਛੇਤੀ ਵੱਢਣਾ, ਮੇਰੀ ਆਸਾ ਪੂਰੀ ਕਰੀਂ"। ਯਥਾ:- ਆਸਾ ਕਰਤਾ. ਜਗੁ ਮੁਆ; ਆਸਾ ਮਰੈ ਨ ਜਾਇ॥ ਨਾਨਕ. ਆਸਾ ਪੂਰੀਆ; ਸਚੇ ਸਿਉ ਚਿਤੁ ਲਾਇ॥

ਮਲਕਲ ਮਉਤ ਜਾਂ ਆਵਸੀ; ਸਭ ਦਰਵਾਜੇ ਭੰਨਿ॥ (ਮਉਤ)ਮੌਤ ਦਾ (ਮਲਕਲ)ਫਰਿਸ਼ਤਾ ਜਮਦੂਤ (ਜਾਂ)ਜਦੋਂ ਦੇਹ ਰੂਪੀ ਕਿਲੇ ਦੇ ਇੰਦ੍ਰਿਆਂ ਰੂਪ (ਸਭ)ਸਾਰੇ ਦਰਵਾਜੇ ਭੰਨਿ ਕੇ (ਆਵਸੀ)ਆਵੇਗਾ। ਅੱਖਾਂ ਤੋਂ ਅੰਨ੍ਹਾ ਕਰ ਦੇਵੇਗਾ ਕੰਨਾ ਤੋਂ ਬੋਲ਼ਾ, ਹੱਥ ਪੈਰ ਕੰਮ ਕਰਨੋ ਹਟ ਜਾਣਗੇ। ਜ਼ਬਾਨ ਬੰਦ ਹੋ ਜਾਵੇਗੀ। ਯਥਾ:- ਸ੍ਰਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥੩॥) ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥) ਜਿਤੁ ਦਿਨਿ. ਦੇਹ ਬਿਨਸਸੀ; ਤਿਤੁ ਵੇਲੈ ਕਹਸਨਿ ਪ੍ਰੇਤੁ॥ ਪਕੜਿ ਚਲਾਇਨਿ. ਦੂਤ ਜਮ; ਕਿਸੈ ਨ ਦੇਨੀ ਭੇਤੁ॥ ਛਡਿ ਖੜੋਤੇ ਖਿਨੈ ਮਾਹਿ; ਜਿਨ ਸਿਉ ਲਗਾ ਹੇਤੁ॥ ਹਥ ਮਰੋੜੈ ਤਨੁ ਕਪੇ; ਸਿਆਹਹੁ ਹੋਆ ਸੇਤੁ॥ ਦੰਦਾਂ ਕੰਨਾਂ ਲੋਇਣਾਂ; ਇਨ੍ਹਾਂ ਦਿਤੀ ਹਾਰ। ਦੇਖ ਫਰੀਦਾ. ਉਠਿ ਚਲੇ; ਤੇਰੇ ਮੁੱਢ ਕਦੀਮੀ ਯਾਰ। ਅਥਵਾ ਭਾਵੇਂ ਕਿਤਨੇ ਮਰਜ਼ੀ ਕਿਲਿਆਂ 'ਚ ਸੁਰੱਖਿਅਤ ਹੋਵੇ, ਮੌਤ ਦਾ ਫਰਿਸ਼ਤਾ ਜਮਦੂਤ ਜਦੋ, ਕਿਲਿਆਂ ਦੇ ਸਾਰੇ ਦਰਵਾਜੇ ਭੰਨਿ ਕੇ ਆਵੇਗਾ, ਉਸ ਨੂੰ ਕੋਈ ਭੀ ਰੋਕ ਨਹੀਂ ਸਕੇਗਾ। ਮੌਤ ਕਿਵੇਂ ਆਉਂਦੀ ਹੈ? ਅਮੈਰਿਕਾ ਨੇ ਤਜ਼ਰਬਾ ਕਰਨ ਲਈ, ਮਰਣਾਊ ਦੋ ਬੰਦੇ ਸ਼ੀਸ਼ਿਆਂ 'ਚ ਇਕੱਠੇ ਪਾ ਦਿਤੇ, ਜਮਦੂਤ ਦੇ ਆਉਣ ਨੂੰ ਕੋਈ ਭੀ ਰਾਹ ਨਹੀਂ ਸੀ। ਪਹਿਲਾਂ ਇੱਕ ਦੇ ਅੰਦਰੋਂ ਹਰਾ ਜਿਹਾ ਧੂਆਂ, ਰੂਹ ਨਿਕਲੀ, ਦੂਜੇ ਦੇ ਪੈਰਾਂ ਵੱਲ ਜਾ ਕੇ, ਥੋੜੀ ਜਿੰਨੀ ਜਗ੍ਹਾ ਪਾੜ ਕੇ, ਉਤਾਂਹ ਨਿਕਲ ਗਈ। ਵੇਖ ਕੇ ਬੜੇ ਹੀ ਹੈਰਾਨ ਹੋਏ, ਹਾਂ ਕੋਈ ਇਸ 'ਚੋਂ ਰੂਹ ਨਿਕਲਦੀ ਹੈ। ਸੋ ਇਸ ਤਰਾਂ ਭਾਵੇਂ ਸ਼ੀਸਿਆਂ 'ਚ ਬੰਦ ਸਨ, ਫੇਰ ਭੀ ਉਸ ਦੀ ਜ਼ਿੰਦ ਕੱਢ ਲਈ, ਮਹਾਰਾਜ ਸਾਹਿਬ ਜੀ ਨੇ ਐਸਾ ਵਿਸਮਾਦ ਕਾਰਨ ਦਿਖਾਇਆ।

ਤਿਨਾ ਪਿਆਰਿਆ ਭਾਈਆਂ; ਅਗੈ ਦਿਤਾ ਬੰਨ੍ਹਿ॥ ਜੋ ਅੰਮਾਂ ਜਾਏ ਸਨ, ਤਿਨਾ ਪਿਆਰਿਆ ਭਾਈਆਂ; ਮਿੱਤ੍ਰਾਂ ਸਬੰਧੀਆਂ ਨੇ, ਸਭ ਦੇ (ਅਗੈ) ਸਾਹਮਣੇ, ਅਰਥੀ 'ਤੇ ਰੱਖ ਕੇ, ਖੱਫ਼ਣ 'ਚ ਵਲੇਟ ਕੇ, ਰੱਸੀਆਂ ਨਾਲ ਚੰਗੀ ਤਰ੍ਹਾਂ ਬੰਨ੍ਹਿ ਦਿਤਾ, ਕਿਤੇ ਡਿੱਗ ਹੀ ਨ ਪਵੇ, ਚਿਖਾ ਤੱਕ ਪਹੁੰਚ ਜਾਵੇ, ਛੇਤੀ ਲਾਂਬੂ ਲਾਈਏ।

ਵੇਖਹੁ ਬੰਦਾ ਚਲਿਆ; ਚਹੁ ਜਣਿਆ ਦੈ ਕੰਨ੍ਹਿ॥) ਸਭੁ ਕੋ ਤੇਰੈ ਵਸਿ; ਅਗਮ ਅਗੋਚਰਾ॥ ਤੂ ਭਗਤਾ ਕੈ ਵਸਿ; ਭਗਤਾ ਤਾਣੁ ਤੇਰਾ॥) ਹੁਕਮੈ ਅੰਦਰਿ.ਸਭੁ ਕੋ; ਬਾਹਰਿ ਹੁਕਮ ਨ ਕੋਇ॥ ਨਾਨਕ.ਹੁਕਮੈ ਜੇ ਬੁਝੈ; ਤ

Sri Satguru Jagjit Singh Ji eLibrary NamdhariElibrary@gmail.com

ਹਉਮੈ ਕਹੈ ਨ ਕੋਇ॥) ਧਰਤੀ ਉਪਰਿ ਕੋਟ ਗੜ; ਕੇਤੀ ਗਈ ਵਜਾਇ॥ ਜੋ.ਅਸਮਾਨਿ ਨ ਮਾਵਨੀ; ਤਿਨ ਨਕਿ ਨਥਾ ਪਾਇ॥) ਆਪਿ ਨਾਥੁ.ਸਭ ਨਥੀਅਨੁ; ਸਭ ਹੁਕਮਿ ਚਲਾਈ॥ ਨਾਨਕ.ਹਰਿ ਭਾਵੈ ਸੋ ਕਰੇ; ਸਭ ਚਲੈ ਰਜਾਈ॥ ਅਨੁਸਾਰ ਜਿਹੜਾ ਆਕੀ ਹੰਕਾਰੀ ਅਸਮਾਨ 'ਚ ਨਹੀਂ ਸੀ ਮਿਆਉਂਦਾ, ਹਰਨਾਕਸ਼ ਵਾਂਗ ਦੁਨੀਆਂ ਨੂੰ ਸਾੜਦਾ ਫੂਕਦਾ ਸੀ, ਬੱਜਰ ਪਾਪ ਕਰਕੇ, ਚਲੇ ਜੁਆਰੀ; ਦੁਇ ਹਥ ਝਾਰਿ॥ ਅਨੁਸਾਰ ਦੋਵੇਂ ਹੱਥ ਝਾੜ ਕੇ, ਵੇਖਹੁ ਭਾਈ! ਹੰਕਾਰੀ ਪਾਪੀ ਨੀਚ ਚੰਡਾਲ ਬੰਦਾ, ਚਹੁ (ਜਣਿਆ)ਬੰਦਿਆਂ (ਦੈ)ਦੇ (ਕੰਨ੍ਹਿ)ਮੋਢਿਆਂ ਉੱਪਰ, ਸ਼ਮਸ਼ਾਨ ਭੂਮੀ ਵੱਲ ਚਲਿਆ ਜਾ ਰਿਹਾ ਹੈ। ਇਸ ਅਮੋਲਕ ਦੇਹ 'ਚ ਮੁੜ ਕੇ ਨਹੀਂ ਆਵੇਗਾ। ਯਥਾ:- ਕਾਨ ਕੇ ਗਏ ਤੇ ਕਹਾਂ ਐਸੇ ਕਾਨ ਹੋਤ ਮੂੜ, ਨੈਨ ਕੇ ਗਏ ਤੇ ਕਹਾਂ ਐਸੇ ਨੈਨ ਪਾਈਏ॥ ਨਾਸਕਾਂ ਗਏ ਤੇ ਕਹਾਂ ਨਾਸਕਾਂ ਸੁਗੰਧ ਲੈਤ, ਮੁਖ ਕੇ ਗਏ ਤੇ ਕਹਾਂ ਐਸੇ ਮੁਖ ਗਾਈਐ॥ ਹਾਥ ਕੇ ਗਏ ਤੇ ਕਹਾਂ ਐਸੇ ਹਾਥ ਹੋਵਤ ਹੈਂ, ਪੈਰ ਕੇ ਗਏ ਤੇ ਕਹਾਂ ਐਸੇ ਫੇਰ ਪਾਈਐ॥ ਯੇਹੀ ਤੋ ਵਿਚਾਰ ਦੇਖ ਸੁੰਦਰ ਕਹਿਤ ਤੂਹੀ, ਦੇਹ ਕੇ ਗਏ ਤੇ ਕਹਾਂ ਐਸੀ ਦੇਹ ਪਾਈਐ॥) ਤਥਾ:- ਚਾਰ ਦਿਨਾਂ ਦੀ ਜ਼ਿੰਦਗੀ ਪਾਪਾਂ ਵਿਚ ਗੁਜਾਰ ਨਹੀਂ॥ ਪਲ ਪਲ ਏਹ ਸਵਾਸ ਏਹ ਘਟਦੇ ਜਾਂਦੇ ਤੈਨੂੰ ਕੁਛ ਭੀ ਸਾਰ ਨਹੀਂ॥ ਮਾਨਸ ਦੇਹ ਅਮੋਲਕ ਪਾਈ ਕੌਡੀ ਬਦਲੇ ਹਾਰ ਨਹੀਂ॥ ਆਤਮਨੰਦ ਏਹ ਮਾਨਸ ਦੇਹੀ ਮਿਲਨੀ ਬਾਰੰਬਾਰ ਨਹੀਂ॥ ਇਸ ਲਈ ਹਰ ਪ੍ਰਾਣੀ ਨੂੰ ਚਾਹੀਦਾ ਹੈ ਕਿ ਨਾਮ ਜਪਿਆ ਕਰੇ। ਕਿਉਂਕਿ, ਰਾਮ ਭਜਨ ਦਾ ਵੇਲਾ ਹੈ ਯੇਹ ਰਾਮ ਭਜਨ ਦਾ ਵੇਲਾ ਹੈ॥ ਲਖ ਖਰਚੇ ਤੇ ਹਥ ਨ ਆਵੇ, ਮਾਨਸ ਜਨਮ ਸੁਹੇਲਾ ਹੈ॥ ਨਾ ਕੋਈ ਸੰਗੀ ਨਾ ਕੋਈ ਸਾਥੀ ਉਡ ਜਾਸੀ ਹੰਸ ਇਕੇਲਾ ਹੈ॥ ਯੇਹ ਜਗ ਜਾਨ ਮੁਸਾਫਰ ਖਾਨਾ, ਗੁਰੂ ਰਹੈ ਨ ਚੇਲਾ ਹੈ॥ ਕਹੇ ਕਬੀਰ ਗੋਬਿੰਦ ਗੁਨ ਗਾਓ, ਝੂਠਾ ਯੇਹ ਸਭ ਮੇਲਾ ਹੈ॥

ਫਰੀਦਾ. ਅਮਲ ਜਿ ਕੀਤੇ ਦੁਨੀ ਵਿਚਿ; ਦਰਗਹ ਆਏ ਕੰਮਿ॥੧੦੦॥ ਬਾਬਾ ਫਰੀਦਾ ਸਾਹਿਬ ਜੀ ਫੁਰਮਾਉਂਦੇ ਹਨ:- ਹੇ ਭਾਈ! ਇਹ ਸਮਝ ਲਉ (ਜਿ)ਜਿਹੜੇ ਇਸ ਨੇ (ਦੁਨੀ)ਦੁਨੀਆਂ ਵਿਚਿ ਰਹਿੰਦਿਆਂ, ਨਾਮੁ ਜਪਣ ਜਪਾਉਣ ਭਜਨ ਸਿਮਰਣ ਪੁੰਨ ਦਾਨ ਪਰਉਪਕਾਰ ਨੇਕੀ ਚੰਗਿਆਈ ਦੇ ਸ਼ੁਭ (ਅਮਲ)ਕੰਮ ਕੀਤੇ ਸਨ, ਉਹ ਵਾਹਿਗੁਰੂ ਜੀ ਦੀ (ਦਰਗਹ)ਸਭਾ ਦਰਬਾਰ 'ਚ, ਇਸ ਦੇ ਕੰਮਿ ਆਏ। ਯਥਾ:- ਵਿਚਿ ਦੁਨੀਆ; ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ ਕਹੁ ਨਾਨਕ; ਬਾਹ ਲੁਡਾਈਐ॥) ਕੀਤਿਆ ਬਿੰਦੀ ਨਹੀਂ ਲਾਉਣੀ- ਇਕਨਾ ਨੋ ਸਭ ਸੋਝੀ ਆਈ; ਇਕਿ ਫਿਰਦੇ ਵੇਪਰਵਾਹਾ॥ ਅਮਲ ਜਿ ਕੀਤਿਆ ਦੁਨੀ ਵਿਚਿ; ਸੇ ਦਰਗਹ ਓਗਾਹਾ॥੯੮॥

ਪ੍ਰੇਮ ਪ੍ਰਚਾਰ:- ਦੁੱਧ ਮੱਖਣ ਨਾਲ ਸੰਭਾਲੀ ਦੇਹ ਨਾਲ ਸਿਮਰਣ ਬੰਦਗੀ ਨਹੀਂ ਕੀਤੀ, ਉਸ ਦੀ ਮੰਦੀ ਹਾਲਤ ਦਸਦੇ ਹਨ, ਕਸ਼ਟ ਭੋਗ ੨ ਕੇ ਮਰ ਗਿਆ, ਚਿਖਾ 'ਤੇ ਪਾ ਕੇ ਸਾੜ ਦਿਤਾ, ਚਾਹੇ ਦੱਬ ਦਿਤਾ, ਕੁਕਰਮ ਕਰਨ ਵਾਲੀ ਦੇਹ ਨਾਲ ਨ ਗਈ। ਯਥਾ:- ਕੱਜਲ। ਬਹਿ ਠ ਪੋਲਾ- ਫਰੀਦਾ. ਜਿਨ੍ ਲੋਇਣ, ਜਗੁ ਮੋਹਿਆ; ਸੇ ਲੋਇਣ. ਮੈ ਡਿਠੁ॥ ਕਜਲ ਰੇਖ. ਨ ਸਹਦਿਆ; ਸੇ ਪੰਖੀ ਸੂਇ ਬਹਿਠੁ॥੧੪॥) ਵੰਨੁ ਗਇਆ. ਰੂਪੁ ਵਿਣਸਿਆ; ਦੁਖੀ ਦੇਹ ਰੁਲੀ॥ ਕਿਥਹੁ ਆਇਆ. ਕਹ ਗਇਆ; ਕਿਹੁ ਨ ਸੀਓ ਕਿਹੁ ਸੀ॥ ਮਨਿ ਮੁਖਿ ਗਲਾ ਗੋਈਆ; ਕੀਤਾ ਚਾਉ ਰਲੀ॥) ਜਾਗਿ ਲੇਹੁ.ਰੇ ਮਨਾ ਜਾਗਿ ਲੇਹੁ; ਕਹਾ ਗਾਫਲ ਸੋਇਆ॥ ਜੋ ਤਨੁ ਉਪਜਿਆ ਸੰਗ ਹੀ; ਸੋ ਭੀ.ਸੰਗ ਨ ਹੋਇਆ॥

ਪੰਖੀਆਂ, ਕੱਕਰੁ- ਫਰੀਦਾ. ਹਉ ਬਲਿਹਾਰੀ, ਤਿਨ੍ ਪੰਖੀਆ; ਜੰਗਲਿ ਜਿੰਨ੍ਹਾ ਵਾਸੁ॥ ਕਕਰੁ ਚੁਗਨਿ. ਥਲਿ ਵਸਨਿ; ਰਬ ਨ ਛੋਡਨਿ ਪਾਸੁ॥੧੦੧॥ ਵਾਹਿਗੁਰੂ ਫਰੀਦਾ ਸਾਹਿਬ ਜੀ ਫੁਰਮਾਉਂਦੇ ਹਨ:- ਸੁਆਦ ਰਸ ਕਸ ਘਰ ਜਾਇਦਾਦ ਧਨ ਹੰਕਾਰ ਵਿਕਾਰ ਦੇ ਤਿਆਗੀ ਵੈਰਾਗ ਬਿਬੇਕ ਰੂਪ ਖੰਬਾਂ ਵਾਲੇ ਤਿਨ੍ (ਪੰਖੀਆ)ਸੰਤਾਂ

Sri Satguru Jagjit Singh Ji eLibrary NamdhariElibrary@gmail.com

ਤੋਂ (ਹਉ)ਦਾਸਨ ਦਾਸ, ਮਨ ਬਾਣੀ ਰੋਮ ੨ ਕਰਕੇ (ਬਲਿਹਾਰੀ)ਕੁਰਬਾਨ ਜਾਂਦਾ ਹੈ, ਜਿੰਨ੍ਹਾ ਦਾ ਜੰਗਲਿ 'ਚ (ਵਾਸੁ)ਵਸਣਾ ਹੈ। (ਕਕਰੁ)ਰੋੜ ਕੰਕਰ (ਚੁਗਨਿ)ਚੁਗਦੇ ਭਾਵ ਛਕਦੇ ਹਨ। (ਕਕਰੁ)ਤੇਜ਼ ਪਾਲੇ 'ਚ ਭੀ ਜੰਗਲ਼ (ਥਲਿ)ਅਸਥਾਨ 'ਚ (ਵਸਨਿ)ਵਸਦੇ ਹਨ। ਤਲ਼ੇ ਸੁਆਦਲੇ ਪਦਾਰਥ ਧਨ ਨੂੰ (ਕਕਰੁ)ਕੰਕਰ ਰੋੜ ਵਾਂਗ ਸਮਝਦੇ ਹਨ, ਭਾਵ ਇਨ੍ਹਾਂ ਵੱਲੋਂ ਦ੍ਰਿੜ ਵੈਰਾਗ ਤਿਆਗ ਹੈ, ਪੱਲੇ ਧਨ ਨਹੀਂ ਬੰਨ੍ਹਦੇ, ਕੋਈ ਮਹਿਲ ਮੁਨਾਰਾ ਨਹੀਂ। ਪਰਮਪੂਜਨੀਕ ਰਬ ਜੀ ਨੂੰ (ਨ)ਨਹੀਂ (ਛੋਡਨਿ)ਛੱਡਦੇ, ਰੋਮਿ ੨ ਕਰਕੇ ਸਿਮਰਨ ਕਰਦਿਆਂ ਰੱਬ ਜੀ (ਪਾਸੁ)ਕੋਲ਼ੇ ਵਸਦੇ ਹਨ, ਭਾਵ ਲੀਣ ਰਹਿੰਦੇ ਹਨ। ਜਿਵੇਂ ਮਾਰਕੰਡੇ ਰਿਖੀ ਜੀ ਨੇ, ਲੱਖ ਵਰ੍ਹੇ ਤੋਂ ਜ਼ਿਆਦਾ ਉਮਰ 'ਚ ਆਪਣੀ ਕੋਈ ਭੀ ਜਗ੍ਹਾ ਨਹੀਂ ਬਣਾਈ, ਹਰ ਵੇਲੇ ਕੇਵਲ ਸਿਮਰਨ ਹੀ ਸਿਮਰਨ ਮੁਖ ਮੰਨ ਕੇ, ਸਿਮਰਨ ਹੀ ਸਿਮਰਨ ਕੀਤਾ। ਯਥਾ:- ਮਾਰਕੰਡੇ ਤੇ ਕੋ ਅਧਿਕਾਈ; ਜਿਨਿ ਤ੍ਰਿਣ ਧਰਿ ਮੂੰਡ ਬਲਾਏ॥) ਕਈ ਕੋਟਿ; ਭਏ ਬੈਰਾਗੀ॥ ਰਾਮ ਨਾਮ ਸੰਗਿ; ਤਿਨਿ ਲਿਵ ਲਾਗੀ॥) ਕਤੰਚ ਚਪਲ ਮੋਹਨੀ ਰੂਪੰ ਪੇਖੰਤੇ; ਤਿਆਗੰ ਕਰੋਤਿ॥ ਰਹੰਤ ਸੰਗ ਭਗਵਾਨ ਸਿਮਰਣ; ਨਾਨਕ.ਲਬਧ੍ਹੰ ਅਚੁਤ ਤਨਹ॥) ਹਰਿ ਬਿਨੁ ਜੋ ਰਹਣਾ.ਨਰਕੁ ਸੋ ਸਹਣਾ; ਚਰਨ ਕਮਲ ਮਨੁ ਬੇਧਿਆ॥ ਹਰਿ ਰਸਿਕ ਬੈਰਾਗੀ, ਨਾਮਿ ਲਿਵ ਲਾਗੀ; ਕਤਹੁ.ਨ ਜਾਇ ਨਿਖੇਧਿਆ॥) ਜਿਨ ਸਚੁ ਜਾਤਾ; ਸੇ ਸਚਿ ਸਮਾਣੇ॥ ਹਰਿ ਗੁਣ ਗਾਵਹਿ; ਸਚੁ ਵਖਾਣੇ॥ ਨਾਨਕ ਨਾਮਿ ਰਤੇ ਬੈਰਾਗੀ; ਨਿਜ ਘਰਿ ਤਾੜੀ ਲਾਵਣਿਆ॥) ਜਿਹਿ ਬਿਖਿਆ ਸਗਲੀ ਤਜੀ; ਲੀਓ ਭੇਖ ਬੈਰਾਗ॥ ਕਹੁ ਨਾਨਕ ਸੁਨ ਰੇ ਮਨਾ; ਤਿਹ ਨਰ ਮਾਥੈ ਭਾਗ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਤਾਂਈਂ- ਹਮਰਾ ਮਨੁ ਬੈਰਾਗ ਬਿਰਕਤੁ ਭਇਓ; ਹਰਿ ਦਰਸਨ ਮੀਤ ਕੈ ਤਾਈ॥) ਮੈ ਨੀਰੇ.ਅਨਿਕ ਭੋਜਨ ਬਹੁ ਬਿੰਜਨ; ਤਿਨ ਸਿਉ.ਦ੍ਰਿਸਟਿ ਨ ਕਰੈ ਰੁਚਾਂਗੈ॥) ਜੇ ਧਰਤੀ ਸਭ ਕੰਚਨੁ ਕਰਿ ਦੀਜੈ; ਬਿਨੁ ਨਾਵੈ.ਅਵਰੁ ਨ ਭਾਇਆ ਰਾਮ॥) ਤਾਂਈਂ- ਮੇਰਾ ਮਨੁ ਲੋਚੈ; ਗੁਰ ਦਰਸਨ ਤਾਈ॥ ਬਿਲਪ ਕਰੇ; ਚਾਤ੍ਰਿਕ ਕੀ ਨਿਆਈ॥) ਪਰੰਦਏ; ਨ ਗਿਰਾਹ ਜਰ॥ ਦਰਖਤ ਆਬ; ਆਸ ਕਰ॥ ਦਿਹੰਦ ਸੁਈ॥ ਏਕ ਤੁਈ. ਏਕ ਤੁਈ॥) ਸਿਧ ਸਾਧਿਕ. ਗਿਰਹੀ ਜੋਗੀ; ਤਜਿ ਗਏ ਘਰ ਬਾਰ॥) ਮੈ ਦੇਵਾਨਾ ਭਇਆ ਅਤੀਤੁ॥) ਮਨਿ ਬੈਰਾਗੁ ਭਇਆ; ਦਰਸਨੁ ਦੇਖਣੈ ਕਾ ਚਾਉ॥) ਹਉ. ਰਹਿ ਨ ਸਕਾ. ਬਿਨੁ ਦੇਖੇ ਪ੍ਰੀਤਮਾ; ਮੈ. ਨੀਰੁ ਵਹੇ ਵਹਿ. ਚਲੈ ਜੀਉ॥) ਇਕ ਘੜੀ. ਨ ਮਿਲਤੇ; ਤਾ ਕਲਿਜੁਗੁ ਹੋਤਾ॥ ਹੁਣਿ ਕਦਿ ਮਿਲੀਐ; ਪ੍ਰਿਅ ਤੁਧੁ ਭਗਵੰਤਾ॥ ਮੋਹਿ. ਰੈਣਿ. ਨ ਵਿਹਾਵੈ, ਨੀਦ ਨ ਆਵੈ; ਬਿਨੁ ਦੇਖੇ. ਗੁਰ ਦਰਬਾਰੇ ਜੀਉ॥) ਆਸਾ ਘਰੁ ੪ ਮਹਲਾ ੧ ੧ੴ ਸਤਿਗੁਰ ਪ੍ਰਸਾਦਿ॥ ਤਾਂਈਂ- ਦੇਵਤਿਆ. ਦਰਸਨ ਕੈ ਤਾਈ; ਦੂਖ ਭੂਖ ਤੀਰਥ ਕੀਏ॥ ਜੋਗੀ ਜਤੀ ਜੁਗਤਿ ਮਹਿ ਰਹਤੇ; ਕਰਿ ਕਰਿ ਭਗਵੇ ਭੇਖ ਭਏ॥੧॥ ਤਉ ਕਾਰਣਿ ਸਾਹਿਬਾ ਰੰਗਿ ਰਤੇ॥ ਤੇਰੇ ਨਾਮ ਅਨੇਕਾ ਰੂਪ ਅਨੰਤਾ; ਕਹਣੁ ਨ ਜਾਹੀ ਤੇਰੇ ਗੁਣ ਕੇਤੇ॥੧॥ ਰਹਾਉ॥ ਦਰ ਘਰ ਮਹਲਾ.ਹਸਤੀ ਘੋੜੇ; ਛੋਡਿ ਵਿਲਾਇਤਿ ਦੇਸ ਗਏ॥ ਪੀਰ ਪੈਕਾਂਬਰ ਸਾਲਿਕ ਸਾਦਿਕ; ਛੋਡੀ ਦੁਨੀਆ ਥਾਇ ਪਏ॥੨॥ ਸਾਦ ਸਹਜ ਸੁਖ.ਰਸ ਕਸ ਤਜੀਅਲੇ; ਕਾਪੜ ਛੋਡੇ ਚਮੜ ਲੀਏ॥ ਦੁਖੀਏ ਦਰਦਵੰਦ ਦਰਿ ਤੇਰੈ; ਨਾਮਿ ਰਤੇ ਦਰਵੇਸ ਭਏ॥ ਖਲੜੀ ਖਪਰੀ ਲਕੜੀ ਚਮੜੀ; ਸਿਖਾ ਸੂਤੁ ਧੋਤੀ ਕੀਨ੍ਹੀ॥ ਤੂੰ ਸਾਹਿਬੁ. ਹਉ ਸਾਂਗੀ ਤੇਰਾ; ਪ੍ਰਣਵੈ ਨਾਨਕੁ ਜਾਤਿ ਕੈਸੀ॥੪॥੧॥੩੩॥) ਗੁਰਮੁਖਿ; ਖੋਜਤ ਭਏ ਉਦਾਸੀ॥ ਤਾਂਈਂ- ਦਰਸਨ ਕੈ ਤਾਈ; ਭੇਖ ਨਿਵਾਸੀ॥ ਸਾਚ ਵਖਰ ਕੇ; ਹਮ ਵਣਜਾਰੇ॥ ਨਾਨਕ ਗੁਰਮੁਖਿ ਉਤਰਸਿ ਪਾਰੇ॥੧੮॥

ਰੁੱਤਿ ਪੱਤ- ਫਰੀਦਾ. ਰੁਤਿ ਫਿਰੀ, ਵਣੁ ਕੰਬਿਆ; ਪਤ ਝੜੇ ਝੜਿ ਪਾਹਿ॥ ਚਾਰੇ ਕੁੰਡਾ ਢੂੰਢੀਆਂ; ਰਹਣੁ ਕਿਥਾਊ ਨਾਹਿ॥੧੦੨॥ ਧੰਨ ਹਨ ਬਾਬਾ ਫ਼ਰੀਦ ਸਾਹਿਬ ਜੀ, ਆਪ ਜੀ ਨੂੰ, ਵਾਹਿਗੁਰੂ ਜੀ ਅਨੇਕਾਂ ਸਰਗੁਨ ਸਰੂਪ ਧਾਰ ਕੇ ਦਰਸ਼ਣ ਬਖਸ਼ ਰਹੇ ਹਨ, ਨਿਰਗੁਣ 'ਚ ਮਨ ਬਾਣੀ ਰੋਮਿ ੨ ਕਰਕੇ ਲੀਨ ਹੋ ਰਹੇ ਹਨ। ਸਾਨੂੰ

Sri Satguru Jagjit Singh Ji eLibrary NamdhariElibrary@gmail.com

ਅਕ੍ਰਿਤਘਣਾਂ ਕਲਜੁੱਗੀ ਮਹਾਂ ਪਾਪੀ ਜੀਆਂ ਨੂੰ ਵਿਕਾਰਾਂ ਔਗੁਣਾਂ ਦੋਸ਼ਾਂ ਤੋਂ ਬਚਾਉਣ ਲਈ, ਪੂਰਨ ਵੈਰਾਗ ਹੀ ਵੈਰਾਗ ਪੈਦਾ ਕਰਨ ਲਈ, ਮਰਨਾ ਯਾਦ ਕਰਾ ਰਹੇ ਹਨ, ਜਿਸ ਕਰਕੇ ਸੁਆਸ ੨ ਵਾਹਿਗੁਰੂ ੨ ਜਪੀਏ। ਹੇ ਗ੍ਰੀਬ ਫਰੀਦਾ! ਸੌਣ ਭਾਦੋਂ ਵਰਖਾ ਦੀ ਹਰੀ ਭਰੀ ਰੁਤਿ (ਫਿਰੀ)ਬਦਲ ਗਈ ਭਾਵ ਪੱਤਝੜ ਰੁੱਤ ਆ ਗਈ, ਤੇਜ਼ ਠੰਢੀ ਹਵਾ ਚੱਲਣ ਤੋਂ (ਵਣੁ)ਜੰਗਲ਼, ਠੰਢੀ ਹਵਾ ਦੀ ਠੰਢ ਨਾਲ (ਕੰਬਿਆ)ਕੰਬ ਉੱਠਿਆ। ਠੰਢੀ ਤੇਜ਼ ਹਵਾ ਦੇ ਬ੍ਰਿੱਛਾਂ ਨੂੰ ਝੰਜੋੜਨ ਤੋਂ (ਪਤ)ਪੱਤੇ (ਝੜੇ)ਝੜ ਝੜਿ ਕੇ, ਧਰਤੀ 'ਤੇ ਡਿੱਗ (ਪਾਹਿ)ਪੈਂਦੇ ਹਨ। ਉੱਤ੍ਰ ਦੱਖਣ ਪੂਰਬ ਪੱਛਮ ਚਾਰੇ (ਕੁੰਡਾ)ਤਰਫ਼ਾਂ (ਢੂੰਢੀਆਂ)ਖੋਜੀਆਂ ਹਨ, (ਕਿਥਾਊ)ਕਿਸੇ ਥਾਂ ਵੀ ਪੱਤਿਆਂ ਦਾ ਬ੍ਰਿੱਛਾਂ ਨਾਲ ਲੱਗੇ (ਰਹਣੁ)ਰਹਿਣਾ (ਨਾਹਿ)ਨਹੀਂ ਹੁੰਦਾ, ਬ੍ਰਿੱਛਾਂ ਦੇ ਪੱਤੇ ਝੜ੍ ਜਾਂਦੇ ਹਨ, ਇਉਂ ਜੁਆਨ ਅਵਸਥਾ ਰੂਪੀ ਰੁਤਿ (ਫਿਰੀ)ਬਦਲ ਗਈ ਭਾਵ ਬ੍ਰਿਧ ਅਵਸਥਾ ਰੂਪੀ ਪੱਤਝੜ ਰੁੱਤ ਆ ਗਈ, ਬੁਰਿਆਈਆਂ ਦੀ ਠੰਢ ਸਹਿਤ, ਮੰਦ- ਵਾਸ਼ਨਾ ਰੂਪੀ ਹਵਾ ਨਾਲ ਸ੍ਰੀਰ ਰੂਪੀ ਵਣੁ, ਪਾਪਾਂ ਰੂਪੀ ਪਾਲ਼ੇ ਨਾਲ਼ ਕੰਬਿਆ, ਹੱਥ ਹਿੱਲਣ ਲੱਗ ਗਏ, ਸ੍ਰੀਰ ਕਮਜ਼ੋਰ ਹੋਣ ਤੋਂ, ਇੰਦ੍ਰੀਆਂ ਰੂਪੀ ਪੱਤੇ ਝੜੇ ਝੜਿ ਪੈਂਦੇ ਹਨ। ਖੰਡ ਦੀ ਚੁੱਟਕੀ ਦੁੱਧ 'ਚ ਪਾਉਣ ਲੱਗਿਆਂ, ਬਾਹਰ ਡਿੱਗ ਪੈਂਦੀ ਹੈ, ਅੱਖਾਂ ਦੇਖਣ ਵੱਲੋਂ ਜਬਾਬ ਦੇ ਦਿੰਦੀਆਂ ਹਨ। ਕੰਨ ਬੋਲ਼ੇ ਹੋ ਜਾਂਦੇ ਹਨ। ਚਾਰੇ ਤਰਫ਼ਾਂ ਖੋਜੀਆਂ ਹਨ, ਕਿਸੇ ਥਾਂ ਸ੍ਰੀਰ ਦਾ ਰਹਿਣਾ ਨਹੀਂ ਹੁੰਦਾ। ਯਥਾ:- ਫਰੀਦਾ. ਅਖੀ ਦੇਖਿ ਪਤੀਣੀਆਂ; ਸੁਣਿ ਸੁਣਿ ਰੀਣੇ ਕੰਨ॥ ਸਾਖ ਪਕੰਦੀ ਆਈਆ; ਹੋਰ ਕਰੇਂਦੀ ਵੰਨ॥) ਫਰੀਦਾ. ਇਨੀ ਨਿਕੀ ਜੰਘੀਐ; ਥਲ ਡੂੰਗਰ ਭਵਿਓਮ੍ਹਿ॥ ਅਜੁ ਫਰੀਦੈ. ਕੂਜੜਾ; ਸੈ ਕੋਹਾਂ ਥੀਓਮਿ॥੨੦॥) ਸ੍ਰਵਨਨ ਬਿਕਲ ਭਏ ਸੰਗਿ ਤੇਰੇ; ਇੰਦ੍ਰੀ ਕਾ ਬਲੁ ਥਾਕਾ॥ ਚਰਨ ਰਹੇ ਕਰ ਢਰਕਿ ਪਰੇ ਹੈ; ਮੁਖਹੁ. ਨ ਨਿਕਸੈ ਬਾਤਾ॥) ਚੱਬਣ ਚੱਲਣ- ਚਬਣ ਚਲਣ ਰਤੰਨ; ਸੇ ਸੁਣੀਅਰ ਬਹਿ ਗਏ॥ ਹੇੜੇ ਮੁਤੀ ਧਾਹ; ਸੇ ਜਾਨੀ ਚਲਿ ਗਏ॥੨੨॥) ਦੇਖੁ ਫਰੀਦਾ. ਜੁ ਥੀਆ; ਦਾੜੀ ਹੋਈ ਭੂਰ॥ ਅਗਹੁ ਨੇੜਾ ਆਇਆ; ਪਿਛਾ ਰਹਿਆ ਦੂਰਿ॥੯॥) ਫਰੀਦਾ. ਸਿਰੁ ਪਲਿਆ. ਦਾੜੀ ਪਲੀ; ਮੁਛਾਂ ਭੀ ਪਲੀਆਂ॥ ਰੇ ਮਨ. ਗਹਿਲੇ ਬਾਵਲੇ; ਮਾਣਹਿ ਕਿਆ ਰਲੀਆਂ॥) ਬੁਢਾ ਹੋਆ ਸੇਖ ਫਰੀਦੁ; ਕੰਬਣਿ ਲਗੀ ਦੇਹ॥ ਜੇ ਸਉ ਵਰ੍ਹਿਆ ਜੀਵਣਾ; ਭੀ ਤਨੁ ਹੋਸੀ ਖੇਹ॥) ਚਉਥੈ ਪਹਰੈ ਰੈਣਿ ਕੈ, ਵਣਜਾਰਿਆ ਮਿਤ੍ਰਾ; ਬਿਰਧਿ ਭਇਆ ਤਨੁ ਖੀਣੁ॥ ਅਖੀ ਅੰਧੁ. ਨ ਦੀਸਈ, ਵਣਜਾਰਿਆ ਮਿਤ੍ਰਾ; ਕੰਨੀ. ਸੁਣੈ ਨ ਵੈਣ॥ ਅਖੀ ਅੰਧੁ. ਜੀਭ ਰਸੁ ਨਾਹੀ; ਰਹੇ ਪਰਾਕਉ ਤਾਣਾ॥ ਗੁਣ ਅੰਤਰਿ ਨਾਹੀ. ਕਿਉ ਸੁਖੁ ਪਾਵੈ; ਮਨਮੁਖ ਆਵਣ ਜਾਣਾ॥ ਖੜੁ ਪਕੀ. ਕੁੜਿ ਭਜੈ ਬਿਨਸੈ; ਆਇ ਚਲੈ ਕਿਆ ਮਾਣੁ॥ ਕਹੁ ਨਾਨਕ. ਪ੍ਰਾਣੀ ਚਉਥੈ ਪਹਰੈ; ਗੁਰਮੁਖਿ ਸਬਦੁ ਪਛਾਣੁ॥੪॥) ਦੰਦਾਂ ਕੰਨਾਂ ਲੋਇਣਾਂ; ਇਨ੍ਹਾਂ ਦਿਤੀ ਹਾਰ। ਦੇਖ ਫਰੀਦਾ. ਉਠਿ ਚਲੇ; ਤੇਰੇ ਮੁੱਢ ਕਦੀਮੀ ਯਾਰ।

ਫਰੀਦਾ. ਪਾੜਿ ਪਟੋਲਾ ਧਜ ਕਰੀ; ਕੰਬਲੜੀ ਪਹਿਰੇਉ॥) ਵੇਸੀਂ- ਜਿਨ੍ਹੀ ਵੇਸੀ. ਸਹੁ ਮਿਲੈ; ਸੇਈ ਵੇਸ ਕਰੇਉ॥੧੦੩॥ ਵਾਹਿਗੁਰੂ ਧੰਨ ਬਾਬਾ ਫ਼ਰੀਦ ਸਾਹਿਬ ਜੀ, ਬਹੁਤੋ ਬਹੁਤੇ ਘਣੇ ਵੈਰਾਗ, ਪੂਰਨ ਗ੍ਰੀਬੀ ਸਹਿਤ ਫ਼ੁਰਮਾ ਰਹੇ ਹਨ:- ਹੇ ਦਾਸਨ ਦਾਸ ਗ੍ਰੀਬ ਫਰੀਦਾ! (ਪਟੋਲਾ)ਰੇਸ਼ਮ ਦਾ ਬਸਤ੍ਰ ਅਤੇ (ਕੰਬਲੜੀ)ਕੰਬਲ਼ੀ ਪਾੜਿ ਕੇ, (ਧਜ)ਲੀਰਾਂ (ਕਰੀ)ਕਰ ਦੇਈਂ, ਰੇਸ਼ਮ ਕੰਬਲ਼ੀ ਦਾ ਪਹਿਨਣਾਂ ਛੱਡ ਕੇ, ਲੀਰਾਂ ਹੀ ਪੈਨ੍ਹਣਾ ਕਰ। (ਜਿਨ੍ਹੀ)ਜਿਨ੍ਹਾਂ (ਵੇਸੀ)ਵੇਸਾਂ ਪਹਿਰਾਵਿਆਂ, (ਵੇਸੀ)ਸ਼ੁਭ ਅਮਲੀਂ (ਸਹੁ)ਪਤੀ ਪ੍ਰਮਾਤਮਾ ਜੀ (ਮਿਲੈ)ਮਿਲਣ, (ਸੇਈ)ਓਹੀ (ਵੇਸ)ਪਹਿਰਾਵੇ, ਸ਼ੁਭ ਅਮਲ, (ਕਰੇਉ)ਕਰਨਾ ਕਰ। ਪ੍ਰਾਪਤੀ ਦੇ (ਵੇਸ)ਸ਼ੁਭ ਅਮਲ, ਆਪੇ ਹੀ ਦੱਸਦੇ ਹਨ:- ਨਿਵਣੁ ਸੁ ਅਖਰੁ. ਖਵਣੁ ਗੁਣੁ; ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ; ਤਾ ਵਸਿ ਆਵੀ ਕੰਤੁ॥੧੨੭॥) ਸਿਫਤਿ ਸਰਮ ਕਾ ਕਪੜਾ ਮਾਂਗਉ; ਹਰਿ ਗੁਣ, ਨਾਨਕ ਰਵਤੁ ਰਹੈ॥੪॥੭॥) ਗੁਰ ਕਾ ਸਬਦੁ. ਮਨੈ ਮਹਿ ਮੁੰਦ੍ਰਾ; ਖਿੰਥਾ ਖਿਮਾ ਹਢਾਵਉ॥) ਸਰਬ ਕੀ ਰੇਣ; ਹੋਵੀਜੈ॥ ਆਪੁ ਮਿਟਾਇ; ਮਿਲੀਜੈ॥) ਕਹੁ

Sri Satguru Jagjit Singh Ji eLibrary NamdhariElibrary@gmail.com

ਨਾਨਕ; ਆਪੁ ਮਿਟਾਇਆ॥ ਸਭੁ ਪਾਰਬ੍ਰਹਮੁ; ਨਦਰੀ ਆਇਆ॥) ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਪਿਰੁ ਰੀਸਾਲੂ. ਤਾ ਮਿਲੈ; ਜਾ. ਗੁਰ ਕਾ ਸਬਦੁ ਸੁਣੀ॥) ਆਠ ਪਹਰ ਕਰਿ ਜੋੜਿ ਰਹੁ; ਤਉ. ਭੇਟੈ ਹਰਿ ਰਾਇ ਰੀ॥) ਆਪੁ ਗਵਾਈਐ. ਤਾ ਸਹੁ ਪਾਈਐ; ਅਉਰੁ ਕੈਸੀ ਚਤੁਰਾਈ॥) ਸਾਚੁ ਕਹੌ. ਸੁਨ ਲੇਹੁ ਸਭੈ; ਜਿਨ ਪ੍ਰੇਮੁ ਕੀਓ. ਤਿਨ ਹੀ ਪ੍ਰਭੁ ਪਾਇਓ॥)

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਰੱਬ ਸਰੂਪ ਭਗਤ ਜੀ ਨੂੰ ਸ੍ਰਬ ਵਿਆਪੀ ਮਹਾਂ ਵਿਸਮਾਦ ਵੈਰਾਗ ਹੀ ਵੈਰਾਗ ਹੈ। ਖਾਣ ਪੀਣ ਪੈਨ੍ਹਣ ਵਿਕਾਰ ਦਾ ਪੂਰਨ ਤਿਆਗ ਹੈ। ਪਖੰਡੀ ਸੰਤਾਂ ਅਤੇ ਸਭ ਨੂੰ ਸੋਹਣੇ ਬਸਤ੍ਰ ਫ਼ੈਸ਼ਨ ਦਿਖਾਵੇ ਦੇ ਤਿਆਗ ਦਾ ਸ਼ੁਭ ਸੱਚਾ ਉਪਦੇਸ਼ ਹੈ, ਜੋ ਰੇਸ਼ਮ ਦੇ ਬਸਤ੍ਰ ਕੰਬਲੀ ਪਾੜ ਕੇ ਲੀਰਾਂ ਪੈਹਿਨ ਰਹੇ ਹਨ। ਯਥਾ:- ਬਾਬਾ; ਹੋਰੁ ਪੈਨਣੁ ਖੁਸੀ ਖੁਆਰੁ॥ ਜਿਤੁ ਪੈਧੈ. ਤਨੁ ਪੀੜੀਐ; ਮਨ ਮਹਿ. ਚਲਹਿ ਵਿਕਾਰ॥੧॥) ਹੇ ਭਾਈ! ਗੁਰਮਤਿ ਦਾ ਪਹਿਨਣਾ ਛੱਡ ਕੇ, ਹੋਰੁ ਦੁਰਮਤਿ ਦਾ ਪੈਨਣੁ, ਖੁਸੀ ਨੂੰ ਖੁਆਰੀ 'ਚ ਬਦਲ ਦਿੰਦਾ ਹੈ। (ਜਿਤੁ)ਜਿਸ ਦ`(ਪੈਧੈ)ਪੈਨ੍ਹਣ ਕਰਕੇ ਸ੍ਰੀਰ 'ਚ ਕਸ਼ਟ ਵਿਸ਼ੇ ਵਿਕਾਰ ਦੀਆਂ ਪੀੜਾਂ ਹੁੰਦੀਆਂ ਹਨ। ਜਿਹੜੇ ਪੰਖਡੀ ਸੰਤ, ਦੁਨੀਆਵੀ ਬੰਦੇ, ਪਖੰਡ ਕਰਕੇ, ਦੁਨੀਆਂ ਨੂੰ ਛਲ ਕੇ, ਮਾਇਆ ਨੂੰ ਅਪਣੇ ਖਾਣ ਕੀਮਤੀ ਬਸਤ੍ਰਾਂ ਘਰਾਂ ਅਸਵਾਰੀਆਂ 'ਤੇ ਖ਼ਰਚਦੇ ਹਨ, ਧਰਮ- ਅਰਥ ਨਹੀਂ ਖ਼ਰਚਦੇ। ਸੋਹਣੇ ੨ ਚੋਲ਼ੇ ਬਸਤ੍ਰ ਸੁਗੰਧੀਆਂ ਲਾਉਣੀਆਂ ਛਾਪਾਂ ਪਾਉਣੀਆਂ ਸੋਨਾ ਪੈਨ੍ਹਣਾ ਸੰਤਗੀਰੀ ਦੇ ਰੰਗਾਂ ੨ ਦੇ ਸ਼ਿੰਗਾਰ ਕਰਨੇ। ਯਥਾ:- ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥੧॥) ਭੇਖ ਦਿਖਾਏ ਜਗਤ ਕੋ; ਲੋਗਨ ਕੋ ਬਸਿ ਕੀਨ॥ ਅੰਤ. ਕਾਲ ਕਾਤੀ ਕਟਸੋ; ਬਾਸੁ ਨਰਕ ਮੋ ਲੀਨ॥ ਗੁਰੂ ਘਰ ਦੀ ਮਾਇਆ ਨਾਗਣੀ, ਚੋਰੀ ਕਰਨੀ, ਗ਼ੋਲਕ 'ਤੇ ਕਬਜ਼ਾ ਕਰਨਾ, ਬੰਦਗੀ ਗੁਰੂ ਸੇਵਾ ਨ ਕਰਨੀ, ਖੀਰਾਂ ਪੂੜੇ ਅਨੇਕ ਪ੍ਰਕਾਰ ਦੇ ਪਦਾਰਥ ਛਕਣੇ, ਕੇਵਲ ਸੁਆਦ ਦੇ ਹੀ ਵਸੀਕਾਰ ਰਹਿਣਾ।

ਮਃ ੩॥ ਕਾਇ ਪਟੋਲਾ ਪਾੜਤੀ; ਕੰਬਲੜੀ ਪਹਿਰੇਇ॥ ਨਾਨਕ. ਘਰ ਹੀ ਬੈਠਿਆ, ਸਹੁ ਮਿਲੈ; ਜੇ ਨੀਅਤਿ ਰਾਸਿ ਕਰੇਇ॥੧੦੪॥ ਪਰਮਪੂਜਨੀਕ ਸੱਚੇ ਸਤਿਗੁਰੂ ਵਾਹਿਗੁਰੂ ਮਹੱਲੇ ਪਹਿਲੇ ਜੀ ਦੇ (੩)ਤੀਜੇ (ਮਃ)ਸਰੂਪ, ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ, ਆਪਣੇ ਪਿਆਰੇ ਭਗਤ ਜੀ ਨੂੰ ਸਿਰੋਪਾਉ ਬਖ਼ਸ਼ਦਿਆਂ, ਜੋ ਉਨ੍ਹਾਂ ਨੇ ਉਪ੍ਰੋਕਤ ਸਲੋਕ 'ਚ, ਬਚਨ ਕਹੇ ਹਨ, ਉਨ੍ਹਾਂ ਨੂੰ ਫੁੱਲ ਚੜ੍ਹਾ ਰਹੇ ਹਨ। ਸਤਿਗੁਰੂ ਮਹਾਰਾਜ ਸਾਹਿਬ ਜੀ, ਭਗਤ ਜਨਾਂ; ਹਰਿ ਮਾਂ ਪਿਉ ਬੇਟਾ॥ ਹਨ। ਸ੍ਰੀ ਫ਼ਰੀਦ ਸਾਹਿਬ ਜੀ, ਗੁਰੂ ਅਮਰਦਾਸ ਸਾਹਿਬ ਜੀ ਇੱਕ ਜੋਤਿ ਹਨ, ਮਹਾਰਾਜ ਸਾਹਿਬ ਜੀ ਫ਼ੁਰਮਾ ਰਹੇ ਹਨ:- ਹੇ ਪਿਆਰਿਓ ! "ਸ੍ਰੀ ਭਗਤ ਫਰੀਦਾ ਸਾਹਿਬ ਜੀ ਨੇ, ਜੋ ਅਮੋਲਕ ਸੁੰਦਰ ਬਚਨ ਫ਼ੁਰਮਾਏ ਹਨ, ਸੋ ਸਹੀ ਨਿਸਚੇ ਸੱਚੇ ਹਨ, ਮੰਨਣੇ ਪੂਜਣੇ ਕਮਾਉਣੇ ਨਮਸਕਾਰਨੇ ਧਿਆਉਣੇ ਕਰਕੇ, ਅਕਾਲ ਪੁਰਖ ਜੀ ਦੀ ਪ੍ਰਾਪਤੀ ਹੈ। ਆਪਣੇ ਪਿਆਰੇ ਸਿੱਖਾਂ ਨੂੰ ਕਹਿ ਰਹੇ ਹਨ, ਹੇ ਭਾਈ ਵੇਖੋ! ਬਾਬਾ ਫ਼ਰੀਦ ਸਾਹਿਬ ਜੀ ਅਕਾਲ ਪੁਰਖ ਜੀ ਦੀ ਉਤਮ ਸਖੀ (ਕਾਇ)ਕਿਸ ਲਈ (ਪਟੋਲਾ)ਰੇਸ਼ਮ ਦਾ ਬਸਤ੍ਰ ਅਤੇ (ਕੰਬਲੜੀ)ਕੰਬਲੀ ਨੂੰ (ਪਾੜਤੀ)ਪਾੜਦੀ ਹੈ, ਲੀਰਾਂ (ਪਹਿਰੇਇ)ਪੈਹਨ ਰਹੀ ਹੈ? ਉੱਤ੍ਰ:- ਪੂਰਨ ਭਗਤ ਜੀ ਪੂਰਨ ਵੈਰਾਗ ਤਿਆਗ ਸਹਿਤ, ਇਸਤ੍ਰੀ ਸਪੁੱਤ੍ਰ ਘਰ ਸੰਸਾਰ ਦਾ ਸਾਰਾ ਮੋਹ ਫੈਸ਼ਨ ਤਿਆਗ ਕੇ, ਇਹ ਵੈਰਾਗਮਈ ਗੁਰਬਾਣੀ ਅਕਾਲ ਪੁਰਖ ਜੀ 'ਚ ਲੀਣ ਹੋ ਕੇ ਉਚਾਰ ਰਹੇ ਹਨ:- ਫਰੀਦਾ. ਪਾੜਿ ਪਟੋਲਾ ਧਜ ਕਰੀ; ਕੰਬਲੜੀ ਪਹਿਰੇਉ॥) ਵੇਸੀਂ- ਜਿਨ੍ਹੀ ਵੇਸੀ. ਸਹੁ ਮਿਲੈ; ਸੇਈ ਵੇਸ ਕਰੇਉ॥੧੦੩॥) ਸੋਹਣੇ ਬਸਤ੍ਰ ਪਹਿਨ ਕੇ ਸੋਹਣੇ ਬਨਣੇ ਕਰਕੇ ਵਿਕਾਰ ਉਪਜਦੇ ਹਨ। ਇਸ ਲਈ ਆਪ ਜੀ ਨੂੰ ਸੋਹਣੇ ਬਸਤ੍ਰ ਪਹਿਨਣੈ ਚੰਗੇ ਨਹੀਂ ਲਗਦੇ। ਯਥਾ:- ਹਉ ਭਈ ਉਡੀਣੀ. ਕੰਤ ਕਉ ਅੰਮਾਲੀ; ਸੋ ਪਿਰੁ. ਕਦਿ ਨੈਣੀ ਦੇਖਾ॥ ਸਭਿ ਰਸ

Sri Satguru Jagjit Singh Ji eLibrary NamdhariElibrary@gmail.com

ਭੋਗਣ ਵਿਸਰੇ; ਬਿਨੁ ਪਿਰ. ਕਿਤੈ ਨ ਲੇਖਾ॥ ਇਹੁ ਕਾਪੜੁ. ਤਨਿ ਨ ਸੁਖਾਵਈ; ਕਰਿ ਨ ਸਕਉ. ਹਉ ਵੇਸਾ॥ ਜਿਨੀ ਸਖੀ. ਲਾਲੁ ਰਾਵਿਆ ਪਿਆਰਾ; ਤਿਨ ਆਗੈ. ਹਮ ਆਦੇਸਾ॥੩॥ ਮੈ. ਸਭਿ ਸੀਗਾਰ ਬਣਾਇਆ ਅੰਮਾਲੀ; ਬਿਨੁ ਪਿਰ. ਕਾਮਿ ਨ ਆਏ॥ ਜਾ ਸਹਿ. ਬਾਤ ਨ ਪੁਛੀਆ ਅੰਮਾਲੀ; ਤਾ ਬਿਰਥਾ ਜੋਬਨੁ ਸਭੁ ਜਾਏ॥) ਤੁਝਹਿ ਸੁਝੰਤਾ; ਕਛੂ ਨਾਹਿ॥ ਪਹਿਰਾਵਾ ਦੇਖੇ; ਊਭਿ ਜਾਹਿ॥ ਗਰਬਵਤੀ ਕਾ; ਨਾਹੀ ਠਾਉ॥ ਤੇਰੀ ਗਰਦਨਿ ਊਪਰਿ; ਲਵੈ ਕਾਉ॥੧॥ ਤੂ ਕਾਂਇ ਗਰਬਹਿ ਬਾਵਲੀ॥ ਜੈਸੇ ਭਾਦਉ ਖੂੰਬ ਰਾਜੁ; ਤੂ ਤਿਸ ਤੇ ਖਰੀ ਉਤਾਵਲੀ॥੧॥

ਨਾਨਕ. ਘਰ ਹੀ ਬੈਠਿਆ, ਸਹੁ ਮਿਲੈ; ਜੇ ਨੀਅਤਿ ਰਾਸਿ ਕਰੇਇ॥੧੦੪॥ ਵਾਹਿਗੁਰੂ (ਨਾਨਕ)ਸਤਿਗੁਰੂ ਤੀਜੇ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ:- ਹੇ ਪਿਆਰੇ ਗੁਰਸਿਖੋ! ਰੱਬ ਸਰੂਪ ਬਾਬੇ ਫ਼ਰੀਦ ਸਾਹਿਬ ਜੀ ਵਾਂਗ, ਅਪਣੀ ਨੀਅਤਿ ਨੂੰ ਜੇ (ਰਾਸਿ)ਸੱਚੀ ਸਹੀ ਸਾਫ਼ ਸ਼ੁੱਧ (ਕਰੇਇ)ਕਰ ਲਵੇ, ਤਾਂ ਅੰਤਰਮੁਖ ਹੋ ਕੇ ਆਪਣੇ ਰਿਦੇ ਰੂਪੀ ਘਰ 'ਚ, ਸਾਫ਼ ਨੀਅਤ ਬੈਠਿਆ ਹੀ, (ਸਹੁ)ਪਤੀ ਪ੍ਰਮਾਤਮਾ ਜੀ (ਮਿਲੈ)ਮਿਲਦੇ ਹਨ। ਜਿਵੇਂ ਬਾਬੇ ਫ਼ਰੀਦ ਸਾਹਿਬ ਜੀ ਨੇ ਸਾਫ਼ ਨੀਅਤ ਕੀਤੀ। ਵਿਆਪਕ ਬ੍ਰਹਮ ਜੀ ਅੰਦਰ ਬਾਹਰ ਪ੍ਰਗਟ ਹੋ ਗਏ। ਵਾਹਿਗੁਰੂ ਜੀ ਨੇ ਅਨੇਕਾਂ ਸਰਗੁਣ ਸਰੂਪ ਧਾਰ ਕੇ ਦਰਸ਼ਣ ਬਖ਼ਸ਼ੇ। ਯਥਾ:- ਸਲੋਕੁ ਮਃ ੧॥ ਘਰ ਹੀ ਮੁੰਧਿ ਵਿਦੇਸਿ ਪਿਰੁ ਨਿਤ ਝੂਰੇ ਸੰਮ੍ਹਾਲੇ॥ ਮਿਲਦਿਆ. ਢਿਲ ਨ ਹੋਵਈ; ਜੇ ਨੀਅਤਿ ਰਾਸਿ ਕਰੇ॥੧॥

ਮਃ ੫॥ ਫਰੀਦਾ. ਗਰਬੁ ਜਿਨ੍ਹਾ ਵਡਿਆਈਆ; ਧਨਿ ਜੋਬਨਿ ਆਗਾਹ॥ ਖਾਲੀ ਚਲੇ. ਧਣੀ ਸਿਉ; ਟਿਬੇ ਜਿਉ ਮੀਹਾਹੁ॥੧੦੫॥ ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (ਪ)ਪੰਜਵੇਂ (ਮਃ)ਸਰੂਪ, ਵਾਹਿਗੁਰੂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪਣੇ ਪਿਆਰੇ ਭਗਤ ਜੀ ਨੂੰ, ਮਹਾਂ ਬਖਸ਼ਿਸ਼ ਕਰਕੇ, ਸਿਰੋਪਾਓ ਬਖਸ਼ਦਿਆਂ, ਸੰਬੋਧਨ ਕਰਕੇ ਅਤਿਅੰਤ ਹੀ ਗ਼ਰੀਬੀ ਨਾਲ ਫ਼ੁਰਮਾ ਰਹੇ ਹਨ:- ਹੇ ਭਗਤ ਫਰੀਦਾ ਸਾਹਿਬ ਜੀਉ! ਜਿਨ੍ਹਾ ਚੱਕ੍ਰਵਰਤੀ ਬਾਦਸ਼ਾਹਾਂ ਨੂੰ ਅਪਣੇ (ਆਗਾਹ)ਬੇਹਾਥ ਬਹੁਤੇ (ਜੋਬਨਿ)ਹੁਸਨ ਜੁਆਨੀ, ਧਨਿ ਵਡਿਆਈਆ ਦਾ (ਆਗਾਹ)ਬਹੁਤਾ ਬਹੁਤਾ ਬੇਅੰਤ ਹੀ (ਗਰਬੁ)ਹੰਕਾਰ ਸੀ। (ਜਿਉ)ਜਿਵੇਂ ਰੇਤ ਦੇ ਟਿਬੇ (ਮੀਹਾਹੁ)ਮੀਂਹ ਪੈਣ ਤੋਂ ਤ੍ਰਿਪਤ ਨਹੀਂ ਹੁੰਦੇ, ਤਿਵੇਂ (ਧਣੀ)ਮਾਲਕ ਪ੍ਰਮਾਤਮਾ (ਸਿਉ)ਪਾਸੋਂ ਖਾਲੀ ਅਤ੍ਰਿਪਤ ਨੰਗੇ ਹੀ ਚਲੇ ਗਏ, ਭਾਵ ਰੱਬ ਜੀ ਦੀ ਪ੍ਰਾਪਤੀ ਤ੍ਰਿਪਤੀ ਨਹੀਂ ਕੀਤੀ, ਹੰਕਾਰ ਕਰਕੇ ਭਜਨ ਬੰਦਗੀ ਸਾਧ ਸੰਗਤ ਮਹਾਪੁਰਸ਼ਾਂ ਸਤਿਗੁਰਾਂ ਜੀ ਦੀ ਸ਼ੁਭ ਸੱਚੀ ਸੇਵਾ ਨਹੀਂ ਕਰ ਸਕੇ,"ਓਇ ਅਸੀਂ ਫ਼ਕੀਰਾਂ ਕੋਲ਼ੇ ਜਾਂਦੇ ਚੰਗੇ ਲੱਗਦੇ ਹਾਂ"। ਯਥਾ:- ਰੰਗ ਸੰਗਿ ਬਿਖਿਆ ਕੇ ਭੋਗਾ; ਇਨ ਸੰਗਿ.ਅੰਧ ਨ ਜਾਨੀ॥੧॥ ਹਉ ਸੰਚਉ ਹਉ ਖਾਟਤਾ; ਸਗਲੀ ਅਵਧ ਬਿਹਾਨੀ॥ ਰਹਾਉ॥ ਹਉ ਸੂਰਾ ਪਰਧਾਨੁ ਹਉ; ਕੋ ਨਾਹੀ ਮੁਝਹਿ ਸਮਾਨੀ॥੨॥ ਜੋਬਨਵੰਤ ਅਚਾਰ ਕੁਲੀਨਾ; ਮਨ ਮਹਿ ਹੋਇ ਗੁਮਾਨੀ॥) ਹਉ ਬੰਧਉ; ਹਉ ਸਾਧਉ ਬੈਰੁ॥ ਹਮਰੀ ਭੂਮਿ; ਕਉਣੁ ਘਾਲੈ ਪੈਰੁ॥) ਬਡੇ ਬਡੇ ਅਹੰਕਾਰੀਆ; ਨਾਨਕ.ਗਰਬਿ ਗਲੇ॥

ਫਰੀਦਾ. ਤਿਨਾ ਮੁਖ ਡਰਾਵਣੇ; ਜਿਨਾ. ਵਿਸਾਰਿਓਨੁ ਨਾਉ॥ ਐਥੈ. ਦੁਖ ਘਣੇਰਿਆ; ਅਗੈ. ਠਉਰ ਨ ਠਾਉ॥੧੦੬॥ ਹੇ ਦਾਸਨ ਦਾਸ ਗ਼ਰੀਬ ਫਰੀਦਾ! ਤਿਨਾ ਦੇ ਮੁਖ ਭਿਆਨਕ ਵਿਕਰਾਲ (ਡਰਾਵਣੇ)ਡਰਾਉਂਣੇ ਹਨ, ਜਿਨਾ ਨੇ, ਹੀਏ ਕੋ ਪ੍ਰੀਤਮੁ; ਵਾਹਿਗੁਰੂ (ਨਾਉ)ਨਾਮੁ ਜੀ (ਵਿਸਾਰਿਓਨੁ)ਭੁਲਾ ਦਿਤੇ ਹਨ, ਨਾਮ- ਹੀਨ ਨਾਸਤਕਾਂ ਨੂੰ (ਐਥੇ)ਇਸ ਲੋਕ 'ਚ (ਘਣੇਰਿਆ)ਬਹੁਤੇ ਬਹੁਤੇ ਦੁਖ ਹਨ, (ਅਗੈ)ਪ੍ਰਲੋਕ 'ਚ, ਵਸਣ ਲਈ (ਠਉਰ)ਜਗ੍ਹਾ, (ਠਾਉ)ਟਿਕਾਣਾ ਨਹੀਂ ਮਿਲਦਾ, ਭਾਵ ਧੱਕੇ ਹੀ ਧੱਕੇ ਪੈਂਦੇ ਹਨ। ਯਥਾ:- ਗਉੜੀ ਮਹਲਾ ਪ॥ ਕਣ ਬਿਨਾ; ਜੈਸੇ ਥੋਥਰ ਤੁਖਾ॥ ਨਾਮ ਬਿਹੂਨ; ਸੂਨੇ ਸੇ ਮੁਖਾ॥੧॥ ਹਰਿ ਹਰਿ ਨਾਮੁ; ਜਪਹੁ ਨਿਤ ਪ੍ਰਾਣੀ॥ ਨਾਮ

Sri Satguru Jagjit Singh Ji eLibrary NamdhariElibrary@gmail.com

ਬਿਹੂਨ; ਧ੍ਰਿਗੁ ਦੇਹ ਬਿਗਾਨੀ॥੧॥ ਰਹਾਉ॥ ਨਾਮ ਬਿਨਾ; ਨਾਹੀ ਮੁਖਿ ਭਾਗੁ॥ ਭਰਤ ਬਿਹੂਨ; ਕਹਾ ਸੋਹਾਗੁ॥੨॥ ਨਾਮੁ ਬਿਸਾਰਿ; ਲਗੈ ਅਨ ਸੁਆਇ॥ ਤਾ ਕੀ ਆਸ; ਨ ਪੂਜੈ ਕਾਇ॥੩॥ ਕਰਿ ਕਿਰਪਾ; ਪ੍ਰਭ ਅਪਨੀ ਦਾਤਿ॥ ਨਾਨਕ ਨਾਮੁ ਜਪੈ; ਦਿਨ ਰਾਤਿ॥੪॥੬੫॥੧੩੪॥) ਹਰਿ ਕੇ ਨਾਮ ਹੀਨ; ਬੇਤਾਲ॥) ਮਃ ੫॥ ਕੋਟਿ ਬਿਘਨ ਤਿਸੁ ਲਾਗਤੇ; ਜਿਸਨੋ ਵਿਸਰੈ ਨਾਉ॥ ਨਾਨਕ. ਅਨਦਿਨੁ ਬਿਲਪਤੇ; ਜਿਉ ਸੁੰਞੈ ਘਰਿ ਕਾਉ॥੨॥

ਐਥੈ ਦੁਖ ਘਣੇਰਿਆ;:- ਪਰ ਨਿੰਦਾ, ਪਰ ਇਸਤ੍ਰੀ ਗਮਨ, ਜੂਆ ਕਤਲ ਚੋਰੀ ਡਾਕੇ ਸਿਗ੍ਰਟ ਤਮਾਕੂ ਨਸ਼ੇ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਿਕਾਰ ਮਾਇਆ ਦ੍ਵੈਤ ਅਗਿਆਨ ਵੈਰ ਈਰਖਾ ਤ੍ਰਿਸ਼ਨਾ ਜ਼ੋਰ ਜ਼ੁਲਮ ਆਦਿ ਦੋਸ਼ਾਂ ਕਰਕੇ ਆਪ ਤੜਫ਼ਦੇ ਸੜਦੇ ਮਰਦੇ ਖਪਦੇ ਹਨ, ਹੋਰਨਾਂ ਨੂੰ ਤੜਫ਼ਾਉਂਦੇ ਸਾੜਦੇ ਮਾਰਦੇ ਹਨ।

ਫਰੀਦਾ. ਪਿਛਲ ਰਾਤਿ. ਨ ਜਾਗਿਓਹਿ; ਜੀਵਦੜੋ ਮੁਇਓਹਿ॥ ਜੇ ਤੈ. ਰਬੁ ਵਿਸਾਰਿਆ; ਤ. ਰਬਿ ਨ ਵਿਸਰਿਓਹਿ॥੧੦੭॥ ਬਾਬਾ ਫ਼ਰੀਦ ਸਾਹਿਬ ਜੀ ਵਾਹਿਗੁਰੂ ਜੀ ਦੇ ਪਿਆਰ ਸਤਿਕਾਰ 'ਚ, ਆਪਣੇ ਮਨ ਨੂੰ ਸੰਬੋਧਨ ਕਰਕੇ ਕਹਿੰਦੇ ਹਨ:- ਹੇ ਦਾਸਨ ਦਾਸ ਗ੍ਰੀਬ ਫਰੀਦਾ! ਤੂੰ ਪਿਛਲ ਰਾਤਿ ਸਵਾ ਪਹਿਰ ਦੇ ਤੜਕੇ, ਸਿਮਰਨ ਸੇਵਾ ਪ੍ਰੇਮਾ- ਭਗਤੀ ਕਰਨ ਲਈ (ਨ)ਨਹੀਂ (ਜਾਗਿਓਹਿ)ਜਾਗਿਆ, ਮਰਿਆ ਹੀ ਪਿਆ ਰਿਹਾ, ਰੱਬ ਜੀ ਵੱਲੋਂ (ਜੀਵਦੜੋ)ਜਿਉਂਦਾ ਹੀ (ਮੁਇਓਹਿ)ਮਰ ਗਿਆ, ਪ੍ਰੀਤੀ ਬਿਨਾ ਮੁਰਦਾ ਹੈ। ਯਥਾ:- ਸਾਰੋ ਦਿਨਸੁ; ਮਜੂਰੀ ਕਰੈ॥ ਹਰਿ ਸਿਮਰਨ ਕੀ ਵੇਲਾ; ਬਜਰ ਸਿਰਿ ਪਰੈ॥੧॥) ਬੁਰੇ ਕਾਮ ਕਉ; ਊਠਿ ਖਲੋਇਆ॥ ਨਾਮ ਕੀ ਬੇਲਾ; ਪੈ ਪੈ ਸੋਇਆ॥੧॥) ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ; ਮੁਖਿ ਛਿਆਨੀ ਧਨਵੰਤ॥ ਮਿਰਤਕ. ਕਹੀਅਹਿ ਨਾਨਕਾ; ਜਿਹ ਪ੍ਰੀਤਿ ਨਹੀ. ਭਗਵੰਤ॥)

ਜੇ ਤੈ. ਰਬੁ ਵਿਸਾਰਿਆ; ਤ. ਰਬਿ ਨ ਵਿਸਰਿਓਹਿ॥੧੦੭॥ ਜੇ (ਤੈ)ਤੂੰ ਰਬੁ ਜੀ ਨੂੰ (ਵਿਸਾਰਿਆ)ਭੁਲਾ ਦਿਤਾ ਹੈ, ਤ ਯਾਦ ਰੱਖ, ਤੂੰ ਰਬਿ ਨੂੰ ਨਹੀਂ (ਵਿਸਰਿਓਹਿ)ਭੁੱਲਿਆ, ਉਹ ਅੰਤਰਜਾਮੀ ਵਿਆਪਕ ਨੇੜੇ ਤੋਂ ਨੇੜੇ ਸੁਣਦੇ ਵੇਖਦੇ ਹਨ। ਯਥਾ:- ਸਰਬ ਭੂਤ; ਆਪਿ ਵਰਤਾਰਾ॥ ਸਰਬ ਨੈਨ; ਆਪਿ ਪੇਖਨਹਾਰਾ॥) ਸਭੁ ਕਿਛੁ ਸੁਣਦਾ ਵੇਖਦਾ; ਕਿਉ ਮੁਕਰਿ ਪਇਆ ਜਾਇ॥) ਅਕਿਰਤਘਣਾ ਨੋ ਪਾਲਦਾ; ਪ੍ਰਭ ਨਾਨਕ. ਸਦ ਬਖਸਿੰਦੁ॥ ਭਾਵੇਂ ਤੂੰ ਉਨ੍ਹਾਂ ਨੂੰ ਨਹੀਂ ਜਪਦਾ ਫੇਰ ਭੀ ਤੇਰੀ ਪਾਲਣਾ ਕਰ ਰਹੇ ਹਨ। ਜਦੋਂ ਉਨ੍ਹਾਂ ਨੇ ਤੈਨੂੰ ਭੁਲਾ ਦਿੱਤਾ, ਭਾਵ ਤੇਰੇ 'ਚੋਂ ਜੋਤਿ ਖਿੱਚ ਲਈ, ਇੱਕ ਕਦਮ ਭੀ ਨਹੀਂ ਚੁੱਕ ਸਕੇਂਗਾ। ਯਥਾ;- ਜਬ ਅਪੁਨੀ ਜੋਤਿ. ਖਿੰਚਹਿ ਤੂ ਸੁਆਮੀ; ਤਬ ਕੋਈ ਕਰਉ ਦਿਖਾ ਵਖਿਆਨਾ॥ ਅੰਮ੍ਰਿਤ ਵੇਲੇ ਦੀ ਬਹੁਤ ਵੱਡੀ ਮਹਾਨਤਾ ਕਹਿ ਰਹੇ ਹਨ:- ਸਲੋਕੁ॥ ਝਾਲਾਘੇ ਉਠਿ. ਨਾਮੁ ਜਪਿ; ਨਿਸਿ ਬਾਸੁਰ ਆਰਾਧਿ॥ ਕਾਰ੍ਹਾ. ਤੁਝੈ ਨ ਬਿਆਪਈ; ਨਾਨਕ. ਮਿਟੈ ਉਪਾਧਿ॥੧॥ ਅੰਮ੍ਰਿਤ ਵੇਲੇ ਦਾ ਜਾਗਣਾ ਜੇ ਕੋਈ ਜਾਗੇ ਨਿਤ ਇੱਕ ਵਧੇਦੀ ਆਰਜਾ ਦੂਜਾ ਸਾਹਿਬ ਆਵੈ ਚਿਤਿ॥) ਚਉਥੈ ਪਹਰਿ ਸਬਾਹ ਕੈ; ਸੁਰਤਿਆ ਉਪਜੈ ਚਾਉ॥ ਤਿਨਾ ਦਰੀਆਵਾ ਸਿਉ ਦੋਸਤੀ; ਮਨਿ ਮੁਖਿ ਸਚਾ ਨਾਉ॥ ਓਥੈ ਅੰਮ੍ਰਿਤੁ ਵੰਡੀਐ; ਕਰਮੀ ਹੋਇ ਪਸਾਉ॥

ਮਃ ੫॥ ਫਰੀਦਾ. ਕੰਤੁ ਰੰਗਾਵਲਾ; ਵਡਾ ਵੇਮੁਹਤਾਜੁ॥ ਅੱਲਹ- ਅਲਹ ਸੇਤੀ ਰਤਿਆ; ਏਹੁ ਸਚਾਵਾਂ ਸਾਜੁ॥੧੦੮॥ ਵਾਹਿਗੁਰੂ ਗੁਰੂ ਨਾਨਕ ਦੇਵ ਸਾਹਿਬ ਜੀ ਦੇ (੫)ਪੰਜਵੇਂ (ਮਃ)ਸਰੂਪ, ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਬਾਬੇ ਫ਼ਰੀਦ ਸਾਹਿਬ ਜੀ ਨੂੰ ਸਿਰੋਪਾਉ ਬਖਸ਼ਦੇ ਹਨ:- ਹੇ ਪਰਮ ਪਿਆਰੇ ਪਰਮਪੂਜਨੀਕ ਭਗਤ ਫਰੀਦਾ ਸਾਹਿਬ ਜੀਓ! ਸਭ ਦੇ ਅੰਦਰ ਬਾਹਰ ਸਭ ਸਮੇਂ ਸਤ ਸੰਤੋਖ ਦਯਾ ਧਰਮ ਸ਼ੁਭ ਗੁਣਾਂ ਦੇ ਅਨਤ ਕਲਾਵਾਨ ਪ੍ਰਕਾਸ਼ ਹੀ ਪ੍ਰਕਾਸ਼ (ਕੰਤੁ)ਪਤੀ ਵਾਹਿਗੁਰੂ ਜੀ, ਸ੍ਰਬ ਵਿਆਪੀ ਮਹਾਂ ਵਿਸਮਾਦ (ਰੰਗਾਵਲਾ)ਅਨੰਦ ਵਾਲੇ, ਸਾਰਿਆਂ ਤੋਂ (ਵਡਾ)ਵੱਡੇ, (ਵੇਮੁਹਤਾਜੁ)ਸੁਤੰਤ੍ਰ ਵੇਪ੍ਰਵਾਹ ਹਨ।

Sri Satguru Jagjit Singh Ji eLibrary NamdhariElibrary@gmail.com

ਪਰਮਪੂਜਨੀਕ ਬੇਮੁਹਤਾਜ ਸੁਤੰਤ੍ਰ ਪਤੀ (ਅਲਹ)ਪਰਮ ਪਾਕ ਵਾਹਿਗੁਰੂ (ਸੇਤੀ)ਨਾਲ, ਰੋਮ ੨ ਕਰਕੇ ਜੋ (ਰਤਿਆ)ਰੰਗੇ ਜਾਣਾ ਹੈ, ਏਹੁ ਹੀ (ਸਚਾਵਾਂ)ਸੱਚ ਵਾਲਾ (ਸਾਜੁ)ਲਾਭ ਹੈ। ਏਹੁ ਹੀ (ਸਚਾਵਾਂ)ਸੱਚ ਵਾਲਾ, ਸਤ ਸੰਤੋਖ ਦਯਾ ਧਰਮ ਨਿੰਮ੍ਰਤਾ ਹਲੀਮੀ ਗ੍ਰੀਬੀ ਆਦਿ ਸੁਭ ਗੁਣਾਂ ਦਾ (ਸਾਜੁ)ਸਾਜੋ ਸਮਾਨ, (ਸਾਜੁ)ਸਜਣਾ ਹੈ। ਏਹੁ ਹੀ (ਸਚਾਵਾਂ)ਸੱਚ ਵਾਲਾ, ਅਜਪਾ ਜਾਪ ਰੂਪ ਸਾਜੁ ਵੱਜ ਰਿਹਾ ਹੈ। ਜੋ ਸੱਚ ਰੰਗੇ ਪ੍ਰੇਮੀ ਗੁਰਸੇਵਕ ਨੂੰ ਤੱਤਾਂ ਪਸ਼ੂਆਂ ਪੰਛੀਆਂ ਸਭ ਅਵਾਜ਼ਾਂ 'ਚੋਂ ਹਰ ਸਮੇਂ ਸੁਣਦਾ ਰਹਿੰਦਾ ਹੈ। ਯਥਾ:- ਜਹ; ਝਿਲਿਮਿਲਿਕਾਰੁ ਦਿਸੰਤਾ॥ ਤਹ; ਅਨਹਦ ਸਬਦ ਬਜੰਤਾ॥) ਸਿਮਰੈ; ਧਰਤੀ ਅਰੁ ਆਕਾਸਾ॥ ਸਿਮਰਹਿ; ਚੰਦ ਸੂਰਜ ਗੁਣਤਾਸਾ॥) ਗਾਵਹਿ ਤੁਹਨੋ.ਪਉਣੁ ਪਾਣੀ ਬੈਸੰਤਰੁ; ਗਾਵੈ ਰਾਜਾ ਧਰਮੁ ਦੁਆਰੇ॥) ਜੋ ਬੋਲਤ ਹੈ.ਮ੍ਰਿਗ ਮੀਨ ਪੰਖੇਰੂ; ਸੁ ਬਿਨੁ ਹਰਿ.ਜਾਪਤ ਹੈ ਨਹੀ ਹੋਰ॥) ਸਭੈ ਘਟ ਰਾਮੁ ਬੋਲੈ; ਰਾਮਾ ਬੋਲੈ॥ ਰਾਮ ਬਿਨਾ; ਕੋ ਬੋਲੈ ਰੇ॥

ਮਃ ੫॥ ਫਰੀਦਾ. ਦੁਖੁ ਸੁਖੁ ਇਕੁ ਕਰਿ; ਦਿਲ ਤੇ ਲਾਹਿ ਵਿਕਾਰੁ॥ ਅਲਹ ਭਾਵੈ. ਸੋ ਭਲਾ; ਤਾਂ ਲਭੀ ਦਰਬਾਰੁ॥੧੦੯॥ ਵਾਹਿਗੁਰੂ ਗੁਰੂ ਨਾਨਕ ਦੇਵ ਸਾਹਿਬ ਜੀ ਦੇ (੫) ਪੰਜਵੇਂ (ਮਃ) ਸਰੂਪ ਵਾਹਿਗੁਰੂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪਣੇ ਪਿਆਰੇ ਭਗਤ ਜੀ ਨੂੰ ਮਹਾਂ ਬਖਸ਼ਿਸ਼ ਕਰਕੇ, ਸਿਰੋਪਾਓ ਬਖਸ਼ਦਿਆਂ, ਸੰਬੋਧਨ ਕਰਕੇ ਅਤਿਅੰਤ ਹੀ ਗ੍ਰੀਬੀ ਨਾਲ ਫ਼ੁਰਮਾ ਰਹੇ ਹਨ:- ਹੇ ਭਗਤ ਫਰੀਦਾ ਸਾਹਿਬ ਜੀ! ਦਾਸਨ ਦਾਸ ਅਪਣੇ ਮਨ ਨੂੰ ਇਉਂ ਉਪਦੇਸ਼ ਦਿੰਦਾ ਹੈ। ਹੇ ਮਨ! ਦੁਖੁ ਸੁਖੁ (ਇਕੁ) ਇੱਕੋ ਜੇਹਾ (ਕਰਿ) ਕਰਕੇ ਸਮਝ। ਦੋਹਾਂ ਹਾਲਤਾਂ 'ਚ, ਅਜਪਾ ਜਾਪ ਵਾਹਿਗੁਰੂ ਜੀ 'ਚ ਲੀਣ ਰਹੁ! ਦਿਲ (ਤੇ) ਤੋਂ (ਵਿਕਾਰੁ) ਕਾਮ ਕ੍ਰੋਧ, (ਵਿਕਾਰੁ) ਖੋਟੀ ਕਾਰ (ਲਾਹਿ) ਲਾਹੁਣਾ ਕਰ, ਜੋ ਦਿਲ 'ਚ ਸੰਕਲਪ ਫ਼ੁਰਨਾ ਹੈ ਇਹ ਭੀ ਬਹੁਤ ਵੱਡਾ ਬੋਝ ਹੈ। ਯਥਾ:- ਸੂਖ ਦੂਖ; ਜਨ ਸਮ ਦ੍ਰਿਸਟੇਤਾ॥ ਨਾਨਕ; ਪਾਪ ਪੁੰਨ ਨਹੀ ਲੇਪਾ॥੬॥) ਗੁਰਮੁਖਿ ਬੁਢੇ ਕਦੇ ਨਾਹੀ; ਜਿਨ੍ਹਾ ਅੰਤਰਿ ਸੁਰਤਿ ਗਿਆਨੁ॥ ਸਦਾ ਸਦਾ ਹਰਿ ਗੁਣ ਰਵਹਿ; ਅੰਤਰਿ ਸਹਜ ਧਿਆਨੁ॥ ਓਇ ਸਦਾ ਅਨੰਦਿ ਬਿਬੇਕ ਰਹਹਿ; ਦੁਖਿ ਸੁਖਿ ਏਕ ਸਮਾਨਿ॥ ਤਿਨਾ ਨਦਰੀ ਇਕੋ ਆਇਆ; ਸਭੁ ਆਤਮ ਰਾਮੁ ਪਛਾਨੁ॥) ਗੁਰਮੁਖਿ ਅੰਤਰਿ ਸਹਜੁ ਹੈ; ਮਨੁ ਚੜਿਆ ਦਸਵੈ ਆਕਾਸਿ॥ ਤਿਥੈ.ਊਂਘ ਨ ਭੁਖ ਹੈ; ਹਰਿ ਅੰਮ੍ਰਿਤ ਨਾਮੁ ਸੁਖ ਵਾਸੁ॥ ਨਾਨਕ.ਦੁਖੁ ਸੁਖੁ ਵਿਆਪਤ ਨਹੀ; ਜਿਥੈ ਆਤਮ ਰਾਮ ਪ੍ਰਗਾਸੁ॥੧੬॥) ਦੁਖ ਸੁਖ ਉਆ ਕੈ; ਸਮਤ ਬੀਚਾਰਾ॥ ਨਰਕ ਸੁਰਗ; ਰਹਤ ਅਉਤਾਰਾ॥) ਸੁਖੁ ਦੁਖੁ ਦੋਨੋ.ਸਮ ਕਰਿ ਜਾਨੈ; ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ; ਤਿਨਿ ਜਗਿ ਤਤੁ ਪਛਾਨਾ॥੧॥) ਸੁਖੁ ਦੁਖੁ ਜਿਹ ਪਰਸੈ ਨਹੀ; ਲੋਭੁ ਮੋਹ ਅਭਿਮਾਨੁ॥ ਕਹੁ ਨਾਨਕ ਸੁਨੁ ਰੇ ਮਨਾ; ਸੋ ਮੂਰਤਿ ਭਗਵਾਨ॥੧੩॥) ਮੰਤ੍ਰੰ ਰਾਮ ਰਾਮ ਨਾਮੰ; ਧ੍ਯਾਨੰ ਸਰਬਤ੍ਰ ਪੂਰਨਹ॥ ਗ੍ਯਾਨੰ ਸਮ ਦੁਖ ਸੁਖੰ; ਜੁਗਤਿ ਨਿਰਮਲ ਨਿਰਵੈਰਣਹ॥ ਦਯਾਲੰ ਸਰਬਤ੍ਰ ਜੀਆ; ਪੰਚ ਦੋਖ ਬਿਵਰਜਿਤਹ॥ ਭੋਜਨੰ ਗੋਪਾਲ ਕੀਰਤਨੰ; ਅਲਪ ਮਾਯਾ ਜਲ ਕਮਲ ਰਹਤਹ॥ ਉਪਦੇਸੰ ਸਮ ਮਿਤ੍ਰ ਸਤ੍ਰਹ; ਭਗਵੰਤ ਭਗਤਿ ਭਾਵਨੀ॥ ਪਰ ਨਿੰਦਾ ਨਹ ਸ੍ਰੋਤਿ ਸ੍ਰਵਣੰ; ਆਪੁ ਤ੍ਰਿਾਗਿ ਸਗਲ ਰੇਣੁਕਹ॥ ਖਟ ਲਖ੍ਯਣ.ਪੂਰਨੰ ਪੁਰਖਹ; ਨਾਨਕ ਨਾਮ ਸਾਧ ਸ੍ਵਜਨਹ॥) ਸੁਖਿ ਅਰਾਧਨੁ. ਦੁਖਿ ਅਰਾਧਨੁ; ਬਿਸਰੈ ਨ ਕਾਹੂ ਬੇਰਾ॥) ਸੋਰਠਿ ਮਹਲਾ ੯॥ ਜੋ ਨਰੁ ਦੁਖ ਮੈ; ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ; ਕੰਚਨ ਮਾਟੀ ਮਾਨੈ॥੧॥) ਸੁਖੁ ਦੁਖੁ ਦੋਨੋ.ਸਮ ਕਰਿ ਜਾਨੈ; ਅਉਰੁ ਮਾਨੁ ਅਪਮਾਨਾ॥) ਜੇ ਸੁਖੁ ਦੇਹਿ. ਤ ਤੁਝਹਿ ਅਰਾਧੀ; ਦੁਖਿ ਭੀ ਤੁਝੈ ਧਿਆਈ॥੨॥ ਜੇ ਭੁਖ ਦੇਹਿ. ਤ ਇਤ ਹੀ ਰਾਜਾ; ਦੁਖ ਵਿਚਿ. ਸੂਖ ਮਨਾਈ॥੩॥ ਤਨੁ ਮਨੁ ਕਾਟਿ ਕਾਟਿ ਸਭੁ ਅਰਪੀ; ਵਿਚਿ ਅਗਨੀ. ਆਪੁ ਜਲਾਈ॥੪॥) ਮਾਰੂ ਮਹਲਾ ੫॥ ਮਾਨ ਮੋਹ ਅਰੁ ਲੋਭ ਵਿਕਾਰਾ; ਬੀਓ.ਚੀਤਿ ਨ ਘਾਲਿਓ॥ ਨਾਮ ਰਤਨੁ ਗੁਣਾ ਹਰਿ ਬਣਜੇ; ਲਾਦਿ ਵਖਰੁ ਲੈ ਚਾਲਿਓ॥੧॥ ਸੇਵਕ ਕੀ; ਓੜਕਿ ਨਿਬਹੀ

Sri Satguru Jagjit Singh Ji eLibrary NamdhariElibrary@gmail.com

ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ; ਚਲਤੇ ਰਾਖਿਓ ਚੀਤਿ॥੧॥ ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ; ਤਿਸ ਤੇ,ਮੁਖੁ ਨਹੀ ਮੋਰਿਓ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ; ਉਠਿ ਉਆਹੂ ਕਉ ਦਉਰਿਓ॥੨॥ ਆਗਿਆ ਮਹਿ ਭੂਖ.ਸੋਈ ਕਰਿ ਸੂਖਾ; ਸੋਗ ਹਰਖ.ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ ਮਾਥੈ ਲੇ ਮਾਨਿਓ॥੩॥ ਭਇਓ ਕ੍ਰਿਪਾਲੁ ਠਾਕੁਰੁ.ਸੇਵਕ ਕਉ; ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ.ਸਫਲੁ ਓਹੁ ਆਇਆ; ਜਿਨਿ ਨਾਨਕ.ਖਸਮੁ ਪਛਾਤਾ॥ ਅਲਹ ਭਾਵੈ. ਸੋ ਭਲਾ; ਤਾਂ ਲਭੀ ਦਰਬਾਰੁ॥੧੦੯॥ (ਅਲਹ) ਅਪਣੀ ਪਦਵੀ ਤੋਂ ਨਾ ਲਹਿਣ ਵਾਲੇ (ਅਲਹ) ਪਾਕ ਪਵਿੱਤ੍ਰ ਵਾਹਿਗੁਰੂ ਜੀ ਨੂੰ ਜੋ (ਭਾਵੈ) ਭਾਉਂਦਾ ਹੈ, ਭਾਵੇਂ ਦੁੱਖ ਭੁੱਖ ਦੇਣ (ਸੋ) ਓਸ ਨੂੰ (ਭਲਾ) ਚੰਗਾ ਮਿੱਠਾ ਕਰਕੇ ਮੰਨ, ਤਾਂ (ਦਰਬਾਰੁ) ਵਾਹਿਗੁਰੂ ਜੀ (ਲਭੀ) ਲੱਭਣਗੇ। ਯਥਾ:- ਆਠ ਪਹਰ; ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ; ਮੀਠਾ ਮਾਨੈ॥) ਦੁੱਖ ਸੁਖ 'ਚ ਭਾਣਾ ਮੰਨਣ ਦਾ ਉਪਦੇਸ਼ ਬਖਸ਼ ਰਹੇ ਹਨ, ਦੁੱਖ ਨੂੰ ਜ਼ਰਨ ਦੀ ਬਖਸ਼ਿਸ਼ ਕਰ ਰਹੇ ਹਨ। ਯਥਾ:- ਤੇਰਾ ਕੀਆ; ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ; ਨਾਨਕੁ ਮਾਂਗੈ॥) ਮੀਤੁ ਕਰੈ; ਸੋਈ ਹਮ ਮਾਨਾ॥ ਮੀਤ ਕੇ ਕਰਤਬ; ਕੁਸਲ ਸਮਾਨਾ॥) ਜੋ ਕਿਛੁ ਕਰੈ.ਸੋਈ ਪ੍ਰਭ ਮਾਨਹਿ; ਓਇ ਰਾਮ ਨਾਮ ਰੰਗਿ ਰਾਤੇ॥ ਤਿਨ੍ ਕੀ ਸੋਭਾ ਸਭਨੀ ਥਾਈ; ਜਿਨ੍ ਪ੍ਰਭ ਕੇ ਚਰਣ ਪਰਾਤੇ॥੧॥ ਆਠ ਪਹਰ; ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ; ਮੀਠਾ ਮਾਨੈ॥)

ਮਃ ਨੂੰ ਮਹੱਲਾ, ਪ ਨੂੰ ਪੰਜਵਾਂ ਪੜ੍ਹੋ। ਵੱਜਦੀ- ਮਃ ਪ॥ ਫਰੀਦਾ. ਦੁਨੀ ਵਜਾਈ ਵਜਦੀ; ਤੂੰ ਭੀ ਵਜਹਿ ਨਾਲਿ॥ ਸੋਈ ਜੀਉ. ਨ ਵਜਦਾ; ਜਿਸੁ. ਅਲਹੁ ਕਰਦਾ ਸਾਰ॥੧੧੦॥ ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (ਪ)ਪੰਜਵੇਂ (ਮਃ)ਸਰੂਪ ਵਾਹਿਗੁਰੂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪਣੇ ਪਿਆਰੇ ਭਗਤ ਜੀ ਨੂੰ ਮਹਾਂ ਬਖਸ਼ਿਸ਼ ਕਰਕੇ, ਸਿਰੋਪਾਓ ਬਖਸ਼ਦਿਆਂ, ਸੰਬੋਧਨ ਕਰਕੇ ਅਤਿਅੰਤ ਹੀ ਗ਼ੀਬੀ ਨਾਲ ਫ਼ਰਮਾ ਰਹੇ ਹਨ:- ਹੇ ਭਗਤ ਫਰੀਦਾ ਸਾਹਿਬ ਜੀ! ਦਾਸਨ ਦਾਸ ਅਪਣੇ ਮਨ ਨੂੰ ਇਉਂ ਉਪਦੇਸ਼ ਦਿੰਦਾ ਹੈ। ਹੇ ਮਨ! (ਦੁਨੀ)ਦੁਨੀਆਂ ਜੰਮਣ ਮਰਨ, ਹਰਖ ਸੋਗ, ਸੰਜੋਗ ਵਿਜੋਗ ਪਾਪ ਪੁੰਨ ਦੋ ਨੀਹਾਂ ਵਾਲ਼ੀ ਦੁਨੀਆਂ ਜੋ ਨਾਸਵੰਤ ਹੈ, ਇਹ ਪੰਜਾਂ ਵਿਕਾਰਾਂ, ਲੜਾਈ ਦ੍ਵੈਸ਼ ਵੈਰ ਈਰਖ਼ਾ ਨਿੰਦਾ ਆਦਿ ਔਗੁਣਾਂ ਦੀ ਵਜਾਈ ਵਜਦੀ ਹੈ, ਭਾਵ ਇੱਕ ਦੂਜੇ ਨਾਲ ਖੜਕਦੇ ਰਹਿੰਦੇ ਹਨ। ਇੱਕ ਮੁਲਖ ਦੂਜੇ 'ਤੇ ਹਮਲਾ ਕਰਦਾ ਹੈ। ਮਾਰੂ ਹਥਿਆਰਾਂ ਨਾਲ ਲੜਾਈ ਕਲੇਸ ਕਰਕੇ ਪੂਰਾਂ ਦੇ ਪੂਰ ਤਬਾਹ ਹੋ ਰਹੇ ਹਨ। ਇੱਕ ਕਹਿੰਦਾ "ਮੈਂ ਤੇਰੀ ਅੱਖ ਕੱਢ ਦੇਊਂ। " ਅੱਗੋਂ ਕਹਿੰਦਾ, ਮੈਂ ਦੋਹੇਂ ਕੱਢ ਦੇਵਾਂਗਾ। ਯਥਾ:- ਹੰਉਮੈ ਅੰਦਰਿ ਖੜਕੁ ਹੈ; ਖੜਕੇ ਖੜਕਿ ਵਿਹਾਇ॥) ਹੇ ਮਨ! "ਤੂੰ ਭੀ ਨਾਲਿ ਹੀ (ਵਜਹਿ)ਵੱਜ ਰਿਹਾ ਹੈਂ।

ਸੋਈ ਜੀਉ. ਨ ਵਜਦਾ; ਜਿਸੁ. ਅਲਹੁ ਕਰਦਾ ਸਾਰ॥੧੧੦॥ ਹੇ ਗੁਰਮੁਖਿ ਸਨਮੁਖ ਫ਼ਰੀਦ ਸਾਹਿਬ ਜੀਓ! (ਸੋਈ)ਉਹ ਗੁਰਮੁਖਿ (ਜੀਉ)ਪੁਰਖ (ਨ)ਨਹੀਂ (ਵਜਦਾ)ਵਜਦੇ, ਜਿਸੁ ਮਹਾਂ ਪੁਰਖ ਜੀ ਦੀ (ਅਲਹੁ)ਪਾਕ ਪਵਿੱਤ੍ਰ ਵਾਹਿਗੁਰੂ ਜੀ (ਸਾਰ)ਸੰਭਾਲ ਕਰਦੇ ਹਨ। ਜਿਵੇਂ ਹੁਣ ਪਰਮਪਵਿੱਤ੍ਰ ਪਰਮਪੂਜਨੀਕ ਨਿਰੰਕਾਰ ਗੁਰਸਬਦ ਸਰੂਪ ਸਤਿਗੁਰੂ ਗ੍ਰੰਥ ਸਾਹਿਬ ਜੀ ਗੁਰਤਾ ਬਿਰਾਜਮਾਨ ਹੋ ਕੇ ਪ੍ਰੇਮੀਆਂ ਦੇ ਦਿਲ ਦਿਮਾਗ 'ਚ ਹਰ ਸਮੇਂ ਗੁਰਬਾਣੀ ਭੇਜ ਕੇ ਸ੍ਰਬੱਤ ਦਾ ਭਲਾ ਕਰ ਰਹੇ ਹਨ। ਆਪੇ ਆਪ ਹੀ ਗੁਰਬਾਣੀ ਭੇਜ ਕੇ ਉਨ੍ਹਾਂ ਦੇ ਦਿਲ 'ਚੋਂ ਅੰਮ੍ਰਿਤ ਮੁਖ 'ਚ ਹਰ ਸਮੇਂ ਭੇਜ ਕੇ, ਅੰਮ੍ਰਿਤ ਨਾਲ ਤ੍ਰਿਪਤ ਕਰਕੇ ਪਾਲਦੇ ਰਹਿੰਦੇ ਹਨ। ਸੇਵਕ ਕਉ; ਪ੍ਰਭ ਪਾਲਨਹਾਰਾ॥ ਸੇਵਕ ਕੀ; ਰਾਖੈ ਨਿਰੰਕਾਰਾ॥) ਸਤਿਗੁਰੁ ਸਿਖ ਕੀ; ਕਰੈ ਪ੍ਰਤਿਪਾਲ॥ ਸੇਵਕ ਕਉ; ਗੁਰੁ ਸਦਾ ਦਇਆਲ॥

Sri Satguru Jagjit Singh Ji eLibrary NamdhariElibrary@gmail.com

ਮਃ ੫॥ ਫਰੀਦਾ. ਦਿਲੁ ਰਤਾ ਇਸੁ ਦੁਨੀ ਸਿਉ; ਦੁਨੀ. ਨ ਕਿਤੈ ਕੰਮਿ॥ ਗਾੱਖੜੀ- ਮਿਸਲ ਫਕੀਰਾਂ ਗਾਖੜੀ; ਸੁ ਪਾਈਐ ਪੂਰ ਕਰੰਮਿ॥੧੧੧॥ ਵਾਹਿਗੁਰੂ ਸ਼ਹੀਦਾਂ ਦੇ ਸਿਰਤਾਜ, ਧੰਨ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਜੀ, ਹੁਣ ਉੱਬਲਦੀ ਦੇਗ ਅੰਦਰ ਬੈਠ ਰਹੇ ਹਨ, ਹੁਣ ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ, ਸੜਦੀ ਬਲਦੀ ਮੱਚਦੀ ਲੋਹ 'ਤੇ ਹੁਣ ਖੜ੍ ਰਹੇ ਹਨ। ਐਸਾ ਦਾਤਾ; ਸਤਿਗੁਰੁ ਕਹੀਐ॥) ਤੁਮ ਬਡ ਦਾਤੇ; ਦੇ ਰਹੇ॥ ਜੀਅ ਪ੍ਰਾਣ ਮਹਿ; ਰਵਿ ਰਹੇ॥ ਅਨੁਸਾਰ ਭਗਤ ਫ਼ਰੀਦ ਸਾਹਿਬ ਜੀ ਨੂੰ ਸਿਰੋਪਾਉ ਬਖਸ਼ਦਿਆਂ, ਵਾਹਿਗੁਰੂ ਗੁਰੂ ਨਾਨਕ ਸਾਹਿਬ ਜੀ ਦੇ (੫)ਪੰਜਵੇਂ (ਮਃ)ਸਰੂਪ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਵਾਹਿਗੁਰੂ ਸਤਿਗੁਰੂ ਅਰਜਨ ਦੇਵ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਫ਼ੁਰਮਾ ਰਹੇ ਹਨ:- ਹੇ ਪਰਮਪੂਜਨੀਕ ਭਗਤ ਫਰੀਦਾ ਸਾਹਿਬ ਜੀਓ! ਦਾਸਨ ਦਾਸ ਅਪਣੇ ਮਨ ਨੂੰ ਇਉਂ ਉਪਦੇਸ਼ ਦਿੰਦਾ ਹੈ। ਹੇ ਮਨ! ਇਸੁ (ਦੁਨੀ)ਮਾਇਆ ਨਾਲ, ਦਿਲ (ਰਤਾ)ਰੰਗਿਆ ਹੋਵੇ, (ਦੁਨੀ)ਮਾਇਆ (ਕਿਤੈ)ਕਿਸੇ ਭੀ ਕੰਮਿ ਨਹੀਂ ਹੈ। ਯਥਾ:- ਮਾਇਆ.ਮਨਹੁ ਨ ਵੀਸਰੈ; ਮਾਂਗੈ ਦੰਮਾ ਦੰਮ॥ ਸੋ ਪ੍ਰਭੁ.ਚਿਤਿ ਨ ਆਵਈ; ਨਾਨਕ.ਨਹੀ ਕਰੰਮਿ॥ ਅੱਖਾਂ ਨਾਲ ਪਰ ਇਸਤ੍ਰੀ ਮਰਦ ਦੇ ਰੂਪ ਨੂੰ ਵਿਕਾਰ ਦ੍ਰਿਸ਼ਟੀ ਨਾਲ ਦੇਖਣਾ, ਵਿਕਾਰੀ ਗਾਣੇ ਸੁਣਨੇ ਗਾਉਣੇ, ਜ਼ੋਰ ਜ਼ੁਲਮ ਕਰਕੇ ਮਾਇਆ ਇਕੱਤ੍ਰ ਕਰਨੀ, ਤੇਜ਼ ਮਿਰਚ ਲੂਣ ਮਸਾਲੇ ਤਲ਼ੇ ਪਦਾਰਥ ਰਸਨਾ ਦੇ ਸੁਆਦ, ਵਿਸ਼ੇ ਦੇ ਅਨੇਕ ਭੋਗ ਭੋਗਣੇ, ਪੋਲੇ ਗੱਦੇ 'ਤੇ ਪੈਣਾ ਬਹਿਣਾ, ਨੰਗੇ ਸਿਰ ਕਿਰਿਆ ਕਰਨੀ, ਸੁੱਤੇ ਹੀ ਰਹਿਣਾ, ਵਿਸ਼ੇ ਵਿਕਾਰ ਤਮਾਸ਼ੇ ਵਾਲੀਆਂ ਮੂਵੀਆਂ ਦੇਖਣੀਆਂ, ਫੈਸ਼ਨ ਲਾਉਣੇ, ਕੁਰਸੀ ਲਈ ਮਰਨਾ ਮਾਰਨਾ, ਆਪਣੀ ਵਡਿਆਈ ਆਪ ਕਰਨੀ ਕਰਾਉਣੀ, ਆਪਣੀ ਵਡਿਆਈ ਸੁਣ ਕੇ ਖੁਸ਼ ਹੋ ਕੇ ਹੰਕਾਰ ਕਰਨਾ ਮੇਰੇ ਜੈਸਾ ਚੱਕ੍ਰਵਰਤੀ ਬਾਦਸ਼ਾਹ ਭੀ ਨਹੀਂ, ਵਿਸ਼ੇ ਵਿਕਾਰ ਦੀ ਗੱਲ ਕਰ ਸੁਣ ਕੇ ਹੱਸਣਾ, ਸੋਗ ਕਰਨਾ, ਬੱਚੇ ਬੱਚੀਆਂ ਸਮੇਤ ਟੈਲੀਵੀਜ਼ਨ ਦੇ ਭੈੜੇ ਦ੍ਰਿਸ਼ ਦੇਖਣੇ, ਚਾਹ ਕੌਫ਼ੀ ਤੰਬਾਕੂ ਨਸਵਾਰ ਪਾਨ ਭੈੜੇ ਨਸ਼ੇ ਤਾਸ਼ ਜੂਆ ਪਰ ਨਿੰਦਾ ਕੁਸੰਗਤ ਕਰਨੀ, ਪਰਾਇਆ ਹੱਕ ਖਾਣਾ, ਦੂਜੀਆਂ ਜ਼ਾਤਾਂ ਤੋਂ ਨਫ਼ਰਤ ਕਰਕੇ ਕਤਲ ਕਰਨੇ, ਚੋਰੀ ਯਾਰੀ ਮੰਦ-ਕਰਮ ਆਦਿ ਸਭ ਨਾਗਣੀ ਮਾਇਆ ਹੈ।

ਗਾੱਖੜੀ- ਮਿਸਲ ਫਕੀਰਾਂ ਗਾਖੜੀ; ਸੁ ਪਾਈਐ ਪੂਰ ਕਰੰਮਿ॥੧੧੧॥ ਪੂਰਨ (ਸਾਂਈ)ਮਾਲਕ ਖ਼ੁਦਾ ਜੀ ਦੇ ਕਾਮਲ ਪੂਰਨ ਫ਼ਕੀਰਾਂ ਪਰਮਹੰਸਾਂ ਦੀ ਅਤਿਅੰਤ ਉੱਚੀ ਪ੍ਰੇਮਾ- ਭਗਤੀ ਸਹਿਤ ਸ੍ਰਬੱਤ ਦੇ ਭਲੇ ਹਿਤ ਸੀਸ ਸ੍ਵੰਸ ਕੁਰਬਾਨ ਕਰਨ ਦੀ (ਮਿਸਲ)ਰਹਿਣੀ ਕਰਣੀ ਕਮਾਈ ਸੁਸੰਗਤ, ਬੜੀ ਹੀ (ਗਾਖੜੀ)ਕਠਨ ਹੈ, (ਸੁ)ਉਹ, ਪੂਰਨ ਗੁਰੂ ਪ੍ਰਮੇਸਰ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ ਦੀ (ਕਰੰਮਿ)ਕਰਮ- ਬਖਸ਼ੀ ਮੇਹਰ ਨਾਲ ਹੀ (ਪਾਈਐ)ਪਾਈਦੀ ਹੈ, ਕਿਉਂ ਜੋ ਪੂਰਨ ਗੁਰੂ ਪ੍ਰਮੇਸਰ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ, ਆਪਣੇ ਪ੍ਰੇਮੀ ਸਿੱਖ ਜੀ ਦੇ ਰੋਮਿ ੨, ਅੰਦਰ ਬਾਹਰ ਹਰ ਸਮੇਂ ਵਾਹਿਗੁਰੂ ੩ ਅਜਪਾ ਜਾਪ ਆਪ ਕਰਦੇ ਰਹਿੰਦੇ ਹਨ। ਆਪਣੇ ਪ੍ਰੇਮੀ ਜੀ ਦੇ ਦਿਲ ਦਿਮਾਗ਼ ਰੋਮ ੨'ਤੇ, ਗੁਰਸਬਦ ਜੀ ਦੀ ਸੱਚੀ ਅੰਮ੍ਰਿਤ ਵਰਖਾ ਹਰ ਸਮੇਂ ਕਰਦੇ ਰਹਿੰਦੇ ਹਨ। ਗੁਰਸੇਵਕ ਜੀ ਮਨ ਰੋਮ ੨ ਕਰਕੇ ਸ਼ਾਂਤ ਵਿਸਮਾਦ ਹੋ ਜਾਂਦੇ ਹਨ। ਗੁਰੂ ਪ੍ਰਮੇਸਰ ਜੀ ਕ੍ਰਿਪਾ ਕਰਕੇ, ਆਪੇ ਲਾਇਓ; ਅਪਨਾ ਪਿਆਰੁ॥ ਅਨੁਸਾਰ ਆਪਣਾ ਪਿਆਰ ਆਪ ਹੀ ਲਾਉਂਦੇ ਹਨ। ਆਪ ਜੀ ਆਪ ਹੀ ਆਪਣੇ ਪ੍ਰੇਮੀ ਦੇ ਦਿਲ ਦਿਮਾਗ਼ ਰੋਮ ੨'ਚ, ਹਰ ਸਮੇਂ ਗੁਰਬਾਣੀ ਭੇਜਦੇ ਰਹਿੰਦੇ ਹਨ, ਬ੍ਰਹਮਾਨੰਦ ਰਸ ਪ੍ਰੇਮੀ ਦੇ ਰਿਦੇ'ਚੋਂ ਮੁਖ 'ਚ ਹਰ ਸਮੇਂ ਭੇਜਦੇ ਰਹਿੰਦੇ ਹਨ। ਗੁਰੂ ਜੀ ਦੇ ਭੇਜੇ ਮਿੱਠੇ ਅੰਮ੍ਰਿਤ, ਉਨ੍ਹਾਂ ਦੇ ਰਿਦੇ'ਚੋਂ ਉੱਠ ਕੇ ਮੁਖ'ਚ, ਹਰ ਸਮੇਂ ਆਉਂਦੇ ਰਹਿੰਦੇ ਹਨ। ਵਿਸਮਾਦ ਅੰਮ੍ਰਿਤ ਬ੍ਰਹਮਾਨੰਦ ਸਿਮਰਨ ਗੁਰਬਾਣੀ, ਰਿਜ਼ਕ ਹਵਾ ਪਾਣੀ ਦੂਧ ਪਦਾਰਥ ਲਾਡ ਪਿਆਰ ਬਖ਼ਸ਼ ਕੇ, ਆਪਣੇ ਅਤੀ ਹੀ ਪਿਆਰੇ ਸਿੱਖ ਬੱਚੇ ਜੀ ਦੀ ਪ੍ਰਤਿਪਾਲਣਾ

Sri Satguru Jagjit Singh Ji eLibrary NamdhariElibrary@gmail.com

ਹਰ ਸਮੇਂ ਕਰਦੇ ਰਹਿੰਦੇ ਹਨ। ਯਥਾ:- ਪ੍ਰਤਿਪਾਲੈ.ਬਾਰਿਕ ਕੀ ਨਿਆਈ; ਜੈਸੇ ਮਾਤ ਪਿਤਾਈ॥) ਸਤਿਗੁਰੁ ਸਿਖ ਕੀ; ਕਰੈ ਪ੍ਰਤਿਪਾਲ॥)

{ਮਿਸਲ ਫਕੀਰਾਂ ਗਾਖੜੀ ਬਾਰੇ ਪ੍ਰੇਮ ਬੇਨੰਤੀ:- ਪਹਿਲਾਂ ਆਪਣੇ ਸਰੀਰੁ ਪਰਵਾਰ ਜਾਇਦਾਦ ਦੀ ਹੰਗਤਾ ਮੇਰ ਤਿਆਗੇ, ਸਭ ਕੁੱਝ ਪੂਰਨ ਗੁਰੂ ਜੀ ਨੂੰ ਅਰਪ ਦੇਵੇ, ਇੰਦ੍ਰਿਆਂ ਦੇ ਵਿਸ਼ੇ, ਮੰਦੇ ਸੁਭਾਅ ਕੁਸੰਗਤ ਔਗੁਣ ਵੱਲੋਂ ਜਿਉਂਦਾ ਮਰ ਕੇ, ਗੁਰੂ ਚਰਨ- ਕਮਲਾਂ 'ਚ ਰਹਿ ਕੇ, ਸ਼ੁਭ ਸੱਚੀ ਸੇਵਾ, ਮਾਣ ਤਿਆਗ ਕੇ ਕਰੇ, ਅਥਵਾ, ਸਤਿਗੁਰ ਆਗੈ. ਸੀਸੁ ਭੇਟ ਦੇਉ; ਜੇ. ਸਤਿਗੁਰ ਸਾਚੇ ਭਾਵੈ॥ ਅਨੁਸਾਰ ਗੁਰੂ ਜੀ ਦੇ ਸਨਮੁਖ ਸਰੀਰੁ ਤਿਆਗੇ ਭਾਵ ਗੁਰੂ ਜੀ ਲਈ ਧਰਮ- ਯੁੱਧ 'ਚ, ਕੁਰਬਾਨ ਹੋ ਜਾਵੇ। ਜਿਵੇਂ ਪੰਜ ਪਿਆਰੇ ਤੇ ਅਨੇਕਾਂ ਹੀ ਸਿੱਖ ਸਿੱਖਣੀਆਂ ਕੁਰਬਾਨ ਹੋਏ। ਯਥਾ:- ਪਹਿਲਾ ਮਰਣੁ ਕਬੂਲਿ; ਜੀਵਣ ਕੀ ਛਡਿ ਆਸ॥ ਹੋਹੁ ਸਭਨਾ ਕੀ ਰੇਣੁਕਾ; ਤਉ ਆਉ ਹਮਾਰੈ ਪਾਸਿ॥) ਜਉ ਤਉ; ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ; ਗਲੀ ਮੇਰੀ ਆਉ॥ ਇਤੁ ਮਾਰਗਿ; ਪੈਰੁ ਧਰੀਜੈ॥ ਸਿਰੁ ਦੀਜੈ; ਕਾਣਿ ਨ ਕੀਜੈ॥ ਐਡੀ ਵੱਡੀ ਮਹਾਰਾਜ ਸਾਹਿਬ ਜੀ ਪ੍ਰੇਮ ਦੀ ਖੇਲ. ਖੇਲ ਰਹੇ ਹਨ। ਜੇਕਰ ਸਭ ਕੁੱਝ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ ਸਮਰਪਣ ਕਰ ਦੇਵੇ, ਫੇਰ ਉਸ ਦੀ ਹੰਗਤਾ ਰੱਤੀ ਮਾਤ੍ਰ ਭੀ ਨ ਕਰੇ, "ਮੈਂ ਸ੍ਰੀਰ ਦਿੱਤਾ ਹੈ", ਪਰਮ ਪਿਆਰੇ ਗੁਰਸਬਦ ਜੀ ਦੀ ਚੋਟ ਸਹਾਰੇ। ਯਥਾ:- ਕਬੀਰ. ਚੋਟ ਸੁਹੇਲੀ ਸੇਲ ਕੀ; ਲਾਗਤ ਲੇਇ ਉਸਾਸ॥ ਚੋਟ ਸਹਾਰੈ ਸਬਦ ਕੀ; ਤਾਸੁ ਗੁਰੂ. ਮੈ ਦਾਸ॥ ਜਿਵੇਂ ਵਾਹਿਗੁਰੂ ਮਹੱਲਾ ਦੂਜਾ ਜੀ, ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਧੰਨ ਵਾਹਿਗੁਰੂ ਗੁਰੂ ਨਾਨਕ ਦੇਵ ਜੀ ਸੱਚੇ ਪਾਤਿਸ਼ਾਹ ਜੀ ਦਾ ਹੁਕਮ ਸਿਰ ਮੱਥੇ 'ਤੇ ਮੰਨਦਿਆਂ ਬੜੀ ਕਰੜੀ ਪਰਖ 'ਚ ਪੂਰੇ ਉਤਰੇ। ਯਥਾ:- ਜੋ ਜੋ ਹੁਕਮੁ ਭਇਓ ਸਾਹਿਬ ਕਾ; ਸੋ ਮਾਥੈ ਲੇ ਮਾਨਿਓ॥ ਮੁਰਦਾ ਖਾਣ ਤੱਕ ਬਚਨ ਮੰਨੇ। ਭਰ ਜੁਆਨੀ ਦੀ ਅਵਸਥਾ 'ਚ, ਸੰਸਾਰ ਵੱਲੋਂ ਜੀਵਤ ਭਾਵ ਤੋਂ ਮਰ ਕੇ, ਸਤਿਗੁਰੂ ਨਾਨਕ ਸਾਹਿਬ ਜੀ ਦੇ ਬਚਨ ਕਮਾਏ। ਵਾਹਿਗੁਰੂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ, ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਕੁਲਿ ਸੋਢੀ ਗੁਰ ਰਾਮਦਾਸ ਤਨੁ; ਧਰਮ ਧੁਜਾ ਅਰਜੁਨੁ ਹਰਿ ਭਗਤਾ॥ ਉੱਬਲਦੀ ਦੇਗ਼ 'ਚ ਬੈਠ ਰਹੇ ਹਨ। ਤੱਤੇ ਰੇਤੇ 'ਤੇ ਬੈਠ ਕੇ ਤੱਤਾ ਰੇਤਾ ਸੀਸ 'ਤੇ ਪੁਆ ਰਹੇ ਹਨ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਸਤਿਗੁਰੂ ਨੌਵੇਂ ਪਾਤਿਸ਼ਾਹ ਜੀ ਲੋਹੇ ਦੇ ਤੰਗ ਪਿੰਜਰੇ 'ਚ ਤਿੱਖੇ ਕਿੱਲਾਂ ਵਿਚਕਾਰ ਬੈਠੇ ਗੁਰਬਾਣੀ ਉਚਾਰ ਰਹੇ ਹਨ। ਆਪਣਾ ਸੀਸ ਕੁਰਬਾਨ ਕਰ ਰਹੇ ਹਨ। ਸਤਿਗੁਰੂ ਗੋਬਿੰਦ ਸਿੰਘ ਸਾਹਿਬ ਮਹਾਰਾਜ ਜੀ, ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਆਪਣੇ ਅੱਖਾਂ ਦੇ ਸਾਹਮਣੇ ਆਪਣੇ ਦਿਲ ਜਾਨ ਪਿੰਡ ਪ੍ਰਾਨ, ਖ਼ਾਲਸਾ ਮੇਰੋ; ਸਤਿਗੁਰੁ ਪੂਰਾ॥ ਖ਼ਾਲਸਾ ਮੇਰੋ; ਸ੍ਵਜਨ ਸੂਰਾ॥੭॥ ਖ਼ਾਲਸੇ ਜੀ ਨੂੰ ਕੁਰਬਾਨੀ ਦਿੰਦਿਆਂ ਦੇਖ ਕੇ, ਆਪਣੇ ਸਾਹਿਬਜ਼ਾਦਿਆਂ ਨੂੰ ਕੁਰਬਾਨੀ ਦਿੰਦਿਆਂ ਦੇਖ ਕੇ, ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ ਪੜ੍ ਰਹੇ ਹਨ:- ਕਬੀਰ. ਮੇਰਾ ਮੁਝ ਮਹਿ ਕਿਛੁ ਨਹੀ; ਜੋ ਕਿਛੁ ਹੈ, ਸੋ ਤੇਰਾ॥ ਤੇਰਾ. ਤੁਝ ਕਉ ਸਉਪਤੇ; ਕਿਆ ਲਾਗੈ ਮੇਰਾ॥ ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਮਹਾਰਾਜ ਸਾਹਿਬ ਜੀ ਦੇ ਸਿੱਖ ਸਿੱਖਣੀਆਂ ਨੇ ਲਹੌਰ ਵਿਖੇ, ਮੀਰ ਮੰਨੂ ਦੇ ਕਸ਼ਟਾਂ ਨੂੰ ਸਹਾਰਦਿਆਂ, ਸਵਾ ੨ ਮਣ ਦੇ ਪੀਸਣੇ ਪੀਸੇ, ਜ਼ਾਲਮਾਂ ਨੇ ਬੱਚਿਆਂ ਦੇ ਟੋਟੇ ੨ ਕਰਕੇ ਗਲ਼ਾ 'ਚ ਹਾਰ ਪਾਏ, ਨੇਜ਼ਿਆਂ 'ਤੇ ਟੰਗੇ, ਸਬਰ ਦੇ ਪਿਆਲੇ ਪੀਤੇ। ਸਿੰਘਾਂ 'ਤੇ ਭੀ ਬੜੇ ਕਸ਼ਟ ਤਸ਼ੱਦਦ ਹੋਏ, ਭਾਣੇ ਰਜ਼ਾ 'ਚ ਰਹਿਣਾ। ਜ਼ਾਲਮ, ਭਾਈ ਮਨੀ ਸਿੰਘ ਸਾਹਿਬ ਜੀ ਦੇ ਬੰਦ ੨ ਕੱਟ ਰਹੇ ਹਨ, ਭਾਈ ਦਇਆਲਾ ਸਾਹਿਬ ਜੀ ਦੇਗ 'ਚ ਉਬਾਲ਼ੇ ਜਾ ਰਹੇ ਹਨ। ਭਾਈ ਸਤੀਰਾਮ ਸਾਹਿਬ ਜੀ ਰੂੰ 'ਚ ਵਲੇਟ ਕੇ ਸਾੜੇ ਜਾ ਰਹੇ ਹਨ। ਮਿਸਲ ਫਕੀਰਾਂ ਗਾਖੜੀ ਕਮਾਉਂਦਿਆਂ, ਬਾਬਾ ਜ਼ੋਰਾਵਰ ਸਿੰਘ ਸਾਹਿਬ ਬਾਬਾ ਫ਼ਤੇਹ ਸਿੰਘ ਸਾਹਿਬ ਜੀ ਸਰਹੰਦ

Sri Satguru Jagjit Singh Ji eLibrary NamdhariElibrary@gmail.com

ਦੀਆਂ ਨੀਹਾਂ ਅੰਦਰ ਖੜ੍ਹੇ, ਜੈਕਾਰੇ ਗਜਾ ਰਹੇ ਹਨ। ਮਿਸਲ ਫਕੀਰਾਂ ਗਾਖੜੀ ਕਮਾਉਂਣਾ, ਸਤਿਗੁਰੂ ਸਾਹਿਬ ਜੀ ਦੀ ਬਹੁਤ ਵੱਡੀ ਨਦਰ ਹੈ। ਜਿੱਥੇ ਮਹਾਰਾਜ ਸਾਹਿਬ ਜੀ ਆਪ ਹੀ ਵਸਦੇ ਹਨ, ਉੱਥੇ ਹੀ ਸ਼ਬਦ ਦੀ ਚੋਟ ਨੂੰ ਸਹਾਰਨ ਦੀ ਸਮਰੱਥਾ ਬਖ਼ਸ਼ਦੇ ਹਨ। ਜਿਵੇਂ ਮਰਿਆ ਜੀਵ ਸੰਕਲਪ ਵਿਕਲਪ ਨਹੀਂ ਉਠਾਉਂਦਾ, ਮਾਇਆ ਸੰਸਾਰ ਵਿਕਾਰ ਮੋਹ ਮਮਤਾ ਵੈਰ ਦਾ ਕੋਈ ਸੰਕਲਪ ਨ ਉਠਾਵੇ। ਫੇਰ ਮਗਰੋਂ ਕੋਈ ਹਉਕਾ ਨ ਲਵੇ, ਭਾਵ ਮਾਤਾ ਪਿਤਾ ਭੈਣ ਭਰਾ ਬੱਚੇ ਬੱਚੀਆਂ ਘਰ ਵਾਲੀ ਜ਼ਮੀਨ ਜ਼ਾਇਦਾਦ ਦੌਲਤ ਹੋਰ ਕੋਈ ਭੀ ਸੰਸਾਰ ਦੀ ਚੀਜ਼ ਚੇਤੇ ਨ ਕਰੇ। ਜਿਵੇਂ ਸਤਿਗੁਰੂ ਅਮਰਦਾਸ ਸਾਹਿਬ ਜੀ ਨੇ ਬਾਰਾਂ ਵਰ੍ਹੇ ਗੁਰੂ ਘਰ ਦਾ ਜਲ ਢੋਇਆ। ਬਾਰਾਂ ਵਰ੍ਹੇ ਬਾਅਦ ਮਹਾਰਾਜ ਜੀ ਨੂੰ ਗੁਰਤਾ ਦੀ ਦਾਤਿ ਪ੍ਰਾਪਤ ਹੋਈ। ਮਿਸਲ ਫਕੀਰਾਂ ਗਾਖੜੀ ਕਮਾਉਣ ਵਾਲਿਆਂ, ਇਹ ਸ੍ਰੀ ਮੁਖਵਾਕ ਕਮਾਏ:- ਕੇਤਿਆ; ਦੂਖ ਭੂਖ ਸਦ ਮਾਰ॥ ਏਹਿ ਭਿ; ਦਾਤਿ ਤੇਰੀ. ਦਾਤਾਰ॥) ਜੇ ਜੇ ਸਹਿਤ; ਜਾਤਨ ਸੰਦੇਹਿ॥ ਪ੍ਰਭ ਕੋ ਸੰਗਿ ਨ ਛੋਡਤ ਨੇਹ॥ ਤੇ ਤੇ; ਪਰਮਪੁਰੀ ਕਹ ਜਾਹੀ॥ ਤਿਨ ਹਰਿ ਸਿਉ; ਅੰਤਰੁ ਕਛੁ ਨਾਹੀ॥) ਧਰਮ ਹੇਤ ਸਾਕਾ ਜਿਨਿ ਕੀਆ॥ ਸੀਸੁ ਦੀਆ ਪਰੁ ਸਿਰਰੁ ਨ ਦੀਆ॥}

ਪਹਿਲੈ ਪਹਰੈ ਫੁਲੜਾ; ਫਲੁ ਭੀ ਪਛਾ ਰਾਤਿ॥ ਸਾਂਈਂ- ਜੋ ਜਾਗੰਨ੍ਹਿ. ਲਹੰਨਿ ਸੇ; ਸਾਈ ਕੰਨੋ ਦਾਤਿ॥੧੧੨॥ ਪਰਮਪੂਜਨੀਕ ਭਗਤ ਫਰੀਦ ਸਾਹਿਬ ਜੀ ਫ਼ੁਰਮਾਉਂਦੇ ਹਨ:- ਰਾਤ ਦੇ ਪਹਿਲੈ (ਪਹਰੈ)ਪਹਿਰ ਬੰਦਗੀ ਕਰਨੀ, (ਫੁਲੜਾ)ਫੁੱਲ ਵਾਂਗ ਪ੍ਰੇਮਾ- ਭਗਤੀ ਦੀ ਖ਼ੁਸ਼ਬੂ ਦਿੰਦੀ ਹੈ, (ਪਛਾ)ਪਿਛਲੀ ਰਾਤਿ ਵੱਡੇ ਤੜਕੇ, ਕੀਤਾ ਭਜਨ ਭੀ ਫਲੁ ਖਾਣ ਵਾਂਗ, ਮਹਾਂ ਵਿਸਮਾਦ ਅਨੰਦ ਫਲੁ ਸਰੂਪ ਹੈ, ਭਾਵ ਰਾਤ ਦੇ ਅਰੰਭ ਤੋਂ ਪਹਿਲੇ ਪਹਿਰ ਅਤੇ ਵੱਡੇ ਤੜਕੇ ਸਾਰੀ ਰਾਤ ਹੀ ਸਾਵਧਾਨ ਹੋ ਕੇ, ਪੂਰਨ ਬੰਦਗੀ ਕਰਕੇ ਫੁੱਲ ਫ਼ਲ਼ ਪ੍ਰਾਪਤਿ ਕਰਨੇ ਚਾਹੀਦੇ ਹਨ।

ਸਾਂਈਂ- ਜੋ ਜਾਗੰਨ੍ਹਿ. ਲਹੰਨਿ ਸੇ; ਸਾਈ ਕੰਨੋ ਦਾਤਿ॥੧੧੨॥) ਇਕੋ ਸਤਿਗੁਰੁ ਜਾਗਤਾ; ਹੋਰੁ ਜਗੁ ਸੂਤਾ. ਮੋਹਿ ਪਿਆਸਿ॥) ਸਤਿਗੁਰੁ ਜਾਗਤਾ ਹੈ ਦੇਉ॥ ਅਨੁਸਾਰ ਸਤਿਗੁਰੂ ਸਾਹਿਬ ਜੀ ਸਦਾ ਜਾਗਦੇ ਹਨ, ਪਰਾਇਆ ਰੂਪ ਦੇਖਣ, ਨਿੰਦਾ ਕਰਨ, ਰਸਨਾ ਦੇ ਮਿੱਠੇ ਤਲ਼ੇ ਸੁਆਦ ਨਸ਼ੇ ਵਰਤਣ, ਮੋਹ ਕਰਨ, ਪਾਪ ਕਰਨ ਰੂਪ ਨੀਂਦ ਤੋਂ, ਗੁਰੂ ਜੀ ਦੇ ਸਨਮੁਖ, ਜੋ ਗੁਰਸੇਵਕ (ਜਾਗੰਨ੍ਹਿ)ਜਾਗਦੇ ਹਨ, (ਸੇ)ਉਹ (ਸਾਈ)ਗੁਰੂ ਮਹਾਰਾਜ (ਕੰਨੋ)ਪਾਸੋਂ, ਨਾਮ ਸਿਮਰਨ ਬੰਦਗੀ ਰੂਪੀ ਫ਼ੁੱਲ ਫ਼ਲ਼ ਦੀ ਅਮੋਲਕ ਦਾਤਿ (ਲਹੰਨਿ)ਲੈਂਦੇ ਹਨ। ਯਥਾ:- ਗੁਰਮੁਖਿ ਜਾਗਿ ਰਹੇ; ਦਿਨ ਰਾਤੀ॥ ਸਾਚੇ ਕੀ ਲਿਵ; ਗੁਰਮਤਿ ਜਾਤੀ॥) ਗੁਰਮੁਖਿ ਜਾਗਿ ਰਹੇ; ਚੂਕੀ ਅਭਿਮਾਨੀ ਰਾਮ॥ ਅਨਦਿਨੁ ਭੋਰੁ ਭਇਆ; ਸਾਚਿ ਸਮਾਨੀ ਰਾਮ॥ ਸਾਚਿ ਸਮਾਨੀ.ਗੁਰਮੁਖਿ ਮਨਿ ਭਾਨੀ; ਗੁਰਮੁਖਿ ਸਾਬਤੁ ਜਾਗੇ॥ ਸਾਚੁ ਨਾਮੁ ਅੰਮ੍ਰਿਤੁ.ਗੁਰਿ ਦੀਆ; ਹਰਿ ਚਰਨੀ ਲਿਵ ਲਾਗੇ॥ ਪ੍ਰਗਟੀ ਜੋਤਿ.ਜੋਤਿ ਮਹਿ ਜਾਤਾ; ਮਨਮੁਖਿ ਭਰਮਿ ਭੁਲਾਣੀ॥ ਨਾਨਕ.ਭੋਰੁ ਭਇਆ.ਮਨੁ ਮਾਨਿਆ; ਜਾਗਤ ਰੈਨਿ ਵਿਹਾਣੀ॥

ਸਨਮੁਖ ਗੁਰਸੇਵਕ ਜਾਗ ਕੇ, ਗੁਰੂ ਮਹਾਰਾਜ ਪਾਸੋਂ, ਨਾਮ ਸਿਮਰਨ ਬੰਦਗੀ ਦੀ ਅਮੋਲਕ ਦਾਤਿ ਇਉਂ ਪ੍ਰਾਪਤਿ ਕਰਦੇ:- ਸਤਿਗੁਰੂ ਮਹਾਰਾਜ ਮਹੱਲਾ ਪਹਿਲਾ ਸਾਹਿਬ ਜੀ, ਸ੍ਰੀ ਕਰਤਾਰਪੁਰ ਸਾਹਿਬ ਜੀ ਵਿਖੇ ਰਾਤ ਨੂੰ ਜਾਗ ਕੇ ਸਿਮਰਨ ਕਰਦੇ, ਪਿਆਰੇ ਗੁਰੂ ਅੰਗਦਦੇਵ ਮਹਾਰਾਜ ਸਾਹਿਬ ਜੀ, ਬਾਬਾ ਬੁੱਢਾ ਸਾਹਿਬ ਜੀ, ਭਾਈ ਸਧਾਰਨ ਸਾਹਿਬ ਜੀ, ਭਾਈ ਭਗੀਰਥ ਸਾਹਿਬ ਜੀ ਆਦਿਕ ਸਨਮੁਖ ਗੁਰਮੁਖਿ ਮਹਾਪੁਰਸ਼ ਮਹਾਰਾਜ ਸਾਹਿਬ ਦੀ ਮੁੱਠੀ-ਚਾਪੀ, ਚੌਰ ਕਰਦਿਆਂ, ਗੁਰੂ ਪ੍ਰਮੇਸਰ ਜੀ ਦੇ ਦਰਸ਼ ੨ ਕਰਦੇ ਮਹਾਂ ਮਹਾਂ ਵਿਸਮਾਦ ਸੁੰਦਰ ਨੂਰੋ ਨੂਰ ਨੂਰਾਨੀ ਚਿਹਰੇ ਨੂੰ ਸਮੂਹ ਪ੍ਰੇਮੀ, ਚੰਦ ਚਕੋਰ ਪਰੀਤ ਹੈ; ਲਾਇ ਤਾਰ ਨਿਹਾਲੇ। ਅਨੁਸਾਰ ਚੰਦ ਚਕੋਰ ਵਾਲੀ ਗੂੜ੍ਹੀ ਪ੍ਰੀਤੀ ਪਰਮ ਪਿਆਰ ਸਤਿਕਾਰ ਨਾਲ ਤੱਕ ਕੇ, ਮਹਾਂ ਵਿਸਮਾਦ ਇਕਾਗ੍ਰ ਹੋ ਜਾਂਦੇ। ਯਥਾ:- ਸਭੁ ਦਿਨਸੁ

Sri Satguru Jagjit Singh Ji eLibrary NamdhariElibrary@gmail.com

ਰੈਣਿ. ਦੇਖਉ ਗੁਰੁ ਅਪੁਨਾ; ਵਿਚਿ ਅਖੀ. ਗੁਰ ਪੈਰ ਧਰਾਈ॥) ਅੰਦਰਿ ਸਚਾ ਨੇਹੁ; ਲਾਇਆ ਪ੍ਰੀਤਮ ਆਪਣੈ॥ ਤਨੁ ਮਨੁ ਹੋਇ ਨਿਹਾਲੁ; ਜਾ ਗੁਰੁ ਦੇਖਾ ਸਾਮ੍ਹਣੇ॥ ਮਹਾਰਾਜ ਸਾਹਿਬ ਜੀ, ਦਿਲ ਦਿਮਾਗ਼ 'ਚ ਗੁਰਬਾਣੀ ਭੇਜਦੇ, ਸਭ ਦੇ ਰਿਦੇ ਚੋਂ ਮੂੰਹ'ਚ ਅੰਮ੍ਰਿਤ ਭੇਜਦੇ। ਸਾਰੇ ਅਜਪਾ- ਜਾਪ 'ਚ ਲੀਣ ਹੋ ਕੇ, ਮਹਾਂ ਮਹਾਂ ਵਿਸਮਾਦ ਹੋ ਜਾਂਦੇ। ਪ੍ਰੇਮੀ ਜੋ ਭੀ ਮਹਾਰਾਜ ਸਾਹਿਬ ਜੀ ਦੇ ਚਰਨ- ਕਮਲਾਂ 'ਚ ਪ੍ਰੇਮ- ਬੇਨਤੀ ਕਰਦੇ, ਮਿਠ ਬੋਲੜਾ ਜੀ; ਹਰਿ ਸਜਣੁ ਸੁਆਮੀ ਮੋਰਾ॥ ਮਹਾਰਾਜ ਸਾਹਿਬ ਜੀ ਬੜੇ ਹੀ ਪਿਆਰ ਨਾਲ ਖ਼ੂਬ ਮਿੱਠੇ ਕੋਮਲ ਉੱਤ੍ਰ ਦੇ ਕੇ ਤ੍ਰਿਪਤ ਕਰਦੇ। ਯਥਾ:- ਕੋਮਲ ਬਾਣੀ ਸਭ ਕਉ ਸੰਤੋਖੈ॥

ਦਾਤੀ ਸਾਹਿਬ ਸੰਦੀਆ; ਕਿਆ ਚਲੈ ਤਿਸੁ ਨਾਲਿ॥ ਇਕਿ ਜਾਗੰਦੇ. ਨਾ ਲਹਨ੍ਹਿ; ਇਕਨ੍ਹਾ ਸੁਤਿਆ. ਦੇਇ ਉਠਾਲਿ॥੧੧੩॥) ਗੁਰ ਨਾਨਕ ਦੇਵ ਗੋਵਿੰਦ ਰੂਪ॥ ਗੁਰਤਾ- ਗੱਦੀ ਬਿਰਾਜਮਾਨ ਸਾਹਿਬ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ (ਸੰਦੀਆ)ਦੀਆਂ, ਨਾਮੁ ਪ੍ਰੇਮ ਨਿਮ੍ਰਤਾ ਹਲੀਮੀ ਗ਼ਰੀਬੀ ਨ੍ਰਿਵਿਕਾਰਤਾ, ਧੀਰਜ ਸਤਿ ਸੰਤੋਖ ਦਇਆ ਖਿਮਾ ਧਰਮ ਵੀਚਾਰ, ਨਿਵਣ ਖਵਣ ਆਦਿ ਅਸੰਖ ਗੁਣਾਂ ਦੀਆਂ ਅਮੋਲਕ (ਦਾਤੀ)ਦਾਤਾਂ ਹਨ। (ਤਿਸੁ)ਤਿਨ੍ਹਾਂ ਨਾਲਿ (ਕਿਆ)ਕੀ ਜ਼ੋਰ (ਚਲੈ)ਚੱਲੇ? ਭਾਵ ਜ਼ੋਰ ਨਾਲ਼ ਦਾਤਾਂ ਪ੍ਰਾਪਤ ਨਹੀਂ ਹੁੰਦੀਆਂ। ਅਮੋਲਕ ਦਾਤਾਂ ਦੀ ਪ੍ਰਪਤੀ ਲਈ, ਵੱਡੇ ਭਰਾਤਾ ਰਾਮਰਾਇ ਜੀ ਨੇ, ਮਹੱਲੇ ਅੱਠਵੇਂ ਜੀ ਨਾਲ ਈਰਖਾ ਕਰਨੀ:- ਅਨਿਕ ਰੂਪ ਖਿਨ ਮਾਹਿ; ਕੁਦਰਤਿ ਧਾਰਦਾ॥ ਅਨੁਸਾਰ ਵਾਹਿਗੁਰੂ ਮਹੱਲਾ ਅੱਠਵਾਂ ਜੀ ਅਨੇਕਾਂ ਸਰੂਪ ਧਾਰ ਕੇ, ਅਨੇਕਾਂ ਦੇਸ਼ਾਂ 'ਚ, ਪ੍ਰੇਮੀਆਂ ਗੁਰਸੇਵਕਾਂ ਦੇ ਅਨੇਕ ਪ੍ਰਕਾਰ ਦੇ ਸ਼ੁਭ ਕਾਰਜ ਸਵਾਰ ਕੇ ਰੱਖਿਆ ਭੀ ਕਰਦੇ। ਇੱਕ ਦਿਨ ਸੰਤ ਦੋਖੀ ਔਰੰਗੇ ਦੀ ਸਭਾ 'ਚ, ਸੱਚੇ ਸਤਿਗੁਰੂ ਸਾਹਿਬ ਜੀ ਦੀ ਬਹੁਤ ਉਸਤਤ ਹੋਈ। ਆਪ ਜੀ ਦੇ ਵੱਡੇ ਭਰਾ ਰਾਮਰਾਏ ਨੇ ਨਾਂ ਸਹਾਰੀ ਤੇ ਕਿਹਾ,"ਉਸ ਦੀ ਸਿਫ਼ਤ ਕਿਉਂ ਕਰਦੇ ਹੋਂ? ਉਹ ਤਾਂ ਸ਼ੀਤਲਾ ਦਾ ਖਾਜਾ ਹਨ। " ਇਹ ਖ਼ਬਰ ਰਾਜੇ ਜੈ ਸਿੰਘ ਜੀ ਨੇ ਮਹੱਲੇ ਅੱਠਵੇਂ ਜੀ ਨੂੰ ਦਿਤੀ। ਆਪ ਜੀ ਅਕਾਸ਼ ਵਾਂਗ ਨਿਰਖੋਭ, ਕਵਲ ਵਾਂਗ ਨਿਰਲੇਪ ਧੀਰਜ ਸਹਿਤ ਬੋਲੇ, "ਪਰਮਪੂਜਨੀਕ ਪਿਤਾ ਜੀ ਨੇ ਰਾਮਰਾਇ ਜੀ ਨੂੰ ਦਿੱਲੀ ਭੇਜਿਆ, ਇਸ ਨੇ ਜ਼ਬਾਨੀ ਤੁਕ ਉਲਟਾ ਕੇ ਅੰਮ੍ਰਿਤ ਗੁਰਬਾਣੀ ਜੀ ਦੀ ਬਿਅਦਬੀ ਕੀਤੀ, ਤਾਂ ਪਰਮਪੂਜਨੀਕ ਪਿਤਾ ਜੀ ਨੇ ਇਸ ਨੂੰ ਤਿਆਗ ਦਿਤਾ, ਕਿਹਾ, "ਗੁਰਤਾ ਪ੍ਰਾਪਤੀ ਲਈ, ਇਹ ਈਰਖਾ ਬਖ਼ੀਲੀ ਕਰਦਾ ਹੈ, ਇਸ ਨੂੰ ਨਹੀਂ ਮਿਲੇਗੀ"। ਯਥਾ:- ਚਹੁ ਪੀੜੀ ਆਦਿ ਜੁਗਾਦਿ.ਬਖੀਲੀ ਕਿਨੈ ਨ ਪਾਇਓ; ਹਰਿ ਸੇਵਕ ਭਾਇ ਨਿਸਤਾਰਾ॥ ਇਹ ਅੰਤ ਬਿਨ ਆਈ ਜਿਉਂਦਾ ਸੜੇਗਾ। " ਆਪ ਜੀ ਨੇ ਕ੍ਰੋਧ ਦੇ ਵਸੀਕਾਰ ਹੋ ਕੇ ਬਚਨ ਨਹੀਂ ਕਹੇ! ਉਸ ਨੂੰ ਗੁਰੂ ਪਿਤਾ ਜੀ ਤੋਂ ਆਕੀ ਜਾਣ ਕੇ, ਗੁਰਮਤਿ ਮਰਯਾਦਾ ਨੂੰ ਸਹੀ ਸਲਾਮਤਿ ਰੱਖਣ ਲਈ, ਇਹ ਸ੍ਰੀ ਮੁਖਵਾਕ ਕਹੇ ਕਿ ਸਾਰੇ ਗੁਰਸੇਵਕ ਸ਼ਰਧਾ ਕਰਨ, ਬਈ ਪਰਮਪੂਜਨੀਕ ਸਤਿਗੁਰੂ ਸੱਤਵੇਂ ਪਾਤਿਸਾਹ ਜੀ ਨੇ ਜੋ ਗੁਰਤਾ ਬਖ਼ਸ਼ੀ ਹੈ, ਉਹ ਠੀਕ ਹੀ ਬਖ਼ਸ਼ੀ ਹੈ। ਗੁਰੂ ਜੀ ਨੂੰ ਬਾਲਕ ਨ ਸਮਝਣ, ਆਪ ਜੀ ਦੀ ਉੱਚੀ ਕਰਣੀ ਹੈ, ਬਈ ਜੇ ਸਿੱਖਾਂ ਦੀ ਸ਼ਰਧਾ ਨਾ ਰਹੀਂ ਤਾਂ ਕਲਿਆਣ ਨਹੀਂ ਹੋਵੇਗੀ। ਸੋ ਆਪ ਜੀ ਨੇ ਆਪਣੇ ਸਿੱਖਾਂ ਲਈ, ਹਰ ਪ੍ਰਕਾਰ ਦੀ ਕੁਰਬਾਨੀ ਦਿਤੀ ਹੈ, ਸੋ ਇਹ ਬਚਨ ਪੂਰੇ ਭੀ ਹੋਏ। ਯਥਾ:- ਦੋਹਿਰਾ॥ ਰਾਮਰਾਇ ਜੀਵਤ ਸੜਾ; ਬਿਨ ਉਲਾਦ ਬਿਨ ਸ਼ਾਂਤਿ। ਨਿਰਵੈਰਾਂ ਸੰਗ ਵੈਰ ਜੋ; ਹਲਤ ਪਲਤ ਦੁਖ ਪਾਤ॥੪੮॥ ਸਤਿਗੁਰ ਸ਼ਾਂਤਿ ਸਰੂਪ ਕੋ; ਦਰਸ਼ਨ ਸੰਗਤਿ ਲੇਤ। ਜੈਸੀ ਜੈਸੀ ਭਾਵਨਾ; ਪੂਰਨ ਸਤਿਗੁਰ ਹੇਤ॥੪੯॥ (ਸ੍ਰੀ ਗੁਰਮੁਖਿ ਪ੍ਰਕਾਸ਼)

ਇਕਿ ਜਾਗੰਦੇ. ਨਾ ਲਹਨ੍ਹਿ; ਇਕਨ੍ਹਾ ਸੁਤਿਆ. ਦੇਇ ਉਠਾਲਿ॥੧੧੩॥) ਗੁਰਸਿਖ ਜੋਗੀ ਜਾਗਦੇ; ਮਾਇਆ ਅੰਦਰਿ ਕਰਨਿ ਉਦਾਸੀ॥) ਗੁਰਮੁਖਿ ਜਾਗਿ ਰਹੇ; ਚੂਕੀ ਅਭਿਮਾਨੀ ਰਾਮ॥) ਅਨੁਸਾਰ ਮੋਹ ਵਿਕਾਰ ਹੰਕਾਰ ਔਗੁਣ ਤਿਆਗ ਕੇ, ਗਿਆਨ ਅਵਸਥਾ 'ਚ (ਜਾਗੰਦੇ)ਜਾਗਦੇ ਇਕਿ ਗੁਰਸਿਖ, ਪੂਰਨ ਸਤਿਗੁਰਾਂ ਤੋਂ

Sri Satguru Jagjit Singh Ji eLibrary NamdhariElibrary@gmail.com

(ਨਾ)ਨਾਮੁ ਅਜਪਾ ਜਾਪ (ਲਹਨ੍ਹਿ)ਪ੍ਰਾਪਤ ਕਰਦੇ ਹਨ। ਸਤਿਗੁਰਾਂ ਤੋਂ ਨਾਮੁ ਪ੍ਰਾਪਤ ਕਰਕੇ, ਸੁਆਦਾਂ ਵਿਕਾਰਾਂ ਪਾਪਾਂ 'ਚ, ਇਕਨ੍ਹਾ ਸੁਤਿਆ ਨੂੰ, ਔਗੁਣਾਂ ਤੋਂ (ਉਠਾਲਿ)ਜਗਾ ਕੇ, ਨਾਮ ਦੀ ਦਾਤਿ (ਦੇਇ)ਦਿੰਦੇ ਹਨ। ਜਿਵੇਂ ਇੱਕ ਵਪਾਰੀ ਬੰਦਰਗਾਹ 'ਤੇ ਬੈਠਾ ਸੀ, ਜਹਾਜ਼ ਬੰਦਰਗਾਹ 'ਤੇ ਲੱਗ ਗਿਆ, ਆਪਣਾ ਮਾਲ ਜਹਾਜ਼ 'ਚ ਰੱਖਕੇ, ਗੁਰੂ ੨ ਜਪਦਾ ਸੌਂ ਗਿਆ। ਦੂਜੇ ਵਪਾਰੀ ਨੇ ਉਸ ਨੂੰ ਜਗਾ ਕੇ, ਸੌਦਾ ਕਰਕੇ ਮਾਲ ਦਾ ਨਫ਼ਾ ਦੇ ਦਿਤਾ। ਦੂਜੇ ਵਪਾਰੀਆਂ ਨੇ ਬਜ਼ਾਰ 'ਚ ਜਾ ਕੇ ਸ਼ਰਾਬ ਪੀ ਲਈ, ਕਮਲੇ ਹੋ ਗਏ, ਵਾਪਿਸ ਆਏ, ਜਹਾਜ਼ ਚਲਿਆ ਗਿਆ, ਬੰਦਰਗਾਹ ਸੁੰਞੀ ਹੋ ਗਈ। ਮਾਲ ਡਾਕੂ ਲੁੱਟ ਕੇ ਲੈ ਗਏ। ਇਉਂ ਇਕਨ੍ਹਾ ਸੁਤਿਆ. ਦੇਇ ਉਠਾਲਿ॥ ਜਿਹੜੇ ਪ੍ਰੇਮੀ ਸਤਸੰਗਤ ਜੀ 'ਚ ਕਥਾ ਕੀਰਤਨ 'ਚ ਸਾਰੀ ਰਾਤ ਜਾਗਦੇ ਹਨ, ਬੈਠਿਆਂ ਨੂੰ ਆਲਸ ਆਉਣ ਤੋਂ ਕੋਈ ਪ੍ਰੇਮੀ ਜਗਾ ਦਿੰਦਾ ਹੈ, ਕੰਨ 'ਚ ਬਾਣੀ ਪੈ ਜਾਂਦੀ ਹੈ। ਮਹਾਰਾਜ ਉਠਾ ਕੇ ਦਾਤ ਦਿੰਦੇ ਹਨ। ਪ੍ਰਸ਼ਾਦ ਭੀ ਜਗਾ ਕੇ ਦੇ ਦਿੰਦੇ ਹਨ। ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ;ਜਨ ਕੈ ਸਦ ਕਾਮ॥੬॥ ਅਨੁਸਾਰ ਅੱਠੇ ਪਹਿਰ ਨਾਮ ਜਪਦੇ ਹਨ। ਹਰ ਵੇਲੇ ਮਹਾਰਾਜ ਦੇ ਆਦਰ ਸਤਿਕਾਰ 'ਚ ਮਹਾਂ ਵਿਸਮਾਦ ਲੀਣ ਰਹਿੰਦੇ ਹਨ। ਨਾਮ ਜਪਦੇ ੨ ਸੌਂ ਜਾਣ, ਮਹਾਰਾਜ ਅਵਾਜ਼ ਮਾਰ ਕੇ ਉਠਾ ਦਿੰਦੇ ਹਨ। ਸੋਚਦੇ ਹਨ, ਬੜੀ ਹੀ ਕ੍ਰਿਪਾ ਹੋਈ ਹੈ,ਦਾਸਨ ਦਾਸ ਨੂੰ ਸੱਚੇ ਪਾਤਿਸ਼ਾਹ ਜੀ ਨੇ ਉਠਾ ਦਿਤਾ ਹੈ। ਕਬੀਰ. ਸੁਪਨੈ ਹੂ ਬਰੜਾਇ ਕੈ; ਜਿਹ ਮੁਖ ਨਿਕਸੈ ਰਾਮੁ॥ ਤਾ ਕੇ ਪਗ ਕੀ ਪਾਨਹੀ; ਮੇਰੇ ਤਨ ਕੋ ਚਾਮੁ॥ ਅਨੁਸਾਰ ਸੁਪਨੇ 'ਚ ਗੁਰਬਾਣੀ ਬਰੜਾਉਂਦੇ ਹਨ, ਸੁਤਿਆਂ ਨੂੰ ਵੀ ਦਾਤ ਬਖਸ਼ਦੇ ਹਨ, ਉਠਾਲਿ ਕੇ ਵੀ ਗੁਰਬਾਣੀ ਬਖਸ਼ਦੇ ਹਨ।

ਢੂਢੇਦੀਏ. ਸੁਹਾਗ ਕੂ; ਤਉ ਤਨਿ. ਕਾਈ ਕੋਰ॥ ਜਿਨ੍ਹਾ ਨਾਉ ਸੁਹਾਗਣੀ; ਤਿਨਾ. ਝਾਕ ਨ ਹੋਰ॥੧੧੪॥ ਪ੍ਰਮੇਸਰ ਸਰੂਪ (ਸੁਹਾਗ)ਪਤੀ ਜੀ (ਕੂ)ਨੂੰ, (ਢੂਢੇਦੀਏ)ਲੱਭ ਰਹੀ, ਹੇ ਜੀਵ ਰੂਪ ਇਸਤ੍ਰੀਏ! (ਤਉ)ਤੇਰੇ ਤਨਿ 'ਚ, (ਕਾਈ)ਕੋਈ, ਔਗੁਣਾਂ ਵਿਕਾਰਾਂ ਜ਼ੋਰ ਜ਼ੁਲਮ ਦੀ (ਕੋਰ)ਕਾਣ ਹੈ। ਯਥਾ:- ਪੂਛਤ ਸੁਹਾਗਨ. ਕਰਮ ਹੈ ਦੁਹਾਗਨਿ ਕੈ; ਰਿਦੈ ਬਿਬਿਚਾਰ. ਕਤ ਸਿਹਜਾ ਬੁਲਾਈਐ।) ਜਾਇ ਪੁਛਹੁ ਸੋਹਾਗਣੀ; ਤੁਸੀ ਰਾਵਿਆ. ਕਿਨੀ ਗੁਣੀ॥ ਸਹਜਿ ਸੰਤੋਖਿ ਸੀਗਾਰੀਆ; ਮਿਠਾ ਬੋਲਣੀ॥ ਪਿਰੁ ਰੀਸਾਲੂ ਤਾ ਮਿਲੈ; ਜਾ. ਗੁਰ ਕਾ ਸਬਦੁ ਸੁਣੀ॥ ਅਨੁਸਾਰ, ਪਤੀ ਪ੍ਰਮਾਤਮਾ ਜੀ ਦੇ (ਸੁਹਾਗ)ਅਨੰਦ ਨੂੰ ਮਾਨਣ ਵਾਲ਼ੀਆਂ, ਜਿਨ੍ਹਾ ਦਾ ਨਾਉ ਸੁਹਾਗਣੀਆਂ ਹੈ, ਤਿਨਾ ਨੂੰ ਹੋਰ ਪਤੀ, ਵਡਿਆਈ ਮਾਇਆ ਦੀ ਝਾਕ (ਨ)ਨਹੀਂ ਹੁੰਦੀ। ਯਥਾ:- ਨਾਨਕ. ਸੋਹਾਗਣਿ ਕਾ. ਕਿਆ ਚਿਹਨੁ ਹੈ; ਅੰਦਰਿ ਸਚੁ ਮੁਖੁ ਉਜਲਾ, ਖਸਮੈ ਮਾਹਿ ਸਮਾਇ॥੧॥

ਸਬਰ ਮੰਝ ਕਮਾਣ; ਏ ਸਬਰੁ ਕਾ ਨੀਹਣੋ॥ ਖਤਾ ਪੋਲਾ- ਸਬਰ ਸੰਦਾ ਬਾਣੁ; ਖਾਲਕੁ. ਖਤਾ ਨ ਕਰੀ॥੧੧੫॥ ਹੇ ਪਰਮਪੂਜਨੀਕ ਭਗਤ ਸਾਹਿਬ ਜੀ! ਆਪ ਜੀ ਨੂੰ ਸ਼ਾਹਸਰਫ਼ ਜੀ ਦੁਆਰਾ ਪ੍ਰਾਪਤੀ ਹੋਈ, ਪੂਰੇ ਗੁਰੂ ਜੀ, ਸਤਸੰਗਤ ਜੀ ਦੀ ਸੇਵਾ, ਪ੍ਰੇਮਾ- ਭਗਤੀ ਬਚਨ ਮੰਨਣ, ਸਤਸੰਗਤ ਗੁਰਸਿੱਖਾਂ ਦੀ ਸੇਵਾ ਕਰਨ ਦਾ ਕੀ ਫਲ਼ ਹੈ? ਬਾਬਾ ਫ਼ਰੀਦ ਸਾਹਿਬ ਜੀ, ਚਰਣ ਚਰਣ.ਚਰਣ ਗੁਰ ਸੇਵੇ; ਅਘੜੁ ਘੜਿਓ.ਰਸੁ ਪਾਇਆ ਥਾ॥ ਅਵਸਥਾ ਬਾਰੇ ਫ਼ੁਰਮਾਉਂਦੇ ਹਨ:- ਪੂਰੇ ਗੁਰੂ ਜੀ ਦੇ (ਮੰਝ)ਹਿਰਦੇ 'ਚ, ਸ੍ਰਬ ਵਿਆਪੀ ਮਹਾਂ ਬਿਸਮਾਦ (ਸਬਰ)ਸੰਤੋਖ ਰੂਪੀ ਕਮਾਣ ਹੈ, (ਏ)ਇਹੋ ਸ੍ਰਬ ਵਿਆਪੀ ਮਹਾਂ ਬਿਸਮਾਦ (ਸਬਰ)ਸੰਤੋਖ (ਕਾ)ਦਾ (ਨੀਹਣੋ)ਚਿੱਲਾ ਹੈ।

ਖਤਾ ਪੋਲਾ- ਸਬਰ ਸੰਦਾ ਬਾਣੁ; ਖਾਲਕੁ. ਖਤਾ ਨ ਕਰੀ॥੧੧੫॥ (ਖਾਲਕੁ)ਵਾਹਿਗੁਰੂ ਸਰੂਪ ਸਤਿਗੁਰੂ ਮਹਾਰਾਜ ਸਾਹਿਬ ਜੀ, ਸ੍ਰਬ ਵਿਆਪੀ ਮਹਾਂ ਬਿਸਮਾਦ ਸੰਤੋਖ ਰੂਪੀ ਕਮਾਣ ਦੇ ਸ੍ਰਬ ਵਿਆਪੀ ਮਹਾਂ ਬਿਸਮਾਦ (ਸਬਰ)ਸੰਤੋਖ ਚਿੱਲੇ 'ਤੇ, ਸ੍ਰਬ ਵਿਆਪੀ ਮਹਾਂ ਵਿਸਮਾਦ (ਸਬਰ)ਸੰਤੋਖ (ਸੰਦਾ)ਦਾ (ਬਾਣੁ)ਤੀਰ, ਆਪਣੇ

Sri Satguru Jagjit Singh Ji eLibrary NamdhariElibrary@gmail.com

ਸੇਵਕਾਂ ਜੀ ਦੇ ਗੁਨਾਹਾਂ ਨੂੰ, ਮਾਰਦੇ ਹਨ, ਤਾਂ ਉਹ (ਖਾਲਕੁ)ਰੱਬ ਸਰੂਪ ਬਣ ਜਾਂਦੇ ਹਨ, (ਖਤਾ)ਗੁਨਾਹ (ਨ)ਨਹੀਂ (ਕਰੀ)ਕਰਦੇ। ਯਥਾ:- ਕਬੀਰ. ਸਤਿਗੁਰ ਸੂਰਮੇ; ਬਾਹਿਆ ਬਾਨੁ ਜੁ ਏਕੁ॥ ਲਾਗਤ ਹੀ. ਭੁਇ ਗਿਰਿ ਪਰਿਆ; ਪਰਾ ਕਰੇਜੇ ਛੇਕੁ॥ ਸੱਚੇ ਪਾਤਿਸ਼ਾਹ ਜੀ ਦੇ ਸਬਰ ਰੂਪੀ ਤੀਰ ਮਾਰਨ ਤੋਂ, ਜਿਉਂਦੇ ਮਰ ਕੇ ਗੁਰੂ ਜੀ ਦੀ ਚਰਨ ਸ਼ਰਨ 'ਚ ਰਹਿੰਦਿਆਂ,ਸ੍ਰਬੱਤ ਦਾ ਭਲਾ ਹੀ ਕਰਦੇ ਹਨ। ਯਥਾ:- ਮੁਰਦਾ ਹੋਇ ਮੁਰੀਦ;ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ.ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ, ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥)

ਸਬਰ ਅੰਦਰਿ ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ. ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥੧੧੬॥ ਐਸੇ ਪੂਰਨ ਦਰਵੇਸ਼ ਮਹਾਂਪੁਰਸ਼ ਜੋ ਗੁਨਾਹ ਨਹੀਂ ਕਰਦੇ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਬਣ ਜਾਂਦੇ ਹਨ, ਕ੍ਰਿਪਾ ਕਰਕੇ ਉਨ੍ਹਾਂ ਬਾਰੇ ਹੋਰ ਭੀ ਦੱਸੋ ਜੀ। ਤਾਂ ਆਪ ਜੀ ਫ਼ੁਰਮਾਉਂਦੇ ਹਨ:- ਹੇ ਪਿਆਰਿਓ! ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ, ਉਨ੍ਹਾਂ ਦੇ ਦਿਲ ਦਿਮਾਗ਼ 'ਚ, ਸ੍ਰਬ ਵਿਆਪੀ ਮਹਾਂ ਵਿਸਮਾਦ ਸਬਰ ਹੀ ਸਬਰ ਭੇਜਦੇ ਰਹਿੰਦੇ ਹਨ। ਸ੍ਰਬ ਵਿਆਪੀ ਮਹਾਂ ਵਿਸਮਾਦ ਨਿਰਗੁਨ ਸਬਰ ਅੰਦਰਿ (ਸਾਬਰੀ)ਪੂਰਨ ਸੰਤੋਖੀ ਰਹਿੰਦੇ ਹਨ। ਆਪਣੇ (ਤਨੁ)ਸ਼ਰੀਰ ਨੂੰ (ਏਵੈ)ਇਉਂ ਸ੍ਰਬ ਵਿਆਪੀ ਮਹਾਂ ਵਿਸਮਾਦ ਨਿਰਗੁਨ ਸਬਰ ਹੀ ਸਬਰ 'ਚ, ਪ੍ਰਕਾਸ਼ ਸਹਿਤ (ਜਾਲੇਨ੍ਹਿ)ਪ੍ਰਕਾਸ਼ਦੇ ਹਨ, ਭਾਵ ਉਨ੍ਹਾਂ ਦਾ ਸ਼ਰੀਰ ਰੋਮ ੨ ਅੰਦਰ ਬਾਹਰ, ਸ੍ਰਬ ਵਿਆਪੀ ਮਹਾਂ ਵਿਸਮਾਦ ਨਿਰਗੁਨ ਸਬਰ ਹੀ ਸਬਰ 'ਚ ਜਗਮਗਾਉਂਦਾ ਹੈ। ਜਿਵੇਂ ਆਪ ਸਤਿਗੁਰੂ ਅਰਜਨ ਦੇਵ ਸਾਹਿਬ ਮਹਾਰਾਜ ਜੀ ਉਬਲਦੀ ਦੇਗ 'ਚ ਬੈਠਣ, ਤੱਤੇ ਰੇਤੇ 'ਤੇ ਬੈਠਣ, ਤੱਤਾ ਰੇਤਾ ਸੀਸ 'ਤੇ ਪੁਆਉਣ, ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ਹਨ ਸਮੇਂ, ਰੋਮ ੨ ਕਰਕੇ ਸ੍ਰਬ ਵਿਆਪੀ ਮਹਾਂ ਵਿਸਮਾਦ ਨਿਰਗੁਨ ਸਬਰ ਹੀ ਸਬਰ 'ਚ ਜਗਮਗਾਉਂਦੇ ਰਹੇ।

ਹੋਨਿ ਨਜੀਕਿ. ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥੧੧੬॥ ਖ਼ੁਦਾ ਸਰੂਪ ਸਤਿਗੁਰੂ ਮਹਾਰਾਜ ਸਾਹਿਬ ਜੀ ਦੇ, ਸਬਰ ਸੰਤੋਖ ਅੰਦਰਿ (ਸਾਬਰੀ)ਪੂਰਨ ਸੰਤੋਖੀ ਗੁਰਸੇਵਕ ਜੀ, (ਖੁਦਾਇ)ਅਸੰਖ ਪ੍ਰਕਾਸ਼ ਹੀ ਪ੍ਰਕਾਸ਼ ਵਿਸਮਾਦ ਸਰੂਪ, ਸਭ ਦੇ ਅੰਦਰ ਬਾਹਰ ਹਰ ਸਮੇਂ ਅਜਪਾ ਜਾਪ ਕਰ ਰਹੇ, ਸ੍ਰਬ ਵਿਆਪੀ ਅਨਤ ਕਲਾਵਾਨ ਮਹਾਂ ਵਿਸਮਾਦ, ਸ੍ਰਬ ਪ੍ਰਕਾਸ਼ਕ ਨਿਰਮਲ ਨਿਰਵੈਰ ਨਿਰਲੇਪ ਸਦਾ ਦਿਆਲ ਕ੍ਰਿਪਾਲ ਵਾਹਿਗੁਰੂ ਜੀ ਦੇ (ਨਜੀਕਿ)ਨੇੜੇ ਤੋਂ ਨੇੜੇ ਭਾਵ ਲੀਣ (ਹੋਨਿ)ਹੁੰਦੇ ਹਨ। ਯਥਾ:- ਜਿਉ ਜਲ ਮਹਿ; ਜਲੁ ਆਇ ਖਟਾਨਾ॥ ਤਿਉ ਜੋਤੀ ਸੰਗਿ; ਜੋਤਿ ਸਮਾਨਾ॥ ਮਿਟਿ ਗਏ ਗਵਨ; ਪਾਏ ਬਿਸ੍ਰਾਮ॥ ਨਾਨਕ ਪ੍ਰਭ ਕੈ; ਸਦ ਕੁਰਬਾਨ॥) ਹਰਿ ਕੇ ਸੰਗ; ਬਸੇ ਹਰਿ ਲੋਕ॥ ਤਨੁ ਮਨੁ ਅਰਪਿ.ਸਰਬਸੁ ਸਭੁ ਅਰਪਿਓ; ਅਨਦ ਸਹਜ ਧੁਨਿ ਝੋਕ॥) ਸੂਰਜ ਕਿਰਣਿ ਮਿਲੇ; ਜਲ ਕਾ ਜਲੁ ਹੂਆ ਰਾਮ॥ ਜੋਤੀ ਜੋਤਿ ਰਲੀ; ਸੰਪੂਰਨੁ ਥੀਆ ਰਾਮ॥) ਜਲ ਤਰੰਗੁ ਜਿਉ ਜਲਹਿ ਸਮਾਇਆ॥ ਤਿਉ ਜੋਤੀ ਸੰਗਿ; ਜੋਤਿ ਮਿਲਾਇਆ॥ ਭੇਤੁ ਨ ਕਿਸੈ ਦੇਨਿ॥ ਵਾਹਿਗੁਰੂ ਜੀ, ਅਪਣੇ ਸੇਵਕ ਜੀ ਦਾ, ਅਪਣੇ ਨਾਲੋਂ ਕਿਸੈ ਸਮੇਂ ਭੀ (ਭੇਤੁ)ਫਰਕ (ਨ)ਨਹੀਂ ਪੈਣ (ਦੇਨਿ)ਦਿੰਦੇ। ਯਥਾ:- ਸਖੀ ਵਸਿ ਆਇਆ.ਫਿਰਿ.ਛੋਡਿ ਨ ਜਾਈ; ਇਹ ਰੀਤਿ ਭਲੀ ਭਗਵੰਤੈ॥) ਸਾਰਿਆਂ ਥਾਵਾਂ'ਚ, ਸਹਾਇਤਾ ਕਰਦੇ ਹਨ। ਯਥਾ:- ਸੋ ਸਤਿਗੁਰੁ ਪਿਆਰਾ, ਮੇਰੈ ਨਾਲਿ ਹੈ; ਜਿਥੈ ਕਿਥੈ ਮੈਨੋ ਲਏ ਛਡਾਈ॥

Sri Satguru Jagjit Singh Ji eLibrary NamdhariElibrary@gmail.com

ਸਬਰੁ ਏਹੁ ਸੁਆਉ; ਜੇ ਤੂੰ ਬੰਦਾ ਦਿੜੁ ਕਰਹਿ॥ ਵਧਿ ਥੀਵਹਿ. ਦਰੀਆਉ; ਟੁਟਿ. ਨ ਥੀਵਹਿ ਵਾਹੜਾ॥੧੧੭॥ ਹੇ (ਬੰਦਾ)ਬੰਦੇ! ਸ੍ਰਬ ਵਿਆਪੀ ਮਹਾਂ ਬਿਸਮਾਦ (ਸਬਰੁ)ਸੰਤੋਖ ਦਾ ਏਹੁ ਜੋ ਸ੍ਰਬ ਵਿਆਪੀ ਮਹਾਂ ਬਿਸਮਾਦ (ਸੁਆਉ)ਸੁਆਦ ਹੈ, ਜੇ (ਤੂੰ)ਆਪ ਜੀ, ਇਸ ਨੂੰ (ਦਿੜੁ)ਦ੍ਰਿੜ ਪ੍ਰਪੱਕ ਨਿਸਚੇ (ਕਰਹਿ)ਕਰ ਲਵੋਂ, ਤਾਂ ਆਪ ਜੀ ਵਧਿ ਕੇ, ਬ੍ਰਹਮ ਸਰੂਪ (ਦਰੀਆਉ)ਸਮੁੰਦ੍ਰ (ਥੀਵਹਿ)ਬਣ ਜਾਵੋਂ, ਬ੍ਰਹਮ ਜੀ ਨਾਲੋਂ ਟੁਟਿ ਕੇ (ਵਾਹੜਾ)ਨਾਲਾ ਨ (ਥੀਵਹਿ)ਹੋਵੋਂ, ਨਾਲੇ ਨੂੰ ਤੋੜ ਕੇ, ਜ਼ਿਮੀਂਦਾਰ ਖੇਤਾਂ 'ਚ ਪਾ ਕੇ ਸੁਕਾ ਦਿੰਦੇ ਹਨ। ਇਉਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣ ਰੂਪ ਜ਼ਿਮੀਂਦਾਰ, ਨਿੰਦਾ ਚੁਗ਼ਲੀ ਈਰਖਾ ਬਖ਼ੀਲੀ ਆਦਿਕ ਔਗੁਣਾਂ ਰੂਪੀ ਖੇਤਾਂ 'ਚ ਪਾ ਕੇ, ਆਪ ਜੀ ਨੂੰ ਨਾਸ ਨਹੀਂ ਕਰਨਗੇ। ਜਿਵੇਂ ੯੯੯ ਨਦੀਆਂ ਸਮੁੰਦ੍ਰ 'ਚ ਮਿਲ ਕੇ, ਸਮੁੰਦ੍ਰ ਸਰੂਪ ਹੀ ਹੋ ਜਾਂਦੀਆਂ ਹਨ। ਇਉਂ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨ ਸ਼ਰਨ 'ਚ ਲੀਣ ਹੋ ਕੇ, ਆਪ ਜੀ, ਬ੍ਰਹਮ ਸਰੂਪ ਹੀ ਹੋ ਜਾਵੋਂਗੇ।

ਗੱਖੜੀ- ਫਰੀਦਾ. ਦਰਵੇਸੀ ਗਾਖੜੀ; ਚੋਪੜੀ ਪਰੀਤਿ॥) ਚੱਾਲੀਐ- ਇਕਨਿ ਕਿਨੈ ਚਾਲੀਐ; ਦਰਵੇਸਾਵੀ ਰੀਤਿ॥੧੧੮॥ ਦਰਵੇਸੀ ਗਾਖੜੀ ਸਾਖੀ:- ਅਸਾਮ ਸੂਬੇ 'ਚ ਵੱਡਭਾਗਣ ਮਾਈ ਬਸੀ ਜੀ, ਸਿਮਰਣ 'ਚ ਲੀਨ, ਮਹਾਂ ਵਿਸਮਾਦ ਰੰਗ 'ਚ ਰੰਗੇ ਰਹਿੰਦੇ। ਸਾਧੂਆਂ ਦੀ ਸ਼ੁਭ ਸੱਚੀ ਸੇਵਾ ਦਾ, ਇਨ੍ਹਾਂ ਨੂੰ ਬਹੁਤ ਭਾਰੀ ਰਸ ਆਇਆ। ਸੇਵਾ ਦੀ ਮਹਾਨਤਾ ਬਹੁਤ ਵੱਡੀ ਹੈ, ਜਿਵੇਂ ਲਵੇਰੇ ਨੂੰ ਸੰਭਾਲਣ ਵਾਲਾ, ਦੁੱਧ ਚੋਅ ਲੈਂਦਾ ਹੈ, ਇਉਂ ਬੰਦਗੀ ਵਾਲੇ ਦੀ ਜੋ ਸੇਵਾ ਕਰਦਾ ਹੈ, ਉਸ ਨੂੰ ਪ੍ਰੇਮ ਨਾਮ ਅੰਮ੍ਰਿਤ ਰੂਪੀ ਦੁੱਧ ਮਿਲਦਾ ਹੈ, ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਸੇਵਕ ਪਿਆਰੇ ਜੀ ਦੇ ਦਿਲ 'ਚੋਂ ਅੰਮ੍ਰਿਤ, ਮੂੰਹ 'ਚ ਹਰ ਸਮੇਂ ਭੇਜਦੇ ਰਹਿੰਦੇ ਹਨ, ਸੇਵਾ ਕਰਨ ਵਾਲਾ ਪ੍ਰੇਮੀ ਸੇਵਕ, ਮਹਾਂ ਬਿਸਮਾਦ ਅੰਮ੍ਰਿਤ ਰੂਪੀ ਦੁੱਧ ਹਰ ਵੇਲ਼ੇ ਪੀਂਦਾ ਰਹਿੰਦਾ ਹੈ। ਮਾਈ ਬਸੀ ਜੀ ਨੇ ਜਦੋਂ ਸਾਧੂਆਂ ਦੇ ਦਰਸ਼ਣ ਕਰਨੇ ਇਹ ਕਹਿਣਾ, {(ਤੁੱਠੇ)ਪ੍ਰਸੰਨ (ਵੁੱਠੇ)ਵਸੇ} "ਅੱਜ ਰੱਬ ਜੀ ਬੜੇ ਹੀ ਤੁੱਠੇ ਹਨ, ਅੱਜ ਤਾਂ ਅੰਮ੍ਰਿਤ ਹੀ ਅੰਮ੍ਰਿਤ ਵੁੱਠੇ ਹਨ। ਇਹ ਖ਼ਬਰ ਮਹਾਤਮਾ ਜੀ ਪਾਸ ਗਈ। ਬਾਬੇ ਫ਼ਰੀਦ ਸਾਹਿਬ ਜੀ ਸਮੇਤ, ਵੀਹ ਮਹਾਤਮਾ ਜੀ ਆ ਗਏ। ਪੂਰਨ ਅਲਮਸਤ ਫ਼ਕੀਰੀ ਲਿਬਾਸ ਵਾਲ਼ੇ, ਫ਼ਕੀਰੀ ਪਦਾਰਥ ਹੀ ਛਕਦੇ ਸਨ, ਖੋਏ ਪੇੜੇ ਰਾਬੜੀ ਰਸਗੁੱਲੇ ਵੱਲ ਤੱਕਦੇ ਭੀ ਨਹੀਂ ਸਨ, ਮਾਤਾ ਜੀ ਨੇ ਪੰਗਤ ਲਾ ਕੇ, ਵੀਹ ਗੱਫ਼ੇ ਵਰਤਾ ਦਿਤੇ। ਜੇ ਅੱਧਾ ਮਿਲ ਗਿਆ ਛਕ ਕੇ ਜਾਪ ਕਰਨ ਲੱਗ ਜਾਣਾ ਹੈ। ਯਥਾ:- ਰੁੱਖੀ ਸੁੱਖੀ- ਰੁਖੀ ਸੁਖੀ ਖਾਇ ਕੈ; ਠੰਢਾ ਪਾਣੀ ਪੀਉ॥ ਫਰੀਦਾ. ਦੇਖਿ ਪਰਾਈ ਚੋਪੜੀ; ਨਾ ਤਰਸਾਏ ਜੀਉ॥੨੯॥) ਇੱਥੇ ਬੰਦਗੀ ਸਬਰ ਸੰਤੋਖ ਦੀ ਕਹਾਣੀ ਹੈ। ਯਥਾ:- ਸਬਰ ਅੰਦਰਿ ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥) ਇਤਨੇ ਨੂੰ ਅਕਾਲ ਪੁਰਖ ਜੀ ਨੇ ਬੂਹੇ ਅੱਗੇ ਅਵਾਜ਼ ਦਿਤੀ, "ਦਹ ਦੁਨੀਆਂ ਸੱਤਰ ਆਖਰ", ਭਾਵ ਜੇ ਕੋਈ ਦਾਨ ਕਰਦਾ ਹੈ, ਇਸ ਲੋਕ 'ਚ ਦਸ ਗੁਣਾਂ, ਪ੍ਰਲੋਕ 'ਚ ਸੱਤਰ ਗੁਣਾਂ ਮਿਲਦਾ ਹੈ। ਮਾਤਾ ਜੀ ਨੇ ਥਾਲ਼ੀਆਂ 'ਚੋਂ ਪ੍ਰਸ਼ਾਦੇ ਚੁੱਕ ਕੇ, ਅਕਾਲ ਪੁਰਖ ਜੀ ਦੀ ਝੋਲ਼ੀ 'ਚ ਪਾ ਦਿਤੇ। ਕੁੱਝ ਸਮੇਂ ਬਾਅਦ ਦੋ ਸੌ ਪ੍ਰਸ਼ਾਦਾ ਆ ਗਿਆ। ਵਰਤਾ ਕੇ ਸਾਧੂਆਂ ਨੂੰ ਤ੍ਰਿਪਤਿ ਕੀਤਾ। ਮਹਾਤਮਾ ਜੀ ਨੇ ਬੜੇ ਹੀ ਖ਼ੁਸ਼ ਹੋ ਕੇ ਮਾਤਾ ਜੀ ਨੂੰ ਪੁੱਛਿਆ,"ਆਪ ਜੀ ਬੜੇ ਹੀ ਪਿਆਰ ਨਾਲ ਕਹਿੰਦੇ ਹੋਂ ਕਿ ਅੱਜ ਰੱਬ ਜੀ ਤੁੱਠੇ ਅੰਮ੍ਰਿਤ ਵੁੱਠੇ ਹਨ, ਅੱਜ ਰੁੱਠੇ ਹਨ"? ਉੱਤ੍ਰ:- "ਮਹਾਂਪੁਰਖਾਂ ਦੇ ਦਰਸ਼ਨ ਕਰਨ ਤੋਂ ਦਾਸਨ ਦਾਸੀ ਨੂੰ ਪੂਰਨ ਰੱਬ ਜੀ ਚੇਤੇ ਆਉਂਦੇ ਹਨ"। ਯਥਾ:- ਆਵੈ ਸਾਹਿਬੁ ਚਿਤਿ; ਤੇਰਿਆ ਭਗਤਾ ਡਿਠਿਆ॥ ਮਨ ਕੀ ਕਟੀਐ ਮੈਲੁ; ਸਾਧਸੰਗਿ ਵੁਠਿਆ॥ ਸੇਵਾ ਬਿਨਾ ਕੋਈ ਚੀਜ਼ ਨਾਲ ਨਹੀਂ ਜਾਣੀ। ਜਦੋਂ ਮੈਂ ਮਹਾਂਪੁਰਸ਼ਾਂ ਦੇ ਦਰਸ਼ਣ ਕਰਦੀ ਹਾਂ, ਐਸੀ ਬਿਸਮਾਦ ਗੱਲ ਬਣਦੀ ਹੈ, ਹਿਰਦੇ 'ਚੋਂ ਅੰਮ੍ਰਿਤ ਉੱਠ ਕੇ, ਮੂੰਹ 'ਚ ਆਉਂਦਾ ਹੈ। ਇਸ ਲਈ ਕਹਿੰਦੀ ਅੱਜ

Sri Satguru Jagjit Singh Ji eLibrary NamdhariElibrary@gmail.com

ਖ਼ੁਦਾ ਜੀ ਤੁੱਠੇ ਹਨ, ਹਿਰਦੇ 'ਚੋਂ ਅੰਮ੍ਰਿਤ ਵੁੱਠੇ ਹਨ। ਰੱਤੇ- ਨਾਨਕ. ਤੇ ਜਨ ਸੋਹਣੇ; ਜਿ ਰਤੇ ਹਰਿ ਰੰਗੁ ਲਾਇ॥੫੨॥ ਬਾਬੇ ਫ਼ਰੀਦ ਸਾਹਿਬ ਜੀ ਦੇ ਪਾਸ ਬੈਠੇ, ਇੱਕ ਫ਼ਕੀਰ ਨੇ ਸੁਆਦੀ ਖ਼ਿਆਲ ਨਾਲ ਲੂਣ ਮੰਗਿਆ। ਹਰਿ ਰੰਗ ਰੱਤੇ ਬਾਬੇ ਫ਼ਰੀਦ ਸਾਹਿਬ ਜੀ ਨੇ, ਲੂਣ ਮੰਗਣ ਵਾਲ਼ੇ ਨੂੰ, ਪੂਰਨ ਵੈਰਾਗ 'ਚ ਆ ਕੇ ਸ਼ੁਭ ਸੱਚਾ ਉਪਦੇਸ ਬਖਸ਼ਿਆ,"ਭਾਈ! ਆਪਾਂ ਸ਼ੀਰ ਕਰਕੇ ਘਰ ਬਾਰ ਤਿਆਗਿਆ ਹੈ, ਬੰਦਗੀ ਦੇ ਰਸਤੇ ਤੁਰੇ ਹਾਂ, ਫ਼ਕੀਰੀ ਧਾਰੀ ਹੈ। ਆਪਾਂ ਨੂੰ ਸੁਆਦ ਤੋਂ ਉੱਚੇ ਉੱਠਣਾ ਚਾਹੀਦਾ ਹੈ। ਸੁਆਦ ਹੀ ਸ਼ੀਰ ਨੂੰ ਅਵੱਲੜੇ ਰੋਗ ਲਾਉਂਦਾ ਹੈ"।

ਗੱਾਖੜੀ - ਫਰੀਦਾ. ਦਰਵੇਸੀ ਗਾਖੜੀ; ਚੋਪੜੀ ਪਰੀਤਿ॥) ਚੱਾਲੀਐ- ਇਕਨਿ ਕਿਨੈ ਚਾਲੀਐ; ਦਰਵੇਸਾਵੀ ਰੀਤਿ॥੧੧੮॥ ਪਰਮਪੂਜਨੀਕ ਭਗਤ ਫਰੀਦਾ ਸਾਹਿਬ ਜੀ ਫ਼ੁਰਮਾਉਂਦੇ ਹਨ:- ਵਾਹਿਗੁਰੂ ਜੀ ਦੇ ਦਰ ਦੀ (ਦਰਵੇਸੀ) ਫ਼ਕੀਰੀ ਬੜੀ (ਗਾਖੜੀ) ਕਠਨ ਹੈ, ਕਿਉਂਕਿ ਇੰਦਰਿਆਂ ਦੇ ਸਾਰੇ ਸੁਆਦ ਦੁਨੀਆਂ ਦੀਆਂ ਰੀਤਾਂ ਛੱਡਣੀਆਂ ਪੈਂਦੀਆਂ ਹਨ। ਯਥਾ:- ਚਰਨ ਕਮਲ ਸਿਉ ਪ੍ਰੀਤਿ ਰੀਤਿ; ਸੰਤਨ ਮਨਿ ਆਵਏ ਜੀਉ॥ ਦੁਤੀਆ ਭਾਉ ਬਿਪਰੀਤਿ; ਅਨੀਤਿ. ਦਾਸਾ ਨਹ ਭਾਵਏ ਜੀਉ॥ ਆਮ ਲੋਕਾਂ ਦੀ ਚੋਪੜੀ ਪਰੀਤਿ ਹੁੰਦੀ ਹੈ ਭਾਵ ਉਪਰੋਂ ਸੰਤ ਬਣ ਜਾਣਾ, ਕਮਾਈ ਨ ਕਰਨੀ, ਮਾਇਆ ਪਦਾਰਥਾਂ 'ਚ ਲੱਗ ਜਾਣਾ। (ਕਿਨੈ)ਕੋਈ (ਇਕਨਿ)ਬਿਰਲੇ ਹੀ (ਦਰਵੇਸਾਵੀ)ਫੱਕਰਾਂ ਦਰਵੇਸ਼ਾਂ ਵਾਲੀ (ਰੀਤਿ)ਮਰਯਾਦਾ 'ਤੇ ਚੱਲਦੇ ਹਨ, ਜੇ ਦੁੱਖ ਭੁੱਖ ਆ ਬਣੇ ਤਾਂ ਭੀ ਰੋਮ ਰੋਮ ਕਰਕੇ ਤ੍ਰਿਪਤ ਰਹਿੰਦੇ ਹਨ। ਯਥਾ:- ਜੋ ਤੂ ਦੇਹਿ.ਤਹੀ ਇਹੁ ਤ੍ਰਿਪਤੈ; ਆਨ.ਨ ਕਤਹੂ ਧਾਵਉ॥) ਮੈ.ਬਹੁੜਿ ਨ ਤ੍ਰਿਸਨਾ ਭੁਖੜੀ; ਹਉ ਰਜਾ.ਤ੍ਰਿਪਤਿ ਅਘਾਇ ਜੀਉ॥) ਛਾਦਨ ਭੋਜਨ ਕੀ.ਆਸ ਨ ਕਰਈ; ਅਚਿੰਤੁ ਮਿਲੈ ਸੋ ਪਾਏ॥

ਪੈਰੀਂ ਥੱਕਾਂ ਜੁਲਾਂ ਪੋਲਾ- ਤਨੁ ਤਪੈ ਤਨੂਰ ਜਿਉ; ਬਾਲਣੁ ਹਡ ਬਲੰਨ੍ਹਿ॥ ਪੈਰੀ ਥਕਾਂ. ਸਿਰਿ ਜੁਲਾਂ; ਜੇ ਮੂੰ ਪਿਰੀ ਮਿਲੰਨ੍ਹਿ॥੧੧੯॥ ਜੇ (ਮੂੰ) ਦਾਸਨਦਾਸੀ ਦੇ (ਪਿਰੀ)ਪਤੀ ਪ੍ਰਮਾਤਮਾ ਜੀ (ਮਿਲੰਨ੍ਹਿ)ਮਿਲਣ, ਤਾਂ ਦਾਸਨਦਾਸੀ (ਪੈਰੀ)ਪੈਰਾਂ ਕਰਕੇ, ਪਿਰੀ ਜੀ ਵੱਲ ਚਲਦੀ ੨ (ਥਕਾਂ)ਥਕ ਕੇ, ਸਿਰਿ ਪਰਨੇ (ਜੁਲਾਂ)ਚੱਲਣਾ ਕਰੇ। ਆਪਣੇ ਚੌਹੀਂ ਪਾਸੀਂ ਚਾਰ ਧੂਣੀਆਂ, ਪੰਜਵੇਂ ਸੂਰਜ ਦੇ ਸੇਕ ਨਾਲ ਦਾਸਨਦਾਸੀ ਦਾ (ਤਨੁ)ਸ਼ੀਰ (ਤਨੂਰ)ਤੰਦੂਰ (ਜਿਉ)ਵਾਂਗ (ਤਪੈ)ਤਪੇ, ਇਤਨਾ ਕਠਨ ਸਾਧਨ ਕਰਾਂ, ਦਾਸਨਦਾਸੀ ਦੇ ਹਡ ਬਾਲਣੁ ਬਣ ਕੇ ਧੂਣੀਆਂ 'ਚ (ਬਲੰਨ੍ਹਿ)ਬਲਣਾ ਕਰਨ।

ਤਨੁ. ਨ ਤਪਾਇ ਤਨੂਰ ਜਿਉ; ਬਾਲਣੁ ਹਡ ਨ ਬਾਲਿ॥) ਪੈਰੀਂ- ਸਿਰਿ ਪੈਰੀ. ਕਿਆ ਫੇੜਿਆ; ਅੰਦਰਿ. ਪਿਰੀ ਨਿਹਾਲਿ॥੧੨੦॥ ਸਰੀਰੁ ਕਟਾਇ; ਹੋਮੈ ਕਰਿ ਰਾਤੀ॥ ਵਰਤ ਨੇਮ ਕਰੈ; ਬਹੁ ਭਾਤੀ॥) ਨਿਮਖ ਨਿਮਖ ਕਰਿ; ਸਰੀਰੁ ਕਟਾਵੈ॥ ਤਉ ਭੀ; ਹਉਮੈ ਮੈਲੁ ਨ ਜਾਵੈ॥) ਮਨ ਕਾਮਨਾ. ਤੀਰਥ ਜਾਇ ਬਸਿਓ; ਸਿਰਿ ਕਰਵਤ ਧਰਾਏ॥ ਮਨ ਕੀ ਮੈਲੁ. ਨ ਉਤਰੈ ਇਹ ਬਿਧਿ; ਜੇ ਲਖ ਜਤਨ ਕਰਾਏ॥੩॥ ਅਨੁਸਾਰ ਪੂਰਨ ਭਗਤ ਜੀ ਬੜੀ ਹੀ ਡੂੰਘੀ ਰਮਜ਼ ਦੁਆਰਾ ਫ਼ੁਰਮਾ ਰਹੇ ਹਨ ਕਿ ਕਠਨ ਤੋਂ ਕਠਨ ਸਾਧਨਾ ਕਰਕੇ ਪ੍ਰਾਪਤੀ ਨਹੀਂ, ਫੱਕਰਾਂ ਦਰਵੇਸਾਂ ਵਾਲੀ ਮਰਯਾਦਾ ਕਰਕੇ ਪ੍ਰਾਪਤੀ ਹੈ ਜੀ। ਇਸ ਲਈ ਫ਼ੁਰਮਾ ਰਹੇ ਹਨ:- ਹੇ ਦਾਸਨਦਾਸ ਗ਼ਰੀਬ ਫ਼ਰੀਦਾ! ਆਪਣੇ ਤਨੁ ਨੂੰ, ਆਪਣੇ ਚੌਹੀਂ ਪਾਸੀਂ ਚਾਰ ਧੂਣੀਆਂ, ਪੰਜਵੇਂ ਸੂਰਜ ਦੇ ਸੇਕ ਨਾਲ (ਤਨੂਰ)ਤੰਦੂਰ (ਜਿਉ)ਵਾਂਗ ਨ (ਤਪਾਇ)ਤਪਾਉਣਾ ਕਰ। ਅਪਣੇ ਹਡ ਬਾਲਣੁ ਬਣਾ ਕੇ, ਧੂਣੀਆਂ 'ਚ ਨ (ਬਾਲਿ)ਬਾਲਣਾ ਕਰ। ਸਿਰਿ (ਪੈਰੀ)ਪੈਰਾਂ ਨੇ (ਕਿਆ)ਕੀ (ਫੇੜਿਆ)ਵਿਗਾੜਿਆ ਹੈ? ਸਿਰ ਪੈਰਾਂ ਕਰਕੇ ਚਲਣ ਦੀ ਲੋੜ ਨਹੀਂ। ਇਸ ਲਈ ਕਠਨ ਸਾਧਨ ਛੱਡ ਕੇ, ਦਰਵੇਸ਼ਾਂ ਵਾਲੀ ਨਿਸ਼ਕਪਟ ਗੁਰਮਤਿ ਮਰਯਾਦਾ ਦੁਆਰਾ ਆਪਣੇ

Sri Satguru Jagjit Singh Ji eLibrary NamdhariElibrary@gmail.com

ਅੰਦਰਿ (ਪਿਰੀ)ਪਤੀ ਪ੍ਰਮਾਤਮਾ ਜੀ ਨੂੰ (ਨਿਹਾਲਿ)ਦੇਖਣਾ ਕਰ। ਦਰਸ਼ਨ ਕਰਕੇ ਸੁਆਸ ੨ ਜਪ ਕੇ (ਨਿਹਾਲਿ)ਪ੍ਰਸੰਨ ਹੋ। ਯਥਾ:- ਜਾ ਕੋ ਭਾਗੁ. ਤਿਨਿ ਲੀਓ ਰੀ ਸੁਹਾਗੁ; ਹਰਿ ਹਰਿ ਹਰੇ ਹਰੇ, ਗੁਨ ਗਾਵੈ ਗੁਰਮਤਿ; ਹਉ ਬਲਿ ਬਲੇ.ਹਉ ਬਲਿ ਬਲੇ; ਜਨ ਨਾਨਕ ਹਰਿ ਜਪਿ; ਭਈ ਨਿਹਾਲ ਨਿਹਾਲ ਨਿਹਾਲ॥

ਹਉ ਢੂਢੇਦੀ ਸਜਣਾ; ਸਜਣੁ ਮੈਡੇ ਨਾਲਿ॥ ਨਾਨਕ ਅਲਖੁ. ਨ ਲਖੀਐ; ਗੁਰਮੁਖਿ ਦੇਇ ਦਿਖਾਲਿ॥੧੨੧॥ {ਸਲੋਕ ਮਃ ੪॥ ਹਉ ਢੂੰਢੇਂਦੀ ਸਜਣਾ; ਸਜਣੁ ਮੈਡੈ ਨਾਲਿ॥ ਜਨ ਨਾਨਕ. ਅਲਖੁ ਨ ਲਖੀਐ; ਗੁਰਮੁਖਿ ਦੇਹਿ ਦਿਖਾਲਿ॥੧॥੧੩੧੮ ਅੰਗ 'ਤੇ ਮਹੱਲੇ ਚਉਥੇ ਜੀ ਦੀ ਅੰਮ੍ਰਿਤ ਬਾਣੀ ਹੈ। ਵਾਹਿਗੁਰੂ ਸਤਿਗੁਰੂ ਚਉਥੇ ਪਾਤਿਸ਼ਾਹ ਜੀ ਫ਼ੁਰਮਾਉਂਦੇ ਹਨ:- (ਹਉ)ਦਾਸਨ ਦਾਸੀ (ਸਜਣਾ)ਅਕਾਲ ਪੁਰਖ ਵਾਹਿਗੁਰੂ ਜੀ ਨੂੰ (ਢੂਢੇਦੀ)ਭਾਲਦੀ ਹੈ, ਪਰ (ਸਜਣੁ)ਵਾਹਿਗੁਰੂ ਜੀ (ਮੈਡੇ)ਮੇਰੇ ਨਾਲਿ ਹੀ ਹਨ। (ਅ+ਲਖੁ) (ਅ)ਵਿਸ਼ੇਸ਼ ਕਰਕੇ ਸਭ ਦੇ ਅੰਦਰ ਬਾਹਰ ਦੀ (ਲਖੁ)ਜਾਣ ਰਹੇ, ਇਤਨਾ ਜ਼ਿਆਦਾ ਨੇੜੇ ਤੋਂ ਨੇੜੇ ਜਾਣ ਰਹੇ ਹਨ, ਜੋ (ਲਖੀਐ)ਜਾਣੇ (ਨ)ਨਹੀਂ ਜਾਂਦੇ। ਯਥਾ:- ਅੰਤੁ ਨ ਵੇਖਣਿ; ਸੁਣਣਿ ਨ ਅੰਤੁ॥) ਬਿਨੁ ਬਕਨੇ.ਬਿਨੁ ਕਹਨ ਕਹਾਵਨ; ਅੰਤਰਜਾਮੀ ਜਾਨੈ॥) ਜਾਨਣਹਾਰੁ ਰਹਿਆ ਪ੍ਰਭੁ ਜਾਨਿ॥) (ਗੁਰਮੁਖਿ)ਮੁਖੀ ਗੁਰੂ ਜੀ, ਗੁਰਮੁਖਾਂ ਦੀ ਸਤਿਸੰਗਤ 'ਚ ਕ੍ਰਿਪਾ- ਦ੍ਰਿਸ਼ਟੀ ਕਰਕੇ, ਦਿਖਾਲਿ (ਦੇਇ)ਦਿੰਦੇ ਹਨ। ਯਥਾ:- ਬਲਿਹਾਰੀ ਗੁਰ ਆਪਣੇ; ਜਿਨਿ ਹਿਰਦੈ ਦਿਤਾ ਦਿਖਾਇ॥)

ਹੰਸਾਂ। ਬੱਗਾਂ- ਹੰਸਾ ਦੇਖਿ ਤਰੰਦਿਆ; ਬਗਾ ਆਇਆ ਚਾਉ॥ ਡੁਬਿ ਮੁਏ ਬਗ ਬਪੁੜੇ; ਸਿਰੁ ਤਲਿ. ਉਪਰਿ ਪਾਉ॥੧੨੨॥) (ਮਃ ੩॥ ਹੰਸਾ ਵੇਖਿ ਤਰੰਦਿਆ; ਬਗਾਂ ਭਿ ਆਯਾ ਚਾਉ॥ ਡੁਬਿ ਮੁਏ. ਬਗ ਬਪੁੜੇ; ਸਿਰੁ ਤਲਿ. ਉਪਰਿ ਪਾਉ॥੩॥) ਵਾਹਿਗੁਰੂ ਮਹੱਲੇ ਤੀਜੇ ਜੀ ਦੇ ਇਹ ਗੁਰਬਾਣੀ ਜੀ, ਸਲੋਕ ਵਡਹੰਸ ਕੀ ਵਾਰ 'ਚ, ਅੰਗ ੫੮੫ 'ਤੇ ਹਨ, ਕੁੱਝ ਲਗਾਂ ਅੱਖਰਾਂ ਦਾ ਫ਼ਰਕ ਹੈ, ਉਪਦੇਸ਼ ਸਿਧਾਂਤ ਇੱਕ ਹੀ ਹੈ, ਇਸ ਲਈ ਪੂਰਨ ਭਗਤ ਸਾਹਿਬ ਜੀ ਪਰਮਹੰਸਾਂ ਦੇ ਇਹ ਸ਼ੁਭ ਗੁਣ ਫ਼ੁਰਮਾ ਰਹੇ ਹਨ:- ਹਰਿ ਹਰਿਜਨ ਦੁਈ.ਏਕ ਹੈ; ਬਿਬ ਬਿਚਾਰ. ਕਛੁ ਨਾਹਿ॥ ਅਨੁਸਾਰ (ਹੰਸਾ)ਰੱਬ ਸਰੂਪ ਪੂਰਨ ਮਹਾਂਪੁਰਸ਼ਾਂ ਨੂੰ, ਸੰਸਾਰ ਸਮੁੰਦ੍ਰ ਦੀਆਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਰੂਪੀ ਲਹਿਰਾਂ ਤੋਂ (ਤਰੰਦਿਆ)ਤਰਦਿਆਂ ਦੇਖਿ ਕੇ, ਡਿੱਗੇ ਇਖ਼ਲਾਕ ਵਾਲ਼ੇ (ਬਗਾ)ਬਗਲਿਆਂ ਪਖੰਡੀਆਂ ਨੂੰ (ਚਾਉ)ਚਾਅ ਆਇਆ, ਕਿ ਅਸੀਂ ਵੀ (ਹੰਸਾ)ਪੂਰਨ ਸੰਤਾਂ ਵਾਂਗ ਸੰਸਾਰ ਸਮੁੰਦ੍ਰ ਤੋਂ ਤਰ ਜਾਵਾਂਗੇ। (ਬਪੁੜੇ)ਨੀਚ ਬੇਸਮਝ (ਬਗ)ਬਗ਼ਲੇ ਭਾਵ ਦੰਭੀ ਪਖੰਡੀ ਸੰਸਾਰ ਸਮੁੰਦ੍ਰ ਦੀਆਂ ਕਾਮ ਕ੍ਰੋਧ ਲੋਭ ਮੋਹ ਹੰਕਾਰ ਵਾਸ਼ਨਾ ਰੂਪੀ ਲਹਿਰਾਂ 'ਚ ਡੁਬਿ ਕੇ, (ਮੁਏ)ਮਰ ਗਏ। ਉਨ੍ਹਾਂ ਦੇ ਸਿਰੁ (ਤਲਿ)ਥੱਲੇ, (ਪਾਉ)ਪੈਰ ਉਪਰਿ ਹੋ ਗਏ, ਭਾਵ ਪਰ ਗ੍ਰਿਹਿ ਵਿਕਾਰੀ ਹੋਣ ਕਾਰਨ, ਕੁਕਰਮ ਕਰਦੇ ਫੜੇ ਗਏ, ਸਿਰ ਥੱਲੇ ਨੂੰ ਪੈਰ ਉੱਪਰ ਕਰਕੇ ਟੰਗੇ ਗਏ। ਯਥਾ:- ਬਗਲਾ. ਤਰਣਿ ਨ ਸਿਖਿਓ; ਤੀਰਥਿ ਨ੍ਹਾਇ. ਨ ਪਥਰੁ ਤਰਿਆ॥

ਸ੍ਰਬ ਵਿਆਪੀ ਮਹਾਂ ਵਿਸਮਾਦ ਸਿੱਖਿਆ:- ਫ਼ਰੀਦ ਸਾਹਿਬ ਜੀ ਨੇ ਸਾਧੂ ਭੇਸ 'ਚ ਪਖੰਡੀਆਂ ਨੂੰ ਕੁਕਰਮ ਕਰਨ ਤੋਂ ਵਰਜਿਆ ਹੈ। ਸਾਧ ਭੇਖ ਧਾਰ ਕੇ, ਦੰਭ ਪਖੰਡ ਨ ਕਰਨ, ਦੁਨੀਆਂ ਨੂੰ ਨ ਛਲ਼ਣ, ਪੁੱਠੇ ਟੰਗੇ ਜਾਣਗੇ। ਬਾਰ ੨ ਮਾਤਾ ਦੇ ਗਰਭ 'ਚ ਆ ਕੇ ਜੂਨਾਂ ਭੋਗਣਗੇ, ਸਿਰ ਥੱਲੇ ਪੈਰ ਉੱਪਰ ਹੋਣਗੇ। ਸੋ ਜਿਹੜੇ ਪਖੰਡੀ, ਗੁਰੂ ਸਾਹਿਬ ਜੀ ਦੇ ਨਾਮ 'ਤੇ, ਮਾਇਆ ਧਨ ਪਦਾਰਥ ਛਲ਼ਦੇ ਹਨ ਉਨ੍ਹਾਂ ਅੰਦਰ ਬਿਮਾਰੀਆਂ ਵਿਭਚਾਰ ਨਸ਼ਿਆਂ ਔਗੁਣਾਂ ਦੇ ਬੜੇ ਤੇਜ਼ ਕਿਟਾਣੂ ਪੈਦਾ ਹੋ ਜਾਂਦੇ ਹਨ, ਕਿਸੇ ਵੇਲੇ ਵੀ ਦਿਲ ਦਿਮਾਗ਼ ਨੂੰ ਸੁਖ- ਚੈਨ ਨਹੀਂ ਲੈਣ ਦਿੰਦੇ। ਯਥਾ:- ਭੇਖ ਦਿਖਾਏ ਜਗਤ ਕੋ; ਲੋਗਨ ਕੋ ਬਸਿ ਕੀਨ॥ ਅੰਤ. ਕਾਲ ਕਾਤੀ ਕਟਜੋ; ਬਾਸੁ ਨਰਕ ਮੋ

Sri Satguru Jagjit Singh Ji eLibrary NamdhariElibrary@gmail.com

ਲੀਨ॥) ਮੁਖੁ ਤਲੈ. ਪੈਰ ਉਪਰੇ; ਵਸੰਦੋ ਕੁਹਥੜੈ ਥਾਇ॥) ਮਾਥੇ ਤਿਲਕੁ; ਹਥਿ ਮਾਲਾ ਬਾਨਾਂ॥ ਲੋਗਨ; ਰਾਮੁ ਖਿਲਉਨ੍ਹਾਂ ਜਾਨਾਂ॥) ਗਜ ਸਾਢੇ ਤੈ ਤੈ ਧੋਤੀਆ; ਤਿਹਰੇ ਪਾਇਨਿ ਤਗ॥ ਗਲੀ ਜਿਨ੍ਹਾ ਜਪਮਾਲੀਆ; ਲੋਟੇ ਹਥਿ ਨਿਬਗ॥ ਓਇ ਹਰਿ ਕੇ ਸੰਤ.ਨ ਆਖੀਅਹਿ; ਬਾਨਾਰਸਿ ਕੇ ਠਗ॥) ਨੰਗਾ ਦੋਜਕਿ ਚਾਲਿਆ; ਤਾ ਦਿਸੈ ਖਰਾ ਡਰਾਵਣਾ॥ ਕਰਿ ਅਉਗਣ; ਪਛੋਤਾਵਣਾ॥੧੪॥) ਕਬੀਰ. ਭਾਰ ਪਰਾਈ ਸਿਰਿ ਚਰੈ; ਚਲਿਓ ਚਾਹੈ ਬਾਟ॥ ਅਪਨੇ ਭਾਰਹਿ ਨਾ ਡਰੈ; ਆਗੈ ਅਉਘਟ ਘਾਟ॥ ਵਾਹਿਗੁਰੂ ਬਾਬੇ ਫ਼ਰੀਦ ਸਾਹਿਬ ਜੀ ਦੀ ਬਹੁਤ ਹੀ ਡੂੰਘੀ ਰਮਜ਼ ਹੈ, ਕਿ ਜਿਹੜੇ ਹੰਸਾਂ ਮਹਾਂਪੁਰਸ਼ਾਂ ਦੀ ਰੀਸ ਕਰਕੇ, ਮਹਾਪੁਰਸ਼ਾਂ ਦੀ ਗੁਰੂ ਸਾਹਿਬ ਦੀ ਨਿੰਦਾ ਕਰਦੇ ਹਨ, ਉਹ ਬੱਗ ਬਪੁੜੇ ਸੰਸਾਰ ਸਮੁੰਦ੍ਰ 'ਚ ਡੁੱਬ ਕੇ ਮਰ ਜਾਂਦੇ ਹਨ। ਹੰਸ ਦੀ ਉਡਾਰੀ ਬਹੁਤ ਲੰਮੀ ੪੦੦ ਮੀਲ ਤੋਂ ਵਧੀਕ ਹੈ। ਹੰਸ ਮਾਨ ਸ੍ਰੋਵਰ 'ਤੇ ਰਹਿੰਦਾ ਹੈ, ਹੀਰੇ ਜਵਾਹਰਾਤ ਖਾਂਦਾ ਹੈ। ਹੀਰਾ ਸਖ਼ਤ ਹੁੰਦਾ ਹੈ, ਹੀਰੇ ਨੂੰ ਅਹਿਰਣ 'ਤੇ ਰੱਖ ਕੇ, ਵਦਾਣ ਮਾਰੀਏ, ਵਦਾਣ 'ਚ ਹੀ ਖੁੱਭ ਜਾਂਦਾ ਹੈ। ਪ੍ਰਮਾਤਮਾ ਜੀ ਦੀ ਅਸਚਰਜ ਲੀਲਾ ਤੋਂ ਬਲਿਹਾਰ ਜਾਈਏ, ਉਸ ਦੀ ਪਾਚਣ ਸ਼ਕਤੀ ਹੀਰਿਆਂ ਮੋਤੀਆਂ ਨੂੰ ਹਜ਼ਮ ਕਰਨ ਵਾਲ਼ੀ ਕੈਸੀ ਨਰੋਈ ਹੈ, ਹੰਸ ਸਾਹਮਣੇ ਦੁੱਧ ਰੱਖਣ ਤੋਂ, ਚੁੰਝ ਦੁੱਧ 'ਚ ਪਾ ਦਿੰਦਾ ਹੈ, ਚੁੰਝ 'ਚ ਖਟਿਆਈ ਕਾਰਨ, ਦੁੱਧ ਦੀਆਂ ਫੁੱਟੀਆਂ ਅੱਡ, ਪਾਣੀ ਅੱਡ ਹੋ ਜਾਂਦਾ ਹੈ। ਪਾਣੀ ਤਿਆਗ ਕੇ, ਕੇਵਲ ਦੁੱਧ ਦੀਆਂ ਫੁੱਟੀਆਂ ਹੀ ਖਾਂਦਾ ਹੈ। ਇਉਂ ਗੁਰਮੁਖਿ ਪਰਮਹੰਸ ਬ੍ਰਹਮਗਿਆਨੀ ਮਹਾਂਪੁਰਖ, ਅਪਣੀ ਬ੍ਰਿਤੀ ਰੂਪੀ ਚੁੰਜ 'ਚ, ਪ੍ਰੇਮਾ- ਭਗਤੀ ਰੂਪੀ ਅਥਵਾ ਬ੍ਰਹਮ- ਵਿਚਾਰ ਰੂਪੀ ਖਟਿਆਈ ਦੁਆਰਾ, ਔਗੁਣ ਕਤਲ ਵਿਕਾਰ ਪਾਪ ਰੂਪੀ ਜਲ, ਤਿਆਗ ਕੇ, ਕੇਵਲ ਨਾਮੁ ਰੂਪੀ ਦੁੱਧ ਹੀ ਪੀਂਦੇ ਹਨ।} ਸਰਵਰ ਹੰਸ. ਧੁਰੇ ਹੀ ਮੇਲਾ; ਖਸਮੈ ਏਵੈ ਭਾਣਾ॥ ਸਰਵਰ ਅੰਦਰਿ ਹੀਰਾ ਮੋਤੀ; ਸੋ ਹੰਸਾ ਕਾ ਖਾਣਾ॥) ਬ੍ਰਹਮੈ ਬ੍ਰਹਮੁ ਮਿਲਿਆ; ਕੋਇ ਨ ਸਾਕੈ ਭਿੰਨ ਕਰਿ, ਬਲਿ ਰਾਮ ਜੀਉ॥

ਸਾਖੀ ਪਖੰਡੀ ਜੱਟ:- ਕਿਆ ਜਾਨਉ. ਕਿਛੁ ਹਰਿ ਕੀਆ; ਭਇਓ ਕਬੀਰੁ ਕਬੀਰੁ॥ ਅਨੁਸਾਰ ਧੰਨ ਕਬੀਰ ਧੰਨ ਕਬੀਰ ਸਾਹਿਬ ਜੀ ਹੋਣ ਲੱਗੀ, ਕਾਂਸ਼ੀ 'ਚ, ਪਖੰਡੀ ਜੱਟ ਨੇ ਸੋਚਿਆ, "ਮੈਂ ਵੀ ਕਬੀਰ ਸਾਹਿਬ ਜੀ ਵਾਂਗ ਜਸ ਖੱਟਾਂ ਧਨ ਪਦਾਰਥ ਮਿਲੇ"। ਜਾਣੀਜਾਣ ਪੂਰਨ ਪੁਰਖ ਕਬੀਰ ਸਾਹਿਬ ਜੀ ਕੋਲੇ, ਨਵਾਂ ਕਬੀਰ ਸਾਹਿਬ ਜੀ ਬਨਣ ਆਇਆ। ਸ੍ਰੀ ਕਬੀਰ ਸਾਹਿਬ ਜੀ ਨੇ ਬੁਲੰਦ ਅਵਾਜ਼ ਨਾਲ ਦਬਕਾ ਮਾਰਿਆ "ਹੇ ਮੂਰਖ ਅੰਧੀ ਬੇਪੀਰ ਲੋਈ! ਛੇਤੀ ਆ ਕਿਧਰ ਮਰ ਗਈ"? ਆਠ ਪਹਰ. ਕਰਿ ਜੋੜਿ ਰਹੁ; ਤਉ ਭੇਟੈ ਹਰਿ ਰਾਇ ਰੀ॥) ਹਰਿ ਸੰਤਨ; ਕਰਿ ਨਮੋ ਨਮੋ॥) ਅਨੁਸਾਰ ਮਾਤਾ ਲੋਈ ਜੀ, ਦੋਵੇਂ ਹੱਥ ਜੋੜ ਸਿਰ ਝੁਕਾ ਕੇ, ਹਰ ਸਮੇਂ ਆਗਿਆ ਮੰਨਦੇ, ਹੰਗਤਾ ਦਾ ਇਹ ਪੂਰਨ ਤਿਆਗ, ਬੜੀ ਹੀ ਗ਼ੀਬੀ ਵਾਲੀ ਅਵਸਥਾ ਹੈ। ਦੋਵੇਂ ਹੱਥ ਜੋੜ ਸਿਰ ਝੁਕਾ ਕੇ ਕਿਹਾ, "ਜੀ ਹਜ਼ੂਰ ਕੀ ਹੁਕਮ ਹੈ"? "ਮਿੱਟੀ ਕੁੱਟ ਕੇ, ਘਿਉ ਪਾ ਕੇ, ਕੋਠੇ 'ਤੇ ਚੜ੍ ਕੇ ਗ਼ਲੀਆਂ ਮੁੰਦ"। ਪਖੰਡੀ ਜੱਟ ਦੇ ਦੇਖਦਿਆਂ, ਪੂਰਨ ਦਿਵਾਨੀ ਮਸਤਾਨੀ ਅਵਸਥਾ 'ਚ, ਹੁਕਮ ਮੰਨਿਆਂ ਗਿਆ। ਪਖੰਡੀ ਜੱਟ ਨੇ ਘਰੇ ਆ ਕੇ, ਘਰ ਵਾਲੀ ਨੂੰ ਦਬਕਾ ਮਾਰਿਆ, "ਮਿੱਟੀ ਲਿਆ"। ਉਸ ਕਿਹਾ, "ਮਿੱਟੀ ਸਿਰ 'ਚ ਮਾਰਨੀ ਹੈ"। ਉਸ ਕਿਹਾ, "ਆਖੇ ਤਾਂ ਲੱਗ ਜਾਇਆ ਕਰ, ਬਹੁਤ ਜ਼ਰੂਰੀ ਗੱਲ ਹੈ, ਮੈਂ ਕਬੀਰ ਸਾਹਿਬ ਤੋਂ ਸਿੱਖਿਆ ਲੈ ਕੇ ਆਇਆ ਹਾਂ" ਕਬੀਰ ਸਾਹਿਬ ਜੀ ਦਾ ਨਾਮ ਲੈਣ ਤੋਂ, ਉਸ ਨੇ ਮਿੱਟੀ ਲਿਆਂਦੀ। ਉਹ ਕਹਿੰਦਾ "ਥਾਪੀ ਨਾਲ ਕੁੱਟ ਕੇ ਕਪੜ ਛਾਣ ਕਰ" ਉਹ ਕਹਿੰਦੀ, "ਤੇਰੇ ਸਿਰ 'ਚ ਮਾਰੂ ਥਾਪੀ, ਪੁੱਠੇ ਕੰਮ ਕਰਾਉਂਦਾ ਹੈਂ" ਮੂਰਖ ਕਿਹਾ, "ਇਹ ਕਬੀਰ ਸਾਹਿਬ ਜੀ ਦਾ ਮੰਤ੍ ਜ਼ਰੂਰ ਹੀ ਮੰਨਣਾ ਕਰ" ਪੂਰਨ ਭਗਤ ਜੀ ਦਾ ਨਾਮ ਲੈਣ ਤੋਂ ਉਹ ਕੁੱਟਣ ਲੱਗ ਗਈ। ਫੇਰ ਕਿਹਾ, "ਘਿਉ ਪਾ ਕੇ ਗੁੰਨ। ਕਹਿੰਦੀ "ਤੇਰਾ ਤਾਂ ਦਿਮਾਗ ਪੁੱਠਾ ਹੋ ਗਿਆ" ਕਿਹਾ "ਤੂੰ ਘਿਉ ਪਾ, ਕਬੀਰ ਸਾਹਿਬ ਦੇ ਬਚਨ ਫ਼ੁਰ ਜਾਣਗੇ" ਇਉਂ ਕਹਿ ਕੇ ਘਿਉ ਪੁਆ ਲਿਆ। ਫੇਰ

Sri Satguru Jagjit Singh Ji eLibrary NamdhariElibrary@gmail.com

ਕਿਹਾ, “ਬੱਦਲ ਬਹੁਤ ਹਨ, ਕੋਠੇ ’ਤੇ ਚੜ੍ਹ ਕੇ ਗਲ਼ੀਆਂ ਮੁੰਦ ਦੇ” ਕਹਿੰਦੀ “ਮੁੰਡਿਓ ਤੁਹਾਡੇ ਪਿਉ ਦਾ ਮਗਜ਼ ਖ਼ਰਾਬ ਹੋ ਗਿਆ, ਛੇਤੀ ਸੰਗਲ ਲਾਉ” ਮੁੰਡਿਆਂ ਨੇ ਕੁੱਟ ਕੇ, ਸੰਗਲ਼ ਲਾ ਕੇ ਬੰਨ੍ ਦਿਤਾ। ਅੰਤਰਜਾਮੀ ਸ੍ਰੀ ਕਬੀਰ ਸਾਹਿਬ ਜੀ ਟਹਿਲਦੇ ੨, ਉਸ ਕੋਲੇ ਚਲੇ ਗਏ, ਕਹਿੰਦੇ, “ਕਿਉਂ ਕਬੀਰ ਬਣਨਾ ਹੈ? ਕਹਿੰਦਾ “ਮਹਾਰਾਜ! ਮੇਰਾ ਖਹਿੜਾ ਛੁਡਾਉ, ਹੁਣ ਆਪ ਜੀ ਦੇ ਆਖੇ ਲੱਗਾਂਗਾ” ਕਬੀਰ ਸਾਹਿਬ ਜੀ ਨੇ ਉਸ ਕੋਲ਼ ਬਾਣੀ ਪੜ੍ਹੀ, ਕਿਹਾ, “ਹੁਣ ਇਸ ਦਾ ਕਮਲ਼ ਠੀਕ ਹੋ ਗਿਆ ਹੈ, ਇਸ ਨੂੰ ਛੱਡ ਦਿਉ। ” ਮੇਹਰ ਕਰਕੇ ਛੁਡਾ ਦਿਤਾ। ਸੋ ਸ੍ਰੀਰ ਕਬੀਰ ਸਾਹਿਬ ਦੀ ਰੀਸ ਕਰਕੇ ਸੰਤ ਬਣਨਾ ਚਾਹੁੰਦਾ ਸੀ। ਯਥਾ:- ਸਤਿਗੁਰ ਕੀ ਰੀਸੈ, ਹੋਰਿ ਕਚੁ ਪਿਚੁ ਬੋਲਦੇ; ਸੇ ਕੂੜਿਆਰ ਕੂੜੇ ਝੜਿ ਪੜੀਐ॥ ਜੀਵ ਬੜੇ ਹੀ ਤਰਲੇ ਲੈਂਦਾ ਹੈ, ਕਿਵੇਂ ਵੱਡਾ ਬਣੇ, ਮੇਰਾ ਜਸ ਪੂਜਾ ਹੋਵੇ, ਧਨ ਪਦਾਰਥ ਮਿਲੇ। ਜੇ ਦੰਭ ਪਖੰਡ ਕਰਕੇ ਮਾਇਆ ਧਨ ਦੌਲਤ ਪਦਾਰਥ ਗ੍ਰਹਿਣ ਕਰਦਾ ਹੈ, ਤਾਂ ਇਸ ਨੂੰ ਭਾਰੀ ਡੰਡ ਮਿਲਦਾ ਹੈ। ਯਥਾ:- ਕਬੀਰ.ਅਵਰਹ ਕਉ ਉਪਦੇਸਤੇ; ਮੁਖ ਮੈ ਪਰਿ ਹੈ ਰੇਤੁ॥ ਰਾਸਿ ਬਿਰਾਨੀ ਰਾਖਤੇ; ਖਾਯਾ ਘਰ ਕਾ ਖੇਤੁ॥

ਮੈ ਜਾਣਿਆ ਵਡ ਹੰਸੁ ਹੈ; ਤਾਂ ਮੈ ਕੀਤਾ ਸੰਗੁ॥ ਜੇ ਜਾਣਾ ਬਗੁ ਬਪੁੜਾ; ਜਨਮਿ ਨ ਭੇੜੀ ਅੰਗੁ॥੧੨੩॥੧. {ਮਃ ੩॥ ਮੈ ਜਾਨਿਆ. ਵਡ ਹੰਸੁ ਹੈ; ਤਾ ਮੈ ਕੀਆ ਸੰਗੁ॥ ਜੇ ਜਾਣਾ. ਬਗੁ ਬਪੁੜਾ; ਤ ਜਨਮਿ ਨ ਦੇਦੀ ਅੰਗੁ॥੨॥ ਵਾਹਿਗੁਰੂ ਮਹੱਲੇ ਤੀਜੇ ਜੀ ਦੇ ਇਹ ਗੁਰਬਾਣੀ ਜੀ, ਸਲੋਕ ਵਡਹੰਸ ਕੀ ਵਾਰ ’ਚ, ਅੰਗ ੫੮੫ ’ਤੇ ਹਨ, ਉਪਦੇਸ਼ ਸਿਧਾਂਤ ਇੱਕ ਹੀ ਹੈ।} ਇੱਕ ਦੰਭੀ, ਪੂਰਨ ਸੰਤ ਜੀ ਦੇ ਪਹਿਰਾਵੇ ’ਚ, ਪੂਰਨ ਭਗਤ ਜੀ ਦੇ ਪਾਸ ਆਉਂਦਾ, ਆਪ ਜੀ ਸੰਤ ਜਾਣ ਕੇ ਉਸ ਦਾ ਤਹਿ ਦਿਲੋਂ ਆਦਰ ਸਤਿਕਾਰ ਕਰਦੇ। ਯਥਾ:- ਮਨ ਤਨ ਅੰਤਰਿ; ਸਿਮਰਨ ਗੋਪਾਲ॥ ਸਭ ਊਪਰਿ; ਹੋਵਤ ਕਿਰਪਾਲ॥ ਬਾਹਰੋਂ ਪਹਿਰਾਵੇ ਕਰਕੇ ਸੰਤ ਦਾ ਜੀਵਣ ਗਿਰਿਆ ਸੀ, ਮੰਦਕਰਮ ਕਰਦਾ ਫੜਿਆ ਗਿਆ। ਸੇਵਕਾਂ ਨੇ ਆਪ ਜੀ ਨੂੰ ਦੱਸਿਆ, ਆਪ ਜੀ ਨੇ, ਰਾਮ ਜੀ ਦੇ ਚਰਨ- ਕਮਲਾਂ ’ਚ ਲੀਣ ਹੋ ਕੇ, ਇਹ ਸਲੋਕ ਉਚਾਰਿਆ, ਜਿਸ ਤੋਂ ਇਜ਼ਤ ਇਖ਼ਲਾਕ ਵਾਲੇ ਜੀਵਣ ਦੀ ਸ਼ੁਭ ਪਿਆਰੀ ਸਿੱਖਿਆ ਹੈ:- ਹੇ ਪਿਆਰਿਓ! (ਮੈ)ਦਾਸਨ ਦਾਸ ਨੇ ਜਾਣਿਆ, ਇਹ (ਵਡ)ਵੱਡਾ (ਹੰਸੁ)ਤੱਤ ਬੇਤਾ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਸਿਮਰਣ ’ਚ ਲੀਨ ਮਹਾਂਪੁਰਸ਼ ਹੈ। ਤਾਂ (ਮੈ)ਦਾਸਨ ਦਾਸ ਨੇ ਇਸ ਦਾ ਸੰਗੁ ਕੀਤਾ ਹੈ। ਜੇ ਦਾਸਨ ਦਾਸ ਇਹ (ਜਾਣਾ)ਜਾਣਦਾ, ਇਹ (ਬਪੁੜਾ)ਬੇਸਮਝ ਤੁੱਛ (ਬਗੁ)ਬਗ਼ਲਾ ਪਖੰਡੀ ਹੈ, ਤਾਂ ਆਪਣੇ ਪਾਸ ਕੀ ਬਿਠਾਉਣਾ ਸੀ? ਅਪਨੇ ਸਾਰੇ ਜਨਮਿ ’ਚ, ਇਸ ਨਾਲ (ਅੰਗੁ)ਪਿਆਰ ਨਾਲ ਨ (ਭੇੜੀ)ਮਿਲਣਾ ਕਰਦਾ।

ਮੈ ਜਾਣਿਆ ਵਡ ਹੰਸੁ ਹੈ; ਤਾਂ ਮੈ ਕੀਤਾ ਸੰਗੁ॥ ਜੇ ਜਾਣਾ ਬਗੁ ਬਪੁੜਾ; ਜਨਮਿ ਨ ਭੇੜੀ ਅੰਗੁ॥੧੨੩॥੨. (ਮੈ)ਦਾਸਨ ਦਾਸ ਨੇ ਜਾਣਿਆ, ਇਹ ਸ੍ਰੀਰ (ਵਡ)ਵੱਡਾ ਸੁੰਦਰ ਸੋਹਣਾ ਹੰਸੁ ਹੈ, ਤਾਂ ਮੈ ਇਸ ਦਾ ਸੰਗੁ ਕੀਤਾ, ਬੜੇ ਲਾਡ ਪਿਆਰ ਨਾਲ ਪਾਲ਼ਿਆ ਪੋਸਿਆ, ਜੇ (ਜਾਣਾ)ਜਾਣਦਾ, ਇਹ ਕਾਮ ਕ੍ਰੋਧ ਲੋਭ ਮੋਹ ਵਿਕਾਰ ਔਗੁਣ ਝੂਠ ਨਿੰਦਾ ਈਰਖਾ ਕਰਨ ਵਾਲਾ (ਬਪੁੜਾ)ਤੁੱਛ ਨੀਚ (ਬਗੁ)ਬਗ਼ਲਾ ਪਖੰਡੀ ਹੈ, ਜਨਮਿ ਤੋਂ ਲੈ ਕੇ ਇਸ ਨਾਲ (ਅੰਗੁ)ਪਿਆਰ ਨ (ਭੇੜੀ)ਮਿਲਾਉਂਦਾ। ਭਾਵ ਸ੍ਰੀਰ ਦੇ ਆਖੇ ਨ ਲੱਗਦਾ, ਸ੍ਰੀਰ ਵਿਕਾਰ ਮੰਗਦਾ ਹੈ, ਅੱਖਾਂ ਰੂਪ ਦੇਖਣ ਭੱਜਦੀਆਂ ਹਨ, ਕੰਨ ਨਿੰਦਿਆ ਵੱਲ ਜਾਂਦੇ ਆ, ਜ਼ਬਾਨ ਝੂਠ ਬੋਲਣ ਵੱਲ ਜਾਂਦੀ ਹੈ। ਇਉਂ ਔਗੁਣਾਂ ਵੱਲ ਤੀਬਰ ਹੋ ਕੇ ਲੱਗ ਰਿਹਾ ਪਖੰਡੀ, ਸਤਿਗੁਰੂ ਮਹਾਰਾਜ ਸਾਹਿਬ ਸੱਚੇ ਪਾਤਿਸ਼ਾਹ ਜੀ ਦੇ ਚਰਨ- ਕਮਲਾਂ ’ਤੇ ਪੈ ਕੇ ਹੰਸ ਬਣ ਜਾਂਦਾ ਹੈ।

Sri Satguru Jagjit Singh Ji eLibrary NamdhariElibrary@gmail.com

ਕਿਆ ਹੰਸੁ ਕਿਆ ਬਗੁਲਾ; ਜਾ ਕਉ ਨਦਰਿ ਧਰੇ॥ ਜੇ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇ॥੧੨੪॥) ਉੱਪਰਲੇ ਸਲੋਕ ਨਾਲ ਮਿਲਵਾ ਪ੍ਰਕਰਣ ਹੋਣ ਕਾਰਨ, ਪਰਮ ਪੂਜਨੀਕ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ, ਭਾਈ ਗੁਰਦਾਸ ਸਾਹਿਬ ਜੀ ਤੋਂ ਅੰਗ ੯੧ 'ਤੇ ਮਹੱਲੇ ਪਹਿਲੇ ਜੀ ਦਾ ਸਲੋਕ ਇਉਂ ਲਿਖਵਾ ਰਹੇ ਹਨ:- ਮਃ ੧॥ ਕਿਆ ਹੰਸੁ ਕਿਆ ਬਗੁਲਾ; ਜਾ ਕਉ ਨਦਰਿ ਕਰੇਇ॥ ਜੋ ਤਿਸੁ ਭਾਵੈ ਨਾਨਕਾ; ਕਾਗਹੁ ਹੰਸੁ ਕਰੇਇ॥੨॥} ਸਭ ਤੇ ਵਡਾ ਸਤਿਗੁਰੁ ਨਾਨਕੁ; ਜਿਨਿ ਕਲ ਰਾਖੀ ਮੇਰੀ॥) ਗੁਸਾਈਂ. ਪਰਤਾਪੁ ਤੁਹਾਰੋ ਡੀਠਾ॥) ਖਿਨ ਮਹਿ. ਥਾਪਿ ਉਥਾਪਨਹਾਰੇ; ਕੁਦਰਤਿ ਕੀਮ. ਨ ਪਹੀ॥) ਓਪਤਿ ਪਰਲਉ; ਖਿਨ ਮਹਿ ਕਰਤਾ॥ ਆਪਿ ਅਲੇਪਾ; ਨਿਰਗੁਨੁ ਰਹਤਾ॥) ਵਾਹਿਗੁਰੂ ਨਿਰਗੁਣ ਬ੍ਰਹਮ ਜੀ ਦੇ ਸਰਗੁਣ ਸਰੂਪ, ਧੰਨ ਗੁਰੂ ਨਾਨਕ ਦੇਵ ਮਹਾਰਾਜ ਸਾਹਿਬ ਜੀ ਅਕਾਲ ਪੁਰਖ ਦਾ ਅਧਿਕ ਤੋਂ ਅਧਿਕ ਪ੍ਰਤਾਪ ਜਣਾ ਰਹੇ ਹਨ। ਹੇ ਪਿਆਰਿਓ! ਅਕਾਲ ਪੁਰਖ ਜੀ, ਜਿਸ 'ਤੇ ਮੇਹਰ ਭਰੀ (ਨਦਰਿ)ਨਿਗ੍ਹਾ (ਧਰੇ)ਧਰਦੇ ਹਨ, ਉਹ (ਕਿਆ)ਕੀ (ਬਗਲਾ)ਪਖੰਡੀ ਲੋਕਾਂ ਨੂੰ ਛਲਣ ਵਾਲਾ, ਪਰ ਗ੍ਰਿਹਿ ਵਿਕਾਰੀ ਹੋਵੇ, ਉਸ ਨੂੰ (ਹੰਸੁ)ਤੱਤ ਬੇਤਾ ਮਹਾਂਪੁਰਸ਼ ਬਨਾਉਣਾ (ਕਿਆ)ਕੀ ਅਸਚਰਜ ਹੈ? ਜੇ (ਤਿਸੁ)ਅਕਾਲ ਪੁਰਖ ਵਾਹਿਗੁਰੂ ਜੀ ਨੂੰ ਭਾਵੇ, ਤਾਂ ਪਰਾਈ ਨਿੰਦਾ ਰੂਪ ਵਿਸ਼ਟਾ ਖਾਣ ਵਾਲ਼ੇ, ਅੰਦਰੋਂ ਬਾਹਰੋਂ ਪਾਪਾਂ ਕਰਕੇ ਕਾਲ਼ੇ (ਕਾਗਹੁ)ਕਾਂ ਤੋਂ ਹੰਸੁ ਬਣਾ ਦਿੰਦੇ ਹਨ। ਕਾਂ ਵਾਂਗ ਹਰ ਵੇਲ਼ੇ ਕਉੜਾ ਬੋਲਦਾ ਹੈ। ਯਥਾ:- ਜਿਹਵਾ ਰੰਗਿ ਨਹੀ ਹਰਿ ਰਾਤੀ; ਜਬ ਬੋਲੈ ਤਬ ਫੀਕੇ॥ ਡਾਕੇ ਕਤਲ ਯਾਰੀ ਮੰਦ- ਕਰਮ ਛੁਡਾ ਕੇ (ਹੰਸੁ)ਤੱਤ ਬੇਤਾ, ਬ੍ਰਹਮਗਿਆਨੀ ਸਗਲ ਕੀ ਰੀਨਾ॥ ਮਹਾਪੁਰਸ਼ ਬਣਾ ਦਿੰਦੇ ਹਨ। ਗੁਰਦੁਆਰਾ ਸ੍ਰੀ ਦੁੱਖ- ਭੰਜਨੀ ਬੇਰੀ ਸਾਹਿਬ ਜੀ, ਪਰਮਪੂਜਨੀਕ ਸੱਚਖੰਡ ਹਰੀ ਸਰੂਪ ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾ 'ਚ ਸੁਭਾਇਮਾਨ ਹਨ।

ਸਾਖੀ ਪਤੀਬ੍ਰਤਾ ਬੀਬੀ ਰਾਜ ਕੌਰ (ਰਜਨੀ) ਜੀ:- ਰਾਜ ਪੁੱਤ੍ਰੀ ਹੁੰਦਿਆਂ, ਆਪਣੇ ਪਿੰਗਲੇ ਪਤੀ ਜੀ ਨੂੰ ਖਾਰੀ 'ਚ ਰੱਖ ਕੇ, ਪਿੰਡ ੨ ਭਿੱਖਿਆ ਮੰਗ ਕੇ ਉਸ ਦੀ ਸੇਵਾ ਕੀਤੀ। ਦੁੱਖ ਭੰਜਨੀ ਬੇਰੀ ਹੇਠਾਂ ਪਤੀ ਜੀ ਦੀ ਖਾਰੀ ਰੱਖ ਕੇ, ਤੁੰਗ ਪਿੰਡ ਚੋਂ ਭਿੱਖਿਆ ਮੰਗਣ ਗਏ। ਦੁੱਖ ਭੰਜਨੀ ਬੇਰੀ ਹੇਠਾਂ ਛੋਟੀ ਛੱਪੜੀ 'ਚ ਅੰਮ੍ਰਿਤ ਸੀ, ਵਸਾਖੀ ਦੀ ਸੰਗ੍ਰਾਂਦ ਸੀ, ਇਸ ਨੇ ਖਾਰੀ 'ਚ ਬੈਠਿਆਂ ਅਸਚਰਜ ਕੌਤਕ ਦੇਖਿਆ, ਕਾਂ ਅੰਮ੍ਰਿਤ 'ਚ ਨਹਾ ਕੇ ਹੰਸ ਬਣ ਰਹੇ ਹਨ। ਇਸ ਪਿੰਗਲੇ ਨੇ ਚਾਅ ਨਾਲ ਇਸ਼ਨਾਨ ਕਰ ਲਿਆ। ਸ੍ਰੀਰ ਦਾ ਕੋਹੜ ਦੂਰ ਹੋ ਗਿਆ। ਚਾਅ ਨਾਲ ਖ਼ੁਸ਼ੀ ੨ ਖਾਰੀ ਮੂਧੀ ਕਰਕੇ ਉੱਪਰ ਬੈਠ ਗਿਆ। ਬੀਬੀ ਜੀ ਭਿੱਖਿਆ ਮੰਗ ਕੇ ਆਏ। ਇਹ ਹੱਸਿਆ, ਬੀਬੀ ਜੀ ਨੇ ਤਾੜ ਕੇ ਕਿਹਾ, "ਮੇਰਾ ਪਿੰਗਲਾ ਪਤੀ ਕਿੱਥੇ ਹੈ?" "ਤੇਰੇ ਸਤ ਨੂੰ ਭਾਗ ਲੱਗੇ ਹਨ, ਮੈਂ ਹੀ ਤੇਰਾ ਪਤੀ ਹਾਂ। " ਇਸ ਨੇ ਕਿਹਾ, "ਤੂੰ ਮੇਰੇ ਰੂਪ 'ਤੇ ਮਾੜੀ ਨਿਗ੍ਹਾ ਕੀਤੀ ਹੈ, ਮੈਂ ਸਤਿਗੁਰੂ ਪੰਜਵੇਂ ਪਾਤਿਸ਼ਾਹ ਜੀ ਪਾਸ ਫ਼ਰਿਆਦ ਕਰਾਂਗੀ। " ਰੌਲ਼ਾ ਸੁਣ ਕੇ ਸਤਿਸੰਗਤ ਇਕੱਠੀ ਹੋ ਗਈ। ਸਤਿਸੰਗਤ ਸਮੇਤ ਗੁਰੂ ਪ੍ਰਮੇਸਰ ਜੀ ਦੇ ਸੱਚੇ ਚਰਨ ਕਮਲਾਂ 'ਚ ਪਹੁੰਚੇ। ਪਰਮਪੂਜਨੀਕ ਸਤਿਗੁਰੂ ਸਾਹਿਬ ਜੀ ਠੀਕ ਉਸੇ ਅਸਥਾਨ 'ਤੇ ਆਏ, ਸਮਾਧੀ 'ਚ ਬੈਠਣ ਤੋਂ ਇਹ ਤੁਕ ਦਿਲ ਦਿਮਾਗ਼ 'ਚ ਆਈ। ਅੰਮ੍ਰਿਤਸਰੁ ਸਤਿਗੁਰੁ ਸਤਿਵਾਦੀ; ਜਿਤੁ ਨਾਤੈ. ਕਊਆ ਹੰਸੁ ਹੋਹੈ॥ ਸ੍ਰੀ ਗੁਰੂ ਜੀ ਨੇ ਇਹ ਸ਼ੁਭ ਵੀਚਾਰ ਕੀਤੀ, ਧੰਨ ਵਾਹਿਗੁਰੂ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਅੰਮ੍ਰਿਤ ਸ੍ਰੋਵਰ ਦੀ ਮਹਿਮਾ ਲਿਖੀ ਹੈ, ਕਿ ਜਿਸ 'ਚ ਨਹਾਉਣੇ ਕਰਕੇ ਕਾਂ ਭੀ ਹੰਸ ਹੋ ਜਾਂਦੇ ਹਨ, ਕਿਹਾ, "ਹੇ ਵੱਡਭਾਗਣ! ਤੇਰਾ ਇਹ ਹੀ ਪਿੰਗਲਾ ਪਤੀ ਹੈ। ਤੇਰੇ ਪਤੀਬ੍ਰਤਾ ਧਰਮ 'ਤੇ ਗੁਰੂ ਭਗਤੀ ਦੀ ਦ੍ਰਿੜਤਾ 'ਤੇ ਪਰਮ ਪ੍ਰਸੰਨ ਹੋ ਕੇ, ਧੰਨ ਸਤਿਗੁਰੂ ਰਾਮਦਾਸ ਸਾਹਿਬ ਜੀ ਨੇ ਭਾਗ ਲਾਏ ਹਨ, ਜਿਸ ਕਰਕੇ ਸਤਿਗੁਰੂ ਰਾਮਦਾਸ ਸ੍ਰੋਵਰ

Sri Satguru Jagjit Singh Ji eLibrary NamdhariElibrary@gmail.com

ਭੀ ਪ੍ਰਗਟ ਹੋ ਗਏ ਹਨ। ” ਸਤਿਗੁਰੂ ਸਾਹਿਬ ਜੀ ਨੇ ਮਿਹਰ ਕਰਕੇ ਇਸ ਦੇ ਪਿਤਾ ਦੁਨੀਚੰਦ ਨੂੰ ਬੁਲਾ ਕੇ ਬੀਬੀ ਜੀ ਨੂੰ ਰਾਜ ਭੀ ਦੁਆ ਦਿਤਾ।

ਸਰਵਰ ਪੰਖੀ ਹੇਕੜੋ; ਫਾਹੀਵਾਲ ਪਚਾਸ॥ ਇਹੁ ਤਨੁ ਲਹਰੀ ਗਡੁ ਥਿਆ; ਸਚੇ ਤੇਰੀ ਆਸ॥੧੨੫॥ ਸੰਸਾਰ ਰੂਪੀ (ਸਰਵਰ)ਸ੍ਰੋਵਰ 'ਚ (ਹੇਕੜੋ)ਇੱਕ, ਜੀਵ ਰੂਪ (ਪੰਖੀ)ਪੰਛੀ ਨੂੰ, (ਫਾਹੀਵਾਲ) ਫਸਾਉਣ ਵਾਲੇ, ਕਾਮ ਕ੍ਰੋਧ ਲੋਭ ਮੋਹ ਹੰਕਾਰ ਔਗੁਣ, ਸੱਪ ਬਿੱਛੂ ਸ਼ੇਰ ਬਘਿਆੜ ਆਦਿ (ਪਚਾਸ)ਪੰਜਾਹ ਭਾਵ ਬਹੁਤੇ ਹਨ। ਯਥਾ:- ਕਬੀਰ. ਹਰਨਾ ਦੂਬਲਾ; ਇਹੁ ਹਰੀਆਰਾ ਤਾਲੁ॥ ਲਾਖ ਅਹੇਰੀ. ਏਕੁ ਜੀਉ; ਕੇਤਾ ਬੰਚਉ ਕਾਲੁ॥੫੩॥ ਅਥਵਾ ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਚਾਰ ਅੰਤਹਕਰਣ, ਚੌਦਾਂ ਹੀ ਇਨਾਂ ਦੇ ਵਿਸ਼ੇ, ਚੌਦਾਂ ਹੀ ਇਨਾਂ ਦੇ ਦੇਵਤੇ, ਪੰਜ ਕਾਮ ਆਦਿਕ ਤਿੰਨ ਗੁਣ ਇਹ ਪੰਜਾਹ ਹਨ।

ਇਹੁ ਤਨੁ ਲਹਰੀ ਗਡੁ ਥਿਆ; ਸਚੇ ਤੇਰੀ ਆਸ॥੧੨੫॥ ਦਾਸਨ ਦਾਸ ਦਾ ਇਹੁ ਤਨੁ ਔਗੁਣਾ ਵਿਕਾਰਾਂ ਦੀਆਂ ਭੈੜੀਆਂ ਵਾਸ਼ਨਾ ਰੂਪ ਲਹਿਰਾਂ ਦੀ (ਗਡੁ)ਮੱਛੀ (ਥਿਆ)ਹੋ ਗਿਆ ਹੈ, ਸਚੇ ਵਾਹਿਗੁਰੂ ਜੀ! ਦਾਸਨ ਦਾਸ ਨੂੰ (ਤੇਰੀ)ਆਪ ਜੀ ਦੀ ਹੀ ਆਸ ਹੈ, ਕ੍ਰਿਪਾ ਕਰਕੇ, ਇਨ੍ਹਾਂ ਔਗੁਣਾਂ ਵਿਕਾਰਾਂ ਤੋਂ ਬਚਾਅ ਲਉ ਜੀ।

ਕਵਣੁ ਸੁ ਅਖਰੁ. ਕਵਣੁ ਗੁਣੁ; ਕਵਣੁ ਸੁ ਮਣੀਆ ਮੰਤੁ॥ ਕਵਣੁ ਸੁ ਵੇਸੋ. ਹਉ ਕਰੀ; ਜਿਤੁ. ਵਸਿ ਆਵੈ ਕੰਤੁ॥੧੨੬॥ (ਸੁ)ਉਹ (ਕਵਣੁ)ਕਿਹੜੇ ਅਖਰੁ ਹਨ? (ਜਿਤੁ)ਜਿਸ ਕਰਕੇ (ਕੰਤੁ)ਪਤੀ ਵਾਹਿਗੁਰੂ ਜੀ, ਵਸਿ ਆਉਣ? ਅਰਥਾਂ ਸਹਿਤ ਗੁਰਬਾਣੀ ਸਤਿਗੁਰੂ ਗ੍ਰੰਥ ਸਾਹਿਬ ਜੀ ਦੇ ਸਮੂਹ ਜੋ (ਸੁ)ਸ੍ਰੇਸਟ ਅਖਰੁ ਹਨ, ਪਰਮ ਪਵਿੱਤ੍ਰ ਅੱਖਰ ੨ 'ਤੇ, ਪੂਰਨ ਗੁਰੂ ਭਾਵਨਾ ਧਾਰ ਕੇ, ਸੁਰਤ ਅੰਦਰ ਤੱਕਣੇ, ਸੁਰਤ ਅੰਦਰ ਟਿਕਾਅ ਕੇ ਰੱਖਣੇ, ਅੰਦਰ ਵਸਾਉਣੇ ਕਰਕੇ ਪਤੀ ਜੀ ਵਸਿ ਆਉਂਦੇ ਹਨ। (ਕਵਣੁ)ਕਿਹੜੇ ਸ਼ੁਭ ਗੁਣੁ ਹਨ? ਸਤਿ ਸੰਤੋਖ ਦਇਆ ਧਰਮ ਨਿਮ੍ਰਤਾ ਸਹਿਨਸ਼ੀਲਤਾ ਗ੍ਰੀਬੀ ਪ੍ਰੇਮ ਵਿਰਾਗ, ਤਿਆਗ, ਨਿਰਅਭਿਮਾਨਤਾ ਖਿਮਾ ਧੀਰਜ ਨਿਰਵੈਰਤਾ ਨਿਰਲੇਪਤਾ ਆਦਿ, ਸ੍ਰਬ ਵਿਆਪੀ ਮਹਾਂ ਵਿਸਮਾਦ, ਅਨੰਤ ਸ਼ੁਭ ਗੁਣ ਜੋ ਗੁਰਬਾਣੀ ਜੀ 'ਚ ਕਥਨ ਕੀਤੇ ਹਨ। ਇਨ੍ਹਾਂ ਨੂੰ ਧਾਰਨੇ ਕਰਕੇ ਪਤੀ ਜੀ ਵਸਿ ਆਉਂਦੇ ਹਨ। ਉਹ (ਕਵਣੁ)ਕਿਹੜਾ (ਮਣੀਆ)ਸ਼੍ਰੋਮਣੀ (ਮੰਤੁ)ਮੰਤ੍ਰ ਹੈ? ਗੁਰਬਾਣੀ ਜੀ ਦੇ ਸਮੂਹ ਅੱਖਰ ਲਗਾਂ ਸ੍ਰੇਸਟ (ਮਣੀਆ)ਸ੍ਰੋਮਣੀ ਵਾਹਿਗੁਰੂ (ਮੰਤੁ)ਮੰਤ੍ਰ ਜੀ ਹਨ। ਜਿਨ੍ਹਾਂ ਕਰਕੇ ਪਤੀ ਜੀ ਵਸਿ ਆਉਂਦੇ ਹਨ। ਯਥਾ:- ਵਾਹੁ ਵਾਹੁ ਬਾਣੀ ਨਿਰੰਕਾਰ ਹੈ; ਤਿਸੁ ਜੇਵਡੁ, ਅਵਰੁ ਨ ਕੋਇ॥}

ਕਵਣੁ ਸੁ ਵੇਸੋ. ਹਉ ਕਰੀ; ਜਿਤੁ. ਵਸਿ ਆਵੈ ਕੰਤੁ॥੧੨੬॥ (ਹਉ)ਦਾਸਨ ਦਾਸੀ (ਸੁ)ਉਹ (ਕਵਣੁ)ਕਿਹੜਾ (ਸੁ)ਸ੍ਰੇਸਟ (ਵੇਸੋ)ਲਿਬਾਸ ਧਾਰਨ (ਕਰੀ)ਕਰੇ? (ਜਿਤੁ)ਜਿਸ ਕਰਕੇ (ਕੰਤੁ)ਪਤੀ ਵਾਹਿਗੁਰੂ ਜੀ, ਵਸਿ (ਆਵੈ)ਆ ਜਾਣ। ਉੱਤ੍ਰ:- ਪੰਜਾਂ ਪਿਆਰਿਆਂ ਦੁਆਰਾ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ, ਪੰਜ ਕਕਾਰ, ਉੱਚੇ ਦੁਮਾਲੇ ਸਹਿਤ ਖ਼ਾਲਸਈ ਲਿਬਾਸ ਧਾਰਨ ਕਰਕੇ ਪਤੀ ਵਾਹਿਗੁਰੂ ਜੀ, ਵਸਿ ਆਉਣਗੇ। ਯਥਾ:- ਖ਼ਾਲਸਾ ਮੇਰੋ; ਰੂਪ ਹੈ ਖ਼ਾਸ॥ ਖ਼ਾਲਸੇ ਮਹਿ; ਹੌ ਕਰੌ ਨਿਵਾਸ॥ ਖ਼ਾਲਸਾ ਮੇਰੋ; ਮੁਖ ਹੈ ਅੰਗਾ॥ ਖ਼ਾਲਸੇ ਕੇ ਹੌਂ; ਸਦ ਸਦ ਸੰਗਾ॥ ਖ਼ਾਲਸਾ ਮੇਰੋ; ਇਸ਼ੂ ਸੁਹਿਰਦ॥ ਖ਼ਾਲਸਾ ਮੇਰੋ; ਕਹੀਅਤ ਬਿਰਦ॥ ਖ਼ਾਲਸਾ ਮੇਰੋ; ਪਛ ਅਰ ਪਾਤਾ॥ ਖ਼ਾਲਸਾ ਮੇਰੋ; ਸੁਖ ਅਹਿਲਾਦਾ॥ ਖ਼ਾਲਸਾ ਮੇਰੋ; ਮਿੱਤਰ ਸਖਾਈ॥ ਖ਼ਾਲਸਾ ਮਾਤ ਪਿਤਾ; ਸੁਖਦਾਈ॥ ਖ਼ਾਲਸਾ ਮੇਰੀ; ਸੋਭਾ ਸੀਲਾ॥ ਖ਼ਾਲਸਾ ਬੰਧ ਸਖਾ; ਸਦ ਡੀਲਾ॥ ਖ਼ਾਲਸਾ ਮੇਰੀ; ਜਾਤ ਅਰ ਪਤ॥ ਖ਼ਾਲਸਾ ਸੋ; ਮਾ ਕੋ ਉਤਪਤ॥ ਖ਼ਾਲਸਾ ਮੇਰੋ; ਭਵਨ ਭੰਡਾਰਾ॥ ਖ਼ਾਲਸੇ ਕਰ; ਮੇਰੋ ਸਤਿਕਾਰਾ॥ ਖ਼ਾਲਸਾ ਮੇਰੋ; ਸ੍ਰਜਨ ਪ੍ਰਵਾਰਾ॥ ਖ਼ਾਲਸਾ ਮੇਰੋ; ਕਰਤ ਉਧਾਰਾ॥ ਖ਼ਾਲਸਾ ਮੇਰੋ; ਪਿੰਡ ਪਰਾਨ॥ ਖ਼ਾਲਸਾ ਮੇਰੀ; ਜਾਨ ਕੀ ਜਾਨ॥ ਮਾਨ ਮਹਤ ਮੇਰੀ; ਖ਼ਾਲਸਾ ਸਹੀ॥ ਖ਼ਾਲਸਾ ਮੇਰੋ; ਸ੍ਵਾਰਥ ਸਹੀ॥ ਖ਼ਾਲਸਾ ਮੇਰੋ; ਕਰੇ ਨਿਰਬਾਹ॥ ਖ਼ਾਲਸਾ ਮੇਰੋ;

Sri Satguru Jagjit Singh Ji eLibrary NamdhariElibrary@gmail.com

ਦੇਹ ਅਰ ਸਾਹ॥ ਖ਼ਾਲਸਾ ਮੇਰੋ; ਧਰਮ ਅਰ ਕਰਮ॥ ਖ਼ਾਲਸਾ ਮੇਰੋ; ਭੇਦ ਨਿਜ ਮਰਮ॥ ਖ਼ਾਲਸਾ ਮੇਰੋ; ਸਤਿਗੁਰ ਪੂਰਾ॥ ਖ਼ਾਲਸਾ ਮੇਰੋ; ਸੱਜਨ ਸੂਰਾ॥ ਖ਼ਾਲਸਾ ਮੇਰੋ; ਬੁਧ ਅਰ ਗਿਆਨ॥ ਖ਼ਾਲਸੇ ਕਾ; ਹਉ ਧਰੋ ਧਿਆਨ॥ ਉਪਮਾ ਖ਼ਾਲਸੇ; ਜਾਤ ਨ ਕਹੀ॥ ਜਿਹਵਾ ਏਕ; ਪਾਰ ਨਹਿ ਲਹੀ॥ ਸੇਸ ਰਸਨ; ਸਾਰਦ ਸੀ ਬੁੱਧ॥ ਤਦਪ; ਨ ਉਪਮਾ ਬਰਨਤ ਸੁਧ॥ ਯਾ ਮੈ; ਰੰਚ ਨ ਮਿਥਿਆ ਭਾਖੀ॥ ਪਾਰਬ੍ਰਹਮ ਗੁਰ ਨਾਨਕ ਸਾਖੀ॥ ਰੋਮ ਰੋਮ; ਜੇ ਰਸਨਾ ਪਾਂਊਂ॥ ਤਦਪ ਖ਼ਾਲਸਾ ਜਸ; ਤਹਿ ਗਾਊਂ॥ ਹੌ ਖ਼ਾਲਸੇ ਕਾ; ਖ਼ਾਲਸਾ ਮੇਰੋ॥ ਓਤ ਪੋਤ; ਸਾਗਰ ਬੂੰਦੇਰੋ॥ ਖ਼ਾਲਸਾ; ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ; ਪ੍ਰਮਾਤਮ ਕੀ ਮੌਜ॥ ਜਬ ਲਗ ਖ਼ਾਲਸਾ; ਰਹੇ ਨਿਆਰਾ॥ ਤਬ ਲਗ; ਤੇਜ ਦੀਉ ਮੈਂ ਸਾਰਾ॥ ਜਬ ਇਹ ਗਹੈ; ਬਿਪਰਨ ਕੀ ਰੀਤ॥ ਮੈਂ ਨ ਕਰੋਂ; ਇਨ ਕੀ ਪ੍ਰਤੀਤ॥) ਰਹਿਣੀ ਰਹੈ; ਸੋਈ ਸਿਖ ਮੇਰਾ। ਓਹੁ ਠਾਕੁਰੁ; ਮੈ ਉਸ ਕਾ ਚੇਰਾ।)

ਕਵਣੁ ਸੁ ਅਖਰੁ. ਕਵਣੁ ਗੁਣੁ; ਕਵਣੁ ਸੁ ਮਣੀਆ ਮੰਤੁ॥ ਕਿਸੇ ਵੱਡਭਾਗੇ ਪ੍ਰੇਮੀ ਗੁਰਸੇਵਕ ਜੀ ਨੇ ਆ ਕੇ ਪੁੱਛਿਆ, "ਸੰਸਾਰੀ ਪਤੀ ਨੂੰ ਵੱਸ ਕਰਨ ਲਈ ਧਾਗੇ 'ਤੇ ਮੰਤ੍ਰ ਪੜ੍ਹਾ ਕੇ, ਧਾਗਾ ਪਤੀ ਦੇ ਗਲ਼ ਪਾ ਦਿੰਦੀਆਂ ਹਨ, ਕਾਗ਼ਜ਼ 'ਤੇ ਅੱਖਰ ਲਿਖ ਕੇ ਜੰਤ੍ਰ ਕਰਕੇ ਗਲ਼ ਪਾਉਂਦੀਆਂ ਹਨ, ਮੰਤ੍ਰ ਪੜ੍ਹਦੀਆਂ ਹਨ, ਇਸ ਵੱਡੇ ਅਪਰਾਧ ਤੋਂ ਹਟ ਕੇ ਪਤੀ ਨੂੰ ਵੱਸ ਕਰਨ ਲਈ ਅਥਵਾ ਪ੍ਰਮਾਤਮਾ ਪਤੀ ਜੀ ਨੂੰ ਵੱਸ ਕਰਨ ਲਈ (ਸੁ)ਉਹ (ਕਵਣੁ)ਕਿਹੜੇ ਜੰਤਰ ਦੇ ਅਖਰੁ ਹਨ? (ਕਵਣੁ)ਕਿਹੜਾ (ਗੁਣੁ)ਧਾਗਾ ਹੈ? (ਸੁ)ਉਹ (ਕਵਣੁ)ਕਿਹੜਾ (ਮਣੀਆ)ਸ਼੍ਰੋਮਣੀ (ਮੰਤੁ)ਮੰਤ੍ਰ ਹੈ?

ਕਵਣੁ ਸੁ ਵੇਸੋ. ਹਉ ਕਰੀ; ਜਿਤੁ. ਵਸਿ ਆਵੈ ਕੰਤੁ॥੧੨੬॥ (ਹਉ)ਦਾਸਨ ਦਾਸੀ (ਸੁ)ਉਹ (ਕਵਣੁ)ਕਿਹੜਾ (ਸੁ)ਸ੍ਰੇਸਟ (ਵੇਸੋ)ਲਿਬਾਸ ਧਾਰਨ (ਕਰੀ)ਕਰੇ, (ਜਿਤੁ)ਜਿਸ ਕਰਕੇ (ਕੰਤੁ)ਪਤੀ ਵਾਹਿਗੁਰੂ ਜੀ, ਵਸਿ (ਆਵੈ)ਆ ਜਾਣ?

ਨਿਵਣੁ ਸੁ ਅਖਰੁ. ਖਵਣੁ ਗੁਣੁ; ਜਿਹਬਾ ਮਣੀਆ ਮੰਤੁ॥ ਏ ਤ੍ਰੈ ਭੈਣੇ ਵੇਸ ਕਰਿ; ਤਾ ਵਸਿ ਆਵੀ ਕੰਤੁ॥੧੨੭॥ ਪ੍ਰਸ਼ਨ ਸੁਣ ਕੇ ਪੂਰਨ ਬ੍ਰਹਮ ਸਰੂਪ ਬ੍ਰਹਮਗਿਆਨੀ ਕੈ; ਗਰੀਬੀ ਸਮਾਹਾ॥ ਬ੍ਰਹਮਗਿਆਨੀ; ਪਰਉਪਕਾਰ ਉਮਾਹਾ॥) ਨਿਰਗੁਣ ਬ੍ਰਹਮ 'ਚ ਲੀਣ, ਪੂਰਨ ਭਗਤ ਜੀ, ਹਰਿ ਮੇਰੋ ਪਿਰੁ; ਹਉ ਹਰਿ ਕੀ ਬਹੁਰੀਆ॥ ਰਾਮ ਬਡੇ; ਮੈ ਤਨਕ ਲਹੁਰੀਆ॥੧॥) ਕਹਿ ਕਬੀਰ.ਮੋਹਿ ਬਿਆਹਿ ਚਲੇ ਹੈ; ਪੁਰਖ ਏਕ ਭਗਵਾਨਾ॥ ਅਨੁਸਾਰ ਪਤੀ ਰੱਬ ਜੀ ਨੂੰ ਵੱਸ ਕਰਨ ਲਈ, ਸ੍ਰਬੱਤ ਦੇ ਭਲੇ ਹਿਤ ਫ਼ੁਰਮਾ ਰਹੇ ਹਨ:- ਕਾਗਜ਼ 'ਤੇ ਅੱਖਰ ਲਿਖ ਕੇ ਦਿੰਦੇ ਹਨ, ਉਸ ਨੂੰ ਜੰਤ੍ਰ ਕਹਿੰਦੇ ਹਨ। ਹਰ ਇੱਕ ਅੱਗੇ ਰੋਮ ੨ ਕਰਕੇ (ਨਿਵਣੁ)ਨਿਵਣਾ, ਅਥਵਾ ਹਰ ਵੇਲੇ ਮਨ ਜੋੜ ਕੇ, ਸਿਮਰਣ ਕਰਦਿਆਂ, ਅਕਾਲ ਪੁਰਖ ਜੀ ਦੇ ਸਨਮੁਖ (ਨਿਵਣੁ)ਨਿਉਣਾ, ਜੰਤ੍ਰ ਦੇ (ਸੁ)ਸ੍ਰੇਸਟ ਅਖਰੁ ਹਨ। ਯਥਾ:- ਨਿਮਖ ਨਿਮਖ; ਠਾਕੁਰ ਨਮਸਕਾਰੈ॥ ਨਾਨਕ ਓਹੁ ਅਪਰਸੁ; ਸਗਲ ਨਿਸਤਾਰੈ॥੧॥ ਖਵਣੁ ਗੁਣੁ; {ਅਣਜਾਣ ਧਾਗੇ ਨੂੰ ਗੰਢਾਂ ਦੇ ਕੇ, ਉਸ 'ਤੇ ਕੁੱਝ ਪੜ੍ਹ ਕੇ ਬੰਨ੍ਹਾਉਂਦੇ ਹਨ, ਜੋ ਗ਼ਲਤ ਹੈ, ਪੂਰਨ ਭਗਤ ਜੀ, ਸ੍ਰਬ ਵਿਆਪੀ ਮਹਾਂ ਵਿਸਮਾਦ ਧਾਗ਼ਾ ਦਸਦੇ ਹਨ:- ਕਾਰੋਬਾਰ 'ਚ ਘਾਟਾ ਪੈ ਜਾਵੇ, ਗਰਮੀ ਸਰਦੀ ਦੁੱਖ ਕੁਬੋਲ, ਮਰਨ ਦਾ ਕਸ਼ਟ (ਖਵਣੁ)ਸਹਾਰਨਾ ਹੀ, (ਗੁਣੁ)ਧਾਗਾ ਬੰਨ੍ਹਣਾ ਹੈ। ਜਿਵੇਂ ਪਰਮਪੂਜਨੀਕ ਧੰਨ ਵਾਹਿਗੁਰੂ ਮਹੱਲਾ ਪੰਜਵਾਂ ਜੀ, ਜ਼ਾਲਮਾਂ ਦੇ ਘੋਰ ਭਿਆਨਕ ਅਤਿਆਚਾਰ ਜ਼ੁਲਮ ਕਰਨ ਤੋਂ, ਉੱਬਲਦੀ ਦੇਗ਼'ਚ ਬੈਠਣ, ਤੱਤੇ ਰੇਤੇ'ਤੇ ਬੈਠਣ, ਆਪਣੇ ਪਰਮਪਵਿੱਤ੍ਰ ਸ਼ੁਭ ਸੱਚੇ ਉੱਚੇ ਧੀਰਜਧਾਰੀ ਸੀਸ 'ਤੇ, ਮੱਚਦਾ ੨ ਰੇਤਾ ਪੁਆਉਣ, ਸੜਦੀ ਬਲਦੀ ਮੱਚਦੀ ਲੋਹ'ਤੇ ਖੜ੍ਹਨ ਸਮੇਂ ਝੁਰੇ ਨਹੀਂ। ਖਿੜੇ ਮੱਥੇ ਭਾਣਾ ਮੰਨਿਆ। ਤੇਰਾ ਕੀਆ ਮੀਠਾ ਲਾਗੈ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ॥ ਸ੍ਰਬੱਤ ਨੂੰ ਭਾਣਾ ਮੰਨਣ ਕੁਰਬਾਨੀ

Sri Satguru Jagjit Singh Ji eLibrary NamdhariElibrary@gmail.com

ਦੇਣ ਦਾ ਸਬਕ ਸਿਖਾਇਆ। ਜਿਵੇਂ ਆਪਜੀ ਦੀ ਕੁਰਬਾਨੀ ਕਮਾਈ ਬਹੁਤ ਵੱਡੀ ਉਚੀ ਪੂਰਨ ਵੈਰਾਗਮਈ ਹੈ। ਯਥਾ:- ਜੋ ਨਰੁ ਦੁਖ ਮੈ; ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ; ਕੰਚਨ ਮਾਟੀ ਮਾਨੈ॥) ਦੁਖ ਸੁਖ ਉਆ ਕੈ; ਸਮਤ ਬੀਚਾਰਾ॥ ਨਰਕ ਸੁਰਗ; ਰਹਤ ਅਉਤਾਰਾ॥) ਸੁਖੁ ਦੁਖੁ ਦੋਨੋ.ਸਮ ਕਰਿ ਜਾਨੈ; ਅਉਰੁ ਮਾਨੁ ਅਪਮਾਨਾ॥ ਹਰਖ ਸੋਗ ਤੇ ਰਹੈ ਅਤੀਤਾ; ਤਿਨਿ ਜਗਿ ਤਤੁ ਪਛਾਨਾ॥੧॥) ਸੁਖੁ ਦੁਖੁ ਜਿਹ ਪਰਸੈ ਨਹੀ; ਲੋਭੁ ਮੋਹ ਅਭਿਮਾਨੁ॥ ਕਹੁ ਨਾਨਕ. ਸੁਨੁ ਰੇ ਮਨਾ; ਸੋ ਮੂਰਤਿ ਭਗਵਾਨ॥੧੩॥) ;ਜਿਹਬਾ ਮਣੀਆ ਮੰਤੁ॥ (ਜਿਹਬਾ)ਜ਼ਬਾਨ ਕਰਕੇ, (ਮਣੀਆ)ਸ਼੍ਰੋਮਣੀ (ਮੰਤੁ)ਵਾਹਿਗੁਰੂ ਮੰਤ੍ਰ ਹਰ ਸਮੇਂ ਜੋ ਉਚਾਰਨੇ ਹਨ, ਪਤੀ ਰੱਬ ਜੀ ਨੂੰ ਵੱਸ ਕਰਨ ਲਈ ਇਹੋ ਹੀ ਮੰਤ੍ਰ ਦਾ ਪੜ੍ਹਨਾ ਹੈ।

ਏ ਤ੍ਰੈ ਭੈਣੇ ਵੇਸ ਕਰਿ; ਤਾ ਵਸਿ ਆਵੀ ਕੰਤੁ॥੧੨੭॥ ਹੇ ਗੁਰਸੇਵਕ ਰੂਪ ਭੈਣੇ! ਨਿਵਣੁ ਖਵਣੁ ਜਿਹਬਾ ਮਣੀਆ ਮੰਤੁ (ਏ)ਇਹ (ਤ੍ਰੈ)ਤਿੰਨ ਸ਼ੁਭ ਗੁਣ ਧਾਰਨ ਰੂਪ (ਵੇਸ)ਲਿਬਾਸ ਧਾਰਨ ਕਰਿ, ਤਾ (ਕੰਤੁ)ਅਕਾਲ ਪੁਰਖ ਜੀ ਅਤੇ ਸੰਸਾਰੀ ਪਤੀ ਵਸਿ (ਆਵੀ)ਆਉਣਗੇ। ਦੰਭੀ ਬੰਦੇ ਬੀਬੀਆਂ ੧੨੭ ਵੇਂ ਸਲੋਕ ਦਾ ਖ਼ੂਬ ਅਭਿਆਸ ਕਰਕੇ ਨਿਹਾਲ ਹੋਵਣ। ਯਥਾ:- ਸਭੁ ਕੋ ਤੇਰੈ ਵਸਿ; ਅਗਮ ਅਗੋਚਰਾ॥ ਤੂ ਭਗਤਾ ਕੈ ਵਸਿ; ਭਗਤਾ ਤਾਣੁ ਤੇਰਾ॥) ਮੇਰੀ ਬਾਂਧੀ.ਭਗਤੁ ਛਡਾਵੈ; ਬਾਂਧੈ ਭਗਤੁ.ਨ ਛੂਟੈ ਮੋਹਿ॥ ਏਕ ਸਮੈ.ਮੋਕਉ ਗਹਿ ਬਾਂਧੈ; ਤਉ ਫੁਨਿ ਮੋ ਪੈ,ਜਬਾਬੁ ਨ ਹੋਇ॥) ਕਬੀਰ. ਮਨੁ ਨਿਰਮਲੁ ਭਇਆ; ਜੈਸਾ ਗੰਗਾ ਨੀਰੁ॥ ਪਾਛੈ ਲਾਗੋ ਹਰਿ ਫਿਰੈ; ਕਹਤ ਕਬੀਰ ਕਬੀਰ॥) ਰਬ ਭਗਤਾ ਨੇ ਵਸਿ ਕੀਤਾ; ਪਾ ਕੇ ਪ੍ਰੇਮ ਡੋਰੀਆਂ। {ਸਾਖੀ:- ਇੱਕ ਮਹਾਂ ਮੂਰਖ ਜੱਟੀ ਦੇ ਪਤੀ ਨੂੰ ਪਤਾ ਸੀ ਕਿ ਅੱਵਲ ਦਰਜੇ ਦਾ ਪਖੰਡ ਕਰਦੀ ਹੈ। ਉਹ ਮਟੀ ਕੋਲ਼ੇ ਚਰ੍ਹੀ 'ਚ ਲੁਕ ਗਿਆ, ਰਾਤ ਨੂੰ ਜਾ ਕੇ ਬੋਲਣ ਲੱਗੀ, "ਹੇ ਬਾਬਾ ਮਟੀ ਵਾਲਿਆ! ਮੇਰਾ ਪਤੀ ਅੰਨ੍ਹਾ ਹੋ ਜਾਵੇ"। ਲੁਕੇ ਨੇ ਕਿਹਾ, "ਇੱਕ ਮਹੀਨਾ ਰੱਜਵਾਂ ਕੜਾਹ ਖੁਆ"। ਕੜਾਹ ਨਾਲ ਰਜਾਉਣ ਲੱਗੀ, "ਜੱਟ ਹੋ ਜਾਏ ਅੰਨ੍ਹਾਂ ਮੌਜਾਂ ਮਾਣਾ, ਦਾਣੇ ਬੇਚਾਂ"। ਤੀਹ ਦਿਨ ਹੋ ਗਏ, ਕਹਿੰਦਾ, "ਬੱਸ ਨਿਗ੍ਹਾ ਖ਼ਤਮ ਹੋ ਗਈ। ਜੱਟੀ ਨੇ ਮੰਜਾ ਡਾਹ ਦਿੱਤਾ। ਖੋਤੇ ਅੰਦਰ ਵਾੜ ਲਏ, ਬੋਹਲ ਜੋਖ਼ਣ ਲੱਗ ਗਏ, ਜੱਟ ਮਚਲਾ ਬੈਠਾ ਸੀ, ਜਿੰਦਾ ਲਾ ਕੇ, ਡਾਗਾਂ ਨਾਲ ਭੰਨ ਕੇ ਸੁੱਟ ਦਿੱਤੀ, ਖੋਤਿਆਂ ਵਾਲਿਆਂ ਤੇ ਖੋਤਿਆਂ ਨੂੰ ਭੀ ਕੁੱਟਿਆ, ਕਹਿੰਦਾ, "ਚੰਦਰੀ ਅੰਧਾ ਕਰਨਾ ਲੋਚਦੀ ਹੈ", ਘਰੋਂ ਬਾਹਰ ਕੱਢ ਦਿੱਤੀ, ਛੁੱਟੜ ਹੋ ਗਈ। ਇਉਂ ਬਹੁਤੀਆਂ ਜਨਾਨੀਆਂ, ਪਤੀਆਂ ਨੂੰ ਗ਼ਲਤ ਚੀਜ਼ਾਂ ਖੁਆ ਕੇ, ਕੁੱਝ ਸਿਰ 'ਚ ਪਾ ਕੇ, ਮਾਰ ਅਥਵਾ ਪਾਗ਼ਲ ਕਰ ਦਿੰਦੀਆਂ ਹਨ। ਜਿਵੇਂ ਗੁਣ- ਹੀਣ ਮੰਦਭਾਗਣਾਂ, ਦੰਭੀਆਂ ਕੋਲ਼ੇ ਜਾਂਦੀਆਂ ਹਨ। ਸ਼ੁਭ ਗੁਣ ਧਾਰਨ ਦੀ ਬਜਾਏ, ਪਤੀ ਨੂੰ ਵੱਸ ਕਰਨ ਲਈ, ਦੰਭੀਆਂ ਤੋਂ ਜੰਤ੍ਰ ਮੰਤ੍ਰ ਤੰਤ੍ਰ ਟੂਣੇ ਧਾਗੇ ਕਰਾਉਂਦੀਆਂ ਹਨ। ਧਾਗਾ ਗੰਢਾਂ ਦੇ ਕੇ ਉਸ ਤੇ ਕੁੱਛ ਪੜ੍ਹ ਕੇ ਬੰਨ੍ਹਦੇ ਹਨ। ਪਤੀ ਦੀ ਆਗਿਆ ਮੰਨਣ, ਸੇਵਾ ਕਰਨ ਦੀ ਬਜਾਏ, ਉਸ ਨੂੰ ਪਾਗ਼ਲ ਕਰਨਾ ਜਾਂ ਮਾਰਨਾ ਇਹ ਸਭ ਵੱਡੇ ਗੁਨਾਹ ਮਹਾਂ ਪਾਪ ਹਨ। ਇਨ੍ਹਾਂ ਪਾਪ ਕਰਮਾਂ ਤੋਂ ਰੋਕਣ ਲਈ, ਸ਼ੁਭ ਗੁਣ ਕਥਨ ਕਰਦੇ ਹਨ, ਜਿਸ ਕਰਕੇ ਸੰਸਾਰੀ ਪਤੀ ਅਤੇ ਵਾਹਿਗੁਰੂ ਪਤੀ ਜੀ ਵੱਸ ਆ ਜਾਣ। ਦੰਭੀ ਭੀ ਜੰਤ੍ਰ ਮੰਤ੍ਰ ਤੰਤ੍ਰ ਔਗੁਣ ਤਿਆਗ ਕੇ, ਸ਼ੁਭ ਗੁਣ ਧਾਰਨ ਕਰਕੇ, ਵਾਹਿਗੁਰੂ ਪਤੀ ਜੀ ਨੂੰ ਪ੍ਰਾਪਤ ਕਰਕੇ ਨਿਹਾਲ ਹੋਵਣ ਜੀ।}

ਮਤਿ ਹੋਦੀ; ਹੋਇ ਇਆਣਾ॥ ਤਾਣ ਹੋਦੇ; ਹੋਇ ਨਿਤਾਣਾ॥ ਅਣਹੋਦੇ; ਆਪੁ ਵੰਡਾਏ॥ ਕੋ ਐਸਾ; ਭਗਤੁ ਸਦਾਏ॥੧੨੮॥ ਸਤਿਗੁਰੂ ਗ੍ਰੰਥ ਸਾਹਿਬ ਸੱਚੇ ਪਾਤਿਸ਼ਾਹ ਜੀ, ਅਪਣੇ ਪਰਮ ਪਿਆਰੇ ਗੁਰਸੇਵਕ ਜੀ ਦੇ ਦਿਲ ਦਿਮਾਗ਼ 'ਚ ਹਰ ਵੇਲੇ ਗੁਰਬਾਣੀ ਭੇਜਦੇ ਹੋਣ, ਮਤਿ ਬ੍ਰਹਮ ਜੀ 'ਚ ਲੀਣ ਹੋ ਕੇ ਮਹਾਂ ਮਹਾਂ ਵਿਸਮਾਦ ਹੋਵੇ, ਸੁੰਦਰ ਮਨੋਹਰ ਅੰਮ੍ਰਿਤ ਕਥਾ ਕੀਰਤਨ ਵੀ ਕਰਦੇ ਹੋਣ, ਬੇਅੰਤ ਹੀ ਗੁਰਬਾਣੀ ਦੇ ਭੰਡਾਰੇ ਜ਼ਬਾਨੀ ਚੇਤੇ ਹੋਣ।

Sri Satguru Jagjit Singh Ji eLibrary NamdhariElibrary@gmail.com

ਸਬਰ ਅੰਦਰਿ ਸਾਬਰੀ; ਤਨੁ ਏਵੈ ਜਾਲੇਨ੍ਹਿ॥ ਹੋਨਿ ਨਜੀਕਿ ਖੁਦਾਇ ਦੈ; ਭੇਤੁ. ਨ ਕਿਸੈ ਦੇਨਿ॥ ਅਨੁਸਾਰ ਪੂਰਨ ਸਬਰ ਨੂੰ ਪ੍ਰਾਪਤਿ ਉੱਤਮ ਗੁਰਮਤਿ ਮਤਿ (ਹੋਦੀ)ਹੁੰਦੀ (ਹੋਇ)ਹੋਵੇ, ਫੇਰ ਭੀ (ਇਆਣਾ)ਅਨਜਾਣ ਬੇਸਮਝ ਨਿਆਣਾ ਬਾਰਿਕ ਹੋਇ ਜਾਵੇ। ਯਥਾ:- ਮੇਰੇ ਰਾਮ. ਹਮ ਬਾਰਿਕ; ਹਰਿ ਪ੍ਰਭ ਕੇ ਹੈ ਇਆਣੇ॥

ਤਾਣ ਹੋਦੇ; ਹੋਇ ਨਿਤਾਣਾ॥ ਬਹੁਤ ਵੱਡਾ (ਤਾਣ)ਬਲ (ਹੋਦੇ)ਹੁੰਦੇ (ਨਿਤਾਣਾ)ਬਲ ਰਹਿਤ ਹੋਇ ਜਾਵੇ। ਆਪ ਤੋਂ ਮਾੜਾ, ਫਿੱਕਾ ਬੋਲੇ, ਉਸ ਨੂੰ ਭੀ ਜਰੇ। ਜਿਵੇਂ ਬਾਬਾ ਬਚਿੱਤ੍ਰ ਸਿੰਘ ਸਾਹਿਬ ਜੀ ਨੇ ਜਸਵਾਰੀਆ ਦੇ ਹਾਥੀ ਦੀਆਂ ਤਵੀਆਂ ਵਿੰਨ੍ਹੀਆਂ, ਬਾਬਾ ਉਦੇ ਸਿੰਘ ਸਾਹਿਬ ਜੀ ਨੇ ਡੇਢ ਲੱਖ ਫੌਜ 'ਚ ਜਾ ਕੇ, ਜ਼ਾਲਮ ਹੰਕਾਰੀ ਕੇਸਰੀਚੰਦ ਦਾ ਸਿਰ ਵੱਢ ਕੇ ਲਿਆਂਦਾ। ਪਿਆਰੇ ਮੋਹਕਮ ਸਿੰਘ ਜੀ ਨੇ ਹਾਥੀ ਦਾ ਸੁੰਡ ਵੱਢਿਆ, ਇਤਨਾ ਬਲ ਹੋਣ ਤੋਂ ਭੀ, ਆਪਣੇ ਬਲ ਦਾ ਹੰਕਾਰ ਨ ਕਰੇ। ਯਥਾ:- ਅਤਿ ਸੂਰਾ; ਜੇ ਕੋਊ ਕਹਾਵੈ॥ ਪ੍ਰਭ ਕੀ ਕਲਾ ਬਿਨਾ; ਕਹ ਧਾਵੈ॥ ਬਲ ਹੁੰਦਿਆਂ ਭੀ ਕਹੇ, ਮਹਾਰਾਜ ਆਪ ਜੀ ਦੀ ਕ੍ਰਿਪਾ ਹੀ ਕ੍ਰਿਪਾ ਹੈ। ਯਥਾ:- ਭਈ ਜੀਤ ਮੇਰੀ॥ ਕ੍ਰਿਪਾ ਕਾਲ ਕੇਰੀ॥ ਦੁਨੀਆਂ ਨੂੰ ਰਚਣ ਦਾ, ਰੋਜ਼ੀ ਦੇਣ ਦਾ, ਲੈ ਕਰਨ ਦਾ ਵੀ ਬਲ ਹੋਵੇ। ਫੇਰ ਵੀ ਨਿਤਾਣਾ ਬਣ ਕੇ ਰਹੇ।

ਅਣਹੋਦੇ; ਆਪੁ ਵੰਡਾਏ॥) ਵਾਹਿਗੁਰੂ ਗੁਰਮੰਤ੍ਰ ਹੈ; ਜਪਿ ਹਉਮੈ ਖੋਈ।) ਰਹਤ ਰਹਤ; ਰਹਿ ਜਾਹਿ ਬਿਕਾਰਾ॥ ਗੁਰ ਪੂਰੇ ਕੈ ਸਬਦਿ ਅਪਾਰਾ॥ ਸਾਧਸੰਗਤ ਕਰਕੇ, ਸੁਆਸ ੨ ਨਾਮ ਸਿਮਰਨ, ਕੀਰਤਨ ਕਥਾ, ਗੁਰੂ ਸੇਵਾ ਕਰਕੇ, ਜੀਵਤ ਮਿਰਤਕ ਹੋ ਕੇ, (ਅਣਹੋਦੇ)ਭੈੜੇ (ਆਪੁ)ਹੰਕਾਰ ਨੂੰ ਗੁਰ ਕ੍ਰਿਪਾ ਨਾਲ (ਵੰਡਾਏ)ਨਾਸ ਕਰੇ। ਆਪਣੇ ਆਪ ਨੂੰ ਧਰਮ ਲਈ ਗੁਰੂ ਲਈ, ਸਿਖ ਪੰਥ ਲਈ ਵੰਡਾ ਦੇਵੇ, ਭਾਵ ਅਪਣਾ ਸੀਸ ਸਭ ਕੁੱਝ ਕੁਰਬਾਨ ਕਰੇ। ਵਾਹੁ ੨ ਜਿਵੇਂ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਸਾਹਮਣੇ ਸ਼ਰਤ ਰੱਖੀ,"ਦੀਨ ਕਬੂਲ ਕਰ, ਨਹੀਂ ਤੇਰੇ ਸਾਹਮਣੇ, ਤੇਰੇ ਬੱਚੇ ਦਾ ਕਾਲਜਾ ਕੱਢ ਕੇ, ਤੇਰੇ ਮੁਖ 'ਚ ਦੇਵਾਂਗੇ। ਤੇਰਾ ਮਾਸ ਜੰਮੂਰਾਂ ਨਾਲ ਖਿੱਚਾਂਗੇ। ਉਸ ਵੇਲੇ, ਅਣਹੋਦੇ ਆਪੁ ਵੰਡਾਏ॥ ਜੀਵਤ ਭਾਵ ਤੋਂ ਮਰ ਕੇ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਜੀ ਦਾ ਹੁਕਮ ਮੰਨਿਆ। ਬਾਬੇ ਜੀ ਦੇ ਸਾਹਮਣੇ ਉਨ੍ਹਾਂ ਦੇ ਬੱਚੇ ਦਾ ਕਾਲਜਾ ਕੱਢ ਕੇ, ਮੁਖ 'ਚ ਦਿਤਾ। ਉਨ੍ਹਾਂ ਦਾ ਮਾਸ, ਤੱਤੇ ਲਾਲ ਜੰਮੂਰ ਨਾਲ ਖਿੱਚਿਆ ਗਿਆ। ਫਿਰ ਵੀ ਪ੍ਰਵਾਹ ਨਹੀਂ ਕੀਤੀ। ਇਉਂ ਆਪੁ ਵੰਡਾ ਦੇਵੇ। ਜਿਵੇਂ ਰਾਇ ਬੁਲਾਰ ਜੀ ਨੇ ਆਪਣੀ ਪਝੱਤ੍ਰ ਸੌ ਏਕੜ ਜ਼ਮੀਨ, ਧੰਨ ਸਤਿਗੁਰੂ ਨਾਨਕ ਦੇਵ ਸਾਹਿਬ ਦੇ ਨਾਮੁ, ਚਾਅ ਨਾਲ਼ ਲੁਆ ਦਿਤੀ। ਇਹ ਆਪੁ ਵੰਡਾਉਣਾ ਹੈ, ਪੀਰ ਬੁਧੂ ਸ਼ਾਹ ਨੇ ਆਪੁ ਵੰਡਾ ਦਿੱਤਾ, ਬਾਬੇ ਨਿਗਾਹੀਏ ਜੀ ਨੇ ਆਪੁ ਵੰਡਾ ਦਿੱਤਾ। ਏਸੇ ਤਰ੍ਹਾਂ ਗੁਰੂ ਲਈ ਕੁਰਬਾਨੀ ਦੇਵੇ, ਦੂਜਿਆਂ ਨੂੰ ਵੀ ਆਪੁ ਵੰਡਾਏ ਦਾ ਉਪਦੇਸ਼ ਦੇ ਕੇ, ਉਨ੍ਹਾਂ ਤੋਂ ਵੀ ਗੁਰੂ ਪਰਮੇਸਰ ਲਈ ਕੁਰਬਾਨੀ ਦੁਆਵੇ।

ਕੋ ਐਸਾ; ਭਗਤੁ ਸਦਾਏ॥੧੨੮॥ ਜਿਹੜਾ ਗੁਰਸੇਵਕ ਪਿਆਰਾ, ਮਨ ਨੀਵਾਂ ਮਤਿ ਉੱਚੀ ਹੁੰਦੀ ਤੋਂ ਭੀ, ਨਿਦਾਨ ਮੂਰਖ ਬਾਰਿਕ ਬਣ ਕੇ ਰਹੇ, ਬਲ ਹੁੰਦੇ ਬਲ ਨੂੰ ਭੈੜੇ ਪਾਸੇ ਨ ਵਰਤੇ, ਭੈੜੇ ਹੰਕਾਰ ਨੂੰ ਨਾਸ ਕਰੇ, ਇਨ੍ਹਾਂ ਸ਼ੁਭ ਗੁਣਾਂ ਵਾਲਾ, (ਕੋ)ਕੋਈ ਪਿਆਰਾ ਐਸਾ ਗੁਰਮੁਖਿ ਗੁਰਸੇਵਕ ਭਗਤੁ (ਸਦਾਏ)ਕਹਾਵੇ। ਯਥਾ:- ਨਾਨਕ.ਸੇਵਕੁ ਸੋਈ ਆਖੀਐ; ਜੋ ਸਿਰੁ ਧਰੇ ਉਤਾਰਿ॥) ਮਾਰੂ ਮਹਲਾ ੫॥ ਮਾਨ ਮੋਹ ਅਰੁ ਲੋਭ ਵਿਕਾਰਾ; ਬੀਓ.ਚੀਤਿ ਨ ਘਾਲਿਓ॥ ਨਾਮ ਰਤਨੁ ਗੁਣਾ ਹਰਿ ਬਣਜੇ; ਲਾਦਿ ਵਖਰੁ ਲੈ ਚਾਲਿਓ॥੧॥ ਸੇਵਕ ਕੀ; ਓੜਕਿ ਨਿਬਹੀ ਪ੍ਰੀਤਿ॥ ਜੀਵਤ ਸਾਹਿਬੁ ਸੇਵਿਓ ਅਪਨਾ; ਚਲਤੇ ਰਾਖਿਓ ਚੀਤਿ॥੧॥ ਰਹਾਉ॥ ਜੈਸੀ ਆਗਿਆ ਕੀਨੀ ਠਾਕੁਰਿ; ਤਿਸ ਤੇ, ਮੁਖੁ ਨਹੀ ਮੋਰਿਓ॥ ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ; ਉਠਿ ਉਆਹੂ ਕਉ ਦਉਰਿਓ॥੨॥ ਆਗਿਆ ਮਹਿ ਭੂਖ.ਸੋਈ ਕਰਿ ਸੂਖਾ; ਸੋਗ ਹਰਖ.ਨਹੀ ਜਾਨਿਓ॥ ਜੋ ਜੋ ਹੁਕਮੁ ਭਇਓ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਕਾ; ਸੋ ਮਾਥੈ ਲੇ ਮਾਨਿਓ॥੩॥ ਭਇਓ ਕ੍ਰਿਪਾਲੁ ਠਾਕੁਰੁ.ਸੇਵਕ ਕਉ; ਸਵਰੇ ਹਲਤ ਪਲਾਤਾ॥ ਧੰਨੁ ਸੇਵਕੁ.ਸਫਲੁ ਓਹੁ ਆਇਆ; ਜਿਨਿ ਨਾਨਕ.ਖਸਮੁ ਪਛਾਤਾ॥) ਸੋ ਸੇਵਕੁ; ਜੋ ਲਾਇਆ ਸੇਵ॥ ਤਿਨ ਹੀ ਪਾਏ; ਨਿਰੰਜਨ ਦੇਵ॥) ਜਿਥੈ ਓਹੁ ਜਾਇ.ਤਿਥੈ ਓਹੁ ਸੁਰਖਰੂ; ਓਸ ਕੈ ਮੁਹਿ ਡਿਠੈ.ਸਭ ਪਾਪੀ ਤਰਿਆ॥) ਜੋ ਕਿਛੁ ਠਾਕੁਰ ਕਾ.ਸੋ ਸੇਵਕ ਕਾ; ਸੇਵਕੁ.ਠਾਕੁਰ ਹੀ ਸੰਗਿ ਜਾਹਰੁ ਜੀਉ॥) ਮੁਲ ਖਰੀਦੀ ਲਾਲਾ ਗੋਲਾ; ਮੇਰਾ ਨਾਉ ਸਭਾਗਾ॥ ਗੁਰ ਕੀ ਬਚਨੀ.ਹਾਟਿ ਬਿਕਾਨਾ; ਜਿਤੁ ਲਾਇਆ ਤਿਤੁ ਲਾਗਾ॥) ਮੁਰਦਾ ਹੋਇ ਮੁਰੀਦ; ਨ ਗਲੀ ਹੋਵਣਾ। ਸਾਬਰੁ ਸਿਦਕਿ ਸਹੀਦੁ, ਭਰਮ ਭਉ ਖੋਵਣਾ। ਗੋਲਾ ਮੁਲ ਖਰੀਦੁ, ਕਾਰੇ ਜੋਵਣਾ। ਨਾ ਤਿਸੁ ਭੁਖ.ਨ ਨੀਦ; ਨ ਖਾਣਾ ਸੋਵਣਾ। ਪੀਹਣਿ ਹੋਇ ਜਦੀਦ; ਪਾਣੀ ਢੋਵਣਾ। ਪਖੇ ਦੀ ਤਾਗੀਦ,ਪਗ ਮਲਿ ਧੋਵਣਾ। ਸੇਵਕ ਹੋਇ ਸੰਜੀਦੁ, ਨ ਹਸਣ ਰੋਵਣਾ। ਦਰ ਦਰਵੇਸ ਰਸੀਦ; ਪਿਰਮ ਰਸ ਭੋਵਣਾ। ਚੰਦ ਮੁਮਾਰਖ ਈਦ, ਪੁਗ ਖਲੋਵਣਾ॥) ਬੈ ਖਰੀਦੁ; ਹਉ ਦਾਸਰੋ ਤੇਰਾ॥ ਤੂੰ ਭਾਰੋ ਠਾਕੁਰੁ; ਗੁਣੀ ਗਹੇਰਾ॥) ਗੁਰ ਕੈ ਗ੍ਰਿਹਿ; ਸੇਵਕੁ ਜੋ ਰਹੈ॥ ਗੁਰ ਕੀ ਆਗਿਆ; ਮਨ ਮਹਿ ਸਹੈ॥ ਆਪਸ ਕਉ; ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ; ਰਿਦੈ ਸਦ ਧਿਆਵੈ॥ ਮਨੁ ਬੇਚੈ; ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ; ਕਾਰਜ ਰਾਸਿ॥ ਸੇਵਾ ਕਰਤ; ਹੋਇ ਨਿਹਕਾਮੀ॥ ਤਿਸ ਕਉ ਹੋਤ; ਪਰਾਪਤਿ ਸੁਆਮੀ॥ ਅਪਨੀ ਕ੍ਰਿਪਾ; ਜਿਸੁ ਆਪਿ ਕਰੇਇ॥ ਨਾਨਕ ਸੋ ਸੇਵਕੁ; ਗੁਰ ਕੀ ਮਤਿ ਲੇਇ॥੨॥

ਫਿੱਕਾ– ਇਕੁ ਫਿਕਾ. ਨ ਗਾਲਾਇ; ਸਭਨਾ ਮੈ ਸਚਾ ਧਣੀ॥ ਹਿਆਉ. ਨ ਕੈਹੀ ਠਾਹਿ; ਮਾਣਕ ਸਭ ਅਮੋਲਵੇ॥੧੨੯॥) ਕਿਸ ਹੀ. ਮੰਦਾ ਆਖਿ ਨ ਚਲੈ; ਸਚਿ ਖਰਾ ਸਚਿਆਰਾ ਹੇ॥ ਅਨੁਸਾਰ ਕਿਸੇ ਨੂੰ ਇਕੁ ਭੀ ਫਿਕਾ ਬਚਨ ਨ (ਗਾਲਾਇ)ਬੋਲਣਾ ਕਰੇ। (ਸਭਨਾ)ਸਾਰਿਆਂ (ਮੈ)ਵਿੱਚ ਸੱਚੇ (ਧਣੀ)ਮਾਲਕ ਵਿਆਪਕ ਵਾਹਿਗੁਰੂ ਜੀ ਵਸਦੇ ਹਨ। ਯਥਾ:– ਤੂ ਵਡ ਦਾਤਾ;ਅੰਤਰਜਾਮੀ॥ ਸਭ ਮਹਿ ਰਵਿਆ; ਪੂਰਨ ਪ੍ਰਭ ਸੁਆਮੀ॥) ਸਭ ਮਹਿ ਰਵਿ ਰਹਿਆ.ਪ੍ਰਭੁ ਏਕੈ; ਪੇਖਿ ਪੇਖਿ ਨਾਨਕ ਬਿਗਸਾਈ॥) ਫਿੱਕਾ ਬੋਲਣੇ ਕਰਕੇ ਤਨ ਮਨ ਫਿੱਕਾ ਸ੍ਰੀਰ ਰੋਗੀ ਸੋਗੀ ਹੋ ਜਾਂਦਾ ਹੈ, ਉਧਰੋ ਉਧਰੀ ਸਿਰ ਲਹਿ ਜਾਂਦੇ ਹਨ। ਫਿੱਕਾ ਬੋਲਣ ਨਾਲ ਗੰਦੇ ਜ਼ਰਾਸੀਮ ਸ੍ਰੀਰ ’ਚ ਪੈਦਾ ਹੋ ਜਾਂਦੇ ਹਨ। ਫਿੱਕਾ ਬੋਲਣ ਵਾਲਾ, ਆਪ ਖ਼ੁਆਰ, ਦੂਜਿਆਂ ਨੂੰ ਭੀ ਖ਼ੁਆਰ ਕਰਦਾ ਹੈ। ਯਥਾ:– ਨਾਨਕ. ਫਿਕੈ ਬੋਲਿਐ; ਤਨੁ ਮਨੁ ਫਿਕਾ ਹੋਇ॥ ਫਿਕੋ ਫਿਕਾ ਸਦੀਐ; ਫਿਕੇ ਫਿਕੀ ਸੋਇ॥ ਫਿਕਾ ਦਰਗਹ ਸਟੀਐ; ਮੁਹਿ ਥੁਕਾ ਫਿਕੇ ਪਾਇ॥ ਫਿਕਾ ਮੂਰਖੁ ਆਖੀਐ; ਪਾਣਾ ਲਹੈ ਸਜਾਇ॥) ਮਃ ੩॥ ਸਬਦੈ. ਸਾਦੁ ਨ ਆਇਓ; ਨਾਮਿ. ਨ ਲਗੋ ਪਿਆਰੁ॥ ਰਸਨਾ ਫਿਕਾ ਬੋਲਣਾ; ਨਿਤ ਨਿਤ ਹੋਇ ਖੁਆਰੁ॥ ਨਾਨਕ. ਕਿਰਤਿ ਪਇਐ ਕਮਾਵਣਾ; ਕੋਇ ਨ ਮੇਟਣਹਾਰੁ॥੨॥) ਜਿਤੁ ਬੋਲਿਐ. ਪਤਿ ਪਾਈਐ; ਸੋ ਬੋਲਿਆ ਪਰਵਾਣੁ॥ ਫਿਕਾ ਬੋਲਿ. ਵਿਗੁਚਣਾ; ਸੁਣਿ ਮੂਰਖ ਮਨ ਅਜਾਣ॥) ਆਪੁ ਛੋਡਹਿ. ਤਾਂ ਸਹੁ ਮਿਲੈ; ਸਚਾ ਏਹੁ ਵੀਚਾਰੁ॥ ਹਉਮੈ ਫਿਕਾ ਬੋਲਣਾ; ਬੁਝਿ ਨ ਸਕਾ ਕਾਰ॥

ਹਿਆਉ. ਨ ਕੈਹੀ ਠਾਹਿ; ਮਾਣਕ ਸਭ ਅਮੋਲਵੇ॥੧੨੯॥ ਹੇ ਪਿਆਰਿਆ! ਫਿੱਕਾ ਬੋਲ ਕੇ, ਕਤਲ ਕਰਕੇ, ਪਰਾਇਆ ਹੱਕ ਦਬਾ ਕੇ, ਗ਼ੁਲਾਮ ਬਣਾ ਕੇ, ਜ਼ੋਰ ਜ਼ੁਲਮ ਤਸ਼ੱਦਦ ਹਿੱਕ ਧੱਕਾ ਕਰਕੇ (ਕੈਹੀ)ਕਿਸੇ ਦਾ (ਹਿਆਉ)ਹਿਰਦਾ ਨ (ਠਾਹਿ)ਢਾਹੁਣਾ ਕਰ, ਕਿਉਂਕਿ ਸਾਰਿਆਂ ਦੇ ਹਿਰਦੇ’ਚ (ਅਮੋਲਵੇ)ਅਮੋਲਕ (ਮਾਣਕ)ਪ੍ਰਕਾਸ਼ ਸਰੂਪ ਵਾਹਿਗੁਰੂ ਜੀ ਵਸਦੇ ਹਨ, ਸਭ ਸ੍ਰੀਰ ਵਾਹਿਗੁਰੂ ਜੀ ਦੇ (ਅਮੋਲਵੇ)ਅਮੋਲਕ ਹੀਰੇ ਜਵਾਹਰਾਤ ਹਨ। ਫਿੱਕਾ ਬੋਲ ਕੇ ਉਨ੍ਹਾਂ ਨੂੰ ਫਿੱਕੇ ਨਾ ਬਣਾ, ਆਪਣੇ ਸ੍ਰੀਰ ਇੰਦ੍ਰੀਆਂ ਨੂੰ ਫਿੱਕੇ ਰੋਗੀ ਦੁਖੀ ਨ ਬਣਾ।

ਸਭਨਾ ਮਨ ਮਾਣਿਕ; ਠਾਹਣੁ ਮੂਲਿ ਮਚਾਂਗਵਾ॥ ਸਿੱਕ– ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ

Sri Satguru Jagjit Singh Ji eLibrary NamdhariElibrary@gmail.com

ਠਾਹੇ ਕਹੀ ਦਾ॥੧੩੦॥ ਸਭਨਾ ਦੇ ਮਨ 'ਚ, ਮਾਣਿਕ ਵਾਂਗ ਅਮੋਲਕ (ਮਾਣਿਕ)ਪ੍ਰਕਾਸ਼ ਸਰੂਪ ਅਜਪਾ ਜਾਪ ਵਾਹਿਗੁਰੂ ਜੀ ਹਨ, ਫਿੱਕਾ ਬੋਲ ਕੇ, ਕਤਲ ਕਰਕੇ, ਹੱਕ ਦਬਾ ਕੇ, ਗ਼ੁਲਾਮ ਬਣਾ ਕੇ, ਤਸ਼ੱਦਦ ਕਰਕੇ, ਕਿਸੇ ਦੇ ਭੀ ਦਿਲ ਨੂੰ (ਠਾਹਣੁ)ਢਾਹੁਣਾ (ਮੂਲਿ)ਕਦਾਚਿਤ (ਮਚਾਂਗਵਾ)ਚੰਗਾ ਨਹੀਂ। ਪਰਮ ਪਿਆਰ ਨਾਲ ਫਿੱਕਾ ਬੋਲਣੋ ਮਨ੍ਹਾ ਕੀਤਾ ਹੈ।

ਸਿੱਕ– ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥੧੩੦॥ ਹੇ ਗੁਰਸੇਵਕ ਪਿਆਰੇ ਜੀ! ਜੇ ਕਰ (ਤਉ)ਆਪ ਜੀ ਨੂੰ (ਪਿਰੀਆ)ਪਿਆਰੇ ਵਾਹਿਗੁਰੂ ਜੀ ਦੇ ਮਿਲਣ ਦੀ, ਤਿੱਖੀ (ਸਿਕ)ਚਾਹ ਸ਼ੁਭ ਇੱਛਾ ਹੈ ਤਾਂ ਤੂੰ ਫਿੱਕੇ ਕੌੜੇ ਬਚਨ ਬੋਲ ਕੇ, ਨਿਰਦੋਸ਼ ਜੀਆਂ ਨੂੰ ਸਾੜ ਫੂਕ ਕੇ, ਨਿਰਦੋਸ਼ ਬੀਬੀਆਂ ਨੂੰ ਚੁੱਕ ਕੇ ਜ਼ੁਲਮ ਕਰਕੇ (ਕਹੀ)ਕਿਸੇ ਦਾ ਭੀ (ਹਿਆਉ)ਰਿਦਾ ਨ (ਠਾਹੇ)ਢਾਹੁਣਾ ਦੁਖਾਉਣਾ ਕਰ॥੧੩੦॥ ਜੇ ਤਉ. ਪਿਰੀਆ ਦੀ ਸਿਕ; ਹਿਆਉ. ਨ ਠਾਹੇ ਕਹੀ ਦਾ॥ ਤੁਕ ਪੜ੍ ਕੇ, ਜੇ ਸਾਕਤ ਚਾਲ ਚੱਲਣ ਡੇਗਣ ਲਈ ਮੰਦ– ਕਰਮ ਕਰਨ ਨੂੰ ਕਹੇ, ਕਿ ਮੇਰਾ ਦਿਲ ਨਾ ਢਾਹ, ਉਸ ਦੇ ਆਖੇ ਨਹੀਂ ਲੱਗਣਾ। ਸਾਕਤ ਤੋਂ ਦੂਰ ਹੀ ਰਹਿਣਾ ਹੈ, ਮਨ ਨੂੰ ਕਾਬੂ ਕਰਨ ਲਈ ਇਹ ਜਾਪ ਜਪਣਾ ਹੈ:– ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਪਰਮਪੂਜਨੀਕ, ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ; ਸ਼ਹੀਦਾਂ ਦੇ ਸਿਰਤਾਜ, ਸੱਚੇ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਧੰਨ ਹਨ, ਹੁਣ ਉੱਬਲਦੀ ਦੇਗ਼ 'ਚ ਬੈਠ ਰਹੇ ਹਨ, ਹੁਣ ਤੱਤਾ ੨ ਰੇਤਾ ਆਪਣੇ ਪਰਮਪਵਿੱਤ੍ਰ ਸ਼ੁਭ ਸੱਚੇ ਸੀਸ 'ਤੇ ਪੁਆ ਰਹੇ ਹਨ, ਹੁਣ ਸੜਦੀ ਬਲਦੀ ਮੱਚਦੀ ਲੋਹ 'ਤੇ ਖੜ੍ ਰਹੇ ਹਨ। ਧੰਨ ਹਨ ਧੰਨ ਹਨ ਧੰਨ ਹਨ ਵਾਹਿਗੁਰੂ ਸੱਚੇ ਸਤਿਗੁਰੂ ਸ੍ਰੀ ਗੁਰੂ ਤੇਗਬਹਾਦਰ ਸਾਹਿਬ ਮਹਾਰਾਜ ਜੀ ਧੰਨ ਹਨ, ਹੁਣ ਆਪ ਜੀ ਆਪਣਾ ਸੀਸ ਕੁਰਬਾਨ ਕਰ ਰਹੇ ਹਨ। ਆਪ ਜੀ ਦੇ ਸੀਸ ਸਾਹਿਬ ਜੀ ਦਾਸਨਦਾਸੀ ਦੇ ਸਿਰ 'ਤੇ ਹੁਣ ਸਜ ਰਹੇ ਹਨ ਜੀ।) ਆਸਾ ਰਾਗ ੪੯੯ 'ਤੇ, ਪਰਮਪੂਜਨੀਕ ਬਾਬੇ ਜੀ ਦੇ ਇਹ ਦੋ ਸਬਦ ਹਨ:– ਦਿਲਹੁ ਮੁਹਬਤਿ ਜਿੰਨ੍; ਸੇਈ ਸਚਿਆ॥) ਬੋਲੈ ਸੇਖ ਫਰੀਦੁ; ਪਿਆਰੇ ਅਲਹ ਲਗੇ॥)(ਅੰਗ ੭੯੪ 'ਤੇ ਰਾਗੁ ਸੂਹੀ 'ਚ ਇਹ ਦੋ ਸਬਦ ਹਨ:– ਤਪਿ ਤਪਿ ਲੁਹਿ ਲੁਹਿ; ਹਾਥ ਮਰੋਰਉ॥ ਬਾਵਲਿ ਹੋਈ; ਸੋ ਸਹੁ ਲੋਰਉ॥ ਅਤੇ ਬੇੜਾ. ਬੰਧਿ ਨ ਸਕਿਓ; ਬੰਧਨ ਕੀ ਵੇਲਾ॥ ਭਰਿ ਸਰਵਰੁ. ਜਬ ਊਛਲੈ; ਤਬ ਤਰਣੁ ਦੁਹੇਲਾ॥੧॥ ਇੱਥੇ ਸ਼ੁਭ ਸਲੋਕ ੧੩੦) ਕੁੱਲ ੧੩੪ ਸਬਦ ਸਲੋਕ ਹਨ। ਵਾਹਿਗੁਰੂ॥ ਹੇ ਗੁਰਤਾ ਬਿਰਾਜਮਾਨ ਵਾਹਿਗੁਰੂ ਸਤਿਗੁਰੂ ਗ੍ਰੰਥ ਸਾਹਿਬ ਜੀ! ਗੁਰੂ ਰੂਪ ਖ਼ਾਲਸਾ ਪੰਥ ਸਾਹਿਬ ਜੀਓ! ਮਿਸਟ ਬਚਨ ਬੇਨਤੀ ਕਰਉ; ਦੀਨ ਕੀ ਨਿਆਈ॥ ਅਨੁਸਾਰ ਆਪਜੀ ਦੇ ਪਰਮਪਵਿੱਤ੍ ਸੱਚੇ ਚਰਨਕਮਲਾਂ 'ਤੇ ਮੱਥਾ ਰੱਖ ਕੇ, ਮੂੰਹ'ਚ ਘਾਹ ਲੈ ਕੇ ਅਤਿ ਹੀ ਨਿਮ੍ਰਤਾ ਦੀਨਤਾ ਆਜ਼ਜ਼ੀ ਗ਼ਰੀਬੀ ਨਾਲ, ਦਾਸਨਦਾਸ ਅਕ੍ਰਿਤਘਣ ਮੁਆਫ਼ੀ ਮੰਗਦਾ ਹੈ। ਜਿਤਨੇ ਸ਼ਰੀਰ ਦੇ ਰੋਮ ਹਨ, ਜੇ ਆਪਾਂ ਇਤਨੇ ਸ਼ਰੀਰ ਧਾਰੀਏ, ਜਿਤਨੇ ਉਨ੍ਹਾਂ ਸ਼ਰੀਰਾਂ ਦੇ ਰੋਮ ਹੋਣ, ਤਿਤਨੇ ਹੋਰ ਸ਼ਰੀਰ ਧਾਰੀਏ, ਇਉਂ ਬਾਰ ੨ ਸ਼ਰੀਰ ਧਾਰ ਕੇ ਪਰਮਪੂਜਨੀਕ ਸੱਚੇ ਸਤਿਗੁਰੂ ਸਾਹਿਬਜੀ ਨੂੰ ਆਪਣੇ ਸਿਰ ਦਿੰਦੇ ਜਾਈਏ, ਤਾਂ ਭੀ ਆਪਾਂ ਸੱਚੇ ਪਾਤਿਸ਼ਾਹ ਜੀ ਦਾ ਕਰਜ਼ਾ ਨਹੀਂ ਮੋੜ ਸਕਦੇ। ਯਥਾ:– ਹਮਰੈ ਮਸਤਕਿ ਦਾਗੁ ਦਗਾਨਾ; ਹਮ ਕਰਜ ਗੁਰੂ ਬਹੁ ਸਾਢੇ॥ ਦਾਸਨਦਾਸ, ਸਦਾ ਸਦਾ; ਇਹੁ ਭੂਲਨਹਾਰੁ॥ ਨੀਚ ਕੀਟ ਕ੍ਰਿਮ ਹੈ। ਜਉ ਪੈ ਹਮ ਨ ਪਾਪ ਕਰੰਤਾ; ਅਹੇ ਅਨੰਤਾ॥ ਪਤਿਤ ਪਾਵਨ; ਨਾਮੁ ਕੈਸੇ ਹੁੰਤਾ॥ ਗੁਨਾਹਗਾਰ ਦਾਸਨਦਾਸ ਗ਼ਰੀਬ 'ਤੇ ਅਗਮ ਅਪਾਰ ਕ੍ਰਿਪਾ ਕਰਕੇ ਬਖ਼ਸ਼ ਲੈਣਾ, ਸਿਰ'ਤੇ ਮਿਹਰ ਭਰਿਆ ਹੱਥ ਰੱਖਣਾ, ਸ਼ੁਭ ਅਸੀਸਾਂ ਬਖ਼ਸ਼ਣੀਆਂ। ਦਾਸਨ ਦਾਸ ਸ੍ਰਬੱਤ ਪ੍ਰੇਮੀਆਂ ਦੇ ਚਰਨਕਮਲ ਚੱਟ ਕੇ, ਚਰਨਕਮਲਾਂ 'ਤੇ ਮੱਥਾ ਰੱਖ ਕੇ ਅਸੰਖ ਸਿਰਾਂ ਦੇ ਕੇਸਾਂ ਨਾਲ ਚਰਨ ਝਾੜ੍ਦਾ ਹੈ।ਅਸੰਖ ਜ਼ਬਾਨਾਂ ਨਾਲ ਚਰਨ ਚੱਟ ਕੇ ਪ੍ਰੇਮ ਬੇਨਤੀ ਕਰਦਾ ਹੈ।ਸ਼ੁਭ ਸੱਚੀ ਸੇਵਾ ਕਰਨ ਦਾ ਚਾਅ ਉਤਸ਼ਾਹ ਬਖ਼ਸ਼ਣਾ।ਗੁਰੂ ਸੇਵਾ ਸੰਪੂਰਨ ਕਰਾਉਣੀ ਜੀ।

Sri Satguru Jagjit Singh Ji eLibrary NamdhariElibrary@gmail.com